Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kirpalsingh
K.C. Amritsar

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਜੀਵਨ
## ਭਾਈ ਸਾਹਿਬ
# ਭਾਈ ਮੋਹਨ ਸਿੰਘ ਜੀ ਵੈਦ

"ਜਪੀ ਤਪੀ ਸੱਚਾ ਸੂਰਬੀਰ ਧਰਮੀ,
ਈਸ਼੍ਵਰ ਦਿੱਤਾ ਸੀ ਉਸਨੂੰ ਕਮਾਲ ਦਾ ਦਿਲ ।
'ਦੁਖੀ' ਢਹੇ ਦਿਲ ਨੂੰ ਢਾਰਸ ਦਈ ਜਾਣੀ,
ਇਹ ਸੀ ਉਸੇ ਦਸ਼ਮੇਸ਼ ਦੇ ਲਾਲ ਦਾ ਦਿਲ ॥"

'ਦੁਖੀ'

Digitized by Panjab Digital Library | www.panjabdigilib.org

Digitized by Panjab Digital Library / www.panjabdigilib.org

ਵਿਰੋਧ ਅਤੇ ਖੰਡਨ ਵਾਸਤੇ ਇਸਨੂੰ ਨਾ ਪੜ੍ਹੋ,

ਝਗੜੇ ਜਾਂ ਬਹਿਸ ਆਦਿ ਲਈ ਭੀ ਇਸਨੂੰ ਨਾ ਪੜ੍ਹੋ;

**ਪੜ੍ਹੋ ਤੇ ਕੇਵਲ**

ਵੈਦ ਜੀ ਦੇ ਨਿਰਪੱਖ ਵਿਚਾਰ, ਅਮਲੀ ਜੀਵਨ ਜਾਣਨ
ਤੇ
ਸਿਖਜ਼ਾ ਪ੍ਰਾਪਤ ਕਰਨ ਲਈ

**ਪੜ੍ਹੋ!**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਤਕਰਾ

## ਜੀਵਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ


ਜਾਣ ਪਛਾਣ
ਜੀਵਨ ਤੇ ਇਤਿਹਾਸ 5
ਮੇਰੀ ਜਾਣ ਪਛਾਣ 10
ਕੀ ਡਿੱਠਾ ? 23
ਮੋਇਆ ਜੀਊਂਦਾ ਕੀਤਾ 24
ਮੇਰੀ ਨਜ਼ਰੀਂ 30
ਜਾਣ ਪਿਛੋਂ 31
ਪਛਤਾਵਾ 35
ਇਹ ਜੀਵਨ 42
ਜ਼ਰੂਰੀ 46
ਜੀਵਨ
੧੮੮੧ ਤੋਂ ੧੯੦੭ ੩
ਡਾਇਰੀ ੩੦
ਦੁਕਾਨ ੩੫
ਮੇਲ ਮਿਲਾਪ ੩੭
ਪ੍ਰਚਾਰ ੩੮
ਨਿਧੜਕਤਾ ੩੯
ਜ਼ਿੰਮੇਵਾਰੀ ੪੯
ਮਾਯਾ-ਵਿਦਿਆ ੫੩
ਅਦੁਤੀ ਆਤਮਾ ੬੦
ਰੁਝੇਵੇਂ ੬੧
ਪੁਸਤਕ ਦਾਨ ੬੩
ਕਹਿਣੀ-ਕਰਨੀ ੬੪
ਦੇਸ਼ ਪ੍ਰੇਮ ੭੧
ਪ੍ਰੇਮ ਖਿੱਚ ੭੫
ਪਲੇਗ ੭੬
ਵੈਦਕ ਉੱਚਤਾ ੮੧
ਅੱਗੇ ਤੋਂ ਅੱਗੇ ੮੯
ਦੁਖ ਨਿਵਾਰਨ ੯੯
ਨਬਜ਼ ਦਾ ਕਮਾਲ ੧੦੮
ਸਕਤ੍ਰ-ਪ੍ਰੋਫੈਸਰ ੧੧੧
ਦਰਯਾ ਦਿਲੀ ੧੧੨
ਪੰਥਕ ਪਿਆਰ ੧੧੪
ਹਮਦਰਦੀ ੧੧੬
ਅਖਬਾਰ ਨਵੀਸੀ ੧੧੭
੧੯੦੮
ਇਨਕਲਾਬੀ ਸਾਲ ੧੨੯
ਹੈਂਡ ਬਿੱਲ ੧੩੨
ਗਿਲਾ ੧੩੭
ਵਿਛੋੜੇ ੧੪੦




Digitized by Panjab Digital Library | www.panjabdigilib.org

| | |
|---|---|
| ਲੇਖਣੀ | ੧੪੪ |
| ਤਿਲਕ-ਗੋਖਲੇ | ੧੫੯ |
| ਭੂਮਿਕਾ-ਜੀਵਨ | ੧੬੫ |
| ੧੯੦੯ | |
| ਜੇਹਾ ਬੀਜੇ ਸੋ ਲੁਣੈ | ੧੬੯ |
| ਜੀਵਣ ਆਦਰਸ਼ | ੧੭੨ |
| ਪਿਆਰ-ਦਲੇਰੀ | ੧੮੪ |
| ੧੯੧੦ | |
| ਪੰਜਾਬੀ ਪ੍ਰਚਾਰ | ੧੮੬ |
| ਗਿਰਾਵਟ | ੧੯੧ |
| ਸੱਚਾ ਮਿੱਤ੍ਰ | ੧੯੩ |
| ਰੋਜ਼ਨਾਮਚਾ | ੧੯੪ |
| ੧੯੧੧ | |
| ਕੁਦਰਤ | ੨੦੪ |
| ਸੇਵਾ ਤੇ ਵਿਰੋਧ | ੨੧੩ |
| ੧੯੧੨ | |
| ਜੀਵਣ ਜੋਸ਼ | ੨੧੯ |
| ਹਿੰਮਤ | ੨੨੭ |
| ਰਾਇ ਸਾਹਿਬ | ੨੩੨ |
| ੧੯੧੩ | |
| ਉਤਮ ਪੁਰਸ਼ | ੨੩੫ |
| ਰੇਲਾਂ ਦੇ ਦੁਖ | ੨੩੯ |
| ਵਿਦਜਕ ਪ੍ਰੇਮ | ੨੪੦ |
| ੧੯੧੪ | |
| ਖੂਨੀ ਸਾਲ | ੨੪੯ |
| ੧੯੧੫ | |
| ਸੁਨਹਿਰੀ ਯਾਦ | ੨੬੩ |
| ੧੯੧੬ | |
| ਜੀਵਨਾਦਰਸ਼ | ੨੮੩ |
| ਜਲ ਦੀ ਸਾਖੀ | ੨੯੦ |
| ਕਾਨਫ੍ਰੰਸ | ੨੯੨ |
| ੧੯੧੭ | |
| ਪਰਾਧੀਨਤਾ | ੩੦੧ |
| ਸ਼ਹਿਰ ਦੀ ਸੇਵਾ | ੩੧੧ |
| ੧੯੧੮ | |
| ਕਾਲ ਚੱਕ੍ਰ | ੩੧੫ |
| ਪੰਜਾਬੀ ਪੁਸਤਕਾਂ ਤੇ ਪੰਜਾਬ ਸ੍ਰਕਾਰ | ੩੧੯ |
| ਜੰਗ ਦਾ ਅੰਤ | ੩੨੪ |
| ੧੯੧੯ | |
| ਮਹਾਂ ਕਲੰਕੀ ਸਾਲ | ੩੨੯ |
| ਨੈਸ਼ਨਲ ਕਾਂਗ੍ਰਸ | ੩੪੧ |
| ਖਾ: ਹਾਈ ਸਕੂਲ | ੩੪੨ |
| ੧੯੨੦ | |
| ਚੋਭ ਦੀ ਚਿਸਕ | ੩੪੫ |
| ਦੂਖ ਨਿਵਾਰਨ | ੩੫੨ |
| ਇਕ ਅਦੁਤੀ ਨੁਸਖਾ | ੩੫੫ |




Digitized by Panjab Digital Library | www.panjabdigilib.org

ਘਟਨਾਵਾਂ ੩੫੯
ਅਕਾਲੀ ਲਹਿਰ
੧੯੨੧
ਨਵਾਂ ਦੌਰ ੩੬੩
ਗੁਰਦੁਆਰੇ ੩੬੬
ਸ਼੍ਰੋ: ਗੁ: ਪ੍ਰ: ਕਮੇਟੀ ੩੬੭
ਸਾਕਾ ਤਰਨ ਤਾਰਨ ੩੬੮
ਸਾਕਾ ਨਨਕਾਣਾ ਸਾ: ੩੭੫
ਘਟਨਾਵਾਂ ੩੯੮
੧੯੨੨
ਸਿਖ ਕੌਮ ਦਾ ਅਸਲਾ ੪੦੧
ਧੀ ਨੂੰ ਅਸੀਸ ੪੧੦
ਘਟਨਾਵਾਂ ੪੧੪
ਗੁਰੂ ਕਾ ਬਾਗ ੪੧੪
੧੯੨੩
ਸੇਵਾ ੪੧੭
ਗੁ: ਰੀ: ਮੂਵਮੈਂਟ ੪੨੨
ਤਾਜ਼ਾ ਵਾਕਿਆ ੪੩੨
ਘਟਨਾਵਾਂ ੪੪੧
੧੯੨੪-੨੫
ਕਰਤੱਵਜ ਦਾ ਸੂਰਾ ੪੪੫
ਜੇਲ੍ਹ ਚਿੱਠੀਆਂ ੪੫੭
ਪਰ ਹਿਤ ਬਿਹਬਲਤਾ ੪੬੮
ਅਲੌਕਿਕ ਦਿਮਾਗ ੪੯੧
ਕੋਸ਼-ਉਸਤਾਦ ੪੯੨
ਉਪਦੇਸ਼ਕਾਂ ਵਾਸਤੇ ੫੦੯
ਪੁਸਤਕ ਰਚਨਾ ੫੧੬
ਜੇਲ ਸਾਥੀ ੫੧੮
ਘਟਨਾਵਾਂ ੫੨੩
੧੯੨੬
ਆਗੂ ੫੨੭
ਅਸਤੀਫਾ ੫੫੩
ਘਟਨਾਵਾਂ ੫੬੧
੧੯੨੭
ਮਨੁੱਖ ਜਨਮ ੫੬੩
ਹਿੰਦੀ ਸ੍ਰੀ ਗੁਰੂਗ੍ਰੰਥ ਸਾ: ੫੬੯
ਘਟਨਾਵਾਂ ੫੭੬
੧੯੨੮
ਧਾਰਮਕ ਨਿਸਚਾ ੫੭੭
੧੯੨੯
ਹੈਨ ਵਿਰਲੇ ਨਾਹੀ ਘਣੇ ੫੮੭
ਵੈਦਕ ਸਿਖਜਾ ੬੧੪
ਬਾਲਕ ਚਰਿਤ੍ਰ ੬੧੭
ਘਟਨਾਵਾਂ ੬੨੦
੧੯੩੦
ਯਾਤ੍ਰਾ ਟ੍ਰੇਨ ੬੨੩
ਜਵਾਨਾਂ ਦਾ ਰਾਖਾ ੬੪੧
ਘਟਨਾਵਾਂ ੬੪੨



Digitized by Panjab Digital Library | www.panjabdigilib.org

੧੯੩੧

ਇਨਸਾਨੀ ਜੀਵਨ ੬੪੫

ਘਟਨਾਵਾਂ ੬੬੧

੧੯੩੨

ਗੁਰ ਸਿੱਖੀ ੬੬੩

ਸਮੇਂ ਦਾ ਚੱਕ੍ਰ ੬੭੮

ਘਟਨਾਵਾਂ ੬੮੮

੧੯੩੩

ਸੱਚਾ ਮਿੱਤ੍ਰ ੬੯੧

ਘਟਨਾਵਾਂ ੭੦੫

੧੯੩੪

ਕੌਮ ਪੂਜ-ਦੇਸ਼ ਭਗਤ ੭੦੭

ਘਟਨਾਵਾਂ ੭੧੯

੧੯੩੫

ਦਾਨੀ ਦਿਲ ੭੨੧

ਸੱਦਾ ਪੱਤ੍ਰ ੭੩੬

ਘਟਨਾਵਾਂ ੭੩੯

੧੯੩੬ ੭੪੧

ਬੰਸਾਵਲੀ ੭੬੬

ਸੈਤਾਨ ੭੬੭

ਹਮਦਰਦੀ ੭੭੭

ਪੁਸਤਕਾਂ ੮੦੧

ਪਿਛੋਂ ੮੦੮


# ਫੁਟ-ਨੋਟ


ਭਾ: ਕਰਮ ਸਿੰਘ ਜੀ ਹਿ: 6

ਮਹਾ: ਰਣਜੀਤ ਸਿੰਘ ਜੀ ੪

ਜੰਗ ਸਿੱਖ ਅੰਗ੍ਰੇਜ਼ ੯

ਸਿੱਖ ਸਰਦਾਰ ੧੦

ਘਟਨਾ ਮਲੇਰ ਕੋਟਲਾ ੧੧

ਬਾਬਾ ਰਾਮ ਸਿੰਘ ਜੀ ੧੧

ਈਸਾਈ ਪ੍ਰਚਾਰ ੧੨

ਸਿੱਖਾਂ ਦੀ ਗਿਣਤੀ ੧੫

ਪ੍ਰੋ: ਗੁਰਮੁਖ ਸਿੰਘ ਜੀ ੧੭

ਸ੍ਰ: ਜਵਾਹਰ ਸਿੰਘ ਜੀ ੧੯

ਭਾਈ ਦਿੱਤ ਸਿੰਘ ਜੀ ੨੦

ਖਾਲਸਾ ਸਮਾਚਾਰ ੨੧

ਸਿੰਘ ਸਭਾ ਤਰਨ ਤਾਰਨ ੨੪

ਬਾਬਾ ਟਹਿਲ ਸਿੰਘ ਜੀ ੨੫

ਪੰਡਤ ਜੀ ਦਾ ਪ੍ਰੇਮ ੨੮

ਸੰਤ ਅਤਰ ਸਿੰਘ ਜੀ ੪੦

ਸ਼ਰਾਧ ਪ੍ਰਬੋਧ ੪੭

ਭੁਚਾਲ ਕਾਂਗੜਾ ੫੧

ਡਾਕਟਰ ਜੈ ਸਿੰਘ ਜੀ ੫੨

ਹਮਲਯਾਂ ਦੇ ਉੱਤ੍ਰ ੫੭




Digitized by Panjab Digital Library | www.panjabdigilib.org

ਭਿਖਾਰੀ ਜੀ ੭੦
ਗੋਖਲੇ ਜੀ ੭੩
ਲਾ: ਲਾਜਪਤ ਰਾਇ ਜੀ ੭੪
ਖਾ: ਯੰਗਮੈਨ ਮੈਗਜ਼ੀਨ ੮੩
ਭਾਈ ਵੀਰ ਸਿੰਘ ਜੀ ੮੬
ਤਿਲਕ ਜੀ ੯੧
ਸ. ਸ. ਚਰਨ ਸਿੰਘ ਜੀ ੧੦੪
ਖਾ: ਪ੍ਰ: ਵਿਦਜਾਲਾ ੧੧੧
ਰਾਣਾ ਸੂਰਤ ਸਿੰਘ ੧੧੩
ਬੰਗਾ ਮਜ਼ਹਬੀਆਂ ੧੨੫
ਪੰਜਾਬ ਕੇਸਰੀ ੧੨੬
ਸੂਫੀ ਅੰਬਾ ਪ੍ਰਸ਼ਾਦ ੧੩੦
ਹੈਂਡ ਬਿੱਲ ੧੩੨
ਮਨਮਤ ਪ੍ਰਹਾਰ ਲੜੀ ੧੪੪
ਮਹਾ: ਹੀਰਾ ਸਿੰਘ ਜੀ ੧੪੬
ਮਹਾ: ਰਿਪੁਦਮਨ ਸਿੰਘ ਜੀ ੧੪੭
ਰੂਸੀ ਅੰਧੇਰ ੧੫੦
ਖਾਲਸਾ ਸੇਵਕ ੧੬੨
ਸ੍ਰ: ਬ: ਮਤਾਬ ਸਿੰਘ ਜੀ ੧੭੮
ਸ੍ਰ: ਗੁਲਾਬ ਸਿੰਘ ਜੀ ੧੭੯
ਸ੍ਰ: ਮੇਹਰ ਸਿੰਘ ਜੀ ਚਾਵਲਾ ੧੯੧
ਸਰ ਸੁੰਦ੍ਰ ਸਿੰਘ ਜੀ ੨੧੫
ਪ੍ਰੋ: ਪੂਰਨ ਸਿੰਘ ਜੀ ੨੩੧
ਸ੍ਰ: ਰਾਮ ਸਿੰਘ ਜੀ ਕਾਬਲੀ ੨੪੩
ਗੌਰਵਤਾ ਆਯੁਰਵੇਦ ੨੫੦
ਗੁ: ਰਕਾਬ ਗੰਜ ੨੫੨
ਕੋਮਾ ਗਾਟਾ ਮਾਰੂ ੨੫੭
ਸ੍ਰ: ਕਰਤਾਰਸਿੰਘ ਜੀ ਸਰਾਭਾ ੨੬੯
ਸਰ ਦਾਤਾਰ ਸਿੰਘ ਜੀ ੨੭੮
ਪੁਸਤਕਾਂ ਤੇ ਜੰਗ ਯੂਰਪ ੨੯੫
ਲਾਲਾ ਧਨੀ ਰਾਮ ਜੀ ੩੦੦
ਸ੍ਰ: ਹੁਕਮ ਸਿੰਘ ਜੀ ਰਈਸ ੩੨੮
ਸ੍ਰ: ਬ: ਮੋਹਨ ਸਿੰਘ ਜੀ ੩੨੯
ਰੌਲਟ ਐਕਟ ੩੩੦
ਬਾਵਾ ਬੁਧ ਸਿੰਘ ਜੀ ੩੪੦
ਸ੍ਰ: ਹਰਬੰਸ ਸਿੰਘਜੀ ਅਟਾਰੀ ੩੭੦
ਭਯਾਨਕ ਸਾਕਾ ੩੭੭
ਭਾਈ ਗੁਰਮੁਖਸਿੰਘਜੀ ਡੰਗ ੩੯੪
ਸ੍ਰ: ਗੁਰਚਰਨ ਸਿੰਘ ਜੀ ੪੦੯
ਸ੍ਰ: ਕਾਨ੍ਹ ਸਿੰਘ ਜੀ ਨਾਭਾ ੪੨੫
ਚਕਿਤਸਾ ਰਤਨ ੪੩੧
ਮੋਰਚਾ ਭਾਈ ਫੇਰੂ ੪੪੩
ਭਾਈ ਹਰਨਾਮ ਸਿੰਘ ਜੀ ੪੫੦
ਬਾਬਾ ਗੁਰਦਿਤ ਸਿੰਘ ਜੀ ੪੬੯
ਬਾਬੂ ਤੇਜਾ ਸਿੰਘ ਜੀ ਭਸੌੜ ੫੩੨
ਸੰਤ ਸ਼ਾਮ ਸਿੰਘ ਜੀ ੫੪੧
ਸ੍ਰ: ਤੇਜਾ ਸਿੰਘ ਜੀ ਸਮੁੰਦ੍ਰੀ ੫੪੩
ਰ: ਬ: ਵਸਾਖਾ ਸਿੰਘ ਜੀ ੫੯੪
ਸ੍ਰਃ ਅਰਜਨ ਸਿੰਘ ਜੀ ਗੜਗੱਜ ੫੯੮




Digitized by Panjab Digital Library | www.panjabdigilib.org

ਅਮਾਨਤ ਪਟਨਾ ਸਾਹਿਬ ੬੨੫
ਅਨਮੋਲ ਰਤਨ ੬੩੮
ਕ੍ਰੋਓਪ੍ਰੇਟਿਵ ਯੂਨੀਅਨ ੬੪੭
ਖੰਨਾ ਜੀ ੬੫੨
ਸ੍ਰ: ਬ: ਧਰਮ ਸਿੰਘ ਜੀ ੬੭੪
ਸਰ ਜੋਗਿੰਦਰਾ ਸਿੰਘ ਜੀ ੬੭੯
ਸ੍ਰ: ਬ: ਹੁਕਮ ਸਿੰਘ ਜੀ ੬੮੦
ਗਿ: ਹੀਰਾ ਸਿੰਘ ਜੀ ਦਰਦ ੬੯੯
ਇਤਿਹਾਸ ਤਰਨ ਤਾਰਨ ੭੦੦
ਡਾ: ਮੋਹਨ ਸਿੰਘ ਜੀ ੭੧੪
ਸਰਬ ਸੰਪ੍ਰਦਾਇ ਕਾਨਫ੍ਰੰਸ ੭੧੮
ਕ੍ਰਿਪਾਨ ਮੋਰਚਾ ੭੪੫
ਸ਼ਹੀਦ ਗੰਜ ੭੪੯
ਸ੍ਰ: ਨਰੈਣਸਿੰਘਜੀ ਬੈਰਿਸਟ੍ਰ ੭੫੩
ਟੈਂਪਲ ਔਫ ਸਪਿਰਚੂ-
ਐਲਿਟੀ ੭੫੪
ਮਾਸਟ੍ਰ ਮੋਤਾ ਸਿੰਘ ਜੀ ੭੫੬
ਸ੍ਰ: ਹਰਬੰਸ ਸਿੰਘ ਮਿਸ਼ਨ ੭੫੭
ਵਸੀਅਤ ੭੮੩


# ਚਿੱਠੀਆਂ


ਭਾਈ ਵੀਰ ਸਿੰਘ ਜੀ ੨
ਸਰ ਜੋਗਿੰਦਰਾ ਸਿੰਘ ਜੀ ੩
ਮਹੰਤ ਗਣੇਸ਼ਾ ਸਿੰਘ ਜੀ ੮੪
ਸ੍ਰ: ਹਜ਼ੂਰਾ ਸਿੰਘ ਜੀ ੧੨੮,੫੫੫
ਸ੍ਰ: ਮਾਨ ਸਿੰਘ ਜੀ ਜੱਜ ੧੨੯
ਸ੍ਰ: ਕਰਤਾਰਸਿੰਘ ਜੀਐਮ.ਏ. ੧੬੮
ਸ੍ਰ: ਰਘੁਬੀਰ ਸਿੰਘ ਜੀ
ਸੰਧਾਵਾਲੀਏ ੧੬੯
ਡਾ: ਦੀਵਾਨ ਸਿੰਘ ਜੀ
ਕਾਲੇ ਪਾਣੀ ੧੮੬, ੩੬੨
ਸ੍ਰ: ਮੇਹਰ ਸਿੰਘ ਜੀ
ਸਹਿਗਲ ੧੮੯
ਸਰ ਸੁੰਦ੍ਰਸਿੰਘ ਜੀ ਮਜੀਠੀਆ ੨੦੪
ਸ੍ਰ: ਗੁਰਬਖਸ਼ ਸਿੰਘ ਜੀ
ਬਾਗਬਾਨ ਪੁਰੀ ੨੧੮
ਡਾ: ਮੋਹਨਸਿੰਘ ਜੀ ੨੧੯
ਸ੍ਰ: ਨਰੈਣ ਸਿੰਘ ਜੀ ੨੩੫
ਸ੍ਰ: ਸੰਪੂਰਨ ਸਿੰਘ ਜੀ M.L.A ੨੪੯
ਬਾਬਾ ਕੇਹਰ ਸਿੰਘ ਜੀ ੨੬੨
ਮਾ: ਮੋਤਾ ਸਿੰਘ ਜੀ ੨੬੩
ਅਕਾਲੀ ਕੌਰ ਸਿੰਘ ਜੀ ੨੮੨
ਸ੍ਰ: ਗੁਰਮੁਖ ਸਿੰਘ ਜੀ ੨੮੩
ਲਾਲਾ ਧਨੀਰਾਮ ਜੀ ਚਾਤ੍ਰਿਕ ੩੦੦
ਭ: ਜਸਵੰਤਸਿੰਘ ਜੀ ੩੦੧,੪੦੦
ਸ੍ਰ: ਨਾਨਕ ਸਿੰਘ ਜੀ ੩੧੪
ਸੰਤ ਬਲਵੰਤ ਸਿੰਘ ਜੀ ੩੧੫




Digitized by Panjab Digital Library | www.panjabdigilib.org

ਸ੍ਰ: ਬ: ਮੋਹਨ ਸਿੰਘ ਜੀ ੩੨੯
ਸ੍ਰ: ਸ਼ਰਮ ਸਿੰਘ ਜੀ ੩੪੫
ਮਾਸਟ੍ਰ ਮਤਾਬ ਸਿੰਘ ਜੀ ੩੬੦
ਸ੍ਰ: ਗੁਰਬਖਸ਼ ਸਿੰਘ ਜੀ Rtd, P. M. G. ੩੬੩
ਸੰਤ ਤੇਜਾ ਸਿੰਘ ਜੀ ੪੦੧
ਡਾ: ਹਰਨਾਮ ਸਿੰਘ ਜੀ ੪੧੬
ਡਾ: ਮੁਖਾ ਸਿੰਘ ਜੀ ੪੧੬
ਸ੍ਰ: ਲਾਲ ਸਿੰਘ ਜੀ ਬੀ. ਏ. ੪੧੭
ਭਾਈ ਕਾਨ੍ਹ ਸਿੰਘ ਜੀ ਨਾਭਾ ੪੩੦
ਰ: ਬ: ਤੁਲਸੀ ਰਾਮ ਜੀ ੪੩੬
ਸ੍ਰ: ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ ੪੪੪
ਸ੍ਰ: ਨਿਹਾਲ ਸਿੰਘ ਜੀ ਐਡਵੋਕੇਟ ੪੪੫, ੬੨੭
ਸ੍ਰ: ਜਗਤ ਸਿੰਘ ਜੀ ਨਾਰਗ ੪੫੬
ਸ੍ਰ: ਵਸਾਖਾ ਸਿੰਘ ਜੀ ੪੫੭
ਬਾਬਾ ਗੁਰਦਿਤ ਸਿੰਘ ਜੀ ੪੭੫
ਬਾਬਾ ਗੰਡਾ ਸਿੰਘ ਜੀ ੪੮੮
ਸ੍ਵਾਮੀ ਓਅੰਕਾਰਾਨੰਦ ਜੀ ੫੧੬
ਸ. ਸ. ਚਰਨ ਸਿੰਘ ਜੀ ੫੧੭
ਸ੍ਰ: ਸੇਵਾ ਸਿੰਘ ਜੀ ੫੧੭
ਡਾ: ਭਗਵਾਨ ਸਿੰਘ ਜੀ ੫੧੮
ਸ੍ਰ: ਹਰਨਾਮ ਸਿੰਘ ਜੀ ਜੱਜ ੫੨੬
ਗਿ: ਗੁਰਮੁਖ ਸਿੰਘ ਜੀ ੫੨੭
ਸ੍ਰ: ਹੀਰਾ ਸਿੰਘ ਜੀ ਨਾਰਲੀ ੫੪੫
ਸ੍ਰ: ਤੇਜਾ ਸਿੰਘ ਜੀ ਘਵਿੰਡ ੫੪੮
ਸ੍ਰ: ਸਾਧੂ ਸਿੰਘ ਜੀ ੫੫੧
ਸ੍ਵਾਮੀ ਕੇਸ਼ਵਾਨੰਦ ਜੀ ੫੬੩
ਸ੍ਰ: ਅਮ੍ਰੀਕ ਸਿੰਘ ਜੀ ੫੭੫
ਸ: ਹੁਕਮ ਸਿੰਘ ਜੀ ਸੈਸ਼ਨ ਜੱਜ ੫੭੭
ਸ੍ਰ: ਹਰੀ ਸਿੰਘ ਜੀ ੫੭੮
ਡਾ: ਚਰਨ ਸਿੰਘ ਜੀ ੫੮੨
ਪ੍ਰੋ: ਨਿਰੰਜਨ ਸਿੰਘ ਜੀ ੫੮੬
ਸ੍ਰ: ਨਥਾ ਸਿੰਘ ਜੀ ੫੮੭
ਸ੍ਰ: ਅਰਜਨ ਸਿੰਘ ਜੀ ਗੜਗਜ ੫੯੯
ਲਾਲਾ ਕਰਮ ਚੰਦ ਜੀ ੬੨੨
ਸ੍ਰ: ਬ: ਇੰਦ੍ਰ ਸਿੰਘ ਜੀ ਫਰੀਦਕੋਟ ੬੨੩
ਸ੍ਰ: ਹਰਨਾਮਸਿੰਘ ਜੀ ਨੰਦੇੜ ੬੨੭
ਸ੍ਰ: ਹਰਨਾਮ ਸਿੰਘ ਜੀ ਲਾਇਲਪੁਰ ੬੨੮
ਸ੍ਰ: ਹਰਦਿਤ ਸਿੰਘ ਜੀ ੬੨੯
ਡਾ: ਆਤਮਾ ਸਿੰਘ ਜੀ ੬੩੧
ਭਾਈ ਸੰਤ ਰਾਮ ਜੀ ੬੩੫
ਪ੍ਰੋ: ਤੇਜਾ ਸਿੰਘ ਜੀ ੬੪੪
ਰਸਾਲਦਾਰ ਪ੍ਰਦੁਮਨ ਸਿੰਘ ੬੪੫
ਲਾਲਾ ਗੁਰਾਂ ਦਿਤਾ ਜੀ ੬੫੩



Digitized by Panjab Digital Library | www.panjabdigilib.org

ਸ੍ਰ: ਤੇਜਾ ਸਿੰਘ ਜੀ ੬੬੩
ਸ੍ਰ: ਨਾਹਰ ਸਿੰਘ ਜੀ ੬੭੬
ਸ੍ਰ: ਬ: ਹੁਕਮ ਸਿੰਘ ਜੀ ੬੮੨
ਸ੍ਰ: ਭਗਵਾਨ ਸਿੰਘ ਜੀ ੬੯੦
ਸ੍ਰ: ਬਿਸ਼ੰਭਰ ਸਿੰਘ ਜੀ ੬੯੧
ਸ੍ਰ: ਅਮਰ ਸਿੰਘ ਜੀ ੭੦੭
ਸ੍ਰ: ਭਗਤ ਸਿੰਘ ਜੀ ੭੧੩
ਸ੍ਰ: ਨਥਾ ਸਿੰਘ ਜੀ ੭੨੦
ਗਿ: ਸ਼ਮਸ਼ੇਰ ਸਿੰਘ ਜੀ ੭੨੧
ਮਾਸਟ੍ਰ ਤਾਰਾ ਸਿੰਘ ਜੀ ੭੨੯
ਸ੍ਰ: ਪ੍ਰਤਾਪ ਸਿੰਘ ਜੀ ੭੪੦
ਹਮਦਰਦ ਜੀ ੭੭੬
ਸ੍ਰ: ਰਾਮ ਸਿੰਘ ਜੀ ਕਾਬਲੀ ੭੮੪
ਡਾ: ਪ੍ਰੇਮ ਸਿੰਘ ਜੀ ੭੮੫
ਸ੍ਰ: ਸੁੰਦਰ ਸਿੰਘ ਜੀ ਧੂਪੀਆ ,,
ਭਾਈ ਤਖਤ ਸਿੰਘ ਜੀ ,,
ਮਾ: ਬੀਰ ਸਿੰਘ ਜੀ ੭੮੬
ਸੀ. ਈ. ਗਿਲਫੋਰਡ ,,
ਸੀ. ਐਚ. ਐਟਕਿਨਸ ,,
ਮਾ: ਸੰਤ ਸਿੰਘ ਜੀ ੭੮੭
ਡਾ: ਬਲਵੰਤ ਸਿੰਘ ਪਾਠਕ ੭੮੭
ਸ੍ਰ: ਲਧਾ ਸਿੰਘ ਜੀ ਬਰਮਾ ੭੮੮
ਮਾ: ਮੋਤਾ ਸਿੰਘ ਜੀ ,,
ਸ੍ਰ: ਜਸਬੀਰ ਸਿੰਘ ਜੀ ੭੮੯
ਕਪਤਾਨ ਠਾਕਰ ਸਿੰਘ ਜੀ ,,
ਸ੍ਰ: ਮੋਹਨ ਸਿੰਘ ਜੀ ਬੀ. ਏ. ੭੮੯
ਸ੍ਰ: ਸਾਧੂ ਸਿੰਘ ਜੀ ਲਖਨਊ ,,
ਸ੍ਰ: ਤਾਰਾ ਸਿੰਘ ਜੀ ਕਰਾਚੀ ,,
ਗਿ: ਲਾਲ ਸਿੰਘ ਜੀ ੭੯੦
ਕਵੀ ਰਾਜ ਸਾਧੂ ਸਿੰਘ ਜੀ ,,
ਸ਼ਮਸ਼ੇਰ ਜੀ ੭੯੦

## ਅਖਬਾਰਾਂ

ਹਿੰਦੀ ਮਿਲਾਪ ੭੯੧
ਸਿੱਖ ਵੀਰ, ਪ੍ਰੀਤ ਲੜੀ ੭੯੨
ਅਕਾਲੀ ਪਤ੍ਰਿਕਾ ੭੯੨, ੭੯੪, ੭੯੬
ਖਾ: ਤੇ ਖਾ: ਐਡਵੋਕੇਟ ੭੯੩, ੭੯੬
ਖਾਲਸਾ ਸਮਾਚਾਰ ੭੯੩, ੭੯੭
ਅਕਾਲੀ ੭੯੩
ਸਤਿਜੁਗ ੭੯੩
ਸ਼ੇਰੇ ਪੰਜਾਬ ੭੯੩
ਦੀ ਖਾਲਸਾ ੭੯੪
ਖਾਲਸਾ ਰੀਵੀਊ ੭੯੪
ਟੈਂਪ੍ਰੈਂਸ ਮੈਗਜ਼ੀਨ ੭੯੪
ਅੰਮ੍ਰਿਤ ੭੯੫
ਪ੍ਰੀਤਮ ੭੯੫ ਮੌਜੀ ੭੯੫
ਰਾਮਗੜ੍ਹੀਆ ਗੈਜ਼ਟ ੭੯੫
ਪ੍ਰਦੇਸੀ ਖਾਲਸਾ ਸੇਵਕ ੭੯੫
ਕਸ਼ਮੀਰ ਸਿੱਖ ਸਮਾਚਾਰ ੭੯੬
ਕਵਿਤਾਵਾਂ ੭੯੮



Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

# ਜਾਣ ਪਛਾਣ

## ਜੀਵਨ ਤੇ ਇਤਿਹਾਸ

ਮਹਾਂ ਪੁਰਖਾਂ ਦੇ ਜੀਵਨ ਚਰਿਤ੍ਰ ਇਤਿਹਾਸ ਦਾ ਮਹਾਨ ਜ਼ਰੂਰੀ ਅੰਗ ਹਨ, ਜਾਂ ਇਉਂ ਕਹੋ ਕਿ ਜੀਵਨ ਚਰਿਤ੍ਰਾਂ ਨੂੰ ਇਕੱਠੇ ਕਰਕੇ ਹੀ ਇਤਿਹਾਸ ਮੁਕੰਮਲ ਕੀਤਾ ਜਾਂਦਾ ਹੈ।

ਇਤਿਹਾਸ-ਸੂਰਜ ਦੀ ਚਮਕ ਹੀ ਕਾਇਰਤਾ, ਗਫਲਤ, ਖ਼ੁਦਗਰਜ਼ੀ ਤੇ ਜਹਾਲਤ ਦੇ ਅਨ੍ਹੇਰੇ ਟੋਏ ਵਿਚ ਡਿਗ ਰਹੀਆਂ, ਡੁੱਬ ਰਹੀਆਂ ਤੇ ਖੁੱਭ ਰਹੀਆਂ ਕੌਮਾਂ ਨੂੰ ਰੌਸ਼ਨੀ ਬਖਸ਼ ਕੇ, ਸਹਾਰਾ ਦੇ ਕੇ ਤੇ ਖੂਨ ਗਰਮਾ ਕੇ ਸੁਚੇਤ ਕਰਦੀ ਹੈ। ਜਿਸ ਕੌਮ ਦਾ ਇਤਿਹਾਸ ਧੁੰਧਲਾ ਹੈ ਉਸ ਨੂੰ ਗਫਲਤ ਦੀ ਨੀਂਦੋਂ ਟੁੰਬਣਾ ਤੇ ਉਸ ਦੇ ਠੰਡੇ ਹੋ ਰਹੇ ਖੂਨ ਨੂੰ ਗਰਮਾਉਣਾ ਬੜਾ ਮੁਸ਼ਕਲ ਹੈ।

ਸਿਖ ਕੌਮ ਅਗਿਣਤ ਅਦੁਤੀ ਕੁਰਬਾਨੀਆਂ ਦੀ ਮਾਲਕ ਹੁੰਦੀ ਹੋਈ ਭੀ ਜੇ ਪੈਰ ਪੈਰ ਉਪਰ ਜਹਾਲਤ, ਖੁਦਗਰਜ਼ੀ, ਫੁੱਟ ਤੇ ਬੇ ਪ੍ਰਵਾਹੀ ਦੇ ਠੇਡੇ ਖਾ ਰਹੀ ਹੈ, ਤਾਂ ਇਸ ਦਾ ਕਾਰਣ ਕੇਵਲ ਸਹੀ ਸਹੀ ਸਿਖ ਇਤਿ-ਹਾਸ ਦੀ ਅਣਹੋਂਦ ਹੈ। ਇਸ ਸਹੀ ਇਤਿਹਾਸ ਦੇ ਘਾਟੇ ਨੇ ਸਿਖ ਕੌਮ ਨੂੰ ਜੀਉਂਦਿਆਂ ਹੀ ਮੁਰਦਿਆਂ ਵਿਚ ਦਾਖਲ ਕੀਤਾ ਹੋਇਆ ਹੈ।



Digitized by Panjab Digital Library | www.panjabdigilib.org

ਭਾਈ ਕਰਮ ਸਿੰਘ ਜੀ* ਹਿਸਟੋਰੀਅਨ ਝਬਾਲ ਵਾਲੇ ਇਸ ਪਾਸੇ ਲਗੇ ਸਨ। ਉਨ੍ਹਾਂ ਨੇ ਸਿਖ ਇਤਿਹਾਸ ਦਾ ਕਾਫੀ ਮਸਾਲਾ ਇਕੱਠਾ ਕੀਤਾ ਸੀ, ਪਰ ਉਨ੍ਹਾਂ ਦੀ ਕੁਸਮੇ ਮੌਤ ਨੇ ਸਾਰਾ ਕੰਮ ਵਿਚੇ ਹੀ ਠੱਪ ਦਿਤਾ। ਤੇ ਸਾਰੇ ਦਾ ਸਾਰਾ ਮਸਾਲਾ—ਜੋ ਉਨ੍ਹਾਂ ਨੇ ਤਿਆਰ ਕੀਤਾ ਸੀ—ਪੰਥ ਪਿਆਰ ਤੇ ਕੌਮੀ ਦਰਦ ਬਾਝੋਂ ਥਾਂ ਥਾਂ ਦੱਬਿਆ ਪਿਆ ਹੈ।

ਭਲਾ ਹੋਵੇ ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ, ਬਾਬਾ ਫੂਲਾ ਸਿੰਘ ਅਕਾਲੀ, ਕੰਵਰ ਨੌ ਨਿਹਾਲ ਸਿੰਘ ਤੇ ਸ੍ਰ: ਹਰੀ ਸਿੰਘ ਨਲੂਆ ਆਦਿ ਦੇ ਜੀਵਣ ਚਰਿਤ੍ਰ ਲਿਖ ਕੇ ਕੁਛ ਠੱਲ੍ਹ ਪਾਈ ਹੈ। ਪਰ ਇਹ ਅਜੇ ਸਮੁੰਦਰ ਵਿਚੋਂ ਚੁਲੀ ਹੈ।

ਸਿਖ ਇਤਿਹਾਸ ਦੀ ਅਣਹੋਂਦ ਕਾਰਣ ਹੀ ਅੱਜ ਸਿਖੀ ਦਾ ਸਦਾ ਬਹਾਰੀ ਬਾਗ ਸੁਕਦਾ ਜਾ ਰਿਹਾ ਹੈ। ਨਾਮ-ਧਰੀਕ ਅਨੇਕਾਂ ਸਿਖ ਸਿਖੀਓਂ ਕੋਹਾਂ ਦੂਰ ਜਾ ਰਹੇ ਹਨ। ਆਮ ਤੌਰ ਤੇ ਅੱਜ ਕਲ ਵੱਡੇ ਵੱਡੇ ਧਾਰਮਕ ਆਗੂ ਕਹੌਣ ਵਾਲੇ ਸਿਖ ਭੀ ਕੇਵਲ ਬਾਹਰੀ ਚਿੰਨਾਂ ਨਾਲ ਹੀ ਸੰਤੁਸ਼ਟ ਹੋਏ ਜਾਪਦੇ ਹਨ। ਅਨੇਕਾਂ ਸੰਤ, ਮਹਾਤਮਾਂ, ਬਾਬੇ ਤੇ ਧੂਆਂਧਾਰ ਲੈਕਚਰ ਕਰਨ ਵਾਲੇ ਪ੍ਰਚਾਰਕ ਸਿਖੀ ਦੇ ਊੜੇ ਐੜੇ ਤੋਂ ਭੀ ਅਨਜਾਣ ਹਨ। ਸਿਖ

---

*ਭਾਈ ਕਰਮ ਸਿੰਘ ਜੀ ਹਿਸਟੋਰੀਅਨ ਦਾ ਜਨਮ ਪਿੰਡ ਝਬਾਲ ਜ਼ਿਲਾ ਅੰਮ੍ਰਿਤਸਰ ਵਿਚ ੯ ਚੇਤ ਸੰਮਤ ੧੯੪੪ ਵਿਚ ਹੋਇਆ। ਮੁਢਲੀ ਵਿਦਯਾ ਖਾਲਸਾ ਹਾਈ ਸਕੂਲ ਤਰਨ ਤਾਰਨ ਵਿਚ ਪਾਈ, ਫੇਰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹੇ। ਸਿਖ ਇਤਿਹਾਸ ਦੀ ਖੋਜ ਦਾ ਆਪ ਨੂੰ ਇਸ਼ਕ ਜ਼ੇਹਾ ਸੀ। ਇਸੇ ਲਗਨ ਵਿਚ ਆਪ ਕਾਲਜ ਦੀ ਪੜ੍ਹਾਈ ਛੱਡ ਦੇਸ ਪਰਦੇਸ ਦੂਰ ਦੂਰ ਫਿਰੇ। ਅੰਤ ੧੦ ਸਤੰਬਰ ੧੯੩੦ ਸ਼ਾਮ ਦੇ ਪੌਣੇ ਛੇ ਵਜੇ ਤਰਨ ਤਾਰਨ ਵਿਚ ਹੀ ਗੁਰਪੁਰੀ ਸਿਧਾਰੇ।

ਏਥੇ ਇਹ ਗਲ ਦੱਸ ਦੇਣੀ ਭੀ ਅਯੋਗ ਨਹੀਂ ਹੋਵੇਗੀ ਕਿ ਭਾਈ ਕਰਮ ਸਿੰਘ ਜੀ ਨੂੰ ਭਾਈ ਮੋਹਨ ਸਿੰਘ ਜੀ ਵੈਦ ਨੇ ਭੀ ਉਤਸ਼ਾਹਤ ਕੀਤਾ ਸੀ ਤੇ ਆਪ ਕਾਫੀ ਦੇਰ ਵੈਦ ਜੀ ਪਾਸ ਰਹਿਕੇ ਇਹ ਪੰਥਕ ਸੇਵਾ ਕਰਦੇ ਰਹੇ। ਵੈਦ ਜੀ ਤਨ,ਧਨ ਤੇ ਪੁਸਤਕਾਂ ਰਾਹੀਂ ਆਪਦੀ ਯਥਾ ਸ਼ਕਤਿ ਵਧ ਤੋਂ ਵਧ ਸੇਵਾ ਕਰਦੇ ਰਹੇ।



Digitized by Panjab Digital Library | www.panjabdigilib.org

ਬਾਗ਼ ਦੇ ਪਹਿਰੂਏ ਹੀ ਅੱਜ ਟੋਲੇ ਬੰਨ੍ਹ ਬੰਨ੍ਹ ਮੰਗਤਿਆਂ ਵਾਂਗ ਸੰਤਪਣੇ ਦੇ ਸਾਈਨਬੋਰਡ ਲਟਕਾਈ, ਜਹਾਲਤ, ਤੇ ਭਰਮਾਂ ਵਿਚ ਡੁੱਬ ਰਹੀ ਕੌਮ ਨੂੰ ਸਗੋਂ ਹੋਰ ਇੱਟਾਂ ਮਾਰ ਮਾਰ ਡੋਬ ਰਹੇ ਤੇ ਸਿੱਖੀ ਬਾਗ਼ ਨੂੰ ਉਜਾੜ ਰਹੇ ਹਨ। ਸਿੱਖੀ ਦੇ ਅਸਲੀ ਤੇ ਅਮਲੀ ਅਸੂਲਾਂ ਨੂੰ ਭੁੱਲ ਕੇ ਪਾਪੀ ਪੇਟ ਲਈ ਤਰ੍ਹਾਂ ਤਰ੍ਹਾਂ ਦੇ ਡਿੰਭ ਬਣਾ ਬਣਾ ਤੇ ਭਯਾਨਕ ਕਹਾਣੀਆਂ ਤੇ ਮਨ ਘੜਤ ਕਰਾਮਾਤਾਂ ਸੁਣਾ ਸੁਣਾ ਸਿਖ ਕੌਮ ਦਾ ਬੇੜਾ ਗ਼ਰਕ ਕਰ ਰਹੇ ਹਨ। ਸਿੱਖੀ ਵਿਚੋਂ ਸ਼ਰਧਾ ਘਟਦੀ ਜਾ ਰਹੀ ਹੈ। ਪੱਛਮੀਂ ਖਿਆਲਾਂ ਦੀ ਨਿਕੰਮੀ ਰੰਗਣ ਬਦੋ ਬਦੀ ਚੜ੍ਹਦੀ ਜਾ ਰਹੀ ਤੇ ਸਿਖੀ ਵਲੋਂ ਨਫਰਤ ਹੋ ਰਹੀ ਹੈ। ਕਾਰਣ ਕੇਵਲ ਇਹੀ ਹੈ ਕਿ ਉਨ੍ਹਾਂ ਦੇ ਸਾਹਮਣੇ ਪੂਰਾ ਤੇ ਸ਼ੁੱਧ ਸਿਖ ਇਤਿਹਾਸ ਨਹੀਂ, ਬਜ਼ੁਰਗਾਂ ਦੇ ਪਵਿਤ੍ਰ ਜੀਵਣ ਚਰਿਤ੍ਰ ਨਹੀਂ, ਇਸ ਤੋਂ ਵਧ ਕੇ ਇਹ ਕਿ ਚਾਲਾਕ ਅਨਮਤੀਆਂ ਨੇ ਸਿਖ ਇਤਿਹਾਸ ਉਤੇ ਅਜਿਹੀ ਜ਼ਹਿਰੀਲਾ ਰੰਗਣ ਚਾੜ੍ਹੀ ਹੈ ਕਿ ਜਿਸ ਨੂੰ ਪੜ੍ਹ ਕੇ ਸਿਖ ਨੌਜਵਾਨ ਸਿਖੀਓਂ ਦੂਰ ਦੁਰਾਡੇ ਜਾ ਰਹੇ ਤੇ ਘਿਰਣਾ ਕਰ ਰਹੇ ਹਨ।

ਸਿਆਣੇ ਜਾਣਦੇ ਹਨ ਕਿ ਸਿਖਾਂ ਦਾ ਰਾਜ ਇਕ ਅਦੁਤੀ ਨਿਆਂਕਾਰੀ ਲੋਕ ਰਾਜ ਦਾ ਨਮੂਨਾ ਸੀ। ਪਰ ਚਲਾਕਾਂ ਵਲੋਂ 'ਸਿਖਾ ਸ਼ਾਹੀ' ਦਾ ਸ਼ੋਸ਼ਾ ਛੱਡ ਕੇ ਸਾਰੀ ਕੀਤੀ ਕੱਤਰੀ ਉਪਰ ਪਾਣੀ ਫੇਰ ਦਿਤਾ, ਤੇ ਭਰੇ ਅੰਮ੍ਰਿਤ ਕੁੰਡ ਵਿਚ ਜ਼ਹਿਰ ਘੋਲ ਦਿਤੀ ਗਈ। ਜਿਸ ਦੇ ਅਸਰ ਨਾਲ ਜੀਵਣ-ਜੋਸ਼ ਮੁਰਦਿਹਾਨਤਾ ਨਾਲ ਬਦਲਨ ਲਗ ਪਿਆ।

ਭਲਾ ਆਪ ਹੀ ਸੋਚੋ! ਜੇ ਅੱਜ ਸਾਡੇ ਸਾਹਮਣੇ ਸੱਚਾ ਸਿਖ ਇਤਿਹਾਸ ਹੋਵੇ, ਸਿਖ ਕੌਮ ਦੇ ਬੀਰ ਬਹਾਦਰ, ਦਾਨੀ, ਵਿਦਵਾਨ, ਪਰਉਪਕਾਰੀਆਂ ਦੇ ਜੀਵਣ ਚਰਿਤ੍ਰ ਹੋਣ ਤਾਂ ਕੀ ਸਾਡਾ ਜੀਵਣ ਨਾ ਪਲਟ ਜਾਏ? ਪਰ ਅਫਸੋਸ ਕਿ ਸੱਚੇ ਇਤਿਹਾਸ ਤੋਂ ਵਾਂਝੇ ਹਾਂ।

ਸਿਆਣੇ ਆਖਦੇ ਹਨ ਕਿ ਜੇ ਸਵੇਰ ਦਾ ਭੁੱਲਾ ਹੋਇਆ ਸ਼ਾਮ ਨੂੰ ਘਰ ਵਾਪਸ ਆ ਜਾਵੇ ਤਾਂ ਭੀ ਚੰਗਾ ਹੈ। ਪਰ ਅਸੀਂ ਤਾਂ ਅਜੇ ਸ਼ਾਮ ਨੂੰ ਘਰ ਮੁੜ ਆਉਣ ਦਾ ਰਾਹ ਭੀ ਨਹੀਂ ਫੜਿਆ। ਮੇਰਾ ਭਾਵ ਹੈ ਕਿ ਜੇ



Digitized by Panjab Digital Library | www.panjabdigilib.org

ਪਿਛਲਾ ਇਤਿਹਾਸ ਅਸੀਂ ਨਹੀਂ ਲਿਖ ਸਕੇ ਤਾਂ ਹੁਣ ਦਾ ਹੀ ਕਲਮ ਬੰਦ ਕਰੀ ਚਲੋ ! ਸੁਹਣੀ ਰੀਤੀ ਨਾਲ, ਇਤਿਹਾਸਕ ਢੰਗ ਨਾਲ, ਤਰਤੀਬਵਾਰ ਤਰੀਕਾਂ ਦੇ ਦੇ ਕੇ, ਹੁਣ ਦਾ ਇਤਿਹਾਸ ਹੀ ਲਿਖੋ। ਭਾਈ ਤਾਰੂ ਸਿੰਘ ਜੀ, ਭਾਈ ਤਾਰਾ ਸਿੰਘ ਜੀ, ਭਾਈ ਮਤਾਬ ਸਿੰਘ ਜੀ ਮੀਰਾਂਕੋਟੀਆ, ਸ੍ਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ, ਸ੍ਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਸ੍ਰਦਾਰ ਫਤੇ ਸਿੰਘ ਜੀ, ਸ੍ਰਦਾਰ ਲਹਿਣਾ ਸਿੰਘ ਜੀ ਆਦਿਕ ਅਨੇਕਾਂ ਬਹਾਦਰਾਂ ਨੂੰ ਹੋਇਆਂ ਤਾਂ ਭਲਾ ਕਹੋਗੇ 'ਚਿਰ ਹੋ ਗਿਆ ਹੈ' ਪਰ ਅਜੇ ਕਲ ਅੱਖਾਂ ਸਾਹਮਣੇ ਹੋਏ ਗੁਰਮੁਖ ਹੀਰੇ ਮਿੱਟੀ ਵਿਚ ਰੁਲ ਰਹੇ ਹਨ,ਪਰ ਅਸੀਂ ਅੱਖਾਂ ਮੀਟੀ ਪਏ ਹਾਂ। ਭਾਈ ਗੁਰਮੁਖ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀ—ਜਿਨ੍ਹਾਂ ਨੇ ਸਿੰਘ ਸਭਾਵਾਂ ਨੂੰ ਜੱਥੇ ਬੰਦ ਕੀਤਾ ਤੇ ਖਾਲਸਾ ਕਾਲਜ ਅੰਮ੍ਰਿਤਸਰ ਖੁਲਵਾਇਆ—ਗਿਆਨੀ ਦਿੱਤ ਸਿੰਘ ਜੀ ਜਿਨ੍ਹਾਂ ਨੇ ਡਗਮਗਾਂਦੇ ਪੰਥਕ ਬੇੜੇ ਨੂੰ ਬੇਜੋੜ ਮਲਾਹ ਬਣ ਕੇ ਬੰਨੇ ਲਾਇਆ ਤੇ ਅਨਮਤੀਆਂ ਦੇ ਹਮਲਿਆਂ ਤੋਂ ਬਚਾਇਆ, ਤੇ ਡਾਕਟਰ ਜੈ ਸਿੰਘ ਜੀ ਜਿਨ੍ਹਾਂ ਨੇ ਸ਼ੁੱਧੀ ਦਾ ਕੰਮ ਚੁੱਕਿਆ। ਇਹ ਮੈਂ ਐਵੇਂ ਨਮੂਨੇ ਮਾਤ੍ਰ ਲਿਖੇ ਹਨ। ਕੀ ਸਾਨੂੰ ਖਿਆਲ ਨਹੀਂ ਕਿ ਇਨ੍ਹਾਂ ਦੇ ਤੇ ਅਜੇਹੇ ਹੀ ਹੋਰ ਅਨੇਕ ਗੁਰਮੁਖਾਂ ਦੇ ਜੀਵਣ ਚਰਿਤ੍ਰ ਲਿਖਣੇ ਜ਼ਰੂਰੀ ਹਨ।

ਹੋਰ ਪਿੱਛੇ ਆਓ, ਤਰਨ ਤਾਰਨ, ਨਨਕਾਣਾ ਸਾਹਿਬ, ਗੁਰੂ ਕਾ ਬਾਗ਼, ਪੰਜਾ ਸਾਹਿਬ, ਜੈਤੋ ਆਦਿ ਦੇ ਅਨੇਕ ਸ਼ਹੀਦਾਂ ਦੇ ਜੀਵਣ ਚਰਿਤ੍ਰ ਅਜੇ ਖੋਜਕੇ ਤੇ ਖੋਲ੍ਹਕੇ ਲਿਖਣ ਦਾ ਸਾਨੂੰ ਧਿਆਨ ਵੀ ਨਹੀਂ। ਇਨ੍ਹਾਂ ਦੇ ਜੀਵਨਾਂ ਦੀ ਕੇਵਲ ਇਕ ਇਕ ਜ਼ਰੂਰੀ ਸਤਰ ਹੀ ਮੁਰਦੇ ਦਿਲਾਂ ਵਿਚ ਜੀਵਨ ਰੌ ਪੈਦਾ ਕਰ ਸਕਦੀ ਤੇ ਸਿੱਖੀਓਂ ਡਗਮਗਾ ਰਹੇ ਜਵਾਨਾਂ ਨੂੰ ਪਹਾੜ ਵਾਂਗ ਅਚੱਲ ਤੇ ਅਹਿੱਲ ਕਰ ਸਕਦੀ ਹੈ। ਇਸਤੋਂ ਇਲਾਵਾ ਕਈ ਹੋਰ ਗੁਮਨਾਮ ਗਰੀਬ ਪਰ ਉੱਚ ਕਰਨੀ ਵਾਲੇ ਸਿੱਖਾਂ ਦੇ ਜੀਵਣ ਲਿਖਣ ਖੁਣੋਂ ਗੁੰਮ ਹੁੰਦੇ ਜਾ ਰਹੇ ਹਨ। ਬਜਬਜ ਘਾਟ ਤੇ ਜੱਲਿਆਂ ਵਾਲੇ ਬਾਗ ਦੇ ਗੁਰਮੁਖਾਂ ਦੀ ਖੋਜ ਕਰਨੀ ਭੀ ਜ਼ਰੂਰੀ ਹੈ। ਇਤਿਹਾਸਕ,



Digitized by Panjab Digital Library | www.panjabdigilib.org

ਗੁਰਸਿੱਖੀ ਤੇ ਕੌਮੀ ਨੁਕਤਾ ਨਿਗਾਹ ਨਾਲ ਸਚਖੰਡ ਵਾਸੀ ਪ੍ਰੋਫੈਸਰ ਪੂਰਨ ਸਿੰਘ ਜੀ, ਸ੍ਰਦਾਰ ਹਰਬੰਸ ਸਿੰਘ ਜੀ ਅਟਾਰੀ, ਭਾਈ ਤਖਤ ਸਿੰਘ ਜੀ ਆਦਿ ਅਤੇ ੧੯੧੪ ਵਿਚ ਅਮਰੀਕਾ ਕੈਨੇਡਾ ਤੋਂ ਆਏ ਅਨੇਕ ਗੁਰਮੁਖਾਂ ਦੇ ਜੀਵਨ ਚਰਿਤ੍ਰ ਜੇ ਖੋਜਕੇ ਸਹੀ ਤਰੀਕੇ ਨਾਲ ਲਿਖੇ ਜਾਣ ਤਾਂ ਕੌਮ ਵਿਚ ਨਵੇਂ ਸਿਰਿਓਂ ਜੀਵਨ ਜੋਤਿ ਜਗਮਗਾ ਸਕਦੀ ਹੈ, ਪਰ ਇਹ ਕੰਮ ਕਿਸੇ ਇਕੱਲੇ ਦੁਕੱਲੇ ਦਾ ਨਹੀਂ। ਇਸ ਵਿਚ ਸਾਂਝੇ ਬਲ ਦੀ ਲੋੜ ਹੈ। ਗੱਲ ਕੁਝ ਭੀ ਨਹੀਂ ਜੇ ਸਾਡੇ ਦਿਲਾਂ ਦੀਆਂ ਵਾਗਾਂ ਜ਼ਰਾ ਕੁ ਹੀ ਇਸ ਪਾਸੇ ਵਲ ਮੁੜ ਪੈਣ ਤਾਂ ਸਾਰੇ ਕਾਰਜ ਸੁਤੇ ਸਿਧ ਹੀ ਹੋ ਸਕਦੇ ਹਨ। ਅਜੇ ਹਾਲਾਤ ਤਾਜ਼ੇ ਹਨ, ਝਬਦੇ ਹੀ ਕੰਮ ਪੂਰਾ ਹੋ ਸਕਦਾ ਹੈ, ਕੇਵਲ ਉੱਦਮ ਤੇ ਹਿੰਮਤ ਦੀ ਲੋੜ ਹੈ।

ਇਤਿਹਾਸ ਕੌਮਾਂ ਦੀ ਜਾਨ ਹੁੰਦਾ ਹੈ ਤੇ ਜੀਵਨ ਚਰਿਤ੍ਰ ਇਤਿ-ਹਾਸ ਦੀ ਰੂਹ। ਮਹਾਂਪੁਰਖ ਕਿਸੇ ਇਕ ਦੇ ਨਹੀਂ ਸਗੋਂ ਸਾਰੀ ਕੌਮ, ਦੇਸ਼ ਤੇ ਸੰਸਾਰ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਦੇ ਜੀਵਨ ਚਰਿਤ੍ਰ ਸੂਰਜ ਦੀਆਂ ਜੀਵਨ ਪ੍ਰਕਾਸ਼ਕ ਕਿਰਨਾਂ ਦਾ ਪ੍ਰਕਾਸ਼ ਹਰ ਇਕ ਅਮੀਰ, ਗਰੀਬ, ਨਿੱਕੇ ਵੱਡੇ ਸਭ ਲਈ ਇਕੋ ਜੇਹਾ ਹੀ ਲਾਭਕਾਰੀ, ਗੁਣ ਉਪਜਾਊ ਤੇ ਜੀਵਨ ਰਾਹ ਦਰਸਾਊ ਹੁੰਦਾ ਹੈ। ਸਿਖ ਪੰਥ ਦੇ ਅਦੁਤੀ ਰਤਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਪ੍ਰਸਿੱਧ ਵੈਦ ਤਰਨ ਤਾਰਨੀ ਸੰਸਾਰ ਦੀਆਂ ਉਨ੍ਹਾਂ ਮਹਾਨ ਉੱਤਮ ਵਯਕਤੀਆਂ ਵਿਚੋਂ ਸਨ ਜਿਨ੍ਹਾਂ ਦਾ ਜੀਵਨ ਅੰਧੇਰੇ ਸੰਸਾਰ ਸਾਗਰ ਵਿਚ ਪ੍ਰਕਾਸ਼ ਘਰ (Light House) ਦਾ ਕੰਮ ਦਿੰਦਾ ਹੈ। ਇਸ ਲਈ ਮੇਰੀ ਪ੍ਰਬਲ ਇਛਾ ਸੀ ਕਿ ਵੈਦ ਜੀ ਦਾ ਜੀਵਨ ਚਰਿਤ੍ਰ ਪੁਸਤਕਾਕਾਰ ਵਿਚ ਪ੍ਰਕਾਸ਼ਤ ਕਰਾਂ, ਜਿਸਤੋਂ ਸੰਭਵ ਹੈ ਕਿ ਅਨੇਕ ਢੂੰਡਾਊ ਆਪਣੇ ਜੀਵਨ ਰਾਹ ਨੂੰ ਅਕੰਟਕ ਤੇ ਸੁਖਮਯ ਬਣਾਕੇ ਜਾਤੀ,ਕੌਮ,ਦੇਸ਼ ਤੇ ਸੰਸਾਰ ਲਈ ਲਾਭਕਾਰੀ ਸਾਬਤ ਹੋ ਸਕਣ।

ਭਾਈ ਸਾਹਿਬ ਜੀ ਪੁਰਾਤਨ ਗੁਰਸਿਖੀ ਜੀਵਣ ਦੀਆਂ ਅਮੋਲਕ ਹਸਤੀਆਂ ਵਿਚੋਂ ਸਨ। ਆਪ ਦਾ ਜੀਵਣ ਸਚੀ ਗੁਰਸਿਖੀ ਦਾ ਨਮੂਨਾ ਸੀ।



Digitized by Panjab Digital Library | www.panjabdigilib.org

ਗੁਰਸਿਖੀ ਲਈ ਆਪ ਦਾ ਅਮੋਘ ਪਿਆਰ ਸੀ। ਪੰਥਕ, ਕੌਮੀ ਤੇ ਦੇਸ਼ ਪਿਆਰ ਦੀ ਤੜਪ ਆਪਦੇ ਹਿਰਦੇ ਵਿਚ ਅਦੁਤੀ ਸੀ। "ਏਕ ਪਿਤਾ ਏਕਸ ਕੇ ਹਮ ਬਾਰਕ" ਦਾ ਆਪ ਜੀਊਂਦਾ ਜਾਗਦਾ ਨਮੂਨਾ ਸਨ। ਪੁਰਾਤਨ ਗੁਰ-ਸਿੱਖਾਂ ਵਾਂਗ ਸਮੁਚੀ ਕਮਾਈ ਦਾ ਦਸਵੰਧ ਕੱਢਣਾ ਤੇ ਉਸ ਨੂੰ ਧਰਮਾਰਥ ਪਰੁਪਕਾਰ ਲਈ ਲਾਉਣਾ ਆਪ ਜੀ ਨੇ ਆਪਣਾ ਫ਼ਰਜ਼ ਸਮਝਿਆ ਹੋਯਾ ਸੀ। 'ਜਿਨ ਪ੍ਰੇਮੁ ਕੀਓ ਤਿਨਹੀ ਪ੍ਰਭ ਪਾਇਓ' ਦਾ ਅਮਲੀ ਜੀਵਣ ਆਪ ਜੀ ਰਹੇ ਸਨ। 'ਸੇਵਕ ਕੋ ਸੇਵਾ ਬਣ ਆਈ' ਮਹਾਂ ਵਾਕ ਆਪ ਦਾ ਜੀਵਨਾਧਾਰ ਸੀ। 'ਨੇਕੀ ਕਰ ਔਰ ਕੂਏਂ ਮੇਂ ਡਾਰ' ਕਹਾਵਤ ਅਨੁਸਾਰ ਆਪ ਜੀ ਨੇ ਨੇਕੀ ਨੂੰ ਫ਼ਰਜ਼ ਸਮਝਕੇ, ਧਰਮ ਸਮਝਕੇ, ਚੁਪ ਚਾਪ ਲੁਕੋ ਕੇ ਕੀਤਾ। ਪੰਥ ਪਿਆਰ, ਕੌਮ ਸੇਵਾ ਤੇ ਸ੍ਵਦੇਸ਼ ਭਗਤੀ ਦਾ ਜਜ਼ਬਾ ਆਪ ਦੀ ਛਾਤੀ ਵਿਚ ਸਦਾ ਠਾਠਾਂ ਮਾਰਦਾ ਰਹਿੰਦਾ ਸੀ। ਸੰਸਾਰ ਪਿਆਰ ਦੀ ਲਹਿਰ ਆਪ ਦੇ ਜੀਵਣ ਵਿਚ ਸਦਾ ਤਰੰਗਾਂ ਦਿੰਦੀ ਰਹੀ। ਆਪ ਕਮਾਲ ਦੇ ਵੈਦ, ਗਜ਼ਬ ਦੇ ਲਿਖਾਰੀ, ਸੁਹਣੇ ਕਵੀ, ਸਾਦਗੀ ਦਾ ਨਮੂਨਾ, ਸਚਾਈ ਦੇ ਪੁਤਲੇ, ਕਥਨੀ ਤੇ ਕਰਨੀ ਦੇ ਬਹਾਦਰ, ਪੂਰੇ ਗੁਰਸਿਖ, ਸਚੇ ਦੇਸ਼ ਸੇਵਕ, ਸੁਚੇ ਹਰਿ ਭਗਤ, ਗੁਝੇ ਦਾਨੀ, ਵਿਦਿਆ ਪ੍ਰੇਮੀ ਤੇ ਨਿਰਮਾਣ ਜੀਵਣ ਵਾਲੇ ਹਰਮਨ ਪਿਆਰੇ ਸੱਜਣ ਸਨ॥

## ਮੇਰੀ ਜਾਣ ਪਛਾਣ

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਦੀ ਉਮਰ ਮੇਰੇ ਨਾਲੋਂ ਕੋਈ ਦਸ ਕੁ ਸਾਲ ਵਡੀ ਸੀ। ਉਂਵ ਤਾਂ ਬਚਪਨ ਤੋਂ ਹੀ ਮੈਂ ਆਪ ਦੀਆਂ ਰਚਨਾਂ ਆਦਿ ਪੜ੍ਹਦਾ ਰਿਹਾ ਹਾਂ, ਪਰ ਵਧੀਕ ਵਾਕਫੀ ਦਾ ਮੁੱਢ ੧੯੨੩ ਵਿਚ ਬਝਾ। ਜਦ ਕਿ ਮੇਰਾ ਇਕ ਸਜਣ ਅਚਨਚੇਤ ਹੀ ਮੇਰੇ ਲਈ ਭਾਈ ਸਾਹਿਬ ਜੀ ਪਾਸੋਂ ਦਵਾਈ ਲੈ ਗਿਆ।

ਸਮੇਂ ਦੀਆਂ ਮੁਸ਼ਕਲਾਂ ਦੁਖ ਤੇ ਕਸ਼ਟਾਂ ਦੇ ਕਾਰਣ ਮੇਰੇ ਚਿਹਰੇ ਤੇ ਬਾਹਾਂ ਉਪਰ ਛਾਈਆਂ ਹੋ ਗਈਆਂ। ਪਹਿਲੋਂ ਨਕ ਦੇ ਖਬੇ ਪਾਸੇ ਤੋਂ



Digitized by Panjab Digital Library | www.panjabdigilib.org

ਐਵੇਂ ਮਾਂਹ ਦੇ ਦਾਣੇ ਵਾਂਗ ਇਹ ਬੀਮਾਰੀ ਸ਼ੁਰੂ ਹੋਈ ਤੇ ਲਗਾਤਾਰ ਫੈਲਦੀ ੨ ਸਾਰੇ ਚਿਹਰੇ ਤੇ ਫੈਲ ਗਈ।

ਮਹੀਨਿਆਂ ਬੱਧੀ ਲਗਾਤਾਰ ਮੈਂ ਕਲਕੱਤੇ ਵਿਚ ਅਛੇ ਤੋਂ ਅਛੇ ਡਾਕਟਰਾਂ ਤੋਂ ਇਲਾਜ ਕਰਵਾਇਆ। ਉਨ੍ਹੀਂ ਹੀ ਦਿਨੀ ਅਮ੍ਰੀਕਨ ਟੂਰਿਸਟਾਂ ਦੇ ਬੈਚ ਭੀ ਸੰਸਾਰ ਚੱਕਰ ਲਈ ਫਿਰ ਰਹੇ ਸਨ, ਉਨ੍ਹਾਂ ਵਿਚ ਭੀ ਤਕੜੇ ਵਿਦਵਾਨ ਡਾਕਟਰਾਂ ਤੋਂ ਸਲਾਹ ਲਈ, ਪਰ 'ਮਰਜ਼ ਬੜ੍ਹਤਾ ਗਯਾ ਯੂੰ ਯੂੰ ਦਵਾ ਕੀ' ਦੇ ਅਖਾਣ ਅਨੁਸਾਰ ਸਚਮੁਚ ਹੀ ਮੇਰਾ ਰੋਗ ਦਿਨ ਦਿਨ ਵਧਦਾ ਗਿਆ।

ਮੇਰਾ ਇਕ ਪ੍ਰੇਮੀ ਸ੍ਰ: ਸਾਹਿਬ ਸਿੰਘ 'ਸਨੇਹੀ' ਸੁਭਾਵਕ ਹੀ ਪੰਜਾਬ ਆਇਆ ਤੇ ਘਰੋਗੇ ਕਿਸੇ ਕੰਮ ਲਈ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ। ਬੰਗਾਲ ਵਿਚੋਂ ਤੇ ਖਾਸ ਕਰਕੇ ਕਲਕਤੇ ਵਿਚੋਂ ਔਣ ਕਰਕੇ ਭਾਈ ਸਾਹਿਬ ਨੇ ਉਸ ਸਜਣ ਪਾਸੋਂ ਮੇਰੀ ਬਾਬਤ ਰਾਜ਼ੀ ਖੁਸ਼ੀ ਦੀ ਸਾਧਾਰਨ ਖਬਰ ਪੁਛੀ। ਸ੍ਰ: ਸਾਹਿਬ ਸਿੰਘ ਜੀ ਨੇ ਸੁਭਾਵਕ ਹੀ ਮੇਰੀ ਬੀਮਾਰੀ ਦਾ ਹਾਲ ਵਰਣਨ ਕੀਤਾ ਤੇ ਇਹ ਭੀ ਦਸਿਆ ਕਿ 'ਅੱਛੇ ਤੋਂ ਅੱਛਾ ਇਲਾਜ ਕਵਰਾਉਣ ਤੇ ਭੀ ਬੀਮਾਰੀ ਵਧਦੀ ਹੀ ਜਾਂਦੀ ਹੈ।' ਵੈਦ ਜੀ ਨੇ ਇਹੋ ਹੀ ਨਹੀਂ ਕਿ ਉਸ ਸਜਣ ਹਥ ਮੇਰੇ ਲਈ ਦਵਾਈ ਮੁਫਤ ਭੇਜੀ ਸਗੋਂ ਉਸ ਪਾਸੋਂ ਭੀ ਦਵਾਈ ਦਾ ਮੁਲ ਨਾ ਲਿਆ।

ਸ੍ਰ: ਸਾਹਿਬ ਸਿੰਘ ਨੇ ਮੈਨੂੰ ਦਵਾਈ ਜਾ ਦਿਤੀ ਤੇ ਜਬਾਨੀ ਭੀ ਪ੍ਰੇਮ ਭਰੇ ਵਰਤਾਉ ਦਾ ਹਾਲ ਦਸਿਆ। ਉਸ ਬੱਧੇ ਹੋਏ ਦਵਾਈਆਂ ਦੇ ਬੰਡਲ ਵਿਚ ਤਿੰਨ ਕਿਸਮ ਦੀਆਂ ਦਵਾਈਆਂ ਸਨ। ਇਕ ਖਾਣ ਦੀ, ਇਕ ਵਟਣੇ ਵਾਂਗ ਮਲਕੇ ਨ੍ਹੌਣ ਦੀ, ਤੇ ਇਕ ਰਾਤ ਨੂੰ ਉਪਰ ਲਾਕੇ ਸੌਣ ਦੀ। ਇਸਦੇ ਨਾਲ ਹੀ ਵੈਦਰਾਜ ਜੀ ਵਲੋਂ ਇਕ ਡਾਢੀ ਪ੍ਰੇਮ ਭਰੀ ਪਤ੍ਰਕਾ ਸੀ। ਉਸ ਚਿਠੀ ਦਾ ਮੇਰੇ ਹਿਰਦੇ ਉਪਰ ਅਸਰ ਹੋਣਾ ਜ਼ਰੂਰੀ ਸੀ, ਕਿਉਂਕਿ ਇਕ ਬੇਗਰਜ਼ ਪ੍ਰੇਮੀ ਹਥਾਂ ਦੀ ਲਿਖੀ ਹੋਈ ਸੀ।

ਮੈਂ ਉਨ੍ਹਾਂ ਤਿਹਾਂ ਹੀ ਦਵਾਈਆਂ ਵਿਚੋਂ ਖਾਣ ਵਾਲੀਆਂ ਗੋਲੀਆਂ



Digitized by Panjab Digital Library | www.panjabdigilib.org

ਨੂੰ ਤਾਂ ਬਿਲਾ ਨਾਗਾ ਵਰਤਿਆ ਪਰ ਸਮੇਂ ਦੀ ਨਾ ਇਕ ਸਾਰਤਾ ਦੇ ਕਾਰਣ ਲਗਾਤਾਰ ਨਾ ਤੇ ਵਟਣਾ ਮਲ ਸਕਿਆ ਤੇ ਨਾ ਹੀ ਰਾਤ ਨੂੰ ਸੌਣ ਲਗਿਆਂ ਰੋਜ਼ਾਨਾ ਲਾ ਸਕਿਆ। ਪ੍ਰੇਮੀ ਪਾਠਕ ਜੀ ਮੈਨੂੰ ਇਹ ਦਸਦਿਆਂ ਰਤੀ ਭਰ ਝਿਜਕ ਨਹੀਂ ਕਿ ਉਸ ਖਾਣ ਵਾਲੀ ਦਵਾਈ ਨੇ ਹੀ ਜਾਦੂ ਜੇਹਾ ਅਸਰ ਕੀਤਾ। ਹਫਤਿਆਂ ਵਿਚ ਹੀ ਮੇਰੇ ਚਿਹਰੇ ਦਾ ਰੰਗ ਨਿਖਰਨਾ ਸ਼ੁਰੂ ਹੋ ਗਿਆ ਤੇ ਦੋ ਅਢਾਈ ਮਹੀਨੇ ਵਿਚ ਚਿਹਰਾ ਬਿਲਕੁਲ ਸਾਫ ਹੋ ਗਿਆ।

ਮੇਰੀ ਵਲੋਂ ਦਵਾਈ ਦੀ ਪਹੁੰਚ ਬਦਲੇ ਧੰਨਵਾਦ ਦੀ ਚਿਠੀ ਲਿਖਣੀ ਤਾਂ ਜ਼ਰੂਰੀ ਸੀ। ਇਸਦੇ ਪਿਛੋਂ ਸਾਡਾ ਚਿਠੀ ਪੱਤ੍ਰ ਦਾ ਸਿਲਸਿਲਾ ਅਰੰਭ ਹੋਗਿਆ। ਆਪਣੇ ਦਯਾਲੂ ਸੁਭਾਵ ਅਨੁਸਾਰ ਵੈਦ ਜੀ ਮੈਨੂੰ ਦਵਾਈ ਮੁਕਣ ਤੇ ਹੋਰ ਦਵਾਈ ਮੁਫਤ ਹੀ ਭੇਜਦੇ ਰਹੇ। ਇਉਂ ਵਡੇ ੨ ਡਾਕਟਰਾਂ ਵਲੋਂ ਅਸੰਭਵ ਕਹੀ ਗਈ ਬੀਮਾਰੀ ਨੂੰ ਆਪ ਨੇ ਆਪਣੇ ਮਾਮੂਲੀ ਮਸੀਹਾਈ ਇਲਾਜ ਨਾਲ ਰਾਜ਼ੀ ਕਰ ਦਿਤਾ।

ਸਮਾਂ ਲੰਘਦਾ ਗਿਆ ਕਵੀ ਕੁਟੀਆ ਕਲਕਤਾ ਦਾ ਮੁਢ ਬੱਝਾ, ਹੋਰ ਪ੍ਰੇਮੀ ਸਜਣਾਂ ਨਾਲ ਪਹਿਲਾਂ ਮੈਂ ਗੁਰਪੁਰਬਾਂ ਉਪਰ ਮੁਫਤ ਵੰਡਣ ਲਈ ਟ੍ਰੈਕਟਾਂ ਦਾ ਸਿਲਸਿਲਾ ਅਰੰਭ ਕੀਤਾ ਅਤੇ ਫੇਰ ੧੯੨੭ ਦੇ ਸ਼ੁਰੂ ਵਿਚ ਰਸਾਲਾ 'ਕਵੀ' ਜਾਰੀ ਕੀਤਾ। ਹੁਣ ਚਿਠੀ ਚਪੱਠੀ ਰਾਹੀਂ ਸਾਡਾ ਪ੍ਰੇਮ ਸੰਬੰਧ ਗੂੜਾ ਹੋਣ ਲਗਾ।

੧੯੨੮ ਵਿਚ ਸਰਦਾਰ ਸੌਦਾਗਰ ਸਿੰਘ ਜੀ ਭਿਖਾਰੀ ਨੂੰ ਦਮੇ ਦੀ ਜ਼ੋਰਦਾਰ ਸ਼ਿਕਾਇਤ ਹੋ ਗਈ ਮੈਂ ਉਨ੍ਹਾਂ ਦੀ ਹਵਾ ਬਦਲੀ ਲਈ ਸ਼ਿਮਲੇ ਲੈਕੇ ਆਇਆ ਕੁਛ ਚਿਰ ਸ਼ਿਮਲੇ ਰਹਿਕੇ ਬੰਗਾਲ ਨੂੰ ਮੁੜਨ ਤੋਂ ਪਹਿਲਾਂ ਅਸੀਂ ਦੋਵੇਂ ਹੀ ਵੈਦ ਜੀ ਦੇ ਦਰਸ਼ਨਾਂ ਲਈ ਤਰਨ ਤਾਰਨ ਆਏ ਅਤੇ ੧੧ ਜੂਨ ੧੯੨੮ ਨੂੰ ਵੈਦ ਜੀ ਨੂੰ ਮਿਲੇ। ਆਪ ਆਪਣੇ ਸੁਭਾਵ ਅਨੁਸਾਰ ਬੜੇ ਪ੍ਰੇਮ ਨਾਲ ਮਿਲੇ, ਬਚਨ ਬਿਲਾਸ ਹੋਏ, ਪ੍ਰਸ਼ਾਦ ਛਕਿਆ ਤੇ ਦਵਾਈਆਂ ਲਈਆਂ। ਦਵਾਈਆਂ ਦੀ ਕੀਮਤ ਪੇਸ਼ ਕਰਨਾ ਤਾਂ ਬੇਫਾਇਦਾ ਹੀ ਸੀ, ਹਜ਼ਾਰ ਕੋਸ਼ਸ਼ਾਂ ਤੇ ਮਿੰਨਤਾਂ



Digitized by Panjab Digital Library | www.panjabdigilib.org

ਕਰਨ ਤੇ ਭੀ ਆਪ ਨੇ ਕੀਮਤ ਨਾ ਲਈ। ਏਥੋਂ ਸਾਡੇ ਪ੍ਰੇਮ ਤੇ ਮਿਲਨ ਦੀ ਪੀਚਵੀਂ ਗੰਢ ਪੈ ਗਈ। ਮੇਰੇ ਹਿਰਦੇ ਉਤੇ ਆਪ ਦੇ ਮਿਲਨ ਦਾ ਬੜਾ ਡੂੰਘਾ ਅਸਰ ਪਿਆ। ਇਸਤੋਂ ਪਿਛੋਂ ਮੈਨੂੰ ਹੀ ਨਹੀਂ ਸਗੋਂ ਮੇਰੇ ਵਾਕਫਕਾਰਾਂ ਤੇ ਮਿਤ੍ਰਾਂ ਨੂੰ ਭੀ ਆਪ ਸਦਾ ਹੀ ਮੁਫਤ ਦਵਾਈਆਂ ਭੇਜਦੇ ਰਹੇ।

ਜਨਵਰੀ ੧੯੨੯ ਵਿਚ ਕਵੀ ਦਾ ਖਾਸ ਅੰਕ ੩੦੦ ਸਫੇ ਤੇ ਦਰਜਨਾਂ ਤਸਵੀਰਾਂ ਨਾਲ ਪ੍ਰਕਾਸ਼ਤ ਹੋਇਆ। ਉਸ ਦੇ ਅੰਤ ਵਿਚ ਕਵੀ ਕੁਟੀਆ ਦੇ ਆਮਦਨ ਖਰਚ ਦਾ ਚਿੱਠਾ ਭੀ ਦਰਜ ਸੀ। ਸੇਵਕਾਂ ਦੀ ਹਰ ਤਰਾਂ ਦੀ ਮਾਯਕ ਸੇਵਾ ਕਰਨ ਤੇ ਭੀ ਘਾਟਾ ਪਿਆ ਵੇਖ ਆਪ ਦਾ ਕੋਮਲ ਹਿਰਦਾ ਪਿਘਲ ਪਿਆ ਤੇ ਆਪ ਨੇ ਭਿਖਾਰੀ ਜੀ ਨੂੰ ਦਵਾਈਆਂ ਦੇ ਇਕ ਪਾਰਸਲ ਵਿਚ ਗੁਪਤ ਤੌਰ ਤੇ ੫੧) ਰੁਪਏ ਕਵੀ ਲਈ ਸਹਾਇਤਾ ਭੇਜੀ। ਸਚਮੁਚ ਹੀ ਸਾਹਿਤ ਪ੍ਰੇਮ ਆਪਦੇ ਹਿਰਦੇ ਵਿਚ ਅਕਥਨੀਯ ਸੀ। ਇਸੇ ਹੀ ਤਰਾਂ ਸਮੇਂ ਸਮੇਂ ਸਿਰ ਆਪ ਸਦਾ ਕ੍ਰਿਪਾਲਤਾ ਕਰਦੇ ਰਹੇ ਤੇ ਸਮਾਂ ਲੰਘਦਾ ਗਿਆ।

੧੯੩੦ ਵਿਚ ਮੇਰੀ ਭਰਜਾਈ ਸਖਤ ਬੀਮਾਰ ਹੋ ਗਈ। ਇਲਾਜ ਵਲੋਂ ਕੋਈ ਕਸਰ ਨਾ ਛਡੀ। ਸੈਂਕੜੇ ਹੀ ਨਹੀਂ ਹਜ਼ਾਰਾਂ ਰੁਪਏ ਸੁਆਹਾ ਕਰ ਦਿਤੇ ਪਰ ਬੀਮਾਰੀ ਨੂੰ ਮੋੜ ਨਾ ਪਿਆ। ਇਕ ਬੀਮਾਰੀ ਹਟਦੀ ਤੇ ਦੂਜੀ ਹੋ ਆਉਂਦੀ ਆਖੀਰ ਨੂੰ ਚੜ੍ਹਦੇ ੧੯੩੧ ਵਿਚ ਡਾਕਟਰ ਨਿਰਾਸ ਹੋ ਗਏ। ਉਨ੍ਹਾਂ ਬੀਬੀ ਜੀ ਨੂੰ ਤਪਦਿੱਕ ਅੰਤਲੇ ਦਰਜੇ ਦਾ ਦਸਿਆ। ਹੋਰ ਡਾਕਟਰਾਂ ਤੋਂ ਬਿਨਾਂ ਮੇਰੇ ਦੋ ਦੋਸਤ ਡਾਕਟਰ ਖਾਸ ਤੌਰ ਨਾਲ ਇਲਾਜ ਕਰ ਰਹੇ ਸਨ, ਉਨ੍ਹਾਂ ਨੇ ਭੀ ਸਾਫ ਕਹਿ ਦਿਤਾ ਕਿ 'ਹੁਣ ਇਸਦਾ ਇਲਾਜ ਕਰਨਾ ਫਜ਼ੂਲ ਹੈ। ਇਹ ਬਚ ਨਹੀਂ ਸਕਦੀ ਦਸ ਦਿਨ ਅਗੋਂ ਜਾਂ ਦਸ ਦਿਨ ਪਿਛੋਂ ਚਾਲੇ ਪਾ ਰਹੀ ਹੈ।' ਏਥੇ ਹੀ ਬਸ ਨਹੀਂ ਉਨ੍ਹਾਂ ਦਾਵੇ ਨਾਲ ਮੈਨੂੰ ਆਖਿਆ ਕਿ 'ਬੀਬੀ ਜੀ ਤੀਹ ਦਿਨ ਤੋਂ ਵਧ ਕਿਸੇ ਤਰ੍ਹਾਂ ਭੀ ਨਹੀਂ ਕਢ ਸਕਦੇ' ਸਚਮੁਚ ਹੀ ਉਸਦੀ ਹਾਲਤ ਭੀ ਅਜੇਹੀ ਹੀ ਹੋ ਰਹੀ ਸੀ। ਏਥੋਂ ਤਕ ਕਮਜ਼ੋਰ ਹੋ



Digitized by Panjab Digital Library | www.panjabdigilib.org

ਗਈ ਸੀ ਕਿ ਪਾਸਾ ਭੀ ਆਪਣੇ ਆਪ ਨਾ ਸੀ ਲੈ ਸਕਦੀ। ਸਰੀਰ ਸੁਕਕੇ ਤੀਲਾ ਹੋ ਰਿਹਾ ਤੇ ਹਡੀਆਂ ਦਾ ਪਿੰਜਰ ਸੀ। ਬੁਖਾਰ ਹਲਕਾ ੨ ਸਦਾ ਹੀ ਚੜ੍ਹਿਆ ਰਹਿੰਦਾ ਸੀ। ਜਾਨ ਦਾ ਪਤਾ ਹੀ ਨਾ ਸੀ ਲਗਦਾ ਕਿ ਵਿਚ ਹੈ ਭੀ ਕਿ ਨਹੀਂ।

ਮੇਰੇ ਦਿਲ ਵਿਚ ਉੱਕਤਿ ਆਈ ਮੈਂ ਸਾਰਾ ਬੀਮਾਰੀ ਦਾ ਹਾਲ ਵੈਦ ਜੀ ਨੂੰ ਲਿਖ ਭੇਜਿਆ ਤੇ ਸਲਾਹ ਪੁਛੀ ਕਿ

'ਹੁਣ ਭੀ ਕੁਛ ਹੋ ਸਕਦਾ ਹੈ ?'

ਵੈਦ ਜੀ ਨਿਰਾਸ ਹੋਣਾ ਤਾਂ ਜਾਣਦੇ ਹੀ ਨਾ ਸਨ ਆਪ ਨੇ ਹੌਸਲੇ ਭਰੀ ਚਿਠੀ ਦੇ ਨਾਲ ਹੀ ਸ਼ਾਇਦ ਹਫਤੇ, ਕਿ ਪੰਦਰਾਂ ਦਿਨਾਂ ਦੀ ਦਵਾਈ ਭੇਜ ਦਿਤੀ। ਅਸੀਂ ਯਥਾਬਿਧਿ ਖਿਆਲ ਨਾਲ ਦਵਾਈ ਖੁਲੌਣ ਲਗ ਪਏ, ਬੀਮਾਰੀ ਰੁਕ ਗਈ। ਮੋੜ ਪੈਂਦਾ ਪ੍ਰਤੀਤ ਹੋਇਆ ਜ਼ਰਾ ਧੀਰਜ ਬੱਝੀ। ਮੁੜ ਚਿਠੀ ਲਿਖੀ ਹੋਰ ਦਵਾਈ ਆ ਗਈ। ਹੋਰ ਆਰਾਮ ਆਇਆ। ਬੀਮਾਰ ਪਾਸਾ ਪਲਟਣ ਲਗ ਪਈ। ਕਾਫੀ ਆਰਾਮ ਜਾਪਣ ਲੱਗਾ। ਹੁਣ ਮੈਂ ਸੋਚਿਆ ਕਿ ਕਿਉਂ ਨਾ ਬੀਮਾਰ ਨੂੰ ਨਾਲ ਲੈ ਜਾਕੇ ਸ੍ਰੀ ਤਰਨ ਤਾਰਨ ਵੈਦ ਰਾਜ ਜੀ ਪਾਸ ਰਹਿਕੇ ਇਲਾਜ ਕਰਵਾਇਆ ਜਾਵੇ। ਸਲਾਹ ਪਕੀ ਹੋ ਗਈ। ਵੈਦ ਜੀ ਨੂੰ ਇਸ ਬਾਰੇ ਸਲਾਹ ਪੁਛੀ ਉਨ੍ਹਾਂ "ਬੜੀ ਖੁਸ਼ੀ ਨਾਲ, ਜਲਦੀ ਚਲੇ ਆਓ" ਦਾ ਜਵਾਬ ਭੇਜਿਆ।

ਐਡੀ ਦੂਰ ਦਰਾਜ਼ ਥਾਂ ਤੋਂ ਬੀਮਾਰ ਨੂੰ ਨਾਲ ਲੈਕੇ ਔਣਾ ਭੀ ਸੁਖਾਲਾ ਨਹੀਂ ਹੁੰਦਾ ਤੇ ਫੇਰ ਮੇਰੇ ਜੇਹੇ ਬੰਦੇ ਲਈ......ਖੈਰ! ਬੀਮਾਰ ਦੇ ਨਾਲ ਸੇਵਾ ਵਾਸਤੇ ਜਾਣ ਲਈ ਭੀ ਇੰਤਜ਼ਾਮ ਹੋ ਗਿਆ। ਮੈਨੂੰ ਤੁਰਦੇ ੨ ਨੂੰ ਜ਼ਰਾ ਦੇਰ ਲਗ ਗਈ। ਏਧਰੋਂ ਭਾਈ ਸਾਹਿਬ ਜੀ ਵੈਦ ਦੀ ਹੈਸੀਅਤ ਵਿਚ ਨਹੀਂ, ਸਗੋਂ ਕ੍ਰਿਪਾਲੂ ਪ੍ਰੇਮੀ ਤੇ ਗੁਰਮੁਖ ਗੁਰਸਿਖ ਦੀ ਤਰਾਂ ਸਮੇਂ ਸਿਰ ਉਤਰ ਨਾ ਔਂਦਾ ਵੇਖਕੇ ਜਵਾਬੀ ਖਤ ਹੀ ਭੇਜ ਦਿੰਦੇ। ਭਾਈ ਸਾਹਿਬ ਜੀ ਦੀਆਂ ਉਹ ਪ੍ਰੇਮ ਪਤ੍ਰਕਾਂ ਮੇਰੇ ਪਾਸ ਨਹੀਂ ਹਨ ਨਹੀਂ ਤਾਂ ਮੈਂ ਏਥੇ ਦਰਜ ਕਰਕੇ ਪਾਠਕਾਂ ਨੂੰ ਵਿਖਾਲਦਾ ਕਿ ਵੈਦਰਾਜ ਜੀ ਕਿਸ



Digitized by Panjab Digital Library | www.panjabdigilib.org

ਅਨੋਖੀ ਪਿਆਰ ਭਰੀ ਤਬੀਅਤ ਦੇ ਦੇਵਤਾ ਸਨ! ਖੈਰ! ਏਥੇ ਮੈਂ ਆਪਣੀਆਂ ਲਿਖੀਆਂ ਹੋਈਆਂ ਕੁਛਕੁ ਪਤ੍ਰਕਾਂ ਜੋ ਮਿਲ ਸਕੀਆਂ ਹਨ ਦਰਜ ਕਰਦਾ ਹਾਂ ਜਿਨ੍ਹਾਂ ਤੋਂ ਪਾਠਕ ਜਨ ਮੇਰੇ ਦਿਲੀ ਭਾਵਾਂ ਨੂੰ ਅੱਛੀ ਤਰ੍ਹਾਂ ਸਮਝ ਸਕਣਗੇ। ਆਪ ਦਾ ਇਕ ਜਵਾਬੀ ਕਾਰਡ ਪੁੱਜਾ ਜਿਸਦੇ ਉਤ੍ਰ ਵਿਚ ਮੈਂ ੫ ਮਾਰਚ ੧੯੩੧ ਨੂੰ ਕਾਰਡ ਲਿਖਿਆ। ਕਾਰਡ ਤਾਂ ਲਿਖਕੇ ਪਾ ਦਿਤਾ ਪਰ ਮਨ ਅਜੇ ਰਜਿਆ ਨਾ। ਹਿਰਦੇ ਸਾਗਰ ਵਿਚ ਪ੍ਰੇਮ ਤਰੰਗ ਉਠ ਉਠਕੇ ਉਚੀਆਂ ਲਹਿਰਾਂ ਬਣ ਗਏ, ਤੇ ਉਸੇ ਹੀ ਦਿਨ ਕੁਛ ਚਿਰ ਮਗਰੋਂ ਮੈਂ ਹੇਠ ਲਿਖੀ ਚਿਠੀ ਆਪ ਜੀ ਵਲ ਲਿਖੀ:—

"ਪਿਆਰੇ ਜੀਓ !

ਤੁਹਾਡੇ ਪੋਸਟਕਾਰਡ ਦਾ ਉਤਰ ਵੀ ਲਿਖ ਚੁੱਕਾ ਹਾਂ, ਪਰ ਮਨ ਲਾਲਚੀ ਦੇ ਲਿਖਣ ਦੀ ਲਾਲਸਾ ਪੂਰੀ ਨਹੀਂ ਹੋਈ, ਖੁਲ੍ਹ ਕੇ ਰੋ ਨਹੀਂ ਹੋਇਆ। ਪ੍ਰੇਮ ਅੱਖਾਂ ਅਜੇ ਭਰੀਆਂ ਹੀ ਰਹੀਆਂ ਹਨ, ਮਨ-ਡਬੇ ਵਿਚ ਭਰੀ ਹੋਈ ਪ੍ਰੇਮ ਅਗਨੀ ਨਾ ਨਿਕਲਨ ਕਰਕੇ ਵਿਚੇ ਵਿਚ ਧੁਖ ਰਹੀ ਤੇ ਦੁਖ ਦੇ ਰਹੀ ਹੈ, ਇਸ ਲਈ ਨਾਲ ਹੀ ਇਸ ਚਿੱਠੀ ਉੱਪਰ ਝਰੀਟਾਂ ਫੇਰ ਰਿਹਾ ਹਾਂ !

ਮੇਰੇ ਮਨਮੋਹਨ ਵੈਦ ਰਾਜ ਵੀਰ ਜੀਓ ! ਸੰਸਾਰ ਸਾਗਰ ਵਿਚ ਨ੍ਹਾ ਨ੍ਹਾ, ਡੁਬਕੀਆਂ ਲੈ ਲੈ, ਡੁਬ ਡੁਬ ਤੇ ਤਰ ਤਰ ਕੇ ਜੋ ਆਨੰਦ ਆਉਂਦਾ ਹੈ ਉਸ ਨੂੰ ਜਾਣਦੇ ਤਾਂ ਸਾਰੇ ਹੀ ਹਨ ਪਰ ਮਾਣਦੇ ਬਹੁਤ ਥੋੜੇ ਹਨ ! ਸੁਖਾਂ ਵਿਚ ਸੁਖ ਤਾਂ ਸਭ ਮਾਂਣਦੇ ਹਨ ਪਰ ਦੁਖ ਵਿਚ ਸੁਖ ਮਾਣਨਾ ਕੋਈ ਕੋਈ ਹੀ ਜਾਣਦਾ ਹੈ। ਮਾਣਨ ਦਾ ਮਤਲਬ ਲਫਜ਼ੀ ਨਹੀਂ, ਜ਼ਬਾਨੀ ਨਹੀਂ ਸਗੋਂ ਅਸਲੀ ਸਮਝਣਾ। ਮੇਰਾ ਮਤਲਬ ਅਨਭਵ ਤੋਂ ਹੈ।

ਸੱਜਣ ਜੀ ! ਜੀਵਣ ਵਿਚ ਜ਼ਰੂਰ ਅਨੰਦ ਹੈ ਪਰ ਮੌਤ ਵਿਚ ਅਨੰਦ ਮਾਣਨ ਵਾਲੇ ਜਾਣਦੇ ਹਨ ਕਿ ਮੌਤ ਵਿੱਚ ਬਹੁਤ ਹੀ ਅਨੰਦ ਹੈ ! ਚੰਦਰਮਾ ਵੱਲ ਦੇਖ ਵਾਹ ਵਾ ਕਹਿਣ ਵਾਲੇ ਅਨੇਕ ਹਨ ਪਰ ਸੂਰਜ ਵਿਚ ਸੁਹਣੱਪ ਮਾਣਨ ਵਾਲੇ ਵਿਰਲੇ ਹੀ ਹਨ। ਕੋਇਲ ਦੀ ਰਸੀਲੀ ਕੂਕ ਨਾਲ ਮਨ ਫੰਸਾਉਣ ਵਾਲੇ ਬੇ ਗਿਣਤ ਹਨ ਪਰ ਸ਼ੇਰ ਦੀ ਮਨ ਮੋਹਨੀ ਦਹਾੜ ਦਾ ਰਸੀਲਾ ਪਨ ਕੋਈ ਕੋਈ ਹੀ ਸਮਝਦਾ ਹੈ। ਸਾਰੰਗੀ ਦੀ ਆਵਾਜ਼ ਉੱਪਰ ਤਾਂ ਹਰ ਕੋਈ ਪਿਆ ਮਸਤ ਹੁੰਦਾ ਹੈ ਪਰ ਬਿਜਲੀ ਦੀ ਕੜਕ ਕਿਸੇ ਕਿਸੇ



Digitized by Panjab Digital Library | www.panjabdigilib.org

ਦਾ ਹੀ ਮਨ ਮੋਹੰਦੀ ਹੈ । ਹਾਂ ਪਿਆਰੇ ਜੀਓ ! ਮੈਂ ਵੀ ਉਨ੍ਹਾਂ ਕੰਬਖਤਾਂ, ਉਨ੍ਹਾਂ ਬਦਬਖਤਾਂ ਅਭਾਗਿਆਂ ਵਿਚੋਂ, ਉਨ੍ਹਾਂ ਪਾਗਲਾਂ ਵਿਚੋਂ ਹਾਂ ਜਿਹੜੇ ਆਪਣੇ ਝੁੱਗੇ ਨੂੰ ਫੂਕਕੇ ਤਮਾਸ਼ਾ ਦੇਖਦੇ ਹਨ । ਆਪਣੇ ਘਰ ਨੂੰ ਅੱਗ ਲਾ ਕੇ ਬਸੰਤਰ ਪਏ ਆਖਦੇ ਹਨ । ਹੈਰਾਨੀ ਹੈ ਲੋਕਾਂ ਨੂੰ ਨੇਕ ਨਾਮੀ ਵਿਚ ਅਨੰਦ ਹੈ ਪਰ ਮੈਨੂੰ ਬਦਨਾਮੀ ਵਿਚ ਸੁਆਦ ਹੈ ! ਦੁਨੀਆਂ ਸੁਖ ਨੂੰ ਭਾਲਦੀ ਹੈ, ਅਸੀਂ ਦੁਖਾਂ ਦੇ ਆਸ਼ਕ ਹਾਂ, ਲੋਕੀ ਸੁਖਾਂ ਦੇ ਖੀਵੇ ਹਨ ਅਸੀਂ ਮੁਸੀਬਤਾਂ ਦੇ ਤਾਰੂ ਹਾਂ !

ਵੈਦ ਜੀਓ ! ਅਨੰਦ ਹੈ,ਹਰਤਰ੍ਹਾਂ ਅਨੰਦ ਹੈ ਪਰ ਸਾਡਾ ਅਨੰਦ,ਤੁਹਾਡਾ ਅਨੰਦ ਤੇ ਲੋਕਾਂ ਦਾ ਅਨੰਦ ਭੇਦ ਭਰਿਆ ਹੈ । ਦੁਨੀਆਂ ਦਾ ਅਨੰਦ ਝੂਠਾ, ਨਾ ਚਿਰਸਥਾਈ,ਆਰੰਭਕ ਅਨੰਦ ਹੈ ਪਰ ਸਾਡਾ ਤੁਹਾਡਾ ਸੱਚਾ ਅਨੰਦ ਹੈ, ਚਿਰਸਥਾਈ ਅਤੇ ਅੰਤਕ ਅਨੰਦ ਹੈ, ਪੱਕਾ ਅਨੰਦ ਹੈ, ਪਰ ਇਹ ਅਨੰਦ ਹੈ ਮੌਤ ਵਿਚ । ਜੀਵਨ ਵਿਚ ਨਹੀਂ, ਸੁਖ ਵਿਚ ਨਹੀਂ । ਇਹ ਦੁਖ ਵਿਚੋਂ ਉਪਜਿਆ ਅਨੰਦ ਹੈ । ਇਹ ਅਦੁਤੀ ਪ੍ਰੇਮ ਹੈ। ਇਸੇ ਪ੍ਰੇਮ ਵਿਚ ਗਦ ਗਦ ਹੋ ਕੇ ਮੈਂ ਇਕ ਵਾਰ ਚਾਰ ਤੁਕਾਂ ਕਹੀਆਂ ਸਨ ਜੋ ਅਜੇ ਵੀ ਯਾਦ ਹਨ:—

ਪ੍ਰੇਮ ਦੀ ਤਾਰ ਅਜੀਬ ਹੈ ਯਾਰ ਵਿਚਾਰ ਡਿਠਾ ਇਹ ਵਿਚਾਰ ਥੀਂ ਬਾਲਾ* !
ਇਕ ਦੋ ਚਾਰ ਕੀ ਦੇਖੇ ਹਜ਼ਾਰ ਸੁਣੇ ਬੇ ਸ਼ੁਮਾਰ ਜ਼ੋਰਾਰ ਬਸਾਲਾ† !
ਪ੍ਰੇਮ ਦੀ ਮਾਰ ਥੀਂ ਹੋਇ ਲਾਚਾਰ ਬਿਸਾਰ ਬੈਠੇ ਸੁਧ ਬੁਧ ਖਿਆਲਾ !
ਜਾਉਂ ਸੌ ਵਾਰ ਬਲਿਹਾਰ ਓ ਪਜਾਰਿਆ! ਦੇਹੁ ਕੇਰਾਂ'ਦੁਖੀ'ਪ੍ਰੇਮ ਦਾ ਪਜਾਲਾ !

ਆਹੋ ਜੀ ! ਮੈਂ ਜਾਣਦਾ ਹਾਂ ਪ੍ਰੇਮ ਰਾਹ ਮਹਾਨ ਕਠਨ ਹੈ, ਔਕੜਾਂ ਭਰਿਆ ਹੈ, ਪਰ ਪ੍ਰੇਮੀਆਂ ਨੂੰ ਮਜ਼ਾ ਹੀ ਕਠਨਾਈਆਂ ਵਿਚ ਆਉਂਦਾ ਹੈ । ਔਕੜਾਂ ਹੀ ਤਾਂ ਉਨ੍ਹਾਂ ਦੇ ਪ੍ਰੇਮ ਰੰਗ ਨੂੰ ਚਮਕਾਉਂਦੀਆਂ ਹਨ । ਸੱਚ ਹੈ:—

ਮੁਸੀਬਤ ਇਕ ਕਸੌਟੀ ਹੈ, ਤਲਾਈ ਜਾਂ ਨਸਾਰੀ ਕੀ
ਖੁਸ਼ਾ ਕਿਸਮਤ ਖਰੇ ਹੋ ਕਰ ਜੋ ਇਸ ਪੱਥਰ ਪੇ ਜਾਤੇ ਹੈ !

ਮੈਂ 'ਦੁਖੀ' ਹਾਂ ਤੇ ਬਾਕੀਆਂ ਸਾਥੀਆਂ ਸਜਨਾਂ ਮਿਤ੍ਰਾਂ ਨੂੰ 'ਦੁਖੀ' ਕਰਨਾ ਮੇਰੇ ਲਈ ਜ਼ਰੂਰੀ ਹੈ।ਇਸ ਵਿਚ ਮੇਰਾ ਕੋਈ ਕਸੂਰ ਨਹੀਂ ਸਗੋਂ ਫਰਜ਼ ਹੈ ।

ਪਜਾਰੇ ਜੀਓ! ਭਾਵੇਂ ਮੈਂ ਆਪ ਨਾਲ ਵਧੀਕ ਗਲਬਾਤ ਨਹੀਂ ਕੀਤੀ, ਪਰ ਆਪ ਦੇ ਪ੍ਰੇਮ ਵਤੀਰੇ ਤੇ ਪ੍ਰੇਮ ਪੱਤ੍ਰਕਾਵਾਂ ਨੇ ਐਨਾ ਕੋਲ, ਐਨਾ ਨਜ਼-

*ਉੱਚਾ । †ਭਾਰੇ ਜੋਧੇ ।



Digitized by Panjab Digital Library | www.panjabdigilib.org

ਦੀਕ, ਐਨਾ ਖੁਲ੍ਹਾ ਤੇ ਐਨਾ ਵਾਕਫ ਕਰ ਦਿਤਾ ਹੈ ਕਿ 'ਦੁਖੀ' ਢੀਠ ਹੋ ਕੇ ਪ੍ਰੇਮ ਮਸਤਾਨਾ ਹੋ ਕੇ, ਅਨੰਦ ਮਗਨ ਹੋ ਕੇ ਖੁਲ੍ਹੀਆਂ ਡੁਲ੍ਹੀਆਂ ਤੇ ਠੁਲੀਆਂ ਠੁਲੀਆਂ ਗੱਲਾਂ ਕਰ ਰਿਹਾ ਹੈ।

ਪ੍ਰੀਤਮ ਜੀਓ! ਦਿਲ ਨਾ ਸੀ ਕਰਦਾ ਕਿ ਆਪ ਨੂੰ ਤਕਲੀਫ ਦਿਆਂ, ਮਨ ਨਾ ਸੀ ਕਰਦਾ ਕਿ ਆਪਦੇ ਉੱਪਰ ਭਾਰੂ ਹੋਵਾਂ, ਪਰ ਕਰਾਂ ਤਾਂ ਕੀ ਕਰਾਂ ਮਿੱਤ੍ਰਤਾ ਦੀ ਗੰਢ ਜ਼ਰਾ ਪੀਚ ਹੋ ਗਈ ਹੈ। ਸੱਜਣਤਾ ਨੇ ਵਧੇਰੇ ਰੰਗ ਜਮਾ ਲਿਆ ਹੈ।.........ਮੇਰਾ ਆਪਣਾ ਇਰਾਦਾ ਵੀ ਮਹੀਨਾ ਕੁ ਭਰ ਆਪ ਪਾਸ ਰਹਿਣ ਦਾ ਹੈ.........

ਵੈਦ ਜੀਓ! ਇਕ ਗੱਲ, ਜੋ ਬਹੁਤ ਜ਼ਰੂਰੀ ਹੀ ਸਮਝੋ ਉਹ ਵੀ ਲਿਖ ਦਿੰਦਾ ਹਾਂ। ਉਹ ਇਹ ਹੈ ਕਿ ਕ੍ਰਿਪਾ ਕਰਕੇ ਆਮ ਆਦਮੀਆਂ ਪਾਸ ਮੇਰੇ ਆਉਣ ਦਾ ਹਾਲ ਨਾ ਦੱਸਣਾ। ਮੈਂ ਮਾਨ ਪਤ੍ਰਾਂ ਤੇ ਆਓ-ਭਗਤ ਪੱਤ੍ਰਾਂ ਤੋਂ ਥੱਕਿਆ ਹੋਇਆ ਹਾਂ। ਦਿਲ ਇਕਾਂਤ ਦਾ ਅਤੀ ਚਾਹਵਾਨ ਹੈ! ਸੰਸਾਰ ਦੀ ਵਾਕਫੀਅਤ ਤੋਂ ਤੰਗ ਹੋ ਚੁਕਾ ਹਾਂ, ਹੁਣ ਨਾਵਾਕਫੀ ਵਿਚ ਹੀ ਰਹਿਣ ਨੂੰ ਦਿਲ ਕਰਦਾ ਹੈ। ਕੁਛ ਸਹਾਇਤਾ ਕਰੋਗੇ ਨਾ?

ਬਸ ਹੋਰ ਕੀ ਲਿਖਾਂ। ਤਬੀਅਤ ਥੋੜੀ ਜੇਹੀ ਖਿੜੀ ਸੀ, ਦਸ ਸਤਰਾਂ ਲਿਖ ਦਿਤੀਆਂ ਹਨ, ਹੁਣ ਮਾਯਕ ਮਾਤਾ ਦੇ ਸਖਣੇ ਪਨ ਦਾ ਭਾਰ ਫੇਰ ਖਿਆਲ ਦੀ ਧੌਣ ਭੰਨ ਰਿਹਾ ਹੈ। ਬਸ!

ਉੱਤਰ ਜ਼ਰੂਰ ਦੇਣਾ। ਮੈਂ ਹਰ ਹਾਲਤ ਵਿਚ ਜਲਦੀ ਹੀ ਆਪ ਪਾਸ ਪੁੱਜਣਾ ਚਾਹੁੰਦਾ ਹਾਂ! ਮੇਰਾ ਆਉਣਾ ਠੀਕ ਹੈ ਕਿ ਨਹੀਂ? ਤੁਸੀਂ ਵੀ ਆਪਣੇ ਕੰਮ ਕੁਛ ਘਟਾ ਰਖਣੇ।

............ਦੀ ਬੀਮਾਰੀ ਦੇ ਨਾਲ ਨਾਲ ਮੇਰੀ ਭੀ ਸਰੀਰਕ ਮਾਨਸਕ ਬੀਮਾਰੀ ਕੱਟੀ ਜਾਵੇਗੀ!"

"ਦੁਖੀਆਂ ਦੇ ਦਰਦੀ ਤੇ ਦੁਖੀਆਂ ਦੇ ਚਾਹਵਾਨ ਵੈਦ ਰਾਜ ਜੀਓ
ਮੈਂ ਹਾਂ ਆਪਦਾ ਦੁਖ ਵਧਾਉਣ ਵਾਲਾ 'ਦੁਖੀ' ੫. ੩. ੩੧"

---

੧੭ ਮਾਰਚ ੧੯੩੧ ਨੂੰ ਅੰਮ੍ਰਿਤ ਵੇਲੇ ਮੈਂ ਤਰਨ ਤਾਰਨ ਬੀਮਾਰ ਨੂੰ ਲੈਕੇ ਆ ਪੁੱਜਾ। ਮਕਾਨ ਦਾ ਇੰਤਜ਼ਾਮ ਹੋ ਹੀ ਚੁਕਾ ਸੀ। ਵੈਦ ਜੀ ਨੇ ਮੇਰੇ ਜੇਹੇ ਨਿਗੁਣੇ ਤੇ ਨਿਕੰਮੇ ਲਈ ਮੰਜੇ ਕੁਰਸੀਆਂ ਤੋਂ ਲੈਕੇ ਪਰਾਤ



Digitized by Panjab Digital Library | www.panjabdigilib.org

ਬਾਲੀਆਂ ਕੌਲੀਆਂ ਆਦਿ ਤੇ ਤਵੇ ਚਿਮਟੇ ਤੋੜੀ ਜ਼ਰਾ ਜ਼ਰਾ ਚੀਜ਼ ਦਾ ਪ੍ਰਬੰਧ ਕਰ ਦਿਤਾ। ਪਹਿਲਾਂ ਇਕ ਦੋ ਡੰਗ ਸਾਡੇ ਸਾਰਿਆਂ ਲਈ ਘਰੋਂ ਪ੍ਰਸ਼ਾਦ ਆਉਂਦਾ ਰਿਹਾ ਤੇ ਫੇਰ ਅਸੀਂ ਆਪ ਪਕਾਉਣ ਲਗ ਪਏ, ਪਰ ਇਸ ਵਿਚ ਭੀ ਚਲਾਕ ਹਿਸੇਦਾਰ ਵਾਂਗੂ ਸਾਡੀ ਉਂਗਲੀ ਹੀ ਉਂਗਲੀ ਸੀ। ਬਾਲਣ ਨੂੰ ਲਕੜਾਂ ਤੇ ਚਾੜ੍ਹਨ ਨੂੰ ਭਾਜੀ ਤਕ ਭੀ ਭਾਈ ਸਾਹਿਬ ਹੀ ਭੇਜਦੇ ਸਨ। ਮੈਂ ਬਥੇਰਾ ਯਤਨ ਕੀਤਾ ਕਿ ਐਨਾ ਭਾਰੂ ਨਾ ਬਣਾ ਪਰ ਆਪ ਨੇ ਜ਼ਰਾ ਪੇਸ਼ ਨਾ ਜਾਣ ਦਿਤੀ।

ਮੈਂ ਉੱਪਰ ਦੱਸ ਆਇਆ ਹਾਂ ਕਿ ਮੇਰੀ ਭਰਜਾਈ ਸਖਤ ਬੀਮਾਰ ਸੀ। ਕਲਕੱਤੇ ਦੇ ਡਾਕਟਰਾਂ ਨੇ 'ਨਹੀਂ ਬਚ ਸਕਦੀ' ਦਾ ਫਤਵਾ ਲਾ ਦਿਤਾ ਸੀ। ਅਸੀਂ ਵੀ ਘਰ ਦੇ ਉਸ ਵਿਚਾਰੀ ਦੇ ਜੀਵਣ ਦੀ ਆਸ ਲਾਹ ਚੁਕੇ ਸਾਂ। ਜਦ ਮੈਂ ਉਸ ਨੂੰ ਲੈ ਕੇ ਤਰਨ ਤਾਰਨ ਲਈ ਤੁਰਿਆ ਤਦ ਮੈਨੂੰ ਵੀ ਸ਼ਕ ਸੀ ਕਿ ਇਹ ਜੀਉਂਦੀ ਪੁੱਜੂ ? ਮਿੰਟ ਮਿੰਟ ਉਸ ਦੀ ਜਾਨ ਜਾਣ ਦਾ ਖਤਰਾ ਸੀ, ਪਰ ਗੁਰੂ ਆਸਰੇ ਉਹ ਤਰਨ ਤਾਰਨ ਪੁਜ ਗਈ। ਇਸ ਦਿਨ ਅਨ੍ਹੇਰੇ ਪੱਖ ਦੀ ਤ੍ਰਿਔਦਸੀ ਸੀ। ਅਗਲੇ ਦਿਨ ਚੌਦਸ ਤੇ ਮਸਿਆ ਦਾ ਮੇਲਾ ਲਗਣਾ ਸੀ। ਮੇਲਾ ਭੀ ਚੇਤਰ ਦੀ ਮਸਿਆ ਦਾ।

ਭਾਵੇਂ ਜੀਵਣ ਦਾਤੇ ਦੀ ਨਗਰੀ ਵਿਚ ਜੀਵਣ ਦਾਤੇ ਵੈਦ ਦੇ ਹਥਾਂ ਹੇਠ ਆ ਗਏ ਸਾਂ ਪਰ ਰੋਗੀ ਨੂੰ ਤਸੱਲੀ ਨਾ ਆਵੇ। ਉਸਨੂੰ ਆਪਣੀ ਮੌਤ ਹੀ ਪ੍ਰਤੱਖ ਦਿਸੇ। ਪੁਰਾਣੇ ਵਿਸ਼੍ਵਾਸ ਅਨੁਸਾਰ ਉਹ ਚਾਹੇ ਕਿ ਜੇ ਮੈਂ ਦਰਬਾਰ ਸਰੋਵਰ ਵਿੱਚ ਮਰਨ ਤੋਂ ਪਹਿਲਾਂ ਚੌਦਸ ਮਸਿਆ ਦਾ ਇਸ਼ਨਾਨ ਕਰ ਲਵਾਂ ਤਦ ਜ਼ਰੂਰ ਬੈਕੁੰਠ ਨੂੰ ਜਾਵਾਂਗੀ। ਉਸਦੀਆਂ ਅੱਖਾਂ ਅਗੇ ਉਹ ਪੁਰਾਣੀ ਪਿੰਗਲੇ ਦੇ ਰਾਜ਼ੀ ਹੋਣ ਦੀ ਸਾਖੀ ਆਦਿ ਸਭ ਗੱਲਾਂ ਫਿਰਨ ਲਗੀਆਂ। ਉਸਨੇ ਚੌਦਸ ਨੂੰ ਸਰੋਵਰ ਵਿਚ ਅਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਅਟੁੱਟ ਬੁਖਾਰ ਤੇ ਅਤੀ ਕਮਜ਼ੋਰੀ ਦੀ ਹਾਲਤ ਅਤੇ ਫੇਰ ਅਜੇਹੀ ਭੀੜ ਵਿਚ ਮੈਂ ਅਸ਼ਨਾਨ ਕਰਾਣੋਂ 'ਨਾਹ' ਕਰ ਦਿੱਤੀ। ਉਹ ਮੁੜ ਮੁੜ ਮੇਰੇ ਉੱਪਰ ਜ਼ੋਰ ਪਾਉਂਦੇ ਕਿ 'ਜ਼ਰੂਰ ਅਸ਼ਨਾਨ ਕਰਵਾਓ'। ਚੌਦਸ ਦਾ ਦਿਨ ਇਸੇ ਖਿਚਾ ਖਿਚੀ ਵਿਚ ਲੰਘ



Digitized by Panjab Digital Library | www.panjabdigilib.org

ਗਿਆ। ਰੋਗੀ ਦੇ ਬਹੁਤ ਜ਼ੋਰ ਪਾਉਣ ਤੇ ਮੈਂ ਕਿਹਾ ਕਿ 'ਜੇ ਵੈਦ ਜੀ ਇਹ ਗੱਲ ਸੁਣਨਗੇ ਤਾ ਗੁਸੇ ਹੋਣਗੇ।' ਤਦ ਉਨ੍ਹੀ ਕਿਹਾ ਕੇ 'ਅੱਛਾ ਤੁਸੀਂ ਵੈਦ ਜੀ ਨੂੰ ਪੁਛ ਆਵੋ, ਜੇ ਉਹ ਆਗਿਆ ਦੇ ਦੇਣ ਤਦ ਤਾਂ ਫੇਰ ਮੈਨੂੰ ਸਰੋਵਰ ਵਿਚ ਅਸ਼ਨਾਨ ਕਰਾਓਗੇ ਨਾ!'

ਮੈਨੂੰ ਪੂਰਨ ਵਿਸ਼ਵਾਸ ਸੀ ਕਿ ਵੈਦ ਜੀ ਇਸ ਹਾਲਤ ਵਿਚ ਕਦੇ ਭੀ ਅਸ਼ਨਾਨ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਮੈਂ ਵੈਦ ਜੀ ਪਾਸ ਪੁਜਾ ਤੇ ਰੋਗੀ ਦਾ ਆਸ਼ਾ ਪ੍ਰਗਟ ਕੀਤਾ।

ਪਾਠਕ ਜਨ! ਮੇਰੀ ਹੈਰਾਨੀ ਦੀ ਕੋਈ ਹਦ ਹੀ ਨਾ ਰਹੀ ਜਦ ਭਾਈ ਸਾਹਿਬ ਜੀ ਨੇ ਅਗੋਂ ਇਜਾਜ਼ਤ ਦਿੰਦੇ ਹੋਏ "ਜ਼ਰੂਰ ਅਸ਼-ਨਾਨ ਕਰਾਓ" ਤੇ ਜ਼ੋਰ ਦਿਤਾ। ਮੈਂ ਹੈਰਾਨਗੀ ਨਾਲ ਉੱਤ੍ਰ ਦਿੰਦੇ ਹੋਏ ਕਿਹਾ 'ਪਰ ਭਾਈ ਸਾਹਿਬ ਜੀ! ਬੁਖਾਰ ਤਾਂ ਟੁੱਟਦਾ ਹੀ ਨਹੀਂ, ਕਮਜ਼ੋਰੀ ਹਦ ਦਰਜੇ ਦੀ ਹੈ ਇਸ ਹਾਲਤ ਵਿਚ ਭੀ ਤੁਸੀਂ ਠੰਡੇ ਸਰੋਵਰ ਜਲ ਵਿਚ ਅਸ਼ਨਾਨ ਕਰਨ ਦੀ ਆਗਿਆ ਦਿੰਦੇ ਹੋ?,

ਆਪ ਨੇ ਕਿਹਾ 'ਦੁਖੀ ਜੀ! ਕੋਈ ਡਰ ਨਹੀਂ ਜੇ ਬੀਬੀ ਜੀ ਸਰੋ-ਵਰ ਵਿਚ ਅਸ਼ਨਾਨ ਕਰਨਾ ਚਾਹੁੰਦੇ ਹਨ ਤਾਂ ਜ਼ਰੂਰ ਕਰਵਾਵੋ, ਗੁਰੂ ਅਰ-ਜਨ ਦੇਵ ਮਹਾਰਾਜ ਅਸ਼ਨਾਨ ਕਰਨ ਨਾਲ ਹੀ ਆਰਾਮ ਕਰ ਦੇਣਗੇ। ਅਸ਼ਨਾਨ ਕਰਨ ਦਾ ਬੜਾ ਮਹੱਤਵ ਹੈ। ਦਵਾਈ ਤਾਂ ਐਵੇਂ ਬਹਾਨਾ ਹੈ। ਅਸਲ ਵਿਚ ਤਾਂ ਗੁਰੂ ਕੀ ਨਗਰੀ ਤੇ ਸਤਿਗੁਰਾਂ ਦੇ ਸਿਰ ਹੱਥ ਦਾ ਪ੍ਰਤਾਪ ਹੈ।' ਸੋ ਮੈਂ ਅਸ਼ਨਾਨ ਕਰਵਾ ਦਿਤਾ।

ਗੁਰੂ ਦੀ ਕ੍ਰਿਪਾ ਕਹਾਂ ਕਿ ਵੈਦ ਜੀ ਦੀ ਮਸੀਹਾਈ ਕਹਾਂ? ਦਿਨਾਂ ਵਿੱਚ ਰੋਗੀ ਦੇ ਰੋਗ ਦੂਰ ਹੋ ਗਏ। ਵੈਦ ਜੀ ਰੋਗੀ ਨੂੰ ਵੇਖਣ ਆਉਂਦੇ ਤੇ ਦਵਾਈ ਦਿੰਦੇ ਰਹੇ।

ਏਥੇ ਮੈਂ ਇਕ ਗੱਲ ਹੋਰ ਲਿਖਣੀ ਭੀ ਭੁਲ ਗਿਆ ਹਾਂ ਉਹ ਇਹ ਹੈ ਕਿ ਜਦ ਮੈਂ ਅਜੇ ਕਲਕੱਤੇ ਹੀ ਸਾਂ ਤੇ ਆਉਣ ਦੀਆਂ ਤਿਆਰੀਆਂ ਕਰ ਰਿਹਾ ਸਾਂ ਤਦ ਮੈਂ ਚਿੱਠੀ ਰਾਹੀਂ ਹੀ ਵੈਦਜੀ ਤੋਂ ਪੁਛਿਆ ਸੀ ਕਿ 'ਕੀ ਰੋਗੀ



Digitized by Panjab Digital Library | www.panjabdigilib.org

ਰਾਜ਼ੀ ਹੋ ਜਾਊ ?' ਤਾਂ ਆਪ ਨੇ ਪੱਕੀ ਆਸ ਬਨ੍ਹਾਈ ਸੀ ਤੇ ਨਾਲ ਹੀ ਮੇਰੇ ਇਸ ਪੁੱਛਣ ਤੇ 'ਭਲਾ ਕਿੰਨਾ ਕੁ ਚਿਰ ਲਗੂ ?' ਆਪ ਨੇ ਪ੍ਰੇਮ ਹਾਸੇ ਵਿਚ ਲਿਖਿਆ ਸੀ 'ਦੁਖੀ ਜੀ ! ਘਟ ਤੋਂ ਘੱਟ ਜੇ ਤੁਸੀਂ ਤਿੰਨ ਚਾਰ ਮਹੀਨੇ ਏਥੇ ਮੇਰੇ ਪਾਸ ਤਰਨ ਤਾਰਨ ਵਿਚ ਰਹਿਣ ਦਾ ਇਕਰਾਰ ਕਰੋਂ ਤਦ ਇਲਾਜ ਕੀਤਾ ਜਾਵੇਗਾ ਤੇ ਰੋਗੀ ਗੁਰੂ ਆਸਰੇ ਜਲਦੀ ਰਾਜ਼ੀ ਹੋ ਜਾਵੇਗਾ ।'

ਸੱਚ ਮੁੱਚ ਹੀ ਆਪ ਮਸੀਹਾ ਸਨ । ਆਪਦੇ ਹੱਥਾਂ ਵਿਚ ਕਮਾਲ ਦੀ ਬਰਕਤ ਸੀ । ਆਪ ਦੇ ਇਲਾਜ ਵਿਚ ਵਾਹਿਗੁਰੂ ਵਲੋਂ ਕੋਈ ਅਲੌਕਿਕ ਸ਼ਕਤੀ ਸੀ । ਮੇਰੇ ਭਰਜਾਈ ਜੀ ਦਿਨਾਂ ਵਿਚ ਹੀ ਨੌ ਬਰ ਨੌ ਹੋ ਗਏ । ਦੂਜੇ ਹਫਤੇ ਵਿਚ ਹੀ ਸੁਹਣੀ ਤਰ੍ਹਾਂ ਤੁਰਨ ਫਿਰਨ ਲੱਗ ਪਏ ਤੇ ਮਹੀਨਾ ਭਰ ਵਿਚ ਬਿਲਕੁਲ ਤਕੜੇ ਹੋ ਗਏ । ਪਾਠਕ ਜਨ ਸੁਣਕੇ ਹੈਰਾਨ ਹੋਣਗੇ ਕਿ ਤਿੰਨ ਮਹੀਨਿਆਂ ਦੇ ਵਿਚ ਵਿਚ ਉਨ੍ਹਾਂ ਦਾ ੩੬ ਪੌਂਡ ਭਾਰ ਵਧਿਆ ਸੀ । ਮੈਂ ਰਾਜ਼ੀ ਹੋ ਕੇ ਤੇ ਰਾਜ਼ੀ ਕਰਵਾਕੇ ੧੦ ਦਿਨ ਘੱਟ ਤਿੰਨ ਮਹੀਨੇ ਅਰਥਾਤ ੭ ਜੂਨ ੧੯੩੧ ਨੂੰ ਵਾਹਿਗੁਰੂ ਅਕਾਲ ਪੁਰਖ ਦਾ ਧੰਨਵਾਦ ਕਰਦਾ ਤੇ ਵੈਦ ਜੀ ਦਾ ਯਸ ਗੌਂਦਾ ਮੁੜ ਕਲਕਤੇ ਨੂੰ ਰਵਾਨਾ ਹੋ ਗਿਆ । ਅੱਜ ਉਹ ਬੀਬੀ ਤੰਦਰੁਸਤ ਬਚੇ ਬਚੀਆਂ ਵਿਚ ਵਸਦੀ ਰਸਦੀ ਅਕਾਲ ਪੁਰਖ ਦੇ ਤੇ ਭਾਈ ਸਾਹਿਬ ਦੇ ਗੁਣ ਗਾ ਰਹੀ ਹੈ ।

ਇਹ ਤਾਂ ਮੈਂ ਉੱਪਰ ਦੱਸ ਹੀ ਆਇਆ ਹਾਂ ਕਿ ਇਸ ਸਾਰੇ ਸਮੇਂ ਵਿਚ ਜਿੰਨਾ ਚਿਰ ਕਿ ਮੈਂ ਤਰਨ ਤਾਰਨ ਵਿੱਚ ਠਹਿਰਿਆ ਸਾਂ, ਦਵਾਈਆਂ ਦਾ ਤਾਂ ਕਹਿਣਾ ਹੀ ਕੀ ਹੈ ਭਾਈ ਸਾਹਿਬ ਜੀ ਨੇ ਮੇਰਾ ਪੈਸਾ ਭੀ ਖ਼ਰਚ ਨਹੀਂ ਹੋਣ ਦਿਤਾ । ਸਭ ਖਰਚ ਆਪਣੇ ਪਾਸੋਂ ਹੀ ਕਰਦੇ ਰਹੇ ਅਤੇ ਤੁਰਨ ਲੱਗਿਆਂ ਭੀ ਜ਼ਰੂਰੀ ਚੀਜ਼ਾਂ ਦੇ ਕੇ ਤੋਰਿਆ ।

× × × × × × ×

ਸਾਡੀ ਸਰਕਾਰ ਦਾ ਬਾਵਾ ਆਦਮ ਭੀ ਨਿਰਾਲਾ ਹੀ ਹੈ, ਏਥੇ ਦੀ ਸੀ. ਆਈ. ਡੀ. ਕਹਿਣ ਨੂੰ ਤਾਂ ਖੁਫੀਆ ਪੁਲੀਸ ਹੈ ਪਰ ਇਹ ਭਾਗਵਾਨ ਜਿਸਦੇ ਮਗਰ ਪੈ ਜਾਵੇ ਉਸਦੀ ਅਜੇਹੀ ਖੁਫੀਆ ਰਾਖੀ ਕਰਦੀ ਹੈ ਕਿ ਉਸਦੇ



Digitized by Panjab Digital Library | www.panjabdigilib.org

ਦਰ ਅਗੇ ਮੰਜਾ ਡਾਹਕੇ ਬੈਠਣ ਤਕ ਜਾਂਦੀ ਹੈ। ਅਨੇਕ ਦੇਸ਼ ਭਗਤਾਂ ਨਾਲ ਪਿੰਡਾਂ ਵਿਚ ਅਰਦਲੀਆਂ ਵਾਂਗ ਪੁਲਸ਼ੀਏ ਤੁਰਦੇ ਫਿਰਦੇ ਵਿਖਾਈ ਦੇਣਗੇ। ਕਈ ਤਾਂ ਹਲ ਵਾਹੁੰਦੇ ਜ਼ਿਮੀਂਦਾਰਾਂ ਦੇ ਮਗਰ ਮਗਰ ਖੇਤ ਦੇ ਬੰਨੇ ਬੈਠੇ ਮੈਂ ਆਪ ਵੇਖੇ ਹਨ। ਸਾਡੀ ਸਿਆਣੀ ਸਰਕਾਰ ਨੂੰ ਸੈਂਕੜਿਆਂ ਦੀ ਤਾਦਾਦ ਵਿਚ ਇਕਠੇ ਹੋਏ ਪਠਾਣ ਡਾਕੂਆਂ ਦਾ ਤਾਂ ਭਾਵੇਂ ਪਤਾ ਨਾ ਲਗੇ ਪਰ ਸਦੀਆਂ ਪਿਛੇ ਦਾਦੇ ਪੜਦਾਦੇ ਦੇ ਪੁਲੀਟੀਕਲ ਵਰਕਰ ਹੋਣ ਤੋਂ ਪੋਤਰਿਆਂ ਵਿਚੋਂ ਸਰਕਾਰ ਵਿਰੁਧ ਬਗਾਵਤ ਕਰਨ ਤੇ ਸਾਜ਼ਸ਼ੀ ਹੋਣ ਦੀ ਬੋ ਜ਼ਰੂਰ ਆ ਜਾਂਦੀ ਹੈ।

ਬੰਗਾਲ ਵਿਚੋਂ ਚੁਪ ਚਾਪ ਆ, ਏਥੇ ਤਰਨ ਤਾਰਨ ਵਿਚ ਇਲਾਜ ਕਰਾਉਣ ਦੇ ਤਿੰਨ ਮਹੀਨੇ ਮੈਂ ਤਾਂ ਕਢ ਗਿਆ ਪਰ ਭਾਈ ਸਾਹਿਬ ਜੀ ਨੂੰ ਇਸਦੀ ਸਜ਼ਾ ਭੁਗਤਣੀ ਪਈ। ੧੯੩੧ ਵਿਚ ਮੇਰੇ ਬੰਗਾਲ ਨੂੰ ਚਲੇ ਜਾਣ ਪਿਛੋਂ ਸਾਡੀ ਸੁਹਣੀ ਸਰਕਾਰ ਦੀ ਸੁਚੱਜੀ ਸੀ. ਆਈ. ਡੀ. ਭਾਈ ਸਾਹਿਬ ਜੀ ਪਾਸ ਫਿਰਦੀ ਰਹੀ। ਨਿਤ ਨਵੇਂ ਸੂਰਜ ਕੋਈ ਨ ਕੋਈ ਪੁੱਛ ਗਿੱਛ ਲਈ ਦੁਕਾਨੇ ਆ ਖੜਾ ਹੁੰਦਾ ਤੇ ਗ਼ਰੀਬ 'ਦੁਖੀ' ਲਈ ਪਏ ਸਵਾਲ ਜਵਾਬ ਹੁੰਦੇ। "ਏਥੇ ਕਿਸ ਘਰ ਵਿਚ ਰਹੇ ? ਕੀ ਕਰਦੇ ਰਹੇ ? ਕੀ ਗਲਾਂ ਬਾਤਾਂ ਕਰਦੇ ਸਨ ? ਦਿਨ ਨੂੰ ਤੁਹਾਡੇ ਪਾਸ ਕਿਉਂ ਬੈਠਦੇ ਸਨ? ਹੋਰ ਕਿਸ ਕਿਸ ਪਾਸ ਬੈਠਦੇ ਤੇ ਕਿਸ ੨ ਨਾਲ ਮਿਲਦੇ ਸਨ ? ਕੀ ਪੜ੍ਹਦੇ ਸਨ ? ਉਹ ਮਕਾਨ ਕਿਸਦਾ ਹੈ, ਜਿਸ ਵਿਚ ਰਹਿੰਦੇ ਸਨ ? ਸਰਕਾਰ ਬਾਰੇ ਤੁਹਾਡੇ ਨਾਲ ਕੀ ਗੱਲਾਂ ਕਰਦੇ ਸਨ ? ਤੁਹਾਡੇ ਪਾਸ ਕਿਉਂ ਆਏ ? ਬੰਗਾਲ ਵਿਚ ਕਿਉਂ ਨਾ ਇਲਾਜ ਕਰਾਇਆ ? ਹੁਣ ਫੇਰ ਕਦ ਆਉਣਗੇ ? ਉਹ ਬੜੇ ਖਤਰਨਾਕ ਆਦਮੀ ਹਨ, ਤੁਹਾਨੂੰ ਉਸਤੋਂ ਜ਼ਰੂਰ ਬਚਣਾ ਚਾਹੀਦਾ ਹੈ। ਅਜੇਹੇ ਬੰਦਿਆਂ ਦਾ ਇਲਾਜ ਨਾ ਕਰਿਆ ਕਰੋ', ਆਦਿਕ ਅਨੇਕ ਬੇਮਤਲਬੇ ਸਵਾਲ ਜਵਾਬ ਕਰ ਕਰਾਕੇ ਤੰਗ ਕਰਦੇ।

ਇਹੀ ਸਿਲਸਿਲਾ—ਵੈਦ ਜੀ ਦਸਦੇ ਸਨ—ਕੋਈ ਇਕ ਸਾਲ ਤਕ



Digitized by Panjab Digital Library | www.panjabdigilib.org

ਬੱਝਾ ਰਿਹਾ ਵੈਦਰਾਜ ਜੀ ਨੇ ਦਸਿਆ ਕਿ ਕਈ ਵਾਰ ਵਡੇ ਅਫਸਰਾਂ ਨੇ ਭੀ ਜ਼ਰੂਰੀ ਫੇਰੇ ਪਾਏ ਤੇ ਖਾਹਮਖਾਹ ਦੀ ਮਗਜ਼ ਖਪਾਈ ਕੀਤੀ। ਇਕ ਵਡੇ ਅਫਸਰ ਨਾਲ ਗਲ ਬਾਤ ਕਰਦਿਆਂ ਤਾਂ ਵੈਦ ਜੀ ਦਸਦੇ ਸਨ ਕਿ ਅਸਾਂ ਕਿਹਾ, 'ਸਰਕਾਰ ਨੂੰ ਕੀ ਹੋ ਗਿਆ, ਜੋ ਖਾਹ ਮਖਾਹ ਭਲੇ ਮਾਨਸਾਂ ਨੂੰ ਤੰਗ ਕਰ ਰਹੀ ਹੈ ? ਇਹ ਨਿਕੰਮਾ ਵਤੀਰਾ ਤਾਂ ਸਰਕਾਰ ਦੇ ਪਖੀਆਂ ਨੂੰ ਭੀ ਵਿਪੱਖੀ ਬਣਾਉਣ ਦਾ ਹੈ ਆਦਿਕ' ਅਗੋਂ ਉਸਨੇ ਕੀ ਆਖਣਾ ਸੀ 'ਜੀ ਅਸੀਂ ਕੀ ਕਹੀਏ, ਅਸੀਂ ਭੀ ਤਾਂ ਨੌਕਰ ਹੀ ਹਾਂ ਨਾ ! ਹੁਕਮ ਦੀ ਤਾਮੀਲ ਕਰਨੀ ਪੈਂਦੀ ਹੈ, ਜਿਵੇਂ ਸਰਕਾਰ ਦਾ ਹੁਕਮ ਹੁੰਦਾ, ਅਸੀਂ ਭਜੇ ਫਿਰਦੇ ਹਾਂ। ਆਦਿਕ' ਆਖਕੇ ਤੁਰਦਾ ਬਣਿਆ। ਅਸਲ ਵਿਚ ਸਰਕਾਰ ਦੀ ਸਾਰੀ ਦੀ ਸਾਰੀ ਮਸ਼ੀਨਰੀ ਹੀ ਅਜੇਹੀ ਹੈ।

੧੯੩੧ ਦੇ ਅਖੀਰ ਤੇ ੧੯੩੨ ਦੇ ਚੜ੍ਹਦਿਆਂ ਹੀ ਬੰਗਾਲ ਵਿਚ ਭੀ ਦੇਸ਼ ਸੇਵਕਾਂ ਦੀ ਖੂਬ ਪਕੜ ਧਕੜ ਸ਼ੁਰੂ ਹੋ ਗਈ। ਸ੍ਰੀ ਯੁਤ ਸੁਭਾਸ ਚੰਦਰ ਬੋਸ,ਸੇਨ ਗੁਪਤਾ ਆਦਿ ਤਮਾਮ ਦੇਸ਼ ਭਗਤ ਉਸੇ ਵੇਲੇ ਹੀ ਨਜ਼ਰਬੰਦ ਕੀਤੇ ਗਏ ਸਨ। ਮੇਰੇ ਉਤੇ ਭੀ ਸਰਕਾਰ ਦੀ ਕ੍ਰਿਪਾ ਦ੍ਰਿਸ਼ਟੀ ਪੈਣੀ ਜ਼ਰੂਰੀ ਸੀ। ਅਸੀਂ ਹੋਏ ਉਡੰਤ ਮੰਤ੍ਰ ਦੇ ਪੁਜਾਰੀ, ਖਿਸਕੰਤ ਹੋ ਗਏ। ਮੇਰੇ ਏਥੇ ਠਹਿਰਨ ਬਾਬਤ ਵੈਦਰਾਜ ਜੀ ਉਪਰ ਕਸ਼ਟ ਪੈਣ ਦੀ ਖਬਰ ਜਦ ਮੈਨੂੰ ਉਡਾਰੀਆਂ ਵਿਚ ਮਿਲੀ ਤਾਂ ਡਾਢਾ ਦੁਖ ਹੋਇਆ।

ਉਸ ਵੇਲੇ ਮੈਂ ਜੋ ਇਕ ਚਿਠੀ ੬ ਮਈ ੧੯੩੨ ਨੂੰ ਭਾਈ ਸਾਹਿਬ ਨੂੰ ਲਿਖੀ ਉਸ ਵਿਚੋਂ ਕੁਝ ਸਤਰਾਂ ਹੂਬਹੂ ਪੇਸ਼ ਕਰਦਾ ਹਾਂ–

"ਅਦੁਤੀ ਪਰੁਪਕਾਰੀ ਅਨੱਨਯ ਦੇਸ਼ ਭਗਤ ਅਤੇ ਅਪੂਰਵ ਵੈਦ ਰਾਜ ਜੀਉ ! ਦਵਾਈਆਂ ਦਾ ਪਾਰਸਲ ਪੁਜ ਗਿਆ। ਯਥਾ ਅਨੁਪਾਨ ਵਰਤੀ ਜਾ ਰਿਹਾ ਹਾਂ। ਅਰੋਗਯਤਾ ਪਰ ਅਟੱਲ ਵਿਸ਼ਵਾਸ ਹੈ......ਪੁਸਤਕਾਂ ਤੇ ਦਵਾਈਆਂ ਭੇਜਣ ਲਈ ਅਤੀ ਧੰਨਵਾਦੀ ਹਾਂ। ਮੇਰੀ ਬਾਬਤ ਆਪ ਜੈਸੇ ਪਰੁਪਕਾਰੀਆਂ ਨੂੰ ਜ਼ਰਾ ਜਿੰਨੀ ਭੀ ਪੁਛ ਗਿਛ ਜਾਂ ਹੋਰ ਤਕਲੀਫ ਹੋਈ ਸੁਣਕੇ ਤਬੀਅਤ ਘਬਰਾ ਜਾਂਦੀ ਹੈ ਤੇ ਡਾਢਾ ਦੁਖੀ ਹੋ ਜਾਂਦਾ ਹਾਂ,ਪਰ ਜੀ !



Digitized by Panjab Digital Library | www.panjabdigilib.org

ਮੇਰਾ ਨਾਮ ਜੁ ਹੋਇਆ 'ਦੁਖੀ' ਤੇ ਮੇਰੇ ਪਾਸ ਹੋਰ ਹੈ ਹੀ ਕੀ ਬਿਨਾਂ ਦੁਖ ਦੇ, ਇਸ ਲਈ ਮੈਂ ਖਿਮਾ ਮੰਗਣ ਦਾ ਅਧਿਕਾਰੀ ਹਾਂ।......"

## ਕੀ ਡਿੱਠਾ ?

ਉਸ ਸਮੇਂ ਵਿੱਚ ਜਦ ਕਿ ਮੈਂ ਤਰਨ ਤਾਰਨ ਰਿਹਾ, ਮੈਂ ਜੋ ਕੁਛ ਅਨੁਭਵ ਕੀਤਾ ਏਥੇ ਉਸਦਾ ਜ਼ਿਕਰ ਨਾ ਕਰਨਾ ਭੀ ਅਯੋਗ ਹੀ ਹੋਵੇਗਾ। ਜਿਸ ਦਿਨ ਤੋਂ ਮੈਂ ਏਥੇ ਆਇਆ ਵੈਦ ਜੀ ਨੇ ਆਪਣੇ ਪਾਸ ਹੀ ਮੇਰੀ ਗੱਦੀ ਲਾ ਦਿੱਤੀ। ਵੈਦ ਜੀ ਆਪਣੇ ਸੁਭਾ ਅਨੁਸਾਰ ਰੋਜ਼ ਸਵੇਰੇ ਨਿਤਨੇਮ ਤੋਂ ਵਿਹਲੇ ਹੋ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਿ, ਗੁਰਵਾਕ ਸੁਣ ਸੂਰਜ ਚੜ੍ਹਦੇ ਨਾਲ ਦੁਕਾਨ ਤੇ ਆ ਬੈਠਦੇ ਤੇ ਦੁਪਹਿਰ ਨੂੰ ਪ੍ਰਸ਼ਾਦ ਛਕਣ ਜਾਣ ਤੋਂ ਬਿਨਾਂ ਸਾਰਾ ਦਿਨ ਗੱਦੀ ਉਤੇ ਬੈਠੇ ਬੀਮਾਰ ਦੇਖਦੇ, ਦਵਾਈਆਂ ਲਿਖਦੇ, ਪੁਸਤਕਾਂ ਪੜ੍ਹਦੇ ਤੇ ਲਿਖਦੇ ਰਹਿੰਦੇ ਸਨ।

ਆਪ ਦਾ ਅਲੌਕਿਕ ਅਸਚਰਜ ਦਿਮਾਗ ਕਈ ਕਈ ਕੰਮ ਇੱਕੋ ਵੇਰ ਕਰੀ ਜਾਂਦਾ ਸੀ। ਇਕ ਪਾਸੇ ਲਿਖ ਰਹੇ ਹਨ ਦੂਜੇ ਪਾਸੇ ਅਖਬਾਰ ਜਾਂ ਗ੍ਰੰਥ ਸੁਣ ਰਹੇ ਹਨ, ਤੀਜੇ ਪਾਸੇ ਕਿਸੇ ਨਾਲ ਗੱਲਾਂ ਕਰ ਰਹੇ ਤੇ ਚੌਥੇ ਪਾਸੇ ਮਰੀਜ਼ ਦੀ ਨਬਜ਼ ਦੇਖਕੇ ਦਵਾਈ ਆਦਿ ਤਜਵੀਜ਼ ਕਰ ਰਹੇ ਹਨ। ਤਿੰਨ ਤਿੰਨ ਕੰਮ ਕਰਦਿਆਂ ਤਾਂ ਮੈਂ ਆਪ ਨੂੰ ਆਮ ਦੇਖਦਾ ਸਾਂ। ਇਹ ਤਿੰਨ ਮਹੀਨੇ ਮੈਂ ਭੀ ਸਵੇਰ ਤੋਂ ਹੀ ਆਪ ਦੇ ਪਾਸ ਆ ਬੈਠਦਾ ਤੇ ਸਾਰਾ ਦਿਨ ਬੀਮਾਰਾਂ ਤੇ ਵੈਦ ਜੀ ਵਲ ਵੇਖਦਾ ਰਹਿੰਦਾ ਸਾਂ। ਬੇਅੰਤ ਅਮੀਰ ਗ਼ਰੀਬ ਰੋਗੀ ਆਉਂਦੇ ਤੇ ਦਵਾਈਆਂ ਲੈ ਲੈ ਚਲੇ ਜਾਂਦੇ। ਆਪ ਬੋਲਦੇ ਬਹੁਤ ਘਟ ਤੇ ਵਿਹਲੇ ਕਦੇ ਭੀ ਨਾ ਸਨ ਬੈਠਦੇ। ਸਮੇਂ ਦੀ ਅਜੇਹੀ ਕਦਰ ਕਰਦੇ ਸਨ ਕਿ ਕੀ ਕਿਹਾ ਜਾਵੇ।

ਦੁਕਾਨ ਵਿਚ ਬੈਠਿਆਂ ਮਜਾਲ ਨਹੀਂ ਕਿ ਆਪ ਦਾ ਸਪੁਤ੍ਰ ਜਾਂ ਕੋਈ ਨੌਕਰ ਜ਼ਰਾ ਭਰ ਭੀ ਬੇ ਜਾ ਗੱਲ ਬਾਤ ਜਾਂ ਹਰਕਤ ਕਰ ਸਕੇ। ਆਪ ਦਾ ਰੋਅਬ ਹਰ ਇਕ ਨੂੰ ਕੰਬਾਉਂਦਾ ਸੀ। ਬਾਜ਼ਾਰ ਵਿਚ ਤੁਰਦਿਆਂ ਤਾਂ ਆਪ



Digitized by Panjab Digital Library | www.panjabdigilib.org

ਦੇ ਹੱਥ ਸਦਾ ਹੀ ਜੁੜੇ ਰਹਿੰਦੇ ਸਨ। ਕਿਉਂਕਿ ਹਰ ਇਕ ਨੂੰ ਪਹਿਲੋਂ ਫ਼ਤੇ ਬੁਲੌਣੀ ਆਪ ਦਾ ਫਰਜ਼ ਜੇਹਾ ਬਣਿਆ ਹੋਇਆ ਸੀ। ਦੁਕਾਨ ਉੱਪਰ ਕੋਈ ਕਿਸੇ ਭੀ ਪਾਰਟੀ ਦਾ ਵਾਕਫ ਆਵੇ ਆਪ ਵਾਹ ਲਗਦੀ ਜਲ ਪਾਣੀ ਜ਼ਰੂਰ ਛਕਾਉਂਦੇ ਤੇ ਪ੍ਰਸ਼ਾਦ ਦਾ ਸਮਾਂ ਹੋਵੇ ਤਾਂ ਪ੍ਰਸ਼ਾਦ ਛਕਾਕੇ ਡਾਢੇ ਪ੍ਰਸੰਨ ਹੁੰਦੇ ਸਨ। ਗੁਰਮੁਖ, ਸਾਧਾਂ ਸੰਤਾਂ ਤੇ ਫਕੀਰਾਂ ਦੇ ਦਰਸ਼ਨ ਤੇ ਸੇਵਾ ਕਰਨ ਦਾ ਆਪ ਜੀ ਨੂੰ ਖਾਸ ਚਾਉ ਸੀ। ਦਵਾਈ ਲਈ ਆਏ ਗਰੀਬ-ਅਮੀਰ ਵਾਕਫ ਨਾਵਾਕਫ ਸਭ ਨੂੰ ਆਪ ਸਦਾ ਇਕ ਨਜ਼ਰ ਨਾਲ ਵੇਖਦੇ ਤੇ ਦਵਾਈ ਦਿੰਦੇ ਸਨ।

## ਮੋਇਆ ਜੀਉਂਦਾ ਕੀਤਾ

ਮੇਰੇ ਏਥੇ ਰਹਿਣ ਸਮੇਂ ਹੀ ਏਥੇ ਦੀ ਕਾਰ ਸੇਵਾ ਹੋਣ ਦਾ ਪ੍ਰਬੰਧ ਹੋ ਰਿਹਾ ਸੀ। ਦੋਵੇਂ ਮਹਾਤਮਾਂ ਸੰਤ, ਸੰਤ ਸਾਧੂ ਸਿੰਘ ਜੀ ਤੇ ਸੰਤ ਗੁਰਮੁਖ ਸਿੰਘ ਜੀ ਏਥੇ ਆਏ ਹੋਏ ਸਨ। ਸਰੋਵਰ ਵਿਚ ਰੇਤੇ ਦੀਆਂ ਬੋਰੀਆਂ ਰਾਹੀਂ ਬੰਨ੍ਹ ਲਗਾਇਆ ਗਿਆ ਤੇ ਸਰੋਵਰ ਦਾ ਜਲ ਬਾਹਰ ਕੱਢਣ ਲਈ ਇੰਜਣ ਬੈਠਾਇਆ ਗਿਆ ਸੀ। ਰੋੜੀ ਕੁੱਟਣ ਆਦਿ ਦੀ ਸੇਵਾ ਹੋ ਰਹੀ ਸੀ। ਦੂਰ ਨੇੜੇ ਪਿੰਡਾਂ ਦੀਆਂ ਸੰਗਤਾਂ ਮਾਈ ਭਾਈ ਰੋੜੀ ਕੁਟਣ ਦੀ ਸੇਵਾ ਬੜੇ ਚਾਉ ਤੇ ਸਰਧਾ ਭਾਵ ਨਾਲ ਕਰਨ ਆਉਂਦੇ ਸਨ।

ਜੇਠ ਦਾ ਪਹਿਲਾ ਪੱਖ ਖਤਮ ਹੋਣ ਵਾਲਾ ਸੀ, ਗਰਮੀ ਜੁਆਨੀ ਵਿਚ ਆ ਰਹੀ ਸੀ। ਲੋਕੀ ਦੁਕਾਨਾਂ ਵਿਚ ਬੈਠੇ ਪੱਖੇ ਹਿਲਾ ਰਹੇ ਸਨ, ਦੁਪਹਿਰ ਢਲ ਚੁਕੀ ਕੋਈ ਢਾਈ ਤਿੰਨ ਦਾ ਵਕਤ ਸੀ। ਦੁਕਾਨਾਂ ਵਿਚ ਭੀ ਗਾਹਕ ਘਟ ਹੀ ਦਿਖਾਈ ਦਿੰਦੇ ਸਨ, ਭਾਈ ਸਾਹਿਬ ਜੀ ਆਪਣੀ ਗੱਦੀ ਤੇ ਬੈਠੇ ਪੰਥਕ ਜਥੇਬੰਦੀ ਉਤੇ ਲੇਖ ਲਿਖ ਰਹੇ ਤੇ ਨਾਲ ਨਾਲ ਇਕ ਆਦਮੀ ਤੋਂ ਅਖਬਾਰ ਸੁਣ ਰਹੇ ਸਨ। ਮੈਂ ਪਾਸ ਹੀ ਆਪਣੀ ਗੱਦੀ ਉਤੇ ਬੈਠਾ ਪੁਸਤਕ 'ਆਤਮ ਸੁਧਾਰ' ਪੜ੍ਹ ਰਿਹਾ ਸਾਂ।

ਇਸ ਵੇਲੇ ਅਚਾਨਕ ਇਕ ਪਾਸਿਓਂ ਚੀਕਾਂ ਤੇ ਰੋਣ ਦੀ ਆਵਾਜ਼ ਆਈ। ਕੁਝ ਔਰਤਾਂ ਰੋਂਦੀਆਂ ਆ ਰਹੀਆਂ ਦਿਸੀਆਂ। ਇਕ ਜਨਾਨੀ ਦੇ



Digitized by Panjab Digital Library | www.panjabdigilib.org

ਕੁਛੜ ਦੋ ਕੁ ਸਾਲ ਦਾ ਬੱਚਾ ਚੁਕਿਆ ਹੋਇਆ ਤੇ ਕਿਲਕਾਰੀਆਂ ਮਾਰ ਰਹੀ ਸੀ, ਉਸ ਦੇ ਨਾਲ ਹੀ ਇਕ ਵੀਹ ਕੁ ਸਾਲ ਦੀ ਬੀਬੀ ਸਿਰ ਦੇ ਵਾਲ ਖੋਹ ਰਹੀ ਤੇ ਬੇ ਹਾਲ ਹੋ ਰਹੀ ਸੀ। ਦੁਕਾਨ ਦੇ ਅੱਗੇ ਆਈਆਂ। ਵੈਦ ਜੀ ਅਜੇ ਪੁਛਣ ਵਾਲੇ ਹੀ ਸਨ ਕਿ 'ਕੀ ਹੋਇਆ ?' ਉਹ ਬੱਚਾ ਚੁਕੇ ਵਾਲੀ ਜਨਾਨੀ ਨੇ ਕਿਲਕ ਕੇ ਡਾਢੀ ਦਰਦ ਤੇ ਰਹਿਮ ਭਰੀ ਵਿਲਕਵੀਂ ਆਵਾਜ਼ ਵਿਚ ਕਿਹਾ "ਵੇ ਭਾਈ ! ਵੇ ਭਾਈ !! ਮੈਂ ਲੁੱਟੀ ਗਈ, ਮੇਰਾ ਬੱਚਾ ਗੁੰਮ ਹੋ ਗਿਆ। ਮੈਂ ਰੰਡੀ (ਵਿਧਵਾ) ਦੀ ਜਾਨ ਦਾ ਸਹਾਰਾ ਜਾਂਦਾ ਰਿਹਾ। ਮੈਨੂੰ ਸੰਸਾਰ ਅਨ੍ਹੇਰ ਹੋ ਗਿਆ। ਵੇ ਭਾਈ ! ਤੂੰ ਹੀ ਰਾਜ਼ੀ ਕਰ ਦੇ ! ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਸੇਵਾ ਕਰਨ ਆਈ ਮੈਂ ਲੁਟੀ ਗਈ, ਮੈਂ ਘਰੋਂ ਘਾਟੋਂ ਲੁਟੀ ਗਈ ! ਮੇਰਾ ਬੱਚਾ ਮਰ ਗਿਆ। ਹਾਇ ਹਾਇ ਮੇਰਾ ਬੱਚਾ, ਮੇਰਾ ਰੰਡੀ ਦਾ ਬੱਚਾ ਮਰ ਗਿਆ !" ਆਦਿਕ ਆਖ ਉਸ ਨੇ ਅਸਮਾਨ ਸਿਰ ਉਤੇ ਚੁਕ ਲਿਆ। ਨਾਲ ਦੀ ਬੀਬੀ ਉਸ ਦੀ ਜਵਾਨ ਧੀ ਤੇ ਉਸ ਨਿੱਕੇ ਬੱਚੇ ਦੀ ਭੈਣ ਸੀ। ਉਹ ਉਸ ਕਾਕੇ ਨੂੰ ਜਫੀਆਂ ਪਾਵੇ, ਮੂੰਹ ਚੁਮੇ ਤੇ ਬਿਹਬਲ ਹੋਈ ਹੋਈ ਮਰਦੀ ਜਾਵੇ। ਬਾਕੀ ਦੀਆਂ ਜ਼ਨਾਨੀਆਂ ਨੇ ਭੀ ਹਮਦਰਦੀ ਵਜੋਂ ਰੋਣਾ ਤੇ ਸ਼ੋਰ ਪਾਉਣਾ ਸ਼ੁਰੂ ਕੀਤਾ ਹੋਇਆ ਸੀ। ਵੇਖਣ ਵਾਲੇ ਭੀ ਆ ਜਮਾ ਹੋਏ ਦੁਕਾਨ ਅੱਗੇ ਖਾਸਾ ਜਮਘਟਾ ਹੋ ਗਿਆ।

'ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਸੇਵਾ ਕਰਨ ਆਈ ਮੈਂ ਲੁਟੀ ਗਈ' ਸੁਣ ਕੇ ਵੈਦ ਜੀ ਨੇ ਧੀਰਜ ਦੇਂਦਿਆਂ ਕਿਹਾ 'ਨਹੀਂ, ਨਹੀਂ ! ਕਦੇ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਸੇਵਾ ਕਰਨ ਆਈ ਦਾ ਵਾਲ ਭੀ ਵਿੰਗਾ ਹੋਵੇ, ਗੁਰੂ ਜੀ ਆਪ ਸਹਾਇਤਾ ਕਰਨਗੇ। ਕਮਲੀਏ ! ਏਥੇ ਤਾਂ ਮੁਰਦੇ ਜੀਉ ਉਠਦੇ ਤੇ ਕੋੜ੍ਹੀ ਰਾਜ਼ੀ ਹੁੰਦੇ ਹਨ ! ਨਿਰਾਸਿਆਂ ਦੀਆਂ ਆਸਾਂ ਪੁਜਦੀਆਂ ਤੇ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ।'

ਬੀਬੀ ਦੁਕਾਨ ਉਤੇ ਬੈਠ ਗਈ ਪਰ ਬੁਰਾ ਹੋਵੇ ਇਸ ਚੰਦਰੇ ਮੋਹ ਤੇ ਭੈੜੇ ਰੋਣ ਦੇ ਰਿਵਾਜ ਦਾ। ਉਹ ਮਾਂ ਧੀ ਕੋਈ ਗਲ



Digitized by Panjab Digital Library | www.panjabdigilib.org

ਹੀ ਨਾ ਸੁਣਨ। ਟੁੱਟ ਟੁੱਟ ਬੱਚੇ ਵਲ ਪੈਣ। ਰੋ ਰੋ ਫਾਵੀਆਂ ਹੋ ਰਹੀਆਂ ਤੇ ਅਸਮਾਨ ਸਿਰ ਉਤੇ ਚੁੱਕੀ ਖੜੀਆਂ ਸਨ। "ਬੱਚੇ ਨੂੰ ਗੱਦ ਵਿਚ ਲੈ ਕੇ ਬੈਠ ਜਾ" ਕਹਿੰਦੇ ਹੋਇਆਂ ਵੈਦ ਜੀ ਨੇ ਬੱਚੇ ਦੀ ਨਬਜ਼ ਫੜੀ, ਫੇਰ ਦੂਜੀ ਬਾਂਹ ਵੇਖੀ,ਐਉਂ ਪ੍ਰਤੀਤ ਹੁੰਦਾ ਸੀ ਜੋ ਰੂਹ ਉਡਾਰੀ ਲਾ ਚੁਕੀ ਹੈ। ਬੱਚੇ ਦੀ ਮਾਂ ਤੇ ਭੈਣ ਦਾ ਰੋਣਾ ਹੈਰਾਨ ਕਰ ਰਿਹਾ ਸੀ,ਕਿਸੇ ਦਾ ਕੁਛ ਸੁਣਾਈ ਨਾ ਸੀ ਦਿੰਦਾ। ਵੈਦ ਜੀ ਬਾਰ ਬਾਰ ਚੁਪ ਕਰਾ ਰਹੇ ਸਨ, ਪਰ ਉਥੇ ਸੁਣੇ ਕੌਣ? ਹੁਣ ਵੈਦ ਜੀ ਦਾ ਆਤਮਾ ਜੋਸ਼ ਵਿਚ ਆਇਆ। ਆਪ ਜ਼ਰਾ ਗੁਸੇ ਨਾਲ ਬੋਲੇ "ਚੁਪ ਕਰਦੀਆਂ ਹੋ ਕਿ ਨਹੀਂ? ਪਾਗਲੋ! ਜਾਣ ਬੁਝ ਕੇ ਮਾਰਦੀਆਂ ਹੋ! ਚੁਪ ਕਰੋ ਪਿਛਾਂ ਹਟ ਕੇ ਬੈਠ ਜਾਓ।" ਭਾਵੇਂ ਉਹ ਵਿਚਾਰੀਆਂ ਤੜਫ ਰਹੀਆਂ ਸਨ ਤੇ ਖਾਸ ਤੌਰ ਨਾਲ ਉਸ ਕਾਕੇ ਦੀ ਜਵਾਨ ਭੈਣ ਤਾਂ ਆਪਿਓਂ ਬਾਹਰ ਹੋ ਰਹੀ ਸੀ, ਪਰ ਵੈਦ ਜੀ ਦੇ ਝਿੜਕਣ ਤੇ—ਸ਼ਾਇਦ ਜੀ ਉਠਣ ਦੀ ਆਸ ਵਿਚ—ਜ਼ਰਾ ਚੁਪ ਹੋ ਗਈਆਂ। ਵੈਦ ਜੀ ਨੇ ਫੇਰ ਧੀਰਜ ਨਾਲ ਦੋਵੇਂ ਹਥਾਂ ਦੀਆਂ ਨਬਜ਼ਾਂ ਵੇਖੀਆਂ। ਨਾਸਾਂ ਅੱਗੇ ਰੂੰ ਰੱਖ ਕੇ ਸਾਹ ਦੀ ਪਰੀਖਿਆ ਕੀਤੀ। ਸਰੀਰ ਮੁਰਦਾ ਲੱਗਦਾ ਸੀ। "ਵੇ ਭਾਈ! ਜੀਉ ਉਠੂ!" ਮਾਂ ਨੇ ਪੁਛਿਆ ਹੀ ਸੀ ਕਿ ਕਾਕੇ ਦੀ ਭੈਣ ਬਿਹਬਲ ਹੋ ਕਿਲਕ ਕੇ ਲੋਥ ਨਾਲ ਚਿੰਬੜ ਗਈ।

ਮੈਂ ਪਾਸ ਹੀ ਬੈਠਾ ਪੱਖਾ ਝਲ ਰਿਹਾ ਸਾਂ। ਮੇਰੇ ਪਾਸੋਂ ਰਿਹਾ ਨਾ ਗਿਆ ਮੈਂ ਉਸ ਦੁਖੀ ਕਾਕੀ ਨੂੰ ਹਥ ਨਾਲ ਪਿਛੇ ਧਕ ਦਿਤਾ ਤੇ ਮਾਂ ਦੀ ਗੱਦ ਵਿਚੋਂ ਕਾਕੇ ਨੂੰ ਆਪਣੀ ਗੋਦ ਵਿਚ ਲੈ, ਚੌਕੜੀ ਮਾਰ ਪੱਟਾਂ ਉਤੇ ਪਾ ਲਿਆ। ਮੇਰੇ ਇਕ ਹਥ ਵਿਚ ਪੱਖਾ ਸੀ ਜੋ ਮੈਂ ਉਸ ਦੇ ਸਿਰ ਨੂੰ ਝਲ ਰਿਹਾ ਸਾਂ। ਪਿਛਲੇ ਪਾਸੇ ਦੀ ਬੜੀ ਸਾਰੀ ਅਲਮਾਰੀ ਵਿਚੋਂ ਵੈਦ ਜੀ ਨੇ ਇਕ ਸ਼ੀਸ਼ੀ ਕੱਢੀ। ਰੱਬ ਜਾਣੇ ਉਹ ਕੀ ਸ਼ੈ ਸੀ, ਪਰ ਮੈਂ ਤਾਂ ਇਸ ਨੂੰ 'ਅੰਮ੍ਰਿਤ' ਹੀ ਕਹਾਂਗਾ। ਮੂੰਹ ਅੱਡ ਕੇ ਤਿੰਨ ਚਾਰ ਬੂੰਦਾਂ ਬੱਚੇ ਦੇ ਮੂੰਹ ਵਿਚ ਪਾਈਆਂ। ਮੂੰਹ ਜਬਾੜਾ ਹਿਲਾਇਆ ਪਰ ਕੁਛ ਨਾ। ਫੇਰ ਦੋ ਤ੍ਰੈ ਮਿੰਟ ਪਿਛੋਂ ਚਾਰ ਬੂੰਦਾਂ ਪਾਈਆਂ



Digitized by Panjab Digital Library | www.panjabdigilib.org

ਪਰ ਕੋਈ ਲਾਭ ਨਾ। ਹੁਣ ਵੈਦ ਜੀ ਨੇ ਨਿਮਿਖਿਕੁ ਲਈ ਨੇਤਰ ਬੰਦ ਕੀਤੇ, ਮਾਨੋਂ ਇਸ਼ਟ ਦੀ ਅਰਾਧਨਾ ਕਰ ਰਹੇ ਹਨ ਤੇ 'ਵਾਹਿਗੁਰੂ ! ਵਾਹਿਗੁਰੂ !!' ਆਖਦਿਆਂ ਤਿੰਨ ਕੁ ਮਿੰਟ ਪਿਛੋਂ ਕੁਝ ਬੂੰਦਾਂ ਫੇਰ ਉਸ ਕਾਕੇ ਦੇ ਮੂੰਹ ਵਿਚ ਪਾਈਆਂ ਇਸ ਵਾਰੀ ਅਸਰ ਹੋ ਗਿਆ। ਕੁਛਕੁ ਚਿਰ ਪਿਛੋਂ 'ਗਰਲ' ਜੇਹੀ ਹੋਈ, ਤੇ ਦਵਾਈ ਹੇਠਾਂ ਸੰਘ ਵਿਚ ਲੰਘ ਗਈ।

ਮੈਂ ਵੈਦ ਜੀ ਦੇ ਚਿਹਰੇ ਵਲ ਆਸ ਭਰੀ ਨਿਗਾਹ ਨਾਲ ਤਕਿਆ। ਆਪ ਦੇ ਚਿਹਰੇ ਤੇ ਆਸ ਦੀ ਝਲਕ ਟਪਕ ਰਹੀ ਸੀ। ਵੈਦ ਜੀ ਦੀਆਂ ਅਖਾਂ ਮਿਟ ਗਈਆਂ, ਸਿਰ ਹਿਲਿਆ ਤੇ ਮੂੰਹੋਂ 'ਵਾਹਿਗੁਰੂ ਵਾਹਿਗੁਰੂ' ਦੀ ਆਵਾਜ਼ ਨਿਕਲੀ, ਮਾਨੋ ਆਪ ਨੂੰ ਜੀਉ ਉਠਣ ਦੀ ਆਸ ਹੋ ਗਈ। ਆਪ ਕੁਛ ਮਿੰਟ ਠਹਿਰ ਗਏ। ਦਵਾਈ ਨੇ ਅੰਦਰ ਜਾ ਆਪਣਾ ਅਸਰ ਕੀਤਾ। ਫੇਰ ਕੁਛ ਬੂੰਦਾਂ ਮੂੰਹ ਵਿਚ ਪਾਈਆਂ। ਪੰਜਵੀਂ ਵਾਰ ਪੌਣ ਤੇ ਬਚੇ ਨੂੰ ਉੱਥੂ ਆਇਆ ਤੇ ਉਸਨੇ ਅਖਾਂ ਪਟੀਆਂ, ਨਾਲ ਹੀ ਚੀਕ ਮਾਰੀ ਤੇ ਫੇਰ ਚੁਪ ਹੋ ਗਿਆ, ਅਖਾਂ ਮੀਚ ਲਈਆਂ। ਦਸਕੁ ਮਿੰਟ ਹੋਰ ਦਵਾਈ ਕਰੀ ਗਏ। ਇਕ ਹਥ ਨਬਜ਼ ਫੜੀ ਹੋਈ ਸੀ, ਕਾਕੇ ਨੇ ਅਖਾਂ ਪਟੀਆਂ ਹਥ ਹਿਲਾਏ ਤੇ ਰੋਣ ਲਗ ਪਿਆ। ਸਾਹ ਆਉਣ ਲਗ ਪਿਆ ਤੇ ਨਬਜ਼ ਬਾਕਾਇਦਾ ਚਲਣ ਲਗ ਪਈ। ਮਾਂ ਧੀ ਦੀ ਨਿਰਾਸਾ ਆਸਾ ਵਿਚ ਬਦਲ ਗਈ ਤੇ ਨਿਪੁੱਤੀ ਮਾਂ ਸਪੁੱਤੀ ਹੋ ਗਈ। ਸਾਰੀਆਂ ਚੁਪ ਕਰ ਗਈਆਂ ਤੇ "ਵਾਹਿਗੁਰੂ ਵਾਹਿਗੁਰੂ ਧੰਨ ਗੁਰੂ ਧੰਨ ਗੁਰੂ ਅਰਜਨ ਦੇਵ" ਆਖਣ ਲਗ ਪਈਆਂ। ਭਾਈ ਸਾਹਿਬ ਨੇ ਭੀ ਆਪਣੀ ਇਸ ਸਫਲਤਾ ਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ। ਇਕ ਸ਼ੀਸ਼ੀ ਵਿਚ ਦਵਾਈ ਦੇਕੇ ਪਿੰਡ ਜਾਂਦਿਆਂ ਤਕ ਥੋੜੇ ਥੋੜੇ ਚਿਰ ਪਿਛੋਂ ਮੂੰਹ ਵਿਚ ਪਾਈ ਜਾਣ ਲਈ ਤੇ ਕਲ ਨੂੰ ਫੇਰ ਜ਼ਰੂਰ ਪਤਾ ਦੇਣ ਲਈ ਕਿਹਾ। ਆਪ ਜੀ ਨੇ ਮਾਂ ਧੀ ਨੂੰ ਅਛੀ ਤਰਾਂ ਸਮਝਾ ਕੇ ਪੱਕੀ ਕਰ ਦਿਤੀ ਕਿ "ਬਚੇ ਨੂੰ ਹਵਾ ਨ ਲਗੇ ਕਪੜੇ ਵਿਚ ਲਪੇਟ ਕੇ ਰਖਣਾ ਤੇ ਆਰਾਮ ਕਰਨ ਦੇਣਾ। ਇਸ ਨੂੰ ਬੁਖਾਰ ਹੋ ਜਾਵੇਗਾ। ਫਿਕਰ ਨਾ ਕਰਨਾ। ਦਵਾਈ ਰਾਤ ਨੂੰ ਅਧੇ ਅਧੇ



Digitized by Panjab Digital Library | www.panjabdigilib.org

ਘੰਟੇ ਪਿਛੋਂ ਦਿਤੀ ਜਾਣਾ, ਵਾਹਿਗੁਰੂ ਭਲੀ ਕਰੇਗਾ।"

ਉਹ ਬਚਾ ਅਜ ਨੌ ਦਸ ਸਾਲ ਦਾ ਹਸਦਾ ਖੇਲਦਾ ਕੁਦਦਾ ਆਪਣੀ ਮਾਂ ਦੀਆਂ ਅਖਾਂ ਨੂੰ ਰੋਸ਼ਨ ਕਰ ਰਿਹਾ ਤੇ ਛਾਤੀ ਠੰਡ ਪਾ ਰਿਹਾ ਹੈ। ਮੈਂ ਖੁਦ ਭੀ ਕਈ ਵਾਰ ਉਸ ਬਚੇ ਤੇ ਉਸ ਦੀ ਮਾਂ ਨੂੰ ਮਿਲਕੇ ਬੜਾ ਹੀ ਪ੍ਰਸੰਨ ਹੋਇਆ ਹਾਂ, ਉਹ ਭੀ ਮੈਨੂੰ ਭੁਲੇ ਨਹੀਂ ਬੜੇ ਪਿਆਰ ਨਾਲ ਮਿਲਦੇ ਤੇ ਵੈਦਰਾਜ ਜੀ ਦਾ ਯਸ ਗਾਉਂਦੇ ਹਨ।

ਇਸ ਘਟਨਾਂ ਤੋਂ ਵੈਦ ਜੀ ਦੀ ਆਤਮਕ ਤੇ ਵੈਦਕ ਖੋਜ ਦਾ ਭੀ ਸੁਹਣਾ ਅਨੁਭਵ ਹੋ ਸਕਦਾ ਹੈ।

× × × × × × ×

ਮੇਰੀ ਇਕ ਅਜੀਜ਼ ਭਤੀਜੀ ਚਿਰ ਤੋਂ ਬੀਮਾਰ ਸੀ। ਉਸਦੀ ਸਿਹਤ ਦਿਨ ਬਦਿਨ ਘਟਦੀ ੨ ਮਾੜੀ ਤੋਂ ਅਤਜੰਤ ਮਾੜੀ ਹੁੰਦੀ ਜਾ ਰਹੀ ਸੀ। ਮੈਨੂੰ ਪਤਾ ਲਗਾ, ਮੈਂ ਉਸਨੂੰ ਇਲਾਜ ਕਰਵਾਉਣ ਦੇ ਖਿਆਲ ਨਾਲ ਆਪਣੇ ਪਾਸ ਲੈ ਆਇਆ। ਉਨ੍ਹੀ ਦਿਨੀ ਮੈਂ ਅੰਮ੍ਰਿਤਸਰ ਖਾਲਸਾ ਕਾਲਜ ਪਾਸ ਰਹਿੰਦਾ ਹੁੰਦਾ ਸਾਂ। ਉਸ ਲੜਕੀ ਨੂੰ ਸਿਰ ਦਰਦ ਤੇ ਹੋਰ ਸਾਰਾ ਸਰੀਰ ਟੁਟਣ ਤੋਂ ਇਲਾਵਾ ਕਦੇ ਕਦੇ ਪੇਟ ਦਰਦ ਅਜੇਹਾ ਹੁੰਦਾ ਸੀ ਕਿ ਜਾਨ ਦੇ ਲਾਲੇ ਪੈ ਜਾਂਦੇ ਸਨ। ਸਿਰ ਦਰਦ ਨਾਲ ਅੱਖਾਂ ਤਾਂ ਮਾਨੋਂ ਅੰਨ੍ਹੀਆਂ ਹੀ ਹੋ ਜਾਂਦੀਆਂ ਸਨ। ਮੇਰੇ ਪਾਸ ਹੀ ਇਕ ਦਿਨ ਉਸਦੀ ਇਹ ਹਾਲਤ ਹੋ ਗਈ। ਪੇਟ ਦਰਦ ਉਠਿਆ ਉਹ ਤੜਫਨ ਲਗ ਪਈ। ਡਾਕਟਰ ਸਦੇ ਪਰ ਹਾਲਤ ਵਿਗੜਦੀ ਹੀ ਗਈ। ਪੰਜ ਚਾਰ ਘੰਟੇ ਦੀ ਜਦੋਜਿਹਦ ਨਾਲ ਜਾਨ ਤਾਂ ਬਚ ਗਈ ਪਰ ਉਹ ਬੀਬੀ ਚਿਰ ਲਈ ਮੁਰਦਿਆਂ ਵਾਂਗ ਹੋ ਗਈ। ਕਾਕੀ ਨੂੰ ਨਾਲ ਲੈ ੫ ਅਪ੍ਰੈਲ ੧੯੩੬ ਨੂੰ ਮੈਂ ਸਵੇਰੇ ਹੀ ਵੈਦ ਜੀ ਪਾਸ ਤਰਨ ਤਾਰਨ ਪੁਜਾ ਤੇ ਸਾਰੀ ਹਾਲਤ ਦਸੀ। ਵੈਦ ਜੀ ਅਪਣੇ ਸੁਭਾਵ ਅਨੁਸਾਰ ਮੇਰੇ ਮੂੰਹੋਂ ਸਭ ਹਾਲ ਸੁਣਕੇ ਬੁਲਾਂ ਵਿਚ ਹੀ ਮੁਸਕ੍ਰਾਏ ਤੇ ਬੋਲੇ 'ਕੋਈ ਫਿਕਰ ਨ ਕਰੋ ਗੁਰੂ ਭਲੀ ਕਰੇਗਾ। ਨਬਜ਼ ਦੇਖੀ, ਦਵਾਈ ਦਿਤੀ, ਤੇ ਧੀਰਜ ਬੰਧਾਉਂਦੇ ਹੋਇਆਂ ਕਿਹਾ



Digitized by Panjab Digital Library | www.panjabdigilib.org

"ਜਾਵੋ ਹੁਣ ਅਗੋਂ ਤੋਂ ਕਦੇ ਕੋਈ ਕਿਸੇ ਕਿਸਮ ਦਾ ਦੌਰਾ ਜਾਂ ਦਰਦ ਨਹੀਂ ਹੋਵੇਗਾ।"

ਘਰ ਜਾਂਦਿਆਂ ਹੀ ਦੋਪਹਿਰ ਨੂੰ ਫੇਰ ਕੁਛ ਕੁ ਸਿਰ ਦਰਦ ਹੋਣ ਲਗ ਪਿਆ। ਮੈਂ ਦੂਜੇ ਹੀ ਦਿਨ ਮੁੜ ਵੈਦ ਜੀ ਨੂੰ ਸਿਰ ਦਰਦ ਹੋਣ ਦਾ ਹਾਲ ਦਸਿਆ। ਆਪ ਨੇ ਬੜੀ ਮਾਰੁਮਕ ਨਜ਼ਰ ਨਾਲ ਮੇਰੀ ਵਲ ਵੇਖਦਿਆਂ ਹੈਰਾਨੀ ਭਰੇ ਲਹਿਜੇ ਵਿਚ ਕਿਹਾ "ਸਿਰ ਦਰਦ ! ਉਹ ਕਿਉਂ ?" 'ਇਹ ਹੁਣ ਤੁਸੀਂ ਜਾਣੋ' ਮੈਂ ਹਸਦਿਆਂ ਕਿਹਾ। ਤਾਂ ਬੋਲੇ–

'ਕੋਈ ਬਦਪ੍ਰਹੇਜ਼ੀ ਕੀਤੀ ਹੋਊ'।

ਮੈਂ–ਬਿਲਕੁਲ ਨਹੀਂ।

ਵੈਦ ਜੀ–ਜ਼ਰੂਰ, ਹੋਰ ਕੋਈ ਕਾਰਣ ਨਹੀਂ।

ਮੈਂ–ਜੀ ! ਬਿਲਕੁਲ ਨਹੀਂ।

ਵੈਦ ਜੀ–ਫੇਰ ਸਿਰ ਦਰਦ ਤਾਂ ਕਿਸੇ ਸੂਰਤ ਵਿਚ ਨਾ ਸੀ ਹੋਣੀ ਚਾਹੀਦੀ। ਕੀ ਗਲ ਹੋਈ ?

ਦੋ ਕੁ ਮਿੰਟ ਅਸੀਂ ਦੋਵੇਂ ਹੀ ਚੁਪ ਹੋ ਗਏ। ਵੈਦ ਜੀ ਭੀ ਸ਼ਾਇਦ ਕੁਝ ਸੋਚਦੇ ਸਨ। ਏਧਰੋਂ ਮੈਂ ਭੀ ਸੱਚਾ ਸਾਂ। ਹੁਣ ਮੈਂ ਚੁਪ ਨੂੰ ਤੋੜਦੇ ਹੋਇਆਂ ਫੇਰ ਕਿਹਾ–"ਕਲ ਤਾਂ ਅਸੀਂ ਆਏ ਹੀ ਨਿਰਨੇ ਸਾਂ। ਮੁੜਦੇ ਹੋਇਆਂ ਇਕ ਖੋਏ ਦਾ ਕਲਾਕੰਦ ਤੇ ਇਕ ਕੇਲੇ ਦੀ ਫਲੀ ਉਸਨੂੰ ਮੈਂ ਆਪਣੀ ਹਥੀਂ ਲੈਕੇ ਦਿਤੀ ਸੀ, ਮੈਂ ਨਾਲ ਰਿਹਾ ਹਾਂ।"

'ਕਲਾਕੰਦ ਤੇ ਕੇਲੇ ਦੀ ਫਲੀ' ਸੁਣਦਿਆਂ ਹੀ ਵੈਦ ਜੀ ਚੌਂਕ ਉਠੇ, ਚੌਕੰਨੇ ਹੋ ਗਏ। ਮੇਰੀ ਵਲ ਨੂੰ ਜਲਾਲ ਰਤੀ ਨਜ਼ਰੇ ਵੇਖਦੇ ਹੋਏ ਵਜੰਗ ਬਚਨ ਦੁਆਰਾ ਬੋਲੇ 'ਸੰਖੀਆ ਨਾ ਸੀ ਮਿਲਦਾ ? ਮੈਂ ਹੈਰਾਨ ਹੋ ਗਿਆ ਤੇ ਹੁਣ ਮੈਨੂੰ ਆਪਣੀ ਬੇਸਮਝੀ ਦਾ ਪਤਾ ਲਗਾ।

ਮੈਂ ਆਪਣੀ ਵਲੋਂ ਕੋਈ ਬਦਪ੍ਰਹੇਜ਼ੀ ਨਾ ਸੀ ਕੀਤੀ, ਪਰ ਇਹ ਦੋਵੇਂ ਚੀਜ਼ਾਂ ਕਲਾਕੰਦ ਤੇ ਕੇਲਾ, ਰੋਗੀ ਲਈ ਅਤੀ ਹਾਨੀਕਾਰਕ ਸਨ, ਇਸੇ



Digitized by Panjab Digital Library | www.panjabdigilib.org

ਲਈ ਵੈਦ ਜੀ ਨੇ ਤਾਅਨੇ ਨਾਲ ਮੈਨੂੰ ਇਉਂ ਕਿਹਾ। ਫੇਰ ਬੋਲੇ "ਵਾਹ ਦੁਖੀ ਜੀ! ਅਜੇ ਆਖਦੇ ਹੋ 'ਕੋਈ ਬਦਪਰਹੇਜ਼ੀ ਨਹੀਂ ਕੀਤੀ!ਕੀ ਇਹ ਬਦਪਰਹੇਜ਼ੀ ਨਹੀਂ?ਇਹ ਤਾਂ ਦੋਵੇਂ ਚੀਜ਼ਾਂ ਰੋਗੀ ਲਈ ਜ਼ਹਿਰ ਹਨ।"

ਹੁਣ ਮੈਨੂੰ ਸਮਝ ਪਈ ਕਿ ਕਸੂਰ ਮੇਰਾ ਹੀ ਸੀ। ਅਸਲ ਗਲ ਇਹ ਹੈ ਕਿ ਕੜਾਹ ਨੂੰ ਨਰਮ ਤੇ ਹਲਕੀ ਖੁਰਾਕ ਸਮਝਣ ਵਾਲੇ ਅਸੀਂ ਕੀ ਜਾਣੀਏ ਕਿ ਵੈਦ ਲੋਕ ਖੋਏ ਦੇ ਕਲਾਕੰਦ ਨੂੰ ਭੀ ਜ਼ਹਿਰ ਦੀ ਤੁਲਨਾ ਦੇ ਸਕਦੇ ਹਨ।

ਇਕ ਦੋ ਵਾਰ ਹੋਰ ਦਵਾਈ ਲੈ ਜਾਣ ਨਾਲ ਉਹ ਕਾਕੀ ਹੁਣ ਆਰਾਮ ਨਾਲ ਆਪਣੇ ਘਰ ਵਸਦੀ ਰਸਦੀ ਹੈ। ਨਾ ਸਿਰ ਦਰਦ ਤੇ ਨਾ ਪੇਟ ਦਰਦ ਦੀ ਸ਼ਿਕਾਇਤ ਹੈ,ਅਖਾਂ ਦੀ ਜੋਤ ਨੂੰ ਭੀ ਮੁੜ ਕੋਈ ਖਿਚ ਨਹੀਂ ਪਈ।

ਇਸੇ ਹੀ ਤਰ੍ਹਾਂ ਮੈਂ ਕਈ ਵਾਰ ਕਈ ਲਾ ਇਲਾਜ ਰੋਗੀਆਂ ਨੂੰ ਏਥੇ ਸਫਲਤਾ ਪੂਰਬਕ ਰਾਜ਼ੀ ਹੁੰਦੇ ਦੇਖਿਆ ਹੈ। ਇਹ ਮਾਮੂਲੀ ਜੇਹੀਆਂ ਹੱਡ ਬੀਤੀਆਂ ਘਟਨਾਵਾਂ ਮੈਂ ਨਮੂਨੇ ਵਜੋਂ ਪੇਸ਼ ਕੀਤੀਆਂ ਹਨ।

## *ਮੇਰੀ ਨਜ਼ਰੀਂ*

ਮੇਰੀ ਨਜ਼ਰ ਵਿਚ ਵੈਦ ਜੀ ਸਤਿਗੁਰਾਂ ਦੇ ਅਨੱਨ ਭਗਤ ਸਨ, ਗੁਰਸਿਖੀ ਆਪ ਦਾ ਜੀਵਣਾਧਾਰ ਸੀ। ਨਿੱਤ ਨੇਮ ਪਾਠ ਕੀਤੇ ਬਿਨਾਂ ਆਪ ਅੰਨ ਖਾਣਾ ਪਾਪ ਸਮਝਦੇ ਸਨ। ਜਿਥੇ ਧਨ ਦਾ ਦਸਵੰਸ ਕਢਦੇ ਸਨ ਓਥੇ ਤਨ ਮਨ ਤੇ ਸਮੇਂ ਦਾ ਭੀ ਦਸਵੰਸ ਕਢਣਾ ਜ਼ਰੂਰੀ ਖਿਆਲ ਕਰਦੇ ਸਨ। ਉਹ ਜਾਣਦੇ ਸਨ ਕਿ ਮਿਠਾਸ ਤੇ ਪਿਆਰ ਨਾਲ ਸੰਸਾਰ ਸੁਖਾਲਾ ਵਸ ਕੀਤਾ ਜਾ ਸਕਦਾ ਹੈ। ਅਹੰਕਾਰ ਤੇ ਲਾਲਚ ਭਾਵੇਂ ਇਸ ਪੰਜ ਭੂਤਕ ਸਰੀਰ ਦਾ ਖਾਸਾ ਹੀ ਹੈ ਪਰ ਉਹ ਜਾਣਦੇ ਸਨ ਕਿ ਇਸ ਤੋਂ ਦੂਰ ਰਿਹਾਂ ਹੀ ਵਾਹਿਗੁਰੂ ਦੀ ਨਜ਼ਦੀਕੀ ਪ੍ਰਾਪਤ ਹੋ ਸਕਦੀ ਤੇ ਲੋਕ ਪ੍ਰਲੋਕ ਦਾ ਸੁਖ ਮਿਲ ਸਕਦਾ ਹੈ।



Digitized by Panjab Digital Library | www.panjabdigilib.org

ਇਸੇਤਰ੍ਹਾਂ ਮੇਰੀ ਨਜ਼ਰ ਵਿਚ ਵੈਦ ਜੀ ਦਾ ਪ੍ਰਕ੍ਰਿਤਕ ( Natural) ਸੁਭਾਵ ਭਾਵੇਂ ਕੁਝ ਗੁਸੈਲਾ ਸੀ, ਪਰ ਸਨ ਵਿਦਵਾਨ। ਗਿਆਨ, ਨੀਤੀ ਤੇ ਆਤਮਕ ਗਿਆਨ ਆਦਿ ਤਮਾਮ ਕਲਾਂ ਦੇ ਜਾਣੂ। ਉਹ ਜਾਣਦੇ ਹੀ ਨਾ ਸਨ ! ਸਗੋਂ ਜਾਣਕੇ ਉਨ੍ਹਾਂ ਉਪਰ ਚਲਦੇ ਭੀ ਸਨ। ਵਿਦਿਆ, ਗਿਆਨ, ਨੀਤੀ ਤੇ ਆਤਮਕ ਉੱਨਤੀ ਦੁਆਰਾ ਉਨ੍ਹਾਂ ਨੇ ਆਪਣੇ ਆਪ ਉਤੇ ਕਾਬੂ ਪਾਇਆ ਹੋਇਆ ਸੀ।

ਉਹ ਗੁਸੈਲੇ ਤੇ ਵਿਰੋਧੀ ਨੂੰ ਕਦੇ ਨਾ ਭੁਲਣ ਵਾਲੇ ਸੁਭਾ ਦੇ ਹੁੰਦੇ ਹੋਇਆਂ ਭੀ ਆਪਣੇ ਆਪ ਨੂੰ ਵਸ ਵਿਚ ਰੱਖਦੇ ਸਨ। ਜ਼ਬਾਨ ਉਪਰ ਉਨ੍ਹਾਂ ਦਾ ਡਾਢਾ ਕਾਬੂ ਸੀ। ਸਮੇਂ ਨੂੰ ਆਪ ਖ਼ੂਬ ਪਛਾਣਦੇ ਤੇ ਵਰਤਣ ਜਾਣਦੇ ਸਨ। 'ਕਿਸ ਨਾਲ ਕਿਸ ਵੇਲੇ ਕੇਹੋ ਜੇਹਾ ਵਰਤਣਾ ਹੈ' ਆਪ ਨੂੰ ਅਛੀ ਤਰ੍ਹਾਂ ਪਤਾ ਸੀ, ਆਪ ਬੜੀ ਦੂਰ ਦੀ ਸੋਝੀ ਵਾਲਾ ਦਿਮਾਗ ਰਖਦੇ ਸਨ।

## ਜਾਣ ਪਿਛੋਂ

ਜੇਹਾ ਕਿ ਮੈਂ ਪਿਛੇ ਦਸ ਆਇਆ ਹਾਂ। ੭ ਜੂਨ ਨੂੰ ਮੈਂ ਮੁੜ ਆਪ ਦੇ ਪ੍ਰੇਮ ਗੀਤ ਗਾਉਂਦਾ ਬੰਗਾਲ ਨੂੰ ਮੁੜ ਗਿਆ। ਮੇਰੇ ਹਿਰਦੇ ਉੱਤੇ ਆਪ ਦੇ ਪ੍ਰੇਮ, ਗਿਆਨ, ਨਿਰਮਾਣਤਾ ਤੇ ਅਮਲੀ ਜੀਵਨ ਆਦਿ ਦਾ ਡਾਢਾ ਅਸਰ ਹੋਇਆ, ਤੇ ਮੈਂ ਆਪਣੇ ਆਪ ਨੂੰ ਵੈਦ ਜੀ ਦੇ ਉਪਕਾਰਾਂ ਦੇ ਭਾਰ ਹੇਠ ਦਬਿਆ ਹੋਇਆ ਮਹਿਸੂਸ ਕਰਨ ਲੱਗਾ। ਤੁਰਦਿਆਂ ਹੋਇਆਂ ਮੈਂ ਭੌਚਕ ਜੇਹਾ ਹੋਣ ਦੇ ਕਾਰਣ 'ਧੰਨਵਾਦ' ਦੇ ਚਾਰ ਅਖਰ ਭੀ ਨਾ ਆਖ ਸਕਿਆ। ਕਲਕਤੇ ਪਹੁੰਚ ਕੇ ਭੀ ਮਹੀਨਾ ਲੰਘ ਗਿਆ,ਕੋਈ ਖਤ ਨ ਭੇਜਿਆ, ਪਰ ਕਦ ਤਕ ?, ਆਖੀਰ ਨੂੰ ਇਹ ਕ੍ਰਿਤਗਜਤਾ ਦਾ ਭਾਰ ਚੁਪ ਚਾਪ ਸਹਿਣਾ ਦੁੱਭਰ ਹੋ ਗਿਆ। ਮਨ ਹਲਕਾ ਕਰਨ ਲਈ ਮੈਂ ਇਕ ਚਿਠੀ ੬ ਜੁਲਾਈ ੧੯੩੧ ਨੂੰ ਕਲਕਤਿਓਂ ਲਿਖੀ ਜੋ ਇਸਤਰ੍ਹਾਂ ਹੈ:–



Digitized by Panjab Digital Library | www.panjabdigilib.org

ਮਹਾਂਨ ਕ੍ਰਿਪਾਲੂ ਵੈਦ ਰਾਜ ਜੀਓ !

ਆਪ ਦੇਪਿਆਰ, ਕ੍ਰਿਤੱਗਜਤਾ, ਗੌਰਵਤਾ, ਸੱਤਜਤਾ, ਅਨਭਵ ਅਤੇ ਸੱਚੇ ਸੁੱਚੇ ਅਮਲੀ ਜੀਵਨ ਦੇ ਭਾਰ ਹੇਠ ਦੱਬੇ ਹੋਏ 'ਦੁਖੀ' ਦੀ ਸੁਰਤਿ ਐਨੀ ਦਬੀ ਰਹੀ ਕਿ 'ਅੱਜ ਕਲ ਅੱਜ ਕਲ' ਕਰਦਿਆਂ ਚਿੱਠੀ ਲਿਖਣ ਨੂੰ ਹੀ ਮਹੀਨੇ ਦੇ ਲਗ ਭਗ ਹੋ ਗਿਆ ਹੈ, ਹੀਆ ਹੀ ਨ ਪਿਆ।

ਸੰਸਾਰ ਵਿਚ ਸ਼ੇਰ ਨੱਥੇ ਜਾ ਸਕਦੇ ਹਨ ਪਰ ਫਕੀਰ ਨਹੀਂ ਫੜੇ ਜਾ ਸਕਦੇ। ਸੱਪ ਕੀਲੇ ਜਾ ਸਕਦੇ ਹਨ ਪਰ ਮਲੰਗ ਨਹੀਂ ਬੱਝੀਂਦੇ। ਪੰਛੀ ਫਾਹੇ ਜਾ ਸਕਦੇ ਹਨ ਪਰ ਮਨ ਨਹੀਂ ਫੜੇ ਜਾ ਸਕਦੇ। ਮੇਰਾ ਭੀ ਉਪ੍ਰੋਕਤ ਉਦਾਹ-ਰਣ ਅਨੁਸਾਰ ਵਿਚਾਰ ਸੀ। ਮੈਂ ਭਖਾਰੀ ਹੁੰਦਾ ਹੋਇਆ ਭੀ ਦੁਨੀਆਂ ਉੱਤੇ ਬਾਦਸ਼ਾਹਾਂ ਨੂੰ ਟਿਚਕਰਾਂ ਕਰਦਾ ਰਿਹਾ ਹਾਂ, ਕੰਗਾਲ ਹੋਕੇ ਸ਼ਾਹਾਂ ਨੂੰ ਧ੍ਰਿਕਾਰਦਾ ਸਾਂ, ਬੇ ਅਕਲ ਹੋ ਕੇ ਅਕਲਮੰਦਾਂ ਦੀ ਈਨ ਨਾ ਮੰਨੀ। ਅਮ੍ਰੀਕਾ ਵਰਗੇ ਧਨੀ ਦੇਸ ਵਿਚ ਜਿਥੇ ਕਿਸੇ ਦਾ ਗਰੀਬ ਹੋਣਾ ਅਸੰਭਵ ਜੇਹਾ ਹੈ, ਮੇਰੇ ਜੇਹਿਆਂ ਨੇ ਕਿਸੇ ਅਨੋਖੀ ਧੁਨਿ ਵਿਚ ਆਕੇ, ਸਭ ਕੁਛ ਗਵਾਕੇ, ਦਿਨਾਂ ਬੱਧੀ, ਹਫਤਿਆਂ ਬੱਧੀ ਫਾਕੇ ਕੱਟੇ, ਪਰ ਕੱਟੇ ਮਸਤੀ ਵਿਚ, ਅਨੰਦ ਵਿਚ, ਮਗਰੂਰੀ ਵਿਚ, ਖੁਦਸਰੀ ਵਿਚ, ਮਾਣ ਵਿਚ। ਦੁਖੀ ਦਾ ਖੁਦ-ਸਰ ਸਿਰ ਨਾ ਹੀ ਝੁਕਿਆ ਤੇ ਨਾ ਝੁਕਿਆ !

ਜਿਵੇਂ Level ਲੈਵਲ ਦਾ ਇਕ ਸਿਰਾ ਉਚਾ ਤੇ ਦੂਜਾ ਨੀਵਾਂ ਹੋਣ ਕਰ ਕੇ ਉਸਦਾ ਪਾਰਾ ਅਥਵਾ ਪਾਣੀ ਇਕ ਸਿਰੇ ਵਲ ਹੀ ਰਹਿੰਦਾ ਹੈ। ਪਰ ਜਦ ਇਕੋ ਜੇਹੀ ਜਗ੍ਹਾ ਉਪਰ ਟਿਕਾਈਏ ਤਦ ਵਿਚਕਾਰ ਆ ਜਾਂਦਾ ਹੈ। ਐਨ ਇਸੇ ਹੀ ਤਰ੍ਹਾਂ ਸੰਸਾਰ ਵਿਚ ਜਦ ਕਿਸੇ ਇਕ ਇਨਸਾਨੀ ਜੀਵਣ ਨਾਲ ਦੂਜਾ ਇਨਸਾਨੀ ਜੀਵਨ ਟਕਰਾ ਜਾਵੇ, ਲੈਵਲ ਵਿਚ ਆ ਜਾਵੇ, ਮੂਲ ਗੁਣ, ਸੁਭਾਵ ਮਿਲ ਜਾਣ ਤਦ ਉਹ ਖੁਦ ਬਖੁਦ ਇਕ ਦੂਜੇ ਨਾਲ ਮਿਲ ਜਾਂਦੇ ਹਨ। ਓਹਨਾਂ ਦਾ ਜੀਵਨ ਸ੍ਰੋਤ ਆਪਣੇ ਆਪ ਇਕ ਹੋ ਜਾਂਦਾ ਹੈ। ਉਹ ਇਕ ਦੂਜੇ ਦੀ ਵਡਾਈ, ਛੁਟਾਈ, ਗੌਰਵਤਾ, ਤੁੱਛਤਾ, ਆਪਣੇ ਆਪ ਜਾਣ ਜਾਂਦੇ, ਪਛਾਣ ਜਾਂਦੇ ਤੇ ਅਨੁਭਵ ਕਰ ਲੈਂਦੇ ਹਨ।

ਮੇਰੇ ਦਾਤੇ ਵੈਦ ਰਾਜ ਜੀਓ ! ਮੈਂ ਫੋਕੀ ਵਡਿਆਈ ਨੂੰ ਨਿੰਦਨੀਯ ਸਮਝਦਾ ਹਾਂ। ਸੰਸਾਰੀ ਅਨੇਕ ਰਸਮਾਂ ਰਵਾਜਾਂ ਨੂੰ ਨਹੀਂ ਮੰਨਦਾ, ਖੁਸ਼ਾਮਦ ਨੂੰ ਗੁਨਾਂਹ ਸਮਝਦਾ ਹਾਂ, ਪਰ ਸੱਚ ਨੂੰਭੀ ਨਹੀਂ ਛਿਪਾਸਕਦਾ। ਸੰਸਾਰ ਦੇਕਈ ਪ੍ਰੇਮੀ ਬੰਦਿਆਂ ਵਾਂਗ ਮੇਰੇ ਦਿਲ ਵਿਚ ਆਪਦਾ ਚਾਉ ਸੀ, ਮਾਣ ਸੀ, ਪਿਆਰ ਸੀ ਤੇ



Digitized by Panjab Digital Library | www.panjabdigilib.org

ਅਦਬ ਸੀ,ਪਰ ਹੁਣ ਉਜੇਹਾ ਨਹੀਂ। ਹੁਣ ਉਹ ਸਾਰਾ ਹੀ ਜਾਂਦਾਂ ਰਿਹਾ ਹੈ। ਹੁਣ ਕਿਸੇ ਹੋਰ ਚੀਜ਼ ਨੇ ਮੇਰੇ ਹਿਰਦੇ ਵਿਚ ਘਰ ਕਰ ਲਿਆ ਹੈ। ਹੁਣ ਕ੍ਰਿਤਗਜਤਾ ਦਾ ਫੋਟੋ ਚਿਤ੍ਰਿਆ ਗਿਆ ਹੈ। ਦਾਤੇ-ਪਨ ਦਾ ਚਿਤ੍ਰ ਅਨੰਦ ਕਰ ਰਿਹਾ ਹੈ।

ਮੇਰੇ ਅਦੁਤੀ ਪਿਆਰੇ ਦਾਤਾਰ ਸ਼ਾਹ ਜੀਉ ! ਅਝਕ ਅਤੇ ਹਿਰਦੇ ਦੀ ਤਹਿ ਵਿਚੋਂ ਬੇਖੌਫ ਹੋਕੇ ਮੈਂ ਕਹਿ ਰਿਹਾ ਹਾਂ ਕਿ ਆਪ ਦੇ ਨਾਲ ਤਿੰਨ ਮਹੀਨੇ ਕੱਟਕੇ ਮੈਂ ਇਕ ਜੀਵਨ ਦੇ ਅਦੁਤੀ ਸਾਥੀ ਨੂੰ ਲਭ ਲਿਆ ਹੈ। ਦਾਤੇ ਬੇਸ਼ਕ ਸੰਸਾਰ ਵਿਚ ਅਨੇਕ ਹਨ, ਪਰ ਮੇਰੇ ਜੇਹੇ ਅਦੁਤੀ 'ਦੁਖੀ' ਭਿਖਾਰੀ ਦੇ ਦਿਲ ਨੂੰ ਅਣੋਖੀ ਦਾਨ ਧਾਰਾ ਵਿਚ ਮਗਨ ਕਰਨ ਵਾਲੇ ਦਾ ਖੋਜ ਮਿਲ ਗਿਆ।

ਸਜਣ ਜੀਓ ! ਮੈਂ ਭੀ ਸੰਸਾਰ ਵਿਚ ਅਨੇਕ ਸੱਟਾਂ ਖਾਧੀਆਂ। ਹਜ਼ਾਰਾਂ ਮਿਤ੍ਰ ਕੁਮਿਤ੍ਰ ਵੇਖੇ। ਅਨੰਤ ਵਿਦਵਾਨ ਸਿਆਣੇ ਤੇ ਦਾਨੀ ਦੇਖੇ, ਪਰ ਕਿਸੇ ਨੂੰ ਅਖ ਤਲੇ ਨਾ ਲਿਆਂਦਾ। ਮੈਂ ਗ੍ਰੀਬ ਹਾਂ, ਪਰ ਅਮੀਰਾਂ ਤੋਂ ਧਨੀ, ਫਕੀਰ ਹਾਂ ਪਰ ਰਾਜਿਆਂ ਦਾ ਰਾਜਾ, ਕੰਗਾਲ ਹਾਂ ਪਰ ਸ਼ਾਹਾਂ ਦਾ ਸ਼ਾਹ, ਪਰ ਆਪਦੇ ਦਰ ਦੀ ਭਿਖਿਆ ਅਨੰਦ ਹੈ। ਮੈਂ ਆਪਦਾ ਭਿਖਾਰੀ ਹੀ ਰਹਾਂਗਾ। ਆਪ ਦਾ ਭਿਖਾਰੀ ਹੋ ਕੇ ਖੁਦ ਸਰ ਹੋ ਗਿਆ ਹਾਂ। ਮੈਨੂੰ ਇਉਂ ਜਾਪਦਾ ਹੈ ਕਿ ਭਾਈ ਨੰਦ ਲਾਲ ਜੀ ਨੇ—

"ਗਦਾਏ ਕੂਏ ਤੁਰਾ ਮੈਲਿ ਬਾਦਸ਼ਾਹੀ ਨੇਸਤ"

"ਸ਼ਾਹੀ ਦੀ ਕੁਝ ਲੋੜ ਨ ਰਖਦਾ, ਫੱਕਰ ਤੇਰੇ ਦਰ:ਦਾ"

ਮੇਰ ਲਈ ਹੀ ਕਿਹਾ ਹੈ।ਜਿਸ ਭਿਖਾਰੀ ਪਨ ਤੋਂ ਲੋਕੀ ਘਿਰਣਾ ਕਰਦੇ ਹਨ, ਜਿਸ ਭਿੱਖਕ-ਪਨ ਤੋਂ ਸੰਸਾਰ ਨੂੰ ਨਫਰਤ ਹੈ,ਜਿਸ ਮੰਗਤੇ ਪਨ ਤੋਂ ਦੁਨੀਆਂ ਨੱਕ ਚਾੜ੍ਹਦੀ ਹੈ, ਆਹਾ ! ਪਿਆਰੇ ਦੇ ਦਰ ਦੀ ਉਹੀ ਭਿਖਿਆ ਮੈਨੂੰ ਮਾਣ ਦਾ ਕਾਰਨ ਹੈ, ਉਹੀ ਭਿਖਾਰੀ-ਪਨ ਮੈਨੂੰ ਪਿਆਰਾ ਹੈ, ਉਹੀ ਭਿਖਕ-ਪਨ ਮੈਨੂੰ ਗੌਰਵ ਦਾ ਕਾਰਨ ਹੈ। ਆਪ ਜੇਹੇ ਅਦੁਤੀ ਫਕੀਰ-ਦਾਤੇ ਦੇ ਦਰ ਤੋਂ ਮੰਗਤਾ-ਪਨ ਦਾ ਖਿਤਾਬ ਮਿਲ ਜਾਵੇ ਤਾਂ ਸੰਸਾਰ ਦਾ ਮੰਗਤਾ ਪਨ ਹਟ ਜਾਵੇ।

ਵੈਦ ਰਾਜ ਜੀਓ! ਆਪ ਧੰਨ ਹੋ, ਕਮਾਲ ਦੇ ਫਕੀਰ ਹੋ, ਆਪ ਨਜੂਮੀ ਹੀ ਨਹੀਂ, ਵੈਦ ਰਾਜ ਹੀ ਨਹੀਂ, ਵਿਦਵਾਨ ਹੀ ਨਹੀਂ, ਅਮੀਰ ਹੀ ਨਹੀਂ, ਸਗੋਂ ਇਸ ਤੋਂ ਅਗੇ ਕਮਾਲ ਦੇ ਫਕੀਰ ਹੋ, ਦਾਤੇ ਹੋ, ਅਨਭਵੀ ਹੋ, ਕਦਰ



Digitized by Panjab Digital Library | www.panjabdigilib.org

ਦਾਨ ਹੋ। ਸਚ ਮੁਚ ਆਪ ਸੰਸਾਰ ਦੇ ਅਦੁਤੀ ਬੰਦੇ ਹੋ। ਮੇਰਾ ਆਪਨੂੰ ਨਿਮ-ਸਕਾਰ ਹੈ। ਦੁਖੀ ਦਾ ਸਿਰ ਆਪ ਦੀ ਕ੍ਰਿਤਗਜਤਾ ਨਾਲ ਸਦਾ ਅਦਬ ਵਜੋਂ ਝੁਕਿਆ ਤੇ ਮਾਣ ਵਜੋਂ ਉੱਚਾ ਰਹੇਗਾ।

ਸੱਜਣ ਜੀ! ਇਸੇ ਕਾਰਣ ਹੀ ਮੈਂ ਆਪ ਪਾਸੋਂ ਵਿਦਾ ਹੁੰਦਾ ਹੋਇਆ ਕੁਛ ਵੀ ਕ੍ਰਿਤਗਜਤਾ ਨਾ ਪ੍ਰਗਟ ਕਰ ਸਕਿਆ। ਦਿਲ ਨੇ ਤਾਂ ਬਹੁਤ ਚਾਹਿਆ, ਪਰ ਜ਼ਬਾਨ ਬੰਦ ਹੀ ਰਹੀ।

'ਦੁਖੀ'

ਲਿਖੀਆਂ ਤਾਂ ਬਹੁਤ ਸਨ ਪਰ ਏਥੇ ਵੈਦ ਜੀ ਦੀਆਂ ਪੱਤ੍ਰਕਾਂ ਦੀਆਂ ਫੋਲਾ ਫਾਲੀ ਵਿਚੋਂ ਮੈਨੂੰ ਮੇਰੀ ਲਿਖੀ ਹੋਈ ਇਕ ਹੋਰ ਚਿਠੀ ਮਿਲੀ ਹੈ ਜੋ ਮੈਂ ਬੰਗਾਲ ਵਿਚੋਂ ਹੀ ਆਪ ਜੀ ਨੂੰ ੧੧ ਨਵੰਬਰ ੧੯੩੧ ਨੂੰ ਲਿਖੀ ਸੀ। ਉਸ ਉਪਰ ਟੀਕਾ ਟਿਪਣੀ ਦੀ ਲੋੜ ਨਹੀਂ। ਦਿਲ ਦੇ ਵਲਵਲੇ ਆਪਣੇ ਆਪ ਹੀ ਰੌਸ਼ਨੀ ਪਾ ਰਹੇ ਤੇ ਪ੍ਰਗਟ ਹੋ ਰਹੇ ਹਨ। ਉਹ ਪੱਤ੍ਰਕਾ ਇਸਤਰ੍ਹਾਂ ਹੈ:—

ਅਗਿਆਨੀ ਸੰਸਾਰ ਤੋਂ ਅਗਜਤਾ, ਦਾਨੀਆਂ ਚੋਂ ਮਹਾਂ ਦਾਨੀ, ਸਚੀਮੁਚੀ ਬ੍ਰਹਮਦਾਨੀ, ਸੰਤ ਵੈਦ ਰਾਜ ਜੀਓ!

ਲਿਖਣ ਨੂੰ ਤਾਂ ਬਹੁਤ ਦਿਲ ਕਰਦਾ ਹੈ, ਪਰ ਸਾਹਸ ਨਹੀਂ ਪੈਂਦਾ, ਹੌਂਸਲਾ ਨਹੀਂ, ਕ੍ਰਿਤਗਜਤਾ ਦਾ ਭਾਰ, ਅਦੁਤੀ ਪਿਆਰ ਦਾ ਬੋਝ ਐਨਾ ਹੈ ਕਿ ਮੇਰੀ ਨਾਸ਼ੁਕਰੀ ਧੌਣ ਨਹੀਂ ਉਠਦੀ, ਪ੍ਰੇਮ-ਸੁੰਨ ਹਿਰ੍ਹਦਾ, ਆਪ ਜੈਸੇ ਗੁਝੇ ਪ੍ਰਗਟ ਮਹਾਂ ਪਰਉਪਕਾਰੀਆਂ ਨੂੰ ਪਛਾਣਨੋਂ ਅਸਮ੍ਰਥ ਹਿਰਦਾ, ਨਾ ਅਨਭਵੀ ਹਿਰਦਾ ਅਸ਼ਕਤ ਹੈ। ਆਪ ਧੰਨ ਹੋ।

ਫਕੀਰਾਂ ਉਤੇ ਭੀ ਜਾਦੂ ਪਾ ਲੈਣ ਵਾਲੇ ਮਦਾਰੀ! ਅਤੇ ਉਡਦੇ ਪੰਛੀਆਂ ਨੂੰ ਫਾਹੁਣ ਵਾਲੇ ਪ੍ਰੇਮ ਸ਼ਿਕਾਰੀ ਜੀਓ! ਤੁਹਾਡਾ ਪ੍ਰੇਮ ਜਾਦੂ ਕਮਾਲ ਹੈ। ਆਪ ਦਾ ਸਨੇਹ ਜਾਲ ਅਦੁਤੀ ਹੈ ਤੇ ਆਪ ਦੀ ਪ੍ਰੇਮ-ਤੇਜ਼ ਭਰੀ ਪਰਮ ਅਦੁਤੀ ਤ੍ਰਿਖੀ ਅੱਖ ਤਾਂ ਕਮਾਲਾਂ ਦਾ ਕਮਾਲ ਹੈ, ਮੇਰੀ ਕੀ ਸਮਰਥਾ ਹੈ? .........ਤੜਫਨ ਅਨੰਤ ਹੈ ਪਰ ਹੈ ਸ਼ਾਂਤਵਤਾ ਭਰੀ। ਜਾਲ ਅਟੁਟ ਹੈ ਪਰ ਹੈ ਡਾਢਾ ਨਰਮ, ਪਿਆਰ ਭਰਿਆ ਤੇ ਜ਼ਿੰਦਗੀ ਬਖਸ਼। ਜਾਦੂ ਅਛੁਟ ਹੈ ਪਰ ਹੈ ਆਜ਼ਾਦੀ ਪ੍ਰਦਾਇਕ ਅਨੰਦ ਮਯ। ਇਸੇ ਜਾਦੂ ਵਿਚ ਪਾਈ ਰਖਣਾ, ਇਸੇ ਪ੍ਰੇਮ ਜਾਲ ਵਿਚ ਫਸਾਈ ਰਖਣਾ, ਇਸੇ ਕੈਦ ਵਿਚ, ਆਹੋ ਜੀ! ਇਸੇ ਪ੍ਰੇਮ-ਤੜਫਨ ਵਿਚ ਲਟਕਾਈ ਤੜਫਾਈ ਰਖਣਾ ਤੇ ਸਦਾ ਲਈ, ਜਨਮ



Digitized by Panjab Digital Library | www.panjabdigilib.org

ਜਨਮਾਤ੍ਰਾਂ ਲਈ ਇਹੀ ਪ੍ਰੇਮ ਉਪਕਾਰ ਭਰਿਆ ਅਣੀਆਲਾ ਤੀਰ ਮੇਰੇ ਪ੍ਰੇਮ-ਹੀਨ ਹਿਰਦੇ ਵਿਚ ਖੁਭਾਈ ਰਖਣਾ ਤੇ ਖੁਭਾਈ ਹੀ ਰਖਣਾ।

ਮਹਾਨ ਕ੍ਰਿਪਾਲੂ ਦਿਆਲੂ ਪ੍ਰੇਮ ਮੂਰਤਿ ਜੀਓ! ਆਪ ਦੇ ਜੀਵਨ-ਇਤਿਹਾਸ ਦੇ ਮੁਢਲੇ ਕਥਾ-ਪਤ੍ਰੇ ਹੀ ਵਾਚਕੇ ਤੇ ਆਪਣੇ ਜੀਵਨ ਵਲ ਝਾਤ ਮਾਰ ਕੇ ਡਾਢਾ ਰੋਣ ਆਉਂਦਾ ਤੇ ਕ੍ਰਿਤਗਜ਼ਤਾ ਪ੍ਰੇਮ ਤੇ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਝੁਕਦਾ ਹੀ ਰਹੇਗਾ, ਗੁਰੂ ਕਰੇ ਝੁਕਦਾ ਹੀ ਰਹੇ, ਸਦਾ ਝੁਕਿਆ ਹੀ ਰਹੇ। ਆਪਦੇ ਉਪਕਾਰਾਂ ਨੂੰ ਅਨੰਤ-ਦਿਆਲਤਾ ਨੂੰ ਤੇ ਆਪਣੀ ਖੁਸ਼ਕ ਜ਼ਿੰਦਗੀ ਵਲ ਝਾਤ ਮਾਰਕੇ 'ਪਛਤਾਵਾ' ਆਉਂਦਾ ਹੈ।

ਸ੍ਰੀ ਜੀਓ! ਇਹ ਪਛਤਾਵਾ ਪੰਦਰਾਂ ਕੁ ਵਰ੍ਹੇ ਹੋਏ ਇਕ ਵਾਰ ਹਿਰਦੇ ਸਾਗਰ ਵਿਚੋਂ ਸੁਤੇ ਛੱਲ ਵਾਂਗ ਪ੍ਰਕਾਸ਼ਤ ਹੋਇਆ ਸੀ। ਜੀਉ ਕਰਦਾ ਹੈ ਇਕ ਵਾਰ ਫਿਰ ਲਿਖਾਂ। ਆਪ ਮੇਰੀ ਢੀਠਤਾ ਵਲ ਤਕੋ ਤੇ ਹੱਸੋਗੇ:—

## ਪਛਤਾਵਾ

ਐਵੇਂ ਸੁਤਿਆਂ ਬੀਤ ਗਈ ਉਮਰ ਸਾਰੀ, ਲਈ ਖਬਰ ਨਾ ਅਪਣੇ ਆਪ ਦੀ ਮੈਂ!
ਜਗਤ ਧੰਧਿਆਂ ਵਿਚ ਗਲਤਾਨ ਹੋਇਆ, ਕੁਇ ਨਾ ਜੁਗਤਿ ਸਿਖੀ ਜਪ ਜਾਪ ਦੀ ਮੈਂ!
ਨ ਕੁਈ ਪੁੰਨ ਕੀਤਾ ਨਾ ਹੀ ਦਾਨ ਕੀਤਾ, ਕੀਤੀ ਭਗਤਿ ਨਾ ਅਲਖ ਅਮਾਪ ਦੀ ਮੈਂ!
ਨਾ ਹੀ ਧਰਮ ਕੀਤਾ ਨ ਸ਼ੁਭ ਕਰਮ ਕੀਤਾ, ਐਵੇਂ ਜਨਮ ਲੀਤਾ ਮਿਸਲ ਸਾਂਪ ਦੀ ਮੈਂ!
ਸੰਤਾਂ ਪਾਸ ਨ ਬੈਠ ਸਤਿਸੰਗ ਕੀਤਾ, ਕੋਈ ਬਿਧੀ ਨ ਕੀਤੀ ਮਿਲਾਪ ਦੀ ਮੈਂ!
ਨਾ ਹੀ ਪੈਰ ਪੂਜੇ ਪੂਜੇ ਗੁਰਮੁਖਾਂ ਦੇ, ਨ ਕੁਛ ਸੇਵ ਕੀਤੀ ਮਾਈ ਬਾਪ ਦੀ ਮੈਂ!
ਸਾਧਾਂ ਨਾਲ ਮਿਲਿ ਸਾਧਨਾਂ ਨਹੀਂ ਸਾਧੀ, ਬੂਟੀ ਨਹੀਂ ਪੀਤੀ ਤਿਨ ਤਾਪ ਦੀ ਮੈਂ!
ਤਾੜੀ ਮਾਰ ਨ ਬੈਠਿਆ ਪਦਮ ਆਸਣ, ਕੀਤੀ ਤਾਪਨਾ ਨਹੀਂ ਅਤਾਪ ਦੀ ਮੈਂ!
ਪਾਯਾ ਗੁਰੂ ਨਾ ਗੁਰੂ ਦੀ ਸਾਰ ਲੱਧੀ, ਥਪੀ ਥਾਪਨਾਂ ਨਹੀਂ ਅਥਾਪ ਦੀ ਮੈਂ!
ਪ੍ਰੀਤਮ ਪ੍ਰੇਮ ਦੇ ਰੰਗ ਨਾ ਰੰਗ ਹੋਇਆ, ਕੀਤੀ ਜਾਪਨਾਂ ਨਹੀਂ ਅਜਾਪ ਦੀ ਮੈਂ!
ਜੀਅ ਨਾਲ ਨਾ ਪੀਅ ਦੇ ਗੀਤ ਗਾਏ, ਬੱਧੀ ਤਾਰ ਨਾ ਪ੍ਰੇਮ ਅਲਾਪ ਦੀ ਮੈਂ!
ਨ ਕੁਛ ਦਯਾ ਨ ਖਿਮਾ ਨ ਮਿਹਰ ਕੀਤੀ, ਮਾਨ ਮੱਤਿਆ ਰਿਹਾ ਹੈਂਕੜ ਆਪ ਦੀ ਮੈਂ!
ਮਹਾਂਪੁਰਖ ਦਾ ਜਾਣਨਾ ਜਾਣਿਆ ਨਾ, ਲੁਡੀ ਘਤ ਛਡੀ ਲਾਫ ਗਾਪ ਦੀ ਮੈਂ!
ਪਰਮਾਨੰਦ ਵਿਚ ਬੈਠ ਨਾ ਧੁਨਾ ਕਢੀ, ਬਾਘੀ ਪਾਉਂਦਾ ਰਿਹਾ ਬ੍ਰਿਲਾਪ ਦੀ ਮੈਂ!



Digitized by Panjab Digital Library | www.panjabdigilib.org

ਮਹਾਂ ਜੋਤ ਦਾ ਚਾਨਣਾ ਵੇਖਿਆ ਨਾ, ਕਟੀ ਜ਼ਿੰਦਗੀ ਰਾਤ ਪ੍ਰਲਾਪ ਦੀ ਮੈਂ !
ਭਾਉ ਭਗਤਿ ਨਾ ਪ੍ਰੀਤਿ ਦੀ ਰੀਤ, ਕੀਤੀ, ਕੂੜ ਰਾਸ ਕੱਠੀ ਭਾਰੀ ਕਾਂਪ ਦੀ ਮੈਂ !
ਸਹਿਜ ਸਬਰ ਸੰਤੋਖ ਨਾ ਤੋਖ ਹੋਯਾ, ਸੇਵਾ ਰਿਹਾ ਕਰਦਾ ਆਸਾਧ੍ਰਾਪ ਦੀ ਮੈਂ !
ਗੱਲਾਂ ਨਾਲ ਬਣਿਆ ਰਿਹਾ ਬ੍ਰਹਮ ਗਯਾਨੀ, ਸਿਖੀ ਨਾਪਨਾ ਨਹੀਂ ਅਨਾਪ ਦੀ ਮੈਂ !
ਜਨਮ ਮਰਨ ਦਾ ਦੁਖ ਨਾ ਦੂਰ ਕੀਤਾ, ਸਗੋਂ ਪਾ ਲਈ ਰਾਸ ਸੰਤਾਪ ਦੀ ਮੈਂ !
ਕਠਨ ਗੇੜ ਚੁਰਾਸੀ ਦਾ ਤੋੜਿਆ ਨਾਂ, ਉਲਟਿ ਕਰੀ ਭਾਰੀ ਗੰਢ ਪਾਪ ਦੀ ਮੈਂ !
ਦੁਨੀਆਂ ਵਿਚ ਆਇਆ ਨਫਾ ਖਟਣੇ ਨੂੰ, ਹਥੋਂ ਰਕਮ ਗੁਆ ਲਈ ਆਪ ਦੀ ਮੈਂ !
ਰੋਗ ਕਟਣੇ ਨੂੰ ਮਨੁਖ ਦੇਹਿ ਪਾਈ, ਹਥੋਂ ਮਰਜ਼ ਲਾਈ ਵਿੱਕ ਤਾਪ ਦੀ ਮੈਂ !
ਸੌਦਾ ਕਰਨ ਕਸਤੂਰੀ ਦਾ ਭੇਜਿਆ ਸੀ, ਸਾਈ ਕੋਲਿਆਂ ਨੂੰ ਦਿਤੀ ਆਪ ਦੀ ਮੈਂ !
ਭੋਗ ਭੋਗਦਾ ਭੋਗਦਾ ਭੋਗਿਆ ਗਿਆ, 'ਦੁਖੀ' ਉਮਰ ਭੋਗੀ ਕਿਸੇ ਸ੍ਰਾਪ ਦੀ ਮੈਂ !

ਆਪ ਦਾ ਮਹਾਨ ਕ੍ਰਿਤੱਗਜ 'ਦੁਖੀ'

ਸਮਾਂ ਆਪਣੀ ਅਟਲ ਚਾਲ ਨਾਲ ਚਲਦਾ ਗਿਆ। ਮੇਰੀ ਹਾਲਤ ਹੋਰ ਦੀ ਹੋਰ ਹੋ ਗਈ। ਮੈਨੂੰ ਫੇਰ ਸਮੇਂ-ਸਮੁੰਦ੍ਰ ਦੀਆਂ ਭਿਆਨਕ ਕਸ਼ਟ ਲਹਿਰਾਂ ਨਾਲ ਟਕਰਾਉਣਾ ਪਿਆ, ਪਰ ਮੈਂ ਇਹ ਗਲ ਮਾਨ ਤੇ ਫਖਰ ਨਾਲ ਆਖ ਸਕਦਾ ਹਾਂ ਕਿ ਹੁਣ ਮੈਨੂੰ ਇਸ ਮਿਥਿਆ ਸੰਸਾਰ ਵਿਚ ਇਕ ਸੱਚੇ ਸਾਥੀ ਦਾ ਸਹਾਰਾ ਸੀ। ਵੈਦ ਜੀ ਮੈਨੂੰ ਹਰ ਔਖੇ ਸਮੇਂ ਯਾਦ ਆਉਂਦੇ ਰਹੇ। ਦਵਾਈ ਦਾਰੂ, ਵੈਦਕ ਪੁਸਤਕਾਂ ਤੇ ਹੋਰ ਹਰ ਤਰ੍ਹਾਂ ਦੀ ਮਦਦ ਮੈਨੂੰ ਸਦਾ ਆਪ ਜੀ ਵਲੋਂ ਹਰ ਹਾਲਤ ਵਿਚ ਮਿਲਦੀ ਰਹੀ।

× × × × × × ×

ਅਜੇਹੇ ਕ੍ਰਿਪਾਲੂ ਗੁਣਗ੍ਰਾਹੀ ਤੇ ਕਦਰਦਾਨ ਸਜਣ ਦੇ ਅਚਾਨਕ ਗੁਰਪੁਰ ਪਧਾਰਨ ਕਾਰਨ ਮੇਰੇ ਜੇਹੇ ਖੁਦਗਰਜ਼ ਦੇ ਲਾਲਚੀ ਹਿਰਦੇ ਨੂੰ ਦੁਖ ਹੋਣਾ ਇਕ ਸੁਭਾਵਕ ਗਲ ਸੀ!

ਮੈਂ ਉਨ੍ਹੀਂ ਦਿਨੀ ਸ਼ਿਮਲੇ ਵਿਚ ਸਾਂ ਜਦ ਭਾਈ ਸਾਹਿਬ ਜੀ ਨੇ ਪ੍ਰਲੋਕ ਗਮਨ ਕੀਤਾ, ਖਬਰ ਲਗਣ ਤੇ ਜੋ ਸਤਰਾਂ ਮੈਂ ਆਪ ਦੇ ਸਪੁਤ੍ਰ ਨੂੰ ਲਿਖੀਆਂ ਉਹ ਇਸਤਰਾਂ ਸਨ:—



Digitized by Panjab Digital Library | www.panjabdigilib.org

ਸਿਮਲਾ ਈਸਟ, ੯-੧੦-੩੬

"ਤ੍ਰਿਲੋਕ ਸਿੰਘ! ਰਾਤ ਨੌ ਵਜੇ ਸ੍ਰ:ਗੁਰਦਿਆਲ ਸਿੰਘ ਤੋਂ ਪਤਾ ਲਗਾ ਕਿ ਭਾਈ ਸਾਹਿਬ ਜੀ ਸਵਰਗ ਵਾਸ ਹੋ ਗਏ। ਮੈਨੂੰ ਪਤਾ ਨਹੀਂ ਲਗਦਾ ਕਿ ਤੁਹਾਨੂੰ ਕੀ ਲਿਖਾਂ? ਮੈਂ ਤੁਹਾਨੂੰ ਲਿਖਾਂ ਕਿ ਤੁਸੀਂ ਮੈਨੂੰ ਲਿਖੋਗੇ? ਮੇਰਾ ਸੰਬੰਧੀ ਤੁਰ ਗਿਆ ਕਿ ਤੁਹਾਡਾ ਪਿਆਰਾ ਪਿਤਾ ਚਲ ਬਸਿਆ? ਮੈਂ ਵਧੀਕ ਹਮਦਰਦੀ ਦਾ ਹਕਦਾਰ ਹਾਂ ਕਿ ਤੁਸੀਂ? ਨਿਰਸੰਦੇਹ ਭਾਈ ਸਾਹਿਬ ਜੀ ਇਕ ਅਦੁਤੀ ਆਤਮਾ ਸਨ।

ਭਾਵੇਂ ਸਾਧਾਰਨ ਅੱਖ ਨਾਲ ਉਨ੍ਹਾਂ ਦਾ ਜੀਵਨ ਸਾਧਾਰਨ ਜਾਪੇ, ਪਰ ਵਿਚਾਰ ਭਰੀ ਅੱਖ ਨਾਲ, ਗੋਝ ਭਰੀ ਅੱਖ ਨਾਲ, ਸਿਆਣਪ ਭਰੀ ਅਖ ਨਾਲ ਉਹ ਬੇਮਿਸਾਲ ਦੈਵੀ ਤੇ ਅਲੌਕਿਕ ਜੀਵਣ ਦੇ ਮਾਲਕ ਸਨ; ਤੁਸੀਂ ਆਪ ਸਿਆਣੇ ਹੋ ਮੈਂ ਕੀ ਲਿਖਾਂ? ਭਾਈ ਸਾਹਿਬ ਦੇ ਚਲਾਣੇ ਨਾਲ ਮੇਰੇ ਹਿਰਦੇ ਨੂੰ ਨਾ ਰਾਜ਼ੀ ਹੋਣ ਵਾਲੀ ਸੱਟ ਲੱਗੀ ਹੈ। ਜਿਸ ਯੋਗ ਹਾਂ ਸੇਵਾ ਲੈ ਕੇ ਮਾਣ ਬਖਸ਼ਣਾ ਤੇ ਮੇਰੀ ਆਤਮਾ ਨੂੰ ਸੰਤੁਸ਼ਟ ਅਤੇ ਸ਼ਾਂਤਿ ਕਰਨਾ!

........ਮੈਂ ਕੀ ਕਰਾਂ ਦਸੋ ਨਾ? ਅਨ੍ਹੇਰ ਹੋ ਗਿਆ, ਮੇਰਾ ਇਕੋ ਇਕ ਹਮਦਰਦ, ਮਦਦਗਾਰ, ਪ੍ਰੇਮੀ, ਦਾਨੀ, ਰਾਖਾ, ਸਾਥੀ, ਪਹਿਲ ਕਰ ਗਿਆ। ਜ਼ਬਰਦਸਤ ਸੀ ਨਾ! ਮੁਹਤ ਕਰ ਗਿਆ। ਮੇਰੀ ਵਾਰੀ ਲੈ ਗਿਆ। ਕੁਛ ਲਿਖੋਗੇ? ਕਿਉਂ?

'ਦੁਖੀ'

ਹੁਣ ਮੇਰੇ ਦਿਲ ਵਿਚ ਚਾਹ ਪੈਦਾ ਹੋਈ ਜੋ ਇਸ ਮਹਾਂਪੁਰਖ ਦਾ ਜੀਵਨ ਲਿਖਿਆ ਜਾਵੇ, ਜਿਸਤੋਂ ਸੰਸਾਰ ਨੂੰ ਆਪ ਦੇ ਆਦਰਸ਼ਕ ਜੀਵਣ ਤੋਂ ਗਾਡੀ ਰਾਹ ਮਿਲੇ। ਮੈਂ ਇਨ੍ਹਾਂ ਖਿਆਲਾਂ ਵਿਚ ਹੀ ਕਈ ਦਿਨ ਸੋਚਦਾ ਰਿਹਾ ਕਿ ਐਨ ਏਹੀ ਖਿਆਲ ਆਪਦੇ ਸਪੁਤ੍ਰਾਂ ਵਲੋਂ ਭੀ ਪ੍ਰਗਟ ਹੋਏ, ਤੇ ਆਪ ਦੀ ਕ੍ਰਿਆ ਦੇ ਭੋਗ ਸਮੇਂ ਇਕ ਛੋਟਾ ਜੇਹਾ ਅਤੀ ਸੰਖੇਪਜੀਵਨ 'ਜੀਵਨ ਦੀ ਝਲਕ' ਨਾਮੇ ਸੋਲਾਂ ਪੇਜੀ ਟ੍ਰੈਕਟ ਦੀ ਸ਼ਕਲ ਵਿਚ 'ਦੀ ਸਿਖ ਰਿਲੀਜਸ ਟ੍ਰੈਕਟ ਸੋਸਾਇਟੀ ਤੇ ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ' ਵਲੋਂ ਸੰਗਤ ਦੀ ਪ੍ਰੇਮ ਭੇਟਾ ਕੀਤਾ ਗਿਆ। ਇਸਦੇ ਪੜ੍ਹਨ ਤੋਂ ਮੇਰੇ ਹਿਰਦੇ ਦੀ ਪ੍ਰੇਮ-ਚਾਹ ਅਗਨੀ ਹੋਰ ਪ੍ਰਬਲ ਹੋ ਉਠੀ ਤੇ ਮੈਂ ਭਾਈ ਸਾਹਿਬ ਜੀ ਦਾ ਵਿਸਤਾਰ ਸਹਿਤ ਜੀਵਨ ਲਿਖਣ ਦੀ ਪੱਕੀ ਠਾਨ ਲਈ।



Digitized by Panjab Digital Library | www.panjabdigilib.org

ਇਸ ਕੰਮ ਨੂੰ ਸਿਰੇ ਚੜ੍ਹਾਨ ਲਈ ਮੈਨੂੰ ਭਾਈ ਸਾਹਿਬ ਦੇ ਨਿਕਟ ਵਰਤੀਆਂ ਤੋਂ ਇਲਾਵਾ ਹੋਰ ਭੀ ਬੇਅੰਤ ਸਜਣਾਂ ਦੀ ਵਾਕਫੀਅਤ ਦੀ ਲੋੜ ਸੀ। ਵਧ ਤੋਂ ਵਧ ਹਾਲਾਤ ਜਾਣਨ ਲਈ ਮੈਂ ੧-੧੧-੩੬ ਨੂੰ ਹੇਠ ਲਿਖੀ ਚਿਠੀ ਸ਼ਿਮਲੇ ਤੋਂ ਵਾਕਫਕਾਰ ਸਜਣਾਂ ਦੇ ਨਾਮ ਜਾਰੀ ਕੀਤੀ, ਤੇ ਇਹੀ ਚਿਠੀ ਆਮ ਅਖਬਾਰਾਂ ਵਿਚ ਛਪਵਾਈ:–

## *ਅਤਿਅੰਤ ਜ਼ਰੂਰੀ*

ਸ੍ਰੀ ਮਾਨ ਪਰਮ ਕ੍ਰਿਪਾਲੂ ਜੀਓ !

ਮਹਾਨ ਪੁਰਖ ਕਿਸੇ ਇਕ ਦੇ ਨਹੀਂ, ਸਗੋਂ ਸਾਰੀ ਕੌਮ, ਦੇਸ਼ ਤੇ ਸੰਸਾਰ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਦੇ ਜੀਵਣ-ਸੂਰਜ ਦੀਆਂ ਜੀਵਣ-ਪ੍ਰਕਾਸ਼ਕ ਕਿਰਨਾਂ ਦਾ ਪ੍ਰਕਾਸ਼ ਹਰ ਇਕ ਅਮੀਰ ਗਰੀਬ, ਨਿਕੇ ਵਡੇ, ਸਭ ਲਈ ਇਕੋ ਜੇਹਾ ਹੀ ਲਾਭ ਕਾਰੀ, ਗੁਣ ਉਪਜਾਊ ਤੇ ਜੀਵਣ ਰਾਹ ਦਰਸਾਊ ਹੁੰਦਾ ਹੈ।

ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਪ੍ਰਸਿੱਧ ਵੈਦ ਤਰਨ ਤਾਰਨ ਵਾਲੇ—ਜੋ ੩ ਅਕਤੂਬਰ ੧੯੩੬ ਮੁਤਾਬਕ ੧੮ ਅੱਸੂ ਸੰਮਤ ੧੯੯੩ ਬਿਕ੍ਰਮੀ ਸਨੀਚਰਵਾਰ ਨੂੰ ਗੁਰਪੁਰੀ ਸਿਧਾਰ ਗਏ ਹਨ—ਸੰਸਾਰ ਦੀਆਂ ਉਨ੍ਹਾਂ ਮਹਾਨ ਉੱਤਮ ਵਿਯਕਤੀਆਂ ਵਿਚੋਂ ਸਨ, ਜਿਨ੍ਹਾਂ ਦਾ ਜੀਵਣ ਅੰਧੇਰੇ ਸੰਸਾਰ-ਸਾਗਰ ਵਿਚ Light House (ਪ੍ਰਕਾਸ਼-ਘਰ) ਦਾ ਕੰਮ ਦਿੰਦਾ ਹੈ। ਇਸ ਲਈ ਮੇਰੀ ਅਤੀ ਪ੍ਰਬਲ ਅਭਿਲਾਖਾ ਹੈ ਕਿ ਵੈਦ ਜੀ ਦਾ ਅਤੀ ਉੱਤਮ ਪਰ ਗੌਝਾਂ ਭਰਿਆ ਜੀਵਣ ਪੁਸਤਕਾਕਾਰ ਵਿਚ ਪ੍ਰਕਾਸ਼ਤ ਕਰਾਂ, ਜਿਸ ਤੋਂ ਸੰਭਵ ਹੈ ਕਿ ਅਨੇਕ ਢੂੰਢਾਊ ਆਪਣੇ ਜੀਵਨ ਰਾਹ ਨੂੰ ਅਕੰਟਕ ਤੇ ਸੁਖ-ਮਯ ਬਣਾ ਕੇ ਗੁਰੂ ਪ੍ਰਮਾਤਮਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਆਪ ਭਾਈ ਸਾਹਿਬ ਜੀ ਦੇ ਨਿਕਟ ਵਰਤੀ ਤੇ ਸੁਹਿਰਦ ਹੋ, ਇਸ ਲਈ ਬੜੀ ਹੀ ਕ੍ਰਿਪਾਲਤਾ ਹੋਵੇਗੀ ਜੇ ਆਪ ਆਪਣੇ ਅਨੁਭਵ ਵਿਚਾਰ ਤੇ ਹੱਡ-ਬੀਤੀ ਵਾਕਫੀ (ਘਟਨਾਵਾਂ) ਤੋਂ ਭਾਈ ਸਾਹਿਬ ਜੀ ਬਾਬਤ ਵਧ ਤੋਂ ਵਧ ਸਮਾਚਾਰ ਲਿਖ ਭੇਜਣ ਦੀ ਜ਼ਰੂਰ ਖੇਚਲ ਕਰੋਗੇ। ਆਪ ਜਿਹੇ ਪ੍ਰੇਮੀਆਂ ਦੀ ਮਦਦ ਤੋਂ ਬਿਨਾਂ ਭਾਈ ਸਾਹਿਬ ਜੀ ਦਾ ਜੀਵਨ ਲਿਖਣਾ ਅਤੀ ਕਠਨ



Digitized by Panjab Digital Library | www.panjabdigilib.org

ਹੈ। ਮੈਨੂੰ ਪੂਰਨ ਆਸ ਹੈ ਕਿ ਆਪ ਆਪਣੇ ਕੀਮਤੀ ਸਮੇਂ ਵਿਚੋਂ ਵਿਹਲ ਕੱਢ ਕੇ ਮੇਰੀ ਚਾਹ ਨੂੰ ਪੂਰਾ ਕਰੋਗੇ ਤੇ ਸੰਸਾਰ ਉਪਕਾਰ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ। ਮੈਨੂੰ ਇਹ ਗੱਲ ਲਿਖਣ ਦੀ ਤਾਂ ਲੋੜ ਨਹੀਂ ਭਾਸਦੀ ਕਿ ਆਪ ਜ਼ਰੂਰ ਜਿੰਨੀ ਜਲਦੀ ਹੋ ਸਕਿਆ ਇਸ ਕਾਰਜ ਵਿਚ ਮੇਰੀ ਸਹਾਇਤਾ ਕਰੋਗੇ, ਤਾਕਿ ਮੈਂ ਜਲਦੀ ਤੋਂ ਜਲਦੀ ਭਾਈ ਸਾਹਿਬ ਜੀ ਦੀ ਪਵਿਤ੍ਰ ਜੀਵਨੀ ਪ੍ਰੇਮੀਆਂ ਸਾਮ੍ਹਣੇ ਰਖ ਸਕਾਂ।

ਸਨਿਮ੍ਰ, ਪਰ ਬੜੇ ਜ਼ੋਰ ਨਾਲ ਇਕ ਵਾਰ ਫੇਰ ਬੇਨਤੀ ਕਰਦਾ ਹਾਂ ਕਿ ਭੁਲਣਾ ਨਾ! ਅਨਗਹਿਲੀ ਨਾ ਕਰਨੀ! ਤੇ ਜ਼ਰੂਰ ਸਮਾਂ ਕੱਢ ਕੇ, ਜਿਵੇਂ ਭੀ ਹੋ ਸਕੇ, ਜਲਦੀ ਤੋਂ ਜਲਦੀ ਭਾਈ ਸਾਹਿਬ ਜੀ ਦੀ Personality ਤੇ Practice ਸੰਬੰਧੀ ਆਪਣੇ ਵਿਚਾਰ ਭੇਜ ਕੇ ਧੰਨਵਾਦੀ ਬਣਾਉਣਾ।

ਇਸਤੋਂ ਪਿਛੋਂ ਮੈਂ ਹੇਠ ਲਿਖੀ ਦੂਜੀ ਚਿਠੀ ੭-੫-੧੯੩੭ ਨੂੰ ਭੇਜੀ ਤੇ ਪ੍ਰਕਾਸ਼ਤ ਕਰਾਈ:–

## ਜ਼ਰੂਰੀ ਚਿਤਾਵਨੀ

ਪਰਮ ਕ੍ਰਿਪਾਲੂ ਜੀਓ!

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਸੰਬੰਧੀ ਆਪ ਜੀ ਦੀ ਸੇਵਾ ਵਿਚ ਇਕ 'ਅਤਿਅੰਤ ਜ਼ਰੂਰੀ' ਪੱਤ੍ਰ ਭੇਜਿਆ ਸੀ, ਜਿਸ ਦਾ ਉੱਤ੍ਰ ਅਜ ਤਕ ਨਾ ਆਉਣ ਕਰਕੇ ਇਹ 'ਜ਼ਰੂਰੀ ਚਿਤਾਵਨੀ' ਪਤ੍ਰ ਭੇਜ ਕੇ ਖੇਚਲ ਦੇ ਰਿਹਾ ਹਾਂ।

ਇਹ ਤਾਂ ਸ਼ਾਇਦ ਨਹੀਂ ਹੋ ਸਕਦਾ ਕਿ ਆਪ ਮੇਰੀ ਪਹਿਲੀ ਚਿੱਠੀ ਨੂੰ ਵਿਸਾਰ ਬੈਠੇ ਹੋਵੋਗੇ, ਹਾਂ! ਇਹ ਜ਼ਰੂਰ ਸੰਭਵ ਹੈ ਕਿ ਅਤਿਅੰਤ ਰੁਝੇਵਿਆਂ ਦੇ ਕਾਰਨ ਆਪ ਹੁਣ ਤਕ ਕੁਝ ਨਹੀਂ ਲਿਖ ਸਕੇ।

ਸ੍ਰੀ ਮਾਨ ਜੀਉ! ਹੁਣ ਮੈਂ ਗੁਰਪੁਰਵਾਸੀ ਭਾਈ ਸਾਹਿਬ ਜੀ ਦੇ ਜੀਵਨ ਸੰਬੰਧੀ ਨੋਟ ਇਕੱਠੇ ਕਰਨ ਲਈ ਕਮਰ ਕਸੇ ਕਰ ਲਏ ਹਨ, ਤੇ ਮੇਰੀ ਪ੍ਰਬਲ ਇੱਛਾ ਹੈ ਕਿ ਜਲਦੀ ਤੋਂ ਜਲਦੀ ਸ੍ਰੀ ਮਾਨ ਵੈਦ ਜੀ ਦੇ ਜੀਵਣ ਹਾਲਾਤ ਇਕੱਠੇ ਕਰਕੇ ਪ੍ਰਕਾਸ਼ਤ ਕਰਾਂ, ਪਰ ਇਹ ਮਹਾਨ ਕਾਰਜ ਆਪ ਜੈਸੇ ਪ੍ਰੇਮੀ ਸੱਜਣਾਂ ਦੀ ਸਹਾਇਤਾ ਬਿਨਾਂ ਸਿਰੇ ਚੜ੍ਹਨਾ ਮਹਾਨ ਕਠਨ ਹੈ;



Digitized by Panjab Digital Library | www.panjabdigilib.org

ਇਸ ਲਈ ਮੈਂ ਇਸ ਪੱਤ੍ਰ ਦੁਆਰਾ ਚਿਤਾਵਨੀ ਕਰਾਉਂਦਾ ਹੋਇਆ ਸਨਿਮ੍ਰ, ਪਰ ਪ੍ਰੇਮ, ਅਦਬ ਤੇ ਮਾਨ ਭਰੇ ਜ਼ੋਰ ਨਾਲ ਬੇਨਤੀ ਕਰਦਾ ਹਾਂ, ਕਿ ਜਲਦੀ ਤੋਂ ਜਲਦੀ, ਜਿਤਨਾ ਭੀ ਹੋ ਸਕੇ ਜਾਂ ਜਿਤਨਾ ਭੀ ਸ੍ਰੀ ਜੀ ਜਾਣਦੇ ਹੋਣ, ਭਾਈ ਸਾਹਿਬ ਸੰਬੰਧੀ ਜ਼ਰੂਰ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੋ।

ਆਪ ਜੀ ਵਲੋਂ ਭਾਈ ਸਾਹਿਬ ਸੰਬੰਧੀ ਕੁਝ ਭੀ ਨਾ ਹੋਣ ਤੇ ਆਪ ਜੀ ਦੇ ਜੀਵਣ ਹਾਲਾਤ ਅਧੂਰੇ ਹੀ ਸਮਝੇ ਜਾਣਗੇ। ਇਸ ਲਈ ਮੈਂ ਇਕ ਵਾਰੀ ਫੇਰ ਬੜੇ ਜ਼ੋਰ ਨਾਲ ਮੁੜਦੀ ਡਾਕੇ ਲਿਖ ਭੇਜਣ ਲਈ ਬੇਨਤੀ ਕਰਦਾ ਹਾਂ।

ਸ਼ਾਇਦ ਆਪ ਜੀ ਪਾਸੋਂ ਮੇਰੀ ਪਹਿਲੀ ਪਤ੍ਰਕਾ ਗੁੰਮ ਹੋ ਗਈ ਹੋਵੇ ਇਸ ਲਈ ਇਸੇ ਚਿਤਾਵਨੀ ਪਤ੍ਰ ਦੇ ਦੂਜੇ ਪਾਸੇ ਛਪੀ ਹੋਈ ਉਹ ਵੀ ਮੁੜ ਦੇਖ ਸਕਦੇ ਹੋ।

ਹਰ ਹਾਲਤ ਵਿਚ ਆਪ ਜੀ ਦਾ ਉੱਤ੍ਰ ਜ਼ਰੂਰੀ ਆਉਣਾ ਚਾਹੀਦਾ ਹੈ। ਇਸੇ ਲਈ ਲਫ਼ਾਫ਼ਾ ਨਾਲ ਭੇਜ ਰਿਹਾ ਹਾਂ।

ਇਸੇ ਤਰਾਂ ਤਾਰੀਖ ੧੮-੩-੩੮ ਨੂੰ ਇਹ ਤੀਜੀ ਪਤ੍ਰਕਾ ਭੇਜੀ:—

### ਅਤਯੰਤ ਜ਼ਰੂਰੀ ਅੰਤਮ ਬੇਨਤੀ

ਸ਼ੁਭ ਚਿੰਤਕ ਕ੍ਰਿਪਾਲੂ ਜੀਉ !

ਕੁਛ ਚਿਰ ਹੋਇਆ ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘਜੀ ਵੈਦ ਦੇ ਜੀਵਣ ਹਾਲਾਂ ਸੰਬੰਧੀ ਆਪ ਜੀ ਦੀ ਸੇਵਾ ਵਿਖੇ 'ਅਤਅੰਤ ਜ਼ਰੂਰੀ' ਤੇ 'ਜ਼ਰੂਰੀ ਚਿਤਾਵਨੀ' ਸਿਰ ਲੇਖਾਂ ਹੇਠ ਵਾਰੋ ਵਾਰੀ ਦੋ ਪਤ੍ਰਕਾਂ ਭੇਜੀਆਂ ਗਈਆਂ ਸਨ। ਸ਼ਾਇਦ ਰੁਝੇਵਿਆਂ ਦੇ ਕਾਰਨ ਆਪ ਜੀ ਹੁਣ ਤਕ ਉੱਤ੍ਰ ਵਿਚ ਕੁਛ ਲਿਖ ਭੇਜਣ ਦੀ ਕ੍ਰਿਪਾ ਨਹੀਂ ਕਰ ਸਕੇ।

ਹੁਣ ਮੈਂ ਈਸ਼੍ਵਰ ਭਰੋਸੇ ਤੇ ਆਪ ਜੇਹੇ ਕ੍ਰਿਪਾਲੂ ਭਰਾਵਾਂ ਦੇ ਆਸਰੇ ਵੈਦ ਜੀ ਦੇ ਜੀਵਣ ਹਾਲਾਤ ਇਕਠੇ ਕਰਨੇ ਅਰੰਭ ਕਰ ਦਿਤੇ ਹਨ। ਮੇਰੀ ਚਾਹ ਇਸ ਕਾਰਜ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਦੀ ਹੈ, ਤੇ ਖਾਸ ਇਸੇ ਕੰਮ ਲਈ ਹੀ ਮੈਂ ਹੁਣ ਤਰਨ ਤਾਰਨ ਆ ਡੇਰੇ ਲਾਏ ਹਨ। ਇਸ ਲਈ ਆਪ ਦੀ ਸੇਵਾ ਵਿਚ ਹੱਥ ਬੰਨ੍ਹਕੇ ਅੰਤਮ ਬੇਨਤੀ ਕਰਦਾ ਹਾਂ



Digitized by Panjab Digital Library | www.panjabdigilib.org

ਕਿ ਭਾਈ ਸਾਹਿਬ ਜੀ ਦੇ ਜੀਵਣ ਹਾਲਾਂ,ਨਿਜਦੀ ਵਾਕਫੀ,ਉਨ੍ਹਾਂਦੀ ਪੰਥਕ, ਜ਼ਾਤੀ, ਮੁਲਕੀ ਸੇਵਾ, ਧਾਰਮਕ, ਇਖਲਾਕੀ, ਭਾਈ ਚਾਰਕ ਤੇ ਵਿਵਹਾਰਕ ਜੀਵਨ, ਅਚਾਨਕ ਵਾਪਰੀ ਕਿਸੇ ਘਟਨਾਂ ਸੰਬੰਧੀ, ਚਿਠੀ ਪਤਰ ਜਾਂ ਸਰੋਤ ਰਾਹੀਂ ਜੋ ਕੁਛ ਭੀ ਆਪ ਨੂੰ ਪਤਾ ਹੋਵੇ,ਅਥਵਾ ਵੈਦ ਜੀ ਦੀ personality ਤੇ practice ਸੰਬੰਧੀ ਆਪਣੇ ਵਿਚਾਰ ਭਾਵੇਂ ਥੋੜੀਆਂ ਸਤਰਾਂ ਹੀ ਹੋਣ ਜ਼ਰੂਰ ਹੀ ਮੁੜਦੀ ਡਾਕੇ ਲਿਖ ਭੇਜਣ ਦੀ ਕ੍ਰਿਪਾਲਤਾ ਕਰ ਕੇ ਕ੍ਰਿਤਾਰਥ ਕਰੋ। ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦੀ ਹੋਵਾਂਗਾ।

ਇਨਸਾਨ ਭਾਵੇਂ ਕਿੰਨਾ ਹੀ ਤੀਸ ਮਾਰਖਾਂ ਬਣਕੇ 'ਮੈਂ ਇਹ ਕਰੂੰ, ਮੈਂ ਉਹ ਕਰੂੰ', ਆਦਿ ਟਾਹਰਾਂ ਮਾਰੇ, ਪਰ ਹੁੰਦਾ ਕੁਦਰਤ ਦੀ ਮਿਲਵੀਂ ਚਾਲ ਅਨੁਸਾਰ ਹੀ ਹੈ। ਮੇਰਾ ਇਰਾਦਾ ਇਸ ਜੀਵਨ ਲਿਖਣ ਦੇ ਕੰਮ ਨੂੰ ਬਹੁਤ ਜਲਦੀ ਅਰੰਭ ਕਰਨ ਦਾ ਸੀ। ਸ਼ੁਰੂ ਭੀ ਕੀਤਾ, ਪਰ ਸੰਸਾਰ ਚੱਕਰ ਦੀ ਚਾਲ ਦਾ ਅਜੇਹਾ ਗੇੜ ਵੱਜਾ ਕਿ ਸਾਰਾ ਹੀ ੧੯੩੭ ਦਾ ਸਾਲ ਲੰਘ ਗਿਆ, ਤੇ ੧੯੩੮ ਦਾ ਅਰੰਭ ਹੋ ਗਿਆ। ਇਸ ਵਿਚੋਂ ਭੀ ਦੋ ਮਹੀਨੇ ਜਕਾਂ ਤਕਾਂ ਕਰਦਿਆਂ ਹੀ ਲੰਘ ਗਏ। ਆਖਰ ਮੈਂ ਮਾਰਚ ੧੯੩੮ ਦੇ ਸ਼ੁਰੂ ਵਿਚ ਤਰਨ ਤਾਰਨ ਹੀ ਆ ਡੇਰੇ ਲਾਏ ਤੇ ਸੰਬੰਧਤ ਕਾਗਜ ਵੇਖਣੇ ਸ਼ੁਰੂ ਕੀਤੇ।

ਮੇਰਾ ਖਿਆਲ ਸੀ ਕਿ ਮੈਂ ਇਸ ਕੰਮ ਨੂੰ ਵਧ ਤੋਂ ਵਧ ਡੇਢ ਦੋ ਮਹੀਨੇ ਵਿਚ ਸੁਖੱਲਾ ਹੀ ਪੂਰਾ ਕਰ ਦਿਆਂਗਾ, ਪਰ ਸੰਬੰਧੀ ਕਾਗਜ਼ ਪਤ੍ਰ ਵੇਖਣ ਤੇ ਪੜਤਾਲਣ ਤੋਂ ਤਾਂ ਅਥਾਹ ਸਮੁੰਦਰ ਵਾਂਗ ਇਸ ਕੰਮ ਦਾ ਪਾਰਾਵਾਰ ਹੀ ਨ ਲਗੇ। ਜਿਸ ਪਾਸੇ ਭੀ ਨਜ਼ਰ ਮਾਰਾਂ ਪਹਾੜ ਵਾਂਗ ਕਾਗਜ਼ਾਂ ਦੀਆਂ ਫਾਇਲਾਂ ਦੀਆਂ ਫਾਇਲਾਂ ਦੇ ਢੇਰ ਪਏ ਨਜ਼ਰ ਆਉਣ। ਵੈਦਕ, ਧਾਰਮਕ,ਮੁਲਕੀ, ਭਾਈਚਾਰਕ,ਵਿਹਾਰਕ,ਵਪਾਰਕ, ਕਹਾਣੀਆਂ, ਵਾਰਤਕ, ਕਾਵਜ, ਨਾਵਲ, ਸਾਹਿਤਜਕ, ਵਿਦਜਕ, ਦਾਨ ਦੇਨਾ, ਮਦਦ ਕਰਨੀ, ਸੇਵਾ, ਹਮਦਰਦੀ ਆਦਿਕ ਗਲ ਕੀ ਜਿਸ ਪਾਸੇ ਭੀ ਕਾਗਜਾਂ ਵਲ ਨਜ਼ਰ ਮਾਰੀ, ਬੇਅੰਤ ਕੰਮ ਨਜ਼ਰੀਂ ਪਿਆ। ਅਕਲ ਹੈਰਾਨ ਹੋ ਗਈ, ਜਿਸ ਕੰਮ ਨੂੰ ਮੈਂ ਨਿੱਕਾ ਜਿਹਾ ਸਮਝਦਾ ਸੀ ਪਹਾੜ ਦਿਸਣ ਲਗਾ। ਅੰਤ ਨੂੰ ਇਹੀ



Digitized by Panjab Digital Library | www.panjabdigilib.org

ਸਲਾਹ ਪੱਕੀ ਕੀਤੀ ਕਿ ਇਸ ਸਾਰੇ ਕੰਮ ਨੂੰ—ਜੇ ਗੁਰੂ ਤਾਕਤ ਬਖਸ਼ੇ ਤਾਂ—ਹਿਸਿਆਂ ਵਿਚ ਕੀਤਾ ਜਾਵੇ, ਅਰਥਾਤ ਭਾਈ ਸਾਹਿਬ ਜੀ ਦੇ ਜੀਵਣ ਦੇ ਕੰਮਾਂ ਦੇ ਹਿਸੇ ਕਰਕੇ ਅਡ ਅਡ ਪੁਸਤਕ ਪ੍ਰਕਾਸ਼ਤ ਕੀਤੇ ਜਾਣ। ਜਿਵੇਂ ਆਪ ਦੀਆਂ ਕਵਿਤਾਂ, ਭਾਈਚਾਰ ਸੁਧਾਰਕ ਲਿਖਤਾਂ, ਧਾਰਮਕ ਲਿਖਾਈ, ਪੰਜਾਬੀ ਸਾਹਿਤਕ ਸੇਵਾ, ਵੈਦਕ ਕੰਮ, ਵਿਦਜਕ ਖੋਜਾਂ ਆਦਿਕ।

## ਇਹ ਜੀਵਨ

ਪਹਿਲਾ ਕੰਮ ਆਪ ਦਾ ਸਮੁੱਚਾ ਜੀਵਣ ਜੋ ਅਗਲੇ ਪੰਨਿਆਂ ਵਿਚ ਆਪ ਦੀ ਭੇਟਾ ਕੀਤਾ ਜਾਂਦਾ ਹੈ, ਇਹ ਕੇਵਲ ਆਪ ਦੇ ਹਥੀਂ ਲਿਖਤ ਨੁਸਖਿਆਂ ਤੇ ਡਾਇਰੀਆਂ ਤੇ ਸਜਣਾਂ ਵਲੋਂ ਆਏ ਉਤ੍ਰਾਂ ਦੇ ਅਧਾਰ ਤੇ ਹੀ ਹੈ। ਇਸ ਵਿਚ ਮੈਂ ਆਪਣੀ ਵਲੋਂ ਮਸਾਲਾ ਇਕਠਾ ਕਰਨ ਦਾ ਹੀ ਕੰਮ ਕੀਤਾ ਹੈ, ਜਾਂ ਇਉਂ ਕਹੋ ਕਿ ਮੈਂ ਕੇਵਲ ਵੈਦ ਜੀ ਦੇ ਹਸਤ ਲਿਖਤ ਨੁਸਖਿਆਂ ਤੋਂ ਆਪ ਦਾ ਜੀਵਨ ਸੰਕਲਤ ਕੀਤਾ ਹੈ। ਵਿਸਤਾਰ ਸਹਿਤ ਖੋਲਣ ਤੇ ਭਾਵ ਸਪਸ਼ਟ ਕਰਨ ਲਈ ਲੇਖ ਤੇ ਟੂਕਾਂ ਚੜ੍ਹਾਈਆਂ ਗਈਆਂ ਹਨ।

ਦੁਨੀਆਂ ਦੇ ਸ਼ਾਇਦ ਬਹੁਤ ਹੀ ਥੋੜੇ ਅਜੇਹੇ ਬੰਦੇ ਹੋਣਗੇ ਜਿਨ੍ਹਾਂ ਦੇ ਜੀਵਣ ਵਿਚ ਹਰ ਪਹਿਲੂ ਦਾ ਹਿਸਾਬ ਇਸਤਰ੍ਹਾਂ ਲਿਖਤ ਵਿਚ ਹੋਵੇਗਾ,ਜਿਸਤਰ੍ਹਾਂ ਵੈਦ ਜੀ ਦਾ। ਸੁਰਤ ਸੰਭਾਲਨ ਤੋਂ ਹੀ ਆਪ ਨੇ ਡਾਇਰੀਆਂ ਰਖਣੀਆਂ ਸ਼ੁਰੂ ਕਰ ਦਿਤੀਆਂ। ਉਸ ਸਮੇਂ,ਜਦ ਤੋਂ ਆਪ ਜੀ ਨੇ ਡਾਇਰੀ ਲਿਖਣੀ ਸ਼ੁਰੂ ਕੀਤੀ, ਸ਼ਾਇਦ ਸਾਡੇ ਸਾਰੇ ਦੇਸ ਵਿਚ ਹੀ ਕੋਈ ਚੰਦ ਬੰਦੇ ਹੋਣਗੇ ਜੋ ਡਾਇਰੀ ਰਖਦੇ ਹੋਣ ! ਇਸੇ ਹੀ ਤਰ੍ਹਾਂ ਆਪ ਦਾ ਚਿਠੀਪਤ੍ਰ ਦਾ ਸਿਲਸਿਲਾ ਦੇਖਕੇ ਦੰਗ ਰਹਿ ਜਾਈਦਾ ਹੈ। ੧੮੯੩ ਤੋਂ ਲੈਕੇ ਹੁਣ ਤਕ ਦੀਆਂ ਚਿੱਠੀਆਂ ਖੂਬ ਸੰਭਾਲ ਨਾਲ ਰਖੀਆਂ ਹੋਈਆਂ ਹਨ। ਹਰ ਇਕ ਚਿੱਠੀ ਦੇ ਉਪਰ ਜਾਂ ਲਫਾਫੇ ਉਪਰ ਤੱਤ ਦਾ ਨੋਟ ਭੀ ਆਪ ਵਲੋਂ ਦਰਜ ਹੁੰਦਾ ਹੈ। ਰਜਿਸਟਰਾਂ ਦਾ ਭੀ ਏਹੀ ਹਾਲ ਹੈ। ਗਲ ਕੀ ਖੋਜ ਕਰਨ ਤੋਂ



Digitized by Panjab Digital Library | www.panjabdigilib.org

ਪਤਾ ਲਗਦਾ ਹੈ ਕਿ ਆਪ ਅਤਜੰਤ ਅਸਚਰਜ ਯੁਕਤੀ ਵਿਚਾਰ ਤੇ ਸਿਆਣਪ ਦੇ ਮਾਲਕ ਸਨ ।

ਆਪ ਨੇ ਇਸ ਨਿਕੇ ਜੇਹੇ ਜੀਵਣ ਵਿਚ ਦੋ ਸੋ ਤੋਂ ਉਪਰ ਪੁਸਤਕਾਂ ਧਾਰਮਕ ਮੁਲਕੀ ਭਾਈਚਾਰਕ ਵਿਹਾਰਕ, ਵਪਾਰਕ, ਵੈਦਕ ਹਿਕਮਤ, ਸਦਾਚਾਰ,ਆਤਮਕ ਉਨਤੀ ਆਦਿਕ ਲਗ ਭਗ ਹਰ ਇਕ ਵਿਸ਼ੇ ਤੇ ਪ੍ਰਕਾਸ਼ਤ ਕੀਤੀਆਂ । ਸੈਂਕੜੇ ਖਰੜੇ ਹੋਰ ਤਿਆਰ ਤੇ ਅਧੂਰੇ ਪਏ ਹਨ ਜਿਨ੍ਹਾਂ ਉਪਰ ਕੇਵਲ ਸਰਸਰੀ ਵਿਚਾਰ ਕਰਨ ਤੇ ਰੀਵੀਊ ਲਿਖਣ ਨਾਲ ਹੀ ਕਈ ਪੁਸਤਕਾਂ ਬਣ ਸਕਦੀਆਂ ਹਨ, ਸੋ ਜੇ ਯੋਗ ਸਮਾਂ ਤੇ ਸਮਰਥਾ ਹੋਈ ਤਾਂ ਇਹ ਸਾਰਾ ਮਸਾਲਾ ਹੌਲੀ ਹੌਲੀ ਪਾਠਕਾਂ ਦੀ ਭੇਟਾ ਕੀਤਾ ਜਾਵੇਗਾ ।

ਪੰਜਾਬੀ, ਵੀਹਵੀਂ ਸਦੀ ਤੋਂ ਪਹਿਲੇ ਵਧੇਰੇ ਕਵਿਤਾ ਵਿਚ ਹੀ ਲਿਖੀ ਜਾਂਦੀ ਸੀ । ਵੀਹਵੀਂ ਸਦੀ ਨਾਲ ਵਾਰਤਕ ਦਾ ਖਿਆਲ ਵਧਿਆ, ਚੋਣਵੇਂ ਲਿਖਾਰੀਆਂ ਵਿਚੋਂ ਭਾਈ ਵੀਰ ਸਿੰਘ ਜੀ ਸਿਖ ਕਹਾਣੀਆਂ ਤੇ ਸਿਖ ਇਤਹਾਸ ਤੋਂ ਨਹੀਂ ਵਧੇ, ਸ੍ਰ: ਬ: ਕਾਹਨ ਸਿੰਘ ਜੀ ਭੀ ਸਾਹਿਤ, ਗੁਰਮਤ ਤੇ ਸਿਖ ਲਿਟ੍ਰੇਚਰ ਨਾਲ ਹੀ, ਪਰ ਕਮਾਲ ਸੰਬੰਧਤ ਰਹੇ ਹਨ, ਬਾਵਾ ਬੁਧ ਸਿੰਘ ਜੀ ਨੇ ਪੁਰਾਣੇ ਕਵੀਆਂ ਵਿਚ ਜਾਨ ਪਾਈ ਤੇ ਕੁਝ ਨਾਟਕ ਲਿਖੇ, ਸ: ਸ: ਚਰਨ ਸਿੰਘ ਜੀ ਕਵਿਤਾ, ਕਹਾਣੀਆਂ ਤੇ ਨਾਵਲਾਂ ਤੋਂ ਨ ਟੱਪ ਸਕੇ, ਪਰ ਵੈਦ ਜੀ ਨੂੰ ਸਭ ਪਾਸੇ ਦੀ ਵਿਦਿਆ ਹੋਵਣ ਕਰਕੇ, ਨ ਸਿਖ ਧਰਮ ਦੇ ਜ਼ੰਜੀਰਾਂ ਨੇ ਕਾਬੂ ਕੀਤਾ, ਨ ਕੇਵਲ ਵੈਦਕ ਅਸਰ ਕਰ ਸਕੀ, ਨ ਸੁਧਾਰ ਤੇ ਖਾਤਮਾ ਹੋਇਆ ਅਰ ਨਾ ਲੋਕਾਂ ਦੇ ਨਾਵਲਾਂ ਦੇ ਸਵਾਦ ਆਪ ਨੂੰ ਥੰਮ ਸਕੇ, ਸਗੋਂ ਹਰ ਵਿਸ਼ੇ ਤੇ ਪੁਸਤਕਾਂ ਲਿਖ ਪ੍ਰਕਾਸ਼ਤ ਕਰਵਾ ਪੰਜਾਬੀ ਦੀ ਅਸਲੀ ਸਾਹਿਤਜ ਸੇਵਾ ਕੀਤੀ, ਤੇ ਉਹ ਭੀ ਨੰਗੇ ਧੜ, ਸ੍ਵੈ-ਖਰਚ ਨਾਲ, ਜਦ ਕੋਈ ਪੰਜਾਬੀ ਮਾਤ ਦੀ ਸਾਰ ਭੀ ਨਹੀਂ ਸੀ ਲੈਂਦਾ ।

ਭਾਵ ਇਹ ਹੈ ਕਿ ਪੰਜਾਬੀ ਵਾਰਤਕ ਵਿਚ ਆਪ ਸਭ ਤੋਂ ਮੋਹਰੀ ਸਨ, ਕੋਈ ਆਪ ਦੇ ਲਾਗੇ ਭੀ ਨਹੀਂ ਢੁੱਕਾ । ਜਿਸ ਸੰਬੰਧੀ ਵਿਸਥਾਰ ਆਪ ਅਗਲੇ ਸਫਿਆਂ ਤੋਂ ਪ੍ਰਤੱਖ ਦੇਖ ਸਕੋਗੇ ।



Digitized by Panjab Digital Library | www.panjabdigilib.org

ਇਨ੍ਹਾਂ ਜੀਵਣ ਹਾਲਾਂ ਦੇ ਲਿਖਣ ਵਿਚ ਮੈਂ ਯਥਾ ਸ਼ਕਤਿ ਇਸ ਨੂੰ ਲੜੀ ਵਾਰ ਬੰਨਣ ਤੇ ਦਿਲਚਸਪ ਬਣਾਉਨ ਦਾ ਯਤਨ ਕੀਤਾ ਹੈ। ਮੁਢ ਨੂੰ ਛਡ ਕੇ ਬਾਕੀ ੩੦ ਕੁ ਸਾਲ ਦਾ ਹਾਲ ਠੀਕ ਸਾਲ ਵਾਰ ਹੀ ਦਰਜ ਹੈ, ਤਾ ਕਿ ਪਾਠਕਾਂ ਨੂੰ ਪੜ੍ਹਨ ਵਿਚ ਸੁਖਾਲਿਆਂ ਹੀ ਆਪ ਦੇ ਜੀਵਣ ਦੀ ਸਮਝ ਪੈ ਸਕੇ। ਲਿਖਾਈ ਦਾ ਢੰਗ ਕੇਹੋ ਜੇਹਾ ਹੈ?ਇਸ ਬਾਬਤ ਤਾਂ ਮੇਰਾ ਕਹਿਣਾ ਫਬਦਾ ਹੀ ਨਹੀਂ। ਪਾਠਕ ਖੁਦ ਪੜ੍ਹ ਕੇ ਹੀ ਜੱਜ ਕਰ ਸਕਣਗੇ; ਹਾਂ ! ਇਕ ਗਲ ਮੈਂ ਕਹਿ ਸਕਦਾ ਹਾਂ ਕਿ ਇਸ ਵਿਚ ਮੈਂ ਆਪਣੀ ਵਲੋਂ ਨਿਰਪੱਖਤਾ ਤੋਂ ਕੰਮ ਲਿਆ ਹੈ।

ਵੈਦ ਜੀ ਦੀ ਲਿਖਤ ਤੇ ਤਬੀਅਤ ਅਨੁਸਾਰ ਜਿੱਥੇ ਜਿੱਥੇ ਚੀਫ ਖਾਲਸਾ ਦੀਵਾਨ, ਅਕਾਲੀਆਂ ਜਾਂ ਕਈ ਪਤਵੰਤੇ ਪ੍ਰੇਮੀ ਸਜਣਾਂ ਮਿੱਤ੍ਰਾਂ ਬਾਬਤ ਕਰੜੇ ਨੋਟ ਆਏ ਹਨ ਇਨ੍ਹਾਂ ਬਾਬਤ ਇਹ ਨਾ ਸਮਝਣਾ ਕਿ ਸਾਨੂੰ ਇਨਾ ਸਨਮਾਨਤ ਸਭਾਵਾਂ ਜਾਂ ਸਜਣਾਂ ਨਾਲ ਦ੍ਵੈਖ ਹੈ। ਨਹੀਂ ! ਸਗੋਂ ਯਥਾ ਯੋਗ ਦੂਜੀ ਥਾਵੇਂ ਇਨ੍ਹਾਂ ਹੀ ਸਭਾ ਸੋਸਾਇਟੀਆਂ ਤੇ ਸਜਣਾਂ ਬਾਬਤ ਪ੍ਰਸੰਸਾ ਦੇ ਸ਼ਬਦ ਭੀ ਦਰਜ ਹਨ। ਵੈਦ ਜੀ ਦੇ ਡਾਢੇ ਸ੍ਵਛ ਤੇ ਨਿਰਪਖ ਖਿਆਲ ਹਨ। ਆਪ ਸਮੇਂ ਸਿਰ ਕਿਸੇ ਦਾ ਭੀ ਲਿਹਾਜ਼ ਨਹੀਂ ਸਨ ਕਰਦੇ। ਸਾਫ ਗੋਈ ਤੇ ਇਨਸਾਫ ਅੱਗੇ ਉਹ ਆਪਣੇ ਆਪ ਨੂੰ ਭੀ ਤੋਲਣੋ ਤੇ ਫੋਲਣੋ ਦਰੇਗ ਨਾ ਸਨ ਕਰਦੇ। ਜਿੱਥੇ ਕਿਸੇ ਸਭਾ ਸੋਸਾਇਟੀ ਜਾਂ ਸੱਜਣ ਮਿੱਤ੍ਰ ਵਿਚ ਨੁਕਸ ਦੇਖਿਆ ਆਪ ਨੇ ਬਿਨਾਂ ਕਿਸੇ ਝਿਝਕ ਦੇ ਤੁਰਤ ਦੱਸ ਦਿਤਾ। ਆਪ ਦੀ ਇਹ ਇਕ ਬੜੀ ਭਾਰੀ ਸਿਫਤ ਸੀ, ਕਿਉਂਕਿ ਆਪ ਦੇ ਹਿਰਦੇ ਵਿਚ ਸੁਭ ਚਿੰਤਨਾ ਕੰਮ ਕਰ ਰਹੀ ਸੀ। ਝੂਠੀ ਤੇ ਫੋਕੀ ਪ੍ਰਸੰਸਾ ਕਰਨ ਨੂੰ ਆਪ ਵੈਰ ਭਾਵ ਖਿਆਲ ਕਰਦੇ ਸਨ। 'ਕਿਸੇ ਦੇ ਅਵਗੁਣ ਪ੍ਰਗਟ ਕਰ ਕੇ ਆਪ ਉਸ ਨਾਲ ਦ੍ਵੈਖ ਨਹੀਂ ਸਨ ਕਰਦੇ, ਸਗੋਂ ਲੋੜ ਵੇਲੇ ਯਥਾ ਸ਼ਕਤਿ ਉਸ ਦੀ ਹਰ ਤਰ੍ਹਾਂ ਮਦਦ ਲਈ ਤੱਤ ਪਰ ਰਹਿੰਦੇ ਸਨ।' ਪ੍ਰੇਮੀ ਪਾਠਕਾਂ ਨੂੰ ਇਹ ਖਾਸ ਗਲ ਧਿਆਨ ਤੋਂ ਉਹਲੇ ਨਹੀਂ ਹੋਣ ਦੇਣੀ ਚਾਹੀਦੀ।

ਵੈਦ ਜੀ ਨੂੰ ਨਰਮ ਖਿਆਲੀਆ ( Moderate ) ਖਿਆਲ



Digitized by Panjab Digital Library | www.panjabdigilib.org

ਕਰਨਾ ਗਲਤੀ ਹੈ। ਆਪ ਦੇ ਅੰਦਰ ਕੌਮ ਦੇਸ਼ ਤੇ ਸੰਸਾਰ ਮਾਤ੍ਰ ਦੀ ਉਨਤੀ ਲਈ ਠਾਠਾਂ ਮਾਰਦਾ ਅਣੋਖਾ ਦਿਲ ਸੀ। ਸੁਰਤਿ ਸੰਭਲਣ ਤੋਂ ਹੀ ਆਪ ਨੇ ਆਪਣਾ ਇਕ ਇਕ ਮਿੰਟ ਦੇਸ਼ ਕੌਮ ਤੇ ਸੰਸਾਰ ਉਨਤੀ ਲਈ ਖਰਚ ਕੀਤਾ, ਤੇ ਸਮੇਂ ਸਮੇਂ ਸਿਰ ਵਧ ਤੋਂ ਵਧ ਹਰ ਤਰ੍ਹਾਂ ਦੀ ਕੁਰਬਾਨੀ ਕਰਨੋਂ ਭੀ ਨਹੀਂ ਝਵੇਂ। ਹਾਂ! ਜੇ ਹੂੜ ਮਤ, ਉਜਡ ਪਨੇ ਤੇ ਧੱਕੇ ਖੋਰੀ ਨੂੰ ਹੀ ਗਰਮ ਖਿਆਲ ਕਿਹਾ ਜਾਂਦਾ ਹੈ, ਤਦ ਤਾਂ ਆਪ ਠੀਕ ਨਰਮ ਖਿਆਲੀਏ ਹੀ ਸਨ।

ਜਿਸ ਤਰ੍ਹਾਂ ਮੈਂ ਉੱਪਰ ਦਸ ਆਇਆ ਹਾਂ ਮੇਰਾ ਖਿਆਲ ਇਸ ਜੀਵਨ ਚਰਿਤ੍ਰ ਨੂੰ ਥੋੜੇ ਜੇਹੇ ਸਮੇਂ ਵਿਚ ਤੇ ਐਵੇਂ ਦੋ ਕੁ ਸੌ ਸਫੇ ਦੀ ਪੁਸਤਕ ਵਿਚ ਹੀ ਸਮਾਪਤ ਕਰਨ ਦਾ ਸੀ, ਪਰ ਖੋਜ ਕਰਨ ਤੋਂ ਮੇਰਾ ਅਨੁਮਾਨ ਬਿਲਕੁਲ ਗਲਤ ਨਿਕਲਿਆ। ਇਸ ਕੰਮ ਉੱਪਰ ਮੇਰਾ ਪੂਰਾ ਡੇੜ ਸਾਲ ਲਗ ਗਿਆ ਹੈ। ਹੁਣ ਮੇਰੀ ਮਿਹਨਤ ਦਾ ਫਲ ਜੋ ਕੁਝ ਹੈ ਉਹ ਆਪ ਦੇ ਸਾਮ੍ਹਣੇ ਹੈ।

'ਭੁੱਲ' ਇਨਸਾਨ ਦਾ ਖਾਸਾ ਹੀ ਹੈ। ਹਰ ਇਕ ਭੁਲ ਕਰਦਾ ਹੈ, ਇਸ ਲਈ ਇਸ ਵਿਚ ਜ਼ਰੂਰ ਭੁੱਲਾਂ ਹੋਣਗੀਆਂ। ਇਸ ਲਈ ਮੈਂ ਖਿਮਾ ਮੰਗਦਾ ਹੋਇਆ ਵਿਦਵਾਨ, ਸੁਜਾਨ, ਪ੍ਰੇਮੀ ਪਾਠਕਾਂ ਪਾਸ ਬੇਨਤੀ ਕਰਦਾ ਹਾਂ ਕਿ ਜੋ ਤ੍ਰੁਟੀ ਇਸ ਵਿਚ ਵੇਖੋ ਮੈਨੂੰ ਲਿਖ ਭੇਜੋ ਧੰਨਵਾਦ ਸਹਿਤ ਉਸ ਨੂੰ ਅਗਲੀ ਐਡੀਸ਼ਨ ਵਿਚ ਠੀਕ ਕਰਨ ਦੀ ਚੇਸ਼ਟਾ ਕਰਾਂਗਾ।

ਮੈਂ ਇਕੱਲਾ ਸ਼ਾਇਦ ਕਿਸੇ ਤਰ੍ਹਾਂ ਵੀ ਇਸ ਪਵਿਤ੍ਰ ਹਸਤੀ ਦੇ ਜੀਵਨ-ਚਰਿਤ੍ਰ ਨੂੰ ਲਿਖਣ ਵਿਚ ਕਾਮਯਾਬ ਨਾ ਹੁੰਦਾ, ਜੇ ਆਪ ਦੇ ਹੋਨਹਾਰ ਸਪੁਤ੍ਰ ਮੇਰੀ ਮਦਦ ਨਾ ਕਰਦੇ। ਇਸ ਦੇ ਨਾਲ ਹੀ ਮੈਂ ਆਪਣੇ ਸਾਰੇ ਹੀ ਮਿਹਰਬਾਨ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਯਥਾ ਸ਼ਕਤਿ ਵੈਦ ਜੀ ਦੇ ਜੀਵਨ ਸੰਬੰਧੀ ਲਿਖ ਭੇਜ ਕੇ ਮੇਰੇ ਕੰਮ ਨੂੰ ਸੁਖਾਲਾ ਕੀਤਾ ਹੈ।

੨੧-੮-੩੯ ਮੈਂ ਹਾਂ ਵਿਦਵਾਨਾਂ, ਸਜਣਾਂ ਦਾ ਸੇਵਕ

ਮੁਨਸ਼ਾ ਸਿੰਘ 'ਦੁਖੀ'



Digitized by Panjab Digital Library | www.panjabdigilib.org

# ਜ਼ਰੂਰੀ

ਅਗਲੇ ਸਫੇ ਪੜ੍ਹਨ ਤੋਂ ਪਹਿਲਾਂ ਇਸ ਜ਼ਰੂਰੀ ਬੇਨਤੀ ਨੂੰ ਬੜੇ ਗਹੁ ਤੇ ਵਿਚਾਰ ਨਾਲ ਪੜ੍ਹਨਾ ਪਾਠਕਾਂ ਲਈ ਬੜਾ ਹੀ ਜ਼ਰੂਰੀ ਹੈ, ਨਹੀਂ ਤਾਂ ਅੱਗੇ ਲਿਖੀਆਂ ਅਨੇਕ ਗੱਲਾਂ ਨਿਰਾਰਥਕ, ਅਯੋਗ, ਅਕਾਰਣ ਪ੍ਰਸੰਸਾ ਤੇ ਹਸਦ, ਕੀਨਾ ਅਥਵਾ ਈਰਖਾ ਆਦਿ ਦੇ ਪ੍ਰਭਾਵ ਹੇਠ ਆ ਕੇ ਲਿਖੀਆਂ ਹੋਈਆਂ ਜਾਪਣਗੀਆਂ।

ਜਿਵੇਂ ਅਨੇਕ ਥਾਈਂ ਆਇਆ ਹੈ ਕਿ 'ਫਲਾਣਾ ਆਇਆ, ਦਵਾਈਆਂ ਲੈ ਗਿਆ, ਦਵਾਈਆਂ ਤੋਂ ਬਿਨਾਂ ਵੈਦ ਜੀ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ।' 'ਫਲਾਣਾ ਆਇਆ, ਦਰਸ਼ਨ ਹੋਏ, ਫਲਾਣੀ ੨ ਪੁਸਤਕ ਪ੍ਰੇਮ ਭੇਟ ਕੀਤੀ' ਆਦਿ।

ਇਨ੍ਹਾਂ ਤੋਂ ਸਾਡਾ, ਭਾਵ ਮਿਲਨ ਵਾਲੇ ਸੱਜਣਾਂ ਦਾ ਵੈਦ ਜੀ ਨਾਲ ਪ੍ਰੇਮ, ਵੈਦਕ, ਭਾਈ ਚਾਰਕ, ਧਾਰਮਕ, ਰਾਜਨੀਤਕ ਵਿਚਾਰਾਂ ਤੋਂ ਲਾਭ ਉਠੌਣ ਦਾ ਖਿਆਲ ਅਤੇ ਸਹਿਚਾਰ ਦਾ ਪ੍ਰਗਟਾਉਣਾ ਤੇ ਉਨ੍ਹਾਂ ਸੱਜਣਾਂ ਦੀ ਗੁਰਮੁਖਤਾ, ਦੀਨੀ ਦੁਨੀਵੀ ਪੋਜ਼ੀਸ਼ਨ ਤੇ ਵਾਕਫੀਅਤ ਦਾ ਦਸਣਾ ਹੈ।

ਕਈ ਭਲੇ ਪੁਰਸ਼ਾਂ ਨੂੰ ਵੈਦ ਜੀ ਸੰਬੰਧੀ ਵਾਕਫੀਅਤ ਦੇ ਅਧਾਰ ਤੇ ਹਾਲਾਤ ਲਿਖ ਭੇਜਣ ਨੂੰ ਕਈ ੨ ਪੱਤਰ ਲਿਖੇ। ਅਗੋਂ ਉਨ੍ਹਾਂ ਨੇ ਜਾਂ ਤਾਂ ਜਵਾਬ ਹੀ ਨਾ ਦਿਤਾ, ਪਰ ਜੇ ਦਿਤਾ ਭੀ ਤਾਂ ਇਹੀ ਲਿਖ ਕੇ ਪਿਛਾ ਛੁਡੌਣ ਦੀ ਕੀਤੀ:—



Digitized by Panjab Digital Library | www.panjabdigilib.org

'ਅਫਸੋਸ ਕਿ ਮੈਨੂੰ ਵੈਦ ਜੀ ਦੇ ਹਾਲਾਂ ਦਾ ਕੁਝ ਭੀ ਪਤਾ ਨਹੀਂ।' ਜਾਂ 'ਮੈਨੂੰ ਵੈਦ ਜੀ ਨਾਲ ਬਹੁਤ ਵਾਕਫੀ ਨਾ ਸੀ।' ਕਿਸੇ ਨੇ ਲਿਖਿਆ 'ਮੈਂ ਦੋ ਚਾਰ ਵਾਰ ਹੀ ਵੈਦ ਜੀ ਨੂੰ ਮਿਲਿਆ ਸਾਂ ਵਧੀਕ ਵਾਕਫੀ ਨਹੀ, ਕੁਝ ਨਹੀਂ ਦਸ ਸਕਦਾ' ਆਦਿ। ਹਾਲਾਂ ਕਿ ਵੈਦ ਜੀ ਦੀਆਂ ਡਾਇਰੀਆਂ ਵਿਚੋਂ ਅਜੇਹੇ ਪ੍ਰੇਮੀਆਂ ਨਾਲ ਹਦ ਤੋਂ ਵਧ ਮੇਲ ਮਿਲਾਪ ਤੇ ਸਹਿਚਾਰ ਦਾ ਪਤਾ ਲਗਦਾ ਹੈ। ਜਿਸ ਦੇ ਪ੍ਰਗਟ ਕਰਨ ਲਈ ਹੀ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਗਿਆ ਹੈ।

ਚੀਫ ਖਾਲਸਾ ਦੀਵਾਨ ਦਾ ਜ਼ਿਕਰ ਖਾਸ ਤੌਰ ਨਾਲ ਆਇਆ ਹੈ। ਇਸੇ ਹੀ ਤਰ੍ਹਾਂ ਹੋਰ ਕਈਆਂ ਦਾ ਜ਼ਿਕਰ ਇਸ ਲਈ ਨਹੀਂ ਕੀਤਾ ਗਿਆ! ਕਿ ਉਨ੍ਹਾਂ ਦੀ ਫੋਕੀ ਪ੍ਰਸੰਸਾ ਜਾਂ ਅਪ੍ਰਸੰਸਾ ਕੀਤੀ ਜਾਵੇ। ਸਗੋਂ ਭਾਵ ਕੇਵਲ ਇਹ ਦਸਣ ਦਾ ਹੈ ਕਿ ਉਨ੍ਹਾਂ ਸੰਬੰਧੀ ਵੈਦ ਜੀ ਦੇ ਕੀ ਖਿਆਲ ਸਨ? ਆਪ ਉਨ੍ਹਾਂ ਨੂੰ ਕਿਸ ਨਜ਼ਰ ਨਾਲ ਦੇਖਦੇ ਤੇ ਆਪ ਦੇ ਨਿਰਪਖ ਵਿਚਾਰ ਉਨ੍ਹਾਂ ਸੰਬੰਧੀ ਕੀ ਸਨ?

ਇਸੇ ਹੀ ਤਰ੍ਹਾਂ ਅਗਲੇ ਸਾਰੇ ਸਫਿਆਂ ਵਿਚ ਆਪਣੀ ਵਲੋਂ ਵੈਦ ਜੀ ਦੇ ਨਿਰੋਲ ਖਿਆਲ ਪ੍ਰਗਟ ਕਰਨ ਦਾ ਹੀ ਯਤਨ ਕੀਤਾ ਹੈ। ਜਿਸ ਕਰਕੇ ਅਨੇਕ ਥਾਈਂ ਅਨੇਕਾਂ ਦਾ ਜ਼ਰੂਰੀ ਹਾਲ ਭੀ ਅਵੱਸੋਂ ਲਿਖਣਾ ਹੀ ਪਿਆ ਹੈ ਜਿਨ੍ਹਾਂ ਬਿਨਾਂ ਸਾਡਾ ਭਾਵ ਸਪਸ਼ਟ ਹੋਣਾ ਕਠਨ ਸੀ। ਪਰ ਅਨੇਕ ਥਾਈਂ ਨਾਵਾਂ ਦੀ ਥਾਂ ਕੇਵਲ ਨੁਕਤੇ ਲਾ ਕੇ ਹੀ ਕੰਮ ਚਲਾਇਆ ਹੈ।

ਬੇਅੰਤ ਅਜੇਹੇ ਛਡਕੇ ਕੇਵਲ ਨਮੂਨੇ ਮਾਤ੍ਰ ਵੈਦ ਜੀ ਦੇ ਖਿਆਲ ਸਪਸ਼ਟ ਕਰਨ ਲਈ ਹੀ ਦਿਤੇ ਹਨ। ਬਾਕੀ ਇਹ ਉੱਕਾ ਹੀ ਖਿਆਲ ਨਹੀਂ ਕਿ ਕਿਸੇ ਦੀ ਅਪ੍ਰਸੰਸਾ ਜਾਂ ਅਕਾਰਣ ਸਿਫਤ ਕੀਤੀ ਜਾਵੇ।

ਜੋ ਕੁਛ ਭੀ ਇਸ ਪੁਸਤਕ ਵਿਚ ਲਿਖਿਆ ਗਿਆ ਹੈ ਉਹ ਸਭ ਦਾ ਸਭ ਵੈਦ ਜੀ ਦੀਆਂ ਹਸਤ ਲਿਖਤ ਡਾਇਰੀਆਂ, ਰੋਜ਼ ਨਾਮਚਿਆਂ ਤੇ



Digitized by Panjab Digital Library | www.panjabdigilib.org

ਹੋਰ ਹਸਤ ਲਿਖਤ ਕਾਗਜ਼ਾਂ ਦੇ ਅਧਾਰ ਤੇ ਹੀ ਲਿਖਿਆ ਗਿਆ ਹੈ। ਜਗਾ ਜਗਾ ਕੇਵਲ ਭਾਵ ਸਪਸ਼ਟ ਕਰਨ ਲਈ ਟੂਕਾਂ, ਜਾਂ ਲਿਖਤ ਨੂੰ ਸੁਆਦਲੀ ਤੇ ਵਿਚਾਰ ਪੂਰਬਕ ਬਣੌਣ ਲਈ ਹੀ ਨੋਟ ਚਾੜ੍ਹੇ ਗਏ ਹਨ।

ਇਸ ਪੁਸਤਕ ਵਿਚ ਵੈਦ ਜੀ ਦੀਆਂ ਡਾਇਰੀਆਂ ਤੇ ਸੰਬੰਧਤ ਕਾਗਜ਼ਾਂ ਦੇ ਮਸਾਲੇ ਨੂੰ ਹੀ ਇਕਠਾ ਕਰਨ ਦਾ ਯਤਨ ਕੀਤਾ ਗਿਆ ਹੈ। ਪੁਸਤਕ ਦਾ ਅਕਾਰ ਤੇ ਵਿਸਤਾਰ ਵਧੀਕ ਹੋ ਜਾਣ ਕਰਕੇ ਆਪ ਦੇ ਜੀਵਨ ਦੇ ਹੋਰ ਅੰਗ ਨਹੀਂ ਛੋਹੇ। ਗੁਰੂ ਤੇ ਸਮੇਂ ਨੇ ਸਮਰਥਾ ਬਖਸ਼ੀ ਤਾਂ ਆਪ ਦੇ ਸਾਹਿਤਜ ਆਦਿ ਸੰਬੰਧੀ ਵਿਚਾਰ ਭੀ ਵਿਸਥਾਰ ਸਹਿਤ ਅੱਡ ਪਾਠਕਾਂ ਦੀ ਭੇਟਾ ਕੀਤੇ ਜਾਣਗੇ।

੨੧-੮-੩੯ 'ਦੁਖੀ'

---



Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਸ੍ਰੀ ਮਾਨ ਭਾਈ ਸਾਹਿਬ

## ਭਾਈ ਮੋਹਨ ਸਿੰਘ ਜੀ ਵੈਦ

Digitized by Panjab Digital Library | www.panjabdigilib.org

# ਜੀਵਨ

## ਭਾਈ ਸਾਹਿਬ

# ਭਾਈ ਮੋਹਨ ਸਿੰਘ ਜੀ ਵੈਦ

Digitized by Panjab Digital Library | www.panjabdigilib.org

"ਸ੍ਰੀ ਤਰਨ ਤਾਰਨ ਸਾਹਿਬ ਜੀ ਦੇ ਵੈਦਰਾਜ ਭਾਈ ਜੈਮਲ ਸਿੰਘ ਜੀ ਦੇ ਛੋਟੇ ਸਪੁਤ੍ਰ ਭਾਈ ਮੋਹਨ ਸਿੰਘ ਜੀ ਵੈਦ ਪੰਥ ਸੇਵਾ ਵਿਚ ਹਿੱਸਾ ਲੈਣ ਵਾਲੇ ਇਕ ਪ੍ਰਸਿੱਧ ਹਸਤੀ ਹੋਏ ਹਨ। ਆਪ ਛੋਟੀ ਉਮਰਾ ਵਿਚ ਹੀ ਪੰਥ ਸੇਵਾ ਵਲ ਉਤਸ਼ਾਹਤ ਹੋ ਗਏ ਸਨ। ਪਹਿਲਾਂ ਭੁਜੰਗੀ ਸਭਾ ਵਿਚ ਫੇਰ ਸਿੰਘ ਸਭਾ ਵਿਚ ਤੇ ਫੇਰ ਚੀਫ ਖਾਲਸਾ ਦੀਵਾਨ ਵਿਚ ਸੇਵਾ ਕਰਦੇ ਰਹੇ ਹਨ। ਗੁਰਦਵਾਰਾ ਲਹਿਰ ਵਿਚ ਭੀ ਆਪ ਨੇ ਸੇਵਾ ਕੀਤੀ ਤੇ ਫੇਰ ਤਰਨ ਤਾਰਨ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਵਿਚ ਮੈਂਬਰ ਹੋ ਕੇ ਵੀ ਸੇਵਾ ਦਾ ਚੰਗਾ ਹਿੱਸਾ ਲੈਂਦੇ ਰਹੇ। ਆਪ ਪੰਥ ਦੇ ਹਾਨ ਲਾਭ ਵਿਚ ਅਤਯੰਤ ਦਿਲਚਸਪੀ ਰਖਦੇ ਸਨ। ਹਾਨੀ ਦੇਖ ਕੇ ਦਿਲ ਪੀੜਾ ਪ੍ਰਤੀਤ ਕਰਦੇ ਤੇ ਲਾਭ ਲਈ ਸਹਾਇਤਾ ਵਿਚ ਉਦਯਤ ਹੋ ਜਾਂਦੇ ਸਨ।

ਆਪ ਨੇ ਵੈਦੰਗੀ ਦੀ ਵਿਦਿਆ ਪ੍ਰਾਪਤ ਕਰਕੇ ਇਸ ਵਿਚ ਖਾਸੀ ਪ੍ਰਬੀਨਤਾ ਪ੍ਰਾਪਤ ਕੀਤੀ। ਪ੍ਰਬੀਨਤਾ ਦੇ ਨਾਲ ਸਾਈਂ ਵਲੋਂ ਆਪ ਦੇ ਹੱਥਾਂ ਵਿਚ ਸ਼ਫਾ ਦੀ ਬਖਸ਼ਿਸ਼ ਸੀ। ਆਪ ਬਿਨਾ ਫੀਸ ਲਏ ਦੇ ਇਲਾਜ ਕਰਦੇ ਸੇ, ਜਿਸ ਕਰਕੇ ਵੈਦੰਗੀ ਪਰਉਪਕਾਰ ਵਿਚ ਬੀ ਸਹਾਈ ਹੋ ਗਈ। ਇਸ ਫਨ ਤੋਂ ਹਰ ਮਤ, ਹਰ ਖਿਆਲ ਤੇ ਹਰ ਪਾਰਟੀ ਦੇ ਲੋੜਵੰਦਾਂ ਨੂੰ ਲਾਭ ਪਹੁੰਚਣ ਕਰਕੇ ਆਪ ਦੀ ਪਾਪੂਲੈਰਿਟੀ ਬਹੁਤ ਵਧ ਗਈ ਸੀ। ਇਸ ਵਿਚ ਹੋਰ ਵਾਧਾ ਆਪ ਦੇ ਸੁਭਾਵ ਦੇ ਮਿਲਨ ਸਾਰ ਤੇ ਆਦਰ ਵਾਲਾ ਹੋਣ ਕਰਕੇ ਹੋਇਆ।

ਮਾਤ ਭਾਸ਼ਾ ਦੀ ਬਿਧੀ ਦਾ ਆਪ ਨੂੰ ਬਹੁਤ ਪਿਆਰ ਸੀ। ਆਪ ਖੁਦ ਭੀ ਲਿਖਦੇ, ਤਰਜਮੇ ਕਰਦੇ ਤੇ ਕਰਵਾਉਂਦੇ ਸੇ। ਇਸ ਤਰ੍ਹਾਂ ਅਨੇਕਾਂ ਵਿਸ਼ਿਆਂ ਤੇ ਕਈ ਸੌ ਦੀ ਤਾਦਾਦ ਵਿਚ ਲਿਖੇ ਗਏ ਰਸਾਲੇ ਤੇ ਪੁਸਤਕਾਂ ਦੀ ਲਿਟ੍ਰੇਚਰ ਆਪ ਨੇ ਪੈਦਾ ਕੀਤੀ ਤੇ ਉਸਦਾ ਪ੍ਰਚਾਰ ਕੀਤਾ। ਇਸ ਦੇ ਨਾਲ ਹੀ ਆਪਣੇ ਪਾਸ ਇਤਨਾ ਪੁਸਤਕ ਭੰਡਾਰ ਇਕੱਤ੍ਰ ਕੀਤਾ ਕਿ ਇਕ ਤਕੜੀ ਲਾਇਬ੍ਰੇਰੀ ਜਿੰਨਾ ਸਾਮਾਨ ਜਮਾਂ ਹੋ ਗਿਆ।

ਗਰੀਬਾਂ ਲੋੜਵੰਦਾਂ ਦੀ ਸਹਾਇਤਾ ਵਿਚ ਵੀ ਆਪ ਦਾ ਹੱਥ ਸਖਾਵਤ ਵਾਲਾ ਉਠਦਾ ਸੀ ਤੇ ਲੋੜਵੰਦ ਸਨਬੰਧੀਆਂ ਨਾਲ ਵੀ ਵਰਤਾਉ ਉਦਾਰਤਾ ਵਾਲਾ ਸੀ। ਸਤਿਸੰਗ ਵਿਚ ਵੀ ਆਪ ਦੀ ਰੁਚੀ ਸੀ ਤੇ ਆਏ ਗਏ ਮਹਾਤਮਾਂ ਨੂੰ ਮਿਲਦੇ ਗਿਲਦੇ ਰਹਿੰਦੇ ਸਨ। ਪ੍ਰਸਿੱਧ ਸੰਤ ਸ੍ਰੀ ਮਾਨ ਬਾਬਾ ਭੋਲਾ ਸਿੰਘ ਜੀ ਦੇ ਸਤਿਸੰਗ ਤੋਂ ਬੀ ਆਪ ਨੇ ਲਾਭ ਉਠਾਇਆ।

ਗੁਰਦਵਾਰਾ ਤਰਨ ਤਾਰਨ ਦੀ ਕਮੇਟੀ ਵਿਚ ਆਪ ਨੇ ਚੰਗੀ ਸੇਵਾ ਕੀਤੀ ਹੈ ਪਰ ਆਪਣੇ ਅੰਤ ਤੋਂ ਕੁਝ ਸਮਾਂ ਪਹਿਲਾਂ ਜਦ ਸ੍ਰੀ ਦਰਬਾਰ ਸਾਹਿਬ ਵਿਚ ਮਿਲਨ ਦਾ ਅਵਕਾਸ਼ ਹੋਇਆ ਤਾਂ ਆਪ ਨੇ ਗੁਰਦਵਾਰਿਆਂ ਵਿਚ ਵਾਪਰ ਰਹੀ ਦੁਖ ਜਨਕ ਹਾਲਤ ਉਤੇ ਨਿਜਵਾਕਫੀ ਤੋਂ ਚਾਨਣਾਪਾਉਂਦੇ ਹੋਏ ਦਿਲੀ ਦੁਖਪ੍ਰਗਟ ਕੀਤਾ।

ਆਪਦੇ ਬੇਵਕਤ ਚਲਾਣੇ ਨੇ ਇਕ ਟੋਟਾ ਪਾਇਆ ਹੈ, ਜੋ ਮੂਲੋਂ ਅਮਿਲਵਾਂ ਕਿਹਾ ਜਾਣਾ ਸੀ, ਪਰ ਆਪ ਦੇ ਆਤਮਜ ਭਾਈ ਤ੍ਰਿਲੋਕ ਸਿੰਘ ਜੀ ਉਨ੍ਹਾਂ ਦੇ ਚਲਾਏ ਵੈਦੰਗੀ ਦੇ ਉਪਕਾਰੀ ਸੋਮੇ ਨੂੰ ਜਾਰੀ ਰਖ ਰਹੇ ਹਨ। ਜਿਸ ਕਰਕੇ ਰੋਗੀਆਂ ਨੂੰ ਚਕਿਤ-ਸਕ ਸਹਾਇਤਾ ਉਸੇ ਤਰ੍ਹਾਂ ਮਿਲਦੀ ਹੈ। ਬਾਹਰ ਦਾ ਦਵਾਈਆਂ ਭੇਜਣ ਦਾ ਕੰਮ ਵੀ ਉਸੇ ਤਰਾਂ ਜਾਰੀ ਹੈ ਤੇ ਐਉਂ ਭਾਈ ਮੋਹਨ ਸਿੰਘ ਜੀ ਦਾ ਪੈਦਾ ਕੀਤਾ ਨਾਮਣਾ ਤੇ ਜਾਰੀ ਕੀਤਾ ਉਪਕਾਰ ਕਾਇਮ ਹੈ।" [ਭਾਈ ਸਾਹਿਬ ਭਾਈ ਵੀਰ ਸਿੰਘ ਜੀ

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

---

# ਜੀਵਨ

## ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ

"Bhai Mohan Singh Vaid combined simplicity with great ability and high character. All his life he served his community. My connection with his family is long dated and always admired his service to the Panth and suffering humanity."

SIR JOGINDRA SINGH

ਸੂਬਾ ਪੰਜਾਬ ਵਿਚ ਸ੍ਰੀ ਤਰਨ ਤਾਰਨ ਮਸ਼ਹੂਰ ਕਸਬਾ ਹੈ ਲਾਹੌਰੋਂ ੫੦ ਕੁ ਮੀਲ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ੧੨ ਮੀਲ ਹੈ। ਇਸ ਦੇ ਚੜ੍ਹਦੇ ਪਾਸੇ ਬਾਰਾਂ ਕੁ ਮੀਲ ਦੀ ਵਿਥ ਤੇ ਬਿਆਸ ਦਰਿਆ ਵਗਦਾ ਹੈ, ਦਖਣ ਵਲ ਕਸੂਰ, ਲਹਿੰਦੇ ਵਲ ਤਸੀਲ ਲਾਹੌਰ ਅਤੇ ਪਹਾੜ ਵਲ ਸ਼ਹਿਰ ਅੰਮ੍ਰਿਤਸਰ ਹੈ।

੧੯੩੧ ਦੀ ਮਰਦਮਸ਼ੁਮਾਰੀ ਵਿਚ ਇਸ ਦੀ ਜਨ ਸੰਖਯਾ ੧੦੧੦੩ ਸੀ। ਜਿਸ ਵਿਚੋਂ ੩੨੩੪ ਸਿੱਖ, ੨੫੩੫ ਹਿੰਦੂ, ੪੦੫੩ ਮੁਸਲਮਾਨ, ੧੩੮ ਈਸਾਈ ਅਤੇ ੯੪੪ ਹੋਰ ਜਾਤਾਂ ਵਸਦੀਆਂ ਹਨ।

ਇਸ ਦਾ ਇਤਿਹਾਸ ਇਸਤਰਾਂ ਹੈ ਕਿ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਜਗਾ ਰਮਣੀਕ ਜੰਗਲ ਤੇ ਇਸ ਵਿਚ ਇਕ ਸੁਖਦਾਈ ਛਪੜੀ ਦੇਖਕੇ, ਨੂਰਦੀ, ਖਾਰ੍ਹਾ ਤੇ ਪਲਾਸੌਰ ਆਦਿਕ ਲਾਗੇ ਦੇ ਪਿੰਡਾਂ ਦੇ ਚੌਧਰੀਆਂ ਨੂੰ ਇਕੱਠੇ ਕਰਕੇ ਜੋ ਇਸ ਜਗ੍ਹਾ ਦੇ ਮਾਲਕ ਸਨ—ਇਸ ਥਾਂ ਅਠਾਰਾਂ ਸੌ ਬਿਘਾ ਜ਼ਮੀਨ ਖਰੀਦ ਲਈ ਤੇ



Digitized by Panjab Digital Library | www.panjabdigilib.org

ਇਹ ਨਗਰ ਵਸਾਇਆ । ੧੦ ਭਾਦਰੋਂ ਸੰਮਤ ੧੬੪੭ ਬਿਕ੍ਰਮੀ ਨੂੰ ਮੱਸਿਆ ਵਾਲੇ ਦਿਨ ਏਥੇ ੪੮ ਬਿਘੇ ਜ਼ਮੀਨ ਵਿਚ ਆਪਣੇ ਹਥੀਂ ਪਹਿਲਾ ਟੱਕ ਲਾ ਕੇ ਬੜਾ ਭਾਰਾ ਸਰੋਵਰ ਪੁਟਵਾਣਾ ਅਰੰਭ ਕੀਤਾ। ੬ ਸਾਲ ਤਕ ਇਸ ਦੀ ਖੁਦਾਈ ਲਗੀ ਰਹੀ । ਅੰਤ ਚੇਤ ਦੀ ਮਸਿਆ ਸੰਮਤ ੧੬੫੩ ਨੂੰ ਪੱਕਾ ਕਰਨ ਲਈ ਪਹਿਲੀ ਇਟ ਲਾਈ ਤੇ ਨਗਰ ਆਬਾਦ ਕੀਤਾ। ਇਨ੍ਹਾਂ ਦੋਹਾਂ ਮਹੂਰਤਾਂ ਦੇ ਆਰੰਭ ਕਰਨ ਸਮੇਂ ਸਤਿਗੁਰੂ ਅਰਜਨ ਦੇਵ ਜੀ ਨੇ ਦੂਰੋਂ ਦੂਰੋਂ ਸੱਦੇ ਦੇ ਕੇ ਭਾਰੀ ਇਕੱਠ ਵਿਚ ਕੰਮ ਅਰੰਭ ਕੀਤਾ ਸੀ, ਇਸੇ ਲਈ ਅਜ ਤਕ ਏਥੇ ਭਾਦਰੋਂ ਤੇ ਚੇਤ ਦੀਆਂ ਦੋਵੇਂ ਮਸਿਆਂ ਤੇ ਬੜੇ ਭਾਰੇ ਮੇਲੇ ਲਗਦੇ ਹਨ । ਉਂਞ ਤਾਂ ਹਰ ਮੱਸਿਆ ਤੇ ਹੀ ਮੇਲਾ ਲਗਦਾ ਹੈ ।

ਏਹ ਸਰੋਵਰ ੯੯੯ ਫੁਟ ਲੰਬਾ ੯੯੦ ਫੁਟ ਚੌੜਾ ਤੇ ੩੦ ਫੁਟ ਡੂੰਘਾ ਹੈ। ਪਕੀਆਂ ਬੇ-ਨਜ਼ੀਰ ਪੌੜੀਆਂ ਤੇ ਪ੍ਰਕਰਮਾਂ ਬਣੀਆਂ ਹੋਈਆਂ ਹਨ। ਇਸਤ੍ਰੀਆਂ ਦੇ ਅਸ਼ਨਾਨ ਲਈ ਪੋਣੇ ਭੀ ਹਨ ਤੇ ਇਸ ਦੇ ਇਕ ਪਾਸੇ ਹਰਿਮੰਦਰ ਸਾਹਿਬ ਹੈ।

ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦਾ ਸਮਾ, ਸਤਜੁਗੀ ਸਮਾ ਸੀ। ਭਾਵੇਂ ਚਾਲਾਕ ਯਾਰਾਂ ਨੇ ਉਸ ਨੂੰ 'ਸਿਖਾ-ਸ਼ਾਹੀ' ਦੇ ਉਧਮੂਲ ਨਾਲ ਪ੍ਰਗਟ ਕਰਕੇ ਸਿਖਾਂ ਦੇ ਇਤਿਹਾਸ ਨੂੰ ਕਲੰਕਤ ਕਰਨ ਦੀ ਨਿਕੱਮੀ ਕੋਸ਼ਸ਼ ਕੀਤੀ ਹੈ, ਪਰ ਜੋ ਸੁਖ* ਪ੍ਰਜਾ ਨੂੰ ਮਹਾਰਾਜਾ ਰਣਜੀਤ ਸਿੰਘ ਦੇ

---

*ਮੈਕਗ੍ਰੇਗਰ ਲਿਖਦਾ ਹੈ ਕਿ "ਮਹਾਰਾਜਾ ਆਪਣੀ ਪਰਜਾ ਨਾਲ ਬੜੇ ਪਿਆਰ ਨਾਲ ਵਰਤਦਾ ਹੈ । ਉਹ ਬਹੁਤਾ ਤਰਸ ਤੇ ਖਿਮਾ ਤੋਂ ਹੀ ਕੰਮ ਲੈਂਦਾ ਹੈ। ਚੰਗੇ ਵਰਤਾਉ ਅਤੇ ਰਹਿਮ ਦਿਲੀ ਵਿਚ ਉਹ ਨਿਰਸੰਦੇਹ ਇਸ ਦੇਸ ਵਿਚ ਹੋ ਗੁਜ਼ਰੇ ਸਾਰਿਆਂ ਬਾਦਸ਼ਾਹਾਂ ਵਿਚੋਂ ਮੋਹਰੀ ਸੀ।"

ਅਗੇ ਸਯਦ ਮੁਹੰਮਦ ਲਤੀਫ ਲਿਖਦਾ ਹੈ:--

"ਇਸ ਗਲ ਵਿਚ ਅਸੀਂ ਭੀ ਮੈਕਗ੍ਰੇਗਰ ਨਾਲ ਸੰਮਤੀ ਰਖਦੇ ਹਾਂ ਕਿ ਅਸਾਂ ਭੀ ਕਿਸੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਖਤੀ ਬੁਰਿਆਈ ਤ ਜ਼ੁਲਮ ਦੀ ਕੋਈ ਨਜ਼ੀਰ ਨਹੀਂ ਦੇਖੀ।"



Digitized by Panjab Digital Library | www.panjabdigilib.org

ਰਾਜ ਸਮੇਂ ਸੀ, ਉਹ ਸੁਖ ਮੁੜ ਪੰਜਾਬੀਆਂ ਨੂੰ ਨਸੀਬ ਨਹੀਂ ਹੋਇਆ, ਅਜ ਤਾਂ ਉਸਦਾ ਪਾ ਪਾਂਸਕ ਭੀ ਨਹੀਂ।

ਇਸੇ ਸੂਰਮੇ ਬਹਾਦਰ ਤੇ ਧਰਮੀ ਮਹਾਰਾਜੇ ਸਮੇਂ ਹੋਰ ਅਨੇਕ ਗੁਰਦੁਆਰਿਆਂ ਦੀ ਸੇਵਾ ਵਾਂਗ ਇਸ ਗੁਰਦੁਆਰੇ ਦੀ ਸੇਵਾ ਮਹਾਰਾਜ ਤੇ ਉਸਦੇ ਪ੍ਰਵਾਰ ਵਲੋਂ ਹੋਈ। ਮਹਾਰਾਜ ਦੇ ਹੁਕਮ ਨਾਲ ਸੰਮਤ ੧੮੮੧ ਤੋਂ ੧੮੮੭ ਤਕ ਇਸ ਗੁਰਦੁਆਰੇ ਦੇ ਹਰਿਮੰਦਰ ਦੀ ਤੇ ਸ੍ਰੋਵਰ ਦੀਆਂ ਪ੍ਰਕਰਮਾਂ ਦੀ ਸੇਵਾ ਹੋਈ ਜੋ ਅਜੇ ਤਕ ਯਾਦਗਾਰ ਦੇ ਤੌਰ ਤੇ ਸੁਨਹਿਰੀ ਪਤਰਿਆਂ ਉਪਰ ਉਕਰਿਆ ਹੋਇਆ ਹੈ।

ਇਸੇ ਨਗਰ ਵਿਚ ਸਾਡੀ ਪੁਸਤਕ ਦੇ ਹੀਰੋ ਭਾਈ ਸਾਹਿਬ ਦੇ ਬਜ਼ੁਰਗ ਮੁਢ ਤੋਂ ਵਸਨੀਕ ਸਨ।

ਉਸ ਸਮੇਂ ਦੇ ਪੁਜਾਰੀਆਂ ਵਿਚੋਂ ਮਹਾਰਾਜਾ ਸਾਹਿਬ ਨੇ ਹੋਰ ਪੁਜਾਰੀਆਂ ਦੇ ਨਾਲ ਹੀ ਸਾਡੇ ਹੀਰੋ ਦੇ ਬਜ਼ੁਰਗ ਪੜਦਾਦਾ ਭਾਈ ਰਣ ਸਿੰਘ ਜੀ ਨੂੰ ਭੀ ਇਹ ਸੇਵਾ ਕਰਨ ਲਈ ਕਈ ਵਾਰ ਬੜੀ ਪ੍ਰੇਰਨਾ ਕੀਤੀ ਪਰ ਉਨ੍ਹਾਂ ਨੇ ਕਿਰਤ ਕਮਾਈ ਕਰਕੇ ਹੀ ਜੀਵਣ-ਨਿਰਬਾਹ ਕਰਨ,

---

☛ ਮਿਸਟਰ ਐਚ. ਈ. ਫੇਨ ਮਹਾਰਾਜੇ ਦਾ ਵਰਤਾਉ ਅਖੀਂ ਦੇਖਕੇ ਲਿਖਦਾ ਹੈ:--

"ਰਣਜੀਤ ਸਿੰਘ ਨੂੰ ਉਸਦੀ ਪਰਜਾ ਬੜਾ ਦਰਿਆ-ਦਿਲ ਬਾਦਸ਼ਾਹ ਮੰਨਦੀ ਹੈ। ਅਤੇ ਸਾਰੇ ਹੋ ਗੁਜਰੇ ਹਿੰਦੋਸਤਾਨ ਦੇ ਬਾਦਸ਼ਾਹਾਂ ਵਿਚੋਂ ਉਸ ਨੂੰ ਵਧੇਰਾ ਪਿਆਰਾ ਅਤੇ ਬਹੁਤ ਹੀ ਚੰਗਾ ਹੁਕਮਰਾਨ ਜਾਣਦੀ ਹੈ। ਉਸ ਨੂੰ ਨਾ ਕੇਵਲ ਵਡੇ ਹੀ ਪਿਆਰ ਕਰਦੇ ਹਨ, ਸਗੋਂ ਨਿੱਕੇ ਨਿੱਕੇ ਬੱਚੇ ਭੀ ਦਿਲੋਂ ਆਪਣਾ ਕਿਰਪਾਲੂ ਬਾਦਸ਼ਾਹ ਜਾਣਦੇ ਹਨ।"

ਇਸੇ ਤਰਾਂ ਲਾਲਾ ਖੁਸ਼ਹਾਲ ਚੰਦ ਜੀ ਲਿਖਦੇ ਹਨ:--

"ਜਿਤਨਾ ਅਮਨ ਅਮਾਨ ਮਹਾਰਾਜ ਰਣਜੀਤ ਸਿੰਘ ਕੇ ਜ਼ਮਾਨੇ ਮੇਂ ਥਾ, ਇਤਨਾ ਫਿਰ ਪੰਜਾਬ ਕੋ ਆਜ ਤਕ ਦੇਖਣਾ ਨਸੀਬ ਨਹੀਂ ਹੂਆ।"

(ਮਹਾਰਾਜ ਰਣਜੀਤ ਸਿੰਘ ਕ੍ਰਿਤ ਬਾਬਾ ਪ੍ਰੇਮ ਸਿੰਘ ਜੀ)

ਪੰਜਾਬ ਗੌਰਮਿੰਟ ਭੀ ਆਪਣੀ ੧੯੨੧-੨੨ ਦੀ ਰੀਪੋਟ ਦੇ ਸਫਾ ੬੫ ਤੇ ਮੰਨਦੀ ਹੈ ਕਿ ਇਸ ਰਾਜ ਸਮੇਂ ਮੁਲਕ ਸਮੁਚੇ ਤੌਰ ਤੇ ਇਤਨਾ ਖੁਸ਼ਹਾਲ ਸੀ ਕਿ ਅਜ ਵੇਖ ਹੈਰਾਨੀ ਹੁੰਦੀ ਹੈ।



Digitized by Panjab Digital Library | www.panjabdigilib.org

ਅਤੇ ਪੂਜਾ ਦੇ ਧਾਨ ਤੋਂ ਬਚੇ ਰਹਿਣ ਦਾ ਹੀ ਪ੍ਰਣ ਪਾਲਿਆ†।

ਇਸੇ ਨਗਰ ਤਰਨ ਤਾਰਨ ਵਿਚ ਭਾਈ ਰਣ ਸਿੰਘ ਜੀ ਦੀ ਚੌਥੀ ਪੀੜੀ ਵਿਚ ਭਾਈ ਮੋਹਨ ਸਿੰਘ ਜੀ ਨੇ ਫੱਗਣ ਸੁਦੀ ੭ ਸੰਮਤ ੧੯੩੭ (ਫਰਵਰੀ ੧੮੮੧ ਈਸਵੀ) ਨੂੰ ਜਨਮ ਲਿਆ ਆਪ ਦੇ ਪਿਤਾ ਜੀ ਦਾ ਨਾਮ ਭਾਈ ਜੈਮਲ ਸਿੰਘ ਜੀ ਤੇ ਬਾਬੇ ਦਾ ਭਾਈ ਜੀਵਣ ਸਿੰਘ ਜੀ ਸੀ, ਜੋ ਉਪ੍ਰੋਕਤ ਭਾਈ ਰਣ ਸਿੰਘ ਦੇ ਸਪੁਤ੍ਰ ਸਨ। ਭਾਈ ਜੈਮਲ ਸਿੰਘ ਜੀ ਪ੍ਰਸਿਧ ਵੈਦ ਤੇ ਗੁਰਮੁਖ ਪ੍ਰੇਮੀ ਰਹਿਣੀ ਬਹਿਣੀ ਕਹਿਣੀ ਤੇ ਕਰਨੀ ਦੇ ਪੱਕੇ ਸਿਖ ਸਨ। ਆਪ ਨੇੜੇ ਤੇੜੇ ਇਲਾਕੇ ਵਿਚ ਬੜੇ ਪ੍ਰਸਿਧ ਮੰਨੇ ਪ੍ਰਮੰਨੇ ਵੈਦ ਸਨ, ਸ਼ਹਿਰ ਵਾਸੀਆਂ ਤੋਂ ਆਪ ਹਜ਼ਾਰ ਕੋਸ਼ਸ਼ ਕਰਨ ਤੇ ਭੀ ਦਵਾਈ ਦਾ ਕੋਈ ਮੁਲ ਨਾ ਸਨ ਲੈਂਦੇ, ਦੂਰ ਨੇੜਿਓਂ ਆਉਣ ਵਾਲੇ ਗਰੀਬ ਰੋਗੀਆਂ ਤੋਂ ਭੀ ਇਹੋ ਹੀ ਨਹੀਂ ਕਿ ਦਵਾਈ ਦਾ ਮੁਲ ਨਹੀਂ ਸਨ ਲੈਂਦੇ ਸਗੋਂ ਅਨੇਕ ਵਾਰ ਖਾਣ ਪੀਣ ਨੂੰ ਤੇ ਕਰਾਇਆ ਆਦਿ ਭੀ ਕੋਲੋਂ ਦਿੰਦੇ ਸਨ ਇਹੀ ਕਾਰਣ ਸੀ ਕਿ ਆਪ ਦੂਰ ਨੇੜੇ ਦਾਨੀ ਵੈਦਰਾਜ ਪ੍ਰਸਿੱਧ ਸਨ।

ਭਾਈ ਮੋਹਨ ਸਿੰਘ ਜੀ ਆਪਣੇ ਤਿੰਨ ਵਡੇ ਭ੍ਰਾਤਾ ਭਾਈ ਗੁਰਬਖਸ਼ ਸਿੰਘ ਜੀ ਭਾਈ ਗੁਲਾਬ ਸਿੰਘ ਜੀ ਤੇ ਭਾਈ ਸੰਪੂਰਨ ਸਿੰਘ ਜੀ ਤੋਂ ਛੋਟੇ ਸਨ।

ਮੁਢ ਤੋਂ ਹੀ ਆਪਦਾ ਘਰਾਣਾ ਗੁਰਮੁਖ ਗੁਰਸਿਖ ਤੇ ਗੁਰ ਘਰ ਦੇ ਪ੍ਰੇਮੀ ਹੋਣ ਅਤੇ ਵੈਦਗੀ ਵਿਚ ਪ੍ਰਸਿਧ ਰਿਹਾ ਹੈ। ਵੈਦਗੀ ਤੇ ਵਪਾਰ ਆਪ ਦਾ ਮੁਢੋਂ ਹੀ ਪੇਸ਼ਾ ਰਿਹਾ ਹੈ। ਗੁਰਮੁਖਤਾ, ਧੀਰਜ, ਦਾਨ ਦੇਣਾ ਤੇ ਗੁਰਘਰ ਦਾ ਵਿਸ਼੍ਵਾਸ ਆਪ ਨੂੰ ਪਿਤਾ ਜੀ ਤੋਂ ਵਿਰਸੇ ਵਿਚ ਹੀ ਮਿਲਿਆ ਹੋਇਆ ਸੀ। ਅਜੇ ਆਪ ਜੀ ਨੇ ਸੁਰਤ ਭੀ ਨਾ ਸੀ ਸੰਭਲੀ ਕਿ ਤਿੰਨ ਬਰਸ ਦੀ ਉਮਰ ਵਿਚ ਹੀ ਆਪਦੇ ਪਿਆਰੇ ਮਾਤਾ ਜੀ ਵਿਛੋੜਾ ਦੇ ਗਏ ਤੇ ਆਪ ਮਾਂ ਮਹਿਟਰ ਹੋ ਗਏ।

---

† 'ਸਫਲ ਜੀਵਣ' ਸਫਾ ੨੧



Digitized by Panjab Digital Library | www.panjabdigilib.org

"ਹੋਨਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ" ਦੀ ਕਹਾਵਤ ਅਨੁਸਾਰ ਨਿਕੇ ਜੇਹੇ ਭਾਈ ਮੋਹਨ ਸਿੰਘ ਦੀ ਲੱਛਣਾਂ ਤੋਂ ਹੀ ਤੀਖਣ ਤੇ ਚਮਤਕਾਰੀ ਬੁਧੀ ਅਨਭਵ ਕਰਕੇ ਪਿਤਾ ਜੀ ਨੇ ਚਾਰ ਕੁ ਬਰਸ ਦੀ ਉਮਰ ਤੋਂ ਹੀ ਪਾਠਸ਼ਾਲਾ ਵਿਚ ਗੁਰਮੁਖ ਢੰਗ ਦੀ ਗੁਰਮੁਖੀ ਵਿਦਿਆ ਪੜ੍ਹਾਉਣ ਲਈ ਬੈਠਾਲ ਦਿਤਾ। ਆਪ ਉਸ ਸਮੇਂ ਦੇ ਪ੍ਰਸਿਧ ਵਿਦਵਾਨਾਂ ਗਿਆਨੀ ਗੁਰਮੁਖ ਸਿੰਘ ਜੀ, ਭਾਈ ਨਰਾਇਣ ਸਿੰਘ ਜੀ, ਗਿਆਨੀ ਮੰਗਲ ਸਿੰਘ ਜੀ ਤੇ ਭਾਈ ਜੀਵਣ ਸਿੰਘ ਜੀ ਆਦਿਕਾਂ ਪਾਸੋਂ ਬੜੀ ਮਿਹਨਤ ਨਾਲ ਪੜ੍ਹੇ । ਇਸ ਛੋਟੀ ਅਵਸਥਾ ਵਿਚ ਭੀ ਆਪ ਨੂੰ ਆਮ ਲੜਕਿਆਂ ਵਾਂਗਰ ਫਜ਼ੂਲ ਖੇਲਾਂ ਖੇਲਣ ਦਾ ਉੱਕਾ ਹੀ ਸ਼ੌਂਕ ਨਾ ਸੀ। ਆਪ ਨੇ ਕੇਵਲ ੧੩ ਬਰਸ ਦੀ ਉਮਰ ਤਕ ਅਰਥਾਤ ਕੇਵਲ ਅਠ ਨੌ ਸਾਲ ਵਿਚ ਪੰਜ ਗ੍ਰੰਥੀ, ਦਸ ਗ੍ਰੰਥੀ, ਭਗਤਾਂ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਹਨੂਮਾਨ ਨਾਟਕ, ਪੰਥ ਪ੍ਰਕਾਸ਼, ਗੁਰ ਬਿਲਾਸ, ਦਸਮ ਗ੍ਰੰਥ ਦੀ ਕਥਾ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਅਰਥਾਂ ਸਹਿਤ ਕਰਨ ਦੀ ਸਮਰੱਥਾ ਪ੍ਰਾਪਤ ਕਰ ਲਈ। ਇਸ ਤੋਂ ਬਿਨਾ ਭਾਵਰਸਾਂਮ੍ਰਿਤ, ਸਾਰੁਕਤਾਵਲੀ, ਵਿਚਾਰ ਮਾਲਾ, ਅਧਜਾਤਮ ਪ੍ਰਕਾਸ਼, ਵੈਰਾਗ ਸ਼ਤਕ, ਪ੍ਰਬੋਧ ਚੰਦ੍ਰ ਨਾਟਕ, ਮੋਖ ਪੰਥ ਤੇ ਵਿਚਾਰ-ਸਾਗਰ ਆਦਿਕ ਅਨੇਕ ਗ੍ਰੰਥ ਅਰਥਾਂ ਸਹਿਤ ਪੜ੍ਹ ਲਏ। (ਅਜ ਕੱਲ ਦੇ ਸਿਖ ਲੀਡਰਾਂ ਤੇ ਆਗੂਆਂ ਦਾ ਤਾਂ ਕਹਿਣਾ ਹੀ ਕੀ ਹੈ ਅਨੇਕ ਮੰਨੇ ਪ੍ਰਮੰਨੇ ਵਿਦਵਾਨਾਂ ਨੇ ਭੀ ਸ਼ਾਇਦ ਹੀ ਇਨਾਂ ਪੁਸਤਕਾਂ ਦੇ ਦਰਸ਼ਨ ਕੀਤੇ ਹੋਣ) ਇਸੇ ਉਮਰ ਤੋਂ ਹੀ ਆਪ ਨੂੰ ਵਿਦਿਆ ਦਾ ਇਕ ਤਰਾਂ ਨਾਲ ਜਨੂਨ ਜੇਹਾ ਸੀ। ਦਿਨ ਰਾਤ ਹਰ ਘੜੀ ਵਿਦਿਆ ਵਿਚਾਰ ਵਿਚ ਹੀ ਮਗਨ ਰਹਿੰਦੇ ਸਨ, ਤੜਕੇ ਅਸ਼ਨਾਨ ਕਰਨਾ। ਗੁਰ ਸਿਖੀ ਦੀ ਰਹਿਤ, ਨਿੱਤਨੇਮ ਦਾ ਪਾਠ ਤੇ ਰੋਜ਼ ਸਵੇਰੇ ਦਰਬਾਰ ਸਾਹਿਬ ਦੇ ਦਰਸ਼ਨ ਕਰਨੇ, ਮਹਾਰਾਜ ਦੀ ਭੇਟ ਕੁਛ ਨਾ ਕੁਛ ਜ਼ਰੂਰ ਕਰਨਾ ਆਦਿ ਕੰਮ ਆਪ ਦਾ ਸਾਧਾਰਨ ਸੁਭਾਵ ਇਸ ਛੋਟੀ ਉਮਰ ਤੋਂ ਹੀ ਬਣ ਗਿਆ ਸੀ।

ਅਸੀਂ ਉਪਰ ਦਸ ਆਏ ਹਾਂ ਕਿ ਆਪ ਦਾ ਘਰਾਣਾ ਪੁਸ਼ਤਾਂ ਤੋਂ



Digitized by Panjab Digital Library | www.panjabdigilib.org

ਹੀ ਵਿਦਿਆ ਪ੍ਰੇਮੀ ਸੀ ਇਸ ਲਈ ਭਾਈ ਜੈਮਲ ਸਿੰਘ ਜੀ ਵੈਦਰਾਜ ਭੀ ਆਪ ਨੂੰ ਹਰ ਘੜੀ ਕੋਈ ਨ ਕੋਈ ਵਿਦਿਆ ਦੀ ਹੀ ਖਿਚ ਵਾਲੀ ਸਾਖੀ ਸੁਣਾਉਂਦੇ। ਰਾਤ ਸੌਂਦੀ ਵੇਰ ਭੀ ਜਨਮ ਸਾਖੀ ਆਦਿ ਦਾ ਪਾਠ ਜਾਂ ਆਪਣੇ ਭੈਣ* ਜੀ ਤੋਂ ਸੂਰਜ ਪ੍ਰਕਾਸ਼ ਜੀ ਦੀ ਕਥਾ ਸੁਣਨ ਦਾ ਪ੍ਰੇਮ ਸੀ।

ਏਥੇ ਇਹ ਗਲ ਦਸਣੀ ਭੀ ਜ਼ਰੂਰੀ ਜਾਪਦੀ ਹੈ ਕਿ ਭਾਈ ਮੋਹਨ ਸਿੰਘ ਜੀ ਨੂੰ ਅੰਗ੍ਰੇਜ਼ੀ ਢੰਗ ਦੇ ਸਕੂਲ ਕਾਲਜਾਂ ਵਿਚ ਵਿਦਿਆ ਪ੍ਰਾਪਤੀ ਲਈ ਜਾਣ ਦਾ ਸਮਾ ਇਕ ਦਿਨ ਲਈ ਭੀ ਨਹੀਂ ਮਿਲਿਆ।

ਭਾਈ ਜੈਮਲ ਸਿੰਘ ਜੀ ਵੈਦਰਾਜ ਦਾ ਜਨਮ ਸੰਮਤ ੧੯੦੦ ਬਿਕ੍ਰਮੀ ਕੱਤਕ ਪੂਰਨਮਾਸ਼ੀ ਮੁਤਾਬਕ ੧੮੪੩ ਈਸਵੀ ਵਿਚ ਹੋਇਆ ਸੀ। ਉਸ ਸਮੇਂ ਭਾਰਤ ਵਰਸ਼ ਉਪਰ ਫਰੰਗੀ ਕੂਟ ਨੀਤੀ ਪ੍ਰਲੈ ਕਾਲ ਦੀ ਮਾਰੂ ਬਦਲੀ ਅਥਵਾ ਜੰਗਲ ਦੀ ਅੱਗ ਵਾਂਗ ਵਧੀ ਚਲੀ ਆ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਪ੍ਰਲੋਕ ਗਮਨ ਕਰ ਚੁਕੇ ਸਨ।† ਸਿੱਖ ਪੰਥ ਵਿਚ ਅਫੜਾ ਤਫੜੀ ਪਈ ਹੋਈ ਸੀ। ਇਸ ੪੨ ਕੁ ਸਾਲ ਦੀ ਉਮਰ ਤਕ—ਜਦ ਕਿ ਸਾਡੇ ਹੋਨਹਾਰ ਭਾਈ ਮੋਹਨ ਸਿੰਘ ਜੀ ਅਜੇ ਚਾਰ ਪੰਜ ਸਾਲ ਦੀ ਉਮਰ ਦੇ ਹੀ ਹੋਏ ਸਨ—ਭਾਈ ਜੈਮਲ ਸਿੰਘ ਜੀ ਵੈਦਰਾਜ ਨੇ ਕੱਖੋਂ ਲੱਖ ਤੇ ਲੱਖੋਂ ਕੱਖ ਹੁੰਦਾ ਦੇਖ ਲਿਆ ਸੀ। ਸ਼ਾਹੋਂ ਕੀਰ ਤੇ ਕੰਗਾਲਾਂ ਤੋਂ ਬਾਦਸ਼ਾਹ ਹੁੰਦੇ ਦੇਖੇ ਸਨ। ਮਹਾਨ

---

*ਆਪ ਜੀ ਦੀ ਵਡੀ ਭੈਣ ਸ੍ਰੀ ਮਤੀ ਸ਼ਾਮ ਕੌਰ ਜੀ ਜੋ ਛੋਟੀ ਉਮਰ ਤੋਂ ਹੀ ਨੇਤ੍ਰ ਹੀਨ ਹੋ ਗਏ ਸਨ ਸੁਹਣੇ ਵਿਦਵਾਨ ਹਨ। ਗੁਰ ਸਿਖੀ ਪ੍ਰੇਮ ਦਾ ਸਦਕਾ ਤੇ ਆਪਦੀ ਹਿੰਮਤ ਨਾਲ ਤਰਨ ਤਾਰਨ ਵਿਚ ਸ਼ਾਇਦ ਹੀ ਕੋਈ ਸਿਖ ਘਰਾਣਾ ਹੋਵੇਗਾ ਜਿਸ ਵਿਚ ਪੁਜ ਕੇ ਆਪ ਜੀ ਨੇ ਬੀਬੀਆਂ ਨੂੰ ਗੁਰਮੁਖੀ ਵਿਦਿਆ ਤੇ ਗੁਰ-ਬਾਣੀ ਦਾ ਚਸਕਾ ਨਾ ਪਾਇਆ ਹੋਵੇ। ਆਪ ਜੀ ਸਤਿਗੁਰਾਂ ਦੇ ਅਨੱਨ ਉਪਾਸ਼ਕ ਹਨ। ਆਪ ਜੀ ਦਾ ਆਪਣੇ ਇਸ ਨਿਕੇ ਵੀਰ ਮੋਹਨ ਸਿੰਘ ਨਾਲ ਮੁਢ ਤੋਂ ਹੀ ਅਤੀ ਪ੍ਰੇਮ ਰਿਹਾ ਹੈ।

†ਮਹਾਰਾਜਾ ਸ਼ੇਰੇ ਪੰਜਾਬ ੨੭ ਜੂਨ ੧੮੩੯ ਮੁਤਾਬਕ ੧੫ ਹਾੜ ਦਿਨ ਵੀਰਵਾਰ ਸੰਮਤ ੧੮੯੬ ਬਿਕ੍ਰਮੀ ਨੂੰ ਗੁਰਪੁਰ ਸਿਧਾਰੇ।



Digitized by Panjab Digital Library | www.panjabdigilib.org

ਮਿਤ੍ਰਤਾ ਦਾ ਦਮ ਭਰਨ ਵਾਲੇ ਜਾਨੀ ਵੈਰੀ ਤੇ ਵਫਾਦਾਰ ਨਮਕਹਲਾਲ ਬੇ-ਵਫਾ ਨਮਕ ਹਰਾਮ ਬਣਦੇ ਦੇਖੇ ਸਨ। ਸਿਖਾਂ ਦੇ ਰਾਜ ਦੀ ਉਥਲ ਪਥਲ, ਆਪ ਦੀ ਬਚਪਣ ਵਿਚ ਹੋਈ, ਖਾਲਸਈ ਸ਼ਾਨ ਦੇ ਨਜ਼ਾਰੇ ਜੇ ਉਨ੍ਹਾਂ ਨੇ ਆਪ ਅਖੀਂ ਨਹੀਂ ਸਨ ਦੇਖੇ ਤਾਂ ਸ਼ਹੀਦੀ ਖੂਨ ਦੇ ਨਸ਼ਾਨ ਅਜੇ ਬਿਲਕੁਲ ਤਾਜ਼ੇ ਸਨ ਤੇ ਉਨ੍ਹਾਂ ਨੇ ਸ਼ੇਰੇ ਪੰਜਾਬ ਦੇ ਹਾਲ, ਖਾਲਸਾ ਰਾਜ ਦੇ ਓਜਮਈ ਜਲਾਲੀ ਨਜ਼ਾਰੇ, ਆਪਣੇ ਗੁਰਮੁਖ ਪਿਤਾ ਤੇ ਹੋਰ ਗੁਰਸਿਖ ਸੰਬੰਧੀਆਂ ਤੋਂ ਸੁਣੇ ਹੋਏ ਸਨ।

ਮਹਾਰਾਜਾ ਖੜਕ ਸਿੰਘ ਜੀ ਦਾ ਤਖਤੋਂ ਉਤਰਨਾ* ਤੇ ਫੇਰ ਅਕਾਲ ਚਲਾਣਾ†, ਕੰਵਰ ਨੌ ਨਿਹਾਲ ਸਿੰਘ ਜੀ ਦੀ ਦੁਸ਼ਟਾਂ ਹਥੋਂ ਮੌਤ, ਮਹਾਰਾਜਾ ਸ਼ੇਰ ਸਿੰਘ ਜੀ ਤੇ ਸ਼ਾਹਜ਼ਾਦਾ ਪ੍ਰਤਾਪ ਸਿੰਘ ਦਾ ਕਤਲ,‡ ਸਿਖਾਂ ਅੰਗ੍ਰੇਜ਼ਾਂ ਦੀ ਸਤਲੁਜ ਵਾਲੀ ਲੜਾਈ,§ ਫੇਰੂ ਸ਼ਹਿਰ ਵਾਲੀ ਲੜਾਈ, ਬੱਦੋਵਾਲ ਦਾ ਜੰਗ, ਅਲੀ ਵਾਲ ਦਾ ਜੁੱਧ, ਸਭਰਾਵਾਂ ਦਾ ਮੈਦਾਨ,⟨ ਰਾਮ ਨਗਰ ਦੀ ਲੜਾਈ, ⬭ ਗੁਜਰਾਤ ਦਾ ਘਮਸਾਨ, ▭ ਆਦਿ ਸਾਰੇ ਖਾਲਸਈ ਤੇ ਫਰੰਗੀ ਜੰਗਾਂ ਦੇ ਹਾਲ ਅਛੀ ਤਰਾਂ ਜ਼ਿਹਨ ਨਸ਼ੀਨ ਹੋਏ ਹੋਏ ਸਨ। ਕਿਸਤਰਾਂ ਮਹਾਰਾਜਾ ਦਲੀਪ ਸਿੰਘ ਜੀ ਨਾਲ ਐਹਦਨਾਮਾ ਕਰਕੇ ਤੇ ਫੇਰ ਤਖਤੋਂ ਲਾਹਕੇ¶ ਨਿਗਰਾਨੀ ਹੇਠ ਕੀਤਾ। ਕੇਸ ਕਤਲ ਕਰਵਾ ਈਸਾਈ ਬਣਾ ਵਿਲਾਇਤ ਲੈ ਜਾਇਆ ਗਿਆ। ਕਿਸਤਰਾਂ ਮਹਾਰਾਣੀ ਜਿੰਦਾਂ ਦੀ ਤਲਾਸ਼ੀ ਲੈਣ ਸਮੇਂ ਬੇਇਜ਼ਤੀ ਕੀਤੀ। ਕਿਸਤਰਾਂ ਲੁਟਿਆ ਤੇ ਕੈਦ ਕੀਤਾ ਤੇ ਅੰਤ ਪੰਜਾਬੀ ਰਾਜ ਤਬਾਹ ਕਰਕੇ ਪੰਜਾਬ

---

* ੮ ਅਕਤੂਬਰ ੧੮੩੯। † ੫ ਨਵੰਬਰ ੧੮੪੦।
‡ ੧੫ ਸਤੰਬਰ ੧੮੪੩। § ੧੮ ਦਸੰਬਰ ੧੮੪੫।
⟨ ੧੦ ਫਰਵਰੀ ੧੮੪੬। ⬭. ੨੨ ਨਵੰਬਰ ੧੮੪੮।
▭ ੨੧ ਫਰਵਰੀ ੧੮੪੯।
¶ ੯ ਮਾਰਚ ੧੮੪੬। ਹੋਰ ਵਿਸਥਾਰ ਆਦਿ ਲਈ ਦੇਖੋ ਇਤਿਹਾਸ ਸੀ ਗੁਰੂ ਸਿੰਘ ਸਭਾ ਲਹਿਰ ਰਚਿਤ ਡਾਕਟ੍ਰ ਜਗਜੀਤ ਸਿੰਘ ਜੀ M. B. B. S.



Digitized by Panjab Digital Library | www.panjabdigilib.org

ਭੀ ੨੯ ਮਾਰਚ ੧੮੪੯ ਦੇ ਮੰਦ ਭਾਗੇ ਦਿਨ ਅੰਗ੍ਰੇਜ਼ੀ ਰਾਜ ਵਿਚ ਦਾਖਲ ਕੀਤਾ ਗਿਆ ਆਦਿ ਸਭ ਹਾਲ ਮਾਨੋਂ ਇਸ ਗੁਰਮੁਖ ਵੈਦ ਦੇ ਸੀਨੇ ਉਤੇ ਹੂ ਬਹੂ ਉੱਕਰੇ ਹੋਏ ਸਨ। ਚੋਰਾਂ ਵਾਂਗ ਅੱਧੀ ਰਾਤ ਨੂੰ ਸਿਖਾਂ ਉਪਰ ਛਾਪਾ ਮਾਰਕੇ ਹਥਿਆਰ ਖੋਹਣੇ,* ਤੇ ਕੈਦ ਕਰਨਾ—

ਜਿਸ ਬਾਰੇ 'ਸੁਧਾਰ ਖਾਲਸਾ' ਵਿਚ ਗਿਆਨੀ ਕਰਤਾਰ ਸਿੰਘ ਜੀ ਲਿਖਦੇ ਹਨ:—

ਲਿਆ ਸਾਂਭ ਲਾਹੌਰ ਅੰਗ੍ਰੇਜ਼ ਨੇ ਜੀ, ਤਹਿਤ ਆਪਣੇ ਖ਼ੂਬ ਬਿਠਾ ਦਿੱਤੇ।
ਕੁਛ ਲੜ ਕੇ ਸਿੰਘ ਸ਼ਰਦਾਰ ਮਰ ਗਏ, ਰਹਿੰਦੇ ਬੇ ਹਥਿਆਰੇ ਕਰਾ ਦਿੱਤੇ।
ਬਹੁਤੇ ਖੋਹ ਜਗੀਰਾਂ ਕੰਗਾਲ ਕੀਤੇ, ਕੁਝ ਦੇਸ ਬਦਰ ਕਰਵਾ ਦਿੱਤੇ।
ਖਾਨਦਾਨ ਪੁਰਾਣੇ ਸਰਦਾਰਾਂ ਦੇ ਜੋ, ਬਹੁਤੇ ਖੇਹ ਦੇ ਨਾਲ ਮਿਲਾ ਦਿੱਤੇ।
ਕੁਛ ਥੋੜਿਆਂ ਤਾਈਂ ਜਗੀਰਾਂ ਦੇ ਕੇ, ਦਿਲ ਉਨ੍ਹਾਂ ਦੇ ਜ਼ਰਾ ਠਹਿਰਾ ਦਿੱਤੇ।
ਪਿੰਡਾਂ ਪਿੰਡਾਂ ਵਿਚੋਂ ਢਾਹ ਕੇ ਕਿਲੇ ਭਾਰੇ, ਸ਼ਕਲ ਥੇਹਾਂ ਦੀ ਵਿਚ ਦਿਖਾ ਦਿੱਤੇ।
ਮੁਦਾ ਗਲ ਕੀ ਖੋਹ ਸਰਦਾਰੀਆਂ ਨੂੰ, ਸਿੰਘ ਵਿਚ ਖੁਵਾਰੀਆਂ ਪਾ ਦਿੱਤੇ।
ਹੋ ਖ਼ੂਬ ਨਚਿੰਤ ਕਰਤਾਰ ਸਿੰਘਾ, ਪੈਰ ਵਿਚ ਪੰਜਾਬ ਜਮਾ ਦਿੱਤੇ।

ਆਦਿਕ ਸਮਾਚਾਰ ਇਸ ਗੁਰਮੁਖ ਗੁਰਸਿਖ ਦੇ ਖ਼ੂਨ ਵਿਚ ਤਲਮਲਾਹਟ ਪੈਦਾ ਕਰ ਦੇਣ ਲਈ ਕਾਫੀ ਤੋਂ ਵਧੀਕ ਸਨ। ਫੇਰ ੧੮੫੭ ਦਾ ਗ਼ਦਰ—ਜਿਸਨੂੰ ਹਿੰਦੀ 'ਸੁਤੰਤ੍ਰਤਾ ਦੇ ਯੁਧ' ਦਾ ਨਾਮ ਦਿੰਦੇ ਹਨ—ਦੇ ਹਾਲ, ਬੀਰ ਬਹਾਦਰਾਂ ਪ੍ਰੇਮ ਮਸਤਾਨੇ ਗੁਰ ਸਿਖ ਕੂਕਿਆਂ ਉਤੇ ਕਹਿਰ ਢਾਉਣੇ, ਬਿਨਾ ਪੂਰੀ

---

*੨ ਅਪ੍ਰੈਲ ੧੮੫੦ ਈਸਵੀ ਨੂੰ ਅੱਧੀ ਰਾਤ ਦੇ ਵੇਲੇ ਸਾਰੇ ਸਿਖ ਸਰਦਾਰਾਂ ਨੂੰ ਜੋ ਆਪਣੇ ਆਪਣੇ ਟਿਕਾਣਿਆਂ ਤੇ ਸੁੱਤੇ ਪਏ ਸਨ, ਅੰਗਰੇਜ਼ੀ ਫੌਜ ਨੇ ਜਾ ਫੜਿਆ। ਇਕ ਦੀ ਖਬਰ ਦੂਜੇ ਨੂੰ ਨਾ ਦਿਤੀ। ਹਰ ਇਕ ਦੇ ਹਥਿਆਰ ਖੋਹ ਲਏ ਤੇ ਜੇਹਾ ਮਨ ਆਇਆ ਸਲੂਕ ਕੀਤਾ।

ਤਵਾਰੀਖ ਰਾਜ ਖਾਲਸਾ ਹਿਸਾ ੩ ਭਾਗ ੧. ਸਫਾ ੫੫੪



Digitized by Panjab Digital Library | www.panjabdigilib.org

ਪੜਤਾਲ ਦੇ ਤੋਪਾਂ ਅਗੇ ਉਡਾਉਣ ਦੇ ਸਮਾਚਾਰ ਕਿਸ ਕੌਮੀ ਅਣਖ ਵਾਲੇ ਦੇ ਖੂਨ ਨੂੰ ਨਹੀਂ ਖੌਲਾ ਦਿੰਦੇ ? ਜਿਸ ਨੇ ਕਿ ਨਿਰਪੱਖ ਅੰਗ੍ਰੇਜ਼ਾਂ ਦੇ ਦਿਲਾਂ ਨੂੰ ਭੀ ਹਿਲਾ ਦਿਤਾ* । ਸੰਤ ਮੂਰਤੀ ਬਾਬਾ ਰਾਮ ਸਿੰਘ† ਜੀ ਨੂੰ

---

*"ਮਾਲੇਰ ਕੋਟਲੇ ਦੀ ਘਟਨਾ ਉਨ੍ਹਾਂ ਬਾਹਲੀਆਂ ਘਟਨਾਂ ਵਿਚੋਂ ਇਕ ਵਿਸ਼ੇਸ਼ ਘਟਨਾ ਹੈ ਜਿਸ ਦੇ ਹਕ ਵਿਚ ਐਂਗਲੋ ਇੰਡੀਅਨ ਅਖਬਾਰਾਂ ਨੇ ਰੱਜ ਰੱਜ ਕੇ ਮਜ਼ਮੂਨ ਲਿਖੇ ਪਰ ਉਸ ਰੌਲੇ ਦੇ ਬਾਵਜੂਦ ਸਰਕਾਰ ਹਿੰਦ ਨੂੰ ਹਿੰਦੁਸਤਾਨੀ ਲੋਕ ਰਾਇ ਦੇ ਸਾਹਮਣੇ ਝੁਕਨਾ ਪਿਆ, ਅਤੇ ਉਸ ਨੂੰ ਮੰਨਣਾ ਪਿਆ ਕਿ ਉਸਦੇ ਅਫਸਰਾਂ ਪਾਸੋਂ ਭੀ ਭੁੱਲਾਂ ਹੋ ਸਕਦੀਆਂ ਹਨ। ਇਸ ਗਦਰ ਤੋਂ ਪੂਰੇ ਚੌਦਾਂ ਸਾਲਾਂ ਪਿਛੋਂ ਸਰ-ਕਾਰ ਨੇ ਨੀਮ ਦਿਲੀ ਨਾਲ ਏਸ ਗਲ ਨੂੰ ਮੰਨਿਆ ਕਿ ਮਨੁਖਾਂ ਨੂੰ ਤੋਪਾਂ ਨਾਲ ਬੰਨ੍ਹ ਬੰਨ੍ਹ ਕੇ ਉਡਾਉਣਾ ਪਸ਼ੂਆਂ ਵਾਲਾ ਕਮ ਹੈ।"

"ਨਾਮ ਧਰੀਕ ਅਦਾਲਤੀ ਅਡੰਬਰ ਰਚਣ ਤੋਂ ਬਗੈਰ ਬੇ-ਸ਼ੁਮਾਰ ਮਨੁਖਾਂ ਨੂੰ ਐਉਂ ਬੇ-ਦਰਦੀ ਨਾਲ ਮਾਰਨ ਦੀ ਘਟਨਾ ਭੀ ਕੇਵਲ ਪੰਜਾਬ ਵਿਚ ਹੀ ਵਰਤਾਈ ਜਾ ਸਕਦੀ ਹੈ। ਅਤੇ ਇਹ ਜੋ ਕੁਛ ਹੋਇਆ ਹੈ ਉਸ ਪਾਲਿਸੀ ਦਾ ਨਤੀਜਾ ਹੈ ਜਿਸ ਅਨੁਸਾਰ ਮਾਮੂਲੀ ਮਾਮੂਲੀ ਜੁਰਮਾਂ ਦੀ ਸਜ਼ਾ ਭੀ ਬੇ ਦਰਦੀ ਨਾਲ ਹਲਾਕ ਕਰਨ ਦੀ ਸੂਰਤ ਵਿਚ ਦਿਤੀ ਜਾਂਦੀ ਹੈ।"

ਮੇਰੀ ਜਾਤੀ ਰਾਇ ਇਹ ਹੈ ਕਿ ਮੈਂ ਆਪਣੀ ਸਾਰੀ ਨੌਕਰੀ ਦੇ ਜ਼ਮਾਨੇ ਵਿਚ ਇਸ ਮਹਾਨ ਵਡੇ ਕਹਿਰ ਅਤੇ ਫਾਂਸੀਆਂ ਨਾਲੋਂ ਵਧੇਰੇ ਘਿਨਾਉਨੀ ਅਤੇ ਸ਼ੋਕ ਜਨਕ ਘਟਨਾ ਦੂਜੀ ਵੇਖੀ ਹੀ ਨਹੀਂ। ਇਹ ਕੇਵਲ ਮੇਰੇ ਇਕੱਲੇ ਦੀ ਹੀ ਰਾਇ ਨਹੀਂ ਸਗੋਂ ਅਨੇਕਾਂ ਅਜੇਹੇ ਆਦਮੀ ਮੌਜੂਦ ਹਨ, ਜੋ ਮੇਰੇ ਨਾਲ ਸਹਿਮਤ ਹਨ।

(ਮਿਸਟ੍ਰ ਟਾਮਸਨ)

†ਜਨਮ ਮਾਘ ਸੁਦੀ ੫ ਵੀਰ ਵਾਰ ਬਸੰਤ ਪੰਚਮੀ ਸੰਮਤ ੧੮੭੨ (੧੮੧੫) ਪਿੰਡ ਰਾਈਆਂ ਜ਼ਿਲਾ ਲੁਧਿਆਨਾ ਭਾਈ ਜੱਸਾ ਸਿੰਘ ਜੀ ਰਾਮਗੜੀਏ ਤੇ ਮਾਤਾ ਸਦਾ ਕੌਰ ਦੇ ਘਰ ਹੋਇਆ। ਪਹਿਲਾਂ ਲਾਹੌਰ ਦਰਬਾਰ ਦੀ ਸਿਖ ਸੈਨਾਂ ਵਿਚ ਭਰਤੀ ਹੋਕੇ ਫੌਜੀ ਸੇਵਾ ਕੀਤੀ ਫੇਰ (੧੮੯੯ ਸੰਮਤ ਵਿਚ) ਨੌਕਰੀ ਛਡ ਦਿਤੀ। ਸੰਨ ੧੮੭੨ ਵਿਚ ਕੂਕੇ ਸਿਖਾਂ ਮਲੌਦ ਅਤੇ ਮਲੇਰ ਕੋਟਲੇ ਵਿਚ ਕੁਝ ਬੁਚੜ ਵੱਢ ਦਿਤੇ ਜਿਸ ਪਰ ਲੁਧਿਆਨੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ੪੯ਸਿਖ ਤੋਪਾਂ ਨਾਲ ਉਡਵਾ ਦਿਤੇ ਤੇ ਕਮਿਸ਼ਨਰ ਫੋਰ ਸਾਈਬ ਨੇ ਤੀਹ ਫਾਂਸੀ ਲਟਕਾ ਦਿਤੇ ਤੇ ਸ਼ੱਕ ਵਿਚ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿਤਾ, ਜਿਥੇ ਉਨ੍ਹਾਂ ਦਾ ਦੇਹਾਂਤ ਸੰਨ ੧੮੮੫ ਵਿਚ ਹੋਯਾ। ਹੁਣ ਗੱਦੀ ਤੇ ਆਪ ਜੀ ਦੇ ਭਰਾਤਾ ਭਾਈ ਬੁਧ ਸਿੰਘ ਜੀ (ਪ੍ਰਸਿੱਧ ਨਾਮ ਭਾਈ ਹਰੀ ਸਿੰਘ ਜੀ) ਦੇ ਸਪੁੱਤ੍ਰ ਬਾਬਾ ਪ੍ਰਤਾਪ ਸਿੰਘ ਜੀ ਵਿਰਾਜਦੇ ਹਨ।



Digitized by Panjab Digital Library | www.panjabdigilib.org

ਜਿਲਾਵਤਨ ਕਰ ਦੇਣਾ ਤੇ ਕੂਕਿਆਂ ਉਪਰ ਮੁਜਰਮ ਜਮਾਤ ਕੀਕਨਾਂ ਵਾਂਗ ਪਹਿਰੇ ਲਾ ਦੇਣ ਦੇ ਸਮਾਚਾਰ, ਇਕ ਗੁਰਸਿਖ ਲਈ ਕੋਈ ਮਾਮੂਲੀ ਹਾਲ ਨਾ ਸਨ। ਤੇ ਆਰੀਆ ਸਮਾਜ ਭੀ ਜੰਮ ਪਈ ਸੀ, ਇਸ ਦੇ ਭੀ ਬਹੁਤੇ ਵਾਰ ਸਿਖਾਂ ਉਪਰ ਹੀ ਹੁੰਦੇ ਸਨ। ਇਸ ਦੇ ਨਾਲ ਹੀ ਅੰਗ੍ਰੇਜ਼ ਮਿਸ਼ਨਰੀ ਭੀ ਯੋਗ ਅਯੋਗ ਤਰੀਕਿਆਂ ਨਾਲ ਪੰਜਾਬੀਆਂ ਨੂੰ ਡਰਾ ਧਮਕਾ ਵਰਗਲਾ ਤੇ ਲਾਲਚ ਦੇ ਕੇ ਜਿਸਤਰਾਂ ਭੀ ਹੋਵੇ ਈਸਾਈ ਕਰੀ ਜਾ ਰਹੇ ਸਨ‡। ਇਹ ਤੇ ਇਹੋ ਜਿਹੇ ਕਾਰਨ ਸਨ ਜਿਨ੍ਹਾਂ ਨੇ ਹਰ ਇਕ ਸਚੇ ਸਿਖ ਦੇ ਦਿਲ ਵਿਚ ਅੰਗ੍ਰੇਜ਼ੀ ਰੰਗ ਢੰਗ ਤੇ ਵਿਦਿਆ ਬਾਰੇ ਡਾਢੀ ਨਫਰਤ ਬਿਠਾਈ ਹੋਈ ਸੀ। ਵੈਦ ਰਾਜ ਜੀ ਪੂਰਨ ਗੁਰਸਿਖ ਸਨ। ਗੁਰਸਿਖ, ਬਹਾਦਰ, ਅਣਖੀ ਬਜ਼ੁਰਗਾਂ ਦਾ ਖ਼ੂਨ ਰਗਾਂ ਵਿਚ ਰਖਦੇ ਸਨ, ਇਸ ਲਈ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦਾ ਹੋਨਹਾਰ ਲਾਲ, ਫਿਰੰਗੀ ਰੰਗ ਢੰਗ ਵਿਚ ਪੈ ਕੇ, ਪੱਛਮੀ ਸੱਭਜਤਾ ਤੇ ਕੂਟ ਨੀਤੀ ਦੀ ਪ੍ਰਬਲ ਅੰਧੇਰੀ ਅਗੇ ਗੁਲਾਮ ਹੋ ਕੇ ਤੀਲੇ ਵਾਂਗ ਉਡ ਤੁਰੇ, ਇਸੇ ਲਈ ਹੀ ਕਈ ਸਜਣਾਂ ਮਿਤ੍ਰਾਂ ਸੰਬੰਧੀਆਂ ਅਤੇ ਨੌਨਿਹਾਲ ਮੋਹਨ ਸਿੰਘ ਵਲੋਂ ਹਜ਼ਾਰ

---

‡'ਗੁਰਮੁਖੀ' ਅਖਬਾਰ ਨੰਬਰ ੩ ਜਿਲਦ ੨ ਮਈ ੬ ਈਸਵੀ ੧੮੯੪ ਸਫਾ ੪ ਕਾਲਮ ਤੀਜੇ ਵਿਚ 'ਲਾਹੌਰ ਵਿਖੇ ਪਾਦਰੀਆਂ ਦੇ ਵਿਰੁਧ ਜਲਸਾ' ਦੀ ਸੁਰਖੀ ਹੇਠ ਇਸਤਰਾਂ ਲਿਖਦਾ ਹੈ:--

੨੯ ਅਪ੍ਰੈਲ ਨੂੰ ਛੇ ਬਜੇ ਸ਼ਾਮ ਦੇ ਬਾਉਲੀ ਸਾਹਿਬ ਏਸ ਵਾਸਤੇ ਜਲਸਾ ਹੋਇਆ ਕਿ ਉਨ੍ਹਾਂ ਹਿੰਦੂ ਮੁੰਡਿਆਂ ਦਾ ਹਾਲ ਦੇਖ ਕੇ ਜੋ ਈਸਾਈ ਹੋਣ ਵਾਸਤੇ ਪਾਦਰੀਆਂ ਦੇ ਕਾਬੂ ਵਿਚ ਫਸ ਗਏ ਨੇ, ਅਗੇ ਵਾਸਤੇ ਅਜੇਹੀ ਤਜਵੀਜ਼ ਸੋਚੀ ਜਾਵੇ ਕਿ ਅਗਾਹਾਂ ਹਿੰਦੂਆਂ ਦੇ ਪੁਤਰ ਈਸਾਈਆਂ ਦੇ ਹਥੋਂ ਪੜ੍ਹਿਆ ਹੀ ਨ ਕਰਨ।

ਲਾਲਾ ਗੋਬਿੰਦ ਰਾਮ ਸਾਹਿਬ ਵਕੀਲ ਅਤੇ ਮਯੂੰਨਸੀਪਲ ਕਮਿਸ਼ਨਰ ਏਸ ਜਲਸੇ ਦੇ ਪ੍ਰੈਜ਼ੀਡੈਂਟ ਚੁਣੇ ਗਏ ਸੇ। ੩ ਆਦਮੀਆਂ ਨੇ ਤਕਰੀਰਾਂ ਕੀਤੀਆਂ ਦੋ ਰੈਜ਼ੋਲੇਸ਼ਨ ਪਾਸ ਹੋਏ। ਪਹਿਲਾ:--ਇਹ ਕਿ ਹਿੰਦੂਆਂ ਨੂੰ ਚਾਹੀਏ ਕਿ ਪਾਦਰੀਆਂ ਦੇ ਕਾਲਜ ਮਦਰਸੇ ਵਿਚ ਦਾਖਲ ਨਾ ਹੋਵਣ। ਦੂਜਾ ਇਹ ਕਿ ਲਾਵਾਰਸ ਅਤੇ ਗਰੀਬ ਲੋਗ ਜੋ ਉਨ੍ਹਾਂ ਦੇ ਹਥ ਵਿਚ ਪੜ੍ਹਦੇ ਹਨ ਉਨ੍ਹਾਂ ਵਾਸਤੇ ਇਕ ਫੰਡ ਖੋਲਿਆ ਜਾਵੇ। ਏਸ ਜਲਸੇ ਦੀ ਕਾਰਵਾਈ ਛਾਪ ਕਰ ਸਾਰੇ ਦੇਸ ਵਿਚ ਵੰਡੀ ਜਾਵੇ।



Digitized by Panjab Digital Library | www.panjabdigilib.org

ਕੋਸ਼ਿਸ਼ ਕਰਨ ਤੇ ਭੀ ਆਪ ਨੇ ਅੰਗ੍ਰੇਜ਼ੀ ਸੱਭਯਤਾ ਦੇ ਹੜ ਵਿਚ ਪੈਣੋ 'ਨਾਂਹ' ਹੀ ਕੀਤੀ।

ਅਸੀਂ ਉੱਪਰ ਦਸ ਆਏ ਹਾਂ ਕਿ ਭਾਈ ਮੋਹਨ ਸਿੰਘ ਜੀ ਨੇ ਕੇਵਲ ਅਠ ਨੌ ਸਾਲ ਵਿਚ ਹੀ ਗੁਰਬਾਣੀ ਤੇ ਭਾਸ਼ਾ ਦੇ ਅਨੇਕ ਕਠਨ ਗ੍ਰੰਥ ਲਾ ਲਏ ਸਨ। ਤੇ ਇਸੇ ਸਮੇਂ ਤੇ ਇਸ ਛੋਟੀ ਅਵਸਥਾ ਵਿਚ ਹੀ ਆਪ ਨੂੰ ਬਹਿਸ ਮੁਬਾਹਸੇ ਅਤੇ ਤਰਕ ਬਿਤਰਕ ਦਾ ਤਕੜਾ ਅਭਿਆਸ ਹੋ ਗਿਆ ਸੀ। ਆਪ ਨੇ ਦੂਜੇ ਮਤ ਮਤਾਂਤ੍ਰਾਂ ਦੇ ਪੁਸਤਕ ਵੀ ਅਛੇ ਵਿਚਾਰ ਲਏ ਸਨ।

ਆਪ ਦੀ ਅਵਸਥਾ ਅਜੇ ਕੇਵਲ ੧੧ ਬਰਸ ਦੀ ਹੀ ਸੀ ਜਦ ਆਪ ਸਭਾ ਸੋਸਾਇਟੀਆਂ ਵਿਚ ਹਿਸਾ ਲੈਣ ਲਗ ਪਏ। ਸਿਖ ਧਰਮ ਬਾਬਤ ਲਿਖਣਾ ਬੋਲਣਾ, ਗੁਰਪੁਰਬਾਂ ਉਪਰ ਮਿਲ ਮਿਲਾ ਕੇ ਜੋੜ ਮੇਲ ਕਰਨੇ ਤੇ ਸਾਥੀਆਂ ਗੁਰਮੁਖਾਂ ਨੂੰ ਉਤਸ਼ਾਹ ਦੇਣ ਵਿਚ ਆਪ ਸਦਾ ਮੋਹਰੀ ਰਹਿੰਦੇ ਸਨ। ਇਸੇ ਹੀ ਧੁਨ ਵਿਚ ਆਪ ਨੇ 'ਖਾਲਸਾ ਵਿਦਿਆਰਥੀ ਸਭਾ' ਸ੍ਰੀ ਤਰਨ ਤਾਰਨ ਕਾਇਮ ਕੀਤੀ। ਜਿਸ ਵਿਚ ਹਰ ਸਤਵੇਂ ਦਿਨ ਤੇ ਗੁਰਪੁਰਬ ਦਿਹਾੜਿਆਂ ਉਪਰ ਬੜੇ ਉਤਸ਼ਾਹ ਪੂਰਵਕ ਸਤਸੰਗ ਲੈਕਚਰ ਤੇ ਵਿਆਖਿਆਨ ਹੁੰਦੇ ਸਨ। ਇਨ੍ਹਾਂ ਸਭ ਕਾਰਜਾਂ ਵਿਚ ਭਾਈ ਮੋਹਨ ਸਿੰਘ ਜੀ ਮੋਹਰੀ ਹੁੰਦੇ ਸਨ। ਇਸ 'ਸਿਖ ਵਿਦਿਆਰਥੀ ਸਭਾ' ਤਰਨ ਤਾਰਨ ਦੇ ਆਪ ਪਹਿਲੇ ਸਕੱਤ੍ਰ ਸਨ।

ਉਸ ਸਮੇਂ 'ਗੁਰਮੁਖੀ ਅਖਬਾਰ' ਨੰਬਰ ੫ ਜਿਲਦ ੨ ਮੁਤਾਬਕ ੧੮ ਜੂਨ ੧੮੯੪ ਦੇ ਸਫਾ ੨ ਉਪਰ 'ਤਰਨ ਤਾਰਨ ਸਾਹਿਬ' ਦੀ ਸੁਰਖੀ ਹੇਠ ਇਕ ਖਬਰ ਇਸਤਰਾਂ ਛਪੀ ਹੈ:-

"੭ ਜੂਨ ਸੰਨ ੯੪ ਨੂੰ ਇਥੇ ਗੁਰੂ ਅਰਜਨ ਸਾਹਿਬ ਪੰਜਵੀਂ ਪਾਤਸ਼ਾਹੀ ਜੀ ਦਾ ਜੋਤੀ ਜੋਤ ਸਮਾਨ ਦਾ ਗੁਰਪੁਰਬ ਬੜੀ ਧੂਮ ਧਾਮ ਨਾਲ ਹੋਇਆ (ਅਗੇ ਬੀ ਹਰ ਸਾਲ ਇਹ ਮੇਲਾ ਇਥੇ ਹੁੰਦਾ ਹੈ) ਸਬਨਾਂ ਤੋਂ ਪਹਿਲੋਂ ਦਸ ਬਜੇ ਤੋਂ ਲੈ ਕੇ ਦੋ ਬਜੇ ਤਕ ਦਰਬਾਰ ਸਾਹਿਬ ਵਿਚ ਸ਼ਬਦ ਕੀਰਤਨ ਹੁੰਦਾ ਰਿਹਾ ਜਿਸ ਦੇ



Digitized by Panjab Digital Library | www.panjabdigilib.org

ਸਰਵਨ ਕਰਨ ਲਈ ਦਰਬਾਰ ਸਾਹਿਬ ਜੀ ਦੇ ਅੰਦਰ, ਉਪਰ ਅਤੇ ਬਾਹਰ ਚਾਰੋਂ ਤਰਫ ਇਨੀ ਸੰਗਤ ਆਈ ਸੀ ਕਿ ਵਿਚੋਂ ਦੀ ਆਦਮੀ ਨਿਕਲ ਨਹੀਂ ਸਕਦੇ ਸਨ ।"

ਇਸ ਤੋਂ ਪਿਛੋਂ ਸਾਢੇ ਤਿੰਨ ਬਜੇ ਤੋਂ ਪੰਜ ਬਜੇ ਤਕ "ਖਾਲਸਾ ਵਿਦਯਾਰਥੀ ਸਭਾ" ਹੋਈ ਇਸ ਦੀ ਰੌਣਕ ਦੇਖਣ ਦੇ ਯੋਗ ਸੀ। ਇਹ ਕੋਸ਼ਸ਼ ਸ਼ਰਨਾਗਤ ਸਿੰਘ ਅਤੇ ਭਾਈ ਮੋਹਨ ਸਿੰਘ ਦੀ ਹੈ।"

ਇਸ ਛੋਟੀ ਅਵਸਥਾ ਵਿਚ ਹੀ ਵਿਦਿਆ ਦਾ ਆਪ ਨੂੰ ਐਨਾ ਸ਼ੌਂਕ ਸੀ ਕਿ ਪਿਤਾ ਜੀ ਵਲੋਂ ਜੋ ਪੈਸੇ ਆਪ ਨੂੰ ਖ਼ਰਚਣ ਲਈ ਮਿਲਦੇ ਸਨ ਉਨ੍ਹਾਂ ਨੂੰ ਇਕੱਠਿਆਂ ਕਰ ਕੇ ਭੀ ਆਪ ਕੋਈ ਨਾ ਕੋਈ ਕਿਤਾਬ ਹੀ ਖਰੀਦਦੇ ਸਨ ।

* * * * * *

ਸਿਖਾਂ ਦੇ ਰਾਜ ਕਾਜ ਲੁਟ ਜਾਣ ਪਿਛੋਂ ਪੰਥ ਉਪਰ ਮੁਸੀਬਤਾਂ ਦੇ ਪਹਾੜ ਟੁੱਟਣੇ ਸ਼ੁਰੂ ਹੋ ਗਏ। ਇਕ ਪਾਸੇ ਅੰਗ੍ਰੇਜ਼ਾਂ ਦੀ ਕੂਟ ਨੀਤੀ ਆਪਣਾ ਕੰਮ ਕਰ ਰਹੀ ਸੀ, ਅਨੇਕ ਰਈਸ ਤੇ ਸਰਦਾਰ ਤਬਾਹ ਹੋ ਚੁਕੇ ਸਨ, ਦੂਜੇ ਪਾਸੇ ਸਮੇਂ ਦੀ ਸਰਕਾਰ, ਪਾਦਰੀਆਂ ਰਾਹੀਂ ਸਿਖੀ ਉਪਰ ਅਸਹਿ ਵਾਰ ਕਰ ਰਹੀ ਸੀ। ਅਨੇਕ ਮਨ ਘੜਤ ਕਹਾਣੀਆਂ ਬਣਾ ਬਣਾ ਕੇ ਸਿਖਾਂ ਨੂੰ ਸਿਖੀਓਂ ਪਤਤ ਕੀਤਾ ਜਾ ਰਿਹਾ ਸੀ। ਪੰਜਾਬੀਆਂ ਦੇ ਸਤਜੁਗੀ ਰਾਜ ਨੂੰ ਡਾਕੂ ਰਾਜ ਤੇ ਹੋਰ ਅਨੇਕਾਂ ਅਲਜ਼ਾਮ ਲਾ ਲਾ ਕੇ ਬਦਨਾਮ ਕੀਤਾ ਜਾ ਰਿਹਾ ਤੇ ਖਾਲਸਾ ਪੰਥ ਦੀ ਸ਼ਾਨ ਵਿਚ ਉਲਟਾ ਪ੍ਰਚਾਰ ਕਰਕੇ ਸਿਖੀ ਮਹਿਲ ਦੀ ਬੁਨਯਾਦ ਵਿਚ ਮਾਨੋਂ ਬਾਰੂਦ ਦਿਤਾ ਜਾ ਰਿਹਾ ਸੀ। ਕੁਛ ਜ਼ੋਰ ਨਾਲ, ਕੁਛ ਚਾਲਾਕੀ ਨਾਲ, ਕੁਛ ਲਾਲਚ ਲੋਭ ਨਾਲ ਤੇ ਕੁਛ ਡਰਾ ਕਰਕੇ ਸਿਖਾਂ ਨੂੰ ਹਰ ਹੀਲੇ ਪਤਤ ਕੀਤਾ ਜਾ ਰਿਹਾ ਸੀ। ਸਿਖਾਂ ਦੇ ਰਾਜ ਵਿਚ ਹਲਵੇ ਮੰਡੇ ਦੇ ਯਾਰ ਸਿਖ ਸਜੇ ਹੋਏ ਤਾਂ ਮਿੰਟਾਂ ਵਿਚ ਰਾਮ ਰਾਮ ਤੇ ਤੋਬਾ ਤੋਬਾ ਆਖਣ ਲਗ ਪਏ।

ਇਸ ਰਾਜਸੀ ਅੰਧੇਰੀ ਨੇ ਸਿਖੀ ਬਾਗ ਉਪਰ ਮਾਨੋਂ ਬਸੰਤ ਵਿਚ ਹੀ ਪਤਝੜ ਲਿਆ ਦਿਤੀ। ਸਿਖਾਂ ਦੀ ਵਧ ਰਹੀ ਗਿਣਤੀ ਘਟਣ ਲਗ



Digitized by Panjab Digital Library | www.panjabdigilib.org

ਪਈ ਤੇ ਬਹੁਤ ਘਟ ਗਈ। ਖਾਸ ਕਰ ਕੇ ੧੮੬੮ ਤੋਂ ੧੮੮੧ ਵਿਚਲੇ ਤੇਰਾਂ ਸਾਲਾਂ ਵਿਚ ਤਾਂ ਸਿਖ ਬਹੁਤ ਹੀ ਘਟ ਗਏ।* ਪਰ ਅਗਲੇ ਦਸਾਂ ਸਾਲਾਂ ਵਿਚ ਅਰਥਾਤ ੧੮੮੧ ਤੋਂ ੧੮੯੧ ਤਕ ਸਿਖ ਸੇਵਕਾਂ ਦੀ ਅਥਕ ਕੋਸ਼ਸ਼ ਨਾਲ ਕੌਮ ਵਿਚ ਜਾਗ੍ਰਤਾ ਆ ਗਈ ਤੇ ਸਿਖਾਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ।

ਇਸ ਦਾ ਕਾਰਣ ਸਿਰਫ ਅਨਮਤੀਆਂ ਦੇ ਹਮਲੇ ਸਨ। ਸਮੇਂ ਦੇ ਕੁਫੇਰ ਨਾਲ ਇਕ ਤਾਂ ਸਿਖ ਆਪਣੇ ਆਪ ਹੀ ਗਿਰਾਵਟ ਵਿਚ ਸਨ, ਉਪਰੋਂ ਰਾਜ ਕਰਮਚਾਰੀਆਂ ਤੇ ਈਸਾਈ ਪਾਦਰੀਆਂ ਦੇ ਹਮਲੇ ਤੇ ਸਭ ਤੋਂ ਵਧਕੇ ਦੁਖਦਾਈ ਆਰੀਯਾ ਸਮਾਜ ਸੀ। ਆਰੀਯਾ ਸਮਾਜ ਦੇ ਮੋਢੀ ਸ੍ਵਾਮੀ ਦਯਾਨੰਦ ਨੇ ੧੮੭੦ ਦੇ ਕਰੀਬ ਪੰਜਾਬ ਵਿਚ ਆਰੀਯਾ ਸਮਾਜ ਕਾਇਮ ਕੀਤੀ, ਉਞ ਤਾਂ ਇਹ ਸਭਨਾਂ ਮਜ਼ਹਬਾਂ ਦੇ ਵਿਰੁਧ ਹੈ, ਸਭਨਾਂ ਮਜ਼-ਹਬਾਂ ਦੇ ਬਾਨੀਆਂ ਨੂੰ ਕੁਬਚਨ ਆਖਣੇ ਮਾਨੋ ਇਸਦੇ ਮੂਲ ਮੰਤ੍ਰ ਵਿਚ ਦਰਜ ਹਨ (ਵੇਖੋ ਸਤਜਾਰਥ ਪ੍ਰਕਾਸ਼ ਭਾਗ ੨) ਪਰ ਸਿਖਾਂ ਵਿਰੁਧ ਜ਼ਹਿਰ ਉਗਲਨ ਵਿਚ ਤਾਂ ਮਾਨੋ ਇਸ ਨੂੰ ਖਾਸ ਸੁਆਦ ਆਉਂਦਾ ਸੀ। ਏਧਰੋਂ 'ਘਰ ਦਾ ਭੇਤੀ ਲੰਕਾ ਢਾਹੇ' ਦੇ ਕਹਾਣ ਅਨੁਸਾਰ ਸਿਖਾਂ ਵਿਚ ਗੁਰੂ ਡਮ

---

*ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਸਿਖਾਂ ਦੀ ਗਿਣਤੀ ਇਕ ਕਰੋੜ ਦੇ ਲਗ ਭਗ ਸੀ।

ਪਰ ੧੮੮੧ ਵਿਚ ੧੮, ੫੩, ੪੨੬ ਰਹਿ ਗਈ
੧੮੯੧ ਨੂੰ ੧੯, ੦੭, ੮੩੩
੧੯੦੧ ,, ੨੧, ੯੫, ੩੩੯
੧੯੧੧ ,, ੩੦, ੧੪, ੪੬੬
੧੯੨੧ ,, ੩੨, ੩੮, ੮੦੩
੧੯੩੧ ਵਿਖੇ ੪੩, ੩੫, ੭੭੧ ਸਿਖ ਭਾਰਤ ਵਿਚ ਸਨ

ਆਦਮ ਗਿਣਤੀ ਦੀ ਰੀਪੋਰਟ ਤੋਂ ਪਤਾ ਲਗਦਾ ਹੈ ਕਿ ਜ਼ਿਲਾ ਅੰਮ੍ਰਿਤਸਰ ਵਿਚ ੧੮੬੮, ੧੮੮੧ ਤੇ ੧੮੯੧ ਵਿਚ ਸਿਖਾਂ ਦੀ ਗਿਣਤੀ ਇਸ ਪ੍ਰਕਾਰ ਸੀ:--

੧੮੬੮--੨੩੨੨੨੪। ੧੮੮੧--੨੧੬੧੩੬। ੧੮੯੧--੨੬੧੪੫੨



Digitized by Panjab Digital Library | www.panjabdigilib.org

ਦਾ ਪ੍ਰਚਾਰ ਸ਼ੁਰੂ ਹੋ ਗਿਆ, ਸੋਢੀ ਤੇ ਬੇਦੀ ਆਦਿ ਗੁਰੂ ਅੰਸ ਥਾਹੋਂ ਥਾਹੀਂ ਗੁਰੂ ਬਣ ਬੈਠੇ, ਭੇਖੀ ਸਾਧਾਂ ਦੇ ਟੋਲਿਆਂ ਨੇ ਸਿਖਾਂ ਨੂੰ ਲੁਟ ਹੀ ਨਹੀਂ ਖਾਧਾ ਸਗੋਂ ਅਜੇਹਾ ਕੁਰਾਹੇ ਪਾਇਆ ਕਿ ਸਿਖਾਂ ਨੂੰ ਆਪਣੀ ਅਸਲੀਅਤ ਹੀ ਭੁਲ ਗਈ । ਗੁਰਦੁਆਰਿਆਂ, ਡੇਰਿਆਂ ਤੇ ਧਰਮਸਾਲਾਂ ਆਦਿ ਦੇ ਭਾਈ ਵਾੜ ਹੋ ਕੇ ਹੀ ਖੇਤ ਨੂੰ ਖਾਣ ਦੇ ਸਮਾਨ ਹੋ ਗਏ । ਦੇਹ ਧਾਰੀ ਗੁਰੂ ਥਾਂ ਥਾਂ ਖੁੰਬਾਂ ਵਾਂਗ ਨਿਕਲ ਪਏ, ਗਲ ਕੀ ੧੮੫੦ ਤੋਂ ੧੮੮੦ ਤਕ ਸਿਖਾਂ ਲਈ ਭਿਆਨਕ ਗਿਰਾਵਟ ਦਾ ਸਮਾ ਸੀ, 'ਸਾਡੀ ਦਸ਼ਾ' ਪੁਸਤਕ ਵਿਚ ਸਰਦਾਰ ਨਾਹਰ ਸਿੰਘ ਜੀ ਐਮ. ਏ. ਲਿਖਦੇ ਹਨ:–

ਕਿ "ਸੰਨ ੧੮੫੦ ਤੋਂ ਸੰਨ ੧੮੮੦ ਤਕ ਸਿਖ ਮਤ ਅੰਦਰ ਰਿਲੀਜੀਆ ਪੇਟਰੀਅਜ਼ (ਧਾਰਮਕ ਬਾਪਾਂ) ਦਾ ਬੜਾ ਭਾਰੀ ਜੋਰ ਚਲਿਆ । ਇਸ ਸਮੇਂ ਬੇਦੀਆਂ, ਸੋਢੀਆਂ, ਭੱਲਿਆਂ, ਗੁਰੂ ਕਿਆਂ ਸਾਹਿਬਜ਼ਾਦਿਆਂ ਲੋਕਲ ਗੁਰੂਆਂ, ਸਾਧਾਂ ਦੀਆਂ ਜਮਾਤਾਂ ਨੇ ਸਿਖ ਪੰਥ ਨੂੰ ਲੁਟ ਖਾਧਾ । ਇਹ ਸਭ ਆਪਣੇ ੨ ਇਲਾਕਿਆਂ ਵਿਚ ਗੁਰੂ ਬਣ ਬੈਠੇ । ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੀ ਗਦੀਆਂ ਲਾ ਕੇ ਬੈਠਦੇ, ਗੁਰੂ ਸਿਖਾਂ ਤੋਂ ਆਪਣੇ ਪੈਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਪੂਜਵਾਂਦੇ, ਅਤੇ ਪੂਜਾ ਦਾ ਧਾਨ ਆਪ ਹੀ ਹਜ਼ਮ ਕਰ ਜਾਂਦੇ । ਇਸ ਸਮੇਂ ਗੁਰ ਸਿਖਾਂ ਦਾ ਕੋਈ ਧਾਰਮਕ ਜਥਾ ਜਾਂ ਸੋਸਾਇਟੀ ਨਾ ਰਹੀ । ਆਪਾ ਧਾਪੀ ਅਤੇ ਮਾਇਆ ਖਾਣ ਨੂੰ ਹਰ ਇਕ ਤਿਆਰ ਹੋ ਬੈਠਾ । ਤਖਤਾਂ, ਧਾਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤ ਜਾਂ ਨਾਜ਼ਮ ਆਪਣੀ ਜੱਦੀ ਜਾਇਦਾਦ ਸਮਝਣ ਲਗੇ । ਕੁਰੀਤੀਆਂ ਪ੍ਰਚਲਤ ਹੋ ਗਈਆਂ ਅਤੇ ਸਿਖ ਵਿਚਾਰੇ ਅੰਧੇ ਕੂਪ ਵਿਚ ਰਾਹ ਲਭਣ ਲਈ ਟਕਰਾਂ ਪਏ ਮਾਰਦੇ ਫਿਰਨ, ਸੋਢੀ ਬੇਦੀ ਅਥਵਾ ਹੋਰ ਗੁਰੂ ਕੀ ਅੰਸ ਵਿਚੋਂ ਆਪੇ ਬਣੇ ਹੋਏ ਗੁਰੂ ਆਪਣੇ ਸਾਲਾਨਾ ਦੇਸ ਭ੍ਰਮਣ ਵਿਚ ਗੁਰੂ ਦੀਆਂ ਸੰਗਤਾਂ ਪਾਸੋਂ ਮਾਇਆ ਇਕਤ੍ਰ ਕਰ ਗੁਲਛੱਰੇ ਉਡਾਉਂਦੇ ਰਹੇ ।"

ਖਾਲਸਾ ਜੀ ਦੀ ਇਸ ਗਿਰਾਵਟ ਨੂੰ ਦੇਖਕੇ ਅੰਤ ਗੁਰੂ ਨੇ ਕ੍ਰਿਪਾ



Digitized by Panjab Digital Library | www.panjabdigilib.org

ਕੀਤੀ। ਠੋਕਰਾਂ ਖਾ ਖਾ ਕੇ ਖਾਲਸੇ ਨੂੰ ਹੋਸ਼ ਆਉਣੀ ਸ਼ੁਰੂ ਹੋਈ। ਗਫਲਤ ਦੇ ਨਸ਼ੇ ਵਿਚੋਂ ਅੱਖ ਖੁੱਲ੍ਹੀ ਤੇ ਕੁਛ ਕੁ ਪੰਥ ਦਰਦੀਆਂ ਦੇ ਖ਼ੂਨ ਨੇ ਜੋਸ਼ ਖਾਧਾ। ਸਭ ਤੋਂ ਪਹਿਲੇ ਸੰਨ ੧੮੭੩ (ਸੰਮਤ ੧੯੩੦) ਵਿਖੇ ਬਾਬਾ ਖੇਮ ਸਿੰਘ ਜੀ ਤੇ ਸ੍ਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਏ ਆਦਿ ਸਜਨਾਂ ਨੇ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦਾ ਮੁੱਢ ਬੱਧਾ। ਫੇਰ ਪ੍ਰੋ: ਗੁਰਮੁਖ ਸਿੰਘ ਜੀ* ਓਰੀਐਂਟਲ ਕਾਲਜ ਲਾਹੌਰ ਦੀ ਹਿੰਮਤ ਨਾਲ ਸੰਨ ੧੮੭੯ ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਹੋਈ। ਇਸ ਸਭਾ ਵਲੋਂ ਪਹਿਲੋਂ ਗੁਰਮੁਖੀ ਦਾ 'ਵਿਦਯਾ ਪ੍ਰਚਾਰਕ' ਮਾਹਵਾਰੀ ਰਸਾਲਾ, ਗੁਰਮੁਖੀ ਅਖਬਾਰ' ਤੇ ਫੇਰ ਉਰਦੂ ਵਿਚ 'ਖਾਲਸਾ ਗਜ਼ਟ' ਅਖਬਾਰ, ਸ੍ਰ: ਮਈਆ ਸਿੰਘ ਜੀ ਦੀ ਐਡੀਟਰੀ ਹੇਠ ਜਾਰੀ ਕੀਤਾ ਗਿਆ। ਅੰਮ੍ਰਿਤਸਰ ਜੀ ਵਿਖੇ ੨੮ ਚੇਤਰ ਸੰਮਤ ੧੯੪੨ ਬਿ: (ਸੰਨ ੧੮੮੫) ਨੂੰ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਭੀ ਬਣ ਗਈ, ਤੇ ਬਾਹਰ ਭੀ ਥਾਂ ਥਾਂ ਸਿੰਘ ਸਭਾਵਾਂ ਸਜ ਗਈਆਂ। ਖਾਲਸਾ ਦੀਵਾਨ ਅੰਮ੍ਰਿਤਸਰ ਵਿਚ ਨਿਫਾਕ ਹੋ ਜਾਣ ਉਪ੍ਰੰਤ ਸਿੰਘ ਸਭਾ ਲਾਹੌਰ ਦੇ ਮੁਖੀਆਂ ਦੇ ਉਦਮ ਨਾਲ ਸੰਨ ੧੮੮੬ (੩੦-੩੧ ਚੇਤਰ ਸੰਮਤ ੧੯੪੨) ਨੂੰ ਬਹੁਤ ਸਾਰੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧ ਇਕਤ੍ਰ ਹੋਏ ਤੇ ਪੰਥ ਦਾ ਪ੍ਰਤੀਨਿਧ ਜਥਾ

---

*ਪ੍ਰੋਫੈਸਰ ਗੁਰਮੁਖ ਸਿੰਘ ਜੀ ਉਸ ਸਮੇਂ ਸਿਖ ਪੰਥ ਨੂੰ ਘੂਕ ਸੁਤੇ ਨੀਂਦਰ ਤੋਂ ਜਗਾਉਣ ਵਾਲੇ ਮੋਢੀਆਂ ਵਿਚੋਂ ਸਨ। ਖਾਲਸਾ ਕਾਲਜ ਸ੍ਰੀ ਅੰਮਿਤਸਰ ਭੀ ਆਪ ਦੀ ਹਿੰਮਤ ਦਾ ਹੀ ਨਤੀਜਾ ਹੈ। ਸਿਖ ਪੰਥ ਦਾ ਇਹ ਅਦੁਤੀ ਹੀਰਾ ਸੀ ਤੇ ਇਸ ਦਾ ਅਮੁਲ ਜੀਵਣ ਹੀ ਸਿੰਘ ਸਭਾ ਲਹਿਰ ਦੇ ਆਰੰਭ ਦਾ ਇਤਹਾਸ ਹੈ, ਜੋ ਉਨਤੀ ਲਈ ਹਰ ਇਕ ਸਿੱਖ ਬਚੇ ਦੇ ਹਿਰਦੇ ਉਪਰ ਉੱਕਰਿਆ ਹੋਇਆ ਹੋਣਾ ਚਾਹੀਦਾ ਹੈ, ਪਰ ਅਫ਼ਸੋਸ ਕਿ ਅਜੇ ਤਕ ਕਿਸੇ ਨੇ ਇਸ ਮਹਾਨ ਪਰਉਪਕਾਰੀ ਗੁਰਸਿਖ ਦਾ ਪੂਰਾ ਜੀਵਣ ਚਰਿਤ੍ਰ ਹੀ ਨਹੀਂ ਲਿਖਿਆ। ਆਪ ਨੇ ਪੰਥ ਦੀ ਅਦੁਤੀ ਸੇਵਾ ਕੀਤੀ ਤੇ ਆਖਰ ੨੪ ਸਤੰਬਰ ੧੮੯੮ ਈਸਵੀ ਨੂੰ 'ਕੰਡਾ ਘਾਟ' ਰਿਆਸਤ ਪਟਿਆਲਾ ਵਿਚ ਗੁਰਪੁਰੀ ਨੂੰ ਸਿਧਾਰੇ।



Digitized by Panjab Digital Library | www.panjabdigilib.org

'ਖਾਲਸਾ ਦੀਵਾਨ ਲਾਹੌਰ' ਥਾਪਿਆ ਗਿਆ। ਜਿਸ ਵਲੋਂ ੧੩ ਜੂਨ ਸੰਨ ੧੮੮੬ ਨੂੰ 'ਖਾਲਸਾ ਅਖਬਾਰ' ਗੁਰਮੁਖੀ ਲਾਹੌਰ ਤੋਂ ਜਾਰੀ ਕੀਤਾ ਗਿਆ। ਇਸ ਦੇ ਪਹਿਲੇ ਐਡੀਟਰ ਭਾਈ ਝੰਡਾ ਸਿੰਘ ਜੀ ਤੇ ਦੂਸਰੇ ਗਿਆਨੀ ਦਿੱਤ ਸਿੰਘ ਜੀ ਮੁਕੱਰਰ ਹੋਏ।

ਲਾਗ ਲੱਗਣੀ ਸ਼ੁਰੂ ਹੋ ਗਈ। ਜਿਵੇਂ ਖ਼ਰਬੂਜੇ ਤੋਂ ਖਰਬੂਜਾ ਰੰਗ ਫੜਦਾ ਹੈ ਤਿਵੇਂ ਹੀ ਸਿਖਾਂ ਨੂੰ ਹੋਸ਼ ਆਉਣ ਲੱਗ ਪਈ। ਥਾਂ ਥਾਂ ਸਿੰਘ ਸਭਾਵਾਂ ਬਣੀਆਂ ਤੇ ਪ੍ਰਚਾਰ ਦਾ ਕੰਮ ਜ਼ੋਰਾਂ ਤੇ ਹੋ ਗਿਆ। ਪ੍ਰੋਫੈਸਰ ਗੁਰਮੁਖ ਸਿੰਘ ਤੇ ਉਸਦੇ ਸਾਥੀਆਂ ਦੀ ਹਿੰਮਤ ਨਾਲ ੨੨ ਫਰਵਰੀ ੧੮੯੦ ਨੂੰ ਮੁਢਲੀ ਖਾਲਸਾ ਕਾਲਜ ਅਸਥਾਪਨ ਕਮੇਟੀ ਬਣੀ। ੧੪ ਅਪ੍ਰੈਲ ੧੮੯੨ ਨੂੰ ਖਾਲਸਾ ਕਾਲਜ ਦੀ ਕੌਂਸਲ ਰਜਿਸਟਰਡ ਹੋਈ ਤੇ ੧੮ ਦਸੰਬਰ ੧੮੯੨ ਨੂੰ ਖਾਲਸਾ ਕਾਲਜ ਕੌਂਸਲ ਦਾ ਪਹਿਲਾ ਇਜਲਾਜ ਹੋਇਆ। ੫ ਮਾਰਚ ੧੮੯੨ ਨੂੰ ਕਾਲਜ ਦੀ ਨੀਂਹ ਰੱਖੀ ਗਈ ਤੇ ੨੪ ਮਈ ੧੮੯੩ ਨੂੰ ਕਾਲਜ ਦੇ ਅਰੰਭ ਵਜੋਂ ਸਕੂਲ ਜਾਰੀ ਕੀਤਾ ਗਿਆ। ੧੩ ਮਾਰਚ ੧੮੯੩ ਨੂੰ ਗੁਰਮੁਖੀ ਵਿਦਿਆ ਲਈ ਡਿੰਗਾ ਜਿਲਾ ਗੁਜਰਾਤ ਵਿਚ "ਪਬਲਕ ਸਕੂਲ" ਖੁੱਲ੍ਹਿਆ। ੧੮੯੪ ਨੂੰ ਸਿੰਘ ਸਭਾ ਕੋਹਾਟ ਬੱਝੀ। ੧੮ ਜੁਲਾਈ ੧੮੯੫ ਈ: ਨੂੰ ਤਰਨ ਤਾਰਨ ਵਿਚ 'ਖਾਲਸਾ ਸਕੂਲ' ਕਾਇਮ ਹੋਇਆ। ੧ ਅਗਸਤ ੧੮੯੬ ਨੂੰ ਸਿੰਘ ਸਭਾ ਅੰਬਾਲਾ ਛਾਉਣੀ ਬਣੀ। ੧੮੯੬ ਵਿਚ ਸਪਤਾਹਕ ਅਖਬਾਰ ਖਾਲਸਾ ਧਰਮ ਪ੍ਰਕਾਸ਼ਕ 'ਸ਼ੁੱਧੀ ਪੱਤ੍ਰ' ਲਾਹੌਰੋਂ ਜਾਰੀ ਹੋਇਆ, ਤੇ ੧੬ ਹਾੜ-੧੮੮੬ ਈ: ਨੂੰ ਸਿੰਘ ਸਭਾ ਚਕਵਾਲ ਬੱਣੀ। ੨੦ ਨਵੰਬਰ ੧੮੯੬ ਨੂੰ ਸਿੰਘ ਸਭਾ ਰਿਆਸਤ ਪੁਨਛ ਬਣੀ। ੧੪ ਜਨਵਰੀ ੧੮੯੭ ਨੂੰ ਡਾਕਟਰ ਜੈ ਸਿੰਘ ਦੇ ਘਰ ਲਾਹੌਰੋਂ 'ਗੁਰਮਤ ਗ੍ਰੰਥ ਸੁਧਾਰਕ ਕਮੇਟੀ' ਦਾ ਮੁੱਢ ਬੱਝਾ। ੧੬ ਅਪ੍ਰੈਲ ੧੮੯੭ ਨੂੰ ਸ੍ਰੀ ਗੁਰੂ ਸਿੰਘ ਸਭਾ ਸਹਾਰਨਪੁਰ ਬਣੀ, ਤੇ ੨੫ ਜੂਨ ੧੮੯੭ ਨੂੰ ਮੁਕਤਸਰ ਭੀ ਸਭਾ ਕਾਇਮ ਹੋ ਗਈ। ੨੫ ਜੁਲਾਈ ੧੮੯੭ ਵਿਚ ਖਾਲਸਾ



Digitized by Panjab Digital Library | www.panjabdigilib.org

ਧਰਮ ਪ੍ਰਚਾਰਕ ਸਭਾ ਰਾਵਲ ਪਿੰਡੀ ਵਿਚ ਕਾਇਮ ਹੋਈ। ੧੩ ਫਰਵਰੀ ੧੮੯੯ ਨੂੰ ਖਾਲਸਾ ਬ੍ਰਾਦਰੀ ਅੰਮ੍ਰਿਤਸਰ ਦਾ ਮੁੱਢ ਬੱਝਾ। ਸਤੰਬਰ ੧੮੯੯ ਵਿਚ ਸਿੰਘ ਸਭਾ ਧਾਰੀਆਂ ਤੇ ਹਾਫਜ਼ਾ ਬਾਦ ਬਣੀਆਂ। ਗੱਲ ਕੀ ਹੁਣ ਸਿੱਖ ਪੰਥ ਵਿਚ ਜਾਗ੍ਰਤੀ ਆਉਣ ਲੱਗੀ। ਥਾਂ ਥਾਂ ਸਭਾਵਾਂ ਕਾਇਮ ਹੋ ਗਈਆਂ, ਅਖਬਾਰ ਸ਼ੁਰੂ ਹੋ ਗਏ, ਛੋਟੀਆਂ ੨ ਪੁਸਤਕਾਂ ਪ੍ਰਕਾਸ਼ਤ ਹੋਈਆਂ, ਸਕੂਲ ਬਣੇ, ਤੇ ਪ੍ਰਚਾਰ ਦਾ ਕੰਮ ਸਰਗਰਮੀ ਨਾਲ ਹੋਣ ਲੱਗਾ। ਜਿਵੇਂ ਭਾਈ ਹਰਸਾ ਸਿੰਘ ਜੀ ਗ੍ਰੰਥੀ ਦਰਬਾਰ ਸਾਹਿਬ ਤਰਨ ਤਾਰਨ ਜੋ ਉਸ ਸਮੇਂ ਦੇ ਭਾਰੇ ਲੈਕਚਰਾਰ ਸਨ ਤੇ ਜਿਨਾਂ ਨੇ ਸਭ ਤੋਂ ਪਹਿਲਾਂ ਖਾਲਸਾ ਦੀਵਾਨ ਲਾਹੌਰ ਕਾਇਮ ਕਰਨ ਵਿਚ ਪ੍ਰੇਮ, ਦਰਦ ਤੇ ਜੋਸ਼ ਭਰਿਆ ਲੈਕਚਰ ਦਿਤਾ। (ਦੇਖੋ ਸਿੰਘ ਸਭਾ ਲਾਹੌਰ ਦੀ ਪਹਿਲੀ ਰਪੋਰਟ ਜੋ ੧੮੮੦ ਵਿਚ ਛਪੀ।)

ਆਪਣੇ ਪਿਤਾ ਜੀ ਦੇ ਸਤਿਸੰਗ, ਪ੍ਰੇਮ ਤੇ ਉਤਸ਼ਾਹ ਨਾਲ ਭਾਈ ਮੋਹਨ ਸਿੰਘ ਜੀ ਦੀ ਕਾਇਆਂ ਪਲਟਣੀ ਸ਼ੁਰੂ ਹੋਈ। ਜਿਵੇਂ ਹੁੱਸੜ ਤੋਂ ਮਗਰੋਂ ਅਨ੍ਹੇਰੀ ਤੇ ਮੀਂਹ ਆਉਂਦਾ ਹੈ ਤਿਵੇਂ ਹੀ ਸਿੱਖਾਂ ਦੀ ਇਸ ਤੀਹ ਚਾਲੀ ਸਾਲ ਦੀ ਗ਼ਫਲਤ ਤੇ ਗਿਰਾਵਟ ਮਗਰੋਂ ਹੁਣ ਖਾਲਸਈ ਖ਼ੂਨ ਨੇ ਉਬਾਲ ਖਾਧਾ। ਪ੍ਰਚਾਰ, ਅਖਬਾਰ ਤੇ ਪੁਸਤਕਾਂ ਦੁਆਰਾ ਉਤਸ਼ਾਹੀਆਂ ਨੇ ਸੁੱਤੇ ਹੋਏ ਸ਼ੇਰਾਂ ਨੂੰ ਜਗਾ ਦਿੱਤਾ, ਭੁਲੇ ਹੋਇਆਂ ਨੂੰ ਰਾਹ ਦਿਖਾ ਦਿੱਤਾ ਤੇ ਖਾਲਸਾ ਪੰਥ ਦੇ ਨਿਰਛਲ ਹਿਰਦੇ ਵਿਚ ਜੋਸ਼ ਦਾ ਤੂਫਾਨ ਲਿਆ ਦਿੱਤਾ। ਭਾਈ ਸਾਹਿਬ ਨੂੰ ਪ੍ਰਸਿੱਧ ਭਾਈ ਜਵਾਹਰ ਸਿੰਘ ਜੀ*, ਡਾਕਟਰ

---

*ਸ: ਜਹਾਵਰ ਸਿੰਘ ਜੋ ਗੁਜਰਾਂ ਵਾਲੇ ਦੇ ਕਪੂਰ ਖਾਨਦਾਨ ਦੇ ਸ: ਆਤਮਾ ਸਿੰਘ ਜੀ ਦੇ ਸਪੁਤ੍ਰ ਸਨ। ਆਪ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ। ਖਾਲਸਾ ਕਾਲਜ ਕੌਂਸਲ (ਅੰਮ੍ਰਿਤਸਰ) ਦੇ ਪਹਿਲੇ ਸਕਤ੍ਰ ਸਨ ਤੇ ੧੯੦੨ ਤਕ ਆਪ ਇਹ ਸੇਵਾ ਕਰਦੇ ਰਹੇ। ਪੰਜਾਬ ਯੂਨੀਵਰਸਟੀ ਦੇ ਫੈਲੋ, ਟੈਕਸਟ ਬੁਕ ਕਮੇਟੀ ਦੇ ਮੈਂਬਰ, ਪੰਜਾਬੀ ਦੇ ਐਗਜ਼ਾਮੀਨਰ, ਕਈ ਪੁਸਤਕਾਂ ਦੇ ਲੇਖਕ ਤੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਪ੍ਰਧਾਨ ਭੀ ਰਹੇ ਸਨ। ਆਪ ਦਾ ਅਕਾਲ ਚਲਾਣਾ ੧੪ ਮਈ ੧੯੧੦ ਨੂੰ ਹੋਇਆ।



Digitized by Panjab Digital Library | www.panjabdigilib.org

ਜੈ ਸਿੰਘ ਜੀ, ਭਾਈ ਮਈਆ ਸਿੰਘ ਜੀ ਭਾਈ ਦਿੱਤ ਸਿੰਘ ਜੀ ਗਿਆਨੀ* ਐਡੀਟਰ 'ਖਾਲਸਾ' ਅਖਬਾਰ, ਪ੍ਰਸਿੱਧ ਗੁਰਮਤ ਹਿਤਕਾਰੀ ਬਾਬਾ ਟਹਿਲ ਸਿੰਘ ਜੀ, ਪ੍ਰੋਫੈਸਰ ਗੁਰਮੁਖ ਸਿੰਘ ਜੀ, ਭਾਈ ਪ੍ਰਤਾਪ ਸਿੰਘ ਜੀ, ਸ੍ਰ: ਮੇਹਰ ਸਿੰਘ ਜੀ ਚਾਵਲਾ ਤੇ ਭਾਈ ਠਾਕਰ ਸਿੰਘ ਜੀ ਆਦਿ ਤਮਾਮ ਗੁਰਮੁਖ ਗੁਰਸਿੱਖਾਂ, ਪੰਥ ਹਿਤੈਸ਼ੀ ਪ੍ਰਚਾਰਕਾਂ, ਲੇਖਕਾਂ ਤੇ ਵਿਦਵਾਨਾਂ ਦੇ ਮੇਲ ਮਿਲਾਪ ਹੁੰਦੇ ਰਹੇ। ਆਪ ਦੀ ਛੋਟੀ ਉਮਰ, ਗੁਰਬਾਣੀ ਦਾ ਪ੍ਰੇਮ, ਗੁਰਸਿੱਖੀ ਦਾ ਹਿਤੁ ਤੇ ਚਮਤਕਾਰੀ ਬੁੱਧੀ ਦੇਖ ਕੇ ਹਰ ਕੋਈ ਆਪ ਨਾਲ ਪ੍ਰੇਮ ਕਰਦਾ ਤੇ ਯਥਾ ਯੋਗ ਸਿਖਿਆ ਦਿੰਦਾ, ਜਿਸ ਤੋਂ ਥੋੜੇ ਸਮੇਂ ਵਿਚ ਹੀ ਆਪ ਦੀ ਬਹਿਸ ਮੁਬਾਹਸੇ ਤੇ ਤਰਕ ਬਿਤਰਕ ਦੀ ਤੀਖਣ ਬੁੱਧੀ ਚਮਕ ਉੱਠੀ।

ਅਸੀਂ ਉੱਪਰ ਦੱਸ ਆਏ ਹਾਂ ਕਿ ਆਰੀਯਾ ਸਮਾਜ ਉਸ ਸਮੇਂ

---

*ਭਾਈ ਦਿੱਤ ਸਿੰਘ ਜੀ ਦਾ ਜਨਮ ੧੮੫੩ ਈਸਵੀ ਵਿਚ ਪਿੰਡ ਅਨੰਦਪੁਰ ਕਲੌੜ ਰਿਆਸਤ ਪਟਿਆਲਾ ਵਿਖੇ ਹੋਇਆ। ਪੰਡਤਾਂ ਤੇ ਗਿਆਨੀਆਂ ਤੋਂ ਵਿਦਯਾ ਪਾਈ ਤੇ ਛੋਟੀ ਉਮਰ ਵਿਚ ਹੀ ਗੁਲਾਬ ਦਾਸੀਏ ਬਣੇ। ਇਸ ਸਮੇਂ ਆਪ ਉਪਦੇਸ਼ ਦੇਂਦਿਆਂ ਬਹਿਸ ਮੁਬਾਹਸੇ ਤੇ ਲੈਕਚਰ ਦੇਵਨ ਵਿਚ ਤਕੜੇ ਹੋ ਗਏ। ਫੇਰ ਭਾਈ ਗੁਰਮੁਖ ਸਿੰਘ ਜੀ ਓਰੀਐਂਟਲ ਕਾਲਜ ਲਾਹੌਰ ਦੀ ਪ੍ਰੇਰਨਾ ਨਾਲ ਆਪ ਨੇ ਮੁੜ ਸਿਖੀ ਧਰਮ ਦਾ ਖਿਆਲ ਕੀਤਾ, ਤੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਆਪ ਅਪਨੇ ਸਮੇਂ ਦੇ ਸਭਤੋਂ ਵੱਡੇ ਲੈਕਚਰਾਰ ਤੇ ਪੰਜਾਬੀ ਲੇਖਕ ਸਨ। ਆਪ ਦੀ ਬੋਲੀ ਤੇ ਲਿਖਤ ਬੜੀ ਜ਼ੋਰਦਾਰ ਹੁੰਦੀ ਸੀ, ਤੇ ਸਭ ਵਿਰੋਧੀ ਇਸ ਤੋਂ ਡਰਦੇ ਸਨ। ਆਪ ਜੀ ਦੀਆਂ ਇਨ੍ਹਾਂ ਸਿਫਤਾਂ ਕਰਕੇ ਹੀ ਸਿੰਘ ਸਭਾ ਲਾਹੌਰ ਛੇਤੀ ਜ਼ੋਰ ਪਕੜ ਗਈ ਸੀ। ਆਪ ਜੀ 'ਖਾਲਸਾ ਵਿਦਯਾਰਥੀ ਸਭਾ, ਤਰਨ ਤਾਰਨ ਦੇ ਭੀ ਮੈਂਬਰ ਸਨ, ਤੇ ਇਸੇ ਕਾਰਨ ਆਪ ਜੀ ਦਾ ਵੈਦ ਜੀ--ਜੋ ਇਸ ਸਭਾ ਦੇ ਸਕਤ੍ਰ ਸਨ--ਨਾਲ ਬਹੁਤ ਪਿਆਰ ਤੇ ਮੇਲ ਮਿਲਾਪ ਰਿਹਾ ਹੈ। ਅੰਤ ਆਪ ਪੰਥਕ ਸੇਵਾ ਕਰਦੇ ਹੀ ੬ ਸਤੰਬਰ ੧੯੦੧ ਨੂੰ ਅਕਾਲ ਚਲਾਣਾ ਕਰ ਗਏ। ਆਪ ਦੀਆਂ ਕਈ ਪੁਸਤਕਾਂ 'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ', ਦੰਭ ਵਿਦਾਰ, ਹਮ ਹਿੰਦੂ ਨਹੀਂ, ਗੁਗਾ ਗਪੌੜਾ, ਆਰਤੀ ਪ੍ਰਬੋਧ ਆਦਿ ਛਪੀਆਂ ਭੀ ਹੋਈਆਂ ਹਨ।



Digitized by Panjab Digital Library | www.panjabdigilib.org

ਸਿੱਖਾਂ ਨਾਲ ਖਾਸ ਟੱਕਰ ਲੈ ਰਹੀ ਸੀ। ਸ੍ਵਾਮੀ ਦਯਾ ਨੰਦ ਲਾਹੌਰ ਵਿਚ ਝੰਡਾ ਗੱਡੀ ਬੈਠਾ ਸੀ। ਇਸ ਦੇ ਮੁਕਾਬਲੇ ਵਿਚ ਗਿਆਨੀ ਦਿੱਤ ਸਿੰਘ ਜੀ ਤੇ ਹੋਰ ਗੁਰ ਸਿੱਖ ਗੁਰਮੁਖ ਡਟੇ ਹੋਏ ਮੂੰਹ ਤੋੜ ਜਵਾਬ ਦੇਂਦੇ ਤੇ ਉਤਰ ਪ੍ਰਤਿ-ਉਤਰ ਲਿਖੇ ਤੇ ਬੋਲੇ ਜਾਂਦੇ ਸਨ। ਕਲਮ ਤੇ ਪਲੇਟ ਫਾਰਮ ਰਾਹੀਂ ਖੰਡਣ ਮੰਡਣ ਦਾ ਕਾਫੀ ਸ਼ੋਰ ਸੀ। ਸਾਡੇ ਹੋਨਹਾਰ ਵੈਦ ਜੀ ਭੀ ਇਸ ਸਾਰੇ ਘਮਸਾਨ ਨੂੰ ਗਹੁ ਨਾਲ ਦੇਖਦੇ ਤੇ ਯਥਾ ਮਤਿ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ। ਤਰਨ ਤਾਰਨ ਅੰਮ੍ਰਿਤਸਰ ਹੀ ਨਹੀਂ ਸਗੋਂ ਵਾਹ ਲਗਦੀ ਲਾਹੌਰ ਆਦਿ ਥਾਈਂ ਜਾ ਕੇ ਭੀ ਲੈਕਚਰ ਕਰ ਆਉਂਦੇ, ਤੇ ਆਪ ਉਸ ਵੇਲੇ ਦੇ ਉਠ ਰਹੇ ਧਾਰਮਿਕ ਘੁਲੈਟੇ ਨੌਜਵਾਨਾਂ ਦੇ ਮੋਹਰੀਆਂ ਵਿਚੋਂ ਸਨ।

ਅਸੀਂ ਇਸ਼ਾਰੇ ਮਾਤ੍ਰ ਨਾਲ ਉੱਪਰ ਦੱਸ ਆਏ ਹਾਂ ਕਿ ਆਪ ਨੇ ਗੁਰਮਤ ਤੇ ਗੁਰਬਾਣੀ ਦੀ ਖੋਜ ਤੋਂ ਇਲਾਵਾ ਮੁਸਲਮਾਨ, ਹਿੰਦੂ ਤੇ ਈਸਾਈ ਆਦਿਕ ਮੱਤਾਂ ਨੂੰ ਅਛੀ ਤਰਾਂ ਖੋਜਿਆ। ਗੁਰਮੁਖੀ ਦੇ ਨਾਲ ਹੀ ਆਪ ਨੇ ਹਿੰਦੀ, ਸੰਸਕ੍ਰਿਤ, ਉਰਦੂ ਤੇ ਅੰਗ੍ਰੇਜ਼ੀ ਦਾ ਭੀ ਪ੍ਰਾਈਵੇਟ ਤੌਰ ਤੇ ਹੀ ਕਾਫੀ ਮੁਤਾਲਾ ਕਰ ਲਿਆ ਸੀ। ਆਪਦੀ ਕਲਮ ਤੇ ਜ਼ਬਾਨ ਵਿਚ ਜ਼ੋਰ ਸੀ। ਦਿਲ ਵਿਚ ਸਚਾਈ ਤੇ ਗੁਰਮਤਿ ਨਾਲ ਪ੍ਰੇਮ ਹੋਣ ਕਰਕੇ ਇਹ ਸਤੋਗੁਣੀ ਪ੍ਰੇਮ-ਜੋਸ਼ ਦਿਨ ਦੂਣਾ ਤੇ ਰਾਤ ਚੋਗਣਾ ਵਧਦਾ ਜਾ ਰਿਹਾ ਸੀ। ਉਸ ਸਮੇਂ ਦੇ ਅਖਬਾਰਾਂ 'ਖਾਲਸਾ' ਤੇ 'ਖਾਲਸਾ ਸਮਾਚਾਰ' * ਆਦਿ ਵਿਚ ਆਪਦੇ ਲੇਖ ਆਦਿ ਛਪੇ ਹੋਏ ਦੇਖਣ ਯੋਗ ਹਨ। ਅਸੀਂ ਵਿਸਤਾਰ ਦੇ ਭੈ ਕਰਕੇ ਏਥੇ ਦਰਜ ਨਹੀਂ ਕਰਦੇ। ਆਪ ਨੇ ਉਨ੍ਹਾਂ ਦਿਨਾਂ ਵਿਚ ਹੀ ਆਰੀਯਾ ਸਮਾਜ ਦੇ ਹਮਲਿਆਂ ਦੇ ਉਤ੍ਰ ਵਿਚ ਕਈ ਲੇਖ ਤੇ ਟ੍ਰੈਕਟ ਲਿਖ ਕੇ ਵੰਡੇ,ਜਿਵੇਂ (੧) ਨਿੰਦਤ ਭ੍ਰਿਸ਼੍ਟਾਚਾਰ, (੨) ਦਯਾਨੰਦ ਮਤ ਦਰਪਨ, (੩) ਦਯਾਨੰਦੀ ਧਰਮ ਦਾ ਨਮੂਨਾ, (੪) ਸ਼ਰਾਧ ਪ੍ਰਬੋਧ, (੫) ਮ੍ਰਿਤਕ ਸੰਸਕਾਰ, (੬) ਬ੍ਰਿਧ ਵਿਵਾਹ, (੭) ਆਰੀਯਾ ਸਮਾਜੀਆਂ ਦੇ ਸਿਖਾਂ ਤੇ

---

*ਜੋ ਅਮ੍ਰਿਤਸਰੋਂ ਸ਼ੁਕਰ ਵਾਰ ੭ ਨਵੰਬਰ ੧੮੯੯ ਨੂੰ ਜਾਰੀ ਹੋਇਆ।



Digitized by Panjab Digital Library | www.panjabdigilib.org

ਹਮਲਿਆਂ ਦੇ ਉਤਰ, (੮) ਗੁਰਮਤ ਗੌਰਵਤਾ ਤੇ (੯) ਗੁਰਮਤ ਵਿਰੋਧ ਬਿਨਾਸ਼ ਆਦਿਕ ਟ੍ਰੈਕਟ ਪੜ੍ਹਨ ਯੋਗ ਹਨ, ਜਿਨ੍ਹਾਂ ਤੋਂ ਪਾਠਕਾਂ ਨੂੰ ਆਪਦੀ ਵਿਦਿਆ, ਗੁਰਮਤ ਖੋਜ, ਬਹਿਸ ਮੁਬਾਹਸੇ ਦਾ ਢੰਗ, ਤਰਕ ਵਿਤਰਕ ਦੀ ਯੁਕਤੀ ਤੇ ਉਰਦੂ, ਹਿੰਦੀ, ਸੰਸਕ੍ਰਿਤ ਆਦਿਕ ਵਿੱਦਵਤਾ ਦਾ ਪਤਾ ਲਗ ਜਾਵੇਗਾ।

'ਨਿੰਦਤ ਭ੍ਰਿਸ਼ਟਾਚਾਰ' ਨਾਮੇ ਟ੍ਰੈਕਟ ਖਾਸ ਤੌਰ ਨਾਲ ਦੇਖਣ ਯੋਗ ਹੈ, ਜੋ ਆਪ ਨੇ ੧੭ ਸਾਲ ਦੀ ਉਮਰ ਵਿਚ ਲਿਖਿਆ, ਪ੍ਰਕਾਸ਼ਤ ਕਰਾ ਕੇ ਮੁਫਤ ਵੰਡਿਆਂ, ਤੇ ਫੇਰ'ਆਲਹੂਵਾਲੀਆ ਗਜ਼ਟ' ਵਿਚ ਤਮਾਕੂ ਨੂੰ ਲਾਭਦਾਇਕ ਸਾਬਤ ਕਰਨ ਹਾਰੇ ਇਕ ਕੁਤਰਕੀ ਦੇ ਕੁਲੇਖ ਦੇ ਉਤ੍ਰ ਵਿਚ ਲਿਖਿਆ ਸੀ। ਜੋ "ਵਿਖਜਾ ਅਤਿ ਹਾਨੀ ਕਾਰਕ ਹੈ" ਦੀ ਸੁਰਖੀ ਹੇਠ 'ਖਾਲਸਾ ਅਖਬਾਰ' ਲਾਹੌਰ ਨੰ: ੨੬ ਜਿਲਦ ੧੦ ਅਕਤੂਬਰ ੨੪ ਸੰਨ ੧੯੦੨ ਦੇ ਸਫਾ ੫ ਕਾਲਮ ੩ ਤੋਂ ਸ਼ੁਰੂ ਕਰਕੇ ਸਫਾ ੭ ਦੇ ਪਹਿਲੇ ਕਾਲਮ ਵਿਚ ਸੰਖੇਪ ਮਾਤ੍ਰ ਨਾਲ ਖਤਮ ਕਰਦੇ ਹਨ। ਤਮਾਕੂ ਨੂੰ ਮੰਡਨ ਕਰਨ ਵਾਲਾ ਲੇਖਕ ਆਪਣੇ ਲੇਖ ਵਿਚ ਵਿਲਾਇਤ ਦੇ ਅਖਬਾਰਾਂ ਦਾ ਹਵਾਲਾ ਦਿੰਦਾ ਭਾਸਦਾ ਹੈ, ਤਾਂ ਵੈਦ ਜੀ ਭੀ ਬੜੀ ਖੋਜ ਨਾਲ ਯੂਰਪ ਤੇ ਅਮਰੀਕਾ ਦੇ ਅਨੇਕ ਡਾਕਟਰਾਂ ਦੀ ਖੋਜ ਦਾ ਸਿੱਟਾ ਇਸ ਲੇਖ ਵਿਚ ਦਰਜ ਕਰਦੇ ਹਨ। ਅਸਲ ਟ੍ਰੈਕਟ ਵਿਚ ਵੇਦਾਂ ਸ਼ਾਸਤ੍ਰਾਂ ਦੇ ਸੰਸਕ੍ਰਿਤ ਆਦਿ ਵਿੱਚੋਂ ਸਭ ਹਵਾਲੇ ਦਿੱਤੇ ਹੋਏ ਹਨ।ਪਾਠਕ ਜਨ ਅਜੇ ਭੀ ਮੰਗਵਾਕੇ ਦੇਖ ਸਕਦੇ ਹਨ। ਤਮਾਕੂ ਖੰਡਣ ਬਾਰੇ ਇਹ ਡਾਢੀ ਹੀ ਸੁਹਣੀ, ਵਿੱਦਵਤਾ ਭਰੀ ਤੇ ਯੁਕਤੀ ਪੂਰਵਕ ਲਿਖੀ ਹੋਈ ਪੁਸਤਕ ਹੈ।

ਇਸੇ ਹੀ ਤਰਾਂ ਇਕ ਵਾਰ ਆਰੀਯਾ ਸਮਾਜਦੇ ਪ੍ਰਸਿੱਧ ਲੈਕਚਰਾਰ ਮਿਸਰ ਜਗਤ ਸਿੰਗ ਜੀ ਦਾ ਮੁਕਾਬਲਾ ਆਪ ਜੀ ਨਾਲ ਹੋਇਆ। ਆਪ ਜੀ ਨੇ ਮਿਸਰ ਜੀ ਨੂੰ ਡਾਢਾ ਹੀ ਨਿਰੁੱਤ੍ਰ ਕੀਤਾ। ਇਹ ਵਿਖਿਆਨ ਆਪ ਨੇ ਆਰੀਯਾ ਸਮਾਜ ਦੇ ਜਲਸੇ ਵਿਚ ਜੋ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਿਚ ਨਵੰਬਰ ੧੯੦੧ ਨੂੰ ਹੋਇਆ ਸੀ ਦਿੱਤਾ। ਮਜ਼ਮੂਨ



Digitized by Panjab Digital Library | www.panjabdigilib.org

ਸੀ 'ਆਰੀਯਾ ਸਮਾਜੀਆਂ ਦੇ ਸਿੱਖਾਂ ਤੇ ਕੀਤੇ ਹਮਲਿਆਂ ਦੇ ਉਤ੍ਰ' ਜੋ ਪਿੱਛੋਂ ਟ੍ਰੈਕਟ ਦੀ ਸ਼ਕਲ ਵਿਚ ਛਾਪਿਆ ਗਿਆ। ਇਸੇ ਹੀ ਤਰਾਂ ਪ੍ਰਸਿਧ ਆਰੀਯਾ ਪੰਡਤ ਗੁਰੂਦੱਤ ਜੀ ਨਾਲ ਭੀ ਆਪ ਦਾ ਡਾਢਾ ਸੁਆਦਲਾ ਤੇ ਮਾਅਰਕੇ ਦਾ ਮੁਬਾਹਸਾ ਹੋਇਆ, ਜੋ 'ਗੁਰ ਉਪਕਾਰਨੀ ਸਭਾ' ਸ੍ਰੀ ਅੰਮ੍ਰਿਤਸਰ ਜੀ ਦੀ 'ਡੀਬੇਟ ਕਲੱਬ' ਵਲੋਂ 'ਆਰੀਯਾ ਕੁਮਾਰ ਸਭਾ' ਦੀ ਡੀਬੇਟ ਦੇ ਜਲਸੇ ਵਿਚ ਹੋਇਆ ਸੀ। ਹੋਰ ਤਾਂ ਹੋਰ ਖੁਦ ਪੰਡਤ ਜੀ ਇਸ ਨੌਜਵਾਨ ਦੀ ਵਿੱਦਵਤਾ, ਬੋਲਣ ਸ਼ਕਤੀ, ਉਕਤੀ ਯੁਕਤੀ, ਗੁਰਮਤ ਤੇ ਦੂਜੇ ਮੱਤਾਂ ਦੀ ਖੋਜ ਬਾਰੇ ਹੈਰਾਨ ਹੋਏ ਹੋਏ 'ਵਾਹਵਾ' ਪਏ ਕਰਦੇ ਸਨ।

ਇਸ ਵੀਹ ਕੁ ਸਾਲ ਦੀ ਅਵਸਥਾ ਤਕ ਭਾਈ ਸਾਹਿਬ ਚੰਗੇ ਪ੍ਰਸਿੱਧ ਹੋ ਚੁਕੇ ਸਨ । ਗੁਰਮਤ ਮੰਡਣ ਤੇ ਮਨ ਮਤ ਖੰਡਣ ਵਿਚ ਆਪ ਦੀ ਲਿਆਕਤ ਚੰਗੇ ਚੰਗੇ ਮੰਨਦੇ ਸਨ। ਸਭ ਤੋਂ ਵਧ ਕੇ ਗੱਲ ਜੋ ਆਪ ਜੀ ਨੂੰ ਵਡਿਆਂ ਤੋਂ ਵਿਰਸੇ ਵਿਚ ਮਿਲੀ ਹੋਈ ਸੀ, ਉਹ ਇਹ ਸੀ ਕਿ ਆਪ ਇਸ ਸਾਰੀ—ਕਵਿਤਾ ਲਿਖਣੀ ਤੇ ਬੋਲਣੀ, ਲੇਖ ਲਿਖਣੇ, ਵਿਰੋਧੀ ਲੇਖਾਂ ਦੇ ਉਤ੍ਰ ਦੇਣੇ, ਥਾਂ ਥਾਂ ਲੈਕਚਰ ਤੇ ਮੁਬਾਹਿਸੇ ਕਰਨ ਜਾਣਾ ਆਦਿਕ—ਖਿਚਾ ਖਿਚੀ ਤੇ ਅਤੀ ਰੁਝੇਵੇਂ ਵਿਚ ਭੀ ਸਦਾ ਪ੍ਰਸੰਨ ਚਿੱਤ,ਸ਼ਾਂਤ ਸੁਭਾ ਰਹਿੰਦੇ ਸਨ। ਨਿੱਤ ਨੇਮ ਦਾ ਪਾਠ, ਨਾਮ ਸਿਮ੍ਰਨ ਦਾ ਅਭਿਆਸ ਤੇ ਹਰ ਗੁਣੀ ਗਿਆਨੀ ਦੀ ਸੇਵਾ, ਮਾਨ ਤੇ ਆਦਰ ਕਰਕੇ ਸੁਭ ਸਿਖਿਆ ਪ੍ਰਾਪਤ ਕਰਨੀ ਆਪ ਨੂੰ ਕਦੇ ਨਾ ਸੀ ਵਿੱਸਰੀ। ਨਿਤ ਨੇਮ, ਨਾਮ ਸਿਮ੍ਰਨ ਅਭਿਆਸ, ਸ਼ੁਭ ਸਿਖਿਆ ਦੀ ਚਾਹ, ਵਿਦਿਆ ਪ੍ਰਾਪਤੀ ਤੇ ਸੇਵਾ ਕਰਨ ਦਾ ਅਭਿਆਸ ਤਾਂ ਆਪ ਨੇ ਅੰਤਲੇ ਦਮ ਤਕ ਭੀ ਨਹੀਂ ਵਿਸਾਰਿਆ।

ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਵਿਚ ਉਨ੍ਹੀ ਦਿਨੀਂ ਡਾਢੀ ਹੀ ਬੁਰੀ ਹਾਲਤ ਸੀ। ਮੱਸਿਆ ਆਦਿ ਮੇਲਿਆਂ ਉਤੇ ਤਾਂ ਅਨ੍ਹੇਰ ਹੀ ਮਚ ਜਾਂਦਾ ਸੀ। ਕਿਸੇ ਧੀ ਭੈਣ ਦੀ ਇੱਜ਼ਤ ਦਾ ਬਚਾਉ ਨਾ ਸੀ। ਦਿਨ ਦਿਹਾੜੇ ਡਾਕੇ ਪਏ ਪੈਂਦੇ ਸਨ। ਨਾਚ ਮੁਜਰੇ ਦਰਬਾਰ ਸਾਹਿਬ ਵਿਚ ਹੁੰਦੇ ਸਨ, ਗਲ ਕੀ ਤਰਨ ਤਾਰਨ ਦੀ ਮੱਸਿਆ ਦਾ ਮੇਲਾ ਸਾਰੇ ਪੰਜਾਬ ਵਿਚੋਂ



Digitized by Panjab Digital Library | www.panjabdigilib.org

ਪਹਿਲੇ ਦਰਜੇ ਦੇ ਗੰਦੇ ਮੇਲਿਆਂ ਵਿਚੋਂ ਸੀ। ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ-ਜੋ ੧੮੮੫ ਸੰਨ ਵਿਚ ਕਾਇਮ ਹੋਈ—ਦੇ ਸਹਾਰੇ ਇਸ ਸਾਰੀ ਖਰਾਬੀ ਨੂੰ ਦੂਰ ਕਰਨ ਲਈ ਭਾਈ ਸਾਹਿਬ ਜੀ ਨੇ ਵਿਤੋਂ ਵਧ ਕੇ ਜ਼ੋਰ ਲਾਇਆ। ਲੈਕਚਰ, ਅਖ਼ਬਾਰਾਂ ਵਿਚ ਲੇਖ ਲਿਖਣੇ, ਹਾਕਮਾਂ ਪਾਸ ਜਾਣਾ, ਪੰਥ ਨੂੰ ਪਰੇਰਨਾ ਆਦਿਕ ਕੰਮਾਂ ਵਿਚ ਆਪ ਵਧ ਕੇ ਹਿੱਸਾ ਲੈਂਦੇ ਸਨ। ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ, ਖਾਲਸਾ ਭੁਜੰਗੀ ਸਭਾ * ਤਰਨ ਤਾਰਨ, ਮਾਝਾ ਖਾਲਸਾ ਦੀਵਾਨ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਖਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਤੇ ਖਾਲਸਾ ਹਾਈ ਸਕੂਲ ਤਰਨ ਤਾਰਨ ਦੇ ਆਪ ਮੁਢ ਤੋਂ ਹੀ ਸਰਗਰਮ ਕਾਰਕੁਨ ਰਹੇ ਹਨ।

ਸਮੇਂ ਦੇ ਪ੍ਰਭਾਵ ਤੇ ਚਾਲ ਅਨੁਸਾਰ ਆਪ ਦਾ ਅਨੰਦ ਕਾਰਜ ਛੋਟੀ ਉਮਰ ਵਿਚ ਹੀ ਹੋ ਗਿਆ। ਹੁਣ ਕਾਰੋਬਾਰ ਦਾ ਭੀ ਖਿਆਲ ਹੋਣਾ ਸੀ। ਬਹਿਸ ਮੁਬਾਹਸੇ ਤੇ ਖੰਡਣ ਮੰਡਣ ਦੀ ਸਰਗਰਮੀ ਵਿਚ ਦੇਖ ਕੇ ਆਪ ਜੀ ਦੇ ਦੂਰੰਦੇਸ਼ ਪਿਤਾ ਜੀ ਨੇ ਸੋਚਿਆ ਕਿ ਜੇ ਨੌਜਵਾਨ ਲਾਲ ਦਾ ਜੀਵਨ-ਪ੍ਰਵਾਹ ਇਸੇ ਤਰਾਂ ਖੰਡਣ ਮੰਡਣ, ਬਹਿਸ ਮੁਬਾਹਸੇ ਤੇ ਲੈਕਚਰ ਬਾਜ਼ੀ ਵਿਚ ਹੀ ਲੱਗਾ ਰਿਹਾ ਤਾਂ ਉਹ ਖਾਊ ਕਿੱਥੋਂ ?ਅਜੇਹੇ ਕੰਮਾਂ ਵਿਚ ਭਾਵੇਂ ਪ੍ਰਭੁਤਾ (ਵਾਹਵਾ) ਤਾਂ ਬਹੁਤ ਹੈ ਪਰ ਅੰਤ ਦੁਖਦਾਈ ਹੁੰਦਾ ਹੈ। ਆਖਰ ਨੂੰ ਫੋਕੀ 'ਵਾਹਵਾ' ਨਾਲ ਪੇਟ ਤਾਂ ਨਹੀਂ ਨਾ ਭਰਨ ਲੱਗਾ, ਇਸ ਲਈ ਬੱਚੇ ਨੂੰ ਕੰਮ ਕਾਰ ਵਿਚ ਪਾਉਣਾ ਚਾਹੀਦਾ ਹੈ। ਉਹ ਜਾਣਦੇ ਸਨ ਕਿ ਚੜ੍ਹਦੀ ਉਮਰ ਦੀ ਜਵਾਨੀ, ਤੇ ਪ੍ਰਭੁਤਾ ਦੋ

---

* ਸਿੰਘ ਸਭਾ ਤਰਨ ਤਾਰਨ ਦੇ ੧੯੦੩ ਤੋਂ ਸੁਸਤ ਹੋ ਜਾਵਨ ਤੇ ੨੫ ਅਪ੍ਰੈਲ ੧੯੦੫ ਨੂੰ ਖਾਲਸਾ ਭੁਜੰਗੀ ਸਭਾ ਬਣੀ ਤੇ ੭ ਅਗਸਤ ੧੯੦੮ ਨੂੰ ਚੀਫ ਖਾਲਸਾ ਦੀਵਾਨ ਨਾਲ ਸੰਬੰਧਤ ਹੋਈ। ੧੯੧੪ ਵਿਚ ਖਾਲਸਾ ਪ੍ਰੈਮਰੀ ਸਕੂਲ ਇਸੇ ਸਭਾ ਵਲੋਂ ਖੋਲਿਆ ਗਿਆ (ਜੋ ੧੯੧੯ ਵਿਚ ਹਾਈ ਸਕੂਲ ਤਕ ਹੋ ਗਿਆ) ਤੇ ੧੯੧੫ ਵਿਚ ਇਹੋ ਖ਼ਾਲਸਾ ਭੁਜੰਗੀ ਸਭਾ ਜਵਾਨ ਹੋਕੇ ਫੇਰ ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ ਦੇ ਰੂਪ ਵਿਚ ਬਨ ਗਈ।



Digitized by Panjab Digital Library | www.panjabdigilib.org

ਅਜੇਹੇ ਭੂਤ ਹਨ ਜੋ ਜਿਸ ਦੇ ਭੀ ਸਿਰ ਅਸਵਾਰ ਹੋ ਜਾਣ ਉਸ ਦਾ ਬਚਣਾ ਕਠਨ ਹੀ ਹੁੰਦਾ ਹੈ। ਆਪ ਇਨ੍ਹਾਂ ਵਿਚਾਰਾਂ ਵਿਚ ਹੀ ਸਨ ਕਿ ਆਪ ਦੇ ਕਈ ਹੋਰ ਸੰਬੰਧੀ ਤੇ ਪ੍ਰੇਮੀਆਂ ਨੇ ਭੀ ਆਪ ਦੇ ਇਨ੍ਹਾਂ ਖਿਆਲਾਂ ਦੀ ਪੁਸ਼ਟੀ ਕੀਤੀ। ਖਾਸ ਕਰਕੇ, ਪਰਉਪਕਾਰੀ ਹਮਦਰਦ ਤੇ ਆਪ ਦੇ ਬਹੁਤ ਹੀ ਸ਼ੁਭ ਚਿੰਤਕ—ਜਿਨ੍ਹਾਂ ਦਾ ਵੈਦ ਜੀ ਨਾਲ ਭੀ ਮੁੱਢ ਤੋਂ ਹੀ ਅਤਯੰਤ ਸਨੇਹ ਸੀ—ਬਾਬਾ ਟਹਿਲ ਸਿੰਘ ਜੀ* ਨੇ ਤਾਂ ਬਹੁਤ ਜ਼ੋਰ ਨਾਲ ਆਖਿਆ ਤੇ ਬਰਖੁਰਦਾਰ ਦੇ ਖਿਆਲਾਂ ਦੀ ਰੌ ਨੂੰ ਇਸ ਖੰਡਣ ਮੰਡਣ ਬਹਿਸ ਮੁਬਾਹਸੇ ਵਲੋਂ ਹਟਾ ਕੇ ਕਾਰੋਬਾਰ ਵਲ ਲਗਾਉਣ ਦਾ ਜ਼ੁੱਮਾ ਆਪਣੇ ਸਿਰ ਉਤੇ ਲਿਆ, ਤੇ ਵੈਦ ਜੀ ਨੂੰ ਜੱਦੀ ਪੇਸ਼ੇ ਵੈਦਕ ਵਿਚ ਲਾਉਣ ਦਾ ਖਿਆਲ ਪੱਕਾ ਹੋਇਆ।

ਸਾਡੇ ਦੇਸ ਵਿਚ ਖਾਸ ਕਰਕੇ ਇਹ ਬੜਾ ਹੀ ਭੈੜਾ ਰਿਵਾਜ ਹੈ ਕਿ ਬਾਪ ਬੱਚਿਆਂ ਨੂੰ ਸਦਾ ਹੀ ਮਹਾਂਮੂਰਖ ਤੇ ਜਾਹਲ ਜਾਨਵਰ ਸਮਝਦਾ ਹੈ। ਪੈਰ ਪੈਰ ਉਪਰ ਘੂਰਨਾ, ਤਾੜਨਾ, ਮਾਰਨਾ ਗਾਲਾਂ ਕਢਣੀਆਂ ਆਦਿਕ ਉਹ ਆਪਣਾ ਕੁਦਰਤੀ ਹੱਕ ਸਮਝਦਾ ਹੈ। ਨਿੱਕੇ ਨਿੱਕੇ ਬਚਿਆਂ ਨੂੰ ਹੀ ਨਹੀਂ, ਸਗੋਂ ਜਵਾਨ, ਪੁਤ੍ਰ ਧੀਆਂ ਵਾਲੇ ਬਚਿਆਂ ਨੂੰ ਭੀ ਬਾਪ ਇਸੇ ਕੁਚਾਲ ਨਾਲ ਹੀ ਪੇਸ਼ ਆਉਂਦੇ ਹਨ। ਇਹ ਬੜਾ ਹੀ ਉਲਟਾ ਤਰੀਕਾ ਹੈ। ਇਸ ਨਾਲ ਆਦਤ ਸੌਰਨ ਦੀ ਥਾਂ ਸਗੋਂ ਵਿਗੜ ਜਾਂਦੀ ਹੈ। ਜਦ ਤਕ ਕਿਸੇ ਦੇ ਖਿਆਲਾਂ ਦੀ ਰੌ ਨਾ ਬਦਲੇ ਤਦ ਤਕ ਉਸ ਦੇ ਬਦਲਣ ਦੀ ਕਦੇ ਆਸ ਨਹੀਂ ਹੋ ਸਕਦੀ। ਜ਼ੋਰ ਨਾਲ ਰੋਕਣਾ, ਡਰਾ ਧਮਕਾ ਜਾਂ ਮਾਰ ਕੁੱਟ ਕੇ ਕਿਸੇ ਪਾਸਿਓਂ ਵਰਜਣ ਦਾ ਫਲ ਉਨ੍ਹਾਂ ਖਿਆਲਾਂ ਦੀ ਪਰਪੱਕਤਾ

---

*ਬਾਬਾ ਟਹਿਲ ਸਿੰਘ ਜੀ ਗੁਰਦਾਸਪੁਰ ਦੇ ਸਨ। ੧੮੯੪ ਤੋਂ ਓਵਰਸੀਅਰ ਹੋ ਤਰਨ ਤਾਰਨ ਆਏ। ਸਿੰਘ ਸਭਾਵਾਂ ਦੇ ਆਰੰਭ ਤੋਂ ਹੀ ਆਪ ਪੰਥ ਦੇ ਅਦੁਤੀ ਪ੍ਰਚਾਰਕ ਸਨ। ਪਰਮ ਵਿਦਵਾਨ ਸਨ। ਆਪ ਰਾਹੀਂ ਹਜ਼ਾਰਾਂ ਭਾਈ ਅੰਮ੍ਰਿਤ ਛਕ ਕੇ ਗੁਰ ਸਿਖ ਬਨੇ। ਤਰਨ ਤਾਰਨ ਅਮਾਵਸ ਸੁਧਾਰ ਦੇ ਮੋਢੀਆਂ ਚੋਂ ਸਨ। ੨੪ ਦਸੰਬਰ ੧੯੩੨ ਨੂੰ ਚਲਾਣਾ ਕਰ ਗਏ।



Digitized by Panjab Digital Library | www.panjabdigilib.org

ਤੇ ਅੰਤ ਖੁਦਸਰੀ ਹੋ ਜਾਂਦਾ ਹੈ। ਜਦ ਤਕ ਖਿਆਲ ਨਾ ਬਦਲਣ, ਇਨਸਾਨ ਕਦੇ ਬਦਲ ਹੀ ਨਹੀਂ ਸਕਦਾ, ਤੇ ਖਿਆਲ ਤਦ ਤਕ ਨਹੀਂ ਬਦਲ ਸਕਦੇ ਜਦ ਤਕ ਪੁਰਾਣੇ ਖਿਆਲਾਂ ਦੀ ਥਾਂ ਨਵੇਂ ਖਿਆਲ ( Substitute ) ਨਾ ਦਿਤੇ ਜਾਣ। ਵੈਦਰਾਜ ਜੀ ਤੇ ਬਾਬਾ ਟਹਿਲ ਸਿੰਘ ਜੀ ਆਦਿ ਸਿਆਣੇ ਇਨ੍ਹਾਂ ਗੱਲਾਂ ਨੂੰ ਅਛੀ ਤਰਾਂ ਜਾਣਦੇ ਸਨ। ਉਹ ਜ਼ੋਰ ਨਾਲ, ਧੱਕੇ ਨਾਲ ਡਰਾ ਧਮਕਾ ਕੇ ਭਾਈ ਮੋਹਨ ਸਿੰਘ ਜੀ ਨੂੰ ਹਟਾਉਣਾ ਨਾ ਸਨ ਚਾਹੁੰਦੇ,ਤੇ ਨਾ ਇਸਤਰਾਂ ਨਾਲ ਭਾਈ ਸਾਹਿਬ ਕਦੇ ਹਟ ਹੀ ਸਕਦੇ ਸਨ। ਹੁਣ ਇਨ੍ਹਾਂ ਦੋਹਾਂ ਬਜ਼ੁਰਗਾਂ ਨੇ ਭਾਈ ਮੋਹਨ ਸਿੰਘ ਜੀ ਨਾਲ ਪਿਆਰ ਵਿਚਾਰ ਤੇ ਯੁਕਤੀ ਨਾਲ ਇਸ ਬਾਰੇ ਗੱਲ ਬਾਤ ਕਰਨੀ ਸ਼ੁਰੂ ਕੀਤੀ। ਗੱਲ ਯਥਾਰਥ ਸੀ। ਭਾਈ ਸਾਹਿਬ ਨੂੰ ਮੰਨਣ ਵਿਚ ਕੀ ਉਜ਼ਰ ਹੋ ਸਕਦਾ ਸੀ, ਪਰ ਸੁਰਤੀ ਦਾ ਇਸ ਖੰਡਣ ਮੰਡਣ ਦੇ ਰੱਟ ਵਿਚੋਂ ਨਿਕਲਨਾ ਭੀ ਸਹਿਜ ਨਹੀਂ ਸੀ। ਬਜ਼ੁਰਗ ਬਾਬਾ ਟਹਿਲ ਸਿੰਘ ਜੀ ਨੇ ਸਹਿਜੇ ਸਹਿਜੇ ਪ੍ਰੇਮ ਤੇ ਪ੍ਰੇਰਨਾ ਦੁਆਰਾ ਪੁਰਾਣ, ਸਿਮ੍ਰਤੀਆਂ ਤੇ ਕੁਰਾਨ ਆਦਿ ਜਿਨੀਆਂ ਭੀ ਅੱਨਮਤਾਂ ਦੀਆਂ ਪੁਸਤਕਾਂ ਸਨ,ਹੌਲੀ ਹੌਲੀ ਕਰਕੇ ਭਾਈ ਹੁਰਾਂ ਪਾਸੋਂ ਲੈ ਕੇ ਸਭ ਲੋੜਵੰਦਾਂ ਨੂੰ ਵੰਡ ਦਿਤੀਆਂ ਤੇ ਉਨ੍ਹਾਂ ਦੀ ਜਗ੍ਹਾ ਯਥਾ ਕ੍ਰਮ ਵੈਦਕ ਦੀਆਂ ਲਿਆ ਦਿਤੀਆਂ। ਭਾਈ ਸਾਹਿਬ ਜੀ ਦੇ ਖਿਆਲਾਂ ਦਾ ਰੁਖ ਬਦਲ ਰਿਹਾ ਸੀ। ਹੁਣ ਆਪ ਨੂੰ ਆਯੁਰ ਵੈਦਿਕ ਪੜ੍ਹਾਈ ਨਾਲ ਚੰਗਾ ਪਿਆਰ ਹੋ ਗਿਆ। ਬੁੱਧੀ ਤਾਂ ਤੀਖਣ ਸੀ ਹੀ, ਆਪ ਨੇ ਥੋੜੇ ਚਿਰ ਵਿਚ ਹੀ ਵੈਦਕ ਵਿਚ ਭੀ ਯੋਗਤਾ ਪ੍ਰਾਪਤ ਕਰ ਲਈ।

ਪਹਿਲਾਂ ਤਾਂ ਆਪ ਆਪਣੇ ਪਿਤਾ ਵੈਦਰਾਜ ਜੀ ਪਾਸੋਂ ਹੀ ਵੈਦਕ ਦੇ ਗ੍ਰੰਥ ਪੜ੍ਹਦੇ ਰਹੇ ਤੇ ਨਾਲ ਨਾਲ ਅਭਿਆਸ ਭੀ ਕਰੀ ਗਏ, ਫੇਰ ਵੈਦਰਾਜ ਸੰਤ ਈਸ਼ਰ ਸਿੰਘ ਜੀ ਪਿੰਡ ਮਾਣੋ ਚਾਹਲ ਨਿਵਾਸੀ ਤੋਂ ਉੱਚ ਵਿਦਿਆ ਪ੍ਰਾਪਤ ਕੀਤੀ। ਜਿਵੇਂ ਕਿਸੇ ਨੂੰ ਕਿਸੇ ਕੰਮ ਵਿਚ ਪੈ ਕੇ ਵੱਧ ਤੋਂ ਵੱਧ ਸੁਆਦ ਆਉਂਦਾ ਹੈ,ਤਿਵੇਂ ਹੀ ਭਾਈ ਸਾਹਿਬ ਨੂੰ ਭੀ ਹਿੰਦੀ ਸੰਸਕ੍ਰਿਤ ਆਦਿਕ ਆਯੁਰ ਵੈਦਕ ਪੁਸਤਕਾਂ ਦੇਖਣ ਤੋਂ ਇਸ ਵਿਦਯਾ ਦਾ ਚਸਕਾ ਪੈ ਗਿਆ।



Digitized by Panjab Digital Library | www.panjabdigilib.org

ਆਪ ਇਸ ਵਿਦਿਆ ਦੀ ਖੋਜ ਵਿਚ ਮਗਨ ਹੋ ਗਏ, ਤੇ ਲਗੇ ਵੱਧ ਤੋਂ ਵੱਧ ਤਜਰਬੇ ਤੇ ਅਭਿਆਸ ਕਰਨ। ਆਪਦੀ ਜਗਜਾਸੁਤਾ ਦੀ ਚਾਹ ਪ੍ਰਬਲ ਸੀ, ਅਕਲ ਪ੍ਰਚੰਡ ਸੀ, ਬੁੱਧੀ ਤੀਖਣ ਸੀ, ਜਿੱਥੇ ਭੀ ਨੇੜੇ ਤੇੜੇ ਕੋਈ ਅੱਛਾ ਵੈਦ ਸੁਣਦੇ, ਆਪ ਝੱਟ ਓਥੇ ਹੀ ਪੁੱਜਦੇ।

ਸ੍ਰੀ ਤਰਨ ਤਾਰਨ ਦੇ ਪਾਸ ਹੀ ੪ ਮੀਲ ਤੇ ਇਕ ਪਿੰਡ ਪਿੱਦੀ ਹੈ। ਜਿਵੇਂ ਪਿੱਦੀ ਛੋਟਾ ਜੇਹਾ ਪੰਖੀ ਹੁੰਦਾ ਹੈ, ਤਿਵੇਂ ਹੀ ਇਹ ਨਗਰ ਭੀ ਨਿੱਕਾ ਜੇਹਾ ਹੀ ਹੈ,ਪਰ ਇਸ ਨਿੱਕੇ ਜੇਹੇ ਨਗਰ ਵਿਚ ਇਕ ਵਿਸ਼ਾਲ ਬੁੱਧੀ ਤੇ ਉੱਚ ਵਿਚਾਰ ਵਾਲੇ ਮਹਾਨ ਵੈਦ ਰਾਜ ਰਹਿੰਦੇ ਸਨ। ਇਨ੍ਹਾਂ ਵੈਦਜ ਵਿਦਜਾ ਭੂਸ਼ਣ ਵੈਦ ਰਤਨ ਸ੍ਰੀਮਾਨ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਦੇਸ਼ ਦੇਸ਼ਾਂਤ੍ਰਾਂ ਵਿਚ ਵਿਚਰਕੇ ਬੜੇ ੨ ਵਿਦਵਾਨਾਂ,ਆਯੁਰਵੈਦ ਵਿਦਿਆ ਦੇ ਪੰਡਤਾਂ, ਤੇ ਚਕਿਤਸਾ ਆਚਾਰਯਾਂ ਤੋਂ ਵਿਦਿਆ ਪ੍ਰਾਪਤ ਕੀਤੀ ਸੀ ਇਨ੍ਹਾਂ ਦਾ ਨਾਮ ਸੀ ਪੰਡਤ ਜੈ ਦਿਆਲ ਜੀ। ਨੌਜਵਾਨ ਭਾਈ ਮੋਹਨ ਸਿੰਘ ਜੀ ਝੱਟ ਉਨ੍ਹਾਂ ਪਾਸ ਪੁਜੇ। ਬੜੇ ਆਦਰ ਸਨਮਾਨ ਤੇ ਨਿਮ੍ਰਤਾ ਨਾਲ ਸ਼ਾਗਿਰਦ ਬਣਨ ਲਈ ਬੇਨਤੀ ਕੀਤੀ। ਗੁਣੀਆਂ ਨੂੰ ਗੁਣੀਆਂ ਦੀ ਕਦਰ ਹੁੰਦੀ ਹੈ। ਪੰਡਤ ਜੀ ਇਸ ਨੌਜਵਾਨ ਨੂੰ ਦੇਖਕੇ, ਚਮਤਕ੍ਰਿਤ ਬੁੱਧੀ ਨੂੰ ਅਨਭਵ ਕਰਕੇ ਤੇ ਉੱਚੀ ਤੋਂ ਉੱਚੀ ਵਿਦਿਆ ਦੀ ਚਾਹਨਾ ਨੂੰ ਸੁਣਕੇ ਡਾਢੇ ਪ੍ਰਸੰਨ ਹੋਏ ਤੇ ਪ੍ਰੇਮ ਪੂਰਵਕ ਵੈਦਜਕ ਦੀਆਂ ਸੰਸਕ੍ਰਿਤ ਪੁਸਤਕਾਂ ਪੜ੍ਹਾਉਣ ਲੱਗੇ। ਹੁਣ ਸਾਡੇ ਉਤਸ਼ਾਹੀ ਜਗਜਾਸੂ ਵੈਦ ਜੀ ਰੋਜ਼ ਪਿਤਾ ਜੀ ਦੀ ਸੇਵਾ ਵਿਚ ਦੁਕਾਨ ਦਾ ਕੰਮ ਕਰਦੇ; ਦੁਕਾਨ ਦੇ ਕੰਮ ਤੋਂ ਵਿਹਲੇ ਹੋਕੇ ਪੈਦਲ ਜਾਕੇ ਪੰਡਤ ਜੀ ਪਾਸੋਂ ਉਸ ਪਿੱਦੀ ਪਿੰਡ ਵਿਚ ਪੜ੍ਹਦੇ। ਆਪਦਾ ਪੜ੍ਹਾਈ ਕਰਨ ਜਾਣ ਦਾ ਸਮਾ ਗਰਮੀਆਂਨੂੰ ਦੁਪੈਹਰੇ ੧੨ ਵਜੇ ਤੋਂ ੨ ਬਜੇ ਤਕ ਤੇ ਸਰਦੀਆਂ ਨੂੰ ਸਵੇਰੇ ੪ ਤੋਂ ੬ ਬਜੇ ਤਕ ਹੁੰਦਾ ਸੀ। ਇਸ ਤਰਾਂ ਦੁਕਾਨ ਦਾ ਕੰਮ ਕਰਕੇ, ਪਿਤਾ ਜੀ ਦੀ ਸੇਵਾ ਤੋਂ ਵਿਹਲੇ ਹੋਕੇ, ਗਰਮੀਆਂ, ਸਰਦੀਆਂ, ਮੀਂਹ ਅਨ੍ਹੇਰੀ ਵਿਚ ਅੱਠ ਮੀਲ ਔਣ ਜਾਣ ਅਟੁੱਟ ਰੋਜ ਦਾ ਪੈਦਲ ਸਫਰ ਕਰਕੇ ਆਪ ਨੇ ਬੜੇ ਪ੍ਰੇਮ ਸਨਮਾਨ ਉਤਸ਼ਾਹ ਤੇ ਸੇਵਾ ਕਰਕੇ ਲਗਾਤਾਰ ੪ ਬਰਸ



Digitized by Panjab Digital Library | www.panjabdigilib.org

ਪੰਡਤ ਜੀ ਹੁਰਾਂ ਪਾਸੋਂ ਉੱਚ ਵਿਦਿਆ ਪ੍ਰਾਪਤ ਕੀਤੀ, ਤੇ ਅਟੁੱਟ ਨੇਮ ਨਿਭਾਇਆ*। ਹੁਣ ਭਾਵੇਂ ਆਪ ਪੰਡਤ ਜੀ ਹੁਰਾਂ ਪਾਸ ਪਿੰਡ ਜਾਣੋਂ ਤਾਂ ਹਟ ਗਏ ਤੇ ਆਪਣੇ ਕਾਰੋਬਾਰ ਵਿੱਚ ਇਕ ਮਨ ਇਕ ਜਾਨ ਹੋਕੇ ਖੁੱਭ ਗਏ,

---

*ਪੰਡਤ ਜੀ ਨੂੰ ਅਨੇਕ ਪੰਡਤ ਇਕ ਸਿੱਖ ਨੂੰ ਵੈਦਕ ਪੜ੍ਹਾਉਣੋ ਹੋੜਦੇ ਸਨ ਪਰ ਪੰਡਤ ਜੀ ਆਖਦੇ ਸਨ ਕਿ 'ਏਹੀ ਤਾਂ ਇਕ ਮੇਰੇ ਮਨ ਪਸੰਦ ਸ਼ਾਗਿਰਦ ਹੈ।' ਏਥੇ ਇਹ ਗਲ ਦਸ ਦੇਣੀ ਭੀ ਜ਼ਰੂਰੀ ਭਾਸਦੀ ਹੈ ਕਿ ਪੰਡਤ ਜੀ ਦਾ ਭਾਈ ਸਾਹਿਬ ਜੀ ਨਾਲ ਰੂਹ ਬੁਤ ਵਰਗਾ ਪ੍ਰੇਮ ਸੀ। ਪਿੰਡ ਜਾਣੋਂ ਹਟਣ ਪਿਛੋਂ ਪੰਡਤ ਜੀ ਤਰਨ ਤਾਰਨ ਆਕੇ ਪੜ੍ਹਾਉਂਦੇ ਰਹੇ। ਏਧਰੋਂ ਭਾਈ ਸਾਹਿਬ ਜੀ ਭੀ ਪੰਡਤ ਜੀ ਨੂੰ ਅਜੇਹਾ ਉਸਤਾਦ ਸਮਝਦੇ ਸਨ ਜੇਹਾ ਕਦੇ ਕਿਸੇ ਸ਼ਿਸ਼ ਨੇ ਨਾ ਸਮਝਿਆ ਹੋਵੇਗਾ। ਸਾਰੀ ਉਮਰ ਆਪਦਾ ਕਹਿਣਾ ਨਹੀਂ ਮੋੜਿਆ ਤੇ ਆਦਰ ਸਨਮਾਨ ਕਰਦੇ ਰਹੇ। ਮਾਰਕੇ ਦੀ ਗਲ ਇਹ ਹੈ ਕਿ ੩ ਅਕਤੂਬਰ ੧੯੩੬ ਨੂੰ ਭਾਈ ਸਾਹਿਬ ਜੀ ਦੇ ਗੁਰਪੁਰ ਪਧਾਰਨ ਦੀ ਖਬਰ ਜਦ ਇਕ ਆਦਮੀ ਨੇ ਬਿਰਧ ਪੰਡਤ ਜੀ ਨੂੰ ਉਨ੍ਹਾਂ ਦੇ ਪਿੰਡ ਪਿੱਦੀ ਜਾਕੇ ਦੱਸੀ ਤਾਂ ਸੁਣਦਿਆਂ ਹੀ ਆਪਨੇ ਸਿਰ ਚੁੱਕ ਕੇ ਦੱਸਣ ਵਾਲੇ ਵਲ ਤੱਕਿਆ ਤੇ ਪੁਛਿਆ, 'ਕੀ ਕਿਹਾ ਈ?' ਉਤ੍ਰ "ਮਹਾਰਾਜ ਜੀ! ਭਾਈ ਮੋਹਨ ਸਿੰਘਜੀ ਚਲਾਣਾ ਕਰ ਗਏ" ਇਹ ਸੁਣਦਿਆਂ ਹੀ ਆਪ ਨੇ ਠੰਡਾ ਸਾਹ ਭਰਿਆ। ਅਦੁਤੀ ਸ਼ਾਗਿਰਦ ਦੇ ਪ੍ਰੇਮ ਵਿਚ ਬ੍ਰਿਧ ਵਿਦਵਾਨ ਦੇ ਨੇਤ੍ਰ ਸਜਲ ਹੋ ਗਏ, ਭਰ ਗਏ ਤੇ ਮਲੋ ਜੋਰੀ ਕਈ ਮੋਤੀਆਂ ਜੇਹੇ ਟੇਪੇ ਝਿੰਮਣੀਆਂ ਥੀਂ ਪਲ੍ਹਮਦੇ ਹੋਏ ਡਿਗ ਪਏ। ਹੁਣ ਗੱਲ੍ਹਾਂ ਉਪਰ ਦੀ ਦੋ ਜਲਧਾਰਾਂ ਵਗਣੀਆਂ ਸ਼ੁਰੂ ਹੋ ਗਈਆਂ। ਪੰਡਤ ਜੀ ਮੋਨ ਬ੍ਰਤ ਹੋ ਗਏ। ਅੰਦਰੋਂ ਪ੍ਰੇਮ ਗੱਚ ਉਠਿਆ, ਨਿਕਲ ਗਿਆ, ਸਰੀਰ ਹਲਕਾ ਹੋ ਗਿਆ। ਪ੍ਰੇਮੀ ਕੋਲ ਖੜਾ ਵੇਖਦਾ ਹੈ। ਦੁਖ, ਵਿਛੋੜੇ ਤੇ ਯਾਦ ਪ੍ਰੇਮ ਦੀ ਮਸਤੀ ਵਿਚ ਪੰਡਤ ਜੀ ਦਾ ਸਰੀਰ ਝੂਲਿਆ, ਸਿਰ ਨੇ ਹੁਲਾਰਾ ਖਾਧਾ, ਹੇਠਲਾ ਬੁਲ੍ਹ ਦੰਦਾਂ ਵਿਚ ਲਿਆ ਜਿਵੇਂ ਕਸੀਸ ਵੱਟੀ ਦੀ ਹੈ, ਫੇਰ ਠੰਡਾ ਹਾਹੁਕਾ ਭਰਿਆ, ਪ੍ਰੇਮੀ ਵਲ ਤਕਿਆ ਤੇ ਅਖਾਂ ਮੀਚਦੇ, ਖੋਲ ਦੇ, ਝੂਮਦੇ, ਠਹਰਦੇ ਹੋਏ ਬੋਲੇ। "ਚਲਾ ਗਿਆ? ਚਲੋ! ਅਸੀਂ ਹੁਣ ਏਥੇ ਕੀ ਕਰਨਾ ਹੈ? ਅਸੀਂ ਭੀ ਚਲਦੇ ਹਾਂ' ਇਉਂ ਕਹਿੰਦਿਆਂ ਹੀ ਅੱਖਾਂ ਮੀਚ ਮੋਨ ਬ੍ਰਤ ਧਾਰ ਮਾਨੋ ਸਮਾਧੀ ਸਥਿਤ ਹੋ ਗਏ। ਤੇ ਕੁਝ ਚਿਰ ਪਿਛੋਂ ਆਪਣੇ ਸੁਚੱਜੇ ਸ਼ਾਗਿਰਦ ਪਾਸ ਚਲੇ ਗਏ, ਧੰਨ ਹਨ ਐਸੇ ਉਸਤਾਦ ਤੇ ਧੰਨ ਹਨ ਅਜੇਹੇ ਸ਼ਾਗਿਰਦ।



Digitized by Panjab Digital Library | www.panjabdigilib.org

ਪਰ ਜਿਵੇਂ ਪਿਤਾ ਨੂੰ ਪੁੱਤਰ ਨਾਲ ਤਿਵੇਂ ਹੀ ਯੋਗ ਉਸਤਾਦ ਨੂੰ ਅਪਣੇ ਲਾਇਕ ਸ਼ਾਗਿਰਦ ਨਾਲ ਪਿਆਰ ਹੁੰਦਾ ਹੈ। ਭਾਈ ਜੀ ਨੂੰ ਆਉਣੋਂ ਹਟਿਆ ਦੇਖਕੇ ਹੁਣ ਪੰਡਤ ਜੀ ਹਫਤੇ ਵਿਚ ਇਕ ਵਾਰ ਆਪ ਤਰਨ ਤਾਰਨ ਆਉਣ ਲਗ ਪਏ ਤੇ ਇਸ ਇੱਕ ਦਿਨ ਵਿਚ ਹੀ ਹਫਤੇ ਭਰ ਦੀ ਸੰਥਾ ਦੇ ਜਾਂਦੇ। ਏਧਰ ਸਾਡੇ ਹੋਨਹਾਰ ਵੈਦ ਜੀ ਭੀ ਕੋਈ ਪਿੱਛੇ ਨਾ ਸਨ। ਆਪ ਦੇ ਦਿਲ ਵਿਚ ਪ੍ਰੇਮ ਉਤਸ਼ਾਹ ਤੇ ਪਰਉਪਕਾਰ ਦੀ ਲਹਿਰ ਤਾਂ ਠਾਠਾਂ ਮਾਰਦੀ ਹੈ ਹੀ ਸੀ, ਆਪ ਨੇ ਨਾਲੋ ਨਾਲ ਕਈ ਵਿਦਿਆਰਥੀਆਂ ਨੂੰ ਮਾਧਵ ਨਿਧਾਨ,ਸਾਰੰਗ ਧਰ, ਨੂਤਨ ਅੰਮ੍ਰਿਤ ਸਾਗਰ, ਬਾਗ ਭੱਟ ਸੰਹਿਤਾ, ਭਾਵ ਪ੍ਰਕਾਸ਼, ਨਿਧਾਨ ਰੀਗਯਤੀ, ਵੈਦਕ ਕਲਪਤਰੂ, ਮੇਘ ਬਿਨੋਦ ਤੇ ਬੰਗ ਸੈਨ ਆਦਿ ਪ੍ਰਸਿਧ ਵੈਦਕ ਦੇ ਗ੍ਰੰਥ ਅੱਡ ਅੱਡ ਕਰਕੇ ਪੜ੍ਹਾਉਣੇ ਭੀ ਆਰੰਭ ਕਰ ਦਿਤੇ, ਜਿਸ ਤੋਂ ਆਪ ਦੀ ਸਿਖਿਆ ਪੱਕਦੀ ਤੇ ਅਭਿਆਸ ਸ਼ਕਤੀ ਪ੍ਰਪੱਕ ਹੁੰਦੀ ਗਈ। ਆਪ ਦੱਸਦੇ ਸਨ ਕਿ ਚਾਰ ਸਾਲ ਦੀ ਪਿੰਡ ਜਾਣ ਦੀ ਪੜ੍ਹਾਈ ਕਰਨ ਸਮੇਂ ਆਪ ਇਕ ਸਲੋਕ ਜਾਂਦਿਆਂ ਤੇ ਇਕ ਆਉਂਦਿਆਂ ਜਰੂਰ ਕੰਠ ਕਰਦੇ ਸਨ। ਵੱਧ ਭਾਵੇਂ ਹੋ ਜਾਵੇ ਪਰ ਇਸ ਤੋਂ ਘੱਟ ਕਦੇ ਨਾ ਸੀ ਕੀਤਾ। ਏਸ ਵੈਦਕ ਪੜ੍ਹਾਈ ਦੇ ਨਾਲ ਨਾਲ ਹੀ ਆਪ ਨੇ ਛੰਦ ਸ਼ਾਸਤ੍ਰ, ਜੋਤਿਸ਼, ਕਰਮ ਵਿਪਾਕ, ਸੁਰੋਦਯ, ਤੰਤ੍ਰ ਸ਼ਾਸਤ੍ਰ ਅਤੇ ਮਾਨਸਕ ਯੋਗ ਆਦਿ ਦੀ ਪੜ੍ਹਾਈ ਕਰਕੇ ਭੀ ਸੁਹਣਾ ਗਿਆਨ ਪ੍ਰਾਪਤ ਕਰ ਲਿਆ। ਜਿਸ ਤੋਂ ਕਿ ਅਜ ਕਲ ਦੇ ਅਨੇਕ ਪੰਡਤ ਭੀ ਕੋਰੇ ਹਨ।

ਜਦੋਂ ਆਪ ਇਸ ਪਾਸੇ ਰੁੱਝ ਗਏ ਤਾਂ ਭਾਵੇਂ ਧਰਮ-ਪ੍ਰਚਾਰ, ਮਨਮਤ-ਪ੍ਰਹਾਰ-ਵਿਚਾਰ ਤੇ ਧਰਮ ਬਾਰੇ ਪੁਸਤਕ ਲਿਖਣ ਦੀ ਕਾਰ ਮੱਧਮ ਤਾਂ ਪੈ ਗਈ, ਪਰ ਵਿਸਰ ਨਹੀਂ ਗਈ। ਐਨੇ ਰੁਝੇਵਿਆਂ ਵਿਚ ਭੀ ਆਪ ਜਰੂਰ ਇਸ ਲੋੜੀਂਦੇ ਕੰਮ ਲਈ ਕੁਝ ਨ ਕੁਝ ਸਮਾ ਕੱਢ ਹੀ ਲੈਂਦੇ ਤੇ ਜ਼ਰੂਰ ਕੱਢ ਲੈਂਦੇ, ਜੋ ਭਾਈ ਸਾਹਿਬ ਜੀ ਦੀ ਆਪਣੀ ਡਾਇਰੀ ਲਿਖਤ ਤੋਂ ਸਾਫ ਸਾਫ ਪਤਾ ਲਗਦਾ ਹੈ।



Digitized by Panjab Digital Library | www.panjabdigilib.org

# ਡਾਇਰੀ

ਮਹਾਂ ਪੁਰਸ਼ਾਂ ਵਾਂਗ ਸੁਰਤਿ ਸੰਭਲਨ ਤੋਂ ਹੀ ਆਪ ਨੂੰ ਡਾਇਰੀ ਰੱਖਣ ਦਾ ਸ਼ੌਕ ਸੀ। ਡਾਇਰੀ ਵਿਚ ਆਪਣੇ ਸੰਖੇਪ ਖਿਆਲ, ਕਾਰੋਬਾਰ, ਦੁਖ ਸੁਖ ਤੇ ਹੋਰ ਜ਼ਰੂਰੀ ਖਿਆਲ ਯਥਾ ਮਤ ਦਰਜ ਕਰਦੇ ਰਹਿੰਦੇ ਸਨ। ਸਾਨੂੰ ਇਹ ਗਲ ਬੜੇ ਹੀ ਦੁੱਖ ਨਾਲ ਪ੍ਰਗਟ ਕਰਨੀ ਪੈਂਦੀ ਹੈ ਕਿ ਸਮੇਂ ਦੇ ਕੁਫੇਰ ਨਾਲ ਭਾਈ ਸਾਹਿਬ ਜੀ ਦੇ ਬਹੁਤ ਸਾਰੇ ਜ਼ਰੂਰੀ ਕਾਗਜ਼ ਗੁੰਮ ਹੋ ਗਏ, ਨਹੀਂ ਤਾਂ ਛੋਟੀ ਉਮਰ ਤੋਂ ਹੀ ਆਪਦਾ ਆਪਣੀ ਹਥੀਂ ਲਿਖਿਆ ਹੋਇਆ ਜੀਵਣ ਪ੍ਰਾਪਤ ਹੋ ਸਕਦਾ ਸੀ। ਹਰ ਇਕ ਜਰੂਰੀ ਚਿੱਠੀ ਆਈ ਦੀ ਸੰਭਾਲ, ਤੇ ਹਰਇਕ ਜ਼ਰੂਰੀ ਚਿੱਠੀ ਆਪਣੀ ਵਲੋਂ ਲਿਖੀ ਦੀ ਨਕਲ ਰੱਖਣੀ ਆਪਦਾ ਸਾਧਾਰਨ ਸੁਭਾਵ ਸੀ। ਇਸੇ ਹੀ ਤਰਾਂ ਰੋਜ਼ਾਨਾ ਡਾਇਰੀ ਲਿਖਣੀ ਆਪ ਬੜਾ ਜ਼ਰੂਰੀ ਸਮਝਦੇ ਸਨ। ਇਨ੍ਹਾਂ ਮਹਾਨ ਜਰੂਰੀ ਕਾਗਜ਼ਾਂ ਦਾ ਇਕ ਭਰਿਆ ਹੋਇਆ ਟਰੰਕ ਜੋ ਲਗ ਭਗ ਮਨ ਪੱਕੇ ਦਾ ਹੋਵੇਗਾ ਸਿਉਂਕ ਨੇ ਖਾਕੇ ਬਿਲਕੁਲ ਮਿੱਟੀ ਕਰ ਦਿੱਤਾ, ਜਿਸ ਵਿੱਚੋਂ ਹਜ਼ਾਰ ਕੋਸ਼ਸ਼ ਨਾਲ ਦਸ ਅਖਰ ਪੜਨੇ ਭੀ ਮੁਸ਼ਕਲ ਸਨ, ਤਾਂ ਭੀ ਕੁਝ ਡਾਇਰੀਆਂ ਗੁੱਮ ਹੋਣ ਤੋਂ ਇਲਾਵਾ ੧੮੯੯ ਈਸਵੀਂ ਤੋਂ ਸਾਨੂੰ ਆਪ ਦੀਆਂ ਅੰਤ ਪ੍ਰਯੰਤ ਮੁਕੰਮਲ ਡਾਇਰੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਜੀਵਣ ਦੇ ਸਭ ਹਾਲ ਸੁਖਾਲੇ ਹੀ ਪ੍ਰਗਟ ਹੋ ਸਕਦੇ ਹਨ। ਅਸੀਂ ਏਥੇ ਪਾਠਕਾਂ ਦੀ ਸੇਵਾ ਵਿਚ ਆਪ ਦੀ ਲਿਖਤ ੧੮੯੯ ਦੇ ਰੋਜ਼ਨਾਮਚੇ ਵਿਚੋਂ ਕੁਛ ਪੇਸ਼ ਕਰਦੇ ਹਾਂ ਜਿਸਤੋਂ ਪਤਾ ਲੱਗੇਗਾ ਕਿ ਕਿਸਤਰਾਂ ਐਨਾ ਰੁਝੇਵਾਂ ਹੁੰਦੇ ਹੋਇਆਂ ਭੀ ਆਪ ਧਾਰਮਕ ਕੰਮਾਂ ਨੂੰ ਭੁੱਲ ਨਹੀਂ ਸਨ ਗਏ। ਵਿੱਦਿਆ ਵਲ,ਸੰਸਾਰ ਸਮਾਚਾਰ ਵਲ, ਵਿੱਦਿਆ ਪੜ੍ਹਨ ਵੱਲ, ਪੜ੍ਹਾਉਣ ਵਲ, ਸਿਆਣੇ ਗੁਰਮੁਖਾਂ ਦੇ ਸਤਸੰਗ ਵਲ, ਮੁਖਾਲਫਾਂ ਦੇ ਉੱਤਰ ਲਿਖਣ ਵਲ ਤੇ ਸਿਖ ਪੰਥ ਤੇ ਇਸਦੇ ਆਸ਼ਰਮਾਂ ਵਲ ਆਪ ਦਾ ਪੂਰਾ ਪੂਰਾ ਧਿਆਨ ਸੀ



Digitized by Panjab Digital Library | www.panjabdigilib.org

## ਸੰਨ ੧੮੯੯ ਦੀ ਡਾਇਰੀ

ਪਹਿਲੇ ਪੱਤਰੇ ਫਟ ਚੁਕੇ ਹਨ ਤੇ ੧੫ ਮਈ ਤੋਂ ਸ਼ੁਰੂ ਹੁੰਦੀ ਹੈ ਜਿਸ ਵਿਚੋਂ ਕੁਛ ਕੁਛ ਲਿਖਤ ਪਾਠਕਾਂ ਦੀ ਭੇਟ ਕਰਦੇ ਹਾਂ:–

ਸੰਮਤ ੧੯੫੬ ਜੇਠ ੩ ਸੋਮਵਾਰ ੧੫ ਮਈ ਸੰਨ ੧੮੯੯ ।

ਨੰ: (੧੫) "ਲਾਹੌਰ ਪਤ੍ਰ ਲਿਖਿਆ ਖਾਲਸਾ ਅਖਬਾਰ ਵਲ,"

(੧੮) "ਅੰਮ੍ਰਿਤਸਰੋਂ ਕਾਗਤ ਪ੍ਰੈਸ ਵਾਲਾ, ਕਾਪੀ ਵਾਲਾ ਇਸ਼ਤਿਹਾਰ ਖਾਲਸਾ ਹਾਈ ਸਕੂਲ ਦੇ ਛਪਵੌਣ ਲਈ ਭਾਈ ਸੇਵਾ ਸਿੰਘ ਜੀ ਨੇ ਭੇਜਿਆ ।"

"ਸੰਮਤ ੧੯੫੬ ਜੇਠ ੪ ਮੰਗਲਵਾਰ ੧੬ ਮਈ ਸੰਨ ੧੮੯੯"

(੨੦) ਅੱਜ ਤੋਂ ਗਿਆਨੀ ਨਰੈਣ ਸਿੰਘ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੌਣ ਵਾਸਤੇ ਹੱਟੀ ਔਣਾ ਸ਼ੁਰੂ ਹੋਯਾ ।"

ਸੰਮਤ ੧੯੫੬ ਮਿਤੀ ਜੇਠ ਦਿਨ ੫ ਬੁਧਵਾਰ ੧੭ ਮਈ ਸੰਨ ੧੮੯੯

(੨੫) ਖਜ਼ਾਨਚੀ ਕੇਸਰ ਸਿੰਘ ੩੦ ਅਖਰਾਂ ਤਾਕਰ ਮੰਮੇ ਤਕ ਪੈਂਤੀ ਯਾਦ ਕਰ ਗਿਆ, ਦੁਕਾਨ ਤੇ ਆਣਕੇ ।

(੨੬) ਮੋ: ਸਿੰ: ਪ੍ਰ: ਚ: ਰ: ਵਿੱਚੋਂ ਭਰਣੀ ਨਖੱਤ੍ਰ ਤੇ ਕ੍ਰਿਤਕਾ ਨਖੱਤ੍ਰ ਦੀ ਚਰਣ ਗਤ ਕਸ਼੍ਰਾਵਲੀ, ਦਿਨ ਸੰਖਯਾ, ਜਪ ਸੰਖਯਾ, ਪ੍ਰਦਾਨ ਮੰਤ੍ਰ, ਬਲਿਦਾਨ ਲਿਖਿਆ ।

(੨੭) ਬਿਸ਼ੰਭਰ ਪਾਂਧਾ ਰਾਤ ਨੂੰ ਸੁਣੌਣ ਨਹੀਂ ਆਯਾ ।"

ਆਪਦੀ ਬੁੱਧੀ ਐਨੀ ਚਮਤਕ੍ਰਿਤ ਤੇ ਤੀਖਣ ਸੀ ਕਿ ਆਪ ਇੱਕੇ ਸਮੇਂ ਤਿੰਨ ਤਿੰਨ ਚਾਰ ਚਾਰ ਕੰਮ ਕਰੀ ਜਾਂਦੇ ਸਨ। ਤਿੰਨਾਂ ਤਿੰਨਾਂ ਚੌਂਹ ਚੌਂਹ ਪਾਸਿਆਂ ਦੀਆਂ ਗੱਲਾਂ ਸੁਣ ੨ ਜਵਾਬ ਦੇਂਦੇ। ਇਕ ਪਾਸੇ ਕੋਈ ਗ੍ਰੰਥ ਸੁਣੀ ਜਾਣਾ, ਦੂਜੇ ਪਾਸੇ ਕਿਸੇ ਨੂੰ ਕੁਛ ਪੜ੍ਹਾਈ ਜਾਣਾ, ਤੀਜੇ ਪਾਸੇ ਕੋਈ ਲੇਖ ਆਦਿ ਲਿਖੀ ਜਾਣਾ, ਤਿੰਨ ਤਿੰਨ ਕੰਮ ਇੱਕੇ ਵੇਲੇ ਕਰਨੇ ਆਪਦਾ ਸਾਧਾਰਨ ਅਭਿਆਸ ਸੀ।ਦਿਨ ਸਮੇਂ ਇਕ ਆਦਮੀ ਆਪ ਜੀ ਨੂੰ ਕੋਈ ਨ ਕੋਈ ਗ੍ਰੰਥ ਜਾਂ ਅਖਬਾਰ ਸੁਣਾਉਂਦਾ ਹੀ ਰਹਿੰਦਾ ਸੀ, ਤੇ ਨਾਲ ਨਾਲ ਆਪ ਆਪਣਾ ਹੋਰ ਲਿਖਣ ਦਾ ਕੰਮ ਭੀ ਕਰੀ ਜਾਂਦੇ ਸਨ। ਇਸੇ ਤਰਾਂ ਹੀ ਆਪ ਸਵੇਰ ਤੋਂ ਲੈਕੇ ਸੌਣ ਪ੍ਰਯੰਤ ਵਿਹਲੇ ਨਾ ਸਨ ਹੁੰਦੇ, ਕੁਛ ਨ ਕੁਛ ਸੁਣਦੇ



Digitized by Panjab Digital Library | www.panjabdigilib.org

ਪੜ੍ਹਦੇ ਤੇ ਕਰਦੇ ਹੀ ਰਹਿੰਦੇ ਸਨ। ਇਹ ਬਿਸ਼ੰਭਰ ਪਾਂਧਾ ਆਪ ਜੀ ਨੂੰ ਵੈਦਕ ਦੇ ਗ੍ਰੰਥ ਸੁਣਾਉਂਦਾ ਹੁੰਦਾ ਸੀ, ਜਿਨ੍ਹਾਂ ਦਾ ਜਿਕਰ ਅੱਗੇ ਭੀ ਆਉਂਦਾ ਹੈ। ਅਗੇ ਆਪ ਲਿਖਦੇ ਹਨ।

"ਸੰਮਤ ੧੯੫੬ ਮਿਤੀ ਜੇਠ ੬ ਵੀਰ ਵਾਰ ੧੮ ਮਈ ੧੮੯੯।

(੨੯) ਮੋ: ਪ੍ਰ: ਚ: ਰ: ਵਿੱਚ ਰੋਹਣੀ ਮ੍ਰਿਗ ਸ਼ਿਰਾ-ਨਖੱਤ੍ਰ ਦੀ ਕਸ਼੍ਰਾਵਲੀ ਲਿਖੀ।

(੩੧) ਭਾਈ ਹਰਨਾਮ ਸਿੰਘ ਗ੍ਰੰਥੀ ਪਾਸੋਂ ਕਾਪੀ ਕਰਵਾਈ ਇਸ਼ਤਿਹਾਰ ਛਪਵੌਣ ਵਾਸਤੇ।

(੩੨) ਕਾਪੀ ਭਾਈ ਸੇਵਾ ਸਿੰਘ ਜੀ ਨੂੰ ਭੇਜੀ ਟਿਕਟ ਲਗਾਕੇ। ਨਾਲ ਇਕ ਚਿੱਠੀ ਲਿਖੀ।

ਸੰਮਤ ੧੯੫੬ ਜੇਠ ੭ ਸ਼ੁਕਰਵਾਰ ੧੯ ਮਈ ਸੰਨ ੧੮੯੯।

(੩੬) ਮੋ: ਪ੍ਰ:* ਚ: ਰ: ਵਿੱਚ ਆਰਦ੍ਰਾ ਪੁਨਰ ਬਸੂ ਨਖੱਤ੍ਰ ਦੀ ਕਸ੍ਰਾਵਲੀ ਲਿਖੀ।

---

ਮੋ: ਸਿੰ: ਪ: ਚ: ਰ:

*ਉਪ੍ਰੋਕਤ ਸੰਕੇਤਕ ਨਾਮ ਦੀ ਇਕ ਪ੍ਰਸਿੱਧ ਜੋਤਸ਼ ਵੈਦਕ ਤੇ ਧਾਰਮਕ ਆਦਿਕ ਅਨੇਕ ਵਿਸ਼ਿਆਂ ਉੱਤੇ ਅਤੀ ਲਾਭਦਾਇਕ ਪੁਸਤਕ ਲਿਖੀ ਜਾਪਦੀ ਹੈ ਜਿਸਦਾ ਜ਼ਿਕਰ ਆਪ ਦੇ ਰੋਜ਼ਨਾਮਚਿਆਂ ਵਿਚ ਥਾਂ ਥਾਂ ਕਰਮ ਅਨੁਸਾਰ ਆ ਰਿਹਾ ਤੇ ਸਪਸ਼ਟ ਕੀਤਾ ਹੋਇਆ ਹੈ, ਕਿ 'ਅੱਜ ਇਸ ਵਿਚ ਫਲਾਣੀ ਚੀਜ਼ ਲਿਖੀ। ਅਜ ਫਲਾਣਾ ਅਧਜਾਯ ਖਤਮ ਹੋਇਆ ਆਦਿਕ।' ਸਾਨੂੰ ਆਪ ਜੀ ਦਾ ਇਹ ਅਮੋਲਕ ਖਰੜਾ ਨਹੀਂ ਮਿਲਿਆ। ਅਸਲ ਗਲ ਇਹ ਹੈਕਿਭਾਈ ਸਾਹਿਬਜੀ ਦੀਆਂ ਹਜ਼ਾਰਹਾ ਪੁਸਤਕਾਂ ਤੇ ਹਸਤ ਲਿਖਤ ਖਰੜਿਆਂ ਨੂੰ ਸੁਲਝਾਉਣਾ ਤੇ ਉਨ੍ਹਾਂ ਵਿਚੋਂ ਢੂੰਢ ਕਰਨੀ ਤੇ ਖੋਜਣਾ ਕਾਫੀ ਸਮੇਂ ਦਾ ਕੰਮ ਹੈ। ਇਹੀ ਕਾਰਣ ਹੈ ਕਿ ਅਸੀਂ ਢੂੰਢ ਨਹੀਂ ਸਕੇ।

ਆਪਦੇ ਸਪੁਤ੍ਰ ਆਪ ਦੀਆਂ ਤਮਾਮ ਪੁਸਤਕਾਂ ਨੂੰ ਇਕ ਪ੍ਰਾਈਵੇਟ ਪਬਲਿਕ ਲਾਇਬ੍ਰੇਰੀ ਬਣਾਕੇ ਜੰਤਾ ਦੇ ਲਾਭ ਲਈ ਤਰਤੀਬ ਵਾਰ ਰਖਣ ਦਾ ਵਿਚਾਰ ਕਰ ਰਹੇ ਹਨ. ਜਿਸ ਲਈ ਕਈ ਹਜ਼ਾਰ ਰੁਪਿਆ ਖਰਚ ਕੇ ਇਕ ਨਵੀਂ ਬਿਲਡਿੰਗ ਬਣਾਈ ਜਾ ਰਹੀ ਹੈ।



Digitized by Panjab Digital Library | www.panjabdigilib.org

ਸੰਮਤ ੧੯੫੬ ਜੇਠ ੯ ਐਤਵਾਰ ੨੧ ਮਈ ਸੰਨ ੧੮੯੯

(੪੫) ਆਤਮਾ ਰਾਮ ਪੁੱਤ੍ਰ ਰਾਮ ਧਨ ਬ੍ਰਾਹਮਨ ਦਾ। ਰਸੂਲ ਪੁਰੋਂ ਪੜ੍ਹਨ ਦੇ ਵਾਸਤੇ ਆਇਆ 'ਵੈਦ੍ਯ ਕਲਪ ਤਰੂ' ਪੜ੍ਹਨਾ ਸ਼ੁਰੂ ਕਰ ਗਿਆ। ੧੦ ਘੜੀਆਂ ਦਿਨ ਚੜ੍ਹੇ ਆਇਆ।

(੪੬) ਮੋ: ਸਿੰ: ਪ੍ਰ: ਚ: ਪੂਰਵਾ ਫਾਲਗੁਣ ਨਖੱਤ੍ਰ ਦੀ ਕਸ਼ਾਵਲੀ ਲਿਖੀ ਤੇ ਦੂਸਰੀ ਕਾਪੀ ਦੀਆਂ ਲੀਕਾਂ ਵਾਹੀਆਂ।"

ਅਸੀਂ ਉਪਰ ਭਾਈ ਸਾਹਿਬ ਦੀ ਡਾਇਰੀ ਵਿਚੋਂ ਇਕ ਹਫਤੇ ਦਾ ਹਾਲ (੧੫ ਤੋਂ ੨੧ ਮਈ) ਬਹੁਤ ਥੋੜ੍ਹਾ ਵਿੱਚੋਂ ਵਿੱਚੋਂ ਦਿੱਤਾ ਹੈ। ਦੇਗਚੇ ਵਿਚੋਂ ਦਾਣਾ ਦੇਖਣ ਵਾਂਗ ਇਸ ਵਿਚੋਂ ਸੁਜਾਨ ਪਾਠਕ ਭਾਈ ਸਾਹਿਬ ਜੀ ਦੀ ਜੀਵਨ-ਫੋਟੋ ਸਪਸ਼ਟ ਦੇਖ ਸਕਦੇ ਹਨ।

ਪੰਥਕ ਅਖਬਾਰਾਂ ਨਾਲ ਲਿਖਾ ਪੜ੍ਹੀ ਰੱਖਣੀ, ਖਾਲਸਾ ਹਾਈ ਸਕੂਲ ਲਈ ਇਸ਼ਤਿਹਾਰ ਛਪਾਉਣੇ, ਗਿਆਨੀ ਨਰੈਣ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਤੇ ਕਥਾ ਕਰਨੀ ਸਿੱਖਣੀ, ਨਜੂਮ (ਜੋਤਸ਼) ਦੇ ਪੁਸਤਕ ਮੋ: ਸਿੰ: ਪ੍ਰ: ਚ: ਰ: ਬਾਬਤ ਗੁਰਮੁਖੀ ਵਿਚ ਛਪਵਾਉਣ ਲਈ ਲਿਖਣਾ ਤੇ ਅਭਿਆਸ ਕਰਨਾ, ਕੇਸਰ ਸਿੰਘ ਖਜ਼ਾਨਚੀ ਨੂੰ ਗੁਰਮੁਖੀ ਪੜ੍ਹਾਉਣਾ, ਬਿਸ਼ੰਭਰ ਪਾਂਧੇ ਤੋਂ ਗ੍ਰੰਥ ਸੁਣ ਸੁਣ ਆਪਣੀ ਵਿਦਿਆ ਪ੍ਰਪੱਕ ਕਰਨੀ ਤੇ ਵਧਾਉਣੀ। (ਇਹ ਵੈਦਕ ਦਾ ਗ੍ਰੰਥ ਸੀ ਜਿਸ ਬਾਰੇ ਅੱਗੇ ੨੪ ਮਈ ੧੮੯੯ ਦੇ ਅੰਕ (੫੯) ਵਿਚ ਆਪ ਲਿਖਦੇ ਹਨ:–

"ਚਕਿਤਸਾ ਸਿੰਧੂ ਜਿਹੜਾ ਬਿਸ਼ੰਭਰ ਪਾਂਧੇ ਨੇ ਸੁਣੌਣਾ ਸ਼ੁਰੂ ਕੀਤਾ ਸੀ, ਖਤਮ ਹੋਯਾ।"

ਤੇ ਅਗੇ ਅੰਕ ੬੫ ਵੀਰ ਵਾਰ ਜੇਠ ੧੩, ਮਈ ੨੫ ਸੰਨ ੧੮੯੯ ਵਿਚ ਆਪ ਲਿਖਦੇ ਹਨ:–

" 'ਵੈਦ੍ਯ ਜੀਵਨ' ਸੁਣਨਾ ਸ਼ੁਰੂ ਕੀਤਾ ਬਿਸ਼ੰਭਰ ਪਾਸੋਂ"

ਅਗੇ ਅੰਕ ੬੯ ਵਿਚ ਲਿਖਦੇ ਹਨ।

"ਵੈਦ੍ਯ ਜੀਵਨ ਦਾ ਭੋਗ ਪੈ ਗਿਆ")

ਇਸੇ ਤਰ੍ਹਾਂ ਆਪ ਜੀ ਨੇ ਪਾਂਧਾ ਜੀ ਤੋਂ ਅਨੇਕ ਵੈਦਕ ਦੇ



Digitized by Panjab Digital Library | www.panjabdigilib.org

ਗ੍ਰੰਥ ਸੁਣੇ।

ਜਿਵੇ:—

ਫੇਰ ਅੰਕ "੭੨, ਅਰਕ ਪ੍ਰਕਾਸ਼ ਸੁਣਨਾ ਸ਼ੁਰੂ ਕੀਤਾ।"

੩੧ ਮਈ ਦੇ ਅੰਕ ੮੯ ਵਿਚ ਦਰਜ ਹੈ।

"ਅਰਕ ਪ੍ਰਕਾਸ਼ ਪੂਰਾ ਹੋਯਾ। ਕਾਲ ਗਿਆਨ ਸ਼ੁਰੂ ਕੀਤਾ।"

੨ ਜੂਨ ਦੇ ਅੰਕ ੧੧੦ ਵਿਚ।

"ਕਾਲ ਗਿਆਨ ਖਤਮ ਹੋਯਾ, ਨਾੜੀ ਦਰਪਨ ਸ਼ੁਰੂ ਕੀਤਾ ਸੁਣਨਾ।"

ਲਿਖਿਆ ਹੈ। ੧੪ ਜੂਨ ਅੰਵਨ ਨਿਦਾਨ ਬਿਸ਼ੰਭਰ ਤੋਂ ਸੁਣਨਾ ਸ਼ੁਰੂ ਕੀਤਾ।

"੧੭ ਜੂਨ ਅੰਵਨ ਨਿਦਾਨ ਭੋਗ ਪਿਆ"

ਇਤ ਆਦਿਕ।

ਇਸਦੇ ਦੋ ਕਾਰਣ ਸਨ। ਇਕ ਤਾਂ ਇਹ ਕਿ ਗ੍ਰੰਥ ਸੁਣਨ ਨਾਲ ਆਪ ਦਾ ਗਿਆਨ ਅਭਿਆਸ ਵਧਦਾ ਸੀ ਤੇ ਦੂਜਾ ਇਹ ਕਿ ਇੱਕ ਗ੍ਰੀਬ ਬੰਦੇ ਦੀ ਉਪਜੀਵਕਾ ਚਲੀ ਜਾਂਦੀ ਸੀ। ਆਪ ਦੇ ਜੀਵਣ ਵਿਚ ਅਨੇਕਾਂ ਹੀ ਅਜੇਹੀਆਂ ਘਟਨਾਵਾਂ ਆਈਆਂ ਹਨ, ਜਿੱਥੇ ਆਪ ਜੀ ਨੇ ਕਿਸੇ ਗਰੀਬ, ਗੁਰਮੁਖ ਪ੍ਰੇਮੀ ਨੂੰ ਕੇਵਲ ਬਹਾਨੇ ਮਾਤ੍ਰ ਨਾਲ ਹੀ ਉਪਜੀਵਕਾ ਲਈ ਮਾਇਆ ਪੁਚਾਈ, ਬਿਨਾ ਲੋੜੋਂ ਹੀ। ਕਦੇ ਪੜ੍ਹਨ ਦੇ ਬਹਾਨੇ, ਕਦੇ ਸੁਣਨ ਦੇ ਬਹਾਨੇ, ਕਦੇ ਉਲਥੇ ਕਰਨ ਦੇ ਬਹਾਨੇ ਆਦਿਕ,ਕਿਸੇ ਨਾ ਕਿਸੇ ਢੰਗ ਨਾਲ ਲੋੜਵੰਦ ਦੇਖਕੇ ਮਦਦ ਕਰਨੀ ਜਰੂਰੀ ਸਮਝੀ, ਪਰ ਆਪਣਾ ਆਪ ਲੁਕਾਈ ਹੀ ਰਖਿਆ। ਇਸ ਨੂੰ ਆਖਦੇ ਹਨ ਨਿਰਮਾਨ ਸੇਵਾ, ਧਾਰਮਿਕਤਾ ਤੇ ਫਰਜ਼ ਦਾ ਪਾਲਣਾ।

ਆਪਣੇ ਰੋਜ਼ ਦੇ ਖਰਚਣ ਵਾਲੇ ਪੈਸੇ ਇਕਠੇ ਕਰਕੇ ਵਿਦਿਆਰਥ ਖਰਚ ਕਰਨੇ, ਵਿਦਿਵਾਨ ਪੰਡਤ ਜਗਿਆਸੂਆਂ ਨੂੰ ਆਯੁਰਵੈਦਿਕ ਵਿਦਿਆ ਪੜ੍ਹਾਉਣੀ ਤੇ ਫੇਰ ਸਮੇਂ ਦੇ ਪਾਬੰਦ ਹੋਣਾ। ਇਹ ਆਪ ਦੇ ਪਵਿਤ੍ਰ ਜੀਵਣ ਦਾ ਸਾਧਾਰਨ ਕਾਰੋਬਾਰ ਸੀ। ਪਾਠਕਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਉਪ੍ਰੋਕਤ ਲਿਖੇ ਸਾਰੇ ਕੰਮ,



Digitized by Panjab Digital Library | www.panjabdigilib.org

ਪਿਤਾ ਜੀ ਦੀ ਸੇਵਾ ਕਰਨੀ, ਰੋਗੀਆਂ ਨੂੰ ਦੇਖਣਾ, ਘਰ ਦੇ ਜਰੂਰੀ ਕੰਮ ਕਰਨੇ ਤੇ ਦਵਾਈਆਂ ਬਣਾਉਣ ਤੇ ਦੇਣ ਆਦਿਕ ਤੋਂ ਵਖਰੇ ਹਨ । ਇਸਤੋਂ ਸਾਫ ਦਿਸ ਸਕਦਾ ਹੈ ਕਿ ਆਪ ਦਾ ਜੀਵਣ ਕੇਹੋ ਜੇਹਾ ਅਦਭੁਤ ਉਤਸ਼ਾਹੀ ਉੱਦਮੀ ਤੇ ਮਹਾਂ-ਪੁਰਖੀ ਸੀ। ਇਸ ਵੇਲੇ ਆਪਦੀ ਉਮਰ ਕੇਵਲ ੧੮ ਬਰਸ ਦੀ ਸੀ। ਜ਼ਰਾ ਧਿਆਨ ਮਾਰਕੇ ਦੇਖੋ ਖਾਂ ਭਲਾ ਅਜ ਕਿੰਨੇ ਨੌ-ਜਵਾਨ ਹਨ ਜੋ ਇਸ ਉਮਰ ਵਿਚ ਐਨੇ ਕੰਮ ਕਰਦੇ ਹੋਣਗੇ। ਪੁਸਤਕਾਂ (ਟ੍ਰੈਕਟ) ਛਪਾਉਣੀਆਂ, ਅਖਬਾਰਾਂ ਵਿਚ ਲੇਖ ਲਿਖਣੇ, ਲੈਕਚਰ ਦੇਣੇ ਆਦਿ ਅਜੇ ਇਸ ਤੋਂ ਅੱਡਰੇ ਹਨ, ਜੋ ਆਪ ਦੇ ਰੋਜਨਾਮਚਿਆਂ ਵਿਚ ਥਾਂ ਥਾਂ ਦਰਜ ਹਨ ।

ਅਸੀਂ ਉਪਰ ਦੱਸ ਆਏ ਹਾਂ ਕਿ ਜਦ ਆਪ ਦੀ ਰੁਚੀ ਨੂੰ ਆਪਦੇ ਪਿਤਾ ਜੀ ਤੇ ਹੋਰ ਸ਼ੁਭ ਚਿੰਤਕਾਂ ਨੇ ਕਾਰੋਬਾਰ ਵਲ ਪ੍ਰੇਰਿਆ ਤੇ ਆਪ ਵੈਦਕ ਪੜ੍ਹਾਈ ਤੇ ਕਾਰੋਬਾਰ ਵਿਚ ਪੈ ਗਏ, ਉਸ ਵੇਲੇ ਇਹ ਜ਼ਰੂਰੀ ਸੀ ਕਿ ਧਾਰਮਕ ਤੇ ਪੰਥਕ. ਕੰਮ ਪੂਰੇ ਜ਼ੋਰ ਸ਼ੋਰ ਨਾਲ ਨਾ ਹੁੰਦੇ, ਪਰ ਸਾਡੇ ਨੌਜਵਾਨ ਵੈਦ ਜੀ ਦੇ ਅੰਦਰ ਪੰਥਕ ਪਿਆਰ, ਕੌਮੀ ਸੇਵਾ ਤੇ ਸੰਸਾਰ ਸ਼ੁਭ-ਇੱਛਾ ਦੀ ਇਕ ਬੇ ਮਿਸਾਲ ਤੜਪ ਸੀ, ਅਦੱਬ ਜੋਸ਼ ਸੀ, ਤੇ ਅਟੁੱਟ ਪਿਆਰ ਸੀ, ਜਿਸਨੂੰ ਉਹ ਕਿਸੇ ਤਰਾਂ ਭੀ ਛਿਪਾਕੇ, ਦਬਾਕੇ, ਜਾਂ ਠੰਡਾ ਕਰਕੇ ਨਾ ਸਨ ਰੱਖ ਸਕਦੇ ।

## ਦੁਕਾਨ

ਵੈਦਕ ਸਿਖਿਆ ਲਈ ਪਿੰਡ ਪਿੰਦੀ ਜਾਣੋ ਬੰਦ ਹੋ ਗਏ, ਤਰਨ ਤਾਰਨ ਦੁਕਾਨ ਵਿਚ ਬੈਠ ਗਏ। ਪਿੰਡ ਰੋਜ਼ ਪੜ੍ਹਨ ਜਾਣ ਤੇ ਅੱਠ ਕੋਹ ਪੈਂਡਾ ਪੈਦਲ ਕਰਨ ਵਿਚ ਜੋ ਸਮਾ, ਮਿਹਨਤ ਤੇ ਦਿਮਾਗ ਖਰਚ ਹੁੰਦਾ ਸੀ ਹੁਣ ਉਹ ਫੇਰ ਲੱਗਾ ਆਪਣੇ ਰੰਗ ਵਿਚ ਆ ਮੌਲਣ ਤੇ ਰੰਗ ਵਿਖਾਲਣ । ਆਪ ਮਿੰਟ ਭਰ ਭੀ ਵਿਹਲਿਆਂ ਬੈਠਣਾ ਤਾਂ ਜਾਣਦੇ ਹੀ ਨਾ ਸਨ। ਤੜਕੇ ਉੱਠਕੇ ਜੰਗਲ ਪਾਣੀ ਹੋ, ਅਸ਼ਨਾਨ ਕਰ, ਨਿੱਤਨੇਮ ਦਾ ਪਾਠ



Digitized by Panjab Digital Library | www.panjabdigilib.org

ਕਰਨਾ,ਗੁਰੂ ਅਰਜਨਦੇਵ ਦੇ ਦਰਬਾਰ ਦੇ ਦਰਸ਼ਨ ਕਰਕੇ ਉਪ੍ਰੰਤ ਦੁਕਾਨ ਤੇ ਆ ਰੋਗੀਆਂ ਨੂੰ ਦੇਖਣਾ,ਦਵਾਈ ਤਜਵੀਜ਼ ਕਰਨੀ,ਵਿਦਿਆਰਥੀਆਂ ਨੂੰਵੈਦਕ ਤੇ ਹੋਰ ਹਰ ਤਰਾਂ ਦੀ ਸੰਥਾ ਦੇਣੀ,ਕੋਈ ਨ ਕੋਈ ਗ੍ਰੰਥ ਪੜ੍ਹਨਾ ਤੇ ਨਾਲ ਨਾਲ ਹੀ ਕੋਈ ਨ ਕੋਈ ਗ੍ਰੰਥ ਸੁਣੀ ਜਾਣਾ, ਕੁਛ ਲੇਖ ਆਦਿ ਲਿਖਣੇ ਤੇ ਹੋਰ ਜਰੂਰੀ ਕੰਮ ਕਰਨੇ। ਦੁਪਹਿਰ ਦਾ ਪ੍ਰਸ਼ਾਦ ਛਕ ਕੇ ਮੁੜ ਆਪਣੀ ਗੱਦੀ ਤੇ ਆ ਜਾਣਾ ਤੇ ਓਸੇ ਤਰਾਂ ਹੀ ਪੜ੍ਹਣ ਪੜ੍ਹਾਉਣ, ਲਿਖਣ ਲਿਖਾਉਣ ਤੇ ਬਾਹਰ ਦਵਾਈਆਂ ਲੇਖ ਪੱਤ੍ਰਕਾਵਾਂ ਦੇ ਉੱਤ੍ਰ ਆਦਿ ਭੇਜਣ ਭਿਜਵਾਉਣ ਲਈ ਜੁੱਟ ਜਾਣਾ। ਸ਼ਾਮ ਨੂੰ ਰਹਿਰਾਸ ਦਾ ਪਾਠ ਕਰਕੇ ਪ੍ਰਸ਼ਾਦ ਛੱਕ ਕੇ ਫੇਰ ਕੁਛ ਨਾ ਕੁਛ ਪੜ੍ਹਣਾ ਸੁਣਨਾ, ਤੇ ਦਸ ਗਿਆਰਾਂ ਬਜੇ ਤਕ ਮਾਨੋਂ ਵਿਦਿਆ, ਪ੍ਰੇਮ, ਸੇਵਾ, ਦਾਨ ਆਦਿ ਦੇ ਸਰ ਵਿਚ ਚੁਭੇ ਲਾਉਂਦੇ ਲਾਉਂਦਿਆਂ ਹੀ ਨੀਂਦ ਦੀ ਗੋਦ ਵਿਚ ਵਿਰਾਜ ਜਾਣਾ। ਇਸਤਰ੍ਹਾਂ ਆਪ ਦਾ ਨਿੱਤ-ਕਰਮ ਡਾਢਾ ਹੀ ਰੁਝੇਵੇਂ ਦਾ ਰਹਿੰਦਾ ਸੀ। ਆਪ ਕਦੇ ਇਕ ਮਿੰਟ ਭੀ ਵਿਹਲਿਆਂ ਬੈਠਣਾ ਬੁਰਾ ਸਮਝਦੇ ਸਨ। ਇਸ ਸਮੇਂ ਵਿਚ ਹੀ ਆਪ ਬੰਬਈ, ਕਲਕਤਾ, ਮਦਰਾਸ, ਬਨਾਰਸ, ਕਾਨਪੁਰ ਤੇ ਲਖਨਊ ਆਦਿਕ ਪ੍ਰਸਿੱਧ ਥਾਵਾਂ ਤੇ ਚਿੱਠੀ ਚਪੱਠੀ ਭੀ ਕਰਦੇ ਰਹਿੰਦੇ ਸਨ। ਹਿੰਦੀ, ਅੰਗ੍ਰੇਜ਼ੀ, ਉਰਦੂ, ਗੁਰਮੁਖੀ ਦੇ ਸਾਰੇ ਦੇਸ ਵਿਚੋਂ ਹੀ ਨਹੀਂ ਸਗੋਂ ਅੰਗ੍ਰੇਜ਼ੀ ਦੇ ਕੁਝ ਪ੍ਰਚਲਤ ਪੱਤ੍ਰ ਬਿਦੇਸ ਵਿਚੋਂ ਭੀ ਮੰਗਾਉਂਦੇ ਰਹਿੰਦੇ ਸਨ। ਵੈਦਕ, ਡਾਕਟਰੀ ਆਦਿ ਦੇ ਹਰ ਕਿਸਮ ਦੇ ਦੇਸੀ, ਬਿਦੇਸੀ, ਹਿੰਦੀ, ਸੰਸਕ੍ਰਿਤ, ਉਰਦੂ ਦੇ ਸੈਂਕੜੇ ਤੇ ਹਜਾਰਾਂ ਪੁਸਤਕ ਆਪ ਨੇ ਮੰਗਵਾਏ। ਜਿੱਥੇ ਭੀ ਜ਼ਰਾ ਖਬਰ ਮਿਲੀ ਤੁਰਤ ਮੰਗਵਾ ਲਿਆ, ਤੇ ਸ਼ੁਰੂ ਤੋਂ ਅਖੀਰ ਤਕ ਪੜ੍ਹੇ ਸੁਣੇ ਬਿਨਾ ਨਾ ਛੱਡਿਆ। ਆਪ ਦੀ ਲਾਇਬ੍ਰੇਰੀ ਵਿਚ ਐਸ ਵੇਲੇ ਹਜ਼ਾਰਾਂ ਪੁਸਤਕ ਹਰ ਵਿਸ਼ੇ ਉਪਰ ਪਏ ਮਿਲਦੇ ਹਨ। ਕਿਸੇ ਉਰਦੂ, ਅੰਗ੍ਰੇਜ਼ੀ, ਹਿੰਦੀ, ਸੰਸਕ੍ਰਿਤ ਜਾਂ ਗੁਰਮੁਖੀ ਦੇ ਪੁਸਤਕ, ਰਸਾਲੇ ਤੇ ਅਖਬਾਰ ਤਕ ਨੂੰ ਫੋਲ ਕੇ ਦੇਖੋ ਸਾਫ ਪਤਾ ਲਗੇਗਾ ਕਿ ਆਪ ਜੀ ਨੇ ਇਸ ਪੁਸਤਕ ਨੂੰ ਆਦਿ ਤੋਂ ਅੰਤ ਤਕ ਪੜ੍ਹਿਆ ਸੁਣਿਆ ਹੋਇਆ ਹੈ। ਕਿਉਂਕਿ ਉਸ ਵਿਚ



Digitized by Panjab Digital Library | www.panjabdigilib.org

ਥਾਂ ਥਾਂ ਆਪ ਜੀ ਨੇ ਆਪਣੇ ਨੋਟ, ਆਪਣੀ ਰਾਏ ਤੇ ਅੰਤ ਵਿਚ ਪੜ੍ਹਨ ਦੀ ਤਾਰੀਖ ਤੇ ਹਸਤਾਖਰ ਕੀਤੇ ਹੋਏ ਹਨ।

## ਮੇਲ ਮਿਲਾਪ

ਇਸ ਸਮੇਂ ਵਿਚ ਆਪ ਨੂੰ ਸਮੇਂ ਦੇ ਪ੍ਰਸਿੱਧ ਪ੍ਰਚਾਰਕਾਂ, ਲੇਖਕਾਂ ਵਿਦਵਾਨਾਂ ਗੁਣੀਆਂ ਗਿਆਨੀਆਂ ਤੇ ਪ੍ਰਸਿੱਧ ਸਜਣਾਂ ਨਾਲ ਮੇਲ ਮਿਲਾਪ ਦਾ ਸੁਹਣਾ ਸਮਾ ਮਿਲਦਾ ਰਿਹਾ। ਆਪ ਦੀ ਪ੍ਰੇਮ ਖਿੱਚ ਨਾਲ ਖਿੰਚੇ ਹੋਏ ਸਾਰੇ ਗੁਣੀ ਗਿਆਨੀ ਆਪ ਦੇ ਪਾਸ ਆਉਂਦੇ ਸਨ। ਆਪ ਦੇ ਹੱਥੀਂ ਲਿਖੇ ਹੋਏ ਰੋਜ਼-ਨਾਮਚਿਆਂ ਵਿਚੋਂ ਪਤਾ ਲਗਦਾ ਹੈ, ਕਿ ਗਿਆਨੀ ਦਿੱਤ ਸਿੰਘ ਜੀ, ਪ੍ਰੋ: ਗੁਰਮੁਖ ਸਿੰਘ ਜੀ, ਡਾਕਟਰ ਜੈ ਸਿੰਘ ਜੀ, ਭਾਈ ਹੇਮ ਸਿੰਘ ਜੀ ਪ੍ਰਚਾਰਕ, ਭਾਈ ਤਖਤ ਸਿੰਘ ਜੀ ਫੀਰੋਜ਼ ਪੁਰੀ, ਭਾਈ ਹੀਰਾ ਸਿੰਘ ਜੀ ਪ੍ਰਸਿੱਧ ਰਾਗੀ, ਭਾਈ ਹੀਰਾ ਸਿੰਘ ਜੀ ਨਾਰਲੀ, ਬਾਬੂ ਤੇਜਾ ਸਿੰਘ ਜੀ ਭਸੌੜ, ਸੰਤ ਜੁਆਲਾ ਸਿੰਘ ਜੀ ਵਿਰਕਤ, ਸ: ਸ: ਸ: ਬੂਟਾ ਸਿੰਘ ਜੀ ਰਾਵਲ ਪਿੰਡੀ, ਡਾਕਟਰ ਚਰਨ ਸਿੰਘ ਜੀ, (ਭਾਈ ਵੀਰ ਸਿੰਘ ਜੀ ਦੇ ਪਿਤਾ), ਅਕਾਲੀ ਕੌਰ ਸਿੰਘ ਜੀ, ਮਾਸਟਰ ਈਸ਼ਰ ਸਿੰਘ ਜੀ, ਡਾਕਟਰ ਦੀਵਾਨ ਸਿੰਘ ਜੀ, ਭਾਈ ਕਾਹਨ ਸਿੰਘ ਜੀ ਨਾਭਾ, ਭਾਈ ਅਵਤਾਰ ਸਿੰਘ ਜੀ ਵਹੀਰੀਆ, ਸ੍ਰ: ਮਾਨ ਸਿੰਘ ਜੀ ਬੀ. ਏ. ਜੱਜ, ਸ੍ਰ: ਸਾਧੂ ਸਿੰਘ ਜੀ ਮਹਿਕਮਾਂ ਜੰਗਲਾਤ ਵਾਲੇ, ਬਾਬਾ ਕੇਹਰ ਸਿੰਘ ਜੀ ਪੱਟੀ, ਸ੍ਰ: ਹਜ਼ੂਰਾ ਸਿੰਘ ਜੀ ਇਨਚਾਰਜ ਖਾਲਸਾ ਤੇ ਖਾਲਸਾ ਐਡਵੋਕੇਟ, ਭਾਈ ਅਮਰ ਸਿੰਘ ਜੀ ਵਾਸੂ, ਸ੍ਰ: ਬਹਾਦਰ ਡਾਕਟਰ ਕਰਤਾਰ ਸਿੰਘ ਜੀ ਆਨਰੇਰੀ ਮੈਜਿਸਟ੍ਰੇਟ ਲਾਹੌਰ, ਪੰਥ ਸੇਵਕ ਸ੍ਰ: ਮੇਹਰ ਸਿੰਘ ਜੀ ਚਾਵਲਾ, ਸ. ਸ. ਲਾਹੌਰਾ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਹਕੀਮ ਚੌਂਕ ਬਾਬਾ ਅਟੱਲ ਸਾਹਿਬ ਅੰਮ੍ਰਿਤਸਰ, ਪ੍ਰਸਿੱਧ ਗਿਆਨੀ ਠਾਕਰ ਸਿੰਘ ਜੀ, ਸ੍ਰ: ਤ੍ਰਿਲੋਚਨ ਸਿੰਘ ਜੀ ਐਮ. ਏ., ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਦਿਕਾਂ ਨਾਲ ਆਪ ਦਾ ਸੁਹਣਾ ਮੇਲ ਮਿਲਾਪ ਰਿਹਾ ਹੈ। ਡਾਕਟਰ



Digitized by Panjab Digital Library | www.panjabdigilib.org

ਚਰਨ ਸਿੰਘ ਜੀ,ਗਿਆਨੀ ਠਾਕਰ ਸਿੰਘ ਜੀ,ਹਕੀਮ ਹਰਨਾਮ ਸਿੰਘ ਜੀ ਤੇ ਭਾਈ ਵੀਰ ਸਿੰਘ ਜੀ ਨਾਲ ਤਾਂ ਆਪ ਦਾ ਖਾਸ ਪਿਆਰ ਸੀ। ਭਾਈ ਵੀਰ ਸਿੰਘ ਜੀ ਨੂੰ ਤਾਂ ਆਪ ਸਕੇ ਭਰਾਵਾਂ ਤੋਂ ਵੱਧ ਸਮਝਦੇ ਤੇ ਪਿਆਰ ਕਰਦੇ ਸਨ। ਡਾਇਰੀਆਂ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਤੇ ਵੈਦ ਜੀ ਜਰੂਰ ਪੰਜੀਂ ਸੱਤੀਂ ਦਿਨੀਂ ਮਿਲਦੇ ਰਹੇ ਹਨ। ਨਾਲ ਹੀ ਸੰਤ ਭਾਈ ਭੋਲਾ ਸਿੰਘ ਜੀ ਤਰਨ ਤਾਰਨ ਪਾਸ ਭਾਈ ਵੀਰ ਸਿੰਘ ਜੀ ਭੀ ਆਉਂਦੇ ਹੁੰਦੇ ਸਨ ਤੇ ਵੈਦ ਜੀ ਭੀ ਜਾਂਦੇ ਸਨ। ਸੰਤ ਭਾਸਕਰਾ ਨੰਦ ਜੀ ਪਾਸੋਂ ਭਾਈ ਸਾਹਿਬ ਵੀਰ ਸਿੰਘ ਜੀ ਨੇ ਭੀ ਵਿਦਿਆ ਪ੍ਰਾਪਤ ਕੀਤੀ ਤੇ ਵੈਦ ਜੀ ਨੇ ਭੀ ਕਾਵਜ ਪੜ੍ਹਿਆ।

## ਪ੍ਰਚਾਰ

ਆਪ ਜੀ ਨੇ ਪੰਜਾਬੀ ਪ੍ਰਚਾਰ,ਧਾਰਮਕ ਪ੍ਰਚਾਰ ਤੇ ਲੋਕ ਪਿਆਰ ਦਾ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਕਰ ਦਿਤਾ। ਦੇਸ਼ ਦੇਸ਼ਾਂਤਰਾਂ ਦੇ ਹਿੰਦੀ ਉਰਦੂ ਆਦਿ ਦੇ ਅਖਬਾਰ ਮੰਗਵਾਉਣੇ ਸ਼ੁਰੂ ਕੀਤੇ। ਬੰਬਈ ਤੋਂ ਹਿੰਦੀ ਦਾ 'ਸ੍ਰੀ ਵੈਂਕਟੇਸ਼੍ਵਰ ਪੱਤ੍ਰ' ਆਪਨੇ ਸੰਨ ੧੮੯੯ ਵਿਚ ਮੰਗਵਾਉਣਾ ਸ਼ੁਰੂ ਕੀਤਾ, ਆਪ ਦੇ ਰੋਜ਼ ਨਾਮਚੇ ਦੇ ਅੰਕ ੯੦ ਤਾਰੀਖ ੩੦ ਮਈ ੧੮੯੯ ਵਿਚ ਲਿਖਿਆ ਹੈ:-

"ਬੰਬਈ ਤੋਂ "ਵੈਂਕਟੇਸ਼੍ਵਰ ਪੱਤ੍ਰ ਆਇਆ।"

ਨਿੰਦਤ ਭ੍ਰਿਸ਼੍ਟਾਚਾਰ ਟ੍ਰੈਕਟ, ਤਮਾਕੂ ਦੇ ਅਵਗੁਣ ਬਾਰੇ ਜਿਸਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ। ਆਪ ਨੇ ੧੮੯੮ ਵਿਚ ਛਪਾਇਆ ਜਾਪਦਾ ਹੈ ਜਿਸ ਵੇਲੇ ਆਪ ਦੀ ਉਮਰ ਕੇਵਲ ੧੭ ਬਰਸ ਦੀ ਸੀ। ਕਿਉਂਕਿ ੩ ਜੂਨ ਸੰਨ ੧੮੯੯ ਦੇ ਅੰਕ ੧੧੮ ਵਿਚ ਆਪ ਦਾ ਹਸਤ ਲਿਖਤ ਰੋਜ਼ ਨਾਮਚਾ ਇਉਂ ਦੱਸਦਾ ਹੈ।

"ਅੰਮ੍ਰਿਤਸਰੋਂ ਕਾਪੀਆਂ ਨਿੰਦਤ ਭ੍ਰਿਸ਼੍ਟਾਚਾਰ ਦੀਆਂ ੨੫੦ ਆਂਦੀਆਂ ਹੀਰਾ ਸਿੰਘ ਕੁਤਬ ਫ਼ਰੋਸ਼ ਪਾਸ ਰਖੀਆਂ ਹੋਈਆਂ ਸਨ।"



Digitized by Panjab Digital Library | www.panjabdigilib.org

ਇਸ ਤੋਂ ਪ੍ਰਗਟ ਹੈ ਕਿ ਛਾਪ ਕੇ ਵੇਚਣ ਵਾਸਤੇ ਪਹਿਲਾਂ ਰਖੀਆਂ ਹੋਈਆਂ ਸਨ। ਖਾਲਸਾ ਸਕੂਲ ਦਾ ਕੰਮ ਭੀ ਬਹੁਤ ਸਾਰਾ ਆਪਦੀ ਹਿੰਮਤ ਤੇ ਉਤਸ਼ਾਹ ਉਪਰ ਹੀ ਨਿਰਭਰ ਸੀ। ਇਸ਼ਤਿਹਾਰ ਤੇ ਰਸੀਦਾਂ ਛਪਵਾ-ਉਣੀਆਂ,ਉਗਰਾਹੀ ਕਰਨੀ,ਸਭ ਕੰਮ ਬਹੁਤ ਕਰਕੇ ਆਪ ਦੇ ਹੀ ਜ਼ੁੰਮੇ ਸੀ।

"ਇਸ਼ਤਿਹਾਰ ਸਕੂਲ ਦੇ ਛਪਕੇ ਆਏ ਨਗ ੩੫੦ ਬਾਕੀ ੪੦੦ਰਹੇ। ੩੦—੫—੧੯੯੯।"

ਆਪਦੀ ਗੁਰਮਤ ਪ੍ਰਚਾਰ ਦੀ ਰੁਚੀ ਇਸੇ ਇੱਕ ਗਲ ਤੋਂ ਸਾਫ ਪ੍ਰਗਟ ਹੋ ਜਾਂਦੀ ਹੈ ਕਿ ਜੇ ਕਿਤੇ ਦੂਰ ਨੇੜੇ ਗੁਰਮਤ ਅਨੁਸਾਰ ਵਿਵਾਹ ਹੋਣ ਦੀ ਸੋ ਪਵੇ, ਤਾਂ ਆਪ ਜਰੂਰ ਪੁੱਜਦੇ ਸਨ। ੭ ਜੂਨ ੧੮੯੯ ਨੂੰ ਆਪ ਆਪਣੀ ਡਾਇਰੀ ਵਿਚ ਲਿਖਦੇ ਹਨ।

"ਕੈਰੋਂ ਵਿਵਾਹ ਗੁਰਮਰਯਾਦਾ ਅਨੁਸਾਰ ਦੇਖਣ ਵਾਸਤੇ ਗਏ। ਵਿਵਾਹ ਨਿਹਾਲ ਸਿੰਘ ਜੱਟ ਦੀ ਲੜਕੀ ਦਾ। ਏਥੋਂ ਰਸੂਲ ਪੁਰ ਤਕ ਹਾਕਮ ਸਿੰਘ ਨਾਲ ਤੁਰਦਿਆਂ ਅਗੇ ਯੱਕੇ ਵਿਚ ਸਰਦਾਰ(ਬਾਬਾ ਟਹਿਲ ਸਿੰਘਜੀ) ਹੁਰਾਂ ਨਾਲ ਕੋਠੀ ਜੌੜਾ ਤਕ। ਪ੍ਰਸ਼ਾਦ ਕੋਠੀ ਛਕਿਆ। ਫੇਰ ਕੈਰੋਂ ਗਏ। ਸਰਦਾਰ ਹੁਰਾਂ ਨੂੰ ਭਗਵਤ ਗੀਤਾ ਭਾ: ਟੀ: ਛੰਦਾ ਬੰਦੀ ਕ੍ਰਿਤ ਗਜਾਨ ਦਾਸ ਦਿਤਾ।"

## *ਨਿਧੜਕਤਾ*

ਆਪ ਦੀ ਗੁਰਮਤਿ ਵਾਕਫੀ ਤੇ ਨਿਡਰਤਾ ਭੀ ਦੇਖਣ ਯੋਗ ਹੈ। ਜਿਸ ਗਿਆਨੀ ਜੀ ਤੋਂ ਆਪ ਪੜ੍ਹਦੇ ਹਨ ਉਸ ਨੂੰ ਕੇਹੋ ਜੇਹਾ ਨਿਧੜਕ ਤੇ ਸਾਫ ਸਾਫ ਉੱਤ੍ਰ ਦਿੰਦੇ ਹਨ:—

"ਗਿਆਨੀ ਭਾਈ ਨਰੈਣ ਸਿੰਘ ਜੀ ਪੜ੍ਹਾਉਣ ਵਾਸਤੇ ਆਏ ਤੇ ਕਹਿਣ ਲੱਗੇ ਕਿ:--'ਮੈਨੂੰ ਸੰਤਾਂ ਭਾਈ ਅਤਰ ਸਿੰਘ ਜੀ ਹੁਰਾਂ ਨੇ--ਜੇਹੜੇ ਦਰਬਾਰ ਸਾਹਿਬ ਸ਼ਬਦ ਪੜ੍ਹਦੇ ਹਨ--ਕਿਹਾ ਕਿ 'ਬਚਿੱਤ੍ਰ ਨਾਟਕ ਦੇ ਅਰਥ ਸੁਣਾ' ਮੈਂ ਉਨ੍ਹਾਂ ਨੂੰ ਸੁਣੌਣ ਲੱਗਾ। ਫੇਰ ਜਿਥੇ ਆਇਆ 'ਮਹਾਂ ਕਾਲ ਕਾਲਕਾ ਅਰਾਧੀ' ਮੈਂ ਕਿਹਾ 'ਦੇਖੋ ਮਹਾਰਾਜ! ਅਜ ਕਲ ਦੇ ਨਵੇਂ ਸਿੰਘ



Digitized by Panjab Digital Library | www.panjabdigilib.org

ਆਖਦੇ ਹੈਨ ਸਵਾਏ ਅਕਾਲ ਪੁਰਖ ਦੇ ਹੋਰ ਕੋਈ ਨਹੀਂ ਮੰਨਣਾ ਚਾਹੀਦਾ, ਤਾਂ ਸਤਿਗੁਰੂ ਜੀ ਨੇ ਆਪ ਕਿਹਾ ਹੈ ਕਿ ਅਸਾਂ ਨੇ ਮਹਾਂਕਾਲ ਤੇ ਕਾਲਕਾ ਦਾ ਅਰਾਧਨ ਕੀਤਾ, ਏਸ ਵਾਸਤੇ ਅੱਜ ਕੱਲ ਦੇ ਸਿੰਘ ਬਿਅਰਥ ਵਾਦ ਕਰਦੇ ਹੈਨ।' ਜਿਸ ਵੇਲੇ ਗਿਆਨੀ ਸਿੰਘ ਜੀ ਨੇ ਮੇਰੇ ਪਾਸ ਏਤਨੀ ਬਾਤ ਕਹੀ ਤਾਂ ਮੈਂ ਉਨ੍ਹਾਂ ਪਾਸ ਪ੍ਰਾਰਥਨਾ ਕੀਤੀ ਕਿ 'ਮਹਾਰਾਜ! ਖਬਰ ਨਹੀਂ ਪਰਮੇਸ਼੍ਵਰ ਨੇ ਕੀਹ ਭਾਣਾ ਵਰਤਾਉਣਾ ਹੈ, ਕਿਉਂਕਿ ਜਿਹੜੇ ਸਾਡੇ ਵੱਡੇ ਵੱਡੇ ਗਿਆਨੀ ਹਨ ਉਨ੍ਹਾਂ ਦੀ ਅਕਲ ਤੇ ਪੜਦਾ ਪੈਂਦਾ ਜਾਂਦਾ ਹੈ, ਤੇ ਅਰਥਾਂ ਦੇ ਅਨਰਥ ਕਰਕੇ ਕੌਮ ਨੂੰ ਧੱਬਾ ਲਗਾ ਰਹੇ ਹੈਨ', ਮੈਂ ਕਿਹਾ 'ਮਹਾਰਾਜ ਗਿਆਨੀ ਸਿੰਘ ਜੀ! ਆਪ ਮਹਾਰਾਜ ਜੀ ਦੇ ਅਰਥਾਂ ਦਾ ਅਨਰਥ ਨਾ ਕਰੋ ਤੇ ਬਿਚਾਰੋ।' ਮਹਾਰਾਜ ਜੀ ਨੇ ਕਿਹਾ ਹੈ, ਕਿ 'ਮਹਾਂਕਾਲ ਜੋ ਕਾਲ ਦਾ ਭੀ ਕਾਲ ਹੈ ਹਮ ਨੇ ਉਸਦੀ ਅਰਾਧਨਾ ਕੀਤੀ। ਸਭ ਸੇ ਊਪਰ ਕਾਲ ਤਿਸ ਕਾਲ ਕਾ ਭੀ ਜੋ ਕਾਲ ਮਹਾਂਕਾਲ! ਮਹਾਂ ਕਹਿਨੇ ਸੇ ਯਹਿ ਮਤਲਬ ਹੈ ਕਿ ਜਿਸ ਸੇ ਪਰੇ ਹੋਰ ਕੋਈ ਨਹੀਂ ਸੋ ਸਰਬ ਸ਼ਕਤਿਮਾਨ ਅਕਾਲ ਪੁਰਖ ਜੀ ਹੈ ਤਿਸ ਕੀ ਅਰਾਧਨਾ ਕੀਤੀ ਤੇ ਖਾਲਸਾ ਜੀ ਨੂੰ ਭੀ ਉਸ ਅਕਾਲ ਪੁਰਖ ਸਰਬ ਸ਼ਕਤਿਮਾਨ ਕਰਤਾ ਹਰਤਾ ਕੇ ਬਗੈਰ ਕਿਸੀ ਦੂਸਰੇ ਕੋ ਮੰਨਣਾ ਨਹੀਂ ਚਾਹੀਦਾ।' ਇਤਨਾ ਸੁਣ ਭਾਈ (ਗਯਾਨੀ) ਜੀ ਕਹਿਣ ਲਗੇ 'ਠੀਕ ਹੈ' ਤੇ ਚੁਪ ਕਰ ਗਏ*।"੧੭ ਜੂਨ ਸੰਨ ੧੯੯੯।"

---

*ਪ੍ਰਸਿੱਧ ਸੰਤ ਭਾਈ ਅਤਰ ਸਿੰਘ ਜੀ ਮਸਤੂਆਣੇ ਵਾਲੇ। ਇਨ੍ਹਾਂ ਦਾ ਜਨਮ ਪਿੰਡ ਚੀਮੇ, ਤਹਿਸੀਲ ਸੁਨਾਮ ਰਾਜ ਪਟਿਆਲਾ ਵਿਚ, ਚੇਤ ਸੁਦੀ ੧ ਸੰਮਤ ੧੯੨੩ ਨੂੰ ਹੋਇਆ। ੧੮ ਸਾਲ ਦੀ ਉਮਰ ਵਿਚ ਪਲਟਨ ਨੰ: ੪ ਬਟਮਾ ਵਿਚ ਭਰਤੀ ਹੋਕੇ ਕੁੱਛ ਸਮਾ ਨੌਕਰੀ ਕੀਤੀ। ਫੇਰ ਸੁਤੰਤ੍ਰ ਹੋਕੇ ਸਿੱਖ਼ ਧਰਮ ਦੇ ਪ੍ਰਚਾਰ ਦਾ ਕੰਮ ਕਰਦੇ ਰਹੇ। ਆਪ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅਮ੍ਰਿਤ ਛਕਾ ਕੇ ਸੁਮਾਰਗ ਪਾਇਆ। ਆਪ ਪੂਰੇ ਤਿਆਗੀ ਅਤੇ ਕਰਮਯੋਗ ਦੇ ਅਭਯਾਸੀ ਸਨ। ਆਪ ਨੇ ਗੁਰ ਸਾਗਰ ਮਸਤੂਆਣਾ ਅਤੇ ਦਮਦਮਾ ਸਾਹਿਬ ਦੇ ਮਨੋਹਰ ਮੰਦਰ ਤਿਆਰ ਕਰਵਾਏ। ਆਪ ੧੯ ਮਾਘ ਸੰਮਤ ੧੯੮੩ ਮੁਤਾਬਕ ੩੧ ਜਨਵਰੀ ੧੯੨੭ ਨੂੰ ਸੰਗਰੂਰ ਵਿਚ ਗੁਰਪੁਰੀ ਸਿਧਾਰੇ, ਅਤੇ ਆਪਦਾ ਸਸਕਾਰ ਮਸਤੂਆਣੇ ਕੀਤਾ ਗਿਆ।



Digitized by Panjab Digital Library | www.panjabdigilib.org

ਹੋਰ:-

"ਪਿੱਦੀ ਪੜ੍ਹਣ ਵਾਸਤੇ ਗਿਆ। ਨਾਲ ਬਿਸ਼ੰਭਰ ਭੀ ਗਿਆ ਤੇ ਓਥੇ ਪੰਡਤ ਜੀ ਨੂੰ ਤਪ ਚੜ੍ਹਿਆ ਹੋਇਆ ਸੀ। ਮੰਥਾ ਆਪ ਹੀ ਵਿਚਾਰੀ, ਤੇ ਅੱਜ ਪੰਜਾਂ ਛੇਆਂ ਦਿਨਾਂ ਤੋਂ ਪੰਡਤ ਜੀ ਖਾ: ਧ: (ਖਾਲਸਾ ਧਰਮ) ਦੀ ਤੇ ਗੁਰੂਆਂ ਦੀ ਨਿੰਦਾ ਕਰ ਰਹੇ ਹਨ ਤੇ ਉਨ੍ਹਾਂ ਨੂੰ ਜਵਾਬ ਕੁਝ ਨਹੀਂ ਦਿੱਤਾ ਬਸਬੱਬ ਅਧਯਾਪਕ ਦੇ।ਏਸ ਤੋਂ ਪਹਿਲੋਂ ਇੱਕ ਦਿਨ ਉਨ੍ਹਾਂ ਨੂੰ ਜਵਾਬ ਉਨ੍ਹਾਂ ਦੇ ਕਹਿਣੇ ਦਾ ਦਿੱਤਾ ਸੀ ਤੇ ਓਹ ਖਿਝ ਪਏ ਸਨ, ਕਹਿੰਦੇ ਸਨ ਕਿ 'ਫੇਰ ਮੈਂ ਤੇਰੇ ਨਾਲ ਕਦੀ ਮਜ਼੍ਹਬੀ ਬਾਤ ਨਹੀਂ ਕਰਾਂਗਾ' ਤੇ ਫੇਰ ਛੇ ਦਿਨ ਤੋਂ ਹੁਣ ਕਰਦੇ ਹਨ ਤੇ ਮੈਂ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਤੋਂ 'ਹਮ ਹਿੰਦੂ ਨਹੀਂ' ਤੇ 'ਕਿਆ ਦਸਮੇਸ਼ ਗੁਰੂ ਜੀ ਨੇ ਦੇਵੀ ਪੂਜੀ ਹੈ?' ਇਹ ਪੁਸਤਕ ਲੈ ਆਂਦੇ। ਪੰਡਤ ਜੀ ਵਲ ਦੇਖ ਕੇ ਬਿਸ਼ੰਭਰ ਨੇ ਭੀ ਕੁਝ ਗੁਰੂਆਂ ਦੀ ਬਾਬਤ ਕਿਹਾ ਤੇ ਓਸ ਨੂੰ ਰਸਤੇ ਵਿਚ ਝਾੜ ਪਾਈ।"

ਉਪ੍ਰੋਕਤ ਘਟਨਾਵਾਂ ਤੇ ਟੀਕਾ ਟਿੱਪਣੀ ਦੀ ਲੋੜ ਨਹੀਂ।

**ਹੁਣ ਜ਼ਰਾ ਆਪ ਦੀ ਵੈਦਕ ਵਾਕਫੀ ਤੇ ਖੋਜੀ ਬੁੱਧੀ ਦਾ ਭੀ ਚਮਤਕਾਰ ਦੇਖੋ:-**

"ਕੰਗ ਪਿੰਡ (ਤਹਸੀਲ ਤਰਨ ਤਾਰਨ) ਦਾ ਪੰਡਤ ਗੁਪਾਲ ਦਾਸ ਜੀ ਦਾ ਪੁੱਤ੍ਰ ਤੇ ਸ਼ਿਸ਼ ਈਸ਼ਰ ਦਾਸ ਜੋ ਕਿ ਬੜੇ ਵੈਦ ਸਦਾਉਂਦੇ ਹੈਨ, ਸੋ ਈਸ਼੍ਵਰ ਦਾਸ ਪੰਡਤ ਗੋਪਾਲ ਦਾਸ ਦੀਆਂ ਅੱਖਾਂ ਵਾਸਤੇ ਦਾਰੂ ਅੰਡੇ ਇੱਲ ਦੇ ਵਾਲਾ ਲੈਣ ਆਇਆ।ਮੈਂ ਓਸ ਨੂੰ ਪੁਛਿਆ 'ਮਹਾਰਾਜ! ਪੰ: ਗੁ: ਦਾ: (ਪੰਡਤ ਗੁਪਾਲ ਦਾਸ) ਜੀ ਆਪ ਦੇ ਕੀ ਲਗਦੇ ਹੈਨ?' ਉਸ ਨੇ ਕਿਹਾ ਨਾਲੇ ਪਿਤਾ ਨਾਲੇ ਅਧਿਆਪਕ। ਮੈਂ ਪੁੱਛਿਆ, 'ਆਪ ਨੇ ਕੋਈ ਪੁਸਤਕ ਪਠਨ ਕੀਤਾ ਹੈ?' ਓਸ ਕਿਹਾ 'ਮੈਨੂੰ ਵੀਹ ਵਰ੍ਹੇ ਪੜ੍ਹਦਿਆਂ ਹੋ ਗਏ ਹੈਨ ਚਕਿਤਸਾ'। ਮੈਂ ਕਿਹਾ ਕਿਤਨੇ ਗ੍ਰੰਥ ਦੇਖੇ ਹੈਨ?' ਓਸ ਕਿਹਾ 'ਨਿਦਾਨ ਮਾਧਵੀ, ਸਾਰੰਗ ਧਰ, ਸ੍ਰੀਰ ਸੁਸ੍ਰੁਤ, ਹਰੀਤਕੀ ਨਿਘੰਟੂ।' ਮੈਂ ਕਿਹਾ 'ਮਹਾਂਰਾਜ! ਇਕ ਦੇ ਘਰ ਦੋ ਪੁੱਤ੍ਰ ਹਨ।ਇੱਕ ਦਾ ਮੁਹਾਂਦਰਾ ਪਿਤਾ ਤੇ ਇੱਕ ਦਾ ਮਾਤਾ ਤੇ ਮੁਹਾਂਦਰਾ ਹੈ। ਏਹ ਕੀਹ ਸਬਬ ਹੈ?' 'ਓਸ ਕਿਹਾ 'ਮੈਂ ਨਹੀਂ ਜਾਣਦਾ' ਇਤਨਾ ਕਹਿ ਚਲਾ ਗਿਆ।' ੨੦ ਜੂਨ ਸੰਨ ੧੮੯੯।"



Digitized by Panjab Digital Library | www.panjabdigilib.org

ਹੋਰ:—

"ਜਾਮਾਂ ਰਾਇ ਵਾਲੇ ਪੰਡਤ ਵੈਦਜ ਹੇਮ ਰਾਜ ਜੀ ਦਾ ਪੋਤਰਾ--ਜਿਸ ਨੇ ਬਾਘ ਭਟ, ਸਾਰੰਗ ਧਰ, ਥੋੜਾ ਜੇਹਾ ਚਰਕ ਭੀ ਪੜ੍ਹਿਆ ਹੋਇਆ ਹੈ ਓਹ--ਹੱਟੀ ਤੇ ਮੇਰੇ ਪਾਸ, ਬ੍ਰਿਧ ਖੁਦਾਦਿ ਕ੍ਰਾਬ ਦੀਆਂ ਚੀਜ਼ਾਂ ਲਿਖਾਣ ਵਾਸਤੇ ਆਇਆ। ਓਸ ਨੂੰ 'ਯੋਗ ਚਿੰਤਾ ਮਣੀ' ਵਿਚੋਂ ਲਖਵਾਇਆ ਤੇ ਓਸਨੂੰ ਪੁਛਿਆ ਕਿ 'ਜ੍ਵਰ ਵਿਚ ਪਸੀਨਾ ਨਾ ਔਣ ਦਾ ਕੀ ਕਾਰਨ ਹੈ?' ਓਸ ਨੇ ਕਿਹਾ ਕੇ 'ਦੋਖ (ਵਾਤ, ਪਿਤ, ਕਫ) ਨਾੜੀਆਂ ਦੇ ਮਸਾਨ ਬੰਦ ਕਰ ਦੇਂਦੇ ਹੈਨ ਤਾਂ ਪਸੀਨਾ ਨਹੀਂ ਨਿਕਲਦਾ।' ਫੇਰ ਓਸ ਨੂੰ ਮੈਂ ਕਿਹਾ ਕਿ 'ਦੋਖ ਬਿਨਾ ਧਾਤੂਆਂ ਦੇ ਨਾੜੀਆਂ ਦੇ ਮੂੰਹ ਬੰਦ ਨਹੀਂ ਕਰ ਸਕਦੇ' ਫੇਰ ਮੈਂ ਓਸ ਨੂੰ ਕਿਹਾ ਕਿ 'ਦੋਖ ਜਲ ਧਾਤੂ ਕਰਕੇ ਨਾੜੀਆਂ ਦੇ ਮੂੰਹ ਬੰਦ ਕਰ ਦੇਂਦੇ ਹੈਨ।' ਫੇਰ ਓਸਨੂੰ ਏਹੋ ਪ੍ਰਕਾਰ ਭਾਵ ਪ੍ਰਕਾਸ਼ ਦਤ ਰਾਮ ਵਾਲੇ ਟੀਕੇ ਵਾਲੇ ਚੋਂ ਦਿਖਲਾਯਾ, ਤੇ ਓਹ ਮੰਨ ਗਿਆ।ਫੇਰ ਓਸ ਮੇਰੇ ਤੇ ਸ੍ਵਾਲ ਕੀਤਾ ਕਿ 'ਇੱਕ ਥਾਂ ਰੋਮ ਹੁੰਦੇ ਹਨ ਇੱਕ ਥਾਂ ਨਹੀਂ, ਮੈਂ ਕਿਹਾ ਕੇ 'ਜਾਂ ਮੇਦਾ ਦੀ ਬ੍ਰਿਧਿ ਹੋਵੇ ਤਦ ਨਹੀਂ ਉਗਦੇ ਜੈਸੇ ਚਿੱਕੜ ਵਿਚ ਬੀ ਬੋਯਾ। ਜਾਂ ਮੇਦਾ ਦੀ ਕਮੀ ਕਰਕੇ ਜੈਸੇ ਸੁੱਕੀ ਜਗਾ ਵਿੱਚ ਬੀ ਬੋਯਾ ਹੋਯਾ।' (੨) ਦੂਸਰਾ ਸ੍ਵਾਲ ਓਸ ਕੀਤਾ ਕੇ 'ਦੰਦ ਕੀ ਹੈਨ?' ਮੈਂ ਕਿਹਾ ਹੱਡੀਆਂ' ਓਸ ਕਿਹਾ 'ਏਹ ਹੱਡੀਆਂ ਨਹੀਂ ਮੰਨੀਆਂ, ਏਹ ਉਪ ਧਾਤੂ ਮੰਨੇ ਹੈਨ।' ਮੈਂ ਕਿਹਾ 'ਮੈਂ ਏਹ ਨਹੀਂ ਕਿਤੇ ਪੜ੍ਹਿਆ' ਓਸ ਕਿਹਾ 'ਸ਼ਾਇਦ ਬਾਗ ਭੱਟ ਵਿਚ ਹੈ।

(੩) ਤੀਸਰਾ ਸਵਾਲ ਓਸ ਕੀਤ ਾਕਿ ਔਰਤ ਸਤਨ ਕਿਉਂ ਬ੍ਰਿਧ ਹੁੰਦੇ ਹਨ? ਮੈਂ ਕਿਹਾ 'ਔਰਤ ਦੇ ਦੋ ਸਤਨ ਆਸ਼ਬ ਮੰਨੇ ਹੈਨ, ਉਨ੍ਹਾਂ ਆਸ਼ਿਆਂ ਦੇ ਵਿੱਚ ਰਕਤ ਬ੍ਰਿੱਧੀ ਹੋ ਕੇ ਇਹ ਵਧਦੇ ਹੈਨ।' ਓਸ ਕਿਹਾ 'ਫੇਰ ਜੁਬਾ ਅਵਸਥਾ ਵਿਚ ਕਿਉਂ ਵਧਦੇ ਹੈਨ?' ਮੈਂ ਕਿਹਾ 'ਜੁਬਾ ਅਵਸਥਾ ਵਿਚ ਪਿੱਤ ਅਧਿਕ ਹੁੰਦੇ ਹੈਨ ਰਕਤ ਅਧਿਕ, ਤਿਸ ਕਾਰਨ ਤੇ ਸਤਨ ਬ੍ਰਿੱਧ ਹੁੰਦੇ ਹੈਨ' ਤਬ ਮੰਨਿਆਂ। ਫੇਰ ਮੈਂ ਓਸ ਤੇ ਸਵਾਲ ਕੀਤੇ (੧) ਇਕ ਬਾਪ ਦੇ ਦੋ ਪੁੱਤਰ ਹੈਨ, ਇੱਕ ਦਾ ਮੁਹਾਂਦਰਾ ਮਾਤਾ ਤੇ, ਤੇ ਇੱਕ ਦਾ ਪਿਤਾ ਤੇ, ਏਸ ਦਾ ਕੀ ਸਬਬ ਹੈ? (੨) ਦੂਸਰਾ ਕਿਸ ਨਾੜੀ ਦੇ ਵਿਚ ਵੀਰਯ ਇਸਥਿਤ ਹੋਇਆਂ ਪੁੱਤਰ ਉਤਪਨ ਹੁੰਦਾ ਹੈ? ਕਿਸ



Digitized by Panjab Digital Library | www.panjabdigilib.org

ਨਾੜੀ ਦੇ ਵਿਚ ਬੀਰਯ ਇਸਥਿਤ ਹੋਇਆਂ ਕੰਨਿਆਂ ਹੁੰਦੀ ਹੈ ? ਕਿਸ ਨਾੜੀ ਵਿਚ ਬੀਰਯ ਇਸਥਿਤ ਹੋਇਆਂ ਨਿਸਫਲ ਜਾਂਦਾ ਹੈ ?' (੩) ਸੰਨਿਪਾਤ ਜ੍ਵਰ ਹੋਣਾ ਨਹੀਂ ਚਾਹੀਦਾ ਕਿਉਂਕਿ ਜਲ ਤੇ ਅਗਨੀ ਇਕੱਠੇ ਰਹਿ ਨਹੀਂ ਸਕਦੇ, ਤੈਸੇ ਹੀ ਪਿੱਤ ਤੇ ਸਲੇਖਮ ਇਕਠੇ ਨਹੀਂ ਹੋਣੇ ਚਾਹੀਦੇ। (੪) ਸੰਨਪਾਤਿ ਜ੍ਵਰ ਇੱਕ ਵਾਰ ਇੱਕ ਰਾਹੀਂ ਕੁਪਿਤ ਹੋਣਾ ਨਹੀਂ ਚਾਹੀਦਾ ਕਿਉਂਕਿ ਏਨ੍ਹਾਂ ਦੇ ਵੇਲੇ ਭਿੰਨ ੨ ਹੈਨ। (੫) ਓਸ ਨੂੰ ਪੁਛਿਆ ਕਿ ਚਰਕ ਦੀ ਚਕਿਤਸਾ ਅੱਛੀ ਕਿਉਂ ਮੰਨੀ ਹੈ ? ਪਰ ਓਸ ਨੇ ਏਨ੍ਹਾਂ ਵਿਚੋਂ ਕੋਈ ਭੀ ਜਵਾਬ ਨਾ ਦਿਤਾ।" "ਸੰਮਤ ੧੯੫੬ ਹਾੜ ੨੧ ਸੋਮਵਾਰ ੩ ਜੁਲਾਈ ਸੰਨ ੧੮੯੯।"

ਹੋਰ:-

"ਰਾਧਾ ਹਕੀਮ ਡੰਡੇਰਾਂ ਦਾ ਬ੍ਰਾਹਮਣ ਹੱਟੀ ਤੇ ਆਇਆ ਤੇ ਸੁਭਾਵਕ ਗੱਲਾਂ ਚਲਦਿਆਂ ਓਸ ਨੇ ਕਿਹਾ ਕਿ 'ਮੇਰੇ ਵਰਗਾ ਨਿਦਾਨ ਸਾਡੇ ਇਰਦ ਗਿਰਦ ਕਿਸੇ ਨੂੰ ਨਹੀਂ ਆਉਂਦਾ, ਓਸਦੀ ਇਤਨੀ ਬਾਤ ਕਹਿਣ ਤੇ ਮੈਂ ਉਸ ਨੂੰ ਪੁਛਿਆ ਕੇ 'ਜਿਸ ਆਦਮੀ ਦਾ ਨਿਸਫ (ਅੱਧਾ) ਪਾਸਾ ਜਾਂ ਗ੍ਰੀਵਾ (ਧੌਣ) ਤੋਂ ਪੈਰਾਂ ਤਕ ਖੱਬਾ ਪਾਸਾ ਫੈਲਿਆ ਹੋਵੇ (ਜੋ ਕਿ ਮੇਦਾ ਇਕ ਪਾਸੇ ਦੁਖਤ ਹੋਨ ਤੇ ਵਾਤਜ ਵਿਸਰਪ ਰੋਗ ਸੀ) ਓਸ ਨੂੰ ਕੀਹ ਬੀਮਾਰੀ ਹੈ ? ਤੇ ਜਿਸ ਨੂੰ ਪਿੜਕਾਂ ਨਿਕਲਦੀਆਂ ਹੋਣ ਤੇ ੧੫ ਦਿਨ ਸ਼ਮਨ ਹੋ ਜਾਨ ਤੇ ੧੫ ਦਿਨ ਕੁਪਿਤ ਹੋ ਜਾਨ (ਜੋ ਕਿ ਸੁਕ੍ਰ ਪਰਮੇਹੀ ਪਿੜਕਾ ਸਾਨ) ਇਹ ਕੀ ਬੀਮਾਰੀ ਹੈ?" ਏਤਨੀ ਬਾਤ ਸੁਣ ਕੇ ਓਸ ਕੋਈ ਜਵਾਬ ਨਾ ਦਿੱਤਾ, ਤੇ ਚਲਾ ਗਿਆ। ਸੰਮਤ ੧੯੫੬ ਸਾਵਣ ੭ ਸ਼ੁਕਰਵਾਰ ੨੧ ਜੁਲਾਈ ੧੮੯੯।"

ਉਪ੍ਰੋਕਤ ਉਦਾਹਰਣਾਂ ਤੋਂ ਆਪਦੀ ਵੈਦਕ ਖੋਜ ਬਾਰੇ ਕੋਈ ਗੱਲ ਗੁੱਝੀ ਨਹੀਂ ਰਹਿ ਜਾਂਦੀ। ਹੋਰ ਵਿਸਤਾਰ ਕਰਨ ਦੀ ਲੋੜ ਨਹੀਂ।

ਆਪ ਜੀ ਦਾ ਇਸ਼੍ਟ ਪ੍ਰੇਮ, ਗੁਰਮਤਿ-ਦ੍ਰਿੜ੍ਹਤਾ, ਗੁਣ-ਗ੍ਰਾਹਕਤਾ ਤੇ ਅਨਮਤ ਵਿਚਾਰ ਭੀ ਸਲਾਹੁਣ ਯੋਗ ਹੈ। ਜ਼ਰਾ ਇਸਦਾ ਭੀ ਨਮੂਨਾ ਦੇਖੀਏ। ਆਪ ਲਿਖਦੇ ਹਨ—

"ਪਿੰਦੀ ਪੜ੍ਹਨ ਵਾਸਤੇ ਗਏ ਤੇ ਨਾਲ ਬਿਸ਼ੰਭਰ, ਏਸ ਦੀ ਅਫੀਮ ਘਰ ਰਹਿ ਗਈ ਤੇ ਫੇਰ ਈਸਾਈਆਂ ਦੇ ਕਬਰਸਤਾਨ ਪਾਸੋਂ ਮੁੜਕੇ



Digitized by Panjab Digital Library | www.panjabdigilib.org

ਅਫੀਮ ਲੈਣ ਗਿਆ, ਤੇ ਪੰਡਤ ਜੈ ਦਿਆਲ ਜੀ ਤੋਂ ਸੰਥਾ ਪੜ੍ਹਕੇ ਤੇ ਮਗਰੋਂ ਗੁਰ ਰੀਤੀ ਅਨੁਸਾਰ ਵਿਵਾਹ ਸੰਸਕਾਰ ਤੇ ਚਰਚਾ ਹੋਈ। ਉਨ੍ਹਾਂ ਨੂੰ ਇਹ ਰੀਤੀ ਲਾਭਦਾਇਕ ਮਨਾਈ। ਫੇਰ ਦੇਵ ਪੂਜਨ ਪਰ ਚਰਚਾ ਹੋਈ। ਫੈਸਲਾ ਹੋਯਾ ਕਿ ਬਗੈਰ ਆਪਣੇ ਇਸ਼੍ਰ ਤੋਂ ਕੋਈ ਨਹੀਂ ਮੰਨਣਾ ਚਾਹੀਏ। ਫਿਰ ਵਰਤਾਦਿਕਾਂ ਪਰ ਫੈਸਲਾ ਇਹ ਹੋਯਾ ਕੇ ਏਹ ਏਸ ਵਾਸਤੇ ਕਾਇਮ ਕੀਤੇ ਸਨ ਕੇ ਏਸ ਨਮਿੱਤ ਨਾਲ ਹੀ ਕੁਛ ਦਾਨ ਹੋ ਜਾਯਾ ਕਰੂ।"

"ਸੰਮਤ ੧੯੫੬ ਭਾਦਰੋਂ ੧੦ ਵੀਰਵਾਰ ੨੪ ਅਗਸਤ ਸੰਨ ੧੮੯੯"

ਪੰਡਤ ਜੈ ਦਿਆਲ ਸਿੰਘ ਜੀ ਪਿੰਦੀ ਵਾਲੇ ਜਿਨ੍ਹਾਂ ਪਾਸ ਆਪ ਵੈਦਕ ਵਿਦਿਆ ਪੜ੍ਹੇ ਸਨ, ਵਿਦਵਾਨ ਹੋਣ ਤੋਂ ਇਲਾਵਾ ਬੜੇ ਬਹਿਸ ਮੁਬਾਹਸਾ ਕਰਨ ਵਾਲੇ ਸਨ। ਭਾਵੇਂ ਭਾਈ ਸਾਹਿਬ ਜੀ ਉਨ੍ਹਾਂ ਦੀ ਪੂਰੀ ਪੂਰੀ ਇਜ਼ਤ ਕਰਦੇ ਸਨ, ਪਰ ਜਦ ਕਦੇ ਭੀ ਉਹ ਸਿਖ ਪੰਥ ਉੱਪਰ ਜਾਂ ਸਿੱਖ ਗੁਰੂਆਂ ਬਾਰੇ ਕੋਈ ਬਹਿਸ ਛੇੜਦੇ, ਕੋਈ ਕਟਾਖ਼ ਕਰਦੇ ਤਾਂ ਭਾਈ ਸਾਹਿਬ ਚੁੱਪ ਨਾ ਰਹਿੰਦੇ ਤੇ ਨਿਧੜਕ ਗੁਰ ਸਿੱਖਾਂ ਵਾਲਾ ਉੱਤਰ ਦਿੰਦੇ। ਆਪ ਦੱਸਦੇ ਹੁੰਦੇ ਸਨ ਕਿ ਪੰਡਤ ਜੀ ਨੇ ਭਾਵੇਂ ਕਈ ਵਾਰ ਪ੍ਰਣ ਕੀਤਾ ਕਿ ਅੱਗੋਂ ਕਦੇ ਭੀ ਤੁਹਾਡੇ(ਭਾ: ਮੋਹਨ ਸਿੰਘ),ਨਾਲ ਮਜ਼੍ਹਬ ਬਾਰੇ ਬਹਿਸ ਨਹੀਂ ਕਰਨੀ, ਪਰ ਫੇਰ ਭੀ ਰਿਹਾ ਨਾ ਜਾਂਦਾ, ਤੇ ਕਦੇ ਨਾ ਕਦੇ ਗੱਲ ਛੇੜ ਹੀ ਬੈਠਦੇ। ਏਧਰੋਂ ਭਾਈ ਸਾਹਿਬ ਭੀ ਸਦਾ ਤਿਆਰ ਬਰ ਤਿਆਰ ਹੀ ਰਹਿੰਦੇ ਸਨ,ਪੰਜੀਂ ਸੱਤੀਂ ਜ਼ਰੂਰ ਝੜਪ ਹੋ ਹੀ ਜਾਂਦੀ।

ਇਕ ਦਿਨ ਪੰਡਤ ਆਸਾ ਨੰਦ ਨਾਲ ਭੀ ਭਾਈ ਸਾਹਿਬ ਦੀ ਸੁਹਣੀ ਝੜਪ ਹੋਈ। ਓਹ ਪੰਡਤ ਜੀ ਆਮ ਲੋਕਾਂ ਵਿਚ ਡਾਢਾ ਛਿੱਥਾ ਹੋਕੇ ਗਿਆ। ਪੰਡਤ ਜੈ ਦਿਆਲ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਬੜੇ ਖੁਸ਼ੀ ਤੇ ਦੁਖੀ ਹੋਏ। ਖੁਸ਼ੀ ਇਸ ਲਈ ਕਿ ਮੇਰੇ ਇਕ ਸ਼ਾਗਿਰਦ ਨੇ ਬੜੇ ਮਾਨਨੀਯ ਪੰਡਤ ਨੂੰ ਹਰਾਇਆ ਹੈ ਤੇ ਦੁਖੀ ਇਸ ਲਈ ਕਿ ਇਕ ਜਾਤ ਭਾਈ (ਬ੍ਰਾਹਮਨ) ਦੀ ਹਤਕ ਹੋਈ ਹੈ। ਅੰਤ ਭਾਈ ਸਾਹਿਬ ਨੂੰ ਕਿਹਾ ਕਿ ਅੱਗੋਂ ਕਿਸੇ ਬ੍ਰਾਹਮਣ ਦਾ ਅਪਮਾਨ ਨਾ ਕਰਨਾ ਤੇ ਇਸ ਦੇ ਇਵਜ਼ ਵਿਚ ਆਪ ਨੇ ਖੁਸ਼ ਹੋਕੇ ਕਿਹਾ ਕਿ ਮੈਂ ਤੈਨੂੰ ਹਰ ਪਾਸੇ



Digitized by Panjab Digital Library | www.panjabdigilib.org

ਅਜਿੱਤ ਬਣਾ ਦੇਵਾਂਗਾ। ਇਸ ਸਾਰੇ ਹਾਲ ਨੂੰ ਭਾਈ ਸਾਹਿਬ ਜੀ ਦੀ ਆਪਣੀ ਜ਼ਬਾਨੀ ਹੀ ਸੁਣੋ ਜੋ ਆਪ ਆਪਣੇ ਰੋਜ਼ਨਾਮਚੇ ੨੧ ਦਸੰ-ਬਰ ੧੮੯੯ ਵਿਚ ਇਸਤਰ੍ਹਾਂ ਲਿਖਦੇ ਹਨ:–

"ਪੰਡਤ ਜੈ ਦਿਆਲ ਜੀ ਅਧਿਆਪਕ ਵੈਦਕ ਵਿਦਿਆ ਦੇ ਲਾਹੌਰੋਂ ਆਏ, ਤੇ ਅਪੀਲ ਇਨ੍ਹਾਂ ਦੀ ਖਾਰਜ ਹੋ ਗਈ, ਜਿਸ ਦੇ ਵਾਸਤੇ ਬਹੁਤ ਸਾਰੇ ਅਨੁਸ਼ਟਾਨ (ਹਵਨ, ਜਪ) ਵਗੈਰਾ ਕੀਤੇ ਸਨ। ਪ੍ਰਸ਼ਾਦ ਰਾਤ ਘਰ ਛਕਿਆ ਤੇ ਫੇਰ ਪੰਡਤ ਜੀ ਨੂੰ ਆਸਾ ਨੰਦ ਰੈਆਂ ਵਾਲੇ ਬਾਬਤ ਬਾਤ ਸੁਣਾਈ ਤਾਂ ਬਹੁਤ ਖੁਸ਼ ਹੋਏ ਤੇ ਕਿਹੋ ਨੇ ਕੇ 'ਤੂੰ ਬਗੈਰ ਕਿਸੇ ਬ੍ਰਾਹਮਣ ਦੇ ਕੁਛ ਕਹੇ ਤੇ ਜੇ ਕਿਸੇ ਨੂੰ ਕੁਛ ਨਾ ਕਹੇ ਤਾਂ ਮੇਰਾ ਧਰਮ ਹੋਯਾ ਕੇ ਮੈਂ ਤੈਨੂੰ ਆਪਣੇ ਨਾਲੋਂ ਵਧਕੇ ਵੈਦਜ ਬਣਾ ਦੇਵਾਂਗਾ। ਅਸੀਂ ਕਿਸੇ ਸਭਾ ਵਿਚ ਭਾਵੇਂ ਸ਼ਿਕਸਤ ਖਾ ਜਾਵੀਏ ਪਰ ਤੂੰ ਨਾ ਖਾਵੇਂਗਾ'। ਮੈਂ ਕਿਹਾ ਜੀ ਆਪ ਆਪਣੇ ਏਸ ਵਾਕ ਨੂੰ ਪੂਰਾ ਕਰੋ ਤਾਂ ਮੈਂ ਆਪਣੇ ਆਪ ਕਿਸੇ ਬ੍ਰਾਹਮਣ ਨੂੰ ਕੁਛ ਨਹੀਂ ਕਹਾਂਗਾ ਜੇ ਓਹ (ਬ੍ਰਾਹਮਨ) ਪਹਿਲੇ ਕੁਛ ਕਹੇ ਤਾਂ ਓਸ ਨੂੰ ਜਰੂਰ ਉੱਤਰ ਦੇਵਾਂਗਾ। ਓਨ੍ਹਾਂ ਨੇ ਮਨਜੂਰ ਕੀਤਾ।"

ਅੱਗੇ ਆਪਦੀ ਬੇਬਾਕੀ, ਸ਼ੁਭ ਚਿੰਤਕਤਾ ਤੇ ਧਰਮ ਭਾਵ, ਦਾ ਭੀ ਇੱਕ ਨਮੂਨਾ ਦੇਖਣਾ ਵਿਅਰਥ ਨਹੀਂ ਹੋਵੇਗਾ। ਭਾਈ ਸਾਹਿਬ ਭਾਈ ਠਾਕਰ ਸਿੰਘ ਜੀ ਪ੍ਰਸਿੱਧ ਗਿਆਨੀ ਤੇ ਭਾਈ ਸਾਹਿਬ ਗਿਆਨੀ ਸਰਦੂਲ ਜੀ ਅੰਮ੍ਰਿਤਸਰ ਵਾਲੇ ਆਪ ਦੇ ਖਾਸ ਮਿੱਤ੍ਰਾਂ ਵਿੱਚੋਂ ਸਨ। ਇਕ ਨਵਾਂ ਅਖਬਾਰ 'ਨੌ ਜਵਾਨ ਖਾਲਸਾ ਬਹਾਦਰ' ਇਨ੍ਹਾਂ ਉਪ੍ਰੋਕਤ ਦੋਹਾਂ ਸਜਣਾਂ ਬਾਰੇ ਕੁਛ ਵਧ ਚੜ੍ਹ ਕੇ ਉਪਮਾਂ ਕਰਦਾ ਹੈ। ਪ੍ਰਸੰਸਾ ਵਿਚ ਜ਼ਮੀਨ ਅਸਮਾਨ ਦੇ ਕਲਾਬੇ ਮਿਲਾਉਂਦਾ ਹੈ। ਪਰਚਾ ਪੜ੍ਹਦੇ ਸਾਰ ਹੀ ਆਪ ਆਪਣੇ ਮਿਤ੍ਰਾਂ ਨੂੰ ਹੁਸ਼ਿਆਰ ਰਹਿਣ ਲਈ ਜ਼ਬਰਦਸਤ ਪ੍ਰੇਰਨਾ ਕਰਦੇ ਹਨ ਤੇ ਨਾਲ ਹੀ ਭਾਈ ਦਿੱਤ ਸਿੰਘ ਜੀ ਗਿਆਨੀ ਐਡੀਟਰ ਅਖਬਾਰ 'ਖਾਲਸਾ' ਨੂੰ ਇਸ ਉੱਪਰ ਆਪਣੇ ਅਖਬਾਰ ਵਿਚ ਇੱਕ ਜ਼ਬਰਦਸਤ ਨੋਟ ਲਿਖਣ ਦੀ ਪ੍ਰੇਰਨਾ ਕਰਦੇ ਹਨ। ਅਸਲ ਇਸਤਰ੍ਹਾਂ ਹੈ:–

"ਅਮ੍ਰਿਤ ਸਰੋਂ ਅਖਬਾਰ 'ਨੌ ਜਵਾਨ ਖਾਲਸਾ ਬਹਾਦਰ' ਆਯਾ



Digitized by Panjab Digital Library | www.panjabdigilib.org

ਪਹਿਲਾ ਹੀ ਪਰਚਾ ਹੈ।"                    ੨੪ ਅਕਤੂਬਰ ੧੮੯੯

ਅਗੇ ਦੂਜੇ ਦਿਨ:-

"ਲਾਹੌਰ, ਭਾਈ ਦਿਤ ਸਿੰਘ ਜੀ ਐਡੀਟਰ ਖਾਲਸਾ ਅਖਬਾਰ ਜੋਗ ਲਿਖਿਆ ਕੇ 'ਨੌ ਜਵਾਨ ਖਾਲਸਾ ਬਹਾਦਰ' ਅਖਬਾਰ ਵਿਚ ਭਾਈ ਠਾ: ਸਿੰਘ ਜੀ ਦੀ ਤੇ ਭਾ: ਸ: ਦੂ: ਸਿੰਘ ਜੀ ਗ: ਅੰ: ਜੀ ਦੀ ਹੀ ਉਪਮਾਂ ਦੇ ਸਵਾਏ ਹੋਰ ਕੁਛ ਨਹੀਂ ਸੀ, ਜੇ ਉਹ ਹਮੇਸ਼ ਹੀ ਐਸਾ ਲਿਖਦੇ ਰਹੇ ਤਾਂ ਓਹ ਦੋਵੇਂ ਆਪਣੇ ਆਪ ਨੂੰ ਗੁਰੂ ਮੰਨ ਲੈਣਗੇ ਤੇ ਪੂਜਾ ਕਰੌਣ ਲੱਗ ਜਾਣਗੇ, ਏਸ ਵਾਸਤੇ ਆਪ ਨੂੰ ਲਿਖਣਾ ਚਾਹੀਦਾ ਹੈ। ੨੫-੧੦-੧੮੯੯

ਆਪ ਨੂੰ ਗੁਰਮਤ ਪ੍ਰਚਾਰ ਦੀ ਖਿਚ ਕੇਹੋ ਜੇਹੀ ਸੀ, ਆਪ ਦੀ ਪ੍ਰਸਿੱਧਤਾ ਓਸ ਵੇਲੇ ਕੇਹੋ ਜੇਹੀ ਸੀ ਤੇ ਆਪ ਨੂੰ ਬਾਹਰੋਂ ਸਿੰਘ ਸਭਾਵਾਂ ਵੱਲੋਂ ਪ੍ਰਚਾਰ ਲਈ ਕਿਵੇਂ ਸੱਦੇ ਆਉਂਦੇ ਸਨ ਦਾ ਭੀ ਤੁਛ ਜੇਹਾ ਨਮੂਨਾ ਭੇਟ ਕਰਦਾ ਹਾਂ।

"ਆਗਰੇ ਦੀ ਸਿੰਘ ਸਭਾ ਦੇ ਸਾਲਾਨੇ ਜਲਸੇ ਬਾਬਤ ਇਸ਼ਤਿਹਾਰ ਤੇ ਸੱਦਾ ਆਇਆ।                    ੨੫ ਦਸੰਬਰ ੧੮੯੯"

ਹੋਰ::-

"ਸਿੰਘ ਸਭਾ ਬਾਗੜੀਆਂ ਰਿਆਸਤ ਨਾਭਾ ਤੋਂ ਲਫਾਫਾ ਆਇਆ, ਭਾਈ ਸੁਮੇਰ ਸਿੰਘ ਜੀ ਸੈਕ੍ਰੇਟਰੀ ਸਭਾ ਦਾ, ਕਿ ਏਥੇ ਸਿੰਘ ਸਭਾ ਦਾ ਜਲਸਾ ੧੩, ੧੪ ਕੱਤਕ ਨੂੰ ਹੈ ਆਪ ਜਰੂਰ ਦਰਸ਼ਨ ਦੇਵੋ।"

੧੯ ਅਕਤੂਬਰ ੧੮੯੯

ਹਰੀ ਪੁਰ ਸਿੰਘ ਸਭਾ ਦੇ ਪ੍ਰੈਜੀਡੈਂਟ ਬਾਬਾ ਜੀਤ ਸਿੰਘ ਤੇ ਸੈਕ੍ਰੇਟਰੀ ਦਲੀਪ ਸਿੰਘ ਦੀ ਪੱਤ੍ਰਕਾ ਆਈ ਬਾਬਤ ਸਬੂਤ ਤਮਾਕੂ ਨਿੰਦਾ ਦੇਬਾਰੇ, ਵਿਚ ਮੰਗਣਦੇ" "ਹਰੀ ਪੁਰ ਵਾਲਿਆਂ ਨੂੰ ਜਵਾਬ ਵਿਚ ਥੋੜੀ ਜੇਹੀ ਚਿੱਠੀ ਤੇ ੧੯ ਸਲੋਕ ਸੰਸਕ੍ਰਿਤ ਵਿਚ ਸਕੰਧ ਪੁਰਾਨ ਮਥੁਰਾ ਖੰਡ ੫੨ ਧਿਯਾ ਦੇ ਲਿਖੇ।"                    ੧ ਜੁਲਾਈ ੧੮੯੯

"ਹਰੀ ਪੁਰ ਵਾਲਿਆਂ ਨੂੰ ਬਾਕੀ ੭ ਸਲੋਕ ਤੇ ਚਿੱਠੀ ਤੇ ਹੋਰਨਾਂ ਗ੍ਰੰਥਾਂ ਦੇ ਪਤੇ ਲਿਖਕੇ ਭੇਜੇ।"                    ੨ ਜੁਲਾਈ ੧੮੯੯

ਅੱਗੇ ਸ੍ਰੀ ਗੋਇੰਦ ਵਾਲ ਸਾਹਿਬ ਦੇ ਮੇਲੇ ਉੱਪਰ ਕੀਤੇ ਧਰਮ



Digitized by Panjab Digital Library | www.panjabdigilib.org

ਪ੍ਰਚਾਰ ਬਾਰੇ ਲਿਖਦੇ ਹਨ।

"ਸਵੇਰੇ ਅਮ੍ਰਿਤ ਵੇਲੇ ਕਰੀਬ ਤੜਕੇ ੪ ਬਜੇ ਦੇ ਉਠ ਕੇ ਦਰਿਆ ਤੇ ਇਸ਼ਨਾਨ ਕਰਨ ਵਾਸਤੇ ਗਏ ਤੇ ਓਥੇ ਚਾਚਾ ਲਾਲ ਸਿੰਘ ਜੀ ਤੇ ਭਰਾ ਗੁਲਾਬ ਸਿੰਘ ਜੀ ਤੇ ਭਗਵਾਨ ਸਿੰਘ ਮਿਲੇ। ਓਥੇ ਇਸ਼ਨਾਨ ਕਰਕੇ ਫੇਰ ਆਣ ਕੇ ਬੌਲੀ ਸਾਹਿਬ ਜੀ ਇਸ਼ਨਾਨ ਕੀਤਾ। ਓਸ ਤੋਂ ਉਪ੍ਰੰਤ ਸ੍ਰੀ ਦਰਬਾਰ ਸਾਹਿਬ ਜੀ ਤੇ ਚੁਬਾਰੇ ਸਾਹਿਬ ਜੀ ਪ੍ਰਸ਼ਾਦ ਚੜ੍ਹਾ ਕੇ......... ਸੈਲ ਨੂੰ ਗਏ, ਤੇ ਮੈਂ ਭਾਈ ਹਰਿਨਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਚੌਂਕ ਬਾਬਾ ਸਾਹਿਬ ਤੇ ਤੇਜਾ ਸਿੰਘ ਇਕ ਲੜਕਾ ਖਾ: ਕਾ: ਅ: ਜੀ, ਜੋ ਪਹਿਲੇ ਮੋਨਾ ਸੀ, ਪਿੰਡ ਮਾਲੂਮ ਨਹੀਂ, ਬੌਲੀ ਸਾਹਿਬ ਦੀ ਛੱਤ ਦੇ ਦੱਖਣ ਭਾਗ ਬਾਗ ਵਿਚ ਖਲੋ ਕੇ ਧਰਮ ਉਪਦੇਸ ਕਹੇ। ਪ੍ਰਥਮ ਦੋ ਸ਼ਬਦਾਂ ਨੂੰ ਗਾ ਕੇ ਤੇ ਓਸ ਦੇ ਅਰਥ ਭਾਵ ਨੂੰ ਦਾਸ ਨੇ ਸੁਣਾਇਆ ਕਿ ਏਥੇ ਤੀਰਥਾਂ ਤੇ ਔਣ ਦਾ ਏਹੋ ਹੀ ਲਾਭ ਹੈ ਕਿ ਪ੍ਰਮੇਸ਼ਵਰ ਦਾ ਭਜਨ ਕਰੋ ਤੇ ਆਪਣੇ ਮਨ ਨੂੰ ਸ਼ੁੱਧ ਕਰੋ। ਓਸ ਤੋਂ ਮਗਰੋਂ ਓਸ ਤੇਜਾ ਸਿੰਘ ਕਿਹਾ, ਓਸਤੋਂ ਮਗਰੋਂ ਹ: ਨਾ: ਸਿੰ: ਨੇ ਓਸ ਤੋਂ ਪਸਚਾਤ ਫੇਰ ਦਾਸ ਨੇ ਕੁੱਛ ਸ਼ਰਾਧਾਂ† ਦੀ ਬਾਬਤ ਕਿਹਾ ਤੇ ਕੁੱਛ ਸਜਣਾਂ ਨੇ ਇਕਰਾਰ ਕੀਤੇ ਕੇ ਅਸੀਂ ਏਸ ਬੁਰੀ ਰੀਤੀ ਦਾ ਤਿਆਗ ਅੱਜ ਤੋਂ ਹੀ ਕਰ ਦਿੱਤਾ, ਤੇ ਓਥੇ ਕੁੱਛ ਗੁਟਕੇ ਨਿੰਦਤ ਭ੍ਰਿਸ਼ਟਾਚਾਰ ਦੇ ਵੰਡੇ ਤੇ ਇਕ ਬਾਰਾ ਮਾਹ ਤੇ: ਸਿੰ: ਜੋਗ ਦਿੱਤਾ ਤੇ ਉਪਦੇਸ਼ ਖਤਮ ਹੋਇਆ। ਸ੍ਰੀ ਵਾ: ਖਾ: ਸ੍ਰੀ: ਫ: ਗਜਾਈ ਤੇ ਸਭ ਆਪਣੇ ਆਪਣੀ ਜਗਾ ਗਏ।" ੧੯ ਦਸੰਬਰ ੧੮੯੯

ਧਾਰਮਕ ਰੁਚੀ ਬਾਰੇ ਭੀ—ਜੇਹੋ ਜੇਹਾ ਕਿ ਆਪ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੂੰ ਬਣਾਉਣਾ ਚਾਹੁੰਦੇ ਸਨ ਦਾ—ਕੁਛ ਨਮੂਨਾ ਦੇ ਕੇ ਇਸ ਰੋਜ਼ਨਾਮਚੇ ਨੂੰ ਬੰਦ ਕਰਦੇ ਹਾਂ।

ਸਕੂਲ ਦੇ ਮਾਸਟਰ ਸਾਹਿਬ ਨਾਲ ਵਿਦਿਆਰਥੀਆਂ ਦੀ ਧਾਰਮਿਕ

---

† ਇਨਾਂ ਖਿਆਲਾਂ ਨੂੰ ਵਿਸਤਾਰ ਸਹਿਤ ਵੇਖਣ ਲਈ ਪਾਠਕਾਂ ਨੂੰ ਭਾਈ ਸਾਹਿਬ ਜੀ ਲਿਖਤ 'ਮਨਮਤ ਪ੍ਰਹਾਰ ਲੜੀ' ਦਾ ਪੁਸਤਕ ਨੰ: ੧ ਅਰਥਾਤ 'ਸਰਾਧ ਪ੍ਰਬੋਧ' ਦੇਖਣਾ ਚਾਹੀਦਾ ਹੈ। ਜੋ ਪਹਿਲੀ ਵਾਰ ੭ ਜੇਠ ਸੰਮਤ ੪੩੪ ਨਾਨਕ ਸ਼ਾਹੀ ਨੂੰ ਛਾਪਿਆ ਗਿਆ ਸੀ।



Digitized by Panjab Digital Library | www.panjabdigilib.org

ਅਵਸਥਾ ਬਾਰੇ ਗਲ ਬਾਤ ਹੁੰਦੀ ਹੈ ਤੇ ਆਪ ਜਿਵੇਂ ਪਰਚੇ ਲਿਖਦੇ ਹਨ। ਉਸ ਵਿਚ ਆਪਦੇ ਦਿਲ ਦੀ ਧਾਰਮਿਕ ਅਵਸਥਾ ਦੀ ਫੋਟੋ ਸਾਫ ਦਿਸ ਆਉਂਦੀ ਹੈ। ਰੋਜ਼ਨਾਮਚੇ ਵਿਚ ਇਸ ਤਰ੍ਹਾਂ ਦਰਜ ਹੈ:–

"ਬਰਡ ਮਾਸਟਰ ਹਾਈ ਸਕੂਲ ਭਾਈ ਨੌਰੰਗਸਿੰਘ ਜੀ ਜੋਗ ਕਿਹਾ ਕਿ 'ਲੜਕਿਆਂ ਦੇ ਗੁਰਮੁਖੀ ਇਮਤਿਹਾਨ ਵਿੱਚ ਮਜ਼ਹਬੀ ਤਾਲੀਮ ਦੇਖਣੀ ਚਾਹੀਦੀ ਹੈ' ਤਦ ਉਨ੍ਹਾਂ ਨੇ ਕਿਹਾ ਕਿ 'ਆਪ ਸਾਨੂੰ ਸੁਆਲ ਲਿਖ ਭੇਜੋ,ਫਿਰ ਅਸੀਂ ਉਹ ਪਰਚੇ ਆਪਦੇ ਪਾਸ ਹੀ ਦੇਖਣ ਵਾਸਤੇ ਭੇਜਾਂਗੇ।"

੧੦ ਦਸੰਬਰ ੧੮੯੯

"ਮਾਸਟਰ ਨੌਰੰਗ ਸਿੰਘ ਜੀ ਨੂੰ ਵਾਸਤੇ ਲੜਕਿਆਂ ਦੇ ਇਮਤਿਹਾਨ ਦੇ ੮ ਸੁਆਲ ਲਿਖ ਕੇ ਦਿਤੇ:—

(੧) ਆਪ ਗੁਰੂ ਸਾਹਿਬਾਂ ਨੂੰ ਕੀ ਸਮਝਦੇ ਹੋ? ਪ੍ਰਮੇਸ਼ਰ, ਅਵਿਤਾਰ, ਯਾ ਮਾਮੂਲੀ ਮਨੁਸ਼ ਦੀ ਤਰਹ?

(੨) ਇਸਤ੍ਰੀਆਂ ਨੂੰ ਅਮ੍ਰਿਤ ਛਕੌਣਾ ਚਾਹੀਦਾ ਹੈ ਜਾਂ ਨਹੀਂ?

(੩) ਭਗੌਤੀ ਕਿਸਨੂੰ ਕਹਿੰਦੇ ਹਨ?

(੪) ਹੋਰਨਾ ਧਰਮਾਂ ਨਾਲੋਂ ਖਾਲਸਾ ਪੰਥ ਵਿਚ ਕੀ ਵਾਧਾ ਹੈ?

(੫) ਹੋਰਨਾ ਧਰਮਾਂ ਦੇ ਧਰਮ ਪੁਸਤਕਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹ ਵਾਧਾ ਹੈ?

(੬) ਬੁਤ ਪ੍ਰਸਤੀ ਜਾਂ ਮੂਰਤੀ ਪੂਜਨ ਕਿਸ ਨੂੰ ਕਹਿੰਦੇ ਹਨ?

(੭) ਗੁਰੂ ਕਿਸਨੂੰ ਕਹਿੰਦੇ ਹਨ? ਸ੍ਰੀ ਗ੍ਰੰਥ ਸਾਹਿਬ ਜੀ ਬਗੈਰ ਕਿਸੇ ਆਦਮੀ ਦੇ ਪੜ੍ਹਨੇ ਦੇ ਸਾਨੂੰ ਉਪਦੇਸ਼ ਨਹੀਂ ਕਰ ਸਕਦੇ। ਆਪ ਦੱਸੋ ਕਿ ਆਪ ਉਸ ਪੜ੍ਹਨੇ ਵਾਲੇ ਨੂੰ ਵੱਡਾ ਜਾਣਦੇ ਹੋ ਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ?

(੮) ਜਦੋਂ ਆਪ ਕਿਸੇ ਗੈਰ ਮਜ਼ਹਬ ਵਿਚ ਜਾਨੇ ਵਾਲੇ ਨੂੰ ਕਹੋ ਕਿ ਤੂੰ ਏਕ ਪਿਤਾ ਨੂੰ ਛੋਡਿ ਦੂਸਰੇ ਨੂੰ ਧਾਰਨ ਕੀਤਾ ਹੈ ਤਾ ਉਹ ਤੁਹਾਨੂੰ ਜਵਾਬ ਦੇਵੇਗਾ ਕਿ ਮੈਂ ਤਾ ੧ ਛੋਡ ਕੇ ਦੂਸਰੇ ਨੂੰ ਗ੍ਰਹਣ ਕੀਤਾ ਹੈ ਪ੍ਰੰਤੂ ਤੁਸੀਂ ਆਪਣੇ ੧੦ ਗੁਰੂ ਸਾਹਿਬਾਨ ਨੂੰ ੧੦ ਪਿਤਾ ਮੰਨਦੇ ਹੋ ਤਾ ਆਪ ਇਸਦਾ ਕੀ ਜੁਆਬ ਦੇਵੋਗੇ? ੨੧ ਦਸੰਬਰ ੧੮੯੯

ਇਹ ਹੈ ਬਹੁਤ ਹੀ ਥੋੜਾ ਮੋਟਾ ਮੋਟਾ ਹਾਲ ਜੋ ਆਪਦੇ ਹੱਥੀਂ



Digitized by Panjab Digital Library | www.panjabdigilib.org

ਲਿਖੇ ਹੋਏ ੧੮੯੯ ਦੇ ਰੋਜ਼ਨਾਮਚੇ ਵਿਚੋਂ ਦਰਜ ਕੀਤਾ ਹੈ। ਇਸ ੧੮ ਸਾਲ ਦੀ ਉਮਰ ਦੇ ਨੌਜਵਾਨ ਦੇ ਦਿਲੀ ਖਿਆਲਾਂ, ਵਿੱਦਵਤਾ, ਧਾਰਮਿਕਤਾ, ਪੰਥ-ਪ੍ਰੇਮ, ਗੁਰਮਤ-ਪ੍ਰੇਮ, ਨਿਡਰਤਾ, ਨਿਧੜਕਤਾ ਆਦਿ ਗੁਣਾਂ ਦਾ ਸਾਫ ਪਤਾ ਲੱਗਦਾ ਹੈ । ਇਨ੍ਹਾਂ ਗੁਣਾਂ ਉੱਪਰ ਹੀ ਆਪਦੀ ਅਗਲੀ ਸਾਰੀ ਜ਼ਿੰਦਗੀ ਨਿਰਭਰ ਰਹੀ ਹੈ।

## *ਜ਼ਿੰਮੇਵਾਰੀ*

ਕਾਰੋਬਾਰ ਵਿਚ ਪੈਣ ਕਰਕੇ ਆਪ ਨੂੰ ਕਈ ਸੁਖ ਹੋ ਗਏ। ਦਾਨ ਦੇਣ ਤੇ ਪੁਸਤਕਾਂ ਆਦਿ ਖਰੀਦਣ ਲਈ ਹੱਥ ਖੁੱਲਾ ਹੋ ਗਿਆ। ਜੀਵਣ ਜ਼ਰਾ ਰਸੀਲਾ, ਜ਼ਿੰਮੇਵਾਰੀ ਵਾਲਾ ਤੇ ਗੰਭੀਰ ਬਣ ਗਿਆ। ਭਾਵੇਂ ਇਸ ਵੇਲੇ ਵੈਦਕ ਦਾ ਕੰਮ ਬਹੁਤ ਲਾਭਦਾਇਕ ਨਾ ਸੀ, ਕਿਉਂਕਿ ਇਕ ਤਾਂ ਆਪ ਦੇ ਪਿਤਾ ਜੀ ਦਾ ਮੁੱਢ ਤੋਂ ਹੀ ਦਾਨੀ ਸੁਭਾ ਸੀ, ਉਹ ਸ਼ਹਿਰ ਦੇ ਤਮਾਮ ਰੋਗੀਆਂ ਨੂੰ ਦਵਾਈ ਮੁਫਤ ਦਿੰਦੇ ਸਨ, ਉਪਰੋਂ ਸਾਡੇ ਵੈਦ ਜੀ ਸਪੁੱਤ੍ਰ ਹੋ ਗਏ। ਇਨ੍ਹੀ ਦਾਨ* ਨੂੰ ਹੋਰ ਚਾਰ ਚੰਦ ਲਾ ਦਿੱਤੇ ਅਨੇਕ ਲੋਕੀਂ ਬਾਹਰੋਂ ਆਉਂਦੇ, ਦਵਾਈਆਂ ਹੀ ਮੁਫਤ† ਨਹੀਂ ਲੈ ਜਾਂਦੇ, ਸਗੋਂ ਕਈ ਵਾਰ ਕਰਾਏ ਆਦਿ ਲਈ ਰੁਪਯੇ ਭੀ ਲੈ ਜਾਂਦੇ ਨੇ। ਬਾਹਰ ਦੂਰ ਦੁਰਾਡੇ ਰੋਗੀ ਦੇਖਣ ਜਾਂਦੇ ਤਾਂ ਫੀਸ ਲੈਣੀ ਤਾਂ ਇਕ ਪਾਸੇ ਰਹੀ, ਕਰਾਯਾ ਭੀ

---

*'ਖਾਲਸਾ ਦੀਵਾਨ ਦੀ ਕਿਤਾਬ ਨੰ. ੧੬੭ ਦੀਆਂ ੭ ਰਸੀਦਾਂ ਅੱਜ ਭਰੀਆਂ ੨॥) ਆਪਣੇ ਤੇ ੬) ਹੋਰ'। ਰੋਜਨਾਮਚਾ ੫-੭-੧੯੦੩।

'ਅੱਜ ਤੋਂ ਦੋ ਪੈਸੇ ਰੋਜ਼ ਸ੍ਰੀ ਦਰਬਾਰ ਸਾਹਿਬ ਜੀ ਚੜ੍ਹਾਵਨ ਦੀ ਜਗ੍ਹਾ ਸੰਗ੍ਰਾਂਤ ਵਾਲੇ ਦਿਨ ੧) ਦਾ ਕੜਾਹ ਪ੍ਰਸ਼ਾਦ ਤੇ ।—) ਅਰਦਾਸ ਮੁਕਰਰ ਕੀਤੀ'।

ਰੋਜਨਾਮਚਾ ੧੬-੮-੦੩

†"ਵਿਸਾਖੀ ਤੋਂ ਹੋਕੇ ਆਏ ਕਈ ਸਜਣ ਮਿਲਨ ਵਾਸਤੇ ਆਏ ਜ਼ੋ ਮੇਰੀ ਆਦਤ ਦੇ ਅਨੁਸਾਰ ਦਵਾਵਾਂ ਮੁਫਤ ਲੈ ਗਏ ਤੇ ਉਨ੍ਹਾਂ ਦਾ ਨਾਮ ਤਕ ਭੀ ਨਹੀਂ ਪੁਛਿਆ।"

੧੪ ਅਪ੍ਰੈਲ ੧੯੦੫



Digitized by Panjab Digital Library | www.panjabdigilib.org

ਆਪਣੇ ਪਾਸੋਂ ਹੀ ਲਾਉਂਦੇ ਤੇ ਦਵਾਈ ਮੁਫਤ ਕਰਦੇ। ਇਧਰ ਸਾਡੇ ਨੌ ਜਵਾਨ ਵੈਦ ਜੀ ਨੂੰ ਹੱਟੀ ਤੋਂ ਬਿਨਾ ਹੋਰ ਭੀ ਅਨੇਕ ਕੰਮ ਹੋਏ।

ਦਾਨ ਦਾ ਹੱਥ ਤਾਂ ਮੁਢੋਂ ਹੀ ਖੁੱਲ੍ਹਾ ਸੀ, ਕੌਮੀ ਆਸ਼੍ਰਮਾਂ, ਪੰਥਕ ਸਕੂਲਾਂ, ਗ਼ਰੀਬ, ਮੁਹਤਾਜ, ਸੰਤਾਂ, ਗੁਰਮੁਖਾਂ ਨੂੰ ਯਥਾ ਸ਼ਕਤਿ ਸਹਾਇਤਾ ਦੇਣੀ ਤੇ ਪੁਸਤਕਾਂ ਛਪਾ ਛਪਾਕੇ ਵੰਡਣ ਦਾ ਕੰਮ ਜ਼ੋਰਾਂ ਨਾਲ ਸ਼ੁਰੂ ਕੀਤਾ। ਬੰਬਈ, ਕਲਕੱਤਾ, ਬਨਾਰਸ, ਲਖਨਊ ਆਦਿ ਦੇ ਪ੍ਰਸਿੱਧ ਛਾਪੇਖਾਨਿਆਂ ਤੇ ਅਖਬਾਰਾਂ ਦੇ ਐਡੀਟਰਾਂ ਨਾਲ ਚਿੱਠੀ ਪੱਤ੍ਰ ਲੱਗਾ ਹੀ ਰਹਿੰਦਾ* ਤੇ ਜਿਥੇ ਭੀ ਜਾਂਦੇ ਆਪ ਵੱਧ ਤੋਂ ਵੱਧ ਪੁਸਤਕ ਹੀ ਖਰੀਦਦੇ । ਕੋਈ ਨ ਕੋਈ ਪੁਸਤਕਾਂ ਦਾ ਵੀ. ਪੀ. ਪੀ. ਆਇਆ ਹੀ ਰਹਿੰਦਾ । ਮਿਲਨ ਆਉਣ ਵਾਲਿਆਂ ਸੱਜਣਾਂ, ਪ੍ਰੇਮੀਆਂ, ਗੁਰਮੁਖਾਂ, ਪ੍ਰਚਾਰਕਾਂ ਤੇ ਮਹਾਤਮਾਵਾਂ ਦਾ ਭੀ ਕਾਫੀ ਖਰਚ ਸੀ। ਘਰ ਵਿਚ ਤਾਂ ਚੁਲ੍ਹਾ ਮਾਨੋ ਅੱਠੋ ਪੈਹਰ ਤਪਦਾ ਹੀ ਰਹਿੰਦਾ ਸੀ। ਅੱਛੀ ਸਰਾਂ ਵਾਂਗੂ ਦੋ ਆਏ ਤੇ ਚਾਰ ਗਏ ਦਾ ਤਾਂਤਾ ਲੱਗਾ ਹੀ ਰਹਿੰਦਾ ਸੀ। ਇਨ੍ਹਾਂ ਸਾਰੇ ਰੁਝੇਵਿਆਂ ਵਿੱਚ ਭੀ ਆਪ ਉਰਦੂ, ਸੰਸਕ੍ਰਿਤ ਦੇ ਵੈਦਕ ਹਿਕਮਤ ਤੇ ਡਾਕਟਰੀ ਆਦਿ ਦੇ ਪੁਸਤਕ ਪੜ੍ਹਨ, ਸੁਣਨ ਤੇ ਪੜ੍ਹਾਉਣ ਵਿੱਚ ਲੱਗੇ ਹੀ ਰਹਿੰਦੇ।

ਆਏ ਗਏ ਮਹਾਤਮਾਂ ਸੱਜਣ ਮਿੱਤ੍ਰਾਂ ਦੇ ਸਤਕਾਰ ਦਾ ਵੀ ਪੂਰਾ ਪੂਰਾ ਖਿਆਲ ਹੈ। ਗੁਰਮੁਖਾਂ ਸੰਤਾਂ ਮਹਾਤਮਾਂ ਦੇ ਸਤਸੰਗ ਨੂੰ ਭੀ ਪੁੱਜਣਾ ਹੋਇਆ, ਗੱਲ ਕੀ ਇਸ ਹੋਨਹਾਰ ਭਾਰਤ ਸਪੁੱਤ੍ਰ ਦਾ ਇਕ ਅਸਚਰਜ ਕਿਸਮ ਦਾ ਦਿਮਾਗ ਸੀ। ਅੱਠੋ ਪਹਿਰ ਹੀ ਰੁੱਝਾ ਰਹਿਣਾ ਤੇ ਫੇਰ ਇੱਕ ਇੱਕ ਸਮੇਂ ਵਿਚ ਹੀ ਕਈ ਕਈ ਕੰਮ ਕਰਨੇ ਆਪਦੀ ਖਾਸ ਸਿਫਤ ਸੀ।

---

*ਕਲਕੱਤੇ ਪੁਸਤਕਾਂ ਲਈ, ਅਤੇ ਮਥਰਾ ਤੇ ਮੈਟੀਰੀਆ ਮੈਡੀਕਾ ਵਾਲੇ ਨੂੰ ਜਵਾਬੀ ਕਾਰਡ, ਪੈਕਟ ਇੰਦੌਰ, ਭਾਰਤ ਮਿੱਤ੍ਰ ਨੂੰ ਕਾਰਡ ਜਵਾਬੀ ਤੇ ਬੰਬਈ ਸਮੁੰਦਰੀਕ ਡਾਇਰੀ। ਬੰਬਈ ਸ੍ਰੀ ਵੈਂਕਟੇਸ਼੍ਵਰ ਜੋਗ ਕਾਰਡ ਲਿ: । ੮. ੨. ੧੯੦੧. ਮਥੁਰਾ ਤੋਂ ੧੨) ਦਾ ਵੀ. ਪੀ. ਪੰਡਤ ਦੱਤ ਰਾਮ ਦੀਆਂ ਪੁਸਤਕਾਂ ਦਾ ਆਇਆ।
੨੭. ੩. ੧੯੦੧.



Digitized by Panjab Digital Library | www.panjabdigilib.org

ਆਪ ਦੇ ਦਾਨ ਦੀ ਅਨੋਖੀ ਹੀ ਰੀਤ ਸੀ। ਕਿਸੇ ਨੂੰ ਗ਼ਰੀਬ ਦੇਖਦੇ ਦ੍ਰਵ ਜਾਂਦੇ, ਕਿਸੇ ਪੰਥਕ ਆਸ਼੍ਰਮ ਨੂੰ ਦੇਖਕੇ ਮੋਮ ਹੋ ਜਾਂਦੇ। ਫੀਸ ਕੋਈ ਲੱਖ ਦੇਵੇ ਲੈਂਦੇ ਹੀ ਨਾ ਸਨ। ਆਪ ਦੇ ਰੋਜ਼ਨਾਮਚੇ ਵਿਚੋਂ ਦਾਨ ਦੇ ਢੰਗ ਤੇ ਆਪਦੀ ਦਾਨ ਧਾਰਾ ਦੇ ਕੁਛ ਕੁ ਨਮੂਨੇ ਦਰਜ ਕਰਦੇ ਹਾਂ।

'ਸੁਖੋ' ਤੋਂ ਭਾਈ ਗੁਰਦਿੱਤ ਸਿੰਘ ਜੀ ਪਟਵਾਰੀ ਕਟਾਰੀਆਂ ਵਾਲੇ ਦੇ ਭਾਈ ਨਾਨਕ ਸਿੰਘ ਜੀ ਆਏ। ਆਪਣੇ ਭਾਈ ਗੁਰਦਿੱਤ ਸਿੰਘ ਦਾ ਹਾਲ ਦੱਸ ਕੇ ਦਵਾਈ ਲੈ ਗਏ ੨॥) ਕਿਸੇ ਧਰਮ ਫੰਡ ਵਾਸਤੇ ਮੈਨੂੰ ਦਿਤੇ। ਸੋ ਸਕੂਲ ਫੰਡ ਵਿੱਚ ਜਮਾ ਕੀਤੇ ਗਏ। ਅਤੇ ੫) ਮੈਨੂੰ ਨਜ਼ਰ ਦੇਵਣ ਲੱਗੇ ਸੋ ਮੈਂ ਮੋੜ ਦਿੱਤੇ ਅਤੇ ਦਵਾਈ ਮੁਫਤ ਦਿੱਤੀ। ਪ੍ਰਸ਼ਾਦ ਘਰੋਂ ਛਕਾਯਾ ਤੇ ਰਾਤ ਬੈਠਕ ਵਿਚ ਨਿਵਾਸ ਕਰਵਾਯਾ। ੮--੧੨--੧੯੦੨

ਖਾਲਸਾ ਸਕੂਲ ਦੀ ਮਾਯਾ ਵਿਚ ਜ਼ਰਾ ਕਮੀਂ ਜਾਪੀ। ਮਾਸਟਰਾਂ ਨੂੰ ਤਨਖਾਹਾਂ ਦੇਣੀਆਂ ਹਨ। ਤਨਖਾਹਾਂ ਭੇਜਦੇ ਹਨ ਤੇ ਘਾਟਾ ਆਪਣੀ ਪਾਕਟ ਵਿਚੋਂ ਪੂਰਾ ਕਰਦੇ ਹਨ, ਇਸੇ ਹੀ ਤਰਾਂ ਹੋਰ ਸਭ ਹਨ।

"ਤਨਖਾਹਾਂ ਸਕੂਲ ਦੀਆਂ ਭੇਜੀਆਂ ੩੦) ਮੈਂ ਆਪਣੀ ਜੇਬ ਵਿਚੋਂ ਪਾ ਕੇ ਤਨਖਾਹਾਂ ਪੂਰੀਆਂ ਕਰਕੇ ਮਾਸਟਰ ਚੰਦਾ ਸਿੰਘ ਦੀ ਮਾਰਫਤ ਭੇਜੀਆਂ।" ੨੩--੯--੧੯੦੩

"ਮੁਨਸਫ ਸਾਹਿਬ ਨੇ ੭) ਦੀ ਕਮਿਸ਼ਨ ਫੰਡਾਂ ਦੀ ਦਿਤੀ ਜੋ ਵਾਪਸ ਕੀਤੀ।" ੧੩--੧੦--੧੯੦੫

"ਕਾਂਗੜੇ * ਵਗੈਰਾ ਦੇ ਮੁਸੀਬਤ ਜ਼ਦਾ ਸਜਣਾਂ ਦੀ ਸਹਾਇਤਾ ਵਾਸਤੇ ਚੀਫ ਖਾਲਸਾ ਦੀਵਾਨ ਨੂੰ ਰੁਪਏ ਭੇਜਣ ਵਾਸਤੇ ਜੋ ਭਾਈ ਸੰਤ ਸਿੰਘ ਜੀ

---

* ੪ ਅਪ੍ਰੈਲ ੧੯੦੫ ਮੁਤਾਬਕ ੨੩ਚੇਤ੍ਰ ੧੯੬੧ ਨੂੰ ਕਾਂਗੜੇ ਦਾ ਮਸ਼ਹੂਰ, ਮਾਰੂ ਭੂੰਚਾਲ ਆਇਆ ਸੀ। ਭਾਈ ਸਾਹਿਬ ਜੀ ੪ ਅਪ੍ਰੈਲ ਦੀ ਡਾਇਰੀ ਵਿਚ ਲਿਖਦੇ ਹਨ--"ਸਵੇਰੇ ਅਮ੍ਰਿਤ ਵੇਲੇ ੬--੭ ਤੇ ਭੂੰਚਾਲ ਬਹੁਤ ਹੀ ਸਖਤ ਆਇਆ ਸਾਰੇ ਨੋਟ ਕੀਤੇ ਜੋ ਇਸ ਤੋਂ ਬਾਦ ਕਈ ਵਾਰ ਮਾੜਾ ਮਾੜਾ ਆਇਆ। ਇਥੇ ਏਸ ਕਰਕੇ ਨਹੀਂ ਨੋਟ ਕੀਤੇ ਜੋ ਏਸ ਹਫਤੇ ਦੀ'ਖਾਲਸਾ ਸਮਾਚਾਰ'ਵਿਚ ਛਪ ਜਾਣਗੇ।'

ਜਾਪਦਾ ਹੈ ਖਾਲਸਾ ਸਮਾਚਾਰ ਲਈ ਆਪ ਨੇ ਆਪਣੇ ਸਾਰੇ ਨੋਟ ਭੇਜ ਦਿਤੇ ਕਿਉਂਕਿ ਖਾ: ਸ: ਨਾਲ ਆਪ ਦਾ ਮੁਢੋਂ ਹੀ ਬਹੁਤ ਪਿਆਰ ਸੀ।



Digitized by Panjab Digital Library | www.panjabdigilib.org

ਆਦਮੀ ਜਿਲੇਦਾਰ ਦਾ ਇਕੱਠਾ ਕਰ ਰਿਹਾ ਹੈ ਉਸ ਫੰਡ ਵਿਚ ਪੰਜ ਰੁਪਏ ਦਿਤੇ।" ੨੫ ਅਪ੍ਰੈਲ ੧੯੦੫

"ਜੋ ਰੁਪਏ ੧੧) ਗੁਰਪੁਰਬ ਪਰ ਸੰਗਤ ਦੇ ਅਰਦਾਸ ਧਰਮ ਕਾਰਜਾਂ ਵਾਸਤੇ ਹੋਏ ਸਨ ਸੋ ਰੁਪਏ ਪਾਸੋਂ ਖਰਚ ਲਗਾ ਕੇ ਮਨੀਆਰਡਰ ਭੇਜੇ।" ੧੭ ਜਨਵਰੀ ੧੯੦੫

"ਜਵਾਲਾ ਦਾਸ ਪਾਂਧਾ ਹੱਟੀ ਬੈਠਾ ਆਪਣੇ ਭਤੀਜੇ ਬਿਸ਼ਨ ਦਾਸ ਨਾਲ ਅਫਸੋਸ ਕਰ ਰਿਹਾ ਸੀ ਕਿ 'ਮੈਨੂੰ ਖਰਚ ਵਾਸਤੇ ਉਧਾਰ ਭੀ ਨਹੀਂ ਮਿਲਦਾ ਵਗੈਰਾ ੨।' ਇਸ ਬਹੁਤ ਦੁਖ ਭਰੀ ਹਾਲਤ ਨੂੰ ਦੇਖ ਕੇ ਮੈਂ ਕਿਹਾ ਕਿ 'ਇਕ ਦੋ ਰੁਪਏ ਮੇਰੇ ਪਾਸੋਂ ਲੈ ਜਾਓ, ਤਦ ਥੋੜਾ ਚਿਰ ਲੰਘ ਜਾਊ।' ੩) ਦਿਤੇ ਗਏ।" ੭ ਜਨਵਰੀ ੧੯੦੫

"ਡਾਕਟਰ ਜੈ ਸਿੰਘ ਜੀ * ਦੇ ਲੜਕੇ ਨੂੰ ਦੇਖਣ ਗਏ। ਦੇਖ ਕੇ ਦਵਾਈ ਤਜਵੀਜ਼ ਕੀਤੀ ਤੇ ਦਿਤੀ......ਕੁੱਛ ਰੁਪਏ ਦੇਣ ਲੱਗੇ ਸੋ ਮੋੜੇ।" ੩੦--੩--੧੯੦੩

"ਤਾਰਨ ਸਿੰਘ ਸਪੁਤ੍ਰ ਡਾਕਟਰ ਜੈ ਸਿੰਘ ਜੀ ਆਏ ੧੦) ਨਕਦ ੧ ਥਾਨ ਮਲਮਲ ਵਗੈਰਾ ਲਿਆਏ ਸੋ ਮੋੜ ਦਿਤੇ।" ੧ ਮਈ ੧੯੦੩

ਹੱਥ ਜਰਾ ਖੁਲ੍ਹਾ ਹੋਣ ਦੇ ਨਾਲ ਹੀ ਆਪ ਨੇ ਲੋਕ-ਪਿਆਰ, ਗੁਰਮਤ-ਪ੍ਰਚਾਰ, ਮਨਮਤ-ਪ੍ਰਹਾਰ ਤੇ ਸੰਸਾਰ-ਸਮਾਚਾਰ ਦੀ ਕਾਰ ਆਦਿਕ ਦਾ ਦਾਇਰਾ ਹੋਰ ਵੱਡਾ ਕਰ ਦਿੱਤਾ। ਆਪ ਦੀ ਕਲਮ ਦੀ ਹੁਣ ਚੰਗੀ ਪ੍ਰਸਿੱਧਤਾ ਹੋ ਰਹੀ ਸੀ। ਕਈ ਕਤਾਬਾਂ ਦੇ ਲਿਖਾਰੀ ਲਿਖਣ ਲਈ, ਖਰੜੇ ਲਿਖੇ ਹੋਏ ਸੁਧਾਉਣ ਲਈ, ਗੁਰਮਤ ਵਿਚਾਰਾਂ ਲਈ, ਤੇ ਲੈਕਚਰਾਂ ਆਦਿ ਲਈ ਹਮੇਸ਼ਾ ਆਪ ਪਾਸ ਆਉਂਦੇ ਸਨ।

---

*ਡਾਕਟਰ ਜੈ ਸਿੰਘ ਜੀ ਦਾ ਜਨਮ ਫਗਣ ਦੀ ਸੰਕਰਾਂਤ ਸੰਮਤ ੧੯੧੨ (੧੮੫੬) ਸ: ਸੰਤ ਸਿੰਘ ਜੀ ਦੇ ਘਰ ਹੋਇਆ। ੧੮੭੪ ਵਿਚ ਆਪ ਜੀ ਅਸਿਸਟੈਂਟ ਸਰਜਨ ਹੋਏ। ੧੮੯੨ ਵਿਚ ਨੌਕਰੀ ਛਡ ਲਾਹੌਰ ਕੈਮਿਸਟ ਦੀ ਦੁਕਾਨ ਖੋਲੀ। ਪਹਿਲੇ ਬ੍ਰਹਮੂ ਸਮਾਜੀ ਸਨ ਪਰ ਖਾਲਸਈ ਰੰਗ ਚੜ੍ਹਨ ਉਪਰੰਤ ਆਪ ਨੇ ਸਿੱਖੀ ਦਾ ਤੇ ਖਾਸ ਕਰ ਰਹਿਤ ਤੇ ਸ਼ੁਧੀ ਦਾ ਖਾਸ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ। ਅੰਤ ੯ ਜੂਨ ੧੮੯੮ ਨੂੰ ਠੀਕ ੧੨ ਬਜੇ ਦਿਨ ਦੇ ਸਰੀਰ ਤਿਆਗ ਕੇ ਸਿਖ ਕੌਮ ਨੂੰ ਨ ਪੂਰਾ ਹੋਣ ਵਾਲਾ ਘਾਟਾ ਦੇ ਗਏ।



Digitized by Panjab Digital Library | www.panjabdigilib.org

"ਅਮ੍ਰਿਤਸਰੋਂ ਆਏ ਹੋਏ ਭਰਾ ਵੀਰ ਸਿੰਘ ਜੀ ਜੋਗ ਸਟੀਕ ਪੰਜ ਗ੍ਰੰਥੀ* ਦਾ ਸੂਚੀ ਪਤ੍ਰ ਅਕਾਰ ਆਦਿ ਬਣਿਆ ਹੋਇਆ ਦਿਤਾ ਜੋ ਉਨ੍ਹਾਂ ਦੀ ਖਾਤਰ ਹੀ ਤਿਆਰ ਕੀਤਾ ਗਿਆ ਸੀ।" ੧੯--੯--੧੯੦੩

(੨) ਲਾਹੌਰੋਂ ਭਾਈ ਅਮਰ ਸਿੰਘ ਮੈਨੇਜਰ 'ਦੀ ਖਾਲਸਾ ਏਜੰਸੀ' ਵਾਲਾ ਆਇਆ।ਜੀਵਨ ਚਰਿਤ੍ਰ ਹਰੀ ਸਿੰਘ ਨਲੂਏ ਦਾ ਤਹਿਰੀਰੀ ਦੇਖਣ ਵਾਸਤੇ ਦੇ ਗਿਆ। ੨੮--੯--੧੯੦੩

(੩) ਅਜ ਸ੍ਰ: ਹਰੀ ਸਿੰਘ ਨਲੂਏ ਦਾ ਜੀਵਨ ਚਰਿਤ੍ਰ ਸਾਰਾ ਪੜ੍ਹ ਕੇ ਖਤਮ ਕੀਤਾ ਜੋ ਭਾਈ ਅਮਰ ਸਿੰਘ ਦੇ ਗਿਆ ਸੀ।"੧੦--੧੦--੧੯੦੩

"ਪੰਜ ਅਪ੍ਰੈਲ ਨੂੰ ਜੋ ਹਿੰਦੀ ਪੰਜ ਗ੍ਰੰਥੀ ਆਈ ਸੀ ਸੋ ਸੁਧ ਕਰਕੇ ਬੰਬਈ ਛਾਪਣ ਵਾਸਤੇ ਭੇਜੀ।" ੨੫ ਅਪ੍ਰੈਲ ੧੯੦੫

"ਬਾਬੂ ਕ੍ਰਿਪਾ ਰਾਮ ਨੂੰ ਦੋ ਘੰਟੇ ਭਾਈ ਮਨੀ ਸਿੰਘ ਜੀ ਦਾ ਜੀਵਨ ਚਰਿਤ੍ਰ ਅੰਗ੍ਰੇਜ਼ੀ ਲਿਖਾਣ ਵਾਸਤੇ ਨੋਟ ਕਰਾਏ।"੨੬ ਜੁਲਾਈ ੧੯੦੫

"ਭਾਈ ਮਨੀ ਸਿੰਘ ਦਾ ਜੀਵਨ ਚਰਿਤ੍ਰ ਬਾਬੂ ਕ੍ਰਿਪਾ ਰਾਮ ਮੁਖਤਾਰ ਜੋਗ ਸੁਣਾ ਕੇ ਅੰਗ੍ਰੇਜ਼ੀ ਦਾ, ਠੀਕ ਕਰਾਯਾ।" ੧੧ ਅਗਸਤ ੧੯੦੫

"ਅਜ ਬ੍ਰਿੱਧ ਵਿਵਾਹ ਦੁਰਦਸ਼ਾ ਨਾਟਕ ਪੂਰਾ ਕੀਤਾ।"੧੮-੧੦-੧੯੦੩

ਇਹ 'ਮਨਮਤ ਪ੍ਰਹਾਰ' ਲੜੀ ਨੰ: ੩ ਦੀ ਪੁਸਤਕ ਅਰਥਾਤ 'ਬ੍ਰਿਧ ਵਿਵਾਹ ਦੁਰਦਸ਼ਾ ਨਾਟਕ' ਹੈ ਜੋ ੨੧ ਪੋਹ ਸੰਮਤ ੪੩੫ ਨਾਨਕ ਸ਼ਾਹੀ ਨੂੰ ਪਹਿਲੀ ਵਾਰ ਛਾਪੀ ਗਈ ਸੀ।

## ਮਾਯਾ—ਵਿਦਿਆ

"ਕਹਾਵਤ ਹੈ ਕਿ ਲਛਮੀ ਤੇ ਸੁਰਸਤੀ ਦਾ ਵੈਰ ਹੈ' ਭਾਈ ਮੋਹਨ ਸਿੰਘ ਜੀ ਜਦ ਤੋਂ ਹੱਟੀ ਤੇ ਬੈਠਣੇ ਅਰੰਭ ਹੋਏ ਭਾਵੇਂ ਕਾਰੋਬਾਰ ਹੋ ਗਿਆ ਪਰ ਆਪ ਦਾ ਖਰਚ ਬਹੁਤ ਵਧ ਗਿਆ। ਜੇ ਆਮਦਨ ਦੋ ਹਿੱਸੇ ਵਧੀ ਤਾਂ ਖਰਚ ਦੱਸ ਹਿੱਸੇ ਵਧ ਗਿਆ। ਨੌ ਜਵਾਨ ਵੈਦ ਜੀ ਦਾ ਹੱਥ ਬਹੁਤ ਖੁੱਲਾ ਸੀ, ਤੇ ਖਰਚ ਸਨ ਅਨੇਕ ਕਿਸਮ ਦੇ। ਜੋ ਇਸ਼ਾਰੇ

---

* ਇਹ ਉਹੀ ਪੰਜ ਗ੍ਰੰਥੀ ਸਟੀਕ ਹੈ ਜਿਸ ਦਾ ਭਾਈ ਸਾਹਿਬ ਵੀਰ ਸਿੰਘ ਜੀ ਨੇ ਟੀਕਾ ਕੀਤਾ ਹੈ।



Digitized by Panjab Digital Library | www.panjabdigilib.org

ਮਾਤ੍ਰ ਅਸੀਂ ਉਪਰ ਦਸ ਆਏ ਹਾਂ। ਏਥੇ ਏਹ ਦੱਸ ਦੇਣਾ ਭੀ ਅਯੁਕਤ ਨਹੀਂ ਹੋਵੇਗਾ ਕਿ ਭਾਈ ਕਰਮ ਸਿੰਘ ਜੀ ਸਿੱਖ ਹਿਸਟੋਰੀਅਨ ਝਬਾਲ ਵਾਲਿਆਂ ਨੇ ਕਾਲਜ ਵਿੱਚੋਂ ਨਿਕਲ ਕੇ ਏਥੇ ਹੀ ਭਾਈ ਸਾਹਿਬ ਕੋਲ ਡੇਰਾ ਲਾਇਆ ਸੀ। ਆਪਣੇ ਦਾਨੀ ਖੋਜੀ ਕਦਰਦਾਨ ਤੇ ਸਰਬ ਪ੍ਰਿਯਤਾ ਸੁਭਾਵ ਅਨੁਸਾਰ ਵੈਦ ਜੀ ਨੇ ਹਿਸਟੋਰੀਅਨ ਸਾਹਿਬ ਨੂੰ 'ਜੀ ਆਇਆਂ' ਆਖਿਆ।ਕਤਾਬਾਂ ਖੋਜਣ ਵਾਸਤੇ ਅੱਗੇ ਰੱਖ ਦਿੱਤੀਆਂ। ਜਿਸ ਪੁਸਤਕ ਦੀ ਮੰਗ ਕੀਤੀ ਯਥਾ ਸ਼ਕਤਿ ਝੱਟ ਮੰਗਵਾ ਦਿੱਤੀ। ਪ੍ਰਸ਼ਾਦ ਪਾਣੀ ਘਰੋਂ ਤੇ ਖਰਚਣ ਖਰਚਾਣ ਤੇ ਯਾਤਰਾ ਆਦਿ ਦੇ ਖਰਚਾਂ ਲਈ ਭੀ ਯਥਾ ਸ਼ਕਤਿ ਮਦਦ ਕਰਦੇ ਰਹੇ। ਇਸੇ ਹੀ ਤਰ੍ਹਾਂ ਹੋਰ ਆਇਆ ਗਿਆ ਸੱਜਣ ਏਥੇ ਠੈਹਰਦਾ ਸੀ ਜਿਵੇਂ ਕਿ ਅਸੀਂ ਉਪਰ ਦੱਸ ਆਏ ਹਾਂ।

ਗ੍ਰਿਹਸਥ ਆਸ਼੍ਰਮ ਵਿੱਚ ਮਾਯਾ ਬਿਨਾ ਕੋਈ ਕੰਮ ਨਹੀਂ ਚੱਲ ਸਕਦਾ। ਭਾਰੇ ਟੱਬਰ ਵਿੱਚ ਖਰਚ ਦੀ ਲੋੜ ਪੈਣੀ ਹੋਈ, ਪਰ ਏਧਰ ਜੋ ਹੱਥ ਆਇਆ, ਜੋ ਬਚਿਆ ਲੋਕ ਸੇਵਾ, ਪੰਥ ਸੇਵਾ, ਪ੍ਰਚਾਰ ਖਾਤੇ, ਗਰੀਬ ਸੇਵਾ, ਸੰਤ ਸੇਵਾ ਤੇ ਪੁਸਤਕਾਂ ਆਦਿ ਤੇ ਖਰਚ ਦੇਣਾ ਹੋਇਆ। ਹੁਣ ਆਪ ਦੇ ਪਿਤਾ ਜੀ ਨੂੰ ਸੋਚ ਪਈ ਕਿ ਇਸਤਰਾਂ ਕੰਮ ਕਦ ਤਕ ਚੱਲੂ। ਪੁੱਤ੍ਰ ਨੂੰ ਸਮਝਾਇਆ, ਸੋਚਣ ਵਿਚਾਰਨ ਲਈ ਕਿਹਾ। ਅਕਸਰ ਮਾਯਾ ਦਾ ਕਿਤੇ ਖੂਹ ਤਾਂ ਭਰਿਆ ਹੋਇਆ ਹੈ ਹੀ ਨਾ ਸੀ, ਜੋ ਅਮਿੱਤ ਖਰਚਣ ਤੇ ਭੀ ਨਾ ਮੁੱਕੇ। ਪਰ ਏਧਰ 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਵਾਲੀ ਕਹਾਵਤ ਸੀ। ਭਾਵੇਂ ਭਾਈ ਜੀ ਚਾਹੁੰਦੇ ਸਨ ਕਿ ਘਰ ਦੇ ਖਰਚ ਤੇ ਕਾਰੋਬਾਰ ਦੀ ਹਾਲਤ ਦੇਖਕੇ ਖਰਚ ਕੀਤਾ ਜਾਵੇ ਪਰ ਆਦਤ ਤੋਂ ਮਜਬੂਰ ਸਨ। ਹੁਣ ਕੰਬਲੀ ਨਾ ਸੀ ਛੱਡਦੀ। ਇਸ ਸਮੇਂ ਤਕ ਭਾਈ ਜੀ ਦੇ ਦੋ ਸਪੁੱਤ੍ਰੀਆਂ ਸਨ ਤੇ ੧੨ ਅਕਤੂਬਰ ਸੰਨ ੧੯੦੩ ਦੇ ਅਮ੍ਰਿਤ ਵੇਲੇ ਪੌਣੇ ਤਿੰਨ ਵਜੇ ਪਹਿਲਾ ਲੜਕਾ ਪੈਦਾ ਹੋਇਆ। ਜਿਸਦਾਨਾਮ ਤ੍ਰਿਲੋਕ ਸਿੰਘ ਰੱਖਿਆ।ਇਹੀ ਸਰਦਾਰ ਤ੍ਰਿਲੋਕ ਸਿੰਘ ਜੀ ਹਨ ਜਿਨ੍ਹਾਂ ਨੇ ਵਿੱਦਿਆ ਪ੍ਰਾਪਤੀ ਤੋਂ ਬਾਦ ਆਪਣੇ ਸੁਯੋਗ ਪਿਤਾ ਜੀ ਪਾਸ ਬੈਠਕੇ ਆਪਣੇ



Digitized by Panjab Digital Library | www.panjabdigilib.org

ਪ੍ਰਸਿੱਧ ਪਿਤਾ ਜੀ ਵਾਂਗ ਵੈਦਜਕ ਵਿੱਦਜਾ ਦਾ ਕਮਾਲ ਹਾਸਲ ਕੀਤਾ। ਅੱਜ ਆਪ ਆਪਣੇ ਪਿਤਾ ਜੀ ਦੀ ਗੱਦੀ ਪਰ ਹਨ । ਆਪਦੀ ਲਿਆਕਤ, ਰੋਗ ਪ੍ਰੀਖਜਕ ਸ਼ਕਤਿ, ਵਿਚਾਰ ਤੇ ਦਵਾ ਦਾਰੂ ਦੇਣ ਦੀ ਪ੍ਰਬੀਨਤਾ ਬਾਰੇ ਭਾਰਤ ਤੇ ਬਾਹਰ ਦੇਸ਼ ਦੇਸ਼ਾਤਰਾਂ ਦੇ ਰਾਜ਼ੀ ਹੋ ਚੁੱਕੇ ਰੋਗੀ ਹੀ ਠੀਕ ਠੀਕ ਦੱਸ ਸਕਦੇ ਹਨ। ਤੇ ਉਨ੍ਹਾਂ ਦੇ ਮੂੰਹੋਂ ਹੀ ਇਨ੍ਹਾਂ ਦੀ ਸ਼ੋਭਾ ਕਰਨੀ ਸਜਦੀ ਹੈ। ਹਰ ਹਾਲਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵੈਦ ਤ੍ਰਿਲੋਕ ਸਿੰਘ ਜੀ ਭੀ ਸੁਹਣੇ ਵੈਦ ਤੇ ਲੇਖਕ ਹਨ। ਆਪ ਸਹੁਰਾ ਘਰ, ਪੇਕਾ ਘਰ, ਨਾਰੀ ਸਿਖਜਾ, ਦੰਪਤੀ ਸਿਖਜਾ,ਗੁੱਝੇ ਭੇਦ ਆਦਿ ਗ੍ਰੰਥਾਂ ਦੇ ਕਰਤਾ ਹਨ। ਜਿਨ੍ਹਾਂ ਨੂੰ ਪੜ੍ਹਕੇ ਸੁਜਾਨ ਪਾਠਕਾਂ ਨੂੰ ਆਪ ਦੀ ਲੇਖਣੀ, ਬੁੱਧੀ ਵਿਚਾਰ ਸ਼ਕਤੀ ਤੇ ਵਾਕਫੀਅਤ ਦਾ ਪਤਾ ਲੱਗ ਸਕਦਾ ਹੈ। ਸਮੇਂ ਦੇ ਵਿਚਾਰਵਾਨ ਵਿਦਵਾਨਾਂ ਨੇ ਆਪ ਬਾਰੇ ਡਾਢੇ ਪ੍ਰਸੰਸਾ ਦੇ ਨੋਟ ਲਿਖੇ ਹਨ।*

---

ਸਹੁਰਾ ਘਰ—"ਇਸਤੀਆਂ ਘਰਾਂ ਵਿੱਚ ਪੜ੍ਹਨ ਤਾਂ ਬੜੀ ਉਪਕਾਰੀ ਹੈ।"
(ਭਾਈ ਸਾਹਿਬ ਭਾਈ ਵੀਰ ਸਿੰਘ ਜੀ)

"ਵਿਆਹਿਤ ਜੀਵਨ ਨੂੰ ਸੁਖੀ ਤੇ ਖੁਸ਼ਹਾਲ ਬਣਾਉਣ ਲਈ ਬੜੀ ਜ਼ਰੂਰੀ ਹੈ"
(ਸਰ ਜੋਗਿੰਦਰਾ ਸਿੰਘ ਜੀ)

'ਇਸਤ੍ਰੀਆਂ ਤੇ ਜਵਾਨ ਪੁਤ੍ਰੀਆਂ ਲਈ ਵੱਡੀ ਲਾਭਦਾਇਕ ਸਾਬਤ ਹੋਵੇਗੀ'
(ਪ੍ਰੋਫੈਸਰ ਗੁਰਮੁਖ ਨਿਹਾਲ ਸਿੰਘ ਜੀ)

'ਆਪਣੀ ਕਿਸਮ ਦੀ ਪਹਿਲੀ ਤੇ ਮਰਦਾਂ ਲਈ ਇਸਤ੍ਰੀਆਂ ਨਾਲੋਂ ਵੀ ਵੱਧ ਜ਼ਰੂਰੀ ਹੈ। (ਡਾਕਟ ਦੀਵਾਨ ਸਿੰਘ ਜੀ)

'ਇਕ ਨਵੀਂ ਤੇ ਅਦਭੁਤ ਪੁਸਤਕ ਹੈ ਜੋ ਇਸਤ੍ਰੀਆਂ-ਮਰਦਾਂ ਦੋਹਾਂ ਲਈ ਬੜੀ ਲਾਭਦਾਇਕ ਹੈ। (ਫੁਲਵਾੜੀ)

ਪੇਕਾ ਘਰ—'ਕਾਕੀਆਂ ਨੂੰ ਉੱਤਮ ਵਿਦਜਾ, ਸਦਾਚਾਰ,ਅਰੋਗਤਾ,ਸਭਜਤਾ ਆਦਿ ਸਿਖਾਣ ਲਈ ਇਹ ਪੁਸਤਕ ਅਦੁਤੀ ਹੈ।(ਸ੍ਰ: ਬ: ਸ੍ਰ: ਕਾਨ੍ਹ ਸਿੰਘ ਜੀ ਨਾਭਾ)

'ਵਿਆਹ ਤੋਂ ਪਹਿਲਾਂ ਜਾਣਨ ਯੋਗ ਗੱਲਾਂ ਦਾ ਹਾਲ ਬੜੇ ਸੌਖੇ ਤੇ ਸਵਾਦਲੇ ਢੰਗ ਨਾਲ ਲਿਖਿਆ ਗਿਆ ਹੈ। (ਲਿਖਾਰੀ) ☛



Digitized by Panjab Digital Library | www.panjabdigilib.org

ਅਸੀਂ ਦਸ ਰਹੇ ਸਾਂ ਕਿ ਰੁਪਏ ਦੀ ਤੰਗਸ਼ ਹੋਣ ਤੇ ਭੀ ਸਾਡੇ ਨੌ ਜਵਾਨ ਵੈਦ ਨੇ ਮੋੜਾ ਨਹੀਂ ਪਾਇਆ, ਹੱਥ ਨਹੀਂ ਸਕੁੰਚਿਆ, ਹਸਤ ਲਿਖਤ ਆਪ ਦੇ ਰੋਜ਼ਨਾਮਚਿਆਂ ਤੋਂ ਪਤਾ ਲੱਗਦਾ ਹੈ ਕਿ ਕਈ ਵਾਰ ਆਪ ਸੋਚੀਂ ਪੈ ਜਾਂਦੇ, ਹੈਰਾਨ ਹੋ ਜਾਂਦੇ, ਤੇ ਡਾਢੇ ਫਿਕਰਾਂ ਵਿਚ ਪੈ ਜਾਂਦੇ ਸਨ, ਪਰ ਫੇਰ ਵਾਹਿਗੁਰੂ ਅਕਾਲ ਪੁਰਖ ਤੇ ਭਰੋਸਾ ਰੱਖ ਕੇ ਉਸੇ ਅਗੇ ਅਰਦਾਸ ਕਰਦੇ ਤੇ ਚੜ੍ਹਦੀਆਂ ਕਲਾਂ ਵਿੱਚ ਆ ਜਾਂਦੇ।

ਆਪ ਦੀ ਲੋਕ ਪ੍ਰਿਯਤਾ ਐਨੀ ਸੀ ਕਿ ਸੈਂਕੜੇ ਹਿੰਦੂ, ਮੁਸਲਮਾਨ, ਤੇ ਈਸਾਈਆਂ ਤਕ ਨੂੰ ਆਪ ਪੁਸਤਕਾਂ ਪੜ੍ਹਨ ਨੂੰ ਦਿੰਦੇ। ਦੁਵਾਈਆਂ ਮੁਫਤ ਦੇ ਦੇ ਕੇ, ਦਾਨ ਦੇ ਦੇ ਕੇ, ਪਿਆਰ ਪਾ ਪਾ ਕੇ ਸਿੱਖਾਂ ਤੋਂ ਇਲਾਵਾ ਆਪ ਅਨਮਤੀਆਂ ਵਿਚ ਗੁਰਮਤ ਦਾ ਪ੍ਰਚਾਰ ਕਰਦੇ। ਉਨ੍ਹਾਂ ਨੂੰ ਗੁਰਮਤ ਦੀਆਂ ਪੁਸਤਕਾਂ ਪੜ੍ਹਾਉਂਦੇ ਤੇ ਗੁਰ ਸਿੱਖੀ ਤੋਂ ਜਾਣੂ ਕਰਾਉਂਦੇ†। ਆਪ

---

†ਪੰਡਤ ਜੈ ਦਿਆਲ ਜੀ ਦਸਮ ਗੁਰੂ ਜੀਵਣ ਚਰਿਤ ਗੁਰਮੁਖੀ ਦੌਲਤ ਰਾਮ ਵਾਲਾ ਪੜ੍ਹਨ ਵਾਸਤੇ ਲੈ ਗਏ। ਪੰਡਤ ਜੈ ਦਿਆਲ ਜੀ ਜੋਗ ੧ ਪੁਸਤਕ ਵਾਰਾਂ ਭਾਈ ਗੁਰਦਾਸ ਜੀ ਦੀਆਂ ਦਾ ਦਿਤਾ।" ੨੩-੨-੧੯੦੫


**ਦੰਪਤੀ ਸਿਖਿਆ**—(ਵਿਆਹ ਤੇ ਪਹਿਲੀ ਰਾਤ) 'ਇਹ ਸੱਜ-ਵਿਆਹੇ ਨੌਜਵਾਨਾਂ ਲਈ ਬੜੀ ਸਿਖਿਆ ਦਾਇਕ ਹੈ।' (ਪਫ਼ੈਸਰ ਤੇਜਾ ਸਿੰਘ ਜੀ)

'ਬੜੇ ਯੋਗ ਸ਼ਬਦਾਂ ਵਿਚ ਔਖੇ ਤੇ ਅਸਾਧਾਰਨ ਵਿਸ਼ੇ ਨੂੰ ਸਫਲਤਾ ਨਾਲ ਪ੍ਰਗਟ ਕੀਤਾ ਹੈ।' (ਸ੍ਰ: ਗੁਰਬਖਸ਼ ਸਿੰਘ ਜੀ ਪ੍ਰੀਤ-ਲੜੀ)

**ਨਾਰੀ ਸਿਖਯਾ**—'ਇਸ ਵਿੱਚ ਇਸਤੀਆਂ ਦੇ ਜਾਣਨ ਯੋਗ ਗੱਲਾਂ ਤੇ ਬੜੀ ਯੋਗਤਾ ਨਾਲ ਚਾਨਣਾ ਪਾਇਆ ਗਿਆ ਹੈ ਪੁਸਤਕ ਸਿਖ੍ਯਾਦਾਇਕ ਤੇ ਲਾਭਕਾਰੀ ਹੈ। (ਖਾਲਸਾ ਸਮਾਚਾਰ)

**ਗੁੱਝੇ ਭੇਦ**—(ਕਾਮ ਸ਼ਾਸਤ੍ਰ ਸੰਬੰਧੀ) ਕਾਮ ਵਸ਼ਿ ਹੋਇ ਜੋ ਆਪਣਾ ਸਰਵਸਵ ਖੋ ਰਹੇ ਹਨ, ਉਨ੍ਹਾਂ ਲਈ ਇਸ ਵਿੱਚ ਹਿਤਦਾਇਕ ਸਿਖਯਾ ਹੈ।
(ਸ੍ਰ: ਬ: ਸ੍ਰ: ਕਾਨ੍ਹ ਸਿੰਘ ਜੀ ਨਾਭਾ)

'ਇਸ ਦੇ ਪੜ੍ਹਨ ਨਾਲ ਨੌ-ਜਵਾਨ ਦੰਪਤੀਆਂ ਕਈ ਖਰਾਬੀਆਂ ਤੋਂ ਬਚ ਸਕਦੀਆਂ ਹਨ।' (ਪ੍ਰੋਫੈਸਰ ਤੇਜਾ ਸਿੰਘ ਜੀ)

ਮਿਲਨ ਦਾ ਪਤਾ:--ਪੰਜਾਬੀ ਏਜੰਸੀ, ਤਰਨ ਤਾਰਨ (ਪੰਜਾਬ)




Digitized by Panjab Digital Library | www.panjabdigilib.org

ਦੇ ਕੱਟਰ ਵਿਰੋਧੀ ਭੀ ਆਪ ਪਾਸੋਂ ਪੁਸਤਕਾਂ ਪੜ੍ਹਨ ਲਈ ਮੰਗਣ ਆਉਂਦੇ।* ਆਪ ਮਨਮਤੀਆਂ ਦੇ ਹਮਲਿਆਂ ਦੇ ਉਤ੍ਰ ਬੇਸ਼ਕ ਨਿਧੜਕ ਹੋਕੇ ਦਿੰਦੇ, ਪਰ ਫੇਰ ਭੀ ਇਹ ਨਾ ਸਨ ਚਾਹੁੰਦੇ ਕਿ ਕਿਸੇ ਭਲੇ ਪੁਰਖ ਦਾ ਦਿਲ ਦੁਖੇ। ਨਮੂਨੇ ਦੇ ਤੌਰ ਤੇ ਅਸੀਂ ਦੱਸਦੇ ਹਾਂ ਕਿ ਆਪ ਮਨਮਤ ਪ੍ਰਹਾਰ† ਲੜੀ ਨੰ: ੪ 'ਆਰੀਯਾ ਸਮਾਜੀ ਭਾਈਆਂ ਦੇ ਸਿਖਾਂ ਪਰ ਬੇ ਜਾ ਹਮਲਿਆਂ ਦੇ ਉੱਤ੍ਰ' ਨਾਮੇ ਪੁਸਤਕ—ਜੋ 'ਦੀ ਖਾਲਸਾ ਏਜੰਸੀ' ਲਾਹੌਰ ਨੇ ਛਪਵਾਈ ਸੀ—ਦੀ ਭੂਮਿਕਾ ਵਿਚ "ਜ਼ਰੂਰੀ ਬੇਨਤੀ" ਦੀ ਸੁਰਖੀ ਹੇਠ ਇਸ ਤਰ੍ਹਾਂ ਲਿਖਦੇ ਹਨ:—

> "ਸੰਪੂਰਨ ਸਨਾਤਨ ਅਤੇ ਹਿੰਦੂ ਆਦਿਕ ਭਰਾਵਾਂ ਦੀ ਸੇਵਾ ਵਿਚ ਅਧੀਨਗੀ ਨਾਲ ਬੇਨਤੀ ਹੈ, ਕਿ ਸਾਡਾ ਮੰਤੱਵਜ ਕਿਸੇ ਭਾਈ ਨਾਲ ਕਿਸੇ ਪ੍ਰਕਾਰ ਦੀ ਕੋਈ ਛੇੜ ਛਾੜ ਕਰਨ ਦਾ ਨਹੀਂ ਹੈ, ਕਿਉਂਕਿ ਅਸੀਂ ਸਭ ਇਕ ਦੇਸ਼ ਵਾਸੀ ਭਾਈ ਹਮਸਾਏ ਹਾਂ, ਭਾਵੇਂ ਸਾਡਾ ਆਸ਼ਾ, ਇਸ਼ਟ, ਉਪਾਸ਼ਨਾ ਭਿੰਨ ਭਿੰਨ ਹੀ ਹੋਵੇ, ਪਰ ਹਮਸਾਏ ਮਾਂ ਪਿਉ ਜਾਏ ਦੀ ਤਰਾਂ ਸਾਨੂੰ ਆਪਣੇ ਸਕੇ ਭਰਾਵਾਂ ਨਾਲੋਂ ਭੀ ਵੱਧ ਪਿਆਰ ਹੋਣਾ ਚਾਹੀਦਾ ਹੈ।

---

*ਇਕ ਥਾਂ ਆਪ ਲਿਖਦੇ ਹਨ 'ਸਮਾਜ ਦਾ ਚਪੜਾਸੀ ਸਤਯਾਰਥ ਪ੍ਰਕਾਸ਼ ਪੜ੍ਹਨ ਨੂੰ ਲੈ ਗਿਆ।"

†ਇਸ ਪੁਸਤਕ ਦਾ ਮਜ਼ਮੂਨ ਸਿਖਾਂ ਉਪਰ ਆਰੀਯਾ ਵਲੋਂ ਬੇ ਜਾ ਹਮਲਿਆਂ ਦੇ ਲੈਕਚਰ ਦੁਆਰਾ ਉੱਤਰ ਦੇਣ ਦੇ ਨੋਟਾਂ ਦੀ ਸ਼ਕਲ ਵਿਚ ਲਿਖਿਆ ਸੀ, ਤੇ ਇਸ ਲੜੀ ਦਾ ਪਹਿਲਾ ਲੈਕਚਰ ਆਪ ਨੇ ੨੭ ਦਸੰਬਰ ੧੯੦੩ ਨੂੰ ਸਿੰਘ ਸਭਾ ਲਾਹੌਰ ਦੀ ਮੀਟਿੰਗ ਵਿਚ ਦਿੱਤਾ ਸੀ, ਜੋ ਸੱਜਣਾਂ ਮਿੱਤ੍ਰਾਂ ਦੇ ਜ਼ੋਰ ਦੇਣ ਪਰ ਪੁਸਤਕ ਦੀ ਸ਼ਕਲ ਵਿਚ ਛਾਪਿਆ ਗਿਆ। ਇਸੇ ਬਾਰੇ ਭਾਈ ਸਾਹਿਬ ਲਿਖਦੇ ਹਨ "ਅਜ ਰਾਤ ੧੨ ਬਜੇ ਤਕ ਬੈਠ ਕੇ ਤੇ ਫੇਰ ਸਵੇਰੇ ੪ ਬਜੇ ਤੋਂ ਬੈਠ ਕੇ ਹਮਲਿਆਂ ਦੇ ਉੱਤ੍ਰ ਲਿਖੇ।" ੧੦-੧੨-੧੯੦੩ ਦੀ ਡਾਇਰੀ। ਹੈ ਨਾ। ਸੇਵਾ ਪ੍ਰੇਮ ਦਾ ਇਸ਼ਕ। ਨਾ ਦਿਨ ਨੂੰ ਚੈਨ ਤੇ ਨਾ ਰਾਤ ਨੂੰ ਨੀਂਦ। ਇਸਨੂੰ ਆਖਦੇ ਹਨ ਕੌਮ ਸੇਵਾ ਦਾ ਜਨੂਨ। ਇਸੇ ਮਨਮਤ ਪ੍ਰਹਾਰ ਲੜੀ ਦੇ ਪਹਿਲੇ ਤਿੰਨ ਪੁਸਤਕ (੧) ਸ਼ਰਾਧ ਪਰਬੋਧ, (੨) ਸੱਦ ਦਾ ਯਥਾਰਥ ਅਰਥ ਤੇ (੩) ਬ੍ਰਿਧ ਵਿਵਾਹ ਦੁਰਦਸ਼ਾ ਨਾਟਕ ਹਨ।



Digitized by Panjab Digital Library | www.panjabdigilib.org

ਪਰ ਕਈ ਇਕ ਆਰੀਆ ਸਮਾਜੀ ਭਰਾਵਾਂ ਦੀ ਬੇਅਰਥ ਛੇੜ ਛਾੜ ਅਤੇ ਬੇ ਜਾ ਹਮਲੇ ਕਰਨ ਦੇ ਕਾਰਨ ਸਾਨੂੰ ਲਾਚਾਰ ਏਹ ਉੱਤਰ ਦੇਣੇ ਪਏ। ਕਿਉਂਕਿ ਸਮਾਜਕ ਭਰਾਵਾਂ ਦਾ ਸੰਬੰਧ ਵੀ ਵੇਦ ਆਦਿ ਸ਼ਾਸਤ੍ਰਾਂ ਨਾਲ ਹੈ, ਇਸੇ ਤਰਾਂ ਸਨਾਤਨ ਧਰਮੀ ਭਰਾਵਾਂ ਦਾ। ਇਸ ਪੁਸਤਕ ਵਿਚ ਸਮਾਜਕ ਭਾਈਆਂ ਵਲੋਂ ਹੋਏ ਹੋਏ ਬੇ ਜਾ ਹਮਲਿਆਂ ਦੇ ਉੱਤਰ ਹਨ। ਸੰਬੰਧਤ ਹੋਣ ਦੇ ਕਾਰਨ ਸਨਾਤਨ ਧਰਮੀ ਭਾਈਆਂ ਜਾਂ ਹੋਰ ਭਰਾਵਾਂ ਨੂੰ ਇਸ ਵਿਚ ਜੋ ਬੁਰਾ ਮਾਲੂਮ ਹੋਵੇ, ਉਸ ਦੀ ਬਾਬਤ ਛੇੜ ਦੇ ਮੋਢੀ ਸਮਾਜੀ ਭਰਾਵਾਂ ਨੂੰ ਹੀ ਦੋਖੀ ਜਾਨਣਾ। ਸਾਡਾ ਇਸ ਵਿਚ ਕੋਈ ਕਸੂਰ ਨਹੀਂ ਹੈ, ਅਤੇ ਨਾ ਹੀ ਸਾਡਾ ਕਿਸੇ ਧਾਰਮਕ ਸੋਸਾਇਟੀ, ਯਾ ਸੱਜਣ ਪੁਰਸ਼ਾਂ ਨਾਲ ਕੋਈ ਦ੍ਵੈਸ਼ ਹੈ। ਸਗੋਂ ਸਾਡਾ (ਖਾਲਸਾ ਜੀ ਦਾ) ਮੰਤੱਵ੍ਯ ਸਭ ਨਾਲ ਮੈਤ੍ਰੀ ਭਾਵ (ਸੁਲਾ ਕੁਲ) ਦਾ ਹੈ। ਸਾਡਾ ਇਹ ਭੀ ਮੰਤੱਵ੍ਯ ਨਹੀਂ ਜੋ ਸਾਰੇ ਹੀ ਸਮਾਜਕ ਭਾਈ ਦੁਰਜਨ ਹਨ, ਸਗੋਂ ਇਸਦੇ ਉਲਟ ਕਈ ਚੰਗੇ ਚੰਗੇ ਪਵਿਤ੍ਰ ਆਤਮਾ, ਸੁਲਾਹ ਕੁਲ ਸੱਜਣ ਦੇਖਣ ਵਿਚ ਆਂਵਦੇ ਹਨ, ਜਿਨ੍ਹਾਂ ਨੂੰ ਅਸੀਂ ਸਦਾ ਮਿੱਤ੍ਰ ਭਾਵ ਦੀ ਦ੍ਰਿਸ਼ਟੀ ਨਾਲ ਦੇਸ਼-ਹਿਤੂ ਜਾਣਕੇ ਪਿਆਰ ਯੋਗ ਜਾਣਦੇ ਹਾਂ ਤੇ ਜਾਣਾਗੇ।''

ਉਪ੍ਰੋਕਤ ਛੋਟੀ ਜੇਹੀ ਲਿਖਤ ਵਿੱਚੋਂ ਆਪ ਦੇ ਖਿਆਲਾਂ ਦੀ ਸ੍ਵੱਛਤਾ, ਸੰਸਾਰ ਮੈਤ੍ਰੀ ਭਾਵ, ਗੁਰਮਤ ਸਿਧਾਂਤ ਆਦਿਕ ਅਨੇਕ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ। ਪਾਠਕ ਖੁਦ ਵਿਚਾਰ ਨਾਲ ਪੜ੍ਹ ਕੇ ਦੇਖਣ।

ਇਸੇ ਹੀ ਤਰਾਂ ੧੯੦੫ ਦੇ ਸ਼ੁਰੂ ਵਿਚ 'ਮਾਝਾ ਦੀਵਾਨ' ਤੇ ਸ੍ਰੀ ਤਰਨ ਤਾਰਨ ਦੇ ਪੁਜਾਰੀਆਂ ਵਿਚ ਖਟਾ ਪਟੀ ਵਧ ਗਈ। ਦੀਵਾਨ ਵਾਲੇ ਗੁਰੂ ਘਰ ਵਿਚੋਂ ਕੁਰੀਤੀਆਂ ਵਿਰੁਧ ਪ੍ਰਚਾਰ ਕਰਦੇ ਸਨ ਤੇ ਪੁਜਾਰੀ ਦੂਜੇ ਪੱਖ ਦੇ ਹਾਮੀ ਸਨ। ਦੀਵਾਨ ਦੇ ਪ੍ਰਬੰਧਕਾਂ ਨੇ 'ਸਾਲਾਨਾ ਦੀਵਾਨ' ਤਰਨ ਤਾਰਨ ਵਿਚ ਕਰਨਾ ਚਾਹਿਆ,ਪੁਜਾਰੀ ਇਸ ਦੇ ਵਿਰੁੱਧ ਰੁਕਾਵਟਾਂ ਪਾਉਣ ਲਈ ਅਫਸਰਾਂ ਤੱਕ ਪੁੱਜੇ ਤੇ ਫਸਾਦ ਕਰਨ ਤੱਕ ਭੀ ਤਿਆਰ ਹੋ ਗਏ। ਦੀਵਾਨ ਦੇ ਸੇਵਕ ਧਰਮ ਪ੍ਰੇਮ ਵਿੱਚ ਖੀਵੇ ਸਨ ਤੇ ਏਧਰ ਪੁਜਾਰੀ ਮਾਯਾ ਮਦ ਮਸਤਾਨੇ ਬੇ ਪ੍ਰਵਾਹ ਸਨ। ਘੱਟ ਦੁਵੱਲਿਓਂ ਕੋਈ ਨਾ ਸੀ। ਜ਼ਿਦ ਵੱਧਦੀ ਗਈ ਤੇ ਹਾਲਤ ਨਾਜ਼ਕ ਹੁੰਦੀ ਗਈ। ਉਹ ਕਰਨ ਤੇ ਤੁੱਲ



Digitized by Panjab Digital Library | www.panjabdigilib.org

ਗਏ ਤੇ ਇਹ ਰੋਕਣ ਤੇ। ਆਖਰ ਦੀਵਾਨ ਦੇ ਪ੍ਰਬੰਧਕਾਂ ਨੇ ਭਾਈ ਸਾਹਿਬ ਨੂੰ ਸਿਆਣਾ ਜਾਣ ਕੇ ਇਨ੍ਹਾਂ ਦੀ ਸਲਾਹ ਪੁੱਛੀ ਤੇ ਆਪ ਨੇ ਸਮਝਾਇਆ:–

"ਅਜੇਹੇ ਕੰਮ ਸਭ ਨਾਲ ਸੁਲਾਹ ਰਖ ਕੇ ਕਰਨੇ ਚਾਹੀਦੇ ਹਨ।"

੨੪-੧-੧੯੦੫

ਭਾਈ ਜੀ ਦੀ ਗੱਲ ਦਾ ਦੀਵਾਨ ਦੇ ਪ੍ਰਬੰਧਕਾਂ ਤੇ ਬੜਾ ਅਸਰ ਹੋਇਆ ਤੇ ਇਹ ਝਗੜਾ ਵਧਣੋ ਰੁਕ ਗਿਆ।

ਆਪ ਦੀ ਚਤੁਰਤਾ ਸਿਆਣਪ ਤੇ ਸਰਬ ਮੈਤ੍ਰੀ ਭਾਵ ਆਦਿਕ ਗੁਣਾਂ ਦਾ ਚਰਚਾ ਜਦ ਬਾਹਰ ਦੂਰ ਦੂਰ ਫੈਲ ਰਿਹਾ ਸੀ ਤਦ ਆਪਣੇ ਸ਼ਹਿਰ ਵਿਚ ਆਪ ਦਾ ਪ੍ਰਭਾਵ ਬੈਠਣਾ ਤਾਂ ਜ਼ਰੂਰੀ ਸੀ, ਆਪ ਦੇ ਪ੍ਰਸੰਸ਼ਕਾਂ ਵਿਚ ਹਰ ਮਜ਼ਹਬ ਹਰ ਫਿਰਕੇ ਤੇ ਹਰ ਰੁਤਬੇ ਦੇ ਆਦਮੀ ਸਨ। ਨਗਰ ਸਭਾ ਤਰਨ ਤਾਰਨ ਦੀ ਚੋਣ ਆ ਗਈ ਤੇ ਨਗਰ ਨਿਵਾਸੀਆਂ ਨੇ ਆਪ ਜੀ ਨੂੰ ਨਗਰ ਦੀ ਬਿਹਤਰੀ ਲਈ ਨਗਰ ਸਭਾ ਦੀ ਚੋਣ ਵਿਚ ਮੈਂਬਰ ਖੜਾ ਹੋਣ ਲਈ ਪ੍ਰੇਰਨਾ ਕੀਤੀ, ਤੇ ਖਾਸ ਤੌਰ ਨਾਲ ਉਸ ਸਮੇਂ ਦੇ ਵਾਇਸ ਪ੍ਰੈਜ਼ੀਡੰਟ ਨੇ ਤਾਂ ਮੈਂਬਰ ਖੜੋਣ ਲਈ ਬਹੁਤ ਹੀ ਕਿਹਾ। ਜਿਸ ਬਾਰੇ ਆਪ ੧੧ ਅਗਸਤ ੧੯੦੫ ਦੇ ਆਪਣੇ ਰੋਜ਼ਨਾਮਚੇ ਵਿਚ ਇਸਤਰ੍ਹਾਂ ਨੋਟ ਲਿਖਦੇ ਹਨ–

"ਮਿਉਂਨਸੀਪਲ ਕਮਿਸ਼ਨਰ ਹੋਣ ਦੀ ਦਰਖ਼ਾਸਤ ਵਾਸਤੇ ਅੱਜ ਲਾਲਾ ਹਰਕਿਸ਼ਨ ਦਾਸ ਜੋ ਵਾਇਸ ਪ੍ਰੈਜ਼ੀਡੰਟ ਨੇ ਬਹੁਤ ਪ੍ਰੇਰਨਾ ਕੀਤੀ।"

ਏਧਰ ਆਪ ਕੰਮਾਂ ਦੇ ਭਾਰ ਤਲੇ ਅੱਗੇ ਹੀ ਦੱਬੇ ਜਾ ਰਹੇ ਸਨ। ਕਿਸੇ ਪਾਸਿਓਂ ਬਿਲਕੁਲ ਹੀ ਫੁਰਸਤ ਨਾ ਸੀ, ਇਸ ਲਈ ਆਪ ਨੇ ਸ਼ਹਿਰ ਵਾਸੀਆਂ ਅੱਗੇ ਬੜੀ ਅਧੀਨਗੀ ਨਾਲ ਇਸ ਵੇਲੇ ਤਾਂ ਮੁਆਫੀ ਚਾਹੀ ਤੇ ਇਕਰਾਰ ਕੀਤਾ ਕਿ ਜ਼ਰਾ ਅੱਛਾ ਸਮਾ ਹੋਣ ਤੇ ਆਪ ਜ਼ਰੂਰ ਇਸ ਸੇਵਾ ਨੂੰ ਸਿਰ ਮੱਥੇ ਤੇ ਧਰਦੇ ਹੋਏ ਮਨਜ਼ੂਰ ਕਰਨਗੇ। ਆਪ ਨੇ ਬੜੇ ਪ੍ਰੇਮ ਭਰੇ ਸ਼ਬਦਾਂ ਵਿਚ ਕਿਹਾ ਕਿ 'ਲੋੜ ਕੰਮ ਕਰਨ ਦੀ ਹੈ ਜਦ ਮੈਂ ਹੁਣ ਵੇਖਦਾ ਹਾਂ ਕਿ ਮੈਨੂੰ ਸਮਾ ਹੀ ਨਹੀਂ ਤਾਂ ਮੈਂ ਖਾਹਮਖਾਹ ਕਿਉਂ ਨਗਰ ਸਭਾ



Digitized by Panjab Digital Library | www.panjabdigilib.org

ਦੀ ਮੈਂਬਰੀ ਨੂੰ ਜੱਫਾ ਮਾਰਾਂ, ਹਾਂ ! ਜਦ ਮੈਂ ਕੰਮ ਕਰ ਸਕਾਂਗਾ ਤਦ ਜਰੂਰ ਆਪ ਜੀ ਦੇ ਹੁਕਮਾਂ ਉੱਪਰ ਫੁੱਲ ਚੜ੍ਹਾਵਾਂਗਾ ।"

ਕੌਣ ਹੈ ਭਲਾ ਅੱਜ ਜਿਸਨੂੰ ਸ਼ਹਿਰ ਵਾਸੀ ਮੈਂਬਰੀ ਲਈ ਬਿਲਾ ਮੁਕਾਬਲਾ ਚੁਣਨ ਤੇ ਉਹ ਨਾਂਹ ਕਰ ਦੇਵੇ ? ਸੱਚ ਮੁੱਚ ਹੀ ਭਾਈ ਸਾਹਿਬ ਪੰਥ ਕੌਮ ਤੇ ਦੇਸ਼ ਦੇ ਸੱਚੇ ਸਪੂਤ ਤੇ ਸੁਚੱਜੇ ਨਿਰਮਾਨ ਸੇਵਕ ਸਨ।

## ਅਦੁਤੀ ਆਤਮਾ

ਭਾਈ ਸਾਹਿਬ ਜੀ ਇੱਕ ਅਲੌਕਿਕ ਦਿਲ, ਅਦਭੁਤ ਦਿਮਾਗ, ਅਜੀਬ ਬੁੱਧੀ ਤੇ ਅਦੁੱਤੀ ਆਤਮਾ ਦੇ ਮਾਲਕ ਸਨ। ਆਪ ਉਨ੍ਹਾਂ ਮਹਾਨ ਪੁਰਸ਼ਾਂ ਵਿੱਚੋਂ ਸਨ ਜੋ ਆਪਣੇ ਸਮੇਂ ਦੇ ਹਰਇਕ ਵਿਸ਼ੇ ਦੇ ਜਾਣੂ ਰਹਿੰਦੇ ਹਨ। ਆਪ ਦੀ ਮਿਹਨਤ, ਹਿੰਮਤ, ਸੋਚ, ਵਿਚਾਰ ਤੇ ਕੰਮ ਕਰਨ ਦੇ ਢੰਗ ਨੂੰ ਦੇਖ ਦੇਖਕੇ, ਡਾਇਰੀਆਂ ਪੜ੍ਹ ਪੜ੍ਹਕੇ ਹੈਰਾਨੀ ਹੁੰਦੀ ਹੈ, ਕਿ ਕੀ ਆਪ ਆਦਮੀ ਸਨ ਕਿ ਫਰਿਸ਼ਤੇ ? ਇੱਕ ਇੱਕ ਦਿਨ ਤੇ ਇੱਕ ਸਮੇਂ ਵਿੱਚ ਅਨੇਕਾਂ ਕੰਮ ਕਰਨੇ। ਤਿੰਨ ਬਜੇ ਰਾਤ ਬੜੇ ਤੜਕੇ ਉਠਕੇ ਰਾਤ ਦੇ ਗਿਆਰਾਂ ਬਜੇ ਤੱਕ ਅਟੁੱਟ ਕੰਮ ਕਰੀ ਜਾਣਾ ਆਪ ਦਾ ਰੋਜ਼ ਦਾ ਅਭਿਆਸ ਸੀ।

"ਸਵੇਰੇ ਉਠਕੇ ਰੋਜ ਦੀ ਨਿਤਨੇਮ ਦੇ ਬਾਦ (ੳ) ਨਿਸਹਾਯ ਹਿੰਦੂ, (ਅ) ਭ੍ਰਿਸ਼੍ਰਾਨੰਦ ਸੂਸ੍ਰਤੀ ਦਾ ਜੀਵਣ ਚਰਿੱਤ੍ਰ, (ੲ) ਭਾਰਤ ਮਿਤ੍ਰ ਅਖ-ਬਾਰ, ਪੰਜਾਬੀ ਵਜਾਕਰਣ ਪੜ੍ਹਿਆ।" ਫੇਰ

"ਪੰਜਾਬੀ ਵਜਾਕਰਣ ਪੜ੍ਹਿਆ, ਸੰਸਕ੍ਰਿਤ ਸਿਖਯਾ ਮੰਜਰੀ ਦਾ ੧ ਭਾਗ, ਯੋਗ ਸੂਤ੍ਰ ਦੀ ਭੂਮਿਕਾ ਅਤੇ ਚੌਥਾ ਭਾਗ ਪੜ੍ਹਿਆ"।

੧੫-੨-੧੯੦੧

ਇਤਨਾ ਇਤਨਾ ਪੜ੍ਹਾਈ ਦਾ ਕੰਮ ਆਪ ਦਾ ਇੱਕ ਇੱਕ ਵੇਲੇ ਦਾ ਸਾਧਾਰਨ ਤੌਰ ਤੇ ਸੀ, ਜੋ ਆਪ ਆਪਣੀ ਹੱਥੀਂ ਰੋਜਨਾਮਚਿਆਂ ਵਿੱਚ ਥਾਂ ਥਾਂ ਲਿਖਦੇ ਹਨ।



Digitized by Panjab Digital Library | www.panjabdigilib.org

ਇਨ੍ਹਾਂ ਦਿਨਾਂ ਵਿੱਚ ਕੋਈ ਹੀ ਦਿਨ ਹੋਵੇਗਾ ਜਿਸ ਦਿਨ ਕਿ ਆਪ ਧਾਰਮਕ, ਭਾਈਚਾਰਕ, ਮੁਲਕੀ ਜਾਂ ਵਿਹਾਰਕ ਆਦਿ ਕੰਮਾਂ ਲਈ ਤਰਨ ਤਾਰਨੋਂ ਬਾਹਰ ਨਾ ਗਏ ਹੋਣ। ਦੂਜੇ ਚੌਥੇ ਲਾਹੌਰ, ਪਰ ਅੰਮ੍ਰਿਤਸਰ ਤਾਂ ਮਾਨੋਂ ਬਿਨਾ ਨਾਗਾ ਜਾਣਾ ਪੈਂਦਾ ਸੀ। ਸ੍ਰੀ ਦਰਬਾਰ ਸਾਹਿਬ ਦਰਸ਼ਨਾਂ ਲਈ ਜਾਣਾ ਤੇ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮ ਸੁਣਨਾ, ਆਪ ਦੇ ਜੀਵਣ ਦਾ ਆਧਾਰ ਸੀ। ਆਪ ਕਿਹਾ ਕਰਦੇ ਸਨ ਕਿ ਸੌ ਵਿਸਵੇ ਤਾਂ ਮੈਂ ਕਦੇ ਸਤਿਗੁਰਾਂ ਦੇ ਦਰਸ਼ਨਾਂ ਤੋਂ ਵਾਂਝਾ ਨਹੀਂ ਰਿਹਾ। ਪਰ ਕੁਭਾਗ ਵਸ ਜਦ ਕਦੇ ਕਿਤੇ ਬਾਹਰ ਜਾਂ ਸਫਰ ਵਿੱਚ ਹੋਣ ਕਰਕੇ, ਅੰਮ੍ਰਿਤ ਵੇਲੇ ਮਹਾਰਾਜ ਦੇ ਦਰਸ਼ਨ ਨਾ ਹੋਣ ਤੇ ਹੁਕਮ ਨਾ ਸੁਣਿਆ ਜਾਵੇ, ਤਾਂ ਸਾਰਾ ਹੀ ਦਿਨ ਬੜੀ ਬੇਚੈਨੀ ਵਿੱਚ ਲੰਘਦਾ ਹੈ ਤਬੀਅਤ ਨਹੀਂ ਟਿਕਦੀ, ਸਰੀਰ ਨੂੰ ਅਚੋਵਾਈ ਲੱਗੀ ਰਹਿੰਦੀ ਹੈ ਆਦਿਕ। ਆਪ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਕਦੇ ਭੀ ਖਾਲੀ ਹੱਥੀਂ ਨਾ ਸਨ ਜਾਂਦੇ ਪੰਜ ਪੈਸੇ ਤੇ ਇੱਕ ਸਿਹਰਾ ਮਹਾਰਾਜ ਦੀ ਭੇਟ ਕਰਨਾ ਤਾਂ ਆਪਦਾ ਪ੍ਰਣ ਸੀ। ਆਪ ਕਿਹਾ ਕਰਦੇ ਸਨ ਕਿ ਜਦ ਸੰਸਾਰੀ ਜੀਵਾਂ ਬਜ਼ੁਰਗਾਂ ਮਹਾਂ ਪੁਰਖਾਂ ਦੇ ਸਨਮੁਖ ਭੀ ਜਾਣਾ ਖਾਲੀ ਹੱਥੀਂ ਨਹੀਂ ਸੋਭਦਾ ਤਾਂ ਦੀਨ ਦੁਨੀਆਂ ਦੇ ਮਾਲਕ ਮਹਾਰਾਜ ਦੇ ਹਜ਼ੂਰ ਖਾਲੀ ਹੱਥੀਂ ਕਿਵੇਂ ਜਾਇਆ ਜਾਵੇ। ਇਹ ਸੋਭਦਾ ਨਹੀਂ ਹੈ।

## ਰੁਝੇਵੇਂ

ਕੰਮ ਦੀ ਅਤਯੰਤ ਬਹੁਲਤਾ ਦੇ ਹੁੰਦਿਆਂ ਜਦ ਕਦੇ ਪਿਤਾ ਜੀ ਕਿਸੇ ਕੰਮੋ ਰੋਕਦੇ ਤਾਂ ਆਪ ਅੱਗੋਂ ਕੋਈ ਉੱਤਰ ਨਾ ਦਿੰਦੇ, ਚੁਪ ਕਰਕੇ ਮੰਨ ਲੈਂਦੇ, ਪਰ ਆਪਣੇ ਕੰਮ ਨੂੰ ਵੇਲਾ ਕੱਢ ਕੇ ਕਰ ਹੀ ਲੈਂਦੇ। ਨਮੂਨੇ ਵਜੋਂ ਦੇਖੋ ਆਪ ਇਕ ਜਗਾ ਲਿਖਦੇ ਹਨ:–

"ਸਵੇਰੇ ਸ੍ਰੀ ਦਰਬਾਰ ਸਾਹਿਬ ਜੀ ਗਿਆ।) ਖਰਚ ਅਰਦਾਸ ਵਗੈਰਾ ਦੇ ਹੋਏ। ਲਹਦੇ ਵੇਲੇ ਸੰਤ ਭੋਲਾ ਸਿੰਘ ਜੀ ਹੁਰਾਂ ਦੇ ਗਿਆ। ਰਾਤ ਸ੍ਰੀ ਗੁਰੂ



Digitized by Panjab Digital Library | www.panjabdigilib.org

ਅਰਜਨ ਦੇਵ ਲਾਇਬ੍ਰੇਰੀ ਵਿਚ ਗਿਆ।"

ਫੇਰ ਲਿਖਦੇ ਹਨ:-

"ਅਜ ੧੨ ਬਜੇ ਦੇ ਬਾਦ ਸੇ: ਸਿੰਘ ਜੀ ਪਾਸ ਗਿਆ, ਹਿਸਾਬ ਕਤਾਬ ਦੇਖਣ (ਖਾਲਸਾ ਹਾਈ ਸਕੂਲ ਤਰਨ ਤਾਰਨ ਦਾ) ਮਗਰੋ ਭਾਈਏ ਜੀ ਹੁਰਾਂ ਸੱਦਾ ਭੇਜਿਆ, ਫਿਰ ਮੈਂ ਵਾਪਸ ਆ ਗਿਆ। ਅਤੇ ਦੁਬਾਰਾ ੭ ਬਜੇ ਸ਼ਾਮ ਦੇ ਕਰੀਬ ਗਿਆ ਤੇ ਦੋ ਫਹਰਿਸਤਾਂ ਲਿਖ ਲਿਆਂਦੀਆਂ ਜਿਨ੍ਹਾਂ ਦਾ ਵੇਰਵਾ......... ।"

ਅਗੇ ਲਿਖਦੇ ਹਨ:-

"ਅਜ ਸਰੀਰ ਦਰਦ ਨਾਲ ਬੜਾ ਤੰਗ ਰਿਹਾ ਪਰ ਹੱਟੀ ਤੋਂ ਪੰਜ ਮਿੰਟ ਭੀ ਅਵੇਸਲਾ ਨਹੀਂ ਹੋਇਆ।"

ਹੈ ਨਾ ਜੀਵਣ ਦਾ ਸੁਆਦ ! ਸੇਵਾ ਦਾ ਚਾਉ ਹੋਵੇ ਤਾਂ ਏਹੋ ਜੇਹਾ ! ਫਰਜ਼ ਦੀ ਪਰਪੱਕਤਾ ਹੋਏ ਤਾਂ ਏਹੋ ਜੇਹੀ। ਐਨਾ ਕੰਮ ਕਰਦਿਆਂ ਹੋਇਆਂ ਜ਼ਰਾ ਆਪ ਦੀ ਲਿਖਾਈ ਪੜ੍ਹਾਈ ਦੀ ਰਫਤਾਰ ਦਾ ਨਮੂਨਾ ਭੀ ਦੇਖੋ:-

"ਭਾਰਤ ਮਿਤ੍ਰ, ਵੈਂਕਟੇਸ਼ਰ ਪੜ੍ਹਿਆ, ਸਰਦਾਰ ਸੇਵਾ ਸਿੰਘ ਜੀ ਨਾਲ ਸਕੂਲ ਦਾ ਹਿਸਾਬ, ਸਕੂਲ ਦੇ ਹਿਸਾਬ ਦੀਆਂ ਚਿਠੀਆਂ ਲਿਖ ਕੇ ਭੇਜੀਆਂ ਆਹਲੂਵਾਲੀਆ ਗਜ਼ਟ ਸੁਣਿਆ, ਖਾਲਸਾ ਸਮਾਚਾਰ ਪੜ੍ਹਿਆ, ਮਹਾਂਮਾਰੀ ਦਮਨ ਲਿਖਿਆ। ਦੋ ਚਿੱਠੀਆਂ 'ਆਹਲੂਵਾਲੀਆ ਗਜ਼ਟ' ਦੇ ਉੱਤਰ ਵਾਸਤੇ ਲਿਖੀਆਂ।" ੧੦. ੧੦. ੧੯੦੨

ਜ਼ਰਾ ਆਪ ਦੇ ਫਿਰਨ ਦਾ ਨਮੂਨਾ ਭੀ ਦੇਖੋ। ਆਪ ਅੰਮ੍ਰਿਤਸਰ ਜਾਂਦੇ ਹਨ ਤਾਂ ਕਿਵੇਂ ਫਿਰਦੇ ਹਨ। ਆਪਣੇ ਸਮੇਂ ਦਾ ਇਕ ਮਿੰਟ ਭੀ ਅਜਾਈਂ ਗੁਆਉਣਾ ਆਪ ਨੂੰ ਭਾਰੂ ਪ੍ਰਤੀਤ ਹੁੰਦਾ ਹੈ:-

"ਸ੍ਰੀ ਅਮ੍ਰਿਤਸਰ ਜੀ ਗਿਆ......ਭਰਾ ਸੰ: ਸਿੰਘ ਜੀ ਨੂੰ ਮਿਲ ਕੇ ਭਗਤ ਮਾਲ ਉਰਦੂ ਵਗੈਰਾ ਪੁਸਤਕਾਂ ਦਿੱਤੀਆਂ, ਫਿਰ ਨਾਲ ਲੈ ਕੇ ਭਾਈ ਵੀਰ ਸਿੰਘ ਜੀ ਦੇ ਘਰ ਗਿਆ......ਉਨ੍ਹਾਂ ਨੂੰ ਪੁਸਤਕ ਮਹਾਂਮਾਰੀ ਦਮਨ ਸੁਣਾਈ, ਲਾਹੌਰੀ ਦਰਵਾਜੇ......ਗਿਆ।"

ਉੱਚ ਵਿਚਾਰਵਾਨਾਂ ਵਾਂਗ ਆਪ ਆਪਣੀ ਲਿਖਤ ਨੂੰ ਕਦੇ ਲੁਕੋਂਦੇ ਨਾ ਸਨ। ਵਿਚਾਰ ਲਈ ਹਰ ਇਕ ਵਿੱਦਵਾਨ ਦੀ ਸਲਾਹ ਪੁਛਦੇ ਤੇ ਸ਼ੁਭ



Digitized by Panjab Digital Library | www.panjabdigilib.org

ਸਿਖਿਆ ਗ੍ਰਹਣ ਕਰਦੇ ਸਨ ।

## ਪੁਸਤਕ ਦਾਨ

ਪ੍ਰਚਾਰ ਦੇ ਨਾਲ ਨਾਲ ਆਪ ਹਰ ਮਤ ਦੇ ਬੰਦਿਆਂ ਨੂੰ ਆਪਣੇ ਪਾਸੋਂ ਪੜ੍ਹਣ ਲਈ ਪੁਸਤਕਾਂ ਦਿੱਤਾ ਕਰਦੇ ਸਨ । ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜੇਹੇ ਵਿਦਵਾਨ ਭੀ ਮੁੱਢ ਤੋਂ ਹੀ ਵੈਦ ਜੀ ਦੀਆਂ ਪੁਸਤਕਾਂ ਤੇ ਲੇਖਾਂ ਦਾ ਲਾਭ ਉਠਾਂਦੇ ਰਹੇ ਹਨ, ਜੋ ਆਪ ਦੇ ਰੋਜ਼ਨਾਮਚਿਆਂ ਵਿਚੋਂ ਸਾਫ ਪ੍ਰਗਟ ਹੈ । 'ਖਾਲਸਾ ਸਮਾਚਾਰ' ਅਖਬਾਰ ਦੇ ਸ਼ੁਰੂ ਹੋਣ ਤੋਂ ਹੀ ਵੈਦ ਜੀ ਨੇ ਅਨੇਕ ਲੇਖ ਤੇ ਨੀਤੀ ਵਾਰਤਾਂ ਆਦਿ ਲਿਖ ਲਿਖ ਕੇ ਦਿਤੇ, ਪਰ ਅਚਰਜਤਾ ਇਹ ਹੈ ਕਿ ਨਾਮ ਕਿਸੇ ਉੱਪਰ ਨਹੀਂ ਦਿਤਾ । ਆਪਦੀ ਨਿਰਮਾਨਤਾ ਤੇ ਪੰਥ ਪ੍ਰੇਮ ਅਕਥਨੀਯ ਹੈ । ਲੋਕੀਂ ਫੋਕੀ ਤੇ ਝੂਠੀ ਨਾਮਨਾ ਲਈ ਪਏ ਮਰਦੇ ਫਿਰਦੇ ਹਨ । ਵੱਡੇ ਵੱਡੇ ਲੀਡਰਾਂ ਵਲ ਨਜ਼ਰ ਮਾਰਨ ਤੋਂ ਸਾਫ ਦਿਸਦਾ ਹੈ ਕਿ ਉਹ ਕਿਵੇਂ ਆਪਣੀ ਪ੍ਰਸਿੱਧਤਾ ਲਈ ਤੜਫਦੇ ਹਨ, ਪਰ ਧੰਨ ਹਨ ਵੈਦ ਜੀ ਜੋ ਸਾਰੀ ਉਮਰ ਗੁਮਨਾਮੀ ਵਿਚ ਹਰ ਪ੍ਰਕਾਰ ਦੀ ਪੰਥਕ, ਕੌਮੀ, ਜ਼ਾਤੀ, ਮੁਲਕੀ, ਵਿਹਾਰਕ, ਪ੍ਰਮਾਰਥਕ, ਮਾਯਕ,ਕਲਮੀ ਤੇ ਸਰੀਰਕ ਸੇਵਾ ਕਰਦੇ ਰਹੇ,ਪਰ ਕਦੇ ਕਿਤੇ ਉਭਾਸਰੇ ਨਹੀਂ, ਉੱਚੇ ਨਹੀਂ ਬੋਲੇ, ਸਗੋਂ ਲੇਖਕ ਆਪਣੀ ਹੱਡ ਬੀਤੀ ਦੇ ਅਧਾਰ ਤੇ ਕਹਿ ਸਕਦਾ ਹੈ ਕਿ ਆਪ ਆਪਣੀ ਸਿਫਤ ਮੂੰਹ ਤੇ ਸੁਣਨੀ ਭੀ ਨਹੀਂ ਸਨ ਗਵਾਰਾ ਕਰਦੇ । 'ਭਾਈ ਦਿੱਤ ਸਿੰਘ ਲਾਇਬ੍ਰੇਰੀ' ਸਿੱਖ ਕੰਨਯਾਂ ਮਹਾਂ ਵਿਦਿਯਾਲਾ ਫੀਰੋਜ਼ਪੁਰ ਵਿਚ ਭੀ ਕਈ ਨਾਯਾਬ ਚੀਜ਼ਾਂ (ਪੁਰਾਣੀਆਂ ਅਖਬਾਰਾਂ ਦੀਆਂ ਫਾਈਲਾਂ ਆਦਿਕ) ਭਾਈ ਸਾਹਿਬ ਦੇ ਪੁਸਤਕ ਭੰਡਾਰ ਵਿਚੋਂ ਹੀ ਗਈਆਂ ਹੋਈਆਂ ਹਨ ।

੨ ਜਨਵਰੀ ੧੯੦੨ ਨੂੰ ਆਪ ਨੇ ਖਾਲਸਾ ਸਕੂਲ ਦੇ ਪੁਸਤਕਾਲਯਾ ਸ੍ਰੀ ਗੁਰੂ ਅਰਜਨ ਦੇਵ ਲਾਇਬ੍ਰੇਰੀ ਨੂੰ ਹੇਠ ਲਿਖੇ ਗੁਰਮੁਖੀ, ਉਰਦੂ ਤੇ ਸੰਸਕ੍ਰਿਤ ਦੇ ਬਾਰਾਂ ਪੁਸਤਕ ਦਾਨ ਕੀਤੇ । (੧) ਖੁਰਸ਼ੀਦ ਖਾਲਸਾ



Digitized by Panjab Digital Library | www.panjabdigilib.org

ਤਿੰਨ ਹਿੱਸੇ ਉਰਦੂ (੨) ਅਸਤੋਤ੍ਰ ਸੰਗ੍ਰਹ ਸੰਸਕ੍ਰਿਤ (੩) ਪ੍ਰਤਜੁਤਰ ਭਾਈ ਦਿੱਤ ਸਿੰਘ ਜੀ ਕ੍ਰਿਤ ਗਿਆਨੀ ਭਗਵਾਨ ਸਿੰਘ ਜੀ ਗੁਰਮੁਖੀ (੪) ਗੀਤ ਗੋਬਿੰਦ ਸਟੀਕ ਸਤੋਤ੍ਰ (੫) ਵਿਸ਼ਨੂ ਸਹੱਸ੍ਰ ਸਟੀਕ (੬) ਇੰਦ੍ਰ ਜਾਲ (੭) ਵਿਵਾਹ ਪੱਧਤਿ ਮੂਲ (੮) ਬਾਲ ਵਿਵਾਹ ਕੁਰੀਤੀ (੯) ਨਾਰੀ ਧਰਮ ਪ੍ਰਕਾਸ਼ (੧੦) ਆਰਥੋਦੇਸ਼, ਰਤਨ ਮਾਲਾ (੧੧) ਅਗਰ ਵਾਲੋਂ ਦੀ ਉਤਪਤੀ ਤੇ (੧੨) ਮੁੰਤਖਿਬਾਤ ਨਜ਼ਮ ਉਰਦੂ ।

## *ਕਹਿਣੀ-ਕਰਣੀ*

ਮੈਂ ਇਕ ਦਿਨ ਰੇਲ ਗੱਡੀ ਵਿੱਚ ਸਫਰ ਕਰ ਰਿਹਾ ਸਾਂ, ਇੱਕ ਦਵਾਈਆਂ ਵੇਚਣ ਵਾਲਾ ਏਜੰਟ ਭੀ ਸਾਡੇ ਕਮਰੇ ਵਿੱਚ ਆ ਵੜਿਆ । ਹੋਰ ਚੀਜ਼ਾਂ ਦਿਖਾਲਦੇ ਦਿਖਾਲਦੇ ਉਸ ਨੇ ਅੰਤ ਵਿੱਚ ਇੱਕ ਦੰਦਾਂ ਦਾ ਮੰਜਨ ਕੱਢਿਆ । ਉਸ ਮੰਜਨ ਦੇ ਪੈਕਟ ਨੂੰ ਹੱਥ ਵਿੱਚ ਫੜਕੇ—ਜੇਹਾ ਕਿ ਉਨ੍ਹਾਂ ਦਾ ਦਸਤੂਰ ਹੁੰਦਾ ਹੈ—ਉਸ ਨੇ ਲੈਕਚਰ ਦੇਣਾ ਸ਼ੁਰੂ ਕੀਤਾ, "ਇਹ ਮੰਜਨ ਕੀ ਹੈ, ਜਾਣੋ ਰੱਬੀ ਤੁਹਫਾ ਹੈ । ਬੜਾ ਹੀ ਅਭਾਗਾ ਹੋਊ ਜੋ ਇਸ ਮੰਜਨ ਤੋਂ ਵਾਂਝਾ ਰਹੂ । ਜਾਨ ਨਾਲ ਹੀ ਜਹਾਨ ਹੈ । ਜਾਨ ਭੀ ਤਦ ਸੋਭਦੀ ਹੈ, ਜੇ ਤੰਦਰੁਸਤੀ ਹੋਵੇ । ਸਰੀਰ ਦੀ ਤੰਦਰੁਸਤੀ ਤਦ ਹੀ ਰਹਿ ਸਕਦੀ ਹੈ ਜੇ ਅਸੀਂ ਦੰਦਾਂ ਨੂੰ ਸਾਫ ਰੱਖੀਏ । ਦੰਦ ਹੀ ਸਭ ਰੋਗਾਂ ਦੇ ਮੂਲ ਹਨ । ਦੰਦ ਖਰਾਬ ਹੋਣ ਨਾਲ ਪੇਟ ਖਰਾਬ ਹੋ ਜਾਂਦਾ ਹੈ । ਹਾਜ਼ਮਾ ਬਿਗੜ ਜਾਂਦਾ ਹੈ । ਹਾਜ਼ਮਾ ਬਿਗੜਨ ਨਾਲ ਸਰੀਰ ਵਿੱਚ ਭਾਂਤ ਭਾਂਤ ਦੇ ਅਨੇਕ ਰੋਗ ਪੈਦਾ ਹੋ ਜਾਂਦੇ ਹਨ । ਮੂੰਹ ਵਿੱਚੋਂ ਬਦਬੋ ਆਉਣ ਕਰਕੇ ਕੋਈ ਪਾਸ ਨਹੀਂ ਬੈਠਣਾ ਚਾਹੁੰਦਾ । ਦੋਸਤੋ ! ਇਹ ਮੰਜਨ ਦੰਦਾਂ ਨੂੰ ਮੋਤੀਆਂ ਵਾਂਗ ਸਾਫ ਕਰਦਾ, ਮਸੂੜਿਆਂ ਨੂੰ ਠੀਕ ਕਰਦਾ । ਦੰਦ ਅਜੇਹੇ ਮਜਬੂਤ ਕਰਦਾ ਹੈ ਕਿ ਤੁਸੀਂ ਲੋਹੇ ਦੇ ਚਣੇ ਚੱਬ ਸਕੋ, ਤੇ ਦੰਦਾਂ ਨਾਲ ਪੱਥਰ ਵੀ ਤੋੜ ਸਕੋ" ਆਦਿਕ । ਸਾਰੇ ਬੰਦੇ ਉਸ ਦੇ ਲੈਕਚਰ ਨੂੰ ਸੁਣ ਰਹੇ ਤੇ ਸੁਭਾਵ ਅਨੁਸਾਰ ਉਸ ਦੇ ਮੂੰਹ ਵੱਲ ਤੱਕ ਰਹੇ ਸਨ । ਉਹ ਬੜਾ ਸੁਹਣਾ ਬੋਲਣ ਵਾਲਾ ਤੇ



Digitized by Panjab Digital Library | www.panjabdigilib.org

ਦਲੀਲ ਬਾਜ਼ ਸੀ। ਜਿਸਮ ਸੁਕੜੂ ਜੇਹਾ, ਇਉਂ ਮਲੂਮ ਹੁੰਦਾ ਸੀ ਕਿ ਜਾਣੋ ਜਾਨ ਉਧਾਰੀ ਹੀ ਲਈ ਫਿਰਦਾ ਹੈ । ਉਹ ਲੈਕਚਰ ਤਾਂ ਦੰਦਾਂ ਤੇ ਦੇ ਰਿਹਾ ਸੀ,ਪਰ ਉਸਦੇ ਮੂੰਹ ਵਿਚਲੇ ਦੰਦ ਮਹਾਂ ਮੈਲੇ, ਵਿੱਚੋਂ ਵਿੱਚੋਂ ਉੱਖੜੇ ਹੋਏ, ਹਿਲਦੇ ਤੇ ਗੰਦੇ ਸਨ। ਮਸੂੜੇ ਕਾਲੇ ਤੇ ਰੋਗੀ ਜਾਪਦੇ ਸਨ। ਮੇਰੇ ਦਿਲ ਵਿੱਚ ਰਹਿ ਰਹਿਕੇ ਲੈਕਚਰ ਤੇ ਉਸਦੇ ਆਪਣੇ ਦੰਦਾਂ ਵੱਲ ਦੇਖ ਕੇ ਉਸ ਦੀ ਨਿਰਾਰਥਕਤਾ ਦਾ ਖ਼ਿਆਲ ਉਠ ਰਿਹਾ ਸੀ। ਕਈ ਬਾਰ ਖ਼ਿਆਲ ਉਠੇ ਕਿ ਇਸ ਨੂੰ ਮਖੌਲ ਵਿੱਚ ਟੋਕ ਹੀ ਦੇਵਾਂ। ਇਸ ਦੇ ਇਸ ਮੰਜਨੀ ਧੋਖੇ ਦਾ ਪਾਜ ਖੋਲ੍ਹ ਹੀ ਦੇਵਾਂ ਪਰ 'ਬੇ ਮਤਲਬਾ ਤੇ ਖਾਹ ਮਖਾਹ ਵਿੱਚ ਬੋਲਣਾ ਅੱਛਾ ਨਹੀਂ ਆਦਿਕ' ਮੈਂ ਅਜੇ ਸੋਚ ਹੀ ਰਿਹਾ ਸਾਂ, ਕਿ ਮੇਰੇ ਪਾਸੋਂ ਹੀ ਇੱਕ ਮਨ ਚਲੇ ਗਭਰੇਟ ਨੇ—ਜੋ ਕਿਸੇ ਕਾਲਜ ਦਾ ਵਿਦਯਾਰਥੀ ਸੀ—ਕਿਹਾ "ਕਿਉਂ ਜੀ ! ਤੁਸੀਂ ਭੀ ਤਾਂ ਰੋਜ਼ ਇਸ ਮੰਜਨ ਨੂੰ ਵਰਤਦੇ ਹੀ ਹੋਵੋਗੇ? ਵਾਹ ! ਤੁਹਾਡੇ ਦੰਦ ਖੂਬ ਸਾਫ ਹਨ। ਕੀ ਇਹ ਮੰਜਨ ਵਰਤਣ ਵਾਲਿਆਂ ਦੇ ਦੰਦ ਭੀ ਅਜੇਹੇ ਹੀ ਸਾਫ ਹੋ ਜਾਣਗੇ ਨਾ? ਲੋਕਾਂ ਦੇ ਦੰਦ ਤਾਂ ਮੋਤੀਆਂ ਵਰਗੇ ਸਾਫ ਕਰਦੇ ਹੋ ਪਰ ਤੁਹਾਡੇ ਆਪਣੇ ਤਾਂ ਫੁੱਟੇ ਘੋਘਿਆਂ ਵਰਗੇ ਭੀ ਨਹੀਂ। ਮਸੂੜੇ ਇਉਂ ਹਨ ਜਿਵੇਂ ਉਪਰ ਕਾਲਖ ਮਲੀ ਹੋਈ ਹੁੰਦੀ ਹੈ ਆਦਿ।" ਲੋਕੀਂ ਜੋ ਉਸ ਏਜੰਟ ਦੇ ਲੈਕਚਰ ਨੂੰ ਸੁਭਾਵਕ ਗਹੁ ਨਾਲ ਸੁਣ ਰਹੇ ਸਨ, ਕਈਆਂ ਉਤੇ ਉਸ ਦੀਆਂ ਚੋਪੜਵੀਆਂ ਚਿਕਨੀਆਂ ਤੇ ਯੁਕਤੀ ਭਰੀਆਂ ਗੱਲਾਂ ਨੇ ਅਜੇਹਾ ਅਸਰ ਕੀਤਾ ਜੋ ਹੁਣ ਪਾਕਟਾਂ ਵਿਚੋਂ ਪੈਸੇ ਕੱਢ ਰਹੇ ਸਨ ਤੇ 'ਮੈਨੂੰ ਦੇਈਂ ਮੈਨੂੰ ਦੇਈਂ' ਆਖਣ ਵਾਲੇ ਤੇ 'ਏਧਰ ਭੀ' ਉਂਗਲੀ ਨਾਲ ਇਸ਼ਾਰਾ ਕਰਨ ਵਾਲੇ ਹੀ ਸਨ। ਇਸ ਨੌਜਵਾਨ ਦੀਆਂ ਗੱਲਾਂ ਸੁਣਕੇ ਠਠੰਬਰ ਗਏ। ਗੱਲਾਂ ਠੀਕ ਸਨ। ਦਲੀਲ ਭਰਵੀਂ ਸੀ। ਉਸ ਏਜੰਟ ਦੇ ਮੂੰਹ ਉੱਤੇ ਮੋਹਰ ਲੱਗ ਗਈ। ਸਿਰ ਵਿਚ ਮਾਨੋਂ ਸੌ ਘੜਾ ਪਾਣੀ ਦਾ ਪੈ ਗਿਆ। ਪਸ਼ੇਮਾਨੀ ਨਾਲ ਉਸ ਦੇ ਚਿਹਰੇ ਦਾ ਰੰਗ ਮੁਰਝਾ ਗਿਆ। ਭਾਵੇਂ ਉਸ ਨੇ "ਮੇਰੇ ਦੰਦ ਖਰਾਬ ਹਨ, ਇਨ੍ਹਾਂ ਨੂੰ ਪਾਯੋਰੀਆ ਰੋਗ ਹੈ, ਆਦਿਕ" ਕਿਹਾ, ਪਰ ਹੁਣ



Digitized by Panjab Digital Library | www.panjabdigilib.org

ਸੁਣਦਾ ਕੌਣ ਸੀ। ਲੋਕੀਂ ਸੁੰਨ ਹੋ ਕੇ ਬੈਠ ਗਏ ਉਸ ਦੀ ਇਕ ਪੈਸੇ ਦੀ ਭੀ ਵਿੱਕਰੀ ਨਾ ਹੋਈ।

ਇਸੇ ਹੀ ਘਟਨਾ ਵਾਂਗ ਸਾਡੇ ਅਨੇਕ ਲੈਕਚਰਾਰ ਸੰਤ ਮਹੰਤ ਤੇ ਹੋਰ ( So-called) ਕਹੇ ਜਾਣ ਵਾਲੇ ਮਹਾਂ ਪੁਰਖ ਹਨ, ਜੋ ਲੈਕਚਰਾਂ ਵਿੱਚ ਤਾਂ ਅਸਮਾਨ ਦੇ ਤਾਰੇ ਤੋੜਦੇ ਹਨ, ਲਿਖਣ ਵਿਚ ਧਰਤ ਅਕਾਸ਼ ਦੇ ਕੰਢੇ ਮੇਲਦੇ ਹਨ, ਵਿੱਦਵਤਾ ਵਿਚ ਵਾਲ ਦੀ ਖੱਲ ਉਤਾਰਦੇ ਹਨ ਤੇ ਨੁਕਤਾ ਚੀਨੀ ਵਿਚ ਰੱਬ ਦੇ ਭੀ ਪੜਦੇ ਪਾੜਦੇ ਹਨ,ਪਰ ਜੇ ਉਨ੍ਹਾਂ ਦੀ ਕਰਨੀ ਵਲ ਦੇਖੀਏ, ਰਹਿਣੀ ਵਲ ਨਜ਼ਰ ਮਾਰੀਏ ਤਾਂ ਸਾਫ ਉਸ ਮੰਜਨ ਵੇਚਨ ਵਾਲੇ ਵਰਗੀ ਮਿਸਾਲ ਪ੍ਰਗਟ ਹੁੰਦੀ ਹੈ। ਅੱਖਾਂ ਮੀਟ ਮੀਟ ਸਮਾਧੀਆਂ ਲਾਉਣ ਵਾਲੇ ਬਗਲੇ ਭਗਤ ਕਿਸ ਨਹੀਂ ਦੇਖੇ? ਚੋਗੇ ਤੇ ਮਲਮਲੀ ਦੁਪੱਟੇ ਗਲਾਂ ਵਿਚ ਪਾਉਣ ਵਾਲੇ, ਕਥਾ ਵਾਚਕਾਂ ਦੀਆਂ ਆਪਣੀਆਂ ਕਰਤੂਤਾਂ ਕਿਸ ਤੋਂ ਗੁੱਝੀਆਂ ਹਨ? ਚਿਮਟੇ ਖੜਕਾਊ ਤੇ ਢੋਲਕੀਆਂ ਪਿੱਟੂ, ਬੋਲੀਆਂ ਦੇ ਢੰਗ ਤੇ ਬਾਣੀ ਪੜ੍ਹਨ ਵਾਲੇ ਭੇਖੀ ਸੰਤਾਂ ਦਾ ਕਿਸ ਨੂੰ ਪਤਾ ਨਹੀਂ? ਮਤਲਬ ਨੂੰ ਮਤਬੁਲ, ਸ਼ੇਰ ਨੂੰ ਛੇਰ ਤੇ ਫਸੀਲ ਨੂੰ ਸਫੀਲ ਆਖਣ ਵਾਲੇ ਅਨੇਕ ਖਰੜ ਗਿਆਨੀ, ਸਿੱਖ ਪੰਥ ਦੀ ਜੜ੍ਹੀਂ ਤੇਲ ਦੇ ਰਹੇ ਸਾਫ ਦਿਸਦੇ ਹਨ।

ਪਿਛਲੇ ਦਿਨੀਂ ਲੇਖਕ ਨੂੰ ਇਕ ਪਿੰਡ ਵਿੱਚ ਗੁਰਦੁਆਰੇ ਦੇ ਇੱਕ ਗ੍ਰੰਥੀ ਨਾਲ ਵਾਹ ਪਿਆ ਗਿਆਨੀ ਸਾਹਿਬ 'ਬਲੰਦੁਲ ਮਕਾਨੇ' ਦਸਮ ਵਾਕ ਨੂੰ 'ਬਬੰਦੁਲ ਮਕਾਨੇ' ਹੀ ਪੜ੍ਹਦੇ ਤੇ ਸਹੀ ਸਿੱਧ ਕਰਦੇ ਸਨ। 'ਸੰਗ ਸਖਾ ਸਭ ਤਜ ਗਏ' ਮਹਾਂ ਵਾਕ ਨੂੰ 'ਸਿੰਘ ਸਿੱਖਾਂ ਸ਼ਭ ਤਜ ਗਏ' ਹੀ ਉਚਰਦੇ ਸਨ। ਹਜ਼ਾਰ ਸਿਰ ਮਾਰਨ ਤੇ ਭੀ ਆਪ ਨੇ ਇੱਕ ਨਾ ਸੁਣੀ, ਸਗੋਂ ਸ੍ਰੀ ਸਾਹਿਬ ਫੜਕੇ ਸੋਧਨ ਨੂੰ ਤਿਆਰ ਹੋ ਗਏ। ਸਾਡਾ ਕਹਿਣ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਕਹਿਣੀ ਤੇ ਕਰਨੀ ਦੇ ਧਾਰਨੀ ਟਾਵੇਂ ਟਾਵੇਂ ਬੰਦੇ ਹੀ ਮਿਲਨਗੇ। ਆਪਣੇ ਰੋਜ਼ਨਾਮਚੇ ਵਿੱਚ ਭਾਈ ਸਾਹਿਬ ਜੀ ਇੱਕ ਜਗ੍ਹਾ ਅਜੇਹੇ ਮੁਖੀਆਂ ਦੇ ਘਰੋਗੀ ਜੀਵਣਾਂ ਵਲ ਵੇਖ ਕੇ ਡਾਢਾ ਸ਼ੋਕ ਭਰਿਆ ਨੋਟ ੨੯-੯-੧੯੦੯ ਦੀ ਡਾਇਰੀ ਵਿਚ ਇਸਤਰ੍ਹਾਂ ਲਿਖਦੇ ਹਨ:—



Digitized by Panjab Digital Library | www.panjabdigilib.org

"ਅੰਮ੍ਰਿਤਸਰ ਗੋਬਿੰਦ ਕੁਟੀਆ, ਮਾਤਾ ਜੀ ਸ੍ਰ: ਹਰਨਾਮ ਸਿੰਘ ਜੀ ਨੂੰ ਮਿਲਯਾ, ਉੱਥੇ ਹੀ ਭਾਈ ਗੰਡਾ ਸਿੰਘ ਜੀ ਪ੍ਰੈਜ਼ੀਡੈਂਟ 'ਗੁਰ ਉਪਕਾਰਨੀ ਪ੍ਰਚਾਰਨੀ ਸਭਾ' ਦੇ ਮਾਤਾ ਜੀ ਮਿਲੇ। ਓਨ੍ਹਾਂ ਨੂੰ ਹਰਨਾਮ ਸਿੰਘ ਜੀ ਨੇ ਸ਼ਰਾਧਾਂ ਦੇ ਕੁਕਰਮ ਤੋਂ ਰੋਕਿਆ, ਓਨ੍ਹਾਂ ਕਿਹਾ ਕਿ ਅਸੀਂ ਤਾਂ ਕਿਤੇ ਰਹੇ। ਭਾਈ......ਸਿੰਘ ਜੀ ਦੇ ਮਾਤਾ ਜੀ, ਭਾਈ ਮੰਨਾ ਸਿੰਘ ਜੀ, ਮੁਰਾਰੀ ਸਿੰਘ ਜੀ, ਭਾਈ ਦੇਵਾ ਸਿੰਘ ਜੀ ਸਕੱਤ੍ਰ ਸਿੰਘ ਸਭਾ, ਭਾਈ......ਸਿੰਘ ਜੀ ਸੇਵਕ ਦੇ ਮਾਤਾ ਜੀ, ਆਪ ਦੇ ਸਾਰੇ ਮੰਨੇ ਪ੍ਰਮੰਨੇ ਸਿੱਖ ਸ਼ਰਾਧ ਕਰਦੇ, ਵਰਤ ਰੱਖ ਦੇ, ਨਰਾਤੇ ਰੱਖ ਦੇ ਹਨ। ਸ੍ਰ:......ਸਿੰਘ ਜੀ ਦੇ ਮਾਤਾ ਜੀ, ਸ੍ਰ: ਮਹਿੰਦਰ ਸਿੰਘ ਜੀ ਦੇ ਘਰ ਭੀ ਸਭ ਇਹੋ ਵਰਤਾਰੇ ਵਰਤਦੇ ਹਨ। ਭਾਈ ਦੇਵਾ ਸਿੰਘ ਜੀ ਦੇ ਧਾਮੇ ਦਿੰਦੇ, ਬੇਹੀਆਂ ਰੋਟੀਆਂ ਦੇ ਵਰਤ ਰੱਖਦੇ, ਜੀਵਣ ਸਿੰਘ ਜੀ ਦੀ ਮਾਤਾ ਦੇਵੀ ਦੀ ਪਰਮ ਭਗਤਣੀ ਹੈ। ਇਹ ਸੁਣਕੇ ਅਚਰਜ ਹੋਯਾ, ਕਿ ਜਦ ਸਿੱਖਾਂ ਦੇ ਲੀਡਰਾਂ ਦੀ ਏਹ ਦਸ਼ਾ ਹੈ ਤਦ ਉਨਤੀ ਤੇ ਜਥੇਬੰਦੀ ਕਿੱਥੋਂ ਹੋਵੇ? ਸ਼ੋਕ ਤੇ ਭਾਣਾ।"

ਅਸਲ ਵਿੱਚ ਉਹ ਸਮਾ ਹੀ ਇਹੋ ਜੇਹਾ ਸੀ। ਵਰ੍ਹਿਆਂ ਬੱਧੀ ਬਾਹਰੀ ਅੰਦਰੀ ਦੁਸ਼ਮਨਾਂ ਦਾ ਟਾਕਰਾ ਕਰਦੇ ੨ ਖਾਲਸਾ ਪੰਥ ਬੇਹਾਲ ਹੋ ਚੁੱਕਾ ਸੀ। ਪਿਛਲੇ ਦਸਾਂ ਪੰਦਰਾਂ ਵਰ੍ਹਿਆਂ ਤੋਂ ਭਾਵੇਂ ਜਾਗ ਰਿਹਾ ਸੀ, ਪਰ ਅਜੇ ਉਂਘਲਾਉਂਦੇ ਤੇ ਅੱਖਾਂ ਮਲ ਰਹੇ ਬੰਦੇ ਵਰਗੀ ਹੀ ਹਾਲਤ ਸੀ। ਘਰੀਂ ਜਨਾਨੀਆਂ ਤਾਂ ਅਜੇ ਉਸੇ ਤਰ੍ਹਾਂ ਭਰਮਾਂ, ਪਖੰਡਾਂ, ਦੇ ਅਨ੍ਹੇਰੇ ਖੂਹ ਵਿੱਚ ਪਈਆਂ ਹੱਥ ਕੜੀਆਂ ਬੇੜੀਆਂ ਨਾਲ ਬੱਧੇ ਪਏ ਕੈਦੀ ਵਾਂਗ ਹੱਥ ਪੈਰ ਮਾਰ ਰਹੀਆਂ ਸਨ। ਸਦੀਆਂ ਦੇ ਵੜੇ ਹੋਏ ਰਸਮੀ ਭਰਮ-ਭੂਤ ਦਾ ਘਰੋਂ ਕੱਢਣਾ ਕੁੱਝ ਖੇਲ ਤਾਂ ਨਹੀਂ! ਅਸੀਂ ਤਾਂ ਅਜੇ ਭੀ ਬਹੁਤ ਹੱਦ ਤੱਕ ਉਹੀ ਹਾਲਤ ਦੇਖ ਰਹੇ ਹਾਂ।

ਸਿੱਖਾਂ ਨੇ ਹਿੰਦੂਆਂ ਦੇ ਜੰਤ੍ਰ ਮੰਤ੍ਰ ਤਾਂ ਛੱਡੇ, ਪਰ ਆਪਣੇ ਨਵੇਂ ਭਰਮ ਜਾਲ ਤਣ ਲਏ ਹਨ। ਗੁਰਦੁਆਰੇ ਦੀਆਂ ਸੁੱਖਣਾਂ ਸੁੱਖਣੀਆਂ ਅਮਕੇ ਥਾਂ ਕੇਵਲ ਅਸ਼ਨਾਨ ਕਰਕੇ ਤਰ ਜਾਣਾ। ਪੂਰਬ ਪੱਛਮ ਉੱਤਰ ਤੇ ਦੱਖਣ ਵੱਲ ਨੂੰ ਜਪੁਜੀ ਸਾਹਿਬ ਦੀਆਂ ਖਾਸ ਖਾਸ ਪਉੜੀਆਂ ਪੜ੍ਹਕੇ ਧਨ



Digitized by Panjab Digital Library | www.panjabdigilib.org

ਲਾਭ, ਪੁੱਤ੍ਰ ਲਾਭ,ਇੱਜ਼ਤ ਲਾਭ ਤੇ ਦੁਸ਼ਮਨ ਦਾ ਨਾਸ ਆਦਿ ਫਲ ਮੰਨਣੇ।

ਪੰਚਮੀ ਨੂੰ ਅਮਕੇ ਥਾਂ ਅਸ਼ਨਾਨ ਕਰਨ ਕਰਕੇ ਪੁੱਤ੍ਰ ਪ੍ਰਾਪਤੀ,ਮੱਸਿਆ ਦਾ ਮੇਲਾ ਸੁੱਖ ਕੇ ਅਰੋਗਤਾ ਤੇ ਪੁੱਤ੍ਰ ਪ੍ਰਾਪਤੀ, ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਸੁਖ ਕੇ ਮੁਕੱਦਮੇ ਦੀ ਜਿੱਤ ਆਦਿ ਪ੍ਰਾਪਤੀ ਦੀ ਚਾਹ,ਕੀ ਦੇਵੀ ਦੇਵਤੇ ਪੂਜਨ ਨਾਲੋਂ ਕੁਛ ਘੱਟ ਹੈ ? ਇਹ ਭਰਮ ਕੀ ਉਨ੍ਹਾਂ ਹਿੰਦੂਆਂ ਦੇ ਭਰਮਾਂ ਨਾਲੋਂ ਕੁਛ ਨਰਮ ਹਨ ? ਯਾਦ ਰੱਖੋ ਜਦ ਤਕ ਸਾਡੇ ਘਰ ਭਰਮਾਂ ਤੋਂ ਆਜ਼ਾਦ ਨਹੀਂ ਹੁੰਦੇ,ਤਦ ਤਕ ਸਾਡਾ ਜੀਵਣ ਸੁਖੀ ਨਹੀਂ ਹੋ ਸਕਦਾ।ਜਦ ਤਕ ਸਾਡੀਆਂ ਇਸਤ੍ਰੀਆਂ ਭਰਮਾਂ ਭੂਤਾਂ ਤੇ ਪਾਖੰਡ ਜਾਲਾਂ ਦੇ ਪੰਜੇ ਵਿਚ ਫਸੀਆਂ ਹੋਈਆਂ ਤੜਫ ਰਹੀਆਂ ਹਨ, ਤਦ ਤਕ ਸਾਡਾ ਜੀਵਨ-ਸੰਸਾਰ ਸੁਤੰਤ੍ਰ, ਉਜਲਾ ਤੇ ਅਨੰਦ ਮਯ ਹਰਗਿਜ਼ ਨਹੀਂ ਹੋ ਸਕਦਾ।

ਭਾਈ ਸਾਹਿਬ ਜੀ ਅੰਦਰੋਂ ਬਾਹਰੋਂ ਇਕ ਸਨ। ਆਪ ਜੋ ਕੁਛ ਸੋਚਦੇ ਉਹੀ ਕੁਛ ਕਹਿੰਦੇ, ਜੋ ਕੁਛ ਕਹਿੰਦੇ ਉਹੀ ਕੁਛ ਕਰਦੇ। ਆਪ ਕਿਹਾ ਕਰਦੇ ਸਨ, "ਮੰਨ ਲਿਆ ਅਸੀਂ ਪਰਾਧੀਨ ਹਾਂ, ਰਸਮਾਂ ਰਿਵਾਜਾਂ ਦੇ ਦੁਖਦਾਈ ਭੇਡ-ਚਾਲੂ ਬੰਧਨਾਂ ਵਿੱਚ ਜਕੜੇ ਪਏ ਹਾਂ, ਪਰ ਸਾਨੂੰ ਯਥਾ ਸ਼ਕਤਿ ਸ਼ੁਭ ਗੁਣ ਧਾਰਨ ਕਰਨ ਵਲ ਉੱਦਮ ਜਰੂਰ ਵਧ ਤੋਂ ਵਧ ਕਰਨਾ ਚਾਹੀਦਾ ਹੈ। ਸਮੇਂ ਦੇ ਕੁਫੇਰ, ਖਾਲਸਾ ਜੀ ਦੀ ਅਨਗਹਿਲੀ ਤੇ ਚਾਲਾਕ ਦੋਸਤਾਂ ਦੀ ਚਾਲਾਕੀ ਨਾਲ ਸਿਖ ਮੱਤ ਦੇ ਉੱਚੇ ਸੁੱਚੇ ਅਸੂਲ ਬੇਸ਼ੱਕ ਫੇਰ ਹਿੰਦੂਆਂ ਵਿਚ ਮਿਲਗੋਭਾ ਹੋ ਗਏ ਹਨ* ਪਰ ਅਸੀਂ ਬਚ ਤਦ ਹੀ ਸਕਦੇ ਹਾਂ ਜਦ ਮਨੋਂ ਚਿੱਤੋਂ ਹੋ ਕੇ ਸੁਧਾਰਨ ਦਾ ਉਦਮ ਆਰੰਭ ਕਰੀਏ। ਇਸ ਤਰ੍ਹਾਂ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣ ਨਾਲ ਤਾਂ ਸਗੋਂ ਅਸੀਂ ਹੋਰ ਹਿਠਾਹਾਂ ਨੂੰ ਜਾਵਾਂਗੇ।" ਜਿਨ੍ਹਾਂ ਸਿੱਖਾਂ ਦੇ ਘਰੀਂ ਸਿੱਖੀ ਤੋਂ ਵਿਰੁੱਧ ਤਿਉਹਾਰ ਵਿਹਾਰ ਹੁੰਦੇ, ਜਿਨ੍ਹਾਂ ਦੇ ਘਰੀਂ ਗੁਰਸਿਖੀ ਤੋਂ ਉਲਟ ਦੇਵੀ ਦੇਵਤਿਆਂ ਦੀ

---

*ਦੇਖੋ ਮਕਾਲਿਫ ਸਾਹਿਬ ਦਾ ਇਤਿਹਾਸ ਜਿਲਦ ੧। ਇਸੇ ਭਾਵ ਨੂੰ ਲੈ ਭਾਈ ਕਾਹਨ ਸਿੰਘ ਜੀ ਨਾਭਾ ਨੇ 'ਹਮ ਹਿੰਦੂ ਨਹੀਂ', ਗੁਰਮਤ ਸੁਧਾਕਰ ਤੇ ਗੁਰਮਤ ਪ੍ਰਭਾਕਰ ਆਦਿ ਪੁਸਤਕਾਂ ਲਿਖੀਆਂ ਸਨ।



Digitized by Panjab Digital Library | www.panjabdigilib.org

ਮੰਨਤਾ ਹੁੰਦੀ,ਵਰਤ ਨੌਰਾਤੇ ਆਦਿ ਰੱਖੇ ਜਾਂਦੇ ਆਪ ਉਨ੍ਹਾਂ ਨੂੰ 'ਮਨਮਤੀਏ ਭੇਖੀ ਤੇ ਗੁਰਸਿੱਖੀ ਤੋਂ ਭੁੱਲੇ ਹੋਏ ਭਰਮੀ ਸਿੱਖ' ਸੱਦ ਦੇ ਹੁੰਦੇ ਸਨ।

ਪਾਠਕ ਜਨ ! ਆਓ ਤੁਹਾਨੂੰ ਅਸੀਂ ਭਾਈ ਸਾਹਿਬ ਜੀ ਦੇ ਘਰੋਗੀ ਜੀਵਨ ਦੀ ਭੀ ਇਕ ਨੂਰਾਨੀ ਝਲਕ ਦਿਖਾਈਏ। ਅਸੀਂ ਪਿੱਛੇ ਦੱਸ ਆਏ ਹਾਂ ਕਿ ਆਪ ਦੇ ਘਰ ਸਿਖੀ ਰਹੁ ਰੀਤ ਚਲੀ ਆ ਰਹੀ ਹੈ। ਗੁਰਮੁਖੀ ਵਿਦਿਆ ਦੀ ਪੜ੍ਹਾਈ ਤੇ ਗੁਰਬਾਣੀ ਦਾ ਪੜ੍ਹਨਾ ਆਪ ਦੇ ਘਰਾਣੇ ਵਿਚ ਮਾਨੋਂ ਗੁੜਤੀ ਵਜੋਂ ਹੀ ਮਿਲਦਾ ਹੈ। ਹਰ ਇਕ ਲੜਕਾ ਲੜਕੀ ਗੁਰਮੁਖੀ ਦਾ ਜਾਣੂ, ਗੁਰਬਾਣੀ ਦਾ ਸਿਆਣੂ ਤੇ ਗੁਰਸਿੱਖੀ ਰਹੁ ਰੀਤ ਦਾ ਪਛਾਣੂ ਹੈ। ਪਰ ਸਾਡਾ ਰਹਿਣ ਸਹਿਣ ਤੇ ਬੈਠਣ ਉੱਠਣ ਜੂ ਹੋਇਆ ਆਮ ਹਿੰਦੂਆਂ ਨਾਲ ਹੀ, ਆਪੋ ਵਿੱਚ ਦਾ ਇਕ ਦੂਜੇ ਤੇ ਅਸਰ ਪੈਣਾ ਭੀ ਜ਼ਰੂਰੀ ਹੈ। ਸਾਡੇ ਭੁਲੇਖੇ ਭਰੇ ਇਤਿਹਾਸ ਨੇ ਭੀ ਕਈ ਥਾਈਂ ਅਨਰਥ ਕਰ ਮਾਰਿਆ ਹੈ। ਭਾਈ ਸਾਹਿਬ ਦੀ ਇਕ ਰਿਸ਼ਤੇਦਾਰ ਬੀਬੀ ਨੇ ਇਤਿਹਾਸ ਦੇ ਭੁਲੇਖੇ ਤੋਂ ਘਰ ਵਿੱਚ ਕਿਤੇ ਇਹ ਗੱਲ ਸਮਝਾ ਦਿੱਤੀ ਕਿ ਛੇਵੇਂ ਗੁਰੂ ਬਾਰੇ ਸੀਤਲਾ ਦੀ ਪੂਜਾ ਕੀਤੀ ਗਈ ਸੀ। ਘਰੋਂ ਬੀਬੀ ਜੀ ਦੇ ਦਿਲ ਵਿਚ ਇਹ ਭੁਲੇਖੇ ਭਰੀ ਗੱਲ ਅਸਰ ਕਰ ਗਈ। ਦੈਵ ਨੇਤ ਮਹੀਨਾ ਮਈ ੧੯੦੨ ਦੇ ਆਰੰਭ ਵਿਚ ਘਰ ਵਿਚ ਲੜਕੀ ਨੂੰ ਸੁਬੜਾ (ਖਸਰਾ) ਨਿਕਲ ਆਇਆ। ਛੇਵੇਂ ਗੁਰੂ ਸਮੇਂ ਸੀਤਲਾ ਪੂਜਨ ਦਾ ਖਿਆਲ ਦਿਮਾਗ ਵਿੱਚ ਸੀ। ਉਸ ਨੇ ਘਰ ਆਏ ਵੈਦ ਜੀ ਪਾਸ ਸੀਤਲਾ ਪੂਜਾ ਕਰਨ ਦੀ ਇਜਾਜ਼ਤ ਚਾਹੀ। 'ਸੀਤਲਾ ਪੂਜਨ' ਦਾ ਖਿਆਲ ਸੁਣੈਂਦਿਆਂ ਹੀ ਵੈਦ ਜੀ ਹੈਰਾਨ ਹੋ ਗਏ, ਕਿ ਸਾਡੇ ਘਰ ਵਿਚ ਇਹ ਖਿਆਲ ਆਇਆ ਕਿਥੋਂ ? ਉਨ੍ਹਾਂ ਨਾਂਹ ਕਰ ਦਿਤੀ। ਆਪ ਤਾਂ ਇਹ ਗੱਲ ਸੁਣਨੀ ਭੀ ਬਰਦਾਸ਼ਤ ਨਾ ਸਨ ਕਰ ਸਕਦੇ, ਕਿ ਕਿਸੇ ਗੁਰਸਿੱਖ ਦੇ ਘਰ ਵਿਚ ਅਜੇਹਾ ਭਰਮ ਤੇ ਪਖੰਡ ਕੀਤਾ ਜਾਵੇ, ਤੇ ਆਪਣੇ ਘਰ ਵਿਚ ਕਿਵੇਂ ਮੰਨ ਸਕਦੇ ਸਨ? ਧਾਰਮਕ ਜੋਸ਼ ਵਿਚ ਸਭ ਕੁਝ ਸਮਝਾ ਦਿਤਾ। ਸਿੰਘਣੀ ਦੀ ਸਿਆਣਪ, ਧੀਰਜ ਤੇ ਸ਼ਾਂਤੀ ਨੇ ਗੱਲ ਓਥੇ ਹੀ



Digitized by Panjab Digital Library | www.panjabdigilib.org

ਠੱਪ ਦਿਤੀ। 'ਮੈਂ ਨਹੀਂ ਪੂਜਦੀ, ਮੈਂ ਭੁਲ ਗਈ' ਆਖ ਕੇ ਆਪ ਦੇ ਵਧਦੇ ਜੋਸ਼ ਨੂੰ ਠੰਡਾ ਕਰ ਦਿੱਤਾ। ਆਪ ਇਸ ਘਟਨਾ ਨੂੰ ੧੦ ਮਈ ੧੯੦੨ ਦੇ ਰੋਜ਼ਨਾਮਚੇ ਵਿਚ ਇਸਤਰ੍ਹਾਂ ਲਿਖਦੇ ਹਨ।

"ਅਜ ਘਰ.........ਨੂੰ ਬੜਾ ਹੀ ਗੁੱਸੇ ਹੋਇਆ। ਜਿਸ ਦਾ ਕਾਰਨ ਇਹ ਸੀ, ਕਿ ਲੜਕੀ ਨੂੰ ਸੁਬੜਾ ਨਿਕਲਨ ਦੇ ਕਾਰਨ ਓਹ ਕਹਿੰਦੀ ਸੀ ਕਿ ਪੂਜਣਾ ਹੈ। ਮੈਂ ਰੋਕਿਆ। ਅਖੀਰ ਉਸਨੇ ਬੜੀ ਅਧੀਨਗੀ ਨਾਲ ਇਹ ਮੰਨਿਆ ਕਿ 'ਮੈਂ ਨਹੀਂ ਪੂਜਦੀ ਤੇ ਭੁੱਲ ਗਈ' ਆਦਿਕ। ਜਿਸ ਤੇ ਮੈਂ ਬੜਾ ਹੈਰਾਨ ਹੋਇਆ ਕਿ ਜਦ ਇਹ ਅੱਗੇ ਕੋਈ ਦੜੀ ਦੇਵੀ ਜਾਂ ਵਰਤਾਂ ਵਗੈਰਾ ਦੀ ਪ੍ਰਵਾਹ ਨਹੀਂ ਕਰਦੀ ਤਾਂ ਇਹ ਕਿਉਂ? ਪਰ ਇਹ......ਦੀ ਏਸ ਗਲ ਦਾ ਫਲ ਸੀ, ਜੋ ਉਸਨੇ ਘਰ ਦੱਸਿਆ ਸੀ, ਕਿ ਛੇਵੇਂ ਗੁਰੂ ਜੀ ਦੀ ਸੀਤਲਾ ਵਗੈਰਾ ਪੂਜੀ ਗਈ ਸੀ ਆਦਿਕ।"

ਇਸ ਘਟਨਾ ਨੂੰ ਪੜ੍ਹ ਕੇ ਖਾਹ ਮਖਾਹ ਆਖਣਾ ਪੈਂਦਾ ਹੈ ਕਿ ਸਰਦਾਰ ਐਸ. ਐਸ. ਭਿਖਾਰੀ* ਨੇ ਆਪਣੀ ਪ੍ਰੇਮ ਲਹਿਰਾਂ ਪੁਸਤਕ ਭੇਟਾ ਕਰਦੇ ਹੋਇਆਂ ਜੋ ਸ਼ਬਦ 'ਪੁਰਾਤਨ ਗੁਰਸਿਖੀ ਦੀ ਜੀਊਂਦੀ ਜਾਗਦੀ ਤਸਵੀਰ' ਵੈਦ ਜੀ ਲਈ ਵਰਤੇ ਹਨ ਓਹ ਐਵੇਂ ਫੋਕੀ ਵਡਿਆਈ ਹੀ ਨਹੀਂ, ਸਗੋਂ ਐਨ ਬਣਦੇ ਫਬਦੇ ਤੇ ਆਪ ਦੇ ਜੀਵਣ ਉਪਰ ਸਾਰਥਕ ਘਟਦੇ ਹਨ। ਭਿਖਾਰੀ ਜੀ* ਲਿਖਦੇ ਹਨ:-

"ਪੁਰਾਤਨ ਗੁਰਸਿੱਖਾਂ ਦੀ ਜੀਊਂਦੀ ਜਾਗਦੀ ਤਸਵੀਰ, ਪੰਥ

---

* ਆਪ ਦਾ ਨਾਮ ਸੁਦਾਗਰ ਸਿੰਘ ਭਿਖਾਰੀ ਹੈ। ਪਿੰਡ ਭੰਗਾਲੀ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ। ਉਮਰ ਕੋਈ ਲਗ ਭਗ ੩੫ ਸਾਲ ਹੈ। ਪ੍ਰੇਮ-ਲਹਿਰਾਂ ਆਪ ਦੀ ਕਵਿਤਾ ਦੀ ਪੁਸਤਕ ਛਪ ਚੁੱਕੀ ਹੈ, ਤੇ ਹੋਰ ਭੀ ਅਨੇਕ ਲੇਖ ਤੇ ਫੁਟਕਲ ਕਵਿਤਾਂ ਸਮੇਂ ਸਮੇਂ ਸਿਰ ਅਖਬਾਰਾਂ ਰਸਾਲਿਆਂ ਵਿੱਚ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ।

ਆਪ ਕਵੀ ਕੁਟੀਆ ਕਲਕੱਤਾ, ਕਵੀ ਪ੍ਰੈਸ ਕਲਕਤਾ ਤੇ ਕਵੀ ਕਲਕਤਾ ਦੇ ਮੋਢੀਆਂ ਵਿਚੋਂ ਸਨ। ਆਪ ਮੈਕੈਨੀਕਲ ਇੰਜੀਨੀਅਰਿੰਗ ਲਾਈਨ ਦੇ ਸੁਹਣੇ ਕਰਿੰਦੇ ਹਨ ਤੇ ਕਵਿਤਾ ਕਰਨਾ ਆਪ ਦਾ ਸਾਧਾਰਨ ਸ਼ੁਗਲ ਹੈ। ਅਜ ਕਲ ਆਪ ਅਫਰੀਕਾ ਵਿਚ ਹਨ।



Digitized by Panjab Digital Library | www.panjabdigilib.org

ਤੇ ਸਾਹਿਤ ਰਤਨ, ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ, ਜਿਨ੍ਹਾਂ ਦੀ ਗੁਰਮੁਖਤਾ, ਮਿਲਨਸਾਰੀ, ਸੀਤਲ ਸੁਭਾਵ, ਪੰਥ ਤੇ ਸਾਹਿਤ ਸੇਵਾ ਦਾ ਸਾਰਾ ਪੰਥ ਤੇ ਸਾਹਿਤ ਮੰਡਲ ਕਾਇਲ ਹੈ.............. ।" ਦਸੰਬਰ ੧੯੩੦

## ਦੇਸ਼-ਪ੍ਰੇਮ

ਭਾਈ ਸਾਹਿਬ ਦੇ ਦਯਾਵਾਨ ਹਿਰਦੇ ਵਿਚ ਜਿੱਥੇ ਪੰਥਕ ਪਿਆਰ, ਧਾਰਮਕ ਜੋਸ਼ ਲਹਿਰੇ ਮਾਰ ਰਿਹਾ ਸੀ, ਓਥੇ ਦੇਸ਼ ਪ੍ਰੇਮ ਦੀ ਗਰਮੀ ਭੀ ਕੁਛ ਘੱਟ ਨਾ ਸੀ। ਆਪ ਦੀਆਂ ਪ੍ਰਕਾਸ਼ਤ ਹੋ ਚੁਕੀਆਂ ਲਿਖਤਾਂ ਤੋਂ ਪ੍ਰਤੱਖ ਪ੍ਰਗਟ ਹੈ ਕਿ ਆਪ ਅਨੱਨਜ ਗੁਰਸਿੱਖ ਤੇ ਪੱਕੇ ਧਾਰਮਕ ਖਿਆਲੀ ਸਨ ਤੇ ਆਪ ਦੇ ਹਿਰਦੇ ਵਿਚ ਤਅੱਸਬ, ਬੁਗ਼ਜ਼, ਕੀਨਾ ਤੇ ਈਰਖਾ ਆਦਿ ਨੂੰ ਥਾਂ ਹੀ ਨਾ ਸੀ, ਕਿਉਂਕਿ ਸੱਚੇ ਧਰਮ ਦਾ ਪਿਆਰ ਇਨਸਾਨ ਨੂੰ ਦੇਸ਼ ਪ੍ਰੇਮੀ ਹੀ ਨਹੀਂ, ਸਗੋਂ ਜਗਤ ਪ੍ਰੇਮੀ ਬਣਾ ਦਿੰਦਾ ਹੈ। ਭਾਈ ਸਾਹਿਬ ਜਿੱਥੇ ਸਮੇਂ ਅਨੁਸਾਰ ਧਾਰਮਕ ਦੀਵਾਨਾਂ, ਭਾਈਚਾਰਕ ਇਕੱਠਾਂ ਤੇ ਬਹਿਸ ਮੁਬਾਹਸੇ ਦਿਆਂ ਜੋੜ ਮੇਲਾਂ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ, ਓਥੇ ਮੁਲਕੀ ਮੀਟਿੰਗਾਂ ਵਿਚ ਭੀ ਪਿੱਛੇ ਨਾ ਸਨ ਰਹਿੰਦੇ। ਸੱਚੇ ਸਿਖਾਂ ਵਾਂਗ ਆਪ ਦੇ ਹਿਰਦੇ ਵਿਚ ਦੇਸ਼-ਪ੍ਰੇਮ ਦੀ ਰੌ ਭੀ ਬਚਪਨ ਤੋਂ ਹੀ ਠਾਠਾਂ ਮਾਰਦੀ ਸੀ। ਹਰ ਲੈਕਚਰ,ਹਰ ਲੇਖ, ਤੇ ਹਰ ਵਿਚਾਰ ਗਲ ਬਾਤ ਵਿਚ ਆਪ ਸਦਾ ਹੀ ਦੇਸ਼-ਪ੍ਰੇਮ ਦਾ ਜ਼ਿਕਰ ਜ਼ਰੂਰ ਕਰਦੇ। ਆਪ ਦੇ ਰੋਜ਼ਨਾਮਚਿਆਂ ਵਿਚ ਥਾਂ ਥਾਂ ਦੇਸ਼-ਪ੍ਰੇਮ ਦੇ ਨੋਟ ਲਿਖੇ ਹੋਏ ਮਿਲਦੇ ਹਨ* ।

ਸ੍ਵਦੇਸ਼ ਉੱਨਤੀ ਦੀ ਤੜਪ ਆਪ ਦੇ ਹਿਰਦੇ ਵਿਚ ਕਿੰਨੀ ਕੁ ਸੀ

---

*"ਜਿਸ ਪੁਰਸ਼ ਵਿਚ ਧਰਮ ਜਾਂ ਪਰਉਪਕਾਰ ਦਾ ਖਿਆਲ ਨਹੀਂ ਹੈ ਸੋ ਪੁਰਸ਼ ਨਾਮ ਹੁੰਦਿਆਂ ਭੀ ਪਸੂ ਹੈ"। "ਫੁਟ, ਜਾਤੀ ਵੈਰ, ਸਵਾਰਥ ਅਤੇ ਕੌਮ ਘਾਤਕਾਂ ਦਾ ਸੰਗ ਛਡ ਕੇ ਗੁਰਬਾਣੀ ਅਤੇ ਮਹਾਤਮਾਂ ਦੇ ਬਚਨਾਂ ਦੇ ਹਥਿਆਰ ਪਕੜੋ" ਆਪ ਦੇ ਹਰ ਲੇਖ ਵਿਚੋਂ ਇਹੋ ਜੇਹੇ ਫਿਕਰੇ ਜਰੂਰ ਮਿਲਣਗੇ।



Digitized by Panjab Digital Library | www.panjabdigilib.org

ਤੇ ਆਪ ਸੂਦੇਸ਼ੀ ਚੀਜਾਂ ਨੂੰ ਕਿਸ ਨਜ਼ਰ ਨਾਲ ਦੇਖਦੇ ਸਨ? ਇਹ ਇਸੇ ਤੋਂ ਹੀ ਪਤਾ ਲਗ ਸਕਦਾ ਹੈ ਕਿ ਆਪ ਨੇ ਆਪਣੇ ਲੇਖਾਂ ਵਿਚ ਸੂਦੇਸ਼ੀ ਪ੍ਰੇਮ ਦੀ ਖਬਰ ਨੂੰ ਸਦਾ ਹੀ ਡਾਢੇ ਚਾ ਨਾਲ ਢੂੰਢ ਕੇ ਦਿੱਤਾ। ਇਕ ਥਾਂ ਆਮ ਖਬਰਾਂ ਦੇ ਕਾਲਮ ਵਿੱਚ 'ਦੇਸ਼ ਉੱਨਤੀ ਦੇ ਨਸ਼ਾਨ' ਦੀ ਸੁਰਖੀ ਹੇਠ ਲਿਖਦੇ ਹਨ:—

"ਵਾਹਿਗੁਰੂ ਦੀ ਕ੍ਰਿਪਾ ਨਾਲ ਇਸ ਵੇਲੇ ਪੰਜਾਬ, ਬੰਗਾਲ, ਮਦਰਾਸ, ਮਹਾਰਾਸ਼ਟਰ ਆਦਿਕ ਸਾਰੇ ਦੇਸ ਦੇਸਾਂਤਰਾਂ ਵਿਚ ਸੂਦੇਸ਼ ਵਸਤੂ ਪ੍ਰਚਾਰ ਦਾ ਡੰਕਾ ਬਜ ਰਿਹਾ ਹੈ"। ਹੋਰ "ਬੁਧੀ ਮਤਾ" ਦੀ ਸੁਰਖੀ ਹੇਠ ਇਉਂ ਫੁਲ ਕੇਰਦੇ ਹਨ:--

"ਸੂਦੇਸ਼ੀ ਪ੍ਰਚਾਰ ਦੀ ਅੱਗ ਨੇ ਬੰਗਾਲੀਆਂ ਦੀ ਮਲਿਨਤਾ ਮਿਟਾ ਕੇ ਉਨ੍ਹਾਂ ਦੀ ਸ਼ੁਧ ਸੂਰਣ ਮੂਰਤ ਬਣਾ ਦਿਤੀ ਹੈ, ਮਹਾਰਾਸ਼ਟਰੀਆ ਨੂੰ ਉਨ੍ਹਾਂ ਨਾਲ ਮਿਲਾ ਦਿੱਤਾ, ਪੰਜਾਬ ਵਾਸੀਆਂ ਦੇ ਹਿਰਦਿਆਂ ਨੂੰ ਉਨ੍ਹਾਂ ਦੇ ਹਿਰਦਿਆਂ ਨਾਲ ਇੱਕ ਕਰ ਦਿਤਾ। ਮਦਰਾਸ ਦੇ ਪਰਾਣਾਂ ਨੂੰ ਉਨ੍ਹਾਂ ਦੇ ਪਰਾਣਾਂ ਨਾਲ ਜੋੜ ਦਿੱਤਾ। ਬਾਕੀ ਰਹੇ ਸਾਰੇ ਭਾਰਤ ਵਰਸ਼ ਨੂੰ ਇਕ ਮਨ ਕਰ ਦਿੱਤਾ।ਜੋ ਬੰਗਾਲੀ ਬੰਗਾਲ ਦੀ ਵੰਡ ਹਟੌਣ ਵਾਸਤੇ ਯਤਨ ਕਰ ਰਹੇ ਸਨ, ਉਨ੍ਹਾਂ ਦੀ ਬੁਧੀਮਤਾ ਨੇ ਬੰਗਾਲ ਨੂੰ ਸਾਰੇ ਭਾਰਤ ਵਰਸ਼ ਦਾ ਇੱਕ ਅੰਗ ਬਣਾ ਕੇ ਇਕ ਸਾਰ ਪ੍ਰੇਮ ਕਰ ਦਿਤਾ ਹੈ। ਧੰਨ ਬੁੱਧੀ!"

ਫਰਵਰੀ ੧੯੦੬

ਕੀ ਇਨ੍ਹਾਂ ਲਿਖਤਾਂ ਉਪਰ ਕਿਸੇ ਟੀਕਾ ਟਿੱਪਣੀ ਦੀ ਲੋੜ ਹੈ?

ਇੱਕ ਵਾਰ ਤਰਨ ਤਾਰਨ ਵਿਚ ਇੱਕ ਸੱਜਣ ਦੌਲਤ ਰਾਮ ਚੁੰਗੀ ਮੁਲਾਜ਼ਮ ਨੇ ਈਸਾਈ, ਮੁਸਲਮਾਨ, ਸਿੱਖ, ਹਿੰਦੂ ਤੇ ਆਰੀਯਾ ਆਦਿ ਸਭ ਮਜ਼ੁਬਾਂ ਨੂੰ ਮਿਲਾਕੇ ਇੱਕ ਸਭਾ ਬਣਾਉਣ ਦੀ ਤਜਵੀਜ਼ ਕੱਢੀ, ਤੇ ਖਿਆਲ ਕੀਤਾ, ਕਿ ਇਸ ਸਭਾ ਦੀ ਹਰ ਹਫਤੇ ਮੀਟਿੰਗ ਹੋਇਆ ਕਰੇ। ਸਾਰੇ ਮਜ਼ੁਬਾਂ ਦੇ ਵੱਡੇ ਵੱਡੇ ਤੇ ਆਗੂ ਆਦਮੀਆਂ ਨੂੰ ਇਸ ਵਿੱਚ ਸ਼ਾਮਲ ਕੀਤਾ। ਭਾਈ ਸਾਹਿਬ ਜੀ ਨੂੰ ਭੀ ਇਸ ਦਾ ਮੈਂਬਰ ਬਣਨ ਲਈ ਕਿਹਾ ਤੇ ਲਿਸਟ ਵਿਚ ਨਾਮ ਲਿਖਕੇ ਦਸਖਤ ਕਰਨ ਲਈ ਬੇਨਤੀ ਕੀਤੀ। ਭਾਈ ਸਾਹਿਬ ਦੀ ਦੂਰਬੀਨ ਅੱਖ ਨੇ ਝੱਟ ਤਾੜ ਲਿਆ ਕਿ ਇਹ ਸਭਾ ਨਹੀਂ ਚੱਲ ਸਕਦੀ। ਇਸਦੀ ਪਹਿਲੀ ਮੀਟਿੰਗ ਵਿਚ ਹੀ ਜੁੱਤੀ ਖੜਕ ਪੈਣੀ ਹੈ।



Digitized by Panjab Digital Library | www.panjabdigilib.org

ਮਜ਼ਹਬਾਂ ਦੀ ਅਸਲੀਅਤ ਤੋਂ ਅਨਜਾਣ, ਆਮ ਮਜ਼ਹਬੀ ਤਅੱਸਬ ਵਾਲੇ ਆਦਮੀ ਭਲਾ ਕਦ ਇਕ ਦੂਜੇ ਮਜ਼ਹਬ ਵਾਲੇ ਨਾਲ ਇਕੱਠੇ ਹੋ ਸਕਦੇ ਹਨ? ਅੱਵਲ ਤਾਂ ਇਹ ਡੱਡੂਆਂ ਦੀ ਪਸੇਰੀ ਦੇ ਨਾ ਪੂਰਾਹੋਣਵਾਂਗ ਛਾਲਾਂਮਾਰ ਮਾਰ ਜੁਦੇ ਜੁਦੇਹੋ ਜਾਣਗੇ,ਜੇ ਭਲਾ ਇਕੱਠੇ ਹੋ ਕੇ ਬੈਠੇ ਭੀ, ਜਾਂ ਨਰੜ ਕੇ ਬਿਠਾਲੇ ਭੀ ਗਏ,ਤਾਂ ਇਨ੍ਹਾਂ ਬਿੱਛੂਆਂ ਵਾਂਗ ਇਕ ਦੂਜੇ ਉੱਪਰ ਡੰਗ ਚਲਾਉਣੋਂ ਨਹੀਂ ਹਟਣਾ। ਨਫੇ ਦੀ ਥਾਂ ਨੁਕਸਾਨ ਤੇ ਮੇਲ ਦੀ ਥਾਂ ਸਗੋਂ ਇਹ ਸਭਾ ਫੁੱਟ ਦਾ ਅਖਾੜਾ ਬਣ ਜਾਵੇਗੀ। ਮੇਲ ਮਿਲਾਪ ਕਰਾਉਣ ਦੀ ਜਗ੍ਹਾ ਇਨ੍ਹਾਂ ਭੱਦਰ ਪੁਰਸ਼ਾਂ ਨੇ ਸਗੋਂ ਆਪੋ ਆਪਣੇ ਪੱਖੀਆਂ ਨੂੰ ਉਕਸਾ ਉਕਸਾ ਕੇ ਲੜਨ ਲਈ ਤਿਆਰ ਕਰਨਾ ਹੈ। ਜਿਹੜੇ ਹਰ ਮਜ਼ਹਬ ਦੇ ਚਾਰ ਚਾਰ ਆਦਮੀਆਂ ਦੇ ਨਾਮ ਇਸ ਲਿਸਟ ਵਿਚ ਲਿਖੇ ਸਨ, ਉਨ੍ਹਾਂ ਦੀ ਜ਼ਹੀਨਤ ਤੋਂ ਭੀ ਵੈਦ ਜੀ ਖੂਬ ਵਾਕਫ ਸਨ। ਇਸ ਲਈ ਵੈਦ ਜੀ ਨੇ ਉਸ ਸਭਾ ਦਾ ਮੈਂਬਰ ਬਣਨੋਂ ਸਾਫ ਇਨਕਾਰ ਕਰ ਦਿੱਤਾ। ਉਸ ਲਿਸਟ ਉਪਰ ਦਸਖਤ ਕਰਨ ਸਮੇਂ ਵੈਦ ਜੀ ਨੇ ਇਕ ਲੰਮਾ ਨੋਟ ਉਪ੍ਰੋਕਤ ਭਾਵ ਦਾ ਲਿਖਿਆ। ਆਪਦੇ ਇਸ ਲੰਮੇ ਨੋਟ ਦੇ ਹੇਠਾਂ ਇਕ ਸਤਰ ਆਪਦੇ ਦੇਸ਼-ਪ੍ਰੇਮ ਦੇ ਅਮੋਲਕ ਜਜ਼ਬੇ ਨੂੰ ਸੁਹਣੀ ਤਰਾਂ ਪ੍ਰਗਟ ਕਰਦੀ ਹੈ। ਆਪ ੧੯੦੫ ਦੀ ਡਾਇਰੀ ਵਿਚ ਅੱਠ ਜੂਨ ਦੀ ਤਾਰੀਖ ਹੇਠ ਲਿਖਦੇ ਹਨ—

"......ਮੈਂ ਦਸਖਤ ਕਰਨ ਦੀ ਥਾਂ ਜ੍ਵਾਬ ਲਿਖਿਆ ਕਿ ਇਹ ਸਭਾ ਨਫਾਕ ਬੜ੍ਹਾਨ ਦਾ ਕਾਰਨ ਹੋਵੇਗੀ। ਕੋਈ ਕੰਮ ਦੇਸ਼ ਸੁਧਾਰ ਵਾਸਤੇ ਕਰੋ ਤਦ ਮੈਂ ਤਿਆਰ ਹਾਂ।"

੧੯ ਫਰਵਰੀ ੧੯੦੭ ਨੂੰ ਸ੍ਵਰਗੀਯ ਪ੍ਰਸਿੱਧ ਦੇਸ਼ਭਗਤ ਗੋਖਲੇ*

*ਇਸ ਆਜ਼ਾਦੀ ਦੇ ਆਸ਼ਕ ਤੇ ਭਾਰਤ ਦੇ ਮੁਖੀ ਲੀਡਰ ਦਾ ਜਨਮ--ਪਿੰਡ ਕੋਲ੍ਹਾ ਪੁਰ ਦੇ ਇਕ ਗਰੀਬ ਘਰਾਨੇ ਵਿਚ ਸੰਨ ੧੮੬੬ ਵਿਚ ਤੇ ਚਲਾਣਾ ੧੯ ਫਰਵਰੀ ੧੯੧੫ ਨੂੰ ਹੋਇਆ। ਆਪ ਜੀ ਨੂੰ ਅਖਬਾਰਾਂਵਾਲੇ ਪੁਲੀਟੀਕਲ ਸੰਨਿਆਸੀ ਦੇ ਸ਼ਬਦਾਂ ਨਾਲ ਯਾਦ ਕਰਦੇ ਹਨ।



Digitized by Panjab Digital Library | www.panjabdigilib.org

ਅੰਮ੍ਰਿਤਸਰ ਆਏ। ਭਲਾ ਭਾਈ ਸਾਹਿਬ ਜੀ ਦਰਸ਼ਨਾਂ ਤੋਂ ਕਿਵੇਂ ਪਿੱਛੇ ਰਹਿ ਸਕਦੇ ਸਨ ? ਤੁਰਤ ਅੰਮ੍ਰਿਤਸਰ ਪੁੱਜੇ, ਜਿਸ ਬਾਰੇ ਉਕਤ ਤਾਰੀਖ ਦੀ ਡਾਇਰੀ ਵਿਚ ਲਿਖਦੇ ਸਨ—

"ਸ੍ਰੀ ਅੰਮ੍ਰਿਤਸਰ ਜੀ ਗੋਖਲੇ ਜੀ ਦੇ ਦਰਸ਼ਨ ਵਾਸਤੇ ਗਿਆ।"

ਨਾਲ ਹੀ ਆਪਣੇ ਪੱਤ੍ਰ ਦੇ ਖਬਰ ਕਾਲਮਾਂ ਵਿਚ ਇਕ ਉਮਾਹ ਤੇ ਪ੍ਰੇਮ-ਭਰੀ ਲੰਮੀ ਖਬਰ ਪ੍ਰਕਾਸ਼ਤ ਕਰਦੇ ਹਨ, ਜਿਸਦਾ ਅਰੰਭ ਡਾਢੇ ਸਤਕਾਰ ਨਾਲ—

"੧੯ ਫਰਵਰੀ ਨੂੰ ਦੇਸ਼ ਦੇ ਸੱਚੇ ਹਿਤੂ ਸ੍ਰੀ ਮਾਨ ਗੋਪਾਲ ਕ੍ਰਿਸ਼ਨ ਗੋਖਲੇ, ਲਾਹੌਰ ਤੋਂ ਵਾਪਸ ਔਂਦੇ ਸਵੇਰ ਦੀ ਗੱਡੀ, ਸ੍ਰੀ ਅੰਮ੍ਰਿਤਸਰ ਜੀ ਆਏ। ਸਟੇਸ਼ਨ ਤੋਂ ਉੱਤਰ ਕੇ ਸ੍ਰੀ ਦਰਬਾਰ ਸਾਹਿਬ ਤਕ ਜੋ ਰੌਣਕ, ਪੁਸ਼ਪਾਂ ਦੀ ਵਰਖਾ, ਦੇਸ਼ ਹਿਤ ਦਾ ਜੋਸ਼, ਬਾਜਿਆਂ ਦੀ ਗੜਗੱਜ ਸੀ, ਸੋ ਪ੍ਰਗਟ ਕਰਨ ਦੀ ਸੱਤਾ ਕਲਮ ਦੀ ਸ਼ਕਤੀ ਤੋਂ ਬਾਹਰ ਹੈ......।"

ਤੋਂ ਕਰਕੇ—

"ਸਫਲ ਹੈ ਇਨ੍ਹਾਂ ਭਾਰਤ ਦੇ ਸਪੁੱਤ੍ਰਾਂ ਦਾ ਜਨਮ"

ਤੇ ਖਤਮ ਕਰਦੇ ਹਨ।

ਇਹ ਉਹ ਸਮਾ ਸੀ ਜਦ ਭਾਰਤ ਵਰਸ਼ ਵਿਚ ਚੁਫੇਰੇ ਹੀ ਦੇਸ਼-ਪ੍ਰੇਮ ਦੀ ਅੱਗ ਸੁਲਗ ਰਹੀ ਸੀ। ਬੰਗਾਲ ਵਿਚ ਲਾਰਡ ਕਰਜ਼ਨ ਦੀ ਬੇ-ਸਮਝੀ ਨਾਲ ਬੰਗਾਲ ਵੰਡ ਕੀਤੀ ਗਈ, ਜਿਸ ਨਾਲ ਬੰਗਾਲੀਆਂ ਵਿਚ ਜੋਸ਼ ਦਾ ਹੜ ਵਗ ਤੁਰਿਆ। ਮਹਾਰਾਸ਼ਟਰ ਵਿਚ ਮਹਾਰਾਜ ਬਾਲ ਗੰਗਾ-ਧਰ ਤਿਲਕ ਦੀ ਨਿਧੜਕਤਾ ਨੇ ਦੇਸ਼ ਪ੍ਰੇਮ ਦੇ ਭਾਂਬੜ ਜਲਾ ਦਿਤੇ। ਪਿੱਛੋਂ ਏਧਰ ਪੰਜਾਬ ਵਿਚ ਬਹਾਦਰ ਅਜੀਤ ਸਿੰਘ, ਅੰਬਾ ਪ੍ਰਸ਼ਾਦ,ਲਾਜਪਤ ਰਾਇ ਤੇ ਉਨ੍ਹਾਂ ਦੇ ਸਾਥੀਆਂ ਨੇ ਕਲਮ ਤੇ ਲੈਕਚਰਾਂ ਦੁਆਰਾ ਪੰਜਾਬੀਆਂ ਨੂੰ ਹਲੂਣਿਆਂ। ੯ ਮਈ ੧੯੦੭ ਨੂੰ ਲਾਲਾ ਲਾਜਪਤ ਰਾਇ* ਤੇ ਅਜੀਤ

---

*ਆਪ ਦਾ ਜਨਮ ੧੮੬੫ ਵਿਖੇ ਹੋਇਆ। ੧੮੮੫ ਵਿਚ ਵਕੀਲ ਬਣੇ। ਡੀ. ਏ. ਵੀ. ਕਾਲਜ ਖੋਲ੍ਹਣ ਦੇ ਮੋਢੀ ਸਨ।੧੯੦੭ ਵਿਚ ਦੇਸ਼ ਨਿਕਾਲਾ ਮਿਲਨ ਤੇ ਬਹੁਤ ਪ੍ਰਸਿੱਧ ਹੋਏ। ੧੯੨੦ ਵਿਚ ਕਾਂਗਰਸ ਦੇ ਸੈਸ਼ਨ ਦੇ ਪਰਧਾਨ ਭੀ ਬਣੇ। ਕਟੜ ਆਰੀਯਾ ਸਮਾਜੀ, ਮਸ਼ਹੂਰ ਕੁਰਬਾਨੀ ਵਾਲੇ, ਦੇਸ਼ ਸੇਵਕ ਤੇ ਕਾਂਗਰਸੀ ਸਨ। ਆਪ ਜੀ ਨੇ ੧੭ ਨਵੰਬਰ ੧੯੨੮ ਨੂੰ ਸਰੀਰ ਤਿਆਗਿਆ।



Digitized by Panjab Digital Library | www.panjabdigilib.org

ਸਿੰਘ ਨੂੰ ਗ੍ਰਿਫਤਾਰ ਕਰ ਕੇ ਦੇਸ਼ੋਂ ਬਾਹਰ ਭੇਜਿਆ ਗਿਆ। ਪੰਜਾਬ ਦੇ ਗੁਲਾਮੀ ਭਰੇ ਲਹੂ ਵਿਚ ਇਸ ਨਾਲ ਜ਼ਰਾ ਕੁ ਜੁੰਬਸ਼ ਆਈ। ਦੇਸ਼ ਹਿਤੂਆਂ ਦੇ ਹਿਰਦੀਂ ਲਾਟਾਂ ਬਲ ਉੱਠੀਆਂ। ਅਖਬਾਰ ਨਵੀਸਾਂ ਨੇ ਯਥਾ ਸ਼ਕਤਿ ਅਖਬਾਰਾਂ ਵਿਚ ਜੋਸ਼ੀਲੇ ਲੇਖ ਲਿਖੇ। ਭਾਈ ਸਾਹਿਬ ਨੇ ਭੀ ਆਪਣੇ ਪੱਤ੍ਰ ਵਿਚ ਲਾਲਾ ਜੀ ਦੀ ਪ੍ਰੇਮ ਦਰਦ ਉਤਸ਼ਾਹ ਤੇ ਜੋਸ਼ ਭਰੀ ਲੰਮੀਂ ਚਿੱਠੀ ਛਾਪੀ, ਜੋ ਉਨ੍ਹੀਂ ਫੜੇ ਜਾਣ ਪਿੱਛੋਂ ਲਿਖੀ ਸੀ। ਇਸ ਸਮੇਂ ਭਲਾ ਕੌਮ ਘਾਤੀ ਚੂਹੇ, ਖੁਦਗਰਜ਼ ਸੂਹੇ ਕਦ ਚੁਪ ਬੈਠਦੇ ਸਨ ? ਉਨ੍ਹਾਂ ਭੀ ਭਜ ਨੱਠ ਸ਼ੁਰੂ ਕੀਤੀ। ਹਰ ਇਕ ਦੇਸ਼ ਪ੍ਰੇਮ ਦੀ ਚਿੰਗਾੜੀ ਹਿਰਦੇ ਵਿਚ ਰੱਖਣ ਵਾਲੇ ਪਾਸ ਸੂਹਾਂ ਲੈਣ ਪੁੱਜੇ। ਭਾਈ ਸਾਹਿਬ ਜੀ ਦਾ ਭੀ ਪਿੱਛਾ ਹੋਣ ਲੱਗਾ। ਖਾਸ ਖਾਸ ਆਦਮੀਆਂ ਤੇ ਤਾਂ ਖਾਸ ਖਾਸ ਸੂਹੇ ਦੂਰੋਂ ੨ ਚੱਲ ਕੇ ਪੁੱਜਦੇ ਸਨ। ਦੇਸ਼-ਪ੍ਰੇਮ ਦੇ ਰੋਗੀ ਹੋਣ ਕਰਕੇ ਇਨ੍ਹਾਂ ਦੀ ਭੀ ਅੱਛੀ ਦੇਖ ਭਾਲ ਤੇ ਪੁੱਛ ਗਿੱਛ ਹੋਣ ਲੱਗੀ, ਇਸੇ ਪ੍ਰਥਾਇ ਆਪ ਇਕ ਜਗ੍ਹਾ ੧੭ ਮਈ ੧੯੦੭ ਦੀ ਡਾਇਰੀ ਵਿਚ ਲਿਖਦੇ ਹਨ:-

> "ਅਜ ਰਸਾਲਾ ਨੰ: ੩੪ ਛਾਉਣੀ ਲਾਹੌਰ ਦਾ ਰਸਾਲਦਾਰ ਸਿਖਾਂ ਦੇ ਦਿਲ ਪੁਲੀਟੀਕਲ ਮੁਆਮਲੇ ਬਾਰੇ ਦੀ ਖਬਰ ਵਾਸਤੇ ਆਇਆ। ਮਿਲਿਆ।"

## ਪ੍ਰੇਮ-ਖਿੱਚ

ਦੇਸ਼ ਪ੍ਰੇਮੀਆਂ ਨੂੰ ਦੇਸ਼ ਪ੍ਰੇਮੀਆਂ ਦੀ ਖਿੱਚ ਹੁੰਦੀ ਹੈ। ਇੱਕ ਦੂਜੇ ਨਾਲ ਮਿਲਨ ਦਾ ਚਾਉ ਹੁੰਦਾ ਹੈ। ਜਿਲਾ ਵਤਨੀ ਤੋਂ ਆਕੇ ਲਾਲਾ ਜੀ ਤਾਂ ਢਿੱਲੇ ਪੈ ਗਏ, ਪਰ ਸ਼ੇਰ ਦਿਲ ਅਜੀਤ ਸਿੰਘ ਓਵੇਂ ਹੀ ਮਰਦਾਨਾ ਵਾਰ ਦੇਸ਼ ਸੇਵਾ ਵਿੱਚ ਅਡੋਲ ਡਟਿਆ ਰਿਹਾ। ਇਸ ਤਰ੍ਹਾਂ ਦੇਸ਼ ਭਗਤਾਂ ਦਾ ਪੰਜਾਬ ਵਿੱਚ ਭੀ ਇੱਕ ਟੋਲਾ ਬਣ ਗਿਆ। ਜੇ ਸਾਡੇ ਵੈਦ ਜੀ ਦੇ ਦਿਲ ਵਿੱਚ ਦੇਸ਼ ਭਗਤਾਂ ਦੇ ਮਿਲਨ ਦੀ ਤਾਂਘ ਸੀ, ਤਾਂ ਦੇਸ਼ ਸੇਵਕਾਂ ਨੂੰ ਭੀ ਭਾਈ ਸਾਹਿਬ ਜੀ ਦੇ ਸ੍ਵੱਛ ਦੇਸ਼ ਪ੍ਰੇਮ-ਰੱਤੇ ਹਿਰਦੇ ਦੀ ਕਦਰ ਸੀ। ਮਿਲਨ ਦੀ ਚਾਹ ਸੀ। ਕੰਮਾਂ ਦੇ ਰੁਝੇਵੇਂ ਵਿੱਚੋਂ ਭੀ ਸਮਾ ਕੱਢਕੇ ਸਰਦਾਰ



Digitized by Panjab Digital Library | www.panjabdigilib.org

ਅਜੀਤ ਸਿੰਘ ਜੀ ਭਾਈ ਸਾਹਿਬ ਨੂੰ ਮਿਲਨ ਲਈ ਆਏ ਜਿਸ ਬਾਰੇ ਭਾਈ ਸਾਹਿਬ ੧੬ ਫਰਵਰੀ ੧੯੦੮ ਦੇ ਰੋਜ਼ਨਾਮਚੇ ਵਿੱਚ ਇਉਂ ਦਰਜ ਕਰਦੇ ਹਨ।

'ਸਰਦਾਰ ਅਜੀਤ ਸਿੰਘ ਜੀ ਮਿਲੇ ੧ ਕਤਾਬ 'ਮੁਹਿੱਬਾਨੇ ਵਤਨ' 'ਦੁਖ ਨਿਵਾਰਨ' ਦੇ ਰੀਵੀਊ ਵਾਸਤੇ ਦੇ ਗਏ।"

ਅੱਗੇ ਇਸਦਾ ਜੋ ਰੀਵੀਊ ਜੂਨ ੧੯੦੮ ਦੇ ਦੁਖ-ਨਿਵਾਰਨ ਵਿੱਚ ਕੀਤਾ ਉਹ ਭੀ ਜ਼ਰਾ ਵਿਚਾਰ ਕਰਨ ਵਾਲਾ ਹੀ ਹੈ। ਆਪ "ਰੀਵੀਊ" ਦੇ ਕਾਲਮ ਵਿੱਚ ਇਸ ਪੁਸਤਕ ਬਾਰੇ ਲਿਖਦੇ ਹਨ:—

"ਇਹ ਪੁਸਤਕ ਉਰਦੂ ਵਿੱਚ ਛਪਦੇ ਸਾਰ ਹੀ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਹੱਥੋ ਹੱਥ ਵਿਕਕੇ ਦੂਜੀ ਵਾਰ ਛਪੀ ਹੈ। ਇਸਦੇ ਕਰਤਾ ਹਨ ਪ੍ਰਸਿੱਧ 'ਸਰਦਾਰ ਅਜੀਤ ਸਿੰਘ ਜੀ।' ਜਿਲਾ ਵਤਨ ਹੋਣ ਤੋਂ ਪਹਿਲੇ ਹੀ ਆਪ ਨੇ ਇਹ ਪੁਸਤਕ ਲਿਖੀ ਸੀ। ਇਸ ਵਿੱਚ ਸੱਚੇ ਦੇਸ਼-ਹਿਤਕਾਰੀਆਂ ਦੇ ਨਮੂਨੇ, ਦੇਸ਼ਾਂ ਨੂੰ ਸੁਤੰਤ੍ਰ ਕਰਨ ਵਾਲਿਆਂ ਦੇ ਇਤਿਹਾਸ, ਸੁਤੰਤ੍ਰਤਾ ਦੇ ਲਾਭ, ਸੁਤੰਤ੍ਰ ਹੋਣ ਦੇ ਢੰਗ, ਅਜ਼ਾਦੀ ਦੀ ਕਦਰ, ਨੇਕ ਬਾਦਸ਼ਾਹਾਂ ਦੇ ਲੱਛਣ ਆਦਿਕ ਬੜੀ ਹੀ ਖੂਬੀ ਨਾਲ ਦਰਜ ਕੀਤੇ ਹਨ। ਇਹ ਪੁਸਤਕ ਹਰ ਇੱਕ ਮਰਦ ਤੀਵੀਂ ਤੇ ਬਾਲਕ ਦੇ ਪੜ੍ਹਨ ਜੋਗ ਹੈ। ਜੋ ਨਹੀਂ ਪੜ੍ਹ ਸਕਦੇ ਉਨ੍ਹਾਂ ਨੂੰ ਸੁਣਨੀ ਚਾਹੀਦੀ ਹੈ। ਕਈ ਲੋਕਾਂ ਦੇ ਖਿਆਲ ਹਨ ਜੋ ਇਹ ਪੁਸਤਕ ਬਾਗ਼ਿਆਨਾ ਹੈ, ਉਹ ਗ਼ਲਤੀ ਤੇ ਧੋਖਾ ਖਾ ਰਹੇ ਹਨ......"

## ਪਲੇਗ

ਪਲੇਗ ਦਾ ਅੱਜ ਕੱਲ ਦੇ ਨੌ ਜਵਾਨਾਂ ਨੂੰ ਤਾਂ ਬੇਸ਼ਕ ਖ਼ਿਆਲ ਨਾ ਹੋਵੇ, ਪਰ ਜਿਨ੍ਹਾਂ ਮੇਰੇ ਜੇਹਿਆਂ ਨੇ ਇਸ ਮਹਾਂਮਾਰੀ ਦੇ ਕਾਰੇ ਆਪਣੀ ਅੱਖੀਂ ਦੇਖੇ ਹਨ, ਉਨ੍ਹਾਂ ਦੀ ਰੂਹ ਤਾਂ ਹੁਣ ਭੀ 'ਪਲੇਗ' ਦਾ ਨਾਮ ਲਿਆਂ ਕੰਬਣ ਲੱਗ ਪੈਂਦੀ ਹੈ। ਉਹੀ ਭਿਆਨਕ ਦ੍ਰਿਸ਼ਜ ਅੱਖਾਂ ਅੱਗੇ ਆ ਜਾਂਦੇ ਹਨ। ਕਿਵੇਂ ਘਰਾਂ ਦੇ ਘਰ, ਗਲੀਆਂ ਦੀਆਂ ਗਲੀਆਂ ਮਹੱਲਿਆਂ ਦੇ ਮਹੱਲੇ



Digitized by Panjab Digital Library | www.panjabdigilib.org

ਪਿੰਡਾਂ ਦੇ ਪਿੰਡ ਤੇ ਸ਼ਹਿਰਾਂ ਦੇ ਸ਼ਹਿਰ ਇਸ ਨਾਮੁਰਾਦ ਪਲੇਗ ਨਾਲ ਸੁੰਨ ਸਾਨ ਵੈਰਾਨ ਤੇ ਸਾਫ ਹੋ ਗਏ । ਜਿਵੇਂ ਕਿਤੇ ਅਚਾਨਕ ਧੁੱਪ ਜਾਂ ਅਨ੍ਹੇਰੀ, ਨਾਲ ਅੰਬ ਟੁੱਟ ਟੁੱਟ ਡਿੱਗਦੇ ਹਨ, ਤਿਵੇਂ ਹੀ ਸਰੂਆਂ ਵਰਗੇ ਮਰਦ ਤੇ ਜ਼ਨਾਨੀਆਂ ਇਸ ਮੂਜ਼ੀ ਮਰਜ਼ ਨਾਲ ਘੜੀਆਂ ਤੇ ਪਹਿਰਾਂ ਵਿੱਚ ਤੱਬਾਹ ਹੋ ਗਏ । ਪਿੰਡਾਂ ਵਿੱਚ ਕਿਸੇ ਲੋਥਾਂ ਨਾ ਸੰਭਾਲੀਆਂ । ਗੱਡਿਆਂ ਉੱਤੇ ਲੱਦਕੇ ਢੋਣ ਨਾਲ ਭੀ ਵਾਰਾਪਾਰ ਨਾ ਆਇਆ । ਇੱਕ ਇੱਕ ਚਿਤਾ ਵਿੱਚ ਦਰਜਨ ਦਰਜਨ ਲਾਸ਼ਾਂ ਦਾ ਦਾਹ ਕੀਤਾ । ਉਹ ਭੀ ਇੱਕ ਅਤੀ ਭਯਾਨਕ ਸਮਾ ਸੀ ।

ਇਹ ਨਾਮੁਰਾਦ ਮਰਜ਼ ਅਗਸਤ ੧੮੯੬ ਵਿੱਚ ਭਾਰਤ ਵਰਸ਼ ਵਿੱਚ ਫੁੱਟੀ, ਅਨ੍ਹੇਰੀ ਵਾਂਗ ਫੈਲੀ, ਅੱਗ ਵਾਂਗ ਭੜਕ ਉਠੀ, ਤੇ ਹਾਹਾ ਕਾਰ ਦਾ ਤੂਫਾਨ ਮੱਚ ਗਿਆ । ਲੱਖਾਂ ਵਿਧਵਾਂ ਹੋ ਗਈਆਂ, ਲੱਖਾਂ ਬਾਲ ਮਾਂ ਪਿਉ ਮਹਿੱਟਰ ਹੋ ਗਏ, ਲੱਖਾਂ ਭਰਾਵਾਂ ਬਿਨਾ ਭੈਣਾਂ ਤੇ ਭੈਣਾਂ ਬਿਨਾਂ ਭਰਾ ਹੋ ਗਏ, ਲੱਖਾਂ ਘਰਾਂ ਦਾ ਉੱਕਾ ਹੀ ਸਫਾਯਾ ਹੋ ਗਿਆ । ਇਸ ਦੀ ਕਰੜੀ ਮਾਰ ਨਾਲ ਮਾਵਾਂ ਨੇ ਪੁੱਤ ਨਾ ਸੰਭਾਲੇ । ਹੇਠਲੀ ਉੱਪਰ ਆ ਗਈ । ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ੧੯੩੨ ਈਸਵੀ ਤਕ ਭਾਰਤ ਵਰਸ਼ ਵਿੱਚੋਂ ਇਸ ਡੈਣ ਬੀਮਾਰੀ ਨਾਲ ਇੱਕ ਕਰੋੜ ਤੇਈ ਲੱਖ ਨੜਿੰਨਵੇਂ ਹਜ਼ਾਰ ਤਿੰਨ ਸੌ ਬਾਨਵੇ ਬੰਦੇ ਮਰੇ । ਕੇਵਲ ਪੰਜਾਬ ਪੰਜਾਬ ਵਿੱਚੋਂ ਹੀ ੩੫੪੩੩੯੦ ਇਸ ਬੀਮਾਰੀ ਦੀ ਭੇਟ ਹੋ ਗਏ । ਇਸ ਕੰਬਖਤ ਬੀਮਾਰੀ ਦਾ ਪੈਰ ਪੰਜਾਬ ਵਿੱਚ ੧੯੦੨ ਵਿੱਚ ਪਿਆ ਤੇ ਮਹੀਨਾ ਦਸੰਬਰ ੧੯੦੨ ਦੇ ਸ਼ੁਰੂ ਵਿੱਚ ਸ੍ਰੀ ਤਰਨ ਤਾਰਨ ਵਿੱਚ ਆਈ ।

ਉਂਞ ਤਾਂ ਭਾਰਤ ਵਰਸ਼ ਵਿੱਚ ਨਾਮ ਸੁਣਦਿਆਂ ਹੀ ਵੈਦ ਜੀ ਨੂੰ ਇਸ ਮੂਜ਼ੀ ਪਲੇਗ ਦੀ ਕਾਰੀ ਦਵਾਈ ਲੱਭਣ ਦੀ ਖਿੱਚ ਪ੍ਰੈਦਾ ਹੋ ਗਈ ਸੀ, ਪਰ ਪੰਜਾਬ ਵਿਚ ਪਸਰਦਿਆਂ ਸਾਰ ਤਾਂ ਵੈਦ ਜੀ ਇਸ ਦੇ ਹੋਣ ਤੇ ਹਟਾਉਣ ਦੇ ਕਾਰਨਾ ਦੀ ਖੋਜ ਮਗ਼ਰ ਬੜੀ ਤੀਬਰਤਾ ਨਾਲ ਲੱਗ ਗਏ । ਤੇ ਅੰਤ ਨੂੰ ਕਾਰੀ



Digitized by Panjab Digital Library | www.panjabdigilib.org

ਦਾਰੂ ਲਭ ਹੀ ਲਿਆ*। ਸ਼ਹਿਰ ਤਰਨ ਤਾਰਨ ਵਿਚ ਪਲੇਗ ਦੇ ਫਟਦਿਆਂ ਹੀ ਭਾਈ ਸਾਹਿਬ ਘਰ ਘਰ ਫਿਰਨ ਲੱਗੇ ਤੇ ਮੁਫਤ ਦਵਾਈ ਵੰਡਣੀ ਸ਼ੁਰੂ ਕਰ ਦਿਤੀ। ਆਪ ੨--੧੨--੧੯੦੨ ਦੀ ਡਾਇਰੀ ਵਿਚ ਲਿਖਦੇ ਹਨ:-

"ਅਜ ਸ਼ਹਿਰ (ਤਰਨ ਤਾਰਨ) ਵਿਚ ਬਾਰਾਂ ਤੇਰਾਂ ਮੌਤਾਂ ਪਲੇਗ ਨਾਲ ਹੋਈਆਂ, ਲੋਕਾਂ ਦੇ ਮਨ ਬੜੇ ਹੀ ਡਰੇ ਅਤੇ ਸਹਿਮ ਗਏ।"

ਤਿੰਨ ਤ੍ਰੀਕ ਬਾਰੇ ਲਿਖਦੇ ਹਨ:-

"ਸ਼ਹਿਰ ਵਿਚ ਪਲੇਗ ਦੇ ਕੇਸ ਅਜ ਭੀ ਹੋਏ...........ਪਰ ਕੁਛ ਸ਼ਾਂਤੀ ਰਹੀ।"

ਪੰਜ ਤਰੀਕ ਨੂੰ ਸ਼ਹਿਰ ਵਿਚ ਹੜਤਾਲ ਹੋ ਗਈ। ਲੋਕੀਂ ਡਰਦੇ ਸ਼ਹਿਰ ਛੱਡ ਛੱਡ ਭੱਜਣ ਲੱਗੇ। ਕਾਰੋਬਾਰ ਬੰਦ ਹੋ ਗਏ। ਹੈ ਭੀ ਠੀਕ! ਜਾਨ ਨਾਲ ਹੀ ਜਹਾਨ ਹੈ, ਜਦ ਮੌਤ ਸਾਮ੍ਹਣੇ ਦਿਖਾਈ ਦੇਵੇ ਤਦ ਕੰਮ ਕਾਰ ਵਲ ਕੌਣ ਜਾਵੇ? ਲੋਕਾਂ ਦੇ ਦਿਲ ਸਹਿਮ ਗਏ। ਇਸ ਦਿਨ ਬਾਰੇ ਆਪ ਨੇ ਲਿਖਿਆ ਹੈ:-

"ਅਜ ਸ਼ਹਿਰ ਵਿਚ ਕੁਲ ਦੁਕਾਨਾਂ ਕਰੀਬ ਕਰੀਬ ਬੰਦ ਹੋ ਗਈਆਂ। ਦੋ ਤ੍ਰੈ ਕੇਸ ਭੀ ਹੋਏ ਕੁਲ ਰੋਗੀਆਂ ਦੇ ਜੋ ਮਰੇ ਹਨ ਇਹ ਨਾਮ ਹਨ......।"

ਸ਼ਹਿਰ ਵਾਸੀ ਸਹਿਮ ਗਏ। ਭਾਈ ਜੀ ਦਾ ਦਰਦੀ ਦਿਲ ਇਸ ਅਨਿਆਈ ਮੌਤ ਦੀ ਵਾਢ ਦੇਖ ਕੇ ਦ੍ਰਵ ਗਿਆ। ਆਪ ਨੇ ਦਿਨ ਰਾਤ ਇੱਕ ਕਰਕੇ ਇਸ ਮਹਾਂਮਾਰੀ ਪਲੇਗ ਉੱਪਰ ਪੁਸਤਕ ਲਿਖਣੀ ਆਰੰਭ ਕੀਤੀ। ਜਿਸ ਬਾਰੇ ਆਪ ਆਪਣੇ ਡਾਇਰੀ ਨੋਟਾਂ ਵਿਚ ਲਿਖਦੇ ਹਨ:-

"੬.੧੨.੧੯੦੨ ਅਜ 'ਮਹਾਂਮਾਰੀ ਦਮਨ' ਪੁਸਤਕ ਪੰਜ ਕੁ ਘੰਟੇ

---

*ਇਨ੍ਹਾਂ ਹੀ ਦਿਨਾਂ ਦੀ ਖੋਜ ਦਾ ਸਿੱਟਾ ਆਪ ਦੀਆਂ ਤਿਆਰ ਕੀਤੀਆਂ ਹੋਈਆਂ 'ਮਹਾਂ ਮਾਰੀ ਨਾਸ਼ਨ' ਗੋਲੀਆਂ ਤੇ 'ਪਲੇਗ ਨਾਸ਼ਨ ਰੂਹ' ਸਿੱਧ ਤੇ ਪ੍ਰਸਿੱਧ ਦਵਾਈਆਂ ਹਨ, ਜੋ ਹਜਾਰਾਂ ਉਪਰ ਵਰਤੀਆਂ ਜਾ ਚੁਕੀਆਂ ਹਨ।



Digitized by Panjab Digital Library | www.panjabdigilib.org

ਦੀ ਮਿਹਨਤ ਕਰਕੇ ਇਲਾਜ ਵਗੈਰਾ ਲਿਖੇ।"

ਭਾਈ ਸਾਹਿਬ ਨੇ ਇਸ ਪਲੇਗ ਦਾ ਨਾਮ ਹੀ 'ਮਹਾਂਮਾਰੀ' ਰੱਖਿਆ, ਤੇ ਪੁਸਤਕ ਦਾ ਨਾਮ ਰੱਖਿਆ 'ਮਹਾਂਮਾਰੀ ਦਮਨ'। ਜੋ ੧੬ ਚੇਤ੍ਰ ਸੰਮਤ ੪੩੪ ਨਾਨਕ ਸ਼ਾਹੀ ਵਿਚ ਛਪਾ ਦਿੱਤੀ।ਇਹ ਇਕ ੧੬੮ ਸਫੇ ਦੀ ਡਾਢੀ ਹੀ ਸੁਹਣੀ ਪੁਸਤਕ ਹੈ। ਇਸ ਵਿਚ ਪਲੇਗ ਦਾ ਬੜਾ ਦੂਰ ਦਾ ਇਤਿਹਾਸ, ਬੜੀ ਡੂੰਘੀ ਖੋਜ, ਦਲੀਲਾਂ ਯੁਕਤੀਆਂ ਤੇ ਪ੍ਰਮਾਣਾਂ ਨਾਲ ਗ਼ਜ਼ਬ ਦਾ ਮਸਾਲਾ ਇਕੱਠਾ ਕੀਤਾ ਗਿਆ ਹੈ, ਜਿਸ ਨੂੰ ਪੜ੍ਹ ਕੇ ਇਸ ੨੧ ਸਾਲ ਦੀ ਉਮਰ ਦੇ ਵੈਦ ਰਾਜ ਦੀ ਵਿਦਿਆ ਬੁੱਧੀ ਤੇ ਖੋਜ ਬਾਰੇ ਅਸਚਰਜਤਾ ਹੁੰਦੀ ਹੈ ਤੇ ਮੂੰਹੋਂ 'ਵਾਹਵਾ' ਨਿਕਲੇ ਬਿਨਾ ਨਹੀਂ ਰਹਿੰਦੀ। ਇਸ ਵਿਚ ਹੋਨਹਾਰ ਵੈਦ ਜੀ ਨੇ ਪਲੇਗ ਤੋਂ ਬਚਣ ਦੇ ਬੜੇ ਹੀ ਸਿੱਧ ਤੇ ਸੁਖਾਲੇ ਨੁਸਖੇ ਦਰਜ ਕੀਤੇ ਹਨ। ਪੁਸਤਕ ਪੜ੍ਹਨ ਯੋਗ ਹੈ, ਪਾਠਕਾਂ ਲਈ ਇਸ ਪੁਸਤਕ ਦੇ ਕੁੱਛ ਕੁ ਵਿਸ਼ੇ ਭੀ ਦਸ ਦੇਣੇ ਅਯੋਗ ਨਹੀਂ ਹੋਣਗੇ, ਜੋ ਕਰਤਾ ਜੀ ਨੇ ਆਪ ਹੀ ਇਸ ਦੀ ਭੂਮਿਕਾ ਵਿਚ ਦਰਜ ਕੀਤੇ ਹਨ।

ਆਪ ਲਿਖਦੇ ਹਨ:–

"ਇਸ ਪੁਸਤਕ ਵਿਚ ਹੇਠ ਲਿਖੀਆਂ ਗੱਲਾਂ ਦਾ ਸੰਗ੍ਰਹ ਹੈ:-

(੧) ਪਲੇਗ ਦੀਆਂ ਦਰਦ ਨਾਕ ਮੌਤਾਂ ਦਾ ਹਾਲ। (੨) ਸਤ ਉਪਦੇਸ਼। (੩) ਸਰਕਾਰ ਦਾ ਪਰਜਾ ਦੇ ਬਚਾਓ ਖਾਤਰ ਉੱਦਮ। (੪) ਪਲੇਗ ਡੀਊਟੀ ਦੇ ਮੁਲਾਜ਼ਮਾਂ ਦੇ ਅਤਯਾਚਾਰਾਂ ਦੇ ਨਮੂਨੇ। (੫) ਪਲੇਗ ਡਾਕਟਰਾਂ ਦੀ ਸਭਾ। (੬) ਦੇਸੀ ਇਲਾਜ ਤੇ ਵੈਦਾਂ ਦੇ ਹਮਲਿਆਂ ਦੇ ਉੱਤਰ। (੭) ਆਯੁਰ ਵੈਦੀਯ ਦਵਾਵਾਂ ਦੇ ਪ੍ਰਭਾਵ। (੮) ਪੁਸਤਕ ਬਣਾਉਣ ਦਾ ਮਤਲਬ (੯) ਅਨਿਆਈ ਮੌਤ ਨਾ ਮੰਨਣ ਵਾਲਿਆਂ ਦੀ ਤਸੱਲੀ ਲਈ। (੧੦) ਧਰਮਾਤਮਾਂ ਪੁਰਸ਼ਾਂ ਦਾ ਧਰਮ ਅਜੇਹੇ ਵੇਲੇ। (੧੧) ਰੋਗੀ ਦੇ ਬਚਾਓ ਦੀ ਸੂਰਤ। (੧੨) ਅੰਗ੍ਰੇਜ਼ੀ ਅਤੇ ਯੂਨਾਨੀ ਦਵਾਵਾਂ ਨਾਲ ਟਾਕਰਾ। (੧੩) ਮੰਗਲਾਚਰਨ ਰੋਗ ਸ਼ਾਂਤੀ ਲਈ ਪ੍ਰਾਰਥਨਾ। (੧੪) ਆਯੁਰ ਵੈਦੀਯ ਗ੍ਰੰਥਾਂ ਅਨੁਸਾਰ ਪਲੇਗ ਦੀ ਅਸਲੀਅਤ। (੧੫) ਜਦ ਜਦ ਜਿੱਥੇ ਜਿੱਥੇ ਇਹ ਬੀਮਾਰੀ ਹੋਈ।



Digitized by Panjab Digital Library | www.panjabdigilib.org

(੧੬) ਵੈਦਾਂ ਦੇ ਭਰਮ ਦੀ ਨਵਿਰਤੀ। (੧੭) ਡਾਕਟਰੀ ਮਤ ਅਨੁਸਾਰ ਪਲੇਗ ਦੀ ਅਸਲੀਅਤ ਤੇ ਕਿਸਮਾਂ ਅਰੁ ਵੈਦਕ ਦੇ ਅੰਤਰਗਤਿ। (੧੮) ਪਲੇਗ ਦੇ ਕੋਪ ਹੋਣ ਦਾ ਸਮਾ। (੧੯) ਫੈਲਣ ਦੇ ਢੰਗ। (੨੦) ਆਯੁਰ ਵੈਦੀਯ ਸ਼ਾਸਤ੍ਰਾਂ ਦੀ ਉੱਤਮਤਾ (੨੧) ਯੂਨਾਨੀ ਹਕੀਮਾਂ ਦੀ ਭੁੱਲ। (੨੨) ਪਲੇਗ ਤੋਂ ਬਚਣ ਦੇ ਉਪਾਵ। (੨੩) ਸਫਾਈ। (੨੪) ਧੁੱਪ ਦੇ ਗੁਣ। (੨੫) ਮਕਾਨ ਦਾ ਧੁਲੌਣਾ। (੨੬) ਟੀਕੇ ਦੇ ਗੁਣ ਔਗਣ। (੨੭) ਟੀਕੇ ਬਾਬਤ ਬੁਧੀਮਾਨਾਂ ਦੇ ਖਿਆਲ ਅਤੇ ਸੇਕ੍ਰੇਟ੍ਰੀ ਸਟੇਟ ਫਾਰ ਇੰਡੀਆ ਦੀ ਸੇਵਾ ਵਿੱਚ ਟੀਕੇ ਦੇ ਨਿਕੰਮਾ ਹੋਣ ਬਾਬਤ ਇੱਕ ਪ੍ਰਸਿੱਧ ਲੰਡਨ ਨਿਵਾਸੀ ਡਾਕਟਰ ਦੀ ਚਿੱਠੀ ਦੀ ਨਕਲ। (੨੮) ਟੀਕੇ ਨਾਲ ਦੇਸ਼ ਦੀ ਦਸ਼ਾ। (੨੯) ਟੀਕੇ ਤੇ ਸਾਡੀ ਸੰਮਤੀ (੩੦) ਪਲੇਗ ਤੋਂ ਬਚੌਣ ਵਾਲੀਆਂ ਤਦਬੀਰਾਂ ਅਤੇ ਸਿਧੇ ਦਵਾਵਾਂ .........ਆਦਿਕ ੪੨ ਵਿਸ਼ੇ ਦਰਜ ਹਨ।

ਕੌਣ ਨਹੀਂ ਕਹਿ ਸਕਦਾ ਕਿ ਭਾਈ ਸਾਹਿਬ ਦੀ ਇਸ ਉੱਤਮ ਪੁਸਤਕ ਪੜ੍ਹਨ ਨਾਲ ਅਨੇਕਾਂ ਦਾ ਭਲਾ ਹੋਇਆ ਹੋਵੇਗਾ। ਇਸਦਾ ਰੀਵੀਊ ਉਸ ਸਮੇਂ ਦੇ ਪ੍ਰਸਿੱਧ ਪੰਥਕ ਅਖਬਾਰ 'ਖਾਲਸਾ ਸਮਾਚਾਰ' ਹਾੜ ੪ ਸੰਮਤ ੪੩੪ ਨਾਨਕ ਸ਼ਾਹੀ ਮੁਤਾਬਕ ਜੂਨ ੧੭ ਸੰ: ੧੯੦੩ ਈ: ਦੇ ਪਰਚੇ ਦੇ ਸਫਾ ੭ ਕਾਲਮ ਪਹਿਲੇ ਵਿੱਚ ਇਸਤਰ੍ਹਾਂ ਦਰਜ ਹੈ:-

'ਮਹਾਂਮਾਰੀ ਦਮਨ' ਅਰਥਾਤ ਪਲੇਗ ਦਾ ਪੂਰਾ ੨ ਬ੍ਰਿਤਾਂਤ ਕ੍ਰਿਤ ਵੈਦਜਰਾਜ ਭਾਈ ਮੋਹਨ ਸਿੰਘ ਤਰਨ ਤਾਰਨ, ਸਾਡੇ ਪਾਸ ਆਈ ਹੈ। ਇਸ ਪੁਸਤਕ ਵਿੱਚ ੪੨ ਵਿਸ਼ੇ ਪਲੇਗ ਦੇ ਬਾਰੇ ਸਵਿਸਤਾਰ ਲਿਖੇ ਹਨ। ਛਪੀ ਟੈਪ ਵਿੱਚ ਹੈ, ਸਫੇ ੧੬੮ ਹਨ, ਭੇਟ। =) ਹੈ! 'ਦੀ ਖਾਲਸਾ ਏਜੰਸੀ' ਲਾਹੌਰ ਪਾਸੋਂ ਮਿਲਦੀ ਹੈ। ਇਹ ਪੁਸਤਕ ਬਹੁਤ ਸਿਖਛਾ ਦੇਣ ਵਾਲੀ ਪਰਉਪਕਾਰੀ ਹੈ। ਜਿਨ੍ਹਾਂ ਇਲਾਕਿਆਂ ਵਿੱਚ ਪਲੇਗ ਹੋਵੇ ਉੱਥੋਂ ਦੇ ਲੋਕ ਪੜ੍ਹਕੇ ਕਈ ਤਰ੍ਹਾਂ ਦੇ ਲਾਭ ਉਠਾ ਸਕਦੇ ਹਨ।

'ਖਾਲਸਾ ਸੇਵਕ' ਲਿਖਦਾ ਹੈ 'ਮਹਾਂ ਮਾਰੀ ਦਮਨ' ਨਾਮੇ ੧੬੮ ਪੰਨਿਆਂ ਦੀ ਇੱਕ ਪੁਸਤਕ ਰੀਵੀਊ ਲਈ ਸਾਡੇ ਮੇਜ਼ ਤੇ ਪਈ ਹੈ। ਇਸ



Digitized by Panjab Digital Library | www.panjabdigilib.org

ਪੁਸਤਕ ਦੇ ਕਰਤਾ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਵਾਲੇ ਹਨ, ਜਿਨ੍ਹਾਂ ਨੇ ਬੜੇ ਪਰਿਸ਼੍ਰਮ ਨਾਲ ਇਸ ਲਾਭਦਾਯਕ ਪੁਸਤਕ ਨੂੰ ਰਚਕੇ ਲੋਕਾਂ ਤੇ ਭਾਰਾ ਉਪਕਾਰ ਕੀਤਾ ਹੈ। ਪਲੇਗ ਦਾ ਇਤਿਹਾਸਕ ਬ੍ਰਿਤਾਂਤ, ਇਸਦੇ ਕਾਰਣ, ਅਨੇਕ ਡਾਕਟਰਾਂ ਤੇ ਹਕੀਮਾਂ ਅਤੇ ਸਿਆਣਿਆਂ ਦੀ ਸੰਮਤੀ, ਇਸਦੇ ਰੋਕਣ ਦੇ ਉਪਾਇ, ਇਸਦੇ ਰੋਗੀ ਦਾ ਇਲਾਜ ਇਤਿਆਦਿਕ ਸਾਰਾ ਹਾਲ ਇਸ ਪੁਸਤਕ ਵਿੱਚ ਵਰਨਨ ਕੀਤਾ ਹੋਇਆ ਹੈ। ਇਸ ਅਦੁਤੀ ਪੁਸਤਕ ਦੀ ਇੱਕ ਇੱਕ ਸੰਚੀ ਹਰੇਕ ਪੁਰਖ ਨੂੰ ਖਰੀਦਣੀ ਚਾਹੀਦੀ ਹੈ। ਮੋਖ। =) 'ਖਾਲਸਾ ਏਜੰਸੀ' ਲਾਹੌਰ ਤੋਂ ਮਿਲਦੀ ਹੈ। (ਖਾਲਸਾ ਸੇਵਕ–੧ ਮਾਰਚ ੧੯੦੫)

ਇਸ ਸੰਬੰਧੀ ਆਪ ਦੇ ਇਲਾਜ ਦੀ ਸਫਲਤਾ ਦਾ ਇੱਕ ਨਮੂਨਾ ਦਰਜ ਕਰਨਾ ਭੀ ਅਨੁਚਿਤ ਨਹੀਂ ਹੋਵੇਗਾ:–

'ਭਾਈ ਹਰਨਾਮ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਵੱਡੇ ਪੁੱਤਰ ਨੂੰ ਪਲੇਗ ਹੋ ਗਈ ਪਰ ਖੁਸ਼ੀ ਦੀ ਗੱਲ ਹੈ ਕਿ ਅਕਾਲ ਪੁਰਖ ਦੀ ਕ੍ਰਿਪਾ ਨਾਲ ਹੁਣ ਆਰਾਮ ਹੈ। ਇਸ ਦਾ ਇਲਾਜ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਵਾਲੇ ਕਰਦੇ ਰਹੇ ਹਨ ਜਿਨ੍ਹਾਂ ਦੀ ਹਿੰਮਤ ਅਤੇ ਉਪਕਾਰ ਨਾਲ ਭੁਯੰਗੀ ਦੀ ਜਾਨ ਬਚ ਗਈ। ਵਾਹਿਗੁਰੂ ਪੰਥ ਦੇ ਸੇਵਕਾਂ ਦੇ ਹਿਰਦਿਆਂ ਵਿੱਚ ਸਦਾ ਠੰਡ ਪਾਈ ਰਖੇ।

(ਖਾਲਸਾ ਸੇਵਕ–੧ ਮਾਰਚ ੧੯੦੫)

ਫੇਰ ਪੜ੍ਹੇ ਲਿਖੇ ਹਿੰਦੀਆਂ ਦੇ ਲਾਭ ਲਈ ਇਹੀ ਪੁਸਤਕ ਹਿੰਦੀ ਤੇ ਉਰਦੂ ਵਿੱਚ ਛਪਾਈ।੧੩-੩-੧੯੦੫ਦੀ ਡਾਇਰੀ ਵਿੱਚ ਨੋਟ ਹੈ।

"ਅੱਜ ਬੰਬਈ ਮਹਾਂਮਾਰੀ ਦਮਨ ਹਿੰਦੀ ਛਪਣ ਵਾਸਤੇ ਭੇਜੀ।"

## ਵੈਦਕ-ਉੱਚਤਾ

ਇੱਕ ਦਿਨ ਤਰਨ ਤਾਰਨ ਤਸੀਲ ਵਿੱਚ ਅਫਸਰਾਂ ਨੇ ਨੇੜੇ ਦੂਰ ਪਿੰਡਾਂ ਦੇ ਹਕੀਮਾਂ ਨੂੰ ਸਦਾ ਭੇਜਿਆ। ਲੋਕ ਡਰੇ ਹੋਏ ਸਨ।



Digitized by Panjab Digital Library | www.panjabdigilib.org

ਹਕੀਮ ਡਰ ਗਏ ਕਿ ਪਤਾ ਨਹੀਂ ਕੀ ਹੁਕਮ ਹੋਵੇਗਾ, ਪਰ ਅੱਗੋਂ ਤਹਿਸੀਲ ਦਾਰ ਨੇ ਕੇਵਲ ਏਨ੍ਹਾ ਹੀ ਕਿਹਾ "ਲੋਕਾਂ ਨੂੰ ਆਖੋ ਟੀਕਾ ਲਗਵਾਇਆ ਕਰਨ" ਇਸ ਇਕੱਠ ਵਿੱਚ ਵੈਦ ਜੀ ਭੀ ਗਏ ਹੋਏ ਸਨ। ਆਪਸ ਵਿੱਚ ਦੀ ਗੱਲ ਬਾਤ ਹੋਣੀ ਜ਼ਰੂਰੀ ਹੋਈ। ਤਹਿਸੀਲਦਾਰ ਦਾ ਉਪ੍ਰੋਕਤ ਹੁਕਮ "ਲੋਕਾਂ ਨੂੰ ਆਖੋ ਟੀਕਾ ਲਗਵਾਇਆ ਕਰਨ" ਸੁਣਕੇ ਸਭ ਦੀ ਜਾਨ ਠਿਕਾਣੇ ਆਈ। ਹੁਣ ਲੱਗੀਆਂ ਆਪਸ ਵਿੱਚ ਗਲਾਂ ਹੋਣ। ਪਲੇਗ ਦੇ ਵਿਸ਼ੇ ਤੇ ਬਹਿਸ ਸ਼ੁਰੂ ਹੋ ਪਈ। ਉਨ੍ਹਾਂ ਵਿੱਚੋਂ ਇੱਕ ਦੋ ਮੁਖੀ ਹਕੀਮਾਂ ਨਾਲ ਵੈਦ ਜੀ ਦੀ ਗੱਲ ਬਾਤ ਜੁੱਟ ਗਈ। ਪਹਿਲਾਂ ਤਾਂ ਉਹ ਇਸ ਨੌਜਵਾਨ ਨੂੰ ਦੇਖਕੇ ਠੱਠਾ ਕਰਨ ਲੱਗ ਪਏ, ਕੁਛ ਮਿਥਣ ਹੀ ਨਾ, ਪਰ ਗੱਲ ਬਾਤ ਕਰਨ ਉਪ੍ਰੰਤ ਉਨ੍ਹਾਂ ਨੂੰ ਮੰਨਣਾ ਪੈ ਗਿਆ ਕਿ:—

"ਬਜ਼ੁਰਗੀ ਬਅਕਲ ਅਸਤ ਨ ਬਸਾਲ"

(ਵਡਾ ਅਕਲ ਨਾਲ ਹੁੰਦਾ ਹੈ ਨਾ ਕਿ ਸਾਲਾਂ ਨਾਲ) ਇਸ ਬਾਰੇ ਭਾਈ ਸਾਹਿਬ ਜੀ ਦੀ ਡਾਇਰੀ ਵਿੱਚ ੧੪-੨-੧੯੦੩ ਦਾ ਨੋਟ ਹੈ।

"(੧) ਅੱਜ ਤਹਿਸੀਲੇ ਬਹੁਤ ਸਾਰੇ ਹਕੀਮ ਇਕੱਠੇ ਹੋਏ ਡਰਦੇ ਡਰਦੇ। ਤਹਿਸੀਲਦਾਰ ਨੇ ਸਿਰਫ ਏਤਨਾ ਹੀ ਕਿਹਾ 'ਕਿ ਲੋਕਾਂ ਨੂੰ ਆਖੋ ਟੀਕਾ ਲਗਵਾਇਆ ਕਰਨ'। (੨) ਅੱਜ ਹਕੀਮਾਂ ਦੇ ਸੱਦੇ ਮੂਜਬ ਆਏ ਹੋਏ ਫਤਿਹਾਂਬਾਦ ਦੇ ਵੈਦ ਊਧੋ ਰਾਮ, ਪੰਡਤ ਮਹੇਸ਼੍ਵਰ ਗਿਰ ਆਦਿ ਨਾਲ ਪਲੇਗ ਦੇ ਮੁਤਅੱਲਕ ਬਾਤ ਚੀਤ ਹੋਈ ਇਹ ਦੋਨੋਂ ਪਹਿਲੇ ਪਹਿਲ ਤਾਂ ਬੜੀ ਸ਼ੇਖੀ ਵਿੱਚ ਸਨ, ਉਪ੍ਰੰਤ ਪ੍ਰਸ਼ਨ ਉਤ੍ਰ ਦੇ ਬਾਦ 'ਵਾਹਵਾ' ਹੀ ਕਰਨ ਲੱਗ ਪਏ।"

ਤਦੋਂ ਹੀ ਭਾਈ ਸਾਹਿਬ ਜੀ ਦੀ ਏਹੋ ਜੇਹੀ ਵੈਦਕ ਵਾਕਫੀ ਸੀ।

ਆਪਦੀ ਵੈਦਕ ਮਸ਼ਹੂਰੀ ਹੁਣ ਚੋਟੀ ਤੇ ਸੀ। ਹਰ ਵੱਡੇ ਤੋਂ ਵੱਡੇ ਆਦਮੀ ਛੋਟੇ ਵੱਡੇ ਰੋਗ ਬਦਲੇ ਆਪ ਪਾਸੋਂ ਦਵਾਈ ਕਰਵਾਉਣੀ ਉਚਿਤ ਤੇ ਮਾਨ ਸਮਝਦੇ ਸਨ।

× × × × ×

੨੦ ਜਨਵਰੀ ੧੯੦੫ ਨੂੰ ਭਾਈ ਵੀਰ ਸਿੰਘ ਜੀ ਨੇ, ਰਸਾਲਾ



Digitized by Panjab Digital Library | www.panjabdigilib.org

'ਦੀ ਖਾਲਸਾ' ਦੀ ਐਡੀਟਰੀ ਵਾਸਤੇ ਵੈਦ ਜੀ ਨਾਲ ਮੁਲਾਕਾਤ ਕੀਤੀ, ਪਰ ਆਪ ਨੇ ਨਾਂਹ ਕਰ ਦਿੱਤੀ। ਉੱਕਤ ਤਾਰੀਖ ਹੇਠ ਆਪ ਡਾਇਰੀ ਵਿੱਚ ਲਿਖਦੇ ਹਨ।

"ਅੰਮ੍ਰਿਤਸਰ ਤੋਂ ਆਏ ਹੋਏ ਭਾਈ ਵੀਰਸਿੰਘ ਵਜ਼ੀਰ ਸਿੰਘਜੀ ਮਿਲੇ, ਬਹੁਤ ਬਾਤਾਂ ਹੋਈਆਂ। ਰਸਾਲਾ 'ਦੀ ਖਾਲਸਾ' ਦੇ ਐਡੀਟਰ ਬਣਨ ਵਾਸਤੇ ਉਨ੍ਹਾਂ ਕਿਹਾ। ਮੈਂ ਇਸ ਕਾਰਨ ਤੇ ਇਨਕਾਰ ਕੀਤਾ ਕਿ ਖੰਡਨ ਮੰਡਨ ਦੀ ਅਖਬਾਰ ਬਜੋਪਾਰੀ ਵੱਲੋਂ ਨਹੀਂ ਹੋਣੀ ਚਾਹੀਦੀ।"

ਫੇਰ ੨੯ ਜਨਵਰੀ ਨੂੰ ਆਪਨੂੰ ਅੰਮ੍ਰਿਤਸਰ ਗਿਆਂ ਐਡੀਟਰੀ ਲਈ ਮਨਾ ਹੀ ਲਿਆ। ਆਪ ਉਸ ਦਿਨ ਦਾ ਅੰਮ੍ਰਿਤਸਰ ਦਾ ਪ੍ਰੋਗ੍ਰਾਮ ਇਸ ਤਰ੍ਹਾਂ ਲਿਖਦੇ ਹਨ।

"ਅੱਜ ਸਵੇਰੇ ਸਵਾ ਪੰਜ ਬਜੇ ਉੱਠ ਸ੍ਰੀ ਅੰਮ੍ਰਿਤਸਰ ਜੀ ਗਿਆ। ੯। ਬਜੇ 'ਆਰਯ ਮਿੱਤ੍ਰ ਸਭਾ' ਦੇ ਸਾਲਾਨਾ ਜਲਸੇ ਤੇ ਪਹੁੰਚਕੇ ਵੇਦਾਂ ਸੰਬੰਧੀ ਬਹਿਸ ਲਈ ਇੱਕ ਘੰਟਾ ਵਕਤ ਲਿਆ। ਫੇਰ ਭਾਈ ਹਰਨਾਮ ਸਿੰਘ ਜੀ ਦੇ ਘਰ ਪ੍ਰਸ਼ਾਦ ਛਕ ਕੇ ਸ੍ਰ: ਮੋਹਣ ਸਿੰਘ ਜੀ ਦੇ ਘਰ ਜੋੜ ਮੇਲ ਤੇ ਗਏ। ਫੇਰ ੩ ਵਜੇ ਸ੍ਰ: ਸੋਹਣ ਸਿੰਘ ਦਰਬਾਰਾ ਸਿੰਘ ਜੀ ਗੁਜਰਾਂ ਵਾਲੇ ਵਾਲਿਆਂ ਨਾਲ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ੪ ਬਜੇ ਸਿੰਘ ਸਭਾ ਦੇ ਦੀਵਾਨ ਵਿੱਚ ਦਰਸ਼ਨ ਕੀਤੇ। ੭ ਬਜੇ ਅੱਧਾ ਘੰਟਾ ਆਰੀਯਾਂ ਦੇ ਅਸੂਲਾਂ ਪਰ ਲੈਕਚਰ ਦਾ ਸਮਾ ਲਿਆ। ਰਾਤ ਭਾਈ ਹਰਨਾਮ ਸਿੰਘ ਜੀ ਦੇ ਘਰ ਕਮੇਟੀ ਰਸਾਲਾ 'ਦੀ ਖਾਲਸਾ' ਵਾਸਤੇ ਹੋਈ। ਦਾਸ ਨੂੰ ਸਬ ਐਡੀਟਰ ਮੁਕਰਰ ਕੀਤਾ। ਐਡੀਟਰ ਸੰਤ ਜਵਾਲਾ ਸਿੰਘ ਜੀ, ਮੈਨੇਜਰ ਰਾਮ ਰੱਖਾ ਸਿੰਘ ਜੀ ਤੇ ਸ੍ਰ: ਮੋਹਣ ਸਿੰਘ ਜੀ। ਭਾਈ ਹਰਨਾਮ ਸਿੰਘ ਜੀ ਤੇ ਸ੍ਰ: ਤਾਰਾ ਸਿੰਘ ਡਿਸਪੈਚਰ ਮੁਕੱਰਰ ਹੋਏ।"

* "ਖਾਲਸਾ ਯੰਗਮੈਨ ਮੈਗਜ਼ੀਨ' ਵਾਸਤੇ ਦੋ ਮਜ਼ਮੂਨ ਲਿਖ ਕੇ ਭੇਜੇ।" ੪ ਮਾਰਚ ੧੯੦੫

* ਖਾਲਸਾ ਯੰਗਮੈਨ ਮੈਗਜ਼ੀਨ ਅਰਥਾਤ ਖਾਲਸਾ ਕੁਮਾਰ ਪੱਤਰ ਇਹ ਤ੍ਰੈ ਮਾਸਕ ਰਸਾਲਾ ਗੁਰਮੁਖੀ ਵਿਚ ੧੩ ਮਈ ੧੯੦੫ ਨੂੰ ਸ੍ਰੀਅੰਮ੍ਰਿਤਸਰੋਂ ਨਿਕਲਨਾ ਸ਼ੁਰੂ ਹੋਇਆ। ਵੈਦ ਜੀ ਨੇ ਇਸ ਵਿਚ ਵਧ ਚੜ੍ਹ ਕੇ ਹਿੱਸਾ ਲਿਆ 'ਰਾਣਾ ਪ੍ਰਤਾਪ ਸਿੰਘ' ਤੇ 'ਅਰੋਗ ਰੱਖਯਾ' ਦੋ ਮਜ਼ਮੂਨ ਪਹਿਲੇ ਪਰਚੇ ਵਿਚ ਭੇਜੇ। ਇਸੇ ਹੀ ਤਰਾਂ ਅੱਗੋਂ ਲਈ ਹਰ ਪਰਚੇ ਲਈ ਆਪ ਲਿਖਦੇ ਰਹੇ।



Digitized by Panjab Digital Library | www.panjabdigilib.org

"ਸੰਤ ਭਾਸਕਰਾਨੰਦ ਜੀ ਤੋਂ 'ਪ੍ਰਸਤਾਰ ਪ੍ਰਭਾਕਰ†' ਪੜ੍ਹਨਾ ਸ਼ੁਰੂ ਕੀਤਾ।" ਡਾਇਰੀ ੨੯ ਜੂਨ ੧੯੦੫

੯ ਜੁਲਾਈ ੧੯੦੫ ਦੀ ਡਾਇਰੀ ਵਿੱਚ ਲਿਖਦੇ ਹਨ:–

"ਦੋ ਮਜ਼ਮੂਨ 'ਖਾਲਸਾ ਸਮਾਚਾਰ' ਵਾਸਤੇ ਲਿਖੇ।"

੨੯ ਜੁਲਾਈ "ਸੰਤ ਗਣੇਸ਼ਾ ਸਿੰਘ ਜੀ ਕੁਝ ਬੀਮਾਰ ਹੋ ਗਏ ਉਨ੍ਹਾਂ ਦਾ ਇਲਾਜ ਕਰਦਾ ਤੇ ਦਵਾਈ ਮੁਫਤ ਦਿੰਦਾ ਰਿਹਾ।"

ਅਖਾੜਾ ਸ੍ਰੀ ਠਾਕੁਰ ਅੰਤ੍ਰਯਾਮੀ, ਸ੍ਰੀ ਅੰਮ੍ਰਿਤਸਰ ਦੇ ਮਹੰਤ, ਤੇ ਪ੍ਰਸਿੱਧ ਵੈਦ ਗਣੇਸ਼ਾ ਸਿੰਘ ਜੀ–ਜਿਨ੍ਹਾਂ ਦਾ ਜ਼ਿਕਰ ਉੱਪਰ ਆਇਆ ਹੈ–ਭਾਈ ਸਾਹਿਬ ਬਾਰੇ ਆਪਣੇ ਸੰਖੇਪ ਮਾਤ੍ਰ ਵਿਚਾਰ ਇਸਤਰ੍ਹਾਂ ਲਿਖਦੇ ਹਨ:–

"ਸ੍ਰੀ ਮਾਨ ਸਰਦਾਰ ਭਾਈ ਮੋਹਨ ਸਿੰਘ ਜੀ ਵੈਦ ਮੇਰੇ ਬੱਚਪਨ ਤੋਂ ਹੀ ਪ੍ਰਿਯ ਸਨ। ਆਪ ਦੀ ਬਚਿਤ੍ਰ ਬੁੱਧੀ ਸੀ। ਚਮਤਕਾਰੀ ਸੰਸਕਾਰ ਸਨ। ਕਿਉਂਕਿ ਜਿਹੜਾ ਗ੍ਰੰਥ ਇਕ ਬਾਰ ਦ੍ਰਿਸ਼ਟੀ ਗੋਚਰ ਕਰਦੇ ਸਨ, ਮੁੜ ਉਸਦੇ ਵਿਚਾਰਨ ਦੀ ਲੋੜ ਨਹੀਂ ਸੀ ਹੁੰਦੀ। ਉਸ ਦੇ ਸਾਂਗੋ ਪਾਂਗ ਵਿਸ਼ੇ (ਮਜ਼ਮੂਨ) ਸਫੁਰਨ ਰਹਿੰਦੇ ਸਨ। ਆਪ ਦਾ ਅਨੁਭਵ-ਤਜਰਬਾ ਬੀ ਅਦੁਤੀ ਸੀ। ਇਕ ਵਾਰ ਤਰਨ ਤਾਰਨ ਵਿੱਚ ਇੱਕ ਲੜਕੀ ਰੋਗਣ ਪਰ ਆਏ, ਮੈਂ ਭੀ ਓਥੇ ਹੀ ਸੀ। ਭਾਵੇਂ ਡਾਕਟਰਾਂ ਨੇ ਅਨੇਕਾਂ ਇਲਾਜ ਮੁਆਲਜੇ ਕੀਤੇ ਅਰ ਕਰ ਕੇ ਦੱਸੇ,ਪ੍ਰੰਤੂ ਆਪ ਨੇ ਦੇਖਦਿਆਂ ਹੀ ਕਹਿ ਦਿੱਤਾ,ਕਿ ਇਸ ਦਾ ਅੰਨ ਜਲ ਇਸ ਅਸਾਰ ਸੰਸਾਰ ਤੋਂ ਮੁੱਕ ਚੁੱਕਾ ਹੈ,ਹੁਣ ਯਤਨ ਕਰਨੇ ਨਿਰਾਰਥਕ ਹਨ। ਅੰਤ ਓਹ ਅਗਲੇ ਦਿਨ ਮ੍ਰਿਤ ਹੋ ਗਈ।

ਆਪ ਦਾ ਗੁਰਮਤ ਧਰਮ ਪੁਰ ਦ੍ਰਿੜ੍ਹ ਵਿਸ਼ਵਾਸ਼ ਸੀ, ਸ੍ਰੀ ਦਰਬਾਰ ਸਾਹਿਬ ਪ੍ਰਾਤਾਕਾਲ ਦਰਸ਼ਨ ਕੀਤੇ ਬਗੈਰ ਦੁਕਾਨ ਪਰ ਨਹੀਂ ਸਨ ਆਇਆ ਕਰਦੇ। ਅਨਾਥ, ਅਭਜਾਗਤ, ਸਾਧੂ ਸੰਤ ਤਥਾ ਗਰੀਬ ਗੁਰਬੇ ਨੂੰ ਬੜੇ

---

† ਇਹ ਇਕ ਕਾਵਜ ਦਾ ਅਪੂਰਵ ਗ੍ਰੰਥ ਹੈ।



Digitized by Panjab Digital Library | www.panjabdigilib.org

ਗੋਰ ਨਾਲ ਦੇਖ ਭਾਲ ਕਰਕੇ ਧਰਮਾਰਥ ਔਸ਼ਧੀ ਪ੍ਰਦਾਨ ਕਰਦੇ ਸਨ। ਨਿਰਮਾਨਤਾ ਅਜੇਹੀ ਸੀ ਕਿ ਸ਼ਹਿਰ ਵਿਚ ਕੋਈ ਬੁਲਾਵੇ, ਜਾਂਦੇ ਹਿਚਕਦੇ ਨਹੀਂ ਸਨ, ਫਿਰ ਉਸ ਪਾਸੋਂ ਫੀਸ ਜਾਂ ਬਖਸ਼ੀਸ਼ ਕਦੇ ਅੰਗੀਕਾਰ ਹੀ ਨਹੀਂ ਸਨ ਕਰਦੇ। ਆਪਣੇ ਵਿਸ਼ਵਾਸ਼ੀਆਂ ਜਾਂ ਦ੍ਰਿੜ੍ਹ ਪ੍ਰੇਮੀਆਂ ਪਾਸੋਂ ਬੀ ਕਦੇ ਦਵਾਈ ਦੇ ਮੁੱਲ (ਇਵਜ਼) ਦੀ ਪ੍ਰਵਾਹ ਨਹੀਂ ਸਨ ਕਰਦੇ, ਭਾਵੇਂ ਉਹ ਕਿਤਨੇ ਮੁੱਲ ਦੀ ਕਿਉਂ ਨਾ ਹੋਵੇ। ਆਪ ਦੇ ਪਿਤਾ, ਨਾਮੀ ਹਕੀਮ ਸਨ। ਉਹ ਮੇਰੇ ਬਹੁਤ ਪ੍ਰੇਮੀ ਸਨ, ਓਹੋ ਵਰਤਾਵ ਆਪ ਦਾ ਰਿਹਾ। ਥੋੜੇ ਸਮੇਂ ਵਿਚ ਹੀ ਕਿਤਨੇ ਗ੍ਰੰਥਾਂ ਦੀ ਰਚਨਾਂ ਕੀਤੀ। ਮਿਊਂਨਸਪੈਲਟੀ ਤਥਾ ਦਰਬਾਰ ਸਾਹਿਬ ਆਦਿ ਕਿਤਨੀਆਂ ਹੀ ਉੱਚ ਸੰਸਥਾਵਾਂ ਦੇ ਸਭਾਸਦ ਸਨ। ਆਪ ਦੀ ਬਾਣੀ ਮਧੁਰ ਅਰ ਪ੍ਰੇਮ ਭਰੀ ਹਮੇਸ਼ਾਂ ਇਕ ਸਮਾਨ ਪ੍ਰਿਯ ਰਿਹਾ ਕਰਦੀ ਸੀ। ਆਏ ਨੂੰ ਆਦਰ ਦੇਣਾ ਆਦਿ ਆਪ ਵਿਚ ਕਿਤਨੇ ਹੀ ਅਲੌਕਿਕ ਗੁਣ ਸਨ।"

ਉਪ੍ਰੋਕਤ ਚਿੱਠੀ ਮਾਨੋਂ ਕੁੱਜੇ ਵਿੱਚ ਸਮੁੰਦ੍ਰ ਹੈ। ਮਹੰਤ ਜੀ ਨੇ ਪੁਰਾਤਨ ਵਿਦਵਾਨਾਂ ਵਾਂਗ ਅਤੀ ਸੰਖੇਪ ਵਿੱਚ ਹੀ ਵੈਦ ਜੀ ਦੇ ਜੀਵਣ ਦੀ ਝਲਕ ਪ੍ਰਗਟਾਈ ਹੈ। ਬੁੱਧੀ, ਵਿਚਾਰ, ਅਨਭਵ, ਅਭਿਆਸ, ਵੈਦਕ ਜਾਣਕਾਰੀ, ਗੁਰਮਤ ਪ੍ਰੇਮ, ਧਾਰਮਕ ਦ੍ਰਿੜਤਾ, ਪਰ ਦੁਖ ਹਿਤ ਬਿਹਬਲਤਾ, ਗਰੀਬਾਂ ਨੂੰ ਦਾਨ, ਸਾਧਾਂ ਸੰਤਾਂ ਤੇ ਗੁਰਮੁਖ ਲੋੜਵੰਦਾਂ ਦੀ ਧਰਮਾਰਥ ਸੇਵਾ, ਨਿਰਮਾਨਤਾ, ਲੇਖਕ ਪਨ, ਪ੍ਰੇਮ, ਮਧੁਰਤਾ, ਸੱਤਤਾ, ਮਿਲਨ ਸਾਰੀ ਤੇ ਆਏ ਗਏ ਦਾ ਆਦਰ ਆਦਿਕ ਭਾਈ ਸਾਹਿਬ ਜੀ ਦੇ ਗੁਣਾਂ ਬਾਬਤ ਸੋਹਣੀ ਸੰਖੇਪ ਮਾਤ੍ਰ ਵਿੱਚ ਰੋਸ਼ਨੀ ਪਾਈ ਹੈ। ਇਸ ਪਰ ਵਧੀਕ ਟੀਕਾ ਟਿੱਪਣੀ ਦੀ ਲੋੜ ਨਹੀਂ।

੨੭ ਜੁਲਾਈ--"ਭਾਰਤ ਕੀਰਤਿ ਦੇ ਸਿਖ ਇਤਿਹਾਸ ਦਾ ਤਰਜਮਾ ਹਿੰਦੀ ਵਿੱਚ ਲਿਖਣਾ ਸ਼ੁਰੂ ਕੀਤਾ। ਪਰ ਫੇਰ ਇਸ ਤਰ੍ਹਾਂ ਬਹੁਤ ਸਾਰਾ ਸਮਾ ਬਿਅਰਥ ਜਾਂਦਾ ਵਿਚਾਰਿਆ। ਸੰਤ ਗਣੇਸ਼ਾ ਸਿੰਘ ਜੀ ਨੂੰ ਕੁਝ ਹਿੰਦੀ ਪੁਸਤਕਾਂ ਦਾ ਗੁਰਮੁਖੀ ਤੇ ਗੁਰਮੁਖੀ ਦਾ ਹਿੰਦੀ ਤਰਜਮਾ ਕਰਨ ਵਾਸਤੇ ਪ੍ਰੇਰਿਆ। ਸੰਤ ਗਣੇਸ਼ਾ ਸਿੰਘ ਜੀ ਨੂੰ ਅੱਜ ਭੀ ਦਵਾਵਾਂ ਮੁਰੱਬੇ ਦੇ



Digitized by Panjab Digital Library | www.panjabdigilib.org

ਆਮਲੇ ਵਗੈਰਾ ਭੇਜੇ । ਕਈ ਗੱਲਾਂ ਹੋਈਆਂ 'ਦਯਾ ਨੰਦ ਛੱਲ ਕਪਟ ਦਰਪਨ'ਵਗੈਰਾ ਦਾ ਤਰਜਮਾ ਕਰਨ ਵਾਸਤੇ ਪ੍ਰੇਰਨਾ ਕੀਤੀ।"

੨੨ ਅਕਤੂਬਰ ੧੯੦੫ ਦੀ ਡਾਇਰੀ ਵਿੱਚ ਇਕ ਜਗ੍ਹਾ ਇਸ ਤਰ੍ਹਾਂ ਲਿਖਿਆ ਹੈ।

"ਅਮਰ ਸਿੰਘ ਬੀ. ਏ. ਸਪੁਤ੍ਰ ਸ੍ਰ: ਨਰੈਣ ਸਿੰਘ ਜੀ ਦੇ ਹੱਥ'ਖਾਲਸਾ ਯੰਗਮੈਨ ਮੈਗਜ਼ੀਨ' ਵਾਸਤੇ ਚਾਰ ਮਜ਼ਮੂਨ ਭੇਜੇ (੧) ਅਰਦਾਸ। (੨) ਵੈਦਰਕਿਆ ਸਿਖਯਾਂ ੧੨। (੩) ਪਲੇਗ ਤੋਂ ਬਚਣ ਦੀ ਸਿਖਯਾਂ ੧੫। (੪) ਪਲੇਗ ਤੋਂ ਬਚੌਣ ਵਾਲੀਆਂ ਦਵਾਵਾਂ ੧੧।

ਉਪਰਲੇ ਡਾਇਰੀ ਨੋਟਾਂ ਵਿੱਚ ਸਾਫ ਸਮਝ ਆ ਸਕਦੀ ਹੈ ਕਿ ਭਾਈ ਸਾਹਿਬ ਜੀ ਦੇ ਦਿਲ ਵਿੱਚ ਕੇਹੋ ਜੇਹੇ ਵਲਵਲੇ ਕੰਮ ਕਰ ਰਹੇ ਸਨ। ਪੰਥਕ ਅਖਬਾਰਾਂ, ਰਸਾਲਿਆਂ ਨੂੰ ਭਾਂਤ ਭਾਂਤ ਦੇ ਲੇਖ ਲਿਖਣੇ, ਪੰਥਕ ਭਲਾਈ ਲਈ ਆਪਣੇ ਤੇ ਵਿਰੋਧੀਆਂ ਦੇ ਦੀਵਾਨਾਂ ਵਿੱਚ ਲੈਕਚਰ ਦੇਣੇ। ਮੁਫਤ ਦਵਾਈ ਕਰਨੀ, ਫੇਰ ਉਸ ਵਿੱਚ ਭੀ ਕੌਮੀ ਉੱਨਤੀ ਦੇ ਹੀ ਸੁਫਨੇ ਵੇਖਣੇ। ਸੰਤ ਗਣੇਸ਼ਾ ਸਿੰਘ ਜੀ ਦੀ ਦਵਾਈ ਕਰਦੇ ਹਨ ਨਾਲ ਮੁਰੱਬਾ ਆਦਿ ਕੋਲੋਂ ਖਰੀਦ ਕੇ ਦਿੰਦੇ ਹਨ ਤੇ ਫੇਰ ਪਿਆਰ ਪਾ ਉਨ੍ਹਾਂ ਨੂੰ ਪੰਥਕ ਕੰਮ, ਗੁਰਮੁਖੀ ਤੋਂ ਹਿੰਦੀ ਤੇ ਹਿੰਦੀ ਤੋਂ ਗੁਰਮੁਖੀ ਉਲਥੇ ਕਰਨ ਲਈ ਪ੍ਰੇਰਦੇ ਹਨ, ਆਦਿਕ। × × × ×

ਪ੍ਰਸਿੱਧ ਭਾਈ ਸਾਹਿਬ ਭਾਈ ਵੀਰ ਸਿੰਘ ਜੀ* ਤੇ ਵੈਦ ਜੀ ਦੇ

---

*ਭਾਈ ਵੀਰ ਸਿੰਘ ਜੀ! ਭਾਵੇਂ ਆਪ ਕੇਵਲ ਮੈਟ੍ਰਿਕ ਪਾਸ ਹਨ, ਪਰ ਇਸ ਵੇਲੇ ਪੰਜਾਬੀ ਦੇ ਇੱਕ ਮਹਾਨ ਉੱਚੇ ਕਵੀ ਤੇ ਲਿਖਾਰੀ ਹਨ । ਆਪ ਜੀ ਨੇ ਅੱਜ ਤੱਕ ਅਨੇਕਾਂ ਪੁਸਤਕਾਂ ਕਵਿਤਾ ਤੇ ਵਾਰਤਕ ਵਿੱਚ ਲਿਖੀਆਂ ਹਨ। ਜਿਨ੍ਹਾਂ ਦਾ ਵਧੇਰੇ ਸੰਬੰਧ ਸਿੱਖ ਇਤਿਹਾਸ ਨਾਲ ਹੀ ਹੈ। ਇਨ੍ਹਾਂ ਪੁਸਤਕਾਂ ਦਾ ਪਬਲਿਕ ਵੱਲੋਂ ਬੜਾ ਮਾਨ ਤੇ ਸਤਿਕਾਰ ਹੋਇਆ ਹੈ। ਆਪ ਜੀ ਦਾ ਜੀਵਨ ਭੀ ਬੜਾ ਉੱਚਾ ਤੇ ਸੁੱਚਾ ਹੈ।

ਆਪ ਜੀ ਦਾ ਜਨਮ ੧੮੭੨ ਈਸਵੀ ਵਿੱਚ ਡਾਕਟਰ ਚਰਨ ਸਿੰਘ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਖਾਲਸਾ ਟ੍ਰੈਕਟ ਸੁਸਾਇਟੀ☛



Digitized by Panjab Digital Library | www.panjabdigilib.org

ਸੰਬੰਧ ਤੇ ਪਿਆਰ ਬਾਰੇ ਭੀ ਚਾਰ ਗੱਲਾਂ ਨ ਲਿਖਣੀਆਂ ਬੇ ਇਨਸਾਫੀ ਹੀ ਹੋਵੇਗੀ।

ਅਸੀਂ ਉੱਪਰ ਦੱਸ ਆਏ ਹਾਂ ਕਿ ਵੈਦਜ ਜੀ ਦਾ ਭਾਈ ਸਾਹਿਬ ਜੀ ਨਾਲ ਭਰਾਵਾਂ ਵਰਗਾ ਪਿਆਰ ਸੀ। ਆਪ ਸਦਾ ਦੂਜੇ ਚੌਥੇ ਮਿਲਦੇ, ਪੰਥਕ ਤੇ ਵਿਵਹਾਰਕ ਆਦਿ ਕੰਮਾਂ ਬਾਰੇ ਸਲਾਹ ਕਰਦੇ,ਭਾਈਚਾਰਕ ਵਿਹਾਰਾਂ ਵਿਚ ਸ਼ਾਮਲ ਹੁੰਦੇ ਤੇ ਇਕ ਦੂਜੇ ਦੇ ਦੁਖ ਸੁਖ ਦੇ ਸਾਂਝੀਵਾਲ ਸਨ। ਡਾਇ-ਰੀਆਂ ਤੋਂ ਪਤਾ ਲਗਦਾ ਹੈ ਕਿ 'ਖਾਲਸਾ ਸਮਾਚਾਰ' ਦੀ ਲਿਖਾਈ ਵਿੱਚ ਮੁੱਢ ਤੋਂ ਹੀ ਵੈਦਜ ਜੀ ਦਾ ਕਾਫੀ ਹਿੱਸਾ ਸੀ। ਪਰ ਆਪ ਨੇ ਆਪਣਾ ਨਾਮ ਬਹੁਤ ਘੱਟ ਮਜ਼ਮੂਨਾਂ ਉੱਪਰ ਦਿੱਤਾ ਹੈ। ਆਪ ਜੀ ਦੀਆਂ ਹਸਤ ਲਿਖਤ ਡਾਇਰੀਆਂ ਭਾਈ ਸਾਹਿਬ ਦੀਆਂ ਮੁਲਾਕਾਤਾਂ ਨਾਲ ਭਰੀਆਂ ਪਈਆਂ ਹਨ। ਪ੍ਰਾਈਵੇਟ ਖਿਆਲਾਂ ਨੂੰ ਛੱਡ ਕੇ ਕੁਛਕੁ ਨੋਟ ਉਨ੍ਹਾਂ ਵਿੱਚੋਂ ਅਸੀਂ ਪਾਠਕਾਂ ਦੇ ਅੰਦਾਜ਼ਾ ਲਾਉਣ ਲਈ ਭੇਟ ਕਰਦੇ ਹਾਂ—

> ੨੩ ਫਰਵਰੀ ੧੯੦੨—"ਭਾਈ ਵੀਰ ਸਿੰਘ ਜੀ ਸਾਹਿਬ ਮਾਲਕ ਵਜ਼ੀਰ ਹਿੰਦ ਪ੍ਰੈਸ ਵਾਲਿਆਂ ਨੂੰ ਸੰਤ ਭੋਲਾ ਸਿੰਘ ਜੀ ਹੁਰਾਂ ਦੇ ਡੇਰੇ ਮਿਲਿਆ ਅਤੇ ਓਨ੍ਹਾਂ ਨੂੰ ਪੜ੍ਹਨ ਵਾਸਤੇ (੧) ਵਿਕਟੋਰੀਆ ਚਰਿੱਤ੍ਰ, (੨) ਬੇਕਨ ਵਿਚਾਰ ਰਤਨਾਵਲੀ। (੩) ਸ਼ੰਕ੍ਰਾਚਾਰਯ ਜੀ ਦੇ ਉਪਦੇਸ਼,ਦਿੱਤੇ।"

> ੨੯ ਮਾਰਚ ੧੯੦੨—"ਅੱਜ ਸੰਤ ਭੋਲਾ ਸਿੰਘ ਜੀ ਹੁਰਾਂ ਦੇ ਭਾਈ ਵੀਰ ਸਿੰਘ ਜੀ ਤੇ ਸ੍ਰ: ਤ੍ਰਿਲੋਚਨ ਸਿੰਘ ਜੀ ਨੂੰ ਮਿਲਿਆ। ਕਰੀਬ ੨॥ ਘੰਟੇ ਗੱਲਾਂ ਬਾਤਾਂ ਹੋਈਆਂ।"

> ੧ਜੂਨ ੧੯੦੨"ਸੰਤ ਭੋਲਾ ਸਿੰਘ ਜੀ ਹੁਰਾਂ ਦੇ ਡੇਰੇ ਰਾਤ ਭਾਈ ਵੀਰ

---

☞ ਅੰਮ੍ਰਿਤਸਰ ਦੇ ਮੁਖ ਪ੍ਰਬੰਧਕ ਤੇ ਅਖਬਾਰ 'ਖਾਲਸਾ ਸਮਾਚਾਰ' ਦੇ ਮਾਲਕ ਹਨ। 'ਚੀਫ ਖਾਲਸਾ ਦੀਵਾਨ' ਤੇ 'ਸਿੱਖ ਐਜੂਕੇਸ਼ਨਲ ਕਮੇਟੀ' ਦੇ ਆਗੂ ਤੇ ਪੰਜਾਬ ਸਿੰਧ ਬੈਂਕ ਦੇ ਡਾਇਰੈਕਟਰ ਹਨ। ਆਪ ਪਬਲਿਕ ਜਲਸਿਆਂ ਤੇ ਸਮਾਗਮਾਂ ਵਿੱਚ ਹਿੱਸਾ ਨਹੀਂ ਲੈਂਦੇ। ਰਾਜਸੀ ਕੰਮਾਂ ਤੋਂ ਆਪ ਬਿਲਕੁਲ ਲਾਂਭੇ ਰਹਿੰਦੇ ਹਨ।



Digitized by Panjab Digital Library | www.panjabdigilib.org

ਸਿੰਘ ਜੀ ਨੂੰ ਮਿਲਕੇ ਦੋ ਘੰਟੇ ਦੇ ਕਰੀਬ ਸਕੂਲ ਦੇ ਫਾਇਦੇ ਵਾਸਤੇ ਸੋਚਿਆ ਤੇ ਗੱਲਾਂ ਕੀਤੀਆਂ।"

੨੯ ਜੂਨ--"ਅੰਮ੍ਰਿਤਸਰ ਤੋਂ ਭਾਈ ਵੀਰ ਸਿੰਘ ਜੀ ਤ੍ਰਿਲੋਚਨ ਸਿੰਘ ਜੀ ਸਹਿਤ ਆਏ ਹੋਏ ਮਿਲੇ।"

੧੨ ਜੁਲਾਈ ੧੯੦੨...ਅੰਮ੍ਰਿਤਸਰ ਜਾਕੇ..."ਉਪ੍ਰੰਤ ਭਾਈ ਵੀਰ ਸਿੰਘ ਜੀ ਨੂੰ ਵਜ਼ੀਰ ਹਿੰਦ ਪ੍ਰੈਸ ਵਿਚ ਮਿਲਿਆ......੫) ਪੰਜ ਰੁਪਏ ਦਿੱਤੇ ਬਾਬਤ ਕੀਮਤ ਅਖਬਾਰ 'ਖਾਲਸਾ ਸਮਾਚਾਰ'। ੨) ਪਿਛਲੇ, ਸੰਮਤ ਨਾਨਕ ਸ਼ਾਹੀ ੪੩੨ ਬਾਬਤ ਅਤੇ ੩) ਸੰ: ਸ੍ਰੀ: ਨਾ: ੪੩੩ ਬਾਬਤ ਅਗੇਤ੍ਰਾ। ਹਿਸਾਬ ਕੁੱਲ ਚੁਕਾ ਦਿੱਤਾ।"

੨੬ ਅਕਤੂਬਰ ੧੯੦੨—ਅੰਮ੍ਰਿਤਸਰ ਜੀ ਤੋਂ ਭਾਈ ਵੀਰ ਸਿੰਘ ਜੀ......ਸੰਤਾਂ ਦੇ ਆਏ ੯॥ ਬਜੇ ਉਨ੍ਹਾਂ ਨੂੰ ਮਿਲਿਆ।"

੧੬ ਨਵੰਬਰ ੧੯੦੨--ਭਾਈ ਵੀਰ ਸਿੰਘ ਜੀ ਅੰਮ੍ਰਿਤਸਰੋਂ ਆਏ। ਸੰਤ ਭੋਲਾ ਸਿੰਘ ਜੀ ਦੇ ਮਿਲੇ। ਦੰਦਾਂ ਦਾ ਮੰਜਨ ਦਿੱਤਾ।

੫--੧--੧੯੦੩"ਅਜ ਭਾਈ ਵੀਰ ਸਿੰਘ ਜੀ ਦੀ ਖਬਰ ਲੈਣ ਵਾਸਤੇ ਗਿਆ। ਬੀਮਾਰ ਸਨ।"

ਇਨ੍ਹਾਂ ਉਪ੍ਰੋਕਤ ਸਤਰਾਂ ਤੋਂ ਵੈਦਜ ਜੀ ਤੇ ਭਾਈ ਸਾਹਿਬ ਜੀ ਦੇ ਮੇਲ ਮਿਲਾਪ ਤੇ ਪਿਆਰ ਦੀ ਝਲਕ ਸੁਖਾਲੀ ਹੀ ਦੇਖੀ ਜਾ ਸਕਦੀ ਹੈ। ਇਹ ਦੇਗਚੇ ਵਿਚੋਂ ਦਾਣਾਂ ਦੇਖਣ ਵਾਂਗ ਹੈ। ਅੱਗੇ ਇਕ ਦੋ ਹੋਰ ਘਟਨਾ ਬਾਰੇ ਲਿਖਦੇ ਹਨ।

"ਮਾਨ ਸਿੰਘ ਰਾਗੀ ਦੇ ਘਰ ੧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਹੁਤ ਪੁਰਾਣਾ ਸੀ, ਜੋ ਓਹ ਜਲ ਪ੍ਰਵਾਹ ਕਰਨਾ ਚਾਹੁੰਦੇ ਸਨ। ਸੋ ਮਾਸਟਰ ਈਸ਼ਰ ਸਿੰਘ ਜੀ ਢੋਟੀਆਂ ਵਾਲੇ ਨੇ ਉਨ੍ਹਾਂ ਦੇ ਘਰੋਂ ਮੰਗ ਕੇ ਲੈ ਲੀਤਾ, ਸੋ ਈਸ਼ਰ ਸਿੰਘ ਜੀ ਤੋਂ ਭਾਈ ਵੀਰ ਸਿੰਘ ਜੀ ਨੂੰ ਸੋਸਾਇਟੀ ਵਾਸਤੇ ਭੇਟਾ ਕਰਵਾਇਆ।" ੨ ਮਾਰਚ ੧੯੦੨

'ਅੰਮ੍ਰਿਤਸਰ ਤੋਂ ਆਏ ਭਾਈ ਵੀਰ ਸਿੰਘ ਜੀ ਮਿਲੇ। ਬਹੁਤ ਵਕਤ ਓਥੇ ਗੁਜ਼ਰਿਆ।" ੨੨ ਅਪ੍ਰੈਲ ੧੯੦੫



Digitized by Panjab Digital Library | www.panjabdigilib.org

ਭਾਈ ਵੀਰ ਸਿੰਘ ਜੀ ਨੂੰ ਮਿਲਿਆ। ਬਹੁਤ ਬਾਤਾਂ ਹੋਈਆਂ।

੨੩-੪-੧੯੦੫

"ਪਟਨਾ ਸਾਹਿਬ ਜੀ ਦੇ ਮਹੰਤ ਬਾਬਾ ਬਚਿੱਤ੍ਰ ਸਿੰਘ ਜੀ ਤੇ ਭਾਈ ਵੀਰ ਸਿੰਘ ਜੀ ਮਿਲਨ ਆਏ।" ੧੬ ਨਵੰਬਰ ੧੯੦੬

## ਅੱਗੇ ਤੋਂ ਅੱਗੇ

ਚੜ੍ਹਦੀ ਜਵਾਨੀ ਦੇ ਜੋਸ਼ ਵਿੱਚ ਪਿਛਲੇ ਅੱਠ ਦੱਸ ਸਾਲ ਵਿੱਚ ਜੋ ਸੇਵਾ ਨੌ ਜਵਾਨ ਵੈਦਜ ਜੀ ਨੇ ਕੀਤੀ ਉਸਦਾ ਕੁਛ ਨਮੂਨਾ ਅਸੀਂ ਉੱਪਰ ਦੱਸ ਆਏ ਹਾਂ। ਪਾਠਕਾਂ ਨੇ ਭਲੀ ਪ੍ਰਕਾਰ ਅਨੁਭਵ ਕੀਤਾ ਹੋਵੇਗਾ। ਇਨ੍ਹਾਂ ਸਾਲਾਂ ਵਿੱਚ ਜੋ ਜੋ ਮਾਯਕ, ਮਾਨਸਕ ਤੇ ਸਰੀਰਕ ਔਕੜਾਂ ਵੈਦ ਜੀ ਨੂੰ ਆਈਆਂ ਉਹ ਭੀ ਕੁਛ ਘੱਟ ਨਹੀਂ ਸਨ। ਵੈਦ ਜੀ ਰੋਜ਼ ਨਾਮਚਿਆਂ ਵਿੱਚ ਥਾਂ ਥਾਂ ਇਨ੍ਹਾਂ ਔਕੜਾਂ ਦਾ ਜ਼ਿਕਰ ਕਰਦੇ ਹਨ, ਪਰ ਫੇਰ ਰੱਬ ਆਸਰੇ ਤੁਰੇ ਹੀ ਜਾਂਦੇ ਹਨ। ਬਹਿਸ ਮੁਬਾਹਸਿਆਂ ਦੀ ਦੌੜ, ਵੈਦਕ ਇਲਾਜਾਂ ਲਈ ਦੂਰ ਨੇੜੇ ਜਾਣਾ, ਕਰਾਇਆ ਆਦਿਕ ਭੀ ਆਪਣੇ ਪਾਸੋਂ ਖਰਚ ਕਰਨਾ। ਆਏ ਗਏ ਗੁਰਮੁਖ ਪ੍ਰੇਮੀ ਦੇਸ਼ ਸੇਵਕਾਂ ਨੂੰ ਦਵਾਈ ਤੋਂ ਇਲਾਵਾ ਸੇਵਾ ਤਵਾਜ਼ਿਆ ਤੋਂ ਬਿਨਾ ਨਕਦ ਭੇਟਾ ਭੀ ਕਰਨੀ, ਪੁਸ-ਤਕਾਂ ਛਪਾ ਛਪਾ ਅਸਲ ਲਾਗਤ ਤੋਂ ਭੀ ਘੱਟ ਤੇ ਵੇਚਣੀਆਂ ਤੇ ਮੁਫ਼ਤ ਭੀ ਵੰਡਣੀਆਂ। ਇਨ੍ਹਾਂ ਹਾਲਤਾਂ ਵਿੱਚ ਪਾਠਕ ਸੋਚ ਸਕਦੇ ਹਨ ਕਿ ਰੁਜ਼-ਗਾਰ ਦਾ ਕੀ ਹਾਲ ਹੋ ਸਕਦਾ ਹੈ ? ਪਰ ਆਸਤਕਤਾ ਦਾ ਭਰੋਸਾ ਭੀ ਅਜੀਬ ਹੁੰਦਾ ਹੈ ਆਪ:—

"ਹਾਂ ! ਐ ਜਵਾਂ ਵਧੀ ਜਾ, ਅੱਗੇ ਕਦਮ ਧਰੀ ਜਾ।
ਜਦ ਤੱਕ ਕਿ ਦਮ ਚਿ ਦਮ ਹੈ, ਨੇਕੀ ਦਾ ਦਮ ਭਰੀ ਜਾ।"

ਗੀਤ ਗੌਂਦੇ ਅੱਗੇ ਤੇ ਅੱਗੇ ਹੀ ਤੁਰੇ ਜਾਂਦੇ ਸਨ।

ਸਚ ਹੈ—

ਕਰੀ ਜਜੋਂ ਜਜੋਂ ਦਵਾਈ, ਮਰਜ਼ ਹੋਈ ਸਵਾਈ,



Digitized by Panjab Digital Library | www.panjabdigilib.org

ਚਮੱਕੀ ਪ੍ਰੇਮ ਅਗਨੀ, 'ਦੁਖੀ' ਜਜੋਂ ਜਜੋਂ ਬੁਝਾਈ,

——o——

ਸਤੀ ਸੂਰਾ ਸਨੇਹੀ*, ਇਨ੍ਹਾਂ ਨੂੰ ਕਾਣ ਕੇਹੀ,
ਨ ਡਰਦੇ ਮੁਸ਼ਕਲਾਂ ਤੋਂ, ਇਨ੍ਹਾਂ ਦੀ ਬਾਣ ਏਹੀ।

——o——

ਬਹਾਦਰ ਬਾਲ ਮੱਛੀ, ਹਠੀਲਾ ਸ਼ੇਰ ਲੱਛੀ†
ਸਦਾ ਚੜ੍ਹਦੇ ਨੂੰ ਜਾਂਦੇ, ਇਨ੍ਹਾਂ ਦੀ ਰੀਤ ਉਲਟੀ।

——o——

ਸਚਾਈ ਦੇ ਜੁ ਬਰਦੇ, ਧਰਮ ਲਈ ਕਸ਼ਟ ਜਰਦੇ,
ਵਤਨ ਖਾਤਰ ਜੁ ਮਰਦੇ। ਉਹ ਮਰਕੇ ਭੀ ਨ ਮਰਦੇ।

——o——

ਅਸੀਂ ਉੱਪਰ ਦੱਸ ਆਏ ਹਾਂ ਕਿ ਭਾਈ ਸਾਹਿਬ ਜੀ ਸਿੱਖ ਪੰਥ ਦੀ ਉੱਨਤੀ ਲਈ, ਪੰਥ ਉੱਪਰ ਦੂਜੇ ਮਤਾਂ ਵਾਲਿਆਂ ਵੱਲੋਂ ਹਮਲਿਆਂ ਦੇ ਉੱਤਰ ਦੇਣ ਲਈ, ਲੈਕਚਰ ਤੇ ਬਹਿਸ ਮੁਬਾਹਸਿਆਂ ਲਈ, ਸਿੱਖੀ ਦੇ ਅਸੂਲਾਂ ਨੂੰ ਪ੍ਰਗਟਾਉਣ ਲਈ, ਲੈਕਚਰਾਂ ਤੇ ਮਜ਼ਮੂਨ ਲਿਖਣ ਤੇ ਟ੍ਰੈਕਟ ਲਿਖਣ ਆਦਿਕ ਲਈ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਸ ਉੱਪਰ ਅੱਜ ਕੱਲ ਦੇ ਧਰਮ ਨੂੰ ਟਿਚਕਰਾਂ ਕਰਨਵਾਲੇ,ਸੰਸਾਰ-ਸੇਵਾ ਦਾ ਦਮ ਭਰਨ ਵਾਲੇ, ਤੇ ਸਾਰੇ ਸੰਸਾਰ ਨੂੰ ਆਪਣਾਰੂਪ ਸਮਝਕੇ ਕਾਮਰੇਡ ਉਚਰਨ ਵਾਲੇ ਫਿਲਾਸ-ਫਰ ਬੇਸ਼ਕ ਨੁਕਤਾ-ਚੀਨੀ ਕਰ ਸਕਦੇ ਹਨ। ਕਿ "ਭਲਾ ਜੀ! ਐਵੇਂ ਮਜ਼ਹਬਾਂ ਦੇ ਝਮੇਲਿਆਂ ਵਿਚ ਪੈਕੇ ਝਗੜਨਾ,ਕਿਹੜੀ ਸੇਵਾ ਹੈ?ਆਰੀਯਾ ਹੋਇਆ ਜਾਂ ਸਿੱਖ, ਹਿੰਦੂ ਹੋਇਆ ਜਾਂ ਮੁਸਲਮਾਨ, ਈਸਾਈ ਹੋਇਆ ਜਾਂ ਹੋਰ ਕੋਈ ਇਸ ਵਿਚ ਫਰਕ ਹੀ ਕੀ ਹੈ ? ਮਜ਼ਹਬੀ ਜਨੂਨ ਨੇ ਤਾਂ ਭਾਰਤ ਨੂੰ ਤਬਾਹ ਕਰ ਦਿੱਤਾ ਹੈ। ਇਨ੍ਹਾਂ ਕੰਮਾਂ ਦੇ ਪਿੱਛੇ ਪੈਣ ਵਾਲੇ ਦੇਸ਼-ਸੇਵਕ ਜਾਂ ਕੌਮ

---

*ਪ੍ਰੇਮੀ, ਆਸ਼ਕ। †ਨਸ਼ਾਨੇ ਬਾਜ਼।



Digitized by Panjab Digital Library | www.panjabdigilib.org

ਪੂਜ ਕਿਵੇਂ ਹੋ ਸਕਦੇ ਹਨ ? ਆਦਿਕ।" ਪਿਆਰੇ ਪਾਠਕ ਜੀ ! ਇੱਕ ਹੀ ਚੀਜ਼ ਇੱਕ ਵੇਲੇ ਜ਼ਹਿਰ ਤੇ ਦੂਜੇ ਵੇਲੇ ਅਮ੍ਰਿਤ ਦਾ ਕੰਮ ਦਿੰਦੀ ਹੈ।

ਅੱਜ ਤੋਂ ਤੀਹ ਵਰ੍ਹੇ ਪਹਿਲਾਂ ਜੋ ਗਰਮ ਖਿਆਲੀਏ ਸਨ ਵੀਹ ਵਰ੍ਹੇ ਪਹਿਲਾਂ ਉਹੀ ਨਰਮ ਖਿਆਲੀਏ ਗਿਣੇ ਗਏ। ਵੀਹ ਵਰ੍ਹੇ ਪਹਿਲਾਂ ਜੋ ਗਰਮ ਖਿਆਲੀਏ ਸਨ ਅੱਜ ਉਹੀ ਨਰਮ ਖਿਆਲੀਏ ਸਮਝੇ ਜਾ ਰਹੇ ਹਨ।

ਮੁਲਕੀ ਦਸ਼ਾ ਵੱਲ ਹੀ ਵੇਖੋ ਜਿਸ ਵੇਲੇ ਦੇਸ਼ ਭਗਤ ਸ੍ਰੀ ਬਾਲ ਗੰਗਾ ਧਰ ਤਿਲਕ ਮਹਾਰਾਜ* ਮੁਲਕੀ ਮੈਦਾਨ ਵਿਚ ਆਏ ਸਨ, ਉਸ ਵੇਲੇ ਕਿਸੇ "ਸਿਰੁ ਧਰ ਤਲੀ ਗਲੀ ਮੋਰੀ ਆਉ" ਪੜ੍ਹਨ ਵਾਲੇ ਮਾਈ ਦੇ ਲਾਲ ਦਾ ਹੀ ਕੰਮ ਸੀ ਕਿ ਹਕੂਮਤ ਦੇ ਵਿਰੁਧ ਆਪਣੇ ਦੇਸ਼-ਹਿਤ ਦਾ ਕੋਈ ਸ਼ਬਦ ਮੂੰਹੋ ਕੱਢੇ। ਫੇਰ ੧੯੦੭-੧੯੦੮ ਦਾ ਸਮਾ, ਜਿਸ ਵੇਲੇ ਰਿਸ਼ੀ ਆਰੋ ਬਿੰਦੋ ਘੋਸ਼, ਕੇਲਕਰ,ਖਾਪਰਡੇ ਵਰਗੇ ਮਹਾਤਮਾਂ ਨਿੱਤਰੇ ਉਸ ਵੇਲੇ ਭੀ ਸੇਵਾ ਦੇ ਮੈਦਾਨ ਵਿੱਚ ਨਿਕਲਨਾ ਖਾਲਾ ਜੀ ਦਾ ਘਰ ਨਾ ਸੀ। ਇਹ ਉਹੀ ਵੇਲਾ ਸੀ ਜਦ ਪੰਜਾਬ ਵਿਚ ਬਹਾਦਰ ਸਰਦਾਰ ਅਜੀਤ ਸਿੰਘ ਜੀ, ਸੂਫੀ ਅੰਬਾ ਪ੍ਰਸਾਦ ਤੇ ਲਾਲਾ ਲਾਜਪਤ ਰਾਏ ਜੀ ਵਰਗੇ ਨਿੱਤਰੇ ਸਨ। ਇਸ ਤੇ ਪਿੱਛੋਂ ੧੯੧੪-੧੯੧੫ ਦੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਅੱਜ ਨਾਲ ਮੁਕਾਬਲਾ ਕਰਨਾ ਭੀ ਸਖਤ ਬੇ ਇਨਸਾਫੀ ਹੋਵੇਗੀ। ਉਹ, ਉਹ ਸਮਾ ਸੀ ਜਦ ਘਰ ਦੇ ਮਾਂ ਪਿਉ ਤੇ ਭਰਾ ਤਕ ਵੈਰੀ ਹੋਏ ਹੋਏ ਸਨ। 'ਸ੍ਵਰਾਜ' ਦਾ ਨਾਮ ਲੈਣ ਤੇ ਭੀ ਫਾਂਸੀ ਤੇ ਉਮਰ ਕੈਦ ਦੀ

---

*ਸ੍ਰੀ ਬਾਲ ਗੰਗਾਧਰ ਤਿਲਕ ਜੀ ਨੇ ੨੩ ਜੁਲਾਈ ਸੰਨ੧੮੫੬ ਨੂੰ ਰਤਨ ਗਿਰੀ (ਮਹਾਰਾਸ਼ਟਰ) ਵਿਖੇ ਜਨਮ ਲਿਆ ਭਾਰਤ ਵਰਸ਼ ਵਿੱਚ ਅਜ਼ਾਦੀ ਦੀ ਤੜਪ ਪੈਦਾ ਕਰਕੇ ੧ ਅਗਸਤ ੧੯੨੦ ਨੂੰ ਤੜਕੇ ਇਕ ਬਜੇ ਬੰਬਈ ਵਿਖੇ ਚਲਾਣਾ ਕਰ ਗਏ।



Digitized by Panjab Digital Library | www.panjabdigilib.org

ਸਜ਼ਾ ਸੌਹੇ ਖੜੀ ਸੀ। ਜਿਸ ਵੇਲੇ ਮੁਲਕ ਦਾ ਤਾਂ ਕਿਤੇ ਰਿਹਾ, ਮੁਲਕੀ ਸੇਵਕਾਂ ਦਾ ਨਾਮ ਲੈਣਾ ਭੀ ਗੁਨਾਹ ਗਿਣਿਆ ਜਾਂਦਾ ਸੀ। ਜਿਸ ਵੇਲੇ ਦੇਸ਼-ਭਗਤਾਂ ਨੂੰ ਕੁਰਾਹੀਏ, ਗ਼ੱਦਾਰ ਤੇ ਬਾਗ਼ੀ ਕਿਹਾ ਜਾਂਦਾ ਸੀ। ਜਿਸ ਵੇਲੇ ਮੁਲਕ ਲਈ ਬਲੀਆਂ ਦੇਣ ਵਾਲੇ ਸੁਤੰਤ੍ਰਤਾ ਦੇਵੀ ਅੱਗੇ ਸਿਰ ਭੇਟ ਕਰਨ ਵਾਲਿਆਂ ਨੂੰ ਮਰਦੇ ਦੇਖ ਕੇ ਉਨ੍ਹਾਂ ਦੇ ਵਿਰੁੱਧ ਸਰਕਾਰ ਦੀ ਵਫਾਦਾਰੀ ਦੇ ਮਤੇ ਪਾਸ ਕੀਤੇ ਜਾਂਦੇ ਸਨ। ਇਸੇ ਤਰ੍ਹਾਂ ੧੯੧੯ ਦਾ ਸਮਾ ਲੈ ਲਵੋ ਤੇ ਫੇਰ ਅੱਜ ਦਾ ਲੈ ਲਵੋ। ਮਹਾਤਮਾ ਗਾਂਧੀ ਭਲੇ ਹੀ ਅੱਜ ਸਾਰੇ ਭਾਰਤ ਵਰਸ਼ ਦਾ ਸਰਦਾਰ ਕਿਹਾ ਜਾਵੇ, ਪਰ ਮਹਾਰਾਜ ਤਿਲਕ ਭਗਵਾਨ ਦੇ ਤੁੱਲ ਨਹੀਂ ਹੋ ਸਕਦੇ। ਇਸੇ ਹੀ ਤਰ੍ਹਾਂ ਪਾਠਕ ਜਨ! ਜਿਸ ਸਮੇਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਵੇਖਣਾ ਇਹ ਹੈ ਕਿ ਉਸ ਸਮੇਂ ਦੇਸ਼ ਦੀ ਹਾਲਤ ਕੀ ਸੀ? ਮੁਲਕੀਆਂ ਦਾ ਦਿਮਾਗ, ਤੇ ਖਾਸ ਕਰ ਪੰਜਾਬੀਆਂ ਦਾ ਦਿਮਾਗ ਕੀ ਕੰਮ ਕਰ ਰਿਹਾ ਸੀ ?ਤੇ ਕਿਸ ਜ਼ਹੀਨਤ ਦਾ ਮਾਲਕ ਸੀ ?

ਉਸ ਸਮੇਂ ਦੇਸ਼ ਗੁਲਾਮੀ ਦੇ ਨਸ਼ੇ ਵਿਚ ਸਰਸ਼ਾਰ ਸੀ। ਦਿਮਾਗਾਂ ਵਿੱਚ ਗੁਲਾਮੀ ਦੀ ਜ਼ਹਿਰ ਪੂਰੀ ਤਰ੍ਹਾਂ ਚੜ੍ਹੀ ਹੋਈ ਸੀ। ਸਮੇਂ ਦੀਆਂ ਸੱਟਾਂ ਖਾ ਖਾ ਹਿੰਦੀ ਨਢਾਲ ਹੋਏ ਪਏ ਸਨ। ਉਪਰੋਂ ਚਾਲਾਕ ਯਾਰਾਂ ਦੀ ਚਾਲ 'ਪਾੜੋ ਤੇ ਰਾਜ ਕਰੋ' ਪੂਰੀ ਤਰ੍ਹਾਂ ਕਾਰਗਰ ਹੋ ਰਹੀ ਸੀ। ਆਰੀਯਾ ਸਮਾਜ ਦੀ ਨਵੀਂ ਲਹਿਰ ਚੱਲੀ ਸੀ। ਨਾਲ ਨਾਲ ਈਸਾਈ ਭੀ ਹਕੂਮਤ ਦੇ ਜ਼ੋਰ ਨਾਲ ਆਪਣਾ ਮੱਤ ਵਧਾ ਰਹੇ ਸਨ। ਸਨ਼ਾਤਨੀਆਂ ਤੇ ਸਿੱਖਾਂ ਉੱਤੇ ਗਹਿ-ਗੱਚ ਹਮਲੇ ਹੋ ਰਹੇ ਸਨ। ਦੇਸ਼ ਸੇਵਾ ਦਾ ਕਿਸੇ ਨੂੰ ਖ਼ਿਆਲ ਤਕ ਭੀ ਨਾ ਸੀ। ਫਰੰਗੀ ਰਾਜ ਨੂੰ ਰੱਬੀ ਤੇ ਰਾਮ ਰਾਜ ਕਹਿ ਕੇ ਸਲਾਹਿਆ ਜਾਂਦਾ ਸੀ। ਉਸ ਵੇਲੇ ਦਾ ਸਮਾ ਪਾਠਕ ਜਨ ਅੱਖਾਂ ਅੱਗੇ ਲਿਆਉਣ ਤੇ ਫੇਰ ਇਨਸਾਫ ਨਾਲ ਵਿਚਾਰਨ, ਤਾਂ ਪਤਾ ਲੱਗੂ ਕਿ ਉਸ ਵੇਲੇ ਦੇਸ਼ ਦੀ ਕੀ ਦਸ਼ਾ ਸੀ? ਉਸ ਵੇਲੇ ਦੇ ਸਿੱਖ ਆਗੂਆਂ—ਜਿਨ੍ਹਾਂ ਦਾ ਹਾਲ ਅਸੀਂ ਪਹਿਲਿ-ਆਂ ਪੱਤ੍ਰਿਆਂ ਵਿੱਚ ਦੱਸ ਆਏ ਹਾਂ—ਜੋ ਉਸ ਵੇਲੇ ਵੱਧ ਚੜ੍ਹ ਕੇ ਕੰਮ ਕਰ ਰਹੇ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਦੀ ਬੁਨਿਆਦ ਰੱਖੀ, ਜਿਨ੍ਹਾਂ ਨੇ



Digitized by Panjab Digital Library | www.panjabdigilib.org

ਖਾਲਸਾ ਦੀਵਾਨ ਕਾਇਮ ਕੀਤਾ, ਜਿਸ ਦੀ ਨੀਂਹ ਉੱਪਰ ਪਿਛੋਂ ਅਜ ਕਲ ਦੇ ਚੀਫ ਖਾਲਸਾ ਦੀਵਾਨ ਦੀ ਉਸਾਰੀ ਹੋਈ, ਜਿਨ੍ਹਾਂ ਮਾਨ ਯੋਗ ਆਗੂਆਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰਖੀ, ਜਿਨ੍ਹਾਂ ਨੂੰ ਅਸੀਂ ਉਸ ਵੇਲੇ ਦੇ ਦੇਸ਼ ਭਗਤ ਕੌਮ ਪ੍ਰੇਮ ਸੱਚੇ ਸਿੱਖ ਤੇ ਮਹਾਤਮਾਂ ਕਹਿ ਸਕਦੇ ਹਾਂ–ਦਾ ਇੱਕ ਜੱਥਾ ਜੋ ਉਸ ਸਮੇਂ ਦੇ ਲਾਟ ਸਾਹਿਬ ਤੇ ਵਾਇਸ ਰਾਇ ਪਾਸ ਡੈਪੂਟੇਸ਼ਨ ਬਣ ਕੇ ਸਿਖਾਂ ਦੀ ਹਾਲਤ ਦੱਸਣ ਗਿਆ। ਸਿਖ ਪੰਥ ਦੇ ਫਾਇਦੇ ਖਾਤਰ ਗਿਆ। ਉਸ ਨੇ ਜੋ ਐਡਰੈਸ ਵਾਇਸਰਾਇ ਲਾਰਡ ਡੱਫਰਿਨ ਜੋਗ ੧੬-੧੧-੧੮੮੮ ਨੂੰ ਪੇਸ਼ ਕੀਤੇ। ਉਸ ਵਿਚ ਜੋ ਜੋ ਗੱਲਾਂ ਸਿਖਾਂ ਬਾਬਤ, ਸਿਖ ਰਾਜ ਬਾਬਤ, ਮਹਾਰਾਜ ਦਲੀਪ ਸਿੰਘ ਬਾਬਤ, ਸਿਖ ਰਿਆਸਤਾਂ ਬਾਬਤ ਤੇ ਅੰਗ੍ਰੇਜ਼ੀ ਰਾਜ ਬਾਬਤ ਕਹੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਅਜ ਕਲ ਦੇ ਨੌ ਜਵਾਨ ਦੇ ਸੀਨੇ ਵਿੱਚ ਗੁੱਸੇ, ਗੈਰਤ ਤੇ ਗੁਮਰਾਹ-ਪਨ ਦੀ ਅੱਗ ਭੜਕੇ ਬਿਨਾ ਨਹੀਂ ਰਹਿ ਸਕਦੀ। ਅਸੀਂ ਉਸ ਵਿੱਚੋਂ ਕੁਝ ਸਤਰਾਂ ਏਥੇ ਦਰਜ ਕਰਦੇ ਹਾਂ:–

"× × × × × × × ਬੜਾ ਖਤਰਾ ਸੀ ਕਿ ਸਿੱਖ ਪੰਥ ਬਰਬਾਦ ਹੋ ਜਾਏਗਾ। ਪਰ ਅਕਾਲ ਪੁਰਖ ਨੇ ਮਹਾਂਨ ਕ੍ਰਿਪਾਲਤਾ ਕੀਤੀ ਪੂਰਬ ਵੱਲੋਂ ਸੱਭਤਾ ਦਾ ਚਾਨਣ ਭੇਜ ਦਿੱਤਾ।

ਪੱਛਮੀ ਸਭਤਾ ਦਾ ਚਾਨਣ, ਜੋ ਭਾਰਤਵਰਸ਼ ਵਿੱਚ ਸੂਰਜ ਵਾਂਗ ਪੂਰਬ ਵੱਲੋਂ ਉਦਯ ਹੋਇਆ, ਪੰਜਾਹ ਕੁ ਸਾਲਾਂ ਵਿੱਚ ਖਾੜੀ ਬੰਗਾਲ ਤੋਂ ਚਲਕੇ ਜਮੁਨਾ ਦੇ ਪੱਛਮੀ ਕੰਢੇ ਤੱਕ ਪੁੱਜ ਚੁੱਕਾ ਸੀ। ਅਰ ਅਗਲੇ ਪੰਜਾਹ ਸਾਲਾਂ ਵਿੱਚ ਅਟਕ ਦੇ ਕੰਢਿਆਂ ਤੱਕ ਆ ਗਿਆ। ਜਿਉਂ ਜਿਉਂ ਪੂਰਬ ਵੱਲੋਂ ਪੱਛਮ ਨੂੰ ਚਲਦਾ ਆਇਆ ਇਸ ਨੇ ਜਾਦੂ ਵਾਂਗ ਅਸਰ ਕੀਤਾ। ਅਗਿਆਨਤਾ ਦੇ ਅਨ੍ਹੇਰੇ ਵਿੱਚ ਸੁੱਤਿਆਂ ਨੂੰ ਜਗਾਕੇ ਨਵਾਂ ਜੀਵਨ ਪ੍ਰਦਾਨ ਕਰਦਾ ਆਇਆ। ਵਾਹਿਗੁਰੂ ਨੂੰ ਮਨਜ਼ੂਰ ਸੀ ਕਿ ਸਿੱਖ ਵੀ ਇਸ ਤੋਂ ਵਿਰਵੇ ਨ ਰਹਿਣ ਅਰ ਸੱਭ ਕੌਮ ਬਣਨ।

ਸਿੱਖਾਂ ਦੇ ਦੋ ਹਿੱਸੇ ਮੰਨੇ ਆਏ ਹਨ–ਸਤਿਲੁਜ ਦੇ ਉੱਤਰ ਵੱਲ



Digitized by Panjab Digital Library | www.panjabdigilib.org

ਰਹਿਣ ਵਾਲੇ ਅਰ ਇਸਦੇ ਦੱਖਣ ਵੱਲ ਵੱਸਣ ਵਾਲੇ। ਪਹਿਲਾਂ ਉੱਤਰੀ ਹਿੱਸੇ ਦੇ ਸਿੱਖ ਸਨ ਜੋ ਵਾਹਿਗੁਰੂ ਦੀ ਮੇਹਰ ਦਵਾਰਾ ਇਸ ਦੀਆਂ ਪ੍ਰਤਾਪਵਾਨ ਅਰ ਜੀਵਨ-ਦਾਤਾ ਕਿਰਨਾਂ ਦੀ ਛਤਰ ਛਾਯਾ ਹੇਠ ਆਏ। ਇਸਦੇ ਠੀਕ ੪੦ ਸਾਲ ਪਿੱਛੋਂ ਦੱਖਣੀ ਹਿੱਸਾ ਵੀ ਇਸ ਮਹਾਨ ਉਜਾਲੇ ਨਾਲ ਪ੍ਰਕਾਸ਼ਵਾਨ ਹੋ ਗਿਆ। × × × ×

ਬਦ ਕਿਸਮਤੀ ਇਹ ਸੀ, ਕਿ ਸਿੱਖਾਂ ਨੂੰ ਦੋ ਵੱਡੀਆਂ ਤਾਕਤਾਂ ਢਾਹ ਲਾ ਰਹੀਆਂ ਸਨ:–'ਹਿੰਦੂ ਮਤ, ਅਰ ਦਸ ਸਤਿਗੁਰਾਂ ਦੀ ਗਿਣਤੀ ਵਧਾਉਣ ਦੇ ਖਿਆਲ।' ਇਹੋ ਜੇਹੇ ਗੁਰੂ ਯਾਰਵਾਂ, ਬਾਹਰਵਾਂ, ਤੇਰਵਾਂ, ਆਦਿਕ ਗਿਣੇ ਜਾਂਦੇ ਸਨ।ਸਿੱਖ ਫੁੱਟ ਦਾ, ਸ਼ਿਕਾਰ ਹੋਏ ਹੋਏ ਅਰ ਆਪਸ ਵਿੱਚ ਲੜਾਈ ਝਗੜੇ ਵਿੱਚ ਰੁੱਝੇ ਹੋਏ ਸਨ। ਇਨ੍ਹਾਂ ਝੂਠੇ ਗੁਰੂਆਂ ਅਰ ਪਾਖੰਡੀਆਂ ਕਾਰਨ ਨ ਕੇਵਲ ਧਰਮ ਦਾ ਅਪਮਾਨ ਹੀ ਹੋਇਆ, ਸਗੋਂ ਪੰਥ ਵਿੱਚ ਇੱਕ ਦੂਜੇ ਲਈ ਨਫਰਤ ਅਤੇ ਈਰਖਾ ਦ੍ਵੈਖ ਉੱਠ ਖਲੋਤੇ, ਨਾਲ ਹੀ ਬਾਹਰੋਂ ਵੀ ਸਰਕਾਰੀ ਦਸਤ ਅੰਦਾਜ਼ੀ ਦੀਆਂ ਤਕਲੀਫਾਂ ਆ ਪਈਆਂ।

ਇਨ੍ਹਾਂ ਸਾਰੇ ਕਾਰਨਾਂ ਦਾ ਮਿਲਵਾਂ ਨਤੀਜਾ ਪੰਥ ਲਈ ਬਹੁਤ ਬੁਰਾ ਹੋਣਾ ਸੀ ਜੇ ਵਾਹਿਗੁਰੂ ਅਰ ਸਤਿਗੁਰਾਂ ਦੀ ਮੇਹਰ ਨ ਹੁੰਦੀ। ਏਸ ਸਮੇਂ ਉੱਤਰੀ ਤੇ ਦੱਖਣੀ ਦੋਵੇਂ ਹਿੱਸੇ ਇਸ ਪੂਰਬ ਵੱਲੋਂ ਆਏ ਪ੍ਰਕਾਸ਼ ਹੇਠ ਇੱਕੋ ਜੇਹੇ ਹੋ ਗਏ ਅਰ ਬ੍ਰਿਟਿਸ਼ ਰਾਜ ਦੀ ਪਾਲਨਾ ਪੋਸਨਾ ਹੇਠ ਤਬਾਹੀ ਤੋਂ ਬਚ ਗਏ।

ਅਤੇ ਇਹ ਗੱਲ ਦੇਖਣ ਲਈ ਬਾਕੀ ਹੈ ਕਿ ਉਨ੍ਹਾਂ ਉੱਤੇ ਪ੍ਰਮਾਤਮਾਂ ਵੱਲੋਂ ਭੇਜੇ ਹੋਏ ਇਸ ਅੰਗ੍ਰੇਜ਼ੀ ਰਾਜ ਤੋਂ ਇਨ੍ਹਾਂ (ਸਿੱਖਾਂ) ਕਿਤਨਾਂ ਕੁ ਲਾਭ ਉਠਾਇਆ ਹੈ? × × × × × ×

ਅਕਾਲ ਪੁਰਖ ਇਨ੍ਹਾਂ (ਸਿੱਖਾਂ) ਨੂੰ, ਇਨ੍ਹਾਂ ਦੇ ਆਪਣੇ ਭਲੇ ਲਈ ਅੰਗ੍ਰੇਜ਼ੀ ਰਾਜ ਹੇਠ ਲੈ ਆਇਆ ਹੈ। × × × × ×

ਰਈਸ ਸਿੱਖ, ਸਿੱਖਾਂ ਦੇ ਕੁਦਰਤੀ ਲੀਡਰ ਹਨ। × ×

ਜਿਨ੍ਹਾਂ ਨੇ ਸਿੱਖੀ ਨੂੰ ਤਿਆਗ ਦਿੱਤਾ ਹੈ ਜਾਂ ਸਿਰ ਮੂੰਹ ਮੁਨਾਕੇ



Digitized by Panjab Digital Library | www.panjabdigilib.org

ਪਤਤ ਹੋ ਗਏ ਹਨ ਤੇ ਅਜੇ ਭੀ 'ਸਿੰਘ' ਕਹਾਉਂਦੇ ਹਨ, ਜਾਂ ਉਹ ਜਿਹੜੇ ਜਾਣ ਬੁੱਝਕੇ ਅਤੇ ਇਰਾਦੇ ਨਾਲ, ਬੁਰਿਆਂ ਨਾਲ ਮਿਲਦੇ ਹਨ, ਜਾਂ ਸ਼ਰਾਰਤੀ ਆਦਮੀ, ਜਾਂ ਇੱਕ ਟੋਲੇ ਨਾਲ ਜਿਹੜਾ ਕਿ ਵਰਤਮਾਨ ਸਰਕਾਰ ਦੇ ਵਿਰੁੱਧ ਗੜ ਬੜ ਪੈਦਾ ਕਰਦਾ ਹੋਵੇ, ਉਨ੍ਹਾਂ ਨੂੰ ਸਿੱਖਾਂ ਦੇ ਅਧਿਕਾਰ ਨਹੀਂ ਦੇਣੇ ਚਾਹੀਦੇ, ਸਗੋਂ ਉਨ੍ਹਾਂ ਨੂੰ ਸਿੱਖਾਂ ਦੇ ਵੈਰੀ ਸਮਝਣਾ ਚਾਹੀਦਾ ਹੈ। × × × × × × × ×

ਇਨ੍ਹਾਂ ਤਜਵੀਜ਼ਾਂ ਨੂੰ ਪੇਸ਼ ਕਰਨ ਦਾ ਹੀਆ ਅਸੀਂ ਹੇਠ ਲਿਖੇ ਕਾਰਨਾਂ ਕਰਕੇ ਕੀਤਾ ਹੈ:-

ਸਿੱਖ ਬੜੀਆਂ ਕਠਨ ਪ੍ਰੀਖਿਯਾਂ ਵਿੱਚ ਦੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ। ੧੮੫੭ ਦਾ ਇਤਹਾਸ ਦੱਸਦਾ ਹੈ ਕਿ ਉਨ੍ਹਾਂ ਨੇ ਕਿਸਤਰ੍ਹਾਂ ਆਪਨੀ ਸਰਕਾਰ ਲਈ ਮਹਾਂਨ ਕੁਰਬਾਨੀਆਂ ਕਰਕੇ ਵਫਾਦਾਰੀ ਦਾ ਪ੍ਰਤੱਖ ਸਬੂਤ ਦਿੱਤਾ।

ਏਸਤਰ੍ਹਾਂ ਸਤਿਗੁਰੂ ਨਾਨਕ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰਿਆਂ ਨੇ ਸੇਵਾ ਕੀਤੀ ਅਰ ਸਦਾ ਰਹਿਣ ਵਾਲਾ ਯੱਸ ਤੇ ਵਡਿਆਈ ਪ੍ਰਾਪਤ ਕੀਤੀ। × × × × ×
੧੮੫੭ ਤੋਂ ਪਹਿਲਾਂ ਤੇ ਉਸ ਤੋਂ ਪਿੱਛੋਂ ਵੀ ਸਦਾ ਇਨ੍ਹਾਂ ਨੇ ਅੰਗ੍ਰੇਜ਼ੀ ਰਾਜ ਵਿੱਚ ਵਿਸ਼ਵਾਸ ਰੱਖਿਆ ਤੇ ਵਫਾਦਾਰ ਰਹੇ, ਅਰ ਦੁਨੀਆਂ ਦੇ ਕਿਸੇ ਹਿੱਸੇ ਤੇ ਵੀ ਜਦ ਕਦੇ ਇਨ੍ਹਾਂ ਨੂੰ ਸੇਵਾ ਕਰਨ ਦਾ ਹੁਕਮ ਹੋਇਆ ਤਾਂ ਇਨ੍ਹਾਂ ਨੇ ਅੰਗ੍ਰੇਜ਼ੀ ਰਾਜ ਦੀ ਵਡਿਆਈ ਨੂੰ ਉੱਚਾ ਕੀਤਾ।

(੨) ਇਨ੍ਹਾਂ (ਸਿੱਖਾਂ) ਨੇ (ਮਹਾਰਾਜਾ) ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਚੰਗੀ ਤਰ੍ਹਾਂ ਦੱਸ ਦਿੱਤਾ ਕਿ ਉਹ ਕਿਵੇਂ ਬ੍ਰਿਟਿਸ਼ ਰਾਜ ਹੇਠ ਬੜੇ ਸੁਖੀ ਹਨ। × × × × ×

ਸਿੱਖਾਂ ਨੂੰ ਪਤਾ ਲੱਗ ਗਿਆ ਹੈ ਕਿ ਉਹ ਅੰਗ੍ਰੇਜ਼ੀ ਰਾਜ ਹੇਠ ਰਹਿਕੇ ਹੀ ਅੱਛੀ ਤਰ੍ਹਾਂ ਫਲ ਫੁੱਲ ਸਕਦੇ ਹਨ, ਅਤੇ ਜਦ ਹੁਣ ਦੀ ਹਾਲਤ



Digitized by Panjab Digital Library | www.panjabdigilib.org

ਨੂੰ ਉਨ੍ਹਾਂ ਸਿੱਖ ਰਾਜਿਆਂ (ਮਹਾਰਾਜਾ ਰਣਜੀਤ ਸਿੰਘ ਜੀ ਆਦਿ) ਹੇਠ ਵਸਣ ਵਾਲਿਆਂ ਦੀ ਹਾਲਤ ਨਾਲ ਮੁਕਾਬਲਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੰਗ੍ਰੇਜ਼ਾਂ ਦਾ ਵਰਤਾਉ (ਸਿੱਖ ਰਾਜ ਵਿੱਚ ਵੱਸਣ ਨਾਲੋਂ) ਅੱਛਾ ਹੈ। ਬੀਤ ਗਏ ਇਤਹਾਸ ਨੂੰ ਛੱਡ ਦੇਵੋ, ਅੱਜ ਕੱਲ ਸਿੱਖ ਰਿਆ-ਸਤਾਂ ਵਿੱਚ ਬੀਤ ਰਹੀਆਂ ਗੱਲਾਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ। ਕਿਸੇ ਰਿਆਸਤ ਵਿੱਚ ਭੀ ਸਿੱਖੀ ਦੇ ਵਾਧੇ ਲਈ ਹੌਂਸਲਾ ਨਹੀਂ ਦਿੱਤਾ ਜਾਂਦਾ। ਸਗੋਂ ਸਦਾ ਸਿੱਖਾਂ ਨਾਲ ਘਿਰਨਾ ਅਰ ਬੇਪ੍ਰਵਾਹੀ ਵਾਲਾ ਵਰਤਾਰਾ ਕੀਤਾ ਜਾਂਦਾ ਹੈ। ਜ਼ਰਾ ਕੁ ਧਿਆਨ ਦੇਣ ਨਾਲ ਸਾਫ ਦਿੱਸਦਾ ਹੈ ਕਿ ਸਿੱਖ ਰਿਆ-ਸਤਾਂ ਵਿੱਚ ਤੀਜਾ ਹਿੱਸਾ ਵੀ ਵੱਡੀਆਂ ੨ ਨੌਕਰੀਆਂ ਦਾ ਸਿੱਖਾਂ ਨੂੰ ਨਹੀਂ ਮਿਲਿਆ ਹੋਇਆ। ਅੰਗ੍ਰੇਜ਼ੀ ਰਾਜ ਵਿੱਚ ਇਨ੍ਹਾਂ ਨਾਲ ਠੀਕ ਦੂਜਿਆਂ ਵਾਂਗ ਵਰਤਿਆ ਜਾਂਦਾ ਹੈ,ਅਰ ਕਈ ਇੱਜ਼ਤ ਦਾਰ ਸਿਵਲ ਅਤੇ ਫੌਜੀ ਨੌਕਰੀਆਂ ਯੋਗ ਸਿੱਖਾਂ ਨੂੰ ਦਿੱਤੀਆਂ ਜਾਂਦੀਆਂ ਹਨ।

(੩) ਹੋਰ ਕੋਈ ਕੌਮ ਜਾਂ ਮੱਤ ਸਿੱਖਾਂ ਜਿੰਨੀਆਂ ਪ੍ਰੀਖਯਾਵਾਂ ਵਿੱਚੋਂ ਨਹੀਂ ਲੰਘਿਆ। × × × × ×

(ਮਹਾਰਾਜਾ) ਦਲੀਪ ਸਿੰਘ ਰੂਸੀ ਸਾਜ਼ਸ਼ ਦੀ ਚੁੱਕ ਨਾਲ ਖੁੱਲੇ ਤੌਰ ਸਿੱਖਾਂ ਨੂੰ ਆਂਪਣੀ ਵੱਲ ਸੱਦ ਰਿਹਾ ਹੈ। ਸਿੱਖ ਉਸਨੂੰ (ਮਹਾਰਾਜਾ ਦਲੀਪ ਸਿੰਘ ਨੂੰ) ਦਗੇ ਬਾਜ਼ ਝੂਠਾ ਦਾਹਵੇ ਦਾਰ ਸਮਝਦੇ ਹਨ। ਉਹ (ਸਿਖ) ਆਪਣੀ ਸਰਵ ਅਧਿਕਾਰੀ ਮਲਕਾਂ ਲਈ ਮਰ ਮਿਟਣਗੇ ਪਰ ਉਸ (ਦਲੀਪ ਸਿੰਘ) ਨੂੰ ਕਦੀ ਭੀ ਅਪਣਾ ਮਹਾਂਰਾਜਾ ਨਹੀਂ ਮੰਨਣਗੇ। × × × × ਸਿੱਖਾਂ ਤੇ ਏਨੀਆਂ ਮੇਹਰਾਂ ਦਾ ਮੀਂਹ ਵਸਾਇਆ ਜਾਏ ਕਿ ਇਹ ਪੂਰਨ ਸਭਯ ਕੌਮ ਬਨ ਜਾਣ। × × × ×

ਇਹ ਭਾਰਤ ਵਿਚ ਅੰਗ੍ਰੇਜ਼ੀ ਰਾਜ ਦੇ ਸਭ ਤੋ ਵੱਧ ਵਫਾਦਾਰ ਹਨ ਤੇ ਸਦਾ ਰਹਿਣਗੇ।

ਖਤਮ ਕਰਨ ਤੋਂ ਪਹਿਲਾਂ ਅਸੀਂ ਵਾਹਿਗੁਰੂ ਪਾਸ ਜ਼ਰੂਰੀ ਅਰਦਾਸ ਕਰਦੇ ਹਾਂ ਕਿ ਉਹ ਅੰਗ੍ਰੇਜ਼ੀ ਰਾਜ ਸਾਡੇ ਸਿਰਾਂ ਤੇ ਸਦਾ ਬਨਾਈ



Digitized by Panjab Digital Library | www.panjabdigilib.org

ਰੱਖੇ, ਕੇਵਲ ਜਿਸ ਦੀ ਰੱਖਯਾ ਹੇਠ ਹੀ ਅਸੀਂ ਪੂਰਨ ਸੁਤੰਤ੍ਰਤਾ ਮਾਣ ਸਕਦੇ, ਧਾਰਮਕ ਅਸੂਲਾਂ ਦੀ ਪਵਿੱਤ੍ਰਤਾ ਮੋੜ ਲਿਆ ਸਕਦੇ ਅਰ ਸੱਭਯ ਬਣ ਸਕਦੇ ਹਾਂ।

ਇਹ ਬ੍ਰਿਟਿਸ਼ ਰਾਜ ਦੀ ਹੀ ਵਡਿਆਈ ਹੈ ਕਿ ਅੱਜ ਅਸੀਂ ਆਪ ਦੇ ਸਾਹਮਣੇ ਅਪਣੀ ਕੌਮ ਲਈ ਬੇਨਤੀ ਕਰ ਰਹੇ ਹਾਂ। ਸਿੱਖ ਰਾਜ ਜਾਂ ਹੋਰ ਕਿਸੇ ਰਾਜ ਹੇਠ ਕਿਸ ਦਾ ਹੌਂਸਲਾ ਸੀ ਜੋ ਅਜੇਹਾ ਕਰ ਸੱਕੇ, ਨਾਂ ਹੀ ਅਜੇਹੀ ਅਜ਼ਾਦੀ ਕਿਸੇ ਸਿੱਖ ਰਿਆਸਤ ਵਿੱਚ ਸਿੱਖ ਮਾਣਦੇ ਦਿਖਾਈ ਦਿੰਦੇ ਹਨ। ਇਹ ਅਦੁਤੀ ਅੰਗ੍ਰੇਜ਼ੀ ਰਾਜ ਦੀ ਵਡਿਆਈ ਹੈ।

ਇਹ ਕੇਵਲ ਅੰਗ੍ਰੇਜ਼ੀ ਰਾਜ ਦੀ ਹੀ ਬਰਕਤ ਹੈ ਕਿ ਸਿੱਖਾਂ ਵਿੱਚ ਝੂਠੇ ਅਸੂਲਾਂ ਅਰ ਪਾਖੰਡੀ ਗੁਰੂਆਂ ਦਾ ਅਸੀਂ ਪੂਰੀ ਤਰ੍ਹਾਂ ਮੁਕਾਬਲਾ ਕਰ ਸਕੇ ਹਾਂ, ਅਤੇ ਖੁਲ੍ਹੀ ਤਰ੍ਹਾਂ ਉਨ੍ਹਾਂ ਥੋੜੇ ਜੇਹਿਆਂ ਨੂੰ ਦੁਰਕਾਰ ਚੁੱਕੇ ਹਾਂ, ਜਿਹੜੇ ਕਿ ਕਮਜ਼ੋਰ ਅਤੇ ਸਿੱਧੇ ਸਾਦੇ ਸਿੱਖਾਂ ਨੂੰ ਵਰਗਲਾ ਕੇ ਗੜ ਬੜ ਮਚਾਉਆਂ (ਅਸੰਤੁਸ਼ਟਾਂ) ਦੀ ਟੋਲੀ ਵਿੱਚ ਮਿਲਾਉਣਾ ਚਾਹੁੰਦੇ ਸਨ, ਜਿਹੜੇ ਕਿ ਪੱਕੇ ਵਫਾਦਾਰ ਨਹੀਂ ਹਨ। ਇਸ ਨਾਲ ਉਨ੍ਹਾਂ ਨੇ ਵਾਹਿਗੁਰੂ ਤੇ ਦਸਾਂ ਸਤਿਗੁਰੂਆਂ ਦੀ ਕ੍ਰੋਪੀ ਦੇ ਭਾਗੀ ਬਣਨਾ ਸੀ। ਐਸੇ ਰਾਜ ਦੀ ਰੱਖਯਾ ਲਈ ਅਸੀਂ ਦਿਨ ਰਾਤ ਅਰਦਾਸ ਕਰਦੇ ਹਾਂ, ਅਰ ਐਸੇ ਰਾਜ ਲਈ ਅਸੀਂ ਸਭ ਤੋਂ ਮੁਹਰੇ ਕੁਰਬਾਨ ਹੋਵਾਂਗੇ, ਆਦਿਕ।" × ×

ਇਸ ਤੋਂ ਸਾਡਾ ਇਹ ਮਤਲਬ ਨਹੀਂ ਕਿ ਉਹ ਗੁਰਮੁਖ ਸਿੱਖ ਬੁਰੇ ਸਨ, ਜਾਂ ਉਨ੍ਹਾਂ ਦੇ ਦਿਲਾਂ ਵਿੱਚ ਕੌਮ ਲਈ ਤੇ ਦੇਸ਼ ਲਈ ਪ੍ਰੇਮ ਨਾ ਸੀ, ਕੁਰਬਾਨੀ ਕਰਨ ਦਾ ਮਾਦਾ ਨਾ ਸੀ, ਜਾਂ ਉਹ ਸਿੱਖ-ਪੰਥ ਦੇ ਸ਼ੁਭ ਚਿੰਤਕ ਨਾ ਸਨ। ਨਹੀਂ, ਬਿਲਕੁਲ ਨਹੀਂ। ਉਹ ਸੱਚੇ ਸਿੱਖ, ਕੌਮ ਦੇ ਸੱਚੇ ਹਮਦਰਦ, ਸੱਚੇ ਸਪੂਤ, ਕੌਮ ਦੇਸ਼ ਦੇ ਸੱਚੇ ਹਮਦਰਦ ਤੇ ਸੇਵਾਦਾਰ ਸਨ, ਪਰ ਉਸ ਵੇਲੇ ਹਵਾ ਹੀ ਏਹੋ ਜੇਹੀ ਸੀ, ਦਿਮਾਗਾਂ ਦੀ ਹਾਲਤ ਹੀ ਏਹੋ ਜੇਹੀ ਸੀ, ਗੁਲਾਮੀ ਦੀ ਪੁੱਠ ਹੀ ਅਜੇਹੀ ਚੜ੍ਹੀ ਹੋਈ ਸੀ। ਇਸੇ ਲਈ ਹੀ ਅਸੀਂ ਆਖਦੇ ਹਾਂ ਕਿ ਸੇਵਾ ਨੂੰ ਸਮੇਂ ਦੀ ਹਵਾ ਅਨੁਸਾਰ ਪਰਖਣਾ ਚਾਹੀਦਾ



Digitized by Panjab Digital Library / www.panjabdigilib.org

ਹੈ। ਇਸੇ ਖਿਆਲ ਨਾਲ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਹੀਰੋ ਵੈਦ ਜੀ ਉਸ ਸਮੇਂ ਦੇ ਰੌਸ਼ਨ ਦਿਮਾਗ, ਗਰਮ ਖਿਆਲੀਏ, ਹਰ ਕੌਮੀ ਭਲਾਈ ਦੇ ਕੰਮ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ ਵਾਲੇ ਤੇ ਵਧ ਚੜ੍ਹਕੇ ਕੁਰਬਾਨੀ ਕਰਨ ਵਾਲੇ ਸਨ। ਉਹੀ ਭਾਈ ਮੋਹਨ ਸਿੰਘ ਜੀ ਜੋ ਮਜ਼ਹਬੀ ਮੁਬਾਹਸਿਆਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਸਨ, ਉਹੀ ਭਾਈ ਸਾਹਿਬ ਜੋ 'ਚੀਫ ਖਾਲਸਾ ਦੀਵਾਨ' ਦੇ ਮੋਢੀ ਮੈਂਬਰਾਂ ਵਿੱਚੋਂ ਸਨ,ਉਹੀ ਵੈਦ ਜੀ ਜੋ'ਖਾਲਸਾ ਸਮਾਚਾਰ' ਦੇ ਲੇਖਕਾਂ ਵਿੱਚੋਂ ਸਨ, ਹਰ ਇੱਕ ਵੱਧ ਰਹੀ ਲਹਿਰ ਵਿੱਚ ਹਿੱਸਾ ਲੈਂਦੇ ਰਹੇ। ਦੇਸ਼ ਭਗਤਾਂ ਦੀ ਤਨ, ਧਨ ਤੇ ਮਨ ਦੁਆਰਾ ਵੱਧ ਚੜ੍ਹ ਕੇ ਸੇਵਾ ਕਰਨੀ, ਗੁਰਦਵਾਰਾ ਲਹਿਰ ਵਿੱਚ ਅੱਗੇ ਹੋਕੇ ਹਿੱਸਾ ਲੈਣਾ, ਤਰਨ ਤਾਰਨ ਦਰਬਾਰ ਸਾਹਿਬ ਨੂੰ ਗੁਰੂ ਖਾਲਸਾ ਦੇ ਪ੍ਰਬੰਧ ਹੇਠ ਲਿਔਣਾ, ਨਨਕਾਣੇ ਸਾਹਿਬ ਦੇ ਮੋਰਚੇ ਦੀ ਖਬਰ ਪੁੱਜਦਿਆਂ ਤੁਰਤ ਓਥੇ ਪੁੱਜਣਾ, ਗੁਰੂ ਕੇ ਬਾਗ਼ ਵਿੱਚ ਹਿੱਸਾ ਲੈਣਾ, ਆਪਣੇ ਜੇਠੇ ਸਪੁੱਤ੍ਰ ਨੂੰ ਗੁਰੂ ਕੇ ਬਾਗ ਵਿੱਚ ਕੈਦ ਹੋਣ ਲਈ ਭੇਜਣਾ, ਸ੍ਰੋ: ਗੁ:ਪ੍ਰ: ਕਮੇਟੀ ਦੇ ਦੂਜੇ ਜਥੇ ਵਿੱਚ ਬਾਗੀ ਹੋਕੇ ਕੈਦ ਹੋਣਾ। ਪਿੱਛਾਂ ਖਿੱਚੂ ਟੋਲਾ ਸਮਝਕੇ'ਚੀਫ ਖਾਲਸਾ ਦੀਵਾਨ' ਵਿੱਚੋਂ ਅਸਤੀਫਾ ਦੇ ਦੇਣਾ,ਕ੍ਰਿਪਾਨ ਮੋਰਚੇ ਵਿੱਚ ਅੱਗੇ ਹੋਕੇ ਗ੍ਰਿਫਤਾਰ ਹੋਣਾ ਆਦਿਕ ਲਹਿਰਾਂ ਵਿੱਚ ਆਖਰੀ ਦਮ ਤੱਕ ਹਿੱਸਾ ਲੈਂਦੇ ਰਹੇ। ਆਪ ਦੀਆਂ ਸੈਂਕੜੇ ਛਪੀਆਂ ਅਨ-ਛਪੀਆਂ ਪੁਸਤਕਾਂ ਆਪ ਦੇ ਜੀਵਣ ਰਾਹ ਦੀ ਉਗਾਹੀ ਦਿੰਦੀਆਂ ਹਨ। ਕੋਈ ਕੌਮੀ, ਕੋਈ ਧਾਰਮਿਕ ਪੰਜਾਬੀ ਰਸਾਲਾ ਜਾਂ ਅਖਬਾਰ ਨਾ ਹੋਊ ਜਿਸ ਵਿੱਚ ਆਪ ਦੇ ਲੇਖ ਤੇ ਕਵਿਤਾ ਨਾ ਛਪੀਆਂ ਹੋਣਗੀਆਂ। ਏਥੇ ਹੀ ਬੱਸ ਨਹੀਂ, ਤਰਨ ਤਾਰਨ ਤੇ ਨਨਕਾਣਾ ਸਾਹਿਬ ਦੇ ਸਾਕੇ,ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ ਆਦਿਕ ਗੁਰਦੁਆਰਾ ਲਹਿਰ ਸਮੇਂ ਜੋ ਸਭ ਤੋਂ ਵੱਧ ਕੇ ਸੇਵਾ ਆਪ ਨੇ ਕੀਤੀ, ਉਹ ਸੀ ਪੱਲਿਓਂ ਪੈਸੇ ਖਰਚ ਕੇ ਹਿੰਦੀ, ਬੰਗਾਲੀ ਤੇ ਅੰਗ੍ਰੇਜ਼ੀ ਦੇ ਕਲਕੱਤਾ,ਬੰਬਈ,ਅਲਾਹਾਬਾਦ ਤੇ ਲਖਨਊ ਆਦਿਕ ਅਖਬਾਰਾਂ ਰਸਾਲਿਆਂ ਵਿੱਚ ਸਿੱਖਾਂ ਦੀ ਤੇ ਪੰਜਾਬ ਦੀ ਹਾਲਤ ਭੇਜਣੀ,ਜਿਸ ਤੋਂ ਹੋਰ ਭਾਰਤ ਵਰਸ਼ ਤੇ ਸੰਸਾਰ ਨੂੰ ਸਿੱਖਾਂ ਦੀ ਤੇ ਪੰਜਾਬੀਆਂ ਦੀ ਮਜ਼ਲੂ-



Digitized by Panjab Digital Library | www.panjabdigilib.org

ਮੀਅਤ ਦਾ ਪਤਾ ਲੱਗੇ। ਇਸੇ ਉੱਪਰ ਆਪ ਜੀ ਨੇ ਸੈਂਕੜੇ ਰੁਪਏ ਚੁੱਪ ਚਾਪ ਨਿਰਮਾਨਤਾ ਨਾਲ ਖਰਚੇ। ਜਿਨ੍ਹਾਂ ਦਾ ਆਦਰਸ਼ ਕੇਵਲ ਕੌਮ ਤੇ ਦੇਸ਼ ਦੀ ਸੇਵਾ ਕਰਨਾ ਹੀ ਸੀ, ਹੋਰ ਕੁਛ ਨਾ ਸੀ। ਇਸ ਲਈ ਪਾਠਕ ਜਨ ! ਇਹ ਹੈ ਸੇਵਕਾਂ ਦੀ ਸੇਵਾ ਪਰਖਣ ਦਾ ਮੱਯਾਰ। ਜਿਸ ਸਮੇਂ ਸੇਵਾ ਕੀਤੀ ਹੋਵੇ ਉਸ ਸਮੇਂ ਦੀ ਹਾਲਤ ਅੱਖਾਂ ਅੱਗੇ ਰੱਖਕੇ ਉਸ ਸਮੇਂ ਦੀ ਹਵਾ ਅਨੁਸਾਰ ਕੀਤੀ ਸੇਵਾ ਪਰਖਣੀ ਚਾਹੀਦੀ ਹੈ। ਭਾਈ ਸਾਹਿਬ ਦੀ ਵਰਣਨ ਕੀਤੀ ਹੋਈ ਕਲਮੀ, ਜਬਾਨੀ ਤੇ ਧਨ-ਦਾਨ ਆਦਿ ਦੀ ਸੇਵਾ ਇਸ ਖਿਆਲ ਨਾਲ ਪਰਖਣ ਤੋਂ ਅਦੁਤੀ ਸਾਬਤ ਹੋਵੇਗੀ।

ਅਸੀਂ ਉਪਰ ਦੱਸ ਆਏ ਹਾਂ ਕਿ ਇਸ ਸਮੇਂ ੧੯੦੫ ਤੱਕ ਭਾਈ ਸਾਹਿਬ ਦੀ ਪ੍ਰਸਿੱਧਤਾ ਤਾਂ ਭਾਵੇਂ ਹੋ ਗਈ, ਪਰ ਆਪਨੂੰ ਮਾਯਕ ਘਾਟਾ ਰਿਹਾ। ਆਪਣੀ ਆਦਤ ਅਨੁਸਾਰ ਖਰਚ ਵਧਾਈ ਗਏ ਤੇ ਆਮਦਨ ਖੜੀ ਰਹੀ। ਉਸ ਨਾਲ ਕੰਮ ਕਿਵੇਂ ਚਲੇ। ਸ੍ਵੈ ਸਤਕਾਰੀ,ਖੁਦ ਦਾਰ ਇਨਸਾਨ ਲਈ ਇਹ ਇੱਕ ਬੜੀ ਹੀ ਔਕੜ ਭਰੀ ਦਸ਼ਾ ਹੈ।

ਠੀਕ ਕਿਹਾ ਹੈ:—

ਤੋੜ ਦਿੱਤਾ ਸੀ ਅਸੀਂ ਲੰਗਰ ਕਿ ਹੋ ਜਾਵਾਂਗੇ ਪਾਰ,
ਡੋਬ ਦਿੱਤਾ ਈ ਮਗਰ ਕੰਢੇ ਤੇ ਲਿਆ ਕੇ ਹਾ ! 'ਦੁਖੀ'।

ਪਰ ਸਾਡੇ ਨੌਜਵਾਨ ਨੇ ਹੌਸਲਾ ਨਹੀਂ ਹਾਰਿਆ। ਘਬਰਾਏ ਜ਼ਰੂਰ, ਪਰ ਭਰੋਸਾ ਵਾਹਿਗੁਰੂ ਤੇ ਹੀ ਰੱਖਿਆ ਤੇ ਭਾਣੇ ਵਿੱਚ ਸ਼ਾਕਰ ਰਹੇ।

## ਦੂਖ ਨਿਵਾਰਨ

ਇਸ ਹਾਲਤ ਵਿੱਚ ਭੀ ਉਤਸ਼ਾਹੀ ਦੇਸ਼ ਭਗਤ, ਕੌਮ ਪ੍ਰੂਜ ਨੌਜਵਾਨ ਵੈਦ ਜੀ ਨੇ ਜ਼ਰੂਰਤ ਨੂੰ ਮਹਿਸੂਸ ਕਰ ਕੇ ਪੋਹ ਸੁਦੀ ਸੱਤਮੀਂ, ਸ਼ੁਰੂ ੧੯੦੬ ਤੋਂ ਮਾਸਕ ਰਸਾਲਾ 'ਦੂਖ ਨਿਵਾਰਨ' ਕੱਢਣਾ ਅਰੰਭ ਕੀਤਾ। ਵੈਦ ਜੀ ਦੇ ਅੰਦਰ ਕੌਮ, ਦੇਸ਼ ਤੇ ਜਗਤ ਸੇਵਾ ਦੀ ਅਗਨੀ ਠਾਠਾਂ ਮਾਰ ਰਹੀ ਸੀ।



Digitized by Panjab Digital Library | www.panjabdigilib.org

ਭਾਵੇਂ ਆਪ ਉਸ ਸਮੇਂ ਨਿਕਲਣ ਵਾਲੇ ਅਖਬਾਰਾਂ ਰਸਾਲਿਆਂ ਵਿੱਚ ਕਾਫੀ ਮਜਮੂਨ ਪ੍ਰਕਾਸ਼ਤ ਕਰਾ ਰਹੇ ਸਨ, ਤੇ ਬੇ ਜਾ ਹਮਲਿਆਂ ਦੇ ਉੱਤਰ ਤੇ ਸਤ ਧਰਮ ਦਾ ਪ੍ਰਚਾਰ ਕਰ ਰਹੇ ਸਨ, ਪਰ ਇਸ ਤਰ੍ਹਾਂ ਭੀ ਆਪ ਦੇ ਦਿਲ ਦੀ ਭੜਾਸ ਪੂਰੀ ਪੂਰੀ ਤਰ੍ਹਾਂ ਨਾ ਸੀ ਨਿਕਲਦੀ। ਘਾਟੇ ਖਾਂਦੇ ਹੋਇਆਂ ਭੀ ਆਪ ਨੇ ਗੁਰੂ ਆਸਰੇ 'ਦੁਖ ਨਿਵਾਰਨ' ਸ਼ੁਰੂ ਕਰ ਹੀ ਲਿਆ। ਕਈ ਪਾਠਕ ਸਮਝਣਗੇ ਕਿ 'ਇਹ ਵਪਾਰਕ ਨਜ਼ਰ ਨਾਲ ਅਰੰਭ ਕੀਤਾ ਹੋਵੇਗਾ।' ਪਰ ਜਦ ਇਸ ਦਾ ਚੰਦਾ ਸਾਲਾਨਾ ਦੇਖਦੇ ਹਾਂ ਤਾਂ ਹੈਰਾਨੀ ਹੁੰਦੀ ਹੈ। ਭਾਈ ਸਾਹਿਬ ਜੀ ਨੇ ਇਸ ਦਾ ਚੰਦਾ ਸਾਲ ਦਾ ਕੇਵਲ ॥≡) ਗਿਯਾਰਾਂ ਆਨੇ ਰੱਖਿਆ। ਸ਼ੁਰੂ ਵਿੱਚ ਰਿਆਇਤੀ ਕੇਵਲ ਅੱਠ ਆਨੇ ਸਾਲ ਵਿੱਚ ਪੱਤ੍ਰ ਸ਼ੁਰੂ ਕੀਤਾ। ਪਾਠਕ ਜੀ ਸਾਢੇ ਤਿੰਨ ਫਰਮੇ (ਕਤਾਬੀ ਸਾਈਜ਼ ਨਾਲੋਂ ਦੂਣਾ ੨੮ ਸਫੇ) ਦਾ ਪੱਤ੍ਰ ਅੱਠ ਆਨੇ ਵਿੱਚ ਸਾਲ ਭਰ। ਜਿਸ ਵਿਚ ਡਾਕ ਖਰਚ ਤੇ ਪੈਕਿੰਗ ਖਰਚ ਭੀ ਪੂਰਾ ਨਹੀਂ ਹੋ ਸਕਦਾ। ਪਰ ਆਪ ਨੂੰ ਤਾਂ ਠਰਕ ਸੀ ਦੇਸ਼, ਕੌਮ ਤੇ ਮਾਤ ਭਾਸ਼ਾ ਦੀ ਸੇਵਾ ਦਾ, ਏਥੇ ਲਾਭ ਦਾ ਸਵਾਲ ਹੀ ਕਿਵੇਂ ਉਠ ਸਕਦਾ ਸੀ ? ਇਸ ਦੇ ਮਜ਼ਮੂਨਾਂ ਵੱਲ ਵੇਖਣ ਤੋਂ ਪਤਾ ਲਗਦਾ ਹੈ ਕਿ 'ਦੁਖ ਨਿਵਾਰਨ' ਉਸ ਸਮੇਂ ਦੇ ਅਖਬਾਰਾਂ ਵਿੱਚੋਂ ਅਤੀ ਉੱਤਮ, ਹਰ ਵਿਸ਼ੇ ਭਰਪੂਰ ਤੇ (up to date) ਮੁਹਰੀ ਪੱਤ੍ਰ ਸੀ। ਇਸ ਦੇ ਆਦਰਸ਼ ਬਾਬਤ ਭਾਈ ਸਾਹਿਬ ਜੀ ਦੀ ਜ਼ਬਾਨੀ ਹੀ ਸੁਣਨਾ ਚੰਗਾ ਹੋਵੇਗਾ।

ਆਪ ਸ਼ੁਰੂ ਵਿਚ ਲਿਖਦੇ ਹਨ:—

"ਇਸ ਦਾ ਪ੍ਰਕਾਸ਼ ਸੱਜਣ ਪੁਰਸ਼ਾਂ ਦੇ ਕਲਿਆਣ ਅਤੇ ਹਿੱਤ ਵਾਸਤੇ ਹੁੰਦਾ ਹੈ। 'ਦੁਖ ਨਿਵਾਰਨ' ਪਾਠਕਾਂ ਨੂੰ ਧਰਮ ਉਪਦੇਸ਼ ਦੇਵੇਗਾ, ਸਰੀਰਕ, ਆਤਮਕ ਅਤੇ ਧਾਰਮਕ ਰੱਖਜਾ ਦੀ ਜਾਚ ਸਿਖਲਾਏਗਾ। ਆਤਮਕ ਵਿਦਿਆ, ਗੁਰਮਤ ਦੇ ਪ੍ਰਚਾਰ, ਗੁਰਮਤ ਸੰਸਕਾਰਾਂ ਦੇ ਲਾਭ ਆਯੁਰ-ਵੈਦਕ (ਹਿਕਮਤ) ਦੇ ਅਸਚਰਜ ਗੁਪਤ ਰਤਨਾਂ ਦਾ ਪ੍ਰਕਾਸ਼ ਦਿਖਲਾਏਗਾ। ਕੁਰੀਤੀਆਂ ਅਤੇ ਮਨਮਤਾਂ ਦੇ ਨਾਸ਼ ਦਾ ਬੀੜਾ ਉਠਾਏਗਾ। ਸੁੰਦਰ ੨ ਕਥਾ, ਨੀਤੀ ਵਾਰਤਾ ਸੁਣਾ ਕੇ ਚਿੱਤ ਆਨੰਦ ਕਰੇਗਾ। ਅੱਛੇ ਅੱਛੇ



Digitized by Panjab Digital Library | www.panjabdigilib.org

ਨਾਵਲ ਪੜ੍ਹਾ ਕੇ ਮਨ ਬਹਿਲਾਏ ਅਤੇ ਉੱਨਤੀ ਕਰਾਏਗਾ। ਜਦ ਤਕ ਆਪ ਦੇਸ਼ ਦੇਸ਼ਾਂਤਰਾਂ ਦੇ ਸਮਾਚਾਰ ਨਾ ਜਾਣੋਗੇ, ਇਸਤ੍ਰੀ ਸੁਧਾਰ ਅਤੇ ਇਸਤ੍ਰੀ ਸਿੱਖਿਆ ਦਾ ਪ੍ਰੇਮ ਪੈਦਾ ਨਾ ਕਰੋਗੇ, ਅਖਬਾਰੀ ਦੁਨੀਆਂ ਦੀ ਸੈਰ ਤੋਂ ਬੇਥੇ ਰਹੋਗੇ,ਕਾਦਰ ਦੀ ਕੁਦਰਤ ਦੇ ਚਮਤਕਾਰਾਂ ਦੇ ਹਾਲ ਨਾ ਜਾਣੋਗੇ, ਤਦ ਤਕ ਜੀਵਣ ਦੇ ਲਾਭ ਦਾ ਪਤਾ ਹੀ ਕੀ ਲੱਗ ਸਕਦਾ ਹੈ? 'ਦੁਖ ਨਿਵਾਰਨ' ਪੱਤ੍ਰ ਅਜੇਹੇ ੨ ਅਨੇਕ ਯੋਗ ਉਪਦੇਸ਼, ਸਮਾਚਾਰ ਆਦਿਕ ਪ੍ਰਦਾਨ ਕਰੇਗਾ।"

ਵੈਦ ਜੀ ਨੇ ਇਹ ਕੇਵਲ ਲਿਖ ਹੀ ਨਹੀਂ ਛੱਡਿਆ, ਸਗੋਂ ਇਸ ਨਾਲੋਂ ਭੀ ਵਧੀਕ ਇਸ ਪੱਤ੍ਰ 'ਦੁਖ ਨਿਵਾਰਨ' ਵਿੱਚ ਲਿਖਦੇ ਰਹੇ। ਇਸ ਦਾ ਇੱਕ ਇੱਕ ਲੇਖ ਐਸਾ ਜਰੂਰੀ, ਸੁਹਣਾ ਤੇ ਲਾਭਦਾਇਕ ਸਮੇਂ ਅਨਕੂਲ ਸੀ ਕਿ ਅੱਜ ਭੀ ਇਸ ਨੂੰ ਪੜ੍ਹਨ ਤੇ ਦਿਮਾਗ ਵਿੱਚ ਆਨੰਦ ਦੀ ਲਹਿਰ ਫਿਰ ਜਾਂਦੀ ਹੈ ਤੇ ਮੂੰਹੋਂ 'ਧੰਨ ਧੰਨ' ਪਿਆ ਨਿਕਲਦਾ ਹੈ।

ਏਥੇ ਇਹ ਗੱਲ ਦੱਸ ਦੇਣੀ ਭੀ ਜ਼ਰੂਰੀ ਹੈ ਕਿ ਭਾਈ ਸਾਹਿਬ ਜੀ ਆਪਣਾ ਹਰ ਕੰਮ ਇਸ਼ਟ ਦੇਵ ਨੂੰ ਮਨਾਕੇ ਸ਼ੁਰੂ ਕਰਦੇ ਸਨ। ਪਾਠਕ ਜਨ ਅੱਜ ਭਾਵੇਂ ਕਿਸੇ ਖਿਆਲ ਦੇ ਹੋਣ ਤੇ ਭਾਵੇਂ ਕੁਛ ਸਮਝਣ ਪਰ ਵੈਦ ਜੀ ਦਾ ਵਾਹਿਗੁਰੂ, ਸਤਿਗੁਰੂ ਤੇ ਗੁਰਬਾਣੀ ਉੱਪਰ ਅਨੱਨਜ ਰੂਪ ਵਿਚ ਪ੍ਰੇਮ ਤੇ ਯਕੀਨ ਸੀ। 'ਦੁਖ ਨਿਵਾਰਨ' ਪੱਤ੍ਰ ਦੇ ਅਰੰਭ ਵਿਚ ਆਪ ਹਮੇਸ਼ਾਂ ਪਹਿਲਾ ਮਜ਼ਮੂਨ ਪ੍ਰਾਰਥਨਾ ਦਾ ਹੀ ਰੱਖਦੇ ਸਨ ਜਿਸਦਾ ਨਮੂਨਾ ਦੱਸਣਾ ਭੀ ਪਾਠਕਾਂ ਲਈ ਘੱਟ ਸੁਆਦਲਾ ਤੇ ਘੱਟ ਭਰੋਸਾ ਜਮਾਊ ਨਹੀਂ ਹੋਵੇਗਾ। ਨਮੂਨਾ:-

ਪ੍ਰਾਰਥਨਾ

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਸਲੋਕ।

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥



Digitized by Panjab Digital Library | www.panjabdigilib.org

ਮਾਝ ਮਹਲਾ ੫ ॥

ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ। ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈਂ ਤਾਂ ਭਉ ਕੇਹਾ ਕਾੜਾ ਜੀਉ ॥੧॥

ਹੇ ਸਤ ਸ੍ਵਰੂਪ ਪਰਮਾਤਮਾਂ ਜੀ! ਹੇ ਦਿਆਲੂ,ਕ੍ਰਿਪਾਲੂ ਜਗਦੀਸ੍ਵਰ! ਹੇ ਅਕਾਲ ਮੂਰਤਿ, ਸੰਸਾਰ ਪਾਲਕ ਵਾਹਿਗੁਰੂ ਜੀ ! ਹੇ ਸਭ ਜੀਵਾਂ ਦੇ ਰੱਖਜਕ ਪਿਤਾ ਜੀ ! ਆਪਦਾ ਹੀ ਆਸਰਾ ਹੈ। ਆਪ ਹੀ ਪਾਲਣਾ ਕਰਨੇ ਵਾਲੇ, ਸੰਤਾਪ ਹਰਨੇ ਵਾਲੇ,ਸਰਬ ਕਾਲ ਸਹਾਈ ਹੋਣੇ ਵਾਲੇ ਹੋ। ਆਪ ਜੀ ਦੀ ਹੀ ਰੱਖਜਾ ਅਤੇ ਕ੍ਰਿਪਾ ਨਾਲ, ਸੰਸਾਰਕ, ਮਾਨਸਕ ਅਤੇ ਸਰੀਰਕ ਰੋਗਾਂ ਤੋਂ ਬਚਾਉ ਹੋ ਸਕਦਾ ਹੈ। ਪਰਮ ਪਿਤਾ ਅੰਤ੍ਰਯਾਮੀ ਪ੍ਰਭੋ ! ਆਪ ਧੰਨ ਹੈਂ ! ਆਪਦੀ ਮਹਿਮਾਂ ਅਨੰਤ ਹੈ, ਆਪ ਸੱਤ ਸ੍ਵਰੂਪ ਹੈਂ, ਜਿਸਨੂੰ ਸਾਡੀ ਮੂਢ ਬੁੱਧੀ ਕੁੱਛ ਭੀ ਨਹੀਂ ਜਾਣ ਸਕਦੀ। ਹੇ ਸਭ ਜੀਵਾਂ ਦੀ ਰੱਖਜਾ ਕਰਨੇ ਵਾਲੇ ਸ੍ਵਾਮੀ ਜੀ ! ਆਪਦੇ ਬਿਨਾ

"ਬਿਰਥਾ ਕਹਉ ਕਉਨ ਸਿਉਂ ਮਨ ਕੀ"

ਸਦਾ ਆਸਰਾ ਦੇਣ ਵਾਲੇ ਪ੍ਰਮੇਸ੍ਵਰ ਜੀ !

"ਯਹ ਮਨ ਨੈਕੁ ਨ ਕਹਿਓ ਕਰੈ। ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥"

ਹੇ ਕ੍ਰਿਪਾਲੂ, ਅਜਰ, ਅਮਰ ਪਿਤਾ ਜੀ ! ਆਪਦੇ ਬਿਨਾ

"ਇਹੁ ਜਗਿ ਮੀਤੁ ਨ ਦੇਖਿਓ ਕੋਈ। ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮੈਂ ਸੰਗਿ ਨ ਕੋਈ ॥ ੧ ॥ ਰਹਾਉ ॥
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ। ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥"

ਇਸਤੇ ਕੇਵਲ ਆਪਦੀ ਹੀ ਕ੍ਰਿਪਾ ਸਹਾਇਤਾ ਅਤੇ ਸਰਣ ਦੀ ਯਾਚਨਾ ਹੈ। ਸਰਬ ਕਲਾ ਸਮਰੱਥ ਵਾਹਿਗੁਰੂ ਜੀ ! ਆਪ ਦੀ ਹੀ ਪ੍ਰੇਰਨਾ, ਕ੍ਰਿਪਾ ਅਤੇ ਓਟ ਤਕਾ ਕੇ ਇਸ ਸੇਵਾ 'ਦੁਖ ਨਿਵਾਰਨ' ਪਤ੍ਰ ਦਾ ਪ੍ਰਬੰਧ ਅਤੇ ਅਰੰਭ ਕੀਤਾ ਜਾਂਦਾ ਹੈ, ਅਪਨੀ ਸਹਾਇਤਾ ਬਖਸ਼ਨੀ। ਵਾਧ ਘਾਟ ਵਿਚ



Digitized by Panjab Digital Library | www.panjabdigilib.org

ਸਹਾਈ ਹੋਣਾ। ਸੁਮਤਿ ਪ੍ਰੇਮ ਅਤੇ ਨਾਮ ਦਾਨ ਬਖਸ਼ਕੇ ਇਸ ਸੇਵਾ ਦੇ ਭਾਰ ਦਾ ਨਿਰਬਾਹ ਕਰਾਨਾ। ਆਪ ਆਪਣੇ ਬਿਰਦ ਨੂੰ ਸੰਭਾਲਕੇ ਇਸਦੇ ਸਦਾ ਸਹਾਈ ਹੋਵੋ। ਆਪ ਦੀ ਹੀ ਕ੍ਰਿਪਾ ਨਾਲ ਇਸਦੇ ਸਭ ਵਿਘਨ ਦੂਰ ਹੋਕੇ ਇੱਛਾ ਅਨੁਸਾਰ ਇਸਦਾ ਪ੍ਰਚਾਰ ਵਧੇ। ਇਸਦੀ ਸੇਵਾ ਨਾਲ ਸਰੀਰਕ ਆਤਮਕ ਅਤੇ ਮਾਨਸਕ ਵਜਾਧੀਆਂ ਦਾ ਵਿਨਾਸ਼, ਗੁਰਮਤਿ ਅਤੇ ਸੁਬੁੱਧੀ ਦਾ ਪ੍ਰਕਾਸ਼ ਹੋਵੇ। ਇਸਦੇ ਪਾਠਕਾਂ ਨੂੰ ਆਪਦੇ ਚਰਨਾਂ ਨਾਲ ਪ੍ਰੇਮ, ਪੱਤ੍ਰ ਦੇ ਵਾਧੇ ਦਾ ਉਤਸ਼ਾਹ ਅਤੇ ਸੇਵਕਾਂ ਦੀ ਕਦਰ ਕਰਨ ਦਾ ਹਿਤ ਪ੍ਰਗਟ ਹੋਵੇ। ਆਪ ਕ੍ਰਿਪਾ ਕਰੋ ! ਦਯਾ ਕਰੋ !

"ਹਰ ਜੂ ਰਾਖਿ ਲੇਹੁ ਪਤਿ ਮੇਰੀ"
"ਜਿਉ ਜਾਨਹੁ ਤਿਉ ਰਾਖ ਹਰਿ ਪ੍ਰਭ ਤੇਰਿਆ।"
"ਰਾਖਹੁ ਅਪਨੀ ਸਰਨਿ ਪ੍ਰਭ ਮੋਹਿ ਕਿਰਪਾ ਧਾਰੇ।"

ਹਰ 'ਦੁਖ ਨਿਵਾਰਨ' ਪੱਤ੍ਰ ਦੇ ਅਰੰਭ ਵਿਚ ਵੈਦ ਜੀ ਨੇ ਲਗ ਭਗ ਇਸੇ ਹੀ ਭਾਵ ਦੀ ਪ੍ਰਾਰਥਨਾ, ਬੇਨਤੀ ਕਹੋ ਜਾਂ ਅਰਦਾਸ ਕੀਤੀ ਹੈ, ਤੇ ਆਸਰਾ ਪਰਮਾਤਮਾ ਵਾਹਿਗੁਰੂ ਅਕਾਲ ਪੁਰਖ ਦਾ ਤੱਕਿਆ ਹੈ। ਅਸਲ ਗੱਲ ਹੈ ਕਿ ਸਾਰੀ ਉਮਰ ਵਿਚ ਹੀ ਵੈਦ ਜੀ ਅਨੱਨਜ ਗੁਰਸਿੱਖ ਤੇ ਈਸ਼੍ਵਰ ਭਗਤ ਰਹੇ ਹਨ। ਅੱਜ ਕੱਲ ਦੇ ਪੱਛਮੀ ਵਿੱਦਿਆ ਦੇ ਸੜੇ ਫੂਕੇ ਭਲੇ ਹੀ ਨੱਕ ਭੌਂਹ ਚੜ੍ਹੌਣ—"ਉਹ ! ਯਹ ਕਜਾ ਬਕਵਾਸ ਹੈ, ਈਸ਼੍ਵਰ ਕਜਾ ਹੋਤਾ ਹੈ ?, ਈਸ਼੍ਵਰ ਨੇ ਹੀ ਤੋ ਸਭ ਤੂਫਾਨ ਬਰਪਾ ਕੀਆ ਹੈ। ਈਸ਼੍ਵਰ ਕੋਈ ਚੀਜ਼ ਨਹੀਂ, ਈਸ਼੍ਵਰ ਈਸ਼੍ਵਰ ਪੁਕਾਰ ਕਰ, ਉਸਕਾ ਆਸਰਾ ਰਖਨੇ ਵਾਲੇ ਬੇਵਕੂਫ ਹੋਤੇ ਹੈਂ, ਵਗੈਰਾ।" ਪਰ ਵੈਦ ਜੀ ਡਾਢੇ ਹੀ ਈਸ਼੍ਵਰ ਭਗਤ ਗੁਰਸਿੱਖ ਤੇ ਇਸ਼੍ਟ ਪੂਜ ਸਨ। ਇਹੀ ਵਾਹਿਗੁਰੂ ਦੀ ਟੇਕ, ਵਾਹਿਗੁਰੂ ਦਾ, ਆਸਰਾ ਤੇ ਸਤਿਗੁਰਾਂ ਦਾ ਸਹਾਰਾ ਹੀ ਆਪਦੀ ਉੱਨਤੀ ਦਾ ਕਾਰਣ ਪ੍ਰਸਿੱਧਤਾ ਤੇ ਸਫਲਤਾ ਪ੍ਰਦਾਇਕ ਹੋਇਆ, ਤੇ ਇਹੀ ਆਪਦਾ ਜੀਵਣ ਨਿਸ਼ਾਨਾ ਸੀ, ਜਾਂ ਕਹੋ ਕਿ ਆਪ ਇਉਂ ਸਮਝਦੇ ਸਨ।



Digitized by Panjab Digital Library | www.panjabdigilib.org

ਵੈਦ ਜੀ ਕਲਮ ਦੇ ਉਨ੍ਹਾਂ ਧਨੀਆਂ ਵਿੱਚੋਂ ਸਨ ਜਿਨ੍ਹਾਂ ਨੂੰ ਭਾਰਤ ਮਾਂ ਨੇ ਕਿਤੇ ਕਿਤੇ ਸਦੀਆਂ ਵਿੱਚ ਵਿਰਲੇ ਵਾਂਝੇ ਹੀ ਪੈਦਾ ਕੀਤਾ। ਜਿਸ ਛੋਟੀ ਅਵਸਥਾ ਵਿਚ, ਜਿਸ ਘੋਰ ਅਨ੍ਹੇਰੇ ਦੇ ਸਮੇਂ ਵਿੱਚ, ਜਿਸ ਅਧੋਗਤੀ ਨੂੰ ਜਾ ਰਹੀ ਕੌਮ ਦੇ ਗਿਰਾਉ ਵੇਲੇ ਤੇ ਜਿਸ ਮਾਯਕ ਔਕੜ ਦੇ ਹੁੰਦਿਆਂ ਭੀ ਵੈਦ ਜੀ ਨੇ ਕਲਮ ਉਠਾਈ ਉਹ ਆਪ ਜੀ ਦੀ ਹੀ ਹਿੰਮਤ ਤੇ ਹੌਸਲੇ ਦਾ ਕੰਮ ਸੀ । ਆਪ ਨੇ ਕਦੇ ਭੀ ਕਲਮੀ ਸੇਵਾ ਨੂੰ ਵਿਉਪਾਰ ਨਹੀਂ ਬਣਾਇਆ। ਇਸ ਸੇਵਾ ਵਿਚੋਂ ਇੱਕ ਪੈਸੇ ਦਾ ਭੀ ਲਾਭ ਨਹੀਂ ਉਠਾਇਆ । ਸਗੋਂ ਇਸ ਵਿਚ ਪਾਇਆ ਹੀ ਪਾਇਆ ਹੈ। ਹਜ਼ਾਰਾਂ ਪੁਸਤਕਾਂ ਮੁਫਤ ਵੰਡੀਆਂ। ਹਜ਼ਾਰਾਂ ਲਾਗਤ ਨਾਲੋਂ ਘੱਟ ਦਾਮ ਤੇ ਵੇਚੀਆਂ, ਹਜ਼ਾਰਾਂ ਲੱਗੇ ਦਾਮ ਅਤੇ ਉਧਾਰ ਕੁਤਬ ਫ਼ਰੋਸ਼ਾਂ ਨੂੰ ਦਿੱਤੀਆਂ। ਇਹ ਸਭ ਪ੍ਰਚਾਰ ਲਈ, ਕੌਮੀ ਪਿਆਰ ਲਈ ਤੇ ਦਿਮਾਗੀ ਠਰਕ ਤੇ ਸੇਵਾ ਦੇ ਚਾਉ ਲਈ ਕੀਤਾ। ਵਿਤੋਂ ਵਧ ਕੇ ਹਜ਼ਾਰਾਂ ਰੁਪਏ ਇਸੇ ਠਰਕ ਪਿੱਛੇ ਲੁਟਾ ਦਿੱਤੇ। ਇਸ ਬਾਰੇ ਵੈਦ ਜੀ ਦੀ ਕਲਮੀ ਹਿੰਮਤ ਤੇ ਸੇਵਾ ਬਾਰੇ 'ਸ਼ਹੀਦ'* ਜੀ ਨੇ ਠੀਕ ਲਿਖਿਆ ਹੈ। ਆਪ ਲਿਖਦੇ ਹਨ:—

"ਮੇਰੇ ਵਰਗੇ ਅਨੇਕਾਂ ਪੰਜਾਬੀ ਸੇਵਕ ਹਾਲਾਂ ਸਕੂਲਾਂ ਵਿੱਚ ਹੀ ਪੜ੍ਹਦੇ ਹੋਣਗੇ, ਜਦੋਂ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਨੇ ਤਰਨ ਤਾਰਨ ਵਰਗੇ ਛੋਟੇ ਜੇਹੇ ਕਸਬੇ ਤੋਂ ਪੰਜਾਬੀ ਸਾਹਿਤ ਦੀ ਸੇਵਾ ਦੇ ਵੱਡੇ ਵੱਡੇ ਕੰਮ ਜਾਰੀ ਕੀਤੇ ਹੋਏ ਸਨ। ਪੰਜਾਬੀ ਪਿਆਰਿਆਂ ਨੂੰ ਉਹ ਜ਼ਮਾਨਾ ਅਜੇ ਭੁੱਲਾ ਨਹੀਂ ਹੋਣਾ, ਜਦੋਂ ਆਪ ਦਾ ਜਾਰੀ ਕੀਤਾ ਹੋਇਆ ਰਸਾਲਾ 'ਦੁਖ ਨਿਵਾਰਨ' ਕਈ ਹਜ਼ਾਰ ਦੀ ਗਿਣਤੀ ਵਿੱਚ ਛਪਕੇ ਪੰਜਾਬੀ ਮੈਦਾਨ ਵਿੱਚ ਇੱਕ ਅਚਰਜ ਚੀਜ਼ ਬਣਿਆ ਹੋਇਆ ਸੀ । ਆਪ ਨੇ ਹੁਣ ਤੀਕ

---

* ਸ. ਸ. ਚਰਨ ਸਿੰਘ ਜੀ 'ਸ਼ਹੀਦ'--ਆਪ ਬੜੇ ਜ਼ਬਰਦਸਤ ਅਖਬਾਰ ਨਵੀਸ, ਲੇਖਣੀ ਦੇ ਬਲੀ ਤੇ ਸੋਹਣੇ ਕਵੀ ਸਨ। ਪੰਜਾਬੀ ਨੂੰ ਉਚਿਆਂ ਕਰਨ ਹਿੱਤ ਕਵੀ ਦਰਬਾਰ ਸ਼ਿਮਲੇ ਕਰਨ ਗਏ ੨੪ ਅਗਸਤ ੧੯੩੫ ਨੂੰ ਇਸ ਸੰਸਾਰ ਤੋਂ ਕੂਚ ਕਰ ਗਏ ।



Digitized by Panjab Digital Library | www.panjabdigilib.org

ਪੰਜਾਬੀ ਦੇ ਜੋ ਨਿੱਕੇ ਵੱਡੇ ਗ੍ਰੰਥ ਲਿਖੇ ਤੇ ਛਪਵਾਏ ਹਨ, ਉਹਨਾਂ ਦੀ ਗਿਣਤੀ ਕਈ ਦਰਜਨਾਂ ਜਾਂ ਕਈ ਵੀਹਾਂ ਨਹੀਂ, ਸਗੋਂ ਸੈਂਕੜਿਆਂ ਤੀਕ ਪੁੱਜਦੀ ਹੈ। ਸ਼ਾਇਦ ਸਾਹਿਤ ਦਾ ਕੋਈ ਅੰਗ ਅਜੇਹਾ ਨਹੀਂ ਜਿਸ ਸੰਬੰਧੀ ਆਪ ਨੇ ਕੋਈ ਛੋਟਾ ਵੱਡਾ ਗ੍ਰੰਥ ਪ੍ਰਕਾਸ਼ਤ ਨਾ ਕੀਤਾ ਹੋਵੇ। ਕਹਾਣੀਆਂ, ਨਾਵਲ, ਤਵਾਰੀਖ, ਇਖਲਾਕ, ਹਿਕਮਤ, ਵੈਦਕ, ਡਾਕਟਰੀ, ਅਰੋਗਤਾ, ਪੋਲੀਟਿਕਸ, ਧਰਮ, ਖੰਡਨ ਮੰਡਨ, ਸ਼ੰਕਾ ਸਮਾਧਾਨ, ਮਜ਼ਹਬੀ ਮੁਬਾਹਸੇ, ਕਾਵਜ, ਸਿੱਖੀ ਪ੍ਰਚਾਰ, ਗ੍ਰਹਸਤ ਜੀਵਨ, ਬੱਚਿਆਂ ਨੂੰ ਉਪਦੇਸ਼ ਤੇ ਗੁਰਦੁਆਰਾ ਸੁਧਾਰ ਆਦਿ ਦਰਜਨਾਂ ਵਿਸ਼ਿਆਂ ਉੱਤੇ ਭਾਂਤ ਭਾਂਤ ਦੇ ਗ੍ਰੰਥ ਪ੍ਰਕਾਸ਼ਤ ਕਰਨ ਵਿੱਚ ਆਪ ਨੇ ਕੋਈ ਕਸਰ ਨਹੀਂ ਛੱਡੀ। ਹਜ਼ਾਰਹਾ ਰੁਪੈ ਲਾਕੇ ਆਪ ਨੇ ਪੰਜਾਬੀ ਪੁਸਤਕਾਂ ਛਪਵਾਈਆਂ ਤੇ ਹੋਰ ਹਜ਼ਾਰਹਾ ਰੁਪੈ ਲਾਕੇ ਹਜ਼ਾਰਾਂ ਕਿਤਾਬਾਂ ਦੀ ਲਾਇਬ੍ਰੇਰੀ ਇਕੱਤ੍ਰ ਕੀਤੀ, ਜੋ ਪੰਜਾਬੀ ਸਾਹਿਤ ਸੇਵੀਆਂ ਨੂੰ ਬੇਅੰਤ ਲਾਭ ਪੁਚਾ ਰਹੀ ਹੈ, ਤੇ ਪੁਚਾਵੇਗੀ। ਸੰਖੇਪ ਇਹ ਕਿ ਆਪ ਨੇ ਪੰਜਾਬੀ ਦੀ ਸੇਵਾ ਵਿੱਚ ਸੱਚ ਮੁੱਚ ਤਨ, ਮਨ, ਧਨ ਤੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਖਰਚ ਕੀਤਾ, ਤੇ ਫਿਰ ਕਮਾਲ ਇਹ ਹੈ ਕਿ ਹੋਰਨਾਂ ਲਿਖਾਰੀਆਂ ਵਾਂਗ ਸਾਹਿਤ ਸੇਵਾ ਨੂੰ ਅਲੂਣੀ ਸਿਲਾ ਸਮਝਕੇ ਆਪਣੀ ਸੰਤਾਨ ਨੂੰ ਉਸ ਤੋਂ ਦੂਰ ਨਹੀਂ ਰੱਖਿਆ, ਸਗੋਂ ਆਪਣੇ ਸਪੁੱਤ੍ਰਾਂ ਨੂੰ ਭੀ ਇਸ ਸੇਵਾ ਦਾ ਚਸਕਾ ਪਾਇਆ। ਮੇਰੀ ਜਾਚੇ ਇਹ ਚਮਤਕਾਰ ਆਪ ਕੇਵਲ ਇਸੇ ਲਈ ਦਿਖਾ ਸਕੇ ਹਨ, ਕਿ ਹੋਰ ਬਹੁਤੇ ਪੰਜਾਬੀ ਲਿਖਾਰੀਆਂ ਵਾਂਗ ਪੰਜਾਬੀ ਦੀ ਸੇਵਾ ਆਪ ਦਾ ਰੁਜ਼ਗਾਰ ਨਹੀਂ, ਸਗੋਂ ਵਾਹਿਗੁਰੂ ਦੀ ਕ੍ਰਿਪਾ ਨਾਲ ਆਪ ਦੇ ਦੂਸਰੇ ਪਵਿੱਤ੍ਰ 'ਸਤ ਬਿਉਹਾਰ' ਤੇ ਉਪਕਾਰੀ ਵਿਪਾਰ 'ਵੈਦਕ' ਦੀ ਕਿਰਤ ਕਮਾਈ ਵਿੱਚ ਏਨ੍ਹੀ ਬਰਕਤ ਪਈ ਹੋਈ ਹੈ ਕਿ ਆਪ ਨਾ ਕੇਵਲ ਪੰਜਾਬੀ ਸਾਹਿਤ ਦੀ ਸੇਵਾ ਨੂੰ ਨਿਰੋਲ ਸੇਵਾ ਦੇ ਤੌਰ ਤੇ ਹੀ ਜਾਰੀ ਰੱਖਦੇ ਹਨ, ਸਗੋਂ ਆਪਣੇ ਉਸ ਰੁਜ਼ਗਾਰ ਵਿੱਚੋਂ ਹਰ ਸਾਲ ਚੋਖੀ ਰਕਮ ਇਸ ਸੇਵਾ ਦੇ ਯੱਗ ਵਿੱਚ ਅਹੂਤੀ ਪਾਉਂਦੇ ਹਨ।"

(ਦੰਪਤੀ ਸਿੱਖ਼ਜਾ)



Digitized by Panjab Digital Library | www.panjabdigilib.org

ਪਹਿਲੇ ਪਤ੍ਰ ਵਿਚਲੇ ਮਜ਼ਮੂਨ ਇਹ ਸਨ:-

"(੧) ਪੱਤ੍ਰ ਦਾ ਪ੍ਰਕਾਸ਼ । (੨) ਪ੍ਰਾਰਥਨਾ । (੩) ਸੱਚਾ ਪ੍ਰਕਾਸ਼ । (੪) ਨੀਤੀ ਵਾਰਤਾ । (੫) ਇਸਤ੍ਰੀ ਰਤਨ ਉਪਦੇਸ਼ (੬) ਸਰੀਰਕ ਗਿਆਨ (੭) ਅਜੀਰਨ । (੮) ਟੋਟਕੇ ਇਲਾਜ । (੯) ਇਸਤ੍ਰੀ ਸੁਧਾਰ (੧੦) ਹਰਖ ਸ਼ੋਕ । (੧੧) ਹਾ ! ਕੈਸੀ ਅਧੋਗਤੀ । (੧੨) ਸੰਸਾਰ ਸਮਾ-ਚਾਰ । (੧੩) ਆਤਮਕ ਵਿੱਦਯਾ । (੧੪) ਬਹੁਤ ਜਰੂਰੀ । (੧੫) ਬਹੁ ਗੁਣੀ ਦਵਾਈ । (੧੬) ਇਸ਼ਤਹਾਰੀ ਸਮਾਚਾਰ ਤੇ (੧੭) ਹੋਰ ਹੋਰ ।"

ਇਹ ਉਪ੍ਰੋਕਤ, ਪਹਿਲੇ ਪੱਤ੍ਰ ਦੇ ਲੇਖ ਹਨ। ਸੁਰਖੀਆਂ ਤੋਂ ਹੀ ਮਜ਼ਮੂਨਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

'ਪੱਤ੍ਰ ਦੇ ਪ੍ਰਕਾਸ਼' ਵਿੱਚ ਆਪਣਾ ਆਦਰਸ਼, ਮੋਟੇ ਮੋਟੇ ਅਸੂਲ ਅਤੇ ਪਾਠਕਾਂ ਨਾਲ ਸਚਾਈ ਦੀਆਂ ਗੱਲਾਂ ਹਨ । 'ਪ੍ਰਾਰਥਨਾ' ਦਾ ਲੇਖ ਪਿੱਛੇ ਆ ਚੁੱਕਾ ਹੈ। 'ਸੱਚਾ ਪ੍ਰਕਾਸ਼' ਵਿੱਚ ਦਸ਼ਮੇਸ਼ ਅਵਤਾਰ ਧਾਰਨ ਦਾ ਦਿਲ ਖਿੱਚਵਾਂ ਮਜ਼ਮੂਨ ਹੈ। 'ਨੀਤੀ ਵਾਰਤਾ' ਪੜ੍ਹੇ ਬਿਨਾ ਅੱਗੇ ਹੀ ਨਹੀਂ ਤੁਰਿਆ ਜਾਂਦਾ। ਇਸ ਵਿੱਚ ਇੱਕ ਬਹੁਰੂਪੀਏ ਦਾ ਮਹਾਤਮਾਂ ਸਾਧੂ ਦੇ ਭੇਖ ਨੂੰ ਪੂਰਨ ਉਤਾਰਦੇ ਹੋਇਆਂ ਰਾਜ ਗੱਦੀ ਤੇ ਹੀਰੇ ਪੱਨੇ ਜ੍ਵਾਹਰਾਤ ਦੇ ਲਾਲਚ ਵਿੱਚ ਨਾ ਫਸਣ ਦਾ ਹਾਲ ਹੈ। ਜਿਸ ਵਿੱਚੋਂ ਗੁਰ ਸਿੱਖ ਨੂੰ ਗੁਰ ਸਿੱਖੀ ਦੀ ਲਾਜ ਪਾਲਨ ਤੇ ਸੱਚਾ ਸਿੱਖ ਬਣਕੇ ਬੁਰਾਈਆਂ ਤੋਂ ਕਨਾਰਾ ਕਰਨਾ, ਪਰਉਪਕਾਰੀ ਹੋਣਾ ਤੇ ਸੰਸਾਰ ਭਲੇ ਲਈ ਆਪਣਾ ਆਪ ਕੁਰ-ਬਾਨ ਕਰ ਦੇਣ ਦੀ ਸਿੱਖਿਆ ਹੈ । 'ਇਸਤ੍ਰੀ ਰਤਨ ਉਪਦੇਸ਼' ਵਿੱਚ, ਰਸਮਾਂ ਰੀਤਾਂ ਦੀ ਜਹਾਲਤ ਵਿੱਚ ਫਸੀਆਂ ਕੁਬੁੱਧ ਇਸਤ੍ਰੀਆਂ ਦੀ ਅਧੋ-ਗਤਾ ਨੂੰ ਯੋਗਤਾ ਵਿੱਚ ਬਦਲਨ ਦਾ, ਅਤੇ ਗ੍ਰਹਸਤ ਸੰਬੰਧੀ ਜਾਣਨ ਯੋਗ ਗੱਲਾਂ ਦੇ ਜਰੂਰੀ ਵਿਸ਼ਿਆਂ ਤੇ ਵਿਚਾਰ ਹੈ । 'ਸਰੀਰਕ ਗਿਆਨ' 'ਅਜੀਰਨ' 'ਟੋਟਕੇ ਇਲਾਜ' ਤੇ 'ਇਸਤ੍ਰੀ ਸੁਧਾਰ' ਸੁਰਖੀਆਂ ਤੋਂ ਹੀ ਭਾਵ ਸਪਸ਼ਟ ਹੋ ਜਾਂਦੇ ਹਨ। ਇਸੇਤਰ੍ਹਾਂ ਹੀ ਹੋਰ ਸਾਰੇ ਇੱਕ ਤੋਂ ਇੱਕ ਚੜ੍ਹਦੇ ਰਸੀਲੇ ਤੇ ਸਿੱਖਯਾ ਪ੍ਰਾਪਤ ਕਰਨ ਵਾਲੇ ਵਿਸ਼ੇ ਹਨ।



Digitized by Panjab Digital Library | www.panjabdigilib.org

ਅੱਗੇ ਜਾਕੇ ਵੈਦ ਜੀ ਨੇ ਕਲਮ ਦੇ ਅਦੁਤੀ ਜੌਹਰ ਦਿਖਾਏ ਹਨ। ਇਹ ਰਸਾਲਾ ਨਿਕਲਦਿਆਂ ਸਾਰ ਹੀ ਹੱਥੋਂ ਹੱਥ ਲੱਗ ਗਿਆ। ਪੰਜਾਬੀ ਦੇ ਗੁਰਮੁਖੀ ਸੰਸਾਰ ਵਿੱਚ ਵੈਦ ਜੀ ਦੀ ਕਲਮ ਦੀ ਪ੍ਰਸਿੱਧਤਾ ਸੀ। ਪੱਤ੍ਰ ਛਪਦਿਆਂ ਸਾਰ ਹੀ ਹਜ਼ਾਰਹਾ ਮੰਗਾਂ ਆਉਣ ਲੱਗ ਪਈਆਂ। ਪਹਿਲੇ ਦੋ ਪੱਤ੍ਰ ਪੰਦਰਾਂ ਪੰਦਰਾਂ ਸੌ ਛਪੇ ਪਰ ਦੂਜਾ ਪੱਤ੍ਰ ਛਪਦੇ ਸਾਰ ਹੀ ਮੁੱਕ ਗਿਆ। ਮੰਗ ਤੇ ਮੰਗ ਆਉਣ ਲੱਗੀ। ਜਿਸ ਬਾਰੇ ਤੀਜੇ ਪੱਤ੍ਰ ਵਿੱਚ ਵੈਦ ਜੀ ਇਉਂ ਖਿਮਾ ਮੰਗ ਦੇ ਹੋਏ 'ਇਹੋ ਹੀ ਖੱਟੀ ਸਹੀ' ਦੀਸੁਰ ਖੀ ਹੇਠ ਲਿਖਦੇ ਹਨ:-

"ਦੁਖ ਨਿਵਾਰਨ" ਪੱਤ੍ਰ ਨੰ: ੧ ਅਤੇ ੨ ਡਰ ਡਰਕੇ ਪੰਦਰਾਂ ਪੰਦਰਾਂ ਸੌ ਛਪਾਏ ਸਨ, ਸੋ ਨੰ: ੨ ਛਪਦੇ ਸਾਰ ਹੀ ਤਿੰਨ ਚਾਰ ਦਿਨ ਵਿੱਚ ਸਭ ਦੇ ਸਭ ਖਰੀਦਾਰਾਂ ਦੇ ਵਾਧੇ ਨਾਲ ਮੁੱਕ ਗਏ। ਇਸ ਦੇ ਪਿੱਛੋਂ ਬਹੁਤ ਸਾਰੇ ਨਵੇਂ ਖਰੀਦਾਰ ਸਜਨਾਂ ਵੱਲੋਂ ਵੀ. ਪੀ. ਦੀ ਮੰਗ ਤੇ ਬਹੁਤ ਸਾਰਿਆਂ ਵੱਲੋਂ ਕੀਮਤਾਂ ਤੇ ਮਨੀਆਰਡਰ ਪਹੁੰਚੇ ਸੋ ਸਭਨਾਂ ਦੇ ਨਾਮ ਖਰੀਦਾਰਾਂ ਦੇ ਰਜਿਸਟਰ ਵਿੱਚ ਦਰਜ ਕਰਦੇ ਰਹੇ ਤੇ ਪੱਤ੍ਰ ਦੇ ਨਵੇਂ ਸਿਰੇ ਨੰ: ੩ ਦੀ ਤਿਆਰੀ ਵਿੱਚ ਲੱਗ ਗਏ। ਭਰਮਾਰ ਚਿੱਠੀਆਂ ਦੇ ਉੱਤ੍ਰ ਲਿਖਣ ਦਾ ਸਮਾ ਤੇ ਭਾਰੀ ਲੋੜ ਨਹੀਂ ਪ੍ਰਤੀਤ ਹੋਈ ਸੀ ਜੋ ਸਭ ਨੂੰ ਪਤਾ ਦੱਸ ਦੇਂਦੇ ਕਿ 'ਪਿਛਲੇ ਪੱਤ੍ਰ ਮੁੱਕ ਗਏ ਹਨ ਹੋਰ ਛਪਨੇ ਪਰ ਭੇਜਾਂਗੇ' ਪਰ 'ਖਾਲਸਾ ਸਮਾਚਾਰ' ਦੁਆਰਾ ਸਜਨਾਂ ਦੀ ਸੇਵਾ ਵਿੱਚ ਬੇਨਤੀ ਕਰ ਦਿੱਤੀ ਸੀ। ਉਹ ਭੀ ਅੱਠ ਦੱਸ ਦਿਨ ਦੇਰ ਹੀ ਹੋ ਗਈ, ਜਿਸ ਪਰ ਕਿਸੇ ਸੱਜਣ ਨੇ 'ਹੁਣੇ ਹੀ ਅਲਗ਼ਰਜ" ਕਿਸੇ ਨੇ 'ਬੇ ਪ੍ਰਵਾਹ' ਕਿਸੇ ਨੇ 'ਕਮਕੋਸ' ਹੋਣ ਦੇ ਪੱਤ੍ਰ ਭੇਜਕੇ ਉੱਤ੍ਰ ਮੰਗੇ। ਕਈਆਂ ਨੇ ਲਿਖਿਆ ਕਿ 'ਅਸੀਂ ਕੀਮਤ ਭੇਜ ਚੁੱਕੇ ਹਾਂ ਆਪ ਦੀ ਰਸੀਦ ਸਾਡੇ ਪਾਸ ਹੈ।' ਕਿਸੇ ਨੇ ਬੈਰੰਗ ਹੀ ਉੱਤਰ ਭੇਜਣ ਨੂੰ ਤੇ ਪਾਠਕਾਂ ਨੂੰ ਖਰੀਦਾਰ ਵਧਾਵਣ ਦੇ ਲੇਖ ਨਾ ਲਿਖਣ ਦੀ ਝਾੜ, ਕਿਸੇ ਨੇ ਨਵੇਂ ਖਰੀਦਾਰ ਬਣਾਵਣ ਦੀ, ਆਪਣੀ ਤੰਗੀ ਦਾ ਹਾਲ, ਇਸ ਤਰ੍ਹਾਂ ਭਾਂਤ ਭਾਂਤ ਦੇ ਪੱਤ੍ਰ ਪਹੁੰਚੇ। ਜਿਸ ਪਰ ਅਸੀਂ ਉਹਨਾਂ ਸਜਣਾਂ ਤੋਂ ਖਿਮਾ ਮੰਗਦੇ ਹਾਂ।" ਅਤੇ ਖਤ਼ਾਬ ਲੈਣ ਦਾ ਕਾਰਨ ਉੱਪਰ ਦੱਸ ਚੁੱਕੇ ਹਾਂ। ਆਦਿਕ"



Digitized by Panjab Digital Library | www.panjabdigilib.org

ਇਸ ਤੋਂ ਪਤਾ ਲੱਗ ਸਕਦਾ ਹੈ ਕਿ ਪ੍ਰੇਮੀ ਪਾਠਕਾਂ ਦੇ ਦਿਲ ਵਿੱਚ 'ਦੂਖ ਨਿਵਾਰਨ' ਪੱਤ੍ਰ ਦੇ ਪੜ੍ਹਨ ਦਾ ਕਿਤਨਾ ਕੁ ਚਾਉ ਤੇ ਉਮਾਹ ਸੀ। ਤੀਜਾ ਪੱਤ੍ਰ ਤਿੰਨ ਹਜ਼ਾਰ, ਚੌਥਾ ਸਾਢੇ ਤਿੰਨ ਹਜ਼ਾਰ ਛਪਿਆ। ਇਸ ਤਰ੍ਹਾਂ ਅੱਗੇ ਵਧਦਾ ਹੀ ਗਿਆ।

ਪਾਠਕਾਂ ਦੇ ਜ਼ੋਰ ਦੇਣ ਤੇ ਨੰ: ੧ ਤੇ ੨ ਪੱਤ੍ਰ ਤਾਂ ਦੋ ਵਾਰਾਂ ਛਾਪ ਕੇ ਭੇਜਣਾ ਪਿਆ ਸੀ। ਉਸ ਵੇਲੇ ਪੰਜਾਬ ਵਿੱਚ ਕੇਵਲ ੯ ਗੁਰਮੁਖੀ ਦੇ ਅਖਬਾਰ ਛਪਦੇ ਸਨ, ਜਿਨ੍ਹਾਂ ਵਿੱਚੋਂ ਇਕ 'ਦੂਖ ਨਿਵਾਰਨ' ਭੀ ਸੀ। ੪੧ ਅੰਗ੍ਰੇਜ਼ੀ ਦੇ ਤੇ ੧੭੫ ਉਰਦੂ ਦੇ ਛਪਦੇ ਸਨ।

'ਦੂਖ ਨਿਵਾਰਨ' ਪੜ੍ਹਨ ਤੋਂ ਪਤਾ ਲਗਦਾ ਹੈ ਕਿ ਵੈਦ ਜੀ ਉਸ ਵੇਲੇ ਦੇ ਪ੍ਰਚਲਤ ਪ੍ਰਸਿੱਧ ਹਿੰਦੀ, ਉਰਦੂ ਤੇ ਅੰਗ੍ਰੇਜ਼ੀ ਆਦਿ ਦੇ ਅਨੇਕਾਂ ਅਖਬਾਰ ਪੜ੍ਹਦੇ ਸਨ।ਸਾਰੇ ਹਿੰਦੁਸਤਾਨ ਦੀਆਂ ਹੀ ਨਹੀਂ,ਸਗੋਂ ਪ੍ਰਦੇਸ ਦੀਆਂ ਖਬਰਾਂ ਭੀ 'ਦੂਖ ਨਿਵਾਰਨ' ਵਿਚ ਛਪਦੀਆਂ ਸਨ। ਸਭ ਤੋਂ ਅਚੰਭੇ ਦੀ ਗੱਲ ਇਹ ਹੈ ਕਿ ਉਸ ਵੇਲੇ ਐਨਾ ਕੰਮ ਹੁੰਦਿਆਂ ਭੀ ਲਗ ਭਗ ਸਾਰੇ ਦਾ ਸਾਰਾ 'ਦੂਖ ਨਿਵਾਰਨ' ਵੈਦ ਜੀ ਦੀ ਕਲਮ ਦਾ ਹੀ ਲਿਖਿਆ ਹੋਇਆ ਹੁੰਦਾ ਸੀ। ਇਸ ਤੋਂ ਇਲਾਵਾ ਦੂਜੇ ਸਮਕਾਲੀ ਅਖਬਾਰਾਂ ਨੂੰ ਲੇਖ, ਕਵਿਤਾ ਆਦਿ ਦੇਣੇ, ਬਹਿਸ ਮੁਬਾਹਿਸੇ ਤੇ ਧਾਰਮਕ ਕਮੇਟੀਆਂ ਵਿੱਚ ਜਾਣਾ, ਪ੍ਰਤਿ-ਉੱਤਰ ਤੇ ਧਾਰਮਕ ਟ੍ਰੈਕਟ ਲਿਖਣੇ, ਵੈਦਕ ਪੜ੍ਹਨੀ ਪੜ੍ਹਾਉਣੀ ਤੇ ਦੁਕਾਨ ਦਾ ਸਾਰਾ ਕੰਮ ਕਰਨਾ ਆਦਿ ਕਰਨਾ ਭੀ ਜਰੂਰੀ ਸੀ। ਹੈਰਾਨ ਹੋਈ ਦਾ ਹੈ ਕਿ ਆਪ ਦਾ ਜਿਸਮ ਕਿਸ ਮਿੱਟੀ ਦਾ ਬਣਿਆ ਹੋਇਆ ਸੀ। ਅਥੱਕ ਦਿਲ ਤੇ ਦਿਮਾਗ ਕਿਸ ਅਪੂਰਵ ਧਾਂਤ ਦੇ ਸਨ। ਜੋ ਦਿਨ ਰਾਤ ਸਾਲਾਂ ਬੱਧੀ ਮਿਹਨਤ ਕਰਨ ਤੇ ਭੀ ਸਦਾ ਤਰੋਤਾਜ਼ਾ ਤੇ ਤਿਆਰ ਬਰ ਤਿਆਰ ਰਹਿੰਦੇ ਸਨ।

## ਨਬਜ਼ ਦਾ ਕਮਾਲ

ਆਪ ਨਬਜ਼ ਦੇਖਣ ਦੇ ਹਾਤਮ ਸਨ। ਨਬਜ਼ ਵੇਖ ਕੇ ਹੀ ਆਪ



Digitized by Panjab Digital Library | www.panjabdigilib.org

ਬੀਮਾਰੀ ਦੀ ਹਰ, ਇਕ ਗੱਲ ਸਮਝ ਲੈਂਦੇ ਸਨ। ਅੱਛੇ ਹੱਥ ਦੇਖਣ ਵਾਲੇ ਵਾਂਗ ਜਦ ਆਪ ਅਗਾਊਂ ਹੀ ਬੀਮਾਰੀ ਦੀ ਸਾਰੀ ਹਾਲਤ ਦੱਸੀ ਜਾਂਦੇ ਤਾਂ ਵਿਚਾਰਾ ਬੀਮਾਰ ਮੂੰਹ ਵੱਲ ਵੇਖਦਾ 'ਹਾਂ ਹਾਂ' ਕਰੀ ਜਾਂਦਾ ਤੇ ਦਿਲ ਵਿੱਚ 'ਅਸ਼ ਅਸ਼' ਕਰਦਾ ਤੇ ਹੌਸਲਾ ਧਰਦਾ ਕਿ ਹੁਣ ਮੈਂ ਅਜੇਹੇ ਵੈਦ ਕੋਲ ਆ ਗਿਆ ਹਾਂ ਜੋ ਬਿਨਾ ਦੱਸੇ ਹੀ ਮੇਰੀ ਬੀਮਾਰੀ ਨੂੰ ਬੁੱਝਦਾ ਹੈ। ਹੁਣ ਮੈਂ ਜਰੂਰ ਰਾਜ਼ੀ ਹੋ ਜਾਵਾਂਗਾ। ਬੀਮਾਰ ਦੀ ਇਹ ਜੁਰਅਤ ਹੀ ਨਾ ਸੀ ਪੈਂਦੀ ਕਿ ਉਹ ਝੂਠ ਬੋਲੇ ਜਾਂ ਬਹਾਨਾ ਕਰੇ। ਨਬਜ਼ ਫੜ ਕੇ ਰੋਗੀ ਦੇ ਰੋਗ ਨੂੰ ਆਪ ਸਾਹਮਣੇ ਖੁਲ੍ਹੀ ਕਿਤਾਬ ਪੜ੍ਹਣ ਵਾਂਗ ਦੱਸੀ ਜਾਂਦੇ ਸਨ।

ਇਕ ਵਾਰ ਨਬਜ਼ ਬਾਰੇ ਮੈਂ (ਲੇਖਕ) ਵੈਦ ਜੀ ਤੋਂ ਪੁੱਛਿਆ ਕਿ ਤੁਸੀਂ ਵੈਦਕ ਬਾਰੇ ਅਨੇਕ ਗ੍ਰੰਥ ਲਿਖੇ ਹਨ। ਅਨੇਕ ਗੁਝੇ ਭੇਦ ਖੋਲ੍ਹੇ ਤੇ ਅਨੇਕ ਸਿੱਧ ਨੁਸਖੇ ਪ੍ਰਗਟ ਕੀਤੇ ਹਨ, ਇਸ ਨਬਜ਼ ਦੇਖਣ ਬਾਰੇ ਭੀ ਕੁਛ ਸਮਝਾਓ। ਵੈਦ ਜੀ ਨੇ ਹੱਸ ਕੇ ਕਿਹਾ:—

"ਦੁਖੀ ਜੀ! ਇਸ ਬਾਰੇ ਕੁਛ ਭੀ ਨਹੀਂ ਦੱਸਿਆ ਜਾ ਸਕਦਾ। ਇਹ ਮਹਿਸੂਸ ਕੀਤਾ ਜਾ ਸਕਦਾ ਹੈ, ਅਨੁਭਵ ਕੀਤਾ ਜਾ ਸਕਦਾ ਹੈ, ਪਰ ਦੱਸਿਆ ਨਹੀਂ ਜਾ ਸਕਦਾ। ਤੁਸੀਂ ਹੀ ਦੱਸੋ ਖਾਂ ਭਲਾ ਤੁਸੀਂ ਕਾਵਜ ਦੇ ਵਜ਼ਨ ਨੂੰ ਕਿਵੇਂ ਦੱਸ ਸਕਦੇ ਹੋ? ਹਵਾ, ਬਾਰੀਕ ਤੋਂ ਬਾਰੀਕ ਹਲਕੀ ਤੋਂ ਹਲਕੀ ਹਵਾ ਨੂੰ —ਜਿਸ ਬਾਰੇ ਆਪ ਜ਼ਿਕਰ ਕਰਦੇ ਹੁੰਦੇ ਹੋ— ਕਿਵੇਂ ਦੱਸ ਸਕਦੇ ਹੋ? ਲਿਖਕੇ ਕਿਵੇਂ ਪ੍ਰਗਟ ਕਰ ਸਕਦੇ ਹੋ? ਜਿਵੇਂ ਉਹ ਕਾਵਜ ਦੀਆਂ ਬਾਰੀਕੀਆਂ, ਕਾਵਜ ਦੇ ਸੂਖਮ ਵਲਵਲੇ, ਕਾਵਜ ਦੇ ਵਜ਼ਨ ਦੀ ਉਹ ਹਲਕੀ ਤੋਂ ਹਲਕੀ ਹਵਾ ਦਾ ਵਜ਼ਨ ਨਹੀਂ ਨਾ ਦਸਿਆ ਜਾ ਸਕਦਾ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਤਿਵੇਂ ਹੀ ਨਬਜ਼ ਦਾ ਹਾਲ ਹੈ। ਨਬਜ਼ ਬਾਰੇ ਦੱਸਿਆ ਨਹੀਂ ਜਾ ਸਕਦਾ, ਹਾਂ! ਮਹਿਸੂਸ ਕੀਤਾ ਜਾ ਸਕਦਾ ਹੈ। ਦੁਖੀ ਜੀ—ਆਪ ਨੇ ਆਖਿਆ—ਮਰੀਜ਼ ਦੀ ਨਬਜ਼ ਦੇਖਣ ਸਮੇਂ ਉਹ ਮੈਨੂੰ ਅੰਦਰਲੇ ਹਾਲ ਰੋਗੀ ਦੇ ਰੋਗ ਬਾਰੇ ਐਉਂ ਧੜਕ ਧੜਕ ਕੇ ਦੱਸਦੀ ਹੈ ਮਾਨੋਂ ਫੁੱਟ ਫੁੱਟ ਮੂੰਹੋਂ ਪਈ ਬੋਲਦੀ ਹੋਵੇ। ਦਿਮਾਗ ਵਿੱਚ ਅਜੀਬ ਹਰਕਤ ਹੋਣ ਲੱਗ ਪੈਂਦੀ ਹੈ, ਜਿਸ ਨਾਲ ਮੈਂ ਰੋਗੀ ਦੇ ਰੋਗ ਨੂੰ ਜਾਣੀ ਖੁੱਲੀ ਕਿਤਾਬ ਦੀ ਸ਼ਕਲ ਵਿੱਚ ਪੜ੍ਹਦਾ ਹਾਂ। ਆਦਿਕ।"



Digitized by Panjab Digital Library | www.panjabdigilib.org

ਆਪ ਦੀ ਨਾਜ਼ਕ ਖਿਆਲੀ ਦਾ ਏਥੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਆਪ ਕਿਹਾ ਕਰਦੇ ਸਨ ਕਿ:–

"ਸੁਵੇਰ ਦੇ ਪਹਿਰ ਨਬਜ਼ ਚੰਗੀ ਤਰ੍ਹਾਂ ਸਮਝ ਆ ਸਕਦੀ ਹੈ।"

ਇਸੇ ਹੀ ਤਰ੍ਹਾਂ ਆਮ ਲੋਕਾਂ ਦੀ ਭੀੜ, ਮੇਲੇ ਦੇ ਰੌਲੇ ਕਰ ਕੇ ਮੱਸਿਆ ਤੇ ਚੌਦਸ ਨੂੰ ਆਖਿਆ ਕਰਦੇ ਸਨ:–

"ਚੰਗੀ ਤਰ੍ਹਾਂ ਸੂਖਮਤਾ ਨਾਲ ਨਬਜ਼ ਦਾ ਘੱਟ ਪਤਾ ਲੱਗਦਾ ਹੈ ਕਿਉਂਕਿ ਮੇਲੇ ਦੇ ਕਾਰਣ ਸਰੀਰ ਵਿੱਚ ਵਧੀਕ ਗਰਮੀ ਹੋਣ ਨਾਲ ਕੁੱਝ ਹਵਾਈ ਹੀ ਹੋਰ ਹੋ ਜਾਂਦਾ ਹੈ।"

ਨਬਜ਼ ਦੇਖਣ ਦੇ ਆਪ ਹਾਤਮ ਸਨ। ਇਹ ਦਿਮਾਗ ਦੀ ਨਾਜ਼ਕ ਖਿਆਲੀ ਆਪ ਦੇ ਖਾਨਦਾਨ ਵਿੱਚ ਵਿਰਸੇ ਵਿੱਚ ਹੀ ਮਿਲੀ ਹੋਈ ਚਲੀ ਆ ਰਹੀ ਹੈ।

ਇਸ ਬਾਰੇ ਕਦੇ ਕਦੇ ਆਪ ਨੂੰ ਕਰੜਾ ਇਮਤਿਹਾਨ ਭੀ ਆ ਪੈਂਦਾ, ਪਰ ਗੁਰੂ ਆਸਰੇ ਆਪ ਪਾਸ ਹੀ ਹੁੰਦੇ। ਇਕ ਵਾਰ ਆਪ ਇਕ ਇਸਤ੍ਰੀ ਮਰੀਜ਼ ਦੀ ਨਬਜ਼ ਦੇਖਣ ਗਏ। ਘਰ ਵਾਲੇ ਆਖਣ ਔਰਤ ਸਖਤ ਬੀਮਾਰ ਹੈ, ਕਈ ਦਿਨਾਂ ਤੋਂ ਤੰਗ ਹੈ, ਪਰ ਵੈਦ ਜੀ ਨਬਜ਼ ਦੇਖ ਕੇ ਆਖਣ ਕਿ ਰੋਗ ਹੀ ਕੋਈ ਨਹੀਂ। ਆਖਰ ਕਾਰ ਵੈਦ ਜੀ ਨੇ ਉਸ ਦੀ ਬੀਮਾਰੀ ਲੱਭ ਹੀ ਲਈ। ਪਾਖੰਡ ਪ੍ਰਗਟ ਹੋ ਗਿਆ ਤੇ ਇਸਤ੍ਰੀ ਰਾਜ਼ੀ ਹੋ ਗਈ। ਉਸ ਬਾਰੇ ੨੯ ਜਨਵਰੀ ੧੯੦੬ ਦੇ ਰੋਜ਼ਨਾਮਚੇ ਵਿੱਚ ਇਸਤਰ੍ਹਾਂ ਦਰਜ ਹੈ:–

"ਅੱਜ ਲਾਹੌਰ ਤੋਂ ਭਾਈ......ਸਿੰਘ ਜੀ, ਲਾਹੌਰ ਸਰਦਾਰ......ਸਿੰਘ ਜੀ ਦੀ ਔਰਤ ਦੇ ਇਲਾਜ ਵਾਸਤੇ ਲੈਣ ਆਏ। ਬਹੁਤ ਸੋਚ ਵਿਚਾਰ ਪਿੱਛੋਂ ੧੨ ਬਜੇ ਸਾਥ ਹੋ ਤੁਰਿਆ। ਰਾਤ ਜਾਕੇ ਬੀਮਾਰ ਔਰਤ ਦੇਖੀ। ਪੂਰੀ ਤਰ੍ਹਾਂ ਦੇਖਣ ਤੋਂ ਪਤਾ ਲੱਗਾ ਕਿ ਢਾਈ ਆਨੇ ਬੀਮਾਰੀ ਤੇ ਸਾਢੇ ਤੇਰਾਂ ਆਨੇ ਪਖੰਡ ਹੈ। ਬਹੁਤ ਸਮਝਾਣ ਬੁਝਾਣ ਤੇ ਉਹ ਔਰਤ ਮੰਨ ਗਈ ਤੇ ਉਸਨੇ ਕਿਹਾ ਕਿ ਮੈਂ ਅਜੇ ੧ ਵਾਰ ਹੋਰ ਖੇਡਣਾ ਹੈ ਦਵਾ ਨਹੀਂ ਖਾਣੀ।"

ਆਪ ਸਭ ਕੁਛ ਕਰਦੇ ਹੋਏ ਭੀ ਆਸਰਾ ਵਾਹਿਗੁਰੂ ਉਪਰ ਹੀ



Digitized by Panjab Digital Library | www.panjabdigilib.org

ਰੱਖਦੇ ਸਨ।ਇਹ ਕਦੇ ਨਾ ਸਨ ਆਖਦੇ ਕਿ 'ਮੈਂ ਕੀਤਾ ਹੈ' ਸਗੋਂ ਵਾਹਿਗੁਰੂ ਦੀ ਕ੍ਰਿਪਾ ਹੀ ਸਮਝਦੇ ਤੇ ਮਹਿਸੂਸ ਕਰਦੇ ਸਨ। ਆਪ ਦੀ ਉੱਨਤੀ ਦਾ ਸਭ ਤੋਂ ਵੱਡਾ ਭੇਦ ਹੀ ਇਸ ਆਸਤਕਤਾ ਵਿੱਚ ਛਿਪਿਆ ਹੋਇਆ ਸੀ। ਤੇ ਆਪ ਨਜ਼ਰ ਨਿਆਜ਼ (ਭੇਟ) ਲੈਣ ਦੇ ਤਾਂ ਅਖੀਰ ਦਮ ਤਕ ਵਿਰੋਧੀ ਰਹੇ ਹਨ ।

## ਸਕੱਤ੍ਰ-ਪ੍ਰੋਫੈਸਰ

੬ ਨਵੰਬਰ ਨੂੰ ਆਪ ਨੇ ਪ੍ਰਚਾਰਕ ਵਿਦਯਾਲੇ* ਦੀ ਕਮੇਟੀ ਵਿੱਚ ਹਿੱਸਾ ਲਿਆ ਜਿਸ ਵਿੱਚ ਤਜਵੀਜ਼ ਹੋਈ ਜੋ ਇਸ ਆਸ਼੍ਰਮ ਨੂੰ 'ਮਾਝਾ ਦੀਵਾਨ' ਨਾਲ ਸੰਬੰਧਤ ਕੀਤਾ ਜਾਵੇ, ਤੇ ਆਪ ਸਰਬ ਸੰਮਤੀ ਨਾਲ ਪਹਿਲੇ ਸਕੱਤ੍ਰ ਥਾਪੇ ਗਏ ।

੧੦ ਨਵੰਬਰ ੧੯੦੬ ਨੂੰ ਪ੍ਰਚਾਰਕ ਆਸ਼੍ਰਮ ਦੀ ਅਮਾਰਤ ਦੀ ਬੁਨਿਆਦ ਰੱਖਣ ਲਈ ਬੜੀ ਧੂਮ ਧਾਮ ਨਾਲ ਦੀਵਾਨ ਹੋਇਆ। ਦੂਰੋਂ ਦੂਰੋਂ ਸੰਗਤਾਂ ਆਈਆਂ ਤੇ ਆਪ ਨੇ ਵੱਧ ਚੜ੍ਹ ਕੇ ਸੇਵਾ ਕੀਤੀ।

੨੩ ਨਵੰਬਰ ੧੯੦੬ ਤੋਂ ਆਪ ਨੇ 'ਪ੍ਰਚਾਰਕ ਵਿਦਯਾਲੇ' ਵਿੱਚ ਵੈਦਕ-ਪ੍ਰੋਫੈਸਰ ਦੀ ਹੈਸੀਅਤ ਵਿੱਚ ਔਨਰੇਰੀ ਪੜ੍ਹਾਉਣਾ ਸ਼ੁਰੂ ਕੀਤਾ। ਡਾਇਰੀ ਵਿਚ ਇਸ ਤਰ੍ਹਾਂ ਦਰਜ ਹੈ:-

> "ਅੱਜ ਤੋਂ ਪ੍ਰਚਾਰਕ ਵਿਦਯਾਲਯ ਵਿੱਚ ਵੈਦਕ ਦਾ ਮਜ਼ਮੂਨ 'ਵੈਦ ਕਲਪ ਤਰੂ' ਗ੍ਰੰਥ ਰੋਜ਼ ਪੜ੍ਹਾਉਣਾ ਸ਼ੁਰੂ ਕੀਤਾ।"

---

* ਖਾਲਸਾ ਪ੍ਰਚਾਰਕ ਵਿਦਯਾਲਾ ੬ ਨਵੰਬਰ ੧੯੦੬ ਨੂੰ ਤਰਨ ਤਾਰਨ ਵਿੱਚ ਆਰੰਭ ਹੋਇਆ। ਜਿਸ ਦੀ ਸਰ ਪ੍ਰਸਤੀ ਛੇਤੀ ਹੀ 'ਖਾਲਸਾ ਮਾਝਾ ਦੀਵਾਨ' ਨੇ ਸੰਭਾਲ ਲਈ।ਇਹ ਦੀਵਾਨ ਸੰਨ ੧੯੦੮ ਵਿਚ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਨਾਲ ਸੰਬੰਧਤ ਹੋ ਕੇ 'ਮਾਝਾ ਪ੍ਰਚਾਰ ਸਬ ਕਮੇਟੀ' ਦੇ ਰੂਪ ਵਿਚ ਬਦਲ ਗਿਆ। ਇਹ ਵਿਦਯਾਲਾ ਹੁਣ ਤਕ ਲਗਾ ਤਾਰ ਚਲ ਰਿਹਾ ਹੈ। ਭਾਈ ਸਾਹਿਬ ਇਸ ਦੇ ਮੋਢੀਆਂ ਵਿਚੋਂ ਤੇ ਪਹਿਲੇ ਸਕੱਤ੍ਰ ਸਨ।



Digitized by Panjab Digital Library | www.panjabdigilib.org

੨੮ ਨਵੰਬਰ ੧੯੦੬ ਦੀ ਡਾਇਰੀ ਵਿੱਚ ਆਪ ਲਿਖਦੇ ਹਨ:–

"ਖਾਲਸਾ ਦੀਵਾਨ ਮਾਝਾ ਵਾਸਤੇ ੧੯ ਰਜਿਸਟਰਾਂ ਦੇ ਨਮੂਨੇ ਲਿਖੇ ।"

ਉਸ ਸਮੇਂ ਦਾ ਕਿਹੜਾ ਧਾਰਮਕ ਤੇ ਕੌਮੀ ਸੇਵਕ ਜੱਥਾ ਸੀ, ਜਿਸ ਵਿਚ ਆਪ ਨੇ ਹਿੱਸਾ ਨਾ ਲਿਆ ਹੋਵੇ ।

## ਦਰਯਾ ਦਿਲੀ

ਆਪ ਦੀ ਦਰਯਾ ਦਿਲੀ ਤੇ ਕੌਮੀ ਪਿਆਰ ਦੀ ਇਕ ਹੋਰ ਨਿਰਾਲੀ ਝਲਕ ਪਾਠਕਾਂ ਨੂੰ ਜ਼ਰੂਰ ਅਨੰਦ ਦੇਵੇਗੀ ।

ਜਿਸ ਵਕਤ ਆਪ ਨੇ 'ਦੂਖ ਨਿਵਾਰਨ' ਰਸਾਲਾ ਜਾਰੀ ਕੀਤਾ ਪੰਜਾਬੀ ਗੁਰਮੁਖੀ ਸੰਸਾਰ ਵਿਚ ਅਨੰਦ ਦੀ ਲਹਿਰ ਦੌੜ ਗਈ । ਇਹ ਵਧਦੀ ਪ੍ਰਭੁਤਾ ਕਈ ਸਮਕਾਲੀਆਂ ਨੂੰ ਚੁਭੀ,ਜੋ ਇਕ ਸਾਧਾਰਨ ਗੱਲ ਹੈ ।

ਅਸੀਂ ਪਿੱਛਲੇ ਪੱਤਰਿਆਂ ਵਿਚ ਦੱਸ ਆਏ ਹਾਂ ਕਿ ਭਾਈ ਵੀਰ ਸਿੰਘ ਜੀ ਨਾਲ ਆਪ ਦਾ ਬੜਾ ਹੀ ਗੂੜ੍ਹਾ ਪਿਆਰ ਸੀ । ਗੁਰਮੁਖੀ ਦੇ ਗੇਣਵੇਂ ਅਖਬਾਰਾਂ ਵਿੱਚੋਂ ਇਕ'ਖਾਲਸਾ ਸਮਾਚਾਰ' ਸੀ ਜਿਸ ਦੇ ਮਾਲਕ ਤੇ ਪ੍ਰਬੰਧਕ ਭਾਈ ਵੀਰ ਸਿੰਘ ਜੀ ਸਨ । ਵੈਦ ਜੀ ਆਪਣਾ 'ਦੂਖ ਨਿਵਾਰਨ' ਪੱਤ੍ਰ ਛਪਵਾਉਂਦੇ ਭੀ ਓਦੋਂ ਵਜ਼ੀਰਹਿੰਦ ਪ੍ਰੈਸ ਵਿੱਚੋਂ ਹੀ ਸਨ।ਪਹਿਲਾ ਪਰਚਾ ਛਪਦਿਆਂ ਜਿੱਥੇ ਹੋਰ ਅਖਬਾਰਾਂ ਨੇ ਸੁਹਣੇ ਰੀਵੀਊ ਕੀਤੇ ਓਥੇ 'ਖਾਲਸਾ ਸਮਾਚਾਰ'ਨੇ ਇਸ ਦਾ ਰੀਵੀਊ ਹੀ ਨਾ ਕੀਤਾ। ਵੈਦ ਜੀ ਨਾਲ ਐਨੀ ਮਿੱਤ੍ਰਤਾ ਪਿਆਰ ਤੇ ਸੰਬੰਧ ਹੋਣ ਕਰ ਕੇ, ਫੇਰ ਰਸਾਲਾ ਉਨ੍ਹਾਂ ਦੇ ਪ੍ਰੈਸ ਵਿਚ ਛਪਦਾ ਹੋਣ ਕਰ ਕੇ ਤੇ ਲਿਖਾਰੀ ਭਰਾ ਹੋਣ ਕਰ ਕੇ ਭੀ ਭਾਈ ਸਾਹਿਬ ਜੀ ਦਾ ਜਰੂਰੀ ਫਰਜ਼ ਸੀ ਕਿ ਰੀਵੀਊ ਕਰਦੇ, ਪਰ ਆਪ ਨੇ ਨਾ ਕੀਤਾ । ਵੈਦ ਜੀ ਪਰਚਾ ਲੈ ਕੇ ਆਪ ਭਾਈ ਵੀਰ ਸਿੰਘ ਜੀ ਪਾਸ ਪੁੱਜੇ ਤੇ ਨਿਰਪੱਖ ਰੀਵੀਊ ਲਿਖਣ ਲਈ ਕਿਹਾ । ਇਹੀ ਗੱਲ ਆਪ ਜੀ ਨੇ ਪਹਿਲੇ ਪੱਤ੍ਰ ਦੇ ਮੁਢ ਵਿਚ ਰੀਵੀਊ ਕਰਨ ਲਈ ਹੋਰ ਸਮਕਾਲੀਆਂ ਨੂੰ ਲਿਖੀ । ਜਿਵੇਂ:–

"ਅਖਬਾਰਾਂ ਵਾਲੇ ਸਜਣ ਇਸ ਦਾ ਸਚਾਈ ਨਾਲ ਰੀਵੀਊ ਕਰ ਦੇਣ ।"



Digitized by Panjab Digital Library | www.panjabdigilib.org

ਪਰ ਭਾਈ ਸਾਹਿਬ ਵੀਰ ਸਿੰਘ ਜੀ ਨੇ ਪਤਾ ਨਹੀਂ ਕਿਸ ਖਿਆਲ ਤੋਂ ਰੀਵੀਊ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਇਸ ਬਾਰੇ ਆਪਦਾ ਨੋਟ ੨੮ ਜਨਵਰੀ ੧੯੦੬ ਦੀ ਡਾਇਰੀ ਵਿੱਚ ਇਸਤਰ੍ਹਾਂ ਦਰਜ ਹੈ:—

"ਰੀਵੀਊ ਕਰਨ ਲਈ ਕਹਿਣ ਤੇ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਨੇ ਕਿਹ ਕਿ ਅਸੀਂ ਦੂਖ ਨਿਵਾਰਨ ਦਾ ਰੀਵੀਊ ਨਹੀਂ ਕਰਾਂਗੇ (ਕਿਉਂਕਿ) ਇਹ ਸਾਡੇ ਖਿਆਲਾਂ ਦਾ ਨਹੀਂ।"

ਸਾਨੂੰ ਸਮਝ ਨਹੀਂ ਪਈ ਕਿ ਇਹ ਕੀ ਕਾਰਣ ਹੈ ? ਕੀ ਕੋਈ ਹੋਰ ਵਿਸ਼ੇ ਵਾਲੇ ਪੱਤ੍ਰ ਦਾ ਰੀਵੀਊ ਨਹੀਂ ਕਰਦਾ ਹੁੰਦਾ ? ਇਹ ਤਾਂ ਸੀ ਹੀ ਉਸ ਸਮੇਂ ਦਾ ਸਭ ਤੋਂ ਸੁਹਣਾ ਤੇ ਹਰਮਨ ਪਿਆਰਾ ਪੱਤ੍ਰ। ਫੇਰ 'ਸਾਡੇ ਖਿਆਲਾਂ ਦਾ ਨਹੀਂ' ਦਾ ਕੀ ਅਰਥ ? ਇਸ ਦਾ ਉੱਤਰ ਵੈਦ ਜੀ ਭੀ ਇਸੇ ਤਰ੍ਹਾਂ ਦਾ ਹੀ ਦੇ ਸਕਦੇ ਸਨ, ਪਰ ਨਹੀਂ, ਆਪ ਨੇ ਪਿਆਰ ਨਾਲ ਇਸ ਖਿਆਲ ਉੱਤੇ ਜਿੱਤ ਪ੍ਰਾਪਤ ਕੀਤੀ, ਤੇ ਇਹ ਕੋਝਾ ਖਿਆਲ ਹੀ ਭੁਲਾ ਦਿਤਾ।

ਇਸੇ ਸਾਲ ਦੇ ਅਖੀਰ ੧੭ ਦਸੰਬਰ ਨੂੰ ਭਾਈ ਵੀਰ ਸਿੰਘ ਜੀ ਨੇ ਆਪਣੀ ਪ੍ਰਸਿੱਧ ਪੁਸਤਕ ਰਾਣਾ ਸੂਰਤ ਸਿੰਘ, ਵੈਦ ਜੀ ਨੂੰ ਦੂਖ ਨਿਵਾਰਨ ਵਿੱਚ ਰੀਵੀਊ ਲਈ ਦਿਤੀ*। ਆਪ ਨੂੰ ਪਿਛਲੇ ਦੂਖ ਨਿਵਾਰਨ ਦੇ 'ਖਾਲਸਾ ਸਮਾਚਾਰ' ਵਿੱਚ 'ਨਾ ਰੀਵੀਊ ਕਰਨ' ਬਾਰੇ ਸਾਫ ਇਨਕਾਰ ਕਰਨ ਦਾ ਪੂਰਾ ਪੂਰਾ ਹੱਕ ਸੀ, ਪਰ ਨਹੀਂ, ਆਪ ਦਾ ਇਹ ਜ਼ਾਤੀ ਕੰਮ ਨਾ ਸੀ। ਆਪ ਇਸ ਨੂੰ ਕੌਮੀ ਕੰਮ ਸਮਝਦੇ ਸਨ। ਆਪ ਦਾ ਰਾਣਾ ਸੂਰਤ ਸਿੰਘ ਦਾ ਰੀਵੀਊ ਕਰਨਾ ਭਾਈ ਵੀਰ ਸਿੰਘ ਜੀ ਲਈ ਨਾ ਸੀ ਸਗੋਂ ਕੌਮੀ ਲਾਭ ਅੱਖਾਂ ਅੱਗੇ ਸੀ। ਇਸ ਲਈ ਆਪ ਨੇ ਫਰਵਰੀ ੧੯੦੭ ਦੇ 'ਦੂਖ ਨਿਵਾਰਨ' ਸਫਾ ੩੩ ਤੇ ੩੪ ਉੱਪਰ ਬੜੇ ਹੀ ਜ਼ੋਰ ਦਾਰ ਸ਼ਬਦਾਂ

---

*"ਸ੍ਰੀ ਅੰਮ੍ਰਿਤਸਰ ਜੀ ਗਿਆ। ਸ੍ਰੀ ਮਾਨ ਭਾਈ ਵੀਰ ਸਿੰਘ ਜੀ ਨੇ ਰਾਣਾ ਸੂਰਤ ਸਿੰਘ ਰੀਵੀਊ ਵਾਸਤੇ ਦਿਤਾ।"

੧੬ ਦਸੰਬਰ ੧੯੦੬ ਦਾ ਡਾਇਰੀ ਨੋਟ



Digitized by Panjab Digital Library | www.panjabdigilib.org

ਵਿੱਚ ਪੂਰੇ ਦੋ ਸਫੇ ਦਾ ਗ਼ਜ਼ਬ ਦਾ ਰੀਵੀਊ ਕੀਤਾ। ਇਹ ਹੈ ਆਪ ਦਾ ਧਾਰਮਕ, ਕੌਮੀ ਤੇ ਮੁਲਕੀ ਪਿਆਰ।

## ਪੰਥਕ ਪਿਆਰ

ਏਹੋ ਹੀ ਨਹੀਂ, ਪੰਥਕ ਪਿਆਰ ਦੀ ਇਕ ਹੋਰ ਮਿਸਾਲ ਸਾਨੂੰ ਆਪ ਦੇ ਲੇਖਾਂ ਵਿੱਚੋਂ ਮਿਲਦੀ ਹੈ।

ਪੰਜਾਬੀ ਦੇ ਸਾਰੇ ਅਖਬਾਰ ਉਸ ਵੇਲੇ ਡੱਕੋ ਡੋਲੇ ਖਾ ਰਹੇ ਸਨ। ਖਾਲਸਾ ਸਮਾਚਾਰ ਦੀ ਹਾਲਤ ਭੀ ਉਸ ਵੇਲੇ ਡਾਢੀ ਡਾਵਾਂਡੋਲ ਹੋ ਗਈ। ਪ੍ਰਬੰਧਕਾਂ ਨੇ 'ਖਾਲਸਾ ਸਮਾਚਾਰ' ਨੂੰ ਬੰਦ ਕਰ ਦੇਣ ਦੀ ਪੱਕੀ ਸਲਾਹ ਕਰ ਲਈ। ਵੈਦ ਜੀ ਨੂੰ ਪਤਾ ਲੱਗਾ ਤਾਂ ਆਪਦੀਆਂ ਅੱਖਾਂ ਵਿੱਚ ਲਹੂ ਦੇ ਅੱਥਰੂ ਆ ਗਏ। ਕੌਮ ਦਾ ਖਿਆਲ ਕਰਕੇ, ਪੰਥ ਦੇ ਫਾਇਦੇ ਨੂੰ ਅੱਖਾਂ ਅੱਗੇ ਰੱਖ ਕੇ, ਮੁਲਕੀ ਫਾਇਦੇ ਨੂੰ ਸੋਚ ਕੇ ਆਪ ਨੇ ਅਕਤੂਬਰ ੧੯੦੬ ਦੇ 'ਦੂਖ ਨਿਵਾਰਨ' ਸਫਾ ੨੩੪ ਉੱਤੇ 'ਸੰਭਲ ਲਓ' ਦੀ ਸੁਰਖੀ ਹੇਠ ਡਾਢਾ ਹੀ ਜ਼ੋਰਦਾਰ,ਹਮਦਰਦੀ ਤੇ 'ਖਾਲਸਾ ਸਮਾਚਾਰ'ਲਈ ਸਹਾਇਤਾ ਦੀ ਅਪੀਲ ਦਾ ਲੇਖ ਲਿਖਿਆ। ਆਪ ਲੇਖ ਨੂੰ ਇਸਤਰ੍ਹਾਂ ਸ਼ੁਰੂ ਕਰਦੇ ਹਨ:-

> "ਹਾ! ਲੇਖਣੀ ਰੁਕਦੀ ਹੈ, ਦਿਲ ਧੜਕਦਾ ਹੈ, ਪਰਮੇਸ਼੍ਵਰ ਕਰੇ ਇਹ ਖਬਰ ਝੂਠੀ ਹੀ ਨਿਕਲੇ। ਅਸੀਂ ਸ਼ੋਕ ਨਾਲ ਇਹ ਖਬਰ ਪ੍ਰਗਟ ਕਰਦੇ ਹਾਂ ਕਿ ਅਸੀਂ ਮੋਤਬਰ ਜ਼ਰੀਏ ਤੋਂ ਸੁਣਿਆਂ ਹੈ ਕਿ ਚੰਦਾ ਨਾ ਦੇਵਣ ਵਾਲੇ ਖਰੀਦਾਰਾਂ ਦੀ ਕ੍ਰਿਪਾ ਅਤੇ ਪੰਥ ਦੀ ਅਨਗਹਿਲੀ ਤੋਂ ਤੰਗ ਆਕੇ, 'ਖਾਲਸਾ ਸਮਾਚਾਰ'ਦੇ ਪ੍ਰਬੰਧਕ ਉਦਾਸ ਹੋ ਗਏ ਹਨ,ਅਤੇ ਉਹ ਅਖਬਾਰ ਖਾ: ਸਮਾਚਾਰ ਨੂੰ ਬੰਦ ਕਰ ਦੇਣ ਦਾ ਵਿਚਾਰ ਕਰ ਰਹੇ ਹਨ।"

ਇਸ ਤਰ੍ਹਾਂ ਸੱਚੇ ਦਰਦ ਭਰੇ ਹਿਰਦੇ ਨਾਲ ਸ਼ੁਰੂ ਕਰਕੇ ਬੜੇ ਜ਼ੋਰ ਦਾਰ ਸ਼ਬਦਾਂ ਵਿੱਚ ਪੰਥਕ ਅਖਬਾਰਾਂ ਦੀ ਹੋਂਦ ਨੂੰ ਜਣਾਉਂਦੇ ਤੇ ਮਹਿਸੂਸ ਕਰਾਉਂਦੇ ਹਨ। ਦੂਜੇ ਪੰਜਾਬੀ ਅਖਬਾਰਾਂ ਲਈ ਹਮਦਰਦੀ ਤੇ ਮਦਦ ਕਰਨ ਦੀ ਬੇਨਤੀ ਕਰਦੇ ਹੋਏ ਅਖੀਰ ਵਿੱਚ ਇਸ ਲੇਖ ਨੂੰ ਇਸਤਰ੍ਹਾਂ



Digitized by Panjab Digital Library | www.panjabdigilib.org

ਖਤਮ ਕਰਦੇ ਹਨ ।

"ਸੋ ਚੰਦੇ ਨਾ ਭੇਜਣ ਵਾਲੇ ਸੱਜਣੋ ! ਆਪ ਪੰਥ ਦੇ ਵਾਸਤੇ, ਪੰਜਾਬੀ ਦੇ ਵਾਸਤੇ, ਪੰਥਕ ਆਸ਼੍ਰਮਾਂ ਦੇ ਵਾਸਤੇ ਕ੍ਰਿਪਾ ਕਰਕੇ ਆਪਣੇ ਬਾਕੀ ਚੰਦੇ ਭੇਜਕੇ 'ਖਾਲਸਾ ਸਮਾਚਾਰ' ਨੂੰ ਸੰਭਲ ਲਓ।"

ਅੱਗੇ ਏਸੇ ਲੇਖ ਵਿਚ ਪ੍ਰਬੰਧਕਾਂ ਦੇ ਨੁਕਸਾਂ ਅਵਗੁਣਾਂ ਨੂੰ ਧੀਰਜ, ਭ੍ਰਾਤ੍ਰੀ ਭਾਵ ਤੇ ਘਰ ਵਿਚ ਬੈਠਕੇ ਸਮਝਾਉਣ ਦੀ ਸਲਾਹ ਦਿੰਦੇ ਹੋਏ ਲਿਖਦੇ ਹਨ:—

"ਅਤੇ ਜੇ ਕੋਈ ਨੁਕਸ ਦੇਖ ਰਹੇ ਹੋ ਤਦ ਮੈਤ੍ਰੀ ਭਾਵ ਨਾਲ ਸੁਧਾਰ ਦਾ ਪ੍ਰਬੰਧ ਕਰ ਲਓ। ਨਹੀਂ ਤਾਂ ਸਾਰੀ ਬੁਰਿਆਈ ਤੇ ਨੁਕਸਾਨ ਦਾ ਨਿਸ਼ਾਨਾ ਆਪ ਹੋਵੋਗੇ। 'ਸਮਾਚਾਰ' ਦੀ ਜ਼ਿੰਦਗੀ ਆਪ ਪਰ ਹੀ ਨਿਰ-ਭਰ ਹੈ। ਹੋਰ ਪੰਥ ਹਿਤੂਆਂ ਨੂੰ 'ਸਮਾਚਾਰ' ਵਾਸਤੇ ਸ਼ੁਭ ਵਿਚਾਰਾਂ ਦੀ ਵਿਚਾਰ ਚਾਹੀਦੀ ਹੈ।"

ਪਾਠਕਾਂ ਨੂੰ ਦੱਸਣ ਦੀ ਲੋੜ ਨਹੀਂ ਕਿ ਉਪ੍ਰੋਕਤ ਸਤਰਾਂ ਵਿੱਚੋਂ ਭਾਈ ਸਾਹਿਬ ਜੀ ਦੇ ਹਿਰਦੇ ਦਾ ਪੰਥਕ ਪਿਆਰ, ਕੌਮ-ਹਿਤ ਤੇ ਗੁਰ-ਸਿੱਖੀ ਪ੍ਰੇਮ ਡੁਲ੍ਹ ਡੁਲ੍ਹ ਪੈ ਰਿਹਾ ਹੈ। ਆਪ ਜੀ ਦੀਆਂ ਅੱਖਾਂ ਅੱਗੇ ਜੇ ਕੋਈ ਨਸ਼ਾਨਾ ਹੈ ਤਾਂ ਉਹ ਪੰਥਕ ਭਲਾਈ ਤੇ ਕੌਮੀ ਉੱਨਤੀ ਦਾ ਪ੍ਰਬਲ ਖਿਆਲ ਠਾਠਾਂ ਮਾਰ ਰਿਹਾ ਹੈ। ਆਪ ਨਿਜਦੇ ਖਿਆਲਾਂ, ਨਿਜਦੇ ਝਗ-ੜਿਆਂ ਤੇ ਨਿਜਦੇ ਵਰਤਾਉ ਨੂੰ ਪਬਲਿਕ ਵਿੱਚ ਨਹੀਂ ਲਿਆਉਣਾ ਚਾਹੁੰਦੇ। ਇਸਤਰ੍ਹਾਂ ਆਪ ਆਪਣੇ ਲਾਭ ਹਾਨਿ ਨੂੰ ਪਬਲਕ ਲਾਭ ਹਾਨਿ ਤੋਂ ਅਲੱਗ ਰੱਖ ਕੇ ਜੰਤਾ ਦੇ ਭਲੇ ਲਈ, ਪੰਥਕ ਵਾਧੇ ਲਈ ਤੇ ਗੁਰ ਸਿੱਖੀ ਦੀ ਉੱਨਤੀ ਲਈ, ਜ਼ਾਤੀ ਖੁਸ਼ੀ ਰੰਜ ਨੂੰ ਲਾਂਭੇ ਰੱਖਕੇ, ਸਾਂਝੇ ਪਲੇਟ ਫਾਰਮ ਉੱਤੇ ਆਕੇ ਕੌਮੀ ਲਾਭ ਨੂੰ ਅੱਖਾਂ ਅੱਗੇ ਰੱਖਕੇ ਹੀ ਲਿਖਦੇ ਹਨ। ਇਹ ਹੈ ਆਪ ਦੇ ਜੀਵਣ ਦਾ ਆਦਰਸ਼। ਤੇ ਇਹੀ ਆਦਰਸ਼ ਆਪ ਦਾ ਅੰਤ ਪ੍ਰਯੰਤ ਨਿਭ ਗਿਆ।



Digitized by Panjab Digital Library | www.panjabdigilib.org

# ਹਮਦਰਦੀ

ਇਸੇ ਹੀ ਤਰ੍ਹਾਂ ਅਗਸਤ ੧੯੦੬ ਦੇ ਦੁਖ ਨਿਵਾਰਨ ਨੰ: ੮ ਦੇ ਸਫਾ ੧੨੯ ਉੱਪਰ ਆਪ 'ਹਮਦਰਦੀ' ਦੀ ਸੁਰਖੀ ਹੇਠ ਬੜਾ ਹੀ ਦਰਦ, ਦਲੀਲ ਭਰਿਆ ਤੇ ਦਿਲ ਹਿਲਾ ਦੇਣ ਵਾਲਾ ਲੇਖ ਲਿਖਦੇ ਹਨ:-

"ਦੂਜੇ ਦਾ ਗ਼ਮ ਵੰਡਣਾ, ਖੁਸ਼ੀ ਨੂੰ ਵਧਾਉਣਾ, ਵਿਸ਼ੇਸ਼ ਕਰਕੇ ਕਿਸੇ ਦੇ ਔਖੇ ਸਮੇਂ ਤਨ, ਮਨ, ਧਨ, ਵਿੱਦਿਆ ਅਤੇ ਗਿਆਨ ਦੁਆਰਾ ਯੋਗਤਾ ਅਨੁਸਾਰ ਨਿਸ਼ਕਾਮ ਸੇਵਾ ਅਤੇ ਸਹਾਇਤਾ ਕਰਕੇ ਦੁਖੀਆਂ ਲੋੜਵੰਦਾਂ ਦੇ ਦੁਖ ਦੂਰ ਕਰਨ ਨੂੰ ਹਮਦਰਦੀ ਆਖਿਆ ਜਾਂਦਾ ਹੈ। ਭਾਵੇਂ ਕਿਸੇ ਤਰ੍ਹਾਂ ਹੋਵੇ ਇਹ ਪ੍ਰੇਮ ਭਰੇ ਹਿਰਦੇ ਵਿਚੋਂ ਉਪਜਦੀ ਹੈ। ਹਾਂ! ਹਮ-ਦਰਦੀ ਪ੍ਰੇਮ ਦਾ ਹੀ ਇਕ ਭੇਦ ਹੈ। ਇਹ ਦਇਆ ਸਰੂਪੀ ਪ੍ਰੇਮ ਦਾਤਿਆਂ ਤੋਂ ਨਾਮ,ਗਯਾਨ,ਵਿਦਿਆ ਅਤੇ ਧਨ ਦਾ ਲੋੜਵੰਦਾਂ ਜੋਗ ਦਾਨ ਕਰਾਉਂਦਾ ਹੈ। ਦਿਆਲੂ ਪ੍ਰੇਮੀਆਂ ਜੋਗ ਮਿੱਠਾ ਬੋਲਣ, ਸੇਵਾ, ਪਰੋਪਕਾਰ ਅਤੇ ਦੂਜਿਆਂ ਨੂੰ ਅਰਾਮ ਦੇਵਣ ਦਾ ਪਿਆਰ ਸੁਭਾਵਕ ਹੀ ਪਿਆਰਾ ਲਗਦਾ ਹੈ। ਦੇਸ਼ ਅਤੇ ਕੌਮ ਨਾਲ ਨਿਸ਼ਕਾਮ ਪ੍ਰੇਮ ਇਸੇ (ਹਮਦਰਦੀ) ਦੁਆਰਾ ਹੀ ਹੋ ਸਕਦਾ ਹੈ। ਹਮਦਰਦੀ ਕਰਨ ਵਾਲੇ ਵਾਸਤੇ ਭੀ ਬਹੁਤ ਸੁਖਦਾਈ ਹੈ। ਇਸਦਾ ਲਾਭ ਮੁੜ ਮੁੜ ਕੇ ਨਿਜ ਤੇ ਹੀ ਵਾਪਰਦਾ ਹੈ। ਸਾਨੂੰ ਕੀ ਪਤਾ ਹੈ ਕਿ ਸਾਡੇ ਉਤੇ ਕਦ ਬਿਪਤਾ ਆ ਪਵੇਗੀ? ਕਿਉਂਕਿ ਕਦੇ ਨ ਕਦੇ ਇਹੋ ਜੇਹਾ ਸਮਾ ਆ ਬਣਦਾ ਹੈ ਜਦੋਂ ਆਪਨੂੰ ਭੀ ਹਮਦਰਦੀ ਕਰਾਉਣ ਦੀ ਲੋੜ ਪੈ ਜਾਂਦੀ ਹੈ, ਪਰ ਨਿਰਾ ਏਸੇ ਨਿਸਚੇ ਤੇ ਹੀ ਨਹੀਂ ਰਹਿਣਾ ਚਾਹੀਦਾ, ਸਗੋਂ ਇਹ ਹੋਣਾ ਚਾਹੀਦਾ ਹੈ ਕਿ 'ਵਾਹਿਗੁਰੂ ਨੇ ਸਾਨੂੰ ਏਸੇ ਵਾਸਤੇ ਹੀ ਬਣਾਇਆ ਹੋਇਆ ਹੈ। ਸਭ ਵਿਚ ਵਾਹਿਗੁਰੂ ਭਰਪੂਰ ਹੈ। ਸਾਡੇ ਸਾਰਿਆਂ ਵਿਚ ਇੱਕੋ ਹੀ ਸੱਤਾ ਕੰਮ ਕਰਦੀ ਹੈ। ਸਾਡੇ ਸਾਰਿਆਂ ਦਾ ਆਤਮਾ ਸਾਂਝਾ ਹੈ, ਜਿਸਤੋਂ ਅਸੀਂ ਭੱਜ ਨਹੀਂ ਸਕਦੇ। ਹਮਦਰਦੀ ਬਿਜਲੀ ਦੀ ਲਹਿਰ ਵਾਕੁਰ ਹੈ, ਜਿਹੜੀ ਆਤਮਾ ਨੂੰ ਆਤਮਾ ਨਾਲ, ਤਕੜੇ ਨੂੰ ਮਾੜੇ ਨਾਲ ਅਤੇ ਭਰੇ ਹੋਏ ਨੂੰ ਸੱਖਣੇ ਨਾਲ ਜੋੜਕੇ ਲਾਭ ਪਹੁੰਚਾਉਂਦੀ ਹੈ......"

ਇਹ ਇੱਕ ਬੜਾ ਲੰਮਾ ਲੇਖ ਹੈ। ਅਸੀਂ ਪਾਠਕਾਂ ਦੀ ਭੇਟ ਕੇਵਲ



Digitized by Panjab Digital Library | www.panjabdigilib.org

ਮੁੱਢੋਂ ਵੰਨਗੀ ਮਾਤ੍ਰ ਹੀ ਕੀਤਾ ਹੈ ਤਾਂ ਕਿ ਪਾਠਕ ਵੈਦ ਜੀ ਦੀ ਲੇਖਣੀ ਦਾ ਜ਼ੋਰ ਅਤੇ ਹਿਰਦੇ ਦੇ ਵਲਵਲਿਆਂ ਦਾ ਅੰਦਾਜਾ ਲਾ ਸਕਣ ।ਕਿਉਂਕਿ ਆਖਰ ਨੂੰ ਹਿਰਦੇ ਦੇ ਉਬਾਲਾਂ ਨੇ ਹੀ ਤਾਂ ਲੇਖਣੀ ਰਾਹੀਂ ਕਾਗਜ਼ ਦੀ ਛਾਤੀ ਦੇ ਅੰਕਤ ਹੋਣਾ ਹੈ ਨਾ ! ਜਿਸ ਦੇ ਆਪਣੇ ਅੰਦਰ ਹੀ ਕੁਛ ਨਾ ਹੋਉ ਉਸਦੀ ਲੇਖਣੀ ਕੀ ਕਰੂ ? ਵੈਦ ਜੀ ਦੇ ਅੰਦਰ ਪ੍ਰੇਮ, ਹਮਦਰਦੀ, ਦੁਖੀਆਂ ਦਾ ਦਰਦ ਵੰਡਾਉਣ, ਪੰਥ ਕੌਮ ਤੇ ਦੇਸ਼ ਸੇਵਾ ਦਾ ਜ਼ਬਰਦਸਤ ਵਲਵਲਾ ਕੰਮ ਕਰਦਾ ਸੀ, ਜੋ ਹਰ ਪਹਿਲੂ ਤੋਂ ਫੁੱਟ ਫੁੱਟ ਕੇ ਪ੍ਰਗਟ ਹੋ ਰਿਹਾ ਸੀ। ਪਾਠਕ ਜਨ ਉਪ੍ਰੋਕਤ ਲੇਖਾਂ ਤੋਂ ਹੀ ਅੰਦਾਜ਼ਾ ਲਾ ਸਕਦੇ ਹਨ ।

## ਅਖਬਾਰ ਨਵੀਸੀ

ਅਖਬਾਰ ਨਵੀਸੀ 'ਸੂਲਾਂ ਦੀ ਸੇਜ' ਅਥਵਾ 'ਉਸਤਰਿਆਂ ਦੀ ਮਾਲਾ' ਹੈ। ਹੋਰਨਾਂ ਦੇਸਾਂ ਵਿੱਚ ਤਾਂ ਭਾਵੇਂ ਇਹ ਗੱਲ ਨਾ ਘਟੇ ਪਰ ਹਿੰਦੁਸਤਾਨ ਵਿੱਚ ਖਾਸ ਕਰ ਪੰਜਾਬੀ ਲਈ ਤਾਂ ਸੋਲਾਂ ਆਨੇ ਦੀ ਥਾਂ ਅਠਾਰਾਂ ਆਨੇ ਸੱਚੀ ਹੈ। ਸੂਲਾਂ ਦੀ ਸੇਜ ਵਾਂਗ ਜਿੱਧਰ ਹਿੱਲੇ ਓਧਰ ਹੀ ਸੂਲਾਂ ਚੁਭਦੀਆਂ ਹਨ । ਉਸਤਰਿਆਂ ਦੀ ਮਾਲਾ ਗਲ ਪਾਉਣ ਵਾਂਗ ਜਿੱਧਰ ਮੂੰਹ ਮੋੜੋ ਓਧਰ ਹੀ ਪੱਛ ਲੱਗਦਾ ਹੈ। ਇਹ ਅਖਬਾਰ ਨਵੀਸੀ ਸਰਸਾਮ ਜਾਂ ਸੰਨਿਪਾਤ ਰੋਗ ਹੈ। ਜਿਵੇਂ ਸੰਨਿਪਾਤ ਵਿੱਚ ਵਾਤ ਪਿੱਤ ਤੇ ਕਫ ਤਿਹਾਂ ਦੋਸ਼ਾਂ ਦੇ ਵਿਗਾੜ ਨਾਲ ਇਨਸਾਨ ਦਾ ਸਰੀਰ ਮਰਨ ਕੰਢੇ ਹੋ ਜਾਂਦਾ ਹੈ, ਜ਼ੋਰ ਦਾ ਤਾਪ, ਸਿਰ ਦੁਖਣਾ, ਮੂਰਛਾ, ਉਬਾਸੀਆਂ, ਬੜ ਬੜਾਨਾ, ਹੱਥ ਪੈਰ ਮਾਰਨਾ, ਅਕਾਰਣ ਹੀ ਰੋਣਾ ਹੱਸਣਾ, ਪਿਆਸ, ਉਲ-ਟੀਆਂ, ਕਦੇ ਸਰੀਰ ਬਰਫ ਵਾਂਗ ਠੰਢਾ ਹੋ ਜਾਣਾ ਤੇ ਕਦੇ ਤੰਦੂਰ ਵਾਂਗ ਤਪਣ ਲੱਗ ਪੈਣਾ ਆਦਿਕ, ਇਸੇ ਹੀ ਤਰ੍ਹਾਂ ਅਖਬਾਰ ਨਵੀਸੀ ਤੇ ਖਾਸ ਕਰ ਸਾਡੇ ਮੁਲਕ ਦੀ ਅਖਬਾਰ ਨਵੀਸੀ ਦਾ ਹਾਲ ਹੈ। ਠਰਕੀ ਅਖਬਾਰ ਨਵੀਸ ਭਾਵੇਂ ਘੁਲ ਘੁਲ ਕੇ ਆਪਾ ਵਾਰ ਦੇਵੇ, ਲੋਕ ਉਸਨੂੰ ਸਰਸਾਮੀਏ



Digitized by Panjab Digital Library | www.panjabdigilib.org

ਦੇ ਹੱਸਣ ਵਾਂਗ 'ਗੱਫੇ ਲੁੱਟਦਾ' ਹੀ ਸਮਝਣਗੇ। ਜਿਵੇਂ ਸਰਸਾਮ ਵਾਲੇ ਦਾ ਇੱਕ ਰੋਗ ਹਟਦਾ ਹੈ ਤਾਂ ਦੂਜਾ ਜ਼ੋਰ ਪਾ ਲੈਂਦਾ ਹੈ, ਦੂਜਾ ਹਟੇ ਤਾਂ ਤੀਜਾ, ਇਸੇ ਹੀ ਤਰ੍ਹਾਂ ਸਾਡੇ ਅਖਬਾਰ ਨਵੀਸਾਂ ਦੀ ਹਾਲਤ ਹੈ। ਇੱਕ ਪਾਸਿਓਂ ਪਾਠਕਾਂ ਦੇ ਫਜ਼ੂਲ ਪੱਤ੍ਰ ਤੇ ਲਚਰ ਖਬਰਾਂ ਨਾ ਛਪਣ ਬਾਰੇ ਗੁੱਸੇ ਗਿਲੇ ਦੀਆਂ ਚਿੱਠੀਆਂ, ਦੂਜੇ ਪਾਸੇ ਛਪਣ ਕਰਕੇ ਨਾ ਚਾਹੁਣ ਵਾਲੇ ਪਾਠਕਾਂ ਦੇ ਉਲਾਂਭੇ। ਲੇਖਕ ਵਿਚਾਰਾ ਭਾਵੇਂ ਦਿਨ ਰਾਤ ਇੱਕ ਕਰਕੇ, ਜਿਗਰ ਦਾ ਖ਼ੂਨ ਚੋ ਚੋ ਕੇ ਮਜ਼ਮੂਨ ਲਿਖੇ, ਪੜ੍ਹਾਕੂਆਂ ਦਾ ਬਾਜੀਗਰਾਂ ਦੇ ਢੋਲਕ ਵਜਾਉਣ ਵਾਲੇ ਵਾਂਗੁਰ 'ਮਨ ਹੀ ਨਹੀਂ ਮੰਨਦਾ' 'ਉਹ ਝੱਟ ਕੜਾਕੇਦਾਰ ਪੱਤ੍ਰ ਲਿਖਦੇ ਹਨ:-"ਤੁਹਾਡਾ ਪੱਤ੍ਰ ਕਿਸੇ ਭੀ ਕੰਮ ਦਾ ਨਹੀਂ, ਨਾ ਕੋਈ ਸੁਆਦਲਾ ਲੇਖ ਤੇ ਨਾ ਕੋਈ ਚੱਜਦੀ ਖਬਰ ਹੈ ਸਭ ਫਜ਼ੂਲ ਮਸਾਲਾ ਭਰਿਆ ਪਿਆ ਹੈ।" ਲਿਖਦਾ ਹੈ ਤਾਂ ਪਬਲਿਕ (ਜਿਨ੍ਹਾਂ ਬਾਰੇ ਲਿਖਿਆ ਜਾਵੇ) ਤੇ ਸਰਕਾਰ ਦੇ ਗੁੱਸੇ ਤੇ ਕਾਨੂੰਨ ਦੀ ਤਲਵਾਰ ਸਿਰ ਉੱਪਰ ਲਟਕਦੀ ਹੈ, ਜੇ ਨਹੀਂ ਲਿਖਦਾ ਤਾਂ ਪੜ੍ਹਨ ਵਾਲੇ ਅਨੂਹੇਂ ਸਿੱਟਦੇ ਹਨ। ਜਾਨ ਬਚਾਕੇ ਲਿਖੇ ਤਾਂ ਦਬੜੂ ਘੁਸੜੂ ਅਤੇ ਡਰਾਕਲ ਆਖਿਆ ਜਾਂਦਾ ਹੈ, ਜ਼ੋਰ ਨਾਲ ਲਿਖੇ ਤਾਂ ਵਿਰੋਧੀ ਸਿਰ ਪਾੜ੍ਹਨ ਤੇ ਜਾਨ ਲੈਣ ਤੱਕ ਜਾਂਦੇ ਹਨ। ਸਰਕਾਰ ਵੱਲੋਂ ਜ਼ਰਾ ਜਾਨ ਬਚਾਵੇ ਤਾਂ ਆਖਦੇ ਹਨ, 'ਡਰਦਾ ਨਹੀਂ ਲਿਖਦਾ' ਸਰਕਾਰ ਬਾਰੇ ਜ਼ੋਰ ਨਾਲ ਲਿਖੇ ਤਾਂ ਜੇਲਖਾਨੇ ਦੀ ਹਵਾ ਖਾਣੀ ਪੈਂਦੀ ਹੈ। ਕਿਸੇ ਅਫਸਰ ਦੀ ਸ਼ਲਾਘਾ ਕਰੇ ਤਾ 'ਝੋਲੀ ਚੁੱਕ', ਜੇ ਵਿਰੁੱਧ ਲਿਖੇ ਤਾਂ 'ਬਾਗ਼ੀ'। ਗੱਲ ਕੀ ਸਰਸਾਮ ਵਾਂਗ ਜੇ ਇੱਕ ਰੋਗ ਜ਼ਰਾ ਠੰਡਾ ਹੋਵੇ ਤਾਂ ਦੂਜਾ ਜ਼ੋਰ ਫੜ ਲੈਂਦਾ ਹੈ, ਤੇ ਦੂੰਜਾ ਹਟੇ ਤਾਂ ਤੀਜਾ ਮਾਰੂ ਹੋ ਜਾਂਦਾ ਹੈ। ਇਸੇ ਹੀ ਤਰ੍ਹਾਂ ਸਾਡੇ ਦੇਸ ਦੀ ਅਖਬਾਰ ਨਵੀਸੀ ਦਾ ਰੋਗ ਹੈ।

ਅਖਬਾਰ ਨਵੀਸੀ ਦੀ ਠਰਕ ਵਾਲਾ ਭਾਵੇਂ ਘਰ ਕੁੱਲਾ ਵੇਚ ਕੇ ਫਕੀਰ ਹੋ ਜਾਵੇ ਪਰ ਲੋਕਾਂ ਨੂੰ 'ਲੁੱਟੀ ਜਾਂਦਾ' ਹੀ ਵਿਖਾਲੀ ਦਿੰਦਾ ਹੈ। ਪਾਠਕਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਅਖਬਾਰ ਨਵੀਸੀ ਦੀਆਂ ਸੈਂਕੜੇ



Digitized by Panjab Digital Library | www.panjabdigilib.org

ਮਸਾਲਾਂ ਮੌਜੂਦ ਹੋਣਗੀਆਂ ।ਇਸ ਉੱਪਰ ਵਧੀਕ ਲਿਖਣ ਦੀ ਲੋੜ ਨਹੀਂ । ਇਸੇ ਹੀ ਤਰ੍ਹਾਂ ਜਦ ਸਾਡੇ ਉਤਸ਼ਾਹੀ ਵੈਦਰਾਜ ਜੀ ਅਖਬਾਰ ਨਵੀਸੀ ਦੇ ਅਮਲੀ ਮੈਦਾਨ ਵਿੱਚ ਨਿਕਲੇ (ਪਹਿਲਾਂ ਤਾਂ ਆਪ ਦੂਜੇ ਅਖਬਾਰਾਂ ਨੂੰ ਮਜ਼ਮੂਨ ਭੇਜਦੇ ਤੇ ਟ੍ਰੈਕਟ ਆਦਿ ਛਪਵਾ ਕੇ ਵੰਡਦੇ ਸਨ, ਪਰ ਹੁਣ ਮਾਹ-ਵਾਰੀ ਦੁਖ ਨਿਵਾਰਨ ਸ਼ੁਰੂ ਕਰ ਲਿਆ) ਤਾਂ ਮਾਨੋਂ ਇਹ ਉਸਤਰਿਆਂ ਦੀ ਮਾਲਾ ਗਲ ਵਿੱਚ ਪੈ ਗਈ, ਤੇ ਸੂਲਾਂ ਦੀ ਸੇਜੇ ਸੌਣਾ ਪਿਆ । ਇੱਕ ਪਾਸੇ ਤਾਂ ਦਿਨ ਰਾਤ ਦੀ ਲਿਖਾਈ, ਘਰ ਦੇ ਕੰਮ, ਮਾਯਾ ਦੇ ਖਰਚ ਤੇ ਤੰਗੀ ਦਾ ਭਾਰ, ਸਮੇਂ ਸਿਰ ਰਸਾਲਾ ਪ੍ਰਕਾਸ਼ਤ ਕਰਨ ਦੀ ਚਿੰਤਾ ਤੇ ਨਵੀਆਂ ਤੋਂ ਨਵੀਆਂ ਅਤੇ ਚੋਂਦੀਆਂ ਚੁਭਦੀਆਂ ਖਬਰਾਂ ਤੇ ਲੇਖ ਪ੍ਰਾਪਤ ਕਰਨ ਦਾ ਫਿਕਰ ਰਹੇ, ਅਤੇ ਦੂਜੇ ਪਾਸੇ ਪਾਠਕਾਂ ਦੇ ਉਲਾਂਭੇ, ਮੁਖਾਲਫਾਂ ਦੀਆਂ ਧਮਕੀਆਂ ਤੇ ਸਰਕਾਰ ਦਾ ਕਾਨੂੰਨ।ਇੱਕ ਦਿੱਕਤ ਨੂੰ ਦੂਰ ਕਰਦੇ ਤੇ ਦੂਜੀ ਆ ਅੱਗੇ ਖੜੋਂਦੀ ਸੀ । ਇੱਕ ਰੋੜਾ ਰਾਹ ਵਿੱਚੋਂ ਹਟਦਾ ਤੇ ਦੂਜਾ ਪੱਥਰ ਆ ਵਿੱਚ ਅੜਦਾ । ਇਸੇ ਤਰ੍ਹਾਂ ਪਾਸੇ ਮਾਰਦਿਆਂ ਪੱਛ ਲੁਆਉਂਦਿਆਂ ਘਾਟਾ ਖਾਂਦਿਆਂ ਤੇ ਉਲਾਂਭੇ ਸਹਿੰਦਿਆਂ, ਧਮਕੀਆਂ ਝਲਦਿਆਂ ਤੇ ਖੂਨ ਸੁਕਾਉਂਦਿਆਂ ਇਕ ਸਾਲ ਨਿਕਲਿਆ । ਦੂਜਾ ਸਾਲ ਅਰਥਾਤ ੧੯੦੭ ਸ਼ੁਰੂ ਹੋਇਆ ।

ਵੈਦ ਜੀ ਨੂੰ ਕੌਮੀ ਦਰਦ, ਪੰਥਕ ਪ੍ਰੇਮ ਤੇ ਦੇਸ਼ ਦੁਰਦਸ਼ਾ ਦੇ ਦੁਖ ਨੇ ਪ੍ਰੇਰ ਕੇ ਇਸ ਮਹਾਨ ਕੰਮ ਵਿਚ ਈਸ਼੍ਵਰ ਭਰੋਸੇ ਖੜਾ ਕੀਤਾ ਸੀ । ਉਪ੍ਰੋਕਤ ਵਿਸ਼ਿਆਂ ਉੱਤੇ ਵੈਦ ਜੀ ਦਾ ਲਿਖਣਾ ਜਰੂਰੀ ਸੀ । ਆਪ ਨੇ ਬੜੇ ਜ਼ੋਰ ਸ਼ੋਰ ਨਾਲ ਲਿਖਣਾ ਸ਼ੁਰੂ ਕੀਤਾ । ਖਾਸ ਤੌਰ ਨਾਲ ਪੰਥਕ ਪ੍ਰੇਮ ਵਿੱਚ ਖੀਵੇ ਹੋ ਕੇ ਗੁਰਦੁਆਰਿਆਂ ਦੀ ਦਸ਼ਾ ਤੇ ਰਹੁ ਰੀਤਾਂ ਦੀਆਂ ਕੁਚਾਲਾਂ ਬਾਬਤ ਵੈਦ ਜੀ ਨੇ ਧੂਆਂ ਧਾਰ ਲੇਖ ਲਿਖਣੇ ਸ਼ੁਰੂ ਕੀਤੇ । ਹਰ ਪੱਤ੍ਰ ਵਿੱਚ ਪੰਥ ਨੂੰ ਹਲੂਣਾ ਦੇਣ ਵਾਲਾ ਕੋਈ ਨਾ ਕੋਈ ਤ੍ਰਿੱਖਾ ਲੇਖ, ਕਿਸੇ ਨਾ ਕਿਸੇ ਗੁਰਦੁਆਰੇ ਦੀ ਦਸ਼ਾ, ਕਿਸੇ ਨ ਕਿਸੇ ਕੁਰੀਤ ਦਾ ਵਰਨਣ ਤੇ ਕਿਸੇ ਨਾ ਕਿਸੇ ਕੁਚਾਲ ਦਾ ਜ਼ਿਕਰ ਜਰੂਰ ਹੁੰਦਾ ਸੀ ।



Digitized by Panjab Digital Library | www.panjabdigilib.org

ਸ੍ਰੀ ਅੰਮ੍ਰਿਤਸਰ ਤੇ ਸ੍ਰੀ ਤਰਨ ਤਾਰਨ ਦਰਬਾਰ ਸਾਹਿਬ ਦੀ ਹਾਲਤ ਉਸ ਵੇਲੇ ਡਾਢੀ ਹੀ ਖਰਾਬ ਸੀ।

ਉਸ ਸਮੇਂ ਬਾਬਤ 'ਖਾਲਸਾ ਦੀਵਾਨ ਮਾਝਾ' ਦੀ ਸੰਮਤ ੧੯੬੧ ਦੀ ਰੀਪੋਰਟ ਦੇ ਸਫਾ ੨੩ ਤੇ ਇਸਤਰ੍ਹਾਂ ਦਰਜ ਹੈ:-

"ਐਸੇ ਤਾਂ ਵਿਰਲੇ ਹੀ ਹੋਣਗੇ ਜੋ ਸ੍ਰੀ ਤਰਨ ਤਾਰਨ ਗੁਰ ਧਾਮ ਨੂੰ ਸ੍ਰੀ ਤਰਨ ਤਾਰਨ ਕਰਕੇ ਸਮਝਦੇ ਹੋਣਗੇ। ਹਾਂ ਪੰਜ ਸਾਲ ਅਰਥਾਤ ੧੯੫੬ ਬਿਕ੍ਰਮੀ ਤੋਂ ਪਰੇ ਤੇ ਕਿਸੇ ਭਾਗਾਂ ਵਾਲੇ ਸਮੇਂ ਤੋਂ ਉਰੇ ਇਸ ਪਵਿੱਤ੍ਰ ਅਸਥਾਨ ਨੂੰ ਬਹੁਤਿਆਂ ਮੰਦ ਭਾਗਾਂ ਵਾਲਿਆਂ ਵਲੋਂ ਇਕ ਵਿਭ-ਚਾਰ ਦਾ ਠਿਕਾਨਾ ਤਾਂ ਠੀਕ ਸਮਝਿਆ ਜਾਂਦਾ ਸੀ। ਇਥੋਂ ਤਕ ਕਿ ਜਿਸ ਵਿਭਚਾਰੀ ਨੂੰ ਸਾਲ ਭਰ ਦੇ ਖੁਲ੍ਹੇ ਵਕਤ ਵਿਚ ਆਪਣੇ ਆਪ ਨੂੰ ਪਤਤ ਕਰਨ ਦਾ ਮੌਕਿਆ ਨਾ ਮਿਲਦਾ, ਉਹ ਇੱਕ ਦੂਜੇ ਨੂੰ ਇਸਤਰਾਂ ਅਪਵਿਤ੍ਰ ਦੋਹੜੇ ਲਾਕੇ ਸੁਣਾਉਂਦਾ 'ਜੇ ਮਾਪੇ ਤੈਨੂੰ ਕੈਦ ਰੱਖਦੇ, ਸੁਖ ਮੱਸਿਆ ਚੇਤ ਦੀ ਅੜੀਏ' ਪਿਆਰੇ ਪਾਠਕੋ! ਸੱਚ ਦੱਸੀਏ ਤਾਂ ਕਲੇਜੇ ਫਟਦੇ ਹਨ, ਘਣੇਰੇ ਹੀ ਦੁਸ਼ਟ ਆਤਮਾਂ, ਮਰਦ, ਤੀਵੀਆਂ, ਇਸ ਕੁਕਰਮ ਦਾ ਵਸੀਲਾ ਸ੍ਰੀ ਗੁਰੂ ਅਰਜਨ ਦੇਵ ਨੂੰ ਰੱਖ ਲੈਂਦੇ, ਅਰਥਾਤ 'ਇਸ ਕੰਮ ਲਈ ਤੇਰੀਆਂ ਦੋ ਮੱਸਿਆ ਨ੍ਹਾਵਾਂਗਾ' ਕਹਿਕੇ ਇਨ੍ਹਾਂ ਸਾਹਿਬਾਂ ਦੀ ਸਹਾਇਤਾ ਮੰਗ ਲੈਂਦੇ। ਬੱਸ ਹੁਣ ਆਪ ਸਮਝ ਲਵੋ ਕਿ ਇਸ ਅਸਥਾਨ ਵਿਚ ਆਕੇ ਯਾਤ੍ਰੀ ਇਕ ਦੂਜੇ ਨਾਲ ਕੀ ਸਲੂਕ ਕਰਦੇ ਹੋਣਗੇ ?"

"ਕਈਆਂ ਪਤੀਆਂ ਦੀਆਂ ਇਸਤ੍ਰੀਆਂ, ਕਈਆਂ ਭਰਾਵਾਂ ਦੀਆਂ ਭੈਣਾਂ, ਕਈਆਂ ਮਾਪਿਆਂ ਦੀਆਂ ਧੀਆਂ ਪ੍ਰਕਰਮਾਂ ਵਿਚ ਉਨ੍ਹਾਂ ਪਾਸੋਂ ਖੁੱਸਕੇ ਉਛਾਲੀਆਂ ਜਾਂਦੀਆਂ ਅਤੇ ਨਰਕ ਨਿਵਾਸੀ ਟੋਲੀਆਂ ਦੇ ਮੋਢੇ ਮੋਢੀ ਟਪੀਦੀਆਂ ਤੇ ਚਾਰ ਚਾਰ ਸੌ ਕਦਮ ਤੇ ਜਾ ਜ਼ਮੀਨ ਤੇ ਟਿਕਦੀਆਂ। ਅਜੇਹੇ ਭਿਆਨਕ ਸਮੇਂ ਵਿਚ ਕੌਣ ਸੂਰਮਾ ਸੀ ਜੋ ਉੱਚੀ ਆਵਾਜ਼ ਨਾਲ ਕਹਿ ਤਾਂ ਜਾਵੇ ਕਿ 'ਨਾ ਕਰੋ ਪਿਆਰਿਓ! ਇਹ ਕੰਮ ਅੱਛਾ ਨਹੀਂ" ਕਿਉਂਕਿ ਡਰ ਸੀ ਜੋ ਲੁੱਚ ਮੰਡਲੀ ਪੂਰਾ ਕਹਿਣ ਤੋਂ ਪਹਿਲੇ ਹੀ ਖਿਚ ਕੇ ਜ਼ਮੀਨ ਤੇ ਲਿਟਾ ਦੇਵੇਗੀ।"

ਇਸੇ ਤਰ੍ਹਾਂ ਦੇ ਕੁਝ ਹਾਲਾਤ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ



Digitized by Panjab Digital Library | www.panjabdigilib.org

ਨੰਬਰ ੧੩੪ ਤੇ 'ਖਾਲਸਾ' ਅਖਬਾਰ ਦੇ ੬ ਨਵੰਬਰ ੧੮੮੬ ਦੇ ਪਰਚੇ ਵਿਚ ਛਪੇ ਹੋਏ ਹਨ।

ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ ਜੀ ਰਪੋਰਟ ਵਿੱਚ ਉਸ ਸਮੇਂ ਦੀ ਹਾਲਤ ਬਾਰੇ ਇਸਤਰ੍ਹਾਂ ਦਰਜ ਹੈ:-

"ਗੁਰਦੁਆਰਾ ਸ੍ਰੀ ਤਰਨ ਤਾਰਨ ਜੀ ਵਿਚ ਸਭ ਤੋਂ ਵੱਡੀ ਤੇ ਦੁਖ-ਦਾਈ ਖਰਾਬੀ ਦਾ ਦ੍ਰਿਸ਼ਯ ਹਰ ਮਹੀਨੇ ਮੱਸਿਆ ਸਮੇਂ ਵੇਖਣਾ ਪੈਂਦਾ ਸੀ। ਮੱਸਿਆ ਦਾ ਇਹ ਮੇਲਾ ਪੰਜਾਬ ਵਿਚ ਪਹਿਲੇ ਦਰਜੇ ਦੇ ਗੰਦੇ ਮੇਲਿਆਂ ਵਿਚ ਗਿਣਿਆਂ ਜਾਂਦਾ ਸੀ। ਬਾਹਰ ਤੋਂ ਆਏ ਲੋਗ ਸ਼ਰਾਬਾਂ ਪੀਕੇ ਪ੍ਰਕਰਮਾਂ ਵਿਚ ਆਉਂਦੇ, ਗੁੰਡਿਆਂ ਤੇ ਬਦਮਾਸ਼ਾਂ ਦੀਆਂ ਟੋਲੀਆਂ ਪਰਕਰਮਾਂ ਵਿਚ ਦੋਹੜੇ ਲਾਉਂਦੀਆਂ ਦੇ ਗੰਦ ਬਕਦੀਆਂ ਫਿਰਦੀਆਂ। ਨਾਚਿਆਂ ਦੇ ਨਾਚ ਹੁੰਦੇ, ਗਨੇਰੀਆਂ, ਬੇਰ ਤੇ ਲੱਡੂਆਂ ਦੀਆਂ ਝੋਲੀਆਂ ਦੀਆਂ ਝੋਲੀਆਂ ਬੀਬੀਆਂ ਤੇ ਖਾਲੀ ਹੁੰਦੀਆਂ। ਮੱਛਰੇ ਹੋਏ ਗਭਰੂ ਡਾਂਗਾਂ ਮੋਢਿਆਂ ਤੇ ਰੱਖੀ ਬੱਕਰੇ ਬੁਲਾਂਦੇ ਤੇ ਛੇੜ ਖਾਨੀਆਂ ਕਰਦੇ ਫਿਰਦੇ। ਧੱਕੇ ਪੈਂਦੇ, ਲੜਾਈਆਂ ਹੋ ਪੈਂਦੀਆਂ ਤੇ ਕਈਆਂ ਦੇ ਸਿਰ ਖੁਲ੍ਹ ਜਾਂਦੇ। ਬੀਬੀਆਂ ਦੀ ਬੇ-ਪਤੀ ਹੁੰਦੀ, ਚੋਰੀਆਂ ਹੁੰਦੀਆਂ ਦਰਸ਼ਨੀ ਡੇਉਢੀ ਦੇ ਅੱਗੇ ਕੰਜਰੀਆਂ ਦੇ ਮੁਜਰੇ ਹੁੰਦੇ ਤੇ ਰਾਸਾਂ ਪੈਂਦੀਆਂ ਆਦਿਕ।"

ਪੇਂਡੂ ਮੇਲਿਆਂ ਵਾਂਗ ਤਰਨ ਤਾਰਨ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿੱਚ ਮੱਸਿਆਂ ਦੇ ਜੋੜ ਮੇਲ ਉੱਪਰ ਉਸ ਵੇਲੇ ਬੜਾ ਹੀ ਸ਼ੋਕ ਜਨਕ ਨਜ਼ਾਰਾ ਹੁੰਦਾ ਸੀ। ਦਰਬਾਰ ਸਾਹਿਬ ਦੇ ਇਰਦ ਗਿਰਦ ਤੇ ਪਰਕਰਮਾਂ ਵਿੱਚ ਗੰਦ ਪਿਆ ਬਕ ਹੋਣਾ, ਸ਼ਰਾਬਾਂ ਪੀਕੇ ਮੱਘੇ ਨਿਕਲਨੇ, ਸਰੋਵਰ ਦੇ ਕੰਢੇ ਆਲੂ ਪਕੌੜੇ ਛੋਲੇ ਮਠਿਆਈ ਆਦਿਕ ਹਰਤਰ੍ਹਾਂ ਦੀਆਂ ਹੱਟੀਆਂ ਲੱਗੀਆਂ ਹੋਈਆਂ ਹੋਣੀਆਂ, ਰਾਤ ਦਾ ਤਾਂ ਕਹਿਣਾ ਹੀ ਕੀ ਹੈ, ਦਿਨ ਨੂੰ ਭੀ ਕਿਸੇ ਜ਼ਨਾਨੀ ਦਾ ਪਰਕਰਮਾਂ ਵਿੱਚ ਤੁਰਨਾ ਕਠਨ ਸੀ। ਬਦਫੈਲੀਆਂ ਤੇ ਬਦਮਾਸ਼ੀਆਂ ਦਾ ਕੋਈ ਹਿਸਾਬ ਨਾ ਸੀ।

ਗੁਰ ਸਿੱਖ ਗੁਰੂ ਘਰ ਦੇ ਪ੍ਰੇਮੀਆਂ ਲਈ ਇਹ ਦਸ਼ਾ ਅਸਹਿ ਹੋ ਰਹੀ ਸੀ। ਵੈਦ ਜੀ ਨੇ ਇਸ ਉੱਪਰ ਬੜੇ ਜ਼ੋਰਦਾਰ ਲੇਖ ਲਿਖੇ। ਪੰਥ ਦੀ



Digitized by Panjab Digital Library | www.panjabdigilib.org

ਤਵੱਜੋ ਇਸ ਪਾਸੇ ਖਿੱਚੀ, ਹਾਕਮਾਂ ਦੇ ਕੰਨ ਖੜੇ ਕੀਤੇ । ਬੱਸ ਫੇਰ ਕੀ ਸੀ ਸ੍ਵਾਰਥੀ, ਮਦ ਮੱਤੇ ਪੂਜਾ ਦਾ ਧਾਨ ਖਾ ਖਾ ਬੌਰਾਏ ਹੋਏ ਭੁੱਲੜ ਸਿੱਖ ਵਿਗੜ ਗਏ, ਤੇ ਭਾਈ ਸਾਹਿਬ ਦੇ ਵੈਰ ਪੈ ਗਏ। ਕਿਤੇ ਲਿਖਤੀ ਡਰਾਵੇ ਆਉਣ ਲੱਗੇ। ਕਿਤੇ ਜ਼ਬਾਨੀ ਧਮਕੀਆਂ ਦੇ ਸੁਨੇਹੇ ਪੁੱਜਣ ਲੱਗੇ, ਤੇ ਕਿਤੇ ਮੂੰਹੋਂ ਮੂੰਹੀਂ ਹੋਕੇ ਘੂਰਮ ਘੂਰੀ ਹੋਣਾ ਸ਼ੁਰੂ ਹੋ ਗਿਆ । ਨੇਕ ਦਿਲ,ਇਨਸਾਫ ਪਸੰਦ ਹਾਕਮ ਤਾਂ ਭਾਵੇਂ ਵੈਦ ਜੀ ਨਾਲ ਸਹਿਮਤ ਸਨ ਪਰ ਵੱਢੀ ਖੋਰ ਦੁਸ਼ਟ ਤੇ ਤਅੱਸਬੀ ਅਫਸਰ ਵੈਦ ਜੀ ਦੇ ਵੈਰੀ ਬਣ ਗਏ। ਵੈਦ ਜੀ ਨੇ ਦਿਨ ਰਾਤ ਇੱਕ ਕਰਕੇ ਅਤੇ ਸਿਰ ਧੜ ਦੀ ਬਾਜ਼ੀ ਲਾਕੇ ਦਰਬਾਰ ਸਾਹਿਬ ਵਿੱਚੋਂ ਕੁਰੀਤੀਆਂ ਦੂਰ ਕਰਨ ਦਾ ਬੀੜਾ ਚੁੱਕ ਲਿਆ। 'ਹਿੰਮਤ ਅੱਗੇ ਸਫਲਤਾ ਤੇ ਪੱਖੇ ਅੱਗੇ ਪੌਣ' ਦੇ ਕਹਾਣ ਮੂਜਬ ਹੁਣ ਪਬਲਿਕ ਤੇ ਹਾਕਮਾਂ ਨੂੰ ਆਪ ਅੱਗੇ ਝੁੱਕਣਾ ਪਿਆ।

ਉਸ ਵੇਲੇ ਇਹ ਗੁਰਦੁਆਰੇ ਇੱਕ ਸਰਬਰਾਹ ਦੇ ਪ੍ਰਬੰਧ ਹੇਠਾਂ ਹੁੰਦੇ ਸਨ। ਵੈਦ ਜੀ ਨੇ ਸਰਬਰਾਹ, ਸਰਕਾਰ ਤੇ ਪੰਥ ਦਰਦੀਆਂ ਨੂੰ ਮੁਖਾ-ਤਬ ਕਰਕੇ ਕਈ ਲੇਖ ਲਿਖੇ। ਸਭ ਦੇ ਖਿਆਲ ਜਾਗ ਉੱਠੇ। ਏਧਰੋਂ ਭਾਵੇਂ ਗੁਰਮੁਖ ਤਾਂ ਹਮਦਰਦੀ ਪ੍ਰਗਟ ਕਰਦੇ, ਪਰ ਮਨਮੁੱਖ ਭੁੱਲੇ ਹੋਏ ਪੁਜਾਰੀ ਵੈਦ ਜੀ ਦੀ ਜਾਨ ਦੇ ਵੈਰੀ ਬਣ ਗਏ। ਖ਼ੂਨ ਖਰਾਬੇ ਦੀਆਂ ਧਮ-ਕੀਆਂ ਤੇ ਮਾਰ ਸਿੱਟਣ ਦੇ ਡਰਾਵੇ ਦੇਣ ਲੱਗੇ ਪਰ ਏਧਰ ਤਾਂ–

'ਸਿਰ ਤੇ ਬੰਨ੍ਹ ਕਫਨ ਨੂੰ ਔਂਦੇ ਆਸ਼ਕ ਮੂਲ ਨ ਡਰਦੇ।'

ਵਾਲੀ ਗੱਲ ਸੀ। ਇਹ ਤਾਂ ਸਿਰੁ ਧਰਿ ਤਲੀ ਪ੍ਰੀਤਮ ਦੀ ਗਲੀ ਆਏ ਹੋਏ ਸਨ। ਕੁਨੀਤੀ ਤੇ ਕੁਰੀਤੀ ਸੁਧਾਰ ਜੰਗ ਜ਼ੋਰਾਂ ਵਿੱਚ ਜੁੱਟ ਗਿਆ।

ਵੈਦ ਜੀ ਨੇ ਕਿਤੇ:–

"ਪੰਥ ਦੀ ਅਨਗਹਿਲੀ ਪ੍ਰਬੰਧਕਾਂ ਦੀ ਬੇ-ਪ੍ਰਵਾਹੀ ਤੇ ਖੁਦ ਗ਼ਰਜ਼ੀਆਂ ਦੇ ਕਾਰਣ ਦਿਨੋ ਦਿਨ ਸਾਡੀ ਦਸ਼ਾ ਬੜੀ ਹੀ ਭਿਆਨਕ ਹੋ ਰਹੀ ਹੈ। ਸ੍ਰੀ ਦਰਬਾਰ ਸਾਹਿਬ ਜੀ ਦੇ ਸਰਬਰਾਹ ਸਾਹਿਬ ਜੀ ਦੀਆਂ ਬੇ ਇੰਤਜ਼ਾਮੀਆਂ



Digitized by Panjab Digital Library | www.panjabdigilib.org

ਕਿਸ ਪੰਥ ਹਿਤੂ ਤੋਂ ਛਿਪੀਆਂ ਹੋਈਆਂ ਹਨ ?"

ਲਿਖ ਕੇ ਪੰਥ ਨੂੰ ਟੁੰਬਿਆ ਪ੍ਰਬੰਧਕਾਂ ਨੂੰ ਹਿਲਾਇਆ ਤੇ ਸਰਬਰਾਹ ਸਾਹਿਬ ਨੂੰ ਜਗਾਇਆ। ਅਤੇ ਕਿਤੇ:—

"ਇਥੇ(ਸ੍ਰੀ ਤਰਨ ਤਾਰਨ ਵਿਚ)ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਬੁੰਗਿਆਂ ਦੀਆਂ ਹੱਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਹਨ। ਜੇ ਪ੍ਰਬੰਧ ਨਾ ਹੋਇਆ ਤਦ ਕਿਸੇ ਦਿਨ ਸ੍ਰੀ ਦਰਬਾਰ ਸਾਹਿਬ ਜੀ……… ਬਾਜ਼ਾਰ ਬਣ ਜਾਏਗਾ। ਹੁਣ ਇਕ ਦੋ ਦੁਕਾਨਾਂ ਬਣ ਜਾਣ ਤੇ ਸਾਰੇ ਹੀ ਆਮਦਨ ਦਾ ਵਸੀਲਾ ਸਮਝ ਬੁੰਗਿਆਂ, ਹੇਠ ਦੁਕਾਨਾਂ ਬਣਾ ਲੈਣ ਵਾਸਤੇ ਤਿਆਰ ਹੋ ਜਾਣਗੇ। ਫੇਰ ਰੋਕ ਕਰਨੀ ਭੀ ਕਠਨ ਹੋ ਜਾਵੇਗੀ। ਇਹ ਪਹਿਲ ਸ੍ਰੀ ਦਰਬਾਰ ਸਾਹਿਬ ਦੇ ਇਕ ਗ੍ਰੰਥੀ ਸਿੰਘ ਤੇ ਪੁਜਾਰੀ ਸਿੰਘਾਂ ਵਲੋਂ ਹੀ ਹੋਈ ਹੈ।……ਕੋਈ ਪਤਤ 'ਜਿਸਤਰਾਂ ਹੋਰਨਾਂ ਦੀ ਆਮਦਨ ਦਾ ਵਸੀਲਾ ਹੋਰ ਦੁਕਾਨਾਂ ਹਨ ਸਾਡੀ ਆਮਦਨ ਦਾ ਵਸੀਲਾ ਦਰਬਾਰ ਸਾਹਿਬ ਹੈ' ਆਖਦੇ ਹਨ।"

ਆਖ ਕੇ ਸਰਬਰਾਹ ਸਾਹਿਬ ਤੇ ਪੰਥ ਨੂੰ ਹੁਸ਼ਿਆਰ ਕੀਤਾ। ਕਿਤੇ—

"ਜੇ ਹੁਣ ਜ਼ਰਾ ਭੀ ਗਫ਼ਲਤ ਹੋਈ ਤਦ ਹੱਥ ਮਲਨੇ ਪੈਣਗੇ।"

ਆਖ ਕੇ ਚੋਂਬੜ ਲਾਈ ਹੈ, ਅਤੇ ਕਿਤੇ:—

"ਕਿਤੇ ਤਰਬੂਜ਼ਾਂ ਦੇ ਖੱਪਰ, ਕਿਤੇ ਕਚਾਲੂ ਛੋਲਿਆਂ ਦੇ ਗੰਦੇ ਪੱਤਰ, ਕਿਤੇ ਅੰਬਾਂ ਦੀਆਂ ਗਿਟਕਾਂ, ਕਿਤੇ ਗੰਨਿਆਂ ਦੇ ਛਿੱਲੜ, ਕਿਤੇ ਭੱਲੇ ਪਕੌੜੀਆਂ ਦੀ ਜੂਠ……ਕਿਤੇ ਹਵਲਾਈ ਸਰੋਵਰ ਵਿਚ ਅੱਗ ਦੇ ਬਲਦੇ ਚੋ ਬੁਝਾ ਰਹੇ ਹਨ, ਕਿਤੇ ਗਜਰੇ, ਚੂੜੀਆਂ ਤੇ ਪਹੁੰਚੀਆਂ ਦੇ ਬਾਜ਼ਾਰ ਸਜ ਰਹੇ ਹਨ……ਗੱਲ ਕੀ ਪ੍ਰਕਰਮਾਂ ਵਿਚ ਚੁਫੇਰੇ ਬਾਜ਼ਾਰ ਹੀ ਬਾਜ਼ਾਰ ਨਜ਼ਰ ਆਉਂਦੇ ਹਨ।"

ਆਖ ਕੇ ਪ੍ਰਕਰਮਾਂ ਦਾ ਨਕਸ਼ਾ ਖਿੱਚਿਆ ਹੈ। ਕਿਤੇ:—

"ਸਰਬਰਾਹ ਸਾਹਿਬ ਜੀ ਨੂੰ ਬਹੁਤ ਛੇਤੀ ਏਸ ਪਾਸੇ ਧਿਆਨ ਦੇਣਾ ਚਾਹੀਦਾ ਹੈ……ਨਹੀਂ ਤੇ ਆਹਲਾ ਅਫਸਰਾਂ ਦਾ ਏਸ ਪਾਸੇ ਧਿਆਨ ਦਿਵੌਣ ਕਰਕੇ ਆਪਦੇ ਰੋਅਬ ਵਿਚ ਫਰਕ ਪਵੇਗਾ*।"

---

*ਦੁਖ ਨਿਵਾਰਨ ਵਿੱਚੋਂ।



Digitized by Panjab Digital Library | www.panjabdigilib.org

ਆਖ ਕੇ ਸਰਬਰਾਹ ਨੂੰ ਖ਼ਬਰਦਾਰ ਕੀਤਾ ।

ਇਸ ਕਿਸਮ ਦੇ ਲਗਾਤਾਰ ਸਿਲਸਿਲੇ ਵਾਰ ਮਜ਼ਮੂਨਾਂ ਨੇ ਸਭ ਨੂੰ ਚੌਕੰਨੇ ਕਰ ਦਿੱਤਾ । ਅਫਸਰਾਂ ਪਾਸ ਭੀ ਖਬਰ ਪੁੱਜੀ ਤੇ ਪੰਥ ਨੇ ਭੀ ਕੰਡ ਛੰਣਕੀ । ਕਈ ਪ੍ਰਬੰਧਕ ਪੁਜਾਰੀ ਪੂਜਾ ਦਾ ਧਾਨ ਖਾਣ ਵਾਲੇ ਚੀਕ ਉੱਠੇ। ਜ਼ਬਾਨੀ ਬਕਵਾਸ ਕਰਨ,ਧਮਕੀਆਂ ਦੇਣ ਤੋਂ ਬਿਨਾ ਉਨ੍ਹਾਂ ਸਰਕਾਰੀ ਅਦਾਲਤ ਵਿਚ ਮਾਨ-ਭੰਗ ਕਰਨ ਦਾ ਦਾਵਾ ਕਰਨ ਲਈ ਵੈਦ ਜੀ ਉੱਪਰ ਨੋਟਿਸ ਭੀ ਤਾਮੀਲ ਕਰਵਾ ਦਿੱਤਾ । ਜਿਸ ਦੇ ਬਾਰੇ ੧੯ ਮਈ ੧੯੦੭ ਦੀ ਡਾਇਰੀ ਵਿੱਚ ਵੈਦ ਜੀ ਦਾ ਇਸਤਰ੍ਹਾਂ ਨੋਟ ਦਰਜ ਹੈ—

"ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀਆਂ ਵੱਲੋਂ ਮਾਰਚ ਦੇ ਪੱਤ੍ਰ ਦੀ ਖਬਰ ਉੱਤੇ ੧ ਨੋਟਿਸ ਆਇਆ । ਜਿਸਦਾ ਉੱਤ੍ਰ ਲਿਖ ਦਿੱਤਾ।"

ਹੁਣ ਚੁਫੇਰੇ ਹੀ ਸੁਲਗਦੀ ਅੱਗ ਦੇ ਭਾਂਬੜ ਬਲ ਉੱਠੇ । ਸਰਬ-ਰਾਹ ਸਾਹਿਬ ਭੀ ਫੇਰੇ ਪੌਣ ਲੱਗੇ । ਏਧਰ ਸ਼ਹਿਰ ਤਰਨ ਤਾਰਨ ਵਿੱਚ ਭੀ ਹਮਦਰਦ ਹਮਦਰਦੀ ਲਈ ਤਿਆਰ ਹੋ ਗਏ । ਹਾਕਮਾਂ ਪਾਸ ਖਬਰਾਂ ਪੁੱਜ ਗਈਆਂ, ਅਤੇ ਇੱਕ ਦਿਨ ਮੱਸਿਆ ਦੇ ਮੇਲੇ ਪਰ ਡੀ. ਸੀ. ਅਚਾਨਕ ਆ ਗਿਆ । ਪਰਕਰਮਾਂ ਵਿੱਚ ਲੱਗੀਆਂ ਹੋਈਆਂ ਦੁਕਾਨਾਂ ਦੇਖਕੇ ਮੌਕੇ ਉੱਪਰ ਹੀ ਪੁਜਾਰੀਆਂ ਗ੍ਰੰਥੀਆਂ ਨੂੰ ਡਾਂਟਿਆ ਤੇ ਕਈਆਂ ਨੂੰ ਜੁਰਮਾਨੇ ਕੀਤੇ ਤੇ ਅੱਗੋਂ ਲਈ ਪਰਕਰਮਾਂ ਵਿੱਚ ਬਾਜ਼ਾਰ ਲੱਗਣਾ ਬੰਦ ਕਰ ਗਿਆ । ਵੈਦ ਜੀ ਦੇ ਉੱਦਮ ਨਾਲ ਇਹ ਮੁਆਮਲਾ ਢੇਰ ਚਿਰ ਚਲਦਾ ਰਿਹਾ ਤੇ ਅੰਤ ਨੂੰ ਪੰਥ ਦੀ ਜਿੱਤ ਹੋਈ ।

ਇਸੇ ਤਰ੍ਹਾਂ ਵੈਦ ਜੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਨੁਕਸਾਂ ਬਾਰੇ ਭੀ ਬੜੇ ਜ਼ੋਰ ਨਾਲ ਲਿਖ ਦੇ ਰਹਿੰਦੇ ਸਨ । ਆਪ ਦੇ ਇਸ ਉੱਦਮ ਨੇ ਪੰਥ ਵਿੱਚ ਕਾਫੀ ਜਾਗ੍ਰਤੀ ਤੇ ਧਰਮਸਥਾਨਾਂ ਦੀ ਪਵਿੱਤ੍ਰਤਾ ਦਾ ਅਹਿਸਾਸ ਪੈਦਾ ਕਰ ਦਿੱਤਾ । ਇਸੇ ਤਰ੍ਹਾਂ ਆਪ ਦਾ ਇੱਕ ਮਜ਼ਮੂਨ "ਮੁੱਦਈ ਸੁਸਤ ਤੇ ਗਵਾਹ ਚੁਸਤ" ਦੀ ਸੁਰਖੀ ਹੇਠ 'ਦੁਖ ਨਿਵਾਰਨ' ਵਿੱਚ ਬੜਾ ਜ਼ੋਰਦਾਰ, ਹਲੂਣੇ ਵਾਲਾ ਪੰਥ



Digitized by Panjab Digital Library | www.panjabdigilib.org

ਪ੍ਰਤੀ ਨਿਕਲਿਆ।

ਇਨ੍ਹਾਂ ਹੀ ਦਿਨਾਂ ਵਿੱਚ ਪਰਕਰਮਾਂ ਸ੍ਰੀ ਤਰਨ ਤਾਰਨ ਵਿੱਚ ਮਜ਼ਹਬੀਆਂ ਨਾਲ ਪ੍ਰਬੰਧਕਾਂ ਵੱਲੋਂ ਅੱਛਾ ਸਲੂਕ ਨਾ ਹੋਣ ਕਰਕੇ ਕਈ ਮਜ਼ਹਬੀ ਈਸਾਈ ਹੋ ਗਏ ਤੇ ਉਨ੍ਹੀ ਆਪਣਾ ਬੁੰਗਾ*ਭੀ ਈਸਾਈਆਂ ਨੂੰ ਦੇ ਦਿੱਤਾ। ਇਹ ਪੰਥ ਲਈ ਇੱਕ ਡਾਢੇ ਖਤਰੇ ਵਾਲੀ ਗੱਲ ਸੀ। ਈਸਾਈਆਂ ਦੇ ਦੀਵਾਨ ਪਰਕਰਮਾਂ ਵਿੱਚ ਲੱਗਣੇ ਸ਼ੁਰੂ ਹੋ ਗਏ। ਵੈਦ ਜੀ ਨੇ ਇਸ ਬਾਰੇ ਭੀ ਸਵਾਲ ਉਠਾਇਆ। ਨੌਬਤ ਮੁਕੱਦਮੇ ਤੱਕ ਪੁੱਜੀ ਇਸ ਵਿੱਚ ਭੀ ਪੰਥ ਦੀ ਜਿੱਤ ਹੋਈ।

ਇਸੇ ਤਰ੍ਹਾਂ ਮਾਝੇ ਮਾਲਵੇ ਦੀ ਫੁੱਟ ਹਟੌਣ ਬਾਰੇ, ਤਰਨ ਤਾਰਨ ਦੀ ਪਰਕਰਮਾਂ ਵਿੱਚ ਰੋਸ਼ਨੀ ਬਾਰੇ, ਤੇ ਦੇਸ਼ ਘਾਤਕ ਚਾਲਾਂ ਤੇ ਫੁੱਟ ਪੁਆਊਆਂ ਬਾਰੇ ਆਪਨੇ ਧੂੰਆਂ ਧਾਰ ਲੇਖ ਲਿਖ ਲਿਖ ਕੇ ਪੰਥ ਕੌਮ ਦੀ ਸੇਵਾ ਕੀਤੀ।

ਦੁਖ ਨਿਵਾਰਨ ਦੇ ਲਿਖਣ ਤੇ ਹੀ ਆਪ ਬੱਸ ਨਹੀਂ ਸਨ ਕਰ

---

*'ਪਰਕਰਮਾਂ ਵਿੱਚ ਮਜ਼ਹਬੀ ਸਿੰਘਾਂ ਦਾ ਲਹਿੰਦੀ ਬਾਹੀ ਵੱਲ ਗਊਘਾਟ ਪਾਸ ਇੱਕ ਬੁੰਗਾ ਹੈ। ਏਥੇ ਦਾ ਬੁੰਗਈ, ਪਾਦਰੀ ਗਿਲਫੋਰਡ ਦੀ ਸੰਗਤ ਤੇ ਪ੍ਰੇਰਨਾ ਨਾਲ ਈਸਾਈ ਹੋ ਗਿਆ। ਉਸ ਨੇ ਮਜ਼ਹਬੀ ਸਿੰਘਾਂ ਵਾਲੇ ਬੁੰਗੇ ਨੂੰ ਈਸਾਈਆਂ ਦੇ ਹਵਾਲੇ ਕਰ ਦਿੱਤਾ ਅਤੇ ਬੁੰਗੇ ਦੇ ਲਾਗੇ ਪਰਕਰਮਾਂ ਵਿੱਚ ਈਸਾਈਆਂ ਨੇ ਮੱਸਿਆ ਦੇ ਸਮੇਂ ਆਪਣਾ ਪ੍ਰਚਾਰ ਕਰਨਾ ਅਰੰਭ ਕਰ ਦਿੱਤਾ। ਉਨ੍ਹਾਂ ਨੇ ਪੱਕੇ ਤੌਰ ਤੇ ਏਥੇ ਆਪਣੇ ਪ੍ਰਚਾਰ ਲਈ ਅੱਡਾ ਬਨਾਵਣ ਵਾਸਤੇ ਗਿਰਜੇ ਦੇ ਉਸਾਰਨ ਦਾ ਵਿਚਾਰ ਭੀ ਕਰ ਲਿਆ। ਸਿੰਘ ਸਭਾ ਨੇ ਬੁੰਗੇ ਸੰਬੰਧੀ ਮੁਕੱਦਮਾ ਕੀਤਾ। ਬਹੁਤ ਖਰਚ ਕਰਨ ਪਿੱਛੋਂ ਕਈ ਹੀਲਿਆਂ ਨਾਲ ਇਹ ਬੁੰਗਾ ਈਸਾਈਆਂ ਤੋਂ ਛੁਡਾਇਆ ਅਤੇ ਫੇਰ ਵਾਪਸ ਮਜ਼ਹਬੀ ਸਿੰਘਾਂ ਨੂੰ ਦਿੱਤਾ। ਇਸ ਪ੍ਰਕਾਰ ਪਰਕਰਮਾਂ ਸੀ ਦਰਬਾਰ ਸਾਹਿਬ ਜੀ ਪਾਸੋਂ ਪੰਥਕ ਢਾਹ ਲਾਉਣ ਵਾਲੀ ਸਕੀਮ ਕਾਫੀ ਯਤਨਾਂ ਨਾਲ ਦੂਰ ਕੀਤੀ ਜਾ ਸਕੀ, ਨਹੀਂ ਤਾਂ ਪਤਾ ਨਹੀਂ ਇਸਦਾ ਕੀ ਫਲ ਹੁੰਦਾ।

(ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ ਦੀ ਰੀਪੋਰਟ)



Digitized by Panjab Digital Library | www.panjabdigilib.org

ਗਏ, ਸਗੋਂ ਸਦਾ ਵਾਂਗ ਨਾਲ ਨਾਲ ਦੂਜੇ ਅਖਬਾਰਾਂ ਨੂੰ ਭੀ ਮਜ਼ਮੂਨ ਲਿਖ ਦੇ ਹੀ ਰਹਿੰਦੇ ਸਨ। ਜਿਵੇਂ ਆਪਦੀ ੨੧ ਮਾਰਚ ੧੯੦੭ ਦੀ ਡਾਇਰੀ ਵਿੱਚ ਦਰਜ ਹੈ:-

"ਪੱਤਰ ਦੇ ਕੁਲ ਮਜ਼ਮੂਨ ਪੂਰੇ ਕੀਤੇ, ਅਤੇ ਕੁਝ ਪੰਜਾਬ ਕੇਸਰੀ* ਵਾਸਤੇ ਲਿਖਿਆ:-

ਫੇਰ ੧੪ ਦਸੰਬਰ ਨੂੰ:-

'ਖਾਲਸਾ ਸਮਾਚਾਰ' ਵਾਸਤੇ ਤਿੰਨ ਮਜ਼ਮੂਨ ਲਿਖੇ। ਬਹੁਤ ਸਾਰੀ ਡਾਕ ਤੇ ਨੋਟ ਕੀਤੇ।"

ਖਾਲਸਾ ਦੀਵਾਨ ਮਾਝਾ ਦੇ ਸਾਲਾਨਾ ਦੀਵਾਨ ਦੇ ਪ੍ਰਬੰਧ ਵਾਸਤੇ ਆਪ ਇਸਤਰ੍ਹਾਂ ਡਾਇਰੀ ਵਿਚ ਲਿਖਦੇ ਹਨ:-

੧ ਅਪ੍ਰੈਲ-"ਸਾਲਾਨਾ ਦੀਵਾਨ ਦੇ ਸਥਾਨ ਵਾਸਤੇ ਜਗਾ ਸਾਫ ਕਰਵਾਈ।"

੨ ਅਪ੍ਰੈਲ-"ਖਾਲਸਾ ਦੀਵਾਨ ਮਾਝਾ ਦੇ ਸਾਲਾਨਾ ਦੀਵਾਨ ਦੇ ਪ੍ਰਬੰਧ ਵਾਸਤੇ ਅੰਮ੍ਰਿਤਸਰ ਚੌਧਰੀ ਗੁਰਦਿੱਤ ਸਿੰਘ ਨੂੰ ਮਿਲਣ ਗਿਆ ਬਹੁਤ ਪ੍ਰਬੰਧ ਹੋ ਗਿਆ ਪ੍ਰੋਗਰਾਮ ਛਪਵਾ ਦਿਤਾ।"

ਇਸ ਸਾਲ ਭੀ ਆਪ ਨੇ ਪੁਸਤਕਾਂ ਦੇ ਕਈ ਬੰਡਲ ਮੰਗਵਾਏ। ਡਾਇਰੀਆਂ ਵਿੱਚ ੩ ਫਰਵਰੀ ਨੂੰ ਲਿਖਿਆ ਹੈ:-

"ਬੰਬਈ ਦੀਆਂ ਕਿਤਾਬਾਂ ਦਾ ਪਾਰਸਲ ਸਟੇਸ਼ਨ ਤੋਂ ਮੰਗਵਾਇਆ।"

ਤੇ ਫੇਰ ੮ ਜੂਨ ਨੂੰ ਲਿਖਦੇ ਹਨ:-

" ਬੰਬਈ ਦੀਆਂ ਪੁਸਤਕਾਂ ਦਾ ਵੀ. ਪੀ. ਪਾਰਸਲ ਛੁਡਾਇਆ।"

ਭਾਵੇਂ ਦੂਰ ਨੇੜੇ ਚੰਗੇ ਚੰਗੇ ਆਦਮੀ ਆਪ ਦੀ ਸਲਾਹ ਨਾਲ ਹੀ ਦੁਖ ਸੁਖ ਸਮੇਂ ਇਲਾਜ ਕਰਦੇ ਸਨ, ਪਰ ਪੰਥ ਸੇਵਕਾਂ ਤੇ ਗੁਰਮੁਖਾਂ ਦੇ ਘਰੀਂ ਤਾਂ ਆਪ ਧਾਈ ਕਰਕੇ ਪੁੱਜਦੇ ਸਨ। ਅਸੀਂ ਉੱਪਰ ਦਸ ਆਏ ਹਾਂ ਕਿ ਫੀਸ ਲੈਣੀ ਤੇ ਦਵਾਈਆਂ ਦਾ ਮੁੱਲ ਤਾਂ ਕਿਤੇ ਰਿਹਾ, ਆਪ ਭਾੜਾ ਭੀ

---

* ਪੰਜਾਬ ਕੇਸਰੀ ੨੦ ਅਪ੍ਰੈਲ ੧੯੦੭ ਨੂੰ ਭਾਈ ਰਲਾ ਸਿੰਘ ਜੀ ਦੇ ਪ੍ਰਬੰਧ ਹੇਠ ਪੰਜਾਬ ਕੁਮਰਸ਼ਲ ਪ੍ਰੈਸ ਅੰਮ੍ਰਿਤਸਰ ਵਿਚੋਂ ਜਾਰੀ ਹੋਇਆ ਸੀ।



Digitized by Panjab Digital Library | www.panjabdigilib.org

ਪਾਸੋਂ ਖਰਚ ਕੇ ਜਾਂਦੇ ਸਨ। ੫ ਅਕਤੂਬਰ ਨੂੰ ਆਪ ਪ੍ਰੋਫੈਸਰ ਜੋਧ ਸਿੰਘ (ਜੋ ਅਜ ਕਲ ਖਾਲਸਾ ਕਾਲਜ ਦੇ ਪ੍ਰਿੰਸੀਪਲ ਹਨ) ਦੀ ਸਿੰਘਣੀ ਦੇ ਇਲਾਜ ਵਾਸਤੇ ਅੰਮ੍ਰਿਤਸਰ ਗਏ ਤੇ ਉਸੇ ਦਿਨ ਹੀ ਸਰਦਾਰ ਆਤਮਾ ਸਿੰਘ ਜੀ ਤਹਿਸੀਲਦਾਰ ਨੂੰ ਵੇਖਣ ਗਏ । ਇਸ ਬਾਰੇ ਰੋਜ਼ਨਾਮਚੇ ਵਿਚ ਇਸ ਤਰ੍ਹਾਂ ਨੋਟ ਹੈ:—

"ਅਜ ਸਵੇਰ ਦੀ ਗੱਡੀ ਸ੍ਰੀ ਅੰਮ੍ਰਿਤਸਰ ਜੀ ਪ੍ਰੋਫੈਸਰ ਜੋਧ ਸਿੰਘ ਦੀ ਸੁਪਤਨੀ, ਅਤੇ ਸਰਦਾਰ ਆਤਮਾ ਸਿੰਘ ਤਹਿਸੀਲਦਾਰ ਦੀ ਬੀਮਾਰੀ ਦੇਖਣ ਵਾਸਤੇ ਗਿਆ।"

ਅਤੇ ੧੭ ਦਸੰਬਰ ੧੯੦੭ ਦੀ ਡਾਇਰੀ ਵਿੱਚ ਮਨਮਤ ਪ੍ਰਹਾਰ ਲੜੀ ਦੇ ਗ੍ਰੰਥ 'ਗੁਰਮਤ ਗੌਰਵਤਾ' ਦੇ ਲਿਖਣ ਵਾਸਤੇ ਇਉਂ ਦਰਜ ਹੈ:—

"ਅਜ ਗੁਰਮਤ ਗੌਰਵਤਾ* ਦਾ ੧ ਭਾਗ ਸਾਰਾ ਲਿਖਿਆ ਗਿਆ। ਸਵੇਰੇ ਅਮ੍ਰਿਤ ਵੇਲੇ ਸਵਾ ਦੋ ਬਜੇ ਤੋਂ ਪੰਜ ਬਜੇ ਤਕ ੯ ਤੋਂ ੧੨ ਤਕ ਦੁਪਿਹਰੇ ਅਤੇ ਸਾਢੇ ਛੇ ਤੋਂ ਸਾਢੇ ਅੱਠ ਬਜੇ ਤਕ ਰਾਤ ਲਿਖਾਈ ਕੀਤੀ।"

ਇਸ ਤਰ੍ਹਾਂ ਅਥੱਕ ਤੇ ਅਟੁੱਟ ਮਿਹਨਤ ਕਰਦਿਆਂ ਅਨੇਕ ਪੰਥ ਸੇਵਕ ਸੁਚੇਤ ਹੋ, ਵੈਦ ਜੀ ਦੇ ਸਾਥੀ ਬਣ ਗਏ। ਕੰਮ ਹੋਰ ਭੀ ਜ਼ੋਰ ਨਾਲ ਸ਼ੁਰੂ ਹੋਇਆ ਤੇ ਪਬਲਕ ਵਿੱਚ ਜਾਗ੍ਰਤਾ ਆਉਣੀ ਸ਼ੁਰੂ ਹੋ ਗਈ। ਖਰਾਬੀਆਂ ਦੇ ਸਿਰ ਉੱਪਰ ਭੁੜਕਣ ਵਾਲੇ ਠੰਡੇ ਹੋ ਗਏ, ਤੇ ਪੰਥ ਦੀ ਹਾਲਤ ਦਿਨੋ ਦਿਨ ਸੁਧਰਨ ਲੱਗੀ।

---

* ਇਸ ਪੁਸਤਕ ਦਾ ਹਾਲ ਅੱਗੇ ਆਵੇਗਾ।



Digitized by Panjab Digital Library | www.panjabdigilib.org

"ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਦਾ ਜੀਵਨ ਗ੍ਰਿਹਸਤ ਵਿੱਚ ਅੱਜ ਕੱਲ ਦੇ ਸਮੇਂ ਇੱਕ ਸਿੱਖੀ ਦਾ ਨਮੂਨਾ ਸੀ।

ਪੰਜਾਬੀ ਦੇ ਆਪ ਚੰਗੇ ਲਿਖਾਰੀ ਸਨ ਅਰ ਆਪ ਨੇ ਕਈ ਇੱਕ ਬੜੀਆਂ ਚੰਗੀਆਂ ਗੁਣਕਾਰੀ ਪੁਸਤਕਾਂ ਲਿਖੀਆਂ। ਆਪ ਬੜੇ ਉੱਚ ਦਰਜੇ ਦੇ ਵੈਦ ਸਨ, ਆਪਣੇ ਖਾਨਦਾਨ ਵਿੱਚੋਂ ਏਨ੍ਹਾਂ ਨੇ ਵੈਦਗੀ ਵਿਚ ਬੜਾ ਨਾਮ ਪੈਦਾ ਕੀਤਾ ਤੇ ਯਸ ਖੱਟਿਆ। ਗ੍ਰੀਬਾਂ ਅਨਾਥਾਂ ਨੂੰ ਦਵਾਈ ਤੱਕ ਭੀ ਮੁਫਤ ਦੇਂਦੇ ਬਲਕਿ ਕਈ ਵੇਰੀ ਆਪਨੇ ਪਲਿਓਂ ਉਨ੍ਹਾਂ ਨੂੰ ਖੁਰਾਕ ਭੀ ਦੇਂਦੇ ਸਨ। ਮੈਂ ਕਈ ਇੱਕ ਅਮੀਰਾਂ ਤੇ ਗ੍ਰੀਬਾਂ ਨੂੰ ਮੁਖਤਲਿਫ ਸਮਿਆਂ ਤੇ ਚਿੱਠੀਆਂ ਦੇ ਕੇ ਘਲਦਾ ਰਿਹਾ ਹਾਂ, ਆਪਦੀ ਤਬੀਅਤ ਵਿੱਚ ਲਿਹਾਜ਼ ਏਨ੍ਹਾਂ ਸੀ ਕਿ ਕਿਸੇ ਕੋਲੋਂ ਭੀ ਦਵਾਈ ਦਾ ਮੁੱਲ ਤੱਕ ਨਹੀਂ ਲਿਆ। ਉਨ੍ਹਾਂ ਨੂੰ ਫਾਇਦਾ ਭੀ ਬੜਾ ਹੋਇਆ। ਉਨ੍ਹਾਂ ਦੇ ਜ਼ੋਰ ਦੇਣ ਤੇ ਭੀ ਟਾਲ ਹੀ ਦੇਂਦੇ।

ਆਪ ਚੀਫ ਖਾਲਸਾ ਦੀਵਾਨ ਦੀ ਬਹੁਤ ਚਿਰ ਮੈਂਬਰੀ ਦੀ ਸੇਵਾ ਕਰਦੇ ਰਹੇ।

ਆਪ ਗੁਰਦਵਾਰਾ ਲਹਿਰ ਵਿੱਚ ਮੀਆਂ ਵਾਲੀ ਜੇਹਲ ਯਾਤ੍ਰਾ ਭੀ ਕਰ ਆਏ ਸਨ, ਅਰਥਾਤ ਕੁਰਬਾਨੀ ਕਰਨ ਵਿੱਚ ਕਿਸੇ ਕੋਲੋਂ ਪਿਛਾਂਹ ਨਹੀਂ ਸਨ।

ਗੁਰਦਵਾਰਾ ਕਮੇਟੀ ਤਰਨ ਤਾਰਨ ਸਾਹਿਬ ਤੇ ਸ਼੍ਰੋਮਣੀ ਗੁਰਦ੍ਵਾਰਾ ਕਮੇਟੀ ਦੇ ਮੈਂਬਰ ਬਨ ਕੇ ਤਨੋਂ ਮਨੋਂ ਨਿਰਪੱਖ ਸੇਵਾ ਕਰਦੇ ਰਹੇ। ਆਪਨੀ ਆਯੂ ਦਾ ਢੇਰ ਚਿਰ ਮਿਉਂਨਸਪਲ ਕਮਿਸ਼ਨਰ ਰਹਿਕੇ ਪਬਲਿਕ ਸੇਵਾ ਵਿੱਚ ਹਿੱਸਾ ਲੈਂਦੇ ਰਹੇ। ਨਿੰਮ੍ਰਤਾ ਹੱਦ ਦਰਜੇ ਦੀ ਸੀ ਅਰਥਾਤ ਗ੍ਰਿਹਸਤ ਵਿੱਚ ਇੱਕ ਸਿੱਖੀ ਦਾ ਨਮੂਨਾ ਸਨ।" ੮-੫-੩੭

(ਸ੍ਰ: ਹਜ਼ੂਰਾ ਸਿੰਘ ਜੀ, ਇੰਜੀਨੀਅਰ ਤੇ ਠੇਕੇਦਾਰ, ਅੰਮ੍ਰਿਤਸਰ)



Digitized by Panjab Digital Library | www.panjabdigilib.org

# ੧੯੦੮

## ਇਨਕਲਾਬੀ ਸਾਲ

"ਉਹ ਨ ਕੇਵਲ ਅਦੁਤੀ ਵੈਦ ਹੀ ਸਨ, ਪ੍ਰੰਤੂ ਪੰਥ ਦੇ ਸੱਚੇ ਸੇਵਕ, ਪੰਜਾਬੀ ਦੇ ਸੱਚੇ ਹਿਤੂ ਅਤੇ ਮਿੱਤ੍ਰਾਂ ਦੇ ਸੱਚੇ ਮਿੱਤ੍ਰ ਸਨ। ਅਜੇਹੇ ਅਦੁਤੀ ਸੱਜਣ ਘੱਟ ਹੀ ਸੰਸਾਰ ਵਿੱਚ ਜਨਮ ਲੈਂਦੇ ਹਨ।"

(ਸ੍ਰ: ਮਾਨ ਸਿੰਘ ਜੀ ਪ੍ਰਧਾਨ ਗੁਰਦਵਾਰਾ ਟ੍ਰਿਬਯੂਨਲ)

੧੯੦੮ ਦਾ ਇਨਕਲਾਬੀ ਸਾਲ ਮਾਰੋ ਮਾਰ ਕਰਦਾ ਚੜ੍ਹਿਆ, ਸੁਲਗਦੀ ਅੱਗ ਚੁਫੇਰਿਓਂ ਮੱਚ ਉੱਠੀ। ਬੰਗਾਲ ਵਿੱਚ ਜ਼ਬਾਨੀ ਐਜੀਟੇਸ਼ਨ ਤੋਂ ਲੰਘ ਕੇ ਬੰਬ ਬਾਜ਼ੀ ਤੇ ਖੇਲਾਂ ਆ ਗਈਆਂ। ਅਖਬਾਰਾਂ ਦੇ ਲਹਿਜੇ ਤੇਜ਼ ਹੋ ਗਏ। ਨੌ ਜਵਾਨ ਭੱਜ ਭੱਜ ਫਾਂਸੀ ਨੂੰ ਜੱਫੀਆਂ ਪੌਣ ਲੱਗੇ ਮੌਤ ਨੂੰ ਜੀਵਣ ਤੇ ਫਾਂਸੀ ਨੂੰ ਹਾਂਸੀ ਸਮਝ ੨ ਖੂਨੀ ਕਾਂਡ ਕਰਨ ਲੱਗ ਪਏ। ਕਲਕੱਤੇ ਪਾਸ ਮੁਜ਼ੱਫਰ ਪੁਰ ਵਿੱਚ ਮਿਸਟਰ ਕਿੰਗਸਫੋਰਡ ਉੱਪਰ ੩੦ ਅਪ੍ਰੈਲ ਦੀ ਰਾਤ ਨੂੰ ਹਮਲਾ ਹੋਇਆ। ਬੰਬ ਚਲਿਆ। ਉਹ ਤਾਂ ਬਚ ਗਿਆ, ਪਰ ਉਸਦੀ ਜਗ੍ਹਾ ਮਿਸਟਰ ਕੈਨੇਡੀ ਦੀ ਇਸਤ੍ਰੀ ਤੇ ਲੜਕੀ ਦੀ ਬਲੀ ਚੜ੍ਹ ਗਈ। ਖੁਦੀ ਰਾਮ ਬੋਸ, ਪ੍ਰਫੁਲੋ ਚੰਦਰ ਚਾਕੀ ਆਦਿ ਕਈ ਗੱਭਰੂ ਬੰਗਾਲੀ ਫੜੇ ਗਏ, ਇਨ੍ਹਾਂ ਦੇ ਨਾਲ ਹੋਰ ਅਨੇਕਾਂ ਨਿਰਦੋਸ਼ਿਆਂ ਦੀ ਪਕੜ ਧਕੜ ਹੋਈ। ਮਹਾਰਾਸ਼ਟਰ ਵਿੱਚ ਮਹਾਰਾਜ ਤਿਲਕ ਉੱਪਰ ਬਗਾਵਤ ਦਾ ਪ੍ਰਸਿੱਧ ਮੁਕੱਦਮਾ ਚੱਲਿਆ। ਉਨ੍ਹਾਂ ਨੇ ਜਗਤ ਪ੍ਰਸਿੱਧ ਹਫਤਾ ਭਰ ਬਹਿਸ ਕੀਤੀ। ਏਧਰ ਪੰਜਾਬ ਵਿੱਚ ਭੀ ਸਰਦਾਰ ਅਜੀਤ ਸਿੰਘ, ਸੂਫੀ



Digitized by Panjab Digital Library | www.panjabdigilib.org

ਅੰਬਾ ਪ੍ਰਸ਼ਾਦ* ਆਦਿਕਾਂ ਨੇ ਦੇਸ਼-ਪ੍ਰੇਮ ਦੀ ਸੁਲਗਦੀ ਅੱਗ ਨੂੰ ਫੂਕਾਂ ਮਾਰ ਮਾਰ ਮਚਾ ਦਿੱਤਾ। ਗ਼ਫਲਤ ਅਵਿੱਦਿਆ ਤੇ ਖੁਸ਼ਾਮਦ ਦੀ ਗੂੜ੍ਹੀ ਨੀਂਦ ਸੁੱਤੇ ਸਿੱਖਾਂ ਨੂੰ ਭੀ ਹੋਸ਼ ਆਉਣੀ ਸ਼ੁਰੂ ਹੋਈ। ਖਾਲਸਾ ਕਾਲਜ ਅੰਮ੍ਰਿਤਸਰ ਉੱਪਰ ਸਰਕਾਰੀ ਕਬਜ਼ਾ ਹੋ ਗਿਆ। ਸਿੱਖ ਨੌ ਜਵਾਨਾਂ ਦੇ ਖ਼ੂਨ ਨੂੰ ਭੀ ਮਾਨੋ ਅਣਖ-ਨਸ਼ਤ੍ਰ ਨੇ ਜ਼ਰਾ ਕੁ ਟੁੰਬਿਆ ਜਿਸ ਨਾਲ ਸਿੱਖਾਂ ਨੇ ਵਿਦਜਕ ਕਾਨਫ੍ਰੰਸ ਦਾ ਆਰੰਭ ਕੀਤਾ। ਇਸ ਦੇ ਨਾਲ ਹੀ ਪਲੇਗ ਤੇ ਕਾਲ ਨੇ ਭੀ ਆਪਣਾ ਬਲ ਦਿਖਾਉਣ ਵਿੱਚ ਕੁਝ ਘੱਟ ਨਹੀਂ ਕੀਤੀ। ਸਿੱਖਾਂ ਨੇ ਧਰਮ ਅਸਥਾਨਾਂ ਵਲ ਭੀ ਵਧੀਕ ਤਵੱਜੋ ਦਿਤੀ। ਇਸਤਰ੍ਹਾਂ ਨਾਲ ੧੯੦੮ ਦਾ ਇਨਕਲਾਬੀ ਸਾਲ ਹਿਰਦੇ ਵਿੱਚ ਤੂਫਾਨ ਛਿਪਾਈ ਚੜ੍ਹਿਆ। ਤੇ 'ਦੂਖ ਨਿਵਾਰਨ' ਨੇ ਭੀ ਆਪਣੇ ਤੀਜੇ ਸਾਲ ਵਿੱਚ ਪੈਰ ਧਰਿਆ।

ਪਿਛਲੇ ਸਾਲਾਂ ਦੇ ਹਾਲ ਵਿੱਚ ਅਸੀਂ ਦੱਸ ਆਏ ਹਾਂ ਕਿ ਸਾਡੇ ਨੌ ਜਵਾਨ ਵੈਦ ਜੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਸੁਧਾਰ ਲਈ ਪੂਰੇ ਜ਼ੋਰ ਨਾਲ ਜੁੱਟੇ ਹੋਏ ਸਨ। ਇਨ੍ਹਾਂ ਦੀ ਇਸ ਹਿੰਮਤ (ਲਿਖਣ ਤੇ ਬੋਲਣ) ਨੇ ਸਿੱਖਾਂ ਤੇ ਹਾਕਮਾਂ ਵਿੱਚ ਹਲ ਚਲ ਮਚਾ ਦਿੱਤੀ ਹੋਈ ਸੀ ਬਾਕੀ ਸਿੱਖ ਅਖਬਾਰਾਂ ਨੇ ਭੀ 'ਖ਼ਰਬੂਜੇ ਨੂੰ ਦੇਖਕੇ ਖ਼ਰਬੂਜਾ ਰੰਗਫੜਦਾ ਹੈ ਦੀ ਕਹਾਵਤ ਅਨੁਸਾਰ ਇਸੇ ਪਾਸੇ ਆਪਣਾ ਰੁੱਖ ਪੂਰੇ ਜ਼ੋਰ ਨਾਲ ਬਦਲਿਆ। ਗੁਰਮੁਖ ਹਿਤੂ, ਸੁਧਾਰ ਲਈ ਹਮਦਰਦੀ ਕਰਨ ਲੱਗੇ ਤੇ ਮਨਮਤੀਏ ਉਲਟ ਕਮਰ ਕਸੇ ਕਰਕੇ ਖੜੋ ਗਏ। ਹਾਕਮਾਂ ਵਿੱਚ ਭੀ ਅੱਛੇ

---

*ਸੂਫੀ ਅੰਬਾ ਪ੍ਰਸ਼ਾਦ:—ਇਸ ਸੱਚੇ ਦੇਸ਼ ਭਗਤ ਦਾ ਜਨਮ ਗ਼ਦਰ ਤੋਂ ਇੱਕ ਸਾਲ ਪਿੱਛੋਂ ੧੮੫੮ ਵਿੱਚ ਸ਼ਹਿਰ ਮੁਰਾਦਾਬਾਦ ਵਿਖੇ ਹੋਇਆ। ੧੮੯੦ ਵਿੱਚ ਹਫਤੇਵਾਰ ਅਖਬਾਰ 'ਜਾਮਿਆ ਅਲਿ ਅਲੂਮ' ਅਜ਼ਾਦੀ ਦਾ ਹੋਕਾ ਦੇਣ ਲਈ ਕੱਢਿਆ। ਫੇਰ ਹੋਰ ਅਖਬਾਰਾਂ ਵਿੱਚ ਬਹੁਤ ਕੰਮ ਕੀਤਾ। ਦੁਨੀਆਂ ਦੇ ਚੱਕਰ ਭੀ ਲਾਏ। ਤੇ ਅੰਤ ਪਰਦੇਸ ਵਿੱਚ ਹੀ ਭਾਰਤ ਆਜ਼ਾਦੀ ਦੀ ਤੜਪ ਸੀਨੇ ਵਿਚ ਦਬਾਈ ਕੁਝਕੁ ਸਾਲ ਹੋਏ ਚੜ੍ਹਾਈ ਕਰ ਗਏ ਹਨ। ਆਪ ਭਾਰਤ-ਆਜ਼ਾਦੀ ਦੇ ਬੇ ਮਿਸਾਲ ਆਸ਼ਕਾਂ ਵਿਚੋਂ ਇੱਕ ਸਨ।



Digitized by Panjab Digital Library | www.panjabdigilib.org

ਬੁਰੇ ਹੁੰਦੇ ਹੀ ਹਨ। ਵੱਡੀ ਖੋਰ, ਪੈਸੇ ਦੇ ਪੁੱਤਾਂ ਨੇ ਤਾਂ ਜਿਨ ਪੈਸੇ ਦਿੱਤੇ ਉਸੇ ਦਾ ਪੱਖ ਪੂਰਨਾ ਹੋਇਆ, ਪਰ ਉਪਰਲੇ ਵੱਡੇ ਅਫਸਰਾਂ ਦੀ ਹਮ-ਦਰਦੀ ਸੁਧਾਰ ਨਾਲ ਹੀ ਸੀ।

ਤਰਨ ਤਾਰਨ ਮੱਸਿਆ ਵਿਚ ਰੋਸ਼ਨੀ ਦਾ ਭੀ ਕੋਈ ਪ੍ਰਬੰਧ ਨਾ ਸੀ। ਇਕ ਮੱਸਿਆ ਵਿੱਚ ਦੋਆਬੇ ਦੇ ਕੁਛ ਯਾਤਰੂ ਪਰਕਰਮਾਂ ਕਰਦੇ ਅੰਨ੍ਹੇਰੇ ਵਿੱਚ ਡਿਗ ਪਏ। ਬਹੁਤ ਬੁਰੀ ਤਰ੍ਹਾਂ ਸਟਾਂ ਲੱਗੀਆਂ ਤੇ ਉਹ ਕਪੂਰਥਲੇ ਜਾ ਕੇ ਮਰ ਗਏ। ਸੀ ਤਾਂ ਹੋਣੀ ਦੀ ਗੱਲ ਪਰ ਵੈਦ ਜੀ ਨੇ ਇਹ ਹਵਾਲਾ ਦੇ ਕੇ ਹਾਕਮਾਂ ਦਾ ਤੇ ਸਿੱਖ ਪੰਥ ਦਾ ਧਿਆਨ ਇਸ ਪਾਸੇ ਦਿਵਾਇਆ।

ਇਸ ਸਮੇਂ ਦੇ ਤਰਨ ਤਾਰਨ ਵਿੱਚ ਲੱਗੇ ਹੋਏ ਤਹਿਸੀਲਦਾਰ ਨੂੰ ਇਸ ਘਟਨਾ ਨੇ ਪ੍ਰੇਰਿਆ। ਉਸ ਨੇ ਚੰਦਾ ਇਕੱਠਾ ਕਰਕੇ ਮੱਸਿਆ ਨੂੰ ਰੋਸ਼ਨੀ ਕਰਨ ਦਾ ਪ੍ਰਬੰਧ ਕਰਨ ਦੀ ਠਾਨੀ। ਆਮ ਪ੍ਰੇਮੀਆਂ ਤੋਂ ਇਲਾਵਾ ਜ਼ੈਲਦਾਰਾਂ ਤੇ ਸਫੈਦ ਪੋਸ਼ਾਂ ਨੂੰ ਜ਼ਰੂਰੀ ਚੰਦਾ ਲਾ ਦਿਤਾ। ੧੧) ਰੁਪਏ ਫੀ ਜ਼ੈਲਦਾਰ ਤੇ ੫) ਰੁਪਏ ਫੀ ਸਫੈਦ ਪੋਸ਼ ਮੁਕੱਰਰ ਕਰ ਦਿਤਾ। ੩ ਜਨਵਰੀ ੧੯੦੮ ਦੀ ਡਾਇਰੀ ਵਿੱਚ ਭਾਈ ਸਾਹਿਬ ਦਾ ਨੋਟ ਹੈ:-

"ਅਜ ਤਹਿਸੀਲਦਾਰ ਸਾਹਿਬ ਲਾਲਾ ਲਾਲ ਚੰਦ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਰੋਸ਼ਨੀ ਵਾਸਤੇ ਸਫੈਦ ਪੋਸ਼ ਜੈਲਦਾਰਾਂ ਤੋਂ ਗੋਲਕ ਵਿਚ ਰੁਪਏ ਇਕੱਠੇ ਕਰਵਾਏ। ੧੧) ਫੀ ਜੈਲਦਾਰ ਤੇ ੫) ਫੀ ਸਫੈਦ ਪੋਸ਼।"

ਇਸ ਵਿੱਚ ਸਾਰੀ ਪ੍ਰੇਰਨਾ ਵੈਦ ਜੀ ਦੀ ਸੀ,ਕਿਉਂਕਿ ਜੋ ਭੀ ਹਾਕਮ ਤਰਨ ਤਾਰਨ ਵਿੱਚ ਆਉਂਦਾ ਵੈਦ ਜੀ ਦਾ ਪ੍ਰੇਮ ਪਾਤ੍ਰ ਬਣ ਜਾਂਦਾ। ਬਣੇ ਭੀ ਕਿਉਂ ਨਾ ਆਪ ਹਰ ਤਰ੍ਹਾਂ ਯੋਗ ਸੇਵਾ ਕਰਦੇ। ਦਵਾਈ ਦਾਰੂ ਮੁਫਤ ਦੇਂਦੇ, ਕੀਤੇ ਨੂੰ ਭੁਲਾਉਣ ਵਾਲੇ ਸਾਰੇ ਤਾਂ ਹੁੰਦੇ ਹੀ ਨਹੀਂ। ਲਾਲਾ ਲਾਲ ਚੰਦ ਜੀ ਭੀ ਇਨ੍ਹਾਂ ਪ੍ਰੇਮੀਆਂ ਵਿੱਚੋਂ ਇੱਕ ਸਨ। ਜਿਸ ਦੀ ਸਮੇਂ ਸਮੇਂ ਸਿਰ ਵੈਦ ਜੀ ਯੋਗ ਮਦਦ ਕਰਦੇ ਰਹਿੰਦੇ ਸਨ। ਡਾਇਰੀ ਵਿੱਚ ਦਰਜ ਹੈ ਕਿ ੧੨ ਜਨਵਰੀ ੧੯੦੮ ਨੂੰ:-

"ਦੁਪਹਿਰੇ ਤਹਿਸੀਲਦਾਰ ਦੇ ਸੱਦਣ ਤੇ ਉਨ੍ਹਾਂ ਦੀ ਮਾਤਾ ਨੂੰ ਬੀਮਾਰ



Digitized by Panjab Digital Library | www.panjabdigilib.org

ਹੋਣ ਦੇ ਕਾਰਣ ਦੇਖਣ ਗਿਆ।"

ਜਦ ਵੈਦ ਜੀ ਉਨ੍ਹਾਂ ਦੀ ਮਾਤਾ ਜੀ ਨੂੰ ਦੇਖ ਕੇ ਦਵਾਈ ਦੇ ਕੇ ਮੁੜਨ ਲੱਗੇ ਤਾਂ ਲਾਲਾ ਜੀ ਨੇ ਬੈਠਣ ਲਈ ਕਿਹਾ। ਅਤੇ ਗੱਲਾਂ ਦੇ ਦੌਰਾਨ ਵਿੱਚ ਵੈਦ ਜੀ ਅੱਗੇ ਪ੍ਰਾਰਥਨਾ ਕੀਤੀ:-

"ਕਿ ਮੇਰੇ ਭਾਈ ਨੂੰ ਹਿਕਮਤ ਪੜ੍ਹਾ ਦੇਵੋਂ ਤਾਂ ਬੜੀ ਹੀ ਕ੍ਰਿਪਾ ਹੋਵੇ, ਆਦਿਕ।" ਡਾਇਰੀ ਨੋਟ ੧੨-੧-੧੯੦੮

ਤਹਿਸੀਲਦਾਰ ਨੇ ਇਹ ਭੀ ਕੋਸ਼ਸ਼ ਕੀਤੀ ਕਿ ਮਿਉਂਸੀਪੈਲਟੀ ਵੱਲੋਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿੱਚ ਰੋਸ਼ਨੀ ਦਾ ਪ੍ਰਬੰਧ ਕਰਵਾ ਦਿੱਤਾ ਜਾਵੇ।

## ਹੈਂਡ ਬਿਲ*

ਇਨ੍ਹਾਂ ਹੀ ਦਿਨਾਂ ਵਿੱਚ ਹੈਂਡ ਬਿੱਲਾਂ ਰਾਹੀਂ ਪ੍ਰਚਾਰ ਦੀ ਇਕ

---

*੧੯੦੮ ਤੋਂ ੧੯੧੧ ਤੱਕ ਭਾਈ ਸਾਹਿਬ ਜੀ ਨੇ ਕੋਈ ੪੦-੪੨ ਹੈਂਡ ਬਿਲ ਲਿਖੇ, ਜੋ ਲੱਖਾਂ ਦੀ ਗਿਣਤੀ ਵਿੱਚ 'ਸਿੱਖ ਹੈਂਡ ਬਿਲ'ਕਮੇਟੀ ਦੀ ਛਤ੍ਰ ਛਾਯਾ ਹੇਠ ਪ੍ਰਕਾਸ਼ਤ ਹੋਕੇ ਵੰਡੇ ਗਏ।

ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੇ ਅੱਖਾਂ ਮੀਟਣ ਪਿੱਛੋਂ ਸਿੱਖ ਸਲਤਨਤ ਰੇਤ ਦੀ ਕੰਧ ਵਾਂਗ ਢਹਿ ਪਈ ਤੇ ਖੇਰੂੰ ਖੇਰੂੰ ਹੋ ਗਈ। ਅੰਗ੍ਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ।ਕਾਨੂੰਨ ਦੇ ਡੰਡੇ ਨਾਲ ਸਰਕਸ ਦੇ ਖ਼ੂੰਨੀ ਜਾਨਵਰਾਂ ਵਾਂਗ ਘੂਰਕੇ ਬਾਹੋਂ ਬਾਹੀਂ ਬਠਾਲ ਦਿੱਤੇ। ਪੰਜਾਬੀ ਗੁਲਾਮੀ ਦੀ ਗ੍ਰਿੱਠੀ ਨੀਂਦੇ ਸੌਂ ਗਏ। ਪਰ ਸਿੱਖਾਂ ਨੂੰ ਤਾਂ ਰੱਜ ਕੇ ਇਹ ਨੀਂਦ ਆਈ, ਖਾਲਸਾ ਜੀ ਮੁਲਕੀ ਅਜ਼ਾਦੀ ਦੇ ਨਾਲ ਹੀ ਧਾਰਮਕ ਨਿਯਮ ਭੀ ਭੁੱਲ ਗਿਆ। ਸਿੱਖੀ-ਜੀਵਣ ਅੱਗੇ ਹੀ ਚਾਲਾਕਾਂ ਦੀ ਚਾਲਾਕੀ ਨਾਲ ਮਿਲਗੋਭਾ ਹੋ ਚੁੱਕਾ ਸੀ ਹੁਣ ਹੋਰ ਭੀ ਨਿਕੱਮਾ ਹੋ ਗਿਆ। ਇਹ ਪੰਥ ਨਾ ਹੰਸਾਂ ਵਿਚ ਰਿਹਾ ਨਾ ਕਾਵਾਂ ਵਿਚ। ਨਾ ਸਿੱਖ ਨਾ ਹਿੰਦੂ, ਡਾਢਾ ਹੀਣਾ ਜੇਹਾ ਹੋ ਗਿਆ। ਸਿੱਖ, ਦੀ ਉੱਚਤਾ, ਸੁੱਚਤਾ, ਸਿੱਖੀ-ਜੀਵਣ-ਆਦਰਸ਼ ਰਸਮ ਰਿਵਾਜ ਸਿੱਖੀ ਰਹਿਤ ਬਹਿਤ ਸਭ ਭੁੱਲ ਗਈ ਤੇ ਭੰਭਲ ਭੂਸੇ ਖਾਣ ਲਗਾ।



Digitized by Panjab Digital Library | www.panjabdigilib.org

ਨਵੀਂ ਰੌ ਚੱਲੀ । ਹਿੰਦੀ, ਗੁਰਮੁਖੀ, ਉਰਦੂ ਆਦਿਕ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਛੋਟੇ ਛੋਟੇ ਹੈਂਡ ਬਿੱਲ ਛਪਵਾ ਕੇ ਵੰਡੇ ਜਾਂਦੇ, ਜਿਨ੍ਹਾਂ ਦਾ ਪਬਲਿਕ ਤੇ ਅੱਛਾ ਅਸਰ ਪੈਂਦਾ । ਵੈਦ ਜੀ ਇਸ ਲਹਿਰ ਦੇ ਮੋਢੀਆਂ ਵਿੱਚੋਂ ਤੇ ਸਰਗਰਮ ਕਾਰਕੁਨਾਂ ਵਿੱਚੋਂ ਸਨ । ਸਮੇਂ ਸਮੇਂ ਸਿਰ ਆਪ ਨੇ ੪੦ ਦੇ ਕਰੀਬ ਇਹ ਹੈਂਡ ਬਿਲ ਲਿਖੇ ਜੋ ਲੱਖਾਂ ਦੀ ਗਿਣਤੀ ਵਿੱਚ ਛਪਾ ਕੇ ਵੰਡੇ ਗਏ । ਪਿੱਛੋਂ ਸਾਰੇ ਮਿਲਾ ਕੇ ਦੋ ਭਾਗਾਂ ਵਿੱਚ ਕਿਤਾਬੀ ਸ਼ਕਲ ਵਿੱਚ ੧੯੧੩ ਵਿੱਚ ਛਪਵਾ ਦਿਤੇ ਗਏ ।

ਇਸੇ ਸਾਲ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਨੂੰ ਚੀਫ ਖਾਲਸਾ ਦੀਵਾਨ ਨਾਲ ਸੰਬੰਧਤ ਕੀਤਾ ਗਿਆ । ੨੬ ਜਨਵਰੀ ੧੯੦੮ ਨੂੰ ਮਾਝਾ ਦੀਵਾਨ ਦਾ ਇਕ ਡੈਪੂਟੇਸ਼ਨ ਚੀਫ ਖਾਲਸਾ ਦੀਵਾਨ ਪਾਸ ਖਾ: ਪ੍ਰ: ਵਿਦਿਆਲਾ ਨੂੰ ਸੰਬੰਧਤ ਕਰਨ ਵਾਸਤੇ ਗਿਆ ਤੇ ਉਸੇ ਦਿਨ ਹੀ ਖਾਲਸਾ ਹੈਂਡ ਬਿਲ ਕਮੇਟੀ ਭੀ ਸੀ । ਵੈਦ ਜੀ ਇਨ੍ਹਾਂ ਦੋਹਾਂ ਜੱਥਿਆਂ ਦੇ ਮੁਹਰੀਆਂ ਵਿੱਚੋਂ ਸਨ ਇਸ ਲਈ ਆਪ ਦਾ ਨਾਲ ਜਾਣਾ ਜਰੂਰੀ ਸੀ । ੨੬ ਜਨਵਰੀ ਦੀ ਡਾਇਰੀ ਵਿੱਚ ਦਰਜ ਹੈ:–

---

☞ ਇਨ੍ਹਾਂ ਹੈਂਡ ਬਿੱਲਾਂ ਨੇ ਉਸ ਸਮੇਂ ਸਿੱਖ ਕੌਮ ਦਾ ਜੀਵਣ ਉਭਾਰਨ ਵਿਚ ਜਾਦੂ ਜੇਹਾ ਅਸਰ ਕੀਤਾ । ਜਿੱਥੇ ਕੋਈ ਅਖਬਾਰ ਨਾ ਸੀ ਪੁਜਦਾ, ਜਿਥੇ ਪ੍ਰਚਾਰਕ ਨਾ ਸੀ ਜਾਂਦੇ ਉਥੇ ਇਨ੍ਹਾਂ ਹੈਂਡ ਬਿੱਲਾਂ ਨੇ ਪੁੱਜ ਕੇ ਜਾਦੂ ਦੀ ਪੁੜੀ ਵਾਂਗ ਪਾਠਕਾਂ ਦੇ ਦਿਲਾਂ ਵਿਚ ਜੀਵਣ ਰੂਹ ਫੂਕ ਦਿੱਤੀ । ਮੰਗ ਐਨੀ ਸੀ ਕਿ ਇਹ ਹੈਂਡ ਬਿਲ ਹਜ਼ਾਰਾਂ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿਚ ਛਾਪਣੇ ਪਏ ।

ਇਨ੍ਹਾਂ ਦੇ ਲਿਖਣ ਦਾ ਢੰਗ ਛੋਟੀਆਂ ਕਹਾਣੀਆਂ ਵਾਂਗ ਬੜਾ ਹੀ ਮਨ-ਮੋਹਣਾ ਹੈ ਜੋ ਪੜ੍ਹਦਿਆਂ ਹੀ ਪਾਠਕ ਦੇ ਹਿਰਦੇ ਤੇ ਅਸਰ ਕਰਦਾ ਹੈ । ਕਿਤੇ ਸਵਾਲ ਜਵਾਬ ਕਰਕੇ ਭਾਵ ਸਪਸ਼ਟ ਕੀਤਾ ਹੋਇਆ ਹੈ ਕਿਤੇ ਉਦਾਹਰਨ ਤੇ ਕਿਤੇ ਦ੍ਰਿਸ਼ਟਾਂਤ ਦੇਕੇ । ਅਸੀਂ ਜਲਦੀ ਹੀ ਇਨ੍ਹਾਂ ਨੂੰ ਵਿਸਤਾਰ ਸਹਿਤ ਪੂਰਨ ਰੂਪ ਵਿਚ ਛਾਪ ਰਹੇ ਹਾਂ । ਜ਼ਰੂਰ ਮੰਗਾ ਕੇ ਪੜ੍ਹ, ਅਜ ਭੀ ਏਹ ਉਹੋ ਜੇਹੇ ਸੁਆਦਲੇ ਤੇ ਸਿੱਖਿਆ-ਦਾਇਕ ਹਨ।”



Digitized by Panjab Digital Library | www.panjabdigilib.org

"ਮਾਝਾ ਦੀਵਾਨ ਦੇ ਡੈਪੂਟੇਸ਼ਨ ਨਾਲ ਅਮ੍ਰਿਤਸਰ ਚੀਫ ਖਾਲਸਾ ਦੀਵਾਨ ਦੀ ਕਮੇਟੀ ਵਿੱਚ ਸਬ ਕਮੇਟੀ ਵਾਸਤੇ ਹਾਜ਼ਰ ਹੋਇਆ। ਉਪ੍ਰੰਤ ਯਤੀਮਖਾਨੇ ਵਿਚ ਖਾਲਸਾ ਹੈਂਡ ਬਿਲ ਕਮੇਟੀ ਵਿਚ ਗਿਆ।"

ਇਸੇ ਕਮੇਟੀ ਦਾ ਇੱਕਠ ੧੦ ਮਈ ੧੯੦੮ ਨੂੰ ਫੇਰ ਹੋਇਆ ਜਿਸ ਵਿਚ ਵੈਦ ਜੀ ਗਏ*। ਇਸ ਹੈਂਡ ਬਿਲ ਕਮੇਟੀ ਵਿੱਚ ਜਿਵੇਂ ਅਸੀਂ ਉਪਰ ਦੱਸ ਆਏ ਹਾਂ ਵੈਦ ਜੀ ਨੇ ਵਧ ਚੜ੍ਹ ਕੇ ਹਿੱਸਾ ਲਿਆ। ਹੈਂਡ ਬਿਲ ਲਿਖਣ ਬਾਰੇ ੧੯੦੮ ਦੀ ਡਾਇਰੀ ਵਿੱਚ ਹੇਠ ਲਿਖੇ ਨੋਟ ਮਿਲਦੇ ਹਨ:–

੨੯ ਅਪ੍ਰੈਲ ੧੯੦੮ "(੧) ਜੀ ਸਾਡੀ ਰੀਤ ਨਹੀਂ। (੨) ਤੋਤਾ ਸ਼ੇਰ ਖੋਤਾ ਹਾਥੀ। ਦੋ ਹੈਂਡ ਬਿਲ ਮੁਕੰਮਲ ਲਿਖੇ।"

੩੦ ਅਪ੍ਰੈਲ ੧੯੦੮ "ਮੰਜੇ ਦੀ ਮੌਤ ਤੇ ਅਬਗਤਿ ਮੋਇਆ। ਦੋ ਦੋ ਹੈਂਡ ਬਿਲ ਲਿਖੇ।"

੫ ਮਈ ੧੯੦੮ "ਹੈਂਡ ਬਿਲ 'ਅਸੀਂ ਕੌਣ ਹਾਂ!' ਲਿਖਿਆ।"

੯ ਮਈ "ਚਾਰ ਉਰਦੂ ਹੈਂਡ ਬਿਲ ਲਿਖਣ ਵਾਸਤੇ ਨੋਟ ਕੀਤੇ।"

੧ ਜੁਲਾਈ ੧੯੦੮ " 'ਹੈਂ! ਹੈਂ! ਇਹ ਢੰਡੋਰਾ ਕਿਹਾ' ਹੈਂਡ ਬਿਲ ਲਿਖਿਆ।"

੨੩ ਜੁਲਾਈ ੧੯੦੮ "ਹੈਂਡ ਬਿਲ 'ਜਵਾਨ ਦੀ ਮੌਤ' ਲਿਖਿਆ।"

੭ ਅਗਸਤ ੧੯੦੮ "ਉਪਦੇਸ਼ ਦਾ ਢੰਗ ੧ ਹੈਂਡ ਬਿਲ ਸਤੰਬਰ ਵਾਸਤੇ ਲਿਖਿਆ।"

੧੦ ਅਗਸਤ ੧੯੦੮ "੧ ਹੈਂਡ ਬਿਲ 'ਅਧਮੋਈ ਲੋਥ' ਲਿਖ ਕੇ ਭੇਜਿਆ।" × × × × ×

੧੯ ਜਨਵਰੀ ੧੯੦੮ ਤੋਂ ਸਿਖ ਪੰਥ ਵਿੱਚ ਚੀਫ ਖਾਲਸਾ ਦੀਵਾਨ ਦੀ ਛੱਤਰ ਛਾਇਆ ਹੇਠ 'ਸਿਖ ਐਜੂਕੇਸ਼ਨਲ ਕਮੇਟੀ' ਦਾ ਅਰੰਭ ਹੋਇਆ। ਜਿਸ ਨੇ ਵਿਦਿਆ ਪ੍ਰਚਾਰ, ਧਾਰਮਕ ਵਿਦਿਆ, ਪੰਜਾਬੀ ਪ੍ਰਚਾਰ,

---

* ਦੁਪਹਿਰੇ ਸ੍ਰੀ ਅਮ੍ਰਿਤਸਰ ਜੀ ਸਿਖ ਹੈਂਡ ਬਿਲ ਕਮੇਟੀ ਦੇ ਇਕੱਠ ਵਿਚ ਯਤੀਮ ਖਾਨੇ ਗਿਆ। ੧੦ ਮਈ ੧੯੦੮ ਡਾਇਰੀ ਨੋਟ



Digitized by Panjab Digital Library | www.panjabdigilib.org

ਮਹਿਕਮਾਂ ਤਾਲੀਮ ਵਿੱਚ ਸਿਖ ਹੱਕਾਂ ਦੀ ਰਾਖੀ ਤੇ ਅਛੂਤ ਉਧਾਰ ਆਦਿਕ ਕੰਮਾਂ ਦਾ ਸੁਹਣਾ ਕੰਮ ਕੀਤਾ ਤੇ ਹੁਣ ਤਕ ਕਰ ਰਹੀ ਹੈ। ਇਸਦਾ ਪਹਿਲਾ ਸਾਲਾਨਾ ਦੀਵਾਨ (ਸਿਖ ਐਜੂਕੇਸ਼ਨਲ ਕਾਨਫ੍ਰੰਸ) ਈਸਟਰ ਦੀਆਂ ਛੁਟੀਆਂ ਵਿੱਚ ਗੁਜਰਾਂ ਵਾਲੇ ਵਿੱਚ ਹੋਇਆ। ਵੈਦ ਜੀ ਮੁਢ ਤੋਂ ਹੀ ਇਸ ਕਮੇਟੀ ਦੇ ਮੈਂਬਰ ਤੇ ਸਰਗਰਮ ਕਾਰਕੁਨ ਰਹੇ ਸਨ। × × ×

ਖਾਲਸਾ ਪ੍ਰਚਾਰਕ ਵਿਦਿਆਲਾ ਜਿਸ ਬਾਰੇ ਅਸੀਂ ਪਿੱਛੇ ਭੀ ਲਿਖ ਆਏ ਹਾਂ ਉਸ ਦੀ ਇਮਾਰਤ ਆਦਿ ਭੀ ਇਸ ਸਾਲ ਸ਼ੁਰੂ ਹੋਈ ਤੇ ਰਜਿਸਟ੍ਰੀ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਨਾਮ ਹੋਈ, ਜਿਸ ਦਾ ਪੂਰਾ ਵੇਰਵਾ ਅਪ੍ਰੈਲ ੧੯੦੮ ਦੇ 'ਦੂਖ ਨਿਵਾਰਨ' ਦੇ ਸਫਾ ੭੫ ਉਪਰ ਦਰਜ ਹੈ। ਵੈਦ ਜੀ ਇਸ ਦਾ ਕੰਮ ਭੀ ਸਦਾ ਅੱਗੇ ਹੋ ਕੇ ਕਰਦੇ ਰਹੇ। ਅਸੀਂ ਪਿੱਛੇ ਦੱਸ ਆਏ ਹਾਂ ਕਿ ਆਪ ਪਹਿਲੇ ਸਕੱਤ੍ਰ ਤੇ ਵੈਦਕ ਪੜ੍ਹਾਉਣ ਦੇ ਪ੍ਰੋਫੈਸਰ ਥਾਪੇ ਗਏ ਸਨ।

ਆਪਣੇ ਡਾਇਰੀ ਨੋਟਾਂ ਵਿੱਚ ਵੈਦ ਜੀ ਲਿਖਦੇ ਹਨ:—

"ਖਾਲਸਾ ਪ੍ਰਚਾਰਕ ਵਿਦਿਆਲਾ ਵਾਲੀ ਜ਼ਮੀਨ ਦੀਆਂ ਰਜਿਸਟ੍ਰੀਆਂ ਕਰਾਨ ਲਈ ਅਸ਼ਟਾਮ ਖਰੀਦੇ। ੧੦ ਫਰਵਰੀ ੧੯੦੮।" ਫੇਰ

"ਖਾਲਸਾ ਪ੍ਰਚਾਰਕ ਵਿਦਿਆਲਾ ਦੀ ਜ਼ਮੀਨ ਦੇ ਖੂਹ ਦਾ ਟੱਕ ਲਗਾ।
੨ ਮਾਰਚ ੧੯੦੮।"

## ਰੁਝੇਵਾਂ

ਔਣ ਜਾਣ ਵਾਲੇ ਪ੍ਰੇਮੀਆਂ ਦਾ, ਦਵਾਈ ਲੈਣ ਵਾਲੇ ਰੋਗੀਆਂ ਦਾ ਤੇ ਲਿਖਾ ਪੜ੍ਹੀ ਵਾਲੇ ਸਜਣਾਂ ਦੀ ਆਪ ਪਾਸ ਭੀੜ ਲੱਗੀ ਰਹਿੰਦੀ ਸੀ। ਬਾਹਰ ਜਾਣ ਲਈ ਭੀ ਸੱਦੇ ਆਉਂਦੇ ਹੀ ਰਹਿੰਦੇ। ਕਈ ਥਾਈਂ ਤਾਂ ਆਪ ਮਜਬੂਰ ਹੋ ਕੇ 'ਨਾਂਹ' ਭੀ ਕਰ ਦਿੰਦੇ, ਪਰ ਵਾਹ ਲੱਗਦੀ ਜਾਂਦੇ ਹੀ। ਇਸ ਔਣ ਜਾਣ, ਦਾਨ ਤੇ ਮੁਫਤ ਸੇਵਾ ਕਰਨ ਨਾਲ ਮਾਇਆ ਵੱਲੋਂ ਤਾਂ ਤੰਗੀ ਹੋਣੀ ਜਰੂਰੀ ਸੀ, ਅਤੇ ਇਨ੍ਹਾਂ ਗਲਾਂ ਦਾ ਅਸਰ ਭੀ ਹੋਏ ਬਿਨਾ ਨਾ



Digitized by Panjab Digital Library | www.panjabdigilib.org

ਸੀ ਰਹਿੰਦਾ। ਕਈ ਵਾਰ ਆਪ ਮਾਯਕ ਔਕੜਾਂ ਤੋਂ ਤੰਗ ਆ ਜਾਂਦੇ ਪਰ ਛਿਨ ਮਾਤ੍ਰ ਲਈ। ਫੇਰ ਵਾਹਿਗੁਰੂ ਆਸਰੇ, ਈਸ਼੍ਵਰ ਭਰੋਸੇ ਉਸੇ ਖੁਲ੍ਹ ਦਿਲੀ ਨਾਲ ਤੁਰੇ ਜਾਂਦੇ। ਆਪ ਜੀ ਦੀ ਅਫਸਰਦਗੀ ਤੇ ਮਾਯੂਸੀ ਦੇ ਕਈ ਨਮੂਨੇ ਆਪ ਦੇ ਹੱਥੀਂ ਲਿਖੇ ਨੋਟਾਂ ਵਿੱਚੋਂ ਮਿਲਦੇ ਹਨ, ਪਰ ਨਾਲ ਹੀ ਸੇਵਾ ਦਾ ਚਾਉ ਕਦੇ ਨਾ ਘਟਦਾ। ੧੧ ਜਨਵਰੀ ੧੯੦੮ ਦੇ ਨੋਟਾਂ ਵਿੱਚ ਆਪ ਫੁਰਮਾਉਂਦੇ ਹਨ:-

"ਸਰੀਰ ਦੀ ਅਚਰਜ ਦਸ਼ਾ ਹੋ ਰਹੀ ਹੈ। ਕਦੇ ਉਦਾਸੀ, ਕਦੇ ਚਿੰਤਾ, ਕਦੇ ਕਿਸੇ ਬੜੇ ਸ਼ਹਿਰ ਵਿਚ ਰਹਿਣ ਦੀ ਚਾਹ ਜਿੱਥੇ ਆਪਣਾ ਪੂਰਾ ਨਿਰਬਾਹ ਹੁੰਦੇ ਹੋਏ ਸੇਵਾ ਕਰ ਸੱਕਾਂ, ਖਾਲਸਾ ਅਨਾਥਾਲਯਾ ਦੇ ਕਾਰਜਾਂ ਆਦਿ ਦੀ ਸਹਾਇਤਾ ਦੀ ਬੜੀ ਹੀ ਚਾਹ ਹੁੰਦੀ ਹੈ।"

ਫੇਰ ੧੩ ਜਨਵਰੀ ਦਾ ਨੋਟ ਇਸਤਰ੍ਹਾਂ ਹੈ:-

"ਅੱਜ ਦੁਕਾਨ ਤੇ ਕੁਝ ਭੀ ਨਹੀਂ ਵੱਟਿਆ। ਖਰਚ ਬਹੁਤ ਆਮਦਨ ਘੱਟ। ਸੁਭਾਵ ਖੁਲਾਸਾ ਲੋੜਵੰਦ ਦੀ ਸਹਾਇਤਾ ਅਤੇ ਵੰਡ ਖਾਣ ਦੀ ਆਦਤ ਦੂਰ ਨਹੀਂ ਹੁੰਦੀ। ਬੜੀ ਹੀ ਤਕਲੀਫ ਅਤੇ ਚਿੰਤਾ ਦਾ ਸਾਮ੍ਹਣਾ ਰਹਿੰਦਾ ਹੈ।"

ਰੁਪਏ ਕੋਲ ਨਾ ਹੋਣ ਪਰ ਭੀ ਜਿਨ ਆਪਣੀ ਖਰਚਣ ਦੀ, ਦਾਨ ਦੇਣ ਦੀ ਆਦਤ ਪੂਰੀ ਕਰਨੀ ਹੋਵੇ ਉਸ ਨੂੰ ਤਾਂ ਜ਼ਰੂਰ ਚਿੰਤਾ ਮਾਯੂਸੀ ਨੇ ਘੇਰਨਾ ਹੀ ਹੋਇਆ! ਪਰ ਨਾਲ ਹੀ ਲੋੜਵੰਦ ਦੀ ਸਹਾਇਤਾ, ਗਰੀਬ ਅਨਾਥ ਦੀ ਮਦਦ ਤੇ ਨਿਸਹਾਇ ਨੂੰ ਸਹਾਇਤਾ ਦੇ ਕੇ ਜੋ ਖੁਸ਼ੀ ਤੇ ਆਨੰਦ ਪ੍ਰਾਪਤ ਹੁੰਦਾ ਹੈ, ਉਸ ਨੂੰ ਭੀ ਤਾਂ ਉਹ ਆਪ ਹੀ ਜਾਣ ਤੇ ਮਾਣ ਸਕਦੇ ਹਨ। ਸ੍ਵਾਰਥੀ, ਕੰਜੂਸ, ਮਾਯਾ ਦੇ ਕੀੜੇ ਭੁਇੰ ਭਾਰਾਂ ਨੇ ਕੀ ਸਮਝਣਾ ?

੨੫ ਤੇ ੨੬ ਸਤੰਬਰ ੧੯੦੮ ਨੂੰ ਬੀਮਾਰਾਂ ਦੀ ਬੜੀ ਹੀ ਭੀੜ ਰਹੀ ਪਰ ਵੱਟਕ ਕੁਝ ਨਾ ਹੋਈ ਇਸ ਬਾਰੇ ਆਖਦੇ ਹਨ:-

"ਅੱਜ ਘਰ ਤੱਕ ਬੀਮਾਰਾਂ ਦੀ ਖੱਪ ਆਵਣ ਤੇ ਹੱਟੀ ਗਿਆ, ਬੀਮਾਰ ਸੈਂਕੜੇ ਦੇਖੇ ਪਰ ਵੱਟਕ ਕੁਝ ਭੀ ਨਹੀਂ ਹੋਈ ਸਭ ਮੁਫਤ ਹੀ।"



Digitized by Panjab Digital Library | www.panjabdigilib.org

ਦੁਕਾਨ ਤੋਂ ਘਰ ਥੋੜੀ ਹੀ ਦੂਰ ਹੈ। ਆਪ ਦੀ ਆਮ ਆਦਤ ਸੀ ਕਿ ਸੁਵੇਰੇ ਮੂੰਹ ਅਨ੍ਹੇਰੇ ਅਸ਼ਨਾਨ ਕਰਿ ਨਿਤਨੇਮ ਸਮਾਪਤ ਕਰ ਸ੍ਰੀ ਦਰਬਾਰ ਸਾਹਿਬ ਜੀ ਦਰਸ਼ਨ ਕਰ ਦੁਕਾਨ ਤੇ ਆ ਜਾਣਾ। ਦੋਪਹਿਰ ਨੂੰ ਥੋਹੜੇ ਸਮੇਂ ਲਈ ਕੇਵਲ ਪ੍ਰਸ਼ਾਦ ਛਕਣ ਲਈ ਘਰ ਜਾਣਾ ਤੇ ਫੇਰ ਸ਼ਾਮ ਦੇ ਸਾਢੇ ਸੱਤ ਬਜੇ ਤੱਕ ਦੁਕਾਨ ਤੇ ਬੈਠਣਾ। ਕਦੇ ੨ ਜਦ ਰੋਗੀਆਂ ਦਾ ਜ਼ੋਰ ਹੁੰਦਾ ਤਾਂ ਪ੍ਰਸ਼ਾਦ ਛਕਣ ਗਿਆਂ ਦੇ ਪਿੱਛੇ ਕਈ ਮਨ ਚਲੇ ਰੋਗੀ ਆਪ ਜੀ ਦੇ ਪਿੱਛੇ ਘਰ ਨੂੰ ਭੀ ਤੁਰ ਪੈਂਦੇ। ਉਹ ਵੈਦ ਜੀ ਦੀ ਦਿਆਲਤਾ, ਰਹਿਮ-ਦਿਲੀ ਤੇ ਲੋਕ ਪਿਆਰ ਤੋਂ ਜਾਣੂ ਹੁੰਦੇ ਸਨ। ਪਰ ਸਭ ਤੋਂ ਵੱਡਾ ਸ਼ੋਕ ਆਪ ਨੂੰ ਤਦ ਹੁੰਦਾ ਜਦ ਬੀਮਾਰਾਂ ਨੂੰ ਦੇਖਣ ਵਿੱਚ ਲਿਖਾ ਪੜ੍ਹੀ ਦਾ ਭੀ ਸਮਾ ਨਾ ਲੱਭਦਾ, ਆਪ ਇੱਕ ਥਾਂ ਲਿਖਦੇ ਹਨ:-

"ਦੁਕਾਨ ਤੇ ਵਿਹਾਰ ਦੀ ਦਸ਼ਾ ਮੁਫਤ ਦੀ ਅੱਤਿ ਪ੍ਰਧਾਟੀ ਹੋਵਣ ਤੇ ਬਹੁਤ ਉਦਾਸੀ ਰਹਿੰਦੀ ਹੈ ਇਸੇ ਤੇ ਕੁਛ ਪੜ੍ਹਿਆ ਲਿਖਿਆ ਭੀ ਨਹੀਂ ਜਾਂਦਾ, ਇਤਨੀ ਉਦਾਸੀ ਨਾ ਹੋਵੇ ਜੇ ਇਤਨਾ ਖਰਚ ਨਾ ਹੋਵੇ। ਭਰੋਸਾ ਵਾਹਿਗੁਰੂ ਤੇ ਹੀ ਹੈ*।"

## *ਗਿਲਾ*

ਭਾਈ ਸਾਹਿਬ ਦੇ ਉਪ੍ਰੋਕਤ ਨੋਟਾਂ ਨੂੰ ਵੇਖ ਕੇ ਪਾਠਕ ਜਨ ਜ਼ਰੂਰ ਦੁਖੀ ਹੋਣਗੇ। ਹਿਰਦੇ ਦ੍ਰੱਵ ਦੇ ਹੋਣਗੇ ਪਰ ਕਿਸੇ ਦਾ ਕੀ ਕਸੂਰ? ਜੋ ਦਿੰਦੇ ਸਨ ਉਨ੍ਹਾਂ ਤੋਂ ਆਪ ਲੈਂਦੇ ਨਾ ਸਨ, ਤੇ ਜੋ ਨਹੀਂ ਸਨ ਦਿੰਦੇ ਉਨ੍ਹਾਂ ਉੱਪਰ ਗਿਲਾ ਕਰਦੇ ਸਨ। ਇਸ ਉੱਪਰ ਹਜ਼ਰਤ ਅਬੂਫਜ਼ਲ ਦੀ ਕਹਾਣੀ ਯਾਦ ਆਉਂਦੀ ਹੈ:-

ਨਿੱਕੇ ਹੁੰਦਿਆਂ ਫਾਰਸੀ ਵਿੱਚ ਪੜ੍ਹਿਆ ਸੀ, ਸ਼ਾਹ ਈਰਾਨ ਨੇ ਇੱਕ ਵਾਰ ਕਿਸੇ ਮੁਹਿੰਮ ਉੱਪਰ ਚੜ੍ਹਨ ਲੱਗਿਆਂ ਖੁਦਾ-ਵੰਦ ਕਰੀਮ ਅੱਗੇ ਸੁਖਣਾ ਸੁਖੀ-"ਕਿ ਹੇ ਪਰਵਰਦਗਾਰ ਜੇ ਇਸ ਮੁਹਿੰਮ

*੧੩ ਦਸੰਬਰ ੧੯੦੮ ਦੀ ਡਾਇਰੀ।



Digitized by Panjab Digital Library | www.panjabdigilib.org

ਵਿੱਚ ਮੇਰੀ ਫਤਹ ਹੋਵੇ ਤਾਂ ਮੈਂ ਚਾਰ ਹਜ਼ਾਰ ਦੀਨਾਰ ਜ਼ਾਹਦਾਂ (ਅਤੀਤਾਂ) ਨੂੰ ਵੰਡਾਂ", ਮੁਹਿੰਮ ਫਤਹ ਹੋ ਗਈ। ਬਾਦਸ਼ਾਹ ਨੇ ਖੁਸ਼ੀ ਦੇ ਸ਼ਾਦਯਾਨੇ ਬਜਵਾਏ ਤੇ ੪੦੦੦ ਦੀਨਾਰ(ਉਸ ਦੇਸ਼ ਦਾ ਸਿੱਕਾ)ਵਜ਼ੀਰ ਅਬੂ ਫਜ਼ਲ ਨੂੰ ਦੇਕੇ ਜ਼ਾਹਦਾਂ ਵਿੱਚ ਵੰਡ ਆਉਣ ਨੂੰ ਕਿਹਾ। ਹਜ਼ਰਤ ਅਬੂ ਫਜ਼ਲ ਸ਼ਹਿਰ ਵਿੱਚ ਫਿਰ ਤੁਰ ਕੇ ਦੀਨਾਰ ਵਾਪਸ ਲੈ ਆਇਆ । ਬਾਦਸ਼ਾਹ ਦੇ ਪੁੱਛਣ ਤੇ ਕਿ "ਕੀ ਸਭ ਦੀਨਾਰ ਖੈਰਾਤ ਕਰ ਆਏਹੋ?" ਵਜ਼ੀਰ ਨੇ ਜਵਾਬ ਦਿੱਤਾ, "ਜਹਾਂ ਪਨਾਹ ! ਸਾਰੇ ਸ਼ਹਿਰ ਵਿੱਚ ਫਿਰਿਆ ਹਾਂ ਪਰ ਕੋਈ ਭੀ ਜ਼ਾਹਦ (ਅਤੀਤ, ਰੁਪਏ ਨੂੰ ਨਾ ਛੁਹਣ ਵਾਲਾ ਫਕੀਰ) ਨਹੀਂ ਮਿਲਿਆ, ਇਸ ਲਈ ਕਲ ਨੂੰ ਫੇਰ ਜਾਵਾਂਗਾ।" ਦੂਜੇ ਦਿਨ ਵਜ਼ੀਰ ਫੇਰ ਗਿਆ, ਪਰ ਫੇਰ ਓਵੇਂ ਹੀ ਮੁੜ ਆਇਆ ਤੇ ਬਾਦਸ਼ਾਹ ਨੂੰ ਉਹੀ "ਕੋਈ ਨਹੀਂ ਮਿਲਿਆ' ਜਵਾਬ ਦੇ ਦਿੱਤਾ। ਇਸੇ ਹੀ ਤਰ੍ਹਾਂ ਹਜਰਤ ਅਬੂ ਫਜ਼ਲ ਹਫਤਾ ਭਰ ਰੋਜ਼ ਸ਼ਹਿਰ ਵਿੱਚ ਜਾਂਦੇ ਤੇ ਰੁਪਿਆਂ ਦੀਆਂ ਥੈਲੀਆਂ ਵਾਪਸ ਲੈ ਆਉਂਦੇ। ਅਠਵੇਂ ਦਿਨ ਬਾਦਸ਼ਾਹ ਨੇ ਹੈਰਾਨ ਹੋਕੇ ਕਿਹਾ "ਅਬੂਫਜ਼ਲ ! ਇਹ ਕੀ ਗੱਲ ਹੈ। ਮੈਂ ਜਾਣਦਾ ਹਾਂ ਕਿ ਇਸ ਸ਼ਹਿਰ ਵਿੱਚ ਘੱਟ ਤੋਂ ਘੱਟ ੪੦੦੦ ਜ਼ਾਹਦ ਹੋਣਗੇ ਪਰ ਤੂੰ ਆਖਦਾ ਹੈਂ ਕਿ ਇੱਕ ਭੀ ਨਹੀਂ ਮਿਲਦਾ। ਭੇਦ ਕੀ ਹੈ ?" ਅਬੂਫਜ਼ਲ ਨੇ ਜਵਾਬ ਦਿੱਤਾ। ਬਾਦਸ਼ਾਹ ਸਲਾਮਤ ! ਮੈਂ ਦੌਲਤ ਲਈ ਫਿਰਦਾ ਹਾਂ, ਹਰ ਇੱਕ ਫ਼ਕੀਰ ਨੂੰ ਮਿਲਦਾ, ਪੁਛਦਾ ਤੇ ਮਾਯਾ ਭੇਟ ਕਰਦਾ ਹਾਂ, ਜਿਹੜਾ ਲੈਣੀ ਮਨਜ਼ੂਰ ਕਰਦਾ ਹੈ, ਉਸਨੂੰ ਮੈਂ ਦਿੰਦਾ ਨਹੀਂ, ਕਿਉਂਕਿ ਉਹ ਜ਼ਾਹਦ (ਅਤੀਤ) ਨਹੀਂ ਅਤੇ ਜੋ ਨਹੀਂ ਲੈਂਦਾ ਉਸ ਨੂੰ ਮੈਂ ਬਥੇਰਾ ਮਗਰ ਫਿਰ ਫਿਰ ਲੈਣ ਨੂੰ ਆਖਦਾ ਹਾਂ ਉਹ ਅੰਗੀਕਾਰ ਨਹੀਂ ਕਰਦਾ ਕਿਉਂਕਿ ਉਹ ਜ਼ਾਹਦ ਹੁੰਦਾ ਹੈ।" ਐਨ ਇਹੀ ਹਾਲਤ ਸਾਡੇ ਅਣੋਖੇ ਰਹਿਮ ਦਿਲ ਤੇ ਸ਼ਕਾਇਤ ਕਰਨ ਹਾਰ ਵੈਦਜ ਜੀ ਦੀ ਸੀ।

ਉੱਪਰ ਤੁਸੀਂ ਵੱਟਕ ਨਾ ਹੋਣ ਦੀਆਂ ਸ਼ਿਕਾਇਤਾਂ ਪੜ੍ਹ ਚੁੱਕੇ ਹੋ ਹੁਣ ਹੇਠਾਂ ਦੇਣ ਵਾਲਿਆਂ ਤੋਂ ਨਾ ਲੈਣ ਦੇ ਇੱਕ ਦੋ ਨਮੂਨੇ ਭੀ ਦੇਖੋ:-



Digitized by Panjab Digital Library | www.panjabdigilib.org

੨੮ ਫਰਵਰੀ। ੧੯੦੮ "ਗੁਜਰਾਂ ਵਾਲੇ ਸਰਦਾਰ ਗੁਲਾਬ ਸਿੰਘ ਜੀ ਮੈਨੇਜਰ ਖਾਲਸਾ ਸਕੂਲ ਦੀ ਸੁਪੱਤਨੀ ਦੇ ਰੋਗ ਦੀ ਪ੍ਰੀਖਿਆ ਕਰਕੇ (ਦਵਾਈ ਦਾ ਪ੍ਰਬੰਧ ਕਰਕੇ) ਸਕੂਲ ਬੋਰਡਿੰਗ ਦੇਖ ਸੰਤ ਬਲਰਾਮ ਦਾਸ ਜੀ ਨੂੰ ਮਿਲਕੇ ਲਾਹੌਰ ਵਾਪਸ ਆਇਆ ਸਰਦਾਰ ਗੁਲਾਬ ਸਿੰਘ ਜੀ ੧੫) ਦੇ ਰਹੇ, ਪਰ ਨਾ ਲਏ।"

ਹੋਰ ਸੁਣੋ:-

"ਸਰਦਾਰ ਅਰਬੇਲ ਸਿੰਘ ਫਤਿਆਬਾਦ ਦੇ ਅੱਜ ਲੜਕਾ ਰਾਜੀ ਹੋਣ ਤੇ ਤੁਰਨ ਲੱਗਾ, ਰੁਪਏ ਦੇ ਰਹੇ, ਪਰ ਮੈਂ ਨਾ ਲਏ ਤੇ ਉਸਨੂੰ ਆਪਣਾ ਫੀਸ ਨਾ ਲੈਣ ਦਾ ਵਰਤਾਉ ਦੱਸਿਆ, ਜਿਸ ਤੇ ਲਾਚਾਰ ਉਸਨੂੰ ਰੁਕਣਾ ਪਿਆ।" ੭ ਨਵੰਬਰ ੧੯੦੮ ਦੀ ਡਾਇਰੀ।

ਇਸੇ ਹੀ ਤਰ੍ਹਾਂ ਆਪ ੯ ਸਤੰਬਰ ੧੯੦੮ ਨੂੰ ਖਬਰ ਪੁੱਜਣ ਤੇ ਅੰਮ੍ਰਿਤਸਰ ਅਨਾਥਾਲਯ ਵਿੱਚ ਬੀਮਾਰ ਵੇਖਣ ਗਏ ਪਰ ਲਿਆ ਕੁਝ ਨਾ ਡਾਇਰੀ ਨੋਟ ਹੈ-

"ਸਵੇਰੇ ਅਨਾਥਾਲਜਾ ਦੀ ਤਾਰ ਆਈ, ਬੀਮਾਰਾਂ ਨੂੰ ਦੇਖਣ ਅੰਮ੍ਰਿਤਸਰ ਗਿਆ।"

## ਬੁਖ਼ਾਰ

ਮਹੀਨਾ ਸਤੰਬਰ ੧੯੦੮ ਵਿੱਚ ਤਰਨ ਤਾਰਨ ਵਿੱਚ ਬੁਖਾਰ ਦਾ ਖੂਬ ਜ਼ੋਰ ਹੋਗਿਆ। ਵੈਦ ਜੀ ਦੁਕਾਨ ਉੱਪਰ ਹੀ ਬੀਮਾਰ ਨਾ ਸਨ ਦੇਖਦੇ, ਅਜੇਹੇ ਵੇਲੇ ਘਰੀਂ ਪੁੱਜ ਪੁੱਜ ਭੀ ਗ਼ਰੀਬ ਬੀਮਾਰਾਂ ਦੀ ਸੇਵਾ ਕਰਦੇ। ਇਸ ਬਾਰੇ ੧੬ ਸਤੰਬਰ ੧੯੦੮ ਦਾ ਡਾਇਰੀ ਨੋਟ ਇਸਤਰਾਂ ਹੈ:-

"ਆਪਣਾ ਸਰੀਰ ਅੱਛਾ ਰਿਹਾ ਲੜਕੇ (ਤ੍ਰਿਲੋਕ ਸਿੰਘ) ਨੂੰ ਤਪ ਜ਼ੋਰ ਦਾ ਰਿਹਾ, ਤਪ ਮੌਸਮੀ ਦੇ ਸੈਂਕੜੇ ਹੀ ਬੀਮਾਰ ਰੋਜ਼ ਦੇਖਣ ਤੇ ਸਾਰਾ ਦਿਨ ਬੀਮਾਰਾਂ ਦੇ ਘਰੀਂ ਫੇਰੇ ਪੌਂਦੇ ਰਹਿਣ ਤੇ ਅੱਤ ਥਕ ਜਾਂਦਾ ਹਾਂ। ਕਦੇ ਕਦੇ ਏਸ ਮੁਫਤ ਦੀ ਖੱਚ ਤੋਂ ਗਿਲਾਨੀ ਹੁੰਦੀ ਹੈ, ਪਰ ਵਾਹਿਗੁਰੂ ਨਿਰ-



Digitized by Panjab Digital Library | www.panjabdigilib.org

ਬਾਹੀ ਹੀ ਜਾਵੇ।" ਹੋਰ ੨੩ ਸਤੰਬਰ ਦਾ ਨੋਟ:—

"ਸ਼ਹਿਰ(ਤਰਨ ਤਾਰਨ) ਅੱਧੇ ਦੇ ਕਰੀਬ ਤਪ ਨਾਲ ਬੰਦ ਹੈ।"

ਆਪਦੀ ਵੈਦਕ ਵਿੱਦਿਆ, ਦੀ ਇਸ ਵੇਲੇ ਅਜੇਹੀ ਧਾਂਕ ਪਈ ਸੀ ਕਿ ਬੜੇ ੨ ਡਾਕਟਰ ਭੀ ਆਪ ਜੀ ਪਾਸੋਂ ਸਲਾਹ ਲੈਣੀ ਤੇ ਆਪ ਦੀਆਂ ਦਵਾਈਆਂ ਵਰਤਣੀਆਂ ਫ਼ੱਖ਼ਰ ਸਮਝਦੇ ਸਨ। ਪ੍ਰਸਿੱਧ ਸਰਦਾਰ ਬਹਾਦਰ ਡਾਕਟਰ ਕਰਤਾਰ ਸਿੰਘ ਜੀ ਲਾਹੌਰ ਵਾਲੇ ਭੀ ਆਪ ਪਾਸ ਮਾਨ ਨਾਲ ਔਂਦੇ ਸਨ। ੨੪ ਸਤੰਬਰ ੧੯੦੮ ਦੀ ਡਾਇਰੀ ਦਾ ਨੋਟ ਹੈ।

੧੮ ਅਗਸਤ ੧੯੦੮—"ਰਾਵਲ ਪਿੰਡੀ ਤੋਂ ਡਾਕਟਰ ਕਰਤਾਰ ਸਿੰਘ ਜੀ ਆਏ। ਕੁਝ ਦਵਾਵਾਂ ਦੇ ਨੁਸਖੇ ਪੁੱਛਕੇ ੧ ਸ਼ੀਸ਼ੀ ਸ਼ਰਬਤ ਫੌਲਾਦ ੧ ਸ਼ੀਸ਼ੀ ਜ੍ਵਰ ਨਾਸ਼ਨ ਵਿਸ਼੍ਵਾਸਨੀਯ ਔਖਧੀ ਲੈ ਗਏ।"

"ਭਾਈ ਸੋਹਣ ਸਿੰਘ ਜੀ ਅਨਾਥਾਲਯ ਵਾਲੇ ਆਏ ਕੁਝ ਦਵਾਵਾਂ ਲੈ ਗਏ।"

## *ਵਿਛੋੜੇ*

ਇਸੇ ਸਾਲ ੧੨ ਅਗਸਤ ਨੂੰ ਭਾਈ ਵਜ਼ੀਰ ਸਿੰਘ ਜੀ ਭ੍ਰਾਤਾ ਭਾਈ ਸਾਹਿਬ ਵੀਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ੧੩ ਤੇ ੧੪ ਨਵੰਬਰ ਨੂੰ ਡਾਕਟਰ ਚਰਨ ਸਿੰਘ ਜੀ ਤੇ ਚੌਧਰੀ ਗੁਰਦਿਤ ਸਿੰਘ ਜੀ ਗੁਰਪੁਰ ਪਧਾਰੇ। ਇਨ੍ਹਾਂ ਦੇ ਵਿਛੋੜੇ ਦੀ ਵੈਦਜ ਜੀ ਦੇ ਹਿਰਦੇ ਤੇ ਬੜੀ ਸੱਟ ਵੱਜੀ। ਡਾਕਟਰ ਜੀ ਤੇ ਚੌਧਰੀ ਜੀ ਬਾਰੇ ਵੈਦ ਜੀ ਦਾ ਡਾਇਰੀ ਨੋਟ ਇਸ ਤਰ੍ਹਾਂ ਹੈ "ਇਨ੍ਹਾਂ ਦੋ ਕ੍ਰਿਪਾਲੂਆਂ ਦੇ ਚਲਾਣੇ ਨਾਲ ਸਿਖ •ਕੌਮ ਨੂੰ ਬੜਾ ਹੀ ਨੁਕਸਾਨ ਪਹੁੰਚਿਆ ਹੈ, ਤੇ ਪਹੁੰਚੇਗਾ, ਕਿਉਂਕਿ ਡਾਕਟਰ ਜੀ ਨਾਲ ਦਾ ਗੁਰਮਤ ਖੋਜੀ ਤੇ ਪੰਜਾਬੀ ਲੇਖਕ ਅਤੇ ਚੌਧਰੀ ਜੀ ਜੇਹਾ ਪੰਥ ਸੇਵਕ ਕੋਈ ਨਜ਼ਰ ਨਹੀਂ ਆਉਂਦਾ।" ਇਨ੍ਹਾਂ ਦੋਹਾਂ ਅਦੁਤੀ ਗੁਰਮੁਖ ਸ਼ਖਸੀਅਤਾਂ ਬਾਰੇ ਵੈਦ ਜੀ ਨੇ ਦਸੰਬਰ ੧੯੦੮ ਦੇ ਦੁਖ ਨਿਵਾਰਨ ਸਫਾ ੨੫੭ ਤੋਂ ੨੬੧ ਉੱਤੇ ਦਿਲ ਹਿਲਾ ਦੇਣ ਵਾਲਾ ਹਿਰਦੇ ਵੇਧਕ ਵਿਛੋੜੇ ਦਾ ਲੇਖ



Digitized by Panjab Digital Library | www.panjabdigilib.org

ਲਿਖਿਆ ਹੈ। ਜਿਸ ਨੂੰ ਪੜ੍ਹ ਕੇ ਵੈਦ ਜੀ ਦੇ ਦਿਲ ਦਾ ਦਰਦ ਤੇ ਗੁਰਮੁਖ ਗੁਰਸਿੱਖਾਂ, ਪੰਥ ਦਰਦੀਆਂ ਤੇ ਵਿੱਦਵਾਨਾਂ ਸੇਵਕਾਂ ਦੀ ਕਦਰ ਇੱਜ਼ਤ ਤੇ ਮਾਣ ਕਰਨ ਦਾ ਪਤਾ ਲੱਗ ਸਕਦਾ ਹੈ।

ਉਸ ਦੇ ਵਿੱਚੋਂ ਨਮੂਨੇ ਮਾਤ੍ਰ ਕੁਝ ਕੁ ਸਤਰਾਂ ਪਾਠਕਾਂ ਦੀ ਭੇਟ ਕਰਦੇ ਹਾਂ। ਹੈਡਿੰਗ ਹੈ 'ਕਿਸ ਨਾਲ ਕੀਚੈ ਦੋਸਤੀ ਸਭ ਜਗ ਚਲਣ ਹਾਰ' ਖਾਲਸਾ ਪੰਥ ਦੀ ਅਧੋਗਤੀ ਦਾ ਨਕਸ਼ਾ ਖਿੱਚਦੇ ਹੋਏ ਗਿਣਤੀ, ਸਿਦਕ, ਪ੍ਰਤਾਪ ਤੇ ਭਰੋਸਾ ਆਦਿ ਬਾਰੇ ਲਿਖਦੇ ਹਨ:—

"ਦੇਖਣ ਵਿਚ ਤਾਂ ਡਾਢੀ ਉੱਨਤੀ ਹੋ ਰਹੀ ਹੈ, ਪਰ ਵਿਚਾਰ ਨਾਲ ਦੇਖੀਏ ਤਾਂ ਪਤਾ ਲਗਦਾ ਹੈ ਕਿ ਗਿਣਤੀ ਵਿਚ ੪੦ ਲੱਖ ਦੀ ਥਾਂ ੨੨ ਲੱਖ ਦੇ ਕਰੀਬ ਰਹਿ ਗਏ ਹਾਂ। ਸਿਦਕ ਵੱਲੋਂ ਜਿੱਥੇ ਤੋਪ ਦੇ ਅੱਗੇ ਇਕ ਦੀ ਥਾਂ ਖਾਲੀ ਹੋਣ ਤੇ ੧੦ ਉਮਡ ਪੈਂਦੇ ਸੀ, ਅੱਜ ਕਿਸੇ ਧਾਰਮਕ ਕਾਰਜ ਵਾਸਤੇ ਭੀ ਜੇ ਉਸ ਕਮੇਟੀ ਵਿਚ ਪ੍ਰਧਾਨ ਜਾਂ ਸਕੱਤ੍ਰ ਦੀ ਜਗਾ ਨਾ ਮਿਲੇ ਤਦ ਸਲਾਹ ਦੇਣੀ ਭੀ ਭਾਰੂ ਸਮਝਦੇ ਹਾਂ। ਪ੍ਰਤਾਪ ਵਲੋਂ ਜਿੱਥੇ ਆਪਣੇ ਦੇਸ ਦੇ ਪ੍ਰਬੰਧਕ ਆਪ ਸਾਂ; ਅੱਜ ਆਪਣੀਆਂ ਵਿਵਹਾਰਕ ਰੀਤਾਂ ਤੇ ਧਾਰਮਕ ਨਿਯਮ ਵੀ ਤਦ ਤਕ ਅਪ੍ਰਵਾਣ ਹਨ ਜਦ ਤਕ ਸਰਕਾਰ ਵਲੋਂ ਕਾਨੂੰਨ ਨਾਲ ਨਾ ਮਨਵਾਏ ਜਾਣ। ਰਹਿਣੀ ਵਲੋਂ ਇਹ ਹਾਲਤ ਹੈ ਜਿਥੇ ਕੇਸਾਂ ਸ੍ਵਾਸਾਂ ਨਾਲ ਸਿੱਖੀ ਦਾ ਨਿਰਬਾਹ ਲੋਚਦੇ ਸਾਂ ਅੱਜ ਭੁੱਲ ਬਖਸ਼ਾਵਣ ਦੀ ਥਾਂ ਸਿਰ ਮੁਨਾ ਦੇਣ ਨੂੰ ਤਿਆਰ ਹਾਂ। ਵਿਦਿਆ ਦਾ ਇਹ ਹਾਲ ਹੈ ਕਿ ਜਿੱਥੇ ਘਰ ਘਰ ਅੰਦਰ ਧਰਮ ਸਾਲ ਪਾਠਸ਼ਾਲਾ ਦੇ ਸਰੂਪ ਵਿਚ ਸਨ ਓਥੇ ਅੱਜ ਜ਼ਿਲੇ ਜ਼ਿਲੇ ਵਿਚ ਭੀ ਹਾਈ ਸਕੂਲਾਂ ਦਾ ਤਰਸੇਵਾਂ ਹੈ ਅਤੇ ਇਕੋ ਇਕ ਡਾਢੀਆਂ ਮੁਸ਼ਕਲਾਂ ਨਾਲ ਬਣੇ 'ਖਾਲਸਾ ਕਾਲਜ' ਵਿਚੋਂ ਭੀ ਧਾਰਮਕ ਵਿਦਿਆ ਦੀ ਪੜ੍ਹਾਈ ਗੁੰਮ ਹੁੰਦੀ ਪ੍ਰਤੀਤ ਹੁੰਦੀ ਹੈ। ਗੁਰਬਾਣੀ ਪ੍ਰੇਮ ਦੀ ਤਾਂ ਕੁਛ ਪੁੱਛੋ ਹੀ ਨਾ, ਹਜ਼ਾਰ ਵਿੱਚੋਂ ਪੁੱਛ ਕਰਨ ਤੇ ਨਿਤਨੇਮ ਬਾਣੀ ਯਾਦ ਵਾਲੇ ਮਸਾਂ ੫੦ ਪ੍ਰੇਮੀ ਹੀ ਨਿਕਲਨਗੇ।......ਸ੍ਵਾਰਥ, ਫੁੱਟ ਤੇ ਜ਼ਾਤੀ ਵੈਰ ਆਦਿਕਾਂ ਨੂੰ ਤਾਂ ਮਾਨੋ ਸਿੱਖ ਪੰਥ ਤੋਂ ਬਿਨਾ ਹੋਰ ਕਿਤੇ ਥਾਉਂ ਹੀ ਨਹੀਂ ਰਹਿ ਗਿਆ। ਗੱਲ ਕੀ ਦੇਖਣ ਨੂੰ ਤਾਂ ਅਸੀਂ ਉੱਨਤੀ ਕਰ ਰਹੇ ਹਾਂ ਪਰ ਵਿਚਾਰ ਕੇ ਦੇਖਿਆਂ ਪੂਰਨ ਘਾਟੇ ਦੀ ਦੌੜ ਵਿਚ ਮਸਤ ਹਾਂ......"



Digitized by Panjab Digital Library | www.panjabdigilib.org

ਸੇਵਕਾਂ ਦੇ ਵਿਛੋੜੇ ਬਾਬਤ ਲਿਖਦੇ ਹੋਏ ਡਾਕਟਰ ਜੀ ਦੀ ਮੌਤ ਦਾ ਘਾਟਾ ਮਹਿਸੂਸ ਕਰਦੇ ਹੋਏ ਲਿਖਦੇ ਹਨ:–

"ਪਿਛਲੇ ਵਿਛੋੜੇ ਅਜੇ ਭੁੱਲੇ ਨਹੀਂ ਜੋ ਉੱਪਰੋਂ ਪੰਥ ਵਿਚ ਹੋਰ ਘਾਟੇ ਪੈ ਰਹੇ ਹਨ। ੧੩ ਨਵੰਬਰ ਨੂੰ ਸ੍ਰੀ ਮਾਨ ਡਾਕਟਰ ਚਰਨ ਸਿੰਘ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਕੁਛ ਦਿਨ ਬੀਮਾਰ ਰਹਿਕੇ ਕੁਵੇਲੇ ਵਿਛੋੜੇ ਦਾ ਸੱਲ ਦੇ ਗਏ ਹਨ। ਆਪ ਚੁੱਪ ਚਾਪ ਕੰਮ ਕਰਨ ਵਾਲੇ ਤੇ ਸੱਚੇ ਪੰਥ ਸੇਵਕ ਸਨ। ਪੁਰਾਤਨ ਸਿੰਘਾਂ ਦਾ ਨਮੂਨਾ, ਪਰ ਪਵਿੱਤ੍ਰ ਜੀਵਣ ਵਾਲੇ, ਗੁਰਬਾਣੀ ਦੇ ਉੱਘੇ ਜਾਣੂ ਤੇ ਖੋਜੀ, ਪੰਜਾਬੀ ਪ੍ਰਚਾਰ ਦੇ ਪ੍ਰਧਾਨ ਥੰਮ ਤੇ ਸੱਚੇ ਹਿਤ-ਕਾਰੀ ਸਨ। ਪੁਰਾਤਨ ਸਮਾਚਾਰਾਂ ਦੇ ਚੰਗੇ ਜਾਣੂ ਤੇ ਖੋਜੀ, ਸੰਗੀਤ ਵਿਦਿਆ ਦੇ ਪੰਡਤ, ਸਾਹਿੱਤ੍ਯ ਦੇ ਪੂਰਨ ਵਿਦਵਾਨ ਅਤੇ ਪੂਰਨ ਨੀਤੀ ਨਿਪੁਨ ਸਨ। ਆਪਦਾ ਕੋਈ ਸਮਾ ਨਹੀਂ ਸੀ ਹੁੰਦਾ ਜੋ ਕਦੇ ਵਿਅਰਥ ਜਾਂਦਾ ਹੋਵੇ। ਇਸਤੋਂ ਬਿਨਾ ਆਪ ਗੁਰਮਤ ਦੇ ਪ੍ਰੇਮੀ, ਨਿੱਤਨੇਮ ਦੇ ਨੇਮੀ ਅਤੇ ਨਾਮ ਅਭਿਆਸ ਦੇ ਰਸੀਏ ਸਨ। ਪੰਥ ਦੇ ਸ਼ੁਭ ਚਿੰਤਕ ਹੋਣ ਤੋਂ ਬਿਨਾ ਕੌਮ ਦੇ ਹੀ ਨਹੀਂ ਸਗੋਂ ਦੇਸ਼ ਦੇ ਭੀ ਪਰਮ ਪਿਆਰੇ ਸਨ। ਉਦਾਹ-ਰਨ ਵਜੋਂ ਜੇ ਆਪਦੀ ਸੇਵਾ ਦੇ ਨਮੂਨੇ ਮਾਤ੍ਰ ਭੀ ਕੁਛ ਸਤਰਾਂ ਪ੍ਰਕਾਸ਼ਤ ਕੀਤੀਆਂ ਜਾਣ ਤਾਂ ਪੁਸਤਕ ਲਿਖਣ ਦੀ ਲੋੜ ਹੈ। ਆਪਦੇ ਲਿਖੇ ਪੁਸਤਕ 'ਗੁਰੂ ਗ੍ਰੰਥ ਬਾਣੀ ਬਿਉਰਾ, ਪਵਿੱਤ੍ਰ ਜੀਵਨ, ਜੰਗ ਮੜੌਲੀ, ਗੜਗੱਜ ਬੋਲੇ, ਸ਼ਕੁੰਤਲਾ ਨਾਟਕ, ਫਰਯਾਦ, ਬਿਨੈ ਪਤ੍ਰਿਕਾ, ਹੀਰ ਭਾਈ ਗੁਰਦਾਸ, ਸਿਦਕੀ ਸ਼ਹੀਦ ਭਾਈ ਮਨੀ ਸਿੰਘ ਦਾ ਜੀਵਨ ਛੰਦਾਬੰਦੀ ਵਿੱਚ, ਸੁਸ਼ੀਲਾ, ਸ਼ਰਾਬ ਕੌਰ' ਆਦਿਕ। ਪ੍ਰਕਾਸ਼ਤ ਹੋ ਚੁਕੇ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਵ ਤਤਕਰਾ, ਭਾਈ ਗੁਰਦਾਸ ਜੀ ਦੇ ਕਬਿੱਤ ਸਵੱਯਾਂ ਦੇ ਪ੍ਰਿਯਾਯ, ਆਦਿਕ ਖਾਲਸਾ ਟ੍ਰੈਕਟ ਸੋਸਾਇਟੀ ਦੇ ਦਫਤ੍ਰ ਵਿਚ ਹਨ। ਹੋਰ ਇਕ ਬੜੀ ਵੱਡੀ ਸੰਗੀਤ ਦੀ ਪੁਸਤਕ, ਇਕ ਸਾਹਿਤ੍ਯ ਦੀ, ਇਕ ਦੇਸ਼ ਸੁਧਾਰ ਦੇ ਸਾਧਨਾਂ ਅਤੇ ਦੇਸ਼ ਦੀ ਦਸ਼ਾ ਤੇ ਲਿਖੀ ਹੋਈ ਬੜੀ ਵੱਡੀ ਪੁਸਤਕ ਜੋ ਨਾਵਲ ਦੇ ਢੰਗ ਤੇ ਹੈ ਆਦਿਕ ਪੁਸਤਕਾਂ ਤੋਂ ਆਪ ਦੇ ਉੱਚ ਵਿਚਾਰ, ਅਰਥ ਪ੍ਰਮਾਰਥ ਦੇ ਗ੍ਯਾਤਾ ਹੋਣ ਦੇ, ਪੰਥਕ ਪ੍ਰੀਤੀ, ਦੇਸ਼ ਸੇਵਾ, ਅਤੇ ਪੰਜਾਬੀ ਪ੍ਰਚਾਰ ਦੇ ਪਿਆਰ ਦਾ ਪਤਾ ਮਿਲਦਾ ਹੈ। ਡਾਕਟਰੀ ਤੋਂ ਬਿਨਾ ਆਪ ਵੈਦਕ ਤੇ ਯੂਨਾਨੀ ਹਿਕਮਤ ਤੋਂ ਭੀ ਚੰਗੀ ਤਰ੍ਹਾਂ ਜਾਣੂ ਸਨ...।"



Digitized by Panjab Digital Library | www.panjabdigilib.org

ਅੰਤ ਵਿੱਚ ਆਪਦੀ ਆਤਮਾ ਲਈ ਸੱਚ ਖੰਡ ਨਿਵਾਸ ਤੇ ਪਿੱਛੇ ਸੰਬੰਧੀਆਂ ਪ੍ਰੇਮੀਆਂ ਤੇ ਪੰਥ ਲਈ ਭਾਣਾ ਮੰਨਣ ਤੇ ਸ਼ਾਂਤੀ ਦੀ ਦਾਤ ਲਈ ਵਾਹਿਗੁਰੂ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਦੇ ਹੋਏ ਇਸ ਲੰਮੇ ਲੇਖ ਨੂੰ ਸਮਾਪਤ ਕਰਦੇ ਹਨ।

ਅੱਗੇ ਚੌਧਰੀ ਗੁਰਦਿਤ ਸਿੰਘ ਜੀ ਬਾਬਤ ਲਿਖਦੇ ਹੋਏ ਇਉਂ ਅੱਥਰੂ ਕੇਰਦੇ ਹਨ--"ਇਸ ਉਪਰੋ ਥਲੀ ਦੇ ਵਿਛੋੜਿਆਂ ਨੇ ਪੰਥ ਨੂੰ ਦੁਖੀ ਤੇ ਕਮਜ਼ੋਰ ਕਰ ਦਿੱਤਾ ਹੈ, ਸ੍ਰੀ ਮਾਨ ਡਾਕਟਰ ਸਾਹਿਬ ਜੀ ਦੀ ਸਵਾਰੀ ਅਜੇ ਸ਼ਮਸ਼ਾਨ ਭੂਮੀ ਤੱਕ ਭੀ ਨਹੀਂ ਪਹੁੰਚੀ ਸੀ ਕਿ ਇੱਕ ਹੋਰ ਗੁਰਸਿੱਖੀ ਮੰਡਲ ਦੇ ਨਿਰਮਾਣ ਸੇਵਕ, ਪੰਥ ਸੇਵਾ ਦੀਆਂ ਅਨੇਕ ਉਮੰਗਾਂ ਹਿਰਦੇ ਵਿੱਚ ਲੈਕੇ, ਸੰਸਾਰ ਯਾਤਰਾ ਪੂਰਨ ਕਰਕੇ ਪੂਰਨ ਵਿੱਚ ਪੂਰਨ ਹੋ ਗਏ। ਮਾਨੋਂ ਆਪਣੇ ਪਿਆਰੇ ਡਾਕਟਰ ਸਾਹਿਬ ਦੇ ਸਾਥੀ ਬਣਨ ਲਈ ਡਾਢੀ ਕਾਹਲੀ ਨਾਲ ਤੁਰੇ ਹਨ। ਆਪ ਜੀ ਦਾ ਪਵਿੱਤ੍ਰ ਨਾਮ ਚੌਧਰੀ ਗੁਰਦਿਤ ਸਿੰਘ ਜੀ ਸੀ।" ਚੌਧਰੀ ਸਾਹਿਬ ਦੀ ਮਿਲਨ ਸਾਰੀ ਪਿਆਰ ਤੇ ਸਤਕਾਰ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:--

"ਆਪ ਦੇ ਜਾਣੂ ਖਾਸ ਕਰ ਚਾਵਲ ਮੰਡੀ ਸ੍ਰੀ ਅੰਮ੍ਰਿਤਸਰ ਵਾਸੀ ਛੋਟੇ ਆਪ ਨਾਲ ਮਾਪਿਆਂ ਦੀ ਤਰ੍ਹਾਂ, ਬਰਾਬਰ ਦੇ ਮਾਂ ਪਿਉ ਜਾਏ ਭਰਾਵਾਂ ਦੀ ਤਰ੍ਹਾਂ, ਬਜ਼ੁਰਗ ਪਿਆਰੇ ਸਪੁੱਤ੍ਰਾਂ ਦੀ ਤਰ੍ਹਾਂ ਪਿਆਰ ਰੱਖਦੇ ਸਨ।" ਅੱਗੇ ਆਪ ਦੀ ਸੇਵਾ ਬਾਰੇ ਜ਼ਿਕਰ ਕਰਦੇ ਹੋਏ ਉਚਰਦੇ ਹਨ:--

"ਆਪ ਚੀਫ ਖਾਲਸਾ ਦੀਵਾਨ ਦੀ ਜਨਰਲ ਤੇ ਅੰਤਰੰਗ ਕਮੇਟੀ ਦੇ ਸਹਾਇਕ (ਮੈਂਬਰ) ਖਾਲਸਾ ਅਨਾਥਾਲਯ ਦੇ ਸੇਵਕ (ਸਕੱਤ੍ਰ) ਮਾਝਾ ਪ੍ਰਚਾਰਕ ਸਬ ਕਮੇਟੀ ਦੇ ਮੀਤ ਪ੍ਰਧਾਨ ਸਨ।"

ਨਿੱਤ ਕਰਮ ਬਾਰੇ ਲਿਖਦੇ ਹਨ:--

"ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਉੱਠਣਾ, ਅਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਪਾਠ ਕਰਨਾ, ਉਪ੍ਰੰਤ ਨਿੱਤ ਨੇਮ ਕਰਿ ਗੁਰਬਾਣੀ ਦਾ ਪਾਠ ਕਰਦੇ ਹੋਇਆਂ ਸ੍ਰੀ ਦਰਬਾਰ ਸਾਹਿਬ



Digitized by Panjab Digital Library | www.panjabdigilib.org

ਦੀ ਯਾਤ੍ਰਾ ਕਰਨੀ। ਰਾਤ ਨੂੰ ਹਰਿਮੰਦਰ ਜੀ ਦੀ ਪਰਕਰਮਾਂ ਦੀ ਸੇਵਾ ਕਰਨੀ। ਵਿਧਵਾਂ, ਅਨਾਥਾਂ ਗਰੀਬਾਂ ਲੋੜਵੰਦਾਂ ਅਭਜਾਗਤਾਂ ਦੀ ਹਰਤਰ੍ਹਾਂ ਸਹਾ-ਇਤਾ ਕਰਨੀ ਆਪਦਾ ਮਾਨੋ ਨਿੱਤਨੇਮ ਸੀ।.........

ਸੁਭਾਵ ਤੇ ਰਹਿਣੀ ਵੱਜੋਂ ਇਉਂ ਦਰਜ ਹੈ:--

"ਆਪਦਾ ਸੁਭਾਵ ਮਿਲਨਸਾਰ, ਬੋਲਣੀ ਅਤੀ ਮਿੱਠੀ ਮਾਨੋਂ ਮਿੱਠਤ ਦੇ ਸੋਮੇ, ਸੱਚੇ ਪੰਥ ਸੇਵਕ, ਗੁਰਬਾਣੀ ਦੇ ਨੇਮੀ, ਗੁਰਮਤਿ ਦੇ ਪ੍ਰੇਮੀ, ਤੇ ਦਾਨੀ ਹੋਣ ਵਿੱਚ ਆਪਣਾ ਨਮੂਨਾ ਆਪ ਹੀ ਸਨ।...... ਉਪਕਾਰ ਕਰਕੇ ਯਾਦ ਰੱਖਣ ਨੂੰ ਬੁਰਾ ਸਮਝਦੇ ਸਨ। ਆਦਿਕ।" ਅੱਗੇ ਆਪ ਦੇ ਹਿਰਦੇ ਵਿੱਚ ਦਾਨ ਦੇਣ, ਸੇਵਾ ਕਰਨ, ਪੰਥ ਦੀ ਚੜ੍ਹਦੀ ਕਲਾ ਦੇਖਣ ਆਦਿ ਦੀਆਂ ਉਮੰਗਾਂ ਦਾ ਜ਼ਿਕਰ ਕਰਦੇ ਹੋਏ, ਆਪਦੀ ਆਤਮਾਂ ਨੂੰ ਸੱਚ ਖੰਡ ਵਿਖੇ ਨਿਵਾਸ ਤੇ ਪਿਛਲਿਆਂ ਨੂੰ ਭਾਣਾ ਮੰਨਣ ਲਈ ਪ੍ਰਾਰਥਨਾ ਕਰਦੇ ਹੋਏ ਇਸ ਦਰਦ ਭਰੇ ਲੇਖ ਨੂੰ ਸਮਾਪਤ ਕਰਦੇ ਹਨ।

## ਲੇਖਣੀ

ਇਸ ਸਾਲ ਵਿੱਚ ਆਪਦੀ ਲੇਖਣੀ ਬਾਰੇ ਕੁਛ ਭੀ ਨਾ ਲਿਖਣਾ ਬੇ-ਇਨਸਾਫੀ ਹੀ ਹੋਵੇਗੀ। ਪਿਛਲੇ ਸਾਲ ਦੇ ਅਖੀਰ ਵਿੱਚ ਆਪ ਨੇ 'ਮਨ-ਮਤ ਪ੍ਰਹਾਰ' ਲੜੀ * ਦੀ ਪੁਸਤਕ ਨੰ: ੫ 'ਗੁਰਮਤ ਗੌਰਵਤਾ' ਲਿਖੀ ਤੇ

---

ਮਨਮਤ ਪ੍ਰਹਾਰ ਲੜੀ:--੧੯ ਵੀਂ ਸਦੀ ਦੇ ਅਖੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਦੇਸ ਹੁਣ ਨਾਲੋਂ ਕਈ ਹਿੱਸੇ ਵਧੀਕ ਗੁਲਾਮੀ ਦੀ ਦਲ ਦਲੈਂ ਵਿਚ ਧਸਿਆ ਤੇ ਕੁਰੀਤਾਂ ਦੇ ਜ਼ਬਰਦਸਤ ਜਾਲ ਵਿਚ ਫਸਿਆ ਹੋਇਆ ਸੀ। ਅਵਿਦਿਆ ਦੀ ਅਨ੍ਹੇਰੀ ਰਾਤ ਆਪਣੇ ਭਰਜੋਬਨ ਵਿਚ ਸੀ ਤੇ ਸਿਖ ਕੌਮ ਗਫਲਤ ਦੀ ਨੀਂਦ ਵਿਚ ਸੁੱਤੀ ਘੂਕ ਰਹੀ ਸੀ। ਸਿੰਘ ਸਭਾ ਲਹਿਰ ਨੇ ਭਾਵੇਂ ਘੂਕ ਸੁੱਤੇ ਸਿਖਾਂ ਨੂੰ ਹਲੂਣਿਆ, ਉਨ੍ਹੀਂ ਪਾਸੇ ਮਾਰਨੇ ਸ਼ੁਰੂ ਕੀਤੇ ਪਰ ਹਿੰਦੂਆਂ ਦੇ ਪੁਰਾਣੇ ਰਸਮੋ ਰਵਾਜ ਇਸਬਹਾਦਰ, ਪਰ ਭੋਲੀ ਕੌਮ ਤੇ ਡਾਢਾ ਗਹਿਰਾ ਅਸਰ ਕਰ ਚੁਕੇ ਸਨ। ਇਸੇ ਭਰਮ ਜਾਲ ਨੂੰ ਤੋੜਨ ਲਈ ਤੇ ਹੋਰਨਾਂ ਮੱਤਾਂ ਦੇ ਸਿਖ ਮੱਤ ਸੰਬੰਧੀ ਪਾਏ ਗਏ ਭੁਲੇਖਿਆਂ ਨੂੰ ਦੂਰ☛



Digitized by Panjab Digital Library | www.panjabdigilib.org

ਜਨਵਰੀ ੧੯੦੮ ਦੇ ਦੁਖ ਨਿਵਾਰਨ ਦੇ ਪਾਠਕਾਂ ਨੂੰ ਗੁਰਪੁਰਬ ਉਪਹਾਰ ਵਜੋਂ ਭੇਟ ਕੀਤੀ ਤੇ ਜੂਨ ੧੯੦੮ ਵਿੱਚ ਮਨ ਮਤ ਪ੍ਰਹਾਰ ਲੜੀ ਦੀ ਨੰ: ੬ ਪੁਸਤਕ 'ਗੁਰਮਤ ਵਿਰੋਧ ਬਿਨਾਸ਼',ਲਿਖੀ। ਇਸ ਲੜੀ ਦੀਆਂ ਇਹ ਦੋਵੇਂ ਪੁਸਤਕਾਂ ਬੜੀਆਂ ਮਾਅਰਕੇ ਦੀਆਂ ਹਨ। ਵਿਦ੍ਵਤਾ,ਵਾਕਫੀ,ਉਕਤੀ ਯੁਕਤੀ, ਗੁਰਮਤ ਤੇ ਮਨਮਤ ਖੋਜ ਦਾ ਸੋਹਣਾ ਨਮੂਨਾ ਹਨ।'ਗੁਰਮਤ ਵਿਰੋਧਬਿਨਾਸ਼' ਦੇ ਛਾਪਣ ਦਾ ਕਾਰਣ ਭੀ ਪਾਠਕਾਂ ਨੂੰ ਦਸ ਦੇਣਾ ਜ਼ਰੂਰੀ ਭਾਸਦਾ ਹੈ।

---

ਕਰਨ ਲਈ ਇਸ ਲੜੀ ਵਿਚ ਵੈਦ ਜੀ ਨੇ ਸ਼ਰਾਧ ਪ੍ਰਬੋਧ,ਗੁਰਮਤ ਅਨੁਸਾਰ ਮ੍ਰਿਤਕ ਸੰਸਕਾਰ ਦੇ ਲਾਭ, ਬ੍ਰਿਧ ਵਿਵਾਹ ਦੁਰਦਸ਼ਾ ਨਾਟਕ, ਸਿੱਖਾਂ ਪਰ ਬੇ ਜਾ ਹਮਲਿਆਂ ਦੇ ਉਤ੍ਰ, ਗੁਰਮਤ ਗੌਰਵਤਾ ਤੇ ਗੁਰਮਤ ਵਿਰੋਧ ਬਿਨਾਸ਼ ਪੁਸਤਕ ਪ੍ਰਕਾਸ਼ਤ ਕੀਤੇ। ਪਹਿਲੀਆਂ ਚਾਰ ਪੁਸਤਕਾਂ ਦੇ ਨਾਵਾਂ ਤੋਂ ਭਾਵ ਸੁਖਾਲਾ ਹੀ ਸਪਸ਼ਟ ਹੋ ਜਾਂਦਾ ਹੈ। 'ਗੁਰਮਤ ਗੌਰਵਤਾ' ਵਿਚ ਗੁਰਬਾਣੀ ਤੇ ਗੁਰਮਤ ਦੀ ਉੱਚਤਾ ਦੀ ਵਿਚਾਰ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ, ਨਾਲ ਹੀ ਗੁਰਮਤ ਅਨੁਸਾਰ ਅਨੰਦ ਕਾਰਜ ਤੇ ਵੈਦਕ ਰੀਤੀ ਅਨੁਸਾਰ ਵਿਵਾਹ ਦਾ ਨਿਰਣਾ ਕੀਤਾ ਗਿਆ ਹੈ। ਗੁਰਮਤ ਵਿਰੋਧ ਬਿਨਾਸ਼ ਅਸਲ ਵਿਚ ਦੁਰਗਾ ਪ੍ਰੈਸ ਨਾਭਾ ਦੀ 'ਅਨੰਦ ਵਿਵਾਹ ਪਰ ਵਿਚਾਰ' ਨਾਮੀ ਪੁਸਤਕ ਦਾ ਉੱਤਰ ਹੈ। ਇਨ੍ਹਾਂ ਪੁਸਤਕਾਂ ਵਿਚ ਆਪ ਨੇ ਵੇਦ, ਉਪਨਿਸ਼ਦ, ਸਿਮ੍ਰਤੀਆਂ ਆਦਿ ਹਿੰਦੂ ਸ਼ਾਸਤ੍ਰਾਂ ਨਾਲ ਗੁਰਬਾਣੀ ਸਿੱਖ ਮਤ ਦਾ ਸਮੁੰਦਰ ਰਿੜਕ ਮਾਰਿਆ ਹੈ। ਜਿਨ੍ਹਾਂ ਉਕਤੀਆਂ ਯੁਕਤੀਆਂ ਅਤੇ ਪ੍ਰਮਾਣਾਂ ਨਾਲ ਵੈਦ ਜੀ ਨੇ ਸਚਾਈ ਨੂੰ ਸਿੱਧ ਕੀਤਾ ਹੈ, ਉਹ ਦੇਖਣ ਤੇ ਪੜ੍ਹਨ ਨਾਲ ਹੀ ਪਤਾ ਲਗ ਸਕਦਾ ਹੈ। ਖੋਜ ਤੇ ਵਿਚਾਰ ਦੇਖਕੇ ਵਿਦਵਾਨ ਲੇਖਕ ਦੀ ਵਿਦਵਤਾ ਉੱਤੇ ਕੌਣ ਅਸ਼ ਅਸ਼ ਨਹੀਂ ਕਰ ਉਠੇਗਾ। ਸੱਚਮੁਚ ਕੁੱਜੇ ਵਿਚ ਸਮੁੰਦਰ ਭਰਿਆ ਹੋਇਆ ਹੈ। ਭੇੜੀਆਂ ਰਸਮਾਂ, ਰਿਵਾਜਾਂ ਤੇ ਵਹਿਮਾਂ ਦੇ ਘੋਰ ਸਮੇਂ, ਜਦ ਸਿੱਖ ਕੌਮ ਭੀ ਇਸੇ ਭਰਮ ਅੰਨ੍ਹੇਰੇ ਵਿਚ ਠੋਕਰਾਂ ਖਾ ਰਹੀ ਸੀ ਇਨ੍ਹਾਂ ਪੁਸਤਕਾਂ ਨੇ ਪ੍ਰਚੰਡ ਸੂਰਜ ਜੇਹਾ ਕੰਮ ਕੀਤਾ। ਇਨ੍ਹਾਂ ਪੁਸਤਕਾਂ ਲਿਖੀਆਂ ਅਤੇ ਛਪਵਾਈਆਂ ਨੂੰ ਭਾਵੇਂ ਕਾਫੀ ਸਮਾਂ ਲੰਘ ਚੁਕਾ ਹੈ ਪਰ ਵਿਚਾਰ ਦੀ ਅੱਖ ਨਾਲ ਪੜ੍ਹਿਆਂ ਇਹ ਅੱਜ ਭੀ ਭਰਮ ਭੂਤ ਕਢਣੇਂ ਤੇ ਕੁਰੀਤ ਜਾਲ ਤੋੜਨ ਲਈ ਪ੍ਰਬਲ ਧੂਣੀ ਤੇ ਤੇਜ਼ ਛੁਰੀ ਦਾ ਕੰਮ ਦੇ ਸਕਦੀਆਂ ਤੇ ਗੁਰਮਤ ਗਾਡੀ-ਰਾਹ ਤੇ ਲਿਆ ਸਕਦੀਆਂ ਹਨ।



Digitized by Panjab Digital Library | www.panjabdigilib.org

ਇਕ ਗੁਰਮਤ ਵਿਰੋਧੀ ਵਿਦਵਾਨ ਨੇ 'ਦੁਰਗਾ ਪ੍ਰੈਸ' ਨਾਭਾ, ਰਿਆਸਤ ਨਾਭਾ ਵਿੱਚ "ਅਨੰਦ ਵਿਵਾਹ ਪਰ ਵਿਚਾਰ" ਨਾਮੇ ਪੁਸਤਕ ਛਾਪੀ। ਉਸ ਵਿੱਚ ਉਕਤੀਆਂ ਯੁਕਤੀਆਂ ਨਾਲ ਗੁਰਮਤ ਅਨੁਸਾਰ ਅਨੰਦ ਵਿਵਾਹ ਦਾ ਖੰਡਣ ਕਰ ਕੇ ਸਿਖ ਜਗਤ ਨੂੰ ਚੈਲੰਜ ਕੀਤਾ ਹੋਇਆ ਸੀ, ਕਿ ਜੋ ਕੋਈ ਇਸ ਪੁਸਤਕ ਦੇ ਲੇਖ ਨੂੰ ਦੋ ਮਹੀਨੇ ਦੇ ਵਿੱਚ ਵਿੱਚ ਗੁਰਮਤ ਪ੍ਰਮਾਣਾ ਦੁਆਰਾ ਖੰਡਣ ਕਰੇਗਾ ਉਸ ਨੂੰ ੧੦੦੦) ਰੁਪਿਆ ਇਨਾਮ ਦਿਤਾ ਜਾਵੇਗਾ। ਭਾਵੇਂ ਲਿਖੀ ਤੇ ਛਪੀ ਕਿਸੇ ਗੁਮਨਾਮ ਵਿਦਵਾਨ ਵੱਲੋਂ ਸੀ, ਪਰ ਉਪਰ ਮਹਾਰਾਜਾ ਸਾਹਿਬ ਸਰ ਹੀਰਾ ਸਿੰਘ* ਜੀ ਨਾਭਾ ਵੱਲੋਂ ਅਥਵਾ ਉਨ੍ਹਾਂ ਦੇ ਹੁਕਮ ਨਾਲ ਪ੍ਰਕਾਸ਼ਤ ਹੋਈ ਪ੍ਰਗਟ ਕੀਤਾ ਗਿਆ ਸੀ। ਵੈਦ ਜੀ ਭਾਵੇਂ ਹੁਣ ਸੱਜਣਾਂ ਮਿਤ੍ਰਾਂ, ਪਿਤਾ ਜੀ ਤੇ ਬਜ਼ੁਰਗਾਂ ਦੇ ਕਹਿਣ ਕਹਾਣ ਤੇ ਘਰੋਗੀ ਮਾਯਕ ਰੁੰਝਲਾਂ ਦੇ ਕਾਰਣ ਅਤੇ ਕੰਮ ਦੀ ਬਹੁਲਤਾ ਹੋਣ ਕਰਕੇ ਇਸ ਖੰਡਣ ਮੰਡਣ ਦੇ ਲਿਖ ਲਿਖਾ ਵੱਲੋਂ ਰੁਚੀ ਮੋੜ ਚੁਕੇ ਸਨ, ਪਰ ਇਸ ਤਰ੍ਹਾਂ ਸਿਖ ਪੰਥ ਉਤੇ ਸਮੁੱਚਾ ਹਮਲਾ ਹੁੰਦਾ ਦੇਖ ਕੇ ਨਾ ਰਹਿ ਸਕੇ, ਕਲਮ ਫੜੀ ਤੇ ਦਿਨਾਂ ਵਿੱਚ ਹੀ ਮੂੰਹਤੋੜ ਉੱਤਰ ਲਿਖ ਕੇ ਗ੍ਰੰਥ ਪ੍ਰਕਾਸ਼ਤ ਕਰਵਾ ਦਿਤਾ ਤੇ ਮਹਾਰਾਜਾ ਸਾਹਿਬ ਨਾਭਾ ਨੂੰ ਹੀ ਸਮਰਪਣ ਕੀਤਾ। ਇਸ ਪੁਸਤਕ ਦੇ ਛਪਦਿਆਂ ਹੀ ਹਰਜੱਲਾ ਮੱਚ ਗਿਆ। ਵੈਦ ਜੀ ਦੀ ਕਲਮ ਦੀ ਉਪਮਾਂ ਚੁਫੇਰੇ ਗੂੰਜ ਉਠੀ। ਸੁਹਣੇ ਕੀਮਤੀ ਕਾਗਜ਼ ਤੇ ਛਪਵਾ ਕੇ ਵੈਦ ਜੀ ਨੇ ਇਕ ਪੁਸਤਕ ਮਹਾਰਾਜਾ ਸਾਹਿਬ ਨਾਭਾ ਤੇ ਇਕ ਓਸ

*ਮਹਾਰਾਜਾ ਸਰ ਹੀਰਾ ਸਿੰਘ ਜੀ ਨਾਭਾ:--ਦਾ ਜਨਮ ੬ ਪੋਹ ਸੰਮਤ ੧੯੦੦ (੧੮੪੩) ਨੂੰ ਹੋਇਆ ਤੇ ੧੦ ਅਗਸਤ ਸੰਨ ੧੮੭੧ ਨੂੰ ਆਪ ਨਾਭੇ ਦੀ ਰਾਜ ਗੱਦੀ ਤੇ ਬੈਠੇ। ਦੂਜੇ ਰਾਜਿਆਂ ਲਈ ਆਪ ਜੀ ਦਾ ਰਾਜ ਉਦਾਹਰਣ ਰੂਪ ਸੀ। ਆਪ ਜੀ ਦਾ ਵਿਦਯਾ ਨਾਲ ਅਪਾਰ ਪ੍ਰੇਮ ਸੀ ਤੇ ਸਿਖ ਕੌਮ ਨੂੰ ਉਚਿਆਂ ਵੇਖਣ ਦੀ ਤੀਬਰ ਇੱਛਿਆ ਸੀ। ਖਾਲਸਾ ਕਾਲਜ ਨੂੰ ਪੱਕੇ ਪੈਰਾਂ ਤੇ ਕਰਨਾ ਆਪ ਦੀ ਹੀ ਹਿੰਮਤ ਸੀ। ਆਖਰ ਚਲਦੀ ਸਰਾਂ ਵਿਚੋਂ ਆਪ ਦਾ ਦੇਹਾਂਤ ੨੫ ਦਸੰਬਰ ੧੯੧੧ ਨੂੰ ਨਾਭੇ ਵਿਚ ਹੋਇਆ।



Digitized by Panjab Digital Library | www.panjabdigilib.org

ਲਿਖਾਰੀ ਨੂੰ ਦੁਰਗਾ ਪ੍ਰੈਸ ਰਾਹੀਂ ਭੇਜੀ। ਪੰਥ ਵਿੱਚ ਤਾਂ ਵਾਹ ਵਾਹ ਹੋਣੀ ਹੀ ਸੀ ਖੁਦ ਮਹਾਰਾਜਾ ਨਾਭਾ ਭੀ ਵੈਦ ਜੀ ਦੀ ਉਪਮਾਂ ਕੀਤੇ ਬਿਨਾ ਨਾ ਰਹਿ ਸਕੇ। ਪ੍ਰਸਿੱਧ ਗਿਆਨੀ ਠਾਕਰ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਇਕ ਦਿਨ ਵੈਦ ਜੀ ਨੂੰ ਇਸ ਤਰ੍ਹਾਂ ਦੱਸਿਆ "ਅਸੀਂ ਨਾਭੇ ਗਏ ਸੀ, ਮਹਾਰਾਜਾ ਸਾਹਿਬ ਆਪ ਨੂੰ ਮਿਲਨ ਦੇ ਚਾਹਵਾਨ ਹਨ ਤੇ 'ਗੁਰਮਤ ਵਿਰੋਧ ਬਿਨਾਸ਼' ਪੁਸਤਕ ਦੀ ਬਹੁਤ ਪ੍ਰਸੰਸਾ ਕਰਦੇ* ਹਨ।" ਇਸੇ ਹੀ ਸਿਲਸਿਲੇ ਵਿੱਚ ਦੋ ਸਤੰਬਰ ੧੯੦੮ ਨੂੰ ਵੈਦ ਜੀ ਨੂੰ ਮਹਾਰਾਜਾ ਸਾਹਿਬ ਨਾਭਾ ਨੇ ਮਿਲਨ ਵਾਸਤੇ ਸ਼ਿਮਲੇ ਤੋਂ ਅਰਜੰਟ ਤਾਰ ਭੇਜੀ, ਪਰ ਆਪ ਉਸ ਵੇਲੇ ਮਿਲਣ ਲਈ ਜਾ ਨਾ ਸਕੇ। ਨਾਲੇ ਵੈਦ ਜੀ ਨੂੰ ਰਾਜੇ ਮਹਾਰਾਜੇ ਜਾਂ ਵੱਡੇ ਅਮੀਰ ਲੋਕਾਂ ਦੇ ਮਿਲਣ ਦੀ ਬਹੁਤ ਹੀ ਘੱਟ ਇਛਾ ਹੁੰਦੀ ਸੀ। ਉਹ ਆਖਿਆ ਕਰਦੇ ਸਨ:—

"ਇਹ ਵੱਡੇ ਵੱਡੇ ਅਮੀਰ ਮਾਯਾ ਧਾਰੀ ਮਾਯਾ ਮਦ, ਪ੍ਰਭੁਤਾ ਮਦ, ਤੇ ਝੂਠੇ ਮਾਨ ਮਦ ਵਿਚ ਮੱਤੇ ਹੁੰਦੇ ਹਨ। ਇਨ੍ਹਾਂ ਨਾਲ ਮਿਲਣ ਕਰਕੇ ਲਾਭ ਨਹੀਂ ਸਗੋਂ ਘਾਟਾ ਹੀ ਘਾਟਾ ਹੁੰਦਾ ਹੈ।"

ਇਸ ਪੁਸਤਕ ਨੇ ਵਿਦਵਾਨਾਂ ਗੁਰਮੁਖਾਂ ਦੇ ਦਿਲ ਖਿੜਾ ਦਿਤੇ ਤੇ ਨਾਭੇ ਜੇਹੇ ਰਾਜ ਘਰਾਣੇ ਵਿੱਚ ਵੈਦ ਜੀ ਡਾਢੇ ਸਤਕਾਰ ਨਾਲ ਦੇਖੇ ਜਾਣ ਲਗੇ। ਇਸੇ ਹੀ ਸਿਲਸਿਲੇ ਵਿੱਚ ਦੂਜੀ ਸਿਖ ਐਜੂਕੇਸ਼ਨਲ ਕਾਨਫ੍ਰੰਸ ਦੇ ਸਮਾਗਮ ਸਮੇਂ ਨਾਭਾ ਦੇ ਟਿਕਾ ਸਾਹਿਬ ਰਿਪੁਦਮਨ ਸਿੰਘ† ਜੀ ਨੇ ਮਿਲਨ

---

* ੧੩ ਨਵੰਬਰ ੧੯੦੮ ਦੀ ਡਾਇਰੀ।

† ਮਹਾਰਾਜਾ ਰਿਪੁਦਮਨ ਸਿੰਘ (ਗੁਰਚਰਨ ਸਿੰਘ) ਜੀ:--ਆਪ ਜੀ ਦਾ ਜਨਮ ੪ ਮਾਰਚ ੧੮੮੩ ਨਾਭੇ ਹੋਇਆ। ੨੪ ਜਨਵਰੀ ੧੯੧੨ ਨੂੰ ਗੱਦੀ ਬਿਰਾਜੇ। ਰਿਆਸਤ ਪਟਿਆਲੇ ਨਾਲ ਅਕਾਰਨ ਵਿਰੋਧ ਤੇ ਸਿਖ ਮੂਵਮੈਂਟ ਦੀ ਮਦਦ ਕਾਰਨ ਆਪ ਨੂੰ ੯ ਜੁਲਾਈ ੧੯੨੩ ਨੂੰ ਗਦੀ ਤੋਂ ਲਾਹਿਆ ਗਿਆ। ਦੇਹਰਾ ਦੂਨ ਰਹਿਣਦੀ ਆਗਿਆ ਹੋਈ। ੬ ਫਰਵਰੀ ੧੯੨੭ਨੂੰ ਮੁੜ ਅੰਮ੍ਰਿਤ ਛਕਿਆ ਗੁਰਚਰਨ ਸਿੰਘ ਨਾਮ ਰਖਿਆ। ੧੯ ਫਰਵਰੀ ੧੯੨੮ ਮਹਾਰਾਜਾ ਦੀ ਪਦਵੀ ਜ਼ਬਤ ਕਰਕੇ, ਰੁਜ਼ੀਨਾ ਘਟਾ ਕੇ ਕੋਡਾਈ ਕਨਾਲ ਸਰਕਾਰੀ ਨਿਗਰਾਨੀ ਹੇਠ ਭੇਜਿਆ ਗਿਆ। ਓਦੋਂ ਦੇ ਓਥੇ ਹਨ। ਇਹਨਾਂ ਦੇ ਟਿੱਕਾ ਸਾਹਿਬ ਮਹਾਰਾਜਾ ਪ੍ਰਤਾਪ ਸਿੰਘ ਦਾਜਨਮ ੨੧ ਸਤੰਬਰ ੧੯੧੯ ਨੂੰ ਹੋਇਆ। ਵਲੈਤ ਜਾ ਕੇਸ ਕਟਾ ਦਿਤੇ।



Digitized by Panjab Digital Library | www.panjabdigilib.org

ਦੀ ਚਾਹ ਪ੍ਰਗਟ ਕੀਤੀ। ੧੧ ਅਪ੍ਰੈਲ ੧੯੦੯ ਦੀ ਡਾਇਰੀ ਵਿੱਚ ਇਸ ਤਰ੍ਹਾਂ ਨੋਟ ਦਰਜ ਹੈ।

"ਸਿ: ਐ: ਕਾ: ਦੀ ਨੁਮਾਇਸ਼ ਦੇਖਣ ਗਏ ਉੱਥੇ ਟਿੱਕਾ ਸਾਹਿਬ ਜੀ (ਨਾਭਾ) ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ 'ਅਸੀਂ ਦੇਰ ਤੋਂ ਆਪਨੂੰ ਮਿਲਨਾ ਚਾਹੁੰਦੇ ਸੀ। ਕੀ ਤੁਸੀਂ ਸਦਾ ਤਰਨ ਤਾਰਨ ਹੀ ਮਿਲਦੇ ਹੋ?"

ਇਸਦੇ ਨਾਲ ਹੀ ਭਾਈ ਸਾਹਿਬ ਜਿਥੇ ਲਿਖਦੇ ਹਨ—'ਆਪ ਬੜੇ ਸਤਕਾਰ ਨਾਲ ਮਿਲੇ' ਓਥੇ ਨਾਲ ਹੀ ਅੱਗੇ ਆਪਣੇ ਖਿਆਲ ਇਸਤਰ੍ਹਾਂ ਦਰਜ ਕਰਦੇ ਹਨ:—

"ਪ੍ਰੰਤੂ ਵੱਡਿਆਂ ਤੋਂ ਪਰੇ ਪਰੇ ਰਹਿਣ ਦੇ ਸੁਭਾਵ ਅਨੁਸਾਰ ਸੰਕੋਚ ਹੀ ਰਿਹਾ।"

ਕਾਨਫ੍ਰੰਸ ਤੋਂ ਪਿੱਛੋਂ ੧੯ ਅਪ੍ਰੈਲ ਨੂੰ ਟਿਕਾ ਸਾਹਿਬ ਆਪ ਭਾਈ ਸਾਹਿਬ ਜੀ ਨੂੰ ਮਿਲਨ ਲਈ ਤਰਨ ਤਾਰਨ ਆਏ ਤੇ ਸੁਹਣੀ ਪ੍ਰੇਮ-ਭਰੀ ਮੁਲਾਕਾਤ ਹੋਈ।

ਹੁਣ ਭਾਈ ਸਾਹਿਬ ਜੀ ਨੇ ਇਸ ਖੰਡਣ ਮੰਡਣ ਦੇ ਬਹੁਤ ਝਮੇ-ਲਿਆਂ ਵੱਲੋਂ ਰੁੱਚੀ ਮੋੜ ਕੇ 'ਪੰਜਾਬੀ ਪ੍ਰਚਾਰ ਰਤਨਾਵਲੀ' ਦੇ ਪੁਸਤਕ ਲਿਖਣ ਦੀ ਸਲਾਹ ਠਾਣੀ, ਤੇ ਅਗਸਤ ੧੯੦੮ ਵਿੱਚ 'ਪੰਜਾਬੀ ਪ੍ਰਚਾਰ ਰਤਨਾਵਲੀ' ਦੇ ਸਿਲਸਿਲੇ ਦੇ ਲੇਖ ਛਪਣ ਲਈ ਦਿੱਤੇ*।

"੩੧ ਅਗਸਤ ਨੂੰ ੨੭ ਅਗਸਤ ਦੇ ਆਰਯਾ ਗਜ਼ਟ ਵਿੱਚ ਛਪੇ ਦੋ ਲੇਖਾਂ ਦੇ ਉਤ੍ਰ ਲਿਖੇ।

੧ ਜੁਲਾਈ ਨੂੰ "ਇੱਕ ਖਰੜਾ ਨੀਤੀ ਬਚਨ ਭਾਈ ਦਿੱਤ ਸਿੰਘ ਜੀ ਦਾ ਭਾਈ ਸਾਹਿਬ ਵੀਰ ਸਿੰਘ ਜੀ ਨੂੰ ਖਾ: ਟ੍ਰੈ: ਸੋ: ਵਾਸਤੇ ਦਿੱਤਾ।

੩ ਦਸੰਬਰ ੧੯੦੮ "ਸਵੇਰੇ ਅੰਮ੍ਰਿਤ ਵੇਲੇ 'ਸੱਚਾ ਪ੍ਰੇਮ' ਅੱਧਾ ਕੁ ਮਜ਼ਮੂਨ ਲਿਖਿਆ"

ਅਖੀਰ ਸਾਲ ੨੭ ਦਸੰਬਰ ਦੀ ਡਾਇਰੀ ਵਿੱਚ ਦਰਜ ਹੈ:—

"ਅੱਜ ਇਲਮ ਖਿਆਲ, ਇਲਾਜ ਬੇ ਦੁਆ, ਇਸਤ੍ਰੀ ਚਕਿਤਸਾ

* ੨੩ ਅਗਸਤ ੧੯੦੮ ਦੀ ਡਾਇਰੀ।



Digitized by Panjab Digital Library | www.panjabdigilib.org

ਤੇ ਬਾਲਕ ਚਕਿਤਸਾ ਦੀ ਭੂਮਿਕਾ ਦੇ ਪਹਿਲੇ ਨੋਟ ਰਾਤ ਦੇ ਗਿਆਰਾਂ ਬਜੇ ਤੱਕ ਘਰ ਬੈਠਕੇ ਸਾਫ ਕਰਕੇ ਲਿਖੇ।"

## ਦੂਖ ਨਿਵਾਰਨ

ਏਥੇ ੧੯੦੮ ਦੇ 'ਦੂਖ ਨਿਵਾਰਨ' ਦਾ ਜ਼ਿਕਰ ਕੀਤੇ ਬਿਨਾ ਅੱਗੇ ਚੱਲਣਾ ਭੀ ਅਧੂਰਾ ਪਨ ਹੀ ਸਮਝਿਆ ਜਾਵੇਗਾ, ਇਸ ਲਈ ੧੯੦੮ ਦੇ 'ਦੂਖ ਨਿਵਾਰਨ' ਪੱਤ੍ਰ ਦੇ ਇੱਕ ਦੋ ਲੇਖਾਂ ਦਾ ਨਮੂਨੇ ਮਾਤ੍ਰ ਲਈ ਏਥੇ ਜ਼ਿਕਰ ਕਰਦੇ ਹਾਂ।

ਇਸ ਸਾਲ ਦੀ ਹਲਚਲ ਦੀ ਹਾਲਤ ਦਾ ਵਰਣਨ ਅਸੀਂ ਉੱਪਰ ਕਰ ਆਏ ਹਾਂ, ਪ੍ਰਜਾ ਵਿੱਚ ਅਸ਼ਾਂਤੀ ਹਲਚਲ ਜਾਂ ਇਨਕਲਾਬ ਸਮੇਂ,ਸਮੇਂ ਦੀ ਸਰਕਾਰ ਭੀ ਦਮਨ ਨੀਤੀ ਉੱਪਰ ਉੱਤਰ ਆਉਂਦੀ ਹੈ।ਫੇਰ ਬਿਦੇਸ਼ੀ ਸਰਕਾਰ?ਸਮੇਂ ਦੀ ਸਰਕਾਰ ਉਸ ਵੇਲੇ ਦਮਨ ਨੀਤੀ ਤੇ ਤੁਲੀ ਹੋਈ ਜ਼ੋਰਾਂ ਵਿੱਚ ਸੀ, ਤੇ ਪ੍ਰਜਾ ਨੂੰ ਦਬਾ ਰਹੀ ਸੀ। ਅਖਬਾਰ ਨਵੀਸਾਂ ਨੂੰ ਭੀ-ਜੇਹਾ ਕਿ ਅਜੇਹੇ ਸਮਿਆਂ ਵਿਚ ਹੁੰਦਾ ਹੈ–ਕੋਈ ਭੜਕੀਲੀ ਜਾਂ ਸਰਕਾਰੀ ਰੋਅਬ ਨੂੰ ਨੁਕਸਾਨ ਪੁਚਾਉਣ ਵਾਲੀ ਖਬਰ ਜਾਂ ਲੇਖ ਲਿਖਣ ਦੀ ਸਖਤ ਮਨਾਹੀ ਸੀ। ਸਭ ਕੁਛ ਸੀ, ਤੇ ਸਭ ਕੁਛ ਪਿਆ ਹੋਵੇ, ਪਰ ਕਦੇ ਦਿਲਾਂ ਦੇ ਉਬਾਲਾਂ ਨੂੰ ਭੀ ਕਿਨੇ ਰੋਕਿਆ ਹੈ ? ਫੱਟੇ ਹੋਏ ਫੱਟਾਂ ਵਿਚੋਂ ਭੀ ਖੂਨ ਵਗਦਾ ਕਿਨੇ ਰੋਕਿਆ ਹੈ ? ਆਸ਼ਕਾਂ ਨੂੰ ਮਰਨੋਂ ਤੇ ਸ਼ਹੀਦਾਂ ਨੂੰ ਸ਼ਹਾਦਤ ਤੋਂ ਡਰਦਿਆਂ ਭੀ ਭਲਾ ਕਿਨ੍ਹੇ ਦੇਖਿਆ ਹੈ ? ਹਰਗਿਜ਼ ਨਹੀਂ। ਭਾਵੇਂ ਉਸ ਸਮੇਂ ਅਨੇਕ ਕਮ-ਦਿਲ ਡਰ ਗਏ, ਪਰ ਦਲੇਰ, ਪੰਥਕ, ਕੌਮੀ ਤੇ ਮੁਲਕੀ ਦਰਦ ਵਾਲੇ ਦਿਲਾਂ ਦੀ ਧੜਕਣ ਨਾ ਹੀ ਬੰਦ ਹੋਈ। ਦਿਲ ਚਲੇ ਲੇਖਕਾਂ ਤੋਂ ਆਪਣੇ ਦਿਲੀ ਉਬਾਲ ਪ੍ਰਗਟ ਕਰਨੋਂ ਨਾ ਹੀ ਰਿਹਾ ਗਿਆ। ਸਾਡੇ ਨੌਜਵਾਨ ਲਿਖਾਰੀ ਵੈਦ ਜੀ ਦੀ ਛਾਤੀ ਵਿਚ ਭੀ ਦਿਲ ਸੀ, ਦਿਲ ਵਿਚ ਖੂਨ, ਤੇ ਖੂਨ ਵਿਚ ਕੌਮੀ ਪਿਆਰ ਦੀ ਧੜਕਣ ਸੀ। ਇਕ ਪਾਸੇ ਸਰਕਾਰੀ ਦਮਨ ਨੀਤੀ ਦਾ ਡਰ ਤੇ ਦੂਜੇ ਪਾਸੇ ਕੌਮੀ ਪਿਆਰ ਦਾ ਫਰਜ਼ ਆਪ ਨੂੰ ਬਿਹਬਲ ਕਰ



Digitized by Panjab Digital Library | www.panjabdigilib.org

ਰਿਹਾ ਸੀ। ਲਿਖਣਾ ਨਹੀਂ ਸਨ ਚਾਹੁੰਦੇ, ਪਰ ਲਿਖਣੋਂ ਰਿਹਾ ਭੀ ਨਾ ਸੀ ਜਾਂਦਾ।ਕਲਮ ਸਮੇਂ ਦੀ ਸਖਤੀ ਦੇਖਕੇ ਰੁਕ ਰੁਕ ਚਲਦੀ ਸੀ,ਪਰ ਚਲਦੀ ਸੀ ਓਸੇ ਕੌਮੀ ਜੋਸ਼ ਤੇ ਮੁਲਕੀ ਉਛਾਲਿਆਂ ਦੇ ਦਰਦ ਭਰੇ ਗੀਤ ਗੌਂਦੀ, ਹਮ ਵਤਨਾਂ ਨੂੰ ਜਗੌਂਦੀ ਤੇ ਕੌਮੀ ਖ਼ੂਨ ਗਰਮੌਂਦੀ ਹੋਈ। ਹਾਂ! ਪਾਠਕ ਜਨ! ਆਪਦੀ ਲਿਖਣ ਦੀ ਨਿਰਭੈਤਾ ਦਾ ਨਮੂਨਾ ਪੇਸ਼ ਕਰਦਾ ਹਾਂ–

੩੦ ਅਪ੍ਰੈਲ ਦੀ ਰਾਤ ਨੂੰ ਮੁਜ਼ੱਫਰ ਪੁਰ (ਬੰਗਾਲ) ਵਿਚ ਡਿਸ-ਟ੍ਰਿਕਟ ਜੱਜ ਮਿਸਟਰ ਕਿੰਗਸਫੋਰਡ ਉਪਰ ਬੰਬ ਦਾ ਵਾਰ ਕੀਤਾ ਗਿਆ, ਉਹ ਤਾਂ ਬਚ ਗਿਆ, ਉਸਦੀ ਜਗਾ ਵਿਚਾਰੀਆਂ ਮਾਂ ਧੀ ਦੋ ਗੋਰੀਆਂ ਮਾਰੀਆਂ ਗਈਆਂ। ਇਸ ਘਟਨਾ ਨੂੰ ਨੌਜਵਾਨ ਵੈਦ ਜੀ ਆਪਣੇ 'ਦੁਖ ਨਿਵਾਰਨ' ਦੇ ਪਰਚੇ ਸਫਾ ੧੩੬ ਵਿਚ "ਅੰਗ੍ਰੇਜ਼ੀ ਰਾਜ ਵਿਚ ਰੂਸੀ ਅੰਧੇਰ" *ਦੀ ਸੁਰਖੀ ਹੇਠ ਲਿਖਦਿਆਂ ਹੋਇਆਂ ਇਸ ਘਟਨਾ ਦਾ ਕਾਰਣ ਹਾਕਮਾਂ ਦੀ ਸਖਤੀ ਦਸਦੇ ਹਨ। ਆਪ ਲਿਖਦੇ ਹਨ:–

......ਹਿੰਦੁਸਤਾਨ ਦੇ ਕੁਛ ਅਜੇਹੇ ਭੈੜੇ ਦਿਨ ਆਏ ਹੋਏ ਹਨ ਕਿ ਨਿਤ ਨਵੇਂ ਸੂਰਜ ਭਿਆਨਕ ਤੋਂ ਭਿਆਨਕ ਉਪੱਦ੍ਰਵ ਦੇਖਣ ਸੁਣਨ ਵਿਚ ਆ ਰਹੇ ਹਨ। ਨਾ ਰਾਜ ਕਰਮਚਾਰੀਆਂ ਵਲੋਂ ਰਾਜਾ ਦੀ ਤਰਾਂ ਪਿਤਾ ਦਾ

---

* ਇਸ ਸੋਵੀਏਟ ਹਕੂਮਤ ਤੋਂ ਪਹਿਲਾਂ ਜੋ ਅਜ ਕਲ ਰੂਸ ਵਿਚ ਹੈ ਉੱ-ਥੇ ਸ਼ਖਸੀ ਹਕੂਮਤ ਸੀ। ਰੂਸ ਦਾ ਬਾਦਸ਼ਾਹ 'ਜ਼ਾਰ' ਖਾਨਦਾਨ ਵਿਚੋਂ ਸੀ। ਉਸ ਸਮੇਂ ਵਿਚ ਰੂਸੀ ਪਰਜਾ ਉਪਰ ਜੋ ਜ਼ੁਲਮ ਅਤਯਾਚਾਰ ਹੋਏ। ਦੇਸ਼ ਭਗਤਾਂ, ਸੱਚੇ ਕੌਮ ਪੂਜਾਂ, ਪ੍ਰਜਾ ਸੇਵਕਾਂ ਦੀ ਜੋ ਦੁਰਗਤੀ ਹੋਈ ਉਸਦਾ ਨਮੂਨਾ ਦੁਨੀਆਂ ਭਰ ਵਿਚ ਘੱਟ ਹੀ ਲੱਭੇਗਾ ਇਸੇ ਲਈ ਰੂਸੀ ਅਤਿਯਾਚਾਰ ਦੀਆਂ ਕਹਾਣੀਆਂ ਮਸ਼ਹੂਰ ਹਨ। ਉਨ੍ਹੀ ਦਿਨੀਂ ਰੂਸ ਵਿਚ ਧਰਮ ਈਮਾਨ ਜਾਂ ਇਨਸਾਫ ਦੀ ਕੋਈ ਪੁੱਛ ਨਾ ਸੀ, ਅੰਧਾ ਧੁੰਧ ਜ਼ੁਲਮ ਤੇ ਸਖਤੀ ਹੋ ਰਹੀ ਸੀ। ਤਾਹੀਂ ਵੈਦ ਜੀ ਨੇ ਹਾਕਮਾਂ ਦੀ ਇਸ ਅੰਧੇਰੀ ਗਰਦੀ ਨੂੰ ਰੂਸੀ ਅੰਧੇਰ ਨਾਲ ਤਸ਼ਬੀਹ ਦਿਤੀ ਹੈ।ਪਰ ਅਜ ਜੋ ਰੂਸ ਵਿਚ ਅਮਨ ਸ਼ਾਂਤ ਤੇ ਸੁਖ ਦਾ ਰਾਜ ਹੈ ਅਜੇਹਾ ਤਾਂ ਸ਼ਾਇਦ ਸਾਰੇ ਸੰਸਾਰ ਵਿਚ ਭੀ ਨਹੀਂ।



Digitized by Panjab Digital Library | www.panjabdigilib.org

ਵਰਤਾਉ ਹੋ ਰਿਹਾ ਹੈ ਨਾ ਪ੍ਰਜਾ ਵਲੋਂ ਪੁੱਤ੍ਰ ਧਰਮ ਦੀ ਪਾਲਣਾ ਹੋ ਰਹੀ ਹੈ। ਏਥੋਂ ਤਕ ਕਿ ਰੂਸੀ ਅਤੇ ਵਲੈਤੀ ਹਤਿਆਰਿਆਂ ਦੀ ਚਾਲ ਕਈ ਦੇਸੀਆਂ ਨੇ ਭੀ ਫੜ ਲਈ ਹੈ। ਅਫਸਰਾਂ ਦੀਆਂ ਅਯੋਗ ਕਾਰਰਵਾਈਆਂ ਅਤੇ ਸਖਤੀਆਂ ਨੇ ਬਹੁਤ ਸਾਰੀ ਪ੍ਰਜਾ ਵਿਚ ਭਿਆਨਕ ਕਠੋਰਤਾ ਪੈਦਾ ਕਰ ਦਿੱਤੀ ਹੈ।"

ਸਖਤੀ ਦੇ ਤਰੀਕਿਆਂ ਨੂੰ ਨਿੰਦਦੇ ਹੋਏ ਲਿਖਦੇ ਹਨ:—

"ਅਜੇ ਤਕ ਭੀ ਚਿੱਕੜ ਨੂੰ ਚਿੱਕੜ ਨਾਲ ਹੀ ਧੋਣ ਦੇ ਯਤਨ ਕੀਤੇ ਜਾ ਰਹੇ ਹਨ। ਉਬਾਲ ਨੂੰ ਮੱਠਿਆਂ ਕਰਨ ਲਈ ਸਗੋਂ ਅੱਗ ਹੋਰ ਤੇਜ਼ ਕੀਤੀ ਜਾ ਰਹੀ ਹੈ।ਅਰਥਾਤ ਸਖਤੀਆਂ ਤੋਂ ਉਤਪਨ ਹੋਏ ਅਤਿਆਚਾਰਾਂ ਨੂੰ ਦਮਨ ਕਰਨ ਵਾਸਤੇ ਸਖਤੀਆਂ ਦਾ ਹੀ ਵਰਤਾਉ ਜਾਰੀ ਹੈ।"

ਝੂਠੀਆਂ ਰਪੋਰਟਾਂ ਉਪਰ ਯਕੀਨ ਕਰਕੇ ਅਤੇ ਸੱਚ ਬੋਲਣ ਵਾਲਿਆਂ ਦੀ ਪ੍ਰਵਾਹ ਨਾ ਕਰਨ ਕਰਕੇ ਹੀ ਇਹ ਉਪੱਦ੍ਰਵ ਹੋ ਰਹੇ ਹਨ— ਬਾਰੇ ਲਿਖਦੇ ਹਨ:—

"ਨੇਕ ਦਿਲ ਸੱਤ ਭਾਖੀ ਪ੍ਰਜਾ ਦੀ ਪੁਕਾਰ ਨੂੰ ਵਿਸਾਰਕੇ, ਕੱਚੇ ਖੁਸ਼ਾਮਦੀ, ਰਾਜਾ ਪ੍ਰਜਾ ਦੇ ਵੈਰੀ ਸ੍ਵਾਰਥ ਅੰਧ ਲੋਕਾਂ ਦੀਆਂ ਗੱਲਾਂ ਤੇ ਹੀ ਵਿਸ੍ਵਾਸ ਹੋ ਰਿਹਾ ਹੈ। ......ਸਾਧਾਰਨ ਆਦਮੀ ਭੀ ਇਸ ਗੱਲ ਨੂੰ ਜਾਣਦਾ ਹੈ ਕਿ 'ਜੋ ਪ੍ਰਾਈ ਨਿੰਦਾ ਕਰੇ, ਆਕੇ ਤੇਰੇ ਪਾਸ। ਤੇਰੀ ਭੀ ਬਿਲਕੁਲ ਕਰੂ, ਕਰ ਨਾ ਉਦ੍ਹਾ ਵਿਸ੍ਵਾਸ।'......ਜਦ ਆਮ ਆਦਮੀਆਂ ਦੇ ਇਹ ਵਿਚਾਰ ਹਨ ਤਾਂ ਪਤਾ ਨਹੀਂ ਸਾਡੇ......ਅਫਸਰ ਚੁਗ਼ਲਾਂ ਨਾਲ ਪਿਆਰ, ਚੁਗ਼ਲਾਂ ਨੂੰ ਤਰੱਕੀਆਂ ਤੇ ਝੋਲੀ ਚੁੱਕਾਂ ਦੇ ਕਹਿਣ ਤੇ ਭਰੋਸਾ ਕਰਕੇ ਕਿਉਂ ਰਾਜਾ ਪ੍ਰਜਾ ਦੇ ਅਮਨ ਵਿਚ ਵਿਰੋਧ ਪਾ ਰਹੇ ਹਨ। ਬਿਨਾ ਮਤਲਬ ਦੂਜਿਆਂ ਦੇ ਜ਼ਾਤੀ ਕੰਮਾਂ, ਧਾਰਮਕ ਆਸ਼੍ਰਮਾਂ ਤੇ ਕੌਮੀ ਕਾਰਜਾਂ ਵਿਚ ਦਖਲ ਦੇਕੇ ਪ੍ਰਜਾ ਨੂੰ ਪ੍ਰਜਾ ਧਰਮ ਤੋਂ ਗਿਰਾਣ ਦਾ ਸਮਾ ਦਿੱਤਾ ਜਾਂਦਾ ਹੈ। ਦੇਸ਼ ਦੀ ਸਤਜਾ ਨਾਸ਼ ਤੇ ਰਾਜ-ਬਲ ਨੂੰ ਕਮਜ਼ੋਰ ਕਰ ਰਹੇ ਹਨ। ਅਜੇਹੇ ਕੰਨਾਂ ਦੇ ਕੱਚੇ ਦੂਰ ਅੰਦੇਸ਼ੀ ਦੀ ਵਿਚਾਰ ਤੋਂ ਥੋਥੇ ਅਫਸਰਾਂ ਦੀ ਕ੍ਰਿਪਾ



Digitized by Panjab Digital Library | www.panjabdigilib.org

ਨਾਲ ਹੀ......ਅੱਜ ਰੂਸੀ ਅੰਧੇਰ ਦੇ ਅਤਯਾਚਾਰ ਦੇਖਣ ਸੁਣਨ ਵਿਚ ਆ ਰਹੇ ਹਨ। ਹਾਕਮ ਅਤੇ ਪ੍ਰਜਾ ਦੋਵੇਂ ਹੀ ਤੱਤੇ ਰੇਤੇ ਵਿਚ ਪਈ ਮੱਛੀ ਵਾਂਗ ਬੇਚੈਨ ਹੋ ਰਹੇ ਹਨ। ਭਯਾਨਕ ਤੋਂ ਭਯਾਨਕ ਖਬਰਾਂ ਪੜ੍ਹਨ ਸੁਣਨ ਵਿਚ ਆ ਰਹੀਆਂ ਹਨ।"

ਬੰਬ ਨੂੰ 'ਬੰਬ ਦਾ ਗੋਲਾ ਜਾਂ ਤੋਪ ਦਾ ਪੜਦਾਦਾ' ਲਿਖਦੇ ਹੋਏ ਇਸਨੂੰ ਭਾਰਤ ਵਿਚ ਪ੍ਰਚਲਤ ਕਰਨ ਦਾ ਕਾਰਨ ਭੀ ਹਾਕਮਾਂ ਦੀ ਸਖਤੀ ਹੀ ਦੱਸਦੇ ਹਨ—"ਦੂਰ ਅੰਦੇਸ਼ੀ ਤੋਂ ਥੋਥੇ ਹਾਕਮਾਂ ਦੀ ਸਖਤੀ ਨੇ ਏਸ ਅਤਯਾਚਾਰ ਤੋਂ ਭੀ ਦੇਸ ਨੂੰ ਬਚਿਆ ਨਹੀਂ ਰਹਿਣ ਦਿੱਤਾ।"

ਕਿੰਗਸ ਫੋਰਡ ਦੇ ਭੁਲੇਵੇ ਮਿਸਟਰ ਕੈਨੇਡੀ ਦੀ ਇਸਤ੍ਰੀ ਤੇ ਲੜਕੀ ਮਾਰੀਆਂ ਗਈਆਂ ਤੇ ਕਿੰਗਸ ਫੋਰਡ ਬਚ ਗਿਆ। ਇਸ ਅੰਗ੍ਰੇਜ਼ ਦੇ ਬਚ ਜਾਣ ਤੇ ਭੀ ਸਾਹਿਬ ਬਹਾਦਰ ਦੇ ਦਮ ਖੁਸ਼ਕ ਹੋ ਗਏ, ਹਵਾਸ ਉੱਡ ਗਏ ਤੇ ਡੌਰ ਭੌਰਾ ਹੋਇਆ ਦਿਨ ਨੂੰ ਹੀ ਤਾਰੇ ਦੇਖਣ ਲੱਗਾ। ਉਸ ਦਾ ਹਾਲ ਵੈਦ ਜੀ ਨੇ ਇਉਂ ਦਰਜ ਕੀਤਾ ਹੈ:—

"ਇਸ ਭਿਆਨਕ ਹੋਣੀ ਤੋਂ ਕੁਦਰਤ ਨਾਲ ਬਚ ਜਾਣ ਤੇ ਭੀ ਕਿੰਗਸਫੋਰਡ ਸਾਹਿਬ ਆਪਣੇ ਸਾਮ੍ਹਣੇ ਭਿਆਨਕ ਜਮ-ਮੂਰਤੀ ਦੇਖਣ ਲੱਗੇ। ਘਬਰਾਹਟ ਦੇ ਮਾਰੇ ਚਿਹਰਾ ਕੁਛ ਦਾ ਕੁਛ ਹੋ ਗਿਆ। ਉਸੇ ਰਾਤ ਹੀ ਆਪਣੇ ਟੱਬਰ ਨੂੰ ਲੈਕੇ ਮਸੂਰੀ ਚਲੇ ਗਏ ਤੇ ਹਰ ਵੇਲੇ ਬੇਚੈਨੀ, ਡਰ ਤੇ ਗਸ਼ੀ ਦੀ ਹਾਲਤ ਵਿਚ ਬੇਚੈਨ ਹਨ।"

ਉਸ ਸਮੇਂ ਗੋਰੇ ਅਫਸਰਾਂ ਦੀ ਘਬਰਾਹਟ ਬੇਹੱਦ ਸੀ। ਸੁਫਨੇ ਵਿੱਚ ਤ੍ਰਬੁਕ ਤ੍ਰਬਕ ਉੱਠਦੇ ਸਨ, ਤੇ ਬੰਗਾਲੀ ਦੀ ਸ਼ਕਲ ਮਾਤ੍ਰ ਦੇਖਕੇ ਹੀ 'ਮਰ ਗਿਆ! ਮਰ ਗਿਆ', ਕੋਈ ਹੈ? ਕੋਈ ਹੈ?' ਕਹਿ ਕੇ ਬਦ ਹਵਾਸ ਹੋ ਜਾਂਦੇ ਸਨ। ਅਜੇਹੀ ਇੱਕ ਘਟਨਾ ਦਾ ਹਵਾਲਾ ਦਿੰਦੇ ਹੋਏ ਵੈਦ ਜੀ ਅੰਗ੍ਰੇਜ਼ ਅਫਸਰਾਂ ਦੀ ਘਬਰਾਹਟ ਬਾਰੇ ਇਸਤਰ੍ਹਾਂ ਲਿਖਦੇ ਹਨ:—

"ਕਈ ਵਿਚਾਰੇ ਅਜੇਹੇ ਡਰੇ ਹਨ ਕਿ ਛੁੱਟੀਆਂ ਮੰਗ ਰਹੇ ਹਨ। ਟੱਬਰ ਵਿਲੈਤ ਭੇਜ ਦਿੱਤੇ ਹਨ। ਮਾਰੇ ਡਰਦੇ ਘਰੋਂ ਬਾਹਰ ਨਹੀਂ ਨਿਕ-



Digitized by Panjab Digital Library | www.panjabdigilib.org

ਲਦੇ । ਦੌਰੇ ਜਾਣਾ ਤਾਂ ਕਿਤੇ ਰਿਹਾ ਬਾਹਰ ਸੈਰ ਤੱਕ ਨਹੀਂ ਜਾਂਦੇ, ਕਈ ਅੰਗ੍ਰੇਜ਼ ਅਫਸਰ ਏਥੋਂ ਤੱਕ ਡਰੇ ਹੋਏ ਘਬਰਾਹਟ ਵਿੱਚ ਹਨ ਕਿ ਹੱਦ ਹੋ ਗਈ ਹੈ । ਪੂਰਬੀ ਬੰਗਾਲ ਦੇ ਇੱਕ ਗੋਰੇ ਪੁਲਿਸ ਸੁਪ੍ਰਿੰਟੰਡੰਟ ਦੀ ਬਾਤ ਬੰਗਾਲੀ ਨੇ ਲਿਖੀ ਹੈ ਕਿ 'ਸਾਹਿਬ ਨੂੰ ਇੱਕ ਤਾਰ ਪਹੁੰਚਾ, ਜਿਸਦਾ ਮਤ-ਲਬ ਸਮਝਣ ਵਾਸਤੇ ਉਸਨੇ ਤਾਰ ਮਾਸਟਰ ਨੂੰ ਲਿਖਿਆ ਕਿ ਕੋਈ ਸਿਗਨੇਲਰ (ਤਾਰ ਬਾਬੂ) ਭੇਜੋ । ਸਾਹਿਬ ਦੇ ਖੋਟੇ ਭਾਗਾਂ ਨੂੰ ਜੋ ਸਿਗਨੇਲਰ ਭੇਜਿਆ ਗਿਆ, ਉਹ ਇੱਕ ਰਿਸ਼ਟ ਪੁਸ਼ਟ ਬੰਗਾਲੀ ਨੌਜਵਾਨ ਸੀ। ਉਸਦੇ ਸਾਹਿਬ ਦੇ ਬੰਗਲੇ ਅੰਦਰ ਪੈਰ ਧਰਦਿਆਂ ਹੀ ਸਾਹਿਬ ਦੇ ਹੋਸ਼ ਉੱਡ ਗਏ । ਉਹ ਘਬਰਾਕੇ ਬੰਗਲੇ ਦੇ ਅੰਦਰ ਭਜ ਗਿਆ, ਅਤੇ ਚਿੱਲਾਨ ਲਗ ਗਿਆ 'ਕੋਈ ਹੈ! ਕੋਈ ਹੈ ! ਬੰਬ ਚਲੌਣ ਵਾਲੇ ਆ ਗਏ' ਏਹ ਰੌਲਾ ਸੁਣਕੇ ਬਹੁਤ ਸਾਰੀ ਪੁਲਿਸ ਆ ਪਹੁੰਚੀ ਤੇ ਉਸ ਬੰਗਾਲੀ ਨੂੰ ਰੋਕ ਲਿਆ,।ਉਸ ਨੇ ਕਿਹਾ 'ਮੈਨੂੰ ਤਾਂਸਾਹਿਬ ਦੇ ਬੁਲੌਣ ਤੇ ਤਾਰ ਮਾਸਟਰ ਨੇ ਭੇਜਿਆ ਹੈ।ਮੈਂ ਤਾਂ ਤਾਰ ਪੜ੍ਹਨ ਵਾਸਤੇ ਆਇਆ ਹਾਂ' । 'ਜਦ ਇਹ ਗੱਲ ਸਾਹਿਬ ਨੂੰ ਦੱਸੀ ਗਈ ਤਦ ਉਸ ਦੀ ਹੋਸ਼ ਟਿਕਾਣੇ ਆਈ, ਤੇ ਕਹਿਣ ਲੱਗਾ 'ਉਹ ਹੋ ! ਯੇਹ ਬਾਤ ! ਮੈਨੇ ਗਲਤੀ ਕੀ' ।

ਬੰਗਾਲੀ ਮਿਸਟਰ ਕਿੰਗਸਫੋਰਡ ਨੂੰ ਕਿਉਂ ਮਾਰਨ ਲਈ ਮਜਬੂਰ ਹੋਏ ਇਸ ਬਾਰੇ ਲਿਖਿਆ ਹੈ:–

"ਦੋਹਾਂ ਬੰਗਾਲੀ ਨੌ ਜਵਾਨਾਂ ਨੇ......ਕਿੰਗਸਫੋਰਡ ਦੇ ਮਾਰਨ ਵਾਸਤੇ ਇਹ ਭਿਆਨਕ ਯਤਨ ਕੀਤਾ ਸੀ, ਕਿਉਂਕਿ ਇਸ ਹਾਕਮ ਨੇ ਕਲਕੱਤੇ ਵਿੱਚ ਸ੍ਵਦੇਸ਼ੀ ਲਹਿਰ ਵਿੱਚ ਬੰਗਾਲੀਆਂ ਨੂੰ ਬੜੇ ਹੀ ਭਿਆਨਕ ਦੰਡ ਦਿੱਤੇ ਸਨ ।"

ਇਸ ਘਟਨਾ ਸੰਬੰਧੀ ਫੜੇ ਗਏ ਨੌਜਵਾਨਾਂ ਦੇ ਹੌਸਲੇ ਦਾ ਜ਼ਿਕਰ ਕਰਦੇ ਹੋਏ, ਵੈਦ ਜੀ ਲਿਖਦੇ ਹਨ:–



Digitized by Panjab Digital Library | www.panjabdigilib.org

"ਖੁਦੀ ਰਾਮ* ਫੜੇ ਜਾਣ ਪਰ 'ਬੰਦੇ ਮਾਤ੍ਰਮ' ਦੇ ਜੈਕਾਰੇ ਜ਼ੋਰ ਜ਼ੋਰ ਨਾਲ ਬੁਲੌਂਦਾ ਸੀ, ਅਤੇ ਉਸ ਨੇ ਬਿਆਨਾਂ ਵਿਚ ਨਿਧੜਕਤਾ ਨਾਲ ਕਿਹਾ 'ਮੈਂ ਆਪਣੇ ਦੇਸ਼ ਹਿਤ ਵਾਸਤੇ ਇਸ ਜ਼ਾਲਮ ਹਾਕਮ ਕਿੰਗਸਫੋਰਡ ਨੂੰ ਮਾਰਨ ਵਾਸਤੇ ਉੱਦਮ ਕੀਤਾ ਸੀ, ਪਰ ਇਨ੍ਹਾਂ ਨਿਰਦੋਸ਼ ਲੇਡੀਜ਼ ਦੇ ਮਰ ਜਾਣ ਦਾ ਮੈਨੂੰ ਭੀ ਬੜਾ ਸ਼ੋਕ ਹੈ।' ਫੜੇ ਹੋਏ ਖੁਦੀ ਰਾਮ ਅਤੇ ਹੋਰ ਦੋਸ਼ੀਆਂ ਨੂੰ ਆਪਣੇ ਫੜੇ ਜਾਣ ਦਾ ਜ਼ਰਾ ਭੀ ਸ਼ੋਕ ਨਹੀਂ, ਉਹ ਪ੍ਰਸੰਨ ਮੁਖ, ਗੰਭੀਰ ਦਿਲ ਤੇ ਡਾਢੇ ਹੌਸਲੇ ਨਾਲ ਆਪਣੇ ਬਿਆਨ ਲਿਖੌਂਦੇ ਹਨ।"

ਇੱਕ ਪੱਤ੍ਰ ਦਾ ਹਵਾਲਾ ਦਿੰਦੇ ਹੋਏ ਭਾਈ ਸਾਹਿਬ ਇਸ ਕਾਰੇ ਦਾ ਕਾਰਨ ਲਿਖਦੇ ਹਨ:-

"ਇਹ ਸਭ ਕੁਝ ਸਾਡੇ ਕੁਝ ਅੰਗ੍ਰੇਜ਼ ਹਾਕਮਾਂ ਦੀ ਤੇ ਚੁਗਲ ਦੇਸ਼-ਘਾਤਕ ਦੇਸੀਆਂ ਦੀ ਮਿਹਰਬਾਨੀ ਦਾ ਫਲ ਹੈ।"

ਇਸ ਇੱਕ ਬੰਬ ਚਲਣ ਨਾਲ 'ਅੱਗ ਲੱਗੀ ਪਸ਼ੌਰ ਧੂਆਂ ਨਿਕ-ਲਿਆ ਲਾਹੌਰ' ਦੀ ਕਹਾਵਤ ਅਨੁਸਾਰ ਕਲਕੱਤੇ ਵਿਚ ਥਾਂ ਥਾਂ ਪਕੜਾ ਧਕੜੀ ਸ਼ੁਰੂ ਹੋ ਗਈ। ਅਨੇਕ ਅਮੀਰ ਗਰੀਬ ਦੋਸ਼ੀ ਨਿਰਦੋਸ਼ਿਆਂ ਨੂੰ ਪੁਲਿਸ ਨੇ ਜੂੜ ਲਿਆ। ਹੈ ਭੀ ਠੀਕ, ਉਸੇ ਵੇਲੇ ਕੌਣ ਇਨਸਾਫ ਕਰ ਸਕਦਾ ਹੈ। ਨਾਲੇ ਪੁਲਿਸ ਨੇ ਭੀ ਤਾਂ ਆਪਣੀ ਕਾਰ ਗੁਜ਼ਾਰੀ ਦਿਖਾਲਣੀ ਹੋਈ ਨਾ! ਅਨੇਕਾਂ ਸ਼ੱਕ ਵਿੱਚ ਫੜੇ ਗਏ, ਕਈਆਂ ਨੂੰ ਜ਼ਮਾਨਤਾਂ ਉੱਤੇ ਛੱਡ ਦਿੱਤਾ ਤੇ ਕਈਆਂ ਦੀ ਜ਼ਮਾਨਤ ਭੀ ਨਾ ਲਈ ਤੇ ਚੁਕ ਹਵਾਲਾਤ ਵਿੱਚ ਬੰਦ ਕਰ ਦਿੱਤੇ। ਇਸ ਤਰ੍ਹਾਂ ਨਾਲ ਬੰਗਾਲ ਵਿੱਚ ਹਫੜਾ ਦਫੜੀ ਪੈ ਗਈ, ਹਲ ਚਲ ਮੱਚ ਗਈ। ਇਨ੍ਹਾਂ ਫੜੇ ਗਿਆਂ ਵਿੱਚੋਂ ਬਹੁਤ ਸਾਰੇ ਨੌਜਵਾਨ ਚੜ੍ਹਦੀ ਉਮਰਾ ਦੇ ਹੀ ਸਨ, ਉਨ੍ਹਾਂ ਦੇ ਹੌਸਲੇ ਭਰੇ ਬਿਆਨਾਂ ਤੇ ਕੁਰਬਾਨੀ ਦੀ ਦਾਦ ਦਿੰਦੇ ਹੋਏ ਵੈਦ ਜੀ ਇਉਂ ਲਿਖਦੇ ਹਨ:-

"ਮੁਸਲਮਾਨਾਂ ਦੇ ਅਤਯਾਚਾਰਾਂ ਦੇ ਸਮੇਂ ਧਰਮ ਰੱਖਿਆ ਹੇਤ

*ਇਸਦਾ ਪੂਰਾ ਨਾਮ ਖੁਦੀ ਰਾਮ ਬੋਸ ਸੀ।



Digitized by Panjab Digital Library | www.panjabdigilib.org

ਜਿਸਤਰ੍ਹਾਂ ਬੀਰ ਸਿੱਖਾਂ ਦੇ ਹੌਸਲੇ ਪੜ੍ਹੇ ਸੁਣੇ ਜਾਂਦੇ ਹਨ, ਉਸੇ ਤਰ੍ਹਾਂ ਇਸ ਵੇਲੇ ਇਹ ਬੰਗਾਲੀ ਲੋਕ ਹੌਸਲੇ ਦਿਖਲਾ ਰਹੇ ਹਨ। ਅਚਰਜ ਇਹ ਹੈ ਕਿ ਇਨ੍ਹਾਂ ਵਿੱਚੋਂ ਉਂਗਲਾਂ ਤੇ ਗਿਣਨ ਜੋਗੇ ਮਨੁੱਖਾਂ ਨੂੰ ਛੱਡਕੇ ਸਭ ਵੀਹ ਵੀਹ ਵਰਿਹਾਂ ਦੇ ਲੱਗ ਭੱਗ ਦੀ ਉਂਮਰ ਦੇ ਨੌ ਜਵਾਨ ਹਨ। ਇਨ੍ਹਾਂ ਵਿੱਚੋਂ ਕੋਈ ਭੀ ਨਹੀਂ ਡਰਿਆ। ਸਭ ਨਿਰਭਯ, ਜਾਣੋ ਕੋਈ ਖੇਡ ਖੇਡ ਰਹੇ ਹਨ।"

ਭਾਰਤ ਮਿੱਤ੍ਰ ਦਾ ਹਵਾਲਾ ਦਿੰਦੇ ਹੋਏ ਇਨ੍ਹਾਂ ਨੌ ਜਵਾਨਾਂ ਦੇ ਸਖਤੀਆਂ ਸਹਿਣ ਤੇ ਹਾਕਮਾਂ ਦੇ ਜ਼ੁਲਮ ਕਰਨ ਬਾਰੇ, ਅਖਬਾਰ ਨਵੀਸੀ ਦਾ ਦਾਉ ਵਰਤਦੇ ਹੋਏ 'ਅਫਵਾਹ' ਦੀ ਢਾਲ ਹੇਠ ਇਸਤਰ੍ਹਾਂ ਵਾਰ ਕਰਦੇ ਹਨ:-

"ਅਫਵਾਹ ਉਡ ਰਹੀ ਹੈ ਕਿ ਦੋਸ਼ੀਆਂ ਤੇ ਬੜੀ ਹੀ ਕਰੜਾਈ ਅਤੇ ਅਤਯਾਚਾਰ ਕੀਤੇ ਜਾ ਰਹੇ ਹਨ। ਉਨ੍ਹਾਂ ਦੇ ਸਰੀਰ ਤੇ ਮੇਖਾਂ ਗੱਡੀਆਂ ਜਾ ਰਹੀਆਂ ਹਨ। ਬਿਜਲੀ ਦੀਆਂ ਬੈਟਰੀਆਂ ਨਾਲ ਪ੍ਰਾਣਾਂ ਵਿੱਚ ਹਲਚਲ ਪੈਦਾ ਕੀਤੀ ਜਾ ਰਹੀ ਹੈ।... ... ... ... ...

ਪਰ ਉਨ੍ਹਾਂ ਦੇ ਹੌਂਸਲੇ ਅਚਰਜ ਹਨ। ਬਹੁਤੇ ਨੌਜਵਾਨਾਂ ਨੇ ਇਨ੍ਹਾਂ ਦੁਖਾਂ ਦੀ ਪ੍ਰਵਾਹ ਨਾ ਕਰਦੇ ਹੋਇਆਂ ਸਾਫ ਕਿਹਾ ਹੈ, ਕਿ 'ਅਸੀਂ' ਇਹ ਬੰਬ ਦੇ ਗੋਲੇ ਬਨਾਏ ਹਨ। ਅਸੀਂ ਵਾਇਸਰਾਇ, ਜੰਗੀ ਲਾਟ ਤੇ ਗਵਰਨਰ ਬੰਗਾਲ ਨੂੰ ਮਾਰਨਾ ਚਾਹੁੰਦੇ ਸੀ। ਅਸੀਂ ਆਪਣੇ ਦੇਸ਼ ਨੂੰ ਅੰਗ੍ਰੇਜ਼ਾਂ ਤੋਂ ਛੁਡਾ ਕੇ ਸ੍ਵਤੰਤ੍ਰ ਕਰਨਾ ਚਾਹੁੰਦੇ ਹਾਂ। ਸਾਡੀ ਪ੍ਰਬਲ ਇੱਛਾ ਹੈ, ਕਿ ਸ੍ਵਤੰਤ੍ਰ ਹੋਈਏ। ਸਾਡਾ ਉਦਮ ਅੰਗ੍ਰੇਜ਼ਾਂ ਹਥੋਂ ਦੇਸ਼ ਨੂੰ ਛੁਟਕਾਰਾ ਦਿਵਾਉਣਾ ਹੈ। ਪੰਜ ਦਸ ਵੀਹ ਜਾਂ ਪੰਜਾਹ ਬਰਸਾਂ ਵਿੱਚ ਦੇਸ਼ ਵਿੱਚ ਜ਼ਰੂਰ ਉਥਲ ਪਥਲ ਹੋਵੇਗੀ। ਮੈਂ ਛੁੱਟ ਜਾਵਾਂਗਾ ਤੇ ਫੇਰ ਇਹੀ ਉਦਮ ਕਰਾਂਗਾ। ਦੂਜੇ ਭੀ ਇਹੀ ਕਰਨਗੇ ਕਿ ਨਹੀਂ! ਸੋ ਦੇਖ ਲੈਣਾ।

ਇਕ ਦੋਸ਼ੀ ਨੇ ਕਿਹਾ "ਅਸੀਂ ਆਪਣੇ ਪ੍ਰਾਣ ਦੇ ਕੇ ਆਪਣੇ ਦੇਸ਼ ਵਾਸੀਆਂ ਨੂੰ ਪ੍ਰਾਣਾ ਦੇ ਦੇਣ ਤੋਂ ਨਿਰ ਭੈ ਕਰਨਾ ਚਾਹੁੰਦੇ ਹਾਂ।"

ਭਾਰਤ ਵਾਸੀਆਂ ਤੇ ਖਾਸ ਕਰ ਕਮਜ਼ੋਰ ਬੰਗਾਲੀਆਂ ਨੂੰ ਮਰਨ



Digitized by Panjab Digital Library | www.panjabdigilib.org

ਮਾਰਨ ਲਈ ਤਤਪਰ ਦੇਖ ਕੇ ਇਸ ਭਿਅੰਕਰਤਾ ਦਾ ਕਾਰਣ ਵੈਦ ਜੀ ਇਸ ਤਰ੍ਹਾਂ ਦਸਦੇ ਹਨ:-

"ਭਾਰਤ ਵਾਸੀਆਂ ਦੇ ਸਰਲ ਹਿਰਦਿਆਂ ਨੂੰ ਲਾਰਡ ਕਰਜ਼ਨ ਜੇਹੇ ਅਫਸਰਾਂ ਦੀ ਢੀਠਤਾ ਨੇ ਹੀ ਇਸਤਰ੍ਹਾਂ ਦਾ ਬਣਾ ਦਿਤਾ ਹੈ, ਅਤੇ ਨਾਲ ਹੀ ਪਰਜਾ ਦੀ ਪੁਕਾਰ ਅਤੇ ਸੱਚੇ ਰਾਜਾ ਪਰਜਾ ਦੇ ਹਿੱਤਕਾਰੀ ਪੁਤ੍ਰਾਂ ਦੀ ਪ੍ਰਾਰਥਨਾ ਤੇ ਕੁਛ ਭੀ ਧਿਆਨ ਨਾ ਦੇਣ ਦਾ ਹੀ ਇਹ ਫਲ ਹੈ।"

ਅੰਤ ਵਿੱਚ ਆਪ ਦਮਨ ਨੀਤੀ ਦੁਆਰਾ ਹੋ ਰਹੀ ਸਖਤੀ ਦੀ ਨਿਖੇਧੀ ਕਰਦੇ ਹੋਏ ਸਰਕਾਰ ਨੂੰ ਪਿਆਰ, ਇਨਸਾਫ ਤੇ ਏਕਤਾ ਦਾ ਵਰਤਾਉ ਕਰਨ ਲਈ ਪ੍ਰੇਰਦੇ ਹੋਏ ਇਸ ਲੰਮੇ ਲੇਖ ਦਾ ਭੋਗ ਪਾਉਂਦੇ ਹਨ, ਉਹ ਇਸ ਤਰ੍ਹਾਂ ਹੈ:-

"ਦੇਸ਼ ਦੇ ਖੋਟੇ ਭਾਗਾਂ ਨੂੰ ਅਜੇਹੇ ਬੜੇ ਹੀ ਰੌਲੇ ਪੈ ਰਹੇ ਹਨ। ਅਨੇਕ ਸ਼ਹਿਰਾਂ ਵਿੱਚ ਥਾਂ ਥਾਂ ਤਲਾਸ਼ੀਆਂ ਤੇ ਪਕੜ ਧਕੜ ਹੋ ਰਹੀ ਹੈ। ਪਰਜਾ ਦੀ ਅਜੇਹੀ ਪ੍ਰਕ੍ਰਿਤੀ ਨਾਲ ਸਾਹਮਣਾ ਕਰਨ ਵਾਸਤੇ ਸਰਕਾਰ ਨੂੰ ਬੜੀ ਹੀ ਸਾਵਧਾਨੀ ਵਰਤਣੀ ਚਾਹੀਦੀ ਹੈ। ਹੁਣ ਸੋਚਣਾ ਪਵੇਗਾ ਕਿ ਅਸੀਂ (ਸਰਕਾਰ) ਤੇ ਹਿੰਦੋਸਤਾਨੀ ਇਕ ਹਿਰਦਾ, ਇਕ ਚਿੱਤ, ਇਕ ਬਣਾਵਟ ਤੇ ਇਕੋ ਵਰਗੇ ਹੀ ਲਹੂ ਮਾਸ ਦੇ ਬਣੇ ਹੋਏ ਹਾਂ। ਕਠੋਰਤਾ ਸਦਾ ਕਠੋਰਤਾ ਪੈਦਾ ਕਰਦੀ ਹੈ। ਇਸ ਵੇਲੇ ਅਫਸਰਾਂ ਨੂੰ ਗੰਦੇ ਸ੍ਵਾਰਥ, ਪਰਜਾ ਨੂੰ ਕਮਜ਼ੋਰ ਕਰਨ ਦੇ ਵਸੀਲੇ, ਲੋਕਾਂ ਦੇ ਜ਼ਾਤੀ ਕੰਮਾਂ ਤੇ ਧਾਰਮਕ ਆਸ਼੍ਰਮਾਂ ਵਿੱਚ ਦਖਲ ਦੇਣ ਦੇ ਭੈੜੇ ਵਰਤਾਉ ਛੱਡ ਦੇਣੇ ਚਾਹੀਦੇ ਹਨ। ਰਾਜੇ ਵੱਲੋਂ ਪਿਤਾ ਧਰਮ ਦਾ ਵਰਤਾਉ ਹੋਣ ਤੇ ਹੀ ਪਰਜਾ ਪੂਰਨ ਰੂਪ ਤੇ ਪੁਤ੍ਰ ਧੱਰਮ ਨੂੰ ਗ੍ਰਹਣ ਕਰ ਸਕਦੀ ਹੈ। ਅੱਕ ਬੀਜ ਕੇ ਕਦੇ ਭੀ ਅੰਬ ਨਹੀਂ ਮਿਲਦੇ। ਤੇ ਨਿੰਮ ਦੇ ਰਸ ਨਾਲ ਮਿਠੇ ਚਾਵਲ ਨਹੀਂ ਪੱਕਦੇ, ਆਦਿਕ।"

"ਅਖਬਾਰਾਂ ਦੀ ਗਰਮਾਈ" ਦੀ ਸੁਰਖੀ ਹੇਠ ਇਕ ਅਖਬਾਰ ਦਾ ਹਵਾਲਾ ਦੇ ਕੇ ਡਾਢਾ ਜੋਸ਼ੀਲਾ ਲੇਖ ਸਫਾ ੧੬੫ ਉਪਰ ਦਰਜ ਹੈ। ਜਿਸਤੋਂ ਉਸ ਸਮੇਂ ਦੀ ਸਰਕਾਰੀ ਦਮਨ ਨੀਤੀ ਤੇ ਜੰਤਾ ਦੇ ਜੋਸ਼ੀਲੇ ਵਤਨ-ਪ੍ਰਸਤੀ



Digitized by Panjab Digital Library | www.panjabdigilib.org

ਦੇ ਖਿਆਲਾਂ ਦਾ ਪਤਾ ਲਗਦਾ ਹੈ । ਸਰਕਾਰ ਨੇ ਉਨ੍ਹੀ ਦਿਨੀ ਪ੍ਰੈਸ ਐਕਟ ਬਣਾ ਕੇ ਲਿਖਾਰੀਆਂ ਦਾ ਮੂੰਹ ਬੰਦ ਕਰਨ ਦੀ ਕੀਤੀ, ਪਰ ਖ਼ੂਨ ਦੀ ਗਰਮਾਈ ਭਲਾ ਦਬੀ ਰਹਿ ਸਕਦੀ ਹੈ ? ਦੇਸ਼ ਲਈ ਮੌਤ ਤਕ ਦੀ ਪ੍ਰਵਾਹ ਨਾ ਕਰਨ ਵਾਲੇ ਇਸ ਤਰ੍ਹਾਂ ਬੇ ਪ੍ਰਵਾਹ ਲਿਖਦੇ ਹਨ:–

"ਇਸ ਮੁਆਮਲੇ ਦੀ ਬਹਿਸ ਅੱਗੇ ਬਹੁਤ ਹੋ ਚੁੱਕੀ ਹੈ, ਕਿ ਅਸੀਂ ਕਿਸ ਤਰ੍ਹਾਂ ਦੇ ਜੋਸ਼ ਨਾਲ ਭਰੇ ਹੋਏ ਹਾਂ, ਅਤੇ ਕਿਸਤਰ੍ਹਾਂ ਦੀ ਬਗ਼ਾਵਤ ਕਰਨੀ ਚਾਹੁੰਦੇ ਹਾਂ । ਸਰਕਾਰ ਨੂੰ ਦੱਸਿਆ ਜਾ ਚੁੱਕਾ ਹੈ ਕਿ ਜੇ ਨਿਆਂਉ ਮੰਗਣਾ ਬਗ਼ਾਵਤ ਹੈ ਤਾਂ ਅਸੀਂ ਬਾਗ਼ੀ ਬਣਨ ਵਾਸਤੇ ਤਿਆਰ ਹਾਂ ।"

ਸਖਤੀਆਂ ਤੋਂ ਨਾ ਦਬਣ ਬਾਰੇ ਲਿਖਿਆ ਹੈ:–

"ਕੀ ਅਸੀਂ ਜੇਲ ਖਾਨੇ ਦੀਆਂ ਸਖਤੀਆਂ ਅਤੇ ਕਰੜਾਈਆਂ ਤੋਂ ਡਰ ਕੇ ਇਨਸਾਫ ਦੀ ਇੱਛਾ ਛਡ ਦੇਵਾਂਗੇ ? ਕੀ ਬੈਂਤਾਂ ਨਾਲ ਕੁੱਟੇ ਜਾਵਾਂਗੇ ਤਾਂ ਇਨਸਾਫ ਨਾ ਮੰਗਾਂਗੇ ? ਕੀ ਫਾਂਸੀ ਪੁਰ ਚਾੜ੍ਹੇ ਜਾਵਾਂਗੇ ਤਾਂ ਇਨਸਾਫ ਮੰਗਣਾ ਛੱਡ ਦਿਆਂਗੇ ? ਇਹ ਸਭ ਗਲਾਂ ਅਨਹੋਣੀਆਂ ਹਨ ।"

ਇਸ ਪੰਜ ਭੂਤਕ ਬਿਨਸਨਹਾਰ ਸਰੀਰ ਨੂੰ ਪੌਸ਼ਾਕ ਦੀ ਤਸ਼ਬੀਹ ਦਿੰਦੇ ਹੋਏ, ਕੌਮੀ ਪਿਆਰ ਤੇ ਪਰਉਪਕਾਰ ਲਈ ਵਾਰ ਦੇਣ ਨੂੰ ਬਿਹਤ੍ਰ ਸਮਝਦੇ ਹੋਏ ਲਿਖਦੇ ਹਨ:–

"ਕਿਉਂ ਨਾ ਇਨਸਾਫ ਵਾਸਤੇ ਕੁਰਬਾਨ ਹੋ ਜਾਈਏ?ਜਿਸ ਤੇ ਆਉਣ ਵਾਲੀਆਂ ਨਸਲਾਂ ਨੂੰ ਸੁਖ ਅਤੇ ਆਰਾਮ ਪ੍ਰਾਪਤ ਹੋਵੇ । ਇਹ ਸਰੀਰ ਇਕ ਪ੍ਰਕਾਰ ਦੀ ਪੌਸ਼ਾਕ ਹੈ ਜੋ ਮੈਲੀ ਹੋ ਜਾਣ ਪਰ ਉਤਾਰ ਦਿਤੀ ਜਾਂਦੀ ਹੈ । ਉਤਾਰਿਆ ਹੋਇਆ ਪੌਸ਼ਾਕਾ ਜੇ ਆਪਣੀ ਹਥੀਂ ਮਿਟੀ ਵਿੱਚ ਮਿਲ ਜਾਵੇ ਤਾਂ ਓਨਾ ਲਾਭ ਨਹੀਂ ਹੁੰਦਾ ਜਿੰਨਾ ਕਿਸੇ ਦੂਸਰੇ ਲੋੜਵੰਦ ਭਰਾ ਦੀ ਖਾਤਰ ਮਿਟੀ ਵਿੱਚ ਮਿਲਾ ਦੇਣ ਤੇ ਹੁੰਦਾ ਹੈ ।"

ਜੇਲਖਾਨਾ, ਬੈਂਤ ਤੇ ਫਾਂਸੀ ਆਦਿ ਸਜ਼ਾਵਾਂ ਦਾ ਰੋਗਾਂ ਨਾਲ ਮੁਕਾਬਲਾ ਕਰਦੇ ਹੋਏ ਆਪਣੀ ਨਿਡਰਤਾ ਦਾ ਵਰਨਣ ਕਰਦੇ ਹਨ:–



Digitized by Panjab Digital Library | www.panjabdigilib.org

"ਜੇ ਬੈਂਤ ਲੱਗਣਗੇ ਤਾਂ ਕੀ ਟੰਗ ਟੁੱਟਣ ਨਾਲੋਂ ਵਧੀਕ ਦੁਖ ਹੋਵੇਗਾ ? ਜੇ ਜੇਲਖਾਨੇ ਵਿਚ ਪਾਏ ਗਏ ਤਾਂ ਕੀ ਨਿੱਤ ਦੇ ਦੁਖੀਏ ਰੋਗੀ ਨਾਲੋਂ ਵਧੀਕ ਤਕਲੀਫ ਹੋਵੇਗੀ ? ਜੇ ਫਾਂਸੀ ਚੜ੍ਹਾਏ ਗਏ ਤਾਂ ਕੀ ਪਲੇਗ ਜਾਂ ਹੈਜ਼ੇ ਦੀ ਭਿਆਨਕ ਮੌਤ ਨਾਲੋਂ ਜ਼ਿਆਦਾ ਕਸ਼ਟ ਹੋਵੇਗਾ ?.......... ਜਦ ਇਹ ਦਸ਼ਾ ਹੈ ਤਾਂ ਸਾਨੂੰ ਕੀ ਲੋੜ ਹੈ ਜੋ ਅਨਜਾਈ ਜ਼ਾਲਮ ਤੇ ਸ਼ੁਹਦੇ ਹਾਕਮਾਂ ਦੇ ਅਯੋਗ ਹੁਕਮਾਂ ਤੋਂ ਡਰੀਏ ?"

ਬੇਪ੍ਰਵਾਹੀ ਤੇ ਨਿਡਰਤਾ ਦਾ ਵਰਣਨ ਇਉਂ ਕਰਦੇ ਹਨ:-

"ਉਹ ਲੋਕ ਜੋ ਸਾਨੂੰ ਕੈਦਾਂ ਬੈਂਤਾਂ ਤੇ ਫਾਂਸੀਆਂ ਤੋਂ ਡਰਾਕੇ ਆਪਣਾ ਗੁਲਾਮ ਰੱਖਣਾ ਚਾਹੁੰਦੇ ਹਨ, ਆਪਣਾ ਮੂੰਹ ਧੋ ਰੱਖਣ।........ ਦੁਨੀਆਂ ਦੀ ਕੋਈ ਤਾਕਤ ਨਹੀਂ ਜੋ ਸਾਡੇ ਉੱਪਰ ਜ਼ੁਲਮ ਭੀ ਕਰੇ ਅਤੇ ਸਾਨੂੰ ਚੁੱਪ ਭੀ ਕਰਾਈ ਰੱਖੇ। ਸੰਸਾਰ ਵਿੱਚ ਕੋਈ ਤਾਕਤ ਨਹੀਂ ਜੋ ਸਾਨੂੰ ਸਾਡੇ ਹੱਕ ਨਾ ਦੇਵੇ ਤੇ ਸਾਡੇ ਉੱਪਰ ਹਕੂਮਤ ਕਰੇ। ਸੰਸਾਰ ਵਿੱਚ ਕੋਈ ਤਾਕਤ ਨਹੀਂ ਜੋ ਸਾਡੇ ਨਾਲ ਨਿਆਉਂ ਵਾਲਾ ਵਰਤਾਉ ਨਾ ਕਰੇ ਤੇ ਹਕੂਮਤ ਦੇ ਗੁਲਛੱਰਰੇ ਉਡਾਵੇ।"

ਅੰਤ ਵਿਚ ਬੇ ਪ੍ਰਵਾਹੀ ਤੇ ਤਾਅਨੇ ਦੇ ਲਹਿਜੇ ਵਿਚ ਸਰਕਾਰ ਪਾਸ ਬੇਨਤੀ ਤੇ ਨਸੀਹਤ ਕਰਦੇ ਹੋਏ ਇਸ ਲੇਖ ਨੂੰ ਇਸਤਰਾਂ ਖਤਮ ਕਰਦੇ ਹਨ:-

"ਕ੍ਰਿਪਾ ਨਾਥ ! ਗਰੂਰ ਨਾ ਕਰੋ, ਸਾਡੇ ਨਾਲ ਸਮ ਦ੍ਰਿਸ਼ਟੀ ਵਾਲਾ ਯੋਗ ਵਰਤਾਉ ਕਰੋ।ਇਹ ਸਾਡੇ ਹੱਕ ਹਨ ਤੇ ਅਸੀਂ ਇਨ੍ਹਾਂ ਹੱਕਾਂ ਨੂੰ ਲਵਾਂਗੇ ਅਤੇ ਜਿਸਤਰਾਂ ਦੇਵੋਗੇ ਉਸੇ ਤਰ੍ਹਾਂ ਲਵਾਂਗੇ।"

ਦੇਸ਼ ਦੀ ਦੁਰਦਸ਼ਾ ਵਰਣਨ ਕਰਦੇ ਹੋਏ ਵੈਦ ਜੀ 'ਰੇਲਾਂ ਦੇ ਦੁਖ' ਦੀ ਸੁਰਖੀ ਹੇਠ ਰੇਲ ਕੰਪਨੀ ਨੂੰ ਤਾੜਨਾ ਕਰਦੇ ਹੋਏ ਜਿਸ ਨਿਧੜਕਤਾ ਨਾਲ ਸਫਾ ੧੦੨ 'ਦੁਖ ਨਿਵਾਰਨ ੧੯੦੮' ਪੁਰ ਲਿਖਦੇ ਹਨ ਉਹ ਭੀ ਪੜ੍ਹਨ ਯੋਗ ਹੀ ਹੈ:-

"ਦੇਸ਼ ਦੇ ਅਜੇਹੇ ਭੈੜੇ ਭਾਗ ਆਏ ਹੋਏ ਹਨ ਕਿ ਹਰ ਪਾਸਿਓਂ



Digitized by Panjab Digital Library | www.panjabdigilib.org

ਦੁਖ ਹੀ ਦੁਖ ਵਾਪਰ ਰਹੇ ਹਨ। ਸੁਖ ਦੇ ਸਾਧਨ ਭੀ ਦੁਖ ਦਾਈ ਹੋ ਰਹੇ ਹਨ। ਅੱਜ ਕਲ ਰੇਲ ਵਲੋਂ ਯਾਤਰੂਆਂ ਨੂੰ ਜੋ ਜੋ ਦੁੱਖ ਹੋ ਰਹੇ ਹਨ ਉਹ ਕਸ ਤੋਂ ਗੁੱਝੇ ਛਿਪੇ ਹਨ? ਤਰਾਂ ਤਰਾਂ ਦੇ ਉਪੱਦ੍ਰਵ ਹੋ ਰਹੇ ਹਨ। ਜ਼ਨਾਨੀ ਸਵਾਰੀ ਦੀ ਮਿੱਟੀ ਪਲੀਤ, ਮੁਸਾਫਰਾਂ ਦੀ ਬੇ ਇੱਜ਼ਤੀ, ਬਾਬੂਆਂ ਦੀਆਂ ਸਖਤੀਆਂ, ਪੁਲੀਸ ਦੇ ਅਤਯਾਚਾਰ, ਟੱਕਰ ਪਰ ਟੱਕਰ ਭਯਾਨਕਤਾ, ਚਲਦੀ ਗੱਡੀ ਵਿਚ ਚੋਰੀ ਤੇ ਡਾਕੇ। ਗੱਲ ਕੀ ਨਿੱਤ ਨਵੇਂ ਸੂਰਜ ਅਖਬਾਰਾਂ ਵਿਚ ਅਜੇਹੇ ਹਾਲ ਪੜ੍ਹਨ ਸੁਣਨ ਵਿਚ ਆਉਂਦੇ ਹਨ। ਬ੍ਰਾਂਚ ਲਾਈਨਾਂ ਤੇ ਤਾਂ ਵਧ ਤੋਂ ਵਧ ਖਰਾਬੀਆਂ ਹੁੰਦੀਆਂ ਹਨ।"

ਅੱਗੇ ਅੰਮ੍ਰਿਤਸਰ ਪੱਟੀ ਲਾਈਨ ਉੱਪਰ ਹੋਏ ੨੭ ਜੂਨ ਦੇ ਇਕ ਹਾਦਸੇ, ਚੋਰੀਆਂ ਤੇ ਰੋਜ਼ਾਨਾ ਅਨਗਹਿਲੀ ਦਾ ਹਵਾਲਾ ਦੇਕੇ, ਅਤੇ ਮੱਸਿਆ ਦੇ ਤਰਨ ਤਾਰਨ ਮੇਲੇ ਉੱਪਰ ਸਵਾਰੀਆਂ ਦੀ ਭੀੜ ਤੇ ਰੇਲਵੇ ਮੁਲਾਜ਼ਮਾਂ ਦੀ ਬੇ-ਪ੍ਰਵਾਹੀ ਤੇ ਧੱਕੇ ਦਾ ਜ਼ਿਕਰ ਕਰਕੇ 'ਇਹ ਤਾਂ ਵਾੜ ਹੀ ਖੇਤ ਨੂੰ ਖਾਵੇ ਵਾਲੀ ਗੱਲ ਹੋ ਰਹੀ ਹੈ।" ਆਖਕੇ ਲੇਖ ਨੂੰ ਬੰਦ ਕਰਦੇ ਹਨ।

## ਤਿਲਕ-ਗੋਖਲੇ

ਇਨਸਾਨ ਦਾ ਚੰਗਾ ਮੰਦਾ, ਖੁਲ੍ਹ-ਦਿਲਾ ਤੇ ਤੰਗ-ਦਿਲਾ ਹੋਣ ਦਾ ਪਤਾ ਉਸ ਦੇ ਅਮਲੀ ਵਰਤਾਉ ਤੇ ਜੀਵਣ ਕਰਤਬਾਂ ਤੋਂ ਲੱਗਦਾ ਹੈ।

ਮਹਾਰਾਜ ਤਿਲਕ ਤੇ ਗੋਖਲੇ ਦੋਵੇਂ ਇੱਕ ਸਮੇਂ ਵਿੱਚ ਦੇਸ਼ ਦਾ ਕੰਮ ਕਰਨ ਵਾਲੇ ਸਨ, ਦੋਹਾਂ ਦੇ ਦਿਲਾਂ ਵਿੱਚ ਕੌਮ ਦਾ ਦਰਦ ਸੀ, ਦੇਸ਼ ਦਾ ਪਿਆਰ ਸੀ, ਦੋਵੇਂ ਕੁਰਬਾਨੀ ਕਰਨ ਵਾਲੇ ਤੇ ਮੁਲਕ ਲਈ ਮਰ ਮਿਟਣ ਵਾਲੇ ਸਨ। ਦੋਹਾਂ ਦਾ ਨਸ਼ਾਨਾ ਇੱਕ ਸੀ, ਆਦਰਸ਼ ਇੱਕ ਸੀ, ਪਰ ਕੰਮ ਕਰਨ ਦੇ ਢੰਗਾਂ ਵਿੱਚ ਕਿਤੇ ੨ ਕੁਛ ਕੁਛ ਫਰਕ ਸੀ। ਕੰਮ ਕਰਨ ਦੇ ਢੰਗਾਂ ਦੇ ਜੁਦਾ ੨ ਹੋਣ ਕਰਕੇ ਦੋਹਾਂ ਦੇਸ਼ ਭਗਤਾਂ ਦੇ ਦੋ ਰਾਹ ਹੋ ਗਏ। ਦੋਹਾਂ ਲਈ ਮਿਲਕੇ ਕੰਮ ਕਰਨਾ ਕਠਨ ਹੋ ਗਿਆ। ਦੋਹਾਂ ਦੀ ਲਿਆਕਤ



Digitized by Panjab Digital Library | www.panjabdigilib.org

ਤੇ ਕੋਈ 'ਕਿੰਤੂ' ਨਾ ਸੀ ਕਰ ਸਕਦਾ । ਦੋਹਾਂ ਦੀਆਂ ਦਲੀਲਾਂ ਮੰਨਣ ਵਾਲੇ ਤੇ ਦੋਹਾਂ ਦਾ ਪਿੱਛਾ ਪੂਰਨ ਵਾਲੇ ਲੋਕ ਦੇਸ ਵਿੱਚ ਮੌਜੂਦ ਸਨ । ਸਮੇਂ ਦੀ ਚਾਲ ਨਾਲ ਖਿਆਲਾਂ ਦਾ ਪਾੜਾ ਵੱਧਦਾ ਗਿਆ। ਇਥੋਂ ਤੱਕ ਕਿ ਇਸ ਅੱਡੋ ਫਾਟ ਦੇ ਝਮੇਲੇ ਵਿੱਚ ਤਿਲਕ ਮਹਾਰਾਜ ਨੂੰ ਜੇਲ ਭੀ ਜਾਣਾ ਪੈ ਗਿਆ । ਮਿਸ-ਟਰ ਗੋਖਲੇ ਤੇ ਉਨ੍ਹਾਂ ਦੀ ਪਾਰਟੀ ਬਿਲਕੁਲ ਅਲੱਗ ਰਹੀ । ਆਮ ਸਾਧਾ-ਰਨ ਅੱਖ ਨਾਲ ਵੇਖਣ ਵਾਲਿਆਂ ਨੂੰ ਇਹ ਦੋਵੇਂ ਦੇਸ਼ ਭਗਤ ਇੱਕ ਦੂਜੇ ਦੇ ਦੁਸ਼ਮਨ ਦਿਖਾਈ ਦਿੰਦੇ ਸਨ । ਕਿਸੇ ਨੂੰ ਕੀ ਪਤਾ ਸੀ ?ਕਿ ਇਨ੍ਹਾਂ ਦੋਹਾਂ ਕੌਮ-ਪੂਜਾਂ ਦੇ ਦਿਲਾਂ ਵਿੱਚ ਇੱਕੋ ਨਸ਼ਾਨੇ ਤੇ ਪਹੁੰਚਣ ਵਾਲਾ ਖੂਨ ਉਬਾਲੇ ਮਾਰ ਰਿਹਾ ਹੈ ।

ਗੋਪਾਲ ਕ੍ਰਿਸ਼ਨ ਗੋਖਲੇ ੧੯ ਫਰਵਰੀ ੧੯੧੫ ਨੂੰ ਕਾਲ ਵੱਸ ਹੋ ਗਏ । ਮਹਾਰਾਜ ਤਿਲਕ ਨੂੰ ਜਦ ਗੋਖਲੇ ਦੀ ਮੌਤ ਦੀ ਖਬਰ ਪੁੱਜੀ, ਤਾਂ ਆਪ ਉਸ ਵੇਲੇ ਕੋਈ ਚਾਲੀ ਮੀਲ ਦੀ ਦੂਰੀ ਤੇ ਸਨ । ਖਬਰ ਸੁਣਦਿਆਂ ਹੀ ਤਿਲਕ ਜੀ ਦੇ ਦਿਲ ਨੂੰ ਅਸਹਿ ਸੱਟ ਵੱਜੀ, ਅਥਰੂ ਭਰ ਆਏ, ਹੈਰਾਨ ਹੋ ਗਏ, ਤੇ ਇੱਕ ਲੰਮੀ ਆਹ ਭਰਕੇ ਕਿਹਾ "ਕੀ ਗੋਖਲੇ ਮਰ ਗਿਆ ?, ਮੇਰਾ ਪਿਆਰਾ ਗੋਖਲੇ ਚਲ ਬਸਿਆ ? ਆਹ ! ਦੇਸ਼ ਭਗਤ, ਮੇਰੇ ਜੀਵਣ ਦਾ ਸਾਥੀ ਗੋਖਲੇ ਤੁਰ ਗਿਆ ?" ਇਸ ਤਰ੍ਹਾਂ ਕਹਿੰਦੇ ਕਹਿੰ-ਦਿਆਂ ਉਸ ਬਹਾਦਰ ਦੇਸ਼ ਭਗਤ ਦੇ ਅੱਥਰੂ, ਟੁੱਟੇ ਹਾਰ ਦੇ ਮੋਤੀਆ ਵਾਂਗ ਡਿਗਣੇ ਸ਼ੁਰੂ ਹੋ ਗਏ । ਪ੍ਰੇਮ ਖਿੱਚ ਨੇ ਖੜਾ ਰਹਿਣਾ ਅਸੰਭਵ ਬਣਾ ਦਿੱਤਾ। ਮਿਲਨ ਦੀ ਚਾਹ ਨੇ ਉਛਾਲਾ ਦਿੱਤਾ । ਅੰਤਮ ਦਰਸ਼ਨ, ਲੋਥ ਦੇ ਅੰਤਮ ਦਰਸ਼ਨ ਕਰਨ ਨੂੰ ਨੰਗੇ ਸਿਰ ਤੇ ਨੰਗੇ ਪੈਰੀਂ ਬਹਾਦੰਰ ਤਿਲਕ ਅਧੀਰ ਹੋ ਭੱਜ ਤੁਰਿਆ । ਮੋਟਰ ਹਵਾ ਨਾਲ ਗੱਲਾਂ ਕਰਦੀ ਉੱਡ ਤੁਰੀ । ਤਿਲਕ ਜੀ ਦੇ ਠਿਕਾਣੇ ਪਹੁੰਚਨ ਸਮੇਂ ਗੋਖਲੇ ਦੀ ਅਰਥੀ ਸ਼ਮਸਾਨ ਭੂਮੀ ਵਿੱਚ ਜਾ ਚੁੱਕੀ ਸੀ । ਅਨ੍ਹੇਰੀ ਦੇ ਵਰੋਲੇ ਨਾਲ ਮਿਲੀ ਹੋਈ ਸ਼ਮਸ਼ਾਨ ਭੂਮੀ ਵਲ ਤੇਜ਼ ਮੋਟਰ ਆਉਂਦੀ ਦੇਖ ਕੇ ਹਰ ਇਕ ਦੀ ਨਜ਼ਰ ਓਧਰੇ ਖਿੱਚੀ ਗਈ । ਚਿਤਾ ਚਿਣੀ ਤੇ ਉਪਰ ਦੇਸ਼ ਭਗਤ



Digitized by Panjab Digital Library | www.panjabdigilib.org

ਗੋਖਲੇ ਦੀ ਅਰਥੀ ਰੱਖੀ ਜਾ ਚੁੱਕੀ ਸੀ। ਤਿਲਕ ਦੇ ਨੰਗੇ ਸਿਰ ਤੇ ਨੰਗੀ ਪੈਰੀਂ ਪਹੁੰਚਣ ਤੋਂ ਸਭ ਹੈਰਾਨ ਹੋ ਗਏ। ਸਭ ਜਾਣਦੇ ਸਨ ਕਿ ਤਿਲਕ ਤੇ ਗੋਖਲੇ ਦੇ ਜੁਦੇ ਜੁਦੇ ਰਾਹ ਹਨ। ਮੁਕੱਦਮੇ ਚੱਲ ਚੁੱਕੇ ਤੇ ਇਸੇ ਖਿਚਾ ਖਿਚੀ ਵਿੱਚ ਤਿਲਕ ਮਹਾਰਾਜ ਨੂੰ ਸਜ਼ਾ ਹੋ ਚੁਕੀ ਹੈ। ਵਿਰੋਧੀ ਦੇ ਮਰਨ ਤੇ ਤਿਲਕ ਜਰੂਰ ਖੁਸ਼ੀ ਹੋਵੇਗਾ, ਪਰ ਇਹ ਕੀ ਨਜ਼ਾਰਾ ਹੈ ਜੋ ਗੋਖਲੇ ਦੇ ਮਰਨ ਸਮੇਂ ਤਿਲਕ ਅੱਥਰੂ ਵਹਾਉਂਦਾ,ਬੇ ਦਿਲ ਹੋਇਆ੨ ਘੱਟੇ ਨਾਲ ਭਰਿਆ ਹੋਇਆ, ਨੰਗੇ ਸਿਰ ਤੇ ਨੰਗੇ ਪੈਰੀਂ ਚਾਲੀ ਮੀਲ ਤੋਂ ਧਾਵਾ ਕਰ ਕੇ ਸ਼ਮਸ਼ਾਨ ਭੂਮੀ ਵਿੱਚ ਪਹੁੰਚਾ ਹੈ ? ਸੂਰਮੇ ਤਿਲਕ ਨੇ ਸਾਥੀ ਗੋਖਲੇ ਦੀ ਅਰਥੀ ਪਾਸ ਆ ਕੇ ਧਾਹ ਮਾਰੀ। ਉਸਦਾ ਪ੍ਰੇਮ ਹਿਰਦਾ ਸਾਗਰ ਵਾਂਗ ਦਰਦ ਨਾਲ ਉੱਛਲ ਆਇਆ ਤੇ ਸਾਵਣ ਦੇ ਮੀਂਹ ਵਾਂਗੂ ਅਥਰੂਆਂ ਦੀ ਝੜੀ ਲਗ ਗਈ।

"ਲੋਕੋ ! ਪਿਛਾਂਹ ਹਟ ਜਾਵੋ, ਮੈਨੂੰ ਮੇਰੇ ਭਰਾ, ਮੇਰੇ ਸਾਥੀ, ਮੇਰੇ ਮਿੱਤ੍ਰ, ਗੋਖਲੇ, ਦੇਸ਼ ਭਗਤ,ਕੌਮ ਪੂਜ ਗੋਖਲੇ ਦੇ ਦਰਸ਼ਨ ਕਰ ਲੈਣ ਦੇਵੋ।"

ਇਹ ਸੁਣ ਕੇ ਲੋਕਾਂ ਦੇ ਪ੍ਰੇਮ ਭਰੇ ਹਿਰਦੇ ਭੀ ਬਿਹਬਲ ਹੋ ਉੱਠੇ, ਤੇ ਸਭ ਦੀਆਂ ਅੱਖਾਂ ਭਗਵਾਨ ਤਿਲਕ ਵੱਲ ਲਗ ਗਈਆਂ। ਤਿਲਕ ਨੇ ਗੋਖਲੇ ਦੇ ਅੰਤਮ ਦਰਸ਼ਨ ਕੀਤੇ। ਲੋਥ ਨੂੰ ਜੱਫੀ ਪਾ ਲਈ, ਮਥਾ ਚੁਮਿਆਂ ਤੇ ਉਸੇ ਜਗਾ, ਸ਼ਮਸ਼ਾਨ ਭੂਮੀ ਵਿਚ, ਲੋਥ ਦੇ ਸਰ੍ਹਾਣੇ ਖੜੋ ਕੇ ਉਹ ਪ੍ਰੇਮ, ਦਰਦ ਤੇ ਦੇਸ਼-ਭਗਤੀ ਦੇ ਜਜ਼ਬੇ ਭਰਿਆ ਲੈਕਚਰ ਕੀਤਾ ਕਿ ਲੋਕਾਂ ਦੇ ਹਿਰਦੇ ਪਿਘਲ ਕੇ ਬਾਹਰ ਆ ਗਏ।

"ਗੋਖਲੇ, ਮੇਰੇ ਪਿਆਰੇ ਵੀਰ ਗੋਖਲੇ, ਮੇਰੇ ਨਾਲ ਕੰਮ ਕਰਨ ਵਾਲੇ ਗੋਖਲੇ ਅਜ ਚਲ ਬਸੇ, ਨਹੀਂ ਨਹੀਂ ! ਮੈਨੂੰ ਮਾਰ ਗਏ, ਮੇਰੀ ਬਾਂਹ ਭੱਜ ਗਈ। ਲੋਕੋ ਤੁਸੀਂ ਸਮਝਦੇ ਹੋਵੋਗੇ ਕਿ ਅਸੀਂ ਵਿਰੋਧੀ ਸਾਂ। ਹਾਂ ! ਠੀਕ ਹੈ ਪਰ ਵਿਰੋਧੀ ਸਾਂ, ਕੰਮ ਕਰਨ ਦੇ ਢੰਗਾਂ ਦੇ,ਇੱਕੋ ਨਸ਼ਾਨੇ ਤੇ ਪੁੱਜਣ ਦੇ ਰਾਹਾਂ ਦੇ, ਉਂਵ ਅਸੀਂ ਭਾਈ ਸਾਂ, ਮਿੱਤ੍ਰ ਸਾਂ, ਇਕੋ ਭਾਰਤ ਮਾਤਾ ਦੇ ਪੁੱਤ੍ਰ ਸਾਂ, ਇਕ ਦੂਜੇ ਦੀ ਮਦਦ ਨਾਲ ਤੁਰਨ ਵਾਲੇ, ਇਕੋ ਕੰਮ ਕਰਨ



Digitized by Panjab Digital Library | www.panjabdigilib.org

ਵਾਲੇ, ਇਕ ਦੂਜੇ ਦੇ ਆਸਰੇ ਅੱਗੇ ਵਧਣ ਵਾਲੇ ਸਾਂ। ਅੱਜ ਮੇਰੀ ਬਾਂਹ ਭੱਜ ਗਈ, ਅੱਜ ਮੈਂ ਨਕਾਰਾ ਹੋ ਗਿਆ। ਦੋਸਤੋ ! ਭਾਵੇਂ ਸਾਡੇ ਕੰਮ ਦੇ ਢੰਗ ਜੁਦੇ ਜੁਦੇ ਸਨ ਪਰ ਅਸੀਂ ਇੱਕ ਸਾਂ ਸਾਡਾ ਆਸ਼ਾ ਇੱਕ ਸੀ। ਅਸੀਂ ਦੁਖੀ ਕੌਮ ਲਈ, ਆਪਣੇ ਪਿਆਰੇ ਮਜ਼ਲੂਮ ਦੇਸ਼ ਲਈ, ਇਕੋ ਜੇਹੀ ਵਧ ਚੜ੍ਹ ਕੇ ਕੁਰਬਾਨੀ ਕਰਨ ਦੇ ਚਾਹਵਾਨ ਸਾਂ। ਇਸੇ ਲਈ ਪਿਆਰੇ ਵੀਰ ਗੋਖਲੇ ਦੇ ਚੜ੍ਹਾਈ ਕਰ ਜਾਣ ਤੇ ਮੇਰੇ ਹਿਰਦੇ ਨੂੰ ਜੋ ਸੱਟ ਵੱਜੀ ਹੈ, ਮੈਂ ਉਹ ਵਰਣਨ ਨਹੀਂ ਕਰ ਸਕਦਾ। ਮੈਨੂੰ ਤੁਹਾਡੇ ਨਾਲੋਂ ਬਹੁਤ ਦੁੱਖ ਹੈ, ਕਿਉਂਕਿ ਉਹ ਮੇਰਾ ਤੁਹਾਡੇ ਨਾਲੋਂ ਵਧੀਕ ਪਿਆਰਾ ਤੇ ਵਧੀਕ ਸਾਥੀ ਸੀ, ਆਦਿਕ।"

ਮਹਾਰਾਜ ਤਿਲਕ ਨੇ ਗੋਖਲੇ ਦੀ ਅਰਥੀ ਸਰ੍ਹਾਣੇ ਖੜੋਕੇ ਸ਼ਮਸ਼ਾਨ ਭੂਮੀ ਵਿੱਚ ਘੰਟੇ ਤੋਂ ਭੀਵੱਧ ਚਿਰ,ਉਹ ਦਰਦ,ਪ੍ਰੇਮ ਤੇ ਜੋਸ਼ ਭਰਿਆ ਲੈਕਚਰ ਕੀਤਾ ਕਿ ਲੋਕੀਂ ਬੁੱਤ ਬਣ ਗਏ ਤੇ ਸਭ ਨੇ ਕਿਹਾ ਸੱਚ ਹੈ ! 'ਸੱਚੇ ਦੇਸ਼ ਭਗਤ ਦੀਆਂ ਇਹੀ ਨਿਸ਼ਾਨੀਆਂ ਹਨ ਜੋ ਕੰਮ ਲਈ ਭਾਵੇਂ ਲੜੇ ਬੋਲੇ ਪਰ ਮੁਸੀਬਤ ਵਿੱਚ, ਦੁੱਖ ਸਮੇਂ ਆਪਣੇ ਆਸ਼ੇ ਦੇ ਵਿਰੋਧੀ ਨਾਲ ਭੀ ਹਮਦਰਦੀ ਕਰੇ ਤੇ ਪ੍ਰੇਮ ਦਾ ਸਬੂਤ ਦੇਵੇ।' ਧੰਨ ਧੰਨ ਤਿਲਕ ਮਹਾਰਾਜ 'ਤਿਲਕ ਮਹਾਰਾਜ ਦੀ ਜੈ' ਨਾਲ ਅਸਮਾਨ ਗੂੰਜ ਉੱਠਿਆ।

ਇਹ ਇੱਕ ਨਮੂਨਾ ਅਸੀਂ ਉਦਾਹਰਣ ਵਜੋਂ ਆਪ ਦੀ ਭੇਟ ਕੀਤਾ ਹੈ। ਸਾਡੇ ਵੈਦ ਜੀ ਭੀ ਇਹੋ ਜੇਹੇ ਉੱਚ ਖਿਆਲੀਏ ਦੇਸ਼ ਭਗਤ ਸਨ। ਸੇਵਾ ਦੇ ਮੈਦਾਨ ਵਿੱਚ, ਭਾਵੇਂ ਉਹ ਕਿਸੇ ਨਾਲ ਕਿਸੇ ਗੱਲੋਂ ਵਿਰੋਧੀ ਹੋਣ ਪਰ ਮੁਸ਼ਕਲ ਵੇਲੇ ਦੁਖ ਕਸ਼ਟ ਵੇਲੇ ਉਹ ਸਦਾ ਯਥਾ ਯੋਗ ਮੰਦਦ ਕਰਨ ਨੂੰ ਤਿਆਰ ਰਹਿੰਦੇ ਸਨ।

੧੯੦੬ ਵਿੱਚ ਸਮਕਾਲੀ ਖਾਲਸਾ ਸੇਵਕ* ਨਾਲ ਇੱਕ ਤੋਂ ਵੱਧ

* ਖਾਲਸਾ ਸੇਵਕ—ਇਹ ਮਾਹਵਾਰੀ ਰਸਾਲਾ ਸ੍ਰੀ ਅਮ੍ਰਿਤਸਰੋਂ ਮਸ਼ਹੂਰ ਲੇਖਕ ਤੇ ਪੁਰਾਣੇ ਜ਼ਬਰ ਦਸਤ ਕੰਮ ਕਰਨ ਵਾਲੇ ਸ੍ਰ: ਜੀਵਣ ਸਿੰਘ ਜੀ ਦੀ ਮਾਲਕੀ ਤੇ ਐਡੀਟਰੀ ਹੇਠ ਫਰਵਰੀ ੧੯੦੩ ਤੋਂ ਜਾਰੀ ਹੋਇਆ ਸੀ।



Digitized by Panjab Digital Library | www.panjabdigilib.org

ਸ਼ਾਦੀਆਂ ਕਰਾਨ ਸੰਬੰਧੀ ਮਜ਼ਮੂਨ ਤੋਂ 'ਦੁਖ ਨਿਵਾਰਨ' ਦੀ ਖਟਾ ਪਟੀ ਹੋ ਗਈ। ਭਾਈ ਜੀਵਣ ਸਿੰਘ ਜੀ ਐਡੀਟਰ 'ਖਾਲਸਾ ਸੇਵਕ' ਭੀ ਪੁਰਾਣੇ ਤਜਰਬਾਕਾਰ ਤੇ ਮਸ਼ਹੂਰ ਲਿਖਾਰੀ ਸਨ। ਦੁਵੱਲਿਓਂ ਦਲੀਲ ਬਾਜ਼ੀ ਦੀਆਂ ਤੋਪਾਂ ਨੇ ਤੂਫਾਨ ਬਰਪਾ ਕਰ ਦਿਤਾ। ਮਜ਼ਮੂਨ ਨਵੀਸੀ ਦੇ ਕਾਗਜ਼ੀ ਅਖਬਾਰੀ ਮੈਦਾਨ ਵਿੱਚ ਕਲਮ ਸ਼ਮਸ਼ੇਰਾਂ ਚਲੀਆਂ, ਤੇ ਖੂਬ ਚਲੀਆਂ।

ਸਮਾ ਬਦਲਦਿਆਂ ਚਿਰ ਨਹੀਂ ਲਗਦਾ। ੧੯੦੭ ਵਿਚ ਸ੍ਰ: ਜੀਵਣ ਸਿੰਘ ਜੀ ਨੂੰ ਅਖਬਾਰ ਨਵੀਸੀ ਵਿੱਚ ਆਟੇ ਦਾਣੇ ਦੇ ਭਾ ਦਾ ਪਤਾ ਲੱਗ ਗਿਆ। ਅਖਬਾਰ ਦੀ ਮਾਯਕ ਹਾਲਤ ਖਰਾਬ ਹੋ ਗਈ। ਉਸ ਨੇ ਆਪਣਾ ਰੋਣਾ ਆਪਣੇ ਦਸੰਬਰ ੧੯੦੭ ਦੇ ਪਰਚੇ ਵਿੱਚ ਰੋਇਆ ਤੇ ਪਰਚਾ ਬੰਦ ਕਰਨ ਲਈ ਐਲਾਨ ਕੀਤਾ। ਇਕ ਸਮਕਾਲੀ ਅਖਬਾਰ ਨਵੀਸ ਦੀ ਇਹ ਦੁਰਦਸ਼ਾ ਦੇਖ ਕੇ ਵੈਦਜ ਜੀ ਭਲਾ ਕਿਵੇਂ ਚੁਪ ਰਹਿ ਸਕਦੇ ਸਨ? ਆਪ ਨੇ ਕਲਮ ਫੜੀ ਤੇ ਬੜੇ ਜ਼ੋਰ ਨਾਲ 'ਦੁਖ ਨਿਵਾਰਨ' ਵਿੱਚ ਧੜੱਲੇ ਦਾਰ ਲੇਖ ਲਿਖਿਆ, ਜਿਸ ਵਿੱਚ ਸਮਕਾਲੀ ਨਾਲ ਹਮਦਰਦੀ ਪ੍ਰਗਟ ਕਰਦੇ ਹੋਇਆਂ ਪਾਠਕਾਂ ਦੇ ਚੰਦੇ ਭੇਜਣ ਦੀ ਅਨ ਗਹਿਲੀ ਨੂੰ ਦੂਰ ਕਰਨ ਲਈ ਲਿਖਿਆ। ਮਦਦ ਲਈ ਤੇ ਚੰਦੇ ਭੇਜਣ ਲਈ ਜ਼ੋਰਦਾਰ, ਦਰਦ ਭਰੀ ਜੋਸ਼ੀਲੀ ਅਪੀਲ ਕੀਤੀ ਤੇ ਹਰ ਹਾਲਤ ਵਿੱਚ ਖਾਲਸਾ ਸੇਵਕ ਨੂੰ ਚਲਦਾ ਰੱਖਣ ਲਈ ਜ਼ੋਰ ਦਿਤਾ, ਤੇ ਐਡੀਟਰ ਖਾਲਸਾ ਸੇਵਕ ਪਾਸ ਭੀ ੧ ਸਾਲ ਹੋਰ ਧੂ ਘਸੀਟ ਕੇ ਜਾਰੀ ਰੱਖਣ ਲਈ ਅਰਜ਼ ਕੀਤੀ ਤੇ ਘਾਟੇ ਦਾ ਹਿੱਸਾ ਆਪਣੇ ਪੱਲਿਓਂ ਭੀ ਦੇਣ ਦੀ ਦਲੇਰੀ ਦਿੱਤੀ। ਆਪ ਇਸ ਮਜ਼ਮੂਨ ਦੇ ਸ਼ੁਰੂ ਵਿੱਚ ਲਿਖਦੇ ਹਨ:-

> "ਦਸੰਬਰ ੧੯੦੭ ਦਾ ਖਾਲਸਾ ਸੇਵਕ ਪਹੁੰਚਿਆ। ਉਸ ਦੇ ਸਫਾ ੧੩ ਉੱਤੇ 'ਖਾਲਸਾ ਸੇਵਕ ਦੀ ਡਾਵਾਂ ਡੋਲ ਦਸ਼ਾ' ਦਾ ਲੇਖ ਪੜ੍ਹ ਕੇ, ਪੰਥ ਅਤੇ ਪੰਜਾਬੀ ਦੀ ਭਵਿੱਖਤ ਉਨਤੀ ਦੀ ਵਿਚਾਰ ਕਰ ਕੇ ਬੜਾ ਹੀ ਸ਼ੋਕ ਹੋਇਆ........."

ਅੱਗੇ ਖਾਲਸਾ ਸੇਵਕ ਦੀ ਹੋਂਦ ਬਾਬਤ ਇਉਂ ਲਿਖਦੇ ਹਨ:-



Digitized by Panjab Digital Library | www.panjabdigilib.org

"ਖਾਲਸਾ ਸੇਵਕ ਦੇ ਬੰਦ ਹੋ ਜਾਣ ਦਾ ਘਾਟਾ ਬੜਾ ਹੀ ਹਾਨੀ ਕਾਰਕ ਹੋਵੇਗਾ। ਹਰ ਕੌਮ ਨੂੰ ਖਾਸ ਕੜਾਕੇਦਾਰ ਲਿਖਣ ਵਾਲੇ ਦੀ ਬੜੀ ਲੋੜ ਹੁੰਦੀ ਹੈ। ਖਾਲਸਾ ਸੇਵਕ ਇਹ ਘਾਟਾ ਖੁਲ੍ਹੇ ਦਿਲ ਪੂਰਾ ਕਰ ਰਿਹਾ ਸੀ।"

ਪਬਲਕ ਅਪੀਲ ਕਰਦੇ ਹਨ:-

"ਪੰਥ ਹਿਤੈਸ਼ੀਓ! ਪੰਜਾਬੀ ਦੀ ਉਨਤੀ ਦੇ ਚਾਹਵਾਨੋ! ਜੇ ਆਪ ਆਪਣੀ ਦੁਰਦਸ਼ਾ ਨੂੰ ਸੁਦਸ਼ਾ ਵਿੱਚ ਪਲਟਣਾਂ ਲੋੜਦੇ ਹੋ, ਜੇ ਆਪ ਉਨਤੀ ਦੇ ਚਾਹਵਾਨ ਹੋ, ਤਦ ਪੰਜਾਬੀ ਦੇ ਪੱਤਰਾਂ ਨੂੰ ਜ਼ਰੂਰ ਕਾਇਮ ਰੱਖੋ।"

ਅੱਗੇ ਸਮਕਾਲੀ ਦੇ ਐਡੀਟਰ ਅੱਗੇ ਇੱਕ ਦਲੀਲ ਤੇ ਅਪੀਲ ਪੇਸ਼ ਕਰਦੇ ਹੋਏ, ਐਡੀਟਰ ਸਾਹਿਬ ਨੂੰ ਸੰਬੋਧਨ ਕਰਕੇ ਲਿਖਦੇ ਹਨ:-

"ਜਿਸਤਰ੍ਹਾਂ ਆਪ ਨੇ ਅੱਗੇ ਪੰਜ ਸਾਲ ਵਿੱਚ ਐਨੇ ਦੁੱਖ ਸਹਿਕੇ ਭੀ ਸੇਵਾ ਨੂੰ ਨਿਭਾਇਆ ਹੈ। ਇੱਕ ਸਾਲ ਹੋਰ ਪ੍ਰੀਖਯਾ ਕਰ ਦੇਖੋ। ਨਵੇਂ ਸਿਰੇ ਖਰੀਦਾਰਾਂ ਦੀ ਪੜਚੋਲ ਕਰ ਲਵੋ। ਪੇਸ਼ਗੀ ਚੰਦਾ ਆਏ ਬਿਨਾ ਪਰਚਾ ਜਾਰੀ ਹੀ ਨਾ ਕਰੋ। ਇੱਕ ਪਰਚਾ ਨਮੂਨੇ ਤੋਂ ਵੱਧ ਕਿਸੇ ਨੂੰ ਪਰਚਾ ਨਾ ਦੇਵੋ, ਪ੍ਰਬੰਧ ਪੂਰਾ ਰੱਖੋ ਤੇ ਠੀਕ ਸਮੇਂ ਸਿਰ ਪ੍ਰਕਾਸ਼ਤ ਕਰੋ। ਘਾਟੇ ਦੇ ਪ੍ਰਬੰਧ ਵਾਸਤੇ ਕੁਛ ਪੰਜਾਬੀ ਦੇ ਹਿਤਕਾਰੀਆਂ ਦੀ ਇੱਕ ਕਮੇਟੀ ਬਣਵਾ ਲਵੋ ਜੋ ਘਾਟੇ ਨੂੰ ਆਪਣੇ ਜ਼ਿੰਮੇ ਲਵੇ......ਜੇ ਆਪ ਅਜੇਹਾ ਪ੍ਰਬੰਧ ਕਰੋ ਤਦ ਘਾਟੇ ਦਾ ਯੋਗ ਹਿੱਸਾ-ਕੇਵਲ ਪੰਜਾਬੀ ਦੇ ਹਿਤ ਵਾਸਤੇ ਦੇਣ ਲਈ ਅਸੀਂ ਸਭ ਤੋਂ ਪਹਿਲਾਂ ਤਿਆਰ ਹੋਵਾਂਗੇ ਆਦਿਕ।"

ਕਹਿਣ ਦੀ ਲੋੜ ਨਹੀਂ ਕਿ 'ਦੁਖ ਨਿਵਾਰਨ' ਦੀ ਇਸ ਅਪੀਲ ਨੇ ਸੱਚ ਮੁੱਚ ਹੀ ਦੁਖ ਨਿਵਾਰਨ ਦਾ ਕੰਮ ਕੀਤਾ। ਅਪੀਲ ਅਸਰ ਕਰ ਗਈ। ਕਈ ਹਿਤੈਸ਼ੀ ਖੜੇ ਹੋ ਗਏ। ਐਡੀਟਰ ਖਾਲਸਾ ਸੇਵਕ ਨੇ ਵੈਦ ਜੀ ਦਾ ਚਿੱਠੀ ਰਾਹੀਂ ਧੰਨਵਾਦ ਕੀਤਾ। ਉਹ ਚਿੱਠੀ ਜੂਨ ੧੯੦੮ ਦੇ 'ਦੁਖ ਨਿਵਾਰਨ' ਦੇ ਸਫਾ ੧੩੫ ਪਰ ਛਪੀ ਹੋਈ ਹੈ ਜੋ ਇਸਤਰ੍ਹਾਂ ਸ਼ੁਰੂ ਹੁੰਦੀ ਹੈ:-

ਸੇਵਾ ਵਿਖੇ ਐਡੀਟਰ ਸਾਹਿਬ "ਦੁਖ ਨਿਵਾਰਨ" ਤਰਨ ਤਾਰਨ



Digitized by Panjab Digital Library | www.panjabdigilib.org

ਸ੍ਰੀ ਮਾਨ ਜੀ ! ਖਾਲਸਾ ਸੇਵਕ ਦੇ ਬੰਦ ਹੋ ਜਾਣ ਪਰ ਜੋ ਹਮਦਰਦੀ ਭਰਿਆ ਲੇਖ ਆਪ ਨੇ ਆਪਣੇ ਕਿਸੇ ਪਿਛਲੇ ਪਰਚੇ ਵਿੱਚ ਕੱਢਿਆ ਸੀ ਉਸ ਲਈ ਮੈਂ ਆਪ ਦਾ ਅਤਯੰਤ ਧੰਨਵਾਦੀ ਹਾਂ।"

ਅਪੀਲ ਦਾ ਕੀ ਅਸਰ ਹੋਇਆ ਇਸ ਬਾਰੇ ਇਸੇ ਚਿੱਠੀ ਵਿੱਚ ਜ਼ਿਕਰ ਕਰਦੇ ਹਨ:—

"ਕਈ ਹੋਰ ਸਜਣਾਂ ਨੇ ਭੀ ਅਜੇਹੇ ਪੱਤ੍ਰ ਬਾਹਰੋਂ ਭੇਜੇ ਹਨ। ਤੇ 'ਸੇਵਕ' ਚਲਦਾ ਰੱਖਣ ਲਈ ਪ੍ਰੇਰਨਾ ਕੀਤੀ ਹੈ।"

ਪਾਠਕ ਜਨ ! ਹੈ ਕਿ ਨਹੀਂ ਜੀਵਣ ਦੇ ਉੱਚੇ ਮੱਯਾਰ ਦੇ ਗੁਣ? ਆਪਣੇ ਸ਼ਖਸੀ ਨਫਾ ਨੁਕਸਾਨ ਨੂੰ ਵਿਸਾਰਕੇ ਜ਼ਾਤੀ, ਕੌਮੀ, ਮੁਲਕੀ ਜਾਂ ਸੰਸਾਰੀ ਨਫਾ ਨੁਕਸਾਨ ਧਿਆਨ ਵਿੱਚ ਰੱਖਣਾ ਹੀ 'ਮਹਾਤਮਾਂਪਨ' ਹੈ।

## ਫੁਟਕਲ

ਮਹਾਰਾਜਾ ਨਾਭਾ (ਸਰ ਹੀਰਾ ਸਿੰਘ ਜੀ) ਦੇ ਗ੍ਰੰਥ 'ਚਾਰ ਭਾਗ' ਵਿੱਚ ਆਪ ਜੀ ਨੂੰ ਇੱਕ ਨੋਟ ਲੱਭਾ ਜਿਸ ਵਿੱਚ ਲਿਖਿਆ ਸੀ ਕਿ ਹਰ ਇੱਕ ਆਦਮੀ ਨੂੰ ਡਾਇਰੀ ਰੱਖਣੀ ਤੇ ਆਪਣਾ ਜੀਵਨ ਜ਼ਰੂਰ ਨੋਟ ਕਰ ਰੱਖਣਾ ਚਾਹੀਦਾ ਹੈ। ਇਹ ਲਿਖਤ ਆਪ ਦੇ ਸ੍ਵਛ ਹਿਰਦੇ ਤੇ ਅਸਰ ਕਰ ਗਈ ਤੇ ਆਪ ਨੇ ਝੱਟ ਇੱਕ ਪੁਰਜ਼ੇ ਤੇ ਆਪਣੇ ਜੀਵਣ ਸੰਬੰਧੀ, ਭੂਮਿਕਾਈ ਨੋਟ ਲਿਖਿਆ। ਸਾਨੂੰ ਇਹ ਨੋਟ ਇੱਕ ਫੁਟਕਲ ਕਾਗਜ਼ ਤੇ ਲਿਖਿਆ ਮਿਲਿਆ ਹੈ ਜਿਸ ਉੱਤੇ ੨੦ ਜੂਨ ੧੯੦੮ ਦੀ ਤਾਰੀਖ ਹੈ, ਇਸ ਲਈ ਅੰਸੀਂ ਇਸ ਨੋਟ ਨੂੰ ਇਥੇ ਸਾਲ ਦੇ ਅੰਤ ਵਿੱਚ ਦਰਜ ਕਰਦੇ ਹਾਂ, ਜੋ ਇੱਕ ਵਿਚਾਰਨ ਵਾਲੀ ਚੀਜ਼ ਹੈ ਤੇ ਵੈਦ ਜੀ ਦੇ ਉਸ ਵੇਲੇ ਦੇ ਦਿਲੀ ਵਲਵਲਿਆਂ ਉੱਤੇ ਸੁਹਣਾ ਚਾਨਣਾ ਪਾਉਂਦੀ ਹੈ।

## ਭੂਮਿਕਾ !

ਭਾਵੇਂ ਦੁਨੀਆਂ ਵਿਚ ਵੱਧ ਤੋਂ ਵੱਧ ਮਹਾਨ ਆਤਮਾਂ, ਧਰਮਾਤਮਾਂ, ਪ੍ਰੋਪਕਾਰੀ ਜੀਵਨ ਮੌਜੂਦ ਹਨ। ਮੈਂ ਜੇਹੇ ਨਕਾਰਿਆਂ ਦੇ ਜੀਵਨ ਕੁਛ



Digitized by Panjab Digital Library | www.panjabdigilib.org

ਲਾਭਦਾਇਕ ਨਹੀਂ ਹੋ ਸਕਦੇ। ਪ੍ਰੰਤੂ ਭਾਈ ਕਰਮ ਸਿੰਘ ਜੀ ਇਤਿਹਾਸ ਖੋਜੀ ਅਤੇ ਮਹਾਰਾਜਾ ਸਾਹਿਬ ਨਾਭਾ ਪਤੀ ਜੀ ਦੇ ਗ੍ਰੰਥ 'ਚਾਰ ਭਾਗ' ਤੋਂ —ਹਰ ਇਕ ਪ੍ਰਾਣੀ ਨੂੰ ਆਪਣਾ ਜੀਵਨ ਲਿਖਣ ਦੀ ਪ੍ਰੇਰਨਾ ਹੋਵਨ ਤੇ ਉਤਸ਼ਾਹ ਹੋਇਆ ਜੋ ਦਾਸ ਭੀ ਕੁਝ ਆਪਣੇ ਖਿਆਲ ਤੇ ਤਜਰਬੇ ਲਿਖਦਾ ਰਹੇ ਤਦ ਭਰੋਸਾ ਹੋ ਸਕਦਾ ਹੈ ਕਿ ਕਦੇ ਦਾਸ ਦਾ ਇਹ ਸਮਾਂ (ਲੇਖ) ਲਾਭਦਾਇਕ ਹੋਵੇਗਾ। ਇਸ ਵੇਲੇ ਦੁਨੀਆਂ ਵਿੱਚ ਵਿਚਾਰ ਹੋ ਰਹੀ ਦੇਖੀ ਜਾਂਦੀ ਹੈ ਕਿ ਅੰਗ੍ਰੇਜ਼ੀ ਦੇ ਬਿਨਾਂ ਕੋਈ ਉੱਨਤ ਨਹੀਂ ਹੋ ਸਕਦਾ। ਵਸੀਲੇ ਦੇ ਬਿਨਾਂ ਹਰ ਥਾਂ ਹੇਠੀ ਹੁੰਦੀ ਹੈ, ਚਾਲਾਕ ਤੇ ਚਲਤੇ ਪੁਰਜ਼ੇ ਆਦਮੀ ਬਹੁਤ ਲਾਭ ਉਠਾ ਸਕਦੇ ਹਨ ਆਦਿਕ। ਪ੍ਰੰਤੂ ਦਾਸ ਦੇ ਜੀਵਨ ਤੋਂ ਪਾਠਕ ਸੱਜਨ ਚੰਗੀ ਤਰ੍ਹਾਂ ਇਹ ਵਿਚਾਰ ਸੱਕਣਗੇ ਕਿ ਓਸ ਪਰੀ ਪੂਰਣ ਪਰਮਾਤਮਾਂ ਕਰਤਾ ਹਰਤਾ ਵਾਹਿਗੁਰੂ ਜੀ ਦੀ ਕ੍ਰਿਪਾ ਹੋਵੇ ਤਾਂ ਇੱਕ ਨੀਚ ਤੋਂ ਨੀਚ ਭੀ ਉੱਤਮ ਪਦਵੀ ਪਾ ਸੱਕਦਾ ਹੈ। ਇਸ ਵੇਲੇ ਦਾਸ ਦੀ ਦਸ਼ਾ ਇਹ ਹੈ ਕਿ ਕੋਈ ਸੱਜਣ ਵੱਡਾ ਧਨੀ, ਕੋਈ ਪਰਮ ਵਿਦਵਾਨ, ਕੋਈ ਡਾਢਾ ਪਤਵੰਤਾ ਆਦਿ ਖਿਆਲ ਕਰਦੇ ਹਨ, ਬਜ਼ੁਰਗ ਬੱਚਿਆਂ ਦੀ ਤਰ੍ਹਾਂ, ਬਰਾਬਰ ਦੇ ਭਾਈਆਂ ਦੀ ਤਰ੍ਹਾਂ, ਛੋਟੇ ਬਜ਼ੁਰਗਾਂ ਦੀ ਤਰ੍ਹਾਂ ਆਦਰ ਕਰਦੇ ਤੇ ਰੱਖਦੇ ਹਨ। ਸ਼ਹਿਰ ਵਿਚ ਕੋਈ ਹੋਰ ਦੁਕਾਨ ਆਦਿ ਨੂੰ ਇਹ ਸੌਭਾਗਜ ਪ੍ਰਾਪਤ ਨਹੀਂ ਕਿ ਜਿੱਥੇ ਮੁਕਾਮੀ ਅਫਸਰਾਂ ਦਾ ਠਹਿਰਾਉ ਯਾ ਬੈਠਕ ਹੋਵੇ, ਹਾਲਾਂ ਕਿ ਕੋਈ ਦੁਕਾਨ ਦੀ ਸਜਾਵਟ ਸੌਦਾਗਰਾਂ ਦੇ ਕਾਰ-ਖਾਨਿਆਂ ਦੀ ਤਰ੍ਹਾਂ ਨਹੀਂ, ਬੈਠਣ ਵਾਸਤੇ ਜ਼ਮੀਨ ਤੇ ਦਰੀ ਆਦਿ ਹੀ ਹੈ। ਜਦ ਤੋਂ ਹੋਸ਼ ਸੰਭਲੀ ਹੈ ਮੁਕਾਮੀ ਅਫਸਰਾਂ ਦਾ ਵਰਤਾਉ ਭਰਾਵਾਂ ਤੇ ਬੱਚਿਆਂ ਦੀ ਤਰ੍ਹਾਂ ਹੈ। ਬਾਹਰੀ ਦੁਨੀਆਂ ਦਾ ਬਹੁਤ ਸਾਰਾ ਹਿੱਸਾ ਪੂਰਨ ਪ੍ਰੇਮ ਰੱਖਦਾ ਹੈ। ਪਰ ਜਦ ਮੈਂ ਆਪਣੀ ਹਾਲਤ ਨੂੰ ਦੇਖਦਾ ਹਾਂ ਤਦ ਓਸਨੂੰ ਪਰਮਾਤਮਾ ਦੀ ਕ੍ਰਿਪਾ ਦੇ ਯੋਗ ਨਹੀਂ ਪੌਂਦਾ। ਦਾਸ ਹਰ ਤਰ੍ਹਾਂ ਦੀ ਵਿਦਜਾ ਤੋਂ ਖਾਲੀ ਹੈ, ਅੰਗ੍ਰੇਜ਼ੀ ਉਰਦੂ ਆਦਿ ਨਹੀਂ ਔਂਦੇ, ਗੁਰਮੁਖੀ ਤੇ ਹਿੰਦੀ ਦਾ ਕੁਝ ਗਿਆਨ ਹੈ ਪਰ ਅਜੇਹਾ ਜੋ ਏਸ ਲੇਖ ਤੋਂ



Digitized by Panjab Digital Library | www.panjabdigilib.org

ਟਪਕਦਾ ਹੈ। ਮਦਰਸੇ ੧ ਦਿਨ ਭੀ ਨਹੀਂ ਬੈਠਾ। ਅੰਗ੍ਰੇਜ਼ੀ ਵਾਸਤੇ ਉੱਦਮ ਕੀਤਾ ਪਰ ਸਮੇਂ ਦੀ ਸਦਾ ਹੀ ਘਾਟ ਰਹੀ। ਉਰਦੂ ਭੀ ਹੁਣ ਥੋੜਾ ੨ ਪੜ੍ਹ ਸਕਦਾ ਹਾਂ। ਵੈਦਕ ਵਿਦਯਾ ਨਾਲ ਵਾਹ ਹੈ ਪਰ ਏਹ ਭੀ ਬਹੁਤ ਥੋੜੀ ਅਪੂਰਣ ਸਗੋਂ ਅਧੂਰੀ ਹੈ। ਆਪਣੀ ਸੰਤਾਨ ਅਰ ਹੋਰ ਸੱਜਣਾਂ ਦੇ ਲਾਭ ਵਾਸਤੇ ਹੀ ਇਹ ਵਰਕੇ ਲਿਖਣੇ ਸ਼ੁਰੂ ਕਰਦਾ ਹਾਂ ਜੋ ਦਾਸ ਦੇ ਜੀਵਨ ਅੰਤ ਪਿਛੋਂ ਪ੍ਰਕਾਸ਼ਤ ਹੋ ਕੇ ਕੰਮ ਆਵਨ।

੨੦ ਜੂਨ ੧੯੦੮]                    ਮੋਹਨ ਸਿੰਘ ਵੈਦ

---



Digitized by Panjab Digital Library | www.panjabdigilib.org

"ਆਪ ਜੀ ਦਾ ਜੀਵਨ ਸਾਦਾ ਅਤੇ ਗੁਰਸਿੱਖੀ ਰਹਿਤ ਵਾਲਾ ਸੀ। ਆਪਣੇ ਮਿੱਠੇ ਸੁਭਾ, ਅਤੇ ਰਸੀਲੀ ਬੋਲੀ, ਪਿਆਰ ਭਰੇ ਨਿਮ੍ਰਤਾ ਸਹਿਤ ਗੁਰਸਿੱਖੀ ਵਰਤਾਉ ਦਵਾਰਾ ਉਹ ਹਾਰੀ ਸਾਰੀ ਦਾ ਦਿਲ ਮੋਹ ਲੈਂਦੇ ਸਨ। ਪੰਥਕ ਸੇਵਾ ਲਈ ਆਪ ਦੇ ਮਨ ਵਿਚ ਸਦਾ ਉਤਸ਼ਾਹ ਠਾਠਾਂ ਮਾਰਦਾ ਰਹਿੰਦਾ ਸੀ। ਆਪ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਦੇ ਕਾਇਮ ਕਰਨ ਵਾਲਿਆਂ ਵਿਚੋਂ ਸਨ,ਅਤੇ ਇਸ ਸਕੂਲ ਦੀ ਸਕੱਤ੍ਰੀ ਦੀ ਸੇਵਾ ਬੜੀ ਯੋਗਤਾ ਅਰ ਸਫਲਤਾ ਨਾਲ ਨਿਬਾਹੁੰਦੇ ਰਹੇ। ਆਪਣੇ ਮਿੱਠੇ ਸੁਭਾ ਅਤੇ ਸ਼ਾਂਤੀ ਭਰੇ ਵਤੀਰੇ ਦਾ ਸਦਕਾ ਆਪ ਸਕੂਲ ਨੂੰ ਕਈਆਂ ਔਕੜਾਂ ਤੇ ਖਿਚੋਤਾਣਾਂ ਵਿਚੋਂ ਅਡੋਲ ਕੱਢ ਲੈਂਦੇ ਰਹੇ।

ਪੰਜਾਬੀ ਸਾਹਿੱਤ ਨਾਲ ਆਪ ਦਾ ਖਾਸ ਪ੍ਰੇਮ ਸੀ, ਨਾ ਕੇਵਲ ਆਪ ਨੇ ਆਪ ਹੀ ਬਹੁਤ ਸਾਰੀਆਂ ਪੁਸਤਕਾਂ ਰਚੀਆਂ ਸਗੋਂ ਹੋਰਨਾਂ ਨੂੰ ਭੀ ਇਜੇਹਾ ਕਰਨ ਲਈ ਉਤਸ਼ਾਹ ਦੇਂਦੇ ਰਹੇ। ਜਦ ਮਹਾਤਮਾ ਗਾਂਧੀ ਜੀ ਦੀ ਜੀਵਨ ਕਥਾ ਦਾ ਦਾਸ ਦਾ ਕੀਤਾ ਹੋਇਆ ਪੰਜਾਬੀ ਉਲਥਾ ਛਪਿਆ ਤਾਂ ਆਪ ਨੇ ੫੧) ਇਕਵੰਜਾ ਰੁਪਏ ਇਨਾਮ ਵਜੋਂ ਘੱਲੇ ਜਿਹੜੇ ਧੰਨਵਾਦ ਸਹਿਤ ਉਸ ਫੰਡ ਵਿਚ ਪਾਏ ਗਏ। ਹੋਰ ਭੀ ਜਦ ਕੋਈ ਕਿਤਾਬ ਦਾਸ ਵਲੋਂ ਛਪਦੀ ਰਹੀ ਆਪ ਜੀ ਸਦਾ ਹੀ ਅਸੀਸਾਂ ਅਤੇ ਉਤਸ਼ਾਹ ਜਨਕ ਸੁਨੇਹੇ ਘੱਲਦੇ ਰਹੇ।

ਜਿੱਥੇ ਆਪ ਨਾਲ ਗੱਲ ਬਾਤ ਕੀਤਿਆਂ, ਸਲਾਹ ਮਸ਼ਵਰਾ ਲਿਆਂ ਤਪਤ ਅਤੇ ਭੜਕੇ ਹੋਏ ਹਿਰਦਿਆਂ ਨੂੰ ਸ਼ਾਂਤੀ ਤੇ ਸੁਖ ਪ੍ਰਾਪਤ ਹੁੰਦੇ ਸਨ ਉਥੇ ਆਪ ਪਾਸ ਬੁਲ੍ਹ ਖੋਲ੍ਹਣ ਨਾਲ ਹੀ ਸਰੀਰ ਦੇ ਰੋਗ ਕੱਟਣ ਲਈ ਜਾਦੂ-ਅਸੰਰ ਔਖਧੀਆਂ ਮਿਲ ਜਾਂਦੀਆਂ ਸਨ। ਵੈਦ ਜੀ ਆਪਣੇ ਸ਼ਹਿਰ ਨਿਵਾਸੀਆਂ, ਵਾਕਫਾਂ, ਮਾਤਹਿਤਾਂ ਅਤੇ ਗ੍ਰੀਬਾਂ ਪਾਸੋਂ ਦਵਾਈ ਦੀ ਕੀਮਤ ਨਹੀਂ ਸਨ ਲਿਆ ਕਰਦੇ।

ਖੁਸ਼ੀ ਦੀ ਗੱਲ ਹੈ ਕਿ ਆਪ ਦੇ ਪਿੱਛੋਂ ਆਪ ਦੇ ਹੋਨਹਾਰ ਸਪੁੱਤ੍ਰ ਭਾਈ ਤ੍ਰਿਲੋਕ ਸਿੰਘ ਜੀ ਇਸ ਪਰਉਪਕਾਰ ਦੇ ਕੰਮ ਨੂੰ ਉਸੀ ਹੀ ਯੋਗਤਾ ਨਾਲ ਨਿਬਾਹ ਰਹੇ ਹਨ। ਇਨ੍ਹਾਂ ਨੂੰ ਮਿੱਠਾ ਸੁਭਾ, ਰਸੀਲੀ ਜ਼ਬਾਨ ਅਤੇ ਕੋਮਲ ਹਿਰਦਾ ਵਿਰਾਸਤ ਵਿਚ ਮਿਲਿਆ ਹੈ ਜਿਸ ਕਰਕੇ ਇਹ ਆਪਣੇ ਯੋਗ ਤੇ ਲਾਇਕ ਪਿਤਾ ਜੀ ਦੇ ਯੋਗ ਜਾ ਨਸ਼ੀਨ ਹਨ।"

(ਸ੍ਰ: ਕਰਤਾਰ ਸਿੰਘ ਜੀ ਐਮ. ਏ. ਅ: ਸਕੱਤ੍ਰ ਖਾਲਸਾ ਕਾਲਜ)



Digitized by Panjab Digital Library | www.panjabdigilib.org

# ੧੯੦੯

## ਜੇਹਾ ਬੀਜੇ ਸੋ ਲੁਣੈ

*"ਭਾਈ ਸਾਹਿਬ ਜੀ ਬੜੇ ਮਿਲਨਸਾਰ, ਮਿਠਬੋਲੇ ਤੇ ਪੰਥ ਸੇਵਾ ਕਰਨ ਵਾਲੇ ਸਨ।"*

[ਸ: ਰਘਬੀਰ ਸਿੰਘ ਜੀ ਸੰਧਾਵਾਲੀਏ, ਰਈਸ ਆਜ਼ਮ

ਪਰਲੋਕ ਬੈਕੁੰਠ ਤੇ ਮੁਕਤੀ ਆਦਿ ਦੀਆਂ ਮਨਘੜਤ ਕਥਾਵਾਂ ਛੱਡ ਕੇ ਜੇ ਇਸ ਸੰਸਾਰ ਲਈ ਸਵਾਲ ਕੀਤਾ ਜਾਵੇ ਕਿ "ਤੁਸੀਂ ਕੀ ਚਾਹੁੰਦੇ ਹੋ?" ਤਾਂ ਇੱਕ ਸਾਧਾਰਨ ਆਦਮੀ ਭੀ ਉੱਤਰ ਦੇਵੇਗਾ, "ਚੰਗੇ ਖਾਣ ਪਹਿਨਣ ਤੇ ਖਰਚਣ ਲਈ ਖੁਲ੍ਹੀ ਮਾਇਆ, ਘਰ, ਬਰਾਦਰੀ, ਸ਼ਹਿਰ, ਦੇਸ ਤੇ ਸੰਸਾਰ ਵਿੱਚ ਇਜ਼ਤ ਤੇ ਨਾਮਵਰੀ, ਦੁੱਖ ਕਸ਼ਟ ਵੇਲੇ ਲੋਕਾਂ ਦੀ ਹਮਦਰਦੀ ਤੇ ਸਹਾਇਤਾ ਆਦਿ।"

ਪਰ ਸਾਨੂੰ ਸਭ ਨੂੰ ਇਹ ਪ੍ਰਾਪਤ ਕਿਉਂ ਨਹੀਂ ਹੁੰਦੀਆਂ? ਇਸਦਾ ਉੱਤਰ ਇਹੀ ਹੈ ਕਿ ਸਾਡੀ ਦਸ਼ਾ 'ਬੀਜਹਿ ਬਿਖੁ ਮੰਗਹਿ ਅੰਮ੍ਰਿਤੁ' ਵਾਲੀ ਹੈ।

ਅਸੀਂ ਕੰਮ ਤਾਂ ਸੰਸਾਰ ਵਿੱਚ ਉਹ ਕਰਦੇ ਹਾਂ ਜਿਨ੍ਹਾਂ ਨਾਲ ਸਾਡਾ ਧਨ ਦੌਲਤ, ਇਜ਼ਤ ਅਬਰੋ, ਮਾਨ ਵਡਿਆਈ ਤੇ ਪਿਆਰ ਹਮਦਰਦੀ ਜਾਂਦੀ ਰਹੇ, ਤੇ ਚਾਹੁੰਦੇ ਹਾਂ, ਇਸਤੋਂ ਉਲਟ। ਅੱਕ ਧਤੂਰਾ ਬੀਜਕੇ ਕਦੇ ਭੀ ਕਿਨੇ ਅੰਬ ਅੰਗੂਰ ਨਹੀਂ ਤੋੜੇ। ਇਸੇ ਹੀ ਤਰ੍ਹਾਂ 'ਮੰਦੀ ਕੰਮੀ ਨਾਨਕਾ ਜਦ ਕਦ ਮੰਦਾ ਹੋਇ' ਪ੍ਰਸਿੱਧ ਤੇ ਅਟੱਲ ਨਿਯਮ ਹੈ।

ਜਵਾਨੀ ਚੜ੍ਹੀ, ਬਲ ਹੋਇਆ, ਅਸੀਂ ਬੁਰਾਈਆਂ ਤੇ ਲੋਕਾਂ ਨੂੰ ਦੁੱਖ



Digitized by Panjab Digital Library | www.panjabdigilib.org

ਦੇਣ ਵਿੱਚ ਜੁੱਟ ਗਏ। ਰੁਪਿਆ ਧਨ ਹੋਇਆ ਅਸੀਂ ਮੁਕੱਦਮੇ ਬਾਜ਼ੀਆਂ ਤੇ ਲੋਕਾਂ ਨੂੰ ਸਤਾਉਣ ਵਿੱਚ ਤੇ ਬਦਮਸਤੀਆਂ ਵਿੱਚ,ਅਹੰਕਾਰ ਵਿੱਚ ਗੁਆਉਣ ਲੱਗ ਪਏ। ਜੁਆਨੀ ਢਲੀ, ਰੁਪਿਆ ਪੈਸਾ ਘੱਟ ਹੋਇਆ। ਸਾਡੀਆਂ ਕੀਤੀਆਂ ਸਾਡੇ ਅੱਗੇ ਆਈਆਂ। ਜੁਆਨੀ ਦਾ ਬੀਜਿਆ ਬੁਢਾਪੇ ਵਿੱਚ ਵੱਢਣਾ ਪਿਆ। ਮਾੜੇ ਤਕੜੇ ਹੋ ਗਏ। ਉਨ੍ਹਾਂ ਦੇ ਜ਼ਖਮ ਚਿਸਕੇ, ਉਨ੍ਹੀ ਬਦਲੇ ਦੀ ਅੱਗ ਵਿੱਚ ਲਾਲ ਹੋਕੇ ਸਾਨੂੰ ਦੁੱਖ ਤੇ ਕਸ਼ਟ ਦੇਣੇ ਸ਼ੁਰੂ ਕੀਤੇ। ਕੀਤੇ ਐਬਾਂ* ਦਾ ਫਲ ਭਿਆਨਕ ਬੀਮਾਰੀਆਂ ਅੱਗੇ ਆ ਗਈਆਂ, ਸਰੀਰ ਨਿਕੰਮਾ ਹੋ ਗਿਆ, ਜੁਆਨੀ ਵਾਰੇ ਸਾਡੇ ਸਤਾਏ ਹੋਏ ਲੋਕ ਸਾਥੋਂ ਕੋਹਾਂ ਦੂਰ ਨੱਠਣ ਲੱਗੇ। ਅੰਤ ਅਸੀਂ ਬੁਰੇ ਹਾਲੀਂ ਬੇ ਯਾਰੋ ਮਦਦਗਾਰ ਨਿਰਧਨ ਕੰਗਾਲ ਹੋਕੇ ਰੋਂਦੇ ਕੁਰਲਾਉਂਦੇ ਇਸ ਸੰਸਾਰ ਤੋਂ ਤੁਰੇ। ਪਰ ਜਿਨ੍ਹਾਂ ਨੇ ਚੜ੍ਹਦੀ ਜੁਆਨੀ ਵਿੱਚ ਬਲ ਨੂੰ ਸੰਭਾਲਿਆ। ਅਹੰਕਾਰ ਨੂੰ ਸੇਵਾ ਨਿੰਮ੍ਰਤਾ ਤੇ ਹਲੀਮੀ ਵਿੱਚ ਬਦਲ ਲਿਆ। ਹੱਥ ਆਈ ਮਾਇਆ ਨੂੰ ਗਰੀਬਾਂ, ਮੁਹਤਾਜਾਂ, ਗੁਣੀਆਂ, ਹਾਜਤਮੰਦਾਂ, ਯੋਗ ਪੁਰਸ਼ਾਂ ਲਈ ਖਰਚਿਆ ਕਸ਼ਟ ਸਹਿਕੇ ਲੋਕਾਂ ਦੇ ਕਸ਼ਟ ਦੂਰ ਕੀਤੇ। ਭੁੱਖੇ ਰਹਿਕੇ ਲੋਕਾਂ ਨੂੰ ਰਜਾਇਆ। ਪੈਸਾ ਤਾਂ ਭਾਵੇਂ ਜਮਾ ਨਾ ਕੀਤਾ ਪਰ ਲੋਕਾਂ ਦੀ ਹਮਦਰਦੀ, ਮਾਨ ਤੇ ਇਜ਼ਤ ਦਾ ਧਨ ਇਕੱਠਾ ਕਰਕੇ ਸਨਮਾਨ ਦੇ ਖ਼ਜ਼ਾਨੇ ਭਰ ਲਏ। ਉਸ ਦੀ ਸੇਵਾ, ਸਚਾਈ ਤੇ ਉਪਕਾਰ ਨੇ ਲੋਕਾਂ ਦੇ ਦਿਲਾਂ ਵਿੱਚ ਘਰ ਕਰ ਲਿਆ। ਧੱਕੇ ਦੇ ਦੇ ਬਾਹਰ ਕੱਢੀ ਹੋਈ ਮਾਇਆ, ਗਰੀਬਾਂ, ਗੁਣੀਆਂ, ਮੁਹਤਾਜਾਂ, ਹਾਜਤਮੰਦਾਂ ਦੇ ਭਲੇ ਲਈ ਲੁਟਾਈ ਹੋਈ

---

*ਇੱਕ ਮਰ ਰਹੇ ਐਬੀ ਵੱਲ ਵੇਖਕੇ:--

ਕੀਤੇ ਐਬ ਤੇਰੇ, ਤੇਰੇ ਪੇਸ਼ ਆਏ, ਤੇਰੀ ਬਦੀ, ਤੇਰੇ ਲਈ ਅਫਾਤ ਹੋ ਗਈ।
ਤੇਰੇ ਪਾਪ ਦੇ ਪੁੰਜ ਬਣ ਘਟਾ ਕਾਲੀ,ਚਾਰੋਂ ਤਰਫ ਛਾ ਗਏ ਦਿਨੇ ਰਾਤ ਹੋ ਗਈ।
ਦੁਨਯਾ ਚੜ੍ਹੇ ਤਰੱਕੀ ਦੇ ਮਹਿਲ ਉੱਤੇ, ਤੇਰੀ ਮੁੱਕ ਗਈ ਖੇਲ ਪ੍ਰਭਾਤ ਹੋ ਗਈ।
'ਦੁਖੀ' ਕੇਹੀ ਕੁਲੱਛਣੀ ਚਾਲ ਚੱਲੀ,ਮੁਹਰੇ ਖੜੇ ਰਹਿ ਗਏ ਬਾਜ਼ੀ ਮਾਤ ਹੋ ਗਈ।



Digitized by Panjab Digital Library | www.panjabdigilib.org

ਮਾਇਆ, ਮੁੜ ਹਜ਼ਾਰ ਗੁਣਾਂ ਵਧ ਵਧ ਕੇ ਆਉਣ ਲੱਗੀ। ਨੇਕੀ ਦਾ ਬੀਜਿਆ ਹੋਇਆ ਇਕ ਇਕ ਦਾਣਾ ਕਈ ਗੁਣਾਂ ਹੋ ਹੋ ਫਲ ਦੇਣ ਲੱਗਾ। ਸੰਸਾਰ ਦਾ ਸੁਖ ਉਸ ਦੇ ਅੱਗੇ ਪਿਛੇ ਫਿਰਨ ਲੱਗਾ। ਸਨਮਾਨ ਤੇ ਇਜ਼ਤ ਉਸ ਨੂੰ ਘੇਰ ਖਲੋਤੀ। ਉਸਦੀ ਪ੍ਰਸਿੱਧਤਾ ਸਚਾਈ ਤੇ ਨੇਕੀ ਦਾ ਸਿੱਕਾ ਲੋਕਾਂ ਦੇ ਦਿਲਾਂ ਉਪਰ ਬੈਠ ਗਿਆ ਤੇ ਉੱਪਰ ਵਰਣਨ ਕੀਤੇ ਹੋਏ ਸਾਰੇ ਸੁਖ ਉਸ ਨੂੰ ਪ੍ਰਾਪਤ ਹੋ ਗਏ। ਹੋਰ ਲਓ:-

ਨਾਦਾਨ ਤੇ ਦਾਨੇ ਵਿੱਚ ਕੀ ਫਰਕ ਹੈ? ਨਾਦਾਨ ਹਮੇਸ਼ਾਂ ਮੁਢ ਸੋਚਦਾ ਹੈ, ਤੇ ਦਾਨਾ ਅੰਤ। ਨਾਦਾਨ ਬੱਚੇ ਨੂੰ ਘਰੋਂ ਪੈਸਾ ਦਿਓ ਉਹ ਝਟ ਹੱਟੀ ਜਾ ਕੇ ਪਕੌੜੇ ਜਾਂ ਕੋਈ ਮਿੱਠੀ ਚੀਜ਼ ਲੈ ਕੇ ਖਾਵੇਗਾ, ਜਿਸਦਾ ਫਲ ਮੌਸਮ ਬਦਲਦਿਆਂ ਉਸ ਦੇ ਸਰੀਰ ਵਿੱਚ ਫੋੜੇ ਫਿਨਸੀਆਂ ਤੇ ਹੋਰ ਕਈ ਰੋਗ ਉਤਪਨ ਹੋਣਗੇ। ਪਰ ਜੇ ਕਿਸੇ ਬ੍ਰਿਧ ਪਾਸ ਜਾ ਕੇ 'ਬਾਬਾ' ਕੁਛ ਦੇਹ' ਆਖ ਕੇ ਖਾਣ ਨੂੰ ਮੰਗੋ ਤਾਂ ਉਹ ਕੋਈ ਹਰੜਾਂ ਦਾ ਚੂਰਨ ਜਾਂ ਅਜੇਹੀ ਹ ਚੀਜ਼ ਦੇਵੇਗਾ। ਜੇ ਸਰਦਾਈ ਭੀ ਘੋਟ ਕੇ ਦੇਊ ਤਾਂ ਉਸ ਵਿੱਚ ਭੀ ਨਿੰਮ ਹੋਊ। ਜਿਸ ਨੂੰ ਖਾ ਜਾਂ ਪੀ ਕੇ ਬੱਚੇ ਥੂ ਥੂ ਕਰਦੇ ਤੇ ਬ੍ਰਿਧ ਨੂੰ ਬੁਰਾ ਆਖਦੇ ਨੱਕ ਚੜ੍ਹਾਉਂਦੇ ਚਲੇ ਜਾਣਗੇ, ਪਰ ਉਸ ਚੂਰਨ ਜਾਂ ਨਿੰਮ ਪੀਤੀ ਦਾ ਫਲ ਕੀ ਹੋਊ? ਹਾਜ਼ਮਾ ਠੀਕ ਤੇ ਫੋੜੇ ਫਿਨਸੀ ਤੋਂ ਸਰੀਰ ਅਰੋਗ। ਇਹੀ ਹਾਲ ਇਸ ਅਸਾਰ ਸੰਸਾਰ ਵਿਚ ਸਾਡੀ ਜੀਵਣ ਯਾਤਰਾ ਦਾ ਹੈ। ਇਸ ਕਰਮ ਭੂਮੀ ਸੰਸਾਰ ਵਿੱਚ 'ਜੇਹਾ ਬੀਜੇ ਸੋ ਲੁਣੈ' ਦਾ ਮਸਲਾ ਅਟੱਲ ਕੰਮ ਕਰ ਰਿਹਾ ਹੈ। ਨਾਦਾਨ ਹੋ ਕੇ, ਹੈਂਕੜ ਤੇ ਬਦੀ ਦਾ ਕੰਮ ਕਰੋਗੇ ਤਾਂ ਫਲ ਦੁਖ, ਅਤੇ ਦਾਨੇ ਬਣ ਕੇ ਹਲੀਮੀ ਸੇਵਾ ਅਤੇ ਨੇਕੀ ਬੀਜੋਗੇ ਤਾਂ ਫਲ 'ਹਮਦਰਦੀ ਸੁਖ ਤੇ ਭਲਾਈ ਪਾਵੋਗੇ।

ਸਾਡੀ ਇਸ ਜੀਵਨ ਕਥਾ ਦੇ ਹੀਰੋ ਭਾਈ ਮੋਹਨ ਸਿੰਘ ਜੀ ਨੂੰ ਇਕ ਤਾਂ ਕੁਦਰਤੋਂ ਹੀ ਦਾਨ, ਸੇਵਾ ਹਮਦਰਦੀ ਤੇ ਖੁਲ-ਦਿਲੀ ਦੀ ਦਾਤ ਮਿਲੀ ਹੋਈ ਸੀ, ਦੂਜੇ ਬਜ਼ੁਰਗਾਂ ਦੀ ਸੁਹਬਤ ਤੇ ਕੁਲ ਦੀ ਪ੍ਰਪਾਟੀ ਦਾ ਅਸਰ। ਸੁਰਤਿ ਸੰਭਾਲਦਿਆਂ ਹੀ ਆਪ ਸੇਵਾ, ਦਯਾ, ਦਾਨ,ਹਮਦਰਦੀ ਤੇ



Digitized by Panjab Digital Library | www.panjabdigilib.org

ਸੰਸਾਰ-ਪਿਆਰ ਦੇ ਕੰਮਾਂ ਵਿੱਚ ਜੁੱਟ ਗਏ। ਅਜੇਹੇ ਵਿਤੋਂ ਵਧ ਕੇ ਜੁੱਟੇ ਕਿ ਸਰੀਰ ਦੀ ਭੀ ਪ੍ਰਵਾਹ ਨਾ ਕੀਤੀ। ਨਾ ਦਿਨ ਦੇਖਿਆ ਨਾ ਰਾਤ, ਕੰਮ ਚਲਦਾ ਸੀ, ਦਸ ਰੁਪਏ ਆਏ ਤਾਂ ਆਪ ਨੇ ਵੀਹ ਖਰਚੇ। ਪਰ ਖਰਚੇ ਲੋੜਵੰਦਾਂ ਲਈ, ਨੇਕੀ ਦੇ ਰਾਹ ਉੱਤੇ, ਭਲਾਈ ਕਰਨ ਦੇ ਖਿਆਲ ਨਾਲ। ਵੈਦ ਜੀ ਲੈਣਾ ਨਹੀ, ਦੇਣਾ ਹੀ ਜਾਣਦੇ ਸਨ। ਦੇਈ ਹੀ ਗਏ ਤੇ ਖੂਬ ਦੇਈ ਗਏ। ਇਸ ਦੇਣ ਵਿੱਚ,ਇਸ ਸੇਵਾ ਵਿੱਚ,ਕਈ ਵਾਰ ਵੈਦ ਜੀ ਉਕਤਾ ਭੀ ਜਾਂਦੇ ਪਰ ਕੇਵਲ ਛਿਨ ਮਾਤ੍ਰ ਲਈ, ਤੇ ਫੇਰ ਇਹੀ ਪ੍ਰਾਰਥਨਾ ਕਰਦੇ "ਵਾਹਿਗੁਰੂ ਇਹ ਕਾਰ ਨਿਭਾਈ ਹੀ ਚਲੇ" ਦੂਰ ਦੁਰਾਡੇ ਦੇਸ਼ ਦੇਸ਼ਾਂਤਰਾਂ ਤੱਕ ਵੈਦ ਜੀ ਦੀ ਸੇਵਾ ਪਿਆਰ ਤੇ ਹਮਦਰਦੀ ਦੀ ਚਰਚਾ ਹੋਣ ਲੱਗੀ। ਵੈਦਕ ਵਿੱਚ ਨਿਪੁੰਨ ਸਨ ਹੀ। ਜੇ ਇੱਕ ਨੂੰ ਵੈਦ ਜੀ ਨੇ ਰਾਜ਼ੀ ਕਰਕੇ, ਨਾਲ ਪਿਆਰ ਹਮਦਰਦੀ ਤੇ ਕਈ ਵਾਰ ਮਾਇਆ ਦੀ ਮਦਦ ਦੇ ਕੇ ਭੀ ਤੋਰਿਆ ਤਾਂ ਉਸ ਨੇ ਘਰ, ਗਲੀ, ਮਹੱਲੇ, ਪਿੰਡ, ਸੱਜਣਾ ਮਿਤ੍ਰਾਂ ਵਿੱਚ ਆਪ ਬੀਤੀ ਦਾ ਜ਼ਿਕਰ ਕਰਕੇ ਵੈਦ ਜੀ ਦੀ ਉਪਮਾ ਕੀਤੀ। ਵੈਦ ਜੀ ਦੀ ਵਿੱਦ੍ਵਤਾ, ਸਚਾਈ, ਭਲਾਈ, ਹਿਕਮਤ, ਸੇਵਾ ਹਮਦਰਦੀ ਪਿਆਰ ਤੇ ਦਾਨ ਦੇਣ ਦੀ ਚਰਚਾ ਚੌਂਕੁੰਟੀ ਹੋਣ ਲੱਗੀ। ਦੂਰ ਦੂਰ ਤੋਂ ਲੋੜਵੰਦ ਰੋਗ ਗ੍ਰਸਤ ਲੋਕੀਂ ਆਪ ਪਾਸ ਪੁੱਜਣ ਲੱਗੇ।

## ਜੀਵਣ ਆਦਰਸ਼

ਵਿਵਹਾਰ ਤੇ ਵਪਾਰ ਵਿੱਚ ਵੈਦ ਜੀ ਦਾ ਆਦਰਸ਼ ਸੀ ਸੱਚ ਬੋਲਣਾ, ਥੋੜਾ ਨਫਾ ਤੇ ਬਹੁਤੀ ਬਿੱਕਰੀ। ਪਿਆਰ ਹਮਦਰਦੀ ਤੇ ਸੇਵਾ ਦਾਨ ਤਾਂ ਭਲਾ ਸੀ ਹੀ। ਹੁਣ ਪਾਸਾ ਪਲਟਿਆ, ਘਾਟਾ ਨਫੇ ਵਿੱਚ ਬਦਲ ਗਿਆ, ਤੇ ਵੈਦ ਜੀ ਦੀ ਤੰਗੀ ਦੂਰ ਹੋਣ ਲੱਗੀ। ਕਾਰੋਬਾਰ ਚਮਕ ਉੱਠਿਆ ਤੇ ੧੯੦੮ ਵਿੱਚ ਵੈਦ ਜੀ ਨੂੰ ਅੱਛਾ ਲਾਭ ਰਿਹਾ ਤੇ ਅੱਗੋਂ ਲਈ ਦਿਨ ਦੂਣੀ ਤੇ ਰਾਤ ਚੌਗਣੀ ਉਨਤੀ ਕਰਦੇ ਵਧਦੇ ਹੀ ਗਏ। ਮਾਇਆ ਦੀ ਆਮਦ ਦੇਖ ਕੇ ਵੈਦ ਜੀ ਨੇ ਭੀ ਹੱਥ ਹੋਰ ਖੁਲ੍ਹਾ ਕੀਤਾ। ਸਤ ਕਰਮ



Digitized by Panjab Digital Library | www.panjabdigilib.org

ਲਈ, ਨੇਕੀ ਲਈ, ਪਰਉਪਕਾਰ ਲਈ ਤੇ ਸੇਵਾ ਲਈ ਹੋਰ ਭੀ ਵਧ ਚੜ੍ਹ ਕੇ ਖਰਚ ਕਰਨ ਲੱਗੇ। × × × ×

ਗੁਰਦੁਆਰਿਆਂ ਦੀ ਭੈੜੀ ਦਸ਼ਾ ਦਾ ਹਾਲ ਅਸੀਂ ਪਿੱਛੇ ਦਸ ਆਏ ਹਾਂ ਤੇ ਇਹ ਭੀ ਦੱਸਿਆ ਗਿਆ ਹੈ, ਕਿ ਵੈਦ ਜੀ ਨੇ ਕਿਸਤਰ੍ਹਾਂ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਸਰਬਰਾਹ ਨੂੰ ਖਬਰਦਾਰ ਕੀਤਾ ਤੇ ਸਰਕਾਰ ਨੂੰ ਹੋਸ਼ਿਆਰ ਕੀਤਾ। ਅਜ ਅਸੀਂ ਸ੍ਰੀ ਤਰਨ ਤਾਰਨ ਦਰਬਾਰ ਸਾਹਿਬ ਵਿੱਚ ਵਾਪਰੀ ਇਕ ਅਤੀ ਦੁਖਦਾਈ ਘਟਨਾ ਦਾ ਜ਼ਿਕਰ ਕਰਦੇ ਹਾਂ।

ਅਨੇਕ ਯਾਤਰੀਆਂ ਨਾਲ ਮਾਲਵੇ ਦੇ ਕੁਛ ਪ੍ਰੇਮੀ ਸਜਣ ਭੀ ਸਨਟੱਬਰੇ ਦਰਬਾਰ ਸਾਹਿਬ ਦੀ ਯਾਤ੍ਰਾ ਲਈ ਆਏ। ਉਸਦੀ ਸਿੰਘਣੀ ਨੂੰ ਗ੍ਰੰਥੀਆਂ ਨੇ ਜ਼ੋਰੋ ਜ਼ੋਰੀ ਲੁਕਾ ਲਿਆ। ਉਸ ਨੇ ਬਥੇਰੀ ਬਾਹੁੜੀ ਫਰਯਾਦ ਕੀਤੀ ਪਰ ਤਰਨ ਤਾਰਨ ਵਿੱਚ ਪੁਜਾਰੀਆਂ ਤੇ ਗ੍ਰੰਥੀਆਂ ਦੇ ਸਾਥੀਆਂ ਦਾ ਜ਼ੋਰ ਹੋਣ ਕਰਕੇ ਕਿਨੇ ਸੁਣਾਈ ਨਾ ਕੀਤੀ। ਨਾਲੇ ਬਦਮਾਸ਼ਾਂ ਤੋਂ ਡਰਦਾ ਕੌਣ ਭਲਾ ਮਾਨਸ ਕਿਸੇ ਦੀ ਮਦਦ ਕਰਨ ਦੀ ਜੁਰਅਤ ਕਰੇ? ਆਖਰ ਓਸ ਵਿਚਾਰੇ ਨੇ ਸਰਕਾਰੀ ਅਦਾਲਤ ਦਾ ਦਰਵਾਜ਼ਾ ਖੜਕਾਇਆ। ਮੁਲਜ਼ਮ ਗ੍ਰਿਫਤਾਰ ਕੀਤੇ ਗਏ। ਜ਼ਮਾਨਤਾਂ ਹੋ ਗਈਆਂ ਤੇ ਮੁਕੱਦਮਾ ਅਦਾ-ਲਤ ਵਿੱਚ ਚਲਾ ਗਿਆ। ਜਦ ਇਸ ਗੱਲ ਦੀ ਖਬਰ ਵੈਦ ਜੀ ਨੂੰ ਲੱਗੀ ਕਿ ਇਹ ਬੁਰੀ ਘਟਨਾ ਹੋਈ ਹੈ, ਤਦ ਆਪ ਹਰ ਤਰ੍ਹਾਂ ਇਸ ਨੂੰ ਸੁਲਝਾਉਣ ਦੇ ਪ੍ਰਬੰਧ ਵਿੱਚ ਜੁੱਟ ਗਏ, ਪਰ ਪੁਜਾਰੀ ਗ੍ਰੰਥੀ ਤਾਂ ਅੱਗੇ ਹੀ ਵੈਦ ਜੀ ਦੇ ਸਤ-ਕਰਮਾਂ ਤੋਂ ਦੁਖੇ ਪਏ ਸਨ, ਉਨ੍ਹੀ ਇੱਕ ਨਾ ਸੁਣੀ ਸਗੋਂ ਵੈਦ ਜੀ ਨੂੰ ਭੀ ਚਾਰ ਵੱਧ ਘੱਟ ਸੁਣਾਈਆਂ। ਲਾਚਾਰ ਮੁਕੱਦਮਾ ਅਦਾਲਤ ਵਿੱਚ ਗਿਆ। ਵੈਦ ਜੀ ਨੇ ਉਨ੍ਹਾਂ ਪਰਦੇਸੀਆਂ ਦੀ ਮਦਦ ਲਈ ਇੱਕ ਮਿੱਤ੍ਰ ਵਕੀਲ ਮੁਫ਼ਤ ਕਰ ਦਿੱਤਾ।ਇਸ ਸਾਰੀ ਘਟਨਾਂ ਬਾਰੇ ਵੈਦ ਜੀ ੨੦ ਜਨਵਰੀ ੧੯੦੯ ਦੀ ਡਾਇਰੀ ਵਿੱਚ ਇਸਤਰ੍ਹਾਂ ਨੋਟ ਲਿਖਦੇ ਹਨ।

"ਭਾਈ......ਸਿੰਘ ਜੀ ਦੇ ਲੜਕਿਆਂ (ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਨੇ ਜਿਨ੍ਹਾਂ ਮਲਵਈਆਂ ਦੀ ਔਰਤ ਲੁਕਾਈ ਹੋਈ ਹੈ, ਮੁਕੱਦਮਾ ਦਾਇਰ ਹੋ.



Digitized by Panjab Digital Library | www.panjabdigilib.org

ਗਿਆ, ਓਨ੍ਹਾਂ ਗਰੀਬਾਂ ਵਾਸਤੇ ਬਾਬੂ ਕ੍ਰਿਪਾ ਰਾਮ ਜੀ ਵਕੀਲ ਨੂੰ ਮੁਫ਼ਤ ਮਦਦ ਕਰਨ ਨੂੰ ਕਿਹਾ, ਸੋ ਉਨ੍ਹਾਂ ਮਨਜ਼ੂਰ ਕਰ ਲੀਤਾ।"

ਇਸੇ ਘਟਨਾ ਬਾਰੇ ਆਪ 'ਦੁਖ ਨਿਵਾਰਨ' ਪੱਤ੍ਰ ੧੯੦੯ ਦੇ ੫੧ ਤੋਂ ੫੫ ਸਫੇ ਤੱਕ 'ਘੋਰ ਕਲਜੁਗ' ਦੀ ਸੁਰਖੀ ਹੇਠ ਇੱਕ ਲੰਮਾ ਪੁਰ ਦਰਦ ਤੇ ਕੰਨ ਖੜੇ ਕਰ ਦੇਣ ਵਾਲਾ ਲੇਖ ਲਿਖਦੇ ਹਨ, ਜਿਸ ਵਿੱਚ ਸਰਬਰਾਹ ਸਾਹਿਬ ਨੂੰ ਸੰਬੋਧਨ ਕਰਕੇ ਲਿਖਦੇ ਹੋਏ ਬੁਰੀ ਤਰ੍ਹਾਂ ਝੰਝੋੜਦੇ ਹਨ।

ਏਥੇ ਇਹ ਗੱਲ ਦੱਸ ਦੇਣੀ ਭੀ ਅਯੋਗ ਨਾ ਹੋਵੇਗੀ ਕਿ ਇਹ ਪੁਜਾਰੀ ਤੇ ਗ੍ਰੰਥੀ ਬਹੁਤ ਸਾਰੇ ਵੈਦ ਜੀ ਦੇ ਮੇਲੀ ਤੇ ਗੁਆਂਢੀ ਸਨ, ਪਰ ਸੱਚਾਈ, ਧਰਮ ਤੇ ਇਨਸਾਫ ਨੂੰ ਮੁੱਖ ਰੱਖ ਕੇ ਵੈਦ ਜੀ ਨੇ ਪਰਮਾਤਮਾਂ ਤੋਂ ਬਿਨਾ ਕਿਸੇ ਦੀ ਭੀ ਕਦੇ ਪ੍ਰਵਾਹ ਨਾ ਕੀਤੀ। ਸੱਚ ਇਨਸਾਫ ਤੇ ਮਜ਼ਲੂਮ ਦੀ ਮਦਦ ਲਈ ਸਦਾ ਰੱਬ ਆਸਰੇ ਬੇਖੌਫ ਡਟ ਗਏ। ਇਸੇ ਕਰਕੇ ਹੀ ਪੁਜਾਰੀ ਗ੍ਰੰਥੀ ਤੇ ਹੋਰ ਕੁਸੱਤ ਬਾਦੀ ਆਪ ਦੇ ਵਿਰੋਧੀ ਬਣੇ ਹੋਏ ਸਨ।

ਹਾਂ! ਇਸ ਲੇਖ ਵਿੱਚ ਆਪ ਲਿਖਦੇ ਹਨ:-

"ਸਰਦਾਰ ਅਰੂੜ ਸਿੰਘ ਜੀ ਸਰਬਰਾਹ ਸ੍ਰੀ ਦਰਬਾਰ ਸਾਹਿਬ ਜੀ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਬੁਰਾਈਆਂ ਦਾ ਪ੍ਰਬੰਧ ਕਰਨਾ ਤੇ ਖਰਾਬੀਆਂ ਦਾ ਦੂਰ ਕਰਨਾ ਆਪ ਦਾ ਫਰਜ਼ ਹੈ। ਇਹ ਸਰਬਰਾਹੀ ਸਦਾ ਨਹੀਂ ਰਹੇਗੀ ਕੇਵਲ ਇਹ ਸਮਾਂ ਯਾਦ ਰਹਿ ਜਾਵੇਗਾ।"

ਅੱਗੇ ਆਪ ਨੂੰ ਸਨਮੁੱਖ ਸੰਬੋਧਨ ਕਰਕੇ ਲਿਖਦੇ ਹਨ:-

"ਸਰਬਰਾਹ ਸਾਹਿਬ ਜੀ! ਕੀ ਆਪ ਨੂੰ ਪਤਾ ਨਹੀਂ ਕਿ ਅੱਜ ਕੱਲ ਸ੍ਰੀ ਤਰਨ ਤਾਰਨ ਜੀ ਦੇ ਕੁਝ ਗ੍ਰੰਥੀ ਪੁਜਾਰੀਆਂ ਵੱਲੋਂ ਸ਼ਰਮਨਾਕ ਤੇ ਭਯਾਨਕ ਕਾਰੇ ਹੋ ਰਹੇ ਹਨ? ਜੋ ਬਾਕੀ ਭਲਿਆਂ ਸੇਵਾਦਾਰਾਂ ਨੂੰ ਕਲੰਕਤ ਕਰਦੇ ਹੋਏ ਸਰਬਰਾਹੀ ਦੇ ਸਮੇਂ ਦੀ ਯਾਦ ਵਾਸਤੇ ਭੀ ਯੋਗ ਨਹੀਂ ਹਨ। ਇਸ ਸਾਧੂ ਸੁਭਾਵ ਰਹਿਣ ਦਾ ਕੀ ਕਾਰਨ ਹੈ? ਕੀ ਪ੍ਰਬੰਧ ਸੰਭਾਲਕੇ ਪ੍ਰਬੰਧ ਕਰਨਾ ਆਪ ਦਾ ਫਰਜ਼ ਨਹੀਂ? ਜਾਂ ਆਪ ਕਰ ਨਹੀਂ ਸਕਦੇ? ਕੀ



Digitized by Panjab Digital Library | www.panjabdigilib.org

ਆਪ ਨੇ ਸ੍ਰੀ ਦਰਬਾਰ ਸਾਹਿਬ ਦਾ ਦਸਤੂਰੁਲ ਅਮਲ ਕਦੇ ਦੇਖਿਆ ਨਹੀਂ ? ਕੀ ਆਪ ਨੂੰ ਆਪਣੇ ਅਧਿਕਾਰਾਂ ਦੀ ਖ਼ਬਰ ਨਹੀਂ ? ਆਦਿ"

ਅੱਗੇ ਘਟਨਾ ਸੰਬੰਧੀ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ:--

"ਕ੍ਰਿਪਾ ਨਿਧਾਨ ! ਕੀ ਆਪ ਨੂੰ ਪਤਾ ਨਹੀਂ ਜੋ ਅੱਜ ਕੱਲ ਇਕ ਪਰਦੇਸੀ ਵੱਲੋਂ ਏਥੇ ਦੇ ਗ੍ਰੰਥੀ ਸਿੰਘ ਤੇ ਸਣੇ ਆਪ ਦੇ ਤਿੰਨਾਂ ਪੁੱਤ੍ਰਾਂ, ਉਤੇ ਉਸ ਪਰਦੇਸੀ ਦੀ ਔਰਤ ਕੱਢ ਕੇ ਲੁਕਾ ਰੱਖਣ ਦੇ ਇਲਜ਼ਾਮ ਵਿੱਚ ਅਦਾਲਤ ਵਿੱਚ ਨਾਲਸ਼ ਹੋਈ ਹੋਈ ਹੈ ? ਅਤੇ ਤਿੰਨਾਂ ਗੁਰਦੁਆਰੀਆਂ ਦੀਆਂ ਜ਼ਮਾਨਤਾਂ ਹੋਈਆਂ ੨ ਹਨ । ਕੀ ਆਪਨੂੰ ਪਤਾ ਨਹੀਂ ਜੋ ਰੋਜ਼ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਕੀ ਕੀ ਕਾਰੇ ਹੁੰਦੇ ਹਨ ? ਕੀ ਆਪ ਨੂੰ ੧੩ ਫਰਵਰੀ ਦੀ ਘਟਨਾ ਦਾ ਪਤਾ ਨਹੀਂ ਲੱਗਾ ? ਕਿ ਸਰੇ ਬਾਜ਼ਾਰ ਇੱਕ ਯੋਗ ਸਮਝੌਤੀ ਦੇ ਉਤ੍ਰ ਵਿੱਚ ਇੱਕ ਗ੍ਰੰਥੀ ਦੇ ਪੁਤ੍ਰ ਨੇ ਕਿਹਾ:--

"ਜੋ ਔਰਤਾਂ ਸ੍ਰੀ ਦਰਬਾਰ ਸਾਹਿਬ ਔਣਗੀਆਂ ਅਸੀਂ ਬੇ ਪੱਤ ਕਰਾਂਗੇ ਅਤੇ............ਗੇ । ਜਿਨ੍ਹਾਂ ਨੂੰ ਲੋੜ ਹੈ, ਦਰਬਾਰ ਔਰਤਾਂ ਭੇਜਣ ਜਿਨ੍ਹਾਂ ਨੂੰ ਸ਼ਰਮ ਹੈ ਨਾ ਭੇਜਣ, ਆਦਿਕ ।"

ਇਸਤੇ ਸ਼ਹਿਰ ਵਿੱਚ ਜੋਸ਼ ਫੈਲ ਗਿਆ ਤੇ ਫਸਾਦ ਦਾ ਖਤਰਾ ਪੈਦਾ ਹੋ ਗਿਆ । ਭਲਾ ਹੋਵੇ, ਲਾਲਾ ਲਾਲ ਚੰਦ ਸਾਹਿਬ ਤਹਿਸੀਲਦਾਰ ਦਾ, ਜਿਨ੍ਹੀ ਸ਼ਹਿਰਦਾਰਾਂ ਨੂੰ ਧੀਰਜ ਧਰਾਈ ਤੇ ਯੋਗ ਪ੍ਰਬੰਧ ਕਰਨ ਦਾ ਹੌਸਲਾ ਦੇਕੇ ਸ਼ਾਂਤੀ ਵਰਤਾਈ । ਸ੍ਰੀ ਮਾਨ ਜੀ! 'ਲੋਕਾਂ ਦੀਆਂ ਦੁਕਾਨਾਂ ਦੀ ਤਰ੍ਹਾਂ ਇਹ ਦਰਬਾਰ ਸਾਹਿਬ ਸਾਡੀ ਦੁਕਾਨ ਹੈ' ਕਹਿਣਾ ਤਾਂ ਇਨ੍ਹਾਂ(ਗ੍ਰੰਥੀ ਪੁਜਾਰੀਆਂ) ਦਾ ਤਕੀਆ ਕਲਾਮ ਹੀ ਬਣਿਆ ਹੋਇਆ ਹੈ । ਕੀ ਆਪ ਨੂੰ ਸ਼ਹਿਰ ਵੱਲੋਂ ਬਣੇ ਰੈਜ਼ੋਲਯੂਸ਼ਨ ਦਾ ਪਤਾ ਨਹੀਂ ਮਿਲਿਆ ?

ਸਰਬਰਾਹ ਸਾਹਿਬ ਜੀ ! ਸਭ ਦੀਆਂ ਧੀਆਂ ਭੈਣਾਂ ਆਪਣੀਆਂ ਧੀਆਂ ਭੈਣਾਂ ਦੇ ਬਰਾਬਰ ਹਨ, ਪਰ ਏਥੇ ਜੋ ਜੋ ਕਾਰੇ ਹੋ ਰਹੇ ਹਨ ਪ੍ਰਗਟ ਕਰਦਿਆਂ ਭੀ ਲੱਜਾ ਆਉਂਦੀ ਹੈ ।" ਆਦਿਕ ।

ਪਿਛੋਂ ਸ਼ਹਿਰਦਾਰਾਂ ਦੇ ਇਕ ਪਾਸੇ ਹੋ ਜਾਣ ਤੇ ਇਨ੍ਹਾਂ ਪੁਜਾਰੀ



Digitized by Panjab Digital Library | www.panjabdigilib.org

ਗੁੰਥੀਆਂ ਨੂੰ ਹੋਸ਼ ਆ ਗਈ, ਤੇ ਸਵੇਰ ਦਾ ਭੁਲਾ ਸ਼ਾਮ ਨੂੰ ਘਰ ਆਉਣ ਵਾਲੀ ਗੱਲ ਹੋ ਗਈ। ਸਾਰੇ ਸ਼ਹਿਰ ਨੂੰ ਇਕੱਠਾ ਕਰਕੇ ਉਨੀਂ ਗਿੜ ਗੜਾ ਕੇ ਮੁਆਫੀ ਮੰਗੀ ਤੇ ਅੱਗੋਂ ਨੂੰ ਕੰਨੀਂ ਹੱਥ ਲਾਏ। ਮੁਕੱਦਮਾਂ ਡਿਪਟੀ ਕਮਿਸ਼ਨਰ ਪਾਸ ਜਾ ਚੁੱਕਾ ਸੀ। ਸ਼ਹਿਰਦਾਰਾਂ ਨੇ ਤਹਿਸੀਲਦਾਰ ਪਾਸ ਰਾਜ਼ੀ ਨਾਮੇ ਲਈ ਕਿਹਾ, ਤਹਿਸੀਲਦਾਰ ਰਾਹੀਂ ਡਿਪਟੀ ਕਮਿਸ਼ਨਰ ਨੂੰ ਖਬਰ ਦਿਤੀ ਗਈ। ਡਿਪਟੀ ਕਮਿਸ਼ਨਰ ਆਪ ਤਰਨ ਤਾਰਨ ਆਇਆ ਸ਼ਹਿਰ ਨੂੰ ਇਕੱਠਾ ਕਰਕੇ ਅਪ੍ਰਾਧੀਆਂ ਨੂੰ ਤਾੜਨਾ ਕੀਤੀ ਤੇ ਜੁਰਮਾਨੇ ਦੇ ਤੌਰ ਬਰਾਦਰੀ ਨੇ ਡੰਨ ਲਾ ਕੇ ਮੁਆਮਲਾ ਰਫਾ ਦਫਾ ਕਰ ਦਿਤਾ।

ਡਾਇਰੀ ਨੋਟਾਂ ਤੋਂ ਪਤਾ ਲਗਦਾ ਹੈ ਕਿ ੧ ਮਾਰਚ ੧੯੦੯ ਨੂੰ 'ਭਾਣਾ ਵਰਤ ਗਿਆ' ਤੇ 'ਕੰਡੇ ਦੀ ਪੀੜ' ਦੋ ਹੈਂਡ ਬਿਲ ਲਿਖ ਕੇ, ਹੈਂਡ ਬਿਲ ਕਮੇਟੀ ਨੂੰ ਭੇਜੇ।

੩ ਮਾਰਚ ੧੯੦੯ 'ਅਯੋਗ ਪਤੀ ਦਾ ਦੁੱਖ' ਤੇ 'ਪਿਆਰੀ ਧੀ ਦੀ ਫਰਯਾਦ' ਦੋ ਲੇਖ ਲਿਖੇ।

੫, ੬, ੭, ਮਾਰਚ ੧੯੦੯ ਨੂੰ ਭੁਜੰਗਣ ਦੀਵਾਨ ਕੈਰੋਂ ਦਾ ਤੀਜਾ ਸਾਲਾਨਾ ਦੀਵਾਨ ਹੋਇਆ। ਜਿਸ ਵਿੱਚ ਪੰਜਾਬ ਭਰ ਵਿੱਚੋਂ ਵਿਦਿਆ ਹਿਤੈਸ਼ੀ ਬੀਬੀਆਂ ਤੇ ਚੋਣਵੇਂ ਸਿਖ ਵਿਦਯਕ ਖਿਆਲੀਏ ਪੁਜੇ। ਵੈਦ ਜੀ ਨੂੰ ਜ਼ਰੂਰੀ ਸਦਾ 'ਪੁੱਜਣ ਲਈ' ਪਹਿਲਾਂ ਹੀ ਪਹੁੰਚ ਚੁੱਕਾ ਸੀ। ਆਪ ਭੀ ਸਮੇਂ ਸਿਰ ਪੁੱਜੇ, ਪਰ ਜਿਵੇਂ ਆਪ ਦਾ ਸੁਭਾਵ ਸੀ ਆਉਂਦੇ ਹੋਏ ਨਾਲ ਫੀਰੋਜ਼ ਪੁਰ ਵਿਦਯਾਲੇ ਦੀਆਂ ਬੀਬੀਆਂ ਦਾ ਜੱਥਾ—ਜੋ ਭਾਈ ਤਖਤ ਸਿੰਘ ਜੀ ਦੀ ਸਰਪਰੱਸਤੀ ਹੇਠ ਵਿਦਿਆ ਪ੍ਰਾਪਤ ਕਰ ਰਹੀਆਂ ਸਨ—ਨਾਲ ਲੈ ਆਏ। ਤਰਨ ਤਾਰਨ ਠਹਿਰਾਇਆ। ਯਥਾ ਯੋਗ ਸੇਵਾ ਕੀਤੀ। ਵਿਦਿਆ ਦੇ ਵੈਰੀਆਂ ਵਲੋਂ ਵਿਰੋਧਤਾ ਦੇ ਹੁੰਦਿਆਂ ਭੀ ਦੀਵਾਨ ਸਜਾ ਕੇ ਪ੍ਰਚਾਰ ਕਰਵਾਇਆ। ੭, ੮, ਤੇ ੯ ਮਾਰਚ ਦੀ ਡਾਇਰੀ ਵਿੱਚ ਯਥਾ ਕਰਮ ਇਸਤਰ੍ਹਾਂ ਨੋਟ ਦਰਜ ਹਨ:—

"ਫੀਰੋਜ਼ ਪੁਰ ਦੇ ਜੱਥੇ ਨਾਲ ਸ਼ਾਮ ਦੀ ਗੱਡੀ ਕੈਰੋਂ ਤੋਂ ਤਰਨ ਤਾਰਨ



Digitized by Panjab Digital Library | www.panjabdigilib.org

ਆਏ ।"

"ਫੀਰੋਜ਼ ਪੁਰ ਦੇ ਜੱਥੇ ਦਾ ਜੋ ਸਣੇ ਬੀਬੀਆਂ ਦੇ ੬੦ ਦੇ ਕਰੀਬ ਸੀ ਪ੍ਰਸ਼ਾਦ ਘਰ ਕੀਤਾ।"

"ਦੁਪਹਿਰੇ ਫੀਰੋਜ਼ ਪੁਰ ਦੀਆਂ ਬੀਬੀਆਂ ਤੇ ਸਾਰੇ ਸ਼ਹਿਰ ਦੀਆਂ ਇਸਤ੍ਰੀਆਂ ਵਲੋਂ ਕੈਰੋਂ ਦੇ ਬੁੰਗੇ ਦੀਵਾਨ ਸਜਿਆ। ਇਕੱਤ੍ਰਤਾ ਬਹੁਤ ਵਧੀਕ ਹੋ ਜਾਣ ਕਰ ਕੇ ਪਰਕਰਮਾ ਵਿਚ ਦੀਵਾਨ ਸਜਾਉਣ ਦੀ ਸਲਾਹ ਕੀਤੀ, ਪਰ ਪੁਜਾਰੀਆਂ ਨੇ ਰੋਕ ਦਿਤਾ (ਦੀਵਾਨ ਨਾ ਕਰਨ ਦਿਤਾ) ਤੇ ਫੇਰ ਦੀਵਾਨ ਪਰਕਰਮਾਂ ਦੇ ਕਿਨਾਰੇ ਬਾਹਰ ਗਊ ਘਾਟ ਪਾਸ ਬੁੰਗੇ ਦੇ ਮੈਦਾਨ ਵਿੱਚ ਹੋਇਆ।"

ਇਨ੍ਹਾਂ ਗਲਾਂ ਤੋਂ ਹੀ ਜਾਣਿਆ ਜਾ ਸਕਦਾ ਹੈ ਕਿ ਉਸ ਸਮੇਂ ਦੇ ਗੁਰਦੁਆਰੀਏ ਕੇਹੋ ਜੇਹੇ ਸਨ ਜੋ ਵਿਦਿਆ ਬਾਰੇ ਇਸਤ੍ਰੀਆਂ ਦਾ ਦੀਵਾਨ ਕਰਨੋਂ ਭੀ ਰੁਕਾਵਟ ਪਾਉਣੋ ਨਾ ਹਟਦੇ ਸਨ।

ਵੈਦ ਜੀ ਉਨ੍ਹਾਂ ਨਿਰਮਾਨ ਸੇਵਕਾਂ ਵਿੱਚੋਂ ਸਨ, ਜਿਹੜੇ ਦੂਜਿਆਂ ਦੇ ਨਾਮ ਹੇਠਾਂ ਜਾਂ ਗੁਮਨਾਮ ਹੀ ਸੇਵਾ ਕਰਦੇ ਹਨ। ਵੈਦ ਜੀ ਨੇ ਬਹੁਤ ਸਾਰੇ ਕੰਮ ਕੀਤੇ ਪਰ ਨਾਮ ਆਪਣਾ ਪ੍ਰਗਟ ਨਹੀਂ ਕੀਤਾ। ਐਜੂਕੇਸ਼ਨਲ ਕਾਨਫ੍ਰੰਸ, ਚੀਫ ਖਾਲਸਾ ਦੀਵਾਨ ਤੇ ਖਾਲਸਾ ਦੀਵਾਨ ਮਾਝਾ ਆਦਿ ਵਿੱਚ ਆਪ ਨੇ ਕਾਫੀ ਹਿੱਸਾ ਲੀਤਾ। ਅੱਗੇ ਹੋ ਹੋ ਕੰਮ ਕੀਤਾ। ਲਿਖਾ ਪੜ੍ਹੀ ਦਾ ਕੰਮ ਤਾਂ ਲਗ ਭਗ ਆਪ ਹੀ ਸਾਰੇ ਦਾ ਸਾਰਾ ਕਰਦੇ ਸਨ, ਪਰ ਨਾਮ ਦੀਵਾਨ ਦਾ ਰਖਦੇ ਸਨ। ਖਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ ਵਿੱਚ ਤੇ ਹੈਂਡ ਬਿਲ ਕਮੇਟੀ ਵਿੱਚ ਆਪ ਨੇ ਅਨੇਕ ਟ੍ਰੈਕਟ ਤੇ ਹੈਂਡ ਬਿਲ ਲਿਖੇ ਜੋ ਉਕਤ ਸੋਸਾਇਟੀ ਤੇ ਕਮੇਟੀ ਦੇ ਨਾਮ ਹੇਠ ਪ੍ਰਕਾਸ਼ਤ ਹੋਏ। ਇਨ੍ਹਾਂ ਸਭਨਾ ਬਾਰੇ ਅਸੀਂ ਅੱਡ ਪੁਸਤਕ ਲਿਖਣ ਦਾ ਵਿਚਾਰ ਰਖਦੇ ਹਾਂ। ਏਥੇ ਕੇਵਲ ਇਸ਼ਾਰੇ ਮਾਤ੍ਰ ਖਬਰਾਂ ਹੀ ਦਰਜ ਕਰਦੇ ਹਾਂ।

੨੦ ਮਾਰਚ ਨੂੰ ਆਪਨੇ ਖਾਲਸਾ ਮਾਝਾ ਦੀਵਾਨ ਦੀ ਸਬ ਕਮੇਟੀ ਵਿੱਚ ਵਧ ਚੜ੍ਹਕੇ ਹਿੱਸਾ ਲਿਆ ਤੇ ਲਾਹੌਰ ਵਿੱਚ ਹੋਣ ਵਾਲੀ ਦੂਜੀ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵਿੱਚ ਪੇਸ਼ ਕਰਨ ਵਾਲੇ ਤਿੰਨ ਗੁਰਮਤੇ ਲਿਖੇ।



Digitized by Panjab Digital Library | www.panjabdigilib.org

੨੨ ਮਾਰਚ ੧੯੦੯ ਨੂੰ ਵਿਧਵਾ ਆਸ਼੍ਰਮ ਦੀ ਅਪੀਲ ਬਾਰੇ 'ਹਮਾਰੀ-ਪੁਕਾਰ' ਨਾਮੇ ਹਿੰਦੀ ਵਿੱਚ ਹੈਂਡ ਬਿਲ ਲਿਖਕੇ, ਹੈਂਡ ਬਿਲ ਕਮੇਟੀ ਨੂੰ ਭੇਜਿਆ। ਆਪ ਜੀ ਨੂੰ ਜਿਥੇ ਪੁਸਤਕਾਂ ਪੜ੍ਹਨ ਦਾ ਸ਼ੌਂਕ ਸੀ ਓਥੇ ਲੋੜ-ਵੰਦ ਖੋਜੀਆਂ ਨੂੰ ਪੜ੍ਹਾਉਣ ਦਾ ਭੀ ਸ਼ੌਕ ਸੀ, ਇਸੇ ਲਈ ਥਾਂ ਥਾਂ ਡਾਇ-ਰੀਆਂ ਵਿੱਚ ਅੰਦਾ ਹੈ ਕਿ ਫਲਾਣੇ ਨੂੰ ਫਲਾਣਾ ੨ ਪੁਸਤਕ ਪੜ੍ਹਨ ਨੂੰ ਦਿੱਤਾ ਆਦਿ।

ਡਾਇਰੀ ਵਿੱਚ ਲਿਖਿਆ ਹੈ:--

"੨੫ ਮਾਰਚ ੧੯੦੯ ਨੂੰ ਭਾਈ ਸਾਹਿਬ ਵੀਰ ਸਿੰਘ ਜੀ ਨੂੰ ਮਰਾਠੀ ਦੀ ਡਿਕਸ਼ਨਰੀ ਤੇ ਗ੍ਰਾਮਰ ਪੜ੍ਹਨ ਲਈ ਭੇਜੀ। ਤੇ ੫ ਅਪ੍ਰੈਲ ੧੯੦੯ ਨੂੰ ਭਾਈ ਸਾਹਿਬ ਵੀਰ ਸਿੰਘ ਜੀ ਨੂੰ "ਸ੍ਰੀ ਧਰ ਕੋਸ਼", ਅੰਗ੍ਰੇਜ਼ੀ ਗੁਰਮੁਖੀ ਡਿਕਸ਼ਨਰੀ ਤੇ ਕੋਸ਼ ਬਿੰਦੂ ਪੁਸਤਕਾਂ ਭੇਜੀਆਂ।"

੬ ਅਪ੍ਰੈਲ ਨੂੰ ਸ੍ਰੀ ਮਾਨ (ਸਰਦਾਰ ਬਹਾਦਰ) ਸਰਦਾਰ ਮਤਾਬ ਸਿੰਘ ਜੀ* ਦਵਾਈ ਵਾਸਤੇ ਆਏ। ਵੈਦ ਜੀ ਤੋਂ ਦਰਬਾਰ ਸਾਹਿਬ ਦੇ ਪੁਜਾਰੀਆਂ ਦੀ ਹਾਲਤ ਸੁਣਕੇ ਆਪ ਨੇ ਬੜਾ ਹੀ ਅਫਸੋਸ ਕੀਤਾ, ਏਥੋਂ ਤੱਕ ਕਿ ਇਨ੍ਹਾਂ(ਸ.ਬ.) ਦਾ ਚੜ੍ਹਾਵਾ ਭੀ ਪੁਜਾਰੀਆਂ ਨੇ ਗੁੰਮ ਕਰ ਲਿਆ'

੧੦ ਅਪ੍ਰੈਲ ਨੂੰ ਆਪ ਲਾਹੌਰ ਐਜੂਕੇਸ਼ਨਲ ਕਾਨਫ੍ਰੰਸ ਵਿੱਚ ਗਏ।

---

*ਸ੍ਰ: ਬ:ਸ੍ਰ: ਮਹਿਤਾਬ ਜੀ-ਆਪ ਜੀ ਦਾ ਜਨਮ ੧੮੭੯ ਵਿਚ ਪਿੰਡ ਹਡਾਲੀ ਜ਼ਿਲਾ ਸ਼ਾਹਪੁਰ ਵਿਚ ਹੋਇਆ। ਬਾਰ-ਐਟ-ਲਾ ਕਰਨ ਉਪ੍ਰੰਤ ਸਰਕਾਰੀ ਵਕੀਲ ਨੀਯਤ ਹੋਏ ਤੇ ੧੯੨੦ ਵਿੱਚ ਪੰਜਾਬ ਕੌਂਸਲ ਦੇ ਡਿਪਟੀ ਪ੍ਰੈਜ਼ੀਡੰਟ ਚੁਣੇ ਗਏ। ਪਰ ਫਰਵਰੀ ੧੯੨੧ ਨਨਕਾਣੇ ਸਾਹਿਬ ਦੇ ਸਾਕੇ ਨੇ ਆਪ ਨੂੰ ਅਕਾਲੀ ਲਹਿਰ ਵੱਲ ਖਿੱਚ ਲਿਆਂਦਾ ਤੇ ਆਪ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਸਕੱਤ੍ਰ ਤੇ ਪ੍ਰਧਾਨ ਭੀ ਰਹੇ। ਅਕਾਲੀ ਲਹਿਰ ਦੀ ਸਫਲਤਾ ਬਹੁਤੀ ਆਪ ਜੀ ਦੀ ਦੂਰ ਅੰਦੇਸ਼ੀ ਤੇ ਸਿਆਣਪ ਕਰਕੇ ਹੀ ਸੀ। ਸੀਰਕ ਤੇ ਮਾਇਕ ਦੁਖੜੇ ਝਲੇ ਪਰ ਸਿੱਖੀ ਸੇਵਾ ਦੀ ਤੜਪ ਨਾ ਘਟੀ। ੨੩ ਮਈ ੧੯੩੮ ਨੂੰ ਅਚਨਚੇਤ ਹਾਈ ਕੋਰਟ ਲਾਹੌਰ ਵਿੱਚ ਹੀ ਇਸ ਪੰਚ ਭੂਤਕ ਸਰੀਰ ਨੂੰ ਤਿਆਗ ਗਏ।



Digitized by Panjab Digital Library | www.panjabdigilib.org

ਤੇ ਵੱਧ ਚੜ੍ਹ ਕੇ ਹਿੱਸਾ ਲਿਆ।

੩੦ ਮਾਰਚ ੧੯੦੯ ਨੂੰ ਗੁਜਰਾਂਵਾਲੇ ਤੋਂ ਸਰਦਾਰ ਗੁਲਾਬ ਸਿੰਘ ਜੀ* ਸਿੱਖ ਐਜੂਕੇਸ਼ਨ ਕਮੇਟੀ ਦੇ ਪਹਿਲੇ ਔਨਰੇਰੀ ਸਕੱਤ੍ਰ ਤੇ ਕੋਨਵੀਨਰ ਮਿਲਨ ਵਾਸਤੇ ਆਏ ਤੇ ਕਈ ਸਲਾਹਾਂ ਤੇ ਸਿੱਖ ਪੰਥ ਦੀ ਉੱਨਤੀ ਦੀਆਂ ਤਜਵੀਜ਼ਾਂ ਹੋਈਆਂ। ਇੱਕ ਮਹੀਨਾ ਬਾਦ ਅਰਥਾਤ ੨੪ ਅਪ੍ਰੈਲ ਨੂੰ ਫੇਰ ਸ੍ਰ: ਗੁਲਾਬ ਸਿੰਘ ਜੀ ਗੁਜਰਾਂ ਵਾਲੀਏ ਬੀਮਾਰੀ ਦੀ ਹਾਲਤ ਵਿੱਚ ਆਏ। ਵੈਦ ਜੀ ਨੇ ਸੁਭਾਵ ਅਨੁਸਾਰ ਬੜੇ ਪ੍ਰੇਮ ਆਦਰ ਤੇ ਸਤਕਾਰ ਨਾਲ ਸੇਵਾ ਕੀਤੀ। ਰੋਗ ਦੇਖ ਕੇ ਦਵਾਈ ਦਾ ਪ੍ਰਬੰਧ ਕੀਤਾ। ਆਪ ਆਪਣੀ ਡਾਇਰੀ ਵਿੱਚ ਲਿਖਦੇ ਹਨ ਕਿ 'ਸਰਦਾਰ ਜੀ ਨੇ ੩੦) ਰੁਪਏ ਨਜ਼ਰ ਦੇਣੇ ਲਈ ਬੜਾ ਜ਼ੋਰ ਲਾਇਆ ਪਰ ਜਦ ਮੈਂ ਲੈਂਦਾ ਹੀ ਨਹੀਂ ਤਾਂ ਕਿਵੇਂ ਲੈਂਦਾ। 'ਇਨਕਾਰ ਹੀ ਕਰ ਦਿੱਤਾ।'

ਅੱਗੇ ਡਾਇਰੀ ਨੋਟ ਹਨ ਕਿ:-

"੨੫ ਅਪ੍ਰੈਲ ੧੯੦੯ ਰਾਤ ਨੂੰ ੧੨ ਬਜੇ ਤਕ ਬੈਠ ਕੇ 'ਪੋਪ ਪ੍ਰਲਾਪ' ਦੂਖ ਨਿਵਾਰਨ ਲਈ ਲੇਖ ਲਿਖਿਆ।"

---

*ਸ੍ਰ: ਗੁਲਾਬ ਸਿੰਘ ਜੀ:--ਆਪ ਅਕਾਲ ਗੜ੍ਹ ਜ਼ਿਲਾ ਗੁਜਰਾਂ ਵਾਲੇ ਦੇ ਵਸਨੀਕ ਸਨ। ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਪਹਿਲੇ ਔਨਰੇਰੀ ਸਕੱਤ੍ਰ ਸਨ। ਬੜਾ ਛੁਹਲਾ ਮੇਹਨਤੀ ਤੇ ਹਸਮੁਖ ਸੁਭਾਵ ਰੱਖਦੇ ਸਨ। ਪਹਿਲਾਂ ਮਹਿਕਮਾਂ ਨਹਿਰ ਵਿੱਚ ਓਵਰਸੀਅਰ ਸਨ। ਨੌਕਰੀ ਛੱਡਕੇ ਗੁਜਵਾਂਵਾਲੇ ਵਿੱਚ ਰੂੰ ਤੇ ਤੇਲ ਦਾ ਕਾਰ-ਖਾਨਾ ਜਾਰੀ ਕੀਤਾ। ਮਿਉਨਸੀਪਲ ਕਮੇਟੀ ਦੇ ਮੀਤ ਪ੍ਰਧਾਨ ਸਨ। ਖਾਲਸਾ ਸਕੂਲ ਗੁਜਰਾਂ ਵਾਲਾ ਦੇ ਖਾਸ ਮਦਦਗਾਰ ਤੇ ਪੰਜਾਬ ਸਿੰਧ ਬੈਂਕ ਦੇ ਮੋਢੀਆਂ ਵਿੱਚੋਂ ਸਨ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਪਹਿਲਾ ਸਮਾਗਮ ਗੁਜਰਾਂਵਾਲੇ ਵਿੱਚ ਕਰਨਾ ਆਪ ਦੇ ਹੀ ਉੱਦਮ ਤੇ ਮਿਹਨਤ ਦਾ ਫਲ ਸੀ। ਆਪ ਮਈ ੧੯੦੯ ਵਿੱਚ ਲੱਗ ਭਗ ੫੫ ਬਰਸ ਦੀ ਉਮਰਾ ਭੋਗ ਕੇ ਗੁਰ ਪੁਰ ਸਿਧਾਰੇ। ਗੁਜਰਾਂ ਵਾਲੇ ਇਸ ਵੇਲੇ ਆਪ ਦੀ ਯਾਦ ਵਿੱਚ ਬਾਬੂ ਗੁਲਾਬ ਸਿੰਘ ਖਾਲਸਾ ਬੋਰਡਿੰਗ ਹਾਊਸ ਤੇ ਘੰਟਾ ਘਰ ਵਿਦਜਮਾਨ ਹਨ।



Digitized by Panjab Digital Library | www.panjabdigilib.org

੪ ਮਈ ਨੂੰ ਸ: ਗੁਲਾਬ ਸਿੰਘ ਜੀ ਦੀ ਬੀਮਾਰੀ ਬਾਬਤ ਤਾਰ ਆਈ ਤਾਂ ਵੈਦ ਜੀ ਉਸੇ ਵੇਲੇ ਉਠ ਤੁਰੇ। ਕਾਹਲੀ ਵਿੱਚ ਤੁਰਨ ਲੱਗਿਆਂ ਨਾਲ ਕੋਈ ਪੁਸਤਕ ਭੀ ਨਾ ਲੈ ਜਾ ਸਕੇ। ਭਲਾ ਅਜੇਹਾ ਦਿਮਾਗ ਭੀ ਚੁਪ ਚਾਪ ਬੈਠ ਸਕਦਾ ਹੈ? ਰਸਤੇ ਵਿਚ ਕਵਿਤਾ ਹੀ ਲਿਖਣ ਲੱਗ ਪਏ। ਇਸੇ ਸਫਰ ਵਿੱਚ ਆਪ ਨੂੰ ਕੋਲੋਂ ਖਰਚ ਕਰਨ ਦਾ ਭੀ ਖਿਆਲ ਆਇਆ. ਇਨਸਾਨ ਹੈ ਦੁਨੀਆਂ ਵਿਚ ਵੱਸਣ ਲਈ ਰੁਪਏ ਦੀ ਲੋੜ ਭੀ ਪੈਂਦੀ ਹੈ, ਇਸ ਲਈ ਖਿਆਲ ਆਉਣਾ ਜ਼ਰੂਰੀ ਹੈ, ਪਰ ਇਸ ਮਨ ਦੇ ਫੁਰਨੇ ਨੂੰ ਜਦ ਆਪ ਨੇ ਪਰੁਪਕਾਰ ਦੇ ਸ਼ਾਨਦਾਰ ਝਰੋਖੇ ਵਿਚ ਦੀ ਜ਼ਰਾ ਕੁ ਹੀ ਵੇਖਿਆ ਤਾਂ ਇਹ ਖਿਆਲ ਲੋਪ ਹੋ ਗਿਆ। ਤੇ ਮਨ ਫੇਰ ਹੁਲਾਸ ਵਿਚ ਆ ਗਿਆ। ਇਸ ਬਾਰੇ ਆਪ ਆਪਣੀ ਹੱਥੀਂ ੪ ਮਈ ਦੀ ਡਾਇਰੀ ਵਿਚ ਇਸ ਤਰ੍ਹਾਂ ਲਿਖਦੇ ਹਨ:—

"ਸ੍ਰ: ਗੁਲਾਬ ਸਿੰਘ ਜੀ ਦੀ ਗੁਜਰਾਂ ਵਾਲੇ ਤੋਂ: ਤਾਰ ਆਈ। ਰਸਤੇ ਵਿੱਚ ਪੜ੍ਹਣ ਲਈ ਕੁਝ ਪਾਸ ਨਾ ਹੋਣ ਕਰਕੇ ਦੋ ਕਵਿਤਾਂ ਲਿਖੀਆਂ। ਭਾਵੇਂ ਅਜੇਹਾ ਸਫਰ—ਜਿਸ ਵਿਚ ਦੁਕਾਨ ਦੀ ਆਮਦਨ ਦਾ ਹਰਜ ਹੋਵੇ ਤੇ ਹੋਰ ਪਲਿਓਂ ਖਰਚ ਹੋਵੇ—ਕੁਛ ਭਾਰੂ ਪ੍ਰਤੀਤ ਹੁੰਦਾ ਹੈ, ਪਰ ਬਿਨਾ ਕਿਸੇ ਸ੍ਵਾਰਥ ਦੇ ਅਜੇਹੀ ਸੇਵਾ ਕਰਨ ਤੇ ਚਿਤ ਹੌਲਾ ਰਹਿੰਦਾ ਹੈ।"

ਆਪ ਆਪਣਾ ਇਕ ਮਿੰਟ ਭੀ ਅਜਾਈਂ ਨਾ ਸਨ ਗੁਔਣਾ ਪਸੰਦ ਕਰਦੇ। ਕਦੇ ਕਦੇ ਕਈ ਖਾਹ ਮਖਾਹ ਦੇ ਗਾਲੜੂ ਭੀ ਸਿਰ ਖਪੌਣ ਲਈ ਆ ਬੈਠਦੇ, ਨਾਲੇ ਖਾਣਾ ਪੀਣਾ ਔਂਠਦੇ। ਇਨ੍ਹਾਂ ਤੋਂ ਤੰਗ ਆ ਕੇ ਵੈਦ ਜੀ ਆਪਣੇ ਸਮੇਂ ਦੀ ਵੰਡ ਕਰਦੇ ਹਨ ਤੇ ਨਿਯਤ ਸਮੇਂ ਤੇ ਨਿਯਤ ਕੰਮ ਕਰਨ ਦੀ ਠਾਨਦੇ ਹਨ। ਇਸ ਬਾਰੇ ੮ ਮਈ ਦੀ ਡਾਇਰੀ ਦਾ ਨੋਟ ਹੈ:—

"ਆਪਣੇ ਕੰਮ ਦੀ ਵੰਡ ਕੀਤੀ, (ਜਿਸਤਰਾਂ ਕਿ) ਮੁਫਤ ਖੋਰਾਂ ਤੇ ਗਾਲੜੀਆਂ ਤੋਂ ਬਚਾਉ ਕੀਤਾ ਜਾਵੇ।"

੧੬ ਮਈ ਨੂੰ ਸਿਖ ਹੈਂਡ ਬਿਲ ਕਮੇਟੀ ਲਾਹੌਰ ਹੋਈ। ਵੈਦ ਜੀ ਓਥੇ ਗਏ ਤੇ ਉਸ ਵਿਚ ਹਿੱਸਾ ਲਿਆ।



Digitized by Panjab Digital Library | www.panjabdigilib.org

ਸੰਤ ਭਾਸਕਰਾਨੰਦ ਜੀ ਦਾ ਵੈਦ ਜੀ ਨਾਲ ਬਹੁਤ ਪਿਆਰ ਸੀ। ਵੈਦ ਜੀ ਭੀ ਮਹਾਤਮਾ ਜੀ ਦੀ ਸੇਵਾ ਕਰਨ ਨੂੰ ਆਪਣਾ ਪਰਮ ਧਰਮ ਸਮਝਦੇ ਸਨ। ਉਪ੍ਰੋਕਤ ਮਹਾਤਮਾ ਜੀ ਤਰਨ ਤਾਰਨ ਵਿਚ ਆਕੇ ਹਮੇਸ਼ਾ ਵੈਦ ਜੀ ਨੂੰ ਸੇਵਾ ਦਾ ਮਾਣ ਬਖਸ਼ਦੇ। ਅੱਗੋਂ ਵੈਦ ਜੀ ਭੀ ਸਦਾ ਆਪਤੋਂ ਕੁਛ ਨ ਕੁਛ ਵਿੱਦਿਆ ਪ੍ਰਾਪਤ ਕਰਦੇ। ਇਸ ਵੇਲੇ ਸੰਤ ਭਾਸਕਰਾਨੰਦ ਜੀ ੧੭ ਮਈ ਨੂੰ ਤਰਨ ਤਾਰਨ ਆਏ ਤੇ ਕਰੀਬ ਮਹੀਨਾ ਭਰ ਠਹਿਰੇ। ਭਾਈ ਸਾਹਿਬ ਜੀ ਨੇ ਇਨ੍ਹਾਂ ਦਿਨਾਂ ਵਿਚ ਸੰਤਾਂ ਤੋਂ ਕਾਵਜ ਦਾ ਗ੍ਰੰਥ ਪ੍ਰਸਤਾਰ, ਚਮਤਕਾਰ ਚੰਦ੍ਰਕਾ, ਅਤੇ ਸਮੁੰਦ੍ਰੀਕ ਆਦਿ ਗ੍ਰੰਥ ਬੜੇ ਧਿਆਨ ਨਾਲ ਪੜ੍ਹੇ।

ਡਾਇਰੀਆਂ ਤੋਂ ਪਤਾ ਲਗਦਾ ਹੈ ਕਿ 'ਖਾਲਸਾ ਪ੍ਰਚਾਰਕ ਵਿਦਿਆਲਾ' ਦੀ ਬਿਹਤ੍ਰੀ ਲਈ ਆਪ ਦਿਨ ਰਾਤ ਇੱਕ ਕਰਕੇ ਜੁੱਟੇ ਰਹੇ। ਇਨੀਂ ਦਿਨੀਂ ਹੀ ਆਪ ਨੇ ਇਕ ਨਵੀਂ ਸਕੀਮ ਵਿਦਿਆਲੇ ਦੀ ਉੱਨਤੀ ਲਈ ਤਿਆਰ ਕੀਤੀ। ਸਾਨੂੰ ਸਕੀਮ ਦਾ ਖਰੜਾ ਤਾਂ ਨਹੀਂ ਮਿਲ ਸਕਿਆ ਪਰ ਡਾਇਰੀ ਵਿਚ ਉਸਦਾ ਨੋਟ ਇਸਤਰ੍ਹਾਂ ਦਰਜ ਹੈ—

> ੧੬ ਜੂਨ ੧੯੦੯ ਨੂੰ 'ਖਾ: ਪ੍ਰ: ਵਿਦਿਆਲਾ ਵਾਸਤੇ ਨਵੀਂ ਸਕੀਮ ਬਣਾਕੇ ਸੁਪ੍ਰਿੰਟੰਡੰਟ ਨੂੰ ਦਿੱਤੀ।"

ਇਨ੍ਹਾਂ ਦਿਨਾਂ ਵਿਚ ਹੀ ਭਾਈ ਵੀਰ ਸਿੰਘ ਜੀ ਆਦਿਕ ਚੀਫ ਖਾਲਸਾ ਦੀਵਾਨ ਦੇ ਮੁਖੀਆਂ ਨੇ 'ਦੀ ਪੰਥਕ ਪ੍ਰਿੰਟਿੰਗ ਐਂਡ ਪਬਲਸ਼ਿੰਗ ਕੰਪਨੀ ਲਿਮਟਿਡ' ਬਣਾਉਣ ਦੀ ਸਲਾਹ ਕੀਤੀ। ਜਦ ਸਾਰਾ ਕੰਮ ਹੋਗਿਆ ਤਾਂ ਅਚਾਨਕ ਵੈਦ ਜੀ ਨੂੰ ਭੀ ੩ ਜੁਲਾਈ ਨੂੰ ਜਲਦੀ ਅੰਮ੍ਰਿਤਸਰ ਪਹੁੰਚਣ ਦਾ ਸੱਦਾ ਪੁੱਜਾ। ਆਪ ਗਏ, ਤੇ ਉਕਤ ਕੰਪਨੀ ਦੇ ਡਾਇਰੈਕਟਰਾਂ ਵਿਚ ਆਪਦਾ ਨਾਮ ਭੀ ਦਰਜ ਸੀ। ਆਪ ਨੂੰ ਇਹ ਦੇਖਕੇ ਬੜਾ ਹੀ ਅਚੰਭਾ ਹੋਇਆ ਕਿ ਇਸ ਕੰਪਨੀ ਬਣਨ ਦੀ ਕਿਸੇ ਸਲਾਹ ਵਿਚ ਆਪਨੂੰ ਨਹੀਂ ਸੱਦਿਆ, ਆਪ ਨਾਲ ਸਲਾਹ ਨਹੀਂ ਕੀਤੀ, ਆਪ ਨੂੰ ਖਬਰ ਤੱਕ ਨਹੀਂ ਦਿੱਤੀ, ਤੇ ਹੁਣ ਯਕਾਯਕ ਕਿਉਂ ਸੱਦ ਕੇ ਡਾਇਰੈਕਟਰ ਬਣਨ ਲਈ ਕਿਹਾ



Digitized by Panjab Digital Library | www.panjabdigilib.org

ਜਾ ਰਿਹਾ ਹੈ ?ਇਸ ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਸ: ਸੁੰਦਰ ਸਿੰਘ ਜੀ ਮਜੀਠਾ, ਸ: ਹੁਕਮ ਸਿੰਘ ਜੀ, ਸ: ਖ. ਸਿੰਘ, ਸ: ਮਾਨ ਸਿੰਘ ਜੀ, ਸ: ਨਰੈਣ ਸਿੰਘ ਜੀ, ਡਾਕਟਰ ਹਰਨਾਮ ਸਿੰਘ ਜੀ, ਭਾਈ ਵੀਰ ਸਿੰਘ ਜੀ ਆਪ, ਤੇ ਵੈਦਜ ਜੀ ਨੂੰ ਰੱਖਣ ਦਾ ਕੀ ਭਾਵ ਹੈ ?

ਵੈਦਜ ਜੀ ਆਖਦੇ ਹਨ ਕਿ 'ਮੈਨੂੰ ਬਹੁਤ ਹੈਰਾਨੀ ਇਸ ਗੱਲ ਦੀ ਹੋਈ ਕਿ ਨਾ ਮੈਨੂੰ ਪਹਿਲਾਂ ਪਤਾ ਦਿੱਤਾ ਗਿਆ ਹੈ, ਨਾ ਕਮੇਟੀ ਵਿੱਚ ਸੱਦਿਆ ਗਿਆ, ਨਾ ਰਜਿਸਟਰਡ ਕਰਨ ਵਾਸਤੇ ਮੇਰੇ ਦਸਖਤ ਹੀ ਕਰਾਏ ਗਏ। ਉਹ ਹੋਰਨਾਂ ਦੇ ਦਸਖਤ ਹਨ ਅਤੇ ਹੁਣ ਤਕ ਭੀ ਮੈਮੋਰੰਡਮ ਆਫ ਐਸੋਸੀਏਸ਼ਨ ਦੇ ਕਾਗਜ਼ ਨਹੀਂ ਦੱਸੇ ਗਏ ਤੇ ਕਿਹਾ ਗਿਆ ਕਿ 'ਉਹ ਇਕੋ ਕਾਪੀ ਹਾਲਾਂ ਸੀ ਸੋ ਲਾਹੌਰ ਗਈ ਹੈ' ਆਦਿ।'

ਵੈਦਜ ਜੀ ਭਾਵੇਂ ਇਸ ਗੁੰਝਲ ਦੇ ਜਾਣਨ ਲਈ ਹੈਰਾਨ ਸਨ, ਤੇ ਇਸ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ ਸਨ, ਪਰ ਆਪ ਲਿਖਦੇ ਹਨ। "ਭਾਈ ਸਾਹਿਬ ਵੀਰ ਸਿੰਘ ਦੇ ਮਜਬੂਰ ਕਰਨ ਤੇ ਨਾਲੇ ਦੂਰੰਦੇਸ਼ੀ ਸੋਚਕੇ ਤੇ ਸੱਜਣਤਾ ਦਾ ਸਾਕ ਵਿਚਾਰਕੇ ਮਨਜ਼ੂਰ ਕਰ ਲਿਆ।"

ਇਸ ਲਿਮਟਿਡ ਕੰਪਨੀ ਵਿੱਚ ਭਾਈ ਵੀਰ ਸਿੰਘ ਜੀ ਹੁਰਾਂ ਦਾ ਵਜ਼ੀਰ ਹਿੰਦ ਪ੍ਰੈਸ ਭੀ ਖਰੀਦਿਆ ਜਾਣਾ ਸੀ। ਜਾਂ ਕਹੋ ਲਿਮਟਿਡ ਕੰਪਨੀ ਦੀ ਸ਼ਕਲ ਵਿੱਚ ਕੀਤਾ ਜਾਣਾ ਸੀ ਇਹ ਖਿਚੜੀ ਭਾਵੇਂ ਚੁਪ ਚਾਪ ਵਿਚੇ ਵਿੱਚ ਅੰਦਰ ਗਤੀ ਹੀ ਪੱਕਦੀ ਰਹੀ ਪਰ ਦੀਵਾਰਾਂ ਨੂੰ ਕੰਨ ਤੇ ਹਵਾ ਨੂੰ ਜੀਭ ਹੋਣ ਵਾਂਗ ਇਸਦੀ ਖਬਰ ਸਾਰੇ ਸ਼ਹਿਰ ਵਿੱਚ ਫੈਲ ਗਈ। ਲੋਕਾਂ ਵਿੱਚ ਤੂਤ ਭੀਤੀਆਂ ਹੋਣ ਲੱਗੀਆਂ, ਤਰ੍ਹਾਂ ਤਰ੍ਹਾਂ ਦੇ ਹਵਾੜੇ ਉੱਡਣ ਲੱਗ ਪਏ, ਕੋਈ ਕਹੇ 'ਇਹ ਤਾਂ ਲੋਹੇ ਦੇ ਰੁਪਏ ਕਰਨ ਵਾਸਤੇ ਕੰਪਨੀ ਬਣ ਰਹੀ ਹੈ'। ਕੋਈ ਕਹੇ 'ਡਾਇਰੈਕਟਰ ਬਣਨ ਲਈ ਸਭ ਕੰਮ ਹੋ ਰਿਹਾ ਹੈ' ਕੋਈ ਕਹੇ ਇਹਤਾਂ ਸਭ ਧੋਖਾ ਹੈ'।ਗੱਲ ਕੀ ਜਿਨੇ ਮੂੰਹ ਤੇ ਓਨੀਆਂਗੱਲਾਂ ਸ਼ਹਿਰ ਵਿੱਚ ਹੋਣ ਲੱਗੀਆਂ। ਅੰਤ ਵਿੱਚ ਚਾਰ ਕੁ ਮਹੀਨੇ ਬਾਦ ਜਦ ਐਨ ਕੰਮ ਬਣਨ ਲੱਗਾ, ਪ੍ਰੈਸ ਦਾ ਐਸਟੀਮੇਟ ਬਣ ਗਿਆ ਤਾਂ 'ਬਿਲੀ ਨਿਛ



Digitized by Panjab Digital Library | www.panjabdigilib.org

ਗਈ'। ਇਸ ਬਾਰੇ ਵੈਦਜ ਜੀ ਨੇ ਆਪਣੀ ਡਾਇਰੀ ਵਿੱਚ ਸਾਰੀ ਗੱਲ ਖੋਲ੍ਹ ਕੇ ਬੜੇ ਜ਼ਬਰਦਸਤ ਨੋਟ ਲਿਖੇ ਹਨ। ਜਦ ਉਹ ਕੰਮ ਹੀ ਸਿਰੇ ਨਾ ਚੜ੍ਹਿਆ ਕੰਪਨੀ ਹੀ ਨਾ ਬਣੀ, ਖੇਲ ਹੀ ਖਤਮ ਹੋ ਗਿਆ ਤਾਂ ਇਸ ਉੱਤੇ ਵਧੀਕ ਲਿਖਣ ਦੀ ਕੀ ਲੋੜ ਹੈ? ਤੇ ਵੈਦ ਜੀ ਦੇ ਡਾਇਰੀ ਨੋਟਾਂ ਨੂੰ ਪ੍ਰਗਟ ਕਰਨ ਦੀ ਕੀ ਜ਼ਰੂਰਤ ਹੈ? ਅਸੀਂ ਭੀ ਬੰਦ ਕਰਦੇ ਹਾਂ।

ਡਾਇਰੀ ਦੱਸਦੀ ਹੈ ਕਿ ੧੪ ਤੇ ੧੫ ਜੁਲਾਈ ੧੯੦੯ ਨੂੰ ਵੈਦਜ ਜੀ ਨੇ ਪੰਜ 'ਨੀਤੀ ਵਾਰਤਾਂ' ਲਿਖਕੇ ਖਾਲਸਾ ਸਮਾਚਾਰ ਨੂੰ ਭੇਜੀਆਂ। ਇਸੇ ਦਿਨ ਅਰਥਾਤ ੧੫ ਜੁਲਾਈ ਨੂੰ "ਸਿੱਖ ਕੀ ਤੇ ਸ਼ਰਾਬ ਤੋਂ ਨਾਂਹ ਕੀ" ਨੰ: ੧੬ ਹੈਂਡ ਬਿਲ ਲਿਖਕੇ ਕਮੇਟੀ ਨੂੰ ਛਪਣ ਲਈ ਭੇਜਿਆ।

ਇਨ੍ਹਾਂ ਦਿਨਾਂ ਵਿੱਚ ਹੀ ਅਖਬਾਰ 'ਖਾਲਸਾ ਸੇਵਕ' ਤੇ 'ਖਾਲਸਾ ਸਮਾਚਾਰ' ਦੀ ਆਪੋ ਵਿੱਚ ਦੀ ਖਟਾ ਪੱਟੀ ਹੋ ਗਈ ਇਸ ਉੱਪਰ ਹਰ ਪੰਥ ਸੇਵਕ ਨੂੰ ਦੁੱਖ ਹੋਇਆ। ਤੇ ਹੋਣਾ ਭੀ ਚਾਹੀਦਾ ਸੀ। ਸਿੱਖ ਪੰਥ ਵਿੱਚ ਇੱਕ ਤਾਂ ਅੱਗੇ ਹੀ ਬਹੁਤ ਘੱਟ ਲਿਖਾਰੀ ਤੇ ਵਿੱਦਵਾਨ ਸਨ, ਫੇਰ ਉਹ ਭੀ ਜੇ ਆਪੋ ਵਿੱਚ ਦੀ ਹੀ ਲੜਨ ਲੱਗ ਪੈਣ ਤਾਂ ਕੇਹੀ ਬੁਰੀ ਗੱਲ ਹੈ। ਵੈਦਜ ਜੀ ਦੇ ਹਿਰਦੇ ਨੂੰ ਬੜੀ ਸੱਟ ਲੱਗੀ। ਡਾਇਰੀ ਤੋਂ ਪਤਾ ਲੱਗਦਾ ਹੈ ਕਿ ਆਪ ਨੇ ਇਸ ਝਗੜੇ ਨੂੰ ਨਬੇੜਨ ਲਈ ੧੬ ਜੁਲਾਈ ਨੂੰ ਹੀ ਫੁਲਸਕੇਪ ਦੇ ੫ ਸਫਿਆਂ ਦਾ ਇਕ ਲੇਖ ਲਿਖਿਆ।

੨੪-੭-੧੯੦੯ ਨੂੰ 'ਅਤੀ ਅਚਰਜ' ਹੈਂਡ ਬਿਲ ਲਿਖਿਆ।

੧੬ ਸਤੰਬਰ ਦੇ ਆਰੀਯਾ ਗੈਜ਼ਟ ਦੇ ਮਜ਼ਮੂਨ ਦੇ ਉੱਤਰ ਵਿਚ ੪ ਸਫੇ ਫੁਲਸਕੇਪ ਦਾ ਮਜਮੂਨ ਲਿਖਿਆ *।

ਫੋਕੀ ਲੜਾਈ ਅਰਥਾਤ ਪ੍ਰੈਕਟਸ ਕਰਦੀਆਂ ੨ ਅੰਗ੍ਰੇਜ਼ੀ ਫੌਜਾਂ ਨੇ ਤਰਨ ਤਾਰਨ ਵਿਚ ਭੀ ਆ ਮੁਕਾਮ ਕੀਤਾ। ਸਿਪਾਹੀ ਹੁੰਦੇ ਹਨ ਬੇ ਪ੍ਰਵਾਹ ਤੇ ਸ਼ੈਤਾਨ। ਗੋਰੇ ਸਿਪਾਹੀਆਂ ਦੀਆਂ ਹਰਕਤਾਂ ਦੇਖ ਕੇ ਵੈਦ ਜੀ ਨੇ ੨੨ ਨਵੰਬਰ ੧੯੦੯ ਦੀ ਡਾਇਰੀ ਵਿਚ ਇਨ੍ਹਾਂ ਬਾਰੇ ਡਾਢਾ ਸੁਆਦਲਾ ਨੋਟ

*੧੯-੯-੧੯੦੯ ਦਾ ਡਾਇਰੀ ਨੋਟ



Digitized by Panjab Digital Library | www.panjabdigilib.org

ਲਿਖਿਆ ਹੈ। ਆਪ ਲਿਖਦੇ ਹਨ:—

"ਇਹ ਭਲੇ ਲੋਕ (ਗੋਰੇ ਸਿਪਾਹੀ) ਹਿੰਦੁਸਤਾਨੀਆਂ ਨਾਲੋਂ ਛਈ ਗੁਣਾਂ ਸ਼ੈਤਾਨ ਹਨ।"

## ਪੁਸਤਕਾਂ

ਦੂਰੋਂ ਨੇੜਿਓਂ ਪੁਸਤਕਾਂ ਮੰਗਵਾਉਣ ਦਾ ਆਪ ਦਾ ਸੁਭਾ ਤਾਂ ਮੁਢੋਂ ਹੀ ਸੀ। ਜਿਉਂ ੨ ਹੱਥ ਖੁਲ੍ਹਾ ਹੋਇਆ ਤਿਉਂ ੨ ਆਪ ਭੀ ਪੁਸਤਕਾਂ ਵਧੀਕ ਮੰਗਵਾਉਣ ਲੱਗ ਪਏ। ਕਦੇ ਕਦੇ ਆਪ ਨੂੰ ਖਿਆਲ ਭੀ ਆਉਂਦਾ ਕਿ ਕਾਹਨੂੰ ਵਾਧੂ ਰੁਪੈ ਖਰਚ ਕਰਦੇ ਹਾਂ, ਪਰ ਫੇਰ ਲੋਕਾਂ ਦੀ ਹਾਲਤ ਵਲ ਦੇਖਦੇ ਜੋ ਐਬਾਂ ਵਿਚ ਹੀ ਤਬਾਹ ਹੋ ਰਹੇ ਹਨ, ਤਦ ਆਪਣੇ ਮਨ ਵਿਚ ਤਸੱਲੀ ਕਰਕੇ ਆਖਦੇ, 'ਕਿ ਲੋਕ ਐਬਾਂ ਉੱਤੇ ਖਰਚ ਕਰਦੇ ਹਨ ਮੈਂ ਪੁਸਤਕਾਂ ਮੰਗਵਾਣੋਂ ਭੀ ਸੰਕੋਚ ਕਰਦਾ ਹਾਂ' ! ਇਸ ਬਾਰੇ ੨੯ ਨਵੰਬਰ ੧੯੦੯ ਦਾ ਡਾਇਰੀ ਨੋਟ ਆਪ ਇਸਤਰ੍ਹਾਂ ਲਿਖਦੇ ਹਨ:—

"ਕੁਝ ਪੁਸਤਕਾਂ ਵਾਸਤੇ ਹੋਰ ਆਰਡਰ ਭੇਜੇ। ਚਿਤ ਏਸ ਵਾਧੂ ਖਰਚ ਤੋਂ ਬੜਾ ਹੀ ਸੰਕੋਚ ਕਰਦਾ ਹੈ, ਪਰ ਹੋਰਨਾਂ ਦੇ ਭੈੜੇ ੨ ਵਜਸਨ (ਐਬ) ਦੇਖ ਕੇ ਇਹ ਬਹੁਤ ਪੁਸਤਕਾਂ ਖਰੀਦਨ ਦੀ ਵਾਦੀ ਬੁਰੀ ਨਹੀਂ ਪ੍ਰਤੀਤ ਹੁੰਦੀ ਤੇ ਕੋਈ ਨਾ ਕੋਈ ਲਾਭ ਹਰ ਪੁਸਤਕ ਤੋਂ ਹੋ ਹੀ ਜਾਂਦਾ ਹੈ।"

## ਪਿਆਰ-ਦਲੇਰੀ

ਸਿਆਣੇ ਆਖਦੇ ਹਨ 'ਬੁਰਾ ਨਾ ਮਰੇ, ਬੁਰੇ ਦੀ ਮਾਂ ਮਰੇ ਜੋ ਅੱਗੋਂ ਹੋਰ ਨਾ ਜਣੇ' ਬੁਰੇ ਆਦਮੀ ਤੋਂ ਕਦੇ ਕਿਸੇ ਨੂੰ ਲਾਭ ਨਹੀਂ, ਸਗੋਂ ਡਰ ਹੀ ਡਰ ਰਹਿੰਦਾ ਹੈ। ਉਹ ਭਾਵੇਂ ਅੱਛੇ ਕੰਮ ਉਤੇ ਭੀ ਹੋ ਜਾਵੇ ਤਦ ਭੀ ਸੱਪ ਨੂੰ ਦੁਧੀਂ ਪਾਲਨ ਨਾਲ ਡੰਗ ਮਾਰਨ ਵਤ ਬੁਰਾ ਹੀ ਕਰਦਾ ਹੈ। ਵੈਦ ਜੀ ਪਾਸ ਇਕ ਅਮੀਰ, ਪਰ ਡਾਢਾ ਦੁਖੀ ਜਾਨ ਤੋਂ ਹੱਥ ਧੋ ਬੈਠਾ ਮਰੀਜ਼ ਆਇਆ, ਜੋ ਇਕ ਲਾਲਚੀ ਹਕੀਮ ਦੇ ਵੱਸ ਪੈ ਚੁੱਕਾ ਸੀ, ਉਸ



Digitized by Panjab Digital Library | www.panjabdigilib.org

ਹਕੀਮ ਨੇ ਰਾਜ਼ੀ ਕਰਨ ਦੀ ਥਾਂ ਰੋਗ ਨੂੰ ਹੋਰ ਭਿਆਨਕ ਕਰ ਦਿਤਾ ਤੇ ਅਮੀਰ ਦੇਖ ਕੇ ਰਾਜ਼ੀ ਕਰਨ ਦੇ ਇਵਜ਼ ਵਿਚ ੧੫੦੦) ਸੌ ਰੁਪਏ ਮੰਗੇ। ਉਸ ਮਰੀਜ਼ ਦਾ ਬਾਪ ਆਪਣੇ ਪਿਆਰੇ ਸਪੁਤ੍ਰ ਨੂੰ ਨਾਲ ਲੈ ਕੇ ਵੈਦ ਜੀ ਪਾਸ ਆਇਆ। ਸਾਰੀ ਵਿਥਿਆ ਸੁਣਾਈ ਤੇ ਇਲਾਜ ਕਰਨ ਲਈ ਬੇਨਤੀ ਕੀਤੀ। ਵੈਦ ਜੀ ਨੇ ਅਜੇਹੇ ਹਕੀਮ ਉਪਰ ਬੜਾ ਅਫਸੋਸ ਕੀਤਾ। ਇਲਾਜ ਕਰਨ ਤੇ ਗੁਰੂ ਨੇ ਕ੍ਰਿਪਾ ਕੀਤੀ। ਲੜਕਾ ਰਾਜ਼ੀ ਹੋ ਗਿਆ। ਉਹ ਮਿਠਾਈ ਆਦਿ ਦੇ ਥਾਲ ਤੇ ੨੦੦) ਰੁਪਿਆ ਤੇ ਹੋਰ ਕਈ ਚੀਜ਼ਾਂ ਲੈ ਕੇ ਭੇਟ ਕਰਨ ਆਇਆ, ਪਰ ਏਧਰ ਤਾਂ ਲੈਣ ਦੇ ਨਾਮ ਤੋਂ ਗੁਲੇਲੋਂ ਕਾਂ ਵਾਂਗ ਭਜਦੇ ਸਨ। ਧੰਨਵਾਦ ਸਹਿਤ ਵਾਪਸ ਕੀਤੇ। ੧ ਦਸੰਬਰ ੧੯੦੯ ਵਿਚ ਇਸ ਬਾਰੇ ਨੋਟ ਹੈ:—

"ਅਮ੍ਰਿਤਸਰ ਤੋਂ ਭਾਈ ਮੁੰਦਰ ਸਿੰਘ ਜੀ ਸੂਤਰ ਵਾਲੇ ਆਪਣੇ ਸਪੁਤ੍ਰ ਹੀਰਾ ਸਿੰਘ ਬੀਮਾਰ ਨੂੰ ਲੈ ਕੇ ਆਇਆ। ਪੰ.........ਜੀ ਦੇ ਇਲਾਜ ਵਿਚ ਅਮ੍ਰਿਤਸਰ ਸੀ ਉਸ ਨੇ ੧੫੦੦) ਮੰਗ ਕੇ ਤਪ ਵਧਾ ਦਿਤਾ। ਸੋ ਵਿਚਾਰੇ ਉਦਾਸ ਹੋ ਕੇ ਏਥੇ ਆਏ............।"

੨ ਜਨਵਰੀ ੧੯੧੦ ਦੀ ਡਾਇਰੀ ਵਿਚ ਇਸਤਰ੍ਹਾਂ ਨੋਟ ਦਰਜ ਹੈ "ਅਮ੍ਰਿਤਸਰ ਦੇ ਭਾਈ ਸੁੰਦ੍ਰ ਸਿੰਘ ਹੀਰਾ ਸਿੰਘ ਜੀ ਸੂਤਰ ਵਾਲੇ ੧ ਦਸੰਬਰ ੧੯੦੯ ਨੂੰ ਆਏ ਸਨ। ਲੜਕੇ ਦੇ ਰਾਜ਼ੀ ਹੋਣ ਦੇ ਬਦਲੇ ਵਿਚ ਦੋ ਥਾਲ ਮਿਠਾਈ ਤੇ ਕੁਜੇ ਦੋ ਸੌ ਰੁਪੀਆ ਤੇ ਹੋਰ ਕਈ ਕੁਛ ਨਜ਼ਰ ਦੇਣ ਵਾਸਤੇ ਆਏ। ਬਹੁਤ ਜ਼ੋਰ ਲਾਇਆ ਪਰ ਮੈਂ ਨਜ਼ਰ ਕਿਸੇ ਤੋਂ ਲੈਂਦਾ ਹੀ ਨਹੀਂ। ਬੜੇ ਯਤਨਾਂ ਨਾਲ ਵਾਪਸ ਕੀਤੇ।"

੭ ਦਸੰਬਰ ਦੀ ਡਾਇਰੀ ਵਿਚ ਦਰਜ ਹੈ ਕਿ:—

"ਅੰਮ੍ਰਿਤਸਰ ਵਿਚ ਖਾਲਸਾ ਸੇਵਕ ਵਾਲੇ ਭਾਈ ਜੀਵਣ ਸਿੰਘ ਜੀ ਮਿਲੇ ਬਹੁਤ ਗੱਲਾਂ ਹੋਈਆਂ, ਉਨ੍ਹਾਂ 'ਅਖਬਾਰੀ ਝਗੜੇ ਬਾਰੇ' ਆਪਣੀ ਭੁਲ ਮੰਨ ਲਈ।"



Digitized by Panjab Digital Library | www.panjabdigilib.org

# ੧੯੧੦

## ਪੰਜਾਬੀ ਪ੍ਰਚਾਰ

"ਆਪ ਪੰਜਾਬੀ ਦੀ ਸ਼ਾਨ ਤੇ ਸਿੱਖ ਪੰਥ ਦਾ ਮਾਨ ਸਨ। ਜਿੰਨੀ ਸੁਚੱਜੀ ਤੇ ਵਡਮੁੱਲੀ ਸੇਵਾ ਪੰਥ ਤੇ ਪੰਜਾਬੀ ਬੋਲੀ ਦੀ ਆਪ ਨੇ ਕੀਤੀ ਹੈ ਓਨੀਂ ਸ਼ਾਇਦ ਹੀ ਕਿਸੇ ਕੀਤੀ ਹੋਵੇ ਤੇ ਸ਼ਾਇਦ ਹੀ ਕੋਈ ਕਰੇ। ਆਪ ਜੈਸੇ ਗੁਰਮੁਖ ਕੌਮਾਂ ਵਿਚ ਕਦੀ ਕਦੀ ਹੀ ਪੈਦਾ ਹੁੰਦੇ ਹਨ।"

[ਡਾਕਟ੍ਰ ਦੀਵਾਨ ਸਿੰਘ ਜੀ, ਕਾਲੇ ਪਾਣੀ]

ਅਸੀਂ ਪਿੱਛੇ ਦੱਸ ਆਏ ਹਾਂ ਕਿ ਖੰਡਣ ਮੰਡਣ ਦੀ ਖੱਪ ਵਿੱਚੋਂ ਵੈਦ ਜੀ ਅੱਕ ਜੇਹੇ ਗਏ ਸਨ। ਉਹ ਹੁਣ ਇਸਤੋਂ ਅਲੱਗ ਹੀ ਰਹਿਣਾ ਚਾਹੁੰਦੇ ਸਨ। ਉਮਰ ਦਾ ਭੀ ਤਕਾਜ਼ਾ ਸੀ। ਆਪ ਦੀ ਉਮਰ ਹੁਣ ਜਵਾਨ ਅਵਸਥਾ ੨੯ ਸਾਲ ਤੱਕ ਪੁੱਜ ਗਈ ਸੀ, ਘਰ ਬਾਲ ਬੱਚੇ ਹੋ ਗਏ ਸਨ। ਗ੍ਰਹਸਥ ਦਾ ਭਾਰ ਕਾਫੀ ਹੋ ਗਿਆ ਸੀ। ਨਾਲ ਨਾਲ ਹੀ ੧੯੦੭ ਤੋਂ ਭਾਰਤ ਵਿਚ ਮੁਲਕੀ ਤੇ ਸ੍ਵਦੇਸ਼ੀ ਲਹਿਰ ਚੱਲਣ ਕਰਕੇ ਤਬੀਅਤ ਜ਼ਾਤੀ ਤੇ ਮਜ਼ਬੀ ਝਗੜਿਆਂ ਤੋਂ ਕੁਛ ਉਕਤਾਉਣ ਲੱਗੀ। ਦੂਜੇ ਪਾਸੇ ਮੁਲਕੀ ਤੇ ਸ੍ਵਦੇਸ਼ੀ ਪ੍ਰਚਾਰ ਵਲ ਵਧੀਕ ਝੁਕਾਉ ਹੋ ਗਿਆ। ਭਾਵੇਂ ਗਲ ਪਿਆ ਢੋਲ ਵਜਾਉਣ ਦੀ ਕਹਾਵਤ ਅਨੁਸਾਰ ਜਦ ਕੋਈ ਵੰਗਾਰੇ ਤਾਂ ਲਿਖਦੇ ਸਨ, ਪਰ ਤਬੀਅਤ ਹੁਣ ਪੰਜਾਬੀ ਪ੍ਰਚਾਰ ਵਲ ਵਧੀਕ ਲੱਗ ਗਈ। ਇਸਦਾ ਵਧੀਕ ਕਾਰਣ ਇਹ ਭੀ ਸੀ ਕਿ ਚੀਫ ਖਾਲਸਾ ਦੀਵਾਨ ਵਲੋਂ ੧੯੦੮ ਵਿਚ ਜੋ ਸਿੱਖ ਐਜੂਕੇਸ਼ਨਲ ਕਮੇਟੀ ਸ਼ੁਰੂ ਹੋ ਗਈ ਤੇ ਇਸ ਕਮੇਟੀ ਦੀ ਸਿ: ਐ:



Digitized by Panjab Digital Library | www.panjabdigilib.org

ਕਾਨਫ੍ਰੰਸ ਸਾਲ ਸਾਲ ਹੋਣ ਲੱਗੀ। ਇਸ ਵਿਚ ਪੰਜਾਬੀ ਪ੍ਰਚਾਰ ਉਤੇ ਭੀ ਖਾਸ ਜ਼ੋਰ ਦਿੱਤਾ ਜਾਂਦਾ ਸੀ। ਪੰਜਾਬੀ ਜ਼ਬਾਨ ਲਈ ਖਾਸ ਉਪ੍ਰਾਲੇ ਤੇ ਉੱਦਮ ਕੀਤੇ ਜਾਂਦੇ ਸਨ। ਭਾਈ ਸਾਹਿਬ ਜੀ ਇਸ ਜਥੇ ਦੇ ਸਰਗਰਮ ਮੈਂਬਰ ਸਨ, ਇਸ ਲਈ ਭੀ ਆਪਦਾ ਪੰਜਾਬੀ ਪ੍ਰਚਾਰ ਵੱਲ ਰੁਖ਼ ਹੋਣਾ ਜ਼ਰੂਰੀ ਸੀ। ਵੈਦ ਜੀ ਨੇ ਉੱਦਮ ਕਰਕੇ ਇਸ ਪ੍ਰਬੰਧ ਲਈ 'ਮਨਮਤ ਪ੍ਰਹਾਰ ਲੜੀ' ਵਾਂਗ ਕੁਝ ਸੱਜਣਾਂ ਪ੍ਰੇਮੀਆਂ ਤੇ ਪੰਜਾਬੀ ਦੇ ਪਿਆਰਿਆਂ ਨੂੰ ਨਾਲ ਮਿਲਾਕੇ 'ਪੰਜਾਬੀ ਪ੍ਰਚਾਰ ਰਤਨਾਵਲੀ' ਦੇ ਨਾਮ ਉੱਤੇ ਪੰਜਾਬੀ ਵਿਚ ਪੁਸਤਕਾਂ ਲਿਖਣੀਆਂ ਤੇ ਲਿਖਾਉਣੀਆਂ ਸ਼ੁਰੂ ਕੀਤੀਆਂ। ਇਸੇ ਪ੍ਰਯੋਜਨ ਨੂੰ ਸਫਲ ਕਰਨ ਲਈ 'ਪੰਜਾਬੀ ਪ੍ਰਚਾਰ ਬੁੱਕ ਏਜੰਸੀ' ਲਾਹੌਰ ਦਾ ਮੁੱਢ ਬੱਧਾ। ਇਹ ਸਭ ਕੁਛ ਪੰਜਾਬੀ ਦੀ ਸੇਵਾ ਲਈ ਹੀ ਸੀ। ਖਾਲਸ ਪੰਜਾਬੀ ਪ੍ਰਚਾਰ ਦਾ ਖਿਆਲ ਸੀ। ਕਮਾਈ ਦਾ ਉੱਕਾ ਹੀ ਕੋਈ ਖਿਆਲ ਨਾ ਸੀ ਸਗੋਂ ਪਾਸੋਂ ਰੁਪਿਆ ਲਾਕੇ ਮੁਫਤ ਭੀ ਪੁਸਤਕ ਵੰਡੇ ਜਾਂਦੇ ਸਨ। ਇਸ ਬਾਰੇ ਇਸ ਲੜੀ ਦੀਆਂ ਪੁਸਤਕਾਂ ਉੱਪਰ ਛਪੀ ਹੋਈ ਸੂਚਨਾ ਪੜ੍ਹਨ ਤੋਂ ਹੀ ਸਾਫ ਪਤਾ ਲੱਗ ਸਕਦਾ ਹੈ। ਇਸ ਲੜੀ ਦੀਆਂ ਪੁਸਤਕਾਂ ਦੇ ਪਿੱਛੇ 'ਜ਼ਰੂਰੀ ਬੇਨਤੀ' ਦੇ ਹੈਡਿੰਗ ਹੇਠਾਂ ਜੋ ਇਬਾਰਤ ਛਪੀ ਹੋਈ ਹੈ ਉਹ ਇਸ ਤਰਾਂ ਹੈ:—

"ਪੰਜਾਬੀ ਦਾ ਹਿਤ ਕਰਨਾ, ਹਰਇੱਕ ਪੰਜਾਬੀ ਮਾਤ੍ਰ ਦਾ ਧਰਮ ਹੈ। 'ਪੰਜਾਬੀ ਪ੍ਰਚਾਰ ਰਤਨਾਵਲੀ' ਦਾ ਪ੍ਰਬੰਧ ਕੇਵਲ ਪੰਜਾਬੀ ਪ੍ਰਚਾਰ ਵਾਸਤੇ ਹੀ ਹੈ। ਇਸ ਲਈ ਪੰਜਾਬੀ ਭਾਸ਼ਾ ਤੇ ਪੰਜਾਬ ਦੇਸ ਦਾ ਹਿਤ ਚਾਹੁਣ ਵਾਲਿਆਂ ਦਾ ਧਰਮ ਹੈ ਕਿ ਇਸ ਸਿਲ-ਸਿਲੇ ਦੀ ਯਥਾ ਯੋਗ ਵਿਤ ਅਨੁਸਾਰ ਸਹਾਇਤਾ ਕਰਨ। ਭੁਲੇਖਾ ਨਾ ਪਵੇ। ਸੇਵਕਾਂ ਨੂੰ ਪੁੰਨ ਦਾਨ ਜਾਂ ਕਿਸੇ ਹੋਰ ਅਜੇਹੀ ਸਹਾਇਤਾ ਦੀ ਲੋੜ ਨਹੀਂ, ਸਹਾਇਤਾ ਕੇਵਲ ਇਹੋ ਲੋੜੀਦੀ ਹੈ ਕਿ ਚੰਗੀਆਂ ੨ ਪੁਸਤਕਾਂ ਪੰਜਾਬੀ ਵਿੱਚ ਰਚਕੇ ਤੇ ਉਲਥਾ ਕਰਕੇ ਸੇਵਕਾਂ ਨੂੰ ਭੇਜੋ ਤੇ ਇਸ ਸਿਲਸਿਲੇ ਦੀਆਂ ਪੁਸਤਕਾਂ ਦਾ ਪ੍ਰਚਾਰ ਕਰੋ।



Digitized by Panjab Digital Library | www.panjabdigilib.org

ਬਦਲੇ ਵਿੱਚ ਜੇ ਕੋਈ ਸੱਜਣ ਕੁੱਛ ਭੇਟਾ ਭੀ ਚਾਹੇ ਤਾਂ ਸੇਵਕ ਯੋਗਤਾ ਅਨੁਸਾਰ ਭੇਟਾ ਕਰਨ ਲਈ ਭੀ ਤਿਆਰ ਹਨ। ਖਰ-ੜਿਆਂ ਸੰਬੰਧੀ ਲਿਖਾ ਪੜ੍ਹੀ ਦਾਸ ਨਾਲ ਹੋਵੇ ਅਤੇ ਪੁਸਤਕਾਂ ਦੀ ਖਰੀਦ ਤੇ ਲੋੜ ਸੰਬੰਧੀ ਮੈਨੇਜਰ 'ਪੰਜਾਬੀ ਪ੍ਰਚਾਰ ਬੁਕ ਏਜੰਸੀ ਲਾਹੌਰ' ਦੇ ਪਤੇ ਤੇ ਕਰੋ।

ਦਾਸ–ਮੋਹਨ ਸਿੰਘ ਵੈਦ

ਤਰਨ ਤਾਰਨ (ਪੰਜਾਬ)

'ਪੰਜਾਬੀ ਪ੍ਰਚਾਰ ਬੁਕ ਏਜੰਸੀ' ਲਾਹੌਰ ਬਾਬਤ ਭੀ ਜਿਵੇਂ ਅਸੀਂ ਉੱਪਰ ਲਿਖ ਆਏ ਹਾਂ, ਉਸਦੇ ਮੈਨੇਜਰ ਦੀ ਜਬਾਨੀ ਹੀ ਸੁਣਨਾ ਚੰਗਾ ਲੱਗੇਗਾ। ਪੁਸਤਕਾਂ ਦੇ ਮੁੱਢ ਵਿੱਚ ਮੈਨੇਜਰ ਸਾਹਿਬ ਦਾ ਉਚਾਰਨ ਹੈ। "ਆਪਣੀ ਪਿਆਰੀ ਮਾਂ ਦੇ ਦੁੱਧ ਨਾਲ ਮਿਲੀ ਮਾਤ੍ਰ ਭਾਸ਼ਾ(ਪੰਜਾਬੀ) ਦੇ ਹਿਤਕਾਰੀ ਤੇ ਪ੍ਰੇਮੀ ਸੱਜਣੋ ! ਕੁਝ ਸੇਵਕਾਂ ਨੇ ਇਹ ਜੋ 'ਪੰਜਾਬੀ ਪ੍ਰਚਾਰ ਬੁੱਕ ਏਜੰਸੀ' ਦਾ ਪ੍ਰਬੰਧ ਕੀਤਾ ਹੈ, ਇਹ ਕੇਵਲ ਪੰਜਾਬੀ ਭਾਸ਼ਾ ਦੀ ਉੱਨਤੀ ਅਰ ਪੰਜਾਬੀ ਪਾਠਕਾਂ ਦੇ ਕਰ ਕਮਲਾਂ ਨੂੰ ਸ਼ਸ਼ੋਭਤ ਕਰਨ ਦੇ ਵਿਚਾਰ ਤੇ ਹੀ ਹੈ। ਇਸਦੇ ਪ੍ਰਬੰਧਕ ਕੁਤਬ ਫਰੋਸ਼ ਨਹੀਂ ਹਨ ਅਤੇ ਨਾਹੀ ਕਿਸੇ ਨੂੰ ਏਸ ਪਾਸੇ ਦੀ ਖੱਟੀ ਦਾ ਵਿਚਾਰ ਹੈ। ਸੇਵਕਾਂ ਨੇ ਕੇਵਲ ਪੰਜਾਬੀ ਪ੍ਰਚਾਰ ਦੇ ਉੱਦਮ ਵਾਸਤੇ ਹੀ ਏਸ ਸੇਵਾ ਨੂੰ ਉਠਾਇਆ ਹੈ। ਹੁਣੇ ਸੇਵਕਾਂ ਦਾ ਉਤਸ਼ਾਹ ਵਧਾਉਣਾ ਆਪ ਦੇ ਹੱਥ ਹੈ। ਆਪ ਇਸ ਸਿਲ-ਸਿਲੇ ਦੀਆਂ ਪੁਸਤਕਾਂ ਦਾ ਪ੍ਰਚਾਰ ਕਰੋ। ਸੱਜਣਾਂ ਮਿੱਤ੍ਰਾਂ ਨੂੰ ਸੰਗ੍ਰਹ ਕਰਨ ਦੀ ਪ੍ਰੇਰਨਾ ਕਰੋ ਤਾਂ ਅਜੇਹੇ ਅਨੇਕ ਪੁਸਤਕ ਛੇਤੀ ਹੀ ਆਪ ਦੇ ਕਰ ਕਮਲਾਂ ਵਿੱਚ ਸ਼ਸ਼ੋਭਤ ਹੋਣਗੇ। ਆਸ਼ਾ ਹੈ ਸਮੇਂ ਦੀ ਪਛਾਣ ਕਰਦੇ ਹੋਏ ਆਪ ਦੇਸ਼ ਦੇ ਭਲੇ ਵਾਸਤੇ ਜ਼ਰੂਰ ਏਸ



Digitized by Panjab Digital Library | www.panjabdigilib.org

ਪਾਸੇ ਧਿਆਨ ਦੇਵੋਗੇ।

ਦਾਸ–ਮੋਹਰ ਸਿੰਘ* ਮੈਨੇਜਰ
ਪੰਜਾਬੀ ਪ੍ਰਚਾਰ ਬੁੱਕ ਏਜੰਸੀ, ਲਾਹੌਰ

ਇਸ ਲੜੀ ਵਿੱਚ ਬੜੀ ਜਲਦੀ ਲੱਗ ਭਗ ਇੱਕ ਸਾਲ ਵਿੱਚ ਹੀ ਵੈਦ ਜੀ ਨੇ ਛੋਟੇ ਬੜੇ ਕਈ ਪੁਸਤਕ ਛਾਪੇ ਜਿਨ੍ਹਾਂ ਦੇ ਨਾਮ ਇਸਤਰ੍ਹਾਂ ਹਨ।

(੧) ਮਾਨੁੱਖੀ ਅਵਸਥਾ, ਪੁਰਸ਼ ਦੀਆਂ 7 ਅਵਸਥਾਂ ਦਾ ਤੱਤ ਗਿਆਨ ਸਬੰਧੀ ਵਿਚਾਰ।

(੨) ਜੀਵਣ ਸੁਧਾਰ-ਅੰਗ੍ਰੇਜ਼ੀ ਦੀ ਪ੍ਰਸਿੱਧ ਪੁਸਤਕ (The use of life) ਦਾ ਉਲਥਾ।

(੩) ਅਕਾਸ਼ ਮੰਡਲ—ਤੱਤ ਗਿਆਨ ਸੰਬੰਧੀ।

(੪) ਮਹਾਦਾਨੀ ਰਾਜਾ ਭੋਜ—ਸ਼ੁਭ ਅਸ਼ੁਭ ਪਾਤ੍ਰ ਕੁਪਾਤ੍ਰ ਨੂੰ ਦਾਨ ਦੇਣ ਦਾ ਫਲ।

(੫) ਕਰਮਾਂ ਦਾ ਬੀਰ—ਉੱਦਮੀ ਜੀਵਣ ਦੇ ਹਾਲ ਇੱਕ ਬੰਗਾਲੀ ਨਾਵਲ ਦੇ ਆਧਾਰ ਤੇ।

(੬) ਬਿਉਪਾਰ ਦੀ ਬਰਕਤ—ਸਿੱਖਿਆ ਭਰੀ ਪੁਸਤਕ ਨਾਵਲ ਦੇ ਢੰਗ ਤੇ।

---

*ਆਪ ੧੦-੧੦-੩੮ ਦੀ ਪੱਤ੍ਰਕਾ ਵਿੱਚ ਵੈਦ ਜੀ ਸੰਬੰਧੀ ਲਿਖਦੇ ਹਨ ਕਿ:-- ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਮੇਰੇ ਮਿੱਤ੍ਰ ਸਨ, ਅਸੀਂ ਇਕੋ ਜਗ੍ਹਾ ਕਮੇਟੀਆਂ ਵਿੱਚ ਸਾਂ, 'ਪੰਜਾਬੀ ਪ੍ਰਚਾਰ ਰਤਨਾਵਲੀ' ਦੇ ਤਿੰਨ ਹਿੱਸੇਦਾਰਾਂ ਵਿੱਚੋਂ ੧ ਮੈਂ ਭੀ ਸੀ, ਮੈਨੂੰ ਪਤਾ ਹੈ ਜੋ ਭਾਈ ਸਾਹਿਬ ਨੇ ਪੇਸ਼ਾਵਰ ਦੇ ਸ੍ਰਦਾਰ ਅਰਜਨ ਸਿੰਘਜੀ ਦੀ ਪਤਨੀ ਦਾ ਇਲਾਜ ਕੀਤਾ,ਜਿਸਦੀਆਂ ਪੱਸਲੀਆਂ ਵਿੱਚ ਪਾਣੀਪੈ ਗਿਆ ਸੀ,ਪਾਣੀ ਅੰਦਰੇ ਸੁੱਕ ਗਿਆ ਤੇ ਬੁਖਾਰ ਹੱਟ ਗਿਆ। ਦੂਜੇ ਲਾਲਾ ਤਾਰਾ ਚੰਦ ਜੀ ਪੇਸ਼ਾਵਰ ਵਾਲੇ ਦਾ ਭੀ ਇਲਾਜ ਕੀਤਾ ਸੀ,ਜਿਸਦੇ ਫੇਫੜੇ ਵਿੱਚ ਪੀਪ ਪੈ ਗਈ ਸੀ (ਪਲੌਰਸੀ ਤੋਂ ਏਹ ਹੋ ਗਈ ਸੀ) ਉਸਦੀ ਪੀਪ ਠੀਕ ਹੋ ਕੇ ਫੇਫੜੇ ਬਿਲਕੁਲ ਸਾਫ ਹੋ ਗਏ ਸਨ। ਵੈਦਕ ਵਿੱਚ ਆਪ ਨੂੰ ਕਮਾਲ ਹਾਸਲ ਸੀ।

ਦਾਸ—ਮੋਹਰ ਸਿੰਘ ਸਹਿਗਲ ਪੇਸ਼ਾਵਰ



Digitized by Panjab Digital Library | www.panjabdigilib.org

(੭) ਮਾਨੁੱਖ ਕਰਤੱਵਜ-ਅੰਗ੍ਰੇਜ਼ੀ ਦੀ ਮਸ਼ਹੂਰ ਪੁਸਤਕ(Duties of man)
(੮) ਲੰਮੀ ਉਮਰਾ ਤੇ ਅਰੋਗਤਾ ਦੇ ਸਾਧਨ ਦੋਂਹ ਭਾਗਾਂ ਵਿੱਚ।
(੯) ਪਤੀ ਪ੍ਰੇਮਣ ਬਨਬਾਸਣ—ਇੱਕ ਜੋੜੇ ਦਾ ਅਦੁਤੀ ਪਿਆਰ।
(੧੦) ਗ੍ਰਹਿ ਸਿੱਖਜ਼ਾ—ਘਰਾਂ ਦੇ ਸੁਧਾਰ ਵਾਸਤੇ ਅਸਚਰਜ ਪੁਸਤਕ ਹੈ।
(੧੧) ਬਾਲ ਸੁਧਾਰ—ਬਾਲਕਾਂ ਦੇ ਸੁਧਾਰ ਦੀ ਲੋੜ ਤੇ ਢੰਗ।
(੧੨) ਉੱਤਮ ਸਿੱਖਿਆ—ਨਾਮ ਤੋਂ ਹੀ ਸਾਫ ਪ੍ਰਗਟ ਹੈ।

ਉਪ੍ਰੋਕਤ ਪੁਸਤਕਾਂ ਕੇਹੋ ਜੇਹੀਆਂ ਹਨ ? ਇਨ੍ਹਾਂ ਬਾਰੇ ਵਧੀਕ ਵਿਆਖਿਆ ਦੀ ਲੋੜ ਨਹੀਂ। ਇਨ੍ਹਾਂ ਦੇ ਨਾਮਾਂ ਤੋਂ ਭੀ ਪਤਾ ਲੱਗ ਸਕਦਾ ਹੈ ਪਰ ਇਨ੍ਹਾਂ ਬਾਰੇ ਪਾਠਕਾਂ ਦੀ ਤਸੱਲੀ ਲਈ ਮੈਂ ਇੱਕ ਛੋਟੀ ਜੇਹੀ ਲਿਖਤ ਪੇਸ਼ ਕਰਦਾ ਹਾਂ।

ਪਹਿਲੀਆਂ ਛੇ ਪੁਸਤਕਾਂ ਬਾਰੇ ਪ੍ਰਸਿੱਧ ਦਾਨੀ ਤੇ ਪੰਜਾਬੀ ਪਿਆਰੇ ਸੁਰਗ ਵਾਸੀ ਸਰਦਾਰ ਮੇਹਰ ਸਿੰਘ ਜੀ ਚਾਵਲਾ ਮਿਉਂਸੀਪਲ ਕਮਿਸ਼ਨਰ ਲਾਹੌਰ ਨੇ ਜੋ ਚਿੱਠੀ ੨੭ ਫਰਵਰੀ ੧੯੧੧ ਨੂੰ ਰੀਵੀਊ ਵਾਂਗ ਲਿਖੀ ਉਸਦੀ ਨਕਲ ਇਸਤਰ੍ਹਾਂ ਹੈ:—

"ਪੰਜਾਬੀ ਪ੍ਰਚਾਰ ਬੁਕ ਏਜੰਸੀ ਦੀਆਂ ੬ ਪੁਸਤਕਾਂ ਜੋ ਆਪ ਨੇ (ਮੈਨੇਜਰ ਉਕਤ ਏਜੰਸੀ) ਭੇਜੀਆਂ ਸਨ ਮੈਂ ਪੜ੍ਹੀਆਂ ਹਨ। ਇੱਕ ਤੋਂ ਇੱਕ ਵਧ ਕੇ ਅਮੋਲਕ ਤੇ ਸਿੱਖਿਆ ਪੂਰਤ ਹਨ। ਖਾਸ ਕਰਕੇ 'ਜੀਵਣ ਸੁਧਾਰ' ਅਦੁਤੀ ਸਬਕਾਂ ਦਾ ਖਜ਼ਾਨਾ ਹੈ, ਨਾ ਸਿਰਫ ਬਾਲਾਂ ਵਾਸਤੇ ਹੀ ਸਗੋਂ ਨੌਜਵਾਨਾਂ ਤੇ ਬੁੱਢਿਆਂ ਤਕ ਲਈ ਇਹ ਪੁਸਤਕ ਜ਼ਿੰਦਗੀ ਦੇ ਅੰਧੇਰਿਆਂ ਕੰਮਾਂ, ਅਤੇ ਆਪਣੇ ਨਾ ਮਾਲੂਮ ਔਗਣਾ ਜਾਂ ਕਮੀਆਂ ਨੂੰ ਦਿਖਾਉਣ ਸੁਝਾਉਣ ਦਾ ਇਕ ਸ਼ੀਸ਼ਾ ਹੈ। ਇਹ ਛਾਪੇ ਦਾ ਸਮਾ ਹੈ ਕਿ ਐਸੀਆਂ ਪੁਸਤਕਾਂ ਕੌਡਾਂ ਦੇ ਮੁੱਲ ਵਿਕਦੀਆਂ ਹਨ। ਲਿਖਤ ਦਾ ਸਮਾ ਹੁੰਦਾ ਤਾਂ ਇਹ ਮੁਹਰਾਂ ਮੁੱਲ ਪਾਉਂਦੀਆਂ। ਪੱਛਮ ਵਾਲਿਆਂ ਨੇ ਸਿਰਫ ਇਸ ਲਈ ਉੱਨਤੀ ਕੀਤੀ ਹੈ, ਕਿ ਉਹ ਜਿਸਤਰ੍ਹਾਂ ਸਰੀਰ ਲਈ ਖੁਰਾਕ ਤੇ ਬਸਤ੍ਰ



Digitized by Panjab Digital Library | www.panjabdigilib.org

ਜ਼ਰੂਰੀ ਸਮਝਦੇ ਹਨ ਇਸੇ ਤਰ੍ਹਾਂ ਪੁਸਤਕਾਂ ਉੱਤੇ ਪੈਸੇ ਖਰਚ ਕੇ ਭੀ ਦਿਲ ਤੇ ਆਤਮਾ ਦੀ ਖੁਰਾਕ ਅਤੇ ਖਿਆਲਾਤ ਦੀ ਪੁਸ਼ਟੀ ਕਰਨ ਵਾਲੇ ਪੁਸਤਕ ਜ਼ਰੂਰ ਪੜ੍ਹਦੇ ਰਹਿੰਦੇ ਹਨ। ਸਾਡੇ ਦੇਸ਼ ਵਿਚ ਮੁਫਤ ਦੇਵੋ ਤਦ ਭੀ ਨਹੀਂ ਪੜ੍ਹਦੇ। ਬੇਸ਼ਕ ਇਨ੍ਹਾਂ ਪੁਸਤਕਾਂ ਦੇ ਅਦੁਤੀ ਮਜ਼ਮੂਨਾਂ ਦੇ ਮੁਕਾਬਲੇ ਵਿਚ ਇਨ੍ਹਾਂ ਦੀ ਭੇਟਾ ਤੁੱਛ ਹੈ। ਮੇਰੀ ਇਸ ਚਿਠੀ ਨੂੰ ਪੜ੍ਹਣ ਵਾਲਿਓ ! ਆਪ ਮੇਰੀ ਖਾਤਰ, ਨਹੀਂ ਨਹੀਂ ! ਆਪਣੀ ਪਵਿੱਤ੍ਰ ਰੂਹ ਦੀ ਖਾਤਰ ਇਨ੍ਹਾਂ ਪੁਸਤਕਾਂ ਨੂੰ ਜ਼ਰੂਰ ਮੰਗਾ ਕੇ ਪੜ੍ਹੋ ਤੇ ਸਨਬੰਧੀਆਂ ਨੂੰ ਪੜ੍ਹਣ ਲਈ ਦਿਓ।"
ਸਹੀ ਮੇਹਰ ਸਿੰਘ * ਚਾਵਲਾ, ਮਿਉਂਸੀਪਲ ਕਮਿਸ਼ਨਰ,ਲਾਹੌਰ।

ਉਪ੍ਰੋਕਤ ਸਾਰੀਆਂ ਪੁਸਤਕਾਂ ਲਗ ਭਗ ੧੯੧੦ ਵਿਚ ਹੀ ਪ੍ਰਕਾਸ਼ਤ ਹੋਈਆਂ ਤੇ ਪ੍ਰਚਾਰੀਆਂ ਗਈਆਂ।

## *ਗਿਰਾਵਟ*

ਇਸ ਸਾਲ ਦੇ ਅਰੰਭ, ਅਰਥਾਤ ਮਹੀਨਾ ਫਰਵਰੀ ਦੀ ਡਾਇਰੀ ਨੋਟਾਂ ਵਿਚ ਬੜੇ ਹੀ ਅਸਚਰਜ ਨੋਟ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪੰਥ ਦੇ ਮੰਨੇ ਪ੍ਰਮੰਨੇ ਆਗੂਆਂ ਦੇ ਗੁੱਝੇ ਜੀਵਨ ਫੋਟੋ ਦੇਖ ਕੇ ਬੜਾ ਦੁੱਖ ਤੇ ਤਰਸ ਆਉਂਦਾ ਹੈ। ਜਿਨ੍ਹਾਂ ਕੋਲ ਬੱਚੇ ਬੱਚੀਆਂ ਵਿਦਿਆ ਲਈ ਸੌਂਪਣੇ ਹੋਣ, ਜੋ ਸਾਡੀਆਂ ਧਾਰਮਕ ਸਭਾਵਾਂ ਦੇ ਮੋਢੀ ਤੇ ਮੁਖੀ ਕੰਮ ਕਰਨ ਵਾਲੇ ਤੇ ਸਿੱਖਿਆ ਦੇਣ ਵਾਲੇ ਹੋਣ, ਉਨ੍ਹਾਂ ਦੀ ਗਿਰਾਵਟ ਦੀ ਦਸ਼ਾ ਦੇਖ ਕੇ ਕਿਸ ਨੂੰ ਅਫਸੋਸ ਨਾ ਹੋਵੇਗਾ, ਪਰ ਕੁਦਰਤ ਪ੍ਰਬਲ ਹੈ। ਬਾਹਰੋਂ ਪੋਚਵੀਆਂ ਪੱਗਾਂ

---

* ਸ੍ਰ: ਮੇਹਰ ਸਿੰਘ ਜੀ ਚਾਵਲਾ:—ਜਨਮ ਸੰਮਤ ੧੯੧੮ (੧੮੬੧) ਲਾਹੌਰ ਵਿਚ ਹੋਇਆ। ੧੪ ਅਪ੍ਰੈਲ ੧੯੩੩ ਨੂੰ ਗੁਰਪੁਰੀ ਸਿਧਾਰੇ।

ਪੁਰਾਣੇ ਸਿੰਘ ਸਭਾ ਦੇ ਸੇਵਕ,ਦਾਨੀ, ਚੀਫ ਖਾਲਸਾ ਦੀਵਾਨ ਦੇ ਸਰਗਰਮ ਕਾਰਕੁਨ ਸਨ। ਸੈਂਟਰਲ ਯਤੀਮ ਖਾਨਾ ਆਪਦੀ ਸਕੀਮ ਦਾ ਫਲ ਹੈ। ਖਾਲਸਾ ਸਕੂਲ ਲਾਹੌਰ ਤੇ ਕੰਨਿਆਂ ਪਾਠਸ਼ਾਲਾ ਲਾਹੌਰ ਦੇ ਮੋਢੀ ਸਨ। ੨੭ਸਾਲ ਮਿਉਂਸੀਪਲ ਕਮਿਸ਼ਨਰ ਤੇ ਆਨਰੇਰੀ ਮਜਿਸਟ੍ਰੇਟ ਭੀ ਰਹੇ।



Digitized by Panjab Digital Library | www.panjabdigilib.org

ਤੇ ਅੱਖਾਂ ਮੀਟਣਿਆਂ ਉਤੇ ਅੰਧਾ ਧੁੰਧ ਵਿਸ਼੍ਵਾਸ ਕਰਨਾ ਅੱਛਾ ਨਹੀਂ। ਨਾਲ ਨਾਲ ਕੁਦਰਤ ਦੇ ਕਾਨੂੰਨ ਨੂੰ ਭੀ ਵੇਖਣਾ ਵਿਚਾਰਨਾ ਤੇ ਅਨੁਭਵ ਕਰਨਾ ਜ਼ਰੂਰੀ ਹੈ। ਜਿਵੇਂ ਅੱਗ ਪਾਸ ਪਿਆ ਘਿਉ ਜੰਮਿਆ ਨਹੀਂ ਰਹਿ ਸਕਦਾ ਤਿਵੇਂ ਹੀ ਜਵਾਨ ਉਮਰ ਵਿਚ ਚੰਗਾ ਖਾਂਦਿਆਂ ਪੀਂਦਿਆਂ, ਅੱਛਾ ਪਹਿਨਦਿਆਂ ਚੰਚਲ ਬ੍ਰਿਤੀ ਵਿਚ ਵਾਸ ਕਰਦਿਆਂ ਪ੍ਰਭੁਤਾ ਦੀ ਅਨ੍ਹੇਰੀ ਵਿਚ ਹੁਲਾਰੇ ਲੈਂਦਾ ਹੋਇਆ, ਇਸਤ੍ਰੀਆਂ ਵਿਚ ਰਹਿਣ ਵਾਲਾ, ਕੋਈ ਭੀ ਇਨਸਾਨ ਅਤੀਤ ਤੇ ਨਿਰਲੇਪ ਨਹੀਂ ਰਹਿ ਸਕਦਾ। ਇਸੇ ਹੀ ਕਾਰਣ ਕਰ ਕੇ ਸਾਰੇ ਬਜ਼ੁਰਗਾਂ ਨੇ ਅਭਿਆਸੀ, ਸਾਧੂ ਫਕੀਰ ਤੇ ਆਤਮਕ ਉੱਨਤੀ ਵਾਲਿਆਂ ਨੂੰ ਯਥਾ ਸ਼ਕਤਿ ਇਸ ਸੰਗਤ ਤੋਂ ਦੁਰਾਡੇ ਰਹਿਣ ਲਈ ਹੀ ਸਲਾਹ ਦਿਤੀ ਹੈ।

ਇਹ ਅਸੀਂ ਕੇਵਲ ਇਸ਼ਾਰੇ ਮਾਤ੍ਰ ਹੀ ਅਰਜ਼ ਕੀਤਾ ਹੈ ਇਸ ਨਾਲ ਸਾਡਾ ਬਹੁਤਾ ਪ੍ਰਯੋਜਨ ਨਾ ਹੋਣ ਕਰਕੇ ਇਸਨੂੰ ਅਸੀਂ ਨਜ਼ਰ ਅੰਦਾਜ਼ਾ ਕਰਦੇ ਹਾਂ।

× × × × × ×

ਭਾਈ ਸਾਹਿਬ ਜੀ ਬੜੇ ਹੀ ਕੋਮਲ ਹਿਰਦੇ ਦੇ ਮਾਲਕ ਸਨ। ਜ਼ਰਾ ਜ਼ਰਾ ਗੱਲ ਉੱਤੇ ਸੋਚਣ ਬੈਠ ਜਾਣਾ ਤੇ ਅਜੇਹੇ ਡੂੰਘੇ ਮਸਲੇ ਸੋਚਣੇ ਕਿ ਕੀ ਦੱਸਿਆ ਜਾਵੇ? ਕਿਤੇ ਇੱਕ ਸੁਫਨੇ ਤੋਂ ਬਾਦ-ਸ਼ਾਹਤ ਮਿਲਨ ਦਾ ਖਿਆਲ ਕਰ ਬੈਠਣਾ, ਕਿਤੇ ਦੋ ਦਿਨ ਤਕਲੀਫਾਂ ਪੈਣ ਤੋਂ ਆਪਣੀ ਮੌਤ ਸਮਾ ਨੇੜੇ ਅਨਭਵ ਕਰਕੇ ਘਰ ਟੱਬਰ ਦੇ ਅਗਲੇ ਪ੍ਰਬੰਧ ਬਾਰੇ ਹਦਾਇਤਾਂ ਲਿਖ ਛੱਡਣੀਆਂ। ਗੱਲ ਕੀ ਕੁਦਰਤ ਦੀ ਨਿੱਕੀ ੨ ਗੱਲ ਨੂੰ ਭੀ ਡਾਢੇ ਗਹੁ ਨਾਲ ਵਿਚਾਰਦੇ ਤੇ ਅਨੁਭਵ ਕਰਦੇ ਸਨ।

ਇੱਕ ਦਿਨ ਤਰਨ ਤਾਰਨ ਤਹਿਸੀਲ ਵਿੱਚ ਕਿਸੇ ਤਰ੍ਹਾਂ ਡੂਮਣਾ ਉੱਡ ਪਿਆ। ਇਹ ਬੜੀਆਂ ਜ਼ਹਿਰੀਲੀਆਂ ਤੇ ਜ਼ਾਲਮ ਮੱਖੀਆਂ ਹੁੰਦੀਆਂ ਹਨ। ਪਸੂ ਪੰਛੀ ਬੰਦਾ ਜੋ ਭੀ ਇਸ ਦੀ ਜ਼ਦ ਵਿੱਚ ਆ ਜਾਵੇ, ਉਸ



Digitized by Panjab Digital Library | www.panjabdigilib.org

ਨੂੰ ਤੜਪਾ ਸਿੱਟਦੀਆਂ ਹਨ। ਜਿਸ ਦੇ ਪਿੱਛੇ ਪੈ ਜਾਣ ਮੀਲਾਂ ਤੱਕ ਉਸਦਾ ਪਿੱਛਾ ਨਹੀਂ ਛੱਡਦੀਆਂ।

ਇਹ ਡੂਮਣਾ ਤਹਿਸੀਲੋਂ ਉਡ ਕੇ ਕਈਆਂ ਦੇ ਲੜਿਆ, ਕਈਆਂ ਨੂੰ ਨੁਕਸਾਨ ਪੁੱਜਾ ਹੋਵੇਗਾ। ਵੈਦ ਜੀ ਦਾ ਕੋਮਲ ਹਿਰਦਾ ਦੇਖਕੇ ਦ੍ਰਵ ਗਿਆ ਤੇ ਅੱਖਾਂ ਅੱਗੇ ਸੰਸਾਰ ਦੀ ਅਸਾਰਤਾ ਨਜ਼ਰ ਆਉਣ ਲੱਗੀ, ਜੀਵਣ ਮਰਨ ਦੇ ਮਸਲੇ ਸੋਚਣ ਲੱਗ ਪਏ, ਤੇ ੨੧ ਅਪ੍ਰੈਲ ਨੂੰ ਡਾਇਰੀ ਵਿੱਚ ਇਸਤਰ੍ਹਾਂ ਨੋਟ ਦਰਜ ਕੀਤਾ:-

"ਅੱਜ ਤਸੀਲੋ ਡੂਮਣਾ ਉੱਡਿਆ, ਦੁਖੀਆਂ ਦੀ ਦਸ਼ਾ ਦੇਖ ਕੇ ਡਾਢਾ ਤਰਸ ਆਇਆ ਤੇ ਸੁਝ ਹੋਈ ਜੋ ਕਰਤਾਰ ਦੇ ਰੰਗ ਜਿਸ ਜਿੰਦ ਦਾ ਮਾਨ ਹੁੰਦਾ ਹੈ, ਪਤਾ ਨਹੀਂ ਅੱਖ ਦੇ ਫੋਰ ਵਿੱਚ ਕੀ ਹੋ ਜਾਣਾ ਹੈ?"

## ਸੱਚਾ ਮਿੱਤ੍ਰ

ਸੱਚਾ ਮਿੱਤ੍ਰ ਉਹ ਹੁੰਦਾ ਹੈ ਜੋ ਸੱਚੀ ਸਲਾਹ ਦੇਵੇ। ਨੁਕਸਾਂ ਨੂੰ ਦੇਖ ਕੇ 'ਹਉ ਪਰੇ' ਕਰ ਛੱਡਣਾ ਤੇ ਵਾਹਵਾ ਖੱਟਣ ਲਈ ਝੂਠੀ ਉਸਤਤ ਕਰਨ ਵਾਲਾ ਸੱਚਾ ਮਿੱਤ੍ਰ ਨਹੀਂ, ਸਗੋਂ ਖੁਸ਼ਾਮਦੀ ਬੰਦਾ ਕਿਹਾ ਜਾ ਸਕਦਾ ਹੈ। ਭਾਈ ਸਾਹਿਬ ਸੱਜਣਾਂ ਦੇ ਨੁਕਸਾਂ ਨੂੰ ਜਣਾ ਦਿੰਦੇ ਸਨ ਤੇ ਜ਼ਰੂਰ ਜਣਾ ਦਿੰਦੇ ਸਨ, ਪਰ ਸਲਾਸੀ ਪਿਆਰ ਤੇ ਨਰਮ ਬਚਨਾਂ ਨਾਲ।

੨੪ ਅਪ੍ਰੈਲ ਨੂੰ ਆਪ ਸਿੱਖ ਕੰਨਿਆਂ ਮਹਾਂ ਵਿਦਿਆਲਾ ਫੀਰੋਜ਼ਪੁਰ ਦੇਖਣ ਗਏ। ਬੜੇ ਗਹੁ ਨਾਲ ਵੇਖਿਆ ਬੜੇ ਪ੍ਰਸੰਨ ਹੋਏ, ਪਰ ਨਾਲ ਹੀ ਜੋ ਜੋ ਖਾਮੀਆਂ ਦਿੱਸੀਆਂ ਉਹ ਭੀ ਦੱਸਣੋਂ ਨਹੀਂ ਰੁਕੇ। ਹੈ ਭੀ ਸੱਚ, ਜੋ ਕਿਸੇ ਦੇ ਨੁਕਸ ਨਹੀਂ ਦੇਖ ਸਕਦਾ ਉਹ ਗੁਣਾਂ ਦੀ ਭੀ ਕਦਰ ਨਹੀਂ ਕਰ ਸਕਦਾ। ਇਸ ਤਾਰੀਖ ਦਾ ਡਾਇਰੀ ਨੋਟ ਇਸਤਰ੍ਹਾਂ ਹੈ:-

"ਸਿੱਖ ਕੰ: ਮਹਾਂ ਵਿਦਯਾਲਾ ਬੋਰਡਿੰਗ ਦੇ ਦਰਸ਼ਨ ਕੀਤੇ। ਚਿੱਤ ਬੜਾ ਹੀ ਪ੍ਰਸੰਨ ਹੋਯਾ। ਕਈ ਗੁਪਤ ਪ੍ਰਗਟ ਸੰਦੇਹ ਹੋਏ ਜੋ ਜ਼ਬਾਨੀ ਤੇ ਰਾਇ ਬੁੱਕ ਵਿੱਚ ਹਿਤ ਨਾਲ ਸ੍ਰੀ ਮਾਨ ਭਾਈ ਤਖਤ ਸਿੰਘ ਜੀ ਪਾਸ ਪ੍ਰਗਟ ਕੀਤੇ ਤੇ ਸੁਧਾਰ ਦਾ ਭਰੋਸਾ ਮਿਲਿਆ।"



Digitized by Panjab Digital Library | www.panjabdigilib.org

"੮ ਜੂਨ ੧੯੧੦ ਨੂੰ ਸਰਦਾਰ ਸੰਤ ਸਿੰਘ ਜੀ ਰਈਸ (ਸਰ ਜੋਗਿੰਦਰ ਸਿੰਘ ਜੀ ਦੇ ਵੱਡੇ ਭਰਾਤਾ) ਰਸੂਲ ਪੁਰ ਵਾਲਿਆਂ ਦੇ ਮੁਖਤਾਰ ਤੇ ਮੁਨਸ਼ੀ ਦੋਹਾਂ ਨੂੰ ਦੇਖਣ ਗਿਆ। ਦਵਾਈ ਦਿੱਤੀ। ਉਨਾਂ ਦਵਾਈ ਦਾ ਮੁੱਲ ਤੇ ਫੀਸ ਵਜੋਂ, ਭੇਟਾ ਕੀਤੀ ਪਰ ਆਦਤ ਅਨੁਸਾਰ ਨਾਹ ਹੀ ਕੀਤੀ।"

੧੯ ਜੂਨ ਨੂੰ ਸ੍ਰੀ ਅੰਮ੍ਰਿਤਸਰ ਵਿੱਚ ਸਰਦਾਰ ਸੁੰਦਰ ਸਿੰਘ ਜੀ ਮਜੀਠਾ ਦੀ ਕੋਠੀ ਪੰਥਕ ਪ੍ਰੇਮੀਆਂ ਦੀ ਪੰਥਕ ਹਾਲਾਂ ਤੇ ਵਿਚਾਰ ਕਰਨ ਲਈ ਮੀਟਿੰਗ ਹੋਈ। ਇਸੇ ਮੀਟਿੰਗ ਬਾਰੇ ਭਾਈ ਸਾਹਿਬ ਨੋਟ ਬੁਕ ਵਿੱਚ ਲਿਖਦੇ ਹਨ ਕਿ:—

"ਰਾਇ ਬਹਾਦਰ ਸਰਦਾਰ ਸਾਧੂ ਸਿੰਘ ਜੀ ਨਾਲ ਬਹੁਤ ਗੱਲਾਂ ਤੇ ਵਿਚਾਰਾਂ ਹੋਈਆਂ, ਸਾਰੇ ਪੰਥ ਪ੍ਰੇਮੀਆਂ ਨੇ ਖਾ: ਐਡਵੋਕੇਟ ਕਮੇਟੀ ਦੀ ਸਕੱਤ੍ਰੀ ਲਈ ਬਹੁਤ ਪ੍ਰੇਰਨਾ ਕੀਤੀ, ਪਰ ਏਧਰ ਤਾਂ ਪਾਣੀ ਅੱਗੇ ਹੀ ਨਕੋਂ ਉੱਪਰ ਵੱਗ ਰਿਹਾ ਸੀ, ਵਿਤੋਂ ਬਾਹਰੀ ਸੇਵਾ ਦੇਖ ਕੇ ਜਵਾਬ ਹੀ ਦਿੱਤਾ"

੨੨ ਜੂਨ ਨੂੰ ਆਪ ਆਪਣੇ ਡਾਇਰੀ ਨੋਟ ਵਿੱਚ ਲਿਖਦੇ ਹਨ:—

"ਕੰ: ਮ: ਵਿਦਯਾਲਾ ਫੀਰੋਜ਼ਪੁਰ ਦੀਆਂ ਲੜਕੀਆਂ ਲਈ ੧੫ ਪੁਸਤਕ ਭੇਜੇ।"

ਪਿੱਛੇ ਅਸੀਂ ਪੰਥਕ ਆਗੂਆਂ ਬਾਬਤ ਇਸ਼ਾਰਾ ਮਾਤ੍ਰ ਕਰ ਆਏ ਹਾਂ। ਹੁਣ ਇੱਕ ਹੋਰ ਸਚਾਈ ਪ੍ਰਗਟ ਹੋਣ ਤੇ ਈਰਖਾ ਦਾ ਨਮੂਨਾ ਦੱਸਦੇ ਹਾਂ।

੨੪, ੨੫ ਮਾਰਚ ੧੯੧੦ ਨੂੰ ਭੁਜੰਗਣ ਦੀਵਾਨ ਕੈਰੋਂ ਮਾਝੇ ਵਿੱਚ ਬੜੀ ਸ਼ਾਨ ਨਾਲ ਹੋਇਆ। ਅਪੀਲ ਕਰਨ ਤੇ ਮਾਯਾ ਦਾ ਗੱਫਾ ਭੀ ਇਕੱਠਾ ਹੋ ਗਿਆ। ਵੈਦ ਜੀ ਨੇ ਇਸ ਦੀ ਕਾਰਰਵਾਈ ਨੂੰ ਅਪ੍ਰੈਲ ਮਈ ਦੇ 'ਦੂਖ ਨਿਵਾਰਨ' ਪੱਤ੍ਰ ਵਿੱਚ ਬੜੀ ਸੁਹਣੀ ਤਰ੍ਹਾਂ ਪ੍ਰਕਾਸ਼ਤ ਕੀਤਾ। ਪਰ ਨਾਲ ਹੀ ਪੰਥ ਹਿਤ ਕੁਛ ਸੱਚੀਆਂ ਗੋਝ ਗੱਲਾਂ ਦਾ ਭੀ ਵਰਣਨ ਕਰ ਦਿੱਤਾ। ਅਸਲ ਗੱਲ ਇਹ ਸੀ ਕਿ ਇਹ ਆਸ਼੍ਰਮ ਸਰਕਾਰ ਆਸਰੇ, ਸਰਕਾਰ ਦੇ ਹੁਕਮਾਂਨੁਸਾਰ, ਸਰਕਾਰ ਦੀ ਸਰਪਰਸਤੀ ਹੇਠ ਚਲ ਰਿਹਾ



Digitized by Panjab Digital Library | www.panjabdigilib.org

ਸੀ। ਕੇਵਲ ਸਿੱਖ ਬੀਬੀਆਂ ਲਈ ਹੀ ਨਹੀਂ, ਸਗੋਂ ਹਰ ਮਜ਼ਹਬ ਦੀਆਂ ਬੀਬੀਆਂ ਲਈ ਪਬਲਕ ਸਕੂਲ ਦੀ ਹੈਸੀਅਤ ਵਿੱਚ, ਪਰਬੰਧਕਾਂ ਨੇ ਇਸ ਗੱਲ ਨੂੰ ਕਦੇ ਖੋਲਿਆ ਹੀ ਨਾ ਸੀ। ਸਿੱਖ ਜੰਤਾ ਭੀ ਇਸ ਨੂੰ ਪੰਥ ਦਾ ਆਸ਼੍ਰਮ ਸਮਝਕੇ ਹੀ ਯਥਾ ਯੋਗ ਮਾਇਆ ਆਦਿ ਦੀ ਸਹਾਇਤਾ ਭੇਜ ਦੇ ਰਹਿੰਦੇ ਸਨ। ਵੈਦ ਜੀ ਨੇ ਪੰਥਕ ਲਾਭ ਤੇ ਸਚਾਈ ਹਿਤ ਇਹ ਭੇਦ ਪ੍ਰਗਟ ਕਰਕੇ ਦੂਰੰਦੇਸ਼ੀ ਵਰਤਣ ਲਈ ਸਲਾਹ ਦਿੱਤੀ। ਆਸ਼੍ਰਮ ਦੀ ਅਗਲੀ ਜ਼ਿੰਦਗੀ ਬਰ ਕਰਾਰ ਰੱਖਣ ਲਈ ਉਪਾ ਦੱਸੇ। ਪੰਥ ਪਜਾਰਿਆਂ ਨੂੰ ਇਹ ਹਾਲ ਖੁਲ੍ਹਿਆ ਸੁਣਕੇ ਕੰਨ ਹੋ ਗਏ, ਪਰ ਕਈ ਪ੍ਰਬੰਧਕਾਂ ਨੇ ਬੁਰਾ ਮਨਾਇਆ। ਧੰਨਵਾਦ ਦੀ ਥਾਂ ਸਗੋਂ ਵੈਦ ਜੀ ਨਾਲ ਈਰਖਾ ਕਰਦੇ ਹੋਏ ਬੇਪਤ ਕਰਨ ਦੀਆਂ ਸ਼ੁਹਦੀਆਂ ਧਮਕੀਆਂ ਦੇਣ ਤੇ ਉੱਤਰ ਆਏ। ਵੈਦ ਜੀ ਇਨ੍ਹਾਂ ਨਿਕਾਰੀਆਂ ਗਲਾਂ ਤੇ ਸ਼ੁਹਦੀਆਂ ਧਮਕੀਆਂ ਤੋਂ ਘਬਰਾਉਣ ਵਾਲੇ ਤਾਂ ਹਨ ਹੀ ਨਾ ਸਨ। ਹੈ ਭੀ ਗਲ ਠੀਕ "ਉਠਾਂ ਵਾਲਿਆਂ ਨਾਲ ਯਾਰਾਨੇ ਤੇ ਦਰਵਾਜੇ ਛੋਟੇ" ਰੱਖਣ ਵਾਲੀ ਕਹਾਵਤ ਵਾਂਗੂ ਅਖਬਾਰ ਨਵੀਸੀ ਵਿਚ ਪੈ ਕੇ ਫੇਰ ਸੱਚ ਪ੍ਰਗਟ ਕਰਨੋ ਝਿਝਕਣਾ, ਜਾਂ ਲੋਕਾਂ ਦੀਆਂ ਬੇ ਜਾ ਧਮਕੀਆਂ ਤੋਂ ਡਰਨ ਨਾਲ ਤਾਂ ਗੁਜ਼ਾਰਾ ਹੋ ਹੀ ਨਹੀਂ ਸਕਦਾ। ਹਾਂ! ਵੈਦ ਜੀ ਨੂੰ ਇਨ੍ਹਾਂ ਭੁੱਲੜਾਂ ਦੀਆਂ ਚਾਲਾਂ ਤੋਂ ਦੁਖ ਜ਼ਰੂਰ ਹੋਇਆ, ਅਜੇਹੇ ਪੰਥਕ ਆਗੂਆਂ ਬਾਰੇ ਅਫਸੋਸ ਕੀਤਾ। ਇਸ ਬਾਰੇ ੧੨ ਜੁਲਾਈ ਦੀ ਡਾਇਰੀ ਵਿਚ ਇਸਤਰਾਂ ਨੋਟ ਲਿਖਦੇ ਹਨ:—

"ਭਾਈ ਰਲਾ ਸਿੰਘ ਜੀ ਅੰਮ੍ਰਿਤਸਰ ਤੋਂ ਆਏ, ਆਪ ਨੇ ਦੱਸਿਆ ਕਿ 'ਮੈਨੂੰ ਰਸਤੇ ਵਿਚ 'ਸ:......ਸਿੰਘ ਰਸਾਲਦਾਰ' ਮਿਲੇ ਸਨ। ਆਪ ਆਖਦੇ ਸਨ ਜੋ ਦੁਖ ਨਿਵਾਰਨ ਵਿਚ ਕੈਰੋਂ ਬਾਬਤ ਲਿਖਿਆ ਗਿਆ ਹੈ, ਅਸੀਂ ਏਸ ਦਾ ਬਦਲਾ ਹੱਥੀਂ ਲੈਣਾ ਹੈ। ਵੈਦ ਜੀ ਨੂੰ ਬੇ ਪਤ ਕਰਨਾ ਹੈ, ਭਾਵੇਂ ਸਾਨੂੰ ਦੋ ਮਹੀਨੇ ਕੈਦ ਹੀ ਕੱਟਣੀ ਪਵੇ ਆਦਿਕ।' ਸੁਣ ਕੇ ਆਪ ਦੀ ਮੂਰਖਤਾ ਅਤੇ ਬੇ ਸਮਝੀ ਉਤੇ ਸ਼ੋਕ ਹੋਇਆ ਕਿ ਪੰਥ ਦੇ ਆਗੂ ਇਸ ਅਕਲ ਦੇ ਮਾਲਕ ਹਨ।"

ਦੂਜੇ ਦਿਨ ਸ:.....ਸਿੰਘ ਜੀ ਰਸਾਲਦਾਰ ਆਪ ਹੀ ਤਰਨ ਤਾਰਨ ਆ



Digitized by Panjab Digital Library | www.panjabdigilib.org

ਮਿਲੇ। ਵੈਦ ਜੀ ਭਲਾ ਕਦ ਚੁੱਪ ਰਹਿਣ ਵਾਲੇ ਸਨ। ਆਪ ਨੇ ਨਿਧੜਕ ਭਾਈ ਰਲਾ ਸਿੰਘ ਜੀ ਰਾਹੀਂ ਪੁੱਜਾ ਸਨੇਹਾ ਰਸਾਲਦਾਰ ਜੀ ਨੂੰ ਸੁਣਾ ਦਿੱਤਾ,ਤੇ ਬੇਖੌਫ ਸੱਚਾਈ ਲਈ ਵੰਗਾਰਿਆ। ਰਸਾਲਦਾਰ ਸਾਹਿਬ ਨੇ ਮੁਆਫੀ ਮੰਗੀ ਤੇ ਆਪਣੀ ਕਰਨੀ ਤੇ ਗੁਰਸਿਖਾਂ ਵਾਂਗ ਪਛਤਾਵਾ ਕੀਤਾ। ਦੋਵੇਂ ਗੁਰਮੁਖਾਂ ਵਾਂਗ ਫੇਰ ਮਿਲ ਗਏ। ਇਸ ਬਾਰੇ ੧੩ ਜੁਲਾਈ ਦਾ ਨੋਟ ਇਸ ਤਰ੍ਹਾਂ ਦਰਜ ਹੈ:–

"ਰਸਾਲਦਾਰ......ਸਿੰਘ ਜੀ ਆਏ, ਮਿਲੇ। ਆਪ ਨੂੰ ਦੱਸਿਆ ਕਿ ਆਪ ਦਾ ਸੰਦੇਸਾ ਭਾਈ ਰਲਾ ਸਿੰਘ ਜੀ ਹੱਥ ਪਹੁੰਚ ਗਿਆ ਸੀ, ਪਰ ਯਾਦ ਰਹੇ ਏਥੇ ਤਹਿਸੀਲ, ਥਾਣਾ ਸਭ ਕੁਛ ਹੈ। ਜੇ ਆਪ ਵਲੋਂ ਐਸਾ ਹੀ ਹੈ ਤਦ ਪਹਿਲੇ ਭੀ ੧੦੭ ਵਿਚ ਪ੍ਰਬੰਧ ਹੋ ਸਕਦਾ ਹੈ। ਸ਼ੋਕ ਹੈ ਕਿ ਆਪ ਲੋਕਾਂ ਦੇ ਅਜੇਹੇ ਛੋਟੇ ਵਿਚਾਰ ਸਚਾਈ ਨੂੰ ਮਲੀਆ ਮੇਟ ਕਰਨ ਵਾਸਤੇ ਹਨ'। ਆਪ ਨੇ ਕਿਹਾ 'ਮੈਂ ਆਪਣੀ ਬਾਬਤ ਤਾਂ ਨਹੀਂ ਕਿਹਾ ਸੀ, ਇਹ ਕਿਸੇ ਮੂਰਖ ਨੇ ਕਿਹਾ ਸੀ, ਮੈਂ ਉਸ ਨੂੰ ਰੋਕਿਆ ਸੀ। ਹਾਂ! ਮੇਰੇ ਪਾਸੋਂ ਜੋਸ਼ ਵਿਚ ਆ ਕੇ ਪੰਚ ਖੰਡ ਵਿਚ ਕੁਝ ਲਫਜ਼ ਝੂਠ ਜ਼ਰੂਰ ਨਿਕਲ ਗਏ ਸਨ। ਮੈਂ ਉਨ੍ਹਾਂ ਦੀ ਮੁਆਫੀ ਮੰਗਦਾ ਹਾਂ। ਆਪ ਦੇ ਫੁੱਲਾਂ ਦੀ ਮਾਰ ਭੀ ਸਾਨੂੰ ਪੱਥਰਾਂ ਤੋਂ ਵਧ ਦੁਖਦਾਈ ਹੈ। ਆਦਿਕ।"

੨੨ ਜੁਲਾਈ ਨੂੰ ਮਾਸਟਰ ਸੁੰਦਰ ਸਿੰਘ ਜੀ ਲਾਇਲ ਪੁਰੀ ਨੇ ਦਰਸ਼ਨ ਦਿਤੇ। ਵੈਦ ਜੀ ਨੇ ਆਪ ਨੂੰ ੨੫ ਪੁਸਤਕ ਅਕਾਸ਼ ਮੰਡਲ 'ਪੰਜਾਬੀ ਪ੍ਰਚਾਰ ਬੁੱਕ ਏਜੰਸੀ' ਲਾਹੌਰ ਵਾਸਤੇ ਦਿਤੇ,ਅਤੇ 'ਮਨਮਤ ਪ੍ਰਹਾਰ' ਲੜੀ ਦੀਆਂ ਨੰਬਰ ਵਾਰ ਛੇ ਪੁਸਤਕਾਂ, ਨਿੰਦਤ ਭ੍ਰਿਸ਼ਟਾਚਾਰ ਤੇ'ਮਹਾਂਮਾਰੀ ਦਮਨ' ਆਦਿਕ ਉਨ੍ਹਾਂ ਦੀ ਲਾਇਬ੍ਰੇਰੀ ਵਾਸਤੇ ਭੇਟ ਕੀਤੀਆਂ।

੪ ਅਗਸਤ ਨੂੰ ਆਪ ਦੀ ਪ੍ਰਧਾਨਗੀ ਹੇਠ ਖਾਲਸਾ ਪ੍ਰਚਾਰਕ ਵਿਦਿਆਲਾ ਦੀ ਕਮੇਟੀ, ਇਮਾਰਤ ਦੀ ਉਸਾਰੀ ਦੇ ਪ੍ਰਬੰਧ ਦੀਆਂ ਵਿਚਾਰਾਂ ਵਾਸਤੇ ਹੋਈ।

ਇਸ ਸਾਲ ਸਿਖ ਐਜੂਕੇਸ਼ਨਲ ਕਾਨਫ੍ਰੰਸ ਦਾ ਤੀਜਾ ਸਾਲਾਨਾ



Digitized by Panjab Digital Library | www.panjabdigilib.org

ਸਮਾਗਮ ਅੰਮ੍ਰਿਤਸਰ ਵਿਚ ਹੋਇਆ। ਚੁਫੇਰਿਓਂ ਪੰਜਾਬ ਦੇ ਵਿਚਕਾਹੇ ਤੇ ਧਾਰਮਕ ਨਗਰੀ ਹੋਣ ਕਰਕੇ ਬੇ-ਮਿਸਾਲ ਇਕੱਠ ਹੋਇਆ। ਅਨੇਕ ਪੰਥ ਹਿਤੈਸ਼ੀ, ਪੰਜਾਬੀ ਪ੍ਰਚਾਰ ਦੀਆਂ ਤੇ ਵਿਦਜਕ ਵਿਚਾਰਾਂ ਹੋਈਆਂ। ਅਨੇਕ ਦਿਲ ਖਿਚਵੇਂ ਲੈਕਚਰ ਤੇ ੨੦ ਦੇ ਕਰੀਬ ਗੁਰਮਤੇ ਪਾਸ ਹੋਏ। ਨੰਬਰ ੧੩ * ਗੁਰਮਤਾ ਜੋ ਨਸ਼ਿਆਂ ਦੀ ਨਖੇਧੀ ਬਾਰੇ ਸੀ ਉਸ ਉਤੇ ਵੈਦ ਜੀ ਨੇ ਸੁਹਣਾ ਲੈਕਚਰ ਦੇ ਕੇ ਉਸਦੀ ਤਾਈਦ ਕੀਤੀ।

ਤਰਨ ਤਾਰਨ ਨਿਵਾਸੀਆਂ ਨੇ ੧੯੦੫ ਵਿਚ ਨਗਰ ਸਭਾ ਦੀ ਮੈਂਬਰੀ ਲਈ ਖੜੇ ਹੋਣ ਲਈ ਵੈਦ ਜੀ ਨੂੰ ਜ਼ੋਰ ਲਾਇਆ ਸੀ। ਉਸ ਵੇਲੇ ਵੈਦ ਜੀ ਨੇ ਬੜੀ ਮਿੰਨਤ ਤਰਲਾ ਕਰ ਕੇ ਇਨਕਾਰ ਕੀਤਾ ਸੀ। ਪਿਛਲੇ ਚਾਰ ਪੰਜ ਸਾਲ ਦੀ ਲੋਕ ਸੇਵਾ ਵੇਖ,ਤਰਨ ਤਾਰਨ ਨਿਵਾਸੀਆਂ ਦੇ ਦਿਲਾਂ ਵਿਚ ਵੈਦ ਜੀ ਬਾਰੇ ਹੋਰ ਭੀ ਸ਼ਰਧਾ ਵਧ ਗਈ। ਆਪ ਦੀ ਸੱਚਾਈ, ਨਿਰਪੱਖਤਾ ਤੇ ਵਿਚਾਰ ਤੋਂ ਸਭ ਨੂੰ ਯਕੀਨ ਹੋ ਗਿਆ ਕਿ ਵੈਦ ਜੀ ਨਗਰ ਨਿਵਾਸੀਆਂ ਦੀ ਨਿਰਪੱਖ ਤੇ ਸੱਚਾਈ ਨਾਲ ਸਭ ਤੋਂ ਵਧ ਸੇਵਾ ਕਰ ਸਕਦੇ ਹਨ। ਇਸ ਲਈ ਇਸ ਸਾਲ ਦੀ ਅਲੈਕਸ਼ਨ ਵਿਚ ਵੈਦ ਜੀ ਤੋਂ ਦਰਖਾਸਤ ਲਿਖ ਕੇ ਦਸਖਤ ਕਰਵਾ ਹੀ ਲੈ ਗਏ। ਵੈਦ ਜੀ ਦੇ ੨੩ ਅਗਸਤ ਦੇ ਰੋਜ਼ ਨਾਮਚੇ ਵਿਚ ਇਕ ਸੰਖੇਪ ਜੇਹਾ ਨੋਟ ਇਸਤਰ੍ਹਾਂ ਦਰਜ ਹੈ:–

> "ਅਜ ਲਾਲਾ ਗਣੇਸ਼ ਦਾਸ ਜੀ, ਬਾਬੂ ਕ੍ਰਿਪਾ ਰਾਮ ਜੀ, ਬਾਬੂ ਅਮਰ ਨਾਥ ਜੀ, ਭਾਈ ਸੰਤ ਸਿੰਘ ਜੀ, ਭਾਈ ਗੁਰਦਿਤ ਸਿੰਘ ਜੀ ਤੇ ਭਾਈ ਬਿਸ਼ਨ ਸਿੰਘ ਜੀ ਆਦਿ ਕਈ ਸਜਣਾਂ ਨੇ ਮਿਉਂਸੀਪਲ ਕਮੇਟੀ ਦੀ ਮੈਂਬਰੀ ਵਾਸਤੇ ਦਰਖਾਸਤ ਦੇਣ ਨੂੰ ਕਿਹਾ ਤੇ ਜ਼ਬਰ ਦਸਤੀ ਦਰਖਾਸਤ ਉਤੇ ਦਸਖਤ ਕਰਵਾ ਲਏ।"

---

*"ਗੁਰਮਤਾ—ਖਾਲਸਾ ਜੀ! ਸਿਖ ਸੰਗਤ ਵਿਚ ਸਾਰੇ ਨਸ਼ਿਆਂ ਦਾ ਵਰਜਨ ਹੋਣਾ ਚਾਹੀਦਾ ਹੈ, ਨਸ਼ਾ ਸਾਰੇ ਘਾਟਿਆਂ ਦਾ ਮੂਲ ਹੈ। ਇਸ ਪਰ ਜੋ ਧਨ ਵਿਅਰਥ ਗਵਾਇਆ ਜਾਂਦਾ ਹੈ ਉਹ ਵਿਦਿਆ ਪ੍ਰਚਾਰ ਪਰ ਖਰਚ ਕਰ ਕੇ ਸੰਤਾਨ ਦੇ ਸੁਧਾਰ ਦਾ ਬਾਨ੍ਹਣੂ ਬੱਨ੍ਹਣਾ ਚਾਹੀਏ।"



Digitized by Panjab Digital Library | www.panjabdigilib.org

ਭਾਈ ਸੰਤ ਜੀ ਆਪ ਦੇ ਖਾਸ ਹਮਦਰਦਾਂ ਵਿੱਚੋਂ ਸਨ। ਆਪ ਨੇ ਸ਼ਹਿਰਦਾਰਾਂ ਨੂੰ ਵੈਦ ਜੀ ਦੇ ਨਗਰ ਸਭਾ ਦੀ ਮੈਂਬਰੀ ਲਈ ਖੜੇ ਹੋਣ ਦੀ ਖਬਰ ਘਰ ਘਰ ਪਹੁੰਚਾਈ ਤੇ ਸਭ ਨੂੰ ਵੈਦ ਜੀ ਲਈ ਵੋਟ ਦੇਣ ਵਾਸਤੇ ਵੰਗਾਰਿਆ। ਇਸੇ ਹੀ ਤਰ੍ਹਾਂ ਹੋਰ ਪਤਵੰਤੇ ਸ਼ਹਿਰ ਦੇ ਸ਼ੁਭ ਚਿੰਤਕ, ਤੇ ਹਮਦਰਦਾਂ ਨੇ ਸ਼ਹਿਰਦਾਰਾਂ ਨੂੰ ਸੁਹਣੀ ਪ੍ਰੇਰਨਾ ਕੀਤੀ। ਪਹਿਲਾਂ ਇੱਕ ਮਨਚਲਾ ਵੈਦ ਜੀ ਦੇ ਮੁਕਾਬਲੇ ਤੇ ਖੜਾ ਹੋਇਆ। ਪਰ ਅੰਤ ਵਿਚ ੧੫ ਸਤੰਬਰ ਨੂੰ ਵੈਦ ਜੀ ਬਿਲਾ ਮੁਕਾਬਲਾ ਨਗਰ ਸਭਾ ਦੇ ਮੈਂਬਰ ਚੁਣੇ ਗਏ। ਇਸ ਉੱਤੇ ਡਾਇਰੀ ਨੋਟ ਇਸਤਰ੍ਹਾਂ ਹੈ:—

"ਅਜ ਮਿਊਂਨਸੀਪਲ ਕਮੇਟੀ ਦੀ ਮੈਂਬਰੀ ਲਈ ਅਲੈਕਸ਼ਨ ਹੋਇਆ। ਸ਼ਹਿਰਦਾਰਾਂ ਦੀ ਕ੍ਰਿਪਾ ਤੇ ਸਭ ਦੇ ਸਭ ਹੀ ਵੋਟ ਲਗ ਭਗ ਦਾਸ ਵਾਸਤੇ ਹੀ ਦੇਖ ਕੇ ਲਾਲਾ ਸੁਖਰਾਜ ਮਲ ਤੇ ਲਾਲਾ ਹਰ ਕਿਸ਼ਨ ਦਾਸ ਨੇ ਆਪਣੀ ੨ ਓਮੈਦਵਾਰੀ ਤੋਂ ਦਸਤਬਰਦਾਰੀ ਦੇ ਦਿੱਤੀ। ਬਿਨਾ ਅਲੈਕਸ਼ਨ ਦੇ, ਦਾਸ ਦਾ ਨਾਂ ਅਲੈਕਟ ਹੋ ਗਿਆ।"

੨੨ ਅਕਤੂਬਰ ੧੯੧੦ ਨੂੰ ਸਰਕਾਰੀ ਗਜ਼ਟ ਵਿੱਚ ਆਪ ਦਾ ਨਾਮ ਨਗਰ ਸਭਾ ਦੀ ਮੈਂਬਰੀ ਵਾਸਤੇ ਪ੍ਰਕਾਸ਼ਤ ਹੋ ਗਿਆ।

ਨਗਰ ਸਭਾ ਦੇ ਮੈਂਬਰ ਬਣਕੇ ਆਪ ਆਮ ਮੈਂਬਰਾਂ ਵਾਂਗ ਖੁਸ਼ੀ ਵਿੱਚ ਟੱਪਣ ਤੇ ਪਾਰਟੀਆਂ ਦੇਣ ਵਿੱਚ ਨਹੀਂ ਰੁੱਝ ਗਏ, ਆਪ ਤਾਂ ਸੇਵਾ ਲਈ ਗਏ ਸਨ, ਤੇ ਸੇਵਾ ਦਾ ਹੀ ਆਪ ਨੂੰ ਧਿਆਨ ਸੀ। ਨਾਮ ਗਜ਼ਟ ਵਿੱਚ ਪ੍ਰਕਾਸ਼ਤ ਹੁੰਦਿਆਂ ਹੀ ਆਪ ਨੂੰ ਨਗਰ ਸਭਾ ਦੀ ਬਿਹਤ੍ਰੀ ਦੀਆਂ ਸੋਚਾਂ ਨੇ ਆ ਘੇਰਿਆ। ਹਰ ਵਕਤ ਆਪ ਜਿਧਰ ਭੀ ਜਾਂਦੇ ਕੁਝ ਨ ਕੁਝ ਨੋਟ ਹੀ ਕਰਦੇ, ਤੇ ਸੱਜਣਾਂ ਮਿੱਤ੍ਰਾਂ ਨਾਲ ਮਿਲ ਕੇ ਨਗਰ ਦੀ ਸੇਵਾ ਕਰਨ ਦੀਆਂ ਸਕੀਮਾਂ ਸੋਚਦੇ।

ਆਪ ਝੂਠੇ ਮਾਨ ਵਡਿਆਈ ਤੇ ਅਹੰਕਾਰ ਤੋਂ ਕਿੰਨੇ ਦੂਰ ਸਨ, ਇਹ ਇਸ ਨਿਕੇ ਜੇਹੇ ਨੋਟ ਤੋਂ ਪ੍ਰਗਟ ਹੋ ਜਾਂਦਾ ਹੈ। ਨੋਟ ਇਹ ਹੈ:—



Digitized by Panjab Digital Library | www.panjabdigilib.org

"੧੦ ਬਜੇ ਪਾਦਰੀ ਗਿਲਫੋਰਡ ਪ੍ਰੈਜ਼ੀਡੰਟ ਨਗਰ ਸਭਾ ਨੂੰ ਮਿਲਿਆ ਤੇ ਕਿਹਾ ਕਿ 'ਮੈਂ ਨਵਾਂ ਕੰਮ ਸ਼ੁਰੂ ਕਰਦਾ ਹਾਂ, (ਨਵਾਂ ਮੈਂਬਰ ਹਾਂ) ਕੁਝ ਹਦਾਇਤਾਂ ਤਾਂ ਦੱਸੋ।' ਉਸ ਨੇ ਕਿਹਾ ਕਿ 'ਸਭ ਤੋਂ ਵੱਡੀ ਹਦਾਇਤ ਇਹ ਹੈ ਕਿ ਆਪਣੀ ਜ਼ਮੀਰ (ਆਤਮਕ ਆਵਾਜ਼) ਦੇ ਪਿੱਛੇ੨ ਚਲਦੇ ਜਾਓ। ਕਦੇ ਧੋਖਾ ਨਹੀਂ ਹੋਵੇਗਾ।" (੨—੧੨—੧੯੧੦)

ਇਸ ਨੋਟ ਵਿੱਚ ਪ੍ਰਗਟ ਹੈ ਕਿ ਪਾਦਰੀ ਗਿਲਫੋਰਡ ਅੰਗ੍ਰੇਜ਼ ਮਯੂਨਸਪੈਲਟੀ ਦਾ ਪ੍ਰਧਾਨ ਸੀ। ਆਪ ਨਗਰ ਸਭਾ ਵਿੱਚ ਰਹਿਕੇ ਵੱਧ ਤੋਂ ਵੱਧ ਸੱਚੀ ਸੇਵਾ ਕਰਨੀ ਚਾਹੁੰਦੇ ਸਨ, ਇਸ ਲਈ ਸਿੱਧੇ ਪ੍ਰਧਾਨ ਕੋਲ ਹੀ ਸਿੱਖਿਆ ਲੈਣ ਚਲੇ ਗਏ। ਤੇ ਸਾਫ ਜਾਕੇ ਆਪਣੇ ਅਨਜਾਣ ਪਣੇ ਦਾ ਅਜ਼ਹਾਰ ਕਰ ਦਿੱਤਾ, ਤੇ ਸਿਖਿਆ ਮੰਗੀ । ਸਾਡੇ ਅਹੰਕਾਰੀ ਕੁਛ ਭੀ ਨਾ ਜਾਣਨ ਵਾਲੇ ਮੈਂਬਰਾਂ ਨੂੰ ਵੈਦ ਜੀ ਦੇ ਇਸ ਵਤੀਰੇ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਏਥੇ ਹੀ ਬੱਸ ਨਹੀਂ ਵਾਕਫੀਅਤ ਹਾਸਲ ਕਰਨ ਲਈ ਆਪ ਨੇ ਹਰ ਪਾਸਿਓਂ ਪੁੱਛ ਕੀਤੀ ਤੇ "ਕਮੇਟੀ ਵਿੱਚੋਂ ਬਾਈ ਲਾ ਤੇ ਮਯੂਨਸਪਲ ਐਕਟ ਅੰਗ੍ਰੇਜ਼ੀ ਮੰਗਵਾਕੇ ਦੇਖੇ ਤੇ ਸੁਣੇ" "ਕਮੇਟੀ ਵਿੱਚੋਂ ੧੮੯੬ ਤੋਂ ੧੯੦੦ ਤੱਕ ਦੇ ਪਿਛਲੇ ਤਜਵੀਜ਼ਾਂ ਦੇ ਰਜਿਸਟਰ ਮੰਗਵਾਕੇ ਅੱਛੀ ਤਰ੍ਹਾਂ ਦੇਖੇ।" ਤੇ ਵਾਕਫੀਅਤ ਪ੍ਰਾਪਤ ਕੀਤੀ।

੨੨ ਦਸੰਬਰ ੧੯੧੦ ਨੂੰ ਨਗਰ ਸਭਾ ਦੀ ਨਵੀਂ ਕਮੇਟੀ ਦੀ ਪਹਿਲੀ ਮੀਟਿੰਗ ਹੋਈ। ਘੜੀ ਦੇ ਲੇਟ ਹੋਣ ਤੇ ਆਪ ਪੰਜ ਸੱਤ ਮਿੰਟ ਲੇਟ ਹੋ ਗਏ, ਜਿਸਦਾ ਆਪ ਨੂੰ ਬਹੁਤ ਹੀ ਅਫਸੋਸ ਹੋਇਆ । ਆਪਦੇ ਪਹੁੰਚਣ ਤੋਂ ਪਹਿਲਾਂ ਇੱਕ ਪੱਖੀ ਮੈਂਬਰਾਂ ਨੇ ਕੋਰਮ ਪੂਰਾ ਕਰਕੇ ਉਸ ਸਮੇਂ ਦੇ ਸੁਪ੍ਰੰਟੰਡੰਟ ਪੰਡਤ ਨੂੰ ਜੰਡਿਆਲੇ (ਪਿੰਡ) ਜਾਣ ਦੀ ਮਨਜ਼ੂਰੀ ਦੇ, ਓਥੋਂ ਦਾ ਆਰਜ਼ੀ ਮੰਗਵਾਨ ਨੂੰ ਲਿਖ ਦੇਣ ਦਾ ਰੈਜ਼ੋਲਯੂਸ਼ਨ ਪਾਸ ਕਰ ਦਿੱਤਾ। ਜੋ ਨੋਟਿਸ ਵਿੱਚ ਦਰਜ ਨਹੀਂ ਸੀ। ਪ੍ਰਧਾਨ ਨੇ ਉਸੇ ਵੇਲੇ ਦਸਖਤ



Digitized by Panjab Digital Library | www.panjabdigilib.org

ਭੀ ਕਰ ਦਿੱਤੇ। ਵੈਦ ਜੀ ਨੂੰ ਬੜਾ ਅਫਸੋਸ ਹੋਇਆ ਤੇ ਅਨਜਾਯ ਜਾਪਿਆ। ਮੀਟਿੰਗ ਦੇ ਬਾਦ ਆਪ ਸਿੱਧੇ ਪਾਦਰੀ ਸਾਹਿਬ ਦੀ ਕੋਠੀ ਪੁੱਜੇ। ਵਿਚਾਰਾਂ ਵਿੱਚ ਵੈਦ ਜੀ ਨੇ ਪਾਦਰੀ ਸਾਹਿਬ (ਪ੍ਰਧਾਨ ਕਮੇਟੀ) ਨੂੰ ਸਾਬਤ ਕਰ ਦਿੱਤਾ ਕਿ ਇਹ ਸਾਰੀ ਕਾਰਰਵਾਈ(ਹਦਾਇਤਾਂ) ਅਯੋਗ ਤੇ ਬੇਕਾਇਦਾ ਸੀ। ਇਨ੍ਹਾਂ ਦੇ ਸੁਧਾਰ ਦਾ ਇਕਰਾਰ ਲੈਕੇ ਉਸੇ ਵੇਲੇ ਸਕੱਤ੍ਰ ਨੂੰ ਹੁਕਮ ਲਿਖਾਕੇ ਆਏ। ਇਸ ਪਹਿਲੀ ਹਿੰਮਤ ਤੋਂ ਹੀ ਸ਼ਹਿਰ ਵਾਸੀਆਂ ਦੇ ਹਿਰਦੇ ਪ੍ਰਫੁੱਲਤ ਹੋ ਗਏ ਤੇ ਵੈਦ ਜੀ ਦੀ ਇਸ ਹਿੰਮਤ ਤੇ ਹੌਸਲੇ ਦੀ ਸਭ ਨੇ ਸਲਾਹਤਾ ਕੀਤੀ।

ਅਸੀਂ ਉੱਪਰ ਦੱਸ ਆਏ ਹਾਂ ਕਿ ਆਪ ਨੂੰ ਸਦਾ ਹੀ ਪੰਜਾਬੀ ਤੇ ਸਿੱਖੀ ਪ੍ਰਚਾਰ ਦਾ ਖਿਆਲ ਲੱਗਾ ਰਹਿੰਦਾ ਸੀ। ਬੜੇ ਦਿਨ ਦੀ ਖੁਸ਼ੀ ਵਿੱਚ ਸਾਰੇ ਹੀ ਪਾਦਰੀ ਸਾਹਿਬ ਨੂੰ ਪਿਆਰ ਭਰੇ ਤੁਹਫੇ ਲੈਕੇ ਗਏ। ਆਪ ਇਸ ਨੂੰ ਰਿਸ਼ਵਤ ਖਿਆਲ ਕਰਕੇ ਕੋਈ ਚੀਜ਼ ਦੇਣੋਂ ਝਿਝਕਦੇ ਸਨ। ਆਖਰ ਨੂੰ ਗਏ ਤੇ ਕੀ ਭੇਟਾ ਲੈ ਗਏ? ਇਸ ਬਾਰੇ ਵੈਦ ਜੀ ਦਾ ਹੱਥੀਂ ਲਿਖਿਆ–ਨੋਟ ਹੀ ਏਥੇ ਦਰਜ ਕਰ ਦੇਣਾ, ਸੁਹਣਾ ਲੱਗੇਗਾ। ਆਪ ੨੬ ਦਸੰਬਰ ੧੯੧੦ ਦੀ ਡਾਇਰੀ ਵਿੱਚ ਲਿਖਦੇ ਹਨ:–

"ਪਾਦਰੀ ਗਿਲਫੋਰਡ ਪ੍ਰੈਜ਼ੀਡੈਂਟ ਕਮੇਟੀ ਤੇ ਉਸਦੀ ਮੇਮ ਜੋਗ ਬੜੇ ਦਿਨ ਤੇ ਡਾਲੀ ਦਿੱਤੀ। ਤਬੀਅਤ ਨਹੀਂ ਮੰਨਦੀ ਸੀ ਪਰ ਏਸ ਵਿਚਾਰ ਤੇ ਕਿ ਕਮੇਟੀ ਵਲੋਂ ਵਾਹ ਪੈਣਾ ਹੈ, ਨਾਲੇ ਬਾਕੀ ਸਾਰੇ ਮੈਂਬਰ ਤੇ ਬਹੁਤੇ ਸ਼ਹਿਰਦਾਰ ਦੇ ਆਏ ਹਨ। ਮੈਂ ਨਾਂ ਗਿਆ ਤਾਂ ਈਰਖਾ ਰੱਖ਼ੇਗਾ। ਮੇਰੇ ਵਾਸਤੇ ਕਿਸੇ ਅੰਗ੍ਰੇਜ਼ ਜਾਂ ਹੋਰ ਨੂੰ ਏਸ ਸ਼ਕਲ ਵਿੱਚ ਡਾਲੀ ਦੇਣ ਦਾ ਇਹ ਪਹਿਲਾ ਹੀ ਮੌਕਾ ਹੈ। ਸਾਹਿਬ ਨੂੰ ੧ ਜਪੁਜੀ ਸਾਹਿਬ ਅੰਗ੍ਰੇਜ਼ੀ ਤੇ ਮੇਮ ਨੂੰ ੧ ਸੁੰਦਰੀ (ਭਾਈ ਵੀਰ ਸਿੰਘ ਜੀ ਕ੍ਰਿਤ) ਭੀ ਦਿੱਤੀ.........ਮੇਮ ਬਹੁਤ ਹੀ ਪ੍ਰਸੰਨ ਹੋਈ। ਬਾਕੀ ਸਭ ਨੂੰ ਭੇਜਕੇ ਮੈਨੂੰ ਉਸਨੇ ਅੰਦਰ ਬੁਲਾਕੇ ਪ੍ਰਸੰਨਤਾ ਪ੍ਰਗਟ ਕੀਤੀ ਤੇ ਹੋਰ ਵੈਦਕ ਸੰਬੰਧੀ ਬਹੁਤ ਗੱਲਾਂ ਹੋਈਆਂ।"

ਪਾਠਕ ਜਨ ਦੇਖਿਆ ਜੇ! ਪੰਜਾਬੀ ਤੇ ਸਿੱਖੀ ਪ੍ਰੇਮ। ਭੇਟਾ ਦਿੰਦੇ



Digitized by Panjab Digital Library | www.panjabdigilib.org

ਹਨ ਨਗਰ ਸਭਾ ਦੀ ਬਿਹਤ੍ਰੀ ਦੇ ਖਿਆਲ ਨਾਲ ਪਰ ਉਸ ਵਿੱਚ ਭੀ ਗੁਰ ਸਿੱਖੀ ਤੇ ਪੰਜਾਬੀ ਦਾ ਪ੍ਰੇਮ ਨਹੀਂ ਵਿੱਸਰਦਾ।

ਵੈਦ ਜੀ ਨੂੰ ਗੁਰਸਿੱਖੀ ਤੇ ਪੰਜਾਬੀ ਪ੍ਰਚਾਰ ਦਾ ਅਜੇਹਾ ਪ੍ਰੇਮ ਸੀ ਕਿ ਆਪ ਦਿਨ ਰਾਤ ਇਸੇ ਦੇ ਹੀ ਸੁਪਨੇ ਦੇਖਦੇ ਸਨ। ਕਿਸੇ ਬੀਮਾਰ ਪਾਸ ਗਏ, ਕਿਸੇ ਸੱਜਣ ਮਿੱਤ੍ਰ ਸੰਬੰਧੀ ਨਾਲ ਮਿਲੇ, ਕੋਈ ਆਪ ਜੀ ਨੂੰ ਮਿਲਨ ਵਾਸਤੇ ਆਵੇ, ਕਿਸੇ ਨਵੇਂ ਪਤਵੰਤੇ ਨਾਲ ਮੁਲਾਕਾਤ ਹੋਵੇ ਆਪ ਹਰ ਤਰਾਂ ਪੰਜਾਬੀ ਪ੍ਰਚਾਰ ਤੇ ਸਿੱਖੀ ਸਿਦਕ ਭਰੋਸੇ ਦੇ ਪ੍ਰਚਾਰ ਲਈ ਕੁਛ ਨ ਕੁਛ ਉੱਦਮ ਕਰੀ ਹੀ ਜਾਂਦੇ। ਪੁਸਤਕਾਂ ਖਰੀਦ ਕੇ ਲੋੜਵੰਦਾਂ, ਵਿੱਦਵਾਨਾਂ ਤੇ ਅਨਮੱਤਾਂ ਵਾਲਿਆਂ ਨੂੰ ਮੁਫਤ ਵੰਡਣ ਦਾ ਤਾਂ ਮਾਨੋ ਆਪ ਦਾ ਸੁਭਾਵ ਹੀ ਹੋ ਗਿਆ ਸੀ।

ਇਕ ਨੌਜਵਾਨ ਸਿੱਖ ਬੱਚਾ ਵਲਾਇਤ ਨੂੰ ਇੰਜਨੀਅਰਿੰਗ ਪੜ੍ਹਨ ਲਈ ਜਾਂਦਾ ਹੈ। ਪਤਵੰਤੇ ਅਫਸਰ ਦਾ ਸਪੁੱਤ੍ਰ ਹੋਣ ਕਰਕੇ ਲੋਕੀਂ ਭੇਟਾ ਦੇ ਦੇ ਕੇ ਵਿਦਾ ਕਰਦੇ ਹਨ। ਆਪ ਭੀ ਆਪਣੇ ਸੱਜਣ ਦੇ ਸਪੁੱਤ੍ਰ ਨੂੰ ਵਿਦਾ ਕਰਨ ਲਈ ਜਾਂਦੇ ਹਨ। ਪਿਆਰ ਵਜੋਂ ਅਸੀਸ ਦੇ ਕੇ ਭੇਟਾ ਭੀ ਪੇਸ਼ ਕਰਦੇ ਹਨ,ਪਰ ਕੀ ? ਉਹੀ 'ਸਿੱਖੀ ਦਾ ਪਿਆਰ'।

੧੪ ਸਤੰਬਰ ਦਾ ਨੋਟ ਹੈ:-

> "ਸਰਦਾਰ ਤੇਜਾ ਸਿੰਘ ਪੁਲਿਸ ਇਨਸਪੈਕਟਰ ਤਰਨ ਤਾਰਨ ਦਾ ਸਪੁੱਤ੍ਰ ਸ: ਉਧਮ ਸਿੰਘ ਅੱਜ ਵਿਲਾਇਤ ਨੂੰ ਇੰਜਨੀਅਰਿੰਗ ਦੀ ਪੜ੍ਹਾਈ ਵਾਸਤੇ ਤੁਰਿਆ। ਤੁਰਦੀ ਵਾਰ ਆਪ ਜੋਗ ੧ ਸਿੱਖ ਹਿਸਟਰੀ ਕੈਨਿੰਘਮ ਵਾਲੀ ਅੰਗ੍ਰੇਜ਼ੀ ਵਿਚ, ਤੇ ਇਕ ਜਪੁਜੀ ਸਾਹਿਬ ਅੰਗ੍ਰੇਜ਼ੀ ਵਿਚ ਦਿੱਤਾ। ਲੈਕੇ ਬੜਾ ਹੀ ਪ੍ਰਸੰਨ ਹੋਯਾ।"

ਬਾਹਰੋਂ ਸੁਧਾਈ ਲਈ ਖਰੜੇ ਭੀ ਆਪ ਪਾਸ ਪੁੱਜਦੇ ਹੀ ਰਹਿੰਦੇ ਸਨ, ਇਸ ਲਈ ੨੫ ਸਤੰਬਰ ਨੂੰ ਗਿਆਨੀ ਲਾਲ ਸਿੰਘ ਜੀ ਵਲੋਂ ਇਕ ਖਰੜਾ 'ਸਿਦਕ ਸਹਾਰ ਦਾ' ਸੁਧਾਈ ਵਾਸਤੇ ਪੁੱਜਾ। ਜਿਸ ਨੂੰ ਭਾਈ



Digitized by Panjab Digital Library | www.panjabdigilib.org

ਸਾਹਿਬ ਜੀ ਨੇ ਯੋਗਤਾ ਅਨੁਸਾਰ ਠੀਕ ਕਰਕੇ ਪ੍ਰੇਮ ਸਹਿਤ ਮੋੜਿਆ।

ਭਾਈ ਵੀਰ ਸਿੰਘ ਜੀ ਭੀ ਸਦਾ ਆਉਂਦੇ ਹੀ ਰਹਿੰਦੇ ਸਨ। ੯ ਅਕਤੂਬਰ ਨੂੰ ਸੰਤ ਭੋਲਾ ਸਿੰਘ ਜੀ ਦੇ ਡੇਰੇ ਦੋਹਾਂ ਪ੍ਰੇਮੀਆਂ ਦੀਆਂ ਢੇਰ ਚਿਰ ਤਕ ਪੰਥ ਉੱਨਤੀ, ਪੰਜਾਬੀ ਪ੍ਰਚਾਰ ਤੇ ਸਿੱਖ ਪੰਥ ਦੀ ਤਰੱਕੀ ਉੱਤੇ ਗੱਲਾਂ ਤੇ ਵਿਚਾਰਾਂ ਹੁੰਦੀਆਂ ਰਹੀਆਂ।

੨੦ ਅਕਤੂਬਰ ਨੂੰ ਵੈਦ ਜੀ ਨੇ ਭਾਈ ਸਾਹਿਬ ਵੀਰ ਸਿੰਘ ਜੀ ਹੱਥੀਂ 'ਸ੍ਵਾਮੀ ਅਤੇ ਇਸਤ੍ਰੀ' ਦਾ ਖਰੜਾ ਖਾਲਸਾ ਟ੍ਰੈਕਟ ਸੋਸਾਇਟੀ ਵਿਚ ਛਪਣ ਵਾਸਤੇ ਭੇਜਿਆ।

੧੧ ਅਕਤੂਬਰ ਨੂੰ "ਜੂਆ ਕਿਨੇ ਨ ਜਿੱਤਿਆ ਸਭ ਜੂਏ ਜਿੱਤੇ" ਹੈਂਡ ਬਿਲ ਲਿਖਿਆ।

ਕਿਹੜਾ ਦਿਨ ਸੀ ਜਦ ਆਪ ਨੂੰ ਕਿਸੇ ਨ ਕਿਸੇ ਫੀਸ ਦੇਣ ਵਾਲੇ ਜਾਂ ਪ੍ਰੇਮ ਭੇਟ (ਨਜ਼ਰ) ਦੇਣ ਵਾਲੇ ਨਾਲ ਵਾਹ ਨਾ ਸੀ ਪੈਂਦਾ? ਆਪ ਕਈ ਵਾਰ ਕਹਿਣ ਤੇ ਸੋਚਦੇ ਕਿ ਲੈਕੇ ਕਿਸੇ ਹੋਰ ਲੋੜਵੰਦ ਜਾਂ ਕਿਸੇ ਧਾਰਮਕ ਆਸ਼੍ਰਮ ਨੂੰ ਮਦਦ ਦੇ ਦਿਆ ਕਰੀਏ, ਪਰ ਫੇਰ ਆਪ ਇਹੀ ਵਿਚਾਰਦੇ ਕਿ ਕੌਣ ਦੂਜੇ ਦਾ ਦਾਨ ਲੈਕੇ ਦੂਜੇ ਨੂੰ ਦੇਵੇ? ਇਹ ਨਹੀਂ ਹੋ ਸਕਦਾ। ਵਾਹਿਗੁਰੂ ਇਸੇ ਹੀ ਤਰ੍ਹਾਂ ਨਿਭਾਈ ਜਾਵੇ। ੧੨ ਨਵੰਬਰ ੧੯੧੦ ਨੂੰ ਭੀ ਇਕ ਇਜੇਹਾ ਹੀ ਨੋਟ ਹੈ:-

> "ਨਜ਼ਰਾਂ ਦੇਣ ਵਾਲੇ ਕਈ ਬੀਮਾਰ ਔਂਦੇ ਹਨ। ਮੈਨੂੰ ਸਗੋਂ ਉਨ੍ਹਾਂ ਨੂੰ ਦਵਾਵਾਂ ਭੀ ਮੁਫਤ ਦੇਣੀਆਂ ਪੈਂਦੀਆਂ ਹਨ। ਫੀਸ ਲੈਣ ਨੂੰ ਜੀ ਨਹੀਂ ਮੰਨਦਾ। ਵਾਹਿਗੁਰੂ ਜੀ ਇਸੇ ਤਰਾਂ ਹੀ ਨਿਰਬਾਹ ਦੇਵਣ।"

ਕਿਸੇ ਭਲੇ ਪੁਰਸ਼ ਨੂੰ ਦੇਖਕੇ ਆਪ ਸਦਾ ਸਿੱਖਿਆ ਗ੍ਰਹਣ ਕਰਦੇ ਸਨ। ਕੀਨਾ ਹਸਦ ਨਹੀਂ ਕਰਦੇ ਸਨ, ਸਗੋਂ ਉਸਦੀ ਇੱਜ਼ਤ, ਪ੍ਰਸੰਸਾ ਤੇ ਮਾਨ ਕਰਦੇ ਸਨ। ੨ ਦਸੰਬਰ ਨੂੰ ਸਰਦਾਰ ਬਿਸ਼ਨ ਸਿੰਘ ਜੀ ਡਿਪਟੀ ਆਉਂਦੇ ਹਨ। ਹੋਰ ਲੋਕਾਂ ਨਾਲ ਆਪ ਭੀ ਸੁਆਗਤ ਲਈ ਜਾਂਦੇ ਹਨ।



Digitized by Panjab Digital Library | www.panjabdigilib.org

ਉਸਦੀ ਸਾਦਗੀ, ਸਚਾਈ ਤੇ ਬੇ-ਲਾਲਚ ਦੀ ਤਬੀਅਤ ਦੇਖਕੇ ਬੜੇ ਹੀ ਪ੍ਰਸੰਨ ਹੁੰਦੇ ਹਨ ਤੇ ਆਪਦੇ ਹਿਰਦੇ ਉੱਪਰ ਬੜਾ ਪ੍ਰਭਾਵ ਸ਼ਾਲੀ ਅਸਰ ਪੈਂਦਾ ਹੈ। ਉਸ ਬਾਰੇ ਡਾਇਰੀ ਵਿਚ ਲਿਖਿਆ ਹੈ:—

"ਸ੍ਰ: ਬਿਸ਼ਨ ਸਿੰਘ ਜੀ ਡਿਪਟੀ ਆਏ। ਹੋਰ ਸੱਜਣਾਂ ਨਾਲ ਰਲਕੇ ਉਨ੍ਹਾਂ ਨੂੰ ਲੈਣ ਵਾਸਤੇ ਗਿਆ। ਆਪ ਬੜੇ ਹੀ ਭਲੇ, ਸੁੱਚੇ ਸੱਚੇ ਬੇ ਤਮਾ ਤੇ ਸਾਦੇ ਜੀਵਣ ਵਾਲੇ ਹਨ। ਅਜੇਹੇ ਨਮੂਨੇ ਦੇ ਆਦਮੀਆਂ ਦੇ ਮਿਲਨ ਤੇ ਅਭਿਮਾਨ ਬੜਾ ਚਕਨਾ ਚੂਰ ਹੁੰਦਾ ਹੈ।"

ਅਸਲ ਗੱਲ ਹੈ ਕਿ ਆਪਦਾ ਹਿਰਦਾ ਐਨਾ ਨਿਰ ਅਭਿਮਾਨ, ਨਿਰਛਲ ਤੇ ਨਿਰਮਲ ਸੀ ਕਿ ਉਹ ਹਰ ਜਗਾ ਤੋਂ ਗੁਣ ਗ੍ਰੈਹਣ ਕਰਨ ਨੂੰ ਸਦਾ ਹੀ ਤਿਆਰ ਰਹਿੰਦਾ ਸੀ ॥

---



Digitized by Panjab Digital Library | www.panjabdigilib.org

# ੧੯੧੧

## ਕੁਦਰਤ

"I Know him as a devoted member
of the Chief Khalsa Diwan and
also a Panthic worker."

[ਸਰ ਸ੍ਰਦਾਰ ਸੁੰਦਰ ਸਿੰਘ ਜੀ ਮਜੀਠੀਆ]

ਵੱਡੇ ਵੱਡੇ ਨਾਮੀ ਬੰਦੇ, ਇਸ ਦੁਨੀਆਂ ਵਿੱਚ ਸਾੜੇ ਦੱਬੇ।
ਬਾਕੀ ਅੱਜ ਉਨ੍ਹਾਂ ਦਾ ਯਾਰੋ, ਪਿੱਛੇ ਕੋਈ ਨਸ਼ਾਨ ਨ ਲੱਭੇ।

ਚੇਤੇ ਕਰੋ ਉਨ੍ਹਾਂ ਮਰਿਆਂ ਨੂੰ, ਜਿਨ੍ਹਾਂ ਦੱਬਿਆਂ ਮੁੱਦਤ ਹੋਈ।
ਦੇਹੀ ਮਿੱਟੀ ਨੇ ਇਉਂ ਖਾਧੀ, ਬਾਕੀ ਹੱਡੀ ਰਹੀ ਨ ਕੋਈ।

ਨਾਂ ਨੌਸ਼ੇਰਵਾਂ ਬਾਦਸ਼ਾਹ ਦਾ, ਹੁਣ ਤੱਕ ਜ਼ਿੰਦਾ ਨੇਕੀ ਕਰਕੇ।
ਭਾਵੇਂ ਸਦੀਆਂ ਲੰਘ ਗਈਆਂ ਨੇ, ਉਸ ਧਰਮੀ ਦੇਹ ਨੂੰ ਮਰਕੇ।

ਤਾਂਤੇ ਭਾਈ ਨੇਕੀ ਖੱਟ ਲੈ, ਛੱਡ ਜੱਗ ਦਾ ਕੂੜਾ ਧੰਧਾ।
ਇਸ ਤੋਂ ਪਹਿਲਾਂ ਕਿ ਲੋਕੀ ਆਖਣ, 'ਲੈਭਈ! ਮਰਗਿਆ ਅਮਕਾ ਬੰਦਾ।'

ਦੁਰਲੱਭ ਮਾਨੁੱਖ ਦੇਹੀ ਪਾਈ, ਭਾਈ! ਮੁੜ ਮੁੜ ਹੱਥ ਨ ਆਵੇ।
ਲੱਖਾਂ ਲਾਲਾਂ ਥੀਂ ਮਹਿੰਗਾ ਇਕ ਇਕ, ਤੇਰਾ ਸ੍ਵਾਸ ਅਮੋਲਕ ਜਾਵੇ"

ਕੁਦਰਤ ਦੀ ਗਤੀ ਨੂੰ ਕੋਈ ਨਹੀਂ ਜਾਣ ਸਕਦਾ। ਇਸਦੀ ਚਾਲ ਰੰਗ ਢੰਗ ਦਾ ਉਸ ਸੈਭੰ (ਸ੍ਵੈ ਭਵ) ਨੂੰ ਹੀ ਪਤਾ ਹੈ। ਹੋਰ ਕੋਈ ਦਮ ਨਹੀਂ



Digitized by Panjab Digital Library | www.panjabdigilib.org

ਮਾਰ ਸਕਦਾ। ਹਉਮੈਂ ਬਧਾ ਚਾਲਾਕ ਇਨਸਾਨ ਭਾਵੇਂ ਕਿੰਨੀਆਂ ਫੜਾਂ ਪਿਆ ਮਾਰੇ, ਕਿੰਨੀਆਂ ਹੀ ਅਕਲਾਂ ਪਿਆ ਦੁੜਾਵੇ, ਉਸ ਸਰਬ ਸ਼ਕਤੀ-ਮਾਨ ਵਾਹਿਗੁਰੂ ਪਰਮਾਤਮਾਂ ਦੀ ਕੁਦਰਤ ਨੂੰ ਜਾਣ ਨਹੀਂ ਸਕਦਾ । ਜੇ ਜ਼ਰਾ ਵਿਚਾਰ ਨਾਲ ਦੇਖਿਆ ਜਾਵੇ ਤਾਂ ਹੈ ਭੀ ਗੱਲ ਠੀਕ। ਇਨਸਾਨ ਦਾ ਹੱਦ ਬੰਦੀ ਵਾਲਾ ਦਿਮਾਗ ਉਸ ਬੇਹੱਦ ਨੂੰ ਕਿਵੇਂ ਜਾਣ ਸਕਦਾ ਹੈ? ਲਿਮਟਿਡ ਦਾ ਅਨਲਿਮਟਿਡ ਨੂੰ ਜਾਣਨਾ ਅਸੰਭਵ ਨਹੀਂ ਤਾਂ ਹੋਰ ਕੀ ਹੈ? ਸਾਇੰਸਦਾਨ ਪਏ ਅਕਲ ਦੀਆਂ ਡੀਂਗਾਂ ਮਾਰਨ, ਪਰ ਉਹ ਉਸ ਮਾਲਕ ਦੇ ਕਰਤਬਾਂ ਨੂੰ ਪੂਰਨ ਰੂਪ ਵਿੱਚ ਜਾਣ ਹੀ ਨਹੀਂ ਸਕਦੇ। ਜਿਵੇਂ ਮਿੱਟੀ ਦੇ ਭਾਂਡੇ ਕੁਮ੍ਹਾਰ ਦੀ ਗਤੀ ਨੂੰ ਨਹੀਂ ਜਾਣ ਸਕਦੇ। ਭਾਂਡੇ ਕਿਵੇਂ ਜਾਣ ਸਕਦੇ ਹਨ ਕਿ ਕੁਮਾਰ ਦੀ ਮਿੱਟੀ ਹੀ ਹੋਰ ਹੈ?ਉਹ ਇਸ ਮਿੱਟੀ ਦਾ ਹੀ ਨਹੀਂ ਬਣਿਆ ਹੋਇਆ,ਜਿਸਦੇ ਕਿ ਅਸੀਂ ਹਾਂ। ਇਸੇ ਹੀ ਤਰ੍ਹਾਂ ਇਨਸਾਨੀ ਦਿਮਾਗ ਵਾਸਤੇ ਅਸੰਭਵ ਹੈ ਕਿ ਉਹ ਪਰਮਾਤਮਾਂ ਦੀ ਸੰਪੂਰਣ ਗਤੀ ਨੂੰ ਜਾਣ ਸਕੇ। ਸਾਡਾ ਇਹ ਭਾਵ ਨਹੀਂ ਕਿ ਇਨਸਾਨ ਤਰੱਕੀ ਨਾ ਕਰੇ। ਅੱਗੇ ਨਾ ਵਧੇ ਜਾਂ ਜਾਣਨ ਦੀ ਕੋਸ਼ਸ਼ ਨਾ ਕਰੇ, ਸਗੋਂ ਸਾਡਾ ਸਪਸ਼ਟ ਭਾਵ ਇਹ ਹੈ ਕਿ ਪਰਮਾਤਮਾਂ ਦੀ ਗਤਿ ਨੂੰ ਜਾਣਨਾ ਇਨਸਾਨੀ ਦਿਮਾਗ ਦੀ ਸ਼ਕਤੀ ਤੋਂ ਬਾਹਰ ਹੈ।

ਬੜੇ ਬੜੇ ਸਾਇੰਸਦਾਨ, ਅਕਲੱਈਏ, ਖੱਬੀ-ਖ਼ਾਨ ਕਹਿਲਾਉਣ ਵਾਲੇ, ਵਧੀਕ ਤੋਂ ਵਧੀਕ ਜਾਣਨ ਦੇ ਦਾਵੇ ਕਰਨ ਵਾਲੇ, ਕੁਦਰਤ ਦੀ ਇੱਕ ਨਿੱਕੀ ਜੇਹੀ ਚੁਪੇੜ ਖਾਕੇ ਡੌਰ ਭੌਰੇ ਤੇ ਹੈਰਾਨ ਪਰੇਸ਼ਾਨ ਹੋ ਗਏ। ਬੜੇ ਬੜੇ ਸੰਤ, ਮਹੰਤ, ਨਿਹਚਲ ਬ੍ਰਿਤੀਆਂ ਵਾਲੇ ਅਤੀਤ ਕੁਦਰਤ ਦੀ ਨਿੱਕੀ ਜੇਹੀ ਖੇਲ ਉੱਤੇ ਮੋਹਤ ਹੋ ਗਏ, ਤੇ ਪੋਲੀ ਜੇਹੀ ਸੱਟ ਨਾਲ ਅਧੀਰ ਤੇ ਬੇ ਦਿਲ ਹੋ ਬਿਲਕਣ ਲੱਗ ਪਏ। ਸੈਂਕੜੇ ਨਹੀਂ ਹਜ਼ਾਰਾਂ ਤੇ ਲੱਖਾਂ ਅਜੇ-ਹੀਆਂ ਘਟਨਾਵਾਂ ਦਾ ਇਤਿਹਾਸ ਗਵਾਹ ਹੈ।

ਕਾਦਰ ਚਾਹੇ ਤਾਂ ਛਿਨ ਵਿੱਚ ਜਲੋਂ ਥਲ ਤੇ ਥਲੋਂ ਜਲ ਕਰ ਦੇਵੇ। ਬਿਹਾਰ ਕੋਇਟੇ ਦੇ ਭੁਚਾਲ ਕੁਦਰਤ ਦੇ ਤੁੱਛ ਕ੍ਰਿਸ਼ਮਿਆਂ ਵਿੱਚੋਂ ਮਾਮੂਲੀ



Digitized by Panjab Digital Library | www.panjabdigilib.org

ਨਜ਼ਾਰੇ ਹਨ। ਸਕਿੰਟਾਂ ਤੇ ਮਿੰਟਾਂ ਵਿੱਚ ਅਮੀਰ ਗਰੀਬ ਹੋ ਗਏ, ਸ਼ਾਹ ਕੰਗਾਲ ਹੋ ਗਏ। ਮਾਪਿਆਂ ਵਾਲੇ ਮਹਿੱਟਰ ਲਾਵਾਰਸ ਹੋ ਗਏ। ਅੱਖ ਦੇ ਫੋਰ ਵਿੱਚ ਚੁਹਲ ਕਰਦੇ, ਖੇਲਦੇ, ਅਨੰਦ ਦੀ ਨੀਂਦ ਸੁੱਤੇ ਹੋਏ, ਸੁੱਤੇ ਹੀ ਰਹਿ ਗਏ। ਅੱਖ ਖੋਲ੍ਹਣੀ ਨਾ ਮਿਲੀ, ਸਾਹ ਖਿੱਚਣਾ ਨਾ ਮਿਲਿਆ, ਗੱਲ ਕਰਨ ਦੀ ਤਾਂ ਗੱਲ ਹੀ ਕੀ ਹੈ ? ਹਾਂ ! ਇਹ ਸੰਸਾਰ ਅਥਾਹ ਸਾਗਰ ਹੈ, ਇਸਦੀ ਥਾਹ ਕੋਈ ਨਹੀਂ ਪਾ ਸਕਿਆ। ਇਸਦੀਆਂ ਰੰਗ ਬਰੰਗੀਆਂ ਨਿੱਕੀਆਂ ਵੱਡੀਆਂ ਘਟਨਾਂ ਛਿਨ ਛਿਨ ਵਿਚ ਹੋਰ ਦਾ ਹੋਰ ਨਜ਼ਾਰਾ ਪੇਸ਼ ਕਰਦੀਆਂ ਹਨ। ਇਹ ਕਾਲ ਦੀ ਤ੍ਰਿਖੀ ਚਾਲੇ ਚਲਿਆ ਹੀ ਜਾ ਰਿਹਾ ਹੈ। ਕੋਈ ਨਹੀਂ ਕਹਿ ਸਕਦਾ ਕਦ, ਕਿੱਥੇ, ਕੀ ਹੋ ਜਾਣਾ ਹੈ ? ਜ਼ਮਾਨੇ ਦਾ ਟਿਕਾਉ ਨਹੀਂ, ਘੜੀ ਵਿਚ ਕੁਛ ਹੈ ਤੇ ਘੜੀ ਵਿਚ ਕੁਛ ਹੈ। ਮਿੰਟ ਵਿਚ ਜੰਮੇ ਦੀਆਂ ਖੁਸ਼ੀਆਂ ਹੋ ਰਹੀਆਂ, ਤੇ ਛਿਨ ਵਿਚ ਮਰੇ ਦੇ ਵੈਣ ਪਏ ਪੈ ਰਹੇ ਹੁੰਦੇ ਹਨ। ਘੜੀ ਵਿਚ ਸਿਹਰੇ ਬੰਨ੍ਹੀ ਲਾੜਾ ਢੁਕਦਾ ਹੈ ਤੇ ਅਨੰਦ ਦੇ ਸ਼ਾਦਿਆਨੇ ਬਜਦੇ ਹਨ ਤੇ ਘੜੀ ਵਿਚ ਸੋਗ ਦੀਆਂ ਫੂਹੜੀਆਂ ਪਾ ਕੇ ਸਿਰ ਝੁਕਾਈ ਬੈਠੇ ਲੋਕ ਸਿਰ ਧੁਨਦੇ ਲੰਮੀਆਂ ਆਹਾਂ ਪਏ ਭਰ ਰਹੇ ਹੁੰਦੇ ਹਨ। ਇਸ ਅਸਾਰ ਸੰਸਾਰ ਵਿਚ ਥਿਰ ਕੋਈ ਨਹੀਂ। ਇਹ ਦੁਨੀਆਂ ਦਾ ਕਾਰਖਾਨਾ ਅਜੀਬ ਹੀ ਹੈ, ਜਿੱਥੇ ਲੱਖਾਂ ਘੜੀਂਦੇ ਤੇ ਕਰੋੜਾਂ ਭਜੀਂਦੇ ਪਏ ਨੇ। ਸੱਚ ਹੈ:-

ਅਜਬ ਹੈ ਦੁਨੀਆਂ ਦਾ ਕਾਰਖਾਨਾ, ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।
ਟਿਕਾਉ ਰਖਦਾ ਨਹੀਂ ਜ਼ਮਾਨਾ ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।

ਕਦੇ ਅਮੀਰੀ ਕਦੇ ਫਕੀਰੀ, ਕਦੇ ਸ਼ਹਨਸ਼ਾਹੀ, ਕਦੇ ਕੀਰੀ।
ਕਦੇ ਸੂਹਾ ਕਦੇ ਸਾਦਾ ਬਾਣਾ, ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।

ਕਦੇ ਖੁਸ਼ੀ ਵਿਚ ਨ ਮਿਉਣ ਮਾਪੇ, ਕਦੇ 'ਦੁਖੀ' ਰੋਣ ਹੋਣ ਸਜਾਪੇ।
ਕਦੇ ਜੰਮਣ ਕਦੇ ਮਰਨ ਭਾਣਾ, ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।



Digitized by Panjab Digital Library | www.panjabdigilib.org

ਕਦੇ ਪਏ ਵਜਣ ਸ਼ਾਦਿਆਨੇ, ਕਦੇ ਸਿਆਪੇ ਕਰਨ ਜ਼ਨਾਨੇ।
ਕਦੇ ਖੁਸ਼ੀ ਕਦੇ ਵੈਣ ਪਾਣਾ, ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।

ਘੜੀ ਚਿ ਪਏ ਰਾਗ ਰੰਗ ਹੋਵਣ, ਘੜੀ ਚਿ ਪਏ ਦੇਖਿ ਦੰਗ ਹੋਵਣ।
ਘੜੀ ਚਿ ਔਣਾ ਘੜੀ ਚਿ ਜਾਣਾ,ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।

ਘੜੀ ਚਿ ਆਮਦ ਵਧਾਈਆਂ ਦੀ, ਘੜੀ ਚਿ ਸ਼ੋਰਸ਼ ਦੁਹਾਈਆਂ ਦੀ।
ਬਲੀ ਘੜੀ ਵਿੱਚ ਹੁਇ ਨਿਤਾਣਾ,ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।

ਨ ਥਿਰ ਰਿਹਾ ਕੁਈ ਨ ਥਿਰ ਰਹੇਗਾ,ਹਰਿਕ ਮਰਨ ਤੇਗ ਸਿਰੈ ਸਹੇਗਾ।
'ਦੁਖੀ' ਨ ਹੋ ਸਭ ਨੇ ਬਿਨਸ ਜਾਣਾ,ਘੜੀ ਚਿ ਕੁਛ ਹੈ ਘੜੀ ਚਿ ਕੁਛ ਹੈ।

੧੯੧੧ ਵੇਂ ਸਾਲ ਵਿਚ ਵੈਦ ਜੀ ਨੂੰ ਕਾਰੀ ਸੱਟ ਵਜੀ। ਬੜੀ ਹੀ ਸਖਤ ਸੱਟ ਵਜੀ। ਇਸ ਸਾਲ ਦੇ ਵਿਚ, ਇਸ ਇੱਕੋ ਸਾਲ ਦੇ ਵਿਚ ਵਿਚ ਵੈਦ ਜੀ ਦੇ ਚਾਰ ਪਿਆਰੇ ਸੰਬੰਧੀ ਵਿਛੋੜਾ ਦੇ ਗਏ। ਅੱਗੋ ਪਿਛੀ ਐਉਂ ਤੁਰ ਗਏ ਜਿਵੇਂ ਸਲਾਹ ਕਰਕੇ ਤੁਰੀ ਦਾ ਹੈ। ਧੀਰਜੀ ਵੈਦ ਜੀ ਅਧੀਰ ਹੋ ਗਏ। ਕਾਲ ਮੂਸਲ ਨੇ ਮਾਨੋਂ ਵੈਦ ਜੀ ਦੇ ਬਲੌਰੀ ਸਾਫ ਸ਼ਫਾਫ ਹਿਰਦੇ ਨੂੰ ਕੁਦਰਤ ਦੀ ਉੱਖਲੀ ਵਿਚ ਪਾਕੇ ਚੂਰ ਚੂਰ ਕਰ ਸਿਟਿਆ। ਖੂਬ! ਇਕ ਅਜੇਹੀ ਹੀ ਘਟਣਾ ਸਾਨੂੰ ਯਾਦ ਆ ਗਈ। ਪਾਠਕਾਂ ਦੀ ਦਿਲਚਸਪੀ ਲਈ ਉਹ ਏਥੇ ਪ੍ਰਗਟ ਕਰ ਦੇਣੀ ਭੀ ਅਨੁਚਿਤ ਨਹੀਂ ਹੋਵੇਗੀ:–

ਪੰਡਤ ਨਾਥੂ ਰਾਮ ਸ਼ਰਮਾ ਉਪਨਾਮ 'ਸ਼ੰਕਰ' ਹਿੰਦੀ ਸੰਸਾਰ ਦੇ ਬੜੇ ਮਸ਼ਹੂਰ ਕੰਵੀ ਹੋ ਗੁਜਰੇ ਹਨ। ਘਰੋਂ ਅੱਛੇ ਸਰਦੇ ਪੁੱਜਦੇ ਸਨ। ਸੁਭਾਵ ਦੇ ਖੁਲਾਸੇ, ਸਦਾ ਹੱਸ ਮੁਖ, ਖੁਸ਼ੀ ਗ਼ਮੀ ਦੀ ਬਹੁਤ ਪ੍ਰਵਾਹ ਨਾ ਕਰਨ ਵਾਲੇ ਰੰਗੀਲੇ, ਸਦਾ ਰੰਗ ਮਸਤ, ਕੁਦਰਤ ਨਾਲ ਅਠਕੇਲੀਆਂ ਕਰਨ ਵਾਲੇ ਸਨ। ਅਵਸਥਾ ਬੁਢਾਪੇ ਤੱਕ ਪੁੱਜ ਗਈ ਕਦੇ ਕੋਈ ਦੁੱਖ ਨਾ ਦੇਖਿਆ, ਕਦੇ ਕੋਈ ਕਸ਼ਟ ਨਾ ਪਿਆ। ਜਾਂ ਇਉਂ ਕਹੋ ਕਿ ਜੇ ਕਦੇ ਕੋਈ ਕਸ਼ਟ ਪਿਆ ਭੀ ਤਾਂ ਕਦੇ ਵਧੀਕ ਮਹਿਸੂਸ ਨਾ ਕੀਤਾ। ਬੜੇ ਰੰਗਾਂ



Digitized by Panjab Digital Library | www.panjabdigilib.org

ਵਿੱਚ ਦਿਨ ਲੰਘਦੇ ਗਏ ! ਕੁਦਰਤ ਨੇ ਰੰਗ ਬਦਲਿਆ। ਜ਼ਰਾ ਕੁ ਚੱਕ੍ਰ ਉਲਟਾ ਚੱਲਿਆ। ਦਿਨਾਂ ਵਿੱਚ ਹੀ ਆਪ ਦੀ ਪਿਆਰੀ ਸਾਥਣ ਧਰਮ ਪਤਨੀ ਚੜ੍ਹਾਈ ਕਰ ਗਈ। ਉਸਦੇ ਪਿੱਛੇ ਹੀ ਪੋਤਰੀ, ਧੀ ਤੇ ਸਪੁੱਤ੍ਰ ਨੇ ਚਲਾਣੇ ਕੀਤੇ। ਥੋੜੇ ਹੀ ਦਿਨਾਂ ਵਿੱਚ ਇਹ ਚਾਰ ਮੌਤਾਂ ਹੋਣ ਨਾਲ ਕਵੀ ਜੀ ਨੂੰ ਮਾਨੋ ਸੰਸਾਰ ਵਿੱਚ ਅਨ੍ਹੇਰਾ ਜਾਪਣ ਲੱਗ ਪਿਆ, ਉਹ ਸੁਗੰਧੀ ਭਰੀ ਅਠਕੇਲੀਆਂ ਕਰਦੀ, ਮਧਮ ੨ ਚਲਦੀ ਮਨ ਹੁਲਸਾਊ ਹਵਾ ਉਸਨੂੰ ਵੱਢ ੨ ਖਾਣ ਲੱਗੀ। ਕੋਇਲ ਦੀ ਮਨ ਵਿਚ ਤਰੰਗਾਂ ਉਪਜਾਊ ਕੂਕ ਅੱਜ ਭਿਆਨਕ ਹੂਕ ਬਣਕੇ ਹਿਰਦਾ ਚੀਰਨ ਲੱਗੀ। ਚੰਦ ਦੀ ਚਾਨਣੀ ਪਰਲੈ ਦੀ ਅੱਗ ਵਾਂਗ ਕਵੀ ਜੀ ਨੂੰ ਅਸਹਿ ਹੋ ਗਈ। ਗਲ ਕੀ ਸ਼ੰਕਰ ਜੀ ਦਾ ਉਮਰਾ ਵਿੱਚ ਇਕੱਠਾ ਕੀਤਾ ਹੋਇਆ ਪ੍ਰਵਾਰ ਰੂਪੀ ਧਨ, ਕਾਲ ਡਾਕੂ ਨੇ ਦਿਨਾਂ ਵਿੱਚ ਖੋਹ ਲਿਆ। ਘਰ ਦਾ ਸਫਾਇਆ ਹੋ ਗਿਆ। ਸ਼ੰਕਰ ਸਾਹਿਬ ਦੀ ਹਾਲਤ ਹੋਰ ਦੀ ਹੋਰ ਹੋ ਗਈ।

ਅਖਬਾਰਾਂ ਰਸਾਲਿਆਂ ਦੇ ਐਡੀਟਰ ਭੀ ਅਜੀਬ ਮਿੱਟੀ ਦੇ ਬਣੇ ਹੋਏ ਬੰਦੇ ਹੁੰਦੇ ਹਨ। ਇਨ੍ਹਾਂ ਨੂੰ ਆਪਣੇ ਪੱਤ੍ਰ ਦਾ ਹੀ ਖਬਤ ਹੁੰਦਾ ਹੈ। ਇੱਕ ਪੱਤ੍ਰ ਦੇ ਐਡੀਟਰ ਨੇ ਆਪਣੇ ਅਖਬਾਰ ਲਈ ਕਵਿਤਾ ਲਿਖਣ ਲਈ ਕਵੀਆਂ ਨੂੰ ਵੰਗਾਰਿਆ। ਸ਼ੰਕਰ ਜੀ ਨੂੰ ਭੀ ਚਿੱਠੀ ਲਿਖੀ ਤੇ ਜ਼ੋਰਦਾਰ ਬੇਨਤੀ ਕੀਤੀ ਕਿ 'ਕਵਿਤਾ ਜਰੂਰ ਲਿਖਣੀ।'

ਕਵਿਤਾ ਲਿਖਣੀ ਸੀ ਸਮਸਜਾ ਤੇ। ਅਤੇ ਸਮਸਜਾ ਦਿੱਤੀ ਸੀ *'ਮਨ ਦੀ'। ਸ਼ੰਕਰ ਜੀ ਇਸ ਵੇਲੇ ਮਾਨੋਂ ਅਨ੍ਹੇਰੇ ਸੰਸਾਰ ਵਿੱਚ ਬੈਠੇ ਸਨ। ਕਵਿਤਾ ਤਾਂ ਕੀ ਆਪ ਨੂੰ ਪੱਤ੍ਰ ਦਾ ਉੱਤ੍ਰ ਲਿਖਣਾ ਭੀ ਭਾਰੂ ਸੀ। ਪਰ ਕਵੀ ਕਵੀ ਹੀ ਹੁੰਦੇ ਹਨ। ਦੁੱਖ ਦੀ ਲਹਿਰ ਆਈ। ਇਸਤ੍ਰੀ, ਪੋਤ੍ਰੀ, ਪੁਤ੍ਰੀ ਤੇ ਸਪੁੱਤ੍ਰ ਅੱਖਾਂ ਅੱਗੇ ਮੂਰਤਾਂ ਵਾਂਗ ਖੜੇ ਦਿੱਸੇ। ਇੱਕ ਦੂਜੇ ਦੇ ਪਿੱਛੇ

---

*"ਅਸਲ 'ਮਨ ਕੀ' ਸੀ। ਤੇ ਪੂਰਤੀ ਭੀ ਹਿੰਦੀ ਵਿੱਚ ਸੀ ਅਸੀਂ ਪੰਜਾਬੀ ਪਾਠਕਾਂ ਦੇ ਸੁਆਦ ਲਈ ਪੰਜਾਬੀ ਕੀਤੀ ਹੈ।



Digitized by Panjab Digital Library | www.panjabdigilib.org

ਤੁਰਦੇ ਦਿੱਸੇ, ਸ੍ਵਰਗ ਦੀਆਂ ਪੌੜੀਆਂ ਇੱਕ ਦੂਜੇ ਦੇ ਮਗਰ ਚੜ੍ਹਦੇ ਦਿੱਸੇ। ਮਹਾਂਕਾਲ ਦਾ ਕਾਲ-ਮੂਸਲ ਸ਼ੰਕਰ ਜੀ ਨੂੰ ਪ੍ਰਤੱਖ ਦਿਖਾਈ ਦਿੱਤਾ। ਕਲਮ ਫੜੀ ਤੇ ਹਿਰਦੇ ਦਾ ਚਿਤ੍ਰ ਹੂਬਹੂ ਬਾਹਰ ਕੱਢ ਕੇ ਕਾਗਜ਼ ਪਰ ਧਰ ਦਿੱਤਾ। ਆਪ ਨੇ ਇਉਂ ਪੂਰਤੀ ਕੀਤੀ:—

ਦੇਵੀ 'ਸ਼ੰਕਰਾ' ਨੇ ਦੇਵ ਲੋਕ ਨੂੰ ਚੜ੍ਹਾਈ ਕੀਤੀ,
ਪੀੜ ਪਤੀ ਜੇਹੀ ਨਾ ਸਹਾਰੀ ਬੁੱਢੇ ਪਨ ਦੀ।
'ਸ਼ਾਰਦਾ ਕੁਮਾਰੀ' ਪਜਾਰੀ,ਪਜਾਰੀ ਦਾਦੀ ਪਾਸ ਗਈ,
ਮਾਂ ਨੂੰ 'ਮਹਾਂ ਵਿਦਜਾ' ਮਿਲੀ,ਤਜਾਗਿ ਰਾਖ ਤਨ ਦੀ।
ਪਜਾਰੀ ਮਾਂ,ਧੀ,ਭੈਣ ਵਲ 'ਦੁਖੀ' 'ਉਮਾ ਸ਼ੰਕਰ' ਨੇ,
ਕੂਚ ਕੀਤਾ ਤਾਣਿ ਚਿੱਟੀ ਚਾਦਰ ਕਫਨ ਦੀ।
ਹਾਇ ! ਮਹਾਂ ਸ਼ੋਕ ! ਕਾਲ ਮੂਸਲ ਕੁਚਲ ਸਿੱਟੀ,
ਕੋਮਲ ਕਵਿਤ੍ਵ ਸ਼ਕਤਿ ਸ਼ੰਕਰ ਦੇ ਮਨ ਦੀ।

ਸੱਚ ਮੁੱਚ ਹੀ ਸ਼ੰਕਰ ਦੇ ਮਨ ਦੀ ਕੋਮਲ ਕਵਿੱਤ੍ਵ ਸ਼ਕਤੀ ਨੂੰ ਕਾਲ ਮੂਸਲ ਨੇ ਅਜੇਹਾ ਚਕਨਾ ਚੂਰ ਕੀਤਾ ਕਿ ਹੁਣ ਉਹ ਸ਼ੰਕਰ ਸ਼ੰਕਰ ਹੀ ਨਾ ਰਹਿ ਗਏ।

ਸਾਡੇ ਵੈਦ ਰਾਜ ਜੀ ਭੀ ਕਵੀ ਸਨ। ਕੋਮਲ ਹਿਰਦਾ ਰੱਖਦੇ ਸਨ, ਕਾਲ ਭਗਵਾਨ ਨੇ ਚਕ੍ਰ ਚਲਾਇਆ, ਉਲਟਾ ਚੱਕ੍ਰ ਚਲਾਇਆ। ਚਾਰ ਪਿਆਰੇ ਜੁਦਾ ਕਰ ਲਏ। ੧੬ ਜਨਵਰੀ ਨੂੰ ਆਪਦੇ ਚਾਚਾ ਜੀ ਭਾਈ ਸੁਚੇਤ ਸਿੰਘ ਸਾਹਿਬ ਚੜ੍ਹਾਈ ਕਰ ਗਏ। ਉਸ ਤੋਂ ਅਗਲੇ ਦਿਨ ਅਰਥਾਤ ੧੭ ਜਨਵਰੀ ਨੂੰ ਆਪ ਦੇ ਵੱਡੇ ਭ੍ਰਾਤਾ ਭਾਈ ਗੁਰਬਖਸ਼ ਸਿੰਘ ਜੀ ਗੁਰ ਪੁਰ ਸਿਧਾਰੇ। ੨੧ ਫਰਵਰੀ ਨੂੰ ਆਪ ਦੇ ਹੋਨਹਾਰ ਜੁਆਨ ਭਤੀਜੇ, ਭਾਈ ਗੁਰਬਖਸ਼ ਸਿੰਘ ਜੀ ਦੇ ਇਕੋ ਇਕ ਸਪੁੱਤ੍ਰ ਸ੍ਰ: ਭਗਵਾਨ ਸਿੰਘ ਜੀ ਨੇ ਚਲਾਣਾ ਕੀਤਾ। ੨੫ ਜੁਲਾਈ ਨੂੰ ਅਨ ਖਿੜਿਆ ਫੁਲ ਹੋਨਹਾਰ ਭੁਜੰਗੀ ਮੇਹਰਬਾਨ ਸਿੰਘ ਅਕਾਲ ਪੁਰਖ ਦੀ ਗੋਦੀ ਜਾ ਬੈਠਾ।



Digitized by Panjab Digital Library | www.panjabdigilib.org

ਇਹ ਚਾਰੇ ਸੱਟਾਂ ਕੋਈ ਮਾਮੂਲੀ ਨਾ ਸਨ ! ਸਾਧਾਰਨ ਨਾ ਸਨ, 'ਧੀਰਜ' ਕਹਿ ਦੇਣਾ ਤੇ ਸੁਖਾਲਾ ਹੈ ਪਰ 'ਧੀਰਜ ਧਾਰਨਾ' ਜ਼ਰਾ ਮੁਸ਼-ਕਲ ਹੈ। ਇਹ ਜਿਸ ਦੇ ਸਿਰ ਪਵੇ ਉਸ ਨੂੰ ਹੀ ਸਮਝ ਆ ਸਕਦੀ ਹੈ।

ਵੈਦ ਜੀ ਸਿਆਣੇ ਸਨ, ਗੁਰਮੁਖ ਸਨ, ਗੁਰਬਾਣੀ ਦੇ ਗਿਆਨੀ ਤੇ ਰਸੀਏ ਸਨ। ਨਾਮ ਆਧਾਰ ਦੀ ਟੇਕ ਰੱਖਦੇ ਸਨ, ਪਰ ਫੇਰ ਭੀ ਅੰਤ ਨੂੰ ਸੰਸਾਰੀ ਬੰਦੇ ਸਨ। ਸੰਸਾਰ ਵਿਚ ਰਹਿੰਦੇ ਸਨ। ਮੋਹ ਮਾਯਾ ਦੇ ਲਗਾਉ ਵਿਚ ਸਨ। ਸਾਕਾਂ ਸੰਬੰਧੀਆਂ ਵਾਲੇ ਸਨ। ਖੂਨ ਦੀ ਸਾਂਝ ਕਿਸ ੨ ਨੂੰ ਨਹੀਂ ਡੁਲਾ ਦਿੰਦੀ ? ਕਿਸ ਦਾ ਹਿਰਦਾ ਨਹੀਂ ਡੁਲਾ ਦਿੰਦੀ। ਬਹਾਦਰ ਬੰਦਾ ਆਪਣੇ ਸਿਰ ਪਈ ਤਾਂ ਝੱਲ ਲੈਂਦਾ ਹੈ, ਆਪਣੇ ਸਰੀਰ ਉਪਰ ਪਏ ਕਸ਼ਟ ਤਾਂ ਬਰਦਾਸ਼ਤ ਕਰ ਲੈਂਦਾ ਹੈ, ਪਰ ਦੂਜੇ ਦੇ ਦੁੱਖ ਦੇਖ ਕੇ ਨਹੀਂ ਸਹਾਰ ਸਕਦਾ। ਵੈਦ ਜੀ ਭੀ ਉਨ੍ਹਾਂ ਹੀ ਕੋਮਲ ਹਿਰਦੇ ਵਾਲਿਆਂ ਵਿਚੋਂ ਸਨ ਜੋ ਮਾਮੂਲੀ ਸੱਟ ਲੱਗੀ ਦੇਖ ਕੇ ਦ੍ਰਵ ਜਾਣ, ਇਹ ਤਾਂ ਭਲਾ ਸੱਟਾਂ ਹੀ ਕਾਰੀ ਸਨ।

ਖੈਰ ਸੱਟ ਖਾਧੀ, ਡੋਲੇ, ਪਲ ਭਰ ਅਨ੍ਹੇਰੀ ਵਿਚ ਪੱਤੇ ਦੇ ਹਿਲਣ ਵਾਂਗ ਡੋਲੇ, ਤੇ ਖੂਬ ਡੋਲੇ। ਅੰਤ ਹੌਲੀ ਹੌਲੀ ਜ਼ਖਮ ਭਰਨ ਲੱਗੇ। ਭਾਣਾ ਮੰਨਣ ਵੱਲ ਰੁਚੀ ਵਧੀ, ਸੋਚਿਆ ਵਿਚਾਰਿਆ ਤੇ ਨਾਲੇ ਭਾਣਾ † ਮੰਨਣ ਤੋਂ ਬਿਨਾ ਹੋਰ ਚਾਰਾ ਭੀ ਕੀ ਹੋ ਸਕਦਾ ਸੀ ? 'ਤੇਰਾ ਕੀਆ ਮੀਠਾ ਲਾਗੈ' 'ਜੋ ਤੁਧ ਭਾਵੈਂ ਸਾਈ ਭਲੀ ਕਾਰ' ਗੁਰਸ਼ਬਦਾਂ ਵਲ ਧਿਆਨ ਧਰਿਆ। 'ਹੁਕਮ ਰਜ਼ਾਈਂ ਚਲਣਾ' ਮਹਾਂ ਵਾਕ ਦੀ ਵਿਚਾਰ ਕੀਤੀ। ਧੀਰਜ ਧਰਿਆ। ਕੁਦਰਤ ਵਲ ਦੇਖ ਕੇ ਵਿਚਾਰਿਆ। ਪਹਿਲੇ ਹੈਰਾਨ ਸਨ ਕਿ ਕੁਦਰਤ ਕਿਉਂ ਇਸਤਰ੍ਹਾਂ ਚੋਟ ਤੇ ਚੋਟ ਮਾਰਦੀ ਹੈ ? ਕਿਉਂ ਮਿੰਟਾਂ ਵਿਚ ਲੱਖੋਂ ਕੱਖ ਤੇ ਕੱਖੋਂ ਲੱਖ ਕਰ ਦਿੰਦੀ ਹੈ ? ਕਿਉਂ ਛਿਨ ਵਿਚ ਸ਼ਾਹੋਂ ਗਦਾ ਤੇ ਗਦਾ

---

† ਇਨ੍ਹਾਂ ਦੁਖਦਾਈ ਮੌਤਾਂ ਬਾਰੇ ਵੈਦ ਜੀ ਨੇ ੧੯੧੧ ਦੇ ਰਸਾਲਾ ਦੁਖ ਨਿਵਾਰਨ ਵਿਚ ਗਜ਼ਬ ਦੇ ਲੇਖ ਲਿਖੇ ਹਨ।



Digitized by Panjab Digital Library | www.panjabdigilib.org

ਤੋਂ ਸ਼ਾਹ ਕਰ ਦਿੰਦੀ ਹੈ? ਇਸ ਵਿਚ ਭੇਦ ਕੀ ਹੈ? ਹਾਂ! ਹਾਂ! ਸਮਝ ਆ ਗਈ! ਕੁਦਰਤ ਪਰਖਦੀ ਹੈ, ਇਮਤਿਹਾਨ ਲੈਂਦੀ ਹੈ। ਪ੍ਰੀਖਿਆ ਕਰਦੀ ਹੈ ਕਿ ਕੌਣ ਪਾਸ ਹੁੰਦਾ ਹੈ ਤੇ ਕੌਣ ਫੇਲ? ਇਨ੍ਹਾਂ ਦੁੱਖਾਂ ਮੁਸੀਬਤਾਂ ਵਿਚੋਂ ਪਾਸ ਹੋਣ ਵਾਲਿਆਂ ਨੂੰ, ਭਾਣਾ ਮੰਨ ਕੇ ਰਜ਼ਾ ਵਿਚ ਰਾਜ਼ੀ ਰਹਿਣ ਵਾਲਿਆਂ ਨੂੰ ਹਰਖ, ਅਨੰਦ, ਖੁਸ਼ੀ ਪ੍ਰਦਾਨ ਕਰਦੀ ਹੈ ਤੇ ਫੇਲ ਹੋ ਜਾਣ ਵਾਲਿਆਂ ਨੂੰ, ਡੋਲਣ ਵਾਲਿਆਂ ਨੂੰ ਰੁਲਾ ਰੁਲਾ ਕੇ ਦੁੱਖਾਂ ਦੇ, ਕਸ਼ਟਾਂ ਦੇ ਟੋਏ ਵਿਚ ਪਾਗਲ ਪਨ ਦੇ ਡੂੰਘੇ ਖੂਹ ਵਿਚ ਅਜੇਹਾ ਸੁੱਟਦੀ ਹੈ ਕਿ ਉਹ ਮੁੜ ਕੇ ਉੱਠਣ ਜੋਗਾ ਹੀ ਨਹੀਂ ਰਹਿੰਦਾ। ਪਾਸਾ ਪਰਤਣ ਜੋਗਾ ਹੀ ਨਹੀਂ ਰਹਿੰਦਾ। ਠੀਕ ਕਿਹਾ ਹੈ:—

ਦੁਨੀਆਂ ਵਿਚ ਇਨਸਾਨ ਦੇ ਪਰਖਣੇ ਨੂੰ;
ਕੁਦਰਤ ਲੋਟ ਹੋ ਚੋਟ ਤੇ ਚੋਟ ਮਾਰੇ।
ਕਦੇ ਅਰਸ਼ ਚਾੜ੍ਹੇ ਕਦੇ ਫਰਸ਼ ਡੇਗੇ,
ਇਸੇ ਤਰ੍ਹਾਂ ਕਰ ਕਰ ਲੋਟ ਪੋਟ ਮਾਰੇ।
ਸ਼ਾਹੋਂ ਗਦਾ, ਗਦਾ ਤੋਂ ਸ਼ਾਹ ਕਰਦੀ,
ਮਾਯਾ ਜੀਵ ਫਾਹਜਾ ਭੋਟ ਭੋਟ ਮਾਰੇ।
ਗੁਮਰ ਵਾਲਿਆਂ ਦੇ ਗੁਮਰ ਤੋੜ ਦੇਂਦੀ,
ਜ਼ਬਰਦਸਤ ਐਸੀ ਘੋਟ ਘੋਟ ਮਾਰੇ।
ਤਰਹ ਤਰਹ ਦੀਆਂ ਚਾੜ੍ਹ ਕਸਵੱਟੀਆਂ ਤੇ,
ਦੇਵੇ ਕਸ਼ਟ ਤੇ ਕਸ਼ਟ ਇਨਸਾਨ ਤਾਈਂ।
ਖੂਬ ਪਰਖ ਕੇ ਹਰਖ† ਇਨਾਮ ਦੇਂਦੀ,
ਜਿਹੜਾ ਪਾਸ ਕਰਦਾ ਇਮਤਿਹਾਨ ਤਾਈਂ।

ਸਮਾ ਆਪਣੀ ਮਸਤਾਨੀ ਚਾਲ ਵਿਚ ਚਲੀ ਜਾਂਦਾ ਹੈ। ਇਸ ਨੂੰ ਕਿਸੇ ਦੀ ਕੀ ਪ੍ਰਵਾਹ ਹੈ? ਚਲੀ ਗਿਆ। ਜ਼ਖਮ ਭਰ ਗਏ ਤੇ ਯਾਦ ਦੀ

---

† ਖੁਸ਼ੀ। ਅਨੰਦ।



Digitized by Panjab Digital Library | www.panjabdigilib.org

ਚਿਸਕ ਪਿੱਛੇ ਕਦੇ ਕਦੇ ਚਿਸਕਣ ਵਾਸਤੇ ਰਹਿ ਗਈ। ਭਰਾ ਤੇ ਭਤੀਜੇ ਦੇ ਗੁਜ਼ਰਨ ਦਾ ਤਾਜ਼ਾ ੨ ਸਮਾ ਸੀ। ਉਪਰੋਂ ਸਿਖ ਹੈਂਡ ਬਿਲ ਕਮੇਟੀ ਦਾ'ਹੈਂਡ ਬਿਲ ਲਿਖਣ ਲਈ ਸੱਦਾ ਆਇਆ। ਕਵੀ ਸ਼ੰਕਰ ਵਾਂਗ ਆਪ ਦੀਆਂ ਅੱਖਾਂ ਅੱਗੇ ਪਤੀ ਹੀਨ ਵਿਧਵਾ ਇਸਤ੍ਰੀ ਦੇ ਵਿਰਲਾਪ ਦੀ ਝਾਕੀ ਦਿੱਸਣ ਲੱਗੀ। ਕਲਮ ਫੜੀ ਤੇ 'ਵਿਧਵਾ ਵਿਲਾਪ' ਨਾਮੀ ਹੈਂਡ ਬਿਲ ਲਿਖ ਦਿੱਤਾ। ਫੇਰ ਆਪਣੀ ਅਵਿੱਦਿਆ ਵਲ ਨਜ਼ਰ ਗਈ। ਮੁਲਕ ਦੀ ਅਵਿੱਦਿਆ ਦਾ ਨਕਸ਼ਾ ਅੱਖਾਂ ਅੱਗੇ ਆ ਗਿਆ। ਭੈੜੀਆਂ ਰੀਤਾਂ ਰਸਮਾਂ ਵਿਚ, ਇਸੇ ਅਵਿੱਦਿਆ ਅਗਿਆਨਤਾ ਦੇ ਅਨ੍ਹੇਰੇ ਕਾਰਣ ਭਰਮਾਂ ਧਰਮਾਂ ਵਿਚ ਫਸੇ ਹੋਏ ਦੇਖ ਕੇ ਦੁਖ ਹੋਇਆ,ਤੇ ਨਾਲ ਹੀ 'ਪੰਜਾਬੀ ਭੂਤਨੇ' ਦੂਜਾ ਹੈਂਡ ਬਿਲ ਭੀ ਲਿਖ ਮਾਰਿਆ। ਡਾਇਰੀ ਤੋਂ ਪਤਾ ਲੱਗਦਾ ਹੈ ਕਿ ਇਹ ਦੋਵੇਂ ੫ ਫਰਵਰੀ ਨੂੰ ਲਿਖੇ ਗਏ। ਇਸੇ ਤਰ੍ਹਾਂ ੨੭ ਮਾਰਚ ਨੂੰ 'ਵਿਦਿਆ' ਨਾਮੇ ਹੈਂਡ ਬਿਲ ਲਿਖਿਆ। ਜੋ ਅਪ੍ਰੈਲ ਵਿਚ ਛਪਿਆ। ਅਤੇ 'ਕਾਕਾ ਨਵੀਂ ਜੁਤੀ ਪਾ ਲੈ' ਮਈ ਲਈ ਲਿਖ ਕੇ ਲਾਹੌਰ ਭੇਜਿਆ।

ਉਪ੍ਰੋਕਤ ਮੌਤਾਂ ਹੋ ਜਾਵਣ ਕਰ ਕੇ ਕੁਛ ਚਿਰ ਤਾਂ ਹਮਦਰਦੀ ਕਰਨ ਵਾਲੇ ਪਿਆਰਿਆਂ ਦੇ ਔਣ ਜਾਣ ਦੀ ਭੀੜ ਲਗੀ ਰਹੀ ਤੇ ਬਾਹਰੋਂ ਹਮਦਰਦੀ ਭਰੀਆਂ ਚਿਠੀਆਂ ਤੇ ਚਿਠੀਆਂ ਆਈਆਂ। ਰੁਝੇਵਾਂ ਵਧ ਗਿਆ। ਸਰੀਰ ਭੀ ਕੰਮ ਦੀ ਬਹੁਲਤਾ ਤੇ ਕੁਸਮੇ ਦੀ ਸੱਟ, ਤੇ ਸੱਟ ਦੇ ਫਿਕਰਾਂ ਕਾਰਣ ਕਮਜ਼ੋਰ ਹੋ ਗਿਆ, ਪਰ ਆਪ ਤਾਂ ਇਸ ਤਨ ਨੂੰ ਸਮਝਦੇ ਹੀ ਕੌਮ ਦੀ ਅਮਾਨਤ ਸਨ। ਲਗੇ ਰਹੇ, ਤੇ ਜ਼ੋਰ ਨਾਲ਼ ਸੇਵਾ ਵਿਚ ਲਗੇ ਰਹੇ।

ਇਸ ਤਰ੍ਹਾਂ ਬਹੁਤ ਰੁਝੇਵਾਂ ਹੋਣ ਕਰਕੇ ਆਪ ਦੀ ਪੜ੍ਹਾਈ ਆਦਿ ਕੰਮਾਂ ਵਿਚ ਭੀ ਕਾਫੀ ਵਿਘਨ ਪੈਣ ਲੱਗਾ। ਇਸ ਲਈ ਆਪ ਨੇ ਮਾਰਚ ਮਹੀਨੇ ਤੋਂ ਵੈਦਕ, ਇਤਿਹਾਸ, ਹਕੀਮੀ, ਡਾਕਟਰੀ ਤੇ ਅਖਬਾਰਾਂ ਆਦਿ ਪੜ੍ਹਣ ਦੀ ਵੰਡ ਪੱਕੀ ਕੀਤੀ, ਤੇ ਨਿਯਮਾਨੁਸਾਰ ਸਮੇਂ ਦੀ ਵੰਡ ਨੂੰ ਪੂਰਾ ਕਰਨ ਲੱਗੇ।



Digitized by Panjab Digital Library | www.panjabdigilib.org

## ਸੇਵਾ ਤੇ ਵਿਰੋਧ

ਮਊਨਸਿਪਲ ਕਮਿਸ਼ਨਰ ਬਣਦਿਆਂ ਹੀ ਆਪ ਨੇ ਸ਼ਹਿਰ ਦੀ ਬਿਹਤ੍ਰੀ ਲਈ ਵੱਧ ਤੋਂ ਵੱਧ ਯਤਨ ਕਰਨੇ ਆਰੰਭ ਦਿੱਤੇ,ਜਿਸ ਦੀ ਕਿ ਨਗਰ ਨਿਵਾਸੀਆਂ ਨੂੰ ਪਹਿਲਾਂ ਹੀ ਆਸ ਸੀ। ਪਾਦਰੀ ਗਿਲਫੋਰਡ ਪ੍ਰਧਾਨ ਨਗਰ ਸਭਾ ਤਰਨ ਤਾਰਨ ਨਾਲ ਪਿਆਰ ਪਾਕੇ ਆਪ ਨੇ ਉਸਨੂੰ ਸੱਚਾਈ ਤੇ ਨੇਕ ਨੀਤੀ ਨਾਲ ਭਲੇ ਪਾਸੇ ਪ੍ਰੇਰਨਾ ਸ਼ੁਰੂ ਕੀਤਾ, ਉਹ ਅੰਗ੍ਰੇਜ਼ ਬੇਪ੍ਰਵਾਹ ਤੇ ਸੱਚ ਪਸੰਦ ਸੀ। ਸਮੇਂ ਦੀ ਚਾਲ ਨੂੰ ਜਾਣਦੇ ਹੋਇਆਂ ਉਸ ਨੇ ਭੀ ਅੱਗੋਂ ਪਿਆਰ ਵਿੱਚ ਹੀ ਉੱਤ੍ਰ ਦੇਣਾ ਸ਼ੁਰੂ ਕੀਤਾ। ਵੈਦ ਜੀ ਨੇ ਦਰਬਾਰ ਸਾਹਿਬ ਦੀਆਂ ਬੁਰਾਈਆਂ, ਸੜਕਾਂ ਵਿੱਚ ਰੋਸ਼ਨੀ, ਸ਼ਹਿਰ ਦੇ ਗੰਦ ਤੇ ਸ਼ਰਾਬ ਦੇ ਠੇਕਿਆਂ ਬਾਰੇ ਸਾਹਿਬ ਨੂੰ ਪ੍ਰੇਰਨਾ ਸ਼ੁਰੂ ਕੀਤਾ। ਡਿਪਟੀ ਕਮਿਸ਼ਨਰ, ਕਮਿਸ਼ਨਰ, ਪੁਲਿਸ ਕਪਤਾਨ,ਠਾਣੇਦਾਰ ਆਦਿ ਜੋ ਭੀ ਸਰਕਾਰੀ ਅਫਸਰ ਆਵੇ ਜਾਂ ਜਿਸਨੂੰ ਭੀ ਵੈਦ ਜੀ ਮਿਲਨ, ਸਭ ਨੂੰ ਉਪ੍ਰੋਕਤ ਗੱਲਾਂ ਦੇ ਸੁਧਾਰ ਲਈ ਹੀ ਪ੍ਰੇਰਨਾਂ ਕਰਦੇ।

ਸੰਸਾਰ ਵਿੱਚ ਅੱਛੇ ਬੁਰੇ ਸਭ ਹੀ ਵੱਸਦੇ ਹਨ। ਇੱਕੋ ਸਮੇਂ ਇੱਕ ਆਦਮੀ ਸਾਰਿਆਂ ਨੂੰ ਖੁਸ਼ ਨਹੀਂ ਕਰ ਸਕਦਾ। ਭਾਈ ਸਾਹਿਬ ਦੇ ਇਨ੍ਹਾਂ ਨੇਕ ਉੱਦਮਾਂ ਨੂੰ ਦੇਖਕੇ ਸ਼ਹਿਰ ਦੀ ਸ਼ਰਾਬੀ ਕਬਾਬੀ ਪਾਰਟੀ ਦਾ ਗੁੱਸੇ ਹੋ ਜਾਣਾ ਜ਼ਰੂਰੀ ਸੀ। ਉਨ੍ਹੀ ਯੋਗ ਅਯੋਗ ਤਰੀਕਿਆਂ ਨਾਲ ਪੁਲਿਸ ਤੇ ਹਾਕਮਾਂ ਦੇ ਕੰਨ੍ਹ ਭਰਨੇ ਸ਼ੁਰੂ ਕੀਤੇ। ਸਭ ਤੋਂ ਵੱਡੀ ਬੁਰੀ ਗੱਲ ਇਹ ਸੀ ਕਿ ਵੈਦ ਜੀ ਦੇ ਨਾਲ ਕੰਮ ਕਰਨ ਵਾਲਾ ਭਾਈ ਜੀ ਦਾ ਹੀ ਸਾਥੀ ਜੋ ਸਿੰਘ ਸਭਾ, 'ਖਾਲਸਾ ਅਖਬਾਰ' ਤੇ ਸ਼ੁੱਧੀ ਦੇ ਕੰਮਾਂ ਵਿੱਚ ਨਾਲ ਕੰਮ ਕਰਦਾ ਰਿਹਾ ਸੀ ਤੇ ਭੁਜੰਗੀ ਸਭਾ ਦਾ ਭੀ ਸਰਗਰਮ ਕਾਰਕੁਨ ਤੇ ਪ੍ਰਚਾਰਕ ਸੀ, ਚੜ੍ਹਾਵੇ ਦੇ ਲਾਲਚ ਕਾਰਨ ਉਹ ਭੀ ਪੁਜਾਰੀ ਟੋਲੇ ਵਿੱਚ ਜਾ ਰਲਿਆ। ਉਸਨੇ ਭੀ ਵੈਦ ਜੀ ਬਾਰੇ ਕਾਫੀ ਗਲਤ ਫਹਿਮੀ ਪਾਈ। ਪਰ 'ਸਾਂਚ ਕੋ ਆਂਚ ਕਹਾਂ' ਤੇ 'ਕੂੜ ਨਿਖੁਟੇ' ਮਹਾਂ ਵਾਕਾਂ ਅਨੁਸਾਰ ਸੱਚ ਸੱਚ ਤੇ ਝੂਠ ਝੂਠ ਹੀ ਹੋਇਆ,



Digitized by Panjab Digital Library | www.panjabdigilib.org

ਵੈਦ ਜੀ ਜਦ ਅਫਸਰਾਂ ਦੇ ਸਾਹਮਣੇ ਹੁੰਦੇ ਤਾਂ ਸਭ ਗੱਲਾਂ ਸਾਫ ੨ ਦੱਸ ਕੇ ਭ੍ਰਮ ਨਵਿਰਤ ਕਰ ਦੇਂਦੇ ।

੧ ਦਸੰਬਰ ੧੯੦੯ ਨੂੰ ਕਮਿਸ਼ਨਰ ਸਾਹਿਬ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿੱਚ ਦਰਸ਼ਨ ਕਰਨ ਆਏ। ਇਸੇ ਹੀ ਸਾਥੀ ਤੇ ਹੁਣ ਪੁਜਾਰੀ ਟੋਲੇ ਵਿੱਚ ਰਲੇ ਹੋਏ ਭੁੱਲੇ ਭਰਾ ਨੇ ਕਮਿਸ਼ਨਰ ਅੱਗੇ ਇਉਂ ਅਰਜ਼ ਕੀਤੀ। "ਸ੍ਰੀ ਹਜ਼ੂਰ ! ਸਾਡੀ ਸਾਰੇ (ਗ੍ਰੰਥੀਆਂ ਪੁਜਾਰੀਆਂ ਦੀ) ਵੱਡੀ ਅਧੀਨਗੀ ਨਾਲ ਬੇਨਤੀ ਹੈ ਕਿ ਅੱਜ ਕੱਲ ਦੀ ਨਵੀਂ ਰੋਸ਼ਨੀ ਦੇ ਸਿੰਘ ਸਫੀਏ ਸਾਨੂੰ ਬੜਾ ਹੀ ਤੰਗ ਕਰਦੇ ਹਨ। ਅਸੀਂ ਇਨ੍ਹਾਂ ਪਾਸੋਂ ਬੜੇ ਹੀ ਦੁਖੀ ਹੋਏ ਹਾਂ ।

ਇਹ ਸਾਡੀ ਪੂਜਾ ਨੂੰ ਬੜਾ ਨੁਕਸਾਨ ਪਹੁੰਚਾ ਰਹੇ ਹਨ ਤੇ ਆਸ਼੍ਰਮਾਂ ਵਾਸਤੇ ਸਹਾਇਤਾ ਕਰਾ ਰਹੇ ਹਨ । ਮਜ਼ਹਬੀਆਂ ਨੂੰ ਮਿਲਾਂਦੇ ਹਨ। ਨਵੀਆਂ ਰੀਤਾਂ (ਗੁਰ ਮਰਯਾਦਾ) ਕਰਨ ਲੱਗ ਗਏ ਹਨ। ਪਰਕਰਮਾਂ ਵਿੱਚ ਪ੍ਰਚਾਰ ਕਰਦੇ ਹਨ। ਆਸ਼੍ਰਮਾਂ ਦੀ ਸਹਾਇਤਾ ਵਾਸਤੇ ਗੋਲਕਾਂ ਫੇਰਦੇ ਹਨ। ਸਰਕਾਰ ! ਸਾਡੇ ਅਤੇ ਸਾਡੇ ਬਾਲ ਬੱਚੇ ਤੇ ਤਰਸ ਕਰਕੇ ਇਨ੍ਹਾਂ ਨੂੰ ਹੁਕਮਨ ਬੰਦ ਕੀਤਾ ਜਾਵੇ, ਇਹ ਨਾ ਦਰਬਾਰ ਸਾਹਿਬ ਤੇ ਨਾ ਪਰਕਰਮਾਂ ਵਿੱਚ ਵੜਨ। ਪਰਕਰਮਾਂ ਤੇ ਸ੍ਰੀ ਦਰਬਾਰ ਸਾਹਿਬ ਦੀ ਹੱਦ ਤੋਂ ਦੂਰ ਰਹਿਣ ਆਦਿਕ।"*

ਭਾਵੇਂ ਹੋਰ ਭੀ ਕਈ ਵੈਦ ਜੀ ਨਾਲ ਇਨ੍ਹਾਂ ਨੇਕ ਕੰਮਾਂ ਦੇ ਕਰਨ ਤੇ ਗੁਰਮਤ ਪ੍ਰਚਾਰਨ ਵਿੱਚ ਸਾਂਝੀ ਵਾਲ ਸਨ, ਪਰ ਤਰਨ ਤਾਰਨ ਵਿੱਚ ਸਭ ਦੀ ਅੱਖ ਵੈਦ ਜੀ ਉੱਤੇ ਹੀ ਸੀ । ਸਾਰੇ ਪੁਜਾਰੀ ਗ੍ਰੰਥੀ ਤੇ ਸ਼ਰਾਬੀ ਕਬਾਬੀ ਵੈਦ ਜੀ ਉੱਪਰ ਹੀ ਕਿੜਦੇ ਸਨ। ਤੇ ਵੈਦ ਜੀ ਭੀ ਯਥਾ ਸ਼ਕਤਿ ਅਖਬਾਰਾਂ ਰਾਹੀਂ, ਦੁਖ ਨਿਵਾਰਨ ਰਾਹੀਂ† ਪ੍ਰਚਾਰ ਰਾਹੀਂ ਤੇ

---

*ਦੁਖ ਨਿਵਾਰਨ ਸਫਾ ੯ ਜਨਵਰੀ ੧੯੧੦।

†"ਗੁਰਦੁਆਰੀਏ ਤੇ ਪ੍ਰਚਾਰ" ਦੀ ਸੁਰਖੀ ਹੇਠ ਦੁਖ ਨਿਵਾਰਨ ਜਨਵਰੀ ੧੯੧੧ ਦੇ ਸਫਾ ੭ ਤੋਂ ੧੨ ਤੱਕ ਬੜਾ ਮਾਅਰਕੇ ਦਾ ਲੇਖ ਦਰਜ ਹੈ।"



Digitized by Panjab Digital Library | www.panjabdigilib.org

ਹਾਕਮਾਂ ਨੂੰ ਮਿਲ ਮਿਲਾਕੇ ਭਲਾਈ ਕਰਨੋ ਨਾ ਸਨ ਝਿਝਕਦੇ। ਹਾਕਮ ਭੀ ਵੈਦ ਜੀ ਦੀ ਸਚਾਈ ਤੇ ਸੱਚੀ ਸੇਵਾ ਨੂੰ ਅੱਛੀ ਤਰ੍ਹਾਂ ਸਮਝਣ ਲੱਗ ਪਏ ਸਨ, ਪਰ ਫੇਰ ਭੀ ਹਰ ਵਕਤ ਕੰਨ ਭਰਨ ਦਾ ਕੁਛ ਨ ਕੁਛ ਅਸਰ ਤਾਂ ਪੈਂਦਾ ਹੀ ਹੈ ਨਾ! ਉਪ੍ਰੋਕਤ ਤੇ ਹੋਰ ਅਜੇਹੀਆਂ ਹੀ ਅਨੇਕਾਂ ਸ਼ਕਾਇਤਾਂ ਬਾਰੇ ਵੈਦ ਜੀ ਨੇ ਪੋਲੀਸ ਸੁਪ੍ਰਿੰਟੰਡੰਟ ਆਦਿ ਨਾਲ-ਜੋ ੨੫ ਮਈ ਨੂੰ ਤਰਨ ਤਾਰਨ ਸਾਹਿਬ ਆਏ-ਗਲ ਬਾਤ ਕੀਤੀ। ਨਾਲ ਹੀ ਸ਼ਹਿਰ ਦੀ ਸਫਾਈ, ਸ਼ਹਿਰ ਵਿੱਚੋਂ ਸ਼ਰਾਬ ਦੇ ਠੇਕੇ ਬਾਹਰ ਕਰਨ ਤੇ ਸੜਕਾਂ ਉੱਤੇ ਲੰਪਾਂ ਆਦਿਕ ਲਾਉਣ ਦਾ ਪ੍ਰਬੰਧ ਕਰਨ ਲਈ ਅੱਛੀ ਤਰ੍ਹਾਂ ਸਮਝਾਇਆ। ਕੋਲੋਂ ਪਾਦਰੀ ਗਿਲਫੋਰਡ ਨੇ ਭੀ ਵੈਦ ਜੀ ਦੀਆਂ ਸਲਾਹਾਂ ਦੀ ਪ੍ਰੋੜ੍ਹਤਾ ਕੀਤੀ। ਤੇ ਕਮਿਸ਼ਨਰ ਸਾਹਿਬ ਨੇ ਹਰਤਰਾਂ ਸਹਾਇਤਾ ਕਰਨ ਦਾ ਭਰੋਸਾ ਦਿਲਾਇਆ।

ਇਸੇ ਤਰ੍ਹਾਂ ਹੀ ੨੧ ਦਸੰਬਰ ਨੂੰ ਜਦ ਨਗਰ ਸਭਾ ਦੀ ਮੀਟਿੰਗ ਹੋਈ ਤਾਂ ਵੈਦ ਜੀ ਨੇ ਸ਼ਰਾਬ ਦੇ 'ਠੇਕੇ ਸ਼ਹਿਰੋਂ ਬਾਹਰ ਹੋਣ' ਅਤੇ 'ਟੂਟੀਆਂ ਵਾਲੇ ਖੂਹ ਤੋਂ ਕੂੜੇ ਦਾ ਅਹਾਤਾ ਸ਼ਹਿਰੋਂ ਬਾਹਰ ਹੋਵੇ' ਇਹ ਦੋ ਤਜਵੀਜ਼ਾਂ ਪੇਸ਼ ਕਰਕੇ ਪਾਸ ਕਰਵਾਈਆਂ। ਇਹ ਵੈਦ ਜੀ ਦੇ ਸਾਲ ਭਰ ਮੈਂਬਰਾਂ ਤੇ ਪ੍ਰਧਾਨ ਸਾਹਿਬ ਜੀ ਨੂੰ ਮਿਲ ਮਿਲਾ ਤੇ ਸਮਝਾਉਣ ਬੁਝਾਉਣ ਦਾ ਸਿੱਟਾ ਸੀ, ਜੋ ਉਪ੍ਰੋਕਤ ਦੋਵੇਂ ਤਜ਼ਵੀਜਾਂ ਪਾਸ ਹੋ ਗਈਆਂ।

ਇਸ ਸਾਲ ਅਪ੍ਰੈਲ ਵਿੱਚ ਚੌਥੀ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਸਰਦਾਰ ਸੁੰਦਰ ਸਿੰਘ ਜੀ ਮਜੀਠਾ* ਦੀ ਪ੍ਰਧਾਨਗੀ ਹੇਠ ਰਾਵਲ ਪਿੰਡੀ

---

* ਸਰ ਸੁੰਦਰ ਸਿੰਘ ਜੀ ਮਜੀਠੀਆ:--ਆਪ ਦਾ ਜਨਮ ੧੭ ਫਰਵਰੀ ੧੮੭੨ ਨੂੰ ਮਜੀਠਾ ਜ਼ਿਲਾ ਅੰਮ੍ਰਿਤਸਰ ਵਿਖੇ ਰਾਜਾ ਸੂਰਤ ਸਿੰਘ ਜੀ ਦੇ ਘਰ ਹੋਇਆ। ਸੰਨ ੧੮੯੪ ਤੋਂ ਗੁਰੂ ਪੰਥ ਦੀ ਸੇਵਾ ਵਿਚ ਆਏ। ਆਪ ਪਹਿਲੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਸਕੱਤਰ ਰਹੇ। ੧੮੯੫ ਵਿਚ ਖਾਲਸਾ ਕਾਲਜ ਕੌਂਸਲ ਦੇ ਮੈਂਬਰ ਬਣੇ। ਚੀਫ ਖਾਲਸਾ ਦੀਵਾਨ ਦੀ ਬਣਤਰ-੧੯੦੨ ਤੋਂ ੧੯੨੦ ਤਕ ਸਕੱਤਰ ਰਹੇ ਤੇ ੧੯੩੨-੩੩ ਵਿਚ ਇਸਦੇ ਪ੍ਰਧਾਨ ਰਹੇ। ਸਿਖ ਐਜੂਕੇਸ਼ਨਲਕਮੇਟੀ ਦੇ ਸ਼ੁਰੂ ੧੯੦੮



Digitized by Panjab Digital Library | www.panjabdigilib.org

ਵਿੱਚ ਹੋਈ। ਵੈਦ ਜੀ ਨੇ ਸਦਾ ਵਾਂਗ ਖ਼ੂਬ ਵੱਧ ਚੜ੍ਹਕੇ ਹਿੱਸਾ ਲਿਆ।

੧੮ ਮਈ ੧੯੧੧ ਨੂੰ ਆਪ ਦੇ ਘਰ ਵਾਹਿਗੁਰੂ ਨੇ ਸਪੁੱਤ੍ਰ ਦੀ ਦਾਤ ਬਖਸ਼ੀ ਜਿਸਦਾ ਨਾਮ ਗੁਰਮਤ ਅਨੁਸਾਰ ਸ: ਹਰਿਭਜਨ ਸਿੰਘ ਰੱਖਿਆ ਗਿਆ।

੨੮ ਮਈ ਨੂੰ ਭੁਜੰਗਣ ਆਸ਼੍ਰਮ ਕੈਰੋਂ ਵਾਸਤੇ ਬਹੁਤ ਸਾਰੀਆਂ ਦਵਾਈਆਂ ਦੀ ਸੰਦੂਕੜੀ ਭਰਕੇ ਭੇਜੀ।

ਵਿਰੋਧੀਆਂ ਦੇ ਕੰਨ ਭਰਨ ਤੇ ੧੬ ਜੂਨ ਨੂੰ ਆਪ ਨੂੰ ਪੋਲੀਸ ਇੰਨਸਪੈਕਟਰ ਨੇ ਸੱਦਿਆ। ਗੱਲ ਬਾਤ ਕਰਕੇ ਭਾਈ ਜੀ ਨੇ ਸਭ ਸ਼ੰਕੇ ਦੂਰ ਕਰ ਦਿੱਤੇ। ਸ਼ਰਾਬ ਦੇ ਠੇਕੇ ਬਾਹਰ ਕਰਨ, ਸਫਾਈ ਤੇ ਰੋਸ਼ਨੀ ਦੇ ਪ੍ਰਬੰਧ ਬਾਬਤ ਭੀ ਜ਼ਿਕਰ ਕੀਤਾ।

੧੩ ਅਗਸਤ ਨੂੰ ਰਾਇ ਸਾਹਿਬ ਲਾਲਾ ਲਭੂ ਰਾਮ ਏ. ਡੀ. ਐਮ. ਜੀ ਦੀ ਧਰਮ ਪਤਨੀ ਦੀ ਬੀਮਾਰੀ ਵੇਖਣ ਵਾਸਤੇ ਗਏ।

ਪੁਜਾਰੀਆਂ ਤੇ ਗ੍ਰੰਥੀਆਂ ਦੀ ਵਿਰੋਧਤਾ ਹੁੰਦਿਆਂ ਭੀ ਗੁਰ ਸਿੱਖੀ ਪ੍ਰਚਾਰ ਨੂੰ ਮੁੱਖ ਰੱਖ ਕੇ ੧੮ ਸਤੰਬਰ ਨੂੰ ਆਪ ਨੇ ੧੩ਕੜੇ ੧੩ ਕ੍ਰਿਪਾਨਾਂ

---

ਤੋਂ ਮੈਂਬਰ ਹਨ ਤੇ ਪੰਜਾਬ ਸਿੰਧ ਬੈਂਕ ਅੰਮ੍ਰਿਤਸਰ ਦੇ ਜੁਲਾਈ੧੯੦੮ ਤੋਂ ਹੀ ਬੋਰਡ ਆਫ ਡਾਇਰੈਕਟਰਜ਼ ਦੇ ਚੇਅਰਮੈਨ ਰਹੇ। ਅਕਾਲੀ ਲਹਿਰ ਸਮੇਂ ੩. ੧. ੧੯੨੧ ਤੋਂ ਅਖੀਰ ੧੯੨੫ ਤਕ ਆਪ ਪੰਜਾਬ ਸਰਕਾਰ ਦੇ ਰੈਵੀਨਿਊ ਮਨਿਸਟਰ ਰਹੇ। ਇਸ ਸੇਵਾ ਬਦਲੇ ਆਪ ਨੂੰ ੧੯੨੬ ਵਿਚ 'ਸਰ' ਬਣਾਇਆ ਗਿਆ ਤੇ ੧.੪.੧੯੩੭ ਤੋਂ ਫਿਰ ਉਸੀ ਗਦੀ ਨੂੰ ਸ਼ਸ਼ੋਭਤ ਕਰ ਰਹੇ ਹਨ। ਸਿਖ ਐਜੂਕੇਸ਼ਨਲ ਕਾਨਫ੍ਰੰਸ ਦੇ ਤਿੰਨ ਵੇਰ ਪ੍ਰਧਾਨ ਬਣ ਚੁਕੇ ਹਨ। ਆਪ ਚੀਫ ਖਾਲਸਾ ਦੀਵਾਨ ਤੇ ਸੰਬੰਧਤ ਚੀਜ਼ਾਂ ਦੀ ਜਿੰਦ ਜਾਨ ਹਨ ਤੇ ਪਾਲਿਸੀ ਹਮੇਸ਼ਾਂ ਸਰਕਾਰੀ ਹੀ ਵਰਤਦੇ ਹਨ।੧੯੧੯ਵਿਚ ਡਾਇਰ ਨੂੰ ਸਿਖਾਂ ਵਲੋਂ ਸਿਰੋਪਾਉ ਦੇਣ ਦੇ ਲੀਡਰਾਂਵਿਚੋਂ ਹੋਵਣ ਕਰਕੇ ਆਪ ਜੀ ਨੂੰ ਸਰਕਾਰ ਵਲੋਂ ੧੯੨੦ ਵਿਚ ਸੀ. ਆਈ. ਈ. ਦਾ ਖਿਤਾਬ ਮਿਲਿਆ ਸੀ। ਵੈਦ ਜੀ ਦਾ ਚੀਫ ਖਾਲਸਾ ਦੀਵਾਨ ਵਿਚ ਉਘੇ ਸੇਵਕ ਹੋਣ ਕਰਕੇ ਸ਼ੁਰੂ ਤੋਂ ਹੀ ਮਜੀਠੀਆ ਸਾਹਿਬ ਨਾਲ ਪਿਆਰ ਤੇ ਸਤਕਾਰ ਰਿਹਾ ਹੈ।



Digitized by Panjab Digital Library | www.panjabdigilib.org

ਤੇ ੧੩ ਖੰਡੇ ਪੁਜਾਰੀ ਸਿੰਘਾਂ ਵਾਸਤੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿੱਚ ਧਰਮ ਅਰਥ ਦਿੱਤੇ।

੪ ਅਕਤੂਬਰ ਨੂੰ ਕਮੇਟੀ ਸੰਬੰਧੀ ਨਾਇਬ ਤਹਿਸੀਲ ਦਾਰ ਦੀ ਕਚਹਿਰੀ ਵਿੱਚ ਗਵਾਹੀ ਤੇ ਗਏ। ਕਚਹਿਰੀ ਵਿਚੋਂ ਜੋ ਖਰਚੇ ਦੇ ਰੁਪਏ ਮਿਲੇ ਉਹ ਹਸਪਤਾਲ ਦੇ ਖੈਰਾਇਤੀ ਫੰਡ ਵਿੱਚ ਦੇ ਦਿੱਤੇ।

੨੪ ਅਕਤੂਬਰ ਨੂੰ ਆਪ ਨੇ ਖਾਲਸਾ ਪ੍ਰਚਾਰਕ ਵਿਦਜਾਲੇ ਵਾਸਤੇ ਮੁਰਾਦ ਪੁਰ ਦੀ ਜ਼ਮੀਨ ਪਹਿਲੀ ਦੇ ਸਾਹਮਣੀ ਦੀਆਂ ਰਜਿਸਟ੍ਰੀਆਂ ਕਰਵਾਈਆਂ।

੧੫ ਨਵੰਬਰ ਨੂੰ ਸ੍ਰ: ਬਿਸ਼ਨ ਸਿੰਘ ਜੀ ਈ. ਏ. ਸੀ. ਡਿਪਟੀ ਦੀ ਬੀਮਾਰ ਸੁਪੱਤਨੀ ਨੂੰ ਦੇਖਣ ਗਏ।

੨੬ ਨਵੰਬਰ ਨੂੰ ਸੈਰ ਲਈ ਬੰਬਈ ਨੂੰ ਤੁਰੇ। ਅਹਮਦਾਬਾਦ ਅਜਮੇਰ ਆਦਿ ਰਸਤੇ ਵਿੱਚ ਅਨੇਕ ਥਾਵਾਂ ਦੇਖਦੇ ਹੋਏ ੮ ਦਸੰਬਰ ਨੂੰ ਵਾਪਸ ਆਏ।

੨੫ ਦਸੰਬਰ ਨੂੰ ਮਹਾਰਾਜਾ ਸਾਹਿਬ ਨਾਭਾ ਸ੍ਰੀ ਮਾਨ ਹੀਰਾ ਸਿੰਘ ਜੀ ਦਾ ਅਕਾਲ ਚਲਾਣਾ ਹੋਇਆ।

ਇਸ ਸਾਲ ਵਿੱਚ ਆਪ ਨੇ ਸੁਖੀ ਜੀਵਣ ਦੇ ਗੁਰ, ਸਾਡੇ ਘਰਾਂ ਦੀ ਦਸ਼ਾ, ਬਾਲ ਵਿਵਾਹ, ਮਨੁੱਖ ਕਰਤੱਵਜ, ਆਤਮ ਸੁਧਾਰ, ਸ਼੍ਰੇਸ਼ਟ ਕੁਲਾਂ ਦੀ ਚਾਲ, ਤੇ ਸ਼ੇਰ ਬਹਾਦਰ ਸ਼ੇਰ ਸਿੰਘ ਆਦਿ ਪੁਸਤਕਾਂ ਲਿਖੀਆਂ। ਜਿਨ੍ਹਾਂ ਵਿੱਚੋਂ ਸੁਖੀ ਜੀਵਣ ਦੇ ਗੁਰ, ਬਾਲ ਵਿਵਾਹ ਆਦਿਕ ਕਈ ਖਰੜੇ ਸੋਧੇ ਤੇ ਜਿਨ੍ਹਾਂ ਵਿੱਚੋਂ ਕਈ ਖਾਲਸਾ ਟ੍ਰੈਕਟ ਸੋਸਾਇਟੀ ਨੇ ਛਾਪੇ।

---



Digitized by Panjab Digital Library | www.panjabdigilib.org

"ਮੇਰੇ ਗ੍ਰਹਿ ਵਿਖੇ ਪੰਜ ਭੁਝੰਗੀ ਪੈਦਾ ਹੋ ਹੋ ਕੇ ੧ ਸਾਲ ਦੀ ਅਵਸਥਾ ਦੇ ਵਿਚ ੨ ਹੀ ਗੁਜ਼ਰ ਜਾਂਦੇ ਰਹੇ। ਅਨੇਕਾਂ ਇਲਾਜ ਕਰ ਕਰਕੇ ਮਾਯੂਸੀ ਦੀ ਹਾਲਤ ਵਿਚ ਮੇਰੇ ਇਕ ਪਰਮ ਸਨੇਹੀ ਨੇ ਮੈਨੂੰ ਦਸਿਆ.....ਉਨ੍ਹਾਂ ਦੀ ਪ੍ਰੇਰਨਾ ਅਨੁਸਾਰ ਮੈਂ ਵੈਦ ਜੀ ਦੀ ਸੇਵਾ ਵਿਖੇ ਹਾਜ਼ਰ ਹੋ ਕੇ ਅਪਨੇ ਦੁਖ ਦੀ ਵਿਥਿਆ ਵਰਨਨ ਕੀਤੀ।...ਲਗਾਤਾਰ ਦਵਾਈ ਸੇਵਨ ਕਰਾਨ ..ਤੇ ਵਾਹਿਗੁਰੂ ਨੇ ਮੇਰੇ ਘਰ ਭੁਜੰਗਣ ਦੀ ਦਾਤ ਬਖਸ਼ੀ।...ਫਿਰ ਆਸ ਹੋਈ ਤੇ ਮੈਂ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਲਿਖਿਆ।...ਭਾਈ ਸਾਹਿਬ ਵਲੋਂ ਘੱਲੀਆਂ ਹੋਈਆਂ ਦਵਾਵਾਂ ਵਰਤਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਤੇ...ਵਾਹਿਗੁਰੂ ਨੇ ਮੇਰੇ ਗ੍ਰਹਿ ਵਿਖੇ ਭੁਝੰਗੀ ਦੀ ਦਾਤ ਬਖਸ਼ੀ ।

ਸ੍ਰੀ ਮਾਨ ਭਾਈ ਸਾਹਿਬ ਜੀ ਦੇ ਇਲਾਜ ਨਾਲ ਸੰਤਾਨ ਸੰਬੰਧੀ ਮੇਰੇ ਉਤੇ ਵਾਹਿਗੁਰੂ ਦੀ ਕ੍ਰਿਪਾ ਹੋਈ ਦੇਖਕੇ ਹੋਰ ਕਈ ਸੱਜਣਾਂ ਨੇ...ਸੰਤਾਨ ਸੰਬੰਧੀ ਇਲਾਜ ਕਰਵਾਕੇ ਲਾਭ ਪ੍ਰਾਪਤ ਕੀਤਾ ।

ਬਦ ਕਿਸਮਤੀ ਨਾਲ ਮੈਨੂੰ ਗਲੇ ਵਿਚ ਟੀ. ਬੀ. ਗਲੈਂਡ (ਹਜੀਰਾਂ) ਦੀ ਸ਼ਕਾਇਤ ਹੋ ਗਈ ਸੀ,...ਸ੍ਰੀ ਮਾਨ ਵੈਦ ਜੀ ਨੇ ਮੈਨੂੰ ਇਕ ਅਰਕ ਦਾ ਨੁਸਖਾ ਲਿਖ ਕੇ ਦਿੱਤਾ ਤੇ ਸਾਲ ਭਰ ਲਗਾਤਾਰ ਵਰਤਣ ਲਈ ਕਿਹਾ, ਉਸ ਨਾਲ ਮੈਨੂੰ ਹੀ ਫਾਇਦਾ ਨਹੀਂ ਹੋਇਆ, ਸਗੋਂ ਮੇਰੇ ਪਾਸੋਂ ਉਹ ਅਰਕ ਲੈਕੇ ਹੋਰ ਵੀ ਕਈ ਸੱਜਣਾਂ ਨੇ ਲਾਭ ਪ੍ਰਾਪਤ ਕੀਤਾ ।

ਸ੍ਰੀ ਮਾਨ ਪੰਥ ਰਤਨ ਭਾਈ ਸਾਹਿਬ ਮੋਹਨ ਸਿੰਘ ਜੀ ਵੈਦ ਦੇ ਕੇਹੜੇ ਕੇਹੜੇ ਗੁਣਾਂ ਦੀ ਪ੍ਰਸੰਸਾ ਕੀਤੀ ਜਾਵੇ। ਸੱਚੀ ਗੱਲ ਤਾਂ ਇਹ ਹੈ ਕਿ ਉਹ ਇਕ ਪੂਰਨ ਗੁਰ ਸਿੱਖ ਤੇ ਗੁਰਮੁਖ, ਮਹਾਨ ਪਰਉਪਕਾਰੀ ਤੇ ਸੱਚੇ ਦੇਸ਼ ਭਗਤ ਸਨ। ਉਨ੍ਹਾਂ ਨੇ ਆਪਣਾ ਤਨ ਮਨ ਧਨ ਸਭ ਕੁਝ ਪੰਥ, ਦੇਸ਼, ਪੰਜਾਬੀ ਤੇ ਗੁਰਸਿੱਖੀ ਦੇ ਪ੍ਰਚਾਰ ਲਈ ਵਕਫ ਕਰ ਰੱਖਿਆ ਸੀ ਅਤੇ ਉਨ੍ਹਾਂ ਵਿਚ ਉਹ ਸਾਰੇ ਗੁਣ ਮੌਜੂਦ ਸਨ ਜੋ ਇੱਕ ਸੱਚੇ ਗੁਰਸਿੱਖ ਵਿਚ ਹੋਣੇ ਜ਼ਰੂਰੀ ਹੈਨ। ਮੈਂ ਤਾਂ ਨਿਸ਼ੰਗ ਹੋ ਕੇ ਕਹਿੰਦਾ ਹਾਂ—

"ਧੰਨੁ ਜਨਨੀ ਜਿਨ ਜਾਇਆ ਧੰਨੁ ਪਿਤਾ ਪਰਧਾਨੁ ॥"

ਉਨ੍ਹਾਂ ਦੇ ਵਿਛੋੜੇ ਨਾਲ ਦੇਸ਼ ਅਤੇ ਪੰਥ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਭਾਵੇਂ ਸ੍ਰੀਰ ਕਰਕੇ ਉਹ ਅੱਜ ਜ਼ਿੰਦਾ ਨਹੀਂ ਹੈਨ, ਪਰ ਖਲਕਿ ਖੁਦਾ ਦੀ ਖਿਦਮਤ, ਨੇਕੀ ਤੇ ਪਰਉਪਕਾਰ ਕਰਕੇ ਉਨ੍ਹਾਂ ਦਾ ਨਾਮ ਹਮੇਸ਼ਾ ਅਟੱਲ ਰਹੇਗਾ ।"

(ਸ੍ਰ: ਗੁਰਬਖਸ਼ ਸਿੰਘ ਜੀ ਪ੍ਰਧਾਨ
ਸ੍ਰੀ ਗੁਰੂ ਸਿੰਘ ਸਭਾ, ਬਾਗਬਾਨ ਪੁਰਾ)



Digitized by Panjab Digital Library | www.panjabdigilib.org

# ੧੯੧੨

## ਜੀਵਣ-ਜੋਸ਼

"ਭਾਰਤ ਵਰਸ਼ ਨੂੰ ਜਿਨ੍ਹਾਂ ਵੱਡੇ ੨ ਲਿਖਾਰੀਆਂ ਦਾ ਮਾਣ ਹੈ ਅਰ ਜਿਨ੍ਹਾਂ ਢੇਰਾਂ ਦੇ ਢੇਰ ਪੁਸਤਕਾਂ ਦੀ ਰਚਨਾ ਕੀਤੀ ਹੈ ਭਾਈ ਮੋਹਨ ਸਿੰਘ ਜੀ ਵੈਦ ਉਨ੍ਹਾਂ ਵਿੱਚੋਂ ਇੱਕ ਸਨ। ਆਪ ਦੀਆਂ ਰਚੀਆਂ ਪੁਸਤਕਾਂ ਦੀ ਗਿਣਤੀ, ਅਰ ਉਹ ਵੀ ਤਰਾਂ ੨ ਦੇ ਵਿਸ਼ਯਾਂ ਤੇ, ਵੱਲ ਵੇਖੀਏ ਤਾਂ ਆਪਨੂੰ ਸ੍ਵਰਗੀਯ ਮਹਾਂਰਿਸ਼ੀ ਸ਼ਿਵ ਬ੍ਰਤ ਲਾਲ ਵਰਮਾ (ਰਾਧਾ ਸ੍ਵਾਮੀ ਮੱਤ ਦੇ ਆਗੂ) ਨਾਲ ਸਮਤਾ ਦੇ ਸਕਦੇ ਹਾਂ। ਭਾਈ ਸਾਹਿਬ ਨੇ ਵਾਰਤਕ ਸਾਹਿੱਤ ਮਣਾ ਮੂੰਹੀਂ ਲਿਖਿਆ। ਅਰ ਫੇਰ ਏਨੀ ਸਰਲਤਾ, ਸੌਖੀ ਤੇ ਸਾਫ ਬੋਲੀ ਵਿਚ ਕਿ ਬਗੈਰ ਪ੍ਰਸੰਸ਼ਾ ਕੀਤੇ ਰਿਹਾ ਨਹੀਂ ਜਾਂਦਾ। ਆਪ ਨੇ ਜਿੱਥੇ ਵੈਦਕ, ਧਰਮ,ਨੀਤੀ, ਵਿਦਿਆ ਅਰ ਸਮਾਜ-ਸੁਧਾਰ ਸੰਬੰਧੀ ਪੁਸਤਕ ਲਿਖੇ, ਉਥੇ ਬੇਕਨ (Bacon) ਸਮਾਈਲਜ਼ (Smiles), ਐਮਰਸਨ (Emerson) ਅਰ ਵਿਵੇਕਾ ਨੰਦ ਜਿਹੇ ਮਹਾਨ ਲਿਖਾਰੀਆਂ ਦੇ ਪੁਸਤਕਾਂ ਦਾ ਉਲਥਾ ਭੀ ਕੀਤਾ। ਆਪ ਕੁਛ ਰਿਸਾਲੇ ਵੀ ਐਡਿਟ ਕਰਦੇ ਰਹੇ ਜਿਨਾਂ ਬੜੀ ਸਲਾਹੁਤਾ ਅਰ ਮਾਣ ਪ੍ਰਾਪਤ ਕੀਤਾ।"

[ਡਾਕਟ ਮੋਹਨ ਸਿੰਘ ਜੀ M.A., Ph.D., D.Litt.]

ਵੈਦ ਜੀ ਦੇ ਅੰਦਰ ਸਿਖੀ ਜੀਵਣ ਦੀ ਰੌ ਲਹਿਰੇ ਲੈ ਰਹੀ ਸੀ। ਕੌਮੀ ਤੇ ਮੁਲਕੀ ਸੇਵਾ-ਪ੍ਰੇਮ ਦੀ ਅੱਗ ਅੰਦਰੋਂ ਭਭਾਕੇ ਮਾਰ ਮਾਰ ਉੱਠ ਰਹੀ ਸੀ। ਦਿਨ ਰਾਤ ਅੱਠੇ ਪਹਿਰ ਆਪ ਨੂੰ ਧਾਰਮਕ ਰੰਗ ਵਿਚ ਰੰਗੀਜੇ ਹੋਏ ਦੇਸ਼-ਪ੍ਰੇਮ ਦੀ ਹੀ ਧੁਨਿ ਲੱਗੀ ਰਹਿੰਦੀ ਸੀ। ਕਿਵੇਂ ਦੇਸ਼ ਉਨਤ ਹੋਵੇ ?



Digitized by Panjab Digital Library | www.panjabdigilib.org

ਕਿਵੇਂ ਪੰਜਾਬ ਤਰੱਕੀ ਕਰੇ ? ਕਿਵੇਂ ਸਿਖ ਪੰਥ ਅਸਲੀ ਸਿੱਖੀ ਸਪਿਰਟ ਨੂੰ ਸਮਝੇ ? ਗੁਰੂ ਸਾਹਿਬਾਨ ਦੇ ਆਸ਼ੇ ਉੱਪਰ ਚਲਦਾ ਹੋਇਆ, ਪ੍ਰਾਣੀ ਮਾਤ੍ਰ ਸੰਸਾਰ ਦੀ ਅਭੇਦ ਸੇਵਾ ਕਰਦਾ ਹੋਇਆ ਲੋਕ ਪਰਲੋਕ ਨੂੰ ਸਫਲਾ ਕਰੇ । ਵੈਦ ਜੀ ਦੇ ਨਜ਼ਦੀਕ ਸਰਬ ਪ੍ਰਾਣੀ ਮਾਤ੍ਰ ਨਾਲ ਪ੍ਰੇਮ ਕਰਨਾ, ਸਰਬਤ ਦੀ ਅਭੇਦ ਸੇਵਾ ਕਰਨਾ, ਸਰਬ ਨੂੰ ਆਪਣਾ ਸਮਝਣਾ ਤੇ ਸਤਕਾਰਨਾ ਸਿੱਖੀ ਦਾ ਮੁੱਢ ਅਸੂਲ ਸਮਝਿਆ ਹੋਇਆ ਸੀ, ਤੇ ਹੈ ਭੀ ਇਹੀ । ਜਿਸ ਗੁਰ ਸਿੱਖ ਵਿੱਚ ਸਾਰੇ ਸੰਸਾਰ ਦੇ ਜੀਵਾਂ ਨਾਲ ਪਿਆਰ ਨਹੀਂ, ਅਟੁੱਟ ਪ੍ਰੇਮ ਨਹੀਂ, ਉਹ ਸ੍ਰੀ ਗੁਰੂ ਨਾਨਕ ਜੀ ਦੇ ਆਸ਼ੇ ਨੂੰ ਕਿਵੇਂ ਸਮਝ ਸਕਦਾ ਹੈ ? ਜਿਸ ਦੇ ਦਿਲ ਵਿੱਚ ਵਿੱਦਿਆ ਪ੍ਰਾਪਤੀ ਤੇ ਹੁਕਮ ਮੰਨਣ, ਡਿਸਿਪਲਿਨ ਨੂੰ ਕਾਇਮ ਰੱਖਣ ਦੀ ਚਾਹ ਨਹੀਂ, ਉਹ ਸ੍ਰੀ ਗੁਰੂ ਅੰਗਦ ਜੀ ਦਾ ਪੈਰੋਕਾਰ ਕਿਵੇਂ ਕਿਹਾ ਜਾ ਸਕਦਾ ਹੈ ? ਜਿਸਦੇ ਜੀ ਵਿੱਚ ਸੰਸਾਰ ਦੀ ਅਟੁੱਟ ਤੇ ਅਭੇਦ ਸੇਵਾ ਕਰਨ ਦਾ ਜਜ਼ਬਾ, ਤੇ ਅਮਲੀ ਪ੍ਰਚਾਰ ਕਰਨ ਦਾ ਜੋਸ਼ ਨਹੀਂ,ਉਹ ਸ੍ਰੀ ਗੁਰੂ ਅਮਰ ਦਾਸ ਜੀ ਦੀ ਸਪਿਰਟ ਨੂੰ ਸਮਝ ਹੀ ਕਿਵੇਂ ਸਕਦਾ ਹੈ ? ਜਿਸ ਦੇ ਮਨ ਵਿੱਚ ਜਥੇਬੰਦੀ ਦਾ ਰੁਖ ਨਹੀਂ, ਜਿਸਦੇ ਹਿਰਦੇ ਵਿੱਚ ਸਹਿਨ-ਸੀਲਤਾ, ਸੀਤਲਤਾ ਤੇ ਦ੍ਰਿੜ੍ਹਤਾ ਨਹੀਂ, ਉਹ ਸ੍ਰੀ ਗੁਰੂ ਰਾਮਦਾਸ ਜੀ ਤੇ ਪੰਚਮ ਪਾਤਸ਼ਾਹ ਦੇ ਆਸ਼ੇ ਨੂੰ ਹਰਗਿਜ਼ ਨਹੀਂ ਜਾਣ ਸਕਦਾ । ਜਿਸਨੇ ਮਸ-ਨਦਉੱਪਰ ਬੈਠਕੇ ਤੇ ਰਣ ਤੱਤੇ ਵਿੱਚ ਵਾਹਿਗੁਰੂ ਦੇ ਪ੍ਰੇਮ ਵਿੱਚ ਰੱਤ ਹੋਕੇ ਰੰਗ ਨਹੀਂ ਮਾਣਿਆ, ਤੇ ਜਿਸ ਨੇ ਤਾਕਤ ਹੁੰਦਿਆਂ ਭੀ ਨਿਤਾਣਾ ਹੋਕੇ ਨਹੀਂ ਵਰਤਿਆ, ਉਸ ਸ੍ਰੀ ਗੁਰੂ ਹਰ ਗੋਬਿੰਦ ਜੀ ਤੇ ਸ੍ਰੀ ਗੁਰੂ ਹਰਿ ਰਾਇ ਜੀ ਦੇ ਸਿੱਖੀ ਅਸੂਲ ਨੂੰ ਨਹੀਂ ਸਮਝਿਆ । ਜਿਹੜਾ ਨਿਡਰ ਨਿਰਭੈ ਨਹੀਂ ਤੇ ਜਿਸ ਨੇ ਪਰ-ਹਿਤ ਆਪਾ ਤੱਕ ਵਾਰ ਕੇ ਸੁਖ ਪਹੁੰਚਾਵਣ ਦਾ ਸਬਕ ਨਹੀਂ ਸਿੱਖਿਆ, ਉਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸਿੱਖਜਾ ਨੂੰ ਨਹੀਂ ਜਾਣ ਸਕਿਆ । ਆਹੋ ਜੀ ! ਜਿਸਨੇ ਸੱਚਾਈ, ਇਨਸਾਫ ਤੇ ਪਰੁਪਕਾਰ ਲਈ ਸਭ ਕੁਛ ਕੁਰਬਾਨ ਕਰਨ ਦੀ ਸੰਥਾ ਨਹੀਂ ਪੜ੍ਹੀ, ਤੇ ਜੋ ਸੰਸਾਰ ਸੇਵਾ ਲਈ, ਸਿੱਖੀ ਪ੍ਰਵੇਸ਼ ਲਈ, 'ਸਿਰ ਧਰ ਤਲੀ'



Digitized by Panjab Digital Library | www.panjabdigilib.org

ਪ੍ਰੀਤਮ ਦੀ ਗਲੀ ਨਹੀਂ ਆਉਣਾ ਜਾਣਦਾ, ਉਹ ਦਸ਼ਮੇਸ਼ ਪਿਤਾ ਦੇ ਆਸ਼ੇ ਨੂੰ ਹਰਗਿਜ਼ ਹਰਗਿਜ਼ ਨਹੀਂ ਜਾਣ ਸਕਦਾ, ਤੇ ਸਿੱਖੀ ਦੀ ਸਪਿਰਟ ਨੂੰ ਨਹੀਂ ਸਿਆਣ ਸਕਦਾ। ਇਹ ਸੀ ਵੈਦ ਜੀ ਦਾ ਜੀਵਣ ਆਦਰਸ਼।

ਕੁਛ ਸਜਣਾਂ ਪ੍ਰੇਮੀਆਂ ਦੇ ਸਾਥ ਨਾਲ ਵੈਦ ਜੀ ਨੇ 'ਪੰਜਾਬੀ ਪ੍ਰਚਾਰ ਰਤਨਾਵਲੀ ਲੜੀ' ਕਾਇਮ ਕੀਤੀ ਸੀ, ਜਿਸ ਦਾ ਜ਼ਿਕਰ ਅਸੀਂ ਪਿਛਲੇ ਪੱਨਿਆਂ ਵਿਚ ਕਰ ਆਏ ਹਾਂ। ਇਸ ਦਾ ਸਾਰੇ ਦਾ ਸਾਰਾ ਨਹੀਂ ਤਾਂ ਬਹੁਤ ਸਾਰਾ ਕੰਮ ਵੈਦ ਜੀ ਨੂੰ ਆਪ ਹੀ ਕਰਨਾ ਪੈਂਦਾ ਸੀ, ਤੇ ਖਰਚ ਭੀ ਬਹੁਤ ਕਰ ਕੇ ਕੋਲੋਂ ਹੀ ਕਰਨਾ ਪੈਂਦਾ ਸੀ, ਤੇ ਦੌੜ ਭੱਜ ਵਾਧੂ ਦੀ। 'ਜਦ ਸਾਰਾ ਕੰਮ ਆਪ ਹੀ ਕਰਨਾ ਹੈ ਤਾਂ ਫੇਰ ਕਿਉਂ ਨਾ ਦੌੜ ਭਜ ਤੋਂ ਖਲਾਸੀ ਪਾਈ ਜਾਵੇ' ਵਿਚਾਰਕੇ ਵੈਦ ਜੀ ਨੇ ਹੁਣ ਨਵੀਂ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਅਰੰਭ ਕੀਤੀ ਤੇ ਆਪਣੀਆਂ ਸਾਰੀਆਂ ਪੁਸਤਕਾਂ ਇਸ ਲੜੀ ਹੇਠ ਪ੍ਰਕਾਸ਼ਤ ਕਰਨੀਆਂ ਸ਼ੁਰੂ ਕੀਤੀਆਂ ਅਤੇ (੧) ਆਤਮ ਸੁਧਾਰ, (੨) ਸੁਖੀ ਜੀਵਣ ਦੇ ਗੁਰ (੩) ਸ੍ਰੇਸ਼ਟ ਕੁਲਾਂ ਦੀ ਚਾਲ (੪) ਵਪਾਰ ਸਿੱਖਜਾ (੫) ਆਤਮ ਵਿਦਿਆ ਦੇ ਗੁਰ (੬) ਸੰਦੂਕ ਦਾ ਮੁਰਦਾ (੭) ਭੂਲ ਭੁਲੱਯਾਂ (੮) ਮਿੱਟੀ ਨਾਲ ਰੋਗਾਂ ਦੇ ਇਲਾਜ (੯) ਇਸਤ੍ਰੀ ਧਰਮ ਸਿਮ੍ਰਤੀ ਸਾਰ (੧੦) ਮੁਲਾਕਾਤ ਦਰਪਨ (੧੧) ਗਹਿਣਾ ਮੰਗਣ ਦੇ ਔਗਣ (੧੨) ਅਨੇਕ ਗਿਆਨ ਦਰਪਨ (੧੩) ਸ਼ੁਸ਼ੀਲਾ ਨੂੰਹ (੧੪) ਰਾਮੇਂਦ੍ਰ ਕੌਰ (੧੫) ਸੁਖ ਮਾਰਗ ਪ੍ਰਕਾਸ਼ (੧੬) ਸੁਭਾਗ ਕੌਰ (੧੭) ਉਪਦੇਸ਼ ਦਰਪਨ (੧੮) ਸ਼ੇਰ ਬਹਾਦਰ ਸ਼ੇਰ ਸਿੰਘ (੧੯) ਕਮਾਈ ਦੀ ਬਰਕਤ (੨੦) ਅਧਾਨ ਦੇ ਦਿਨ ਤੇ ਸੰਤਾਨ ਸਿੱਖਿਆ (੨੧) ਇਲਾਜ ਬੇ ਦਵਾ (੨੨) ਸੱਪ ਦੀ ਜ਼ਹਿਰ ਦੇ ਇਲਾਜ (੨੩) ਅਰੋਗਤਾ ਪ੍ਰਕਾਸ਼ ਅਤੇ (੨੪)ਸੰਖੇਪ ਸੰਪੱਤੀ ਸ਼ਾਸਤ੍ਰ ਆਦਿ ਗ੍ਰੰਥ ੧੯੧੨ਦੇ ਵਿਚ ੨ ਛਪਾਏ।

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੀ ਪਹਿਲੀ ਪੁਸਤਕ'ਆਤਮ ਸੁਧਾਰ' ਦੇ ਅਰੰਭ ਵਿਚ ਵੈਦ ਜੀ ਲਿਖਦੇ ਹਨ:–

"ਸੰਸਾਰ ਭਰ ਦੇ ਸਮਝ ਵਾਲੇ ਪੁਰਸ਼ ਏਸ ਬਾਤ ਨੂੰ ਚੰਗੀ ਤਰ੍ਹਾਂ



Digitized by Panjab Digital Library | www.panjabdigilib.org

ਜਾਣਦੇ ਹਨ ਕਿ ਤਦ ਤਕ ਕੋਈ ਦੇਸ਼ ਭੀ ਉੱਨਤ ਨਹੀਂ ਹੋ ਸਕਦਾ, ਜਦ ਤਕ ਉਸ ਦੇਸ਼ ਦੀ ਭਾਸ਼ਾ ਨੂੰ ਉੱਨਤੀ ਦੇ ਸਿਖਰ ਨਾ ਪਹੁੰਚਾਯਾ ਜਾਵੇ। ਜਿਨਾਂ ੨ਜਿਸ ੨ ਦੇਸ਼ ਵਾਸੀਆਂ ਨੇ ਆਪਣੀ ਉੱਨਤੀ ਕੀਤੀ ਹੈ, ਸੋ ਸਭਨਾਂ ਨੇ ਸ੍ਵਦੇਸ਼ ਭਾਸ਼ਾ ਦੇ ਪ੍ਰਭਾਵ ਨਾਲ ਹੀ ਕੀਤੀ ਹੈ। ਸੰਸਾਰ ਭਰ ਦੇ ਇਤਿਹਾਸ ਏਸ ਬਾਤ ਦੀ ਸਾਖੀ ਭਰਦੇ ਹਨ ਕਿ ਹਰ ਕੌਮ ਤੇ ਹਰ ਦੇਸ਼ ਦੇ ਪਾਤਸ਼ਾਹ ਜਦ ਦੂਸਰੇ ਦੇਸ਼ਾਂ ਤੇ ਅਧਿਕਾਰ ਪਾਵਨ ਵਾਸਤੇ ਹਮਲਾ ਕਰਨ ਆਇ, ਤਦ ਓਨਾਂ ਨੇ ਅਰੰਭ ਵਿਚ ਸਭ ਤੋਂ ਵਧ ਕੇ ਸਭ ਤੋਂ ਪਹਿਲੇ ਉਸ ਦੇਸ਼ ਦੀ ਦੌਲਤ (ਚਾਹੇ ਧਿੰਗੋ ਜ਼ੋਰੀ ਚਾਹੇ ਵਿਹਾਰ ਦੇ ਆਸਰੇ) ਅਤੇ ਭਾਸ਼ਾ ਪਰ ਹੀ ਹਮਲਾ ਕੀਤਾ। ਅਰ ਆਪਣੀਆਂ ਰੀਤਾਂ ਰਸਮਾਂ ਤੇ ਭਾਸ਼ਾ ਦਾ ਪ੍ਰਚਾਰ ਕੀਤਾ ਜਿਸ ਦਾ ਕਾਰਣ ਇਹ ਸੀ, ਕਿ ਜਿਨ੍ਹਾਂ ਦੀ ਸ੍ਵਦੇਸ਼ ਭਾਸ਼ਾ ਨਸ਼ਟ ਹੋ ਗਈ, ਓਨਾਂ ਦੇ ਸਾਰੇ ਵਿਚਾਰ ਤੇ ਖਿਆਲ ਜੋ ਉਨ੍ਹਾਂ ਦੀ ਭਾਸ਼ਾ ਵਿਚ ਸਨ, ਅਤੇ ਭਾਸ਼ਾ ਦੀ ਸਾਂਝ ਨਾਲ ਆਪਸ ਦੇ ਮੇਲ ਮਿਲਾਪ ਜੱਥੇ ਬੰਦੀ ਦੇ ਗੁਣ ਭੀ ਭਾਵੇਂ ਉਹ ਸੰਸਾਰਕ ਤੇ ਭਾਵੇਂ ਧਾਰਮਕ, ਓਹ ਭੀ ਨਾਲ ਹੀ ਨਸ਼ਟ ਹੋ ਗਏ। ਏਹ ਵਰਤੋਂ ਪ੍ਰਤੱਖ ਅਰ ਇਤਿਹਾਸਾਂ ਵਿਚ ਸੂਰਜ ਤੋਂ ਭੀ ਵੱਧ ਚਮਕ ਰਹੀ ਹੈ ਅਰ ਇਹ ਭੀ ਅਟੱਲ ਵਰਤਾਰਾ ਹੈ, ਕਿ ਜਿਸਤਰ੍ਹਾਂ ਆਪਨੇ ਵਿਚਾਰ ਮਾਤ੍ਰੀ ਭਾਸ਼ਾ ਵਿਚ ਪ੍ਰਗਟ ਕੀਤੇ ਜਾਂਦੇ ਹਨ, ਉਸ ਤਰ੍ਹਾਂ ਦੂਸਰੀ ਭਾਸ਼ਾ ਵਿਚ ਪ੍ਰਗਟ ਨਹੀਂ ਹੋ ਸਕਦੇ।

ਹੋਰ ਉੱਨਤੀ ਵਾਲਿਆਂ ਦੇ ਮੇਲ ਮਿਲਾਪ ਤੇ ਉੱਨਤੀ ਕਰਦਿਆਂ ਨੂੰ ਦੇਖ ਕੇ ਠੰਡੇ ਹੋ ਚੁੱਕੇ, ਸਾਡੇ ਸ੍ਵਦੇਸ਼ੀ ਭਰਾਵਾਂ ਨੂੰ ਭੀ ਉੱਨਤ ਹੋਵਣ ਦਾ ਉਤਸ਼ਾਹ ਹੋਇਆ ਹੈ, ਪਰ ਅਰੰਭ ਵਿਚ ਹੀ ਓਹ ਆਪਣੇ ਪੰਜਾਬ ਦੇ ਪ੍ਰਸਿੱਧ ਮਿੱਠੇ ਫਲ (ਫੁੱਟ) ਦੇ ਪ੍ਰੇਮ ਅਰ ਨਾੜ ਨਾੜ ਵਿਚ ਸਮਾ ਚੁਕੇ ਹਨ, ਅਰ ਸਵਾਰਥ ਦੀ ਲਹਿਰ ਨਾਲ ਉਲਟੇ ਰਾਹ ਜਾ ਰਹੇ ਹਨ, ਸ੍ਵਦੇਸ਼ ਭਾਸ਼ਾ (ਪੰਜਾਬੀ) ਵਲ ਬੋਹੜੇ ਸਜਣਾਂ ਦੇ ਬਿਨਾ ਕਿਸੇ ਭੀ ਆਗੂ ਬਣੇ ਬੈਠੇ ਦਾ ਧਿਆਨ ਤੇ ਪਿਆਰ ਨਹੀਂ। ਸਗੋਂ ਬਹੁਤ ਸਾਰੇ ਮਾਂ ਦੇ ਵੈਰੀਆਂ ਤੋਂ ਵਧ ਅਪਰਾਧੀਆਂ ਦੀ ਤਰ੍ਹਾਂ ਪਾਲਨ ਪੋਸਨ ਵਾਲੀ ਮਾਂ ਦੇ ਦੁਧ ਨਾਲ



Digitized by Panjab Digital Library | www.panjabdigilib.org

ਮਿਲੀ ਮਾਤ੍ਰੀ ਭਾਸ਼ਾ ਦੇ ਵਿਰੋਧੀ ਹੋ ਰਹੇ ਹਨ। ਏਸ ਤੋਂ ਭੀ ਵਧ ਕੇਵਲ ਵਿਰੋਧੀ ਹੀ ਨਹੀਂ, ਸਗੋਂ ਤਰ੍ਹਾਂ ਤਰ੍ਹਾਂ ਦੀਆਂ ਰੋਕਾਂ ਪਾ ਰਹੇ ਤੇ ਤਰਕਾਂ ਕਰ ਰਹੇ ਹਨ। ਹਾਲਾਂ ਕਿ ਸਾਡੇ ਦੇਸ਼ (ਪੰਜਾਬ) ਵਿਚ ਜਦੋਂ ਕਿ ਹਿੰਦੀ, ਉਰਦੂ ਦਾ ਬਹੁ ਖਿੱਤਾ ਭੀ ਨਹੀਂ ਸੀ, ਵਰਤਮਾਨ ਹਿੰਦੀ ਨੇ ਅਜੇ ਜਨਮ ਭੀ ਨਹੀਂ ਧਾਰਿਆ ਸੀ, ਤਦ ਪੰਜਾਬੀ ਵਿਚ ਉੱਚ ਭਾਵਾਂ ਦੇ ਅਨੇਕਾਂ ਪੁਸਤਕ ਵਰਤ-ਮਾਨ ਸੋਭਾ ਪਾ ਰਹੇ ਸਨ। ਬਾਵਾ ਫਰੀਦ ਜੀ ਤੇਹਰਵੀਂ ਸਦੀ ਮਸੀਹ ਤੋਂ ਥੋੜੇ ਬਰਸ ਹੀ ਪਿੱਛੋਂ ਹੋਏ ਹਨ, ਅਰ ਦੁਨੀਆਂ ਮੰਨਦੀ ਹੈ ਕਿ ਉਨ੍ਹਾਂ ਦੀ ਬਾਣੀ ਅਚਰਜ ਠੇਠ ਅਰ ਮੁਹਾਵਰੇ ਦਾਰ ਪੰਜਾਬੀ ਹੈ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਬੇਅੰਤ ਸ਼ਬਦ ਠੇਠ ਪੰਜਾਬੀ ਵਿਚ ਹਨ। ਜਿਸ ਤੋਂ ਪ੍ਰਤੱਖ ਹੈ ਕਿ ਪੰਦਰਵੀਂ ਸਦੀ ਮਸੀਹ ਵਿਚ ਜਦੋਂ ਕਿ ਹਿੰਦੀ ਸਾਹਿਤਯ ਦੇ ਭੰਡਾਰ ਦੀ ਸ਼੍ਰੋਮਣੀ ਪੁਸਤਕ 'ਤੁਲਸੀ ਰਾਮਾਯਣ' ਦੇ ਕਰਤਾ ਦੇ ਮਾਤਾ ਪਿਤਾ ਭੀ ਅਜੇ ਮਾਤਾ ਦੇ ਉਦਰ ਨਿਵਾਸ ਨਹੀਂ ਹੋਏ ਹੋਣੇ, ਤਦ ਤੋਂ ਪੰਜਾਬੀ ਭਾਸ਼ਾ ਇਕ ਇਲਮੀ ਜ਼ਬਾਨ ਸਮਝੀ ਜਾਂਦੀ ਸੀ। ਸੋਲ੍ਹਵੀਂ ਸਦੀ ਮਸੀਹ ਦੇ ਛੇਕੜ ਵਿਚ ਠੇਠ ਪੰਜਾਬੀ ਬੋਲੀ ਦੀ ਉੱਚ ਪਾਏ ਦੀ ਪੁਸਤਕ ਜੋ 'ਭਾਈ ਗੁਰਦਾਸ ਜੀ ਦੀਆਂ ਵਾਰਾਂ' ਕਰਕੇ ਪ੍ਰਸਿੱਧ ਹੈ ਹਸਤੀ ਵਿੱਚ ਆਈ, ਜਾਣੂ ਸੱਜਣ ਜਾਣਦੇ ਹਨ ਕਿ ਇਸ ਪੁਸਤਕ ਵਿਚ ਕੇਹੇ ੨ ਸੁੰਦਰ ਅਤੇ ਉੱਚੇ ਭਾਵ ਕੇਡੀ ਸੁੰਦਰ ਬਾ ਮੁਹਾਵਰਾ ਠੇਠ ਪੰਜਾਬੀ ਵਿਚ ਲਿਖੇ ਹੋਏ ਹਨ। ਵਿਦਯਕ ਯੋਗਤਾ ਅਰ ਜ਼ਬਾਨ ਦਾ ਕੇਹਾ ਉੱਚਾ ਨਮੂਨਾ ਹੈ। ਏਹ ਠੇਠ ਪੰਜਾਬੀ ਦੀ ਪ੍ਰਸਿੱਧ ਪੋਥੀ ਓਸ ਵੇਲੇ ਦੀ ਹੈ ਜਦ ਕਿ ਹਿੰਦੀ ਦੇ ਪ੍ਰਸਿੱਧ ਆਦ ਮੰਨੇ ਹੋਏ ਲੇਖਕ ਤੁਲਸੀ ਦਾਸ ਜੀ ਅਜੇ ਸਵਾਮੀ ਨਰ ਹਰਿਆ ਨੰਦ ਜੀ ਦੀ ਗੋਦੀ ਵਿਚ ਪਲ ਰਹੇ ਸਨ। ਇਸ ਭਾਈ ਜੀ ਦੀ ਅਦੁਤੀ ਯਾਦਗਾਰ ਨੂੰ ਪੜ੍ਹਣ ਵਾਲਾ ਇਸ ਦੀ ਠੇਠ ਪੰਜਾਬੀ ਜ਼ਬਾਨ ਦੀ ਮਿੱਠਤ, ਸਰਲਤਾ ਅਤੇ ਹਾਵ ਭਾਵਾਂ ਨਾਲ ਭਰੀ ਹੋਈ ਗੋਂਦ ਅੱਗੇ ਸਿਰ ਝੁਕਾਏ ਬਿਨਾਂ ਨਹੀਂ ਰਹਿ ਸਕਦਾ। ਜਦੋਂ ਕਿ ਏਸ ਦੇਸ਼ (ਪੰਜਾਬ) ਵਿਚ ਹਿੰਦੀ ਬੋਲਨ ਤੇ ਲਿਖਣ ਵਾਲੇ ਦਾ ਨਾਮ



Digitized by Panjab Digital Library | www.panjabdigilib.org

ਨਿਸ਼ਾਨ ਭੀ ਨਹੀਂ ਸੀ, ਤਦੋਂ ਠੇਠ ਤੇ ਮਿੱਠਤ ਭਰੀ ਪੰਜਾਬੀ ਭਾਸ਼ਾ ਵਿੱਚ ਹੋਰ ਨਿੱਕੇ ਮੋਟੇ ਬੇਅੰਤ ਪੁਸਤਕ, ਜਿਨ੍ਹਾਂ ਵਿੱਚ ਅਨੇਕਾਂ ਮੁਸਲਮਾਨ ਲੇਖਕ ਭੀ ਸਨ, ਵਰਤਮਾਨ ਹੋ ਰਹੇ ਸਨ ਤੇ ਹਨ। ਜਦ ਤੋਂ ਹੀ ਦੇਸ਼ ਵਾਸ਼ੀਆਂ ਨੇ ਸ੍ਵਦੇਸ਼ ਭਾਸ਼ਾ ਵੱਲੋਂ ਧਿਆਨ ਛੱਡਿਆ ਤਦ ਤੋਂ ਹੀ ਬਰਕਤਾਂ ਨਸ਼ਟ ਹੋਣੀਆਂ ਸ਼ੁਰੂ ਹੋ ਗਈਆਂ, ਹੋਈਆਂ ਤੇ ਹੋ ਰਹੀਆਂ ਹਨ। ਇਹ ਅਟੱਲ ਨਿਯਮ ਹੈ ਕਿ ਜਦ ਤੱਕ ਸ੍ਵਦੇਸ਼ੀ ਭਾਸ਼ਾ ਦਾ ਪ੍ਰਚਾਰ ਨਾ ਹੋਵੇ ਤਦ ਤਕ ਉਸ ਦੇਸ਼ ਦੀ ਉੱਨਤੀ ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਤਦ ਤੱਕ ਕੋਈ ਭਾਸ਼ਾ ਭੀ ਉੱਨਤ ਨਹੀਂ ਹੋ ਸੱਕਦੀ, ਜਦ ਤੱਕ ਉਸ ਭਾਸ਼ਾ ਵਿੱਚ ਵਰਤਮਾਨ ਸਮੇਂ ਦੀ ਲੋੜ ਅਨੁਸਾਰ ਹਰ ਤਰ੍ਹਾਂ ਦੇ ਖਿਆਲ (ਪੁਸਤਕ ਪੱਤ੍ਰ ਆਦਿ) ਨਾ ਮਿਲ ਸੱਕਣ। ਸੋ ਹਰ ਇੱਕ ਦੇਸ਼ ਉੱਨਤੀ ਦੇ ਚਾਹੁੰਣ ਵਾਲੇ ਦੇਸ਼ ਹਿਤਕਾਰੀ ਦਾ ਧਰਮ ਹੈ ਕਿ ਓਹ ਵਿਤ ਅਨੁਸਾਰ ਜਿੰਨਾਂ ੨ ਹੋ ਸਕੇ ਸ੍ਵਦੇਸ਼ ਭਾਸ਼ਾ (ਪੰਜਾਬੀ) ਦੇ ਪ੍ਰਚਾਰ ਵਾਸਤੇ ਉੱਦਮ ਕਰੇ। ਸੋ ਇਨ੍ਹਾਂ ਵਿਚਾਰਾਂ ਅਨੁਸਾਰ ਹੀ ਦਾਸ ਨੇ ਕੇਵਲ ਸ੍ਵਦੇਸ਼ ਭਾਸ਼ਾ (ਪੰਜਾਬੀ) ਦੇ ਪ੍ਰਚਾਰ ਅਰ ਪੰਜਾਬੀ ਵਰਣ ਮਾਲਾ ਦੇ ਪਿਆਰ ਦੀ ਉਮੰਗ ਵਿੱਚ ਅਨੇਕਾਂ ਹੋਰ ਵਿਦਵਾਨਾਂ ਦੀ ਯੋਗਯਤਾ ਤੋਂ ਆਪਣੀ ਲੇਖਨੀ ਨੂੰ ਬਹੁਤ ਨਿਵਾਣ ਵਿੱਚ ਦੇਖਦੇ ਹੋਏ ਭੀ ਬਾਲਕ ਪਨ ਦੀ ਹੋਸ਼ ਸੰਭਲਦੇ ਸਾਰ ਹੀ 'ਨਿੰਦਤ ਭ੍ਰਿਸ਼ਟਾਚਾਰ' ਤੋਂ ਆਦਿ ਲੈ ਕੇ ਕਈ ਫੁੱਟਕਲ ਪੁਸਤਕਾਂ ਲਿਖਣ ਤੇ ਪ੍ਰਕਾਸ਼ਤ ਕਰਨ ਦਾ ਉਤਸ਼ਾਹ ਵਰਤਿਆ। 'ਮਨਮਤ ਪ੍ਰਹਾਰ' ਦੇ ਸਿਲਸਿਲੇ ਵਾਰ ਨੰਬਰਾਂ ਦਾ ਅਰੰਭ ਕੀਤਾ ਜਿਸਦੇ ਕਈ ਨੰਬਰ ਕਈ ਹਜ਼ਾਰ ਪਾਠਕਾਂ ਦੇ ਹਸਤ ਕਮਲਾਂ ਵਿੱਚ ਸ਼ਸ਼ੋਭਤ ਹੋ ਚੁੱਕੇ ਤੇ ਹੋ ਰਹੇ ਹਨ। ਉੱਪਰ ਦੇ ਪਜਾਰ ਅਨੁਸਾਰ ਹੀ ਬਹੁਤ ਸਾਰਾ ਘਾਟਾ ਉਠਾਕੇ ਅਰ ਉਠਾਂਦੇ ਹੋਏ ਭੀ "ਦੁਖ ਨਿਵਾਰਨ ਪੱਤ੍ਰ" ਦਾ ਅਰੰਭ ਤੇ ਪ੍ਰਬੰਧ ਕੀਤਾ। ਜਿਸਦੀ ਅਟੱਲਤਾ ਤੇ ਕਾਮਯਾਬੀ ਬਾਬਤ ਏਥੇ ਪ੍ਰਗਟ ਕਰਨ ਦੀ ਲੋੜ ਨਹੀਂ, ਪਾਠਕ ਸੱਜਣ ਆਪ ਹੀ ਜਾਣ ਰਹੇ ਹਨ। ਇਸੇ ਪਿਆਰ ਅਨੁਸਾਰ ਹੀ "ਪੰਜਾਬੀ ਪ੍ਰਚਾਰ ਰਤਨਾਵਲੀ ਲੜੀ" ਦਾ ਪ੍ਰਬੰਧ



Digitized by Panjab Digital Library | www.panjabdigilib.org

ਕੀਤਾ ਗਿਆ, ਜਿਸ ਵਿੱਚ ੧੨ਦੇ ਕਰੀਬ ਪੁਸਤਕ ਪ੍ਰਕਾਸ਼ਤ ਹੋ ਚੁੱਕੇ ਤੇ ਹੋ ਰਹੇ ਹਨ। ਜਿਸ ਵਿੱਚ ਜੀਵਨ ਸੁਧਾਰ (ਉਲਥਾ Use of life) ਮਨੁੱਖਜ ਕਰਤੱਵਜ (ਉਲਥਾ Duties of man) 'ਕਰਮਾਂ ਦਾ ਬੀਰ, ਬਿਉਪਾਰ ਦੀ ਬਰਕਤ, ਮਹਾਂਦਾਨੀ ਰਾਜਾ ਭੋਜ, ਗ੍ਰਿਹਿ-ਸਿੱਖਯਾ ਆਦਿ ਉੱਤਮ ੨ ਪੁਸਤਕ ਪ੍ਰਕਾਸ਼ਤ ਹੋ ਚੁੱਕੇ ਹਨ। ਇਸੇਤਰ੍ਹਾਂ ਹੋਰ ਭੀ ਗੁਪਤ ਪ੍ਰਗਟ ਜਿੰਨੀ ਕੁ ਟੁਟੀ ਫੁੱਟੀ, ਯੋਗ, ਅਯੋਗ, ਸੇਵਾ ਪੰਜਾਬੀ ਦੇ ਪ੍ਰਚਾਰ ਵਾਸਤੇ ਹੋ ਸਕੀ ਕੀਤੀ, ਅਰ ਕੀਤੀ ਜਾ ਰਹੀ ਹੈ। ਉੱਕਤ ਪ੍ਰਬੰਧਾਂ ਵਿੱਚ ਆਪਣਾ ਭੀ ਬਹੁਤ ਸਾਰਾ ਖਰਚ ਤੇ ਹਰਜ ਕੀਤਾ, ਪਰ ਦੂਸਰੇ ਹੱਥਾਂ ਦੀ ਸਹਾਯਤਾ ਗੋਚਰ ਵਧੇਰਾ ਰਿਹਾ ਜਿਸ ਤੇ ਹਿਰਦੇ ਦੀ ਉਮੰਗ ਬਹੁਤ ਕੁਝ "ਮਨ ਕੀ ਮਨ ਹੀ ਮਾਹਿ ਰਹੀ।' ਹੁਣ ਏਸ ਵੇਲੇ ਜਿਸਤਰ੍ਹਾਂ ਹੋਰ ਪ੍ਰਕਾਰ ਦੇ ਅੱਡ ੨ ਪ੍ਰਚਾਰ ਦੀ ਲੋੜ ਹੈ। ਇਸੇਤਰ੍ਹਾਂ ਸ੍ਵਦੇਸ਼ ਭਾਸ਼ਾ (ਪੰਜਾਬੀ) ਦੀ ਭੀ ਅੱਤ ਲੋੜ ਪ੍ਰਤੀਤ ਹੋ ਰਹੀ ਹੈ। ਪ੍ਰਸੰ-ਨਤਾ ਹੈ ਕਿ ਕਈ ਇੱਕ ਚੰਗੇ ੨ ਪ੍ਰਤਿਸ਼੍ਰਤ ਸੱਜਨਾਂ ਤੇ ਉੱਚ ਵਿਦਵਾਨਾਂ ਵੱਲੋਂ ਭੀ ਵਧੇਰੇ ਉੱਦਮੀ ਹੋਣਾ ਅਰੰਭ ਹੋਯਾ ਹੈ, ਜਿਨ੍ਹਾਂ ਦੇ ਸਾਹਮਣੇ ਏਹ ਤੁੱਛ ਲੇਖਨੀ ਕੋਈ ਚੀਜ਼ ਨਹੀਂ ਹੈ। ਪਰ ਏਸ ਉਮੰਗ ਨੂੰ ਦਬਾ ਲੈਣ ਦੀ ਥਾਂ ਪ੍ਰਕਾਸ਼ ਕਰਨ ਨਾਲ ਵਧੇਰੇ ਲਾਭ ਪ੍ਰਤੀਤ ਹੁੰਦਾ ਹੈ। ਸੋ ਸੁਧਾਰ ਦੀ ਆਸ ਵਿੱਚ ਵਿਦਵਾਨ ਸੱਜਣਾਂ ਤੇ ਛੱਡਦੇ ਹੋਏ ਸ੍ਵਤੰਤ੍ਰ ਆਪਣੇ ਪ੍ਰਬੰਧ ਵਿੱਚ "ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਨਾਮਕ ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਤ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਸਦੇ ਪ੍ਰਬੰਧ ਕਰਨ ਦੇ ਵਿਚਾਰਾਂ ਨੂੰ ਪ੍ਰਗਟ ਕਰਨ ਤੋਂ ਪਹਿਲੇ ਉੱਤਮ ੨ ਤੇ ਅੱਤ ਲੋੜੀਂਦੇ ੩੦ ਤੀਹਾਂ ਦੇ ਕਰੀਬ ਛੋਟੇ ਮੋਟੇ ਖਰੜੇ ਤਿਆਰ ਹੋ ਗਏ ਹਨ, ਜੋ ਦਿਨਾਂ ਵਿੱਚ ਹੀ ਪ੍ਰਕਾਸ਼ਤ ਕਰ ਦੇਵਨ ਦਾ ਵਿਚਾਰ ਹੈ। ਆਸ਼ਾ ਹੈ ਕਿ ਛੇਤੀ ਹੀ ਅਨੇਕਾਂ ਸੁੰਦਰ ੨ ਪੁਸਤਕ ਰੂਪ ਦਮਕਦੇ, ਬੇਅੰਤ ਲਾਭਵੰਦੇ ਤੇ ਪ੍ਰਸਿੱਧ ੨ ਨਵੀਨ ਤਥਾ ਪ੍ਰਾਚੀਨ ਮੋਤੀ ਏਸ ਲੜੀ ਵਿੱਚ ਪਰੋਤੇ ਜਾਵਣਗੇ। ਜੋ ਸਭ ਵਾਸਤੇ ਹਿਤਕਾਰੀ ਹੋਵਨਗੇ।



Digitized by Panjab Digital Library | www.panjabdigilib.org

ਏਥੇ ਏਹ ਪ੍ਰਗਟ ਕਰ ਦੇਵਨਾਂ ਭੀ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਦਾਸ ਕੋਈ ਪੁਸਤਕਾਂ ਦਾ ਬਿਓਪਾਰੀ ਨਹੀਂ, ਅਰ ਨਾਂ ਹੀ ਦਾਸ ਦਾ ਹੋਰ ਪਾਸੇ ਦਾ ਸਮਾਂ ਪੁਸਤਕਾਂ ਦੇ ਵਿਹਾਰ ਦੀ ਸਮਤਾ ਵਾਲਾ ਹੈ,ਸਗੋਂ ਵਰਿਹਾਂ ਦੀ ਪੁਸਤਕਾਂ ਦੀ ਵਿਕਰੀ ਦਾ ਪਲਟਾ ਦਿਨਾਂ ਵਿੱਚ ਪੂਰਾ ਕਰਨ ਵਾਲਾ ਹੈ, ਓਸ ਕੀਮਤੀ ਸਮੇਂ ਨੂੰ ਅੱਤ ਲੋੜੀਦੇ ਪਾਸਿਓਂ ਘਟਾਕੇ ਏਧਰ ਲਗਾਵਨ ਤੇ ਭੀ (ਜੋ ਕੇਵਲ ਪੰਜਾਬੀ ਦੇ ਪ੍ਰਚਾਰ ਵਾਸਤੇ ਹੀ ਹੈ) ਪ੍ਰਕਾਸ਼ਤ ਪੁਸਤਕਾਂ ਦੇ ਢੇਰਾਂ ਨਾਲ ਮਕਾਨ ਭਰ ਗਏ ਤਦ ਉਤਸ਼ਾਹਕ ਵਿਚਾਰਾਂ ਦਾ ਹੀਣਾ ਪੈ ਜਾਣਾ ਸੁਭਾਵਕ ਹੈ। ਏਸ ਵਾਸਤੇ ਪੁਸਤਕਾਂ ਦੇ ਪ੍ਰਚਾਰ ਵਾਸਤੇ ਪੰਜਾਬੀ ਦੇ ਪਿਆਰ ਦੀ ਉਮੰਗ ਵਾਲੇ ਅਖਬਾਰਾਂ ਦੇ ਕ੍ਰਿਪਾਲੂ ਐਡੀਟਰਾਂ ਤੇ ਪੁਸਤਕ ਵੇਚਣ ਵਾਲੇ ਸਜਣਾਂ ਮਿੱਤ੍ਰਾਂ ਦੀ ਵਿਸ਼ੇਸ਼ ਕ੍ਰਿਪਾ ਦੀ ਲੋੜ ਪ੍ਰਤੀਤ ਹੁੰਦੀ ਹੈ ਜੋ ਪੱਕ ਭਰੋਸਾ ਹੈ ਕਿ ਓਹ ਜ਼ਰੂਰ ਕਰਨਗੇ ਅਰ ਸੱਚੇ ਪਿਤਾ ਸਤਿਗੁਰ ਜੀ ਆਦਿ ਅੰਤ ਸਹਾਈ ਹੋਵਣਗੇ, ਜਿਸ ਤੇ ਇਹ ਅਮਰ ਜੀਵਣ ਯੋਗ ਸੇਵਾ ਪੂਰੀ ਤਰ੍ਹਾਂ ਸਿਰੇ ਪਹੁੰਚ ਸਕੇ।"

ਇਸ ਤੋਂ ਪਾਠਕ ਜੀ! ਵੈਦ ਜੀ ਦੀ ਹਿੰਮਤ ਲਿਖਣ ਸ਼ਕਤੀ ਉਤਸ਼ਾਹ ਤੇ ਸੇਵਾ ਭਾਵ ਦੇ ਵਲਵਲਿਆਂ ਦਾ ਕੁਛ ਕੁ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਦੂਰ ਨੇੜੇ ਬੀਮਾਰ ਵੇਖਣ ਜਾਣਾ। ਦੂਖ ਨਿਵਾਰਨ ਪ੍ਰਕਾਸ਼ਨ ਦਾ ਕੰਮ, ਵੈਦਕ ਪੜ੍ਹਾਈ ਕਰਾਉਣੀ, ਧਾਰਮਕ ਕੰਮਾਂ ਵਿਚ ਹਿੱਸਾ ਲੈਣਾ ਤੇ ਨਗਰ ਸਭਾ ਤਰਨ ਤਾਰਨ ਦਾ ਕੰਮ ਭੀ ਆਪ ਪੂਰੀ ਯੋਗਤਾ ਨਾਲ ਨਿਭਾ ਰਹੇ ਸਨ। ਇਸੇ ਸਾਲ ੯ ਅਪ੍ਰੈਲ ਨੂੰ ਆਪ ਦਾ ਨਾਮ ਲੋਕਲ ਬੋਰਡ ਦੀ ਮੈਂਬਰੀ ਲਈ ਭੀ ਮਨਜ਼ੂਰ ਹੋ ਕੇ ਗ਼ਜ਼ਟ ਵਿਚ ਨਿਕਲ ਗਿਆ, ਤੇ ਉਸ ਦੇ ਕੰਮ ਦਾ ਭਾਰ ਭੀ ਆਪ ਨੂੰ ਮਹਿਸੂਸ ਹੋਣ ਲੱਗਾ। ਇਹ ਹੈ ਵੈਦ ਜੀ ਦੇ ਉਤਸ਼ਾਹੀ ਹਿਰਦੇ ਦਾ ਮਾਮੂਲੀ ਜੇਹਾ ਫੋਟੋ ਕਹੋ ਜਾਂ ਖਾਕਾ।



Digitized by Panjab Digital Library | www.panjabdigilib.org

## ਹਿੰਮਤ

ਪਿਛਲੇ ਸਾਲ ਨਗਰ ਸਭਾ ਵਿੱਚ ਨਗਰ ਨਿਵਾਸੀਆਂ ਦੀ ਡਟ ਕੇ ਸੇਵਾ ਕਰਨ ਬਦਲੇ ਲੋਕਾਂ ਨੇ ਮਾਨ ਦਿੱਤਾ। ਵੈਦ ਜੀ ਦਾ ਹੌਸਲਾ ਹੋਰ ਭੀ ਵੱਧ ਗਿਆ। ਇਸ ਸਾਲ ਆਪ ਹੋਰ ਭੀ ਦੂਣੇ ਚੌਣੇ ਉਤਸ਼ਾਹ ਨਾਲ ਸੇਵਾ ਕਰਨ ਲੱਗੇ। ਡਿਪਟੀ ਕਮਿਸ਼ਨਰ ਆਦਿ ਅਫਸਰਾਂ ਨੇ ਤਰਨ ਤਾਰਨ ਉੱਪਰ ਹਾਊਸ ਟੈਕਸ, ਚੁੰਗੀ ਟੈਕਸ, ਤੇ ਪ੍ਰੋਫੈਸ਼ਨਲ ਟੈਕਸ ਆਦਿ ਲੈਣ ਦੀਆਂ ਵਿਚਾਰਾਂ ਪ੍ਰਗਟ ਕੀਤੀਆਂ। ਨਾਲ ਹੀ ਤਹਿਸੀਲ ਵਾਲੇ ਤਾਲਾਬ ਦੇ ਪੂਰ ਦੇਣ ਲਈ ਭੀ ਰਾਇ ਪੁੱਛੀ। ਸਾਰੇ ਮੈਂਬਰਾਂ ਨੇ ਹਾਕਮਾਂ ਦੀ 'ਹਾਂ ਨਾਲ ਹਾਂ' ਮਿਲਾ ਦਿੱਤੀ। ਪਰ ਵੈਦ ਜੀ ਦੇ ਨਿਧੜਕ ਆਪਣੀ ਰਾਏ ਪ੍ਰਗਟ ਕੀਤੀ ਤੇ ਨਗਰ ਨਿਵਾਸੀਆਂ ਦੇ ਫਾਇਦੇ ਲਈ ਬੇਖੌਫ ਹੋਕੇ ਡੱਟ ਗਏ।

੮ ਜਨਵਰੀ ਨੂੰ ਡੀ. ਸੀ. ਨੇ ਵੈਦ ਜੀ ਨੂੰ ਬੁਲਾਇਆ। ਡੀ. ਸੀ. ਨੇ ਸ਼ਹਿਰ ਉੱਤੇ ਹਾਊਸ ਟੈਕਸ ਲਾਉਣ ਬਾਰੇ ਵੈਦ ਜੀ ਦੇ ਇਤਰਾਜ਼ ਸੁਣੇ। ਆਪ ਨੇ ਸ਼ਾਂਤੀ ਤੇ ਪੂਰੇ ਠਰੱਮੇ ਨਾਲ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਡੀ. ਸੀ. ਝੁੰਝਲਾਇਆ ਤਾਂ ਬਹੁਤ, ਪਰ ਦਲੀਲਾਂ ਸਨ ਸਮਝਣ ਵਾਲੀਆਂ, ਉਹ ਅਪੀਲ ਕਰਦੀਆਂ ਸਨ। ਛਿੱਥਾ ਭੀ ਪਿਆ ਪਰ 'ਅੱਛਾ ਹਮ ਸੋਚੇਗਾ' ਕਹਿਕੇ ਭਾਈ ਜੀ ਨੂੰ ਵਿਦਾ ਕੀਤਾ। ਨਤੀਜਾ ਵੈਦ ਜੀ ਦੇ ਹੱਕ ਵਿੱਚ ਹੋਇਆ, ਤੇ ਸ਼ਹਿਰਦਾਰਾਂ ਉੱਪਰ ਹਾਊਸ ਟੈਕਸ ਨਾ ਲੱਗਾ।

੧੦ ਜਨਵਰੀ ਫੇਰ ਮੰਡੀ ਬਾਰੇ ਮੈਂਬਰਾਂ ਤੇ ਸ਼ਹਿਰਦਾਰਾਂ ਨੂੰ ਡੀ. ਸੀ. ਤੇ ਤਹਿਸੀਲਦਾਰ ਨੇ ਸੱਦਿਆ। ਅੱਜ ਹਾਊਸ ਟੈਕਸ ਦਾ ਮਾਮਲਾ ਤਾਂ ਛੱਡ ਦਿੱਤਾ ਤੇ ਨਾਲ ਹੀ ਚੁੰਗੀ ਹਟਾ ਦੇਣ ਲਈ ਭੀ ਮੰਨ ਗਏ, ਪਰ ਪ੍ਰੋਫੈਸ਼ਨਲ ਟੈਕਸ ਲਾ ਦੇਣ ਲਈ ਹੁਕਮ ਚਾੜ੍ਹ ਹੀ ਦਿੱਤਾ। ਵੈਦ ਜੀ ਨੇ ਖੂਬ ਡੱਟਕੇ ਪਰ ਸਨਿਮਰ, ਮਿੱਠੇ ਲਫਜ਼ਾਂ ਵਿੱਚ ਅਫਸਰਾਂ ਨਾਲ ਉੱਤ੍ਰ ਪ੍ਰਸ਼ਨ ਕੀਤੇ ਤੇ ਤਾਲਾਬ ਦੇ ਨਾ ਪੂਰੇ ਜਾਣ ਲਈ ਜ਼ੋਰ ਦਿੱਤਾ। (ਇਹ ਤਾਲਾਬ ਤਹਿਸੀਲ ਵਿੱਚ ਵਿਕਟੋਰੀਆ ਜੁਬਲੀ ਦੀ ਯਾਦ ਵਿੱਚ ਹੈ)



Digitized by Panjab Digital Library | www.panjabdigilib.org

ਹਾਕਮ ਕਈ ਵਾਰ ਝੁੰਝਲਾਏ। ਅੱਖਾਂ ਲਾਲ ਕਰਕੇ ਭੀ ਦੇਖਿਆ,ਪਰ ਏਧਰ ਤਾਂ ਬੇਗਰਜ਼ ਕੇਵਲ ਸੇਵਾ ਭਾਵ ਸੀ,ਫੇਰ ਡਰ ਕਿਸ ਗੱਲ ਤੋਂ ਆਵੇ? ਵੈਦ ਜੀ ਡਟੇ ਹੀ ਰਹੇ। ਡੀ. ਸੀ. ਨੇ ਇੱਕ ਵਾਰ ਤਾਅਨੇ ਨਾਲ ਕਿਹਾ ਭੀ, 'ਇਹ (ਵੈਦ ਜੀ)ਅਫਸਰਾਂ ਨਾਲ ਨਹੀਂ ਰਾਇ ਦਿੰਦਾ,ਆਪਣੇ ਹੀ ਖਿਆਲ ਜ਼ਾਹਰ ਕਰਦਾ ਰਹਿੰਦਾ ਹੈ, ਇਸ ਨੂੰ ਜਾਣ ਦਿਓ ਤੇ ਹੋਰਨਾਂ ਦੀ ਰਾਇ ਲਵੋ' ਪਰ ਸੱਚੀ ਰਾਇ ਨੂੰ ਸੁਣਨੀ ਤਾਂ ਪੈਂਦੀ ਹੀ ਹੈ। ਸ਼ਹਿਰਦਾਰਾਂ ਨੇ ਭੀ ਵੈਦ ਜੀ ਦੇ ਪਿੱਛੇ ਹੀ 'ਹਾਂ ਨਾਲ ਹਾਂ ਮਿਲਾਈ। ਖੂਬ ਬਹਿਸ ਹੋਈ। ਪਰ ਹਰ ਹਾਲਤ ਪ੍ਰੋਫੈਸ਼ਨਲ ਟੈਕਸ ਲਾਉਣਾ ਹਾਕਮਾਂ ਨੇ ਜ਼ਰੂਰੀ ਕਰ ਦਿੱਤਾ।

੧੬ ਜਨਵਰੀ ਨੂੰ ਵੈਦ ਜੀ ਨੇ ਫੇਰ ਤਹਿਸੀਲ ਦਾਰ ਨਾਲ ਇਸ ਪ੍ਰੋਫੈਸ਼ਨਲ ਟੈਕਸ ਬਾਰੇ ਮੁਲਾਕਾਤ ਕੀਤੀ। ਤਹਿਸੀਲਦਾਰ ਨੇ ਕਿਹਾ ਕਿ 'ਇਹ ਟੈਕਸ ਹੁਣ ਜ਼ਰੂਰ ਲੱਗੇਗਾ'। ਵੈਦ ਜੀ ਨੇ ਕਿਹਾ 'ਜੇ ਲੱਗੇਗਾ ਤਾਂ ਵਾਹਵਾ! ਪਰ ਅਸੀਂ ਅਰਜ਼ਾਂ ਤਾਂ ਜ਼ਰੂਰ ਕਰਾਂਗੇ ਅਤੇ ਨੇਕ ਨੀਯਤੀ ਨਾਲ ਸਲਾਹ ਦੇਵਾਂਗੇ।"

ਅੱਜ ਵੈਦ ਜੀ ਨੇ ਤਹਿਸੀਲ ਦਾਰ ਨਾਲ ਢੇਰ ਚਿਰ ਤੱਕ ਗੱਲ ਬਾਤ ਕੀਤੀ ਤੇ ਕਿਹਾ ਕਿ "ਜੇ ਪ੍ਰੋਫੈਸ਼ਨਲ ਟੈਕਸ ਲਾਉਣਾ ਹੀ ਹੈ ਤਾਂ ਸ਼ਹਿਰ ਦੇ ਭਲੇ ਤੇ ਆਪਣੀ ਨੇਕੀ ਦੀ ਯਾਦ ਲਈ ਇਹ ਸ਼ਰਤਾਂ ਕਰ ਦੇਵੋ:-

"(੧) ਕਮੇਟੀ ਇਸੇਤਰ੍ਹਾਂ(ਮਜੂਨਸਪੈਲਟੀ) ਰਹੇ। ਤੋੜੀ ਨਾ ਜਾਵੇ।

ਕਿਉਂਕਿ ਮਜੂਨਸਪੈਲਟੀ ਟੁੱਟਣ ਨਾਲ ਸ਼ਹਿਰ ਦੀ ਪੱਤ ਮਾਰੀ ਜਾਵੇਗੀ।

(੨) ਕਮੇਟੀ ਦੀ ਹਦੂਦ ਵਧਾਈ ਜਾਵੇ। (੩) ਕੁਲ ਟੈਕਸ ਦਾ ਤਿਹਾਈ ਹਿੱਸਾ ਮੰਡੀ ਤੇ ਪਵੇ। (੪) ਦਰਜ਼ੀ, ਕਸਾਈ, ਲੁਹਾਰ, ਤ੍ਰਖਾਣ, ਛਾਬੜੀ ਵਾਲੇ ਤੰਦੂਰਾਂ ਵਾਲੇ ਆਦਿਕ ਗਰੀਬਾਂ ਨੂੰ ਟੈਕਸ ਨਾ ਲਾਇਆ ਜਾਵੇ। (੫) ਜੇ ਕਦੇ ਹਾਊਸ ਟੈਕਸ ਦਾ ਕੁਝ ਅਸਰ ਪਵੇ-ਜੇਹਾ ਕਿ ਘਾਟਾ ਹੋਣ ਤੇ ਆਪਦੀ ਤਜਵੀਜ਼ ਹੈ-ਤਦ ਉਨ੍ਹਾਂ ਤੇ ਅਸਰ ਪਵੇ ਜਿਨ੍ਹਾਂ ਨੂੰ ੩੦੦) ਸਾਲ ਤੋਂ ਵੱਧ ਕਰਾਯਾ ਔਂਦਾ ਹੈ। (੬) ਮਿਸ਼ਨ ਹਸਪਤਾਲ ਦੇ



Digitized by Panjab Digital Library | www.panjabdigilib.org

ਸਟਾਫ ਦੇ ਖਰਚ ਘਟਾਏ ਜਾਣ। (੭) ਸਾਲਾਨਾ ਤਸ਼ਖੀਸ ਵਾਸਤੇ ਸ਼ਹਿਰ ਦੀ ਕਮੇਟੀ ਬਣਾਕੇ ਸਦਾ ਏਸਦੀ ਰਾਇ ਲਈ ਜਾਇਆ ਕਰੇ। ਆਦਿਕ"

ਆਖਿਰ ਬਹੁਤ ਬਹਿਸ ਪਿੱਛੋਂ ਵੈਦ ਜੀ ਦੀਆਂ ਤਜਵੀਜ਼ਾਂ ਪ੍ਰਵਾਨ ਹੋਈਆਂ, ਤੇ ਉਨ੍ਹਾਂ ਨੇ ਇਨ੍ਹਾਂ ਖਿਆਲਾਂ ਨੂੰ ਸ਼ਾਮਲ ਕਰਕੇ ਨਵੀਂ ਸਕੀਮ ਬਣਾਉਣ ਦਾ ਇਕਰਾਰ ਕੀਤਾ।

੨੨ ਅਪ੍ਰੈਲ ਨੂੰ ਫੇਰ ਕਮੇਟੀ ਦੀ ਮੀਟਿੰਗ ਹੋਈ। ਇਸ ਵਿਚ ਇੱਕ ਗਰੀਬ ਬੰਦੇ ਉੱਪਰ ਕਮੇਟੀ ਵਲੋਂ 'ਮੁਕੱਦਮਾਂ ਦਾਇਰ ਕਰਨ ਦੀ ਤਜਵੀਜ਼ ਹੋਈ'। ਸਾਰਿਆਂ ਨੇ ਪ੍ਰਧਾਨ ਦੀ 'ਹਾਂ ਨਾਲ ਹਾਂ' ਮਿਲਾ ਦਿਤੀ। ਵੈਦ ਜੀ ਨੂੰ ਉਹ ਗਰੀਬ ਨਿਰਦੋਸ਼ ਦਿੱਸਿਆ। ਆਪ ਨੇ ਝੱਟ ਉਸ ਦੇ ਹੱਕ ਵਿਚ ਅਵਾਜ਼ ਉਠਾਈ। ਸਾਰੇ ਇਨ੍ਹਾਂ ਵਲ ਦੇਖਣ ਲਗ ਪਏ। ਪ੍ਰਧਾਨ ਸਾਹਿਬ ਦੀ ਤਜਵੀਜ਼ ਸੀ, ਸਾਰੇ ਉਸਦੇ ਨਾਲ ਸਨ। ਵੈਦ ਜੀ ਦੇ ਵਿਰੁੱਧ ਬੋਲਣ ਨਾਲ ਮਾਮਲਾ ਹੋਰ ਦਾ ਹੋਰ ਹੋ ਗਿਆ। ਕਈ ਮੈਂਬਰ ਵੈਦ ਜੀ ਦੇ ਹੱਕ ਵਿਚ ਘੁਸਰ ਘੁਸਰ ਕਰਨ ਲੱਗ ਪਏ। ਪ੍ਰਧਾਨ ਸਾਹਿਬ ਗੁੱਸੇ ਵਿਚ ਆ ਗਏ, ਪਰ ਵੈਦ ਜੀ ਆਪਣੇ ਸਾਫ ਤੇ ਇਨਸਾਫੀ ਖਿਆਲ ਤੇ ਡਟੇ ਰਹੇ। ਯੁਕਤੀਆਂ ਤੇ ਦਲੀਲਾਂ ਨਾਲ ਪ੍ਰਧਾਨ ਨੂੰ ਉਸ ਗਰੀਬ ਦੀ ਨਿਰਦੋਸ਼ਤਾ ਪ੍ਰਗਟ ਕਰਾਂਦੇ ਸਨ। ਅੰਤ ਸੱਚ ਦੀ ਫਤੇ ਹੋਈ।

੨੬ ਅਪ੍ਰੈਲ ਨੂੰ ਆਪ ਫੇਰ ਉਚੇਚੇ ਪ੍ਰੈਜ਼ੀਡੰਟ ਨੂੰ ਕਮੇਟੀ ਦੇ ਦਫਤ੍ਰ ਵਿਚ ਜਾ ਕੇ ਮਿਲੇ ਤੇ ਹਸਪਤਾਲ ਵਾਸਤੇ ਸੁਹਣੀ ਸਿੱਖੀ ਹੋਈ ਦਾਈ, ਸ਼ਹਿਰ ਵਾਸੀਆਂ ਵਾਸਤੇ ਲਾਇਬ੍ਰੇਰੀ, ਪੁਲਿਸ ਦੇ ਖਰਚ ਵਿਚੋਂ ਬੱਚਤ ਨਾਲ, ਡੀ. ਬੀ. ਸਕੂਲ ਵਿਚ ਹਾਈ ਡੀਪਾਰਟ ਬਣਾਉਣ ਤੇ ਸ਼ਹਿਰ ਵਿਚੋਂ ਵੇਸਵਾਵਾਂ ਬਾਹਰ ਕੱਢਣ ਵਾਸਤੇ ਪ੍ਰੇਰਨਾ ਕੀਤੀ। ਭਾਵੇਂ ਵੈਦ ਜੀ ਨਗਰ ਸਭਾ ਵਿਚ ਵਿਤੋਂ ਵਧ ਕੰਮ ਕਰ ਰਹੇ ਸਨ, ਬਾਕੀ ਮੈਂਬਰਾਂ ਦੀ ਲਾਪ੍ਰਵਾਹੀ ਤੇ ਦਫਤ੍ਰ ਵਿਚ ਅਨ੍ਹੇਰ ਗਰਦੀ ਦੇਖ ਕੇ ਦੁਖਦੇ ਭੀ ਸਨ। ਦਫਤ੍ਰ ਦੀ ਬੇ-ਪ੍ਰਵਾਹੀ ਤੇ ਮੈਂਬਰਾਂ ਦੀ ਤੂੰ ਤੂੰ ਮੈਂ ਮੈਂ ਬਾਬਤ ਆਪ ੨੨ ਮਈ ਦੇ ਡਾਇਰੀ ਨੋਟ ਵਿਚ ਲਿਖਦੇ ਹਨ:—



Digitized by Panjab Digital Library | www.panjabdigilib.org

"ਮਿ: ਕਮੇਟੀ ਦੇ ਦਫਤਰ ਵਿਚ ਅਨ੍ਹੇਰ ਗਰਦੀ ਦੀ ਹਾਲਤ ਦੇਖ ਕੇ ਸ਼ੋਕ ਹੋਇਆ, ਬਹੁਤ ਹੀ ਬੇ ਪ੍ਰਵਾਹੀ ਵਰਤ ਰਹੀ ਹੈ, ਮੈਂਬਰ ਆਪੋ ਵਿਚ ਖਿਚੋ ਤਾਣ ਵਿਚ ਜੁਟੇ ਹੋਏ ਹਨ।"

ਅਸੀਂ ਉਪਰ ਅਰਜ਼ ਕਰ ਆਏ ਹਾਂ ਕਿ ਵੈਦ ਜੀ ਮਾਨੋਂ ਜਜ਼ਬਿਆਂ ਦੇ ਸਾਖਯਾਤ ਪੁਤਲੇ ਸਨ। ਨਿੱਕੇ ਨਿੱਕੇ ਖਿਆਲਾਂ ਤੇ ਵਲਵਲਿਆਂ ਨੂੰ ਭੀ ਆਪ ਬਹੁਤ ਬਾਰੀਕੀ ਨਾਲ ਮਹਿਸੂਸ ਕਰਦੇ ਸਨ। ੭ ਮਈ ਦੀ ਰਾਤ ਆਪ ਨੂੰ ਇਕ ਸੁਫਨਾ ਆਇਆ। ਇਸ ਸੁਫਨੇ ਵਿਚ ਆਪ ਅੰਗ੍ਰੇਜ਼ੀ ਅਫਸਰਾਂ ਦੀ ਮੁਲਾਕਾਤ ਕਰਨ ਗਏ। ਅੱਖ ਖੁਲ੍ਹਦਿਆਂ ਹੀ ਆਪ ਉੱਠ ਕੇ ਬੈਠ ਗਏ। ਸੋਚੀਂ ਪੈ ਗਏ ਤੇ ਸਾਰਾ ਦਿਨ ਆਪ ਦੇ ਦਿਮਾਗ ਉੱਪਰ ਭਾਰ ਪਿਆ ਰਿਹਾ। ਆਪ ਮੁੜ ਮੁੜ ਵਿਚਾਰਦੇ ਸਨ, ਕਿ ਇਹ ਸੁਫਨਾ ਕਿਉਂ ਆਇਆ? ਕੀ ਮੈਂ ਐਨਾ ਹੀ ਗਿਰ ਗਿਆ ਹਾਂ ਜੋ ਅੰਗ੍ਰੇਜ਼ਾਂ ਦੀ ਝੋਲੀ ਚੁੱਕਣ ਲਗ ਗਿਆ ਹਾਂ? ਕੀ ਮੇਰੇ ਵਿਚ ਇਹ ਆਤਮਕ ਗਿਰਾਵਟ ਨਹੀਂ? ਹਾ! ਮੈਂ ਸਿਖੀਓਂ ਹੌਲਾ ਹੋ ਰਿਹਾ ਹਾਂ। ਸਿਖ ਹੋ ਕੇ ਖੁਸ਼ਾਮਦ ਕਰਨੀ ਪਾਪ ਹੈ। ਗਿਰਾਵਟ ਹੈ। ਮੈਨੂੰ ਸਭ ਕੁਛ ਛਡ ਕੇ ਅਲਗ ਹੋ ਜਾਣਾ ਚਾਹੀਦਾ ਹੈ, ਇਨ੍ਹਾਂ ਵਿਚਾਰਾਂ ਵਿਚ ਪੈ ਕੇ ਆਪ ਨੂੰ ਬੜਾ ਹੀ ਦੁਖ ਹੋਇਆ ਤੇ ਕੁਛ ਚਿਰ ਲਈ ਆਪ ਨੇ ਨਗਰ ਸਭਾ ਤੇ ਲੋਕਲ ਬੋਰਡ ਦੀ ਮੈਂਬਰੀ ਤੋਂ ਅਲੱਗ ਹੋ ਜਾਣ ਦੀ ਠਾਨ ਲਈ। ਵਿਚਾਰਨ ਵਾਲੀ ਗਲ ਹੈ ਕਿ ਆਪ ਕਿੰਨੇ ਸੂਖਮ ਵਲਵਲਿਆਂ ਨੂੰ ਵਿਚਾਰਦੇ ਤੇ ਮਹਿਸੂਸ ਕਰਦੇ ਸਨ। ਜੇ ਬਾਹਰੋਂ ਸਜਣਾਂ ਦੇ ਖਿਆਲਾਂ ਦੀ ਮਦਦ ਨਾ, ਹੁੰਦੀ ਤਾਂ ਆਪ ਜ਼ਰੂਰ ਅਸਤੀਫੇ ਦੇ ਦਿੰਦੇ।

ਖਾਲਸਾ ਪ੍ਰਚਾਰਕ ਵਿਦਿਆਲੇ ਦਾ ਭੀ ਆਪ ਨੂੰ ਪੂਰਾ ਪੂਰਾ ਧਿਆਨ ਸੀ ਤੇ ਉਸ ਵਿਚ ਆਪ ਬਾਕਾਇਦਾ ਵੈਦਕ ਪੜ੍ਹਾਈ ਕਰਾ ਰਹੇ ਸਨ। ਡਾਇਰੀ ਨੋਟਾਂ ਤੋਂ ਪਤਾ ਲਗਦਾ ਹੈ ਕਿ ੨੯ ਅਪ੍ਰੈਲ ਨੂੰ ਆਪ ਨੇ ਖਾ: ਪ੍ਰ: ਵਿਦਯਾਲੇ ਵਿਚ ਵੈਦਕ ਵਿਦਿਆਰਥੀਆਂ ਦਾ ਇਮਤਿਹਾਨ ਲਿਆ।



Digitized by Panjab Digital Library | www.panjabdigilib.org

੧੪ ਅਪ੍ਰੈਲ ਨੂੰ ਆਪ ਜੀ ਦੀ ਪ੍ਰਸਿੱਧ ਪ੍ਰੋਫੈਸਰ ਪੂਰਨ ਸਿੰਘ * ਜੀ ਡੇਹਰਾ ਦੂਨ ਵਾਲਿਆਂ ਨਾਲ ਮੁਲਾਕਾਤ ਹੋਈ ਦੋਵੇਂ ਪ੍ਰੇਮੀ ਬੜੇ ਪ੍ਰੇਮ ਨਾਲ ਮਿਲੇ ।

ਪਾਠਕ ਜਨ ! ਸੱਚੋ ਸੱਚ ਦਸਣਾ ! ਆਪ ਨੇ ਕਿਤਨੇ ਕੁ ਅਜੇਹੇ ਡਾਕਟਰ ਜਾਂ ਹਕੀਮ ਵੈਦ ਦੇਖੇ ਹਨ ਜੋ ਪਾਸੋਂ ਗੱਡੀਆਂ ਦਾ ਕਰਾਇਆ ਲਾ ਲਾ ਕੇ ਜਾਣ, ਫੀਸ ਭੀ ਨਾ ਲੈਣ ਤੇ ਦਵਾਈ ਭੀ ਮੁਫਤ ਕਰਨ । ਏਥੇ ਹੀ ਨਹੀਂ ਸਗੋਂ, ਕੋਲੋਂ ਕੁਝ ਨਕਦ ਮਾਇਆ ਭੀ ਕਿਸੇ ਨਾ ਕਿਸੇ ਬਹਾਨੇ ਮਦਦ ਲਈ ਦੇਣ । ਹਾਂ ! ਨਿਰਸੰਦੇਹ ਵੈਦ ਜੀ ਵਿਚ ਇਹ ਗੁਣ ਸਨ ।

੧੯ ਮਾਰਚ ੧੯੧੨ ਨੂੰ ਲਾਹੌਰ ਤੋਂ ਸ: ਅਮਰ ਸਿੰਘ ਜੀ† ਮਾਲਕ ਤੇ ਐਡੀਟਰ ਲਾਇਲ ਗਜ਼ਟ (ਹੁਣ ਸ਼ੇਰੇ ਪੰਜਾਬ) ਦੀ ਤਾਰ ਆਉਂਦੀ ਹੈ ਕਿ 'ਭਾਈ ਜੀ ਜਲਦੀ ਆਓ ਸਿੰਘਣੀ ਸਖਤ ਬੀਮਾਰ ਹੈ ।' ਆਪ ਪਹਿਲੀ ਗੱਡੀ ਪੁੱਜਦੇ ਹਨ । ਰੋਗੀ ਨੂੰ ਦੇਖ ਕੇ ਦਵਾਈ ਦਿੰਦੇ ਹਨ ਤੇ ਤੁਰਨ ਲਗੇ ਪੰਜ ਲਾਇਲ ਗਜ਼ਟ ਲੋੜਵੰਦਾਂ ਦੇ ਨਾਮ ਪਰ ਮੁਫਤ ਜਾਰੀ

---

*ਪ੍ਰੋ: ਪੂਰਨ ਸਿੰਘ ਜੀ--ਇਸ ਅਲਬੇਲੇ ਕਵੀ ਦਾ ਜਨਮ ਜ਼ਿਲਾ ਐਬਟਾਬਾਦ ਵਿਚ ਸੰਨ ੧੮੮੧ ਵਿਚ ਹੋਇਆ ਤੇ ੩੧ ਮਾਰਚ ੧੯੩੧ ਨੂੰ ਗੁਰਪੁਰੀ ਸਿਧਾਰੇ ।

ਆਪ ਚੋਟੀ ਦੇ ਵਿਦਵਾਨ, ਲਿਖਾਰੀ, ਵਡੇ ਮਿਲਾਪੜੇ ਤੇ ਪਿਆਰ ਵਾਲੇ ਵਡੇ ਉੱਚੇ ਸੁੱਚੇ ਆਦਮੀ ਸਨ । ਆਪ ਜੀ ਦੀ ਕਲਮ ਵਿਚ ਇਲਾਹੀ ਤਾਕਤ, ਜ਼ਬਾਨ ਵਿਚ ਰਸ, ਅੱਖਾਂ ਵਿਚ ਪਿਆਰ ਤੇ ਦਿਲ ਵਿਚ ਸਤਕਾਰ ਸੀ । ਅੰਗ੍ਰੇਜ਼ੀ ਵਿਚ ਜਿਸ ਜ਼ੋਰ ਨਾਲ ਆਪ ਜੀ ਨੇ ਸਿੱਖਾਂ ਸੰਬੰਧੀ ਕਿਤਾਬਾਂ ਲਿਖੀਆਂ ਹਨ, ਉਹ ਆਪ ਜੀ ਦਾ ਹੀ ਕੰਮ ਸੀ ।

†ਸ੍ਰ: ਅਮਰ ਸਿੰਘ ਜੀ ਸ਼ੇਰੇ ਪੰਜਾਬ —ਆਪਦਾ ਜਨਮ ੧੮੮੯ ਵਿਚ ਪਿੰਡੀ ਘੇਬ ਵਿਖੇ ਹੋਇਆ । ੧੮ ਜੂਨ ੧੯੧੧ ਤੋਂ ਲਾਇਲ ਗਜ਼ਟ ਨਾਮੀ ਉਰਦੂ ਦਾ ਅਖਬਾਰ ਕੱਢਿਆ । ਇਹੀ ਅੱਜ ਕਲ 'ਸ਼ੇਰੇ ਪੰਜਾਬ' ਹੈ । ਕਲਮੀ ਤਾਕਤ ਦੇ ਬਲੀ ਹਨ । ਅਕਾਲੀ ਲਹਿਰ ਸਮੇਂ ਦੋ ਸਾਲ ਕੈਦ ਭੀ ਕੱਟੀ ਸੀ । ਵਿਦਜਕ ਸੇਵਾ ਭੀ ਹੈ । ਅੱਜ ਕਲ ਖਾਲਸਾ ਨੈਸ਼ਨਲ ਪਾਰਟੀ ਦੇ ਲੀਡਰਾਂ ਵਿਚੋਂ ਹਨ ।



Digitized by Panjab Digital Library | www.panjabdigilib.org

ਕਰਨ ਲਈ ੧੨॥) ਸਾਢੇ ਬਾਰਾਂ ਰੁਪਏ ਨਕਦ ਪਾਸੋਂ ਦਿੰਦੇ ਹਨ।

ਹੋਰ ਵੇਖੋ ਭਾਈ ਲਾਲ ਸਿੰਘ ਜੀ ਪ੍ਰਚਾਰਕ ਗੁਜਰਾਂਵਾਲੇ ਵਾਲੇ ਘਰ ਵਾਲੀ ਦਾ ਇਲਾਜ ਕਰਾਉਂਦੇ ਹਨ। ਦਵਾਈ ਮੁਫਤ ਮਿਲਦੀ ਹੈ ਹੋਰ ਉਧਾਰ ਮੰਗਣ ਤੇ ਪੰਜ ਰੁਪਏ ਦਿੰਦੇ ਹਨ। ਆਖਦੇ ਹਨ 'ਚਲੋ ਸਜਣਾਂ ਦੇ ਪ੍ਰੇਮ ਦਾ ਮੁੱਲ ਹੀ ਸਹੀ ਦੇ ਦੇਣ ਗੇ ਤਾਂ ਵਾਹਵਾ ਨਹੀਂ ਤਾਂ ਹਰੀ ਇੱਛਿਆ।'

ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਭਾਵੇਂ ਆਪ ਪੁਜਾਰੀਆਂ ਤੇ ਗ੍ਰੰਥੀਆਂ ਦੇ ਵਿਰੁੱਧ ਲਿਖਦੇ ਸਨ, ਪਰ ਪਿਆਰ ਹਮਦਰਦੀ ਵਿੱਚ ਪਿਛੇ ਨਹੀਂ ਸਨ। ਇੱਕ ਗ੍ਰੰਥੀ ਭਾਈ ਖਰਚ ਵੱਲੋਂ ਤੰਗ ਹੁੰਦਾ ਹੈ ਤਾਂ ਆਪ ਆਪਣੇ ਪਾਸੋਂ ਹੀ ਨਹੀਂ ਸਗੋਂ ਸੱਜਣਾਂ ਮਿੱਤ੍ਰਾਂ ਤੋਂ ਇਕੱਠੀ ਕਰਕੇ ਸਹਾਇਤਾ ਦਿੰਦੇ ਹਨ। ੨੮ ਜੁਲਾਈ ਦਾ ਨੋਟ ਹੈ ਕਿ:—

"ਭਾਈ.........ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੋਗ ਖਰਚ ਵਾਸਤੇ ਸਹਾਇਤਾ ਇਕੱਠੀ ਕਰਕੇ ਦਿੱਤੀ।"

੧੪ ਨਵੰਬਰ ਨੂੰ ਆਪ ਕੰਨਜਾ ਮਹਾਂ ਵਿਦਜਾਲਾ ਫੀਰੋਜ਼ ਪੁਰ ਦੇਖਣ ਗਏ। ਓਥੇ ਹੀ ਪੰਡਤ ਕਰਤਾਰ ਸਿੰਘ ਆਦਿਕਾਂ ਨੂੰ ਬੜੇ ਪ੍ਰੇਮ ਨਾਲ ਮਿਲੇ ਤੇ ੧੯ ਪੁਸਤਕ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦੇ ਆਸ਼੍ਰਮ ਵਿੱਚ ਭੇਟਾ ਕੀਤੇ। ਵਾਪਸੀ ਵਿੱਚ ਕਸੂਰ ਉੱਤਰੇ। ਏਥੇ ਆਪ ਦੇ ਪ੍ਰੇਮੀ ਰਾਇ ਸਾਹਿਬ ਲਭੂ ਰਾਮ ਜੀ ਏ. ਡੀ. ਐਮ. ਸਨ, ਆਪ ਨੂੰ ਮਿਲੇ, ਤੇ ਆਪਦੇ ਘਰ ਲੜਕਾ ਜਨਮੇ ਦੀ ਖੁਸ਼ੀ ਵਿੱਚ ਲੜਕੇ ਨੂੰ ੫) ਰੁਪਏ ਸ਼ਗਨ ਵਜੋਂ ਪਾਏ ਤੇ ਰਾਤ ਤਰਨ ਤਾਰਨ ਆਏ।

## ਰਾਇ ਸਾਹਿਬ

ਏਥੇ ਰਾਇ ਸਾਹਿਬ ਲਭੂ ਰਾਮ ਜੀ ਡਿਪਟੀ ਕਮਿਸ਼ਨਰ ਬਾਰੇ ਭੀ ਚਾਰ ਗੱਲਾਂ ਲਿਖਣੀਆਂ ਜਰੂਰੀ ਭਾਸਦੀਆਂ ਹਨ।

ਰਾਇ ਸਾਹਿਬ ਜੀ ਵੈਦ ਜੀ ਦੇ ਬੜੇ ਪ੍ਰੇਮੀ ਸਨ। ਆਪ ਲੁਧਿਹਾਨਾ ਦੇ ਰਹਿਣ ਵਾਲੇ ਸਨ। ਕੁਦਰਤ ਵੱਲੋਂ ਹੀ ਆਪ ਦੇ ਔਲਾਦ ਦੀ



Digitized by Panjab Digital Library | www.panjabdigilib.org

ਅਣਹੋਂਦ ਸੀ। ਜਿਸ ਨੂੰ ਆਪ ਈਸ਼੍ਵਰ ਦਾ ਭਾਣਾ ਮੰਨਕੇ ਅਨੰਦ ਪ੍ਰਸੰਨ ਰਹਿੰਦੇ ਸਨ। ਪਰ ਕੌਣ ਗ੍ਰਿਹਸਤੀ ਤੇ ਫੇਰ ਸਰਦਾ ਪੁੱਜਦਾ ਹੈ, ਜਿਸਨੂੰ ਔਲਾਦ ਦੀ ਅਣਹੋਂਦ ਨਾ ਸਤਾਵੇ। ਗੁਆਂਢੀਆਂ ਦੇ ਬੱਚੇ ਖੇਲਦੇ ਦੇਖਕੇ ਦੰਪਤੀ ਦੇ ਦਿਲ ਵਿੱਚ ਵਲਵਲੇ ਉੱਠਣੇ ਕੁਦਰਤੀ ਗੱਲ ਹੁੰਦੀ ਹੈ।

ਆਪ ਦੇ ਗੁਆਂਢ ਇੱਕ ਨਹਿਰ ਦਾ ਮੁਨਸ਼ੀ ਰਹਿੰਦਾ ਸੀ, ਉਸਨੂੰ ਵੈਦ ਜੀ ਦੀ ਵੈਦਕ ਤੋਂ ਬਹੁਤ ਲਾਭ ਪਹੁੰਚ ਚੁੱਕਾ ਸੀ। ਉਸਦੀ ਇਸਤ੍ਰੀ ਨੇ ਰਾਇ ਸਾਹਿਬ ਦੀ ਇਸਤ੍ਰੀ ਨੂੰ ਇਹ ਸਾਰੀ ਗੱਲ ਦੱਸੀ,ਤੇ ਕਿਹਾ ਕਿ 'ਤੁਸੀਂ ਭਾਈ ਮੋਹਨ ਸਿੰਘ ਜੀ ਦਾ ਮਸ਼ਵਰਾ ਜ਼ਰੂਰ ਪੁਛ ਦੇਖੋ। ਕੀ ਜਾਣੀਏ ਰੱਬ ਭਲੀ ਕਰੇ'।ਸੋਚ ਵਿਚਾਰ ਤੋਂ ਬਾਦ ਰਾਇ ਸਾਹਿਬ ਜੀ ਨੇ ਵੈਦ ਜੀ ਦਾ ਮਸ਼ਵਰਾ ਲਿਆ। ਆਪ ਨੇ ਧੀਰਜ ਭਰੀ ਆਸ ਦਿਲਾਈ ਤੇ ਇਲਾਜ ਸ਼ੁਰੂ ਕੀਤਾ।

ਆਖਰਕਾਰ ਵੈਦ ਜੀ ਦੀ ਕੋਸ਼ਸ਼, ਹਿਕਮਤ ਦੇ ਚਮਤਕਾਰੇ ਤੇ ਈਸ਼੍ਵਰ ਦੀ ਕ੍ਰਿਪਾ ਨਾਲ ਆਪ ਦੇ ਅਨ੍ਹੇਰੇ ਘਰ ਵਿੱਚ ਰੌਸ਼ਨੀ ਹੋਈ ਤੇ ਬਾਲ ਖੇਲਣ ਲੱਗਾ। ਆਪ ਨੇ ਇਹ ਭੀ ਇਲਾਜ ਕਰਨ ਲੱਗਿਆਂ ਕਿਹਾ ਸੀ ਕਿ 'ਪਰਮਾਤਮਾਂ ਕਰੇ ਹੋਵੇਗਾ ਭੀ ਲੜਕਾ ਹੀ'। ਸੋ ਇਹ ਪਹਿਲਾ ਲੜਕਾ ਸੀ ਜਿਸਨੂੰ ਵੈਦ ਜੀ ਕਸੂਰ ਉਤਰਕੇ ਆਪਣੀ ਮਿਹਨਤ ਸਫਲ ਜਾਣਕੇ ਵਾਹਿਗੁਰੂ ਦਾ ਸੌ ਸੌ ਧੰਨਵਾਦ ਕਰਦੇ ਹੋਏ ੫) ਰੁਪਏ ਪਿਆਰ ਤੇ ਸ਼ਗਨ ਵਜੋਂ ਪਾਉਣ ਗਏ ਸਨ। ਇਸ ਤੋਂ ਪਿੱਛੋਂ ਰਾਇ ਸਾਹਿਬ ਦੇ ਹੋਰ ਭੀ ਬੱਚੇ ਹੋਏ ਤੇ ਆਪ ਡਿਪਟੀ ਕਮਿਸ਼ਨਰ ਹੋਕੇ ਪੈਨਸ਼ਨ ਗਏ।

ਇਸ ਸਪੁੱਤ੍ਰ ਦੇ ਜਨਮ ਸਮੇਂ ਰਾਇ ਸਾਹਿਬ ਜੀ ਨੇ ਵੈਦ ਜੀ ਨੂੰ ਵਧਾਈ ਦੀ ਚਿੱਠੀ ਭੇਜਦਿਆਂ ਲਿਖਿਆ ਸੀ।

"ਪਰਮਾਤਮਾਂ ਦਾ ਬੇਅੰਤ ਸ਼ੁਕਰ ਹੈ ਜਿਨ੍ਹਾਂ ਨੇ ਆਪ ਦੀ ਦਵਾਈ ਦੀ ਬਰਕਤ ੩੨ ਬਤੀ ਬਰਸ ਦੇ ਬਾਦ ਸਾਡੇ ਘਰ ਵਿੱਚ ਬੱਚੇ ਦੀ ਬਰਕਤ ਬਖਸ਼ੀ ਹੈ।"

ਇਥੇ ਇਹ ਗੱਲ ਦੱਸ ਦੇਣੀ ਭੀ ਅਜੋਗ ਨਾ ਹੋਵੇਗੀ ਕਿ ਇਸੇ-ਤਰ੍ਹਾਂ ਹੀ ਅਨੇਕਾਂ ਸੁੰਞੇ ਘਰ ਵੈਦ ਜੀ ਦੇ ਇਲਾਜ ਨੇ ਆਬਾਦ ਕੀਤੇ।



Digitized by Panjab Digital Library | www.panjabdigilib.org

ਔਲਾਦ ਦੀ ਅਣਹੋਂਦ ਤੋਂ ਈਸ਼੍ਵਰ ਦਾ ਭਾਣਾ ਸਮਝਕੇ ਝੂਰ ਰਹੇ ਕਈ ਗ੍ਰਹਸਤੀਆਂ ਦੇ ਸੁੰਵੇ ਘਰ ਆਬਾਦ ਹੋ ਗਏ। ਅਸੀਂ ਜ਼ੋਰ ਨਾਲ ਸਫਾਰਸ਼ ਕਰਦੇ ਹਾਂ ਕਿ ਹੁਣ ਭੀ ਜਿਸ ਦੇ ਘਰ ਔਲਾਦ ਨਾ ਹੋਈ ਹੋਵੇ। ਜਾਂ ਹੋ ਹੋ ਮਰ ਜਾਂਦੀ ਹੋਵੇ, ਉਹ ਆਪਦੇ ਸਪੁੱਤ੍ਰ ਸ: ਤ੍ਰਿਲੋਕ ਸਿੰਘ ਜੀ ਵੈਦ ਤੋਂ —ਜੋ ਆਪ ਦੇ ਹੀ ਨਕਸ਼ ਕਦਮਾਂ ਤੇ ਚਲ ਰਹੇ ਹਨ, ਤੇ ਖੁਦਾਦਾਦ ਯੋਗਯਤਾ ਰੱਖਦੇ ਹਨ—ਮਸ਼ਵਰਾ ਲੈਣ। ਇਸੇ ਹੀ ਤਰ੍ਹਾਂ ਜਿਨ੍ਹਾਂ ਦੇ ਲੜਕੀਆਂ ਹੀ ਹੁੰਦੀਆਂ ਹੋਣ ਜਾਂ ਜ਼ਰੂਰ ਲੜਕਾ ਚਾਹੁੰਣ ਵਾਲੇ ਆਪਦੀ 'ਪੁਰਸ਼ ਕ੍ਰਿਦ'*ਦਵਾਈ ਵਰਤਣ। ਯਕੀਨੀ ਲੜਕਾ ਪੈਦਾ ਹੋਵੇਗਾ। ਇਸ ਤੋਂ ਇਲਾਵਾ ਹਰ ਕਿਸਮ ਦੇ ਪੇਚੀਦਾ ਤੇ ਪੁਰਾਣੇ ਨਵੇਂ ਰੋਗਾਂ ਲਈ ਆਪ ਆਕੇ ਜਾਂ ਚਿਠੀ ਰਾਹੀਂ "ਭਾਈ ਮੋਹਨ ਸਿੰਘ ਜੀ ਵੈਦ ਐਂਡ ਸਨਜ਼, ਤਰਨ ਤਾਰਨ" ਦੇ ਪਤੇ ਤੇ ਚਿੱਠੀ ਪੱਤ੍ਰ ਕਰੋ।

---

*ਇਸੇ ਸੰਬੰਧੀ ਸ. ਸ. ਚਰਨ ਸਿੰਘ ਜੀ ਲਿਖਦੇ ਹਨ:—

ਸ੍ਰੀ ਯੁਤ ਪਰਮ ਕ੍ਰਿਪਾਲੂ ਜੀ, ਅਕਾਲ ਪੁਰਖ ਦੀ ਸੱਚ ਮੁੱਚ ਆਪ ਉਤੇ ਬੜੀ ਮੇਹਰ ਹੈ। ਹੁਕਮ ਤੇ ਬਖਸ਼ਸ਼ ਅਕਾਲ ਪੁਰਖ ਦੀ ਹੀ ਹੁੰਦੀ ਹੈ ਤੇ ਦਵਾਈਆਂ ਵਿਚ ਭੀ ਅਸਰ ਓਹੋ ਬਖਸ਼ਦਾ ਹੈ। ਐਤਕਾਂ ਭੀ ਆਪਦੀ ਦਵਾਈ ਪੁਰਸ਼ ਕ੍ਰਿਦ ਘਰ ਵਿਚ ਵਰਤਵਾਈਆਂ ਸਨ—ਸੋ ਵਾਹਿਗੁਰੂ ਨੇ ਭੁਜੰਗੀ ਬਖਸ਼ਿਆ ਹੈ—ਨਿਰਸੰਦੇਹ ਵਾਹਿਗੁਰੂ ਵਲੋਂ ਆਪ ਨੂੰ ਦਵਾਈਆਂ ਰੂਪੀ ਬਹੁਤ ਅਮੋਲਕ ਦਾਤਾਂ ਮਿਲੀਆਂ ਹੋਈਆਂ ਹਨ।

ਮਾਨਸਰੋਵਰ--ਅੰਮ੍ਰਿਤਸਰ ੨੭-੨-੨੮] ਦਾਸ--ਸ. ਸ. ਚਰਨ ਸਿੰਘ



Digitized by Panjab Digital Library | www.panjabdigilib.org

# ੧੯੧੩

## ਉੱਤਮ ਪੁਰਸ਼

*"ਆਪ ਪੁਰਾਤਨ ਸਿੰਘਾਂ ਦਾ ਨਮੂਨਾ ਸਨ, ਅਰ ਹਰ ਸਮੇਂ ਪੰਥ ਦੀ ਭਲਾਈ ਸੋਚਦੇ ਰਹਿੰਦੇ ਸਨ।"*

ਸ੍ਰ: ਨਰਾਇਨ ਸਿੰਘ ਜੀ ਐਮ. ਏ. ਐਲ.ਐਲ. ਬੀ.
ਸਕੱਤ੍ਰ ਚੀ: ਖਾ: ਦੀਵਾਨ

ਕੇਹਾ ਸੁਹਣਾ ਕਿਹਾ ਹੈ:-

'ਤੰਦਰੁਸਤ ਨੂੰ ਸਾਰ ਕੀ ਦੁੱਖੜੇ ਦੀ, ਦੁੱਖ ਪੁਛ ਲੋ ਕਿਸੇ ਬੀਮਾਰ ਕੋਲੋਂ।'

ਦੱਖ ਦੀ ਸਾਰ, ਦਰਦ ਦੀ ਖਬਰ, ਕਿਸੇ ਦਰਦਮੰਦ ਨੂੰ ਹੀ ਹੁੰਦੀ ਹੈ। ਜਿਸਨੂੰ ਕਦੇ ਦੁੱਖ ਨਹੀਂ ਪਿਆ, ਜਿਸਨੇ ਕਦੇ ਤਕਲੀਫ ਨਹੀਂ ਵੇਖੀ, ਉਹ ਦੂਜੇ ਦੀ ਤਕਲੀਫ ਨੂੰ ਬਹੁਤ ਘੱਟ ਮਹਿਸੂਸ ਕਰ ਸਕਦਾ ਹੈ। ਅਸਲ ਵਿਚ ਇਹ ਕੁਦਰਤੀ ਹੈ, ਸੁਭਾਵਕ ਹੈ, ਪਰਮਾਤਮਾ ਵਲੋਂ ਹੀ ਬੰਦਿਆਂ ਦੀਆਂ ਤਬੀਅਤਾਂ ਬਣੀਆਂ ਹੋਈਆਂ ਹਨ। ਇੱਕ ਆਪਣਾ ਨੁਕਸਾਨ ਕਰਕੇ, ਘਰ ਗੁਆਕੇ ਦੂਜੇ ਦਾ ਭਲਾ ਕਰਦੇ ਹਨ। ਇਕ 'ਜੈਸੇ ਕੋ ਤੈਸਾ' ਵਰਤਦੇ ਹਨ, ਤੇ ਇਕ ਆਪਣੇ ਤੁੱਛ ਲਾਭ ਲਈ ਦੂਜੇ ਦਾ ਬਹੁਤ ਸਾਰਾ ਨੁਕਸਾਨ ਕਰਨ ਤੋਂ ਭੀ ਨਹੀਂ ਝਕਦੇ। ਇਨ੍ਹਾਂ ਬਾਰੇ ਹੀ ਕਿਹਾ ਹੈ ਕਿ 'ਸੰਗਲ ਬਦਲੇ ਮੱਝ ਮਾਰ ਦੇਣੀ ਅਰਥਾਤ ਉਸ ਨੀਚ ਪ੍ਰਕ੍ਰਿਤੀ ਦੇ ਬੰਦੇ ਦੀ ਗੱਲ ਹੈ ਜਿਸਨੇ ਆਪਣੇ ਗੁਆਂਢੀ ਦੀ ਮੱਝ ਦੇ ਗਲ ਸੁਹਣਾ ਸੰਗਲ ਵੇਖਿਆ, ਖਿਆਲ ਆਇਆ ਕਿ ਜੇ ਇਹ ਮੱਝ ਇਸਦੇ ਨਾ ਹੋਵੇ ਤਾਂ ਅਵੱਸ਼ ਇਹ ਸੰਗਲ ਮੈਨੂੰ ਹੀ ਦੇ ਦੇਵੇਗਾ। ਇਸੇ ਨੀਚਤਾ ਭਰੇ ਖਿਆਲ ਨਾਲ



Digitized by Panjab Digital Library | www.panjabdigilib.org

ਗੁਆਂਢੀ ਦੀ ਮੱਝ ਮਾਰ ਦਿੱਤੀ। ਇਸੇ ਉਪਰ ਇਕ ਕਵੀ ਨੇ ਕਿਹਾ ਹੈ:-

ਅਪਨੋ ਹਿਤ ਤਯਾਗ ਕਰੈਂ ਪਰ ਕੋ ਹਿਤ,
ਤੇ ਨਰ ਉੱਤਮ ਹੈਂ ਜਗ ਮਾਹੀਂ।
ਅਪਨੇ ਹਿਤ ਸੰਗ ਕਰੈਂ ਪਰ ਕੋ ਹਿਤ,
ਤੇ ਨਰ ਮੱਧਮ ਹੈਂ ਜਗ ਮਾਹੀਂ।
ਅਪਨੇ ਹਿਤ ਨਾਸ਼ ਕਰੈ ਪਰ ਕੋ ਹਿਤ
ਤੇ ਨਰ ਅੱਧਮ ਹੈਂ ਜਗ ਮਾਹੀਂ।
ਬਿਨ ਹੀ ਅਪਨੋ ਹਿਤ ਨਾਸ਼ ਕਰੈਂ ਪਰ ਕੋ ਹਿਤ
ਤੇ ਨਰ ਕੌਨ ਕਹਾਹੀਂ ?

ਭਾਵਾਰਥ-ਇੱਕ ਉਹ ਉੱਤਮ ਪੁਰਸ਼, ਮਹਾਤਮਾ, ਸੰਸਾਰ ਵਿਚ ਹਨ ਜੋ ਪਰਉਪਕਾਰ ਲਈ, ਸੰਸਾਰ ਦੇ ਭਲੇ ਲਈ ਆਪਣਾ ਨੁਕਸਾਨ ਭੀ ਕਰ ਲੈਂਦੇ ਹਨ। ਆਪਣਾ ਧਨ ਧਾਮ ਗੁਆਕੇ ਭੀ, ਆਪਾ ਵਾਰਕੇ ਭੀ ਸੰਸਾਰ ਦਾ ਭਲਾ ਕਰਨ ਵਾਲੇ ਮਹਾਤਮਾ ਪੁਰਸ਼ਾਂ ਨੂੰ ਸੰਸਾਰ ਪੂਜਦਾ ਹੈ। ਇਹ ਦੇਵਤਾ ਸਰੂਪ ਉੱਤਮ ਪੁਰਸ਼ ਕਹਾਉਂਦੇ ਹਨ।

ਦੂਜੇ ਉਹ ਹਨ ਜੋ ਭਲਾ ਕਰਨ ਵਾਲੇ ਨਾਲ ਭਲਾ ਤੇ ਬੁਰਾ ਕਰਨ ਵਾਲੇ ਨਾਲ ਬੁਰੀ ਤਰਾਂ ਵਰਤਦੇ ਹਨ। ਜਾਂ ਇਉਂ ਕਹੋ ਕਿ ਜੈਸੇ ਕੋ ਤੈਸਾ ਹੋਕੇ ਮਿਲਦੇ ਹਨ। ਇਹ ਭਾਵੇਂ ਉਪ੍ਰੋਕਤ ਮਹਾਤਮਾ ਨਾਲੋਂ ਘਟ ਦਰਜੇ ਪਰ ਹਨ, ਪਰ ਇਹ ਭੀ ਬੜੇ ਅੱਛੇ ਇਨਸਾਨ ਹਨ। ਸੰਸਾਰ ਵਿੱਚ ਇਨ੍ਹਾਂ ਦੀ ਕਦਰ ਹੈ। ਇਨ੍ਹਾਂ ਨੂੰ 'ਮੱਧਮ ਪੁਰਸ਼' ਦੂਜੇ ਦਰਜੇ ਦੇ ਕਿਹਾ ਹੈ।

ਤੀਜੇ ਦਰਜੇ ਦੇ ਜਿਨ੍ਹਾਂ ਨੂੰ 'ਅੱਧਮ' ਕਿਹਾ ਹੈ, ਉਹ ਪੁਰਸ਼ ਹਨ ਜੇਹੜੇ ਨੀਚ ਪ੍ਰਕ੍ਰਿਤੀ ਦੇ ਹਨ,ਜੋ ਆਪਣੇ ਤੁੱਛ ਲਾਭ ਲਈ ਦੂਏ ਦਾ ਵੱਧ ਤੋਂ ਵੱਧ ਨੁਕਸਾਨ ਕਰਨੋਂ ਭੀ ਨਹੀਂ ਝਿਜਕਦੇ, ਅਰਥਾਤ ਮਹਾਂ ਪਾਮਰ, ਜਿਨ੍ਹਾਂ ਨੂੰ ਕੇਵਲ ਆਪਣਾ ਲਾਭ ਹੀ ਨਜ਼ਰ ਹੈ ਬਾਕੀ ਕਿਸੇ ਦੇ ਵਡੇ ਤੋਂ ਵਡੇ ਨੁਕਸਾਨ ਦੀ ਪ੍ਰਵਾਹ ਨਹੀਂ।

ਕਵੀ ਜੀ ਆਖਦੇ ਹਨ ਕਿ ਇਹ ਤਿੰਨੇ ਹੀ ਪੁਰਸ਼ ਤਾਂ ਫੇਰ ਭੀ



Digitized by Panjab Digital Library | www.panjabdigilib.org

ਅੱਛੇ ਹਨ, ਪਰ ਸੰਸਾਰ ਵਿੱਚ ਇਕ ਹੋਰ ਬੰਦੇ ਹਨ ਜੋ ਦੂਜੇ ਨੂੰ ਸੁਖੀ ਦੇਖ ਸੜਦੇ ਹਨ ਤੇ ਜਿਨ੍ਹਾਂ ਨੂੰ ਦੂਜੇ ਦੇ ਦੁੱਖਾਂ ਕਸ਼ਟਾਂ ਵਿੱਚ ਪਿਆਂ ਹੀ ਖੁਸ਼ੀ ਹੋ ਸਕਦੀ ਹੈ। ਆਪਣੇ ਲਾਭ ਹਾਨੀ ਦਾ ਕੋਈ ਖਿਆਲ ਨਹੀਂ ਉਹ ਅਕਾਰਣ ਹੀ ਦੂਜਿਆਂ ਨੂੰ ਦੁਖੀ ਦੇਖਣਾ ਤੇ ਨੁਕਸਾਨ ਪਹੁੰਚਾਣਾ ਚਾਹੁੰਦੇ ਹਨ। ਇਹ ਉਨ੍ਹਾਂ ਦੀ ਪ੍ਰਕ੍ਰਿਤੀ ਹੀ ਹੈ, ਉਨ੍ਹਾਂ ਦੇ ਦਰਜੇ ਦਾ—ਕਵੀ ਜੀ ਆਖਦੇ ਹਨ-ਮੈਨੂੰ ਪਤਾ ਨਹੀਂ ਕਿ ਉਨ੍ਹਾਂ ਨੂੰ ਕੀ ਕਰਕੇ ਆਖਾਂ।

ਸਾਡੇ ਵੈਦ ਜੀ ਉੱਤਮ ਪੁਰਸ਼ਾਂ ਵਿੱਚੋਂ ਸਨ। ਆਪ ਆਪਣੇ ਵਿਰੋਧੀ ਨਾਲ ਭੀ ਪਿਆਰ ਕਰਦੇ ਸਨ। ਮੁਖਾਲਫ ਨੂੰ ਭੀ ਲਾਭ ਪੁਚਾਕੇ ਖੁਸ਼ ਹੁੰਦੇ ਸਨ, ਤੇ ਦੁਖੀ ਦੇਖਕੇ ਦੁਖੀ ਹੁੰਦੇ ਸਨ। ਉਨ੍ਹਾਂ ਦਾ ਆਦਰਸ਼ ਸੰਸਾਰ ਨੂੰ ਸੁਖੀ ਦੇਖਣਾ ਹੀ ਸੀ । ਇਸੇ ਆਸ਼ੇ ਲਈ, ਇਸੇ ਖਿਆਲ ਦੀ ਪੂਰਤੀ ਲਈ ਆਪ ਨੇ ਵੱਧ ਤੋਂ ਵੱਧ ਜਤਨ ਕੀਤੇ। ਤਨ ਮਨ ਤੇ ਧਨ ਨਾਲ ਜੋ ਕੁਛ ਭੀ ਹੋ ਸਕਿਆ ਵੱਧ ਤੋਂ ਵੱਧ ਕੀਤਾ। ਭਲੇ ਪੁਰਸ਼ ਦੀ ਸੇਵਾ ਕਰਨੀ, ਇਨਸਾਫ ਉੱਤੇ ਖੜੇ ਹੋ ਜਾਣਾ ਤੇ ਮਦਦ ਕਰਨੀ ਤਾਂ ਆਪ ਦੇ ਜੀਵਣ ਦਾ ਇੱਕ ਸਾਧਾਰਨ ਆਸ਼ਾ ਸੀ।

ਆਪ ਜੀ ਪਾਸ ਹਰ ਫਿਰਕੇ ਤੇ ਹਰ ਤਬਕੇ ਦੇ ਬੰਦੇ ਇਲਾਜ ਲਈ ਆਉਂਦੇ ਸਨ। ਵੱਡੇ ਤੋਂ ਵੱਡੇ ਹਾਕਮ ਤੇ ਛੋਟੇ ਤੋਂ ਛੋਟੇ ਗਰੀਬ ਮੁਹਤਾਜ ਨੂੰ ਆਪ ਨਾਲ ਵਾਸਤਾ ਪੈਂਦਾ ਸੀ। ਸਰਦਾਰ ਸੁੱਖਾ ਸਿੰਘ ਜੀ ਡਿਪਟੀ ਸੁਪ੍ਰਿੰਟੰਡੰਟ ਪੋਲੀਸ ਨੂੰ ਭੀ ਆਪ ਪਾਸ ਇਲਾਜ ਕਰਾਵਣ ਲਈ ਕਈ ਵਾਰ ਆਉਣਾ ਪਿਆ ਸੀ। ਵੈਦ ਜੀ ਦੀ ਮਿਲਨਸਾਰੀ, ਮੁਹੱਬਤ, ਪਿਆਰ ਤੇ ਨਿਰ-ਲੋਭਤਾ ਨੇ ਅਜੇਹੇ ਪੋਲੀਸ ਅਫਸਰ ਦੇ ਦਿਲ ਵਿੱਚ ਭੀ ਇਜ਼ਤ ਅਹਿਸਾਨ ਮੰਦੀ ਤੇ ਪਿਆਰ ਦਾ ਜਜ਼ਬਾ ਆਖਰ ਪੈਦਾ ਕਰ ਹੀ ਦਿੱਤਾ। ਸੀ। ਉਹ ਕਈ ਵਾਰ ਵੈਦ ਜੀ ਦੇ ਉਪਕਾਰਾਂ ਥਲੇ ਦੱਬੇ ਹੋਏ ਕਿਹਾ ਕਰਦੇ ਸਨ:—"ਭਾਈ ਸਾਹਿਬ ਜੀ! ਕੋਈ ਮੇਰੇ ਯੋਗ ਸੇਵਾ ਹੋਵੇ ਤਾਂ ਹੁਕਮ ਕਰਨਾ" ਵੈਦ ਜੀ ਆਪਣੇ ਲਈ ਤਾਂ ਕਦੇ ਹੱਥ ਫੈਲਾਉਣ ਜਾਣਦੇ ਹੀ ਨਾ ਸਨ। ਮਿੰਨਤ ਕਰਨ ਜਾਂ ਸਫਾਰਸ਼ ਲਈ, ਕਿਸੇ ਪਾਸ ਬਹੁਤ ਹੀ ਘੱਟ ਜਾਇਆ



Digitized by Panjab Digital Library | www.panjabdigilib.org

ਕਰਦੇ ਸਨ, ਪਰ ਦੂਜਿਆਂ ਲਈ ਕਿਸੇ ਭਲੇ ਬੰਦੇ ਦੇ ਸੁਖ ਲਈ, ਇਨਸਾਫ ਤੇ ਲਾਭ ਲਈ ਜ਼ਰੂਰ ਹਰ ਜਗ੍ਹਾ ਜਾਣ ਲਈ ਤਤ ਪਰ ਰਹਿੰਦੇ ਸਨ। ਇਸੇ ਲਈ ਆਪ ੨ ਫਰਵਰੀ ੧੯੧੩ ਨੂੰ ਸੂਬੇਦਾਰ ਮੇਜਰ ਸ੍ਰਦਾਰ ਗੁਰਦਿਤ ਸਿੰਘ ਨੂੰ ਨਾਲ ਲੈਕੇ ਉਪ੍ਰੋਕਤ ਸ੍ਰਦਾਰ ਸੁੱਖਾ ਸਿੰਘ ਜੀ ਡੀ. ਐਸ. ਪੀ. ਪਾਸ ਔਨਰੇਰੀ ਮੈਜਿਸਟ੍ਰੇਟੀ ਦੀ ਸਫਾਰਸ਼ ਲਈ ਗਏ। ਆਪ ਨੇ ਸਾਫ ਕਹਿ ਦਿੱਤਾ ਕਿ 'ਸ੍ਰੀ ਮਾਨ ਜੀ ! ਮੈਂ ਇਨਸਾਫ, ਅਦਲ ਦੇ ਇਨ੍ਹਾਂ ਦੀ ਸ਼ਰਾਫਤ ਨੂੰ ਮੁੱਖ ਰੱਖ ਕੇ ਤੁਹਾਨੂੰ ਤਕਲੀਫ ਦੇਣ ਨੂੰ ਆਇਆ ਹਾਂ। ਔਨਰੇਰੀ ਮੈਜਿਸਟ੍ਰੇਟੀ ਲਈ ਸਾਡੇ ਇਲਾਕੇ ਵਿੱਚ ਇਨ੍ਹਾਂ ਦਾ ਹੱਕ ਹੈ ਆਦਿ।'' ਇਸੇ ਵਾਸਤੇ ੪ ਫਰਵਰੀ ਨੂੰ ਆਪ ਜੀ ਨੇ ਤਰਨ ਤਾਰਨ ਨਗਰ ਸਭਾ ਦੇਪ੍ਰਧਾਨ, ਪਾਦਰੀ ਸਾਹਿਬ ਨਾਲ ਭੀ ਮੁਲਾਕਾਤ ਕੀਤੀ ਕਿਉਂਕਿ ਅਫ-ਸਰਾਂ ਵਿੱਚ ਪ੍ਰਧਾਨ ਦੀ ਭੀ ਬਹੁਤ ਮੰਨੀ ਦੀ ਸੀ। ਤੇ ਉਪ੍ਰੋਕਤ ਸ੍ਰਦਾਰ ਸਾਹਿਬ ਲਈ ਹਰ ਸੰਭਵ ਯਤਨ ਕਰਨ ਲਈ ਕਿਹਾ। ਇਸਦਾ ਫਲ ਇਹ ਨਿਕਲਿਆ ਕਿ ਮਈ ੧੯ ੬ ਵਿੱਚ ਸ੍ਰਦਾਰ ਸਾਹਿਬ ਔਨਰੇਰੀ ਮੈਜਿਸਟ੍ਰੇਟ ਬਣਾਏ ਗਏ, ਤੇ ੩੧ ਮਈ ੧੯੧੬ਨੂੰ ਖਾ: ਪ੍ਰ: ਵਿਦਜਾਲੇ ਤਰਨ ਤਾਰਨ ਵਿੱਚ ਔਨਰੇਰੀ ਮੈਜਿਸਟ੍ਰੇਟ ਹੋਣ ਦੀ ਖੁਸ਼ੀ ਵਿੱਚ ਜਲਸਾ ਕੀਤਾ ਗਿਆ। ਤੇ ਵੈਦਜ ਜੀ ਦਾ ਉੱਦਮ ਸਫਲ ਹੋਇਆ।

ਉਨ੍ਹੀ ਦਿਨੀ ਹੀ ਸ੍ਰੀ ਅੰਮ੍ਰਿਤਸਰ ਵਿੱਚ ਪੱਤਿਆਂ ਵਾਲੇ ਜੂਏਬਾਜ਼ ਬਹੁਤ ਸਨ। ਤੁਰੇ ਜਾਂਦੇ ਰਾਹੀਆਂ ਤੇ ਭਲੇ ਬੰਦਿਆਂ ਨੂੰ ਠੱਗੀ ਤੇ ਚਾਲਾਕੀ ਨਾਲ ਫਸਾਕੇ ਲੁੱਟ ਲੈਂਦੇ ਸਨ। ਸ਼ਹਿਰ ਵਿੱਚ ਹਲ ਚਲੀ ਮਚੀ ਹੋਈ ਸੀ ! ਵੈਦ ਜੀ ਨੇ ਇਸ ਬਾਰ ਭੀ ਡੀ. ਐਸ. ਪੀ. ਨੂੰ ਉਨ੍ਹਾਂ ਦੇ ਫਰਜ਼ ਦੀ ਚੇਤਾਵਨੀ ਕਰਵਾਉਂਦੇ ਹੋਇਆਂ ਇਸ ਕੁਕਰਮ ਨੂੰ ਰੋਕਣ ਲਈ ਬੇਨਤੀ ਕੀਤੀ। ਇਨ੍ਹਾਂ ਗੱਲਾਂ ਦਾ ਬੜਾ ਹੀ ਅੱਛਾ ਅਸਰ ਪਿਆ ਤੇ ਸ਼ਹਿਰ ਵਾਸੀ ਇਸ ਜੂਏ ਦੀ ਲਾਨਤ ਤੋਂ ਸੁਖੀ ਹੋਏ।

ਤਰਨ ਤਾਰਨ ਵਿੱਚ ਭਾਈ ਜੀਵਣ ਸਿੰਘ ਜੀ ਗੰਢ ਦੇ ਪਿਤਾ ਨਗਰ ਸਭਾ ਦੇ ਮੈਂਬਰ ਸਨ। ਉਹ ਅਕਾਲ ਚਲਾਣਾ ਕਰ ਗਏ। ੬ ਮਾਰਚ ਨੂੰ



Digitized by Panjab Digital Library | www.panjabdigilib.org

ਪ੍ਰਧਾਨ ਨਗਰ ਸਭਾ ਪਾਦਰੀ ਜੀ ਬਾਹਰੋਂ ਵਾਪਸ ਆਏ ਤਾਂ ਵੈਦ ਜੀ ਨੇ ਉਨ੍ਹਾਂ ਨਾਲ ਮਿਲਕੇ ਸ਼ਹਿਰਦੀ ਬਿਹਤ੍ਰੀ ਲਈ ਬਹੁਤ ਵਿਚਾਰਾਂ ਕੀਤੀਆਂ,ਤੇ ਬਾਪ ਦੀ ਜਗਾ ਉਨ੍ਹਾਂ ਦੇ ਲੜਕੇ ਭਾਈ ਜੀਵਣ ਸਿੰਘ ਜੀ ਨੂੰ ਹੀ ਮੈਂਬਰ ਕਰਨ ਤੇ ਸ਼ਹਿਰ ਵਿੱਚੋਂ ਸ਼ਰਾਬ ਆਦਿਕ ਕੁਰੀਤਾਂ ਬਾਹਰ ਕਰਨ ਲਈ ਬਹੁਤ ਜ਼ੋਰ ਦਿੱਤਾ।

੨੨ ਅਪ੍ਰੈਲ ੧੯੧੩ ਨੂੰ ਫੇਰ ਪ੍ਰਧਾਨ ਮਿਉਂਸੀਪਲ ਕਮੇਟੀ ਨੂੰ ਮਿਲ ਕੇ ਤਰਨ ਤਾਰਨ ਵਿਚ ਕਮੇਟੀ ਵਲੋਂ ਪਬਲਿਕ ਲਾਇਬ੍ਰੇਰੀ ਖੋਲ੍ਹਨ ਲਈ ਜ਼ੋਰ ਦਿਤਾ। ੨੦ ਮਈ ਨੂੰ ਡੀ. ਸੀ. ਨੂੰ ਤਰਨ ਤਾਰਨ ਵਿਚ ਯਾਤ੍ਰਾ ਟੈਕਸ ਤੇ ਮੱਸਿਆ ਚੌਦਿਆਂ ਤੇ ਸ਼ਰਾਬ ਦੀ ਬੰਦਸ਼ ਕਰਨ ਲਈ ਅਪੀਲ ਕੀਤੀ, ਅਤੇ ੩੦ ਜੁਲਾਈ ਨੂੰ ਫੇਰ ਪਾਦਰੀ ਸਾਹਿਬ ਨੂੰ ਮਿਲੇ ਤੇ ਸ਼ਹਿਰ ਦੀ ਭਲਾਈ ਲਈ ਗੱਲਾਂ ਕੀਤੀਆਂ। ਨਾਲ ਹੀ ਧਰਮ ਪ੍ਰਚਾਰ ਲਈ ਇਕ ਅੰਗ੍ਰੇਜ਼ੀ ਦੀ ਪੁਸਤਕ 'ਸਤਿਗੁਰੂ ਤੇ ਅਫਲਾਤੂਨ' ਅਤੇ ਚਾਰ ਟ੍ਰੈਕਟ ਗੁਰਸਿੱਖੀ ਆਸ਼ੇ ਦੇ ਭੇਟ ਕੀਤੇ । ਇਨ੍ਹਾਂ ਉਪ੍ਰੋਕਤ ਮੁਲਾਕਾਤਾਂ ਤੋਂ ਪਾਠਕ ਜਨ ਸਹਿਜੇ ਹੀ ਸੋਚ ਸਕਦੇ ਹਨ ਕਿ ਵੈਦ ਜੀ ਦੇ ਹਿਰਦੇ ਵਿਚ ਸ਼ਹਿਰ ਦੀ ਭਲਾਈ ਤੇ ਪੰਥ ਦੀ ਉੱਨਤੀ ਲਈ ਕਿਸਤਰ੍ਹਾਂ ਪ੍ਰੇਮ ਠਾਠਾਂ ਮਾਰ ਰਿਹਾ ਸੀ?

## ਰੇਲਾਂ ਦੇ ਦੁੱਖ

ਮੱਸਿਆ ਚੌਦੇਂ ਦੇ ਦਿਨਾਂ ਵਿਚ ਬਾਹਰੋਂ ਗੱਡੀਆਂ ਵਿਚ ਯਾਤਰੂ ਔਣ ਕਰਕੇ ਬਹੁਤ ਭੀੜ ਹੁੰਦੀ ਹੈ। ਰੇਲਵੇ ਵਾਲੇ ਕੁਛ ਪ੍ਰਵਾਹ ਨਹੀਂ ਸਨ ਕਰਦੇ। ਇਨ੍ਹਾਂ ਰੇਲਾਂ ਦੀਆਂ ਤਕਲੀਫਾਂ ਬਾਰੇ ਵੈਦ ਜੀ ਨੇ ਸ਼ਕਾਇਤਾਂ ਦੀ ਇਕ ਬੜੀ ਲੰਮੀ ਚਿੱਠੀ ਛਪਵਾ ਕੇ ੧ ਮਈ ਨੂੰ ਏਜੰਟ ਐਨ. ਡਬਲਯੂ. ਰੇਲਵੇ, ਹੋਰ ਅਫਸਰਾਂ ਤੇ ਅਖਬਾਰਾਂ ਨੂੰ ਭੇਜੀ।

ਇਸ ਚਿੱਠੀ ਦੇ ਉੱਤਰ ਵਿਚ ੫ ਮਈ ਨੂੰ ਮਿਸਟਰ ਗੋਲਡਿੰ ਅਸਿਸਟੰਟ ਟ੍ਰੈਫਿਕ ਸੁਪ੍ਰਿੰਟੰਡੰਟ ਵੈਦ ਜੀ ਨੂੰ ਮਿਲਣ ਵਾਸਤੇ ਆਏ, ਮਿਲੇ,



Digitized by Panjab Digital Library | www.panjabdigilib.org

ਸਭ ਸ਼ਕਾਇਤਾਂ ਸੁਣੀਆਂ ਤੇ ਯਥਾ ਯੋਗ ਸਹਿਜੇ ੨ ਦੂਰ ਕਰਨ ਦਾ ਇਕਰਾਰ ਕੀਤਾ ।

ਇਸੇ ਤਰ੍ਹਾਂ ਸ਼ਰਾਬ ਸ਼ਹਿਰੋਂ ਬਾਹਰ ਕਰਨ, ਚੌਦਸ ਮੱਸਿਆ ਨੂੰ ਠੇਕੇ ਬੰਦ ਕਰਨ, ਸਰੋਵਰ ਵਾਸਤੇ ਨਿਰਮਲ ਜਲ ਪੈਣ ਦਾ ਪ੍ਰਬੰਧ, ਸ਼ਹਿਰ ਦਾ ਮਸੂਲ ਹਟਾ ਕੇ ਯਾਤ੍ਰਾ ਟੈਕਸ ਦਾ ਪ੍ਰਬੰਧ, ਸ਼ਹਿਰ ਦੀ ਹੱਦ ਵਧਾਣ, ਸ਼ਹਿਰ ਦੀ ਸਫਾਈ ਤੇ ਸਰਕਾਰ ਵਲੋਂ ਕਮੇਟੀ ਨੂੰ ਸਹਾਇਤਾ ਦਿਵਾਨ ਦਾ ਪ੍ਰਬੰਧ, ਸ਼ਹਿਰ ਵਿੱਚੋਂ ਵੇਸਵਾਂ ਦੇ ਬਾਹਰ ਕਰਨ ਦਾ ਪ੍ਰਬੰਧ, ਕੁਨੀਨ ਮੁਫਤ ਵੰਡੀ ਜਾਵਣ ਦਾ ਪ੍ਰਬੰਧ, ਰੇਲਵੇ ਸੜਕ ਤੇ ਖਾਸ ਖਾਸ ਸੜਕਾਂ ਤੇ ਰੋਸ਼ਨੀ ਆਦਿਕ ਦਾ ਪ੍ਰਬੰਧ ਕਰਨ ਵਾਸਤੇ ਵੈਦ ਜੀ ਦਿਨ ਰਾਤ ਜੁੱਟੇ ਰਹੇ, ਕਹਿਣ ਦੀ ਲੋੜ ਨਹੀਂ ਕਿ ਪਰਮਾਤਮਾਂ ਨੇ ਆਪ ਜੀ ਨੂੰ ਹਰ ਪਾਸੇ ਕਾਮਯਾਬੀ ਬਖਸ਼ੀ । ਇਕ ਪਾਸੇ ਆਪ ਸ਼ਹਿਰ ਦਾਰਾਂ ਨੂੰ ਸੱਚੇ ਸੁੱਚੇ ਸ਼ਰੀਫ ਸ਼ਹਿਰੀ ਬਣਨ ਲਈ ਪ੍ਰੇਰਦੇ ਸਨ, ਦੂਜੇ ਪਾਸੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਗ੍ਰੰਥੀਆਂ, ਪੁਜਾਰੀਆਂ ਤੇ ਸਰਬਰਾਹ ਸਾਹਿਬ ਨੂੰ ਹੋਸ਼ਿਆਰ ਕਰਦੇ ਰਹਿੰਦੇ ਸਨ । ਤੀਜੇ ਪਾਸੇ ਲੋਕ ਭਲਾਈ ਲਈ ਨਗਰ ਸਭਾ ਦੇ ਪ੍ਰਧਾਨ, ਜ਼ਿਲੇ ਦੇ ਹਾਕਮਾਂ ਆਦਿ ਨੂੰ ਸਦਾ ਲਿਖਦੇ ਤੇ ਮਿਲਦੇ ਹੀ ਰਹਿੰਦੇ ਸਨ । 'ਦੁਖ ਨਿਵਾਰਨ' ਰਸਾਲਾ ਆਪ ਦੇ ਇਨ੍ਹਾਂ ਸਾਰਿਆਂ ਕੰਮਾਂ ਦੇ ਰੀਕਾਰਡ ਦਾ ਸ਼ੀਸ਼ਾ, ਪ੍ਰਤੱਖ ਗਵਾਹੀ ਦੇ ਰਿਹਾ ਹੈ । ਆਪ ਦੀਆਂ ਇਹ ਤੇ ਹੋਰ ਅਜੇਹੀਆਂ ਹੀ ਅਨੇਕ ਯਾਦਗਾਰਾਂ ਸ਼ਹਿਰ ਵਾਸੀਆਂ ਨੂੰ ਸਦਾ ਯਾਦ ਰਹਿਣਗੀਆਂ ਤੇ ਆਪ ਦੇ ਪਵਿੱਤ੍ਰ ਜੀਵਣ ਦੀ ਯਾਦ ਦਿਲਾਉਂਦੀਆਂ ਰਹਿਣ ਗੀਆਂ ।

## ਵਿਦਯਕ ਪ੍ਰੇਮ

ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਐਜੂਕੇਸ਼ਨਲ ਕਮੇਟੀ ਦਾ ਸਾਲਾਨਾ ਜਲਸਾ ਇਸ ਸਾਲ ਦੀਵਾਨ ਲੀਲਾ ਰਾਮ ਸਿੰਘ ਜੀ ਸਿੰਧੀ ਦੀ ਪ੍ਰਧਾਨਗੀ ਹੇਠ ਅੰਬਾਲੇ ਸ਼ਹਿਰ ਹੋਣਾ ਨੀਯਤ ਹੋਇਆ ਸੀ । ਜੋੜ ਮੇਲ



Digitized by Panjab Digital Library | www.panjabdigilib.org

ਦੀਆਂ ਤਾਰੀਖਾਂ ਸਨ ੨੧, ੨੨ ਤੇ ੨੩ ਮਾਰਚ। ਵੈਦ ਜੀ ਆਪਣੇ ਨਿਯਮ ਅਨੁਸਾਰ ੧੯ ਮਾਰਚ ਨੂੰ ਹੀ ਅੰਬਾਲੇ ਵਲ ਨੂੰ ਤੁਰ ਪਏ। ਨਾਲ ਹੀ ਹਰਦਵਾਰ ਤੇ ਗੁਰੂ ਕੁਲ ਆਦਿ ਥਾਵਾਂ ਦੀ ਸੈਰ ਕਰ ਆਏ। ਕਾਨਫ੍ਰੰਸ ਦਾ ਦੀਵਾਨ ਆਪ ਨੇ ਬੜੇ ਅਨੰਦ ਨਾਲ ਵੇਖਿਆ ਦੀਵਾਨ ਲੀਲਾ ਰਾਮ ਸਿੰਘ ਜੀ ਬੜੇ ਚਾਅ ਤੇ ਪ੍ਰੇਮ ਨਾਲ ਮਿਲੇ, ਅਤੇ ਕਾਨਫ੍ਰੰਸ ਦੇ ਪਿੱਛੋਂ ੨੭ ਮਾਰਚ ਨੂੰ ਭੀ ਦੀਵਾਨ ਸਾਹਿਬ ਵੈਦ ਜੀ ਨੂੰ ਮਿਲਨ ਲਈ ਤਰਨ ਤਾਰਨ ਆਏ।

## ਪੁਸਤਕਾਂ

ਪਿਛਲੀ ੧੯੧੨ ਦੀ ਕਾਨਫ੍ਰੰਸ ਤੋਂ ਬਾਦ ਵੈਦ ਜੀ ਨੇ ਜੋ ਪੰਜਾਬੀ ਦੇ ਵਾਧੇ ਲਈ ਪੁਸਤਕਾਂ ਲਿਖੀਆਂ ਉਨ੍ਹਾਂ ਲਈ ੧੦੦) ਰੁਪਿਆ* ਸਰਕਾਰ ਪੰਜਾਬ ਵਲੋਂ ਆਪਨੂੰ ਉੱਤਮ ਲੇਖਕ ਦੀ ਹੈਸੀਅਤ ਵਿਚ ਇਨਾਮ ਮਿਲਿਆ। ਕਿਉਂਕਿ ਆਪ ਇਹ ਸਾਰਾ ਕੰਮ ਪੰਜਾਬੀ ਪ੍ਰਚਾਰ ਲਈ ਹੀ ਕਰਦੇ ਸਨ। ਇਹ ਪੁਸਤਕਾਂ ਲਿਖਣੀਆਂ ਤੇ ਪ੍ਰਕਾਸ਼ਤ ਕਰਨੀਆਂ–ਜਿਵੇਂ ਅਸੀਂ ਅੱਗੇ ਦੱਸ ਆਏ ਹਾਂ–ਕੋਈ ਖੱਟੀ ਵਾਸਤੇ ਨਾ ਸਨ, ਸਗੋਂ ਪੱਲਿਓਂ ਖਰਚ ਕਰਕੇ ਕੇਵਲ ਪੰਜਾਬੀ ਦੀ ਉਨਤੀ ਲਈ ਹੀ ਸਨ। ਇਸ ਕਾਨਫ੍ਰੰਸ ਵਿਚ ਵੈਦ ਜੀ ਨੇ ਪ੍ਰਧਾਨ ਦੀ ਸਪੀਚ ਪਿਛੋਂ ਪ੍ਰੇਮ ਤੇ ਨਿੱਮ੍ਰਤਾ ਭਰਿਆ ਵਜਾਖਜਾਨ ਕਰਦੇ ਹੋਇਆਂ ੨੬ ਪੁਸਤਕ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦੀਆਂ ਤੇ ੪ ਪੁਸਤਕਾਂ 'ਪੰਜਾਬੀ ਪ੍ਰਚਾਰ ਰਤਨਾਵਲੀ' ਦੀਆਂ ਪ੍ਰਧਾਨ ਜੀ ਦੀ ਭੇਟਾ ਕੀਤੀਆਂ, ਤੇ ਨਾਲ ਹੀ ੧੦੦) ਰੁਪਿਆ–ਜੋ ਸ੍ਰਕਾਰ ਵੱਲੋਂ ਪੁਸਤਕਾਂ ਦੀ ਉੱਤਮਤਾ ਵਿੱਚ ਇਨਾਮ ਮਿਲਿਆ ਸੀ। ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਬਿਹਤ੍ਰੀ ਲਈ ਪੇਸ਼ ਕਰਦੇ ਹੋਇਆਂ ਇਸਤਰ੍ਹਾਂ ਦੇ ਸ਼ਬਦ ਉਚਰੇ:–

---

*ਪੰਜਾਬੀ ਲਈ ਉਸ ਸਮੇਂ ਇਤਨਾ ਹੀ ਹੁੰਦਾ ਸੀ ਜੋ ਕੇਵਲ ਵੈਦ ਜੀ ਨੂੰ ਹੀ ਮਿਲਿਆ।



Digitized by Panjab Digital Library | www.panjabdigilib.org

"ਸ੍ਰੀ ਮਾਨ ਪੰਥ ਭੂਖਣ ਪ੍ਰਧਾਨ ਸਾਹਿਬ ਜੀ ! ਭਾਵੇਂ ਇਹ ਇੱਕ ਨਿਮਾਣੀ ਕਾਗਜ਼ੀ ਭੇਟ ਹੈ, ਪਰ ਕਾਨਫ੍ਰੰਸ ਦੇ ਮੁੱਖ ਕਾਰਯਾਂ ਦਾ ਇੱਕ ਅੰਗ ਹੋਵਣ ਤੇ ਵੱਡੇ ਪਿਆਰ ਨਾਲ ਪ੍ਰਵਾਨ ਕਰਨ ਯੋਗ ਹੈ। ਕਾਨਫ੍ਰੰਸ ਦੇ ਦਰਸ਼ਨਾਂ ਤੇ ਕਾਰਯਾਂ ਦੀ ਪ੍ਰੇਰਨਾ ਅਨੁਸਾਰ ਹੀ ਦਾਸ ਨੇ ਵਿਸ਼ੇਸ਼ਤਾ ਨਾਲ ਇਸ ਕਾਰਯ "ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦੇ ਪ੍ਰਕਾਸ਼, ਤੇ ਪ੍ਰਚਾਰ ਦਾ ਉੱਦਮ ਕੀਤਾ ਹੈ, ਜਿਸਦੇ ਸਵਾ ਕੁ ਬਰਸ ਦੇ ਤਿਆਰ ਹੋਏ ਹੋਏ ਇਹ ੨੬ ਪੁਸਤਕ ਵੱਡੇ ਸਨਮਾਨ ਪਿਆਰ ਤੇ ਉਤਸ਼ਾਹ ਨਾਲ ਸ੍ਰੀ ਮਾਨ ਜੀ ਦੀ ਸੇਵਾ ਵਿਖੇ ਸਮਰਪਨ ਕਰਦਾ ਹਾਂ। ਆਸ਼ਾ ਹੈ ਪ੍ਰਵਾਨ ਕਰਕੇ ਕ੍ਰਿਤਾਰਥ ਕਰੋਗੇ।

ਸ੍ਰੀ ਮਾਨ ਜੀ ! ਆਪ ਨੂੰ ਇਹ ਸੁਣਕੇ ਹੋਰ ਭੀ ਪ੍ਰਸੰਨਤਾ ਹੋਵੇਗੀ ਕਿ ਸਰਕਾਰ ਵੱਲੋਂ ਇਨ੍ਹਾਂ ਕੁਛ ਪੁਸਤਕਾਂ ਬਦਲੇ ਇੱਕ ਸੌ ਰੁਪਏ ਦਾ ਇਨਾਮ ਪ੍ਰਵਾਨ ਕੀਤਾ ਗਿਆ ਹੈ, ਸੋ ਇਹ ੧੦੦) ਰੁਪਿਆ ਨਕਦ ਦਾਸ ਐਜੂਕੇਸ਼ਨਲ ਕਮੇਟੀ ਚੀ: ਖਾ: ਦੀਵਾਨ ਦੇ ਪੰਜਾਬੀ ਭਾਸ਼ਾ ਦੀ ਉੱਨਤੀ ਕਰਨ ਵਾਲੇ ਭੰਡਾਰੇ ਵਿੱਚ ਭੇਟ ਕਰਦਾ ਹੈ।†ਆਦਿ"

ਚੀਫ ਖਾਲਸਾ ਦੀਵਾਨ ਵੱਲੋਂ ਇਸੇ ਪਿਛਲੀ ਕਾਨਫ੍ਰੰਸ ਵਿੱਚ ਸਿੱਖ ਪੰਥ ਦੀ ਉੱਨਤੀ ਲਈ ਇੱਕ ਪੰਜ ਲੱਖੀ ਨੈਸ਼ਨਲ ਫੰਡ ਖੋਲਿਆ ਗਿਆ ਸੀ, ਇਸ ਕਾਨਫ੍ਰੰਸ ਵਿੱਚ ਉਸ ਨੂੰ ਭਰਤੀ ਕਰਨ ਲਈ ਬੜੀਆਂ ਦਰਦ ਭਰੀਆਂ ਅਪੀਲਾਂ ਹੋਈਆਂ ਤੇ ਉਗਰਾਹੀ ਸ਼ੁਰੂ ਹੋਈ।ਹਰ ਇੱਕ ਨੇ ਆਪਣੀ ਸ਼ਕਤੀ ਅਨੁਸਾਰ ਇਸ ਵਿੱਚ ਹਿੱਸਾ ਪਾਇਆ।

ਇਸ ਸੰਸਾਰ ਵਿੱਚ ਇਨਸਾਨ ਨੂੰ ਆਪਣੇ ਆਸ਼ੇ ਤੇ ਆਦਰਸ਼ ਉੱਤੇ ਤੁਰਨ ਵਾਲੀ ਸਿਆਣੀ ਤੇ ਸੁਚੱਜੀ ਔਲਾਦ ਦੇਖ ਕੇ ਜੋ ਪ੍ਰਸੰਨਤਾ ਹੁੰਦੀ ਹੈ, ਉਹ ਭੀ ਸਾਧਾਰਨ ਸ਼ਬਦਾਂ ਵਿੱਚ ਨਹੀਂ ਵਰਣਨ ਕੀਤੀ ਜਾ ਸਕਦੀ ।

ਭਾਈ ਸਾਹਿਬ ਜੀ ਦੀ ਛੋਟੀ ਸਪੁਤ੍ਰੀ ਬੀਬੀ ਚਤਰ ਕੌਰ ਜਿਸਦੀ

†ਦੁਖ ਨਿਵਾਰਨ।



Digitized by Panjab Digital Library | www.panjabdigilib.org

ਆਯੂ ਉਸ ਵੇਲੇ ਕੇਵਲ ੭ ਬਰਸ ਦੀ ਸੀ । ਇਸ ਨੈਸ਼ਨਲ ਫੰਡ ਵਿੱਚ ਦਾਨ ਦਿੰਦੇ ਦੇਖ ਕੇ ਉਤਸ਼ਾਹਤ ਹੋ ਉਠੀ। ਉਸਦਾ ਸਿੱਖੀ ਪ੍ਰੇਮ ਤੇ ਖਾਲਸਈ ਜੋਸ਼ ਆਪੇ ਤੋਂ ਬਾਹਰ ਹੋ ਗਿਆ । ਉਸ ਬਾਲੀ ਨੇ ਪੰਥ ਪ੍ਰੇਮ ਵਿੱਚ ਇਕੱਠੀ ਕੀਤੀ ਹੋਈ ਆਪਣੀ ਮਾਇਆ ਦੀ ਸੰਦੂਕੜੀ ਪ੍ਰਧਾਨ ਜੀ ਦੇ ਪੇਸ਼ ਕੀਤੀ । ਨਾਲ ਹੀ ਤੋਤਲੀ ਪਰ ਸਾਫ ਜ਼ਬਾਨ ਵਿੱਚ ਇਸ ਨਿੱਕੇ ਜੇਹੇ ਹਿਰਦੇ ਤੇ ਨਿੱਕੇ ਜੇਹੇ ਰਸੀਲੇ ਮੁਖਾਰਬਿੰਦ ਵਿੱਚੋਂ ਬੜਾ ਸੁਹਣਾ ਸੁਚੱਜਾ ਲੈਕਚਰ ਤੇ ਅਪੀਲ ਕੀਤੀ ਅਤੇ ਇੱਕ ਸੁੰਦਰ ਕਵਿਤਾ ਪੜ੍ਹੀ। ਇਸ ਬਾਲੀ ਦਾ ਸਿੱਖੀ ਜੋਸ਼, ਕੌਮੀ ਪਿਆਰ, ਪ੍ਰੇਮ ਉਤਸ਼ਾਹ, ਹੌਸਲਾ ਅਤੇ ਵਾਕ ਸ਼ਕਤੀ ਦੇਖਕੇ ਸਾਰਾ ਦੀਵਾਨ 'ਅਸ਼ ਅਸ਼' ਕਰ ਰਿਹਾ, ਉਸੇ ਵੱਲ ਦੇਖ ਰਿਹਾ ਸੀ । ਸੰਦੂ-ਕੜੀ ਖੋਲ੍ਹਣ ਤੇ ਉਸ ਵਿੱਚੋਂ ੨੬੩) ਰੁਪਏ ਨਿਕਲੇ । ਆਪ ਦੇ ਧਰਮ ਪਿਤਾ ਸਰਦਾਰ ਰਾਮ ਸਿੰਘ ਜੀ ਕਾਬਲੀ ਨੇ ਪ੍ਰੇਮ ਖੁਸ਼ੀ ਵਿੱਚ ਏਨੇ ਹੀ ਅਰਥਾਤ ੨੬੩) ਰੁਪਏ ਹੋਰ ਨਾਲ ਆਪਣੇ ਪਾਸੋਂ ਪਾਕੇ ਪ੍ਰਧਾਨ ਜੀ ਦੇ ਭੇਟ ਕੀਤੇ । ਅਤੇ ਇਹ ਸਿਲਸਿਲਾ ਕਾਫੀ ਦੇਰ ਤੱਕ ਹਰ ਕਾਨਫ੍ਰੰਸ ਉੱਪਰ ਇਸੇ ਹੀ ਤਰ੍ਹਾਂ ਚਲਦਾ ਰਿਹਾ । ਅਰਥਾਤ ਬੀਬੀ ਚਤਰ ਕੌਰ ਸਾਲ ਭਰ ਵਿੱਚ ਰੁਪਏ ਪੌਂਡ ਜੋੜਕੇ ਜਿਤਨੀ ਰਕਮ ਜਮਾ ਕਰਦੀ ਓਤਨੀ ਹੀ ਰਕਮ ਉਨ੍ਹਾਂ ਦੇ ਧਰਮ ਪਿਤਾ ਸ੍ਰ: ਰਾਮ ਸਿੰਘ ਜੀ ਕਾਬਲੀ* ਪਾਸੋਂ ਪਾਕੇ ਕਾਨਫ੍ਰੰਸ ਨੂੰ ਦਾਨ ਕਰਦੇ ।

---

*ਸ੍ਰ: ਰਾਮ ਸਿੰਘ ਜੀ ਕਾਬਲੀ--ਕੇਹੜਾ ਪੁਰਾਣਾ ਸਿੱਖ ਹਿਰਦਾ ਹੈ ਜੋ ਆਪ ਦੇ ਦਾਨੀ ਸੁਭਾ ਤੋਂ ਜਾਣੂੰ ਨਹੀਂ,ਆਪ ਸਿੱਖਾਂ ਵਿਚੋਂ ਹੀ ਨਹੀਂ ਸਗੋਂ ਠੇਕੇਦਾਰਾਂ ਚੋਂ ਚੋਟੀ ਤੇ ਰਹੇ ਹਨ। ਸ੍ਰ: ਬ: ਧਰਮ ਸਿੰਘ ਜੀ ਤੇ ਹੋਰ ਕਈ ਦਿੱਲੀ ਦੇ ਠੇਕੇਦਾਰ ਜੋ ਅੱਜ ਵਡੇ ਵਡੇ ਦਿੱਸਦੇ ਹਨ, ਕਿਸੇ ਸਮੇਂ ਆਪਦੀ ਮਦਦ ਦੇ ਮੁਥਾਜ ਸਨ ਤੇ ਇਸੇ ਆਸਰੇ ਇਨ੍ਹਾਂ ਥਾਵਾਂ ਤੇ ਪੁੱਜੇ। ਆਪ ਜੀ ਦਾ ਜਨਮ ਅੰਮ੍ਰਿਤਸਰ ਵਿਖੇ ਅਪ੍ਰੈਲ ੧੮੭੮ ਵਿਚ ਹੋਇਆ। ਵੱਡੇ ਹੋਵਨ ਤੇ ਆਪ ਸ੍ਰੀ ਨਗਰ ਅਪਨੇ ਚਾਚਾ ਜੀ ਕੋਲ ਚਲੇ ਗਏ। ੧੮੯੮ ਵਿਚ ਚਾਚਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਸ੍ਰ: ਹਰਨਾਮ ਸਿੰਘ ਜੀ ਘਰਜਾਖੀਏ ਦੀ ਕ੍ਰਿਪਾ ਨਾਲ ੧੮੯੯ ਤੋਂ ਕਸ਼ਮੀਰ ਵਿਚ ਹੀ ਠੇਕੇਦਾਰੀ ਦਾ



Digitized by Panjab Digital Library | www.panjabdigilib.org

ਕਾਨਫ੍ਰੰਸ ਤੋਂ ਹੋਕੇ ਆਇਆਂ ਨੂੰ ਅਜੇ ਥੋੜੇ ਹੀ ਦਿਨ ਹੋਏ ਸਨ ਕਿ ਗਿਆਨੀ ਲਾਲ ਸਿੰਘ ਜੀ ਉਪਦੇਸ਼ਕ ਗੁਜਰਾਂ ਵਾਲੀਏ ਗੁਰੂ ਕੇ ਲੰਗਰ ਤੇ ਸਰਾਂ ਗੁੱਜਰਾਂ ਵਾਲਾ ਲਈ ਮਾਇਆ ਇਕੱਠੀ ਕਰਨ ਲਈ ਆਏ। ਵੈਦ ਜੀ ਨੇ ਯਥਾ ਸ਼ਕਤਿ ਦਾਨ ਦਿੱਤਾ ਤੇ ਨਾਲ ਹੋਕੇ ਸਾਰੇ ਸ਼ਹਿਰ ਤਰਨ ਤਾਰਨ ਵਿੱਚੋਂ ਚੋਖਾ ਗੱਫਾ ਦਿਲਵਾਇਆ।

ਪੰਥਕ ਮਾਮਲਿਆਂ ਸੰਬੰਧੀ ਆਪ ਸਦਾ ਆਪਣੀ ਅਮੋਲਕ ਨਿਰ-ਪੱਖ ਰਾਏ ਪ੍ਰਗਟ ਕਰਦੇ ਰਹਿੰਦੇ ਸਨ। ਚੀ: ਖਾ: ਦੀਵਾਨ ਦੇ ਮੁਖੀ ਆਪ ਪਾਸੋਂ ਸਦਾ ਸਹਾਇਤਾ ਲੈਂਦੇ ਰਹਿੰਦੇ ਸਨ। ਇਸ ਐਜੂਕੇਸ਼ਨਲ ਕਾਨਫ੍ਰੰਸ ਬਾਰੇ ਭੀ ਕਈ ਵਾਰ ਮਸ਼ਵਰੇ ਹੁੰਦੇ ਰਹੇ ਤੇ ਆਪ ਜੀ ਨੇ ਅਨੇਕ ਸੁਧਾਰਕ ਦਲੀਲਾਂ ਪੇਸ਼ ਕੀਤੀਆਂ ਜੋ ਬੜੀਆਂ ਹੀ ਲਾਭਵੰਦੀਆਂ ਸਾਬਤ ਹੋਈਆਂ।

ਅਗਲੀ ਕਾਨਫ੍ਰੰਸ ਦਾ ਸਾਲਾਨਾ ਜਲਸਾ ਜਲੰਧਰ ਵਿਖੇ ਹੋਣਾ ਸੀ ਜਿਸ ਵਿੱਚ ਅਨੇਕ ਪਿਛਲੀਆਂ ਖਾਮੀਆਂ ਦੇ ਸੁਧਾਰ ਦਾ ਪ੍ਰਬੰਧ ਮੁਖੀ ਕਰ ਰਹੇ ਸਨ। ਭਾਈ ਜੀ ਆਪਣੇ ੨੩ ਅਪ੍ਰੈਲ ਦੇ ਡਾਇਰੀ ਨੋਟ ਵਿਚ ਲਿਖਦੇ ਹਨ:–

"ਵਜ਼ੀਰ ਹਿੰਦ ਪ੍ਰੈਸ ਵਿਚ ਭਾਈ ਜੀ (ਭਾਈ ਵੀਰ ਸਿੰਘ ਜੀ) ਨੂੰ

---

ਕੰਮ ਸ਼ੁਰੂ ਕੀਤਾ। ਪਹਿਲੇ ਆਪ ੧੯੦੨ ਵਿਚ ਕਾਬਲ ਗਏ ਤੇ ਫੇਰ ੧੯੦੫ ਵਿਚ। ਇਸੇ ਤੋਂ ਆਪ ਕਾਬਲੀ ਨਾਮ ਨਾਲ ਯਾਦ ਕੀਤੇ ਜਾਣ ਲਗੇ। ੧੯੧੧ ਤਕ ਆਪ ਜੇਹਲਮ ਕੰਮ ਕਰਦੇ ਰਹੇ। ਫੇਰ ਅੰਮ੍ਰਿਤਸਰ ਆ ਗਏ ਤੇ ੧੯੧੩ ਵਿਚ ਜਦ ਨਵੀਂ ਦਿੱਲੀ ਬਣਨੀ ਸ਼ੁਰੂ ਹੋਈ, ਸਰਕਾਰੀ ਠੇਕੇਦਾਰ ਹੋ ਏਥੇ ਆ ਗਏ ਤੇ ਕੰਮ ਕਰਦੇ ੨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਚੋਟੀ ਤਕ ਪੁੱਜੇ। ਚੀਫ ਖਾਲਸਾ ਦੀਵਾਨ ਦੇ ਆਪ ਉੱਘੇ ਮੈਂਬਰ ਰਹੇ ਹਨ ਤੇ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਆਪ ਹਰ ਤਰ੍ਹਾਂ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ ਹਨ। ਸਿੱਖ ਵਿਦਜਕ ਕੰਮ ਦੀ ਸਹਾਇਤਾ ਲਈ ਆਪਨੇ ਹਜ਼ਾਰਾਂ ਰੁਪਏ ਦਾਨ ਕੀਤੇ। ਇੰਨੇ ਉੱਚੇ ਹੁੰਦਿਆਂ ਹੋਇਆਂ ਭੀ ਆਪ ਸਾਦਾ ਤੇ ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ।



Digitized by Panjab Digital Library | www.panjabdigilib.org

ਕਾਨਫ੍ਰੰਸ ਸੁਧਾਰ ਵਾਸਤੇ ੧੯ ਨੋਟ ਕਰਕੇ ਦਿਤੇ।"

ਇਸਤੋਂ ਪਤਾ ਲਗਦਾ ਹੈ ਕਿ ਆਪ ਇੱਕ ਸ਼ਕਤੀ ਦੇ ਮਾਲਕ ਸਨ।

ਆਪ ਚੀਫ ਖਾਲਸਾ ਦੀਵਾਨ ਦੇ ਸਰਗਰਮ ਮੈਂਬਰ ਤੇ ਵਿਦਜਕ ਕਾਨਫ੍ਰੰਸ ਦੇ ਉਤਸ਼ਾਹੀ ਕਾਰਕੁਨ ਸਨ, ਪਰ ਪੰਥ ਦੀ ਬਿਹਤ੍ਰੀ ਲਈ ਆਪ ਪ੍ਰੇਮ ਭਰੀ, ਪਰ ਕਰੜੀ ਨੁਕਤਾ ਚੀਨੀ ਭੀ ਕਰਨੋ ਨਾ ਸਨ ਝਿਝਕਦੇ। 'ਰਪੋਰਟ ਤੇ ਵਿਚਾਰ' ਕਰਦੇ ਹੋਏ ਆਪ ਲਿਖਦੇ ਹਨ:-

"ਇਹ ਪਹਿਲੇ ਭੀ ਦੱਸਿਆ ਗਿਆ ਹੈ ਅਤੇ ਹਰ ਇਕ ਵਿਚਾਰ-ਵਾਨ ਚੰਗੀ ਤਰ੍ਹਾਂ ਜਾਣਦਾ ਹੈ ਕਿ ਅਖਬਾਰਾਂ ਦੀ ਸੰਭਾਲ ਬਹੁਤ ਹੀ ਘੱਟ ਹੁੰਦੀ ਹੈ। ਹੋਏ ਕਾਰਜਾਂ ਦੀ ਯਾਦ ਤੇ ਸੈਂਕੜੇ ਵਰ੍ਹਿਆਂ ਬਾਦ ਇਤਿਹਾਸ ਲਿਖਣ ਵਾਸਤੇ ਰਪੋਰਟਾਂ ਹੀ ਸਹਾਇਕ ਹੋ ਸਕਦੀਆਂ ਹਨ। ਸਿਖ ਐਜੂਕੇਸ਼ਨਲ ਕਾਨਫ੍ਰੰਸ ਦੀ ਰਪੋਰਟ ਦਿਨੋ ਦਿਨ 'ਨਾ' ਹੋਣ ਦੇ ਬਰਾਬਰ ਹੁੰਦੀ ਜਾਂਦੀ ਹੈ, ਅਰ ਮੁਕੰਮਲ ਕਰਨ ਵਲ ਪ੍ਰਬੰਧਕਾਂ ਵਲੋਂ ਕੋਈ ਧਿਆਨ ਦੇਣਾ ਪ੍ਰਤੀਤ ਨਹੀਂ ਹੁੰਦਾ। ਨਮੂਨੇ ਵਜੋਂ ਪਹਿਲੀ ਤੇ ਪੰਜਵੀਂ ਜਾਂ ਕਿਸੇ ਹੋਰ ਰਪੋਰਟ ਦਾ ਹੀ ਮਿਲਾਨ ਕਰ ਦੇਖੋ। ਪ੍ਰਧਾਨਾਂ ਦੀਆਂ ਸਪੀਚਾਂ, ਲੇਖ, ਗੁਰਮਤਿਆਂ ਦੀਆਂ ਵਜਾਖਿਆਂ ਆਦਿਕਾਂ ਦਾ ਨਾਂ ਨਸ਼ਾਨ ਹੀ ਉੱਡ ਗਿਆ ਹੈ। ਪਹਿਲੇ, ਸਿਖ ਐਜੂਕੇਸ਼ਨਲ ਕਾਨਫ੍ਰੰਸ ਤੇ ਐਜੂਕੇਸ਼ਨਲ ਕਮੇਟੀ ਦੀ ਰਪੋਰਟ ਅੱਡ ਅੱਡ ਛਪਦੀ ਸੀ, ਪਰ ਹੁਣ ਇਕ ਭੀ ਬਹੁਤ ਹੀ ਅਧੂਰੀ ਨਜ਼ਰੀਂ ਪਈ ਹੈ। ੧੯੧੨ ਦੀ ਰਪੋਰਟ ਵਿਚ ਪੰਜਾਬੀ ਭਾਸ਼ਾ ਦੀਆਂ ਵਰ੍ਹੇ ਵਿਚ ਕੇਵਲ ੪ ਪੁਸਤਕਾਂ ਹੀ ਛਪੀਆਂ ਦੱਸੀਆਂ ਹਨ, ਪਰ ਰਪੋਰਟ ਛਾਪਣ ਵਾਲੇ ਪ੍ਰੈਸ ਵਿਚੋਂ ਹੀ ਕਈ ਦਰਜਨਾਂ ਨਵੀਆਂ ਪੁਸਤਕਾਂ ਛਪੀਆਂ ਹਨ। ਅਚਰਜ ਤਾਂ ਇਹ ਹੈ ਕਿ 'ਬੇਕਨ ਵਿਚਾਰ ਮਾਲਾ' ਦੇ ਲੇਖਕ ਦੇ ਘਰ ਪਏ ਖਰੜੇ ਦਾ ਤਾਂ ਪਤਾ ਪਹੁੰਚ ਗਿਆ, ਪਰ ਕਈ ਵਾਰ ਦ੍ਰਿਸ਼ਟੀ ਗੋਚਰ ਹੋਈਆਂ, ਪੜ੍ਹੀਆਂ, ਸੁਣੀਆਂ, ਦੇਖੀਆਂ, ਸਰਕਾਰੀ ਗੈਜ਼ਟਾਂ ਵਿਚ ਦੇਖੀਆਂ, ਕਈ ਮੁਕਾਬਲਿਆਂ ਵਿਚ ਆਈਆਂ ਦਾ ਪਤਾ ਨਹੀਂ ਲੱਗਾ। ਇਸੇ ਤਰ੍ਹਾਂ ਨਾਈਟ ਸਕੂਲਾਂ ਦੀ ਰਪੋਰਟ ਦਾ ਹਾਲ ਹੈ। ਹੋਰ ਭੀ ਬਹੁਤ



Digitized by Panjab Digital Library | www.panjabdigilib.org

ਕੁਝ ਵਿਚਾਰ ਯੋਗ ਹੈ, ਜਿਸ ਦੇ ਅਖਬਾਰੀ ਰੌਲੇ ਵਿਚ ਆਵਣ ਨਾਲੋਂ ਪ੍ਰਬੰਧਕਾਂ ਦੇ ਵਿਚਾਰ ਵਿਚ ਆਵਣ ਦੀ ਹੀ ਚੰਗੀ ਲੋੜ ਹੈ। ਏਸ ਖਰਚ ਵਾਸਤੇ ਸੰਕੋਚ ਕਰਨਾ ਯੋਗ ਨਹੀਂ। ਰਪੋਟ ਸੱਚ ਮੁੱਚ ਹੀ ਰਪੋਰਟ ਤੇ ਬਿਨਾ ਕਿਸੇ ਖਿੱਚ ਤੇ ਪਖਪਾਤ ਦੇ ਹੋਣੀ ਚਾਹੀਦੀ ਹੈ।"

ਕਹਿਣ ਦੀ ਲੋੜ ਨਹੀਂ ਪਾਠਕ ਜਨ ਦੇਖ ਸਕਦੇ ਹਨ ਕਿ ਵੈਦ ਜੀ ਨੇ ਕਿਸ ਤਰ੍ਹਾਂ ਪ੍ਰੇਮ ਭਰੇ ਮਿੱਠੇ, ਪਰ ਖਲਬਲੀ ਪੈਦਾ ਕਰ ਦੇਣ ਵਾਲੇ ਸ਼ਬਦਾਂ ਵਿਚ ਪ੍ਰਬੰਧਕਾਂ ਦੇ ਕੰਨ ਖਿੱਚੇ ਹਨ। ਅਨਗਹਿਲੀ, ਖੁਦਗਰਜ਼ੀ ਤੇ ਪੱਖ ਪਾਤ ਦੀ ਕਲੀ ਖੋਲ੍ਹ ਕੇ ਰੱਖ ਦਿੱਤੀ ਹੈ। ਇਸੇ ਲੇਖ ਵਿਚੋ ਅੱਗੇ 'ਹੋਰ ਫੁਟਕਲ ਵਿਚਾਰਾਂ' ਦੀ ਸੁਰਖੀ ਹੇਠ ਇਸ ਤਰ੍ਹਾਂ ਲਿਖਦੇ ਹਨ:–

"(੧) ਸਮਾਗਮ ਵਿਚ ਪੁਲਿਸ ਦਾ ਪੁਲਿਸ ਦੀ ਸ਼ਕਲ ਵਿਚ ਪ੍ਰਬੰਧ ਨਹੀਂ ਸੋਭਦਾ। ਕਦੇ ਕਿਸੇ ਦੇ ਧਾਰਮਕ ਜਾਂ ਵਿਦਜਕ ਸਮਾਗਮਾਂ ਤੇ ਹੋਰਥੇ ਨਹੀਂ ਦੇਖਿਆ ਜਾਂਦਾ।

(੨) ਵਡ ਵਡੇਰਿਆਂ ਨੂੰ ਕੁਝ ਨਾ ਕੁਝ ਸੰਗਤਾਂ ਵਿਚ ਜ਼ਰੂਰ ਰਚਣਾ ਮਿਚਣਾ ਚਾਹੀਦਾ ਹੈ। ਇਸਤਰ੍ਹਾਂ ਸਨਮਾਨ ਤੇ ਪਿਆਰ ਵਧਦਾ ਹੈ।

(੩) ਵਾਲੰਟੀਅਰਾਂ ਵਾਸਤੇ ਸਭ ਸਮਝੌਤੀਆਂ ਤੇ ਪ੍ਰੇਮ ਸਿਖਜਾਵਾਂ ਪਹਿਲੇ ਹੀ ਪ੍ਰਬੰਧਕਾਂ ਵਲੋਂ ਹੋ ਜਾਣੀਆਂ ਜ਼ਰੂਰੀ ਹਨ।

(੪) ਪੁੱਛ ਗਿੱਛ ਦੇ ਦਫਤ੍ਰ ਸੰਬੰਧੀ ਪਤੇ (ਜੇਹੇ ਕਿ ਟਿਕਟ ਗੁਆਚੀ, ਟਿਕਟ ਲੱਭੀ ਆਦਿਕ) ਸਮਾਗਮ ਦੀ ਥਾਂ ਪੁੱਛ ਗਿੱਛ ਦੇ ਦਫਤ੍ਰੋਂ ਹੋਣੇ ਚੰਗੇ ਹਨ।

(੫) ਕਾਨਫ੍ਰੰਸ ਦੇ ਮੰਡਪ ਵਿਚ ਕਾਨਫ੍ਰੰਸ ਦੇ ਬਿਨਾਂ ਹੋਰ ਕੋਈ ਖੱਪ ਨਹੀਂ ਹੋਣੀ ਚਾਹੀਦੀ। ਇਸ ਤਰ੍ਹਾਂ ਕੁਰਸੀਆਂ ਵਗੈਰਾ ਵਿਗੜ ਕੇ ਪ੍ਰਬੰਧਕਾਂ ਨੂੰ ਭੀ ਕਲੇਸ਼ ਹੁੰਦਾ ਹੈ।

(੬) ਗੋਲਕਾਂ ਦੀ ਦਸ਼ਾ, ਤੀਰਥਾਂ ਦੇ ਪਾਂਡਿਆਂ ਜਾਂ ਲੋਹੜੀ ਦੀਆਂ ਹਿੰਦੂ ਕੁੜੀਆਂ ਦੀ ਤਰ੍ਹਾਂ ਹੋ ਰਹੀ ਹੈ। ਏਸ ਪਾਸੇ ਡੂੰਘੀ ਵਿਚਾਰ ਦੀ ਲੋੜ ਹੈ।



Digitized by Panjab Digital Library | www.panjabdigilib.org

(੭) ਮਾਯਾ ਨਾਲੋਂ ਮਨੁੱਖਾਂ ਨਾਲ ਵਧੇਰਾ ਪਿਆਰ ਕਰਨ ਦੀ ਲੋੜ ਹੈ ਤੇ ਹੋਣੀ ਚਾਹੀਦੀ ਹੈ ।

(੮) ਗੁਰਮਤਿਆਂ ਤੇ ਯੋਗ ਵਿਚਾਰਾਂ ਦਾ ਸਮਾ ਇੱਛਾ ਵਾਨਾਂ ਨੂੰ ਯੋਗਜਤਾ ਅਨੁਸਾਰ ਜ਼ਰੂਰ ਦੇਣਾ ਚਾਹੀਦਾ ਹੈ । ਆਦਿਕ * ।"

ਇਸ ਲੇਖ ਤੋਂ ਪਾਠਕ ਵੈਦ ਜੀ ਦੇ ਸੱਚੇ ਪਿਆਰ, ਲੇਖਣ ਸ਼ਕਤੀ, ਨਿਧੜਕ ਨੁਕਤਾ ਚੀਨੀ, ਕੌਮ ਸੇਵਾ ਤੇ ਪੰਥ ਪ੍ਰੇਮ ਦਾ ਫੋਟੋ ਸਾਧਾਰਨ ਹੀ ਸਾਫ ਸਾਫ ਦੇਖ ਸਕਦੇ ਹਨ ।

ਇਸੇ ਸਾਲ ਨਗਰ ਸਭਾ ਤਰਨ ਤਾਰਨ ਦੀ ਅਲੈਕਸ਼ਨ ਅਕਤੂਬਰ ਦੇ ਸ਼ੁਰੂ ਵਿਚ ਹੋਈ । ਤੇ ਆਪ ਸਫਲਤਾ ਪੂਰਬਕ ਮੈਂਬਰ ਚੁਣੇ ਗਏ ।

ਕੰਨਿਆਂ ਮਹਾਂ ਵਿਦਿਆਲਾ ਫੀਰੋਜ਼ ਪੁਰ,ਅਨਾਥਾਲਜਾ ਅੰਮ੍ਰਿਤਸਰ ਭੁਜੰਗਣ ਆਸ਼੍ਰਮ ਕੈਰੋਂ ਆਦਿਕ ਸਿਖ ਆਸ਼੍ਰਮਾਂ ਨਾਲ ਭੀ ਆਪਦਾ ਅਟੁੱਟ ਪ੍ਰੇਮ,ਅਸੀਂ ਪਿੱਛੇ ਦੱਸ ਆਏ ਹਾਂ ਕਿ ਸਮੇਂ ਸਮੇਂ ਸਿਰ ਆਪ ਸਦਾ ਹੀ ਇਨ੍ਹਾਂ ਦੀ ਮਦਦ ਲਈ ਪੁਕਰਦੇ ਰਹਿੰਦੇ ਸਨ । ੧ ਦਸੰਬਰ ਨੂੰ ਆਪ ਕੈਰੋਂ ਆਸ਼੍ਰਮ ਵਿੱਚ ਗਏ ਤੇ ਮੈਨੇਜਰ ਸਾਹਿਬ ਦੇ ਬੇਨਤੀ ਕਰਨ ਤੇ ਅੱਗੋਂ ਲਈ ਹਰ ਪੰਦਰੀਂ ਦਿਨੀ ਮੁਲਾਹਜ਼ਾ ਕਰਨ ਤੇ ਦਵਾਈ ਦਾਰੂ ਦੇਣ ਦਾ ਇਕਰਾਰ ਕੀਤਾ । ਪਰ ਫੇਰ ਜਦ ਆਪ ਇਕਰਾਰ ਮੂਜਬ ੧੫ ਦਸੰਬਰ ਨੂੰ ਗਏ ਤਾਂ ਕੋਈ ਖਾਸ ਸੇਵਾ ਨਾ ਦੇਖਕੇ ਮਹੀਨੇ ਮਹੀਨੇ ਪਿੱਛੋਂ ਆਉਣ ਦੀ ਪੱਕੀ ਕੀਤੀ ।

ਇਸੇ ਤਰ੍ਹਾਂ ਸ੍ਰ: ਰਾਮ ਕਿਸ਼ਨ ਸਿੰਘ ਜੀ ਹਿਸਟੋਰੀਅਨ ਆਪ ਜੀ ਨੂੰ ਮਿਲਨ ਲਈ ਤਰਨ ਤਾਰਨ ਆਏ । ਪੰਥਕ ਤੇ ਕੌਮੀ ਦਸ਼ਾ ਤੇ ਢੇਰ ਚਿਰ ਵਿਚਾਰਾਂ ਹੁੰਦੀਆਂ ਰਹੀਆਂ । ਦੋਵੇਂ ਪ੍ਰੇਮੀ ਬੜੇ ਖੁਸ਼ ਪ੍ਰਸੰਨਤਾ ਨਾਲ ਮਿਲੇ । ਤੁਰਨ ਲੱਗਿਆਂ ਆਪ ਨੂੰ ਵੈਦ ਜੀ ਨੇ ਸ੍ਰੇਸ਼ਟ ਕੁਲਾਂ ਦੀ ਚਾਲ, ਇੱਕ ਸਿੱਖ ਘਰਾਣਾ, ਜਵਾਨ ਪ੍ਰਸੂਤਾ ਮਾਤਾ ਪ੍ਰਬੋਧ ਆਦਿ ਪੁਸਤਕਾਂ ਪ੍ਰੇਮ ਸਹਿਤ ਭੇਟਾ ਕੀਤੀਆਂ ।

---

* ਦੁਖ ਨਿਵਾਰਨ ਅਪ੍ਰੈਲ ੧੯੧੩



Digitized by Panjab Digital Library | www.panjabdigilib.org

ਇਸੇ ਸਾਲ ੨੯ ਅਪ੍ਰੈਲ ਨੂੰ ਆਪ ਦੇ ਘਰ ਹੋਰ ਭੁਜੰਗੀ ਪੈਦਾ ਹੋਇਆ ਜਿਸ ਦਾ ਨਾਮ ਗੁਰ ਆਸ਼ੇ ਅਨੁਸਾਰ ਸ੍ਰ: ਜਗਜੀਤ ਸਿੰਘ ਰੱਖਿਆ ਗਿਆ।

ਇਸ ਸਾਲ ਵਿੱਚ ਆਪ ਨੇ (੧) ਭੁਚਾਲ, ਜੰਗਲ ਤੇ ਕੋਇਲਾ। (੨) ਗਊ ਪਦਾਰਥ ਗੁਣ ਸੰਗ੍ਰਹ। (੩) ਜਵਾਨ ਪ੍ਰਸੂਤਾਮਾਤਾ ਪ੍ਰਬੋਧ,(੪) ਇੱਕ ਸਿੱਖ ਘਰਾਣਾ। (੫) ਬੇਕਨ ਵਿਚਾਰ ਰਤਨਾਵਲੀ ਆਦਿ ਪੁਸਤਕ ਲਿਖੇ ਤੇ ਪ੍ਰਕਾਸ਼ਤ ਕਰਾਏ।

ਬੇਕਨ ਵਿਚਾਰ ਰਤਨਾਵਲੀ ਲਈ ਆਪ ਨੂੰ ਸਰਕਾਰ ਪੰਜਾਬ ਵੱਲੋਂ ੨੦੦) ਰੁਪਿਆ ਇਨਾਮ ਮਿਲਿਆ।

---



Digitized by Panjab Digital Library | www.panjabdigilib.org

# ੧੯੧੪

## ਖ਼ੂਨੀ ਸਾਲ

"He was a unique personality in the Panth and no body had done greater service for the Khalsa than him. He did it quietly and without making any show of it, a real selfless soul."
(S. Sampuran Singh ji M.L.A.)

੧੯੧੪ ਦਾ ਖ਼ੂਨੀ ਸਾਲ ਸੰਸਾਰ ਦੇ ਇਤਿਹਾਸ ਵਿਚ ਇਕ ਨਾ ਮਿਟਣ ਵਾਲੀ ਗਹਿਰੀ ਲਾਲ ਲੀਕ ਹੈ । ਇਸੇ ਸਾਲ ਸੰਸਾਰ ਪ੍ਰਸਿੱਧ ਯੂਰਪ ਦਾ ਵੱਡਾ ਜੰਗ ਹੋਇਆ, ਜਿਸ ਵਿਚ ਤਮਾਮ ਯੂਰਪ ਹੀ ਨਹੀਂ,ਸਗੋਂ ਸਾਰਾ ਸੰਸਾਰ ਉਲਝ ਗਿਆ । ਇਸੇ ਸਾਲ ਸਿੱਖਾਂ ਦੇ ਪੂਜਨੀਯ ਅਸਥਾਨ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਸਰਕਾਰ ਵਲੋਂ ਢਾਹੀ ਗਈ। ਜਿਸ ਤੋਂ ਸਿਖ ਪੰਥ ਅੰਦਰ ਦੁੱਖ ਤੇ ਗੁੱਸੇ ਦੀ ਲਹਿਰ ਦੌੜ ਗਈ । ਇਸੇ ਸਾਲ ਹਿੰਦੀਆਂ ਦੇ ਪ੍ਰਸਿੱਧ ਜਹਾਜ਼ 'ਕਾਮਾ ਗਾਟਾ ਮਾਰੂ' ਦੇ ਯਾਤ੍ਰੀਆਂ ਦੇ ਖ਼ੂਨ ਨਾਲ ਬਜ ਬਜ ਘਾਟ ਲਾਲੋ ਲਾਲ ਹੋਇਆ। ਇਸੇ ਸਾਲ ਸਿੱਖਾਂ ਉਪਰ ਫ਼ੱਰੁਖ਼ਸੀਅਰੀ ਸਮੇਂ ਵਾਂਗ ਫੜਨ ਵਾਸਤੇ ਇਨਾਮ ਰੱਖੇ ਗਏ । ਇਸੇ ਸਾਲ ਪੰਜਾਬ ਵਿਚ ਦੇਸ਼ ਸੇਵਾ ਦੀ ਅੱਗ ਫੇਰ ਚਮਕੀ ।

ਇਸੇ ਸਾਲ 'ਭਾਰਤ ਹਿੰਦੂ ਵੈਦ ਵ ਹਕੀਮ ਸਭਾ' ਦਾ ਪਹਿਲਾ ਸਮਾਗਮ ੨੪,੨੫ਜਨਵਰੀ ਨੂੰ ਸ੍ਰੀ ਅੰਮ੍ਰਿਤਸਰ ਪੰਜਾਬ ਵਿਚ ਬੜੀ ਰੌਣਕ



Digitized by Panjab Digital Library | www.panjabdigilib.org

ਨਾਲ ਹੋਇਆ। ਇਸ ਸਭਾ ਵਿਚ ਵੈਦਜ ਜੀ ਨੇ ਚੋਖਾ ਹਿੱਸਾ ਲਿਆ। ਪਹਿਲੇ ਦਿਨ ਸ਼ਲਜ ਤੰਤ੍ਰ (Surgery) ਚੀਰ ਫਾੜ ਕਰਨ ਦੇ ਇਲਾਜ ਵਲ ਧਿਆਨ ਦੁਆਉਂਦੇ ਹੋਇਆਂ ਵਿਆਖਿਆ ਕੀਤੀ। ਸ਼ਾਮ ਨੂੰ ਦੋ ਘੰਟੇ ਸਬਜੈਕਟ ਕਮੇਟੀ ਵਿਚ ਕੰਮ ਕਰ ਕੇ ਫੇਰ ਰਾਤ ਨੂੰ ੯॥ ਤੋਂ ੧੦॥ ਤਕ ਘੰਟਾ ਪ੍ਰਭਾਵ ਸ਼ਾਲੀ ਲੈਕਚਰ ਦਿਤਾ, ਅਤੇ ੨੫ ਪੁਸਤਕਾਂ ਉਰਦੂ 'ਮਹਾਂਮਾਰੀ ਦਮਨ' ਸਭਾ ਦੀ ਭੇਟ ਕੀਤੀਆਂ।

ਇਸੇ ਸਾਲ ੧, ੨ ਤੇ ੩ ਮਾਰਚ ਨੂੰ 'ਆਲ ਇੰਡੀਆ ਵੈਦਕ ਐਂਡ ਯੂਨਾਨੀ' ਤਿੱਬੀ ਕਾਨਫ੍ਰੰਸ ਦਿੱਲੀ ਦਾ ਚੌਥਾ ਸਾਲਾਨਾ ਜਲਸਾ ਭੀ ਸ੍ਰੀ ਅੰਮ੍ਰਿਤਸਰ ਵਿਚ ਬੜੀ ਧੂਮ ਧਾਮ ਨਾਲ ਹੋਇਆ। ਇਸ ਵਿਚ ਦੇਸੀ ਵੈਦਾਂ ਹਕੀਮਾਂ ਦੇ ਮੇਲ ਮਿਲਾਪ, ਸ੍ਵਦੇਸ਼ੀ ਚਕਿਤਸਾ ਦੇ ਪ੍ਰਚਾਰ ਤੇ ਉੱਨਤੀ ਕਰਨ ਦੀ ਪ੍ਰੇਰਨਾ ਕੀਤੀ ਗਈ। ਆਪ ਨੇ ਭੀ ਇਸੇ ਵਿਸ਼ੇ ਤੇ ਇਕ ਲੈਕਚਰ* ਦਿੱਤਾ ਤੇ ਇਕ ਤਜਵੀਜ਼ ਪੇਸ਼ ਕੀਤੀ। ਹਾਜ਼ਕੁਲ ਮੁਲਕ ਹਕੀਮ ਅਜਮਲ ਖਾਂ ਦਿਲੀ ਵਾਲਿਆਂ ਨੇ ਇਹ ਲੈਕਚਰ ਸੁਣ ਕੇ ਬਹੁਤ ਪ੍ਰਸੰਨਤਾ ਪ੍ਰਗਟ ਕੀਤੀ। ਇਸ ਕਾਨਫ੍ਰੰਸ ਦਾ ਇਕ ਡੈਪੂਟੇਸ਼ਨ ੧੫ ਫਰਵਰੀ ਨੂੰ ਵੈਦ ਜੀ ਪਾਸ ਤਰਨ ਤਾਰਨ ਪੁੱਜਾ। ਵੈਦ ਜੀ ਨੇ ੧੫) ਆਪਣੇ ਪਾਸੋਂ ਤੇ ਹੋਰ ਸਾਥੀ ਵੈਦਾਂ ਹਕੀਮਾਂ ਤਰਨ ਤਾਰਨੀਆਂ ਪਾਸੋਂ ਦਿਲਾਏ।

੧੨ ਫਰਵਰੀ ਨੂੰ ਡੀ. ਸੀ. ਨਾਲ ਮੁਲਾਕਾਤ ਕੀਤੀ ਹੋਰ ਭੀ ਕਮੇਟੀ ਦੇ ਮੈਂਬਰ ਨਾਲ ਸਨ। ਤਰਨ ਤਾਰਨ ਸ਼ਹਿਰ ਬਾਬਤ ਤੇ ਸ੍ਰੀ ਦਰਬਾਰ ਸਾਹਿਬ ਦੀ ਬਿਹਤਰੀ ਬਾਬਤ ਬਹੁਤ ਵਿਚਾਰਾਂ ਹੋਈਆਂ। ਅੰਤ ਵਿਚ ਡੀ. ਸੀ. ਨੇ ਦਰਬਾਰ ਸਾਹਿਬ ਵਿਚ ਰੌਸ਼ਨੀ ਕਰਨ ਦੇ ਪ੍ਰਬੰਧ ਲਈ ਕੁਛ ਧੀਰਜ ਬਨ੍ਹਾਈ।

ਫੇਰ ੨੦ ਅਕਤੂਬਰ ੧੯੧੪ ਨੂੰ ਡੀ. ਸੀ. ਦੌਰੇ ਉੱਪਰ ਆਇਆ ਵੈਦ ਜੀ ਭਲਾ ਕਦ ਵੇਲਾ ਖੁੰਝਾਉਂਦੇ ਸਨ ? ਝੱਟ ਜਾ ਮੁਲਾਕਾਤ

---

* ਇਹ ਲੈਕਚਰ ਉਕਤ ਕਾਨਫ੍ਰੰਸ ਦੇ ਪ੍ਰਧਾਨ ਤੇ ਹੋਰ ਬਹੁਤ ਸਾਰੇ ਵੈਦ ਹਕੀਮ ਸਜਣਾਂ ਨੇ ਬਹੁਤ ਛੇਤੀ ਪ੍ਰਕਾਸ਼ਤ ਕਰਨ ਦੀ ਪ੍ਰੇਰਨਾ ਕੀਤੀ। ਜਿਸ ਦੇ ਕਾਰਨ ਇਹ ਅੱਡ 'ਗੌਰਵਤਾ ਆਯੁਰ ਵੈਦ' ਦੇ ਨਾਮ ਹੇਠ ਪ੍ਰਕਾਸ਼ਤ ਹੋਇਆ।



Digitized by Panjab Digital Library | www.panjabdigilib.org

ਕੀਤੀ। ਕਮੇਟੀ ਦੀ ਚੁੰਗੀ ਹਟਾਉਣ, ਤੇ ਯਾਤ੍ਰਾ ਟੈਕਸ ਬਾਰੇ ਗੱਲ ਬਾਤ ਕੀਤੀ। ਮੱਸਿਆ ਚੌਦੇ ਨੂੰ ਤਰਨ ਤਾਰਨ ਤੇ ਸ਼ਰਾਬ ਦੇ ਠੇਕੇ ਬੰਦ ਕਰਨ ਅਤੇ ਦੀਵਾਲੀ ਵੈਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿੱਚ ਅੱਠ ਅੱਠ ਦਿਨਾਂ ਲਈ ਠੇਕੇ ਬੰਦ ਕਰਨ ਲਈ ਬੜੀਆਂ ਦਲੀਲਾਂ ਦੇਕੇ ਜ਼ੋਰਦਾਰ ਪ੍ਰੇਰਨਾ ਕੀਤੀ।

੬ ਅਕਤੂਬਰ ਨੂੰ ਮਿਸਟਰ 'ਕਰਾਸ' ਇੰਨਸਪੈਕਟਰ ਆਫ ਸਕੂਲਜ਼ ਲਾਹੌਰ ਸਰਕਲ ਜਦ ਦੌਰੇ ਤੇ ਅਇਆ, ਤਦ ਵੈਦ ਜੀ ਉਸਨੂੰ ਜਾ ਮਿਲੇ। ਖੂਬ ਗੱਲਾਂ ਬਾਤਾਂ ਤੇ ਵਿੱਦਿਆ ਦੀਆਂ ਵਿਚਾਰਾਂ ਕੀਤੀਆਂ। ਅੰਤ ਨੂੰ ਪੰਜਾਬੀ ਦੀ ਮਦਦ ਕਰਨ ਦੀ ਅਰਜ਼ ਕੀਤੀ।

ਇਸੇ ਹੀ ਤਰ੍ਹਾਂ ੪ ਨਵੰਬਰ ੧੯੧੪ ਨੂੰ ਜਦ ਪੰਜਾਬ ਲਾਟ,ਸ੍ਰੀ ਤਰਨ ਤਾਰਨ ਦਰਬਾਰ ਸਾਹਿਬ ਦੀ ਯਾਤ੍ਰਾ ਵਾਸਤੇ ਆਏ ਤਾਂ ਵੈਦ ਜੀ ਨੇ ਝੱਟ ਉਸ ਨਾਲ ਭੀ ਮੁਲਾਕਾਤ ਕੀਤੀ। ਸਮੇਂ ਅਨੁਸਾਰ ਸ਼ਹਿਰ ਦੇ ਭਲੇ ਲਈ ਗੱਲਾਂ ਬਾਤਾਂ ਕਰਕੇ ਆਪ ਨੇ ਆਪਣੇ ਸੁਭਾਵ ਅਨੁਸਾਰ ਸਿੱਖੀ ਪ੍ਰਚਾਰ ਦੇ ਖਿਆਲ ਤੇ ਸਨਮਾਨ ਦੇ ਆਸ਼ੇ ਨਾਲ ਲਾਟ ਸਾਹਿਬ ਨੂੰ ੧ ਅਕਸੀ ਸ੍ਰੀ ਗੁਰੂ ਗ੍ਰੰਥ ਸਾਹਿਬ, ੧ ਅੰਗ੍ਰੇਜ਼ੀ ਜੀਵਣ ਚਰਿੱਤ੍ਰ ਪਹਿਲੀ ਪਾਤਸ਼ਾਹੀ ਤੇ ੧ ਪਲੈਟੋ ਐਂਡ ਗੁਰੂ ਸਾਹਿਬ ਰੇਸ਼ਮੀ ਰੁਮਾਲ ਵਿੱਚ ਲਪੇਟਕੇ ਮਾਨ ਵਜੋਂ ਭੇਟਾ ਕੀਤੇ। ਜਿਸ ਨੂੰ ਲਾਟ ਸਾਹਿਬ ਨੇ ਬੜੇ ਮਾਨ ਤੇ ਧੰਨਵਾਦ ਸਹਿਤ ਪ੍ਰਵਾਨ ਕੀਤਾ।

ਇਨ੍ਹਾਂ ਸਾਰਿਆਂ ਵਾਕਿਆਤਾਂ ਤੋਂ ਆਪਦੀ ਸਿੱਖੀ ਸਪਿਰਟ, ਸ਼ਹਿਰ ਦੀ ਭਲਾਈ ਦੀ ਚਾਹ,ਆਪਣੀ ਡੀਊਟੀ ਨਿਭਾਉਣ ਤੇ ਉਤਸ਼ਾਹ ਦਾ ਸੁਹਣਾ ਨਮੂਨਾ ਮਿਲਦਾ ਹੈ।

ਇਸ ਸਾਲ ਸਿੱਖ ਐਜੂਕੇਸ਼ਨਲ ਕਮੇਟੀ ਦੀ ਸਾਲਾਨਾ ਕਾਨਫ੍ਰੰਸ ਜਾਲੰਧਰ ਸ਼ਹਿਰ ਵਿੱਚ ੧੦,੧੧ ਤੇ ੧੨ ਅਪ੍ਰੈਲ ਨੂੰ ਹੋਈ। ਸਭ ਤੋਂ ਜ਼ਰੂਰੀ ਤੇ ਇਤਿਹਾਸ ਵਿੱਚ ਯਾਦ ਰਹਿਣ ਵਾਲੀ ਗੱਲ ਜੋ ਇਸ ਕਾਨਫ੍ਰੰਸ ਵਿੱਚ ਹੋਈ ਉਹ ਇਹ ਸੀ, ਕਿ ਇਸ ਜਗ੍ਹਾ ਹੀ ਸ੍ਰ: ਹਰਚੰਦ ਸਿੰਘ ਜੀ ਰਈਸ ਤੇ ਦੇਸ਼ ਭਗਤ ਦੀ ਅਗਵਾਈ ਹੇਠ ਲਾਇਲਪੁਰ ਦੇ ਖਾਲਸਾ ਜੀ ਨੇ ਗੁਰਦੁਆਰਾ



Digitized by Panjab Digital Library | www.panjabdigilib.org

ਰਕਾਬਗੰਜ* ਦਿਲੀ ਦੀ ਕੰਧ ਢਾਉਣ ਬਾਰੇ ਸਰਕਾਰ ਨੂੰ ਜ਼ੋਰਦਾਰ ਪੁੱਛ ਕਰਨ ਤੇ ਸਿੱਖ ਕੌਮ ਵੱਲੋਂ ਜ਼ੋਰਦਾਰ ਐਜੀਟੇਸ਼ਨ ਕਰਨ ਦਾ ਮਤਾ ਪੇਸ਼ ਕਰਨਾ ਚਾਹਿਆ, ਜੋ ਨਾ ਸੁਣਿਆ ਗਿਆ। ਤੇ ਸਰਦਾਰ ਸਾਹਿਬ ਜੀ ਨੂੰ ਆਪਣੇ ਸਾਥੀਆਂ ਸਣੇ ਮੰਡਪ ਵਿੱਚੋਂ ਬਾਹਰ ਚਲੇ ਜਾਣ ਲਈ ਮਜਬੂਰ ਹੋਣਾ ਪਿਆ।

ਇਸ ਕਾਨਫ੍ਰੰਸ ਵਿਚ ਭੀ ਜਦ ਨੈਸ਼ਨਲ ਫੰਡ ਲਈ ਅਪੀਲ ਹੋਈ ਤਾਂ ਵੈਦ ਜੀ ਦੀ ਸਪੁਤ੍ਰੀ ਬੀਬੀ ਚਤਰ ਕੌਰ ਨੇ ਪਿਛਲੇ ਸਾਲ ਵਾਂਗੂ ਹੀ ਆਪਣੀ ਸੰਦੂਕੜੀ ਭੇਟ ਕੀਤੀ ਜਿਸ ਵਿਚੋਂ ੫੦੦) ਰੁਪਏ ਨਿਕਲੇ ਤੇ ੫੦੦) ਉਸ ਦੇ ਧਰਮ ਪਿਤਾ ਸ: ਰਾਮ ਸਿੰਘ ਜੀ ਕਾਬਲੀ ਹੁਰਾਂ ਨੇ ਪਾ ਕੇ ਬੀਬੀ ਦਾ ਹੌਸਲਾ ਵਧਾਇਆ। ਉਸ ਵੇਲੇ ਇਸ ਬੀਬੀ ਨੇ ਇਕ ਬੜੀ ਸੁਹਣੀ ਕਵਿਤਾ ਡਾਢੀ ਸੁਰੀਲੀ ਸੁਰ ਵਿੱਚ ਪੜ੍ਹੀ ਜਿਸ ਨੂੰ ਸੁਣ ਕੇ ਸੰਗਤਾਂ ਵਿਚ ਖੁਸ਼ੀ ਤੇ ਅਨੰਦ ਦੀ ਲਹਿਰ ਦੌੜ ਗਈ।

ਕਾਨਫ੍ਰੰਸ ਤੋਂ ਹੁੰਦਿਆਂ ਹੀ ੧੪ ਅਪ੍ਰੈਲ ਨੂੰ ਭਾਈ ਤਖਤ ਸਿੰਘ ਜੀ ਫੀਰੋਜ਼ ਪੁਰੀ ਵਿੱਦਿਆਲੇ ਦੀਆਂ ਬੀਬੀਆਂ ਸਮੇਤ ਆਏ। ਵੈਦ ਜੀ ਨੇ ਯਥਾ ਜੋਗ ਪ੍ਰਸੰਨ ਚਿਤ ਸੇਵਾ ਕੀਤੀ। ਭਾਈ ਤਖਤ ਸਿੰਘ ਜੀ ਨੂੰ ਭੀ ਭਾਈ ਦਿੱਤ ਸਿੰਘ ਲਾਇਬ੍ਰੇਰੀ ਵਾਸਤੇ—ਜੋ ਉਨ੍ਹਾਂ ਫੀਰੋਜ਼ ਪੁਰ ਗੁਰਪੁਰ ਵਾਸੀ ਗਿਆਨੀ ਦਿੱਤ ਸਿੰਘ ਜੀ ਦੇ ਨਾਮ ਉੱਤੇ ਖੋਲ੍ਹੀ ਹੋਈ ਹੈ—ਪੁਰਾਤਨ ਅਖਬਾਰਾਂ ਆਦਿ ਦੀ ਚਾਹ ਸੀ, ਸੋ ਆਪ ਦੀ ਇੱਛਾ ਅਨੁਸਾਰ ਵੈਦਜ ਜੀ ਨੇ ਬਹੁਤ ਸਾਰੇ ਪੁਰਾਣੇ ਅਖਬਾਰ ਭੇਟ ਕੀਤੇ। ਇਸ ਤੋਂ ਪਹਿਲਾਂ ੫ ਮਾਰਚ ਨੂੰ ਭੀ ਭਾਈ ਤਖਤ ਸਿੰਘ ਜੀ ਨੇ ਵੈਦਜ ਜੀ ਨੂੰ ਫੀਰੋਜ਼ ਪੁਰੋਂ ਮਾਸਟਰ ਬੀਰ ਸਿੰਘ ਜੀ ਦੀ ਬੀਮਾਰ ਲੜਕੀ ਨੂੰ ਦੇਖਣ ਵਾਸਤੇ ਆਉਣ ਲਈ ਤਾਰ ਦਿਤੀ ਸੀ, ਤੇ ਵੈਦਜ ਜੀ ਤੁਰਤ ਪੁੱਜੇ ਸਨ। ਇਸ ਤਰ੍ਹਾਂ ਇਨ੍ਹਾਂ

---

*ਇਸ ਬਾਰੇ ਸਾਰੇ ਹਾਲ ਦੇਖਣ ਲਈ ਦੇਖੋ ਗੁਰਦੁਆਰਾ ਰਕਾਬ ਗੰਜ ਸੰਬੰਧੀ ਚੀਫ ਖਾ: ਦੀਵਾਨ ਸ੍ਰੀ ਅੰਮ੍ਰਿਤਸਰ ਦੀ ੧੯੧੪ ਵਿਚ ਛਪੀ ਹੋਈ ਮੁਕੰਮਲ ਰਪੋਟ।



Digitized by Panjab Digital Library | www.panjabdigilib.org

ਦੋਹਾਂ ਗੁਰਮੁਖਾਂ ਦਾ ਬੜਾ ਹੀ ਮੇਲ ਸੀ।

ਭਾਈ ਤਖਤ ਸਿੰਘ ਹੁਰੀਂ ਇੱਕ ਦੋ ਵਾਰ ਵੈਦ ਜੀ ਨੂੰ ਬੇਨਤੀ ਕੀਤੀ ਸੀ, ਕਿ ਉਨ੍ਹਾਂ ਨੂੰ ਫੀਰੋਜ਼ ਪੁਰ ਰੇਲ ਦੇ ਸਟੇਸ਼ਨ ਉੱਪਰ ਜਾਣ ਦੀ ਬੜੀ ਤਕਲੀਫ ਹੁੰਦੀ ਹੈ,ਕਿਉਂਕਿ ਜੇ ਕਿਸੇ ਸੇਵਾਦਾਰ ਨੂੰ ਰੋਜ਼ ਪਲੇਟ ਫਾਰਮ ਟਿਕਟ ਲੈ ਕੇ ਅੰਦਰ ਭੇਜਣ ਤਾਂ ਹਰ ਗੱਡੀ ਉਪਰ ਜਾਣ ਲਈ ਚਾਰ ਛੇ ਆਨੇ ਰੋਜ਼ ਦੇ ਖਰਚ ਹੋ ਜਾਣੇ ਮਾਮੂਲੀ ਹਨ, ਤੇ ਬਿਨਾਂ ਟਿਕਟੋਂ ਪਲੇਟ ਫਾਰਮ ਤੇ ਜਾਣ ਨਹੀਂ ਦਿੰਦੇ। ਆਏ ਗਏ ਸਜਣਾਂ ਦੀ ਖਬਰਦਾਰੀ ਲਈ ਸਟੇਸ਼ਨ ਤੇ ਸੇਵਾਦਾਰ ਦਾ ਜਾਣਾ ਬੜਾ ਜ਼ਰੂਰੀ ਹੈ, ਇਸ ਲਈ ਕੋਈ ਪ੍ਰਬੰਧ ਕਰ ਦੇਵੋ । ਵੈਦਜ ਜੀ ਨੇ ਪਿਆਰ ਰਸੂਖ ਤੇ ਲਿਖਾ ਪੜ੍ਹੀ ਕਰਕੇ ਰੇਲ ਦੇ ਵੱਡੇ ਅਫਸਰਾਂ ਨੂੰ ਪ੍ਰੇਰਿਆ ਅਤੇ ੨ ਜੁਲਾਈ ਨੂੰ ਇਕ ਪੱਕਾ ਟਿਕਟ ਇਕ ਆਦਮੀ ਲਈ ਸਦਾ ਲਈ ਅੰਦਰ ਜਾਣ ਵਾਸਤੇ ਆਸ਼੍ਰਮ ਵਾਸਤੇ ਲੈ ਕੇ ਭੇਜ ਦਿੱਤਾ । ਜਿਸ ਦਾ ਭਾਈ ਤਖਤ ਸਿੰਘ ਜੀ ਨੇ ਬੜਾ ਹੀ ਧੰਨਵਾਦ ਕੀਤਾ।

ਧਾਰਮਕ ਵਿਚਾਰ ਤੇ ਭਾਈਚਾਰਕ ਸੁਧਾਰ ਵਿੱਚ ਆਪ ਬੜੇ ਨਿਡਰ ਤੇ ਕਰੜੇ ਨੁਕਤਾਚੀਨ ਸਨ ।ਪ੍ਰਸਿੱਧ ਬਾਬਾ ਗੁਰਬਖਸ਼ ਸਿੰਘ ਜੀ ਬੇਦੀ ਨੇ ਆਪਣੇ ਸਪੁੱਤ੍ਰ ਦੇ ਵਿਵਾਹ ਉੱਤੇ ਬਹੁਤ ਸਾਰਾ ਰੁਪਿਆ ਖਰਚ ਕੀਤਾ, ਤੇ ਅਯੋਗ ਤਰ੍ਹਾਂ ਸਿੱਖੀ ਰਹਿਤ ਤੋਂ ਵਿਰੁੱਧ ਲੁਟਾਇਆ । ਆਪ ਕਈ ਵਾਰ ਗੁਰੂ ਬਣਨ ਦੇ ਭੀ ਢੋਂਗ ਰਚਦੇ ਰਹਿੰਦੇ ਸਨ। ਇਸ ਉੱਪਰ ਵੈਦ ਜੀ ਨੇ ਜੁਲਾਈ ੧੯੧੪ ਦੇ 'ਦੁਖ ਨਿਵਾਰਨ' ਦੇ ਪਰਚੇ ਵਿੱਚ ਫੇਰ ਇੱਕ ਨਿੱਕਾ ਜੇਹਾ,ਪਰ ਡਾਢਾ ਕੜਾਕੇ ਦਾਰ ਨੋਟ ਇਸਤਰ੍ਹਾਂ ਦਿੱਤਾ:—

"ਗੁਰੂ ਡਮ ਦੇ ਪਿਆਰੇ, ਹਿੰਦੂਆਂ ਤੇ ਸਤਿਗੁਰਾਂ ਦੇ ਨਿੰਦਕ ਟੋਲੇ......ਦੇ ਪੁਚਕਾਰੇ ਤੇ ਖੱਤ੍ਰੀ ਆਦਿ ਕਾਨਫ੍ਰੰਸਾਂ ਵਿੱਚ ਸੁਧਾਰ ਦੇ ਨਾਹਰੇ ਮਾਰਨ ਵਾਲੇ ਬਾਬਾ ਗੁਰਬਖਸ਼ ਸਿੰਘ ਜੀ ਬੇਦੀ ਨੇ ਆਪਣੇ ਲੜਕੇ ਦੇ ਵਿਵਾਹ ਤੇ ਕੰਜਰੀਆਂ ਸ਼ਰਾਬ ਆਦਿ ਕੁਕਰਮਾਂ ਤੇ ਇੱਕ ਲੱਖ ਰੁਪਏ ਦੇ ਕਰੀਬ ਖਰਚ ਕਰਕੇ ਆਪਣੀ ਕਲੰਕਤ ਆਤਮਾ ਦਾ ਪ੍ਰਗਟ ਨਮੂਨਾ



Digitized by Panjab Digital Library | www.panjabdigilib.org

ਦੱਸਿਆ ਹੈ।"

ਭਾਵੇਂ ਆਪ ਚੀਫ ਖਾਲਸਾ ਦੀਵਾਨ ਦੇ ਮੁੱਢ ਤੋਂ ਹੀ ਮੈਂਬਰ ਤੇ ਸਰਗਰਮ ਕਾਰਕੁਨ ਸਨ, ਪਰ ਭੁੱਲ ਦੇਖ ਕੇ ਆਪਣੀ ਬੁੱਧੀ ਅਨੁਸਾਰ ਉਨ੍ਹਾਂ ਉਪਰ ਭੀ ਨੁਕਤਾ ਚੀਨੀ ਕਰਨੋਂ ਤੇ ਲਿਖਣੋਂ ਨਾ ਸਨ ਝਿਝਕਦੇ। ਅੰਬਾਲਾ ਕਾਨਫ੍ਰੰਸ ਦੇ ਨੁਕਸਾਂ ਬਾਰੇ ਆਪ ਨੇ ਜ਼ਬਾਨੀ ਤੇ ਲਿਖਤੀ ਕਾਫੀ ਨੁਕਤਾ ਚੀਨੀ ਕੀਤੀ ਸੀ। ਇਸ ਕਾਨਫ੍ਰੰਸ ਜਾਲੰਧਰ ਵਾਲੀ ਬਾਬਤ ਭੀ ਆਪ ਨੇ ਪ੍ਰਬੰਧਕਾਂ ਦੇ ਨੁਕਸਾਂ ਬਾਰੇ ਖੂਬ ਜ਼ੋਰ ਨਾਲ ਲਿਖਿਆ। ਚੀ: ਖਾ: ਦੀ: ਦੇ ਮੁਖੀ ਤਲਮਲਾ ਉਠੇ। ਲੱਗੀ ਘੁਸਰ ਘੁਸਰ ਹੋਣ। ਮਜ਼ਮੂਨ ਪ੍ਰੈਸ ਵਿੱਚ ਜਾ ਚੁਕਾ ਸੀ, ਓਥੋਂ ਹੀ ਉਨ੍ਹਾਂ ਨੂੰ ਪਤਾ ਲੱਗਾ ਸੀ ਸਫਾਰਸ਼ਾਂ ਤੋਂ ਬਿਨਾ ਹੁਣ ਵੈਦ ਜੀ ਨੂੰ ਪ੍ਰਬੰਧਕਾਂ ਨੇ ਜ਼ਬਾਨੀ ਬੇਨਤੀ ਕਰਨ ਲਈ ਕਿਹਾ। ਵੈਦ ਜੀ ੧੨ ਤੇ ੧੩ ਮਈ ੧੯੧੪ ਦੇ ਡਾਇਰੀ ਨੋਟ ਇਸਤਰ੍ਹਾਂ ਲਿਖਦੇ ਹਨ:-

"ਅੰਮ੍ਰਿਤਸਰ ਤੋਂ ਸੱਦਾ ਆਉਣ ਤੇ ਸ੍ਰੀ ਮਾਨ ਸਰਦਾਰ ਸੁੰਦਰ ਸਿੰਘ ਜੀ ਦੀ ਕੋਠੀ ਗਿਆ। ਓਥੇ ਸ: ਸੁੰਦਰ ਸਿੰਘ ਜੀ, ਤ੍ਰਿਲੋਚਨ ਸਿੰਘ ਜੀ ਤੇ ਸ: ਸਾਧੂ ਸਿੰਘ ਜੀ ਆਦਿਕ ਕ੍ਰਿਪਾਲੂਆਂ ਨੇ ਦੀਵਾਨ ਤੇ ਕਾਨਫ੍ਰੰਸ ਸੰਬੰਧੀ ਪੱਤ੍ਰ (ਦੁਖ ਨਿਵਾਰਨ) ਦੇ ਲੇਖ ਨਰਮ ਕਰ ਦੇਣ ਵਾਸਤੇ ਮਜਬੂਰ ਕੀਤਾ।"

ਅਗਲੇ ਦਿਨ ਦਾ ਨੋਟ:—

"ਅੱਜ ਫੇਰ ੩ ਬਜੇ ਕਾਨਫ੍ਰੰਸ ਦੇ ਲੇਖ ਸੰਬੰਧੀ ਵਿਚਾਰ ਤੇ ਚਰਚਾ ਕਰਨ ਵਾਸਤੇ ਅੰਮ੍ਰਿਤਸਰ ਜੀ ਗਿਆ। ਸੋ ੭ ਬਜੇ ਕੋਠੀ (ਸ: ਸੁੰਦਰ ਸਿੰਘ ਜੀ ਦੀ) ਸਾਰੇ ਪੰਥ ਭੂਸ਼ਣਾਂ ਨਾਲ ਵਿਚਾਰਕੇ ਤੇ ਏਹ ਸੋਚਕੇ ਕਿ 'ਪੰਥਕ ਦਸ਼ਾ ਤੇ ਗੁੰਝਲਾਂ ਦੀ ਸੇਵਾ ਸਾਫ ਕਰਨ ਦੇ ਵਿਚਾਰ ਇਨ੍ਹਾਂ ਆਗੂਆਂ ਦੇ ਹੀ ਧਿਆਨ ਵਿੱਚ ਲਿਆਣੇ ਸਨ। ਸੋ ਆ ਚੁੱਕੇ ਹਨ' ਪੰਥਕ ਰੌਲੇ ਵਿੱਚ ਨਾ ਆਂਦੇ ਜਾਵਣ, ਕੱਟ ਵੱਢ ਕਰ ਦਿੱਤੇ।"

ਮਿਸਟਰ ਮੈਕਾਲਫ ਨੇ ਆਪਣੀ ਕੌਮ ਦੇ ਲਾਭ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੰਗ੍ਰੇਜ਼ੀ ਵਿੱਚ ਕੀਤਾ। ਅੰਬਾਲਾ ਸਿਖ ਐਜੂਕੇਸ਼ਨਲ ਕਾਨਫ੍ਰੰਸ ਵਿਚ ਉਸ ਦੇ ਮਰਨ ਉਤੇ ਭੀ ਸਿਖਾਂ ਨੇ ਸ਼ੋਕ ਦਾ ਮਤਾ ਪੇਸ਼



Digitized by Panjab Digital Library | www.panjabdigilib.org

ਕੀਤਾ। ਵਾਹਵਾ ਸੁਹਣਾ ਹੋ ਗਿਆ, ਪਰ ਗੁਲਾਮ ਦਿਮਾਗਾਂ ਵਿਚ ਕੀ ਕੁਛ ਨਹੀਂ ਭਰਿਆ ਹੋਇਆ ਹੁੰਦਾ। ਉਸ ਦੇ ਮੈਮੋਰੀਅਲ ਬਨਾਉਣ ਲਈ ਕਈ ਪਤਵੰਤੇ ਸਜਣ ਚੰਦੇ ਇਕੱਠੇ ਕਰਨ ਦੌੜ ਪਏ। ੨੨ ਮਾਰਚ ੧੯੧੪ ਨੂੰ ਭਗਤ.........ਸਿੰਘ ਜੀ ਵੈਦਜ ਜੀ ਪਾਸ ਭੀ ਪੁੱਜੇ। ਵੈਦ ਜੀ ਨੇ ਬਥੇਰਾ ਕਿਹਾ ਕਿ ਮੈਕਾਲਫ ਸਾਹਿਬ ਨੇ ਸਿਖਾਂ ਲਈ ਨਹੀਂ, ਸਗੋਂ ਆਪਣੀ ਕੌਮ ਅੰਗ੍ਰੇਜ਼ਾਂ ਲਈ ਸਿਖ ਲਿਟ੍ਰੇਚਰ ਨੂੰ ਅੰਗ੍ਰੇਜ਼ੀ ਵਿਚ ਕੀਤਾ ਹੈ। ਉਸਦਾ ਮੈਮੋਰੀਅਲ ਕਾਇਮ ਕਰਨਾ ਸਿਖਾਂ ਨੂੰ ਨਹੀਂ ਸੋਭਦਾ। ਬਹੁਤਾ ਜ਼ੋਰ ਦੇਵਣ ਤੇ ਵੈਦ ਜੀ ਨੇ ੫) ਰੁਪਏ ਦਿਤੇ। ਪਰ ਭਗਤ.........ਜੀ ਆਖਣ ਅਸੀਂ ਲੈਣੇ ਹੀ ੨੫) ਹਨ। ਦੁਵੱਲਿਓਂ ਜ਼ਿੱਦ ਪੈ ਗਈ। ਵੈਦ ਜੀ ਸਿਖੀ ਨੁਕਤਾ ਨਿਗਾਹ ਨਾਲ ਤੇ ਭਗਤ......ਜੀ ਵਫਾਦਾਰੀ ਦੇ ਖਿਆਲ ਨਾਲ ਘਟ ਦੋਹਾਂ ਵਿਚੋਂ ਕੋਈ ਨਾ ਸੀ, ਆਖਰ ਕਾਰ ਭਗਤ.........ਜੀ ਉਹ ਪੰਜ ਰੁਪਏ ਭੀ ਛੱਡ ਕੇ ਚਲੇ ਗਏ ਤੇ ਵੈਦ ਜੀ ਨੇ ੨੫) ਨਾ ਦਿਤੇ। ਇਹ ਦਾਨ ਹੈ ਕਿ ਡੰਨ ?

ਯੋਗ ਥਾਂ ਤੇ ਦਾਨ ਦੇਣੋਂ ਤਾਂ ਵੈਦ ਜੀ ਆਪ ਹੀ ਨਾ ਸਨ ਪਿੱਛੇ ਰਹਿੰਦੇ ਸਗੋਂ ਵਿਤੋਂ ਵਧ ਕੇ ਸੇਵਾ ਕਰਨ ਨੂੰ ਉਮਡਦੇ ਸਨ।

ਲੇਖਕ ਤੇ ਐਡੀਟਰ ਸਜਣ ਸਦਾ ਵੈਦ ਜੀ ਪਾਸ ਵਿਚਾਰਾਂ ਤੇ ਸਹਾ-ਇਤਾ ਲਈ ਪੁਜਦੇ ਹੀ ਰਹਿੰਦੇ ਸਨ। ਵੈਦ ਜੀ ਆਪਣੇ ਪੰਜ ਜੁਲਾਈ ਦੇ ਡਾਇਰੀ ਨੋਟਾਂ ਵਿਚ ਲਿਖਦੇ ਹਨ:—

> "ਅੰਮ੍ਰਿਤਸਰ ਤੋਂ ਐਡੀਟਰ ਨੌ ਰਤਨ, ਬੀਰ ਤੇ ਖਾ: ਸੇਵਕ, ਆਦਿਕ ਆਏ ਬਹੁਤ ਚਿਰ ਗੱਲਾਂ ਤੇ ਵਿਚਾਰਾਂ ਹੁੰਦੀਆਂ ਰਹੀਆਂ।"

ਇਨ੍ਹੀ ਦਿਨੀਂ ਹੀ ਮਾਸਟਰ ਚੰਦਾ ਸਿੰਘ ਜੀ ਅਖਬਾਰ 'ਪੰਥ ਸੇਵਕ' ਕੱਢਣ ਲਈ ਸਲਾਹ ਪੁੱਛਣ ਆਏ। ਵੈਦ ਜੀ ਨੇ ਖੁਸ਼ੀ ਪ੍ਰਗਟ ਕਰਦੇ ਹੋਇਆਂ ਨਾਲ ਸਹਾਇਤਾ ਵਜੋਂ ਰੁਪਏ ਭੀ ਦਿਤੇ ਤੇ ਅੱਗੋਂ ਲਈ ਮਦਦ ਕਰਨ ਦਾ ਭਰੋਸਾ ਭੀ ਦਿਲਾਇਆ। ਆਪ ਦਾ ੨ ਅਗਸਤ ਦਾ ਡਾਇਰੀ ਨੋਟ ਇਸ ਤਰ੍ਹਾਂ ਹੈ:—



Digitized by Panjab Digital Library | www.panjabdigilib.org

"ਮਾਸਟਰ ਚੰਦਾ ਸਿੰਘ ਜੀ ਨੂੰ ਅਖਬਾਰ ਪੰਥ ਸੇਵਕ ਕੱਢਣ ਵਾਸਤੇ ਸਹਾਇਤਾ ਹਾਲਾਂ ੨੫) ਰੁਪਏ ਮੁੱਢ ਦੇ ਖਰਚ ਵਾਸਤੇ ਦਿਤੇ, ਅਤੇ ੩ ਦੁਖ ਨਿਵਾਰਨ ਦੀਆਂ ਰਸੀਦ ਬੁਕਾਂ ਠੀਕ ਕਰਕੇ ਵਰਤਣ ਵਾਸਤੇ ਦਿਤੀਆਂ।"

**ਇਸਨੂੰ ਆਖਦੇ ਹਨ ਫਰਾਖ ਦਿਲੀ ਤੇ ਸੱਚੀ ਹਮਦਰਦੀ।**

ਇਕ ਅਖਬਾਰ ਨਵੀਸ ਨਵਾਂ ਅਖਬਾਰ ਕੱਢਣਾ ਚਾਹੁੰਦਾ ਹੈ, ਆਪ ਉਸ ਨੂੰ ਸਮਕਾਲੀ ਬਣਨ ਲਈ ਸਲਾਹ ਹੀ ਨਹੀਂ ਦਿੰਦੇ, ਸਗੋਂ ਨਾਲ ਅਮਲੀ ਮਦਦ ਭੀ ਦਿੰਦੇ ਹਨ। ਢੂੰਢੋ ਖਾਂ ਭਲਾ ਕਿੰਨੇ ਕੁ ਅਜੇਹੇ ਬੰਦੇ ਮਿਲਦੇ ਹਨ ?

ਇਸੇ ਹੀ ਤਰ੍ਹਾਂ ਆਪ ਆਮ ਅਖਬਾਰਾਂ ਨੂੰ ਪੰਥਕ ਉੱਨਤੀ ਤੇ ਦੇਸ਼ ਭਲਾਈ ਲਈ ਸਦਾ ਹੀ ਲੇਖ ਲਿਖਦੇ ਰਹਿੰਦੇ ਸਨ। ਜਿਵੇਂ ਡਾਇਰੀ ਨੋਟ ਦੱਸਦੇ ਹਨ:-

੭ ਜਨਵਰੀ—"ਦੋ ਹੈਂਡ ਬਿਲ ਦੁਸ਼ਮਨ ਮਾਪੇ, ਤੇ ਅਧਰੰਗ ਮਾਰਿਆ। ਲਿਖੇ।"

"੨੮ ਜੂਨ ਨੂੰ 'ਦੇਸ਼' ਵਿਚ ਰੌਣਕ ਰਾਮ ਸੰਬੰਧੀ ਮਜ਼ਮੂਨ ਦੇ ਉੱਤਰ ਵਿਚ ੪ ਚਿੱਠੀਆਂ ਲਿਖ ਕੇ ਭੇਜੀਆਂ।"

੩੦ ਜੂਨ ਨੂੰ "ਦੋ ਚਿੱਠੀਆਂ 'ਦੇਸ਼' ਸੰਬੰਧੀ ਲਾਇਲ ਗੈਜ਼ਟ ਤੇ ਖਾਲਸਾ ਅਖਬਾਰ ਨੂੰ ਲਿਖ ਕੇ ਭੇਜੀਆਂ।"

੧੦ ਅਗਸਤ ਨੂੰ 'ਇਕ ਮਜ਼ਮੂਨ ਖਾ: ਸਮਾਚਾਰ ਵਾਸਤੇ ਲਾਇਲਪੁਰ ਸੰਬੰਧੀ ਲਿਖਕੇ ਭੇਜੇ।"

੨੫ ਸਤੰਬਰ—"੯ ਅਸੂ ਦੇ ਆਰੀਆ ਗੈਜ਼ਟ ਦੇ ੧ ਮਜ਼ਮੂਨ ਦਾ ਉੱਤਰ ਲਿਖ ਕੇ 'ਪੰਜਾਬ ਦਰਪਨ' ਨੂੰ ਭੇਜਿਆ।"

੨੭ ਸਤੰਬਰ—"ਦੋ ਮਜ਼ਮੂਨ ਪੰਜਾਬ ਦਰਪਨ ਵਾਸਤੇ ਲਿਖ ਕੇ ਭੇਜੇ। ਇਸੇ ਤਰ੍ਹਾਂ ੨ ਮਜ਼ਮੂਨ ੨੯ ਸਤੰਬਰ ਨੂੰ ਹੋਰ ਲਿਖ ਕੇ ਭੇਜੇ।"

੧੭ ਅਕਤੂਬਰ ਨੂੰ—"ਚਕ੍ਰਵਰਤੀ ਅਖਬਾਰ ਲਾਹੌਰ ਵਾਸਤੇ ਦੋ ਚਿਠੀਆਂ ਲਿਖੀਆਂ।"

੨੬ ਅਕਤੂਬਰ ਨੂੰ—"ਖਾਲਸਾ ਸੇਵਕ ਵਾਸਤੇ ਕਵਿਤਾ ਲਿਖਕੇ ਭੇਜੀ।"

੧੪ ਨਵੰਬਰ—"੪ ਮਜ਼ਮੂਨ ਲਿਖਕੇ ਪੰਜਾਬ ਦਰਪਨ ਵਾਸਤੇ ਭੇਜੇ।"



Digitized by Panjab Digital Library | www.panjabdigilib.org

੧੯ ਨਵੰਬਰ—"ਰਾਤ ੧੦॥ ਬਜੇ ਤਕ 'ਬੀਰ' ਵਾਸਤੇ ਲੇਖ ਲਿਖਿਆ ।"

੨੦ ਨਵੰਬਰ—"ਅਖਬਾਰ ਸ਼ਹੀਦ ਵਾਸਤੇ ਇਕ ਲੇਖ ਤੇ ਕਵਿਤਾ ਭੇਜੇ।"
੧੫ ਦਸੰਬਰ—"ਦੇਸ਼ ਵਾਸਤੇ ਇਕ ਮਜ਼ਮੂਨ ਲਿਖ ਕੇ ਭੇਜਿਆ ।"

ਅੱਠਵੀਂ ਕਾਨਫ੍ਰੰਸ ਫੀਰੋਜ਼ ਪੁਰ ਹੋਣੀ ਸੀ, ਉਸ ਵਿਚ ਪੇਸ਼ ਕਰਨ ਵਾਲੇ ਖਿਆਲਾਂ ਨੂੰ ਵੈਦ ਜੀ ਨੇ ਹੁਣ ਤੋਂ ਇਕੱਠੇ ਕਰਨਾ ਸ਼ੁਰੂ ਕਰ ਦਿਤਾ। ੩੧ ਦਸੰਬਰ ੧੯੧੪ ਦਾ ਨੋਟ ਹੈ ਕਿ:—

"ਅੱਠਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵਾਸਤੇ ਗੁਰਮਤੇ ਨੋਟ ਕੀਤੇ:--
(੧) ਜਨਮ ਮਰਨ ਦੇ ਨਕਸ਼ਿਆਂ ਵਿਚ ਸਿੱਖ ਅੱਡ ਲਿਖੇ ਜਾਣ ।
(੨) ਲਿਖਤ ਪੜ੍ਹਤ ਡੀ. ਬੀ. ਜ਼ਨਾਨੇ ਸਕੂਲਾਂ ਵਿਚ ਗੁਰਮੁਖੀ ਹੋਵੇ।
(੩) ਪੜ੍ਹਾਈ ਦੀਆਂ ਕਤਾਬਾਂ ਵਿਚੋਂ ਹੁੱਕੇ ਵਗੈਰਾ ਦੀ ਦਰੁਸਤਗੀ ਨੂੰ···
(੪) ਸਾਰੇ ਭਰਾ ਪੁਸਤਕਾਂ ਜਿੱਥੋਂ ਤਕ ਹੋਵੇ ਪੰਜਾਬੀ ਵਿਚ ਪੜ੍ਹਨ ਨੂੰ ਖਰੀਦਣ ।"

ਇਸੇ ਤਰ੍ਹਾਂ ਆਪ ਦੇ ਡਾਇਰੀ ਨੋਟਾਂ ਤੋਂ ਪਤਾ ਲਗਦਾ ਹੈ ਕਿ—
"੯ ਅਕਤੂਬਰ ੧੯੧੪ ਸਵੇਰ ਵੇਲੇ ਜ਼ੋਰ ਦਾ ਭੂੰਚਾਲ ਆਇਆ।"

ਇਸੇ ਸਾਲ ਪ੍ਰਸਿੱਧ ਕਾਮਾ ਗਾਟਾ ਮਾਰੂ ਜਹਾਜ਼* ਕੈਨੇਡਾ ਸਰਕਾਰ ਵਲੋਂ ਵਾਪਸ ਕੀਤਾ ਹੋਇਆ ਬੁਰੇ ਹਾਲੀਂ ੨੬ ਸਤੰਬਰ ਨੂੰ ਕਲਕੱਤਾ ਬੰਗਾਲ ਖਾੜੀ ਵਿਚ ਆਕੇ ਲੱਗਾ ਤੇ ਗਲਤ ਫਹਿਮੀਆਂ ਦੇ ਕਾਰਣ

---

*ਕੋਮਾ ਗਾਟਾ ਮਾਰੂ ਜਹਾਜ਼--੨੯ ਮਾਰਚ ੧੯੧੪ ਨੂੰ ਬਾਬਾ ਗੁਰਦਿਤ ਸਿੰਘ ਜੀ ਨੇ ਠੇਕੇ ਤੇ ਲਿਆ ਤੇ ਉਸਦਾ ਨਾਮ ਸ਼੍ਰੀ ਗੁਰੂ ਨਾਨਕ ਜਹਾਜ਼ ਰੱਖਿਆ। ੩ ਅਪ੍ਰੈਲ ਨੂੰ ਜਹਾਜ਼ ਹਾਂਗ ਕਾਂਗ ਤੋਂ ਚਲਿਆ। ੨੧ ਮਈ ੧੯੧੪ ਨੂੰ ਜਹਾਜ਼ ਵਿਕਟੋਰੀਆ ਤੇ ਦੂਸਰੇ ਦਿਨ ਵੈਨਕੋਵਰ (ਕੈਨੇਡਾ) ਪੁਜਾ । ਦੋ ਮਹੀਨੇ ਜਹਾਜ਼ ਖੱਜਲ ਹੋ ਹੋ ਕੇ ੨੨ ਜੁਲਾਈ ਨੂੰ ਵਾਪਸ ਮੁੜਿਆ। ੨੬ ਸਤੰਬਰ ਨੂੰ ਬਜ ਬਜ ਘਾਟ ਤੇ ਪੁੱਜਾ। ਤਿੰਨ ਦਿਨ ਤਲਾਸ਼ੀ ਹੁੰਦੀ ਰਹੀ,ਆਖਰ ੨੯ਸਤੰਬਰ ਰਾਤ ਨੂੰ ਬਦ ਨਸੀਬ ਮੁਸਾਫਰਾਂ ਨੂੰ ਗੋਲੀਆਂ ਨਾਲ ਭੁੰਨਿਆਂ ਗਿਆ ।



Digitized by Panjab Digital Library | www.panjabdigilib.org

ਬਜ ਬਜ ਘਾਟ ਉਤੇ ਗੋਲੀ ਚੱਲ ਗਈ। ਬਹੁਤ ਸਾਰੇ ਆਦਮੀ ਮਾਰੇ ਗਏ। ਦੇਸ਼ ਵਿਚ ਹਲਚਲੀ ਮਚ ਗਈ।

ਵੱਡਾ ਪੱਛਮੀ ਜੰਗ ਸ਼ੁਰੂ ਹੋਣ ਦੇ ਕਾਰਣ ਮੁਲਕ ਵਿਚ ਅੱਗੇ ਹੀ ਰੌਲਾ ਪੈ ਰਿਹਾ ਸੀ। ਉੱਪਰੋਂ ਇਹ ਹਾਦਸਾ ਹੋ ਗਿਆ। ਬੱਸ ਫੇਰ ਕੀ ਸੀ 'ਬਲਦੀ ਤੇ ਤੇਲ' ਪੈਣ ਦੇ ਅਖਾਣ ਅਨੁਸਾਰ ਦੇਸ਼ ਵਿਚ ਸਖਤੀ ਦਾ ਤੂਫਾਨ ਆ ਗਿਆ। ਇਸੇ ਹੀ ਸਮੇਂ ਅਮ੍ਰੀਕਾ ਕੈਨੇਡਾ ਵਿਚੋਂ ਬਹੁਤ ਸਾਰੇ ਹਿੰਦੁ-ਸਤਾਨੀ ਮੁਲਕ ਵਿਚ ਆਜ਼ਾਦੀ ਦੀ ਲਹਿਰ ਪੈਦਾ ਕਰਨ ਲਈ ਭੀ ਆਏ। ਸਰਕਾਰ ਨੂੰ ਸ਼ੱਕ ਸੀ ਕਿ ਵਿਰੋਧੀ ਧੜਾ ਜਰਮਨ ਦੀ ਸ਼ਹਿ ਤੇ ਆ ਰਿਹਾ ਹੈ। ਪਕੜ ਧਕੜ ਸ਼ੁਰੂ ਹੋ ਗਈ ਇਸ ਲਈ ਦੇਸ਼ ਵਿਚ ਮਾਨੋਂ ਕੁਹਰਾਮ ਮਚ ਗਿਆ।

ਇਸ ਹਾਦਸੇ ਬਾਰੇ ਵੈਦ ਜੀ ਨੇ 'ਦੂਖ ਨਿਵਾਰਨ' ਵਿਚ ਇਸ ਤਰ੍ਹਾਂ ਨੋਟ ਲਿਖਿਆ:-

"ਸਿੱਖਾਂ ਦੇ ਪ੍ਰਾਰਬਧ ਦੇ ਲੇਖ ਭੀ ਡਾਢੇ ਭਜਾਨਕ ਸਮੇਂ ਲਿਖੇ ਗਏ ਪ੍ਰਤੀਤ ਹੁੰਦੇ ਹਨ। 'ਦੁਖੀਂ ਜਨਮੇ ਦੁਖ ਪਲੇ, ਦੁਖੀਂ ਰਹੇ ਵਿਹਾਇ' ਦੇਖਕੇ ਕਿਸ ਦਰਦ ਭਰੇ ਦਿਲ ਵਿਚ ਦਯਾ ਨਹੀਂ ਉਪਜਦੀ? ਜਿਸ ਪਾਸੇ ਧਿਆਨ ਕਰੋ ਦੁੱਖ ਹੀ ਦੁੱਖ ਦਿਖਾਈ ਦੇ ਰਹੇ ਹਨ।"

ਅੱਗੇ ਸਰਕਾਰ ਤੇ ਸਿੱਖਾਂ ਦੇ ਸੰਬੰਧ ਬਾਰੇ ਲਿਖਦੇ ਹਨ-

"ਪ੍ਰਾਰਬਧ ਦਾ ਗੇੜ! ਕੁਝ ਦਿਨਾਂ ਤੋਂ ਦੋਹੀਂ ਪਾਸ੍ਰੀਂ ਨਿਰਮੂਲ ਭੁਲੇਖਿਆਂ ਨਾਲ ਸਿੱਖ ਵੀਰਾਂ ਤੇ ਕੁਝ ਸਰਕਾਰੀ ਹਾਕਮਾਂ ਵਿਚ ਫਰਕ ਆ ਰਿਹਾ ਹੈ। ਵਿਸ਼ੇਸ਼ ਕਰਕੇ ਗੁਰਦੁਆਰਾ ਰਕਾਬ ਗੰਜ, ਤੇ ਸ੍ਰੀ ਗੁਰੂ ਨਾਨਕ ਜਹਾਜ਼ ਦੇ ਮਾਮਲੇ ਵਿਚ ਤਾਂ ਮੁੱਢ ਤੋਂ ਹੀ ਅਜੇਹੇ ਵਰਤਾਰੇ ਸਾਹਮਣੇ ਆ ਰਹੇ ਹਨ ਜੋ ਅੱਤ ਵਜਾਕੁਲ ਕਰਦੇ ਹਨ। ਉਕਤ ਜਹਾਜ਼ ਦੇ ਯਾਤ੍ਰੀ ਤਾਂ ਕਿਸੇ ਅਜੇਹੇ ਵੇਲੇ ਘਰੋਂ ਨਿਕਲੇ ਪ੍ਰਤੀਤ ਹੁੰਦੇ ਹਨ ਜੋ ਰੱਬ ਦੁਸ਼ਮਨਾਂ ਦੇ ਦੁਸ਼ਮਨਾਂ ਨੂੰ ਭੀ



Digitized by Panjab Digital Library | www.panjabdigilib.org

ਇਹ ਘੜੀ ਨਸੀਬ ਨਾ ਕਰੇ। ਹੁਣ ਜਦ ਵਿਚਾਰੇ ਪਰਦੇਸਾਂ ਵਿੱਚੋਂ ਧੱਕੇ ਖਾ, ਖੱਜਲ ਖੁਆਰ ਹੋ ੨੬ ਸਤੰਬਰ ਨੂੰ ਬਜ ਬਜ ਪੁੱਜੇ ਤਦ ਅਚਾਨਕ ਹੀ ਕੁਝ ਗਲਤ ਫਹਿਮੀਆਂ ਪੈਣ ਕਰਕੇ ਸਰਕਾਰੀ ਕਰਮਚਾਰੀਆਂ ਅਤੇ ਦੁੱਖਾਂ ਮਾਰੇ ਮੁਸਾਫਰਾਂ ਵਿੱਚ ਭਯਾਨਕ ਦੰਗਾ ਹੋ ਗਿਆ।"

ਫੇਰ ਇਸੇ ਸਿਲਸਿਲੇ ਵਿੱਚ ਲਿਖਦੇ ਹਨ:–

"ਏਹ ਇਤਿਹਾਸ ਵਾਸਤੇ ਇੱਕ ਹੋਰ ਦੁਖਦਾਈ ਨੋਟ ਮਿਲ ਗਿਆ, ਮੁਸਲਮਾਨਾਂ ਦੇ ਬਾਦ ਅਮਨ ਚੈਨ ਦੇ ਰਾਜ ਵਿੱਚ ਏਸ ਮਾਮਲੇ ਵਿੱਚ ਫੇਰ ਸਿੱਖ ਮੁਸਾਫਰਾਂ ਦੇ ਫੜ ਲਿਆਵਣ ਵਾਸਤੇ ਸੌ ਸੌ ਰੁਪਿਆ ਇਨਾਮ ਰੱਖਿਆ ਗਿਆ।" ਫੇਰ ਆਖਦੇ ਹਨ:–

"ਹੋਣੀ ਨੂੰ ਕੌਣ ਮੇਟੇ? ਹੁਣ ਕੁਝ ਹਿੱਸੇ ਵੱਲੋਂ ਕੇਵਲ ਸਿੱਖ ਮੁਸਾਫਰ ਹੀ ਦੋਸ਼ੀ ਠਹਿਰਾਏ ਜਾਂਦੇ ਹਨ। ਪਰ ਵਾਕਯਾਤ ਤੇ ਪੜ-ਤਾਲ ਤੋਂ ਓਹ ਵਿਚਾਰੇ ਬੇਦੋਸੇ ਜਾਨਾਂ ਗਾਵਾ ਚੁੱਕੇ ਤੇ ਦੁੱਖ ਝੱਲਦੇ ਜੇਲਾਂ ਵਿੱਚ ਪੈ ਚੁੱਕੇ ਸਿੱਧ ਹੁੰਦੇ ਹਨ।" ਅੱਗੇ ਆਖਦੇ ਹਨ:–

"ਸ਼ੁਕਰ ਹੈ ਕਿ ਹੁਣ ਪੜਤਾਲ ਵਾਸਤੇ ਕਮੇਟੀ ਬੈਠੀ ਹੈ,ਸਿੱਟਾ ਭਾਵੇਂ ਕੁਝ ਭੀ ਨਿਕਲੇ ਤੇ ਆਸ ਭੀ ਸੱਚ ਦੇ ਨਿਤਾਰੇ ਦੀ ਹੀ ਹੈ।"

ਅੱਗੇ ਆਪ ਮਜ਼ਮੂਨ ਨੂੰ ਖਤਮ ਕਰਦੇ ਹੋਏ ਇਸ ਮਾਮਲੇ ਨੂੰ ਨਿਪਟਾਉਣ ਲਈ ਵਾਇਸਰਾਇ ਅੱਗੇ ਇਸਤਰ੍ਹਾਂ ਅਪੀਲ ਕਰਦੇ ਹਨ:–

"ਏਸ ਮਾਮਲੇ ਨੂੰ ਹੁਣ ਹੋਰ ਵਧਾਯਾ ਨਾ ਜਾਵੇ। ਦੋਹੀਂ ਪਾਸੀਂ ਜਿਨ੍ਹਾਂ ਦੀਆਂ ਜਾਨਾਂ ਗਈਆਂ ਹਨ, ਉਨ੍ਹਾਂ ਦੇ ਘਰ ਵਾਲਿਆਂ ਨਾਲ ਹਮਦਰਦੀ ਕੀਤੀ ਤੇ ਯੋਗ ਸਹਾਇਤਾ ਦਿੱਤੀ ਜਾਵੇ। ਬੰਦ ਕੀਤਿਆਂ ਨੂੰ (ਛੱਡ ਕੇ) ਘਰੋਂ ਘਰੀਂ ਪੁਚਾ ਦਿੱਤਾ ਜਾਵੇ। ਨੱਠਿਆਂ ਭਜਿਆਂ ਵਾਸਤੇ ਇਸ਼ਤਿਹਾਰ ਦਿੱਤੇ ਜਾਵਣ ਤਾਂ ਜੋ ਉਹ ਨਿਡਰ ਹੋਕੇ ਘਰੋ ਘਰੀ ਅਪੜ ਜਾਵਣ। ਜਾਂ ਜਿੱਥੇ ੨ ਹਨ, ਓਥੋਂ ੨ ਦੇ ਹਾਕਮਾਂ



Digitized by Panjab Digital Library | www.panjabdigilib.org

ਪਾਸ ਪਹੁੰਚ ਜਾਵਣ ਤੇ ਓਹ ਉਨ੍ਹਾਂ ਨੂੰ ਘਰੋ ਘਰੀ ਪੁਚਾ ਦੇਵਣ। ਆਸ ਹੈ ਜੋ ਸ੍ਰੀ ਹਜ਼ੂਰ ਜੀ ਜ਼ਰੂਰ ਇਸੇ ਦਯਾਲਤਾ ਦੇ ਵਰਤਾਉ ਤੋਂ ਹੀ ਕੰਮ ਲੈਣਗੇ।"

ਏਥੇ ਪਾਠਕਾਂ ਨੂੰ ਇਹ ਗੱਲ ਭੁੱਲ ਨਹੀਂ ਜਾਣੀ ਚਾਹੀਦੀ ਕਿ ਇਹ ਉਹ ਫੂਕ ਫੂਕ ਕੇ ਪੈਰ ਧਰਨ ਦਾ ਸਮਾ ਸੀ;ਜਦ ਸਰਕਾਰ ਨੂੰ ਪੱਤੇ ਪੱਤੇ ਤੋਂ ਬਗ਼ਾਵਤ ਦੀ ਬੂ ਆਉਂਦੀ ਸੀ। ਉਹ ਹਰ ਯੋਗ ਅਯੋਗ ਤਰੀਕੇ ਨਾਲ ਉਠਦੀ ਲਹਿਰ ਨੂੰ ਦਬਾਉਣ ਲਈ ਤਿਆਰ ਸੀ। ਕੋਈ ਅਖਬਾਰ, ਕੋਈ ਜ਼ਰਾ ਭੀ ਭੜਕੀਲੀ ਜਾਂ ਪ੍ਰਜਾ ਹਿਤ ਦੀ ਖਬਰ ਛਾਪ ਹੀ ਨਾ ਸੀ ਸਕਦਾ। ਸਰਕਾਰ ਦੀ ਸਖਤੀ ਖੂਬ ਜ਼ੋਰਾਂ ਤੇ ਸੀ।

ਇਸ ਦੇ ਨਾਲ ਹੀ ਅਰਥਾਤ ੨੬ ਨਵੰਬਰ ੧੯੧੪ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਇੱਕ ਅੰਗ੍ਰੇਜ਼ ਪ੍ਰੋਫੈਸਰ ਮਿਸਟਰ ਡੈਨੀਕਲਿਫ ਉੱਤੇ ਇੱਕ ਸਿੱਖ ਵੱਲੋਂ ਹਮਲਾ ਹੋ ਗਿਆ। ਫੜੇ ਜਾਣ ਤੇ ਮੁਲਜ਼ਮ ਨੇ ਕਿਹਾ—"ਮੈਂ ਚਿਰਾਂ ਤੋਂ ਸਮੇਂ ਦੀ ਤਾੜ ਵਿੱਚ ਤੇ ਘਾਤ ਵਿੱਚ ਸਾਂ ਕਿ ਖਾਲਸਾ ਕਾਲਜ ਦੇ ਪ੍ਰਿੰਸੀਪਲ ਮਿਸਟਰ ਵਾਈਟ ਤੇ ਵਾਰ ਕਰਾਂ, ਕਿਉਂਕਿ ਉਹ ਸਾਡੇ ਇਸ ਖਾਲਸਾ ਕਾਲਜ ਨੂੰ ਬਹੁਤ ਨੁਕਸਾਨ ਪੁਚਾ ਰਿਹਾ ਹੈ ਪਰ ਭੁਲੇਖੇ ਨਾਲ ਪ੍ਰਿੰਸੀਪਲ ਦੀ ਥਾਂ ਇਹ ਪ੍ਰੋਫੈਸਰ ਹੀ ਅੱਗੇ ਆ ਗਿਆ।"

## ਪੁਸਤਕਾਂ

ਇਸ ਸਾਲ ਵਿੱਚ ਆਪ ਨੇ ਹੇਠ ਲਿਖੀਆਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ—

(੧) ਸਚਾ ਪ੍ਰਕਾਸ਼। (੨) ਗ੍ਰਹਿ ਪ੍ਰਬੰਧ ਤੇ ਅਰੋਗਤਾ। (੩) ਗੌਰਵਤਾ ਆਯੁਰ ਵੇਦ। (੪) ਸਿੱਧ ਔਖਧੀ ਭੰਡਾਰ ਭਾਗ ੧ (੫) ਕੁੰਭ ਦਾ ਮੇਲਾ ਤੇ ਛੋਟੀ ਨੂੰਹ। (੬) ਇਸਤ੍ਰੀ ਰੋਗ ਚਕਿਤਸਾ। (੭) ਬਾਲ ਰੋਗ ਚਕਿਤਸਾ। (੮) ਜੀਵਨ ਰੱਖਿਆ। (੯) ਜਵਾਨਾਂ ਦਾ ਰਾਖਾ। (੧੦) ਮਨ ਮੰਨੀ ਸੰਤਾਨ। (੧੧) ਸਾਧਾਂ ਦੇ ਨਰਕ ਸੁਰਗ। (੧੨) ਤਾਂਤੀਆ ਭੀਲ। (੧੩) ਨਿੰਦਤ ਭ੍ਰਿਸ਼ਟਾਚਾਰ ਚੋਥੀ ਵਾਰ। (੧੪) ਦਯਾ·



Digitized by Panjab Digital Library | www.panjabdigilib.org

ਨੰਦ ਮਤ ਦਰਪਨ ਚੌਥੀ ਵਾਰ।

ਭਾਵੇਂ ਉਪ੍ਰੋਕਤ ਸਾਰੇ ਹੀ ਪੁਸਤਕ ਆਪਣੇ ਆਪਣੇ ਵਿਸ਼ੇ ਦੇ ਸੁਹਣੇ ਹਨ, ਪਰ ਸਿੱਧ ਔਖਧੀ ਭੰਡਾਰ, ਇਸਤ੍ਰੀ ਰੋਗ ਚਕਿਤਸਾ, ਬਾਲ ਰੋਗ ਚਕਿਤਸਾ, ਤੇ ਜਵਾਨਾਂ ਦਾ ਰਾਖਾ ਤਾਂ ਹਰ ਇੱਕ ਘਰ ਵਿੱਚ ਜ਼ਰੂਰ ਹੀ ਹੋਣੇ ਚਾਹੀਦੇ ਹਨ। 'ਸਿਧ ਔਖਧੀ ਭੰਡਾਰ' ਦੇ ਅੱਗੇ ਜਾਕੇ ਵੈਦ ਜੀ ਨੇ ਚਾਰ ਹੋਰ ਹਿੱਸੇ ਪ੍ਰਕਾਸ਼ਤ ਕੀਤੇ ਹਨ। ਜਾਣੀ ਪੰਜਾਂ ਭਾਗਾਂ ਵਿੱਚ ਬੜੀ ਸਾਰੀ ਪੁਸਤਕ ਹੋ ਗਈ ਹੈ। ਇਸ ਵਿੱਚ ਪੈਸੇ ਧੇਲੇ ਦੀਆਂ ਸਾਧਾਰਨ ਮਿਲਨ ਵਾਲੀਆਂ ਘਰੋਗੀ ਚੀਜ਼ਾਂ ਨਾਲ ਆਮ ਘਰਾਂ ਵਿੱਚ ਹੋਣ ਵਾਲੇ ਰੋਗਾਂ ਦੇ ਸਿੱਧ ਮੁਜੱਰਬ ਨੁਸਖੇ ਦਰਜ ਹਨ। ਅਸੀਂ ਖੁਦ ਇਸ ਪੁਸਤਕ ਤੋਂ ਆਪਣੇ ਜੀਵਣ ਦੇ ਕਠਨ ਸਮਿਆਂ ਵਿੱਚ ਬਹੁਤ ਲਾਭ ਉਠਾਇਆ ਹੈ।ਇਸੇ ਤਰ੍ਹਾਂ ਰੋਗ ਇਸਤ੍ਰੀ ਚਕਿਤਸਾ ਤੇ ਬਾਲ ਰੋਗ ਚਕਿਤਸਾ ਵਿੱਚ ਇਸਤ੍ਰੀਆਂ ਤੇ ਬਾਲਾਂ ਦੇ ਬੇ ਪਛਾਣੇ ਅਨਭੋਲ ਰੋਗਾਂ ਦੀ ਪਛਾਣ ਤੇ ਉਨ੍ਹਾਂ ਦੇ ਸਹਿਲ ਇਲਾਜ ਹਨ। ਜਵਾਨਾਂ ਦਾ ਰਾਖ੍ਹਾ ਹਰਇੱਕ ਨੌਜਵਾਨ ਲਈ ਮਾਨੋਂ 'ਜੀਵਣ' ਹੈ। ਹਰ ਇੱਕ ਉੱਠ ਰਹੇ ਨੌਜਵਾਨ ਲਈ ਇਸਦਾ ਪੜ੍ਹਨਾ ਅਤਯੰਤ ਜ਼ਰੂਰੀ ਹੈ। ਤਾਕਿ ਉਹ ਆਪਣੇ ਜੀਵਣ ਜਹਾਜ਼ ਨੂੰ ਭਵ ਸਾਗਰ ਵਿੱਚੋਂ ਬੇਖਟਕੇ ਸਿੱਧਾ ਪਾਰ ਕਰ ਸਕੇ।

---



Digitized by Panjab Digital Library | www.panjabdigilib.org

"ਆਪ ਗੁਰਸਿੱਖ ਸਨ ਤੇ ਗੁਰਸਿਖਾਂ ਲਈ ਪੂਰਨ ਦਰਦ ਭਰਿਆ ਦਿਲ ਰੱਖਦੇ ਸਨ। ਉਹ—

ਰੇ ਮਨ ਐਸੋ ਕਰ ਸਨਿਆਸਾ
ਬਨ ਸੇ ਸਦਨ ਸਭੈ ਕਰ ਸਮਝੋ
ਮਨ ਹੀ ਮਾਹਿ ਉਦਾਸਾ।

ਦੇ ਭਾਵ ਅਨੁਸਾਰ ਉਹ ਪੂਰਨ ਸਨਿਆਸੀ ਸਨ। ਉਹ ਪੁਤ੍ਰਾਂ ਲਈ ਮਾਯਾ ਇਕੱਠੀ ਕਰਨ ਵਾਲੇ ਹੀ ਨਾਂ ਸਨ ਸਗੋਂ ਸੰਤਾਨ ਨੂੰ ਗੁਰਮਤ ਮਾਰਗ ਦੀ ਸਿੱਖਯਾ ਦੇਣ ਵਾਲੇ ਦਾਨੀ ਭੀ ਸਨ।

ਪਾਰਸ ਮੇਂ ਅਰ ਸੰਤ ਮੇਂ ਬੜੋ ਅੰਤਰੋ ਜਾਨ,
ਉਹ ਲੋਹਾ ਪਾਰਸ ਕਰੇ ਉ ਕਰ ਹੈ ਆਪ ਸਮਾਨ।

ਭਾਈ ਮੋਹਨ ਸਿੰਘ ਜੀ ਦੂਜਿਆਂ ਨੂੰ ਆਪਣੇ ਜੇਹਾ ਕਰਨ ਵਾਲੇ ਸਨ। ਵੈਦ ਜੀ ਪ੍ਰੇਮ ਪੁੰਜ ਸਨ ਉਹ ਆਏ ਗਏ ਦਾ ਆਦਰ ਕਰਕੇ ਆਦਰ ਕਰਨਾ ਸਿਖਾਂਵਦੇ ਸਨ। ਵੈਦ ਜੀ ਪੁਰਾਣੇ ਸਿਖਾਂ ਦੇ ਸੁਹਣੇ ਨਮੂਨੇ ਸਨ।

ਭਾਈ ਸਾਹਿਬ ਨੂੰ ਭਾਂਵੇਂ ਕੋਈ ਕੁਝ ਹੀ ਕਿਉਂ ਨਾ ਕਹੇ, ਪਰ ਨਿਰਪੱਖ ਅੱਖ ਨਾਲ ਵੇਖਣ ਤੋਂ ਪ੍ਰਤੱਖ ਦਿਸੇਗਾ ਕਿ ਉਹ ਪੂਰਨ ਗੁਰਸਿਖ, "ਹਰ ਹਰ ਜਨ ਦੁਇ ਏਕ ਹਹਿਂ" ਤਕ ਪੁਜੇ ਹੋਏ ਪੂਰਨ ਮਹਾਂ ਪੁਰਖ, ਕੰਚਨ ਲੋਹ ਸਮਾਨ ਜਾਨਣ ਵਾਲੇ ਸਨਿਆਸੀ, ਗ੍ਰਿਹਸਤ ਵਿਚ ਨਿਰਬਾਣ ਪਦ ਮਾਣਨ ਵਾਲੇ ਅਤੀਤ ਸਨ। ਉਹ ਸਤਿਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਅਨੰਨਜ ਭਗਤ ਸਨ। ਉਹ ਪੂਰਨ ਵਿਦਵਾਨ ਗੁਰਮਤ ਦੇ ਧੁਰੰਧਰ ਗਿਆਤਾ ਸਨ।

ਉਹ ਨਿਰੇ ਸ਼ਾਂਤ ਰਸੀਏ ਹੀ ਨਾ ਸਨ ਸੱਗੋਂ ਮਨਮਤੀਆਂ ਦੀਆਂ ਗੁਰਮਤ ਵਿਰੁਧ ਕੁਤਰਕਾਂ ਦਾ ਬੀਰ ਰਸੀ ਸ਼ਾਂਤ ਸੁਭਾਵ ਵਿਚ ਦਿਮਾਗੀ ਉੱਤਰ ਵੀ ਬੜੀ ਅੱਛੀ ਤਰ੍ਹਾਂ ਦੇਣਾ ਜਾਣਦੇ ਸਨ।

ਮੈਂ ਉਨ੍ਹਾਂ ਨੂੰ ਮਹਾਂ ਪੁਰਖ ਤੇ ਪੂਰਨ ਗੁਰਸਿੱਖ ਸਮਝਦਾ ਹਾਂ।

੨੮. ੩. ੩੯] ਬਾਬਾ ਕੇਹਰ ਸਿੰਘ ਜੀ ਪੱਟੀ



Digitized by Panjab Digital Library | www.panjabdigilib.org

# ੧੯੧੫

## ਸੁਨਹਿਰੀ ਯਾਦ

"To the political-world he was a geniune petriot, who contributed his quota not merely through his liberal help to various of his political friends, but by courting sufferings through fine and imprisonment as well."

(Master Mota Singh ji Akali.)

ਭਾਰਤ ਦੇ ਇਤਿਹਾਸ ਵਿਚ ਤੇ ਖਾਸ ਕਰਕੇ ਪੰਜਾਬ ਦੀ ਤਾਰੀਖ ਵਿਚ ੧੯੧੫ ਦੇ ਸਾਲ ਦੀ ਯਾਦਗਾਰ ਸਦਾ ਲਈ ਅਮਿੱਟ ਸੁਨਹਿਰੀ ਅੱਖਰਾਂ ਵਿੱਚ ਲਿਖੀ ਹੋਈ ਚਮਕਦੀ ਰਹੇਗੀ। ਕਿਉਂਕਿ ਇਸੇ ਸਾਲ ਅਮ੍ਰੀਕਾ ਕੈਨੇਡਾ ਤੇ ਚੀਨ ਆਦਿ ਪਰਦੇਸਾਂ ਦੇ ਦੇਸ਼ ਭਗਤ ਆਜ਼ਾਦੀ ਦੇਵੀ ਦੀ ਕੁਰਬਾਨ-ਗਾਹ ਤੇ ਸਿਰਾਂ ਦੀਆਂ ਭੇਟਾਂ ਦੇਣ ਲਈ ਉਤਸ਼ਾਹ ਤੇ ਉਮਾਹ ਵਿਚ ਵਾਹੋ ਦਾਹੀ ਇੱਕ ਤੋਂ ਇੱਕ ਅੱਗੇ ਹੋਕੇ ਭੱਜੇ ਆਏ ਸਨ

ਸਰਕਾਰ ਮਾਈ ਬਾਪ ਦੇ ਆਸਰੇ ਪਲਨ ਵਾਲੇ ਖੁਸ਼ਾਮਦੀ, ਜੀ ਹਜ਼ੂਰੀਏ ਭਾਵੇਂ ਕੁੱਛ ਹੀ ਪਏ ਆਖਣ, ਕਾਗਜ਼ੀ ਕੀੜੇ ਤੇ ਉਕਤੀਆਂ ਯੁਕਤੀਆਂ ਨਾਲ ਆਜ਼ਾਦੀ ਦੇ ਲੱਡੂ ਭੋਰ ਭੋਰ ਖਾਣ ਵਾਲੇ ਕੁਝ ਭੀ ਭਾਵੇਂ ਖਿਆਲ ਕਰਨ, ਬੁਜ਼ਦਿਲ ਡਰਾਕਲ ਦੁੱਖਾਂ ਕਸ਼ਟਾਂ ਤੇ ਮੌਤ ਦੇ ਭੈ ਤੋਂ ਕੰਬਦੇ ਹੋਏ ਭਾਵੇਂ ਕਿਸੇ ਤਰ੍ਹਾਂ ਭੀ ਪਏ ਖਿਆਲ ਕਰਨ। ਕਲਮੀ ਲੜਾਈ ਲੜਨ ਵਾਲੇ, ਗੱਲੀਂ, ਖਿਆਲਾਂ ਦੇ ਗੋਲਿਆਂ ਨਾਲ ਪਹਾੜ ਢਾਹੁਣ ਵਾਲੇ,



Digitized by Panjab Digital Library | www.panjabdigilib.org

ਲੈਕਚਰਾਂ ਦੀ ਖੱਟੀ ਖਾਣ ਵਾਲੇ ਕਿਵੇਂ ਭੀ ਭਾਵੇਂ ਪਏ ਸੋਚਣ ਤੇ ਵਿਚਾਰਨ, ਪਰ ਆਜ਼ਾਦੀ ਨੂੰ ਸਮਝਣ ਵਾਲੇ, ਸੁਤੰਤ੍ਰਤਾ ਨੂੰ ਅਨਭਵ ਕਰਨ ਵਾਲੇ, ਸ੍ਵਦੇਸ਼ ਪ੍ਰੇਮ ਦੇ ਦੀਵਾਨੇ ਤੇ ਸ੍ਵਤੰਤ੍ਰਤਾ ਦੇਵੀ ਦੇ ਮਸਤਾਨੇ ਆਸ਼ਕ ਜਾਣਦੇ ਹਨ, ਤੇ ਅੱਛੀ ਤਰ੍ਹਾਂ ਜਾਣਦੇ ਹਨ ਕਿ ੧੯੧੪-੧੫ ਦੇ 'ਸਿਰ ਧਰ ਤਲੀ ਗਲੀ ਮੇਰੀ ਆਉ' ਦੇ ਅਰਥਾਂ ਨੂੰ ਸਮਝਣ ਵਾਲੇ, 'ਇਤਿ ਮਾਰਗ ਪੈਰ ਧਰੀਜੈ ਸਿਰ ਦੀਜੈ ਕਾਨ ਨ ਕੀਜੈ' ਦੇ ਭਾਵਾਰਥ ਨੂੰ ਅੱਛੀ ਤਰਾਂ ਜਾਣ ਚੁੱਕੇ, ਆਜ਼ਾਦੀ ਦੇਵੀ ਨੂੰ ਪ੍ਰਸੰਨ ਕਰਨ ਲਈ 'ਮੋਹਿ ਮਰਨੇ ਕਾ ਚਾਉ ਹੈ' ਆਖਣ ਵਾਲੇ ਸੂਰਬੀਰ ਦੇਸ਼ ਸੇਵਕ ਤੇ ਸੱਚੇ ਸੁੱਚੇ ਦੇਸ਼ ਭਗਤ ਸਨ। ਸਾਡਾ ਮਤਲਬ ਏਥੇ ਤਸ਼ੱਦਦ ਜਾਂ ਬੇ ਤਸ਼ੱਦਦ ਦਾ ਜ਼ਿਕਰ ਕਰਨਾ ਨਹੀਂ, ਸ਼ਾਂਤ ਮਈ ਜਾਂ ਅਸ਼ਾਂਤ ਮਈ ਅਸੂਲਾਂ ਉੱਪਰ ਬਹਿਸ ਕਰਨਾ ਨਹੀਂ, ਸਗੋਂ ਦੇਖਣਾ ਇਹ ਹੈ, ਵਿਚਾਰਨ ਵਾਲੀ ਗੱਲ ਇਹ ਹੈ ਕਿ ਆਯਾ ਉਨ੍ਹਾਂ ਦੇਸ਼ ਭਗਤਾਂ ਦੀ ਨੀਯਤ ਕੀ ਸੀ? ਉਨ੍ਹਾਂ ਦੇ ਦਿਲਾਂ ਵਿੱਚ ਵਲਵਲੇ ਕੇਹੋ ਜੇਹੇ ਸਨ? ਕੰਮ ਕਰਨ ਦਾ ਢੰਗ ਭਾਵੇਂ ਕੁਛ ਭੀ ਹੋਵੇ ਦੇਖਣ ਵਾਲੀ ਗੱਲ ਆਸ਼ੇ ਦੀ ਹੈ, ਆਦਰਸ਼ ਦੀ ਹੈ। ਘਰਾਂ ਵਿੱਚ ਵਿਹਲੀਆਂ ਖਾ, ਖਾ, ਗਰੀਬਾਂ ਦਾ ਖ਼ੂਨ ਚੂਸ ਚੂਸ 'ਕੌਮੀ ਖਾਦਮ' ਬਣਨ ਦਾ ਧੋਖੇ ਭਰਿਆ, ਦਮ ਭਰਨ ਵਾਲੇ ਫਸਲੀ ਬਟੇਰੇ ਭਾਵੇਂ ਕੁਛ ਪਏ ਪਟਾਕਣ, ਕਸ਼ਟਾਂ ਤੋਂ ਡਰਦੇ ਗਿਰਗਿਟ ਨੁਮਾ ਲੀਡਰ ਭਾਵੇਂ ਕੁਛ ਪਏ ਉਚਰਨ, ਮੌਤ ਤੋਂ ਤ੍ਰਹਿਕਦੇ ਗਦੇਲਿਆਂ ਤੇ ਸੌਣ ਵਾਲੇ ਤੇ ਨਰਮ ਕੋਚਾਂ ਉੱਪਰ ਬੈਠ ਬੈਠ ਫਮੂਕੀਆਂ ਮਾਰਨ ਵਾਲੇ ਫੋਕੇ ਅਮੀਰ ਭਾਵੇਂ ਕੁਛ ਪਏ ਕਹਿਣ, ਪਰ ਸੱਚੇ ਖ਼ੂਨ ਵਾਲਾ, ਸੱਚ ਨੂੰ ਅੱਖਾਂ ਅੱਗੇ ਰੱਖਕੇ ਵਿਚਾਰ ਕਰਨ ਵਾਲਾ ਇਨਸਾਫ ਪਸੰਦ ਬੰਦਾ ਕਦੇ ਭੀ ਉਨ੍ਹਾਂ ਸ਼ਹੀਦ ਹੋਣ ਵਾਲੇ ਤੇ ਜੇਲਾਂ ਦੇ ਅਕਹਿ ਕਸ਼ਟ ਸਹਿਣ ਵਾਲੇ ਦੇਸ਼ ਭਗਤ, ਸੱਚੇ ਕੌਮ ਪੂਜਾਂ ਦੀ ਦੇਸ਼ ਭਗਤੀ, ਕੌਮ ਪਰਸਤੀ ਤੇ ਸ੍ਵਦੇਸ਼ ਸ੍ਵਤੰਤ੍ਰਤਾ ਲਈ ਆਪਾ ਵਾਰਨ ਵਾਲੀ ਅਦੁਤੀ ਸਪਿਰਟ ਤੇ 'ਕਿੰਤੂ' ਨਹੀਂ ਕਰ ਸਕਦਾ, ਰਤੀ ਭਰ ਭੀ ਸ਼ਕ ਨਹੀਂ ਕਰ ਸਕਦਾ। ਅੱਜ ਦੇਸ਼ ਭਗਤਾਂ, ਕੌਮ ਪੂਜਾਂ ਦੀਆਂ ਡਾਰਾਂ ਦੀਆਂ ਡਾਰਾਂ ਪਈਆਂ ਫਿਰਦੀਆਂ ਹਨ,



Digitized by Panjab Digital Library | www.panjabdigilib.org

ਹੇੜਾਂ ਦੀਆਂ ਹੇੜਾਂ ਤੇ ਜਥਿਆਂ ਦੇ ਜਥੇ ਪਏ ਨਜ਼ਰ ਆਉਂਦੇ ਹਨ, ਪਰ ਜੇ ਅੱਜ ਭੀ ਕਿਤੇ ਮੌਤ ਦੀ ਕਸਵੱਟੀ ਉੱਤੇ ਲਾਕੇ ਇਨ੍ਹਾਂ ਦੇਸ਼ ਭਗਤੀ ਦਾ ਦਮ ਭਰਨ ਵਾਲਿਆਂ ਨੂੰ ਜ਼ਰਾ ਪਰਖਿਆ ਜਾਵੇ ਤਾਂ ਸ਼ਾਇਦ ਹੀ ਸੌ ਵਿੱਚੋਂ ਦੋ ਚਾਰ ਨਿਕਲਨਗੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਉਨ੍ਹਾਂ ਹੀ ਸ਼ਹੀਦਾਂ ਦੀਆਂ ਮੜ੍ਹੀਆਂ ਤੇ ਖੜੇ ਹੋਕੇ ਕਈ ਭੇਖੀ ਪੇਟ ਪੂਜਾ ਦੀ ਕੋਝੀ ਕਾਰੇ ਲੱਗੇ ਹੋਏ ਹਨ। ਰੁਪਏ ਕਮਾ ਰਹੇ ਤੇ ਗੁਲਸ਼ੱਰੇ ਉਡਾ ਰਹੇ ਹਨ,ਪਰ ਕਿਸੇ ਹਾਲਤ ਵਿੱਚ ਭੀ ਉਨ੍ਹਾਂ ਸ਼ਹੀਦ ਦੇਸ਼ ਭਗਤਾਂ ਤੇ ਜ਼ਿੰਦਾ ਸ਼ਹੀਦ ਕਸ਼ਟ ਝਲ ਚੁੱਕੇ ਤੇ ਝਲ ਰਹੇ ਸੂਰਮੇ ਕੌਮ ਪੂਜਾਂ ਦੀ ਸਦਾਕਤ, ਕੌਮ ਪਰਸਤੀ, ਤੇ ਸ੍ਵਦੇਸ਼ ਭਗਤੀ ਵਿੱਚ ਕੋਈ ਸ਼ਕ ਨਹੀਂ ਕਰ ਸਕਦਾ।

ਪਾਠਕ ਜਨ! ਇਹ ਉਹ ਸਮਾ ਸੀ ਜਦ ਬੜੇ ੨ ਖ਼ਬੀਖਾਨਾਂ ਦੇ ਛੱਕੇ ਛੁੱਟ ਰਹੇ ਸਨ, ਬੜੇ ਬੜੇ 'ਜ਼ਿੰਦਾ ਸ਼ਹੀਦ' ਕਹੌਣ ਵਾਲੇ 'ਯਈਂ ਯਈਂ' ਪਏ ਕਰਦੇ, ਸਰਕਾਰ ਮਾਈ ਬਾਪ ਦੀ ਵਫਾਦਾਰੀ ਪ੍ਰਗਟ ਕਰਨ ਲਈ ਆਪਣੇ ਮੁਲਕੀ ਭਰਾਵਾਂ ਦੇ ਖ਼ੂਨ ਨ੍ਹਾ ਰਹੇ ਸਨ ਤੇ ਮੌਤ ਦੇ ਮੂੰਹ ਵਿੱਚ ਤੁੰਨਣ ਲਈ ਵਿਤੋਂ ਬਾਹਰਾ ਜ਼ੋਰ ਲਾ ਰਹੇ ਸਨ, ਉਹ ਭਾਵੇਂ 'ਜ਼ਿੰਦਾ ਸ਼ਹੀਦ' ਹੋ ਗਏ, ਭਾਵੇਂ ਸਰਦਾਰ ਬਹਾਦਰ,ਖਾਨ ਸਾਹਿਬ ਤੇ ਸਰ ਹੋ ਗਏ, ਬੇਸ਼ਕ ਜਾਗੀਰਾਂ ਤੇ ਮੁਰੱਬਿਆਂ ਦੇ ਮਾਲਕ ਹੋ ਗਏ, ਪਰ ਉਹ ਉਨ੍ਹਾਂ ਸ਼ਹੀਦ ਦੇਸ਼ ਭਗਤਾਂ ਦੀ ਸੱਚਾਈ ਤੇ ਕੌਮ ਪਰਸਤੀ ਵਿੱਚ ਸ਼ੱਕ ਨਹੀਂ ਕਰ ਸਕਦੇ। ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਮੈਨੂੰ ਉਨ੍ਹਾਂ ਸੱਚੇ ਸੂਰਮੇਂ ਦੇਸ਼ ਭਗਤਾਂ ਦੀ ਅਵਾਜ਼ ਅਜੇ ਭੀ:-

ਬਾਗ਼ੀ ਨਹੀਂ ਬਾਗ਼ੀਪਨ ਤੋਂ ਖੌਫ ਭੀ ਨਾ,
ਮੁੱਢੋਂ ਬਾਗ਼ੀਆਂ ਦੇ ਨਾਲ ਪਜਾਰ ਮੇਰਾ।
ਕਿਉਂਕਿ ਕੌਮ ਪੂਜਾਂ ਨੂੰ ਤੂੰ ਕਹੇਂ ਬਾਗ਼ੀ,
ਹਾਜ਼ਰ ਜਿਨ੍ਹਾਂ ਲਈ ਸੀਸ ਸੌ ਵਾਰ ਮੇਰਾ।



Digitized by Panjab Digital Library | www.panjabdigilib.org

ਜਿਨ੍ਹਾਂ ਸੇਵਕਾਂ ਨੂੰ ਸਾੜ੍ਹੇਂ ਜੇਲ੍ਹ ਖਾਨੀ,
ਸਦਕੇ ਉਨ੍ਹਾਂ ਉੱਤੋਂ ਸਭ ਪ੍ਰਵਾਰ ਮੇਰਾ।
ਜਿਨ੍ਹਾਂ ਦੇਸ਼ ਭਗਤਾਂ ਨੂੰ ਤੂੰ ਦਏਂ ਫਾਹੇ,
ਰਾਜ ਦਿਆਂ ਜੇ ਹੁਇ ਅਖਤਿਆਰ ਮੇਰਾ।
ਮੁਲਕ ਲਈ ਕੌਮੀ ਮੁਲਕੀ ਸੇਵਕਾਂ ਲਈ,
ਖੂਨ ਰਿਹਾ ਹਰਦਮ ਜੋਸ਼ ਮਾਰ ਮੇਰਾ।
ਜਿੱਚਰ ਜਾਨ ਵਿੱਚ ਜਾਨ ਈਮਾਨ ਦੀ ਸਹੁੰ,
'ਚਸਕਾ ਛੁੱਟਣਾ ਨਹੀਂ ਸਰਕਾਰ ਮੇਰਾ।'

---

ਮੈਂ ਇਹ ਜਾਣਦਾ ਹਾਂ ਜ਼ੁਲਮ ਕਰਨ ਲੱਗਿਆਂ,
ਕਦੇ ਜ਼ਾਲਮਾਂ ਨੂੰ ਤਰਸ ਆਉਂਦਾ ਨ੍ਹੀਂ।
ਮੈਨੂੰ ਪਤਾ ਬੇ-ਦਰਦ ਹਤਿਆਰੀਆਂ ਦਾ,
ਸਿਤਮ ਢੌਂਦਿਆਂ ਦਿੱਲ੍ਹ ਦਹਿਲਾਉਂਦਾ ਨ੍ਹੀਂ।
ਮੈਨੂੰ ਪਤਾ ਚੋਰਾਂ, ਡਾਕੂ, ਕਾਤਲਾਂ ਦਾ,
ਖੂਨ ਕਰਦਿਆਂ ਜੀਉ ਘਬਰਾਉਂਦਾ ਨ੍ਹੀਂ।
ਇਹ ਭੀ ਪਤਾ ਗੱਦਾਰ ਗੁਮਰਾਹੀਆਂ ਨੂੰ,
ਦੇਸ਼ ਘਾਤੀਆਂ ਨੂੰ 'ਦੁਖੀ' ਭਾਉਂਦਾ ਨ੍ਹੀਂ।
'ਸਭੋ ਜਾਣਦਾ ਹਾਂ ਤਦ ਭਿ ਆਖਦਾ ਹਾਂ,
ਗੂੜ੍ਹਾ ਕੌਮ ਪੂਜਾਂ ਨਾਲ ਪਜਾਰ ਮੇਰਾ।
ਚਾਹੇ ਚਾੜ੍ਹ ਫਾਹੇ, ਚਾਹੇ ਮਾਰ ਗੋਲੀ,
ਚਸਕਾ ਛੁੱਟਣਾ ਨਹੀਂ ਸਰਕਾਰ ਮੇਰਾ।'

---

ਮੈਨੂੰ ਪਤਾ ਹੈ 'ਦੇਸ਼ ਗੁਲਾਮ ਮੇਰਾ,
ਉੱਤੋਂ ਰੰਗ ਚੜ੍ਹਿਆ ਮਜ਼੍ਹਬੀ ਖਾਰਦਾ ਏ।'



Digitized by Panjab Digital Library | www.panjabdigilib.org

ਮੈਨੂੰ ਪਤਾ, 'ਗੁਲਾਮ ਦਾ ਹੱਕ ਕੁਝ ਨਾ,
ਜਾਬਰ ਜਿਵੇਂ ਚਾਹੇ ਤਿਵੇਂ ਮਾਰਦਾ ਏ।'
ਮੈਨੂੰ ਪਤਾ ਹੈ 'ਬੇ ਅਣਖ ਹਿੰਦੀਆਂ ਦਾ,
ਮਾਦਾ ਰਿਹਾ ਨਾ ਆਜ਼ਾਦੀ ਪਜਾਰ ਦਾ ਏ।'
ਇਹ ਭਿ ਪਤਾ 'ਮੈਂ ਆਟੇ ਚਿ ਲੂਣ ਵਾਂਗੂੰ,
ਡਾਢਾ ਤੇਜ਼ ਅੰਗ੍ਰੇਜ਼ ਸਰਕਾਰ ਦਾ ਏ।'
ਸਭੋ ਸੋਚਕੇ ਸਮਝ ਕੇ ਸੱਚ ਆਖਾਂ,
ਹਿਰਦਾ ਕਹੇ ਇਉਂ ਹੀ ਬਾਰ ਬਾਰ ਮੇਰਾ।
'ਦੁਖੀ' ਦੇਸ਼ ਭਗਤਾਂ ਦਾ ਹਾਂ ਸਦਾ ਸੇਵਕ,
ਚਸਕਾ ਛੁਟਣਾ ਨਹੀਂ ਸਰਕਾਰ ਮੇਰਾ'।

---

ਮੈਨੂੰ ਪਤਾ 'ਮੈਂ ਅਬਲ ਬੇ ਆਸਰਾ ਹਾਂ,
ਨੌਕਰ ਸ਼ਾਹੀ ਦੀਆਂ ਬਾਹਵਾਂ ਲੰਮੀਆਂ ਨੇ।'
ਮੈਨੂੰ ਪਤਾ 'ਜਿਹੜੇ ਕੁੱਲੀ ਢੌਣ ਮੇਰੀ,
ਵੈਰੀ ਮਹਲ ਦੀਆਂ ਉਹ ਹੀ ਥੰਮੀਆਂ ਨੇ।'
ਮੈਨੂੰ ਪਤਾ 'ਹਰ ਇਕ ਸਰਸ ਜਾੜ ਮੁੱਢੇ,
ਚਾਰ ਚਾਰ ਵਿਸ ਬੂਟੀਆਂ ਜੰਮੀਆਂ ਨੇ।'
ਇਹ ਭਿ ਪਤਾ ਕਿੱਕੂੰ ਮੇਰੇ ਖ਼ੂਨ ਨੂੰਣਾ,
ਪੇਟ ਪਾਲੂਆਂ ਕਾਇਰਾਂ ਕੰਮੀਆਂ ਨੇ।'
ਸਭੋ ਸੋਚਦਾ ਸਮਝਦਾ ਦੇਖਦਾ ਹਾਂ,
ਤਾਂ ਭੀ ਕੀ ਕਰਾਂ ਬੇ ਅਖਤਿਆਰ ਮੇਰਾ।
" 'ਦੁਖੀ' ਦੇਸ਼ ਸੇਵਾ, ਪੂਜਾ ਕੌਮ ਦੀ ਦਾ,
ਚਸਕਾ ਛੁਟਣਾ ਨਹੀਂ ਸਰਕਾਰ ਮੇਰਾ।"

ਇਉਂ ਗਾਉਂਦੀ ਪਈ ਸੁਣਾਈ ਦਿੰਦੀ ਹੈ। ਮੈਂ ਫੇਰ ਜ਼ੋਰ ਨਾਲ ਤੇ ਬੜੇ ਜ਼ੋਰ ਨਾਲ ਆਖਦਾ ਹਾਂ ਕਿ ਇਹ ਸਾਰੀ ਕੌਮੀ ਲਹਿਰ, ਮੁਲਕੀ



Digitized by Panjab Digital Library | www.panjabdigilib.org

ਜੋਸ਼ ਦੇ ਉਬਾਲੇ, ਤੇ ਦੇਸ਼ ਪ੍ਰੇਮ ਦੇ ਉਛਾਲੇ ਉਨ੍ਹਾਂ, ਤੇ ਅਜੇਹੇ ਹੀ ਸੱਚੇ ਸ਼ਹੀਦੀ ਦਾ ਸਦਕਾ ਹੈ। ਮੈਨੂੰ ਬੰਗਾਲੀ ਸ਼ਹੀਦ ਦੇ ਉਹ ਆਖਰੀ ਸ਼ਬਦ:—

"ਆਮਾਰ ਰੋਕਤੇਰ ਪ੍ਰਤਜੇਕ ਬਿੰਦੂ ਭਾਰਤੇਰ ਘੋਰੇ ਘੋਰੇ ਸ੍ਵਾਧੀਨਤਾਰ ਬੀਜ ਬੋਪੁਨ ਕੋਰਵੇ।"

ਅਰਥਾਤ—"ਮੇਰੇ ਖ਼ੂਨ ਦਾ ਇੱਕ ਇੱਕ ਕਤਰਾ ਭਾਰਤ ਵਰਸ਼ ਦੇ ਘਰ ਘਰ ਵਿਚ ਸ੍ਵਤੰਤ੍ਰਤਾ ਦਾ ਬੀਜ ਬੀਜ ਦੇਵੇਗਾ।" ਅਜ ਭੀ ਓਵੇਂ ਹੀ ਸੁਣਾਈ ਪਏ ਦਿੰਦੇ ਹਨ ਤੇ ਸੱਚ ਮੁੱਚ ਰੰਗ ਲਿਆਉਂਦੇ ਦਿਖਾਈ ਦੇ ਰਹੇ ਹਨ। ਬੀਜ ਹੀ ਨਹੀਂ ਉੱਗਿਆ, ਸਗੋਂ ਉਨ੍ਹਾਂ ਦੀ ਬੀਜੀ ਹੋਈ ਆਜ਼ਾਦੀ ਦੀ ਬੇਲ ਨੂੰ ਹੁਣ ਫੁੱਲ ਭੀ, ਰੰਗ ਬਰੰਗੇ ਫੁੱਲ ਭੀ ਲੱਗ ਰਹੇ ਹਨ। ਪਰ ਹਾਇ ਅਫਸੋਸ! ਸਦੀਆਂ ਤੋਂ ਗੁਲਾਮੀ ਦੀ ਗਹਿਰੀ ਨੀਂਦੇ ਸੁੱਤੇ ਰਹੇ ਹਿੰਦੀ ਹੁਣ ਜ਼ਰਾ ਜਾਗੇ ਹਨ। ਅੱਖਾਂ ਖੁਲ੍ਹੀਆਂ ਹਨ, ਟਾਵੇਂ ਟਾਵੇਂ ਫੁੱਲਾਂ ਵਲ ਦੇਖ ਦੇਖ 'ਮੈਂ ਲੈਣਾ ਮੈਂ ਲੈਣਾ' ਆਖ ਆਖ ਅਵਾਣ ਬੱਚਿਆਂ ਵਾਂਗ ਪਏ ਲੜਦੇ ਝਗੜਦੇ ਹਨ। ਉਹ ਜਾਣਦੇ ਹੀ ਨਹੀਂ ਕਿ ਅਜੇ ਦਿੱਲੀ ਦੂਰ ਹੈ। ਇਹ ਤਾਂ ਅੱਜੇ ਨਕਲੀ ਫੁੱਲ ਹਨ, ਝੂਠੇ ਫੁੱਲ ਹਨ, ਸੱਚੇ ਫੁੱਲ ਤਾਂ ਅੱਜੇ ਨਿਕਲਨੇ ਹਨ ਉਨ੍ਹਾਂ ਦੇ ਨਿਕਲ ਕੇ ਝੜ ਜਾਣ ਪਿੱਛੋਂ ਕਿਤੇ ਫਲ ਲੱਗਣਾ ਹੈ। ਫੇਰ ਉਸ ਫਲ ਦੀ ਰਾਖੀ ਲਈ, ਹਿਫਾਜ਼ਤ ਲਈ, ਪਤਾ ਨਹੀਂ ਕਿੰਨਾ ਚਿਰ ਤੇ ਕਿੰਨੇ ਮਾਲੀਆਂ ਨੂੰ ਰਾਖੀ ਕਰਨ ਲਈ ਆਪਾ ਵਾਰਨਾ ਪੈਣਾ ਹੈ? ਖੂੰਖਾਰ ਜੰਗਲੀ ਜਾਨਵਰਾਂ ਹੱਥੋਂ ਪਤਾ ਨਹੀਂ ਕਿੰਨਿਆਂ ਕੁ ਨੇ ਕੁਰਬਾਨ ਹੋਣਾ ਹੈ? ਤਦ ਜਾ ਕੇ ਆਜ਼ਾਦੀ ਦਾ ਫਲ ਪ੍ਰਾਪਤ ਹੋਣਾ ਹੈ। ਤਦੇ ਹੀ ਤਾਂ ਆਜ਼ਾਦੀ ਦੇਵੀ ਦੇ ਆਸ਼ਕ ਤੇ ਮਤਵਾਲੇ ਹੱਥ ਜੋੜੀ ਇਸ ਦੇਵੀ ਅੱਗੇ ਇਉਂ ਪਏ ਅਰਜ਼ਾਂ ਕਰਦੇ ਤੇ ਵਾਸਤੇ ਪਾਉਂਦੇ ਹਨ:—

ਸਾਨੂੰ ਮਾਰ ਗੁਲਾਮੀ ਨੇ ਛਾਰ ਕੀਤਾ,
ਆ ਆਜ਼ਾਦੀਏ ਦੇਸ਼ ਵਸਾਉਂਦੀ ਜਾ।
ਪਰਵੱਸ ਪਿੰਜਰੇ ਪਿਆਂ ਪੰਖੇਰੂਆਂ ਨੂੰ,
ਤਾੜੀ ਪ੍ਰੇਮ ਦੀ ਮਾਰ ਉਡਾਉਂਦੀ ਜਾ।



Digitized by Panjab Digital Library | www.panjabdigilib.org

ਧਰਮ ਸ਼ਰਮ ਦਾ ਰੁਖ ਨਾ ਸੁੱਕ ਜਾਵੇ,
ਪਾਣੀ ਖ਼ੂਨ ਅਸਾਡੜੇ ਪਾਉਂਦੀ ਜਾ।
'ਦੁਖੀ' ਦੇਸ਼ ਸ੍ਵਤੰਤ੍ਰਤਾ ਲਈ ਬੇਸ਼ੱਕ,
ਚੱਪੇ ਚੱਪੇ ਤੇ ਸੀਸ ਲਗਾਉਂਦੀ ਜਾ।

---

"ਆਹ ! ਬੇ ਅਣਖ ਬੇ ਸ਼ਰਮ ਬੇ ਦੀਨ ਹਿੰਦੀ"
ਦੁਨੀਆਂ ਕਹੇ, ਇਹ ਗਲ ਰੜਕਾਉਂਦੀ ਜਾ।
ਰਹੇ ਦਾਗ਼ ਨਾ ਇਹ ਮੇਰੀ ਕੌਮ ਉੱਤੇ,
ਬੇਸ਼ੱਕ ਪਜਾਲਾ ਸ਼ਹੀਦੀ ਪਿਲਾਉਂਦੀ ਜਾ।
ਬਜਬਜ, ਨਨਕਾਣਾ ਸਾਰਾ(ਈ)ਦੇਸ਼ ਕਰਦੇ,
ਜਲਜਾਂ ਵਾਲਾ ਹਰ ਤਰਫ ਬਣਾਉਂਦੀ ਜਾ।
'ਦੁਖੀ' ਦਿਲ ਅੰਦਰ ਏਹੀ ਖਜਾਲ ਹਰਦਮ,
ਠੰਡੇ ਖ਼ੂਨ ਗ਼ੁਲਾਮ ਗ਼ਰਮਾਉਂਦੀ ਜਾ।

ਹਾਂ ! ਪਾਠਕ ਜਨੋਂ ! ਮੈਂ ਇਸ ੧੯੧੫ ਸਾਲ ਦੀ ਇਤਿਹਾਸਕ ਯਾਦਗਾਰ ਲਈ ਅਰਜ਼ ਕਰ ਰਿਹਾ ਸਾਂ ਤੇ ਉਸ ਲਈ ਮੁਲਕ ਦੀ ਜਿੰਦ ਕੌਮ ਦੀ ਜਾਨ, ਮੁਲਕੀ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਉਨ੍ਹਾਂ ਦੀਆਂ ਪਵਿੱਤ੍ਰ ਰੂਹਾਂ ਦੀਆਂ ਅਵਾਜ਼ਾਂ ਸੁਣਨ ਦੇ ਵਹਿਣ ਵਿਚ ਵਹਿ ਗਿਆ ਸਾਂ ਆਓ ਫੇਰ ਆਪਣੇ ਅਸਲੀ ਆਸ਼ੇ ਵਲ ਆਈਏ।

ਇਸੇ ਸਾਲ ਹੀ ਅਪ੍ਰੈਲ ਵਿੱਚ ਰੌਲਾ ਗੌਲਾ ਪਿਆ, ਪਕੜ ਧਕੜ ਸ਼ੁਰੂ ਹੋਈ ਤੇ ਇਸੇ ਸਾਲ ਦੇ ਹੀ ਅਖੀਰ ਵਿੱਚ ਪ੍ਰਸਿੱਧ ਦੇਸ਼ ਭਗਤ ਸਰਦਾਰ ਕਰਤਾਰ ਸਿੰਘ ਸਰਾਭਾ* ਤੇ ਉਸ ਦੇ ਸਾਥੀਆਂ ਦਾ 'ਪਹਿਲਾ

---

*ਸੁ: ਕਰਤਾਰ ਸਿੰਘਜੀ ਸਰਾਭਾ-ਪੰਜਾਬ ਵਿੱਚ ਕਿਹੜਾ ਹੈ, ਜਿਸਨੂੰ ਇਸ ਆਜ਼ਾਦੀ ਦੇ ਪਿਆਰੇ ਪਰਜਾ ਭਗਤ ਦਾ ਪਤਾ ਨਹੀਂ। ਇਸ ਮਾਪਿਆਂ ਦੇ ਪਿਆਰੇ ਤੇ ਇਕਲੌਤੇ ਪੁਤ੍ਰ ਦਾ ਜਨਮ ੧੮੯੬ ਵਿੱਚ ਹੋਇਆ। ਦਸਵੀਂ ਪਾਸ ਕਰ ਅਮ੍ਰੀਕਾ ਚਲੇ ਗਏ ਤੇ 'ਗ਼ਦਰ' ਅਖਬਾਰ ਕੱਢਿਆ ਤੇ ਹਿੰਦੁਸਤਾਨੀ ਗ਼ਦਰ ਲਹਿਰ ਦਾ ਲੀਡਰ



Digitized by Panjab Digital Library | www.panjabdigilib.org

ਪੰਜਾਬ ਸਾਜ਼ਸ਼ ਕੇਸ' ਲਾਹੌਰ ਸੈਂਟ੍ਰਲ ਜੇਲ ਵਿੱਚ ਸ਼ੁਰੂ ਹੋਇਆ ਸੀ।

ਯੂਰਪੀ ਮਹਾਂ ਜੰਗ ਹੁਣ ਜ਼ੋਰਾਂ ਤੇ ਹੋ ਗਿਆ ਸੀ। ਪੰਜਾਬ ਵਿੱਚੋਂ ਰੰਗ-ਰੂਟਾਂ ਸਿਪਾਹੀਆਂ ਦੀ ਭਰਤੀ ਤੇ ਸਰਕਾਰ ਦੀ ਦਮਨ ਨੀਤੀ ਜ਼ੋਰਾਂ ਤੇ ਸੀ। ਇਨ੍ਹਾਂ ਸਾਰੇ ਹਾਲਾਂ ਨੂੰ ਦੇਖ ਦੇਖ ਕੇ ਸੁਣ ਸੁਣ ਕੇ ਭਲਾ ਕਿਸ ਸੱਚੇ ਦਿਲ ਤੇ ਅਣਖੀ ਖ਼ੂਨ ਉੱਤੇ ਅਸਰ ਹੋਏ ਬਿਨਾ ਰਹਿ ਸਕਦਾ ਸੀ? ਵੈਦ ਜੀ ਦਾ ਖਿਆਲ ਤਲਮਲਾ ਉੱਠਿਆ, ਖ਼ੂਨ ਗਰਮਾ ਗਿਆ ਤੇ ਆਪ ਕਾਫ਼ੀ ਚਿਰ ਕਸ਼ਮਕਸ਼ ਵਿੱਚ ਰਹੇ। ਕਦੇ ਆਪਣੀ ਵੱਲ ਦੇਖਦੇ ਤੇ ਕਦੇ ਆਪਣੇ ਉਦਾਲੇ ਆਪਣੇ ਟੱਬਰ ਕਬੀਲੇ ਤੇ ਸੰਸਾਰੀ ਝੰਮੇਲਿਆਂ ਵੱਲ ਨਜ਼ਰ ਮਾਰਦੇ। ਕਦੇ ਖ਼ੁਦਗਰਜ਼ ਦੇਸ਼ ਘਾਤੀ ਕੌਮ ਫਰੋਸ਼ਾਂ ਵੱਲ ਤੱਕ ਦੇ, ਤੇ ਕਦੇ ਕੌਮ ਪੂਜਾਂ ਦੇਸ਼ ਭਗਤਾਂ ਦੇ ਖਿਆਲਾਂ ਨੂੰ ਗਹੁ ਨਾਲ ਵਿਚਾਰਦੇ ਤੇ ਉਨ੍ਹਾਂ ਦੀ ਕੁਰਬਾਨੀ ਦੀ ਸਪਿਰਟ ਦੀ ਸ਼ੋਭਾ ਕਰਦੇ।

ਇੱਕ ਦਿਨ ਆਪ ਇਨ੍ਹਾਂ ਸੋਚਾਂ ਵਿੱਚ ਹੀ ਬੈਠੇ ਸਨ। ਖਿਆਲਾਂ ਦੇ ਵਹਿਣ ਵਿਚ ਹੀ ਰੁੜ੍ਹੇ ਪਏ ਜਾ ਰਹੇ ਸਨ ਕਿ ੫ ਜਨਵਰੀ ਨੂੰ ਨਵੇਂ ਆਏ ਪੁਲਿਸ ਇਨਸਪੈਕਟਰ ਨੇ ਆਪ ਨੂੰ ਬੁਲਾਇਆ। ਜੀ ਵਿੱਚ ਖਟਕ ਗਈ। ਸੱਚ ਆਖਦੇ ਹਨ, 'ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਹੈ' ਚਲੇ ਗਏ ਤੇ ਇਨਸਪੈਕਟਰ ਸਾਹਿਬ ਨੇ ਆਪਣੇ ਨਜ਼ਲਾ ਜ਼ੁਕਾਮ ਆਦਿ ਬੀਮਾਰੀ ਦੀ ਸ਼ਕਾਇਤ ਦੱਸ ਕੇ ਦਵਾਈ ਚਾਹੀ, ਪਰ ਨਾਲ ਹੀ ਵੈਦ ਜੀ! ਜ਼ਰਾ ਬੈਠੋ ਨਾ! ਆਖ ਕੇ ਦਸੰਬਰ ੧੯੧੪ ਦੇ 'ਦੁਖ ਨਿਵਾਰਨ' ਪਰਚੇ ਬਾਬਤ ਗੱਲਾਂ ਛੇੜ ਦਿੱਤੀਆਂ ਤੇ ਕਈ ਪ੍ਰਸ਼ਨ ਕੀਤੇ। ਵੈਦ ਜੀ ਭਾਪ ਤਾਂ ਗਏ ਕਿ ਦਾਲ ਵਿੱਚ ਜ਼ਰੂਰ ਕੁਛ ਕਾਲਾ ਕਾਲਾ ਹੈ, ਪਰ ਅੱਛੀ ਤਰ੍ਹਾਂ ਭੇਦ ਨਾ ਖੁਲ੍ਹ

---

ਬਣਨ ਵਿੱਚ ਦੇਰ ਨ ਲੱਗੀ। ਆਪ ਪਹਿਲੇ ਹਿੰਦੀ ਸਨ ਜਿਨ੍ਹਾਂ ਹਵਾਈ ਜਹਾਜ਼ ਬਨਾਵਨ ਤੱਕ ਸਿਖਿਆ। ਉਮਰ ਛੋਟੀ ਸੀ ਪਰ ਅਕਲ ਵੱਡੀ ਹੋਣ ਕਰਕੇ ਸਮੇਂ ਨੂੰ ਨਾ ਸੁਖਾਇਆ। ਭਾਰਤ ਵਿੱਚ ਵਾਪਸ ਆਉਣ ਤੇ ਸਾਜ਼ਸ਼ ਦੇ ਕੇਸ ਵਿੱਚ ਮੌਤ ਦੀ ਸਜ਼ਾ ਹੋਈ ਤੇ ਇਹ ਸ਼ੇਰ ਹੱਸਦਾ ਫਾਂਸੀ...ਨੂੰ ਭਾਗ ਲਾ ਗਿਆ, ਆਪ ਜੀ ਦਾ ਜੀਵਣ ਪੜ੍ਹਨ ਯੋਗ ਤੇ ਨੌ-ਜਵਾਨਾਂ ਵਾਸਤੇ ਬਹੁਤ ਸਿੱਖਿਆ ਦਾਇਕ ਹੈ।



Digitized by Panjab Digital Library | www.panjabdigilib.org

੬ ਜਨਵਰੀ ਨੂੰ ਫੇਰ ਇਨਸਪੈਕਟਰ ਨੇ ਸੱਦਿਆ ਤੇ ਦਸੰਬਰ ੧੯੧੪ ਦਾ ਪਰਚਾ ਮੰਗਿਆ, ਤੇ ਇਹ ਭੀ ਇਸ਼ਾਰੇ ਨਾਲ ਦੱਸਿਆ ਕਿ 'ਕੋਈ ਗੁਪਤ ਸ਼ਕਾਇਤ ਤੁਹਾਡੇ ਵਿਰੁੱਧ ਆਈ ਹੈ।' ਪਰ ਭੇਦ ਨਾ ਖੁਲ੍ਹਾ। ਪਤਾ ਲਗਣੋ ਕਦ ਤੱਕ ਰਹਿ ਸਕਦਾ ਸੀ? ਆਖਰ ੨੪ ਜਨਵਰੀ ਨੂੰ ਉਪ੍ਰੋਕਤ 'ਦੁਖ ਨਿਵਾਰਨ' ਦੇ ਲੇਖਾਂ ਬਾਰੇ ਸਰਕਾਰ ਵੱਲੋਂ ਵੈਦ ਜੀ ਵਿਰੁਧ ਨਫਰਤ ਫੈਲਾਉਣ ਤੇ ਹਤਕ ਕਰਨ ਦੇ ਦੋਸ਼ ਵਿਚ ਮੁਕੱਦਮਾ ਚਲਾਉਣ ਦੀ ਇਤਲਾਹ ਸਰਕਾਰੀ ਤੌਰ ਤੇ ਆ ਗਈ। ਭਾਵੇਂ ਪਿੱਛੋ ਖੋਜ ਕਰਨ ਤੋਂ ਸਾਰੀ ਗੱਲ ਦਾ ਪਤਾ ਲੱਗ ਗਿਆ ਕਿ ਇਹ ਸਾਰੀ ਕਾਰਵਾਈ ਆਪਣੇ ਸ਼ਹਿਰ ਦੇ ਭਰਾ ਭਾਈਆਂ ਵਲੋਂ ਤੇ ਉਪਰੋਂ ੨ ਸਜਣ ਪ੍ਰਤੀਤ ਹੋਣ ਵਾਲੇ ਮਿੱਤ੍ਰ-ਘਾਤੀਆਂ ਦੀ ਹੀ ਹੈ, ਜਿਸ ਤੋਂ ਆਪ ਦੇ ਦਿਲ ਨੂੰ ਬੜਾ ਅਫਸੋਸ ਹੋਇਆ ਤੇ ਦੁਨੀਆਂ ਦੀ ਦੋਰੰਗੀ ਚਾਲ ਤੇ ਗੁਲਾਮ ਖੁਦ.ਗਰਜ ਕਮੀਨੀ ਜ਼ਹੀਨਤ ਤੇ ਅਫਸੋਸ ਹੋਇਆ। ਯਾਦ ਰਹੇ ਇਸ ਵੇਲੇ ਹਰ ਇਕ ਆਦਮੀ ਸਰਕਾਰ ਦੀ ਝੂਠੀ ਵਫਾਦਾਰੀ ਪ੍ਰਗਟ ਕਰਨ ਤੇ 'ਵਾਹਵਾ' ਲੈਣ ਲਈ ਅੱਗੇ ਤੋਂ ਅੱਗੇ ਹੋ ਕੇ ਇਕ ਦੂਜੇ ਨੂੰ ਫਸਾਉਣ ਦੀ ਸੇਵਾ ਕਰ ਰਿਹਾ ਸੀ। ਪਰ ਆਪ ਆਪਣੇ ਖਿਆਲ ਵਿਚ ਮਸਤ ਰਹੇ ਕਿਸੇ ਨੂੰ ਕੁਛ ਨਾ ਆਖਿਆ। ਆਖਰ ੧ ਫਰਵਰੀ ਨੂੰ ਆਪ ਨੇ ਸਿੱਧੇ ਡੀ. ਸੀ. ਪਾਸ ਜਾ ਕੇ ਸਾਰੀ ਗੱਲ ਦਾ ਪਤਾ ਕੀਤਾ। ਆਪਣੇ ਖਿਆਲ ਸਪਸ਼ਟ ਤੌਰ ਤੇ ਖੋਲ੍ਹ ਕੇ ਸਮਝਾ ਦਿਤੇ। ਗਲਤ ਫਹਮੀ ਦੂਰ ਕਰ ਦਿਤੀ। ਆਪਣੀ ਸ਼ੱਚਾਈ ਤੇ ਨਿਰਛਲਤਾ ਪ੍ਰਗਟ ਕਰ ਦਿਤੀ, ਬਸ ਫੇਰ ਕੀ ਸੀ, ਡੀ. ਸੀ.ਨੇ ਮੁਕੱਦਮਾ ਵਾਪਸ ਲੈ ਲਿਆ ਤੇ ਅਖਾੜਾ ਰਫਾ ਦਫਾ ਹੋ ਗਿਆ।

ਸ਼ੁਰੂ ਸ਼ੁਰੂ ਵਿਚ ਜਦ ਉਪ੍ਰੋਕਤ ਮੁਕੱਦਮਾ ਅਜੇ ਤਿਆਰ ਹੀ ਹੋ ਰਿਹਾ ਸੀ,ਜਦ ਕਿ ਵੈਦ ਜੀ ਦੇ ਹਿਰਦੇ ਉੱਪਰ ਬਜ ਬਜ ਘਾਟ ਦਾ ਨਜ਼ਾਰਾ ਦੇਸ਼ ਸੇਵਕਾਂ ਦੀਆਂ ਮੁਸੀਬਤਾਂ ਆਦਿ ਦੇ ਖਿਆਲ ਰੰਗ ਜਮਾ ਰਹੇ ਸਨ, ਉਸ ਵੇਲੇ ਇਕ ਵਾਰ ੧੨ ਜਨਵਰੀ ਨੂੰ ਰਾਏ ਬਹਾਦਰ ਸਰਦਾਰ ਸਾਧੂ ਸਿੰਘ ਜੀ ਅੰਮ੍ਰਿਤਸਰੋਂ ਆਏ ਤੇ ਪੰਥਕ ਹਾਲਤ ਬਾਬਤ ਬਹੁਤ ਗੱਲਾਂ



Digitized by Panjab Digital Library | www.panjabdigilib.org

ਬਾਤਾਂ ਤੇ ਵਿਚਾਰਾਂ ਕਰਦੇ ਹੋਇਆਂ ਉਨ੍ਹਾਂ ਨੇ ਵੈਦ ਜੀ ਨੂੰ ਪੰਥ ਲਈ ਤੇ ਅਨਮੱਤੀ ਹਮਲਿਆਂ ਦੇ ਉੱਤਰ ਜ਼ੋਰ ਨਾਲ ਲਿਖਣ ਲਈ ਬੇਨਤੀ ਕੀਤੀ।

ਆਪ ਜੀ ਦਾ ਮਨ ਕੁੱਛ ਇਸ ਪਾਸੇ ਵਲੋਂ ਖੱਟਾ ਜੇਹਾ ਹੋ ਗਿਆ ਸੀ। ਆਪ ਨੇ ਸਾਫ ਜਵਾਬ ਦਿਤਾ "ਸਰਦਾਰ ਸਾਹਿਬ ਜੀ ! ਖਿਮਾ ਕਰਨਾ ਹੁਣ ਤੋਂ ਵਾਧੂ ਸੇਵਾ ਨਿਰਬਾਹਨ ਤੋਂ ਅਸਮ੍ਰੱਥ ਹਾਂ, ਕਿਉਂਕਿ, ਸਿਖਾਂ ਵਿਚੋਂ ਹਮਦਰਦੀ ਤੇ ਸਮੇਂ ਸਿਰ ਸਹਾਇਤਾ ਦੇਣ ਦੇ ਵਿਚਾਰ ਬਿਲਕੁਲ ਨਸ਼ਟ ਹੋ ਗਏ ਹਨ, ਖਾਸ ਕਰਕੇ ਪੰਥ ਦੇ ਅਮੀਰ ਲੀਡਰਾਂ ਵਿਚੋਂ ।"

ਅੱਗੇ ਵੈਦ ਜੀ ਆਪਣੀ ਡਾਇਰੀ ਨੋਟ ਵਿਚ ਲਿਖਦੇ ਹਨ:-

"ਇਸ ਤੇ ਉਹ ਰੰਜ ਭੀ ਹੋਏ, ਪਰ ਇਹ ਸੱਚ ਸੀ।"

ਆਖਦੇ ਹਨ ਬਦਕਿਸਮਤੀ ਇਕੱਲੀ ਨਹੀਂ ਆਉਂਦੀ ਇਹ ਆਪਣੇ ਨਾਲ ਹੋਰ ਭੀ ਅਨੇਕ ਕਸ਼ਟਾਂ ਨੂੰ ਲੈ ਕੇ ਆਉਂਦੀ ਹੈ। ਇਸੇ ਤਰ੍ਹਾਂ ਇਸ ਭਿਆਨਕ ਸਾਲ ਵਿਚ ਕਾਲ ਨੇ ਭੀ ਚੋਖੀ ਦੱਬ ਚਾੜ੍ਹੀ। ਵੈਦ ਜੀ ਜਿਨ੍ਹਾਂ ਦੇ ਦਿਲ ਉੱਤੇ ਅੱਗੇ ਹੀ ਸਮੇਂ ਦੀਆਂ ਕੁਰੰਗੀ ਘਟਨਾਵਾਂ ਦਾ ਰੰਗ ਜਮ ਰਿਹਾ ਸੀ। ਇਸ ਦਸ਼ਾ ਨੂੰ ਦੇਖ ਦੇਖ ਦੁਖੀ ਤੇ ਹੈਰਾਨ ਹੋ ਰਹੇ ਸਨ। ਇਕ ਪਾਸੇ ਗਰੀਬਾਂ ਦੀ ਗਰੀਬੀ ਤੇ ਦੂਜੇ ਪਾਸੇ ਅਮੀਰਾਂ ਦੀ ਅਮੀਰੀ ਉਨ੍ਹਾਂ ਨੂੰ ਚਕ੍ਰਿਤ ਕਰ ਰਹੀ ਸੀ। ਇਕ ਪਾਸੇ ਕੰਗਾਲ ਵਿਚਾਰੇ ਭੁਖ ਦੁਖੋਂ ਤੇ ਰੋਗਾਂ ਹੱਥੋਂ ਬੁਰੇ ਹਾਲੀਂ ਮਰ ਰਹੇ ਸਨ, ਦੂਜੇ ਪਾਸੇ ਧਨੀ ਅਮੀਰ ਆਪਣੇ ਐਸ਼ ਇਸ਼ਰਤ ਵਿਚ ਮਸਤ ਤੇ ਨਸ਼ੇ ਵਿਸ਼ੇ ਵਿਚ ਬਦਮਸਤ ਦਿਖਾਈ ਦਿੰਦੇ ਸਨ। ਸੱਚੇ ਸਾਫ ਤੇ ਦਯਾਵਾਨ ਹਿਰਦੇ ਉੱਤੇ ਇਹ ਦ੍ਰਿਸ਼ ਕਿਸੇ ਤਰ੍ਹਾਂ ਭੀ ਰੰਗ ਜਮਾਏ ਬਿਨਾ ਨਹੀਂ ਰਹਿੰਦਾ। ੧੨ ਫਰੰਵਰੀ ਨੂੰ ਆਪ ਆਪਣੇ ਹਿਰਦੇ ਦਾ ਹਾਲ ਇਸਤਰ੍ਹਾਂ ਪ੍ਰਗਟ ਕਰਦੇ ਹਨ:-

"ਸਾਰਾ ਦਿਨ ਦਵਾਵਾਂ ਆਦਿ ਤੇ ਲੱਗਾ। ਭਿਆਨਕ ਕਾਲ ਦੀ ਦਸ਼ਾ ਦੇਖ ਕੇ ਅਚਰਜ ਰਿਹਾ। ਜੋ ਧਨਾਢਜ ਹਨ ਉਨ੍ਹਾਂ ਪਾਸੋਂ ਬਹੁਤ ਕਰ ਕੇ ਦਯਾ ਦੂਰ ਹੀ ਰਹਿੰਦੀ ਹੈ। ਜੋ ਦਰਦ ਮੰਨਦੇ (ਸਹਾਇਤਾ ਦੇਣੀ ਚਾਹੁੰਦੇ ਹਨ) ਉਨ੍ਹਾਂ ਦਾ ਆਪਣਾ ਨਿਰਬਾਹ ਹੀ ਸਾਧਾਰਨ ਹੈ (ਮੁਸ਼ਕਲ ਨਾਲ ਹੁੰਦਾ ਹੈ) ਵਾਹਿਗੁਰੂ ਦੀ ਰਜ਼ਾ ਅਚਰਜ ਹੈ।"



Digitized by Panjab Digital Library | www.panjabdigilib.org

ਇਸੇ ਸਮੇਂ ਹੀ ਅਰਥਾਤ ੨੮ ਫਰਵਰੀ ਨੂੰ ਆਪ ਦੇ ਚਾਚਾ ਸ੍ਰ: ਲਾਲ ਸਿੰਘ ਜੀ ਨੇ ਭੀ ਗੁਰਪੁਰ ਪਯਾਨ ਕੀਤਾ। ਭਾਣਾ ਮੰਨਣ ਤੋਂ ਸਿਵਾ ਹੋਰ ਹੋ ਹੀ ਕੀ ਸਕਦਾ ਸੀ ?

ਭਾਈ ਸਾਹਿਬ ਜੀ ਦੀ ਕਲਮ ਤਲਵਾਰ ਦੀ ਮਾਰ ਮੰਨੀ ਹੋਈ ਸੀ, ਇਸੇ ਲਈ ਸਮੇਂ ਕੁਸਮੇਂ ਸਭ ਇਨ੍ਹਾਂ ਪਾਸ ਨੂੰ ਹੀ ਦੌੜਦੇ ਸਨ।

ਅਠਵੀਂ ਐਜੂਕੇਸ਼ਨਲ ਕਾਨਫ੍ਰੰਸ ਫੀਰੋਜ਼ ਪੁਰ ਵਿੱਚ ਸਮਾ-ਗਮ ਹੋਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪੜ੍ਹਨ ਪੜ੍ਹਾਉਣ ਤੇ ਪ੍ਰਕਾਸ਼ਨ ਵਾਲੇ ਲੇਖ ਆਦਿ ਦਫਤ੍ਰ ਵਿੱਚ ਪੁੱਜ ਰਹੇ ਸਨ, ਉਨ੍ਹਾਂ ਨੂੰ ਦੇਖਣ ਪੜਤਾਲਣ ਲਈ ੮ ਮਾਰਚ ੧੯੧੫ ਨੂੰ "ਚੀਫ ਖਾਲਸਾ ਦੀਵਾਨ ਦਾ ਕਲਰਕ ੧੩ ਲੇਖ ਕਾਨਫ੍ਰੰਸ ਦੇ ਲੈਕੇ,ਵਿਚਾਰਕੇ ਯੋਗ ਅਯੋਗ ਦੱਸਣ ਦਾ ਦੀਵਾਨ ਦਾ ਹੁਕਮ ਲੈਕੇ ਆਯਾ।" ਦੂਜੇ ਦਿਨ ੯ ਮਾਰਚ ਨੂੰ ਵੈਦ ਜੀ ਨੇ ਉਹ "ਕਾਨਫ੍ਰੰਸ ਸੰਬੰਧੀ ਲੇਖ ਸੋਧ ਕੇ ਆਪਣੀ ਸੰਮਤੀ ਸਣੇ ਵਾਪਸ ਭੇਜੇ।"

ਏਧਰ ਤਾਂ ਪੰਜਾਬ ਭਰ ਦੇ ਖਾਲਸਾ ਜੀ ਕਾਨਫ੍ਰੰਸ ਦੀਆਂ ਉਮੰਗਾਂ ਵਿੱਚ ਤਿਆਰੇ ਕਰ ਰਹੇ ਸਨ ਤੇ ਓਧਰ ਮੁਖੀ, ਕਰਤੇ ਧਰਤੇ ਹੋਰ ਹੀ ਗੋਂਦਾਂ ਗੁੰਦ ਰਹੇ ਸਨ। ਉਹ 'ਸ਼ਾਂਤੀ ਤੇ ਅਮਨ' ਦੀ ਭਾਲ ਕਰ ਰਹੇ ਸਨ, ਆਖ਼ਰ.--

੨੮ ਮਾਰਚ ਨੂੰ ਸ੍ਰ: ਸੁੰਦਰ ਸਿੰਘ ਸਾਹਿਬ ਜੀ ਦੀ ਕੋਠੀ 'ਮਜੀਠਾ ਹਾਊਸ' ਅੰਮ੍ਰਿਤਸਰ ਵਿੱਚ ਮੁਖੀ ਸਿੱਖ ਲੀਡਰਾਂ ਦਾ ਸਾਲਾਨਾ ਐਜੂਕੇਸ਼ਨਲ ਕਾਨਫ੍ਰੰਸ ਬਾਰੇ ਇਕੱਠ ਹੋਇਆ ਵੈਦ ਜੀ ਭੀ ਇਸ ਵਿੱਚ ਗਏ। ਜੰਗ ਲੱਗਣ ਤੇ ਦੇਸ਼ ਭਗਤਾਂ ਦੀ ਹਲ ਚਲ ਆਦਿ ਕਈ ਕਾਰਣਾਂ ਨੂੰ ਵਿਚਾਰਕੇ ਕਾਨਫ੍ਰੰਸ ਦੀਆਂ ਤਾਰੀਖਾਂ ਅੱਗੇ ੧੫, ੧੬ ਤੇ ੧੭ ਅਕਤੂਬਰ ਕਰ ਦਿੱਤੀਆਂ। ਸਮੇਂ ਦੀ ਹਾਲਤ ਵਿਚਾਰ ਤੇ ਪੰਥਕ ਆਗੂਆਂ ਦੇ ਖਿਆਲਾਂ ਵੱਲ ਵੇਖ ਕੇ ਵੈਦ ਜੀ ਦਾ ਹਿਰਦਾ ਦ੍ਰੱਵ ਉੱਠਿਆ, ਇਸ ਦਿਨ ਦਾ ਫੋਟੋ ਡਾਇਰੀ ਵਿੱਚ ਇਸਤਰ੍ਹਾਂ ਖਿੱਚਿਆ ਹੈ:–

"ਪੌਣੇ ਨੌ ਬਜੇ ਅੰਮ੍ਰਿਤਸਰ ਗਿਆ, ਮਜੀਠਾ ਹਾਊਸ, ਦੀਵਾਨ ਦੇ



Digitized by Panjab Digital Library | www.panjabdigilib.org

ਦਫਤ੍ਰ ਵਿੱਚ ਬਹੁਤ ਸਾਰੇ ਮੈਂਬਰਾਂ ਦੀ ਵਿਚਾਰ ਨਾਲ ਸੁਖ ਸ਼ਾਂਤੀ ਤੇ ਅਮਨ ਦੀ ਕਾਇਮੀ ਵਾਸਤੇ ਯੋਗ ਸਮਝਕੇ ੨, ੩, ਤੇ ੪ ਅਪ੍ਰੈਲ ਕਾਨਫ੍ਰੰਸ ਦੀਆਂ ਤਰੀਖਾਂ ਬਦਲਨ ਦਾ ਫੈਸਲਾ ਦੇਖਕੇ ਬੜਾ ਹੀ ਸ਼ੋਕ ਹੋਇਆ ਕਿ ਅਸੀਂ (ਸਿੱਖ) ਕੈਸੇ ਮੰਦਭਾਗੀ ਹਾਂ। ਲੋਕਾਂ ਦੀਆਂ ਸਭ ਤਰ੍ਹਾਂ ਦੀਆਂ ਸਭਾਵਾਂ ਹੋਵਨ ਤੇ ਅਸੀਂ ਅਜੇਹੇ ਸਮੇਂ ਫੁੱਟ ਦੇ ਕਾਰਨ ਵਿਦਯਕ ਸਭਾ ਤੋਂ ਭੀ ਵਾਂਝੇ ਗਏ।"

ਇਸੇ ਬਾਰੇ 'ਕਾਨਫ੍ਰੰਸ ਦੀਆਂ ਤ੍ਰੀਕਾਂ ਦੀ ਤਬਦੀਲੀ' ਬਾਰੇ 'ਦੁਖ ਨਿਵਾਰਨ' ਵਿੱਚ ਲਿਖੇ ਹੋਏ ਲੇਖ ਦੇ ਮੁੱਢ ਵਿੱਚ ਜੋ ਸਤਰਾਂ ਹਨ ਉਹ ਭੀ ਸਾਡੀ ਉਸ ਦਸ਼ਾ ਤੇ ਜ਼ਰੂਰ ਰੌਸ਼ਨੀ ਪਾਉਂਦੀਆਂ ਹਨ। ਵੈਦ ਜੀ ਲਿਖਦੇ ਹਨ—

"ਫੁੱਟ ਦੇ ਫੁੱਟੇ ਹੋਏ ਖਾਲਸਾ ਪੰਥ ਦੇ ਸਾਰੇ ਕਾਰਜਾਂ ਵਿੱਚ ਆਪੋ ਧਾਪ ਅਰ ਜਥੇਬੰਦੀ ਦੇ ਗੁਣਾਂ ਤੋਂ ਅਗਯਾਤ ਹੋਵਣ ਤੇ ਔਕੜਾਂ ਹੀ ਪੈਂਦੀਆਂ ਰਹਿੰਦੀਆਂ ਹਨ,ਏਸੇ ਤਰ੍ਹਾਂ ਹੀ ਏਸ ਵਾਰੀ ਦੀ ਅੱਠਵੀਂ ਵਿਦਯਕ ਕਾਨਫ੍ਰੰਸ ਦੀਆਂ ੨, ੩, ੪ ਅਪ੍ਰੈਲ ਦੀਆਂ ਤ੍ਰੀਕਾਂ ਭੀ ਬਦਲਨੀਆਂ ਪਈਆਂ।"

ਅਪ੍ਰੈਲ ੧੯੧੫

"ਸੁਖ ਸ਼ਾਂਤੀ ਤੇ ਅਮਨ ਦੀ ਕਾਇਮੀ ਵਾਸਤੇ" ਸ਼ਬਦ ਖਾਸ ਧਿਆਨ ਦੇਣ ਵਾਲੇ ਹਨ। ਉਸ ਵੇਲੇ ਸਾਡੇ ਆਗੂਆਂ ਵਿੱਚ ਇਹ ਪਾਲਿਸੀ ਕੰਮ ਕਰ ਰਹੀ ਸੀ। ਸੱਚ ਕਿਹਾ ਹੈ, 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।' ਦੇਸ਼, ਕਾਲ ਨਾਲ ਮਰ ਰਿਹਾ ਹੈ, ਭਿਆਨਕ ਰੋਗ ਆਪਣਾ ਵਿਕ੍ਰਾਲ ਰੂਪ ਧਾਰੀ ਬੈਠੇ ਹਨ। ਚੁਫੇਰੇ ਹੱਲਚਲੀ ਮੱਚੀ ਹੋਈ ਹੈ, ਪਰ ਸਾਡੇ ਆਗੂ "ਸੁਖ ਸ਼ਾਂਤੀ ਤੇ ਅਮਨ ਦੀ ਕਾਇਮੀ ਵਾਸਤੇ" ਯੋਗ ਸੋਚਾਂ ਸੋਚ ਰਹੇ ਤੇ ਵਿਚਾਰਾਂ ਵਿਚਾਰ ਰਹੇ ਹਨ।

ਵੈਦ ਜੀ ਮੀਟਿੰਗ ਵਿੱਚੋਂ ਤਾਂ ਉੱਠ ਆਏ। ਸਭ ਦੀ ਸਲਾਹ ਦੇ ਨਾਲ ਹੀ ਦਬ ਦਬਾ ਕੇ ਆ ਗਏ, ਪਰ 'ਦੁਖ ਨਿਵਾਰਨ' ਵਿੱਚ ਆ ਦਿਲ ਦੇ ਉਬਾਲ ਕੱਢੇ। ਭਾਵੇਂ ਸਲਾਮੀ ਤੇ ਪ੍ਰੇਮ ਭਾਵ ਨਾਲ ਲਿਖਿਆ, ਪਰ ਦਿਲਾਂ ਦੇ ਦੁੱਖ ਭੀ ਕਦੇ ਅਸਰ ਕੀਤੇ ਬਿਨਾ ਰਹਿੰਦੇ ਹਨ ? ਚੋਭਾਂ ਨੇ ਦਰਦ ਜ਼ਰੂਰ ਕਰਨਾ ਹੋਇਆ। 'ਦੁਖ ਨਿਵਾਰਨ' ਉਸ ਸਮੇਂ ਛਪਦਾ ਭੀ ਵਜ਼ੀਰ ਹਿੰਦ



Digitized by Panjab Digital Library | www.panjabdigilib.org

ਪ੍ਰੈਸ ਅੰਮ੍ਰਿਤਸਰ ਵਿੱਚ ਹੀ ਸੀ। ਪਰਚਾ ਪ੍ਰੈਸ ਵਿੱਚ ਗਿਆ, ਭਾਈ ਵੀਰ ਸਿੰਘ ਜੀ –ਜੋ ਚੀ: ਖਾ: ਦੀਵਾਨ ਦੀ ਰੂਹ ਕਹੇ ਜਾ ਸਕਦੇ ਹਨ– ਨੇ ਪਰਚਾ ਰੋਕ ਲਿਆ। ਗੁੱਸੇ ਨਾਲ ਨਹੀਂ, ਕਿਸੇ ਦੁੱਖ ਨਾਲ ਨਹੀਂ, ਸਗੋਂ ਪ੍ਰੇਮ ਭਰੱਪਣ ਤੇ ਮਿੱਤ੍ਰਤਾ ਦੇ ਭਾਵ ਨਾਲ, ਚੀਫ ਖਾ: ਦੀਵਾਨ ਦੀ ਬਿਹਤ੍ਰੀ ਲਈ। ਏਧਰੋਂ ਵੈਦ ਜੀ ਨੂੰ ਮਿਲਨ ਲਈ ਸੱਦ ਘੱਲਿਆ ਤੇ ਆਪ ਦੇ ਲਿਖੇ ਹੋਏ ਲੇਖ ਨੂੰ ਨਾ ਛਾਪਣ ਲਈ ਕਿਹਾ, ਤੇ ਆਪਣੇ ਕੋਲੋਂ ਇਕ ਲੇਖ ਲਿਖ ਕੇ ਦੇਣ ਲਈ ਤੇ ਛਪਣ ਲਈ ਸੰਮਤੀ ਚਾਹੀ। ਅਸੀਂ ਅੱਗੇ ਥਾਂ ਥਾਂ ਪ੍ਰਗਟ ਕਰ ਆਏ ਹਾਂ ਕਿ ਵੈਦ ਜੀ ਤੇ ਭਾਈ ਵੀਰ ਸਿੰਘ ਜੀ ਦਾ ਮੁੱਢ ਤੋਂ ਹੀ ਭਰਾਵਾਂ ਤੋਂ ਵੱਧ ਪਿਆਰ ਸੀ।

ਵੈਦ ਜੀ ਮੰਨ ਗਏ, ਇਸ ਸਾਰੇ ਸਮੇਂ ਦੀ ਘਟਨਾ ਦੀ ਤਸਵੀਰ ਆਪ ੧੧ ਅਪ੍ਰੈਲ ੧੯੧੫ ਦੀ ਡਾਇਰੀ ਵਿੱਚ ਅਤੀ ਸੰਖੇਪ ਨਾਲ ਇਸ ਤਰ੍ਹਾਂ ਖਿੱਚਦੇ ਹਨ:–

> "ਅੰਮ੍ਰਿਤਸਰ ਵਜ਼ੀਰ ਹਿੰਦ ਪ੍ਰੈਸ ਵਿੱਚ ਗਿਆ। ਅਪ੍ਰੈਲ ਦੇ ਪੱਤ੍ਰ (ਦੁਖ ਨਿਵਾਰਨ) ਦੀ ਰੋਕ ਦੂਰ ਕਰ, ਅਰਥਾਤ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਦੀ ਇਛਾ ਅਨੁਸਾਰ ਆਪਣੇ ਲੇਖ ਦੀ ਥਾਂ ਉਨ੍ਹਾਂ ਦਾ ਲੇਖ ਕਾਨਫ੍ਰੰਸ ਬੰਦ ਕਰਨ ਸੰਬੰਧੀ ਪ੍ਰਬੰਧ ਕਰ ਵਾਪਸ ਆਯਾ।"

ਵੈਦਜ ਜੀ ਦੇ ਖਿਆਲਾਂ ਤੇ ਆਪ ਦੇ ਲੇਖਾਂ ਦੀ ਖਬਰ ਬਿਜਲੀ ਦੇ ਕਰੰਟ ਵਾਕਰ ਦੀਵਾਨ ਦੇ ਮੁੱਖੀਆਂ ਨੂੰ ਪੁੱਜਦੀ ਸੀ। ਭਾਵੇਂ ਏਧਰ ਭਾਈ ਵੀਰ ਸਿੰਘ ਜੀ ਆਪਣਾ ਜਾਦੂ ਚਲਾ ਚੁੱਕੇ ਸਨ। ਪਰ ਉਧਰੋਂ ੧੨ ਅਪ੍ਰੈਲ ਨੂੰ ਸਰਦਾਰ ਸੁੰਦਰ ਸਿੰਘ ਜੀ ਦਾ ਆਦਮੀ ਤਰਨ ਤਾਰਨ ਵੈਦ ਜੀ ਨੂੰ ਬੁਲਾਉਣ ਲਈ ਪੁੱਜਾ। ਭਾਈ ਸਾਹਿਬ ਤਾਂ ਜਾਣਦੇ ਹੀ ਸਨ ਕਿ ਕਿਉਂ ਬੁਲਾਉਂਦੇ ਹਨ! ਉਹ ਇਸ ਕੰਮ ਨੂੰ ਕਲ ਹੀ ਕਰ ਆਏ ਸਨ। ਇਸ ਲਈ ਨਾ ਗਏ, ਪਰ ਉਸੇ ਆਦਮੀ ਹੱਥ ਚੀ: ਖਾ: ਦੀਵਾਨ ਦੀ ਇੱਛਾ ਅਨੁਸਾਰ ਅਰਥਾਤ ਆਪਣਾ ਲੇਖ ਕੱਢ ਕੇ ਭਾਈ ਵੀਰ ਸਿੰਘ ਜੀ ਦਾ ਲੇਖ ਦੇ ਆਉਣ ਦਾ ਤੇ ਤਸੱਲੀ ਬਖਸ਼ ਫੈਸਲਾ ਕਰ ਆਉਣ ਦਾ ਸਾਰਾ ਕਿੱਸਾ



Digitized by Panjab Digital Library | www.panjabdigilib.org

ਲਿਖ ਭੇਜਿਆ।

ਏਥੇ ਹੀ ਤਾਂ ਬੱਸ ਨਾ ਸੀ। ਹੋਰ ਭੀ ਤਾਂ ਕਈ ਲੇਖਕ ਤੇ ਅਖਬਾਰ ਨਵੀਸ ਚੀ: ਖਾ: ਦੀਵਾਨ ਦੀ ਪਾਲਿਸੀ ਦੇ ਉਲਟ ਖਿਆਲ ਰਖਦੇ ਸਨ।

'ਸੁਖ ਸ਼ਾਂਤੀ ਤੇ ਅਮਨ ਦੀ ਕਾਇਮੀ' ਵਾਸਤੇ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਭੀ ਰੋਕਿਆ ਜਾਵੇ। ਕਿਉਂਕਿ ਵੈਦ ਜੀ ਦਾ ਸਭ ਨਾਲ ਰਸੂਖ ਸੀ, ਇਸ ਲਈ ਇਨ੍ਹਾਂ ਨੂੰ ਹੀ ਵਰਤਣਾ ਜ਼ਰੂਰੀ ਸਮਝਿਆ। ਸਰਦਾਰ ਸੁੰਦਰ ਸਿੰਘ ਜੀ ਹੁਰਾਂ ਵੱਲੋਂ ਫੇਰ ਸੱਦਾ ਔਣ ਲੱਗਾ। ਆਖਰ ੧੬ ਅਪ੍ਰੈਲ ਦੀ ਸ਼ਾਮ ਨੂੰ ਵੈਦ ਜੀ ਅੰਮ੍ਰਿਤਸਰ ਗਏ ਤੇ ਜੋ ਹੋ ਸਕਦਾ ਸੀ 'ਸ਼ਾਂਤੀ ਤੇ ਅਮਨ' ਲਈ ਕੀਤਾ। ਡਾਇਰੀ ਦਾ ਇਸ ਦਿਨ ਦਾ ਨੋਟ ਹੈ:-

"੭ ਬਜੇ ਸ਼ਾਮ ਅੰਮ੍ਰਿਤਸਰ ਗਿਆ। ਸਰਦਾਰ ਸੁੰਦਰ ਸਿੰਘ ਜੀ ਦੀ ਆਗਜ਼ਾ ਅਨੁਸਾਰ 'ਪੰਥ ਸੇਵਕ' ਵਾਸਤੇ ਚਿੱਠੀ ਲਿਖਕੇ ਦਿੱਤੀ॥

ਸਮਾ ਲੰਘਦੇ ਨੂੰ ਚਿਰ ਨਹੀਂ ਲਗਦਾ ਕਾਨਫ੍ਰੰਸ ਦੀ ਮੁਲਤਵੀ ਕੀਤੀ ਹੋਈ ਤਾਰੀਖ ਭੀ ਨੇੜੇ ਆ ਗਈ। ਲੋਕਾਂ ਵਿਚ ਫੇਰ ਦਿਲਚਸਪੀ ਪੈਦਾ ਹੋ ਗਈ। ੨੫ ਸਤੰਬਰ ਨੂੰ ਕਾਨਫ੍ਰੰਸ ਬਾਰੇ ਦੋ ਲੇਖ ਹੋਰ ਵੈਦ ਜੀ ਪਾਸ ਦੇਖਣ ਤੇ ਸੋਧਣ ਵਾਸਤੇ ਆਏ ਜਿਨ੍ਹਾਂ ਨੂੰ ਠੀਕ ਕਰਕੇ ਆਪ ਨੇ ਵਾਪਸ ਭੇਜ ਦਿੱਤਾ। ਇਸਦੇ ਨਾਲ ਹੀ ਵੈਦ ਜੀ ਨੇ 'ਪੰਜਾਬੀ ਭਾਸ਼ਾ ਦੀ ਉਨਤੀ' ਸੰਬੰਧੀ ਇਕ ਲੇਖ ਲਿਖਕੇ ਐਜੂਕੇਸ਼ਨਲ ਕਮੇਟੀ ਦੇ ਦਫਤ੍ਰ ਵਿਚ ਭੇਜਿਆ। ਜਿਸਨੂੰ ਫੇਰ ਆਪ ਨੇ ਫੀਰੋਜ਼ਪੁਰ ਕਾਨਫ੍ਰੰਸ ਦੇ ਪੰਡਾਲ ਵਿਚ ਆਪਣੇ ਲੈਕਚਰ ਸਮੇਂ ਪੜ੍ਹਕੇ ਸੁਣਾਇਆ ਤੇ ਜਿਸਨੂੰ ਕਮੇਟੀ ਨੇ ਵੱਖਰਾ ਛਪਵਾਕੇ ਭੀ ਵੰਡਿਆ। ਇਸੇ ਕਾਨਫ੍ਰੰਸ ਵਿਚ ਅਗਲੇ ਸਾਲ ਨੌਵੀਂ ਕਾਨਫ੍ਰੰਸ ਸ੍ਰੀ ਤਰਨ ਤਾਰਨ ਕਰਨ ਦਾ ਫੈਸਲਾ ਹੋਇਆ। ਹੁਣ ਨੌਵੀਂ ਐਜੂਕੇਸ਼ਨਲ ਕਾਨਫ੍ਰੰਸ ਤਰਨ ਤਾਰਨ ਕਰਨ ਦੇ ਉਮਾਹ ਵਿਚ ਵੈਦ ਜੀ ਤੇ ਅੱਗੇ ਨਾਲੋਂ ਭੀ ਵਧੀਕ ਬੋਝ ਪੈ ਗਿਆ। ਹਰ ਹਾਲਤ ਵਿਚ ਆਪ ਯਥਾ ਸ਼ਕਤਿ ਆਪਣਾ ਫਰਜ਼ ਨਿਭਾਈ ਗਏ।

੨੮ ਅਕਤੂਬਰ ਨੂੰ ਖਾ: ਪ੍ਰ: ਵਿ: ਤਰਨ ਤਾਰਨ ਵਿਚ ੧੦ ਤੋਂ



Digitized by Panjab Digital Library | www.panjabdigilib.org

੧ ਬਜੇ ਤਕ ਦਿਨੇ ਰਾ: ਬ: ਸਰਦਾਰ ਸਾਧੂ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਤੇ ਸਰਦਾਰ ਵਸਾਖਾ ਸਿੰਘ ਜੀ ਆਦਿ ਨਾਲ ਕਾਨਫ੍ਰੰਸ ਸੈਸ਼ਨ ਦੇ ਪ੍ਰਬੰਧ ਵਾਸਤੇ ਵਿਚਾਰਾਂ ਤੇ ਤਜਵੀਜ਼ਾਂ ਤੇ ਵਿਚਾਰ ਹੋਈ।

੧੬ ਤੇ ੧੮ ਨਵੰਬਰ ੧੯੧੫ ਨੂੰ ਸ੍ਰੀ ਮਾਨ ਸਰਦਾਰ ਸੁੰਦਰ ਸਿੰਘ ਜੀ ਮਜੀਠਾ ਨੇ ਵੈਦ ਜੀ ਨੂੰ ਤਰਨ ਤਾਰਨ ਕਾਨਫ੍ਰੰਸ ਬਾਰੇ ਵਿਚਾਰਾਂ ਕਰਨ ਲਈ ਸੱਦਿਆ ਫੇਰ ੧੮ ਦਸੰਬਰ ਨੂੰ ਸਵੇਰੇ ਦਸ ਬਜੇ ਤੋਂ ਸ਼ਾਮ ਦੇ ਪੰਜ ਬਜੇ ਤਕ ਖਾਲਸਾ ਪ੍ਰਚਾਰਕ ਵਿਦਯਾਲਾ ਤਰਨ ਤਾਰਨ ਵਿਖੇ ਕਾਨਫ੍ਰੰਸ ਸੰਬੰਧੀ ਮੀਟਿੰਗ ਹੋਈ, ਜਿਸਦੀ ਸਕਤ੍ਰੀ ਦੀ ਸੇਵਾ ਵੈਦ ਜੀ ਦੇ ਜ਼ੁਮੇ ਲਗਾਈ ਗਈ।

ਅਸੀਂ ਪਿੱਛੇ ਥਾਂ ਥਾਂ ਦਸ ਆਏ ਹਾਂ ਕਿ ਵੈਦ ਜੀ ਪ੍ਰੇਮ ਦੇ ਪੁਤਲੇ ਸਨ। ਆਪ ਹਰ ਇਕ ਨਾਲ ਪ੍ਰੇਮ ਕਰਦੇ ਸਨ, ਪਰ ਇਸ ਪ੍ਰੇਮ ਭ੍ਰਾਈ ਚਾਰੇ ਵਿਚ ਭੀ ਆਪ ਆਪਣੇ ਸਿੱਖੀ ਆਸ਼ੇ ਨੂੰ ਕਦੇ ਨਾ ਸਨ ਭੁਲਦੇ। ਜਦ ਕਿਸੇ ਨੂੰ ਸੁਆਗਤ ਜਾਂ ਵਿਦਾਇਗੀ ਸਮੇਂ ਕੋਈ ਤੁਹਫਾ ਪੇਸ਼ ਕਰਦੇ ਤਾਂ ਉਸ ਵਿਚ ਭੀ ਸਿਖੀ ਪ੍ਰੇਮ ਦੀ ਸਪਿਰਟ ਹੀ ਕੰਮ ਕਰਦੀ ਹੁੰਦੀ।

ਵਲਾਇਤ ਤੋਂ ਪਾਦਰੀ ਗਿਲਫੋਰਡ ਸਾਹਿਬ ਦੀ ਵਾਪਸੀ ਤੇ ਉਨ੍ਹਾਂ ਦੇ ਜਾ ਨਸ਼ੀਨ ਪਾਦਰੀ ਰਿਚਰਡ ਜੋ ਪਾਦਰੀ ਗਿਲਫੋਰਡ ਦੇ ਵਲਾਇਤ ਜਾਣ ਦੇ ਸਮੇਂ ਰਿਹਾ। ਵੈਦ ਜੀ ਦਾ ਭੀ ਚੰਗਾ ਮੇਲੀ ਬਨ ਗਿਆ ਸੀ। ਪਾਦਰੀ ਗਿਲਫੋਰਡ ਦੇ ਵਾਪਸ ਆ ਜਾਣ ਤੇ ਵਲਾਇਤ ਜਾਣ ਸਮੇਂ ਤੁਰਨ ਤੋਂ ਪਹਿਲਾਂ ਵੈਦ ਜੀ ਨੂੰ ਮਿਲਿਆ। ਆਪ ਨੇ ਪਾਦਰੀ ਰਿਚਰਡ ਨੂੰ ਉਪਹਾਰ ਵਜੋਂ ਇਕ ਅਕਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਚਾਂਦੀ ਦੀ ਡੱਬੀ ਵਿਚ ਰੱਖ ਕੇ ਪ੍ਰੇਮ ਭਰੀ ਯਾਦ ਲਈ ਭੇਟ ਕੀਤਾ *।

ਇਸੇ ਹੀ ਤਰ੍ਹਾਂ ਮੁਨਸਿਫ ਸਾਹਿਬ ਲਾਲਾ ਦੁਰਗਾ ਪ੍ਰਸ਼ਾਦ ਜੀ ਦੀ ਦੇਰ ਦੀ ਖਾਹਸ਼ ਸੀ ਕਿ ਉਨ੍ਹਾਂ ਨੂੰ ਗਾਤਰੇ ਵਾਲੀ ਕ੍ਰਿਪਾਨ ਮਿਲੇ। ੨੫ ਮਾਰਚ ਨੂੰ ਆਪ ਨੇ ਮੁਨਸਫ ਸਾਹਿਬ ਜੀ ਨੂੰ ਉਹ ਪ੍ਰੇਮ ਭੇਟ ਕੀਤੀ।

* ੧੦ ਮਾਰਚ ੧੯੧੫ ਦਾ ਡਾਇਰੀ ਨੋਟ



Digitized by Panjab Digital Library | www.panjabdigilib.org

'ਸੇਵਾ ਨੂੰ ਮੇਵਾ' ਤੇ 'ਮਿਹਨਤ ਨੂੰ ਫਲ' ਵਾਲੇ ਕਹਾਣ ਅਨੁਸਾਰ ਪਹਿਲੀ ਅਪ੍ਰੈਲ ੧੯੧੫ ਨੂੰ ਸ਼ਹਿਰ ਤੋਂ ਚੁੰਗੀ ਦਾ ਮਹਿਸੂਲ ਹਟ ਗਿਆ, ਯਾਤ੍ਰਾ ਟੈਕਸ ਲੱਗ ਗਿਆ ਅਤੇ ਕਮੇਟੀ 'ਨੋਟੀ ਫਾਈਡ ਏਰੀਆ' ਹੋ ਗਈ। ਇਸ ਖਬਰ ਨੂੰ ਸੁਣ ਕੇ ਸ਼ਹਿਰ ਵਾਸੀਆਂ ਨੂੰ ਬੜੀ ਖੁਸ਼ੀ ਹੋਈ ਤੇ ਵੈਦ ਜੀ ਨੂੰ ਤਾਂ ਆਪਣੀਆਂ ਸੇਵਾਵਾਂ ਫਲੀ ਭੂਤ ਹੁੰਦੀਆਂ ਦੇਖ ਕੇ ਅਨੰਦ ਹੋਣਾ ਹੀ ਸੀ।

੨੮ ਜੂਨ ੧੯੧੫ ਨੂੰ ਆਪ ਦੀ ਵੱਡੀ ਸਪੁੱਤ੍ਰੀ ਬੀਬੀ ਸਤਵੰਤ ਕੌਰ ਦਾ ਅਨੰਦ ਕਾਰਜ ਰਈਸ ਆਜ਼ਮ ਸਰਦਾਰ ਹੁਕਮ ਸਿੰਘ ਜੀ ਸਾਹਿਬ ਕਲਿਆਣੇ ਵਾਲੇ ਦੇ ਸਪੁਤ੍ਰ ਸਰਦਾਰ ਦਾਤਾਰ ਸਿੰਘ ਜੀ * ਨਾਲ ਗੁਰਮਤ

---

*ਸ.ਬ. ਸਰ ਦਾਤਾਰਸਿੰਘ ਜੀ ਰਈਸ ਆਜ਼ਮ ਮਿੰਟਗੁਮਰੀ—ਆਪ ਸ੍ਰ: ਹੁਕਮ ਸਿੰਘ ਜੀ ਰਈਸ ਆਜ਼ਮ ਕਲਿਆਣਾ (ਮਿੰਟਗੁਮਰੀ) ਦੇ ਜੇਠੇ ਸਪੁਤ੍ਰ ਹਨ। ਡੇਅਰੀ ਫਾਰਮ ਦੀ ਉੱਚ ਵਿਦਯਾ ਵਲਾਇਤ ਪ੍ਰਾਪਤ ਕਰਕੇ ਆਪ ਨੇ ਮਿੰਟਗੁਮਰੀ ਡੇਅਰੀ ਫਾਰਮ ਖੋਲ੍ਹੀ, ਜਿਸਦੀ ਬਰਾਂਚ ਅਜ ਕਲ ਮਾਡਲ ਟਾਊਨ, ਲਾਹੌਰ ਭੀ ਹੈ। ਸਿੱਖਾਂ ਜਾਂ ਪੰਜਾਬੀਆਂ ਵਿਚੋਂ ਹੀ ਨਹੀਂ ਸਗੋਂ ਹਿੰਦੁਸਤਾਨ ਵਿਚੋਂ ਆਪ ਇਸ ਵਿਦਯਾ ਦੇ ਚੋਟੀ ਦੇ ਮਾਹਿਰ ਮਿਥੇ ਜਾਂਦੇ ਹਨ, ਆਪ ਕਈ ਵੇਰ ਵਲੈਤ ਜਾਕੇ ਦੁਨੀਆਂ ਦੀਆਂ ਡੇਅਰੀ ਕਾਨਫ੍ਰੰਸਾਂ ਵਿਚ ਹਿੰਦੁਸਤਾਨ ਦੀ ਨੁਮਾਇੰਦਗੀ ਕਰ ਚੁਕੇ ਹਨ। ਕਈ ਯੂਨੀਵਰਸਟੀਆਂ ਵਿਚ ਇਮਤਿਹਾਨ ਕਾਰ ਭੀ ਹਨ। ਸਿੱਖਾਂ ਵਿਚੋਂ ਆਪ ਹੀ ਗੈਰ ਸਰਕਾਰੀ ਆਦਮੀ ਹਨ ਜਿਨ੍ਹਾਂ ਨੂੰ ਇਤਨੇ ਵਡੇ ਵਡੇ ਕੰਮਾਂ ਵਿਚ ਕੰਮ ਕਰਨ ਦਾ ਫ਼ਖ਼ਰ ਹੈ। ਆਪ ਇੰਗਲੈਂਡ ਤੇ ਹਿੰਦੁਸਤਾਨ ਦੇ ਵਪਾਰਕ ਸਮਝੌਤਾ ਕਰਾਨ ਲਈ ਗੈਰ ਸਰਕਾਰੀ ਸਲਾਹਕਾਰ ਭੀ ਨੀਯਤ ਹੋਏ ਸਨ। ਅਜ ਕਲ ਇਮਪੀਰੀਅਲ ਐਗਰੀਕਲਚਰਲ ਕੌਂਸਲ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਹਨ। ਜਿੱਥੇ ਬਾਹਰ ਇਤਨੀ ਸ਼ੋਭਾ ਹੈ ਉਥੇ ਆਪਣੇ ਸ਼ਹਿਰ ਮਿੰਟਗੁਮਰੀ ਦੇ ਮਿਊਨਸਿਪਲ ਕਮੇਟੀ ਦੇ ਮੈਂਬਰ, ਡਿਸਟ੍ਰਿਕਟ ਬੋਰਡ ਦੇ ਵਾਈਸ ਪ੍ਰਧਾਨ, ਸਿੰਘ ਸਭਾ ਤੇ ਖਾਲਸਾ ਹਾਈ ਸਕੂਲ ਦੇ ਪ੍ਰਧਾਨ ਤੇ ਕਈ ਹੋਰ ਸਭਾ ਸੁਸਾਇਟੀਆਂ ਦੇ ਓਹਦੇਦਾਰ ਭੀ ਰਹਿ ਚੁਕੇ, ਤੇ ਹਨ। ੧੯੩੯ ਵਿਚ ਆਪ 'ਸਰ'ਬਨਾਏ ਗਏ ਹਨ।



Digitized by Panjab Digital Library | www.panjabdigilib.org

ਅਨੁਸਾਰ ਹੋਇਆ* ।

× × × × × × ×

ਜਿਵੇਂ ਤ੍ਰਿਹਾਏ ਬੰਦੇ ਤੇ ਪਸ਼ੂ ਪੰਛੀ ਸਰੋਵਰ ਨੂੰ ਚਲੇ ਆਉਂਦੇ ਹਨ,ਤਿਵੇਂ ਹੀ ਗਰੀਬਾ ਲੋੜਵੰਦਾ ਬਾਮਾਰਾਂ, ਸੰਤਾਂ ਪ੍ਰੇਮੀਆਂ ਤੇ ਗੁਣੀਆਂ ਗਿਆਨੀਆਂ ਦਾ ਅੱਡਾ ਤਰਨ ਤਾਰਨ ਵਿਚ ਵੈਦ ਜੀ ਸਨ । ੫ ਅਗਸਤ ੧੯੧੫ ਨੂੰ ਭਾਈ ਲਾਲ ਸਿੰਘ ਜੀ ਆਏ ਤੇ ਖਰਚ ਦੀ ਤੰਗੀ ਦੱਸੀ । ਏਧਰ ਕੀ ਢਿਲ ਸੀ? ਵੈਦ ਜੀ ਨੇ ਝਟ ਰੁਪਏ ਚੁਪ ਚਾਪ ਹੱਥ ਫੜਾ ਕੇ ਪ੍ਰੇਮ ਭਾਵ ਨਾਲ ਹੱਥ ਜੋੜ ਦਿਤੇ । ਪਰ ਹੱਥ ਜੋੜ ਕੇ ! ਇਸ ਨੂੰ ਆਖਦੇ ਹਨ 'ਦੇਣਾ' ।

੧੦ ਅਗਸਤ ਨੂੰ ਰਾਇ ਬਹਾਦਰ ਸਰਦਾਰ ਬੂਟਾ ਸਿੰਘ ਜੀ ਨੇ ਪ੍ਰੇਮ ਸਹਿਤ ਦਰਸ਼ਨ ਦਿੱਤੇ । ਪ੍ਰਸ਼ਾਦ ਛਕਿਆ ਤੇ ਖੂਬ ਪ੍ਰੇਮ ਸਹਿਤ ਬਚਨ ਬਿਲਾਸ ਹੁੰਦੇ ਰਹੇ ।

ਜਦ ਅਨ੍ਹੇਰੀ ਜਾਂ ਹੜ ਆਉਂਦੇ ਹਨ, ਤਾਂ ਘਾ ਫੂਸ ਦੇ ਨਾਲ ਹੀ ਅੱਛੇ ਅੱਛੇ ਮਜ਼ਬੂਤ ਦਰਖਤ ਤੇ ਘਰਾਂ ਦੀਆਂ ਛੱਤਾਂ ਭੀ ਉਡਾ ਲੈ ਜਾਂਦੇ ਹਨ । ੧੯੧੫ ਵਿਚ ਕੁਝ ਤਾਂ ਮਹਾਂ ਜੰਗ ਦੇ ਕਾਰਣ ਸਰਕਾਰ ਘਬਰਾ ਗਈ ਤੇ ਉਪਰੋਂ ਪਰਦੇਸਾਂ ਦੇ ਵੀਰ ਆ ਗਏ, ਬਸ ਸਰਕਾਰ ਤਾਂ ਬੌਰੀ ਹੋ ਗਈ । ਪਕੜ ਧਕੜ ਜ਼ੋਰਾਂ ਤੇ ਹੋ ਗਈ । ਪਰਦੇਸਾਂ ਤੋਂ ਆਏ ਵੀਰ ਸਾਜ਼ਸ਼ ਦੇ ਦੋਸ਼ ਵਿਚ ਸੈਂਕੜੇ ਹੀ ਫੜੇ ਗਏ । ਸਰਕਾਰ ਦਾ ਸ਼ੱਕ ਹਰ ਇਕ ਤੇ ਹੋਣ ਲੱਗਾ, ਤੇ ਖਾਸ ਕਰ ਸਿਖਾਂ ਉਤੇ । ਤੇ ਹੋਣਾ ਭੀ ਜ਼ਰੂਰੀ ਸੀ ਕਿਉਂਕਿ ਇਸ ਹਲ ਚਲੀ ਵਿਚ ਬਹੁਤ ਹਿੱਸਾ ਸਿਖਾਂ ਦਾ ਹੀ ਸੀ, ਤੇ ਲੱਗੇ ਦਾਣਿਆਂ ਨਾਲ ਨਿਰਦੋਸੇ ਘੁਣ ਭੀ ਪਿਸਣ । ਕਈ ਨੇਕ ਆਦਮੀ ਇਸ ਹਲ ਚਲੀ ਦੀ ਲਪੇਟ ਵਿਚ ਆ ਗਏ । ਮਾਝੇ ਦੇ ਬਾਬਾ ਕੇਹਰ ਸਿੰਘ ਜੀ ਪੱਟੀ ਬੜੇ ਸ਼ੇਰ ਦਿਲ ਸੱਚੇ ਤੇ ਬੇ ਖੌਫ ਗੁਰਮੁਖ ਭੀ ਇਸੇ ਲਪੇਟ ਵਿਚ ਆ ਗਏ।

---

*ਇਸ ਸਮੇਂ ਪੁਸਤਕ 'ਸਹੁਰੇ ਤੁਰਦੀ ਧੀ ਨੂੰ ਮੱਤਾਂ' ਵੈਦ ਜੀ ਵਲੋਂ ਲਿਖ ਤੇ ਪ੍ਰਕਾਸ਼ਤ ਕਰਾ ਵੰਡੀ ਗਈ, ਜੋ ਬੱਚੀਆਂ ਨੂੰ ਸਿਖਿਆ ਦੇਣ ਲਈ ਡਾਢੀ ਸੋਹਣੀ ਤੇ ਸਿਖਿਆਦਾਇਕ ਹੈ ਤੇ ਹਰ ਇਕ ਲੜਕੀ ਦੇ ਪੜ੍ਹਨ ਯੋਗ ਹੈ ।



Digitized by Panjab Digital Library | www.panjabdigilib.org

ਸਰਕਾਰ ਦੀ ਕੈਰੀ ਅੱਖ ਦੇਖ ਕੇ ਵੈਦਜ ਜੀ ਨੂੰ ਬੜਾ ਦੁੱਖ ਹੋਇਆ। ਬਾਬਾ ਜੀ ਦੇ ਨਿਰਦੋਸ਼ ਹੋਣ ਨੂੰ ਵੈਦ ਜੀ ਜਾਣਦੇ ਸਨ, ਪਰ ਏਥੇ ਰਾਜਸੀ ਅਨ੍ਹੇਰੀ ਵਿਚ ਕਿਸੇ ਦੀ ਕੀ ਪੇਸ਼ ਜਾਵੇ ? ਬਾਬਾ ਜੀ ਨੇ ਆਪਣਾ ਸਾਰਾ ਹਾਲ ਵੈਦ ਜੀ ਪਾਸ ਦੱਸਿਆ। ਵੈਦ ਜੀ ਜਾਣਦੇ ਸਨ ਕਿ ਉਸ ਵੇਲੇ ਇੱਕ ਮਾਮੂਲੀ ਅੰਗ੍ਰੇਜ਼ ਦਾ ਬਲ ਭੀ ਦੇਸੀ ਰਾਜੇ ਨਾਲੋਂ ਕਈ ਗੁਣਾਂ ਵਧੀਕ ਹੈ। ਉਹ ਜਾਣਦੇ ਸਨ ਕਿ ਇਸ ਸਮੇਂ ਅੰਗ੍ਰੇਜ਼ ਦੀ ਜ਼ਬਾਨ ਸਰਕਾਰ ਅੱਗੇ ਮਾਨੋਂ ਰੱਬ ਦੀ ਜ਼ਬਾਨ ਹੈ। ਬਾਬਾ ਜੀ ਦੀ ਮਦਦ ਲਈ ਆਪ ਪਾਦਰੀ ਗਿਲਫੋਰਡ ਪਾਸ ਪਹੁੰਚੇ ਤੇ ਬੜੇ ਪ੍ਰੇਮ ਤੇ ਧੀਰਜ ਨਾਲ ਹੌਲੀ ੨ ਬਾਬਾ ਜੀ ਦੇ ਨਿਰਦੋਸ਼ ਹੋਣ ਦਾ ਸਾਰਾ ਕਿੱਸਾ ਪਾਦਰੀ ਸਾਹਿਬ ਦੇ ਜ਼ਿਹਨ ਨਸ਼ੀਨ ਕਰਾ ਦਿੱਤਾ। ਪਿਆਰ ਤੇ ਲਿਹਾਜ਼ ਭੀ ਕੋਈ ਚੀਜ਼ ਹੁੰਦਾ ਹੈ, ਪਾਦਰੀ ਸਾਹਿਬ ਦੇ ਦਿਲ ਉੱਤੇ ਬਾਬਾ ਜੀ ਦੀ ਨਿਰਦੋਸ਼ਤਾ ਘਰ ਕਰ ਗਈ ਤੇ ਉਨ੍ਹੀ ਡੀ.ਸੀ. ਪਾਸ ਸਫਾਰਸ਼ ਕਰਨ ਦਾ ਇਕਰਾਰ ਕੀਤਾ। ਬੱਸ ਫੇਰ ਕੀ ਸੀ ਕੰਮ ਫਤੇ ਹੋ ਗਿਆ । ਇਸ ਨੂੰ ਆਖਦੇ ਹਨ ਸੱਚ ਦੀ ਹਮਾਇਤ ਤੇ ਕੌਮ ਲਈ ਦਰਦ।

ਭਾਈ ਤਖਤ ਸਿੰਘ ਜੀ ਫੀਰੋਜ਼ਪੁਰ ਵਾਲੇ ਵੈਦ ਜੀ ਦਾ ਬੜਾ ਸਨਮਾਨ ਕਰਦੇ ਸਨ ਤੇ ਵੈਦ ਜੀ ਦਾ ਭੀ ਆਪ ਨਾਲ ਡਾਢਾ ਪਿਆਰ ਸੀ। ਜਦ ਕਦੇ ਜ਼ਰਾ ਤਕਲੀਫ ਹੋਈ ਤਾਂ ਵੈਦ ਜੀ ਝੱਟ ਆਪ ਪਾਸ ਪਹੁੰਚੇ। ਅਕਤੂਬਰ ਦੇ ਪਿਛਲੇ ਪੱਖ ਵਿੱਚ ਭਾਈ ਸਾਹਿਬ ਜੀ ਸਖਤ ਬੀਮਾਰ ਹੋ ਗਏ । ਰੋਗ ਨਾ ਮੁੜਦਾ ਦੇਖ ਕੇ ੨੩ ਅਕਤੂਬਰ ਨੂੰ ਵੈਦ ਜੀ ਨੂੰ ਜਲਦੀ ਫੀਰੋਜ਼ਪੁਰ ਪਹੁੰਚਣ ਲਈ ਤਾਰ ਆਈ। ਏਧਰ ਭਲਾ ਕੀ ਢਿੱਲ ਸੀ? ਵੈਦ ਜੀ ਹਰ ਔਕੜ ਸਮੇਂ ਕੋਲੋਂ ਖਰਚ ਕਰਕੇ ਆਪਣਾ ਫਰਜ਼ ਸਮਝਕੇ ਪੁੱਜਦੇ ਸਨ। ਆਪ ਉਸੇ ਵੇਲੇ ਪਹਿਲੀ ਗੱਡੀ ਵਿੱਚ ਅਸਵਾਰ ਹੋ ਫੀਰੋਜ਼ਪੁਰ ਪਹੁੰਚੇ। ਦੋ ਚਾਰ ਦਿਨ ਓਥੇ ਹੀ ਭਾਈ ਤਖਤ ਸਿੰਘ ਜੀ ਦੇ ਸਰਹਾਣੇ ਬੈਠੇ ਰਹੇ ਤੇ ਜਦ ਤਕ ਕਾਫੀ ਰਾਜ਼ੀ ਨਹੀਂ ਹੋ ਗਏ, ਵੈਦ ਜੀ ਉਨ੍ਹਾਂ ਪਾਸੋਂ ਨਹੀਂ ਉੱਠੇ। ਸੋਚਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦਿਨਾਂ ਵਿੱਚ ਪਿੱਛੇ ਦੁਕਾਨ ਉੱਤੇ



Digitized by Panjab Digital Library | www.panjabdigilib.org

ਆਪ ਦਾ ਕਿੰਨਾ ਕੁ ਨੁਕਸਾਨ ਹੋਇਆ ਹੋਊ ? ਪਰ ਆਪ ਦੀ ਵਿਲੱਖਣਤਾ ਤਾਂ ਇਹੀ ਸੀ !

ਯੂਰਪ ਦਾ ਜੰਗ ਜ਼ੋਰਾਂ ਵਿੱਚ ਸੀ । ਸਿਪਾਹੀਆਂ ਦੀਆਂ ਮੌਤਾਂ ਦੀਆਂ ਖਬਰਾਂ ਸੁਣ ਸੁਣ ਪਿੰਡਾਂ ਵਿੱਚ ਮਾਤਮ ਦੇ ਕੁਰਲਾਹਟ ਪੈ ਰਹੇ ਸਨ । ਵੈਦ ਜੀ ਨੇ ਪੰਜਾਬੀ ਸਿਪਾਹੀਆਂ ਦੇ ਮਨ ਪਰਚਾਵੇ ਤੇ ਵਿਚਾਰ ਆਦਿ ਲਈ ਬਹੁਤ ਸਾਰੇ ਪੁਸਤਕ ਆਪਣੇ ਪਾਸੋਂ ਜੰਗ ਵਿੱਚ ਮੁਫਤ ਭੇਜੇ । ੨੯ ਮਾਰਚ ੧੯੧੫ਦੀ ਡਾਇਰੀ ਵਿੱਚ ਇੱਕ ਨੋਟ ਤੇ ਫਹਿਰਿਸਤ ਇਸਤਰ੍ਹਾਂ ਦਰਜ ਹੈ:-

"ਜੰਗ ਯੂਰਪ ਦੇ ਸਿਪਾਹੀਆਂ ਦੇ ਜੀ ਪਰਚਾਵੇ ਵਾਸਤੇ ਭੇਜਣ ਵਾਲੇ ਪੁਸਤਕ ੧੦੦ ਮੁਲਾਕਾਤ ਦਰਪਨ, ੧੦੦ ਜਵਾਨਾਂ ਦਾ ਰਾਖਾ, ੧੦੦ ਸੁਖੀ ਜੀਵਨ ਦੇ ਗੁਰ ੧੦੦ ਅਰੋਗਤਾ ਪ੍ਰਕਾਸ਼, ੧੦੦ 'ਦੁਖ ਨਿਵਾਰਨ' ਪੱਤ੍ਰ, ੨੫ ਬੇਕਨ ਵਿਚਾਰ ਰਤਨਾਵਲੀ ਆਦਿਕ, ਪਾਦਰੀ ਗਿਲਫੋਰਡ ਤੇ ਡੀ. ਸੀ. ਰਾਹੀਂ ਜੰਗ ਮੈਦਾਨ ਨੂੰ ਭੇਜੇ।"

ਇਸੇ ਹੀ ਤਰ੍ਹਾਂ ੨੨ ਨਵੰਬਰ ੧੯੧੫ ਨੂੰ ਆਪ ਜੀ ਨੇ ੪੧ ਪੀਪੇ ਸ਼ਹਿਰ ਨਿਵਾਸੀਆਂ ਦੇ ਉੱਦਮ ਨਾਲ ਇਕੱਠੇ ਕਰਕੇ ਅਚਾਰ ਦੇ ਮੈਦਾਨ ਜੰਗ ਨੂੰ ਭੇਜੇ ।

੨੪ ਦਸੰਬਰ ਨੂੰ ਆਪ ਨੇ ਪੋਹ ਸੁਦੀ ਸਤਮੀ ਦੇ ਗੁਰਪੁਰਬ ਬਾਰੇ ਪੰਥਕ ਅਖਬਾਰਾਂ ਨੂੰ ਕਵਿਤਾਂ ਭੇਜੀਆਂ ।

ਇਸ ਸਾਲ ਵਿੱਚ ਆਪ ਨੇ 'ਆਰੀਆਂ ਦੇ ਢੋਲ ਦਾ ਪੋਲ' ਦੂਜੀ ਵਾਰ ਛਾਪਿਆ ਤੇ 'ਸਹੁਰੇ ਤੁਰਦੀ ਧੀ ਨੂੰ ਮੱਤਾਂ' ਤੇ ਆਤਮਕ ਉੱਨਤੀ। ਪੁਸਤਕਾਂ ਪ੍ਰਕਾਸ਼ਤ ਕੀਤੀਆਂ । ਇਹ ਅੰਤਲੀ ਪੁਸਤਕ 'ਆਤਮਕ ਉੱਨਤੀ' ਡਾਢੀ ਸਿੱਖਿਆ ਪੂਰਤ ਹੈ । ਆਪਣੇ ਜੀਵਣ ਨੂੰ ਉੱਚਾ ਕਰਨ ਤੇ ਸੁਖ ਪੂਰਵਕ ਬਣਾਉਣਾ । "ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚ ਵਾਸੁ" ਸਮਝਕੇ ਸੰਸਾਰ ਸੁਖਮਯ ਬਣਾਉਣ ਲਈ ਇਹ ਪੁਸਤਕ ਬਹੁਤ ਹੀ ਜ਼ਰੂਰੀ ਪੜ੍ਹਨ ਵਾਲੀ ਹੈ ॥

---



Digitized by Panjab Digital Library | www.panjabdigilib.org

੧੯੦੧—੨ ਵਿਚ ਦਾਸ ਨੇ ਇਕ ਲੇਖ ਕਿਸੀ ਅਖਬਾਰ ਵਿਚ "ਭਗਵੇਂ ਵੇਸ" ਦੇ ਸਬੰਧ ਵਿਚ ਲਿਖਿਆ ਤੇ "ਜੋਗ ਨ ਭਗਵੀਂ ਕੱਪੜੀਂ ਜੋਗ ਨ ਮੈਲੇ ਵੇਸ" ਇਤ ਆਦਿਕ ਪ੍ਰਮਾਣ ਗੁਰਬਾਣੀ ਦੇ ਵਰਤੇ । ਮੇਰੀ ਵੈਦ ਜੀ ਨਾਲ ਜਾਂ ਪੰਜਾਬ ਦੇ ਕਿਸੀ ਵਿਦਵਾਨ ਨਾਲ ਕੋਈ ਜਾਣ ਪਹਿਚਾਣ ਨਹੀਂ ਸੀ । ਇਸ ਲੇਖ ਨੂੰ ਪੜ੍ਹਕੇ ਮੇਰੇ ਨਾਮ ਇਕ ਪੱਤਰ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਸਾਹਿਬ ਦਾ ਮੈਨੂੰ ਮਿਲਿਆ । ਜਿਸ ਵਿਚ ਉਨ੍ਹਾਂ ਨੇ ਮੈਨੂੰ ਬੜੇ ਚੰਗੇ ਲਫਜ਼ ਨਿਵਾਜੇ ਅਤੇ ਐਸੇ ਹੀ ਵੀਚਾਰ ਪ੍ਰਗਟ ਕਰਨ ਵਲ ਉਭਾਰਿਆ ।

੧੯੦੪ ਵਿਚ ਲਾਹੌਰ ਦੇ ਸਾਲਾਨਾ ਦੀਵਾਨ ਪਰ ਆਵਣ ਤੇ ਆਪ ਨੇ ਪਤਾ ਦਿਤਾ, ਤੇ ਮਿਲਨ ਪਰ ਬੜੀ ਪ੍ਰਸੰਨਤਾ ਜ਼ਾਹਰ ਕੀਤੀ ਅਤੇ ਆਪ ਨੇ ਹਿੰਦੀ ਪੁਸਤਕਾਂ ਦਾ ਉਲਥਾ ਕਰਨ ਦੀ ਮੈਨੂੰ ਚਿੰਣਗ ਲਾਈ ਜਿਸ ਕਰਕੇ ਮੈਂ ਹਿੰਦੀ, ਮਰਾਠੀ, ਗੁਜਰਾਤੀ ਪੁਸਤਕਾਂ ਅਖਬਾਰਾਂ ਪੜ੍ਹਣ ਦੀ ਵਧੀਕ ਕੋਸ਼ਸ਼ ਕੀਤੀ । ਤੇ ਕਿਤਨੇ ਹੀ ਲੇਖ ਤੇ ਨਿੱਕੀਆਂ ੨ ਕਤਾਬਾਂ ਉਲਥੇ ਸਮੇਤ ਭੇਜਣ ਦੀ ਕੋਸ਼ਸ਼ ਜਾਰੀ ਰੱਖੀ ।

ਆਪ ਦੇ ਵਿਚਾਰ ਗੁਰਮਤ ਦੀ ਵਿਸ਼ੇਸ਼ਤਾ ਦਾ ਪ੍ਰਚਾਰ ਕਰਨ ਦੇ ਅਤੇ ਸਿੱਖੀ ਜੀਵਨ ਵਿਚ ਸਾਰੇ ਜਗਤ ਨੂੰ ਜੀਵਨ ਬਿਤਾਨ ਵਾਲਾ ਹੋਣ ਦੇ ਬੜੇ ਹਾਮੀ ਸਨ, ਤੇ ਖਾਲਸਾ ਕਹਿਲਾ ਕੇ ਖਾਲਸ ਮਰਯਾਦਾ ਦੇ ਅਨਕੂਲ ਹੋਣ ਦੇ ਤੇ ਗੁਰਬਾਣੀ ਦਾ ਪਾਠ ਕਰਨ ਕਰਾਉਣ ਦੀ ਬੜੀ ਪ੍ਰਤੀਖਿਆ ਵਾਲੇ ਸਨ । ਆਪ ਬੜੇ ਮਿਤ ਭਾਸ਼ੀ, ਮਿਠ ਬੋਲੇ, ਸੰਜਮੀ, ਸਿਆਣੇ ਤੇ ਕਿਸੀ ਦਾ ਬਾਣੀ ਦੁਆਰਾ, ਕਰਮ ਦੁਆਰਾ ਜਾਂ ਮਨ ਦੁਆਰਾ ਹੀਆ ਦੁਖਾਉਣ ਤੋਂ ਸੰਕੋਚ ਕਰਨ ਵਾਲੇ ਅਰ ਗੁਰੂ ਪ੍ਰਮੇਸ਼ਰ ਦੀ ਭੈ ਭਗਤੀ ਦੇ ਦਿਲ ਵਿਚ ਰੱਖਣ ਵਾਲੇ ਸਨ ।

ਆਪ ਪੂਰਨ ਦਾਨੀ, ਪ੍ਰੋਪਕਾਰੀ, ਪ੍ਰਾਣੀ ਮਾਤ੍ਰ ਨੂੰ ਸੁਖੀ ਕਰਨ ਦਾ ਉਮਾਹ ਰੱਖਣ ਵਾਲੇ ਤੇ ਵਾਹ ਲਗਦੇ ਬਚਨ ਪੂਰਾ ਕਰਨ ਦੀ ਕੋਸ਼ਸ਼ ਕਰਨ ਵਾਲੇ ਨਿਰਮਾਣ ਗੁਰੂ ਜੀ ਦੇ ਸੇਵਕ ਸਨ ।

ਅਕਾਲੀ ਕੌਰ ਸਿੰਘ ਜੀ ਨਿਹੰਗ,
ਸ੍ਰੀ ਗੁਰੂ ਨਾਨਕ ਆਸ਼ਰਮ ਚਕਾਰ (ਕਸ਼ਮੀਰ)



Digitized by Panjab Digital Library | www.panjabdigilib.org

# ੧੯੧੬

## ਜੀਵਨਾਦਰਸ਼

*"ਉਨ੍ਹਾਂ ਦੀਆਂ ਖ਼ੂਬੀਆਂ ਤੇ ਉਹਨਾਂ ਦੀ ਮਿੱਠੀ ਬੋਲੀ*
*ਤੇ ਪ੍ਰਭਾਵ ਦੇ ਉਹ ਆਪ ਹੀ ਸਾਨੀ ਸਨ।"*

(ਸ੍ਰ: ਗੁਰਮੁਖ ਸਿੰਘ ਜੀ ਰੀਟਾਇਰਡ ਐਨਜੀਨੀਅਰ
ਬਾਰਾ ਮੂਲਾ ਕਸ਼ਮੀਰ)

੧੯੧੬ ਦਾ ਅਰੰਭ ਵੈਦ ਜੀ ਨੇ ਦਸਮੇਸ਼ ਸੁਭਾਗਮਨ ਦੀ ਖੁਸ਼ੀ ਤੇ ਕੀਤਾ। ਅਰਥਾਤ ੧ ਜਨਵਰੀ ੧੯੧੬ ਨੂੰ ਪਹਿਲ ਪਲੋਠੀ ਦਾ ਕੰਮ ਆਪ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਧਾਰਨ ਦੇ ਸੁਭਾਗ ਦਿਹਾੜੇ ਪੋਹ ਸੁਦੀ ਸਤਮੀ ਲਈ ਦੋ ਮਜ਼ਮੂਨ ਅਖਬਾਰ 'ਸ਼ਹੀਦ' ਅੰਮ੍ਰਿਤਸਰ ਲਈ ਲਿਖੇ।

ਨਾਵੀਂ ਸਿਖ ਐਜੂਕੇਸ਼ਨਲ ਕਾਨਫ੍ਰੰਸ ਦਾ ਅਗਲਾ ਇਜਲਾਸ ਤਰਨ ਤਾਰਨ ਵਿਚ ਹੋਣਾ ਨੀਯਤ ਹੋਇਆ ਸੀ, ਤੇ ਪਿਛਲਾ ਦੀਵਾਨ ਫੀਰੋਜ਼ ਪੁਰ ਵਿਚ ਅਕਤੂਬਰ ਵਿਚ ਹੋਣ ਕਰਕੇ ਇਸ ਕਾਨਫ੍ਰੰਸ ਦੀ ਤਿਆਰੀ ਲਈ ਸਮਾ ਬੜਾ ਹੀ ਥੋੜਾ ਸੀ ਇਸ ਲਈ ਵੈਦ ਜੀ ਹੋਰ ਸਿਖ ਸੇਵਕਾਂ ਤੇ ਗੁਰੂ ਘਰ ਦੇ ਪਿਆਰਿਆਂ ਨਾਲ ਸ਼ੁਰੂ ਤੋਂ ਹੀ ਕਾਨਫ੍ਰੰਸ ਨੂੰ ਕਾਮਯਾਬ ਬਨੌਣ ਦੇ ਕੰਮ ਵਿਚ ਜੁੱਟ ਗਏ। ਕਾਨਫ੍ਰੰਸ ਦਾ ਬਹੁਤ ਸਾਰਾ ਕੰਮ ਵੈਦ ਜੀ ਦੇ ਜ਼ੁੰਮੇ ਸੀ। ਇਸ ਲਈ ਸਾਰਾ ਜਨਵਰੀ ਮਹੀਨਾ ਆਪ ਨੇ ਕਾਨਫ੍ਰੰਸ ਪ੍ਰਾਪਾਗੰਡੇ ਵਿਚ ਹੀ ਲੰਘਾਇਆ। ਮੁੜ ਤਾਜ਼ਾ ਹੋਣ ਲਈ ਆਪ ੬ ਫਰਵਰੀ ਨੂੰ ਹੋਰ ਸਾਥ ਨਾਲ ਹਰਦੁਆਰ ਦੇਹਰਾ ਦੂਨ ਆਦਿ ਥਾਵਾਂ ਦੀ ਯਾਤ੍ਰਾ ਲਈ ਤੁਰ ਗਏ।



Digitized by Panjab Digital Library | www.panjabdigilib.org

ਹਰਦੁਆਰ, ਕਨਖਲ, ਰਿਖੀਕੇਸ਼ ਤੇ ਦੇਹਰਾ ਦੂਨ ਆਦਿ ਤਮਾਮ ਸੰਬੰਧਤ ਅਸਥਾਨਾਂ ਦੀ ਯਾਤ੍ਰਾ ਕਰਦੇ ਤੇ ਦਵਾਈਆਂ ਵੰਡਦੇ, ਦਾਨ ਕਰਦੇ ਤੇ ਸੰਤਾਂ ਸਾਧੂਆਂ ਨਾਲ ਸਤਿ-ਸੰਗ ਕਰਦੇ ਹੋਏ ੧੩ ਫਰਵਰੀ ਨੂੰ ਵਾਪਸ ਤਰਨ ਤਾਰਨ ਆ ਗਏ। ਤੇ ਫੇਰ ਕਾਨਫ੍ਰੰਸ ਦੇ ਕੰਮ ਵਿਚ ਹੀ ਯਥਾ ਸ਼ਕਤਿ ਜੁੱਟ ਗਏ। ਹਰ ਕੰਮ ਵਿਚ ਆਪ ਵਧ ਤੋਂ ਵਧ ਹਿੱਸਾ ਲੈਂਦੇ ਸਨ। ਕਾਨਫ੍ਰੰਸ ਦੀ ਉਗਰਾਹੀ ਦਾ ਬੜਾ ਜ਼ਰੂਰੀ ਕੰਮ ਸੀ ਜਿਸ ਲਈ ਕੰਮ ਛੱਡ ਕੇ ਦਰ ਦਰ ਫਿਰਨਾ ਕੋਈ ਸੁਖਾਲਾ ਨਹੀਂ ਸੀ। ਕਾਨਫ੍ਰੰਸ ਸਮੇਂ ਸੰਤ ਅਤਰ ਸਿੰਘ ਜੀ ਜੇਹੇ ਗੁਰਮੁਖਾਂ ਨੂੰ ਜੱਥੇ ਸਣੇ ਤੇ ਹੋਰ ਭੀ ਅਨੇਕ ਗੁਰਮੁਖ ਪ੍ਰੇਮੀਆਂ ਨੂੰ ਆਪਣੀ ਹੱਥੀਂ ਆਪਣੇ ਘਰ ਪ੍ਰਸ਼ਾਦ ਛਕਾ ਸੇਵਾ ਕੀਤੀ। ਆਪ ਨੂੰ ਸਾਰੇ ਕੰਮਾਂ ਨਾਲੋਂ ਸੇਵਾ ਕਰਨ ਵਿਚ ਵਧੀਕ ਅਨੰਦ ਪ੍ਰਾਪਤ ਹੁੰਦਾ ਸੀ। ਕਾਨਫ੍ਰੰਸ ਦੇ ਦਿਨਾਂ ਵਿਚ ਤਾਂ ਆਪ ਬਾਲ ਬੱਚੇ ਸਮੇਤ ਕਾਨਫ੍ਰੰਸ ਪਿੰਡਾਲ ਵਿਚ ਰਹੇ। ਲੈਕਚਰ ਤੇ ਵਿਜਾਖਜਾਨ ਸੁਣਨੇ, ਧਾਰਮਿਕ ਦੀਵਾਨ ਵੇਖਣੇ, ਸੰਤਾਂ, ਸਾਧੂ,ਗੁਰਮੁਖਾਂ ਦੇ ਦਰਸ਼ਨ ਕਰਕੇ ਸਿੱਖਿਆ ਪ੍ਰਾਪਤ ਕਰਨੀ ਆਦਿ ਵਿਚ ਆਪ ਦਾ ਸਾਰਾ ਸਮਾ ਲੰਘਦਾ। ਇਨ੍ਹਾਂ ਦਿਨਾਂ ਵਿਚ ਦੁਕਾਨ ਤੇ ਘਰ ਬੰਦ ਹੀ ਰਹੇ।

ਖਾ: ਪ੍ਰ: ਵਿਦਯਾਲਾ ਤਰਨ ਤਾਰਨ ਦੇ ਨਾਲ ਹਸਪਤਾਲ ਭੀ ਹੈ। ਕਾਨਫ੍ਰੰਸ ਦੇ ਦਿਨਾਂ ਵਿਚ ਇਸ ਵਿਚ ਭੀ ਵਧੀਕ ਕੰਮ ਪੈਣ ਦੀ ਸੰਭਾਵਨਾ ਜ਼ਰੂਰੀ ਖਿਆਲ ਕੀਤੀ ਗਈ। ਇਸ ਲਈ ਦਵਾਈਆਂ ਦਾ ਖਰਚ ਭੀ ਵਧੀਕ ਹੋਣਾ ਹੀ ਹੋਇਆ। ਇਸ ਪੂਰਤੀ ਲਈ ਵੈਦ ਜੀ ਨੇ ਬਹੁਤ ਸਾਰੀਆਂ ਅੰਗ੍ਰੇਜ਼ੀ ਦਵਾਈਆਂ ਜੋ ਆਪ ਪਾਸ ਸਨ ਦਾਨ ਵਜੋਂ ਖਾਲਸਾ ਪ੍ਰਚਾਰਕ ਵਿਦਯਾਲੇ ਦੇ ਹਸਪਤਾਲ ਨੂੰ ਦਿਤੀਆਂ। ਕੁਛ ਚਿਰ ਪਹਿਲਾਂ ਵੈਦ ਜੀ ਨੇ ਇਕ ਅੰਗ੍ਰੇਜ਼ੀ ਦਵਾਈਆਂ ਦੀ ਦੁਕਾਨ ਖੋਲਣ* ਲਈ ਇਹ ਸਭ ਦਵਾਈਆਂ ਸਿਧੀਆਂ ਵਿਲਾਇਤ ਵਿਚੋਂ ਮੰਗਵਾਈਆਂ ਸਨ। ੯ ਮਾਰਚ

* ਇਸ ਕੰਪਨੀ ਦਾ ਨਾਮ ਨੈਸ਼ਨਲ ਮੈਡੀਕਲ ਕੰਪਨੀ ਰੱਖਿਆ ਸੀ ਪਰ ਕਈਆਂ ਕਾਰਨਾ ਕਰਕੇ ਬੰਦ ਹੀ ਕਰ ਦੇਣੀ ਅੱਛੀ ਜਾਤੀ।



Digitized by Panjab Digital Library | www.panjabdigilib.org

੧੯੧੬ ਨੂੰ ਉਨ੍ਹਾਂ ਵਿਚੋਂ ਬਾਕੀ ਪਈਆਂ ਬਹੁਤ ਸਾਰੀਆਂ ਧਰਮ ਅਰਥ ਦਾਨ ਕਰ ਦਿਤੀਆਂ ।

ਅਸੀਂ ਉਪਰ ਦਸ ਆਏ ਹਾਂ ਕਿ ਇਸ ਕਾਨਫ੍ਰੰਸ ਵਿਚ ਲਿਖਾ ਪੜ੍ਹੀ ਤੇ ਪ੍ਰਬੰਧ ਆਦਿ ਦੀ ਸੇਵਾ ਦਾ ਬਹੁਤ ਸਾਰਾ ਭਾਰ ਵੈਦ ਜੀ ਦੇ ਮੋਢਿਆਂ ਤੇ ਹੀ ਸੀ । ਇਸ ਦਾ ਫਲ ਇਹ ਨਿਕਲਿਆ ਕਿ ਇਹ ਕਾਨਫ੍ਰੰਸ ਦਾ ਸਾਲਾਨਾ ਸਮਾਗਮ ਪਿਛਲੇ ਸਾਰੇ ਸਮਾਗਮਾਂ ਨਾਲੋਂ ਪ੍ਰੇਮ, ਸ਼ਾਂਤੀ, ਗੁਰਮੁਖਤਾ,ਸੁਚੱਜਤਾ ਆਦਿ ਹਰ ਪਹਿਲੂ ਤੋਂ ਉੱਤਮ ਰਿਹਾ । ਪ੍ਰਬੰਧ ਬਹੁਤ ਹੀ ਕਮਾਲ ਦਾ ਸੀ । ਇਸ ਦਾ ਅੰਦਾਜ਼ਾ ਆਪ ਇਸ ਗਲ ਤੋਂ ਹੀ ਅੱਛੀ ਤਰ੍ਹਾਂ ਲਾ ਸਕਦੇ ਹੋ ਕਿ ਆਪ ਨੇ ਕਾਨਫ੍ਰੰਸ ਸਮਾਗਮ ਤੋਂ ਕੁਛ ਦਿਨ ਪਹਿਲਾਂ ਰੀਸਿਪਸ਼ਨ ਕਮੇਟੀ ਵਲੋਂ ਕਾਨਫ੍ਰੰਸ ਤੇ ਪੁੱਜਣ ਵਾਲੇ ਗੁਰਮੁਖਾਂ ਪ੍ਰੇਮੀਆਂ ਤੇ ਹੋਰ ਦਰਸ਼ਕਾਂ ਵਾਸਤੇ 'ਯਾਦ ਰੱਖਣ ਯੋਗ ਬੇਨਤੀਆਂ' ਦੇ ਹੈਡਿੰਗ ਹੇਠ ਟ੍ਰੈਕਟ ਜਾਰੀ ਕੀਤਾ ਤੇ ਉਹ ਸਾਰਾ ਅਪ੍ਰੈਲ ੧੯੧੬ ਦੇ ਦੂਖ ਨਿਵਾਰਨ ਵਿਚ ਭੀ ਛਾਪਿਆ । ਇਨ੍ਹਾਂ 'ਬੇਨਤੀਆਂ' ਵਿਚ ੪੦ ਜ਼ਰੂਰੀ ਨਸੀਹਤਾਂ ਸਨ, ਜੋ ਕਾਨਫ੍ਰੰਸ ਲਈ ਹੀ ਨਹੀਂ ਸਗੋਂ ਜੇ ਇਨਸਾਨ ਹਮੇਸ਼ਾਂ ਵਾਸਤੇ ਇਨ੍ਹਾਂ ਉਪਰ ਅਮਲ ਕਰੇ ਤਾਂ ਸੁਖੀ ਤੇ ਸਫਲ ਜੀਵਣ ਬਣਾ ਸਕਦਾ ਹੈ, ਇਨ੍ਹਾਂ ਵਿਚੋਂ ਕੁਛ ਕੁ ਨੋਟ ਅਸੀਂ ਏਥੇ ਪਾਠਕਾਂ ਦੀ ਗਿਆਤ ਲਈ ਦਰਜ ਕਰਦੇ ਹਾਂ । ਨੰਬਰ ੨ ਵਿਚ ਆਪ ਸੱਜਣਾਂ ਮਿਤ੍ਰਾਂ ਸੰਬੰਧੀਆਂ ਨੂੰ ਭੀ ਨਾਲ ਲਿਆਵਣ ਤੇ ਅੱਗੇ ਲਿਖਦੇ ਹਨ:–"ਤੇ ਵਰਤੋਂ ਦਾ ਸਾਮਾਨ, ਗੜਵੀ, ਗਲਾਸ ਤੇ ਬਿਸਤ੍ਰਾ ਆਦਿ ਨਾਲ ਲੈ ਆਵਣ" ਗੜਵੀ ਗਲਾਸ ਤੇ ਬਿਸਤਰਾ ਸਫਰ ਲਈ ਅਤੀ ਜ਼ਰੂਰੀ ਚੀਜ਼ਾਂ ਹਨ ਜੋ ਜੀਵਣ ਵਿਚ ਸਦਾ ਲਈ ਯਾਦ ਰੱਖਣ ਵਾਲੀਆਂ ਉੱਤਮ ਨਸੀਹਤਾਂ ਵਿਚੋਂ ਇਕ ਹੈ ।

ਰਸਤੇ ਦੇ ਸਫਰ ਵਿੱਚ ਵਰਤਾਉ ਦੱਸਦੇ ਹੋਏ ਨੰ: ੪ ਵਿੱਚ ਲਿਖਦੇ ਹਨ:–

"ਕਾਨਫ੍ਰੰਸ ਦੇ ਪ੍ਰੇਮੀਆਂ ਦੇ ਰਸਤੇ ਦਾ ਵਰਤਾਉ ਬੜੇ ਹੀ ਪ੍ਰੇਮ ਤੇ ਮਿਲਾਪ ਦਾ ਹੋਣਾ ਚਾਹੀਦਾ ਹੈ । ਆਪਸ ਵਿੱਚ ਪੂਰੀ ਹਮਦਰਦੀ ਦਾ ਵਰਤਾਰਾ ਵੇਖਕੇ ਓਪਰੇ ਮੁਸਾਫਰਾਂ ਤੇ ਭੀ ਅੱਛਾ



Digitized by Panjab Digital Library | www.panjabdigilib.org

ਅਸਰ ਹੋਣਾ ਚਾਹੀਦਾ ਹੈ ਨਾ ਕਿ ਧੱਕਿਆਂ ਤੇ ਕੁਬੋਲਾਂ ਦਾ।"

ਪ੍ਰੇਮ ਮਿਲਾਪ ਤੇ ਹਮਦਰਦੀ ਦਾ ਵਰਤਾਉ ਕਿਸ ਵੇਲੇ ਨਹੀਂ ਚਾਹੀਦਾ ? ਇਸ ਦੀ ਜੀਵਣ ਵਿੱਚ ਸਦਾ ਹੀ ਪੱਕੀ ਲੋੜ ਹੈ।

"ਨੰ: ੧੦ ਵਿੱਚ 'ਨਿਵਾਸਸਥਾਨ' ਬਾਰੇ ਲਿਖਿਆ ਹੈ।

ਆਪਣਾ ਪ੍ਰਬੰਧ ਦੱਸ ਕੇ ਫੇਰ ਲਿਖਦੇ ਹਨ:-

'ਜਿਹੜੇ ਸੱਜਣ ਨਵੇਕਲੀ ਰਿਹਾਇਸ਼, ਜਾਂ ਕਰਾਏ ਆਦਿ ਤੇ ਕਿਸੇ ਖਾਸ ਮਕਾਨ ਦਾ ਪ੍ਰਬੰਧ ਚਾਹੁੰਣ, ਉਹ ਕ੍ਰਿਪਾ ਕਰਕੇ ੧੦ ਦਿਨ ਪਹਿਲਾ ਲਿਖਾ ਪੜ੍ਹੀ ਕਰਕੇ ਪਤਾ ਕਰਨ' ਇਉਂ ਹਰ-ਇੱਕ ਲਈ ਖਾਤਰ ਖ੍ਵਾਹ ਪ੍ਰਬੰਧ ਕਰਕੇ ਭੀ ਨਾਲ ਆਪਣੀ ਰਾਇ ਲਿਖਦੇ ਹਨ:-

"ਪਰ ਸਭ ਤੋਂ ਉੱਤਮਤਾ ਮਿਲਕੇ ਇਕੱਠੇ ਰਹਿਣ ਵਿੱਚ ਹੀ ਹੈ। ਅਰਥਾਤ ਕਾਨਫ੍ਰੰਸ ਅਸਥਾਨ ਵਿੱਚ ਇਕੱਠੇ ਰਹਿਣਾ।"

'ਇਕੱਠੇ ਰਹਿਣ ਵਿੱਚ ਹੀ ਹੈ' ਸ਼ਬਦਾਂ ਵੱਲ ਧਿਆਨ ਦੇਣਾ ! ਆਪ ਨੂੰ ਆਪਣੇ ਜੇਹਾ ਹੀ ਸਾਰਾ ਸੰਸਾਰ ਦਿੱਸਦਾ ਹੈ।

ਨੰ: ੧੨ ਵਿੱਚ ਲਿਖਦੇ ਹਨ:-

"ਸ੍ਰੋਵਰ ਵਿੱਚ ਅਸ਼ਨਾਨ ਕਰਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤ੍ਰਾ ਬੜੇ ਹੀ ਪ੍ਰੇਮ ਤੇ ਅਦਬ ਨਾਲ ਕਰਨੀ ਸਿੱਖ ਮਾਤ੍ਰ ਦਾ ਧਰਮ ਹੈ। ਕੋਈ ਵਰਤਾਰਾ ਕਿਸੇ ਤਰ੍ਹਾਂ ਦਾ ਭੀ ਬੇ-ਅਦਬੀ ਵਾਲਾ ਨਹੀਂ ਹੋਣਾ ਚਾਹੀਦਾ।"

ਇਨ੍ਹਾਂ ਸਤਰਾਂ ਤੋਂ ਵੈਦ ਜੀ ਦਾ ਧਾਰਮਕ ਨਿਸਚਾ ਤੇ ਇਸ਼ਟ ਦੇਵ ਦੇ ਅਦਬ ਦੀ ਝਲਕ ਦਾ ਪਤਾ ਲੱਗਦਾ ਹੈ। ਜੋ ਹਰ ਇੱਕ ਸਿੱਖ ਲਈ ਹਿਰਦੇ ਵਿੱਚ ਦ੍ਰਿੜ ਹੋਣਾ ਜ਼ਰੂਰੀ ਹੈ।

ਲੰਗਰ ਬਾਬਤ ਨੰ: ੧੫ ਵਿੱਚ ਲਿਖਦੇ ਹਨ:-

"ਲੰਗਰ.........ਦੇ ਸਪੁਰਦ ਹੈ। ਕ੍ਰਿਪਾਲੂ ਸਜਣ ਵੇਲੇ ਸਿਰ



Digitized by Panjab Digital Library | www.panjabdigilib.org

ਵੰਡ ਅਨੁਸਾਰ ਆਪੋ ਆਪਣੀ ਥਾਂ ਤੇ ਪਹੁੰਚਕੇ ਵਾਹਿਗੁਰੂ ਦੀ ਯਾਦ ਵਿੱਚ ਪ੍ਰਸ਼ਾਦ ਛਕਣ। ਕਾਹਲਿਆਂ ਤੇ ਰੌਲਿਆਂ ਨਾਲ ਪ੍ਰਬੰਧਕਾਂ ਨੂੰ ਖੇਚਲ ਨਾ ਦੇਣ।"

ਇਸ ਵਿੱਚ 'ਵੇਲੇ ਸਿਰ, ਵੰਡ ਅਨੁਸਾਰ,ਆਪੋ ਆਪਣੀ ਥਾਂ ਉੱਤੇ, ਵਾਹਿਗੁਰੂ ਦੀ ਯਾਦ ਵਿੱਚ ਪ੍ਰਸ਼ਾਦ ਛਕਣ' ਨੂੰ ਅਤੇ 'ਕਾਹਲਿਆਂ ਤੇ ਰੌਲਿਆਂ' ਨੂੰ ਬੰਦ ਕਰਨ ਦੇ ਭਾਵਾਂ ਵੱਲ ਧਿਆਨ ਦੇਣਾ। ਇਹ ਸਭ ਚੀਜ਼ਾਂ ਸਮੇਂ ਦੀ ਪ੍ਰਪੱਕਤਾ, ਹਿੱਸੇ ਦੀ ਯਥਾਰਥਤਾ, ਹੱਕ ਦੀ ਕਮਾਈ, ਤੇ ਵਾਹਿਗੁਰੂ ਦੀ ਯਾਦ ਆਦਿ ਆਪਦੇ ਜੀਵਣ ਦੇ ਜ਼ਰੂਰੀ ਗੁਣ ਸਨ। ਜੇ ਕੋਈ ਆਦਮੀ ਇਨ੍ਹਾਂ ਨਿਯਮਾਂ ਤੇ ਚਲੇ ਤਾਂ ਆਪ ਹੀ ਦੱਸੋ ਮਾਨਸ ਤੋਂ ਦੇਵਤਾ ਬਣ ਜਾਵੇ ਕਿ ਨਾ ?

ਇਸੇ ਨੋਟ ਵਿੱਚ ਅਗੇ ਲਿਖਦੇ ਹਨ:-

"ਪ੍ਰੇਮੀਆਂ ਦੀ ਆਗਿਆ ਅਨੁਸਾਰ ਹੋਰ ਭੀ ਹੋਟਲਾਂ, ਲੋਹਾਂ, ਤੇ ਪੂਰੀਆਂ ਦੀਆਂ ਦੁਕਾਨਾਂ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।" ਹੁਣ ਅੱਗੇ ਆਪਣੀ ਅਮੁਲ ਰਾਇ ਦਿੰਦੇ ਹਨ। "ਪਰ ਪ੍ਰਸ਼ਾਦ ਗੁਰੂ ਪੰਥ ਦੇ ਲੰਗਰ ਵਿੱਚੋਂ ਹੀ ਛਕਣਾ ਸਾਂਝੇ ਪਜਾਰ ਦਾ ਨਸ਼ਾਨ ਹੈ।" ਡਿੱਠਾ ਜੇ ! ਕੇਹੀ ਗੰਭੀਰ ਵਿਚਾਰ ਭਰੀ ਤੇ ਅਮੁੱਲ ਰਾਏ ਹੈ।

'ਮੰਡਪ ਦੇ ਅੰਦਰ ਜਾਣ ਵਾਸਤੇ' ਨੰ: ੨੦ ਦਾ ਵੱਡਾ ਲੰਮਾ ਨੋਟ ਹੈ, ਇਸ ਵਿੱਚ ਇਨਸਾਨ ਨੂੰ ਕਿਵੇਂ ਸਭਾ ਵਿੱਚ ਤੁਰਨਾ, ਬਹਿਣਾ ਤੱਕਣਾ ਤੇ ਵਰਤਣਾ ਚਾਹੀਦਾ ਹੈ, ਆਦਿ ਗੱਲਾਂ ਪਰ ਪੂਰੀ ਤਰ੍ਹਾਂ ਖੋਲ੍ਹਕੇ ਦੱਸਿਆ ਹੈ। ਜਿਵੇਂ:-

"ਨੀਯਤ ਕੀਤੇ ਦਰਵਾਜਿਆਂ ਰਾਂਹੀ ਸ਼ਾਂਤੀ ਤੇ ਸਹਿਜ ਨਾਲ ਆਪਣਾ ਟਿਕਟ ਵਿਖਾਕੇ ਲੰਘਣਾ, ਅੰਦਰ ਆਪਣੀ ਕੁਰਸੀ ਤੇ ਹੀ ਬੈਠਣਾ, ਅੱਗੇ ਵੱਧ ਵੱਧ ਦੂਜਿਆਂ ਦੀ ਥਾਂ ਤੇ ਬੈਠਣ ਦਾ ਯਤਨ ਨਾ ਕਰਨਾ, ਟਿਕਟ ਆਪੋ ਆਪਣਾ ਹੀ ਵਰਤਣਾ, ਗੱਲਾਂ ਉੱਚੀ ਉੱਚੀ ਨ ਕਰਨੀਆਂ, ਬੱਚਿਆਂ ਨੂੰ ਟੱਟੀ ਪੇਸ਼ਾਬ ਅੰਦਰ ਹੀ ਨਾ ਬਠਾਉਣਾ, ਉੱਚੀ ੨ ਖੰਘੂਰਨ ਤੇ ਥੁੱਕਣ



Digitized by Panjab Digital Library | www.panjabdigilib.org

ਤੋਂ ਪ੍ਰਹੇਜ਼ ਕਰਨਾ। ਉੱਚੀ ੨ ਹਾਕਾਂ ਮਾਰਨੀਆਂ ਠੀਕ ਨਹੀਂ" ਆਦਿਕ। ਅੱਗੇ ਲਿਖਦੇ ਹਨ:–

"ਜਦ ਪ੍ਰਧਾਨ ਜੀ ਆਵਣ ਤਾਂ ਖੜੇ ਹੋਕੇ ਸਤਕਾਰ ਕਰਨਾ, ਪਰ ਤੌੜੀ ਨਹੀਂ ਮਾਰਨੀ, ਸ਼ੋਰ ਨਹੀਂ ਕਰਨਾ, ਹਰ ਗੱਲ ਨੂੰ ਧਿਆਨ ਤੇ ਵਿਚਾਰ ਨਾਲ ਸੁਣਨਾ ਤੇ ਸਮਝਣਾ, ਜੇ ਕੁਝ ਆਖਣਾ ਪੁੱਛਣਾ ਹੋਵੇ ਤਾਂ ਪ੍ਰਧਾਨ ਜੀ ਦੀ ਆਗਜਾ ਲੈ ਲੈਣੀ।" ਅੱਗੇ ਇੱਕ ਬੜੀ ਜ਼ਰੂਰੀ ਗੱਲ ਪਰ ਸਾਦੇ ਜੇਹੇ ਸ਼ਬਦਾਂ ਵਿੱਚ ਲਿਖਦੇ ਹਨ: -

"ਹਰ ਇੱਕ ਮਤੇ ਨੂੰ ਚੰਗੀ ਤਰ੍ਹਾਂ ਸੁਣਨਾ, ਸਮਝਣਾ ਤੇ ਫੇਰ ਵਿਚਾ-ਰਕੇ ਜੈਕਾਰਾ ਗਜੌਣਾ।" ਅਰਥਾਤ ਐਵੇਂ ਹੀ ਨਾ ਚਾਰ ਜੋਸ਼ੀਲੇ ਸ਼ਬਦ ਸੁਣਕੇ ਵਾਹ ਵਾਹ ਕਰ ਉੱਠਿਆ ਕਰੋ। ਹਰ ਇੱਕ ਗੱਲ ਨੂੰ ਆਪਣੇ ਦਿਮਾਗ ਨਾਲ ਸੋਚਿਆ ਕਰੋ, ਵਿਚਾਰਿਆ ਕਰੋ ਤੇ ਫੇਰ ਉਸਦੀ ਸੰਮਤੀ ਦਿਆ ਕਰੋ। ਅਸਲ ਵਿੱਚ ਅੱਜ ਕੱਲ ਸਿੱਖਾਂ ਵਿੱਚ ਇਸ ਗੱਲ ਦਾ ਬੜਾ ਹੀ ਘਾਟਾ ਹੈ। ਇਸੇ ਗੱਲ ਲਈ ਵੈਦ ਜੀ ਚੀ: ਖਾ: ਦੀਵਾਨ ਵਿੱਚ ਮਤਿਆਂ ਉੱਤੇ ਪੂਰੀ ਵਿਚਾਰ ਕਰਨ ਦੀ ਖੁਲ੍ਹ ਦੇਣ ਲਈ ਜ਼ੋਰ ਲਾਉਂਦੇ ਸਨ। ਧਰਮ ਅਰਥ ਤੇ ਹੋਰ ਕਈ ਢੰਗਾਂ ਨਾਲ ਜੋ ਝੋਲੀ ਅੱਡਕੇ ਜਾਂ ਸੰਦੂਕੜੀਆਂ ਆਦਿ ਰਾਹੀਂ ਮੰਗਦੇ ਹਨ, ਉਨ੍ਹਾਂ ਨੂੰ ਬੁਰਾ ਸਮਝਦੇ ਹੋਏ ਆਪ ਅੰਕ ੨੭ ਵਿੱਚ ਲਿਖਦੇ ਹਨ:--

"ਆਮ ਸੰਦੂਕੜੀਆਂ ਡੱਬਿਆਂ ਦਾ ਫੇਰਨਾ ਬੜਾ ਹੀ ਅਯੋਗ ਅਤੇ ਆਮ ਰਸਤਿਆਂ ਅੱਗੇ ਅਜੇਹੀ ਰੁਕਾਵਟ ਬਹੁਤ ਹੀ ਬੁਰੀ ਪ੍ਰਤੀਤ ਹੁੰਦੀ ਹੈ।"

ਅੰਕ ੩੧ ਵਿਚ ਦਰਜ ਹੈ:–

"ਖਾਣ ਪੀਣ ਦੀਆਂ ਚੀਜ਼ਾਂ ਦੇ ਨਿਰਖ ਹਰ ਦੁਕਾਨ ਦੇ ਮੋਹਰੇ ਲਿਖ ਕੇ ਪਟੜੀ ਤੇ ਲੱਗੇ ਹੋਏ ਹੋਣਗੇ, ਜਦ ਕੋਈ ਮੰਦੀ ਗੰਦੀ ਚੀਜ਼ ਵੇਖੋ ਤਾਂ ਝਟ ਡਾਕਟਰ ਨੂੰ ਪਤਾ ਦੇਵੋ।" ਕਿਆ ਸੁਹਣਾ ਪ੍ਰਬੰਧ ਹੈ।



Digitized by Panjab Digital Library | www.panjabdigilib.org

ਅੰਕ ੩੩:–

"ਆਪਸ ਦਾ ਆਮ ਮੇਲ ਮਿਲਾਪ ਬੜੇ ਹੀ ਪ੍ਰੇਮ ਅਤੇ ਪੂਰੇ ਭਰਾਵਾਂ ਦੀ ਤਰ੍ਹਾਂ ਦੇ ਵਰਤਾਰੇ ਦਾ ਹੋਣਾ ਚਾਹੀਦਾ ਹੈ। ਕਿਸੇ ਤਰ੍ਹਾਂ ਦੇ ਕਿਸੇ ਨਾਲ ਬੋਲ ਕੁਬੋਲ ਗੁਰ ਸਿੱਖਾਂ ਨੂੰ ਸੋਭਾ ਨਹੀਂ ਦਿੰਦੇ।"

ਇਹ ਹੈ ਅਸਲ ਸਿਖੀ ਜੀਵਣ ਦਾ ਨਮੂਨਾ।

ਅੱਗੇ ਕਾਨਫ੍ਰੰਸ ਤੇ ਆਉਣ ਵਾਲੀਆਂ ਬੀਬੀਆਂ ਲਈ ਖਾਸ ਮੋਟੇ ਮੋਟੇ ਅੱਖਰਾਂ ਵਿਚ ਲਿਖ ਕੇ,ਅੰਕ ੩੬ ਵਿਚ ਦਰਜ ਹੈ:–

"ਲੱਜਾ ਹੀਨ ਬਸਤਰ (ਅਰਥਾਤ ਫੈਸ਼ਨਦਾਰ ਬਹੁਤ ਹੀ ਬਾਰੀਕ,ਜਿਨ੍ਹਾਂ ਨੂੰ ਪਹਿਨਣ ਦਾ ਕੁਛ ਹੀ ਫਾਇਦਾ ਨਹੀਂ,ਜਾਂ ਜੋ ਐਵੇਂ ਹੀ ਮੋਢਿਆਂ ਉੱਤੇ ਸਿਟੇ ਹੋਏ ਹੁੰਦੇ ਹਨ ਤੇ ਸਿਰ ਨੰਗਾ ਹੀ ਹੁੰਦਾ ਹੈ) ਤੇ ਗਹਿਣੇ ਲੈਣ ਲਿਆਉਣ ਤੋਂ ਬਹੁਤ ਹੀ ਪ੍ਰਹੇਜ਼ ਰੱਖਣ।"

ਕੀ ਕੋਈ ਫੈਸ਼ਨ ਦਾ ਦਿਲਦਾਦਾ ਇਹ ਸ਼ਬਦ ਲਿਖ ਸਕਦਾ ਹੈ? ਅਜ ਆਪ ਸਕੂਲਾਂ ਦੇ ਪ੍ਰੋਫੈਸਰਾਂ ਤੇ ਉੱਚੀਆਂ ਜਮਾਤਾਂ ਦੇ ਪੜ੍ਹਣ ਵਾਲਿਆਂ ਨੂੰ ਖਾਸ ਤੌਰ ਨਾਲ ਜਾ ਕੇ ਦੇਖ ਸਕਦੇ ਹੋ। ਗੁਰਮੁਖੀ ਦਾੜ੍ਹੇ ਤਾਂ ਮਾਨੋਂ ਕਿਸੇ ਦੇ ਹੈ ਹੀ ਨਹੀਂ। ਬਹੁਤ ਸਾਰੇ ਕੁਰਹਿਤ ਕਰਦੇ ਹਨ, ਤੇ ਕਈਆਂ ਨੂੰ ਤਾਂ ਸਾਰਾ ਸਾਰਾ ਦਿਨ ਠਾਠਾ ਬੰਨ੍ਹੀ ਫਿਰਦੇ ਹੀ ਵੇਖੋਗੇ। ਠੀਕ ਕਿਹਾ ਹੈ:–

"ਜੇ ਕਾਅਬੇ ਵਿਚੋਂ ਹੀ ਕੁਫਰ ਨਿਕਲੇ ਤਾਂ ਮੁਸਲਮਾਨੀ ਕਿੱਥੇ ਰਹੂ?"

ਅੱਗੇ ਅਸੀਂ ਅੰਕ ੩੯ ਦਾ ਨੋਟ ਦੇ ਕੇ ਇਸ ਲੇਖ ਨੂੰ ਸਮਾਪਤ ਕਰਦੇ ਹਾਂ। ਇਸ ੩੯ ਅੰਕ ਵਿਚ ਲਿਖਦੇ ਹਨ:–

"ਸਾਡੇ ਇਕੱਠਾਂ ਦਾ ਅਸਰ ਸਦਾ ਸਤਸੰਗੀਆਂ ਤੇ ਗੁਰਮੁਖਾਂ ਵਾਲਾ ਹੋਣਾ ਚਾਹੀਦਾ ਹੈ, ਤੇ ਇਨ੍ਹਾਂ ਦਾ ਲਾਭ ਛਿਨ ਛਿਨ ਮਾਤ੍ਰ ਦਾ ਭੀ ਬਹੁਤ ਲਾਭਵੰਦਾ ਹੋਣਾ ਚਾਹੀਏ। ਕਹਿਣੀ ਨਾਲੋਂ ਕਰਨੀ ਦਾ ਅਸਰ ਬਹੁਤ ਅੱਛਾ ਹੁੰਦਾ ਹੈ।"

ਇਹ ਉਪ੍ਰੋਕਤ ਸਾਰੇ ਹੀ ਨੋਟ ਮਾਨੋਂ ਵੈਦ ਜੀ ਦੇ ਜੀਵਣ ਦਾ ਇੱਕ



Digitized by Panjab Digital Library | www.panjabdigilib.org

ਪਾਸੇ ਦਾ ਫੋਟੋ ਹੈ । ਇਸੇ ਲਈ ਅਸੀਂ ਆਖਦੇ ਹਾਂ ਕਿ ਇਸ ਸਮਾਗਮ ਜੇਹਾ ਸਮਾਗਮ ਤੇ ਪ੍ਰਬੰਧ ਅੱਗੇ ਕਦੀ ਨਹੀਂ ਸੀ ਹੋਇਆ ।

ਏਥੇ ਇਹ ਗਲ ਭੀ ਦੱਸ ਦੇਣੀ ਅਯੁਕਤ ਨਾ ਹੋਵੇਗੀ ਕਿ ਵੈਦ ਜੀ ਦੇ ਉਦਮ ਤੇ ਆਪਦੇ ਸਾਥੀਆਂ ਦੀ ਹਿੰਮਤ ਪ੍ਰੇਰਨਾ ਤੇ ਉਤਸ਼ਾਹ ਨਾਲ ਕਾਨਫ੍ਰੰਸ ਤੋਂ ਪਹਿਲਾਂ ਅਰਥਾਤ ੧੭ ਮਾਰਚ ਨੂੰ ਦਰਬਾਰ ਸਾਹਿਬ ਦੇ ਸਰੋਵਰ ਵਿਚ ਨਹਿਰ ਦਾ ਜਲ ਆਇਆ ਤੇ ਹਾਕਮਾਂ ਦੀ ਕ੍ਰਿਪਾ ਨਾਲ ਸਰੋ-ਵਰ ਨਕਾਨਕ ਤਰਾਰੀਂ ਆ ਗਿਆ,ਜਿਸ ਤੋਂ ਹੁਣ ਤਕ ਉਸੇ ਹੀ ਤਰ੍ਹਾਂ ਸਮੇਂ ਸਮੇਂ ਸਿਰ ਸਰਕਾਰ ਵਲੋਂ ਨਹਿਰ ਦਾ ਜਲ ਮਿਲਦਾ ਰਹਿੰਦਾ ਹੈ ।

## 'ਸਰੋਵਰ ਦੇ ਜਲ ਦੀ ਸਾਖੀ'

ਉਪ੍ਰੋਕਤ ਸੁਰਖੀ ਹੇਠ ਦੁਖ ਨਿਵਾਰਨ ਸਫਾ ੯ ਅਪ੍ਰੈਲ ੧੯੧੬ ਵਿਚ ਲਿਖੇ ਲੰਮੇ ਲੇਖ ਦਾ ਸੰਖੇਪ ਕਰਕੇ ਅਸੀਂ ਪਾਠਕਾਂ ਦੀ ਜਾਣ ਕਾਰੀ ਲਈ ਏਥੇ ਦਰਜ ਕਰਦੇ ਹਾਂ:-

"ਸਰਬ ਸੰਗਤਾਂ, ਚੀਫ ਖਾਲਸਾ ਦੀਵਾਨ, ਹਾਕਮ ਆਦਿ ਸਭ ਦੇ ਸਾਂਝੇ ਬਲ ਨਾਲ ਹੁਣ ਸਰੋਵਰ ਵਿਚ ਜਲ ਆਇਆ ਹੈ । ਇਸ ਦੀ ਪੁਰਾਤਨ ਸਾਖੀ ਇਸ ਤਰ੍ਹਾਂ ਹੈ:-

੧੬੪੭ ਬਿਕ੍ਰਮੀ ਸੰਮਤ ਵਿੱਚ ਸ੍ਰੀ ਤਰਨ ਤਾਰਨ ਜੀ ਦੀ ਨੀਂਹ ਰੱਖੀ । ੧੬੪੯ ਬਿਕ੍ਰਮੀ ਸੰਮਤ ਵਿਚ ਸਰੋਵਰ ਕੱਚਾ ਤਿਆਰ ਹੋਇਆ । ੧੬੫੩ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਰੋਵਰ ਪੱਕਾ ਕਰਨ ਦਾ ਪ੍ਰਬੰਧ ਕੀਤਾ, ਪਰ ਕੰਮ ਵਿੱਚੇ ਰਹਿ ਗਿਆ । ਧੱਕੇ ਖੋਰ ਹਾਕਮ ਆਵਿਆਂ ਤੋਂ ਇੱਟਾਂ ਉਠਾ ਕੇ ਲੈ ਗਏ । ੧੮੨੩ ਵਿੱਚ ਨੂਰ ਦੀ ਸਰਾਂ ਦੀਆਂ ਹੀ ਇੱਟਾਂ ਲਿਆਕੇ ਸਰਦਾਰ ਜੱਸਾ ਸਿੰਘ ਜੀ ਆਦਿਕਾਂ ਨੇ ਸਰੋਵਰ ਪੱਕਾ ਕੀਤਾ । ਸਰੋਵਰ ਵਿਚ ਜਲ ਸਦਾ ਹੀ ਬਾਰਸ਼ ਦਾ ਤੇ ਵਿੱਚੋਂ ਹੀ ਸੋਮੇ ਸਨ ਹੋਰ ਕੋਈ ਨਾ ਸੀ ਆਉਂਦਾ । ਕਦੇ ਕਦੇ ਵਧੀਕ ਔੜ ਲਗ ਜਾਣ



Digitized by Panjab Digital Library | www.panjabdigilib.org

ਕਾਰਨ ਬਾਰਸ਼ ਨਾ ਹੋਣ ਕਰਕੇ ਜਲ ਦੀ ਤੰਗੀ ਹੋ ਜਾਂਦੀ। ਜਲ ਸਰੋਵਰ ਵਿੱਚੋਂ ਖਤਮ ਤਾਂ ਨਾ ਹੁੰਦਾ ਪਰ ਬਹੁਤ ਹੀ ਥੋੜਾ ਰਹਿ ਜਾਣ ਕਰਕੇ ਗੰਧਲਾ ਹੋ ਜਾਦਾ। ਸੰਗਤਾਂ ਨੂੰ ਤਕਲੀਫ ਹੁੰਦੀ। ਸੰਮਤ ੧੯੪੦ ਬਿਕ੍ਰਮੀ (੧੮੮੩ ਈਸਵੀ) ਵਿਚ ਸਰਦਾਰ ਮਾਨ ਸਿੰਘ ਜੀ ਸਰਬਰਾਹ ਦੀ ਪ੍ਰੇਰਨਾ ਕਰਕੇ ਜੀਂਦ ਦੇ ਮਹਾਰਾਜਾ ਰਘੁਬੀਰ ਸਿੰਘ ਜੀ ਨੇ ਆਪਣੇ ਖਰਚ ਤੇ ਰਾਜ-ਬਾਹ (ਖਾਲ) ਤਿਆਰ ਕਰਵਾਕੇ ਸਰਕਾਰ ਪਾਸੋਂ ਇਸ ਧਾਰਮਕ ਅਸਥਾਨ ਲਈ ਨਹਿਰ ਦਾ ਜਲ ਦੋ ਵਾਰ ਸਾਲ ਵਿੱਚ ਮੁਫਤ ਲੈਣਾ ਪ੍ਰਵਾਨ ਕਰ-ਵਾਇਆ, ਜੋ ਚਿਰ ਤੱਕ ਲੋੜ ਸਮੇਂ ਮਿਲਦਾ ਰਿਹਾ। ੧੯੪੭ ਵਿੱਚ ਬੀਬੀ ਭਗਵਾਨ ਦੇਈ ਜੀ ਤੇ ਸਰਦਾਰ ਸਰਮੁਖ ਸਿੰਘ ਜੀ ਜਮਾਦਾਰ ਪੁਲੀਸ ਚੀਨ ਰਾਹੀਂ ਅਰਪੀ ਮਾਯਾ ਤੇ ਹੋਰ ਸੰਗਤ ਦੇ ਉੱਦਮ ਨਾਲ ਹੰਸਲੀ ਪੱਕੀ ਕੀਤੀ ਗਈ।

ਹੁਣ ਭਾਣਾ ਇਹ ਵਰਤਿਆ ਕਿ ਕਈ ਵਰ੍ਹਿਆਂ ਤੱਕ ਬਾਰਸ਼ ਦਾ ਜਲ ਰੋਹੀ ਦੁਆਰਾ ਕਾਫੀ ਆ ਜਾਵਣ ਕਰਕੇ ਨਹਿਰੀ ਜਲ ਲੈਣ ਦੀ ਲੋੜ ਹੀ ਨਾ ਪਈ। ਫੇਰ ਸੰਮਤ ੧੯੫੫ ਵਿੱਚ ਬਾਰਸ਼ ਨਾ ਹੋਣ ਕਰਕੇ ਨਹਿਰੀ ਜਲ ਦੀ ਲੋੜ ਪਈ। ਉਸ ਸਮੇਂ ਸਰਦਾਰ ਟਹਿਲ ਸਿੰਘ ਜੀ ਓਵਰ ਸੀਅਰ ਤੇ ਮੁਨਸ਼ੀ ਫੈਜ਼ ਮੁਹੰਮਦ ਜੀ ਜ਼ਿਲੇਦਾਰ ਸਨ। ਨਹਿਰ ਦਾ ਜਲ ਤਾਂ ਮਿਲ ਗਿਆ ਪਰ ਉਪਰਲੇ ਵੱਡੇ ਅਫਸਰਾਂ ਵਲੋਂ ਪਾਣੀ ਦਾ ਮੁੱਲ ਕਈ ਹਜ਼ਾਰ ਰੁਪਏ ਮੰਗਿਆ ਗਿਆ, ਪਰ ਫੇਰ ਪਿਛਲੀਆਂ ਮਿਸਲਾਂ ਆਦਿ ਦੇਖਣ ਤੇ ਸਮਝ ਸਮਝਾਉਣ ਤੇ ਫੈਸਲਾ ਹੋ ਗਿਆ। ਪੰਜ ਛੇ ਵਰ੍ਹੇ ਫੇਰ ਜਲ ਦੀ ਲੋੜ ਨਾ ਪਈ। ਬਾਰਸ਼ ਕਾਫੀ ਹੋ ਜਾਵੇ। ੧੯੬੧ ਦੇ ਕਰੀਬ ਫੇਰ ਔੜ ਲਗੀ, ਤੇ ਭਾਈ ਪ੍ਰਤਾਪ ਸਿੰਘ ਜੀਵਣ ਸਿੰਘ ਜੀ ਠੇਕੇਦਾਰ ਘੁਰਾਟਾਂ ਦੇ ਉੱਦਮ ਨਾਲ ਖਾਲ ਦੀ ਸਫਾਈ ਕੀਤੀ ਗਈ, ਤੇ ਸਰਦਾਰ ਬਿਸ਼ਨ ਸਿੰਘ ਜੀ ਜ਼ਿਲੇ-ਦਾਰ ਦੇ ਉੱਦਮ ਨਾਲ ਨਹਿਰ ਦਾ ਜਲ ਪ੍ਰਾਪਤ ਹੋਇਆ। ਇਸ ਤੋਂ ਪਿਛੋਂ ਮੁੜ ਕਿਨੇ ਨਹਿਰ ਦੇ ਜਲ ਵੱਲ ਧਿਆਨ ਹੀ ਨਾ ਦਿੱਤਾ। ਖਾਲ ਬਰਬਾਦ ਹੋ ਗਿਆ, ਰਾਜਵਾਹਾ ਭੀ ਮੂਲੋਂ ਹੀ ਬੰਦ ਹੋ ਗਿਆ। ਹੁਣ ਉੱਪਰ ਥਲੀ ਦੇ



Digitized by Panjab Digital Library | www.panjabdigilib.org

ਕੁ ਸਾਲ ਫੇਰ ਬਾਰਸ਼ ਨਾ ਹੋਈ, ਪਾਣੀ ਘੱਟ ਗਿਆ, ਸੰਗਤਾਂ ਨੂੰ ਤੰਗੀ ਹੋ ਗਈ, ਤੇ ਸੰਨ ੧੯੧੫ ਵਿੱਚ ਫੇਰ ਉੱਦਮ ਕੀਤਾ ਗਿਆ। ਸਰਦਾਰ ਮਿਹਰ ਸਿੰਘ ਜੀ ਗ੍ਰੰਥੀ ਐਕਸਾਈਜ਼ ਇੰਨਸਪੈਕਟਰ ਤੇ ਹੋਰ ਗੁਰਮੁਖਾਂ ਨੇ ਉੱਦਮ ਅਰੰਭਿਆ। ਯਾਤਰਾ ਲਈ ਆਏ ਕਈ ਨਹਿਰ ਦੇ ਕ੍ਰਿਪਾਲੂ ਅਫਸਰਾਂ ਨੇ ਭੀ ਦਰਖਾਸਤ ਦੇਣ ਲਈ ਕਿਹਾ। ਵੈਦ ਜੀ ਨੇ ਇਸ ਕੰਮ ਨੂੰ ਪੱਕਾ ਮੋਢਾ ਲਾਕੇ ਚੁੱਕ ਲਿਆ । ਦਿਨ ਰਾਤ ਇੱਕ ਕਰਕੇ, ਸੰਗਤਾਂ ਨੂੰ ਪ੍ਰੇਰਿਆ ਤੇ ਅਫਸਰਾਂ ਨਾਲ ਮਿਲ ਮਿਲਾਕੇ ਉਨ੍ਹਾਂ ਦੀ ਤਵੱਜੋ ਇਸ ਪਾਸੇ ਦਿਵਾਈ ਤੇ ਸੱਚਾਈ ਪ੍ਰਗਟ ਕੀਤੀ।

੧੦ ਦਸੰਬਰ ਤੋਂ ਲੱਗ ਕੇ ਸਰੋਵਰ ਦੇ ਬੂਰ ਤੇ ਖਾਲ ਆਦਿ ਦੀ ਸਫਾਈ ਹੋਣੀ ਸ਼ੁਰੂ ਹੋਈ ਤੇ ਖਾਲ ਨੂੰ ਭੀ ਖੋਦਿਆ ਗਿਆ। ੨ ਜਨਵਰੀ ੧੯੧੬ ਨੂੰ ਅਫਸਰਾਂ ਪਾਸ ਨਹਿਰ ਦੇ ਜਲ ਲਈ ਦਰਖਾਸਤ ਕੀਤੀ ਗਈ, ਤੇ ੧੫ ਫਰਵਰੀ ੧੯੧੬ ਨੂੰ ਸਰੋਵਰ ਵਿੱਚ ਜਲ ਆਇਆ ਤੇ ੧੭ ਮਾਰਚ ਰਾਤ ਨੂੰ ਫੇਰ ਜਲ ਆਇਆ । ਇਹ ਹੈ ਪੁਰਾਣੀ ਸਾਖੀ । ਇਸਤੋਂ ਅੱਗੇ ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ਦੀ ਪ੍ਰੇਰਨਾ ਨਾਲ ਸੰਨ ੧੯੩੧ ਵਿੱਚ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਤੇ ਸੰਤ ਸਾਧੂ ਸਿੰਘ ਜੀ ਦੇ ਮਹਾਨ ਉੱਦਮ ਨਾਲ ਸਰੋਵਰ ਦੀ ਕਾਰਸੇਵਾ ਤੇ ਮੁਰੰਮਤ ਹੋਈ, ਤੇ ਹੰਸਲੀ ਪੱਕੀਆਂ ਟਾਇਲਾਂ ਦੀ ਸਦਾ ਲਈ ਸੁਹਣੀ ਦੇਰ ਪਾ ਬਣ ਗਈ। ਹੁਣ ਸਦਾ ਹੀ ਲੋੜ ਵੇਲੇ ਜਲ ਨਹਿਰ ਦਾ ਮਿਲਦਾ ਰਹਿੰਦਾ ਹੈ।

## ਕਾਨਫ੍ਰੰਸ

ਇਸ ਕਾਨਫ੍ਰੰਸ ਦੇ ਦੀਵਾਨ ਵਿੱਚ ਭੀ ਨੇਸ਼ਨਲ ਫੰਡ ਦੀ ਅਪੀਲ ਵਿੱਚ ਆਪ ਦੀ ਹੋਨਹਾਰ ਸਪੁੱਤ੍ਰੀ ਬੀਬੀ ਚਤਰ ਕੌਰ ਨੇ ਆਪਣੀ ਪਜਾਰੀ ੨ ਮਿੱਠੀ ੨ ਸੁਰੀਲੀ ਪਰ ਗੱਜਵੀਂ ਆਵਾਜ਼ ਵਿੱਚ ਆਪਣੀ ਸੰਦੂਕੜੀ ਪੇਸ਼



Digitized by Panjab Digital Library | www.panjabdigilib.org

ਕਰਨ ਤੋਂ ਪਹਿਲਾਂ ਹੇਠ ਲਿਖੀ ਨਿੱਕੀ ਜੇਹੀ ਕਵਿਤਾ ਪੜ੍ਹੀ:—

"ਨੌ ਹੀ ਸਾਲ ਬੀਤੇ ਜਦੋਂ ਕਾਨਫ੍ਰੰਸ ਆਈ ਜਗ,
ਨੌ ਹੀ ਸਾਲ ਹੋਏ ਜਦੋਂ ਜੱਗ ਉੱਤੇ ਆਈ ਮੈਂ।
ਇੱਕੋ ਸਾਲ ਜੰਮੀਆਂ ਤੇ ਹਾਣ ਸਾਡਾ ਇੱਕੋ ਜੇਡਾ,
ਇਸੇ ਲਈ ਡੂੰਘੀ ਪ੍ਰੀਤ ਏਸ ਨਾਲ ਲਾਈ ਮੈਂ।
ਪ੍ਰੀਤ ਵੱਸ ਹੋਈ ਪਈ ਮੰਗਾਂ ਦ੍ਵਾਰ ਦ੍ਵਾਰ ਜਾਇ,
ਖਾਲੀ ਨਹੀਂ ਮੋੜਨਾ ਹੈ ਸੱਚੀ ਲਿਵ ਲਾਈ ਮੈਂ।
ਪੌਂਡ ਤੇ ਰੁਪੱਏ ਪਾਵੋ ਟਨ, ਟਨ, ਵਾਜ ਆਵੇ,
ਛਣਕੇ ਸੰਦੂਕੜੀ ਜੋ ਦ੍ਵਾਰ ਤੁਹਾਡੇ ਲਜਾਈ ਮੈਂ।"

ਇਹ ਕਵਿਤਾ ਪੜ੍ਹਕੇ ਬੀਬੀ ਨੇ ਕਿਹਾ:—

"ਆਸ਼ਾ ਹੈ ਜੋ ਖਾਲਸਾ ਜੀ ਮੇਰੀ ਇਸ ਤੁੱਛ ਭੇਟ ਨੂੰ ਸ੍ਵੀਕਾਰ ਕਰਨਗੇ।" ਖੋਲ੍ਹਣ ਤੋਂ ਇਸ ਸੰਦੂਕੜੀ ਵਿੱਚੋਂ ੭੧੯॥) ਨਿਕਲੇ। ਸੋ ਏਨੇ ਹੀ ਇਸ ਬੀਬੀ ਦੇ ਧਰਮ ਪਿਤਾ ਸਰਦਾਰ ਰਾਮ ਸਿੰਘ ਜੀ ਕਾਬਲੀ ਦਿੱਲੀ ਵਾਲਿਆਂ ਨੇ ਪਾਸੋਂ ਪਾਕੇ ੧੪੩੯) ਬਣਾਕੇ ਨੈਸ਼ਨਲ ਫੰਡ ਦੀ ਭੇਟ ਕੀਤੇ।

ਪੰਥ ਪ੍ਰੇਮੀਆਂ ਦੇ ਉੱਦਮ ਤੇ ਪ੍ਰੇਮ ਉਤਸ਼ਾਹ ਨਾਲ ਇਸ ਕਾਨਫ੍ਰੰਸ ਵਿੱਚ ਭੀ ਨੈਸ਼ਨਲ ਫੰਡ ਦੀ ਰਕਮ ਸੱਤਰ ਹਜ਼ਾਰ ਤੱਕ ਜਮਾ ਹੋ ਗਈ।

× × × × × ×

ਕਦੇ ਕੰਦੇ ਦੁਕਾਨ ਵਿਚ ਆਮਦਨੀ ਰੋਜ਼ਾਨਾ ਖਰਚ ਨਾਲੋਂ ਭੀ ਘੱਟ ਹੋਣੀ ਕੋਈ ਗਲ ਨਹੀਂ, ਤੇ ਖਿਆਲ ਹੋਣਾ ਭੀ ਜਰੂਰੀ ਹੈ, ਪਰ ਵੈਦ ਜੀ ਦਾ ਮਨਤਕ ਹੀ ਅਜੀਬ ਸੀ। ਆਪ ਹਰ ਗਲ ਵਿਚ ਵਾਹਿਗੁਰੂ ਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੀ ਧਿਆਨ ਰੱਖਦੇ ਸਨ। ਅਸਲ ਵਿਚ ਆਪ ਦਾ ਜੀਵਣ ਸਤਿਗੁਰੂ ਨਾਲ ਅਨੱਨਜ ਪ੍ਰੇਮ ਮਯ ਹੋ ਚੁੱਕਾ ਸੀ। ਇਹੀ ਕਾਰਣ ਸੀ ਕਿ ਆਪ ਦੇ ਜੀਵਣ ਵਿਚੋਂ ਪ੍ਰੇਮ ਹੀ ਪ੍ਰੇਮ ਟਪਕਦਾ ਸੀ। ਆਪ ਦਾ ਹਰ



Digitized by Panjab Digital Library | www.panjabdigilib.org

ਕੰਮ ਗੁਰੂ ਤੇ ਵਾਹਿਗੁਰੂ ਅਰਪਨ ਹੁੰਦਾ ਸੀ।

ਵੇਦ ਨੋਤ ੧੨ ਮਈ ੧੯੧੬ ਨੂੰ ਆਮਦਨੀ ਹੋਈ ਹੀ ਨਾ, ਬੀਮਾਰ ਲੋੜਵੰਦ ਤਾਂ ਬਹੁਤ ਆਏ ਪਰ ਸਭ ਮੁਫਤ ਦਵਾਈ ਲੈਣ ਵਾਲੇ। ਹੋਰ ਦਵਾਈ ਭੀ ਕੋਈ ਨਾ ਵਿਕੀ। ਆਪ ਉਸ ਦਿਨ ਡਾਇਰੀ ਵਿਚ ਨੋਟ ਦਿੰਦੇ ਹਨ:–

"ਜਦ ਕਦੇ ਰੋਕੜ ਵਿਚ ਚੋਖੀ ਰਕਮ ਨਾ ਰਹੇ ਤਦ ਆਮਦਨ ਖਰਚ ਜਿੰਨੀ ਭੀ ਨਹੀਂ ਹੁੰਦੀ। ਠੀਕ ਹੈ–"ਮਾਇਆ ਕੋ ਮਾਇਆ ਮਿਲੇ"

ਅੱਗੇ ਇਸੇ ਨੋਟ ਵਿਚ ਲਿਖਦੇ ਹਨ:–

"ਪਰ ਸਤਿਗੁਰੂ ਜੀ ਕ੍ਰਿਪਾ ਕਰਨ, ਕਿ 'ਕਾਰਜ ਥੁੜੇ ਨਾ ਤੇ ਵਾਧੂ ਜੁੜੇ ਨਾ'।"

ਇਹ ਸਨ ਵੈਦ ਜੀ ਦੇ ਜੀਵਣ ਦੇ ਉੱਚ ਨਸ਼ਾਨੇ, ਜਿਸ ਨੂੰ ਮੁਖ ਰੱਖ ਕੇ ਆਪ ਨੇ ਵਾਹਿਗੁਰੂ ਅਰਥ ਚੁਪ ਚਾਪ ਅੰਦ੍ਰ ਗਤੀ ਗੁਮ ਨਾਮੀ ਵਿਚ ਬੇ ਅੰਤ ਦਾਨ ਕੀਤਾ, ਪਰ ਕੀਤਾ ਸਭ ਕੁਛ ਗੁਰੂ ਤੇ ਵਾਹਿਗੁਰੂ ਅਰਪਨ ਹੀ।

## ਪੁਸਤਕਾਂ

ਆਪ ਦੀਆਂ ਪੁਸਤਕਾਂ ਜਦ ਪਲਟਣਾਂ ਵਿਚ ਪੁੱਜੀਆਂ ਤਾਂ ਖਾਲਸਾ ਜੀ ਨੇ ਬੜੀਆਂ ਪਸੰਦ ਕੀਤੀਆਂ। ਤੇ ਮੁੜ ਹੋਰ ਮੰਗ ਅਫਸਰਾਂ ਪਾਸ ਕੀਤੀ। ਅਫਸਰਾਂ ਨੇ ਆਪ ਜੀ ਪਾਸੋਂ ਮੰਗ ਕੀਤੀ। ਬੰਬਈ ਦੇ ਫੌਜੀ ਹਸਪਤਾਲ ਵਿਚੋਂ ਇਨਚਾਰਜ ਸਾਹਿਬ ਰਾਹੀਂ ਪਾਦਰੀ ਗਿਲਫੋਰਡ ਨੂੰ ਪਤਾ ਆਇਆ ਕਿ 'ਵੈਦ ਜੀ ਪਾਸੋਂ ਪੁਸਤਕਾਂ ਲੈ ਕੇ ਭੇਜੋ।' ਵੈਦ ਜੀ ਨੂੰ ਜਦ ਖਬਰ ਪੁੱਜੀ ਕਿ ਆਪ ਦੀਆਂ ਪੁਸਤਕਾਂ ਦੀ ਮੰਗ ਹੋ ਰਹੀ ਹੈ ਤਾਂ ਆਪ ਨੂੰ ਬੜੀ ਪ੍ਰਸੰਨਤਾ ਹੋਈ, ਆਪ ਨੇ ਮੁੱਲ ਨਾ ਲੈ ਕੇ ਮੁਫਤ ਹੀ ਭੇਜਣ ਲਈ ਉਤਸ਼ਾਹ ਪ੍ਰਗਟ ਕੀਤਾ। ੧੮ ਮਈ ਨੂੰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੀਆਂ ਕੋਈ ੫੦੦ ਪੁਸਤਕਾਂ ਖਾ: ਟ੍ਰੈ: ਸੋਸਾਇਟੀ ਦੇ



Digitized by Panjab Digital Library | www.panjabdigilib.org

ਟ੍ਰੈਕਟ ਤੇ ਦੁਖ ਨਿਵਾਰਨ ਦੇ ਪਰਚੇ ਆਦਿਕ ਬਹੁਤ ਸਾਰਾ ਮਾਲ ਇਕ ਵੱਡੀ ਸਾਰੀ ਲਕੜੀ ਦੀ ਪੇਟੀ ਵਿਚ ਬੰਦ ਕਰਕੇ ਮੁਫਤ ਭੇਜਿਆ। ਜੇ ਚਾਹੁੰਦੇ ਤਾਂ ਆਪ ਇਨ੍ਹੀ ਦਿਨੀ ਕਾਫੀ ਰੁਪਿਆ ਕਮਾ ਸਕਦੇ ਸਨ। ਪਰ ਆਪ ਦੀਆਂ ਨਜ਼ਰਾਂ ਅੱਗੇ ਤਾਂ ਪੰਥਕ ਪ੍ਰੇਮ ਤੇ ਗੁਰੂ ਹੁਕਮ ਲਹਿਰੇ ਲੈ ਰਿਹਾ ਸੀ। ਇਸ ਬਦਲੇ ਸਰਕਾਰ ਤੇ ਅਫਸਰਾਂ ਨੇ ਆਪ ਦਾ ਬੜਾ ਧੰਨਵਾਦ ਕੀਤਾ*।

੧੯੧੫ ਵਿਚ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੀਆਂ ਪੁਸਤਕਾਂ ਲਿਖਣ ਬਦਲੇ ਸਰਕਾਰ ਨੇ ੧ ਅਪ੍ਰੈਲ ਨੂੰ ੧੫੦) ਦਾ ਚੈਕ ਇਨਾਮ ਦੇ ਤੌਰ ਤੇ ਆਪ ਨੂੰ ਭੇਜਿਆ ਤੇ ੧੨੦ ਪੁਸਤਕਾਂ ਟੈਕਸਟ ਬੁਕ ਕਮੇਟੀ ਨੇ 'ਆਤਮਕ ਉੱਨਤੀ' ਦੀਆਂ ਖਰੀਦੀਆਂ।

× × × × × × ×

੧੯੧੭ ਨੂੰ ਕਾਨਫ੍ਰੰਸ ਦਾ ਸਮਾਗਮ ਮਿੰਟਗੁਮਰੀ ਹੋਣਾ ਨੀਯਤ ਹੋਇਆ ਸੀ। ਇਸ ਸਮਾਗਮ ਦਾ ਦਾਰੋਮਦਾਰ ਬਹੁਤ ਸਾਰਾ ਸਰਦਾਰ

---

*"ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੇ ਪੁਸਤਕ ਤੇ ਜੰਗ ਯੂਰਪ!" ਯੂਰਪ ਦੇ ਹਸਪਤਾਲਾਂ ਵਿਚ ਪੰਜਾਬੀ ਪੜ੍ਹੇ ਫੌਜੀ ਬੀਰਾਂ ਦੇ ਪਰਚਾਵੇ ਵਾਸਤੇ ਸਵਾ ਛੇ ਸੌ ਪੁਸਤਕ ਦਾਸ (ਭਾਈ ਮੋਹਨ ਸਿੰਘ ਜੀ ਵੈਦ)ਵਲੋਂ ਅਤੇ ਸਵਾ ਛੇ ਸੌ ਰ: ਬ: ਸਰਦਾਰ ਗੰਡਾ ਸਿੰਘ ਸ੍ਰੀ ਨਗਰ (ਕਸ਼ਮੀਰ) ਵਲੋਂ ਪਿਛਲੇ ਵਰ੍ਹੇ ਭੇਜੇ ਗਏ ਸਨ ਹੁਣ ਕਲੈਕਟਰ ਸਾਹਿਬ ਬੰਬਈ ਵਲੋਂ ਉਚੇਚੀ ਚਿੱਠੀ "ਬੰਬਈ ਦੇ ਫੌਜੀ ਹਸਪਤਾਲ ਵਿਚ ਪਏ ਪੰਜਾਬੀ ਬੀਰਾਂ ਦੇ ਜੀ ਪਰਚਾਵੇ ਵਾਸਤੇ ਚੰਗੀਆਂ ੨ ਪੰਜਾਬੀ ਭਾਸ਼ਾ ਦੀਆਂ ਪੁਸਤਕਾਂ ਦੀ ਲੋੜ" ਦਸ ਕੇ ਮੰਗ ਹੋਈ ਹੈ। ਸੋ ਪੰਜ ਸੌ ਪੁਸਤਕਾਂ ਦਾਸ (ਭ: ਮੋਹਨ ਸਿੰਘ ਜੀ ਵੈਦ) ਵਲੋਂ ਅਤੇ ਪੰਜ ਸੌ ਨੌਰੰਗਾਬਾਦ ਦੇ ਮਹੰਤ ਨਰੈਣ ਸਿੰਘ ਜੀ ਵਲੋਂ ਤੇ ਕੁਝ ਪੁਸਤਕਾਂ ਭਾਈ ਸੇਵਾ ਸਿੰਘ ਜੀ ਗੁੰਥੀ ਤਰਨ ਤਾਰਨ ਵਲੋਂ ਭੇਜੇ ਗਏ ਹਨ।

ਦੁਖ ਨਿਵਾਰਨ ਜੁਲਾਈ--ਅਗਸਤ ੧੯੧੬



Digitized by Panjab Digital Library | www.panjabdigilib.org

ਹੁਕਮ ਸਿੰਘ ਜੀ ਰਈਸ ਆਜ਼ਮ ਕਲਿਆਣੇ ਵਾਲਿਆਂ ਤੇ ਸੀ, ਜੋ ਰਿਸ਼ਤੇ ਵਿਚੋਂ ਆਪ ਦੇ ਕੁੜਮ ਲਗਦੇ ਸਨ। ਸਰਦਾਰ ਸਾਹਿਬ ਨੇ ਭੀ ਵੈਦ ਹੁਰਾਂ ਨੂੰ ਹੀ ਕਾਨਫ੍ਰੰਸ ਪ੍ਰਾਪਾਗੰਡਾ ਲਈ ਕਿਹਾ। ਆਗਿਆ ਦਾ ਉਲੰਘਨ ਕਰਨਾ ਤਾਂ ਆਪ ਜਾਣਦੇ ਹੀ ਨਾ ਸਨ,ਤੇ ਫੇਰ ਏਹੋ ਜੇਹੇ ਗੁਰਮੁਖ ਪ੍ਰੇਮੀਆਂ ਦਾ, ਤੇ ਪੰਥ ਉੱਨਤੀ ਲਈ! ਆਪ ਨੇ ਪ੍ਰਾਪਾਗੰਡਾ ਸ਼ੁਰੂ ਕਰ ਦਿਤਾ। ਦੋ ਲੇਖ ੨੩ ਜੂਨ ਨੂੰ ਦਸਵੀਂ ਕਾਨਫ੍ਰੰਸ ਮਿੰਟਗੁਮਰੀ ਲਈ ਅਖਬਾਰਾਂ ਲਈ ਲਿਖੇ।

ਚੜ੍ਹੇ ਜੁਲਾਈ ਅਰਥਾਤ ੨ ਜੁਲਾਈ ਨੂੰ ਆਪ ਸ਼ਿਮਲੇ ਵਲ ਸੈਰ ਨੂੰ ਤੁਰ ਪਏ, ਤੇ ਕਾਲਕਾ, ਕਸੌਲੀ,ਧਰਮ ਪੁਰ ਆਦਿਕ ਰਸਤੇ ਦੀਆਂ ਸਭ ਜਗਾਂ ਦੇਖ ਸ਼ਿਮਲੇ ਦਾ ਚਕਰ ਕੱਟ ਨੌ ਦਸ ਦਿਨ ਬਾਦ ਫੇਰ ਤਰਨ ਤਾਰਨ ਵਿਚ ਆਪਣੇ ਠਿਕਾਣੇ ਆ ਗਏ।

ਸੱਜਣਾਂ ਮਿਤ੍ਰਾਂ ਤੇ ਲੋੜਵੰਦਾਂ ਨੂੰ ਹਰ ਤਰ੍ਹਾਂ ਪਤਾ ਲਗ ਹੀ ਜਾਂਦਾ ਹੈ ਕਿ ਆਪ ਜੀ ਅਜ ਕਲ ਕਿੱਥੇ ਹਨ? ਸਰਦਾਰ ਮਾਨ ਸਿੰਘ ਜੀ ਵਕੀਲ (ਅਜ ਕਲ ਪ੍ਰਧਾਨ ਗੁਰਦਵਾਰਾ ਟ੍ਰੀਬਜੂਨਲ) ਅੰਬਾਲੇ ਵਾਲਿਆਂ ਦੀ ਸਿੰਘਣੀ ਸਾਹਿਬਾ ਸਲੋਗੜੇ ਬੀਮਾਰ ਪਏ ਸਨ। ਆਪ ਨੇ ਉਚੇਚਾ ਸੁਨੇਹਾ ਭੇਜ ਕੇ ਵੈਦ ਜੀ ਨੂੰ ਸ਼ਿਮਲਿਓਂ ਦਰਸ਼ਨ ਦੇਣ ਲਈ ਕਿਹਾ। ਆਪ ਗਏ ਬੜੇ ਪ੍ਰੇਮ ਤੇ ਹਿੱਤ ਨਾਲ ਬੀਬੀ ਜੀ ਦਾ ਮੁਆਇਨਾ ਕੀਤਾ ਤੇ ਰੋਗ ਬਾਰੇ ਆਪਣੀ ਅਮੋਲਕ ਰਾਇ ਪ੍ਰਗਟ ਕੀਤੀ।

× × × × × ×

ਆਮ ਗ੍ਰਹਸਤੀਆਂ ਵਾਸਤੇ ਸੰਸਾਰ ਵਿਚ ਧਨ ਪੰਦਾਰਥ ਹੁੰਦਿਆਂ ਭੀ ਜੇ ਕੋਈ ਬਾਲ ਨਾ ਹੋਵੇ ਤਾਂ ਉਦਾਸ ਤੇ ਬੇ ਹਰਾਸ ਜੇਹੇ ਹੋਏ ਰਹਿੰਦੇ ਹਨ। ਦੂਜੇ ਦੇ ਬਾਲਾਂ ਨੂੰ ਖੇਲਦੇ ਦੇਖਕੇ ਆਪਣੇ ਮਨ ਵਿਚ ਸੌ ਸੌ ਉਬਾਲ ਉਠਾਂਦੇ ਹਨ। ਵੈਦ ਜੀ ਨੇ ਅਨੇਕ ਅਜੇਹੇ, ਸੰਸਾਰ ਦੀ ਇਸ ਅਦੁਤੀ ਨਿਆਮਤ ਤੋਂ ਖਾਲੀਆਂ ਨੂੰ ਈਸ਼੍ਵਰ ਦੀ ਕ੍ਰਿਪਾ ਤੇ ਆਯੁਰਵੇਦੀਯ ਦਵਾ-ਈਆਂ ਦੇ ਭਰੋਸੇ ਭਰਪੂਰ ਕਰ ਦਿੱਤਾ। ਸੁੰਞੇ ਘਰਾਂ ਵਿਚ ਚਹਿਲ ਪਹਿਲ



Digitized by Panjab Digital Library | www.panjabdigilib.org

ਹੋ ਗਈ। ਉਨ੍ਹਾਂ ਅਨੇਕਾਂ ਵਿਚੋਂ ਇਕ ਨਮੂਨਾ ਅਸੀਂ ਰਾਇ ਬਹਾਦਰ ਲਭੂ ਰਾਮ ਸਾਹਿਬ ਡਿਪਟੀ ਕਮਿਸ਼ਨਰ ਦਾ ਦੱਸ ਆਏ ਹਾਂ। ਹੁਣ ਹੋਰ ਭੇਟ ਕਰਦੇ ਹਾਂ, ਜਿਸ ਉੱਪਰ ਵਾਹਿਗੁਰੂ ਦੀ ਕ੍ਰਿਪਾ ਤੇ ਆਪਦੀ ਮਿਹਨਤ ਸਫਲ ਹੋਈ। ਜਿਸ ਬਦਲੇ ਬਾਬੂ ਜੀ ਨਜ਼ਰ ਭੇਟ ਵਜੋਂ ਕੁਝ ਮਾਯਾ, ਇਕ ਟੋਕਰੀ ਕੱੂਜੇ ਦੀ ਮਿਸਰੀ ਆਦਿਕ ਲੈਕੇ ਆਏ। ਵੈਦ ਜੀ ਦਾ ਤਾਂ ਪ੍ਰਣ ਹੀ ਸੀ ਕਿ ਕਿਸੇ ਤੋਂ ਨਜ਼ਰ ਭੇਟ ਅਥਵਾ ਫੀਸ ਆਦਿ ਨਹੀਂ ਲੈਣੀ, ਆਪ ਨੇ ਉਹ ਮੋੜ ਹੀ ਨਹੀਂ ਦਿਤੇ, ਸਗੋਂ ਆਪਣੇ ਪਾਸੋਂ ੪ ਕੁਜੇ ਹੋਰ ਰਖਕੇ ਕਾਕਾ ਜਨਮੇ ਦੀ ਵਧਾਈ ਵਜੋਂ ਭੇਜੇ।

ਆਪ ਕਈ ਦਫਾ ਕਿਹਾ ਕਰਦੇ ਸਨ "ਮੈਂ ਤਾਂ ਸੰਸਾਰ ਦੀ ਇਹ ਸਾਰੀ ਸੇਵਾ ਗੁਰੂ ਦੇ ਹੁਕਮ ਵਿਚ ਵਾਹਿਗੁਰੂ ਨੂੰ ਪ੍ਰਸੰਨ ਕਰਨ ਲਈ ਤੇ ਰੀਝਾਉਣ ਲਈ ਕਰ ਰਿਹਾ ਹਾਂ, ਤੇ ਉਸਦੀ ਬਖਸ਼ੀ ਹੋਈ ਦਾਤ ਉਸਦੇ ਹੁਕਮਾਨੁਸਾਰ ਵਰਤਾ ਰਿਹਾ ਹਾਂ, "ਕਲਾ ਓਹ ਆਪ ਵਰਤਾ ਰਿਹਾ ਹੈ ਮੈਂ ਤਾਂ ਇਕ ਭੰਡਾਰੀ ਹਾਂ।" ਇਸ ਉਪ੍ਰੋਕਤ ਘਟਨਾ ਬਾਰੇ ੨ ਸਤੰਬਰ ੧੯੧੬ ਦੀ ਡਾਇਰੀ ਵਿਚ ਆਪ ਦਾ ਨੋਟ ਇਸਤਰਾਂ ਦਰਜ ਹੈ:—

"ਬਾਬੂ ਦੇਵੀ ਦਿੱਤਾ ਮੱਲ ਮੈਨੇਜਰ ਕਾਟਨ ਮਿਲਜ਼ ਦੇ ਲੜਕਾ ਹੋਵਣ ਦੀ ਖਬਰ ਤੇ ਦਵਾਵਾਂ ਬਦਲੇ ਕੁਝ ਦਮੜੇ, ਕੱੂਜੇ ਮਿਸਰੀ ਦੀ ਟੋਕਰੀ ਲੈਕੇ ਆਦਮੀ ਅੰਮ੍ਰਿਤਸਰ ਤੋਂ ਆਯਾ, ਸੋ ਨਿਯਮਾਨੁਸਾਰ ਰੁਪਏ ਵਗੈਰਾ ਸਣੇ ੪ ਕੁਜੇ ਹੋਰ ਵਧਾਈ ਦੇ ਰੱਖਕੇ ਵਾਪਸ ਕੀਤੇ।"

× × × × × × ×

ਸ਼ਹਿਰਦਾਰਾਂ ਤੋਂ ਇਲਾਵਾ ਜਾਣਕਾਰ ਹਾਕਮ ਭੀ ਵੈਦ ਜੀ ਨੂੰ ਇਕ ਨਿਰਪੱਖ, ਬੇ ਕੀਨਾ, ਸੱਚਾ, ਇਨਸਾਫ ਪਸੰਦ ਤੇ ਰਾਜਾ ਪ੍ਰਜਾ ਸਭ ਦਾ ਹਿਤਕਾਰੀ ਸਮਝਦੇ ਸਨ। ਕਈ ਗੁੰਝਲਦਾਰ ਮੁਕਦਮੇ ਕੇਵਲ ਆਪਦੀ ਗਵਾਹੀ ਨਾਲ ਖਤਮ ਹੁੰਦੇ ਸਨ। ਸ਼ਹਿਰਦਾਰਾਂ ਦੇ ਅਨੇਕਾਂ ਝਗੜਿਆਂ ਦੀ ਸਾਲਸੀ ਆਪ ਪਾਸ ਆਉਂਦੀ, ਤੇ ਕਈਆਂ ਮੁਕਦਮਿਆਂ ਵਿਚ ਹਾਕਮ



Digitized by Panjab Digital Library | www.panjabdigilib.org

ਆਪਦੀ ਸਲਾਹ ਪੁੱਛਦੇ। ਕਈ ਬੇਦੋਸੇ ਸਤੇ ਹੋਏ ਜਾਂ ਗਰੀਬ ਆਪ ਪਾਸ ਇਨਸਾਫ ਤੇ ਹਮਦਰਦੀ ਲਈ ਹਾਕਮਾਂ ਪਾਸ ਜਾਣ ਲਈ ਬੇਨਤੀ ਕਰਦੇ। ਗੱਲ ਕੀ ਬੀਮਾਰਾਂ ਤੋਂ ਇਲਾਵਾ ਆਪ ਦੀ ਦੁਕਾਨ ਅੱਛਾ ਖਾਸਾ ਕਚਹਿਰੀ ਦਾ ਅਹਾਤਾ ਬਣੀ ਰਹਿੰਦੀ, ਤੇ ਨਿਤ ਨਵੇਂ ਕੋਈ ਨਾ ਕੋਈ ਫੈਸਲਾ ਆਇਆ ਰਹਿੰਦਾ। ਤਰਨ ਤਾਰਨ ਦਾ ਹੀ ਨਹੀਂ, ਸਗੋਂ ਅਮ੍ਰਿਤਸਰ ਤੇ ਲਾਹੌਰ ਦੇ ਭੀ ਕਈ ਫੈਸਲੇ ਨਿਪਟਣ ਲਈ ਏਥੇ ਆਉਂਦੇ। ਇਨ੍ਹਾਂ ਵਿੱਚੋਂ ਇੱਕ ਦੀ ਵਿਥਿਆ ਅਸੀਂ ਹੇਠਾਂ ਦਰਜ ਕਰਦੇ ਹਾਂ:-

ਹਾਕਮਾਂ ਦੇ ਕੰਨ ਹੁੰਦੇ ਹਨ,ਤੇ ਗੱਲ ਹੈ ਭੀ ਠੀਕ। ਉਹ ਕਿਸ ਕਿਸ ਕੋਲ ਜਾਕੇ ਪੁੱਛਦੇ ਤੇ ਦਰਯਾਫਤ ਕਰਦੇ ਫਿਰਨ। ਉਨ੍ਹਾਂ ਨੂੰ ਹਰ ਹਾਲਤ ਵਿੱਚ ਹੇਠਲੇ ਮੁਲਾਜ਼ਮਾਂ ਤੇ ਇਤਬਾਰ ਕਰਨਾ ਹੀ ਪੈਂਦਾ ਹੈ। 'ਜਿੱਨਾ ਛੋਟਾ ਓਨਾ ਹੀ ਖੋਟਾ' ਦੀ ਕਹਾਵਤ ਵਾਂਗ ਇਹ ਛੋਟੇ ਅਫਸਰ ਆਮ ਮਾਮੂਲੀ ੨ ਗੱਲ ਤੋਂ ਵਿਗੜ ਜਾਂਦੇ ਹਨ, ਤੇ ਮੰਗਦੇ ਰਹਿੰਦੇ ਹਨ ਇਹ ਧੇਲੇ ੨ ਦੀ ਚੀਜ਼ ਭੀ। ਸਬਜ਼ੀ ਵਾਲੇ ਦਿਓਂ ਮੂਲੀ ਚੁੱਕ ਲਈ ਤੇ ਮੁਨਿਆਰ ਦਿਓ ਕਾਕੇ ਲਈ ਛਣਕਣਾ, ਹਲਵਾਈ ਦਿਓਂ ਜਲੇਬੀ ਮੰਗ ਲਈ ਤੇ ਪਾਨ ਫਰੋਸ਼ ਤੋਂ ਪਾਨ। ਇਨ੍ਹਾਂ ਦਾ ਗੁੱਸਾ ਭੀ ਨੱਕ ਉੱਤੇ ਹੀ ਧਰਿਆ ਹੋਇਆ ਹੁੰਦਾ ਹੈ। ਭਲਾ ਤਾਂ ਭਾਵੇਂ ਕਿਸੇ ਦਾ ਨਾ ਕਰਨ ਪਰ ਬੁਰਾ ਕਰਨ ਲਈ ਝੱਟ ਤੱਤ ਪਰ ਹੋ ਜਾਂਦੇ ਹਨ, ਤੇ ਵਾਹ ਲੱਗਦੀ ਬੁਰਾਈ ਲਈ ਵਿਤੋਂ ਵੱਧ ਕੇ ਜ਼ੋਰ ਲਾਉਂਦੇ ਹਨ। ਇਨ੍ਹਾਂ ਦਾ ਕੰਮ ਹੁੰਦਾ ਹੈ, ਕੇਵਲ ਉੱਪਰਲੇ ਹਾਕਮਾਂ ਦੇ ਕੰਨ ਭਰਨੇ।

ਵਿਚਾਰੇ ਸ਼ਹਿਰ ਦੇ ਵਸਨੀਕ ਇੱਕ ਭਾਈ ਜੀ ਨਾਲ ਏਹੋ ਜੇਹਾ ਹੀ ਮੁਆਮਲਾ ਹੋ ਗਿਆ। ਹਾਕਮ ਨੇ ਝੱਟ ਉਸ ਤੇ ਟੈਕਸ ਜੜ ਦਿੱਤਾ। ਉਸ ਗਰੀਬ ਕੋਲ ਸਿਵਾਏ ਅਪੀਲ ਕਰਨ ਦੇ ਹੋਰ ਇਲਾਜ ਹੀ ਕੀ ਸੀ? ਉਸ ਨੇ ਉਪਰਲੇ ਹਾਕਮ ਪਾਸ ਅਪੀਲ ਕਰ ਦਿੱਤੀ। ਹੁਣ ਇਹ ਤਾਂ ਰੋਵੇ ਕਿ 'ਮੈਂ ਗਰੀਬ ਹਾਂ' ਤੇ ਓਧਰ ਟੈਕਸ ਲਾਉਣ ਵਾਲੇ ਆਖਣ



Digitized by Panjab Digital Library | www.panjabdigilib.org

'ਇਸ ਨੂੰ ਜ਼ਰੂਰ ਲੱਗਣਾ ਚਾਹੀਦਾ ਹੈ ।' ਦੁਵਲਿਓਂ ਹੀ ਪਏ ਗਵਾਹ ਭੁਗਤਣ । ਮੁਕੱਦਮਾ ਸੀ ਰਾਇ ਸਾਹਿਬ ਲਾਲਾ ਦੀਨਾ ਨਾਥ ਜੀ ਹਾਕਮ ਦੇ ਸਾਮ੍ਹਣੇ । ਉਹ ਭਾਈ ਸਾਹਿਬ ਦੇ ਬਖ਼ੂਬੀ ਵਾਕਫ ਸਨ । ਉਨ੍ਹੀ ੨੬ ਸਿਤੰ-ਬਰ ੧੯੧੬ ਨੂੰ ਵੈਦ ਜੀ ਨੂੰ ਸੱਦਿਆ । ਸਾਰੀ ਗੱਲ ਸੁਣਕੇ ਆਪ ਦੀ ਸਚਾਈ ਤੇ ਫੈਸਲਾ ਕਰ ਦਿੱਤਾ ਤੇ ਭਾਈ ਪ੍ਰੇਮ ਸਿੰਘ ਨੂੰ ਟੈਕਸ ਤੋਂ ਬਰੀ ਕਰ ਦਿੱਤਾ । ਉਹ ਵਿਚਾਰਾ ਵੈਦ ਜੀ ਦੇ ਗੁਣ ਗਾਉਂਦਾ ਤੇ ਆਪ ਨੂੰ ਅਸੀਸਾਂ ਦਿੰਦਾ ਹੋਇਆ ਘਰ ਆਇਆ । ਇਸਿਤਰ੍ਹਾਂ ਨਾਲ ਵੈਦ ਜੀ ਦੇ ਜੀਵਣ ਵਿੱਚ ਅਨੇਕ ਅਜੇਹੇ ਕਾਰਨਾਮੇ ਹੋਏ । ਇਸ ਸਾਲ ਵਿੱਚ ਆਪ ਜੀ ਨੇ, (੧) ਸੁਰਬ ਗੁਣ ਸੰਪੰਨਤਾ, (੨) ਰੱਬੀ ਜੋੜ ਮੇਲਾ, ਤੇ (੩) ਤੁਲਸੀ ਪੂਜਨ ਆਦਿ ਪੁਸਤਕਾਂ ਪ੍ਰਕਾਸ਼ਤ ਕੀਤੀਆਂ ।

---



Digitized by Panjab Digital Library | www.panjabdigilib.org

"ਭਾਈ ਮੋਹਨ ਸਿੰਘ ਸਾਹਿਬ ਵੈਦ ਨਾਲ ਮੇਰਾ ਤਦ ਤੋਂ ਮਿਤ੍ਰਾਨਾ ਸੀ ਜਦ ਆਪ ਆਪਣੇ ਆਪ ਨੂੰ ਵੈਦਕ ਵਿਦਯਾਰਥੀ ਨਾਮ ਨਾਲ ਲਿਖਿਆ ਕਰਦੇ ਸਨ। ਐਨੇ ਅਰਸੇ ਵਿਚ ਮੈਂ ਕਦੇ ਭੀ ਉਨ੍ਹਾਂ ਦੇ ਮੱਥੇ ਉਤੇ ਵੱਟ ਨਹੀਂ ਦੇਖਿਆ। ਉਹ ਇਕ Perfect Gentleman ਸਨ। ਪੁਸਤਕਾਂ ਪੜ੍ਹਨ ਦਾ ਸ਼ੌਕ ਉਨ੍ਹਾਂ ਨੂੰ ਐਨਾਂ ਵਧੀਕ ਸੀ ਕਿ ਫੁਰਸਤ ਦਾ ਕੋਈ ਮਿੰਟ ਭੀ ਵਿਅਰਥ ਨਹੀਂ ਸਨ ਗੁਆਉਂਦੇ। ਪੰਜਾਬੀ ਸਾਹਿਤ ਦੇ ਵਾਧੇ ਦਾ ਚਾਉ ਭੀ ਐਨਾਂ ਸੀ ਕਿ ਅਨੇਕਾਂ ਪੁਸਤਕਾਂ ਦਾ ਪੰਜਾਬੀ ਉਲਥਾ ਕਰਵਾਇਆ। ਆਪਦੀ ਪ੍ਰਬੰਧ ਸ਼ਕਤੀ ਐਸੀ ਅੱਛੀ ਸੀ ਕਿ ਜਿਸ ਪਾਸੇ ਖੜੇ ਹੋ ਜਾਣ ਬੜੀ ਸਫਲਤਾ ਨਾਲ ਕਾਮਯਾਬ ਹੋ ਜਾਂਦੇ ਸਨ। ਦੇਸ਼-ਪਿਆਰ ਦਾ ਜਜ਼ਬਾ ਭੀ ਆਪ ਵਿਚ ਬੇਹੱਦ ਸੀ। ਧਾਰਮਕ ਪਾਸੇ ਵਲੋਂ ਭੀ ਆਪ ਪੂਰੇ ਗੁਰ-ਮੁਖ ਤੇ ਪੰਥ ਨਾਲ ਵਫਾਦਾਰ ਸਨ। ਤਰਨ ਤਾਰਨ ਵਿਚ ਆਪ ਇੰਨੇ ਹਰ ਦਿਲ ਅਜ਼ੀਜ਼ ਸਨ ਕਿ ਹਮੇਸ਼ਾਂ ਬਿਨਾਂ ਮੁਕਾਬਲੇ ਦੇ ਸਿਟੀ ਫਾਦਰ ਬਣਦੇ ਰਹੇ। ਹੋਰ ਭੀ ਆਪ ਵਿਚ ਅਨੇਕਾਂ ਖ਼ੂਬੀਆਂ ਸਨ ਜਿਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਇਸ ਜੀਵਨੀ ਵਿਚ ਮੌਜੂਦ ਹੈ।"

(ਲਾਲਾ ਧਨੀ ਰਾਮ ਜੀ ਚਾਤ੍ਰਿਕ)*

*ਲਾਲਾ ਧਨੀ ਰਾਮ ਜੀ ਚਾਤ੍ਰਿਕ--ਪਸੀਆਂ ਵਾਲਾ ਜ਼ਿਲਾ ਸਿਆਲਕੋਟ ਵਿਚ ੧੮ ਅਸੂ ਸੰਮਤ ੧੯੩੩ ਬਿ: ਨੂੰ ਜਨਮ ਲਿਆ, ੧੭ ਸਾਲ ਦੀ ਉਮਰ ਵਿਚ ਭਾਈ ਵੀਰ ਸਿੰਘ ਜੀ ਦੀ ਸੰਗਤ ਵਿਚ ਰਲੇ। ਪੰਜਾਬੀ ਦੇ ਪਿਆਰੇ, ਉਚੇ ਕਵੀ ਤੇ ਚੰਦਨਵਾੜੀ ਦੇ ਕਰਤਾ ਹਨ। 'ਸੁਦਰਸ਼ਨ ਪ੍ਰੈਸ' ਤੇ(ਸਟੈਂਡਰਡ ਟਾਈਪ ਫੌਂਡਰੀ) ਆਪਦੀ ਮਲਕੀਅਤ ਹਨ।



Digitized by Panjab Digital Library | www.panjabdigilib.org

# ੧੯੧੭

## ਪਰਾਧੀਨਤਾ

"Every body who came in contact with him was struck by his marvellous personality, affability of manners. As an exponent of ancient Indian madicinal science, as a man of letters as an educationist and as a Philanthropist, he was unique."

(Bhagat Jaswant Singh ji Lahore)

ਗੁਲਾਮੀ(ਪਰਾਧੀਨਤਾ)ਇੱਕ ਅਜੇਹਾ ਜ਼ਹਿਰ ਹੈ, ਜਿਸਦੇ ਅਸਰ ਕਰ ਜਾਣ ਨਾਲ ਬੰਦਾ ਜੀਉਂਦਿਆਂ ਹੋਇਆਂ ਭੀ ਮੋਇਆਂ ਤੋਂ ਬਦਤਰ ਹੁੰਦਾ ਹੈ। ਸ੍ਵਾਸ ਆਉਂਦਿਆਂ ਹੋਇਆਂ ਭੀ ਨਿਰਜੀਵ ਪੱਥਰਾਂ ਨਾਲੋਂ ਵਧੀਕ ਹਿਲਣ ਦੀ ਸ਼ਕਤੀ ਨਹੀਂ ਰੱਖਦਾ । ਗੁਲਾਮ ਇਨਸਾਨ ਪਸ਼ੂ ਤੋਂ ਭੀ ਬੁਰਾ ਹੈ। ਬੁਰਾ ਹੀ ਨਹੀਂ ਸਗੋਂ ਬਹੁਤ ਬੁਰਾ ਹੈ। ਪਸ਼ੂ ਸੁਖੀ ਹੈ ਪਰ ਗੁਲਾਮ ਬੰਦਾ ਅਤੀ ਦੁਖੀ ਹੈ। ਪਸ਼ੂ ਦੀ ਪਸ਼੍ਵਤਾ ਹੁੰਦਿਆਂ ਗੁਲਾਮੀ, ਇਨਸਾਨ ਦੇ ਗੁਲਾਮ ਹੋਣ ਨਾਲੋਂ ਕਈ ਦਰਜੇ ਬਿਹਤਰ ਹੈ। ਨਿਰਸੰਦੇਹ ਗੁਲਾਮੀ ਇੱਕ ਲਾਅਨਤ ਹੈ, ਇਹ ਇੱਕ ਦੁਰਭਾਗਜ ਹੈ, ਮਹਾਂ ਕਲੰਕ ਹੈ।

ਜ਼ੋਰ ਨਾਲ ਦਬਾਈ ਰੱਖਣਾ ਹੋਰ ਗੱਲ ਹੈ, ਰੱਸਿਆਂ ਤੇ ਸੰਗਲਾਂ ਨਾਲ ਬੰਨ੍ਹਕੇ ਵੱਸ ਵਿੱਚ ਕਰ ਰੱਖਣਾ ਅੱਡਰੀ ਗੱਲ ਹੈ। ਇਹ ਗੁਲਾਮੀ ਨਹੀਂ। ਸਾਡਾ ਮਤਲਬ ਇਸ ਤੋਂ ਨਹੀਂ, ਸਗੋਂ ਗੁਲਾਮੀ ਉਹ ਹੈ, ਜਿਸ ਵਿੱਚ ਦਿਲ ਤੇ ਦਿਮਾਗ ਗੁਲਾਮ ਹੋ ਜਾਣ। ਪਵਿੱਤ੍ਰ, ਸ੍ਵਤੰਤ੍ਰਾ-ਮਯ ਖੂਨ



Digitized by Panjab Digital Library | www.panjabdigilib.org

ਵਿੱਚ ਗੁਲਾਮੀ ਦਾ ਜ਼ਹਿਰ ਅਸਰ ਕਰਕੇ ਉਸਨੂੰ ਪਰਤੰਤ੍ਰਤਾ ਵਿੱਚ ਬਦਲ ਦੇਵੇ, ਆਜ਼ਾਦੀ, ਸੁਤੰਤ੍ਰਤਾ ਦੀ ਗਰਮੀ ਹੀ ਖੂਨ ਵਿੱਚੋਂ ਨਿਕਲ ਜਾਵੇ, ਤੇ ਉਸ ਵਿੱਚ ਗੁਲਾਮੀ ਦੀ ਠੰਡਕ ਅਜੇਹੀ ਅਸਰ ਕਰ ਜਾਵੇ, ਜੋ ਹਜ਼ਾਰ ਹਲੂਣਾ ਦੇਣ ਤੇ ਭੀ ਗਰਮੀ ਨਾ ਖਾਵੇ, ਜੋ ਹਜ਼ਾਰ ਚੋਂਬੜਾਂ ਲਾਉਣ ਤੇ ਭੀ ਦੁੱਖ ਮਹਿਸੂਸ ਨਾ ਕਰੇ, ਤੇ ਨਾ ਕਰੇ । ਉਸ ਨੂੰ ਆਖਦੇ ਹਨ ਗੁਲਾਮੀ ਦਾ ਜ਼ਹਿਰ ।

ਭਾਰਤ ਵਰਸ਼ ਵਿੱਚ ਸਦੀਆਂ ਤੇ ਹਜ਼ਾਰਾਂ ਬਰਸ ਤੋਂ ਛੋਟੇ ੨ ਰਾਜਵਾੜਿਆਂ ਦਾ ਆਪਸ ਵਿੱਚ ਟਾਕਰਾ ਲੱਗਦਾ ਰਿਹਾ । ਉਹ ਲੜਦੇ ਭਿੜਦੇ ਤੇ ਮਰਦੇ ਮਾਰਦੇ ਰਹੇ । ਕਬਜ਼ੇ ਖੁਸਦੇ ਤੇ ਕਰਦੇ ਰਹੇ, ਪਰ ਦੇਸ਼ ਗੁਲਾਮ ਨਾ ਹੋਇਆ । ਵੀਰ ਮੁਸਲਮਾਨਾਂ ਦਾ ਰਾਜ ਸਦੀਆਂ ਤੱਕ ਰਿਹਾ ਪਰ ਭਾਰਤ ਗੁਲਾਮ ਨਾ ਹੋਇਆ । ਸੁਤੰਤ੍ਰਤਾ ਦਾ ਗਰਮ ਖੂਨ ਠੰਡਾ ਨਾ ਹੋਇਆ, ਇਸਦੀ ਪਵਿਤ੍ਰਤਾ ਨਸ਼ਟ ਨਾ ਹੋਈ । ਮਾਮੂਲੀ ੨ ਗੱਲਾਂ ਲਈ, ਘਰੋਗੀ ਖਿਆਲਾਂ ਲਈ, ਨਿਕੰਮੇ ਮਜ਼ਹਬੀ ਖਿਆਲਾਂ ਲਈ ਧੱਕੇ ਧੋੜੇ ਹੁੰਦੇ ਰਹੇ, ਲੜਾਈਆਂ ਹੁੰਦੀਆਂ ਰਹੀਆਂ । ਇੱਕ ਦੂਜੇ ਉੱਤੇ ਚੜ੍ਹਦੇ ਚੜ੍ਹਾਉਂਦੇ ਮਰਦੇ ਮਾਰਦੇ ਤੇ ਉੱਤੇ ਹੇਠ ਹੁੰਦੇ ਰਹੇ, ਪਰ ਗੁਲਾਮੀ ਦੀ ਛਾਯਾ ਨ ਪਈ । ਮਾੜੇ ਨੂੰ ਜ਼ੋਰ ਵਾਲਾ ਮਾਰਦਾ ਸੀ, ਕਮਜ਼ੋਰ ਨੂੰ ਜੋਰਾਵਰ ਲੁੱਟਦਾ ਸੀ, ਪਰ, ਦੇਸ ਗੁਲਾਮ ਨਾ ਸੀ । ਸਭ ਪਾਸ ਹਥਿਆਰ ਸਨ । ਗੁਆਂਢੀ ਨਾਲ ਗੁਆਂਢੀ ਮੋਢਾ ਮਾਰਕੇ ਲੰਘਦਾ ਸੀ । ਸ਼ਰੀਕ ਨਾਲ ਸ਼ਰੀਕ ਖਹਿੰਦਾ ਸੀ ਤੇ ਆਜ਼ਾਦ ਖਹਿੰਦਾ ਸੀ, ਕਿਉਂਕਿ ਆਜ਼ਾਦ ਲਹੂ ਜੂ ਹਰ ਇੱਕ ਜਿਸਮ ਦੀਆਂ ਨਾੜਾਂ ਵਿੱਚ ਹਰਕਤ ਕਰ ਰਿਹਾ ਸੀ । ਸੁਤੰਤ੍ਰਤਾ ਦੀ ਗਰਮੀ ਸੀ । ਭਰਾਵਾਂ ਦਾ ਕਿਸੇ ਗੱਲੋਂ ਮਤਭੇਦ ਹੋਣਾ ਹੋਰ ਗਲ ਹੈ,ਤੇ ਗੁਲਾਮ ਹੋਣਾ ਹੋਰ ਗੱਲ ।

ਸਿਖਾਂ ਦਾ ਰਾਜ ਹੋਇਆ । ਸ਼ੀਹ ਬੱਕਰੀ ਇਕ ਘਾਟ ਪਾਣੀ ਪੀਣ ਲੱਗੇ । ਹਿੰਦੂ ਮੁਸਲਮਾਨ ਤੇ ਸਿੱਖਾਂ ਦੇ ਖੂਨ ਇੱਕ ਹੋ ਗਏ । ਲੜਾਈਆਂ ਪਈਆਂ ਹੋਣ, ਫਸਾਦ ਪਏ ਹੋਣ, ਪਰ ਦੇਸ਼ ਗੁਲਾਮ ਨਾ ਹੋਇਆ । ਖੂਨ ਵਿਚ ਗੁਲਾਮੀ ਦੀ ਗੰਦੀ ਹਵਾ ਨੇ ਨਾ ਅਸਰ ਕੀਤਾ । ਸ਼ੇਰੇ ਪੰਜਾਬ



Digitized by Panjab Digital Library | www.panjabdigilib.org

ਮਹਾਰਾਜਾ ਰਣਜੀਤ ਸਿੰਘ ਜੀ ਦੀ ਨੂਰਾਨੀ ਤੇਗ ਚਮਕੀ, ਖੂਬ ਚਮਕੀ, ਤੇ ਅਜੇਹੀ ਚਮਕੀ ਕਿ ਜਿਸ ਦੀ ਚਮਕ ਨੇ ਇਕ ਵਾਰ ਤਾਂ ਸੰਸਾਰ ਦੀਆਂ ਅੱਖੀਆਂ ਚੁੰਧਿਆ ਦਿਤੀਆਂ । ਨਿਪੋਲੀਅਨ ਬੋਨਾ ਪਾਰਟ ਜੇਹੇ ਵਿਸ਼੍ਵ ਵਿਜਈ ਦੇ ਅਣਖੀ ਤੇ ਅਜੇਅ ਜਰਨੈਲ ਇਸ ਚਮਕ ਪਿੱਛੇ ਬਿਜਲੀ ਦੀ ਖਿੱਚ ਵਾਂਗ ਖਿੱਚੀਂਦੇ ਚਲੇ ਆਏ, ਤੇ ਮਹਾਰਾਜੇ ਦੀ ਫੌਜ ਵਿਚ ਭਰਤੀ ਹੋ, ਅਜ਼ਾਦੀ ਦੀ, ਸ੍ਵਤੰਤ੍ਰਤਾ ਦੀ ਰੱਖਿਆ ਲਈ, ਕਦਰ ਲਈ, ਸੇਵਾ ਕਰਨ ਲਈ ਪ੍ਰਾਰਥਨੀਯ ਹੋਏ। ਨਿੱਤ ਨਵੇਂ ਸੂਰਜ ਚੜ੍ਹਾਈਆਂ ਰਹੀਆਂ। ਕਸੂਰ ਮੁਲਤਾਨ ਤੋਂ ਲੈ ਕੇ ਜਿਹਲਮ, ਕਸ਼ਮੀਰ, ਪਸ਼ਾਵਰ, ਜਮਰੋਦ ਤੇ ਕਾਬਲ ਤਕ ਬਹਾਦਰ ਪਠਾਣਾਂ ਨਾਲ ਜੰਗ ਹੋਏ। ਤੇਗਾਂ ਚਲੀਆਂ, ਲੋਹੇ ਤੇ ਲੋਹਾ ਖੜਕਿਆ। ਜਵਾਨਾਂ ਨੇ ਰੱਜ ਰੱਜ ਕੇ ਖੂਨ-ਗੁਲਾਲ ਨਾਲ ਹੋਲੀ ਖੇਡੀ। ਹਜ਼ਾਰਾਂ ਗਾਜ਼ੀ ਗਾਨੇ ਬੰਨ੍ਹ ਬੰਨ੍ਹ ਨਿਕਲੇ ਜੋ ਖਾਲਸੇ ਦੀ ਅਜੇਅ ਤਲਵਾਰ ਥੀਂ ਜਾਮਿ ਸ਼ਹਾਦਤ ਪੀ ਪੀ ਅਮਰ ਹੋ ਗਏ। ਮਹਾਰਾਜੇ ਦੀ ਤੇਗ ਦੀ ਧਾਂਕ ਮੱਚ ਗਈ। ਦੂਰ ਦੂਰ ਤਕ ਮੁਲਕ ਤੇ ਕਬਜ਼ਾ ਕਰ ਲਿਆ। ਉਹ ਯਾਕੀ ਜੋ ਅਜ ਭੀ ਸਰਕਾਰ ਨੂੰ ਉਂਗਲਾਂ ਤੇ ਨਚਾ ਰਹੇ ਤੇ ਨੱਕ ਵਿਚ ਦਮ ਕਰ ਰਹੇ ਹਨ, ਸ਼ੇਰੇ ਪੰਜਾਬ ਦੇ ਨਾਮ ਤੋਂ ਪਏ ਕੰਬਦੇ ਸਨ, ਤੇ 'ਬੂਈ ਬੂਈ' ਪਏ ਕਰਦੇ ਸਨ, ਪਰ ਫੇਰ ਭੀ ਦੇਸ ਗੁਲਾਮ ਨਾ ਸੀ । ਖੂਨ ਦੀ ਰਵਾਨਗੀ ਵਿਚ ਗੁਲਾਮੀ ਦੀ ਮੰਦਤਾ ਨਾ ਸੀ। ਦੇਸ਼ ਉੱਤੇ ਭਾਵੇਂ ਕਿਸੇ ਦਾ ਕਬਜ਼ਾ ਹੋਵੇ, ਪਰ ਮੁਲਕ ਗੁਲਾਮ ਨਾ ਸੀ। ਰਾਜਾ ਹਿੰਦੂ ਹੋਵੇ ਮਹਾਰਾਜਾ ਸਿੱਖ ਹੋਵੇ, ਜਾਂ ਸ਼ਹਿਨਸ਼ਾਹ ਮੁਸਲਮਾਨ ਹੋਵੇ,ਕੋਈ ਫਰਕ ਨਾ ਸੀ, ਕੋਈ ਦੁਖ ਨਾ ਸੀ, ਕਿਉਂਕਿ ਦਿਲ ਗੁਲਾਮ ਨਾ ਸਨ, ਦਿਮਾਗ ਗੁਲਾਮ ਨਹੀਂ ਸਨ। ਛਾਤੀ ਵਿਚ ਜਿਉਂਦਾ ਦਿਲ ਤੇ ਦਿਲ ਵਿਚ ਅਮ੍ਰਿਤ-ਮਯ ਸ੍ਵਤੰਤ੍ਰਤਾ ਦਾ ਲਹੂ ਗੇੜੇ ਖਾ ਰਿਹਾ ਸੀ।

ਪਰ ਅਜ! ਅਜ ਉਹ ਸਮਾ ਨਹੀਂ । ਉਹ ਹਵਾ ਨਹੀਂ, ਉਹ ਧਰਤੀ ਨਹੀਂ ਤੇ ਉਹ ਆਸਮਾਨ ਨਹੀਂ। ਅਸੀਂ ਵਿੱਦਵਾਨ ਹੋ ਗਏ, ਸਾਇੰਸਦਾਨ ਹੋ ਗਏ, ਸਭ੍ਯ ਬਣ ਗਏ, ਚਲਾਕ ਤੇ ਹੋਸ਼ਿਆਰ



Digitized by Panjab Digital Library | www.panjabdigilib.org

ਹੋ ਗਏ, ਸਭ ਕੁਛ ਹੀ ਹੋ ਗਏ ਪਰ ਕਿਸ ਕੰਮ ? ਜਦ ਦਿਲ ਪਰਾਧੀਨ ਤੇ ਦਿਮਾਗ ਗੁਲਾਮ ਹੋ ਗਏ।

ਅਸੀਂ ਕਹਿ ਸਕਦੇ ਹਾਂ ਸਾਨੂੰ ਹੁਣ ਕੋਈ ਤਕਲੀਫ ਨਹੀਂ, ਕੋਈ ਦੁਖ ਨਹੀਂ, ਪੁਰਾਣੀ ਜਹਾਲਤ ਚਲੀ ਗਈ, ਅਸਭਤਾ ਦੂਰ ਹੋ ਗਈ, ਬਿਜਲੀ ਆ ਗਈ, ਸਿਨੇਮੇ ਤੇ ਹਵਾਈ ਜਹਾਜ਼ ਬਣ ਗਏ, ਰੇਡੀਓ ਘਰ ਘਰ ਲੱਗ ਗਏ, ਕਾਲਜ ਬਣ ਗਏ, ਅਸੀਂ ਅੰਗ੍ਰੇਜ਼ੀ ਬੀ. ਏ. ਐਮ. ਏ. ਤੇ ਪੀ. ਐਚ. ਡੀ. ਆਦਿ ਬਣ ਗਏ। ਖ਼ੂਬ ਸੂਟਿਡ ਬੂਟਿਡ ਅਪਟੂਡੇਟ ਜੈਂਟਲਮੈਨ ਆਦਿ ਬਣ ਗਏ, ਪਰ ਦੋਸਤੋ ! ਕਿਸ ਕੰਮ ? ਸੋਚੋ ਤਾਂ ਸਹੀ ਕਿਸ ਕੰਮ ? ਜੇ ਸੱਚ ਮੁੱਚ ਅਸੀਂ ਜੀਉਂਦੇ ਹਾਂ, ਜੇ ਸਾਡੇ ਸੀਨਿਆਂ ਵਿਚ ਦਿਲ ਤੇ ਦਿਲਾਂ ਵਿਚ ਸੱਚ ਮੁੱਚ ਹੀ ਅਸਲੀ ਸੁਤੰਤ੍ਰ, ਸੁੱਚਾ ਖ਼ੂਨ ਹੈ ਤਾਂ ਸੋਚੋ ਤਾਂ ਸਹੀ ਕਿ ਇਹ ਸਭ ਕੁਛ ਕਿਸ ਕੰਮ ? ਗੁਲਾਮੀ ਦਾ ਜੀਵਨ ਤਾਂ ਕੁਤੇ ਦੇ ਜੀਵਣ ਨਾਲੋਂ ਭੀ ਬਹੁਤ ਬੁਰਾ ਹੁੰਦਾ ਹੈ। ਕੀ ਸਾਨੂੰ ਕਦੇ ਖ਼ਿਆਲ ਆਇਆ ਹੈ।

ਮੈਨੂੰ ਕਿਸੇ ਨਾਲ ਵਿਰੋਧ ਨਹੀਂ, ਗੁਸਾ ਨਹੀਂ, ਪਰ ਮੈਨੂੰ ਸਭ ਤੋਂ ਵਧੀਕ ਦੁੱਖ ਤੇ ਅਫਸੋਸ ਸਿੱਖ ਕੌਮ ਦੀ ਦੁਰਦਸ਼ਾ ਦੇਖ ਕੇ ਆਉਂਦਾ ਹੈ। ਜਿਹੜੀ ਕੌਮ ਅਜੇ ਕਲ ਅਜ਼ਾਦ ਸੀ, ਆਜ਼ਾਦ ਹੀ ਨਹੀਂ ਸਗੋਂ ਆਜ਼ਾਦ ਬੰਦਿਆਂ ਤੇ ਹੁਕਮ ਕਰ ਰਹੀ ਸੀ, ਜਿਹੜੀ ਕੌਮ ਸੱਚਾਈ ਇਨਸਾਫ ਤੇ ਹਮਦਰਦੀ ਲਈ ਮਸ਼ਹੂਰ ਸੀ, ਤੇ ਜੋ ਪਰ-ਦੁਖ ਹਿਤ ਆਪਾ ਤਕ ਵਾਰਨ ਨੂੰ ਫਖਰ ਸਮਝਦੀ ਸੀ। ਜਿਸ ਦੇ ਬਾਨੀ ਦੀ ਗੁੜਤੀ ਹੀ ਇਹ ਸੀ ਕਿ 'ਸਿਖ ਓਹੀ ਹੈ ਸੂਰਮਾ ਉਹੀ ਹੈ, ਜੋ 'ਦੀਨ ਹੇਤ ਲੜੇ, ਫਰਜ਼ ਹੇਤ ਲੜੇ' ਤੇ ਲੜੇ ਭੀ ਅਜੇਹਾ ਕਿ ਪੁਰਜਾ ਪੁਰਜਾ ਕੱਟ ਮਰੇ ਪਰ ਪਿਛਾਂਹ ਨਾ ਹਟੇ ਸੱਚਾਈ ਦੇ ਮੈਦਾਨ ਵਿਚੋਂ ਕਦਮ ਨਾ ਹਟਾਵੇ, ਇਨਸਾਫ ਦੇ ਜੰਗ ਵਿਚੋਂ ਮੂੰਹ ਨਾ ਮੋੜੇ।' ਜਿਸ ਕੌਮ ਦੇ ਬਾਨੀ ਅਦੁਤੀ ਸ਼ਹੀਦ ਨੇ ਖ਼ਾਸ ਤੌਰ ਨਾਲ ਸਿਖ ਦੇ 'ਨਾ ਕਿਸੇ ਨੂੰ ਡਰਾਵੇ ਤੇ ਨਾ ਕਿਸੇ ਤੋਂ ਡਰੇ' ਲੱਛਣ ਦੱਸੇ ਹੋਣ, ਉਹ ਕੌਮ ਅਜ ਗੁਲਾਮ ਹੀ ਨਹੀਂ ਹੋ ਗਈ, ਸਗੋਂ ਦੂਜਿਆਂ ਨੂੰ ਗੁਲਾਮ ਕਰਨ ਵਿਚ



Digitized by Panjab Digital Library | www.panjabdigilib.org

ਸ਼ਿਕਾਰੀ ਦੇ ਬਾਜ਼ ਵਾਂਗ ਗ਼ਰੀਬ ਨਿਰਦੋਸ਼ ਸ਼ਿਕਾਰ ਤੇ ਝਪਟ ਮਾਰਨ ਲਈ ਤਿਆਰ ਹੋ ਜਾਵੇ ਤਾਂ ਕਿਉਂ ਨ ਹੈਰਾਨੀ ਹੋਵੇ ? ਗੁਲਾਮੀ ਦੇ ਜ਼ਹਿਰ ਨੇ ਇਸ ਬਹਾਦਰ ਤੇ ਆਜ਼ਾਦ ਕੌਮ ਦੇ ਖ਼ੂਨ ਵਿਚ ਐਨਾ ਜਲਦੀ ਅਸਰ ਕੀਤਾ, ਕਿ ਦੇਖ ਕੇ ਹੈਰਾਨੀ ਤੇ ਅਸਚਰਜਤਾ ਹੁੰਦੀ ਹੈ। ਬੇਸ਼ੱਕ ਕੌਮ ! ਤੇਰੀ ਬਹਾਦਰੀ ਵਿਚ ਫਰਕ ਨਹੀਂ, ਮਰਦਊ ਪਨ ਵਿਚ ਸ਼ੱਕ ਨਹੀਂ, ਸੂਰਮਗਤੀ ਵਿਚ ਸ਼ੁਬਹ ਨਹੀਂ, ਪਰ ਜੀਵਣ ਰੌ ਦਾ ਕਾਂਟਾ ਬਦਲ ਗਿਆ। ਆਜ਼ਾਦ ਖ਼ੂਨ ਵਿਚ, ਤੇਜ਼ ਆਜ਼ਾਦ ਲਹੂ ਵਿਚ, ਮਿੱਠਾ ਗੁਲਾਮੀ ਦਾ ਜ਼ਹਿਰ ਅਸਰ ਕਰ ਗਿਆ।

ਜਿਹੜਾ ਖ਼ੂਨ ਇੱਕ ਅਬਲਾ ਦੀ ਆਜ਼ਾਦੀ ਲਈ ਜ਼ਾਲਮ ਦੇ ਵਿਰੁੱਧ ਉਬਲ ਉਬਲ ਪੈਂਦਾ ਸੀ, ਅੱਜ ਨਿਰਦੋਸ਼ ਮਾਸੂਮਾਂ ਨੂੰ ਗੁਲਾਮ ਕਰਨ ਲਈ, ਸ਼ਿਕਾਰੀ ਦੇ ਜਾਲ ਵਿੱਚ ਫੰਸਾਉਣ ਲਈ ਡੁਲ੍ਹ ਡੁਲ੍ਹ ਪੈ ਰਿਹਾ ਹੈ। ਜੋ ਕਦੇ ਗਰੀਬਾਂ ਦੇ ਪੱਖ ਲਈ ਤਲਵਾਰ ਉੱਠਦੀ ਸੀ, ਅੱਜ ਉਹ ਗਰੀਬ ਮਾਰਨ ਲਈ ਉੱਠ ਰਹੀ ਹੈ। ਬੱਸ ਫਰਕ ਹੈ ਤਾਂ ਸਿਰਫ ਏਨਾਂ ਹੀ ਹੈ।

ਇਸੇ ਲਈ ਮੈਂ ਗੈਰਾਂ ਦੇ ਜਾਦੂ ਨੂੰ ਮੰਨਦਾ ਹਾਂ। ਉਨ੍ਹਾਂ ਦੀ ਅਕਲ ਨੂੰ ਸੁਲ੍ਹਾਹੁੰਦਾ ਹਾਂ, ਕਿ ਜਿਹੜੇ ਕੰਮ ਸੈਂਕੜੇ ਹਜ਼ਾਰਾਂ ਬਰਸਾਂ ਵਿੱਚ ਨਾ ਹੋਏ, ਧੱਕੇ ਜ਼ੋਰ ਤੇ ਜ਼ੁਲਮ ਨਾਲ ਨਾ ਹੋਏ, ਉਹ ਚਾਲਾਕ ਲੋਕਾਂ ਨੇ ਸਹਿਜ ਨਾਲ ਹੀ, ਅਕਲ ਦੇ ਜ਼ੋਰ ਤੇ ਵਿਚਾਰ ਦੇ ਨੁਕਤੇ ਨਾਲ, ਸਹਿਜੇ ਹੀ ਸਰ ਕਰ ਲਏ। ਮੇਰੇ ਇੱਕ ਬਜ਼ੁਰਗ ਪੈਨਸ਼ਨਰ ਕਿਹਾ ਕਰਦੇ ਸਨ। "ਬੱਚਿਓ ! ਇਹ ਗੈਰਾਂ ਦਾ ਹੀ ਅਕਲ-ਜਾਦੂ ਹੈ, ਜਿਸ ਨੇ ਛੇ ਫੁੱਟ ਜੁਆਨ ਵਿੱਚੋਂ ਪੈਰ ਦੇ ਨੌਂਹ ਤੋਂ ਲੈਕੇ ਚੋਟੀ ਦੇ ਵਾਲਾਂ ਤੱਕ ਅਕਲ ਦਾ ਨਾਮ ਨਸ਼ਾਨ ਭੀ ਨਹੀਂ ਰਹਿਣ ਦਿੱਤਾ।" ਬਿਲਕੁਲ ਠੀਕ।

ਹਿੰਦੁਸਤਾਨ ਉਹੀ ਹੈ, ਹਿੰਦੁਸਤਾਨੀ ਉਹੀ ਹਨ, ਪਰ ਦਿਲਾਂ ਦਾ ਰਾਹ ਉਲਟ ਹੋ ਗਿਆ, ਦਿਮਾਗ ਦੀ ਚਾਲ ਹੋਰ ਹੋ ਗਈ। ਸੁਤੰਤ੍ਰਤਾ ਦੀ ਖੁਸ਼ਬੋ ਜਾਂਦੀ ਰਹੀ, ਤੇ ਗੁਲਾਮੀ ਦੀ ਬਦਬੋ ਨੇ ਦਿਮਾਗ ਪੁਰ ਕਰ ਦਿੱਤੇ। ਉਹ ਭੇਰ ਵਾਲੀ ਆਦਤ ਬਦਲ ਗਈ,ਹੁਣ ਭੂੰਡ ਵਾਲਾ ਸੁਭਾਵ ਹੋ ਗਿਆ।



Digitized by Panjab Digital Library | www.panjabdigilib.org

ਹਾ ! ਗੁਲਾਮੀ ! ਤੇਰਾ ਸਤਜਾ ਨਾਸ !!

੧੯੧੭ ਚੜ੍ਹਿਆ। ਯੂਰਪ ਦਾ ਮਹਾਂ ਜੰਗ ਜ਼ੋਰਾਂ ਤੇ ਸੀ। ਹਿੰਦੋ-ਸਤਾਨ ਵਿੱਚੋਂ ਕੁਰਬਾਨੀ ਦੇ ਬੱਕਰੇ ਦਬਾ ਦਬ ਜਹਾਜ਼ਾਂ ਵਿੱਚ ਭਰ ਭਰ ਭੇਟਾ ਕੀਤੇ ਜਾ ਰਹੇ ਸਨ। ਏਧਰੋਂ ਹਰਇੱਕ ਦੇਸੀ ਅਖਬਾਰ 'ਭਰਤੀ ਹੋਵੇ, ਭਰਤੀ ਹੋਵੇ' 'ਨਿਆਯ ਕਾਰੀ, ਕ੍ਰਿਪਾਲੂ, ਮਾਈ ਬਾਪ' ਤੇ ਪਤਾ ਨਹੀਂ ਹੋਰ ਕੀ ਕੁਝ 'ਸਰਕਾਰ ਲਈ ਭਰਤੀ ਹੋਵੇ' ਪਏ ਪਟਾਖ ਰਹੇ ਸਨ। ਜਾਲ ਫਾਥੇ ਪੰਛੀਆਂ ਵਾਂਗ ਉੱਪਰ ਜਾਨ ਬੁੱਲ ਡੰਡਾ ਲਈ ਖੜਾ ਸੀ। ਇੱਕ ਹੱਥ ਚੋਗਾ ਤੇ ਦੂਜੇ ਹੱਥ ਡੰਡਾ ਸੀ। ਚੋਗੇ ਨਾਲ ਕਾਬੂ ਆਇਆ ਤਾਂ ਵਾਹਵਾ ਨਹੀਂ ਤਾਂ ਪੜਾਕ ਕਰਦਾ ਡੰਡਾ ਵੱਜਦਾ ਸੀ। ਭੁੱਲ ਵਿੱਚ ਕਹੋ, ਗੁਲਾਮੀ ਵਿੱਚ ਕਹੋ ਜਾਂ ਵਫਾਦਾਰੀ ਵਿੱਚ ਕਹੋ, ਦੇਸ਼ ਉਸ ਵੇਲੇ ਗੁਲਾਮੀ ਦੀ ਰੌ ਵਿੱਚ ਬਹਿਆ ਜਾ ਰਿਹਾ ਸੀ। ਜੇ ਕਿਨੇ ਜ਼ਰਾ ਭੀ ਆਜ਼ਾਦੀ ਦੀ ਆਵਾਜ਼ ਕੱਢੀ, ਤਾਂ ਭਰਾਵਾਂ ਵੱਲੋਂ ਹੀ 'ਮਾਰੋ ! ਮਾਰੋ !' ਦੀਆਂ ਅਨੰਤ ਆਵਾਜ਼ਾਂ ਆਉਣ ਲੱਗ ਪਈਆਂ। ਕੁਛ ਕੁ ਭਰਾਵਾਂ ਨੇ ਸਿਰ ਤਲੀ ਧਰਕੇ ਭੁੱਲੇ ਭਰਾਵਾਂ ਨੂੰ ਸਮਝਾਉਣਾ ਚਾਹਿਆ, ਪਰ ਗੈਰ ਤੱਕ ਖਬਰ ਪਹੁੰਚਣ ਤੋਂ ਪਹਿਲਾਂ ਹੀ ਗੁਲਾਮੀ ਦੇ ਮਤਵਾਲੇ ਆਪਣੇ ਭਰਾਵਾਂ ਨੇ ਹੀ, "ਮਾਰੋ ਮਾਰੋ, ਕੈਦ ਕਰੋ ਫਾਂਸੀ ਲਾਓ" ਆਖ ਆਖ ਖਤਮ ਕਰ ਦਿੱਤੇ, ਖੰਭ ਖੋਹ ਸਿੱਟੇ, ਤੇ ਧੌਣਾਂ ਮਰੋੜ ਸਿੱਟੀਆਂ।

ਭਾਵੇਂ ਕਿਸੇ ਦੇ ਅੰਦਰ ਆਜ਼ਾਦੀ ਦੇ ਵਲਵਲੇ ਹੋਣ ਹੀ, ਪਰ ਅਜੇਹੀ ਉਪ੍ਰੋਕਤ ਵਰਣਨ ਕੀਤੀ ਹੋਈ ਗੰਦੀ ਹਵਾ ਵਿੱਚ ਉਹ ਕਦ ਤਕ ਤੇ ਕਿਵੇਂ ਜੀ ਸਕਦਾ ਹੈ ? ਵੈਦ ਜੀ ਦੀ ਇਹੀ ਦਸ਼ਾ•ਸੀ। ਆਪ ਦੇ ਅੰਦਰ ਆਜ਼ਾਦੀ ਦੀ ਤੜਪ ਸੀ, ਪਰ ਮੂੰਹ ਉਤੇ ਸਮੇਂ ਦੇ ਪ੍ਰਭਾਵ ਦਾ ਤਾਲਾ ਲੱਗਾ ਹੋਇਆ ਸੀ। ਅੰਦਰ ਵਲਵਲੇ ਸਨ, ਪਰ ਮੂੰਹੋਂ ਬਾਹਰ ਨਾ ਸਨ ਆਉਂਦੇ। ਇਸ ਦੁਖ ਦਾ ਜ਼ਿਕਰ ਆਪ ਨੇ ਆਪਣੇ ਡਾਇਰੀ ਨੋਟਾਂ ਵਿਚ ਕੀਤਾ ਹੈ। ਜਾਂ ਇਉਂ ਕਹੋ ਕਿ ਆਪਦਾ ਦਰਦ ਆਪਣੇ ਆਪ ਬਾਹਰ ਆ ਪਿਆ ਹੈ। ਦੇਸ਼ ਦੀ ਦੁਰਦਸ਼ਾ ਤੇ ਬਦ ਨਸੀਬੀ ਤੇ ਆਪ ਥਾਂ



Digitized by Panjab Digital Library | www.panjabdigilib.org

ਬਾਂ ਅਥਰੂ ਵਹਾਉਂਦੇ ਹਨ। ਕੁਰੀਤਾਂ, ਸ਼ਰਾਬ, ਦੁਰਾਚਾਰ ਤੇ ਚੋਰੀਆਂ ਡਾਕੇ ਦੇਖਕੇ ਆਪਦਾ ਦਿਲ ਬੜਾ ਦੁਖਦਾ ਹੈ।

੧੯੧੭ ਦੇ ਅਰੰਭ ਵਿਚ ਹੀ ਤਰਨ ਤਾਰਨ ਦੇ ਲਾਗੇ ਫਤਿਆਬਾਦ ਦੀ ਇਕ ਸਿੱਖ ਬੀਬੀ ਨੂੰ ਇਕ ਪੁਲਸੀਏ ਨੇ ਡਰਾ ਧਮਕਾ ਤੇ ਵਰਗ ਲਾ ਕੇ ਆਪਣੇ ਕਾਬੂ ਕਰ ਲਿਆ। ਮੁਸਲਮਾਨੀ ਬਣਾਕੇ ਨਕਾਹ ਕਰ ਲਿਆ। ਉਸ ਕਾਕੀ ਦੇ ਸੰਬੰਧੀ ਪੁਲਿਸ ਲਾਈਨ ਵਿਚ ਤੇ ਅਫਸਰਾਂ ਪਾਸ ਪਹੁੰਚੇ, ਪਰ ਏਥੇ ਤਾਂ 'ਅੰਨ੍ਹਾਂ ਰਾਜਾ ਤੇ ਬੇਦਾਦ ਨਗਰੀ' ਵਾਲੀ ਗੱਲ ਬਣ ਰਹੀ ਸੀ। ਉਸਦੇ ਸਾਥੀਆਂ ਨੇ 'ਹੂਤ ਹਾਤ' ਕਰਕੇ ਡਰਾ ਧਮਕਾ ਕੇ ਉਨ੍ਹਾਂ ਵਿਚਾਰਿਆਂ ਨੂੰ ਧੱਕੇ ਮਾਰਕੇ ਕੱਢ ਦਿੱਤਾ। ਜਦ ਹਾਕਮ ਭੀ ਨਾ ਸੁਣਨ ਤਾਂ ਉਹ ਵਿਚਾਰੇ ਕਿੱਥੇ ਜਾਣ? ਆਖਰ ਸ਼ਹਿਰ ਵਿਚ ਵੈਦ ਜੀ ਪਾਸ ਆਏ। ਸੁਣਦਿਆਂ ਹੀ ਵੈਦ ਜੀ ਦਾ ਖਾਲਸੀ ਖੂਨ ਖੌਲ ਉਠਿਆ,ਪਰ ਹੁਣ ਸਮਾ ਹੋਰ ਸੀ ਕੀ ਕਰ ਸਕਦੇ ਸਨ? ਵੈਦ ਜੀ ਨੇ ਝੱਟ ਸ਼ਹਿਰ ਦੇ ਮੁਖੀ ਤੇ ਪਤਵੰਤੇ ਸੱਜਣਾਂ ਨੂੰ ਇਕੱਠਾ ਕਰਕੇ ਇਨ੍ਹਾਂ ਮਜ਼ਲੂਮਾਂ ਦੀ ਦਰਦ ਭਰੀ ਕਹਾਣੀ ਸੁਣਾਈ। ਬੱਸ ਫੇਰ ਕੀ ਸੀ ਵੈਦ ਜੀ ਦੇ ਉੱਦਮ ਨਾਲ ਸਭ ਦਾ ਖੂਨ ਹਰਕਤ ਕਰਨ ਲੱਗ ਪਿਆ। ਕਮੇਟੀ ਦੇ ਮੈਂਬਰ, ਸ਼ਹਿਰ ਦੇ ਪਤਵੰਤੇ ਪਾਦਰੀ ਤੇ ਡੀ. ਸੀ. ਤਕ ਨੂੰ ਮਿਲਕੇ ਮਾਮਲਾ ਮਜ਼ਲੂਮਾਂ ਦੇ ਹੱਕ ਵਿਚ ਹੋਇਆ। ਡੀ. ਸੀ. ਨੇ ਆਪ ਤਰਨ ਤਾਰਨ ਆਕੇ ਤੁਰਤ ਮੁਆਮਲਾ ਨਜਿੱਠਿਆ। ਹੁਣ ਬੀਬੀ ਦੇ ਮੁਸਲਮਾਨ ਪਾਸ ਰਹਿਣ ਕਰਕੇ ਭਿੱਟੀ ਜਾਣ ਦੀ ਜ਼ਹਿਰ ਭੀ ਦੂਰ ਕਰਨੀ ਸੀ, ਸੋ ਬੀਬੀ ਨੂੰ ਮੁੜ ਅਮ੍ਰਿਤ ਛਕਾ ਸ੍ਰੀ ਦਰਬਾਰ ਸਾਹਿਬ ਵਿਚ ਲਿਆਕੇ ਉਸਦੇ ਹਥੀਂ ਕੜਾਹ ਪ੍ਰਸ਼ਾਦ ਸਭ ਨੂੰ ਵਰਤਾਇਆ ਤੇ ਛੇ ਮਹੀਨੇ ਤਕ ਉਸਨੂੰ ਪੰਥਕ ਨਿਗਰਾਨੀ ਵਿਚ ਰੱਖ ਕੇ ਉਸਦੇ ਪਤੀ ਨੂੰ ਜੋ ਅਫਰੀਕਾ ਵਿਚ ਸੀ ਸੱਦਕੇ ਉਸਦੇ ਹਵਾਲੇ ਕੀਤਾ। ਇਸ ਵਿਚ ਆਪਦੇ ਨਾਲ ਅਫਸਰਾਂ ਬਿਨਾ, ਸ਼ਹਿਰ ਦੇ ਤਮਾਮ ਪਤਵੰਤੇ ਸੱਜਣਾਂ ਨੇ ਬੜੀ ਮਦਦ ਕੀਤੀ। ਦਰਬਾਰ ਸਾਹਿਬ ਦੇ ਪੁਜਾਰੀ ਤੇ ਗ੍ਰੰਥੀ ਇਸ ਕੰਮ ਲਈ ਖਾਸ ਧੰਨਤਾ ਦੇ ਯੋਗ ਸਨ। ਜਿਨ੍ਹਾਂ ਨੇ ਹਦੋਂ ਵੱਧ ਕੇ



Digitized by Panjab Digital Library | www.panjabdigilib.org

ਮਦਦ ਕਰਨ ਵਿੱਚ ਹੱਥ ਵਟਾਇਆ।

ਇਸ ਤੋਂ ਠੀਕ ਇੱਕ ਮਹੀਨਾ ਪਿੱਛੋਂ ਬਾਬਾ ਕਰਤਾਰ ਸਿੰਘ ਜੀ ਬੇਦੀ ਮਿੰਟ ਗੁਮਰੀ ਤੋਂ ਗੁਰਦੁਆਰਾ ਯਾਤ੍ਰਾ ਤੇ ਦਵਾਈਆਂ ਲੈਣ ਵਾਸਤੇ ਆਏ। ਵੈਦ ਜੀ ਦੀ ਉਪ੍ਰੋਕਤ ਵਾਰਤਾ ਦਾ ਤਾਂ ਪਤਾ ਲੱਗ ਹੀ ਚੁੱਕਾ ਸੀ, ਬਾਬਾ ਜੀ ਆਪ ਨਾਲ ਮਿਲਕੇ ਬੜੇ ਹੀ ਪ੍ਰਸੰਨ ਹੋਏ। ਆਪ ਨੂੰ ਆਪਣੇ ਮਕਾਨ ਵਿੱਚ ਉਤਾਰਾ ਦਿੱਤਾ ਤੇ ਗੁਰਮੁਖਾਂ ਵਾਂਗ ਸੇਵਾ ਕੀਤੀ।

੩੦ ਜਨਵਰੀ ਨੂੰ ਖਾ: ਟ੍ਰੈ: ਸੋ: ਅੰਮ੍ਰਿਤਸਰ ਵੱਲੋਂ 'ਹਾਇ ਮੇਰਾ ਕੀ ਬਣਿਆ' ਖਰੜਾ ਸੋਧਣ ਲਈ ਆਇਆ, ਸੋਧ ਕੇ ਭੇਜ ਦਿੱਤਾ।

੫ ਮਾਰਚ ਨੂੰ ਆਪ ਸ੍ਰੀ ਅਨੰਦ ਪੁਰ ਸਾਹਿਬ ਦੀ ਯਾਤ੍ਰਾ ਲਈ ਰਵਾਨਾ ਹੋ ਗਏ ਤੇ ਰਸਤੇ ਵਿੱਚ ਸਰਹੰਦ ਫਤੇ ਗੜ੍ਹ ਰੋਪੜ ਕੀਰਤ ਪੁਰ ਤੇ ਸ੍ਰੀ ਆਨੰਦ ਪੁਰ ਦੇ ਸਾਰੇ ਗੁਰਦੁਆਰਿਆਂ ਦਾ ਦਰਸ਼ਨ ਕਰ ਨੈਣਾ ਦੇਵੀ ਪਹਾੜ ਆਦਿ ਦੀ ਸੈਰ ਕਰਕੇ ੧੧ ਮਾਰਚ ਨੂੰ ਮੁੜ ਤਰਨ ਤਾਰਨ ਪੁੱਜ ਗਏ।

ਪੁਸਤਕਾਂ ਦਾ ਨਸ਼ਾ ਤਾਂ ਆਪ ਨੂੰ ਅਟੁੱਟ ਸੀ, ਸੋ ੭ ਅਪ੍ਰੈਲ ਨੂੰ ਇੱਕ ਸੱਜਣ ਜੋ ਬੰਬਈ ਜਾ ਰਿਹਾ ਸੀ ਉਸਨੂੰ ੪੦) ਪੁਸਤਕਾਂ ਖਰੀਦ ਲਿਆਣ ਲਈ ਦਿੱਤੇ।

ਦਸਵੀਂ ਕਾਨਫੰਸ ਮਿੰਟ ਗੁਮਰੀ ਹੋਣੀ ਨੀਯਤ ਹੋਈ ਸੀ, ਪਰ ਕਿਸੇ ਕਾਰਣ ਕਰਕੇ ਲਾਹੌਰ ਬਦਲਨੀ ਪਈ ਜਿਸਦਾ ਸਮਾਗਮ ੬, ੭, ਤੇ ੮ ਅਪ੍ਰੈਲ ੧੯੧੭ ਨੂੰ ਲਾਹੌਰ ਹੋਇਆ, ਜਿਸ ਵਿੱਚ ਆਪ ਦੀ ਸਪੁੱਤ੍ਰੀ ਚਤਰ ਕੌਰ ਨੇ ੩੦੦੦) ਦੀ ਸੰਦੂਕੜੀ ਪੇਸ਼ ਕੀਤੀ ਤੇ ੩੦੦੦) ਹੀ ਕੋਲੋਂ ਹੋਰ ਆਪ ਦੇ ਧਰਮ ਪਿਤਾ ਸ੍ਰਦਾਰ ਰਾਮ ਸਿੰਘ ਜੀ ਕਾਬਲੀ ਨੇ ਪਾਕੇ ੬੦੦੦) ਦੇ ਕਰੀਬ ਦਾਨ ਕੀਤਾ। ਇਸ ਕਾਨਫ੍ਰੰਸ ਵਿੱਚ ਹੇਠ ਲਿਖਿਆ ਕਬਿੱਤ ਬੀਬੀ ਜੀ ਨੇ ਪੜ੍ਹਿਆ:-

ਵੀਰੋ ਭੈਣੋ ਮਾਂ ਪਿਓ ! ਮੈਂ ਫੇਰ ਆਈ ਤੁਸਾਂ ਦ੍ਵਾਰ,
ਜੋਗੀ ਵਾਲੀ ਫੇਰੀ ਮੇਰੀ ਅਲਖ ਜਗਾਉਂਦੀ।



Digitized by Panjab Digital Library | www.panjabdigilib.org

ਲੱਖਾਂ ਦੀ ਹੈ ਲੋੜ ਸਾਨੂੰ ਲੱਖ ਲੱਖ ਪਾਵੇ ਏਥੇ,
ਅਲਖ ਅਲਖ ਮੈਂ ਹਾਂ ਅਲਖ ਸੁਨਾਂਵਦੀ।
ਤੁੱਠ ਮੇਰੇ ਉੱਤੇ ਪੰਥ ਦੂਲਿਆ ਪਿਆਰਿਆ ਤੂੰ,
ਭਰ ਦੇ ਸੰਦੂਕੜੀ ਜੋ ਮੈਂ ਹਾਂ ਛਨਕਾਂਵਦੀ।
ਤੇਰੇ ਦਰੋਂ ਮੰਗਣਾ ਤੇ ਤੇਰੇ ਦਰ ਦੇਣਾ ਅਤੇ,
ਤੂੰਹੀਂ ਮੇਰਾ ਦਾਤਾ ਭੇਟ ਤੈਨੂੰ ਹੀ ਚੜ੍ਹਾਂਵਦੀ।

ਇਸ ਸਮਾਗਮ ਵਿੱਚ ਬੀਬੀ ਚਤਰ ਕੌਰ ਦੇ ਪ੍ਰੇਮ ਉਤਸ਼ਾਹ ਤੇ ਬੋਲਣ ਦੀ ਸਿਆਣਪ ਆਦਿ ਵੱਲ ਵੇਖ ਕੇ ਪ੍ਰਧਾਨ ਸਮਾਗਮ ਵੱਲੋਂ ਆਪ ਨੂੰ ਇੱਕ ਸੁਨਹਿਰੀ ਤਮਗਾ ਇਨਾਮ ਮਿਲਿਆ।

ਇਸ ਕਾਨਫ੍ਰੰਸ ਵਿਚ ਨੈਸ਼ਨਲ ਫੰਡ ਦਾ ਜੋੜ ਕਰੀਬ ਪੌਣੇ ਦੋ ਲੱਖ ਦੇ ਹੋਇਆ।

੧੧ ਅਪ੍ਰੈਲ ਨੂੰ ਪੰਜਾਬ ਟੈਕਸਟ ਬੁਕ ਕਮੇਟੀ ਰਾਹੀਂ ਆਪ ਨੂੰ ਪੰਜਾਬ ਸਰਕਾਰ ਵਲੋਂ ੧੦੦) ਰੁਪਏ ਦਾ, ੧੯੧੬ ਵਿਚ ਆਪ ਵਲੋਂ ਛਪੀਆਂ ਪੁਸਤਕਾਂ ਦੇ ਇਨਾਮ ਵਜੋਂ ਚੈਕ ਆਇਆ।

੨੭ ਜੁਲਾਈ ਨੂੰ ਅੰਮ੍ਰਿਤਸਰ ਦੇ ਮੁਨਸਿਫ ਸਾਹਿਬ ਨੇ ਆਪ ਨੂੰ ਫੇਰ ਇਕ ਮੁਕੱਦਮੇ ਲਈ ਸੱਦਿਆ। ਇਸ ਵਿਚ ਪਾਲਾ ਸਿੰਘ ਨਿਹੰਗ ਤੇ ਹੀਰਾ ਸਿੰਘ ਆਦਿ ਦਾ, ਬੁੰਗਾ ਮਜੀਠੀਆਂ ਪਾਸ ਕੁਝ ਜ਼ਮੀਨ ਦਾ ਝਗੜਾ ਚਲਿਆ ਆਉਂਦਾ ਸੀ। ਮੁਨਸਿਫ ਸਾਹਿਬ ਨੇ ਵੈਦ ਜੀ ਪਾਸੋਂ ਸੱਚਾ ਸੱਚਾ ਹਾਲ ਪੁੱਛ ਲਿਆ ਫੇਰ ਦੋਹਾਂ ਨੂੰ ਸਮਝਾ ਕੇ ਰਾਜ਼ੀ ਨਾਮਾ ਕਰਵਾਇਆ। ਦੋਵੇਂ ਧਿਰਾਂ ਬਚ ਗਈਆਂ। ਇਸ ਤਰ੍ਹਾਂ ਵੈਦ ਜੀ ਦੀ ਗੁਰਮੁਖਤਾ ਦੀ ਕਦਰ ਹਾਕਮਾਂ ਵਿਚ ਭੀ ਸੀ।

੩ ਅਗਸਤ ਨੂੰ ਆਪ ਹੋਰ ਕਈ ਸਾਥੀਆਂ ਨਾਲ ਬਾਬੇ ਬਕਾਲੇ ਸਾਹਿਬ ਦੀ ਯਾਤ੍ਰਾ ਲਈ ਗਏ। ਤੇ ੨੨ ਅਗਸਤ ਨੂੰ ਮਸੂਰੀ ਆਦਿ ਅਸਥਾਨਾਂ ਦੀ ਸੈਰ ਕਰਨ ਗਏ।

× × × × × ×



Digitized by Panjab Digital Library | www.panjabdigilib.org

ਸ੍ਰੀ ਤਰਨ ਤਾਰਨ ਵਿੱਚ ਇੱਕ ਪ੍ਰਸਿੱਧ ਲਾਲਾ ਰਾਮਦਾਸ ਸਰਾਫ ਹੈ। ਢੇਰ ਚਿਰ ਤਕ ਇਸ ਦੇ ਕੋਈ ਔਲਾਦ ਨਾ ਹੋਈ। ਉਮਰ ਤਕੜੀ ਹੋ ਗਈ। ਧਨ ਮਾਲ ਈਸ਼੍ਵਰ ਦੀ ਕ੍ਰਿਪਾ ਨਾਲ ਬਹੁਤ ਸੀ। ਔਲਾਦ ਦੀ ਸਿੱਕ ਨਾਲ ਤੜਛਣ ਦਿਨ ਦਿਨ ਵਧਣ ਲੱਗੀ। ਆਖਰ ਆਪ ਨੇ ਦੂਜਾ ਵਿਆਹ ਕਰਾਉਣ ਦੀ ਪੱਕੀ ਠਾਨ ਲਈ। ਆਮ ਰਿਵਾਜ ਅਨੁਸਾਰ ਗਹਿਣਾ ਕੱਪੜਾ ਸਭ ਤਿਆਰ ਕਰ ਲਿਆ। ਸ਼ਹਿਰ ਵਿਚ ਪਤਾ ਤਾਂ ਲੱਗ ਹੀ ਜਾਣਾ ਸੀ। ਜਦ ਵੈਦ ਜੀ ਨੂੰ ਪਤਾ ਲਗਾ ਕਿ ਔਲਾਦ ਦੀ ਥੁੜ ਖੁਣੋਂ ਹੋਰ ਸ਼ਾਦੀ ਕਰਵੌਣ ਲਗਾ ਹੈ ਤਾਂ ਆਪ ਨੇ ਹੌਸਲਾ ਦਿਤਾ, ਦਵਾਈ ਸ਼ੁਰੂ ਕੀਤੀ। ਗੁਰੂ ਨੇ ਕ੍ਰਿਪਾ ਕੀਤੀ। ਆਸ ਹੋ ਗਈ ਤੇ ੧੦ ਸਤੰਬਰ ੧੯੧੭ ਨੂੰ ਲਾਲਾ ਜੀ ਦੇ ਘਰ ਚੰਦ ਜੇਹਾ ਲੜਕਾ ਪੈਦਾ ਹੋਇਆ। ਵੈਦ ਜੀ ਨੇ ਭੀ ਸਫਲਤਾ ਦੇਖ ਵਾਹਿਗੁਰੂ ਦਾ ਸ਼ੁਕਰ ਕੀਤਾ। ਇਹ ਸਰਾਫ ਬਹੁਤ ਸਾਰੇ ਸੋਨੇ ਦੇ ਗਹਿਣੇ, ਕੁੱਜੇ, ਮਿਸਰੀ ਦੇ ਥਾਲ ਆਦਿ ਵੈਦ ਜੀ ਦੇ ਨਜਰ ਵਜੋਂ ਖੁਸ਼ੀ ਨਾਲ ਪੇਸ਼ ਕਰਨ ਆਇਆ। ਵੈਦ ਜੀ ਲੈਣ ਨਾ,ਤੇ ਉਹ ਬਦੋ ਬਦੀ ਦੇਵੇ। ਅੰਤ ਨੂੰ ਉਹ ਪ੍ਰੇਮੀ ਸਰਾਫ ਬਹੁਤ ਸਾਰੀਆਂ ਚੀਜ਼ਾਂ ਆਪ ਜੀ ਅੱਗੇ ਮਲੋ ਜ਼ੋਰੀ ਛੱਡ ਕੇ ਚਲਾ ਗਿਆ। ਜਿਨ੍ਹਾਂ ਨੂੰ ਪਿੱਛੋਂ ਵੈਦ ਜੀ ਨੇ ਕੋਲੋਂ ਹੋਰ ਸ਼ਗਨ ਪਾ ਕੇ ਉਸ ਦੇ ਘਰ ਵਾਪਸ ਕੀਤਾ। ਇਸ ਨੂੰ ਆਖਦੇ ਹਨ ਨਿਰਮਮਤਾ, ਨਿਰਮਾਣਤਾ ਤੇ ਗੁਰਮੁਖਤਾ।

× × × × × ×

ਅਕਤੂਬਰ ਦੇ ਸ਼ੁਰੂ ਵਿੱਚ ਤਰਨ ਤਾਰਨ ਵਿੱਚ ਮਲੇਰੀਏ ਤਾਪ ਦਾ ਜ਼ੋਰ ਹੋ ਗਿਆ। ਹੁਣ ਤਾਂ ਵੈਦ ਜੀ ਨੇ ਮਨ ਭਰਕੇ ਸੇਵਾ ਕੀਤੀ। ਰੋਗੀਆਂ ਦੀ ਸਾਰਾ ਦਿਨ ਭੀੜ ਲੱਗੀ ਰਹੇ, ਤੇ ਆਪ ਘਰੀਂ ਭੀ ਧਾ ਧਾ ਕੇ ਪੁੱਜਣ। ਇਨ੍ਹੀ ਦਿਨੀ ਹੀ ਆਪ ਦੇ ਭੀ ਇੱਕ ਫੋੜਾ ਹੋ ਗਿਆ। ਰੋਗੀਆਂ ਦੇ ਘਰੀਂ ਫਿਰਨ ਤੇ ਡੋਲ ਪੈਕੇ ਆਪ ਹੋਰ ਭੀ ਤੰਗ ਹੋ ਗਏ, ਪਰ ਸੇਵਾ ਨਾ ਛੱਡੀ ਤੇ ਕਰੀ ਹੀ ਗਏ। ੬ ਨੰਬਰ ਦਾ ਡਾਇਰੀ ਨੋਟ ਇਸਤਰ੍ਹਾਂ ਦਰਜ ਹੈ:–

"ਅੱਜ ੧ ਖਰੜਾ ਕਿਸਮਤ ਦਾ ਧਨੀ ਸ: ਲਖਬੀਰ ਸਿੰਘ ਜੀ ਨੂੰ



Digitized by Panjab Digital Library | www.panjabdigilib.org

ਛਪਣ ਵਾਸਤੇ ਦਿੱਤਾ। ੨ ਖਰੜੇ ਹਿੰਦੀ ਟ੍ਰੈਕਟ ਤੇ ੧ ਉਰਦੂ ਦਾ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਵਾਸਤੇ ਦਿੱਤੇ।"

੭ ਨਵੰਬਰ ਨੂੰ ਆਪ ਉੱਪਰ ਅਚਾਨਕ ਨਮੋਨੀਏ ਦਾ ਅਟੈਕ ਹੋਇਆ। ਪਰ ਸਮੇਂ ਸਿਰ ਇਲਾਜ ਕਰਨ ਨਾਲ ਜਲਦੀ ਹੀ ਗੁਰੂ ਦੀ ਕ੍ਰਿਪਾ ਹੋ ਗਈ।

੨੯ ਦਸੰਬਰ ਨੂੰ ਖਾ: ਪ੍ਰ: ਵਿਦਜਾਲਾ ਹਸਪਤਾਲ ਵਿੱਚ ਹੋਰ ਵਿਲਾਇਤੀ ਦਵਾਈਆਂ ਸਤ, ਸਰਬਤ ਤੇ ਪੱਟੀਆਂ ਆਦਿ ਸਾਮਾਨ ਦਿੱਤਾ।

## ਸ਼ਹਿਰ ਦੀ ਸੇਵਾ

੪ ਤੇ ੨੭ ਜਨਵਰੀ ਨੂੰ ਆਪ ਨੇ ਪਾਦਰੀ ਨਾਲ ਮਿਲ ਕੇ ਠੇਕੇ ਸ਼ਹਿਰੋਂ ਬਾਹਰ ਕਰਨ ਤੇ ਮੇਲੇ ਉੱਤੇ ਸ਼ਰਾਬ ਬੰਦ ਕਰਨ ਲਈ ਵਿਚਾਰਾਂ ਕੀਤੀਆਂ।

੨੮ ਜਨਵਰੀ ਨੂੰ ਸ੍ਰ:ਬਿਸ਼ਨ ਸਿੰਘ ਸੁਪ੍ਰੰਟੰਡੰਟ ਤੇ ਸ:ਗਿਆਨ ਸਿੰਘ ਜੀ ਇੰਨਸਪੈਕਟਰ ਆਬਕਾਰੀ ਤਰਨ ਤਾਰਨ ਆਏ। ਵੈਦ ਜੀ ਬੜੇ ਪਿਆਰ ਤੇ ਸਤਕਾਰ ਨਾਲ ਪਾਸ ਲੈ ਆਏ, ਆਦਰ ਕੀਤਾ, ਪ੍ਰਸ਼ਾਦ ਛਕਾਇਆ ਤੇ ਗੁਰਮੁਖਤਾ ਵਜੋਂ ਇੱਕ ਇੱਕ ਰੱਬੀ ਜੋੜ ਮੇਲਾ ਤੇ ਇੱਕ ਇੱਕ ਆਤਮਕ ਉੱਨਤੀ ਨਾਮੇਂ ਪੁਸਤਕਾਂ ਭੇਟਾ ਕੀਤੀਆਂ। ਫੇਰ ਸ਼ਰਾਬ ਦੀਆਂ ਦੁਕਾਨਾਂ ਵਿਖਾਵਣ ਲਈ ਮੌਕੇ ਵੱਲ ਨਾਲ ਗਏ ਤੇ ਹਰ ਪਹਿਲੂ ਤੋਂ ਅੱਛੀ ਤਰ੍ਹਾਂ ਸਮਝਾਇਆ।

੨੪ ਫਰਵਰੀ ਨੂੰ ਡੀ. ਸੀ. ਆਇਆ, ਵਿਰੋਧੀਆਂ ਵੱਲੋਂ ਭੀ ਬਥੇਰੀਆਂ ਗੱਲ੍ਹਾਂ ਦੱਸੀਆਂ ਗਈਆਂ, ਪਰ ਜਦ ਆਪ ਨੇ ਨਾਲ ਹੋਕੇ ਸ਼ਰਾਬ ਦੇ ਕਾਰੇ ਤੇ ਸੱਚੀ ਸੱਚੀ ਸ਼ਹਿਰ ਦੀ ਦਸ਼ਾ ਦੱਸੀ ਤਾਂ ਡੀ. ਸੀ. ਸ਼ਰਾਬ ਬੰਦ ਕਰਨ ਲਈ ਸਹਿਮਤ ਹੋ ਗਿਆ।

੧੬ ਅਗਸਤ ਦਾ ਡਾਇਰੀ ਨੋਟ ਦੱਸਦਾ ਹੈ ਕਿ ਇਸ ਵਾਰੀ ਪਰਕਰਮਾ ਵਿਚ ਦੁਕਾਨਾਂ ਨਹੀਂ ਲੱਗੀਆਂ। ਸੇਵਾ ਤੇ ਉਦਮ ਦੀ ਬੇਲ ਨੂੰ ਫਲ ਲੱਗ ਗਿਆ। × × × × ×



Digitized by Panjab Digital Library | www.panjabdigilib.org

ਸਿਆਨੇ ਸਜਣ ਸੁਹਣੀ ਤਰ੍ਹਾਂ ਜਾਣਦੇ ਹਨ ਕਿ ਇਨਸਾਨ ਦੇ ਖਿਆਲ ਦੀ ਤਾਕਤ ਬੜੀ ਪ੍ਰਬਲ ਹੈ। ਜੋ ਖਿਆਲ ਤੁਸੀਂ ਦ੍ਰਿੜ ਨਿਸਚੇ ਨਾਲ ਮਨ ਵਿਚ ਚਿਤਵੋ ਤੇ ਉਸ ਦੇ ਪੂਰਾ ਕਰਨ ਦੀ ਕੋਸ਼ਸ਼ ਕਰੋ ਵਾਹਿਗੁਰੂ ਵਲੋਂ ਉਸ ਦੀ ਸਫਲਤਾ ਲਈ ਜ਼ਰੂਰ ਹੀ ਆਪ ਨੂੰ ਮਦਦ ਮਿਲੇਗੀ। ਇਸੇ ਹੀ ਤਰ੍ਹਾਂ ਅਰਦਾਸ, ਪ੍ਰਾਥਨਾ ਜਾਂ ਬੇਨਤੀ ਕਰਨ ਵਿਚ ਭੀ ਬੜੀ ਸ਼ਕਤੀ ਹੈ। ਪਿਆਰ ਤੇ ਸਿੱਕ ਭਰੀ ਬੇਨਤੀ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਬੇ ਨਾਨਕੀ ਜੀ ਵਲ ਆਉਣ ਲਈ ਮਜਬੂਰ ਕਰਦੀ ਸੀ। ਗਲ ਕੀ ਬੇਨਤੀ ਵਿਚ ਬੜੀ ਤਾਕਤ ਹੈ ਪਰ ਹੋਵੇ ਸੱਚੇ ਦਿਲੋਂ। ਭਗਤਾਂ ਦੀਆਂ ਬੇਨਤੀਆਂ ਹੀ ਤਾਂ ਭਗਵਾਨ ਦਾ ਆਸਣ ਹਿਲਾਉਂਦੀਆਂ ਹਨ।

੧੨ ਮਈ ੧੯੦੮ ਨੂੰ ਨਿੱਤ ਨੇਮ ਤੇ ਨਾਮ ਅਭਿਆਸ ਉਪ੍ਰੰਤ ਪ੍ਰਾਤਾ ਕਾਲ ਸਤਿਗੁਰੂ ਦੇ ਚਰਨਾਂ ਵਿੱਚ ਲਿਵ ਲਾਕੇ ਆਪ ਨੇ ਬੇਨਤੀ ਕੀਤੀ ਕਿ "ਵਾਹਿਗੁਰੂ ਕ੍ਰਿਪਾ ਕਰੇ ਘਟ ਤੋਂ ਘਟ.........ਰੁਪਏ ਦੀ ਲੋੜ ਪੂਰੀ ਹੋ ਜਾਵੇ, ਤਦ ਪੰਥਕ ਸੇਵਾ, ਦੇਸ ਸੇਵਾ ਅਤੇ ਬਿਉਪਾਰ ਦੀ ਉੱਨਤੀ ਇੱਛਾ ਅਨੁਸਾਰ ਹੋ ਸਕਦੀ ਹੈ।"

ਅਰਦਾਸ ਸੁਣੀ ਗਈ, ਪ੍ਰਵਾਨ ਹੋ ਗਈ, ਮੰਨੀ ਗਈ,ਮੋੜ ਪਿਆ, ਵੈਦ ਜੀ ਦੇ ਕਾਰੋਬਾਰ ਵਿਚ ਬਰਕਤ ਪੈਣੀ ਸ਼ੁਰੂ ਹੋਈ ਤੇ ਵਾਹਿਗੁਰੂ ਨੇ ਇੱਛਾ ਅਨੁਸਾਰ ਸਾਰੇ ਕਾਰਜ ਸਿੱਧ ਕਰ ਦਿਤੇ। ਤੇ ੫ ਜੁਲਾਈ ੧੯੧੭ ਨੂੰ ਆਪ ਨੇ ਇਸ ਦੇ ਉੱਤ੍ਰ ਵਿਚ ਡਾਇਰੀ ਵਿਚ ਇਹ ਨੋਟ ਦਰਜ ਕੀਤਾ:-

"ਉਹ ਸਭ ਲੋੜਾਂ ਪੂਰੀਆਂ ਹੋ ਗਈਆਂ ਹਨ, ਵਾਹਿਗੁਰੂ ਜੀ ਦਾ ਸ਼ੁਕਰ ਹੈ! ਸ਼ੁਕਰ ਹੈ!! ਸ਼ੁਕਰ ਹੈ!!!

ਇਸ ਸਾਲ ਵਿੱਚ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੀ ਭਾਵੇਂ ਆਪਨੇ 'ਅਰੋਗਜਤਾ ਰੱਖਜਕ' ਹੀ ਪੁਸਤਕ ਲਿਖੀ, ਪਰ ਸੀ ਬੜੀ ਸ਼ਰਧਾ ਤੇ ਮੇਹਨਤ ਨਾਲ ਲਿਖੀ ਹੋਈ। ਜਿਸ ਬਦਲੇ ਪੰ: ਟੈ: ਬੁਕ ਸੋਸਾਇਟੀ ਵਲੋਂ ਆਪ ਜੀ ਨੂੰ ੧੦੦) ਇਨਾਮ ਮਿਲਿਆ।

ਏਥੇ ਇਹ ਵਿਚਾਰਨ ਵਾਲੀ ਗੱਲ ਹੈ ਕਿ ਪਿਛਲੇ ਪੰਜਾਂ ਸਾਲਾਂ ਵਿਚ



Digitized by Panjab Digital Library | www.panjabdigilib.org

ਲਗਾਤਾਰ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦੇ ਪੁਸਤਕ ਪ੍ਰਕਾਸ਼ਤ ਕਰਨ ਬਦਲੇ ਸਰਕਾਰ ਵਲੋਂ ਆਪ ਨੂੰ ਇਨਾਮ ਮਿਲਦਾ ਰਿਹਾ ਹੈ। ੧੯੧੩ ਵਿੱਚ ੨੦੦), ੧੯੧੪ ਵਿੱਚ ੨੦੦), ੧੯੧੫ ਵਿਚ ੧੦੦), ੧੯੧੬ ਵਿੱਚ ੨੦੦) ਤੇ ਐਤਕੀ ੧੯੧੭ ਵਿੱਚ ੧੦੦) ਇਨਾਮ ਮਿਲਿਆ। ਇਹ ਸਾਰਾ ਹੀ ਅੱਠ ਸੌ ਰੁਪਿਆ ਆਪ ਨੇ ਕਿਸੇ ਨਿਜਦੇ ਖਰਚ ਵਿਚ ਨਹੀਂ ਖਰਚਿਆ। ਕੁਛ ਤਾਂ ਐਜੂਕੇਸ਼ਨਲ ਕਾਨਫ੍ਰੰਸ ਨੂੰ ਨਕਦ ਦਾਨ, ਕੁਛ ਮੁਫਤ ਪੁਸਤਕਾਂ ਵੰਡਣ ਵਿਚ, ਤੇ ਕੁਛ ਪੁਸਤਕਾਂ ਲੜਾਈ ਵਿਚ ਫੱਟੜ ਹੋਏ ਹਸਪਤਾਲਾਂ ਵਿਚ ਪਏ ਪੰਜਾਬੀ ਸਿਪਾਹੀਆਂ ਲਈ ਭੇਜੇ। ਇਸ ਤਰ੍ਹਾਂ ਨਾਲ ਇਹ ਇਨਾਮ ਦਾ ਸਾਰਾ ਰੁਪਿਆ ਧਰਮ ਅਰਥ ਹੀ ਖਰਚ ਕਰਦੇ ਰਹੇ। ਇਨ੍ਹਾਂ ਇਨਾਮ ਮਿਲੀਆਂ ਰਕਮਾਂ ਬਾਰੇ ਆਪ ਮਈ ੧੯੧੭ ਦੇ ਪਰਚੇ 'ਦੁਖ ਨਿਵਾਰਨ' ਵਿਚ ਇਸ ਤਰ੍ਹਾਂ ਲਿਖਦੇ ਹਨ:–

> 'ਪਾਠਕ ਇਹ ਜਾਣ ਕੇ ਖੁਸ਼ ਹੋਣਗੇ ਕਿ ਇਹ ਸਾਰੀਆਂ ਰਕਮਾਂ (ਇਨਾਮ) ਸ੍ਵਦੇਸ਼ ਭਾਸ਼ਾ ਪ੍ਰਚਾਰ ਵਾਸਤੇ,ਕੁਝ ਕਾਨਫ੍ਰੰਸ(ਸਿੱਖ ਐਜੂ-ਕੇਸ਼ਨਲ ਕਾਨਫ੍ਰੰਸ) ਦੀ ਭੇਟਾ, ਕੁਝ ਬਹੁਤ ਸਾਰੇ ਪੁਸਤਕ ਜੰਗ ਯੂਰਪ ਦੇ ਪੰਜਾਬੀ ਪਾਠਕਾਂ ਵਿੱਚ ਵੰਡਣ ਵਾਸਤੇ ਭੇਜਣ, ਤੇ ਕੁਝ ਮੁਫਤ ਪੁਸਤਕ ਵੰਡਣ ਤੇ ਹੀ ਖਰਚ ਕੀਤੀ ਗਈ ਹੈ। ਅੱਠ ਸੌ ਪੁਸਤਕ ਹੁਣ ਹੋਰ ਜੰਗ ਯੂਰਪ ਦੇ ਫੱਟੜ ਪੰਜਾਬੀ ਭਰਾਵਾਂ ਦੇ ਜੀ ਪ੍ਰਚਾਵੇ ਹਿਤ ਪੜ੍ਹਨ ਲਈ ਚੌਥੀ ਵਾਰ ੧੨ਅਪ੍ਰੈਲ ੧੯੧੭ਨੂੰ ਲਾਟ ਸਾਹਿਬ ਦੀ ਮੇਮ ਦੇ ਰਾਹੀਂ ਭੇਜੇ ਗਏ ਹਨ।ਸ੍ਵਦੇਸ਼ ਭਾਸ਼ਾ ਦੇ ਪ੍ਰੇਮੀਆਂ ਨੂੰ ਭੀ ਇੰਨ੍ਹਾਂ ਪੁਸਤਕਾਂ ਦੇ ਪ੍ਰਚਾਰ ਵਿੱਚ ਸਹਾਈ ਹੋਣਾ ਚਾਹੀਦਾ ਹੈ। ਇਕ ਕਾਰਡ ਭੇਜਕੇ ਫਹਰਿਸਤ ਮੁਫਤ ਮੰਗਵਾ ਸਕਦੇ ਹੋ।'

ਅੰਤਲੇ ਫਿਕਰੇ ਪ੍ਰਚਾਰ ਵਿਚ ਸਹਾਈ ਹੋਣ ਤੇ ਫਹਰਿਸਤ ਮੰਗ-ਵਾਉਣ ਉੱਤੇ ਤਾਂ ਮੇਰੀ ਜਾਚੇ ਹੁਣ ਭੀ ਹਰ ਇੱਕ ਪੰਜਾਬੀ ਪ੍ਰੇਮੀ ਨੂੰ ਧਿਆਨ ਮਾਰਨਾ ਤੇ ਅਮਲ ਕਰਨਾ ਚਾਹੀਦਾ ਹੈ॥

---



Digitized by Panjab Digital Library | www.panjabdigilib.org

"ਮੇਰੀ ਜਾਣ ਪਛਾਣ ਗੁਰਪੁਰ ਵਾਸੀ ਵੈਦ ਜੀ ਨਾਲ ੧੯੦੯ ਤੋਂ ਸੀ। ਆਪ ਮਿਲਣਸਾਰੀ, ਇਨਕਸਾਰੀ, ਮਿਠ ਬੋਲੇ, ਗੁਰੂ ਪੰਥ ਦੀ ਪੀੜਾ ਨੂੰ ਆਪਣੀ ਪੀੜਾ ਸਮਝਣ ਵਾਲੇ, ਰੋਗੀਆਂ ਦੇ ਰੋਗ ਨਵਿਰਤ ਕਰਨ ਵਿਚ ਨਿਪੁਨ ਤੇ ਹੋਰ ਅਨੇਕਾਂ ਸੁਭ ਗੁਣ ਰੱਖਣ ਕਰਕੇ ਚੰਗੇ ਸਤਿਕਾਰੇ ਜਾਂਦੇ ਸਨ। ਪੰਜਾਬੀ ਸਾਹਿੱਤ ਪਰ ਡਾਢੇ ਡੁਲ੍ਹੇ ਹੋਏ ਸਨ ਤੇ ਉਸ ਦੇ ਵਾਧੇ ਹਿਤ ਤਨ, ਮਨ, ਧਨ ਦੁਆਰਾ ਸੁਨਹਿਰੀ ਅਖਰਾਂ ਵਿਚ ਲਿਖਣ ਵਾਲੀ ਸੇਵਾ ਕਰ ਗਏ ਹਨ। ਵਿਹਾਰ ਕਾਰ ਚੰਗੇ ਗੁਰਸਿੱਖਾਂ ਵਾਲਾ ਸੀ। ਚੀਫ ਖਾਲਸਾ ਦੀਵਾਨ, ਸਿਖ ਐਜੂਕੇਸ਼ਨਲ ਕਾਨਫ੍ਰੰਸ, ਸਿੰਘ ਸਭਾ ਤਹਿਰੀਕ, ਗੁਰਦੁਵਾਰਾ ਸੁਧਾਰ ਤਹਿਰੀਕ ਵਿਚ ਹਰ ਮੌਕੇ ਮੂਹਰਲੀ ਕਤਾਰ ਵਿਚ ਰਹੇ। ਜਿਥੇ ਸੁਭਾ ਦੇ ਮਿਠੇ ਤੇ ਉਦਮੀ ਸਨ, ਉਥੇ ਦਾਨੀ ਵੀ ਰੱਜ ਕੇ ਸਨ।

ਜਦ ਕਦੇ ਆਪਣੀ ਜਾਂ ਆਪਣੇ ਸੰਬੰਧੀਆਂ ਦੀ ਸ੍ਰੀਕ ਅਰੋਗਤਾ ਲਈ ਹੋਰ ਪਾਸਿਆਂ ਤੋਂ ਨਿਰਾਸ ਹੋ ਕੇ ਵੈਦ ਜੀ ਪਾਸ ਹਾਜ਼ਰ ਹੋਣ ਦਾ ਅਵਸਰ ਮਿਲਦਾ ਤਾਂ ਨਿਸਚੇ ਕਰਕੇ ਮਨੋ ਕਾਮਨਾ ਪੂਰਨ ਹੁੰਦੀ। ਫੀਸ ਜਾਂ ਦਵਾਈ ਦੀ ਕੀਮਤ ਲੈਣੀ ਤਾਂ ਕਿਧਰੇ ਰਹੀ ਸਗੋਂ ਜਲ ਪਾਣੀ ਪ੍ਰਸ਼ਾਦ ਆਦਿ ਦੀ ਸੇਵਾ ਕਰਕੇ ਇੱਨਾਂ ਆਦਰ ਕਰਦੇ ਸਨ ਕਿ ਅੱਧਾ ਦੁਖ ਉਦੋਂ ਹੀ ਦੂਰ ਹੋ ਜਾਂਦਾ ਸੀ।"

(ਸ੍ਰ: ਨਾਨਕ ਸਿੰਘ ਜੀ ਸੁਪ੍ਰੰਟੰਡੰਟ,
ਐਜੂਕੇਸ਼ਨਲ ਕਮੇਟੀ ਚੀਫ ਖਾ: ਦੀਵਾਨ)



Digitized by Panjab Digital Library | www.panjabdigilib.org

# ੧੯੧੮

## ਕਾਲ ਚੱਕ੍ਰ

"ਉਹ ਦੁਨਯਾਵੀ ਬੰਦੇ ਨਹੀਂ ਸਨ, ਉਨ੍ਹਾਂ ਅੰਦਰ ਗੁਰ ਸਿੱਖੀ ਦੀ ਰੂਹ ਪ੍ਰਗਟ ਸੀ, ਨਹੀਂ ਤਾਂ ਉਨ੍ਹਾਂ ਨਾਲ ਹਰ ਇੱਕ ਪ੍ਰਾਣੀ ਮਾਤ੍ਰ ਦਾ ਪਿਆਰ ਨਾ ਹੁੰਦਾ। ਉਨ੍ਹਾਂ ਦੇ ਅੰਦਰ ਗਿਆਨ ਪ੍ਰਕਾਸ਼ ਸੀ।

(ਸੰਤ ਬਲਵੰਤ ਸਿੰਘ ਜੀ ਭੈਣੀ ਸਾਹਿਬ)

ਨਿਮਖਾਂ ਦੇ ਪਲ, ਪਲਾਂ ਦੀਆਂ ਘੜੀਆਂ, ਘੜੀਆਂ ਦੇ ਪਹਿਰ ਤੇ ਪਹਿਰਾਂ ਦੇ ਦਿਨ ਰਾਤ, ਮਹੀਨੇ, ਸਾਲ, ਇਸੇ ਤਰ੍ਹਾਂ ਸਦੀਆਂ ਤੇ ਜੁੱਗ ਬਣਾਉਂਦਾ ਕਾਲ ਆਪਣੀ ਅਡੋਲ ਤੇ ਅਥੱਕ ਮਸਤ ਚਾਲ ਨਾਲ ਚਲਿਆ ਜਾ ਰਿਹਾ ਹੈ, ਤੇ ਚਲਿਆ ਜਾਵੇਗਾ। ਲੱਖਾਂ ਮਰਨ ਕਰੋੜਾਂ ਜੰਮਣ, ਇਸ ਨੂੰ ਕੀ? ਇਹ ਮਹਾਂਕਾਲ ਦੀ ਆਗਿਆ ਵਿੱਚ 'ਚਲ ਸੋ ਚਲ' ਚਲਿਆ ਹੀ ਜਾਂਦਾ ਹੈ।

ਭਿਆਨਕ ਖ਼ੂਨੀ ਯੂਰਪੀ ਜੰਗ ਲੱਗੇ ਨੂੰ ਚੌਥਾ ਸਾਲ ਜਾ ਰਿਹਾ ਹੈ। ਕਰੋੜਾਂ ਬੰਦੇ ਨਾਹੱਕ ਮਾਰੇ ਗਏ, ਲੱਖਾਂ ਬੱਚੇ ਪਿਉ ਮਹਿੱਟਰ ਹੋ ਗਏ। ਲੱਖਾਂ ਵਿਧਵਾ ਹੋ ਗਈਆਂ, ਹਜ਼ਾਰਾਂ ਖਾਨਦਾਨਾਂ ਦੇ ਨਾਮ ਨਸ਼ਾਨ ਮਿੱਟ ਗਏ, ਹਜ਼ਾਰਾਂ ਸੁਖੀ ਵੱਸਦੇ ਅਮੀਰਾਂ ਤੋਂ ਦੁਖੀ ਗਰੀਬ ਹੋ ਗਏ, ਪਰ ਲਾਲਚੀ ਲੁਟੇਰਿਆਂ ਦੀ ਲਾਲਸਾ ਨ ਘਟੀ, ਹਿਰਸ ਨਾ ਹਟੀ, ਜੰਗ ਨਾ ਬੰਦ ਹੋਈ। ਇਹ ਬੰਦ ਹੋ ਭੀ ਕਿਵੇਂ ਸਕਦੀ ਹੈ? ਜਦ ਤੱਕ ਕਿ ਇਕ ਧਿਰ ਥੱਕ ਕੇ ਨਾ ਹਟੇ। ਸੱਚ ਹੈ ਮੱਛੀ ਪੱਥਰ ਚੱਟ ਕੇ ਮੁੜਦੀ ਹੈ।

ਖਿਆਲ ਉੱਠਦਾ ਹੈ ਕਿ ਕੀ ਇਸੇ ਨੂੰ ਹੀ ਸਾਇੰਸ ਦੀ ਤਰੱਕੀ ਕਰਨਾ



Digitized by Panjab Digital Library | www.panjabdigilib.org

ਆਖ ਦੇ ਹਨ ? ਕੀ ਇਸੇ ਨੂੰ ਹੀ ਤਹਿਜ਼ੀਬ ਦਾ ਉੱਨਤੀ ਕਰਨਾ ਕਿਹਾ ਜਾਂਦਾ ਹੈ ? ਸ਼ੋਕ ! ਇਸ ਅਕਲੀ ਤਰੱਕੀ ਦੇ ਨਾਮ ਹੇਠਾਂ ਖ਼ੂਨ ਦੀਆਂ ਨਦੀਆਂ ਵਹਿਣ ਦੇ ਭਿਆਨਕ ਨਜ਼ਾਰੇ। ਅਫਸੋਸ ! ਇਸ ਸੱਭਤਾ ਦੇ ਪਰਦੇ ਹੇਠ ਅਸੱਭਤਾ ਦੀ ਅੰਧੇਰੀ ਕਾਲੀ ਬੋਲੀ ਰਾਤ ਦੇ ਕਾਰੇ ! ਭਾਵੇਂ ਕੋਈ ਕੁਛ ਕਹੇ, ਕਿਸੇ ਤਰ੍ਹਾਂ ਜੰਗ ਕਰਨ ਲਈ ਆਪਣੀ ਨਿਰਦੋਸ਼ਤਾ ਪ੍ਰਗਟ ਕਰੇ, ਪਰ ਵਾਸਤਵ ਵਿੱਚ ਇਨਸਾਨ ਲਾਲਚ ਹਿਰਸ ਹਵਾ ਵਿੱਚ ਬੱਧਾ ਹੋਇਆ, ਹਉਮੈ ਅਹੰਕਾਰ ਵਿੱਚ ਵੇੜ੍ਹਿਆ ਹੋਇਆ, ਕਾਮਨਾ ਵਿੱਚ ਅੰਨ੍ਹਾ ਹੋਇਆ ਹੋਇਆ, ਇਹ ਸਭ ਅਣਹੋਣੀਆਂ ਗੱਲਾਂ ਕਰ ਕਰ ਆਦਲ, ਇਨਸਾਫ ਪਸੰਦ, ਧਰਮੀ ਤੇ ਧਰਮ ਰੱਖਯਕ ਬਣਨ ਦੀਆਂ ਟਾਹਰਾਂ ਪਿਆ ਮਾਰ ਰਿਹਾ ਹੈ।

ਸਰਕਾਰ ਦੇ ਜੰਗ ਵਿੱਚ ਜੁੱਟਣ ਨਾਲ ਹਿੰਦੁਸਤਾਨ ਦੇ ਭੀ ਲੱਖਾਂ ਕਰੋੜਾਂ ਬੰਦੇ ਕਾਲ ਦੀ ਭੇਟ ਹੋ ਗਏ ਤੇ ਹੋ ਰਹੇ ਹਨ।

ਸਾਡੇ ਇਸ ਸਾਲ ਦਾ ਮੁੱਢ ਵੀ ਇਕ ਸ਼ੋਕ ਦਾਇਕ ਘਟਨਾਂ ਤੋਂ ਹੀ ਅਰੰਭ ਹੁੰਦਾ ਹੈ। ਅਰਥਾਤ ੯ ਜਨਵਰੀ ੧੯੧੮ ਨੂੰ ਰਾਤ ਦੇ ਸਾਢੇ ਨੌ ਬਜੇ ਤਰਨ ਤਾਰਨ ਦੇ ਉਤਸ਼ਾਹੀ ਵਕੀਲ ਬਾਬੂ ਕ੍ਰਿਪਾ ਰਾਮ ਜੀ ਚੜ੍ਹਾਈ ਕਰ ਗਏ। ਵੈਦ ਜੀ ਨੂੰ ਆਪ ਦੀ ਮੌਤ ਉੱਤੇ ਬੜਾ ਹੀ ਦੁਖ ਹੋਇਆ, ਕਿਉਂਕਿ ਆਪ ਵੈਦ ਜੀ ਦੇ ਸਤਸੰਗੀਆਂ ਵਿਚੋਂ ਸਨ। ਆਪ ਸਦਾ ਹੀ ਵੇਲੇ ਕੁਵੇਲੇ ਵੈਦ ਜੀ ਨਾਲ ਸ਼ਹਿਰ ਭਲਾਈ ਤੇ ਲੋਕ ਭਲਾਈ ਦੇ ਕੰਮਾਂ ਵਿਚ ਹੱਥ ਵਟਾਂਦੇ ਰਹਿੰਦੇ ਸਨ, ਤੇ ਖ਼ੁਦ ਭੀ ਹਰ ਕੰਮ ਵੈਦ ਜ਼ੀ ਦੀ ਸਲਾਹ ਨਾਲ ਹੀ ਕੀਤਾ ਕਰਦੇ ਸਨ।

ਦੂਜੀ ਘਟਨਾਂ ਸੰਤ ਭਾਈ ਭੋਲਾ ਸਿੰਘ ਜੀ ਦੀ ਹੋਈ। ਆਪ ੧੦ ਮਾਰਚ ੧੯੧੮ ਨੂੰ ਗੁਰਪੁਰ ਸਿਧਾਰੇ। ਇਹ ਉਹੀ ਸੰਤ ਮਹਾਤਮਾ ਜੀ ਸਨ, ਜਿਨ੍ਹਾਂ ਪਾਸ ਭਾਈ ਵੀਰ ਸਿੰਘ ਜੀ ਸਾਹਿਬ ਬਹੁਤ ਵਧੀਕ ਆਇਆ ਕਰਦੇ ਸਨ। ਤੇ ਇਹ ਸਨ ਭੀ ਸੱਚ ਮੁੱਚ ਦੇ ਸੰਤ ਮਹਾਤਮਾ ਤੇ ਵਿੱਦਵਾਨ।

ਇਨ੍ਹਾਂ ਸੰਤਾਂ ਬਾਰੇ ਵੈਦ ਜੀ ਆਪਣੇ ਅਪ੍ਰੈਲ ਮਈ ੧੯੧੮ ਦੇ



Digitized by Panjab Digital Library | www.panjabdigilib.org

ਦੂਖ ਨਿਵਾਰਨ ਪੱਤਰ ਵਿਚ 'ਜੋਤੀ ਜੋਤ ਰਲੇ' ਦੀ ਸੁਰਖੀ ਹੇਠ ਇਸਤਰ੍ਹਾਂ ਨੋਟ ਦਿੰਦੇ ਹਨ:–

"ਸ੍ਰੀ ਤਰਨ ਤਾਰਨ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਪਹਾੜ ਦੀ ਬਾਹੀ ਇਕ ਕਿਨਾਰੇ ਬ੍ਰਿਧ ਸੁੰਦਰ ਮੂਰਤੀ ਮਹਾਤਮਾ ਸ੍ਰੀ ਮਾਨ ਸੰਤ ਭਾਈ ਭੋਲਾ ਸਿੰਘ ਜੀ ਮਹੰਤ ਭੰਗਾਲੇ ਵਾਲੇ ਰਹਿੰਦੇ ਸਨ। ਆਪ ਦਾ ਜੀਵਣ ਪਵਿੱਤ੍ਰ,ਆਪ ਨਾਮ ਦੇ ਰਸੀਏ, ਗੁਰਬਾਣੀ ਦੇ ਪਰਮ ਪ੍ਰੇਮੀ,ਗੁਰਮਤ ਦੇ ਪ੍ਰਚਾਰਕ,ਸਰੀਰਕ ਮਾਨਸਕ ਤੇ ਆਤਮਕ ਭੋਜਨ ਦੇ ਵਰਤਾਵੇ ਸਨ। ਕਰਨੀ ਵਾਲੇ, ਸੇਵਾ ਸਿਖਾਣ ਦੇ ਸੱਚੇ ਉਸਤਾਦ, ਆਏ ਸਤਸੰਗੀਆਂ ਨਾਲ ਪੂਰਨ ਪ੍ਰੇਮ ਨਾਲ ਵਰਤਣ ਵਾਲੇ, ਬਾਲ ਜਤੀ, ਸਾਦਾ ਜੀਵਣ ਵਾਲੇ, ਸਿਦਕ, ਭਰੋਸਾ ਤੇ ਵੰਡ ਛਕਣ ਵਾਲੇ ਸਨ। ਇਹਨਾਂ ਤੋਂ ਵਰੋਸਾਕੇ ਬੇਅੰਤ ਸੰਗਤਾਂ 'ਤਰਨ ਤਾਰਨ' ਨਾਮ ਨੂੰ ਸਫਲ ਕਰ ਰਹੀਆਂ ਸਨ।"

ਅੱਗੇ ਇਸੇ ਲੇਖ ਵਿਚ ਲਿਖਦੇ ਹਨ:–

"ਸਾਰੇ ਬੁੰਗਿਆਂ ਵਿਚੋਂ ਵਰਤ ਮਾਨ ਸਮੇਂ ਵਿਚ ਕੇਵਲ ਇੱਕ ਇਹ ਬੁੰਗਾ ਹੀ ਸੀ ਜਿੱਥੇ ਆਈਆਂ ਸੰਗਤਾਂ ਨੂੰ ਜੀ ਆਇਆਂ ਆਖ ਕੇ ਅੰਨ, ਬਸਤ੍ਰ ਤੇ ਨਿਵਾਸਸਥਾਨ ਮਿਲਦਾ ਸੀ। ਅਤੇ ਕਥਾ, ਕੀਰਤਨ ਗੁਰਬਾਣੀ ਦਾ ਪ੍ਰਚਾਰ ਤੇ ਅਖੰਡ ਪਾਠ ਆਦਿ ਦਾ ਪ੍ਰਵਾਹ ਜਾਰੀ ਰਹਿੰਦਾ ਸੀ। ਸਾਰੀ ਜ਼ਮੀਨ ਜਾਇਦਾਦ ਆਦਿ ਡੇਰੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਇੰਤਕਾਲ ਕਰਾਈ ਗਈ।"

ਇਸੇ ਤਰ੍ਹਾਂ ਤੀਜੀ ਤੇ ਬਹੁਤ ਕਰੜੀ ਸੱਟ ਵੈਦ ਜੀ ਨੂੰ ਆਪ ਦੇ ਇੱਕੋ ਇੱਕ ਹੋਨਹਾਰ ਭਤੀਜੇ ਭਾਈ ਸਾਹਿਬ ਸਿੰਘ ਜੀ ਦੇ ਸ੍ਵਰਗ ਵਾਸੀ ਹੋਣ ਦੀ ਹੋਈ। ੭ ਮਈ ਨੂੰ ਭਾਈ ਸਾਹਿਬ ਸਿੰਘ ਜੀ ਵਿਛੋੜਾ ਦੇ ਗਏ। ਭਾਈ ਸਾਹਿਬਸਿੰਘ ਭਾਈ ਗੁਲਾਬ ਸਿੰਘ ਜੀ (ਵੈਦ ਜੀ ਦੇ ਵੱਡੇ ਸੰਤ ਸ੍ਰੂਪ ਭਰਾਤਾ ਜੀ) ਦੇ ਇੱਕੋ ਇੱਕ ਸਪੁੱਤ੍ਰ ਸਨ। ਆਪ ਦੀ ਮੌਤ ਨੇ ਸ਼ਹਿਰ ਵਿਚ ਤੇ ਅੰਗਾਂ ਸਾਕਾਂ



Digitized by Panjab Digital Library | www.panjabdigilib.org

ਵਿਚ ਮਾਨੋਂ ਪਰਲੋ ਲਿਆ ਦਿੱਤੀ, ਅਨ੍ਹੇਰੀ ਰਾਤ ਪੈਦਾ ਕਰ ਦਿਤੀ। ਪਰ ਭਾਣਾ ਅਟੱਲ ਤੇ ਅਮਿੱਟ ਹੈ, ਕੋਈ ਕਰ ਕੀ ਸਕਦਾ ਹੈ ? ਉਸ ਅਕਾਲ ਪੁਰਖ ਮਹਾਕਾਲ ਦੇ ਹੁਕਮ ਅੱਗੇ ਕੋਈ ਦਮ ਨਹੀਂ ਮਾਰ ਸਕਦਾ। ਇਸ ਘਟਨਾ ਦੇ ਸ਼ੋਕ ਵਿਚ ਹੀ ਬੈਠੇ ਸਨ, ਕਿ ਉਪਰੋਂ 'ਬਲਦੀ ਤੇ ਤੇਲ' ਦੇ ਕਹਾਣ ਵਾਂਗ ਰਾਇ ਬਹਾਦਰ ਸਰਦਾਰ ਸਾਧੂ ਸਿੰਘ ਜੀ ਪ੍ਰਸਿੱਧ ਪੰਥ ਸੇਵਕ ਦੀ ਮੌਤ ਦੀ ਖਬਰ ਪੁੱਜੀ। ਸ਼ੋਕ ਹੀ ਸ਼ੋਕ ਛਾ ਗਿਆ। ਵੈਦ ਜੀ ਨੇ ਇਕ ਲੰਮੇ ਲੇਖ ਵਿਚ ਆਪ ਦਾ ਸ਼ੋਕ ਸਮਾਚਾਰ ਪ੍ਰਗਟ ਕੀਤਾ ਹੈ। ਉਸ ਵਿਚੋਂ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਕੁਛ ਪ੍ਰਗਟ ਕਰਦੇ ਹਾਂ।

ਵੈਦ ਜੀ ਲਿਖਦੇ ਹਨ:—'ਸ੍ਰੀ ਮਾਨ ਜੀ ਇਕ ਪਤਵੰਤੇ ਘਰਾਣੇ ਦੇ ਸਿਰਮੌਰ, ਸਾਧਾਰਨ ਦਸ਼ਾ ਤੋਂ ਉੱਨਤੀ ਕਰ ਕੇ ਮਹਿਕਮਾਂ ਜੰਗਲਾਤ ਵਿਚ ਉੱਚੀ ਪਦਵੀ ਤੇ ਪਹੁੰਚੇ ਤੇ ਪੈਨਸ਼ਨ ਲੈਕੇ ਸਮੇਂ ਸਮੇਂ ਕਈ ਰਿਆਸਤਾਂ ਵਿਚ ਭੀ ਇਸੇ ਮਹਿਕਮੇ ਦੇ ਵੱਡੇ ਅਫਸਰ ਨਿਯਤ ਹੁੰਦੇ ਰਹੇ। ਆਪ ਆਪਣੇ ਜ਼ਰੂਰੀ ਫਰਜ਼ਾਂ ਨੂੰ ਨਿਭਾਂਉਦੇ ਹੋਏ ਨਿੱਗਰ ਪੰਥ ਸੇਵਾ ਵਲੋਂ ਇਕ ਦਿਨ ਭੀ ਆਲਸੀ ਨਹੀਂ ਸਨ ਹੋਏ। ਹੁਣ ਤੇ ਸਾਰਾ ਹੀ ਸਮਾ ਆਪ ਪੰਥ ਸੇਵਾ ਹਿਤ ਲਗਾ ਰਹੇ ਸਨ। ਪੰਥਕ ਜੱਥੇ ਬੰਦੀ ਤੇ ਗੁਰਦੁਆਰਿਆਂ ਧਰਮ ਸਾਲਾਂ ਦੇ ਇਤਿਹਾਸ ਸੰਬੰਧੀ ਆਪ ਜੀ ਦੀ ਅਦੁਤੀ ਖੋਜ ਸੀ। ਹੁਣ ਇਸ ਸਾਰੀ ਖੋਜ ਨੂੰ ਆਪ ਪੰਥ ਹਿਤ ਵਾਸਤੇ ਕਲਮ ਬੰਦ ਕਰਨਾ ਚਾਹੁੰਦੇ ਸਨ।.........ਆਪ ਦੀ ਅਨਹੋਂਦ ਦਾ ਇਹ ਘਾਟਾ ਪੂਰਾ ਹੋਣਾ ਕਠਨ ਹੈ, ਪਰ ਭਾਣਾ ਅਮਿੱਟ ਹੈ।"ਆਦਿਕ।

× × × × × × × ×

ਪੰਜਾਬ ਟੈਂਪਰੈਂਸ ਫੈਡਰੇਸ਼ਨ ਦੇ ਅਰੰਭ ਹੋਣ ਤੋਂ ਹੀ ਵੈਦ ਜੀ ਉਸ ਦੇ ਵਾਇਸ ਪ੍ਰੈਜ਼ੀਡੰਟ ਥਾਪੇ ਗਏ ਸਨ। ਇਸਦਾ ਪਹਿਲਾ ਇਜਲਾਸ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਅੰਬਾਲਾ ਦੇ ਨਾਲ ਹੀ ਓਥੇ ਹੋਇਆ ਤੇ ਦੂਜਾ ਸਾਲਾਨਾ ਇਜਲਾਸ ਤਰਨ ਤਾਰਨ ਵਿੱਚ ਸਿੱਖ ਕਾਨਫ੍ਰੰਸ ਦੇ ਸਮੇਂ। ਹੁਣ ਇਸ ਦਾ ਕੰਮ ਭੀ ਜ਼ਰਾ ਤੇਜ਼ੀ ਨਾਲ ਹੋਣ ਲੱਗਾ ਵੈਦ ਜੀ ਇਸ ਦੇ ਭੀ



Digitized by Panjab Digital Library | www.panjabdigilib.org

ਸਰ ਗਰਮ ਕਾਰਕੁਨ ਸਨ ।

੨੦ ਫਰਵਰੀ ੧੯੧੮ ਨੂੰ ਇਸ ਦੀ ਇੱਕ ਜ਼ਰੂਰੀ ਕਮੇਟੀ ਹੋਈ ਜਿਸ ਵਿੱਚ ਪ੍ਰਚਾਰ ਦੇ ਕੰਮ ਨੂੰ ਹੋਰ ਭੀ ਚੰਗੀਤਰ੍ਹਾਂ ਚਲਾਉਣ ਆਦਿ ਦੀਆਂ ਤਜਵੀਜ਼ਾਂ ਸੋਚੀਆਂ ਗਈਆਂ,ਵੈਦ ਜੀ ਨੇ ਇਸ ਵਿੱਚ ਚੋਖਾ ਹਿੱਸਾ ਲਿਆ ।

× × × × × × ×

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਤੇ ਹੋਰ ਲੜੀਆਂ ਦੀਆਂ ਪੁਸਤਕਾਂ ਭਾਵੇਂ ਬਿਕਰੀ ਭੀ ਹੁੰਦੀਆਂ ਸਨ ਤੇ ਵੰਡੀ ਭੀ ਜਾਂਦੇ ਸਨ, ਪਰ ਵੈਦ ਜੀ ਨਾਲ ਨਾਲ ਛਾਪੀ ਭੀ ਜਾਂਦੇ ਸਨ । ਆਪ ਪਾਸੋਂ ਇਨ੍ਹਾਂ ਦੇ ਵੇਚਣ ਆਦਿ ਦਾ ਕੰਮ ਹੋਣਾ ਬੜਾ ਕਠਨ ਸੀ । ਵਿਕਣ ਵਿੱਚ ਦੋ ਫਾਇਦੇ ਸਨ, ਇੱਕ ਤਾਂ ਵੱਧ ਤੋਂ ਵੱਧ ਪ੍ਰਚਾਰ ਤੇ ਦੂਜੇ ਆਈ ਮਾਇਆ ਨਾਲ ਅੱਗੇ ਪੁਸਤਕਾਂ ਪ੍ਰਕਾਸ਼ਨ ਦਾ ਸੁਖਾਲ । ਇਜੇਹੇ ਖਿਆਲਾਂ ਨੂੰ ਮੁੱਖ ਰੱਖ ਕੇ ਵੈਦ ਜੀ ਨੇ ਭਾਈ ਲਾਭ ਸਿੰਘ ਜੀ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਾਲਿਆਂ ਨਾਲ ਬਿੱਕਰੀ ਦਾ ਪ੍ਰਬੰਧ ਕੀਤਾ । ੨੮ ਫਰਵਰੀ ੧੯੧੮ ਨੂੰ ਫੈਸਲਾ ਕਰਕੇ ਸਾਰੇ ਪੁਸਤਕ ਸਰਦਾਰ ਲਾਭ ਸਿੰਘ ਦੇ ਹਵਾਲੇ ਕੀਤੇ ਤੇ ੧੯੭੮) ਰੁਪਏ ਦਾ ਅਸ਼ਟਾਮ ਕਰਵਾ ਲਿਆ । ਰਕਮ ਬੜੀ ਹੌਲੀ ਹੌਲੀ ਅਰਥਾਤ ੩੦) ਮਹੀਨਾ ਬਿਨਾ ਵਿਆਜ ਲੈਣ ਦਾ ਫੈਸਲਾ ਕੀਤਾ ।

ਪੰਜਾਬੀ ਪੁਸਤਕਾਂ ਵੱਲੋਂ ਪੰਜਾਬੀਆਂ ਦੀ ਬੇ-ਪ੍ਰਵਾਹੀ ਸੰਬੰਧੀ ਵੈਦ ਜੀ ਲਿਖਤ ਇੱਕ ਜ਼ਬਰਦਸਤ ਲੇਖ ਫੁਟਕਲ ਕਾਗਜ਼ਾਂ ਵਿੱਚੋਂ ਮਿਲਿਆ ਹੈ ਜੋ ਅਤੀ ਲੋੜੀਂਦਾ ਸਮਝਕੇ ਹੇਠ ਦਰਜ ਕੀਤਾ ਜਾਂਦਾ ਹੈ ।

ਭਾਵੇਂ ਸਮਾਂ ਬਦਲ ਚੁੱਕਾ ਹੈ ਪਰ ਪੰਜਾਬੀਆਂ ਦੀ ਪੰਜਾਬੀ ਵੱਲੋਂ ਅਜੇ ਭੀ ਬੇ-ਪ੍ਰਵਾਹੀ ਦੇਖਕੇ ਇਹ ਲੇਖ ਇੱਕ ਲੋੜੀਂਦੀ ਚੀਜ਼ ਭਾਸਦੀ ਹੈ:–

## *ਪੰਜਾਬੀ ਪੁਸਤਕਾਂ ਤੇ ਪੰਜਾਬ ਸਰਕਾਰ !*

ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵੱਲੋਂ ਕਈ ਸਾਲਾਂ ਤੋਂ ਸ੍ਰਕਾਰੀ ਅਫਸਰਾਂ ਦੀ ਸੇਵਾ ਵਿਖੇ ਬੇਨਤੀਆਂ ਹੋ ਰਹੀਆਂ ਹਨ ਕਿ ਹਾਲਾਂ



Digitized by Panjab Digital Library | www.panjabdigilib.org

ਹੋਰ ਨਹੀਂ ਤਦ "ਪੰਜਾਬ ਟੈਕਸਟ ਬੁੱਕ ਕਮੇਟੀ" ਆਦਿ ਵਿੱਚ ਤਾਂ ਗ੍ਰੀਬ ਸਿੱਖਾਂ ਦੇ ਇੱਕ ਤਿਹਾਈ ਮੈਂਬਰ ਲਏ ਜਾਵਨ, ਪਰ ਸਿੱਖਾਂ ਦੇ ਭਾ ਅਜੇ ਤੱਕ ਲਾਰੇ ਹੀ ਲਾਰੇ ਚਲੇ ਔਂਦੇ ਹਨ। ਦੂਜੇ ਪਾਸੇ ਜੋ ਅਜੇਹੇ ਕਾਰਜਾਂ ਵਿੱਚ ਬਾਹਰੀ ਦਰਦੀ ਸੱਜਣ ਪ੍ਰਬੰਧਕ ਥਾਪੇ ਜਾਂਦੇ ਹਨ, ਓਨ੍ਹਾਂ ਦਾ ਵਰਤਾਰਾ ਠੀਕ ਉਸ ਹੇਜਲੀ ਬਨਾਵਟੀ ਅੰਮਾਂ ਵਰਗਾ ਹੁੰਦਾ ਹੈ, ਜੋ ਬਾਲ ਨੂੰ ਪਿਆਰ ਦੁਲਾਰ ਕੇ ਦੁੱਧ ਦੇਵਨ ਵਾਸਤੇ ਗੋਦ ਲੈਂਦੀ ਹੀ ਬਾਲ ਦੀ ਗਿੱਚੀ ਘੁੱਟਕੇ ਪਾਰ ਬੁਲਾ ਛੋੜਦੀ ਹੈ, ਤੇ ਫੇਰ ਭੀ ਦਰਦ ਦੱਸਣੋਂ ਪਿੱਛੇ ਨਹੀਂ ਹੱਟਦੀ, ਤੇ ਭੋਲੇ ਮਾਪੇ ਓਸਦੇ ਵਰਤਾਰੇ ਨੂੰ ਵੇਖਕੇ ਫੇਰ ਭੀ ਦਰਦੀ ਜਾਣਕੇ ਬਨਾਵਟੀ ਹੇਜਲੇ ਪਨ ਤੋਂ ਖਬਰਦਾਰ ਨਹੀਂ ਹੁੰਦੇ। ਜਿਨ੍ਹਾਂ ਦੀ ਗਫਲਤ ਦੇ ਕਾਰਨ ਦੇਖ ਦੇ ਹੀ ਦੇਖਦੇ ਲਾਡਲੇ ਜਾਨ ਤੋਂ ਵੱਧ ਪਜਾਰੇ ਬੱਚੇ ਦਾ ਕੰਮ ਖਤਮ ਹੋ ਜਾਂਦਾ ਹੈ।

ਚਲਦੇ ਸਾਲ ਵਿੱਚ ਇੱਕ ਦੋ ਪ੍ਰਤੱਖ ਅਜੇਹੇ ਹੀ ਵਰਤਾਰੇ ਵੇਖਣ ਵਿੱਚ ਆਏ ਹਨ, ਨਮੂਨੇ ਵਜੋਂ "ਪੰਜਾਬ ਟੈਕਸਟ ਬੁੱਕ ਕਮੇਟੀ" ਨੂੰ ਹੀ ਲਵੋ। ਸਰਕਾਰ ਵੱਲੋਂ ਦੇਸੀ ਬੋਲੀਆਂ ਦੀ ਚੰਗੀ ਲਿਟ੍ਰੇਚਰ ਦੇ ਵਾਧੇ ਵਾਸਤੇ ਹਰ ਸਾਲ ਚੰਗੀਆਂ ੨ ਪੁਸਤਕਾਂ ਦੇ ਪ੍ਰਕਾਸ਼ਕਾਂ ਦੇ ਉਤਸ਼ਾਹ ਵਧਾਵਨ ਨੂੰ ਇਨਾਮ ਆਦਿ ਵਾਸਤੇ ੩੫੦੦) ਪੈਂਤੀ ਸੌ ਰੁਪਏ ਦੇ ਕ੍ਰੀਬ ਰਕਮ ਬਜਟ ਵਿੱਚ ਹੁੰਦੀ ਹੈ, ਪਰ ਸੁਣਿਆ ਗਿਆ ਹੈ ਕਿ ਏਸ ਵਰਹੇ ਉਪ੍ਰੋਕਤ ਹੇਜਲੀ ਅੰਮਾਂ ਦੇ ਕਾਰੇ ਤੇ ਅਸਲ ਮਾਪਯਾਂ ਦੀ ਗਫਲਤ ਦੇ ਕਾਰਨ ਦੇਸ਼ ਦੀ ਪਟ-ਰਾਣੀ, ਪੰਜਾਬੀ ਭਾਸ਼ਾ ਦੇ ਹਿੱਸੇ, ਹਾਂ! ਹਾਂ! ਜਿਸਦੇ ਪ੍ਰਚਾਰ ਵਾਸਤੇ ਤੇ ਸਰਬ ਦੇਸ਼ੀ ਹੋਵਨ ਵਾਸਤੇ, ਸਗੋਂ ਪੰਜਾਬ ਦੇਸ਼, ਤੇ ਖਾਸ ਹੱਕ ਰੱਖਣ ਵਾਲੀ ਭਾਸ਼ਾ ਵਾਸਤੇ ਕੇਵਲ ਦੋ ਸੌ ਰੁਪਯਾ ਆਯਾ ਸੁਣਿਆ ਗਿਆ ਹੈ। ਤੇ ਹਨੇਰ ਦੀ ਗੱਲ ਇਹ, ਕਿ ਏਡਾ ਹੌਸਲਾ ਕਿ ਯਾਹਰਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਗੁਜਰਾਂਵਾਲਾ ਦੀ ਸਬਜੈਕਟਸ ਕਮੇਟੀ ਦੇ ਭਰੇ ਸਮਾਗਮ ਵਿੱਚ ਆਖਯਾ ਗਿਆ ਹੈ ਕਿ 'ਏਸ ਵਾਰੀ ਪੰਜਾਬੀ ਦੀ ਪੁਸਤਕ ਆਈ ਹੀ ਨਹੀਂ'। ਹਾਲਾਂ ਕਿ ਕਈ ਉੱਤਮ ਤੋਂ ਉੱਤਮ ਨਵੀਆਂ ਪ੍ਰਕਾਸ਼ਤ ਪੁਸਤਕਾਂ ਭੇਜੀਆਂ



Digitized by Panjab Digital Library | www.panjabdigilib.org

ਗਈਆਂ ਦੀਆਂ ਤੀਹਰੀਆਂ ਚੌਹਰੀਆਂ ਰਸੀਦਾਂ ਦਾਸ ਦੇ ਵੇਖਣ ਵਿੱਚ ਆਈਆਂ ਹਨ। ਤੇ ਉਨ੍ਹਾਂ ਦੇ ਸਰਕਾਰੀ ਤੌਰ ਤੇ ਰੀਵੀਊ ਕਰਾਏ ਜਾਣ ਦੇ ਸਬੂਤ ਦੀਆਂ ਸਰਕਾਰੀ ਚਿੱਠੀਆਂ ਭੀ ਮੌਜੂਦ ਹਨ। ਸ਼ੋਕ ਹੈ ਕਿ ਗੱਡੀ ਦੇ ਪਛੜ ਜਾਣ ਕਰਕੇ ਦਾਸ ਸਮੇਂ ਸਿਰ ਉਸ ਕਮੇਟੀ ਵਿਚ ਹਾਜ਼ਰ ਨਾ ਹੋ ਸਕਿਆ, ਨਹੀਂ ਤੇ ਭਰੀ ਕਮੇਟੀ ਵਿਚ ਹੀ ਪਤਾ ਲੱਗ ਜਾਂਦਾ। ਅਜੇਹੇ ਬਾਹਰੀ ਦਰਦੀ ਕੇਡੇ ਉਲਟ ਵਰਤਾਰੇ ਵਰਤਦੇ ਹਨ। ਜੇ ਪ੍ਰਬੰਧਕ, ਜ਼ਿੰਮੇਵਾਰ ਸੱਜਣ ਕੁਝ ਭੀ ਧਿਆਨ ਰੱਖਦੇ ਹੁੰਦੇ, ਤਦ ਅਜੇਹੇ ਹੌਸਲੇ ਕਰਨ ਵਾਲੇ ਬਾਹਰੀ ਦਰਦੀਆਂ ਨੂੰ ਅਨਭੋਲ ਹੀ ਅਜੇਹੀ ਹਿੰਮਤ ਨਾਂ ਹੁੰਦੀ। ਪਰ ਉਹ ਤਾਂ ਸਮਝਦੇ ਹਨ ਕਿ ਸਾਡੀ ਸਹਜ ਧਾਰਨਾਂ ਦੇ ਪਰਦੇ ਹੇਠ ਸਾਥੀ ਮੈਂਬਰ ਅਨਭੋਲ ਪਏ ਹਨ, ਜਿਹੜੀ ਸੱਟ ਦਾ ਸਮਾਂ ਮਿਲਦਾ ਹੈ, ਲਾਓ!

ਏਸੇ ਤਰ੍ਹਾਂ ਹੀ ਸੰਨ ੧੯੧੬–੧੭ ਦੀ ਪੰਜਾਬ ਟੈਕਸਟ ਬੁੱਕ ਕਮੇਟੀ ਦੀ ਸਰਕਾਰੀ ਰੀਪੋਰਟ (ਜੋ ਲਗਦੀ ਵਾਹ ਗੁਪਤ ਹੀ ਰੱਖੀ ਜਾਂਦੀ ਹੈ) ਵਿਚ ਪੰਜਾਬ ਟੈਕਸਟ ਬੁੱਕ ਕਮੇਟੀ ਵਲੋਂ ਪੜ੍ਹਾਈ ਦੀਆਂ ਛਪੀਆਂ ਪੁਸਤਕਾਂ ਦਾ ਵੇਰਵਾ ਦੇਖ ਕੇ, ਹਰ ਇਕ ਪੰਜਾਬੀ ਭਾਸ਼ਾ ਦਾ ਦਰਦ ਰੱਖਣ ਵਾਲੇ ਸੱਜਣ ਨੂੰ ਅਚਰਜ ਹੋਣਾ ਪਵੇਗਾ, ਕਿ ਕਿਸਤਰ੍ਹਾਂ ਪੰਜਾਬੀ ਪਾਠਕ ਵਿਦਯਾਰਥੀ ਤੇ ਵਿਦਯਾਰਥਣਾਂ ਨੂੰ ਪੰਜਾਬੀ ਦੇ ਇਮਤਹਾਨ ਵਾਸਤੇ ਭੀ ਮਜਬੂਰਨ ਹਿੰਦੀ, ਉਰਦੂ ਪੁਸਤਕਾਂ ਦੀ ਪੜ੍ਹਾਈ ਦਾ ਆਸਰਾ ਲੈਣਾ ਪੈਂਦਾ ਹੈ, ਕਿਉਂ ਜੋ ਪੰਜਾਬੀ ਭਾਸ਼ਾ ਵਿਚ ਪੜ੍ਹਾਈ ਦੀ ਸਕੀਮ ਵਿਚ ਰੱਖੇ ਪੁਸਤਕ ਭੀ ਪ੍ਰਕਾਸ਼ਤ ਨਹੀਂ ਹੁੰਦੇ, ਤੇ ਸ਼ਾਇਦ ਉੱਤਰ ਹੁਣ ਭੀ ਇਹੋ ਦਿੱਤਾ ਜਾਵੇ ਕਿ 'ਪੰਜਾਬੀ ਪੁਸਤਕਾਂ ਦੀ ਲਾਗਤ ਬਹੁਤ ਨਹੀਂ ਹੁੰਦੀ'। ਹਾਂ! ਕਿਸੇ ਹੱਦ ਤਕ ਏਹ ਸੱਚ ਭੀ ਹੈ ਤੇ ਦਾਸ ਆਪਣੇ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੇ ਪੁਸਤਕਾਂ ਦੇ ਪ੍ਰਚਾਰ ਦੇ ਹੱਡ ਵਰਤੇ ਤਜਰਬੇ ਨਾਲ ਦੱਸ ਸਕਦਾ ਹੈ, ਕਿ ਪੰਜਾਬੀ ਪਾਠਕਾਂ ਵਲੋਂ ਬੜੀ ਹੀ ਅਨਗਹਿਲੀ ਸਗੋਂ ਬੇਦਰਦੀ ਹੈ ਜੋ ਪੁਸਤਕ ਹੋਰ ਹੋਰ ਭਾਸ਼ਾਂ ਵਿਚ ਪ੍ਰਕਾਸ਼ਤ ਦਿਨਾਂ ਵਿਚ ਲੱਖਾਂ ਦੀ ਗਿਣਤੀ ਵਿਚ



Digitized by Panjab Digital Library | www.panjabdigilib.org

ਲੱਗ ਜਾਂਦੀ ਹੈ ਓਹ ਪੰਜਾਬੀ ਭਾਸ਼ਾ ਵਿਚ ਅਤੀ ਉੱਤਮ ਹੁੰਦੇ ਹੋਇਆਂ ਭੀ ਇਕ ਹਜ਼ਾਰ, ਵਰਿਹਾਂ ਵਿਚ ਮਸਾਂ ਹੀ ਖਪੇਗੀ। ਵਿਸ਼ੇਸ਼ ਕਰ................. (ਕੀਹ ਲਿਖਾਂ! ਆਗੂਆਂ ਦੇ ਜ਼ਿੰਮੇ ਹੀ ਆਵੇਗਾ) ਪਰ ਪੜ੍ਹਾਈ ਦੀਆਂ ਜ਼ਰੂਰੀ ਪੁਸਤਕਾਂ ਨਾਲ ਏਸ ਦਾ ਕੀ ਵਾਸਤਾ? ਹੁਕਮ ਅੱਗੇ ਹੁੱਜਤ ਕੌਣ ਕਰ ਸਕਦਾ ਹੈ? ਹੇਠ ਅਸੀਂ ਉਪ੍ਰੋਕਤ ਰੀਪੋਰਟ ਵਿਚੋਂ ਸਰਕਾਰੀ ਪੁਸਤਕਾਂ ਦੀ ੧ ਵਰਹੇ ਦੀ ਗਿਣਤੀ ਦੱਸਦੇ ਹਾਂ। ਪੰਜਾਬ ਸਰਕਾਰ ਵਲੋਂ ਪੰਜਾਬ ਟੈਕਸਟ ਬੁੱਕ ਕਮੇਟੀ ਦੇ ਰਾਹੀਂ ੧ ਵਰਹੇ ਵਿਚ ੧ ਅਪ੍ਰੈਲ ੧੯੧੬ ਤੋਂ ੩੧ ਮਾਰਚ ੧੯੧੭ ਤਕ ਪ੍ਰਕਾਸ਼ਤ ਹੋਈਆਂ (ਛਪੀਆਂ) ਪੁਸਤਕਾਂ ਦੀ ਗਿਣਤੀ ਏਸਤਰ੍ਹਾਂ ਹੈ,ਤੇ ਕਦੇ ਕਿਸੇ ਮੌਜੂਦਾ ਮੈਂਬਰ ਨੇ ਕੋਈ ਪੁੱਛ ਗਿੱਛ ਜਾਂ ਪੜਤਾਲ ਨਹੀਂ ਕੀਤੀ:-

| | |
|---|---|
| ਉਰਦੂ ਵਿਚ:—੭ ਲੱਖ ੩੭ ਹਜ਼ਾਰ ੫੦੦ ਸੌ | ੨੮ ਕਿਸਮ ਦੇ |
| ਹਿੰਦੀ ਵਿਚ:—੬੮ ਹਜ਼ਾਰ | ੧੧ ਕਿਸਮ ਦੇ। |
| ਪੰਜਾਬੀ ਵਿਚ:—੭ ਮੇਲ ਦੇ ਪੁਸਤਕ ਕੇਵਲ ੧੫ ਹਜ਼ਾਰ ਅਤੇ ੫੦ ਹਜ਼ਾਰ ਪੰਜਾਬੀ ਬਾਲ ਬੋਧ। | |
| ਫਾਰਸੀ ਵਿਚ:—੪੫ ਹਜ਼ਾਰ | ੪ ਕਿਸਮ ਦੇ। |
| ਸੰਸਕ੍ਰਿਤ ਵਿਚ:—੨੦ ਹਜ਼ਾਰ | ੩ ਕਿਸਮ ਦੇ। |
| ਅਰਬੀ ਵਿਚ:—੧੮ ਹਜ਼ਾਰ | ੫ ਕਿਸਮ ਦੇ। |

ਕੁਲ ਜੋੜ:—੯ ਲੱਖ ੫੩ ਹਜ਼ਾਰ ੫੦੦

ਹੋਰ ਦੇਖੋ ਇਕ ਵੱਡੀ ਜ਼ਰੂਰੀ ਪੁਸਤਕ ( Life Light & Cleanliness ) "ਜ਼ਿੰਦਗੀ-ਰੌਸ਼ਨੀ-ਤੇ ਸਫਾਈ" ਜੋ ਪੰਜਾਬ ਦੀ ਜਿੰਦ ਜਾਂਨ ਬੀਰ-ਸਿਖਾਂ, ਹਾਂ ! ਹਾਂ !! ਨਿਰੋਲ ਸਾਰੇ ਪੰਜਾਬੀਆਂ ਤੇ ਦੇਸ਼ ਭਰ ਦੀਆਂ ਤੀਵੀਆਂ ਜੋ ਪੰਜਾਬੀ ਤੋਂ ਛੁਟ ਹੋਰ ਕੁਝ ਜਾਣਦੀਆਂ ਹੀ ਨਹੀਂ ਹਨ ਵਾਸਤੇ ਲਾਭਦਾਇਕ ਪੁਸਤਕ ਹੈ-ਅੰਗ੍ਰੇਜ਼ੀ ਵਿਚ ੧੦੦੦੦, ਉਰਦੂ ਵਿਚ ੧੦੦੦੦,-ਹਿੰਦੀ ਵਿਚ ੫੦੦੦-ਪੰਜਾਬੀ ਵਿਚ ਕੇਵਲ ੧੦੦੦। ਹਾਂ! ਹਾਂ!! ਪੰਜਾਬੀ ਬੋਲਣ ਵਾਲੇ ੧ ਕ੍ਰੋੜ ੭੦ ਲੱਖ



Digitized by Panjab Digital Library | www.panjabdigilib.org

੧੦ ਹਜ਼ਾਰ ਵਾਸਤੇ ਕੇਵਲ ੧ ਹਜ਼ਾਰ ਪੁਸਤਕ ਪ੍ਰਕਾਸ਼ਤ ਹੁੰਦੀ ਹੈ, ਅਤੇ ਫੇਰ ਕਿਸੇ ਮੈਂਬਰ ਜਾਂ ਆਗੂ ਵਲੋਂ ਪੁੱਛ ਪ੍ਰਤੀਤ ਤਾਂ ਕਿਤੇ ਰਹੀ, ਖਬਰ ਸੁਰਤ ਭੀ ਨਹੀਂ ਲਈ ਜਾਂਦੀ!

ਅਜੇਹੇ ਇਕ ਨਹੀਂ ਬੇਅੰਤ ਹਨੇਰ ਖਾਤੇ ਹਨ ਤੇ ਸਾਡੇ ਬਾਹਰੀ ਸੱਜਣ, ਬਾਹਰੋਂ ਪੰਜਾਬੀ ਦੇ ਵੱਡੇ ਦਰਦੀ ਬਣ ਕੇ ਅੰਦਰੋਂ ਅੰਦਰ ਏਸ ਨੂੰ ਕੇਵਲ ਸਿਖਾਂ ਦੀ ਸਮਝ ਕੇ ਜਾਂ ਕਿਸੇ ਜ਼ਾਤੀ ਗਰਜ਼ ਪਿੱਛੇ ਪੰਜਾਬੀ ਭਾਸ਼ਾ ਦਾ ਗਲਾ ਦਬਾ ਰਹੇ ਹਨ, ਤੇ ਵਰਿਹਾਂ ਬੱਧੀ ਪੰਜਾਬੀ ਪੁਸਤਕਾਂ ਡਾਇਰੈਕਟ੍ਰ ਸਾਹਿਬ ਵਲੋਂ ਮਨਜ਼ੂਰ ਹੋ ਚੁੱਕੀਆਂ ਆਪਣੇ ਸਪੁਰਦ ਹੋਵਣ ਤੇ ਅੰਦਰੇ ਅੰਦਰ ਦਬਾ ਕੇ ਪੰਜਾਬੀ ਭਾਸ਼ਾ ਦਾ ਬੇੜਾ ਗਰਕ ਕਰ ਰਹੇ ਹਨ ਜਿਸ ਦੇ ਕਈ ਨਿੱਗਰ ਸਬੂਤ ਹਨ। ਜਿਸ ਪਾਸੇ ਪੰਜਾਬੀ ਭਾਸ਼ਾ ਦੇ ਸੱਚੇ ਦਰਦੀਆਂ ਨੂੰ ਚੋਖਾ ਧਿਆਨ ਦੇਵਣ ਦੀ ਲੋੜ ਹੈ। ਜੇ ਕਰ "ਸਿਖ ਐਜੂਕੇਸ਼ਨਲ ਕਮੇਟੀ(ਚੀ: ਖਾ: ਦੀ:)ਦੇ ਪ੍ਰਬੰਧਕਾਂ ਏਸ ਪਾਸੇ ਕੁਝ ਧਿਆਨ ਦੇਣਾ ਹੋਵੇ ਤਦ ਦਾਸ ਪਾਸ ਕਈ ਇਕ ਪੱਕੇ ਸਬੂਤ ਹਨ, ਜੋ ਹਾਜ਼ਰ ਕੀਤੇ ਜਾ ਸਕਦੇ ਹਨ। ਗੁਰਮਤੇ ਵਰਤੋਂ ਵਿਚ ਔਣੇਂ ਹੀ ਸਫਲ ਹੋ ਸਕਦੇ ਹਨ। ਸੰਗਤਾਂ ਦੇ ਜੈ ਕਾਰਿਆਂ ਨਾਲ ਸਫਲਤਾ ਦੀ ਆਸ ਨਹੀਂ। ੧੨-੪-੧੯੧੮

× × × × × × ×

੧ ਮਾਰਚ ਨੂੰ ਸ੍ਰ: ਰਘੁਬੀਰ ਸਿੰਘ ਜੀ ਸੰਧਾਵਾਲੀਏ ਰਾਜਾ ਸਾਂਸੀ ਵਾਲੇ ਰਈਸ, ਆਪਣੇ ਮੈਨੇਜਰ ਸ੍ਰ: ਗਿਆਨ ਸਿੰਘ ਜੀ ਸਮੇਤ ਪਾਦਰੀ ਸਾਹਿਬ ਨੂੰ ਮਿਲਨ ਵਾਸਤੇ ਤਰਨ ਤਾਰਨ ਆਏ ਤੇ ਭਾਈ ਸਾਹਿਬ ਜੀ ਪਾਸ ਠਹਿਰੇ। ਪੰਥਕ ਤੇ ਭਾਈ ਚਾਰਕ ਸੁਧਾਰ ਤੇ ਖੂਬ ਵਿਚਾਰਾਂ ਹੋਈਆਂ। ਤੁਰਦੀ ਵਾਰ ਭਾਈ ਸਾਹਿਬ ਜੀ ਨੇ ਆਪ ਨੂੰ 'ਆਤਮਕ ਉੱਨਤੀ, ਤੇ ਅਰੋਗਤਾ ਰਖਯਕ' ਦੋ ਪੁਸਤਕਾਂ ਪੇਸ਼ ਕੀਤੀਆਂ। ਬੜੇ ਪ੍ਰੇਮ ਤੇ ਆਦਰ ਨਾਲ ਵਿਦਾ ਹੋਏ।

ਇਸ ਸਾਲ ਵਿੱਚ ਦੁੱਖ ਭੁੱਖ ਤੇ ਰੋਗ ਆਦਿ ਦਾ ਬੜਾ ਜ਼ੋਰ ਹੋ



Digitized by Panjab Digital Library | www.panjabdigilib.org

ਗਿਆ। ਜੰਗ ਦੇ ਕਾਰਨ ਹੋਰ ਭੀ ਮੁਰਦਿਹਾਨਤਾ ਛਾ ਗਈ। ਜਿਨਸਾਂ ਦੇ ਭਾ ਬੜੇ ਚੜ੍ਹ ਗਏ। ਗਰੀਬਾਂ ਦੇ ਭਾਂ ਦੀ ਬਣ ਗਈ। ਇਸ ਲਈ ਸਭ ਤੋਂ ਪਹਿਲਾਂ ਤਾਂ ਆਪ ਨੇ ਮਾਨਸਕ ਤੇ ਆਤਮਕ ਖੁਰਾਕ ਪਹੁੰਚਾਵਣ ਲਈ ਇੱਕ 'ਸੇਵਕ ਜੱਥਾ' ਬਣਾਕੇ ਥਾਂ ਥਾਂ ਅਖੰਡ ਪਾਠਾਂ ਦੀ ਪ੍ਰੇਰਨਾ ਸ਼ੁਰੂ ਕੀਤੀ, ਤੇ ਸ਼ਹਿਰਦਾਰਾਂ ਨੂੰ ਪ੍ਰੇਰਕੇ ਧਰਮ ਪ੍ਰਚਾਰ ਜ਼ੋਰ ਨਾਲ ਸ਼ੁਰੂ ਕੀਤਾ। ਦੂਜੇ ਆਪ ਨੇ ਆਟਾ ਆਦਿਕ ਅਨਾਜ ਸਸਤਾ ਦਿਵਾਣਾ ਸ਼ੁਰੂ ਕਰਾਇਆ ਜਿਸ ਤੋਂ ਗ਼ਰੀਬਾਂ ਨੂੰ ਕੁਝ ਮਦਦ ਪ੍ਰਾਪਤ ਹੋਵੇ।

ਪਾਦਰੀ ਗਿਲਫੋਰਡ ਪ੍ਰਧਾਨ ਨਗਰ ਸਭਾ ਤਰਨ ਤਾਰਨ ਜਦ ਭੀ ਕਦੇ ਬਾਹਰ ਜਾਂਦੇ ਤਦ ਵੈਦ ਜੀ ਨੂੰ ਹੀ ਪ੍ਰਧਾਨਗੀ ਦਾ ਚਾਰਜ ਦੇ ਜਾਂਦੇ ਸਨ। ਇਸ ਸਾਲ ਭੀ ਆਪ ਨੇ ਕਈ ਵਾਰ ਕਮੇਟੀ ਵਿੱਚ ਪ੍ਰਧਾਨਗੀ ਦਾ ਕੰਮ ਨਿਭਾਇਆ।

ਸ਼ੁਕਰ ਸ਼ੁਕਰ ਕਰ ਕੇ ੧੧ ਨਵੰਬਰ ੧੯੧੮ ਨੂੰ ਜੰਗ ਮੁਕਾ। ਜਰਮਨ ਹਾਰ ਗਿਆ ਤੇ ਅੰਗ੍ਰੇਜ਼ ਜਿੱਤ ਗਏ । ੧੨ ਤਾਰੀਖ ਨੂੰ ਭਾਰਤ ਵਿੱਚ ਥਾਂ ਥਾਂ ਜਲਸੇ ਹੋਏ। ਜਿਹੜੀਆਂ ਸ਼ਰਤਾਂ ਓਸ ਵੇਲੇ ਹਾਰੇ ਹੋਏ ਜਰਮਨ ਤੋਂ ਅੰਗ੍ਰੇਜ਼ਾਂ ਤੇ ਇਨ੍ਹਾਂ ਦੇ ਸਾਥੀਆਂ ਨੇ ਮਨਵਾਈਆਂ। ਉਹ ਜ਼ਰੂਰ ਦੇਖਣ ਤੇ ਵਿਚਾਰਨ ਯੋਗ ਹਨ। ਜਿਨ੍ਹਾਂ ਨੂੰ ਪੜ੍ਹਕੇ ਪਾਠਕ ਜਨ ਅੰਦਾਜ਼ਾ ਲਾ ਸਕਦੇ ਹਨ ਕਿ 'ਜਿਸਦੀ ਲਾਠੀ ਓਸੇ ਦੀ ਮੱਝ' ਤੇ 'ਡਾਢੇ ਦਾ ਸੱਤੀ ਵੀਹੀਂ ਸੌ ਹੁੰਦਾ ਹੈ' ਦੀ ਕਹਾਵਤ ਸੱਚ ਹੈ। ਇਨ੍ਹਾਂ ਤੋਂ ਅਦਲ ਇਨ-ਸਾਫ ਤੇ ਆਜ਼ਾਦੀ ਦਾ ਭੀ ਪਤਾ ਲੱਗਦਾ ਹੈ ਕਿ ਯੂਰਪ ਕਿਵੇਂ ਆਜ਼ਾਦੀ ਪਸੰਦ ਹੈ। "ਜਰਮਨੀ ਨਾਲ ਜੰਗ ਬੰਦ ਕਰਨ ਦੀਆਂ ਸ਼ਰਤਾਂ ਦਾ ਸੰਖੇਪ" ਦਸੰਬਰ ੧੯੧੮ ਦੇ ਦੁਖ ਨਿਵਾਰਨ ਪੱਤ੍ਰ ਵਿੱਚ ਇਸ ਤਰ੍ਹਾਂ ਦਰਜ ਹੈ:—

## ਜੰਗ ਦਾ ਅੰਤ

"ਇਨ੍ਹਾਂ ਸ਼ਰਤਾਂ ਤੇ ਦਸਤਖਤ ਹੋ ਜਾਵਨ ਉਪ੍ਰੰਤ ਛੇ ਘੰਟੇ ਦੇ ਅੰਦਰ੨



Digitized by Panjab Digital Library | www.panjabdigilib.org

ਹਰ ਪ੍ਰਕਾਰ ਦੀ ਸਮੁੰਦਰੀ ਮੈਦਾਨੀ ਤੇ ਹਵਾਈ ਲੜਾਈ ਬੰਦ ਕੀਤੀ ਜਾਵੇ।"

(ਖੁਸ਼ਕੀ ਦੀਆਂ ਸ਼ਰਤਾਂ)

"੧. ਜਰਮਨੀ ਨੂੰ ਬਿਲਜੀਅਮ, ਫ੍ਰਾਂਸ, ਅਲਸਾਸ, ਲੋਰੇਨ ਤੇ ਲਕਸਮਬਰਗ ਅਰ ਹੋਰ ਸਾਰੇ ਮੁਲਕ ਜਿਨ੍ਹਾਂ ਪੁਰ ਉਸਨੇ ਚੜ੍ਹਾਈ ਕੀਤੀ ਸੀ ਤੁਰੰਤ ਹੀ ਖਾਲੀ ਕਰਨੇ ਪੈਣਗੇ।

੨. ਜਰਮਨੀ ਦਰਯਾ ਰਾਇਨ ਦਾ ਸਾਰਾ ਖੱਬਾ ਕੰਢਾ ਖਾਲੀ ਕਰ ਦੇਵੇਗਾ। ਅਰਮੈਨਸ, ਕੋਬਲੰਜ਼ ਤੇ ਕੋਲੂਨ ਮੁਕਾਮਾਂ ਪੁਰ ਇਸ ਦਰਯਾ ਦੇ ਜੋ ਬੜੇ ੨ ਪੁਲ ਆਦਿਕ ਹਨ ਉਨ੍ਹਾਂ ਪੁਰ ਮਿੱਤ੍ਰ ਰਾਜ ਕੱਚਾ ਕਬਜ਼ਾ ਕਰ ਲੈਣਗੇ।

੩, ਮਿੱਤ੍ਰ ਰਾਜਾਂ ਦੇ ਜਿੰਨੇ ਆਦਮੀ ਜਰਮਨੀ ਨੂੰ ਭੇਜੇ ਗਏ ਸਨ, ਜਰਮਨੀ ਉਨ੍ਹਾਂ ਸਭਨਾਂ ਨੂੰ ਹੀ ਵਾਪਸ ਕਰ ਦੇਵੇਗਾ।

੪. ਜਰਮਨੀ ਨੂੰ ੫ ਹਜ਼ਾਰ ਤੋਪਾਂ (ਜਿਸ ਵਿਚ ਢਾਈ ਹਜ਼ਾਰ ਸਮੁੰਦਰੀ ਤੇ ਢਾਈ ਹਜ਼ਾਰ ਮੈਦਾਨੀ ਹੋਣ) ੩੦ ਹਜ਼ਾਰ ਮਸ਼ੀਨ ਗਨਾਂ, ੩ ਹਜ਼ਾਰ ਖਾਈਆਂ ਦੀਆਂ ਤੋਪਾਂ, ੨ ਹਜ਼ਾਰ ਹਵਾਈ ਜਹਾਜ਼, ੫ ਹਜ਼ਾਰ ਰੇਲ ਦੇ ਇੰਜਨ, ੧੫੦੦੦੦ ਰੇਲ ਦੀਆਂ ਗੱਡੀਆਂ, ੫ ਹਜ਼ਾਰ ਮੋਟਰਾਂ ਮਿੱਤ੍ਰ ਰਾਜਾਂ ਦੇ ਹਵਾਲੇ ਕਰ ਦੇਣੀਆਂ ਹੋਣਗੀਆਂ, ਏਹ ਸਾਰਾ ਸਾਮਾਨ ਚੰਗਾ ਕੰਮ ਦਾ ਹੋਵੇ।

੫. ਸਾਰੇ ਖਾਲੀ ਕੀਤੇ ਜਾਣ ਵਾਲੇ ਇਲਾਕੇ ਰੇਲਾਂ ਸਮੇਤ ਚੰਗੇ ਹਾਲ ਵਿੱਚ ਬਹੁਤ ਛੇਤੀ ਖਾਲੀ ਕਰ ਦੇਣੇ ਪੈਣਗੇ।

੬. ਜਰਮਨੀ ਵਿੱਚ ਜੋ ਮਿੱਤ੍ਰ ਫੌਜਾਂ ਰੱਖੀਆਂ ਜਾਣਗੀਆਂ ਉਨ੍ਹਾਂ ਦੇ ਸਾਰੇ ਖਰਚ ਜਰਮਨਾਂ ਦੇ ਜ਼ਿੰਮੇ ਹੋਣਗੇ।

੭. ਜਰਮਨੀ ਨੂੰ ਮਿੱਤ੍ਰ ਰਾਜਾਂ ਦੇ ਸਾਰੇ ਜੰਗੀ ਕੈਦੀ ਬਿਨਾਂ ਕਿਸੇ ਵਟਾਂਦਰੇ ਦੇ ਤੁਰਤ ਵਾਪਸ ਕਰ ਦੇਣੇ ਪੈਣਗੇ।

੮. ਜਰਮਨੀ ਨੂੰ ਲੜਾਈ ਬੰਦ ਰਹਿਣ ਦੀ ਮਿਆਦ ਦੇ ਅੰਦਰ ੨



Digitized by Panjab Digital Library | www.panjabdigilib.org

ਉਹ ਸਾਰਾ ਨੁਕਸਾਨ ਪੂਰਾ ਕਰ ਦੇਣਾ ਪਵੇਗਾ, ਜੋ ਓਨ ਲੜਾਈ ਦੇ ਸਮੇਂ ਵਿੱਚ ਪੁਚਾਇਆ ਹੈ, ਅਰ ਜਰਮਨੀ ਨੂੰ ਅਮਾਨਤ ਆਦਿਕ ਦਾ ਸਾਰਾ ਰੁਪਯਾ, ਸਾਰੇ ਜ਼ਮਾਨਤ ਨਾਮੇ, ਅਰ ਤਮੱਸਕ ਆਦਿਕ, ਸਰਕਾਰੀ ਕਾਗਜ਼, ਜੋ ਉਹ ਕਬਜ਼ਾ ਕੀਤੇ ਹੋਏ ਅਲਾਕਿਆਂ ਤੋਂ ਲੈ ਗਿਆ ਸੀ ਰੋਕੜ ਸਮੇਤ (ਜੋ ਬਿਲਜੀਅਮ ਦੇ ਨੈਸ਼ਨਲ ਬੈਂਕ ਤੋਂ ਲੈ ਗਿਆ ਸੀ) ਅਰ ਸਾਰੇ ਸੋਨੇ ਸਮੇਤ (ਜੋ ਰੂਸ ਤੇ ਰੋਮਾਨੀਆਂ ਤੋ: ਖੋਹਿਆ) ਜ਼ਰੂਰ ਵਾਪਸ ਕਰ ਦੇਣੇ ਪੈਣਗੇ।"

(ਸਮੁੰਦਰੀ ਸ਼ਰਤਾਂ)

"੯. ਸਾਰੇ ਸਮੁੰਦਰੀ ਜੰਗੀ ਕੈਦੀ ਵਟਾਂਦਰੇ ਤੋਂ ਬਿਨਾਂ ਵਾਪਸ ਕੀਤੇ ਜਾਵਨ।

੧੦. ਸਾਰੀਆਂ ਟੁੱਬੀ ਮਾਰਾਂ, ੬ ਕ੍ਰੂਜ਼ਰ, ੧੦ ਜੰਗੀ ਜਹਾਜ਼, ੮ ਹੌਲੇ ਕ੍ਰੂਜ਼ਰ ਅਰ ੫੦ ਨਵੇਂ ਡਿਸਟ੍ਰਾਇਰ ਮਿੱਤ੍ਰ ਰਾਜਾਂ ਦੇ ਸਪੁਰਦ ਕਰਨ।

੧੧. ਜਰਮਨੀ ਸਾਰੇ ਸੁਰੰਗਾਂ ਦੀ ਥਾਂ ਦੱਸੇ ਜੋ ਓਨ੍ਹਾਂ ਨੂੰ ਹਟਾਂਨ ਵਾਸਤੇ ਸੌਖ ਹੋਵੇ।

੧੨. ਬਾਲਟਿਕ ਸਮੁੰਦਰ ਤੀਕਰ ਮਿੱਤ੍ਰ ਰਾਜ ਬਿਨਾਂ ਰੋਕ ਟੋਕ ਜਾਕੇ ਉਸ ਦੇ ਰਸਤੇ ਦੀਆਂ ਬੰਦਰਗਾਹਾਂ ਪੁਰ ਕਬਜ਼ਾ ਕਰ ਲੈਣ।

੧੩. ਹੌਲੀਗੋਲੈਂਡ ਪੁਰ ਕਬਜ਼ਾ ਕਰ ਲੈਣ ਦਾ ਹੱਕ ਮਿੱਤ੍ਰ ਰਾਜਾਂ ਨੂੰ ਪ੍ਰਾਪਤ ਹੋਵੇ।

੧੪. ਮਿੱਤ੍ਰ ਰਾਜਾਂ ਵੱਲੋਂ ਨਾਕਾਬੰਦੀ ਬਰਾਬਰ ਕੈਮ ਰਹੇ ਅਰ ਜਰਮਨਾਂ ਦੇ ਵਪਾਰੀ ਜਹਾਜ਼ ਫੜ ਲੈਣ ਦਾ ਹੱਕ ਉਨ੍ਹਾਂ ਨੂੰ ਰਹੇ।

੧੫. ਸਾਰਾ ਸਮੁੰਦਰੀ ਬੇੜਾ ਇੱਕ ਥਾਂ ਇਕੱਠਾ ਕਰਕੇ ਨਿਕੰਮਾਂ ਕਰ ਦਿੱਤਾ ਜਾਵੇ।

੧੬. ਕਾਲੇ ਸਮੁੰਦਰ ਦੇ ਸਾਰੇ ਜਹਾਜ਼ ਤਾਬੇ ਹੋ ਜਾਣ ਅਰ ਮਿੱਤ੍ਰ ਰਾਜਾਂ ਦੇ ਵਪਾਰੀ ਜਹਾਜ਼ ਵਾਪਸ ਕਰ ਦਿੱਤੇ ਜਾਵਨ।



Digitized by Panjab Digital Library | www.panjabdigilib.org

੧੭. ਜਰਮਨ ਵਪਾਰੀ ਜਹਾਜ਼ਾਂ ਦਾ ਆਣਾ ਜਾਣਾ ਬੰਦ ਰਹੇ।

੧੮. ਲੜਾਈ ਬੰਦ ਰਹਿਣ ਦੀ ਮਿਆਦ ੩੬ ਦਿਨ ਹੋਵੇਗੀ ਆਦਿਕ।

× × × × × × ×

ਸੰਖੇਪ ਵਿਚ ੧੯੧੮ ਵਿਚ ਆਪਨੇ ਸਾਂਝੇ ਸੰਬੰਧ ਵਿਚ, (੧) ਨਗਰ ਸਭਾ ਦੀਆਂ ਮੀਟਿੰਗਾਂ ਵਿਚ—ਵਿਚਵਾਰ ਪ੍ਰਧਾਨਗੀ, (੨) ਚੀਫ ਖਾਲਸਾ ਦੀਵਾਨ ਦੀ ਮੈਨੇਜਿੰਗ ਤੇ ਜਨਰਲ ਮੈਂਬਰੀ, (੩) ਆਲ ਇੰਡੀਆ ਵੈਦਕ ਐਂਡ ਯੂਨਾਨੀ ਤਿੱਬੀ ਕਾਨਫ੍ਰੰਸ ਦਿੱਲੀ ਦੀ ਮੈਨੇਜਿੰਗ ਕਮੇਟੀ ਦਾ ਮੈਂਬਰੀ। (੪) ਪੰਜਾਬ ਟੈਂਪਰੈਸ ਫੈਡਰੇਸ਼ਨ ਦੀ ਵਾਇਸ ਪ੍ਰੈਜ਼ੀਡੰਟੀ, (੫) ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦਾ ਕੰਮ, ਤੇ (੬) ਦੁਖ ਨਿਵਾਰਨ ਪਤ੍ਰ ਦਾ ਕੰਮ ਆਦਿਕ ਕੀਤੇ।

ਇਸ ਸਾਲ ਵਿਚ ਆਪਨੇ (੧) ਵਿਧਵਾ ਵਿਲਾਪ, (੨)ਸਿਆਣੀ ਮਾਤਾ, (੩) ਪਲੰਗ ਦੇ ਦਿਨਾਂ ਦੀ ਰੱਖਜਾ। (੪) ਅਬਲਾ ਵਿਲਾਪ। (੫) ਬਰਸਾਤੀ ਤਾਪ (ਮਲੇਰੀਆ), (੬) ਤਮਾਕੂ ਸੇਵਣ ਦੇ ਅਵਗੁਣ। (੭) ਦੋ ਸਹੇਲੀਆਂ ਦੀ ਵਾਰਤਾ। (੮) ਵਿਦਜਾ ਦਾ ਚਮਤਕਾਰ। (੯) ਨਵੀਨ ਜ੍ਵਰ ਚਕਿਤਸਾ। (੧੦) ਸਾਹ ਲੈਣ ਦਾ ਢੰਗ। (੧੧) ਸਿੱਖ ਕੀ ਤੇ ਸ਼ਰਾਬ ਤੋਂ ਨਾਂਹ ਕੀ? (੧੨) ਸੁਘੜ ਕੌਰ ਤੇ (੧੩) ਬੰਧਜਤਵ ਦੂਰ ਕਰਨ ਦਾ ਉਪਾ, ਆਦਿ ਪੁਸਤਕਾਂ ਪ੍ਰਕਾਸ਼ਤ ਕੀਤੀਆਂ।

ਸਿੱਖ ਐਜੂਕੇਸ਼ਨਲ ਕਮੇਟੀ ਦੀ ੧੯੧੭-੧੮ ਦੀ ਰਪੋਰਟ ਵਿਚ 'ਪੰਜਾਬੀ ਪ੍ਰਚਾਰ' ਦੀ ਸੁਰਖੀ ਹੇਠ ਅੰਕ ੧੬ ਸਫਾ ੨੭ ਤੇ ਦਰਜ ਹੈ ਕਿ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ ਤਰਨ ਤਾਰਨ ਦੀਆਂ ਪੁਸਤਕਾਂ...ਹੇਠ ਲਿਖੇ ਵੇਰਵੇ ਅਨੁਸਾਰ ਖਰੀਦੀਆਂ ਗਈਆਂ। ਅੱਗੇ (੧) ਗ੍ਰਿਹਿ ਪ੍ਰਬੰਧ ਸ਼ਾਸਤ੍ਰ, (੨) ਕਰਮ ਯੋਗ। (੩) ਜਵਾਨਾਂ ਦਾ ਰਾਖਾ। (੪) ਜੀਵਨ ਰਖਜਾ। (੫) ਆਤਮਕ ਉਨਤੀ ਤੇ (੬) ਸਰਬ ਗੁਣ ਸੰਪੰਨਤਾ ਦਰਜ ਹਨ।

ਚੀ: ਖਾ: ਦੀਵਾਨ ਵਲੋਂ ਆਪ ਬਾਹਰੋਂ ਆਈਆਂ ਪੰਜਾਬ



Digitized by Panjab Digital Library | www.panjabdigilib.org

ਪੁਸਤਕਾਂ ਦੇ ਰੀਵੀਉਅਰ ਭੀ ਸਨ, ਜਿਸਦਾ ਜ਼ਿਕਰ ਸਿ: ਐ: ਕਾਨਫ੍ਰੰਸ ਦੀ ੧੯੧੮-੧੯ ਦੀ ਰੀਪੋਰਟ ਦੇ ਸਫਾ ੭੩ ਤੇ ਦਰਜ ਹੈ। ਇਸੇ ਸਾਲ ੨੬ ਜਨਵਰੀ ਨੂੰ ਆਪ ਨੇ 'ਸੰਬੋਧ ਪੱਤ੍ਰ' ਦਾ ਦੂਜਾ ਖਰੜਾ ਠੀਕ ਕਰਕੇ ਅੰਮ੍ਰਿਤਸਰ ਭੇਜਿਆ,ਅਤੇ ੧੬ ਫਰਵਰੀ ਨੂੰ ਪੁਸਤਕ 'ਪੰਥ ਪੁਕਾਰ' ਜਿਸ ਵਿਚ ਰਾਗ ਮਾਲਾ ਸੰਬੰਧੀ ਲੋਕ ਰਾਇ ਇਕਤ੍ਰ ਕੀਤੀ ਗਈ, ਦਾ ਖਰੜਾ ਸੋਧਿਆ। ਜਿਸਨੂੰ ਸਰਦਾਰ ਹੁਕਮ ਸਿੰਘ ਜੀ* ਸਾਹਿਬ ਰਈਸ ਆਜ਼ਮ ਕਲਿਆਣਾ ਜ਼ਿਲਾ ਮਿੰਟਗੁਮਰੀ ਨੇ ਪ੍ਰਕਾਸ਼ਤ ਕਰਵਾਇਆ।

ਇਸੇ ਸਾਲ ੨੬ ਸਤੰਬਰ ੧੯੧੮ ਨੂੰ ਅਮ੍ਰਿਤ ਵੇਲੇ ਪੰਜ ਬਜਕੇ ਦਸ ਮਿੰਟ ਤੇ ਆਪਦੇ ਘਰ ਲੜਕਾ ਪੈਦਾ ਹੋਇਆ। ਜਿਸਦਾ ਨਾਮ ਸ੍ਰ: ਅਰਿਦਮਨ ਸਿੰਘ ਰਖਿਆ ਗਿਆ।

---

*ਸ੍ਰ: ਹੁਕਮ ਸਿੰਘਜੀ ਰਈਸ ਆਜ਼ਮ—ਆਪ ਕਲਿਆਣਾ ਜ਼ਿਲਾ ਮਿੰਟਗੁਮਰੀ ਦੇ ਮਸ਼ਹੂਰ ਸਿੱਖ ਰਈਸ ਹੋ ਗੁਜ਼ਰੇ ਹਨ। ਆਪ ਧਾਰਮਕ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਰਾਗ ਮਾਲਾ ਦੇ ਝਗੜੇ ਸਮੇਂ ਆਪ ਵਲੋਂ ਰਾਵਾਂ ਇਕੱਤ੍ਰ ਕਰ ਛਪਵਾਈ 'ਪੰਥ ਪੁਕਾਰ' ਪੁਸਤਕ ਇਕ ਇਤਿਹਾਸਕ ਚੀਜ਼ ਹੈ। ਦੂਸਰੀ ਹਜ਼ੂਰੀ ਯਾਤ੍ਰਾ ਟ੍ਰੇਨ ਦੀ ਰੀਪੋਰਟ ਆਪ ਵਲੋਂ ਛਪੀ ਜੋ ਕਈ ਪ੍ਰਬੰਧਕਾਂ ਤੇ ਯਾਤਰੂਆਂ ਨੂੰ ਅਜੇਹੀਆਂ ਟ੍ਰੇਨਾਂ ਵਿਚ ਸਫਰ ਕਰਨ ਲਈ ਬਹੁਤ ਲਾਭਕਾਰੀ ਹੋਵੇਗੀ। ਆਪ ਵੱਡੇ ਦਾਨੀ ਸਨ। ਸਰ ਦਾਤਾਰ ਸਿੰਘ ਜੀ ਆਪਦੇ ਹੀ ਸੁਯੋਗ ਸਪੁਤ੍ਰ ਹਨ।



Digitized by Panjab Digital Library | www.panjabdigilib.org

# ੧੯੧੯

## ਮਹਾਂ ਕਲੰਕੀ ਸਾਲ

"ਭਾਈ ਸਾਹਿਬ ਉਨ੍ਹਾਂ ਆਦਮੀਆਂ ਵਿਚੋਂ ਸਨ ਜੇਹੜੇ ਕਿ ਅਜ ਕਲ ਦੇ ਜ਼ਮਾਨੇ ਵਿਚ ਵਿਰਲੇ ਵਿਰਲੇ ਪੰਥ ਵਿਚ ਨਜ਼ਰ ਔਂਦੇ ਹਨ। ਉਨ੍ਹਾਂ ਦਾ ਜੀਵਨ ਸਾਡੇ ਲਈ ਇਕ Light House ਦਾ ਕੰਮ ਦੇਂਦਾ ਹੈ। ਕੋਈ ਕੰਮ ਪੰਥ ਦੀ ਭਲਾਈ ਵਾਸਤੇ ਐਸਾ ਨਹੀਂ ਸੀ ਜਿਸ ਵਿਚ ਭਾਈ ਸਾਹਿਬ ਕੁਰਬਾਨੀ ਕਰਨ ਨੂੰ ਤਿਆਰ ਨਹੀਂ ਸਨ।"

(ਸ੍ਰ: ਮੋਹਨ ਸਿੰਘ ਜੀ* ਮੈਂਬਰ ਇੰਡੀਆ ਕੌਂਸਲ, ਲੰਡਨ)

੧੯੧੯ ਦਾ ਸਾਲ ਖਾਸ ਤੌਰ ਨਾਲ ਪੰਜਾਬ ਦੇ ਇਤਿਹਾਸ ਵਿਚ ਇੱਕ ਮਹਾਂ ਕਲੰਕੀ ਸਾਲ ਦੇ ਨਾਮ ਨਾਲ ਅਮਿੱਟ ਅੱਖਰਾਂ ਵਿਚ ਲਿਖਿਆ ਰਹੇਗਾ। ਇਸੇ ਸਾਲ ਵਿਚ ਰੌਲਟ ਐਕਟ (ਕਾਲਾ ਕਾਨੂੰਨ) ਭਾਰਤ

---

*ਸ੍ਰੀ ਮਾਨ ਸ.ਬ.ਸ੍ਰਦਾਰ ਮੋਹਨ ਸਿੰਘ ਜੀ ਰਾਵਲਪਿੰਡੀ ਦੇ ਪ੍ਰਸਿੱਧ ਪ੍ਰਉਪਕਾਰੀ ਰਈਸ ਸ੍ਰਦਾਰ ਸੁਜਾਨ ਸਿੰਘ ਜੀ ਦੇ ਸਪੁਤ੍ਰ ਹਨ। ਆਪ ਚੀਫਸ ਕਾਲਜ ਦੇ ਪੜ੍ਹੇ ਹੋਏ ਹਨ। ਆਪ ਦੇ ਦਿਲ ਵਿਚ ਗੁਰ ਸਿਖੀ ਦਾ ਅਤਯੰਤ ਪ੍ਰੇਮ ਤੇ ਪੰਥ ਲਈ ਦਿਲ ਵਿਚ ਡਾਢਾ ਦਰਦ ਹੈ। ਆਪ ਸਿੱਖ ਵਿਦਜਕ ਕਾਨਫਰੰਸ (੧੯੨੮) ਮਿੰਟਗੁਮਰੀ ਦੇ ਪ੍ਰਧਾਨ ਸਨ। ਆਪ ਰਈਸ ਤੇ ਲੈਂਡ ਲਾਰਡ ਹੁੰਦੇ ਹੋਏ ਭੀ ਬੜੇ ਦਾਨੀ, ਮਿਲਨਸਾਰ ਨਿਤਨੇਮੀ ਤੇ ਗੁਰਸਿਖੀ ਦਾ ਸੁੰਦਰ ਨਮੂਨਾ ਹਨ। ਆਪ ਨੂੰ ਬਾਣੀ ਨਾਲ ਬਹੁਤ ਪ੍ਰੇਮ ਹੈ ਤੇ ਜਪੁਜੀ ਸਾਹਿਬ ਤੇ ਆਸਾ ਦੀ ਵਾਰ ਦੇ ਟੀਕੇ ਆਪ ਨੇ ਠੇਠ ਪੰਜਾਬੀ ਵਿਚ ਕੀਤੇ ਹੋਏ ਹਨ। ਫਰਵਰੀ ੧੯੩੫ ਤੋਂ ਇੰਡੀਆ ਕੌਂਸਲ ਦੇ ਮੈਂਬਰ ਹੋਕੇ ਲੰਡਨ (ਇੰਗਲੈਂਡ) ਗਏ ਹੋਏ ਹਨ।



Digitized by Panjab Digital Library | www.panjabdigilib.org

ਵਾਸੀਆਂ ਉਪਰ ਜ਼ਬਰ ਦਸਤੀ ਠੋਸਿਆ ਗਿਆ। ਇਸੇ ਸਾਲ ਹੀ ਜਲਿਆਂ ਵਾਲੇ ਬਾਗ ਸ੍ਰੀ ਅੰਮ੍ਰਿਤਸਰ ਵਿਚ ਅਨਭੋਲ,ਸ਼ਾਂਤ ਮਯ,ਨਿਹੱਥੇ ਸ਼ਹਿਰੀਆਂ ਉੱਤੇ ਗੋਲੀਆਂ ਚਲਾ ਕੇ ਹਜ਼ਾਰਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ। ਮਾਰਸ਼ਲ ਲਾ ਜਾਰੀ ਕਰ ਕੇ ਅੰਮ੍ਰਿਤਸਰ, ਲਾਹੌਰ, ਤਰਨ ਤਾਰਨ, ਕਸੂਰ, ਪੱਟੀ, ਖੇਮਕਰਨ, ਗੁਜਰਾਂ ਵਾਲਾ, ਵਜ਼ੀਰਾਂ ਬਾਦ ਆਦਿਕ ਥਾਵਾਂ ਤੇ ਸਾਰੇ ਪੰਜਾਬ ਵਿਚ ਜੋ ਜੋ ਜ਼ੁਲਮ ਹੋਏ ਉਨ੍ਹਾਂ ਨੂੰ ਪੜ੍ਹ ਸੁਣ ਕੇ ਹੁਣ ਭੀ ਇਕ ਸੱਚੇ ਸੁੱਚੇ ਖ਼ੂਨ ਵਾਲੇ ਬੰਦੇ ਦੇ ਹਿਰਦੇ ਵਿਚੋਂ ਲਾਟਾਂ ਨਿਕਲੇ ਬਗੈਰ ਨਹੀਂ ਰਹਿ ਸਕਦੀਆਂ। ਪੱਛਮੀ ਤਹਿਜ਼ੀਬ ਉਤੇ ਭੁੜਕਣ ਵਾਲਿਆਂ ਤੇ ਰਾਮ ਰਾਜ ਆਖਣ ਵਾਲੇ ਸੱਜਣਾਂ ਨੂੰ ਮਾਰਸ਼ਲ ਲਾ ਦੀ ਕਾਂਗ੍ਰਸ ਰੀਪੋਰਟ ਦੇ ਦੋਵੇਂ ਹਿੱਸੇ ਜ਼ਰੂਰ ਗੌਹ ਨਾਲ ਪੜ੍ਹਨੇ ਚਾਹੀਦੇ ਹਨ।

ਏਥੇ ਇਹ ਗੱਲ ਭੀ ਯਾਦ ਰੱਖਣੀ ਜ਼ਰੂਰੀ ਹੈ ਕਿ ਇਸ ਰੌਲਟ ਬਿਲ*ਦੇ ਵੱਡੀ ਕੌਂਸਲ ਵਿੱਚ ਪੇਸ਼ ਹੋਣ ਸਮੇਂ ਨਰਮ ਤੋਂ ਨਰਮ ਖਿਆਲੀਏ ਹਿੰਦੀ ਨੇ ਭੀ ਇਸਦੀ ਵਿਰੋਧਤਾ ਕੀਤੀ। ਹਿੰਦੂ ਤੇ ਮੁਸਲਮਾਨ ਸਭ ਨੇ ਇਸਦੀ ਵਿਰੋਧਤਾ ਕੀਤੀ। ੨੨ ਹਿੰਦੀ ਇਸਦੀ ਵਿਰੋਧਤਾ ਵਿੱਚ ਤੇ ੩੪ ਅੰਗ੍ਰੇਜ਼ (ਜਿਨ੍ਹਾਂ ਵਿੱਚ ਇੱਕ ਹਿੰਦੀ ਸੀ ਜਿਸ ਨੂੰ ਸਰਕਾਰੀ ਆਦਮੀ ਹੋਣ ਕਰਕੇ ਸਰਕਾਰ ਦੇ ਪੱਖ ਵਿੱਚ ਵੋਟ ਦੇਣਾ ਹੀ ਪੈਣਾ ਸੀ) ਅੱਡੋ ਅੱਡ ਹੋ ਗਏ। ਏਥੋਂ ਭੀ ਅੰਗ੍ਰੇਜ਼ਾਂ ਦੀ ਪਾਲਿਸੀ ਦਾ ਸਾਫ ਪਤਾ ਲੱਗ ਸਕਦਾ ਹੈ।

---

*ਰੌਲਟ ਐਕਟ—੧੦-੧੨-੧੯੧੭ ਨੂੰ ਹਾਈ ਕੋਰਟ ਦੇ ਜੱਜ ਮਿ: ਰੌਲਟ ਦੀ ਪ੍ਰਧਾਨਗੀ ਹੇਠ ਰਾਜ ਦ੍ਰੋਹੀ ਗੋਂਦਾਂ ਤੇ ਲਹਿਰਾਂ ਸੰਬੰਧੀ ਕਮੇਟੀ ਬੈਠੀ।

੧੫-੪-੧੯੧੮ ਰਪੋਰਟ ਤਿਆਰ ਹੋ ਕੇ ਸਰਕਾਰ ਹਿੰਦ ਪਾਸ ਭੇਜੀ ਗਈ।

੬-੨-੧੯੧੯ ਵੱਡੀ ਸ਼ਾਹੀ ਕੌਂਸਲ ਵਿਚ ਰੌਲਟ ਬਿਲ ਪੇਸ਼ ਹੋਇਆ।

੧੮-੩-੧੯੧੯ ਰੌਲਟ ਐਕਟ ਪਾਸ ਹੋਕੇ ਕਾਨੂੰਨ ਬਣਿਆ।

੨੪-੩-੧੯੧੯ ਮਹਾਤਮਾ ਗਾਂਧੀ ਨੇ ਐਲਾਨ ਕੀਤਾ ਜਿਸ ਮੁਤਾਬਕ।

੬-੪-੧੯੧੯ ਨੂੰ ਹਿੰਦੁਸਤਾਨ ਭਰ ਵਿਚ ਜ਼ਬਰਦਸਤ ਹੜਤਾਲ ਹੋਈ।

੯-੪-੧੯੧੯ ਰਾਮਨੌਮੀ ਅੰਮ੍ਰਿਤਸਰ ਹਿੰਦੂ-ਮੁਸਲਮਾਨਾਂ ਇਕੱਠਾ ਪਾਣੀ ਪੀਤਾ।



Digitized by Panjab Digital Library | www.panjabdigilib.org

ਬਿੱਲ ਪਾਸ ਹੋ ਗਿਆ ਤੇ ਕਾਨੂੰਨ ਬਣ ਗਿਆ। ਸਰਕਾਰ ਨੇ ਇਹ ਭੀ ਪ੍ਰਗਟ ਕੀਤਾ ਸੀ ਕਿ ਇਹ ਕਾਨੂੰਨ ਲੜਾਈ ਦੇ ਸਮੇਂ ਲਈ, ਕੋਈ ਸ਼ੋਰ ਸ਼ਰਾਬਾ ਹੋਵੇ ਤਾਂ ਉਸ ਨੂੰ ਦਬੌਣ ਲਈ ਵਰਤਿਆ ਜਾਵੇਗਾ। ਪਰ ਸਵਾਲ ਉੱਠਦਾ ਹੈ ਕਿ ਜਦ ਅੱਗੇ ਹੀ ਅਨੇਕ ਸਖਤ ਤੋਂ ਸਖਤ ਕਾਨੂੰਨ ਬਣੇ ਪਏ ਹਨ, ਤਾਂ ਇਸ ਦੀ ਹੋਰ ਕੀ ਲੋੜ ਸੀ? ਪਰ ਏਥੇ ਤਾਂ 'ਡਾਢੇ ਦਾ ਸੱਤੀਂ ਵੀਹੀਂ ਸੌ ਸੀ'। ਅਸੀਂ ਰੌਲਟ ਕਮੇਟੀ ਦਾ ਮਨਤਵ ਉੱਪਰ ਦੱਸ ਆਏ ਹਾਂ, ਪਰ ਪਾਠਕਾਂ ਨੂੰ ਸੰਖੇਪ ਸ਼ਬਦਾਂ ਵਿੱਚ ਫੇਰ ਦੱਸ ਦਿੰਦੇ ਹਾਂ ਕਿ ਇਸ (ਰੌਲਟ) ਕਮੇਟੀ ਦੇ ਕੰਮ ਕਰਨ ਦੇ ਦੋ ਮਨਤਵ ਸਨ:–

ਪਹਿਲਾ ਉਨ੍ਹਾਂ ਅਪਰਾਧੀ ਸਾਜ਼ਸ਼ਾਂ ਦੀ ਹਾਲਤ ਸੰਬੰਧੀ ਪੜਤਾਲ ਤੇ ਰਪੋਰਟ ਕਰਨਾ ਜਿਨ੍ਹਾਂ ਦਾ ਸੰਬੰਧ ਹਿੰਦੁਸਤਾਨ ਵਿੱਚ ਰਾਜ ਵਿਰੁੱਧ ਲਹਿਰ ਨਾਲ ਸੀ। ਦੂਜਾ ਉਨ੍ਹਾਂ ਔਕੜਾਂ ਦੀ ਵਿਚਾਰ ਤੇ ਉਨ੍ਹਾਂ ਤੇ ਧਿਆਨ ਕਰਨਾ ਜੋ ਅਜੇਹੀਆਂ ਸਾਜ਼ਸ਼ਾਂ ਨੂੰ ਦੂਰ ਕਰਨ ਵਿੱਚ ਪੇਸ਼ ਆਉਣ ਅਤੇ ਜੇ ਜ਼ਰੂਰੀ ਹੋਵੇ ਤਾਂ ਕਿਸੇ ਅਜੇਹੇ ਕਾਨੂੰਨ ਤਿਆਰ ਕਰਨ ਦੀ ਸਲਾਹ ਦੇਣੀ ਜਿਸ ਨਾਲ ਸਰਕਾਰ ਉਨ੍ਹਾਂ ਸਾਜ਼ਸ਼ਾਂ ਨੂੰ ਅੱਛੀ ਤਰ੍ਹਾਂ ਦੂਰ ਕਰ ਸਕੇ। ਇਸ ਕਮੇਟੀ ਨੇ ਆਪਣੀ ਰਪੋਰਟ ੧੫ ਅਪ੍ਰੈਲ ੧੯੧੮ ਨੂੰ ਸ੍ਰਕਾਰ ਹਿੰਦ ਦੇ ਪੇਸ਼ ਕੀਤੀ।

੬ ਫਰਵਰੀ ੧੯੧੯ ਨੂੰ ਵੱਡੀ ਸ਼ਾਹੀ ਕੌਂਸਲ ਵਿੱਚ ਰੌਲਟ ਬਿਲ ਪਾਸ ਹੋ ਗਿਆ,ਤੇ ਸਰਕਾਰ ਨੇ ੧੮ ਮਾਰਚ ੧੯੧੯ ਨੂੰ ਇਸ ਦਾ ਕਾਨੂੰਨ ਬਣਾ ਲਿਆ। ਇਸ ਬਿਲ ਦੀ ਵਿਰੋਧਤਾ ਲਈ ਕੌਂਸਲ ਵਿੱਚ ਜੋ ਤਕਰੀਰ ਮਿਸਟਰ ਸ਼ਾਸਤ੍ਰੀ ਨੇ ਕੀਤੀ ਉਹ ਭੀ ਇੱਕ ਯਾਦ ਰੱਖਣ ਵਾਲੀ ਹੀ ਹੈ। ਇਸ ਬਾਰੇ ਵੈਦ ਜੀ ਨੇ ਅਪ੍ਰੈਲ ਦੇ 'ਦੁਖ ਨਿਵਾਰਨ' ਵਿੱਚ ਇੱਕ ਸੰਖੇਪ ਜੇਹਾ ਨੋਟ ਇਸਤਰ੍ਹਾਂ ਦਿੱਤਾ ਹੈ:–

> "ਨਵੇਂ ਫੌਜੀ ਕਾਨੂੰਨ ਜੋ ਰੌਲਟ ਕਮੇਟੀ ਦੀ ਸਫਾਰਸ਼ ਨਾਲ ਬਣ ਗਏ ਹਨ, ਏਨ੍ਹਾਂ ਤੋਂ ਸਾਰਾ ਦੇਸ਼ ਦੁਖੀ ਹੋ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਜਾ ਦੀ ਆਵਾਜ਼ ਦਾ ਮਾਨ ਕਰੇ।"



Digitized by Panjab Digital Library | www.panjabdigilib.org

ਹੁਣ ਅਸੀਂ ਪਾਠਕਾਂ ਨੂੰ ਸੰਖੇਪ ਮਾਤ੍ਰ ਨਾਲ ਇਹ ਦੱਸ ਦੇ ਹਾਂ ਕਿ ਇਹ ਕਾਨੂੰਨ ਕਿੱਥੇ ੨ ਵਰਤਿਆ ਜਾ ਸਕਦਾ ਹੈ । ਸਭ ਤੋਂ ਵੱਡਾ ਲੜਾਈ ਦਾ ਅਪਰਾਧ, ਖਤਰੇ ਵਾਲੇ ਹਥਿਆਰ ਨਾਲ ਹਥਿਆਰ ਬੰਦ ਹੋਕੇ ਬਲਵਾ ਕਰਨਾ, ਜਮਾਤਾਂ ਵਿੱਚ ਵੈਰ ਵਧੌਣਾ, ਖਤਰੇ ਵਾਲੇ ਹਥਿਆਰ ਨਾਲ ਸਖਤ ਸੱਟ ਪੁਚੌਣੀ, ਕਿਸੇ ਦੀ ਮਾਲਕੀ ਖੋਹ ਲੈਣ, ਜਾਂ ਕਿਸੇ ਕਾਨੂੰਨ ਵਿਰੁੱਧ ਕੰਮ ਤੇ ਮਜਬੂਰ ਕਰਨ ਲਈ ਸੱਟ ਪੁਚੌਣੀ, ਜ਼ੋਰ ਤੇ ਸਖਤੀ ਨਾਲ ਮਤਲਬ ਹਾਸਲ ਕਰਨ ਲਈ ਅਪਰਾਧੀ ਕਾਰਰਵਾਈ ਡਾਕਾ ਆਦਿਕ, ਸਰਕਾਰ ਦੇ ਕਿਸੇ ਕਾਨੂੰਨ ਤੇ ਜ਼ੋਰ ਦੀ ਨੁਕਤਾਚੀਨੀ ਕਰਨੀ, ਮਜ਼ਹਬੀ ਬਲਵਾ, ਹਿੰਦੂ ਮੁਸਲਮਾਨਾਂ ਦਾ ਝਗੜਾ, ਘਰੋਗੀ ਮਤਲਬ ਲਈ ਸਖਤੀ ਦਾ ਵਰਤਾਉ ਤੇ ਡਾਕਾ ਮਾਰਨ ਦਾ ਪੇਸ਼ਾ ਆਦਿ ਸਾਰੇ ਦੇ ਸਾਰੇ ਅਪਰਾਧ ਇਸੇ ਰਾਜ ਵਿਰੋਧੀ ਲਹਿਰ ਹੇਠਾਂ ਸਮਝੇ ਜਾ ਸਕਦੇ ਹਨ।

ਇਸ ਕਾਨੂੰਨ ਹੇਠ ਮੁਕਦਮੇਂ ਕਿਵੇਂ ਸੁਣੇ ਜਾਂਦੇ ਹਨ? ਅਸੀਂ ਕਾਨੂੰਨ ਪੇਸ਼ ਕਰਨ ਵਾਲੇ ਦੇ ਆਪਣੇ ਸ਼ਬਦਾਂ ਵਿਚ ਹੀ ਦਸਾਂਗੇ:–

"ਅਜੇਹੇ ਮੁਕੱਦਮਿਆਂ ਤੇ ਅਮਲ ਬਹੁਤ ਛੇਤੀ ਬਿਨਾ ਚਾਲਾਣ ਦੇ ਹੋਵੇਗਾ। ਅਪੀਲ ਕਰਨ ਦਾ ਕੋਈ ਹੱਕ ਨਹੀਂ। ਮੁਕਦਮੇ ਦੀ ਕਾਰਰਵਾਈ ਸਭ ਬੰਦ ਕਮਰੇ ਵਿਚ ਹੋਵੇਗੀ। ਅਦਾਲਤ ਜਿਵੇਂ ਭੀ ਚਾਹੇ ਤੇ ਜਿਵੇਂ ਭੀ ਯੋਗ ਸਮਝੇ ਸੂਬੇ ਦੇ ਕਿਸੇ ਥਾਂ ਤੇ ਮੁਕਦਮੇ ਦਾ ਪੂਰਾ ਚਿਰ ਜਾਂ ਉਸ ਵਿਚੋਂ ਥੋੜਾ ਚਿਰ ਅਜਲਾਸ ਕਰੇ।" ਅੱਗੇ ਦਫਾ ੧੭ ਦੇ ਮਾਤਹਿਤ ਅਜੇਹੇ ਮੁਕਦਮਿਆਂ ਦੇ ਫੈਸਲੇ ਆਖਰੀ ਕਰਾਰ ਦਿੱਤੇ ਗਏ ਹਨ। ਨਾ ਉਨ੍ਹਾਂ ਦੀ ਅਪੀਲ ਕੀਤੀ ਜਾ ਸਕਦੀ ਹੈ ਤੇ ਨਾ ਹੀ ਨਜ਼ਰਸਾਨੀ। ਅੱਗੇ ਦਫਾ ੨੬ ਵਿਚ ਦਰਜ ਹੈ:–"ਜਿਸ ਆਦਮੀ ਤੇ ਅਪਰਾਧ ਲਾਇਆ ਗਿਆ ਹੋਵੇ, ਉਸ ਨੂੰ ਆਪਣਾ ਵਕੀਲ ਪੇਸ਼ ਕਰਨ ਦੀ ਖੁੱਲ੍ਹ ਨਹੀਂ ਹੋਵੇਗੀ। ਸਰਕਾਰ ਨੂੰ ਹੀ ਇਸ ਗੱਲ ਦਾ ਹੱਕ ਹੋਵੇਗਾ।" ਅੱਗੇ ਇਹ ਭੀ ਹੈ ਕਿ 'ਅਪਰਾਧੀ ਦੇ ਗਵਾਹ ਭੀ ਨਹੀਂ ਲਏ ਜਾ ਸਕਦੇ'। ਅਸੀਂ ਬਹੁਤ ਹੀ ਸੰਖੇਪ ਨਾਲ ਕੁਛ ੨ ਭਾਵ ਦੱਸੇ ਹਨ। ਲੋੜਵੰਦ ਇਸ ਕਾਨੂੰਨ ਦਾ ਖਰੜਾ ਪੜ੍ਹ ਸਕਦੇ



Digitized by Panjab Digital Library | www.panjabdigilib.org

ਹਨ, ਕਿਉਂਕਿ ਸਾਡਾ ਲੇਖ ਬਹੁਤ ਵਧ ਰਿਹਾ ਹੈ। ਇਸ ਲਈ ਏਨਾ ਕਹਿ ਕੇ ਹੀ ਬੰਦ ਕਰਦੇ ਹਾਂ, ਕਿ ਇਸ ਕਾਨੂੰਨ ਬਾਬਤ ਆਮ ਜ਼ਬਾਨਾਂ ਵਿਚੋਂ ਇਹ ਕਿਹਾ ਜਾਂਦਾ ਸੀ, ਕਿ ਇਸ ਕਾਲੇ ਕਾਨੂੰਨ ਹੇਠ 'ਨਾ ਅਪੀਲ, ਨਾ ਦਲੀਲ ਤੇ ਨਾ ਵਕੀਲ ਹੋ ਸਕਦਾ ਹੈ'।

ਹੁਣ ਅਸੀਂ ਫੇਰ ਆਪਣੇ ਅਸਲੀ ਮਤਲਬ ਵਲ ਆਉਂਦੇ ਹਾਂ। ਇਸ ਕਾਨੂੰਨ ਦੇ ਪਾਸ ਹੋ ਜਾਣ ਤੇ ਦੇਸ਼ ਵਿਚ ਮਾਤਮ ਛਾ ਗਿਆ। ੨੪ ਮਾਰਚ ੧੯੧੯ ਨੂੰ ਮਹਾਤਮਾ ਗਾਂਧੀ ਨੇ ਇਕ ਅਪੀਲ ਜਾਰੀ ਕੀਤੀ ਕਿ ਇਸ ਕਾਨੂੰਨ ਦੇ ਰੋਸ ਵਜੋਂ ਸਾਰੇ ਹਿੰਦੋਸਤਾਨ ਵਿਚ ੬ ਅਪ੍ਰੈਲ ੧੯੧੯ ਨੂੰ ਆਮ ਸ਼ਾਂਤ ਮਯ ਹੜਤਾਲ ਕੀਤੀ ਜਾਵੇ, ਵਰਤ ਰੱਖੇ ਜਾਣ ਤੇ ਪ੍ਰਾਰਥਨਾ ਕੀਤੀ ਜਾਵੇ। ਇਹ ਬੜੀ ਹੀ ਮੁਕੱਮਲ ਹੜਤਾਲ ਹੋਈ। ਹਿੰਦੂਆਂ ਮੁਸਲਮਾਨਾਂ ਦਾ ਭਰਾਵਾਂ ਵਾਂਗ ਮਿਲਾਪ ਹੋ ਗਿਆ।

ਆਮ ਲੋਕਾਂ ਦਾ ਖਿਆਲ ਸੀ ਕਿ ਲੜਾਈ ਬੰਦ ਹੋਣ ਪਿੱਛੋਂ ਕੁਛ ਆਰਾਮ ਹੋ ਜਾਊ, ਸਰਕਾਰ ਜਿੱਤ ਦੀ ਖੁਸ਼ੀ ਵਿਚ ਕੁਛ ਸੁਖ ਦੇ ਸਾਧਨ ਪੈਦਾ ਕਰੂ, ਪਰ ਏਧਰ ਹੋਰ ਹੀ ਗੁਲ ਖਿਲਿਆ।

ਸੰਖੇਪ ਵਿੱਚ ਹੜਤਾਲ ਤੋਂ ਅਫਸਰ ਚਿੜ ਗਏ। ਉਨੀ ਪੰਜਾਬੀਆਂ ਨੂੰ ਕੁਚਲਨ ਦੀ ਠਾਨ ਲਈ। ਉਨ੍ਹਾਂ ਨੂੰ ਹਿੰਦੂ ਮੁਸਲਮਾਨਾਂ ਦਾ ਭਰਾਵਾਂ ਵਾਂਗ ਮਿਲ ਬੈਠਣਾ ਨਾ ਸੁਖਾਇਆ।

ਡਾਕਟਰ ਸਤਜਾਪਾਲ ਨੇ ਮਹਾਤਮਾਂ ਗਾਂਧੀ ਜੀ ਨੂੰ ਪੰਜਾਬ ਔਣ ਲਈ ਸੱਦਾ ਦਿੱਤਾ ਹੋਇਆ ਸੀ ਤਾਂਕੇ ਆਕੇ ਪੰਜਾਬੀਆਂ ਨੂੰ 'ਸਤਜਾਗ੍ਰਹ' ਦੇ ਅਸੂਲ ਸਮਝਾਵੇ। ਪੰਜਾਬ ਸਰਕਾਰ ਨੇ ਉਸ ਨੂੰ ਪੰਜਾਬ ਵਿੱਚ ਪੈਰ ਧਰਦਿਆਂ ਗੁੜਗਾਉਂ ਕੋਲੋਂ ਹੀ ਗ੍ਰਿਫਤਾਰ ਕਰਕੇ ਬੰਬਈ ਵੱਲ ਭੇਜ ਦਿੱਤਾ। ਏਧਰ ਰਾਮਨੌਮੀ ੯ ਅਪ੍ਰੈਲ ਨੂੰ ਹਿੰਦੂਆਂ ਦਾ ਧਾਰਮਕ ਤਿਉਹਾਰ ਸੀ ਉਸ ਵਿੱਚ ਮੁਸਲਮਾਨ ਭਰਾ ਭੀ ਸ਼ਾਮਲ ਹੋ ਗਏ। ਦੂਜੇ ਦਿਨ ਪੁਲਿਸ ਨੇ ਅੰਮ੍ਰਿਤਸਰ ਪੁਲ ਉੱਪਰ ਘਾਬਰਿਆਂ ਹੋਇਆਂ ਵਾਂਗ ਲੀਡਰਾਂ ਦੇ ਸਮਝੌਂਦੇ ਸਮਝੌਂਦਿਆਂ ਗੋਲੀ ਚਲਾ ਦਿੱਤੀ। ਬਹੁਤ ਸਾਰੇ ਆਦਮੀ ਮਰ ਗਏ ਤੇ



Digitized by Panjab Digital Library | www.panjabdigilib.org

ਬਹੁਤ ਫੱਟੜ ਹੋਏ। ਹੁਣ ਲੋੜ ਇਸ ਗੱਲ ਦੀ ਸੀ ਕਿ ਲਾਸ਼ਾਂ ਨੂੰ ਸੰਭਾਲਿਆ ਜਾਂਦਾ ਤੇ ਫੱਟੜਾਂ ਦੀ ਹਿਫਾਜ਼ਤ ਕੀਤੀ ਜਾਂਦੀ, ਪਰ ਹਾਕਮਾਂ ਨੇ, ਨਾ ਤਾਂ ਆਪ ਇਉਂ ਕੀਤਾ ਤੇ ਨਾ ਵਾਹ ਲੱਗਦੀ ਕਿਸੇ ਨੂੰ ਕਰਨ ਦਿੱਤਾ। ਇਸੇ ਰਾਤ ਨੂੰ ਡਾਕਟਰ ਕਿਚਲੂ ਤੇ ਡਾਕਟਰ ਸਤਿਆਪਾਲ ਨੂੰ ਰਾਤੋ ਰਾਤ ਫੜ੍ਹਕੇ ਦੇਸ਼ ਨਿਕਾਲਾ ਦੇ ਦਿੱਤਾ। ਬਲਦੀ ਤੇ ਤੇਲ ਪੈ ਗਿਆ, ਲੋਕ ਭੜਕ ਉੱਠੇ, ਕਈ ਅੰਗ੍ਰੇਜ਼ ਮਾਰ ਸਿੱਟੇ। ਬੈਂਕ ਲੁੱਟ ਲਏ, ਪਰ ਦੂਜੇ ਦਿਨ ਹੀ ਸਭ ਆਰਾਮ ਹੋ ਗਿਆ। ਸਾਰੇ ਸ਼ਾਂਤ ਹੋ ਗਈ, ਏਧਰ ਓਡਵਾਇਰ ਭਰਿਆ ਪੀਤਾ ਬੈਠਾ ਸੀ ਉਸਦੇ ਦਿਲ ਦਾ ਗੁਬਾਰ ਤਾਂ ਅਜੇ ਓਵੇਂ ਹੀ ਸੀ, ਉਸ ਨੇ ਜਨਰਲ ਡਾਇਰ ਨੂੰ ਅੰਮ੍ਰਿਤਸਰ ਭੇਜਿਆ। ਬੱਸ ਫੇਰ ਕੀ ਸੀ ਅੰਧੇਰ ਗਰਦੀ ਸ਼ੁਰੂ ਹੋ ਗਈ। ਥਾਂ ਥਾਂ ਲੋਥਾਂ ਤੇ ਫੜੋ ਫੜੀ ਸ਼ੁਰੂ ਹੋ ਗਈ। ੧੩ ਅਪ੍ਰੈਲ ਵੈਸਾਖੀ ਦਾ ਮੇਲਾ ਸੀ, ਲੋਕ ਜਲਿਆਂ ਵਾਲੇ ਬਾਗ ਅੰਮ੍ਰਿਤਸਰ ਵਿੱਚ ਇਕੱਠੇ ਹੋਏ। ਜਲਸਾ ਦੋ ਕੁ ਬਜੇ ਤੋਂ ਸ਼ੁਰੂ ਹੋਇਆ। ਡਾਇਰ ਨੂੰ ਸਭ ਪਤਾ ਸੀ। ਜਦ ਐਨ ਜਲਸਾ ਭਰਿਆ, ਲੋਕੀ ਨਿੱਕੇ ਨਿੱਕੇ ਬਾਲਾਂ ਨੂੰ ਚੁੱਕੀ ਜਲਸੇ ਵਿੱਚ ਬੇਖੌਫ ਫਿਰ ਰਹੇ ਸਨ। ਪੰਜ ਵਜੇ ਦੇ ਕਰੀਬ ਡਾਇਰ ਆਇਆ ਤੇ ਬਾਗ਼ ਦੇ ਵੱਡੇ ਰਸਤੇ ਵਿੱਚ ਸਿਪਾਹੀ ਖੜੇ ਕਰ ਦਿੱਤੇ। ਲੋਕੀਂ ਬੇਖੌਫ ਆਪਣੇ ਧਿਆਨ ਵਿੱਚ ਲੈਕਚਰ ਸੁਣ ਰਹੇ ਸਨ, ਕਿ ਠਾਹ ਠਾਹ ਗੋਲੀ ਚਲ ਪਈ। ਸੈਂਕੜੇ ਆਦਮੀ ਢੇਰ ਹੋਏ। ਭਜਦਿਆਂ ਦੇ ਪਿੱਛੇ ਤੇ ਨਾਲ ਦੇ ਕੋਠਿਆਂ ਉੱਤੇ ਬੈਠਿਆਂ ਨੂੰ ਗੋਲੀਆਂ ਨਾਲ ਮਾਰ ਦਿੱਤਾ। ਡਾਇਰ ਦੇ ਆਪਣੇ ਕਥਨ ਮੁਜਬ 'ਦੱਸ ਮਿੰਟ ਗੋਲੀ ਚਲਾਈ ਗਈ' ਤੇ ੧੬੫੦ ਗੋਲੀਆਂ ਚਲਾਈਆਂ ਗਈਆਂ। ਜੰਨਰਲ ਡਾਇਰ ਨੇ ਇਸ ਲਈ ਨਹੀਂ ਗੋਲੀ ਬੰਦ ਕੀਤੀ, ਕਿ ਲੋਕੀ ਭਜ ਰਹੇ ਸਨ, ਸਗੋਂ ਇਸ ਲਈ ਕਿ ਉਸ ਪਾਸੋਂ ਹੋਰ ਗੋਲੀਆਂ ਹੀ ਮੁਕ ਗਈਆਂ ਸਨ। ਉਹ ਆਪਣੀ ਗਵਾਹੀ ਵਿਚ ਆਖਦਾ ਹੈ ਕਿ 'ਜੇ ਮੇਰੀ ਗੋਲ।ਆਂ ਚਲੌਣ ਵਾਲੀ ਗੱਡੀ (ਮਿਸ਼ੀਨ ਗਨ) ਅੰਦਰ ਆ ਜਾਂਦੀ ਤਾਂ ਮੈਂ ਉਸ ਨਾਲ ਫਾਇਰ ਕਰਦਾ।' ਜਿਸ ਨਾਲ ਸ਼ਾਇਦ ਇਕ ਆਦਮੀ ਭੀ ਨਾ ਬਚਦਾ। ਜਲਸੇ ਵਿਚ ਤੀਹ ਹਜ਼ਾਰ ਦੇ ਕਰੀਬ



Digitized by Panjab Digital Library | www.panjabdigilib.org

ਆਦਮੀਸਨ,ਅੰਦਾਜ਼ਾ ਹੈ ਕਿ ਹਜ਼ਾਰ ਤੇ ਪੰਦਰਾਂ ਸੌ ਦੇ ਵਿਚ ੨ ਆਦਮੀ ਥਾਂ ਮਰੇ।ਕੋਲ ਦੇ ਮਕਾਨ ਵਿਚ ਇਕ ੧੩ ਸਾਲ ਦੀ ਉਮਰ ਦਾ ਲੜਕਾ'ਮਦਨ' ਬੈਠਾ ਸੀ ਜ਼ਾਲਮ ਡਾਇਰ ਨੇ ਝੱਟ ਓਥੇ ਗੋਲੀ ਮਾਰੀ ਤੇ ਖਤਮ ਕਰ ਦਿਤਾ। ਅੰਮ੍ਰਿਤਸਰ ਦੇ ਬਾਜ਼ਾਰਾਂ ਤੇ ਗਲੀਆਂ ਵਿਚ ਲੋਥਾਂ ਹੀ ਲੋਥਾਂ ਪਈਆਂ ਸਨ। ਕਈ ਜ਼ਖਮੀ ਮਦਦ ਖੁਣੋਂ ਮਰ ਗਏ, ਕਈ ਪੈਰਾਂ ਹੇਠ ਆ ਕੇ ਕੁਚਲੇ ਗਏ। ਬਾਗ ਵਿਚ ਇਕ ਪੁਰਾਣਾ ਸੁੱਕਾ ਖੂਹ ਹੈ। ਕਈਆਂ ਨੇ ਉਸ ਵਿਚ ਛਾਲਾਂ ਮਾਰ ਮਾਰ ਕੇ ਜਾਨ ਦਿਤੀ। ਲੋਥਾਂ ਨਾਲ ਉਹ ਖੂਹ ਭਰ ਗਿਆ। ਗੱਲ ਕੀ ਇਹ ਖੂਨੀ ਨਜ਼ਾਰਾ ਡਾਢਾ ਹੀ ਭਿਆਨਕ ਸੀ। ਇਸ ਤੋਂ ਅੱਗੇ ਸਾਰੇ ਪੰਜਾਬ ਵਿਚ ਮਾਰਸ਼ਲ ਲਾ, ਲਾ ਦਿਤਾ ਤੇ ਉਪਰ ਕਹੇ ਜ਼ੁਲਮ ਸ਼ੁਰੂ ਹੋ ਗਏ।

ਤਰਨ ਤਾਰਨ ਅੰਮ੍ਰਿਤਸਰ ਵਿਚ ਭਾਵੇਂ ੧੨ ਮੀਲ ਦੀ ਵਿੱਥ ਹੈ, ਪਰ ਵਾਸਤਵ ਵਿਚ ਇਹ ਇਕੋ ਹੀ ਗਿਣੇ ਜਾਂਦੇ ਹਨ। ਏਥੇ ਓਥੇ ਦੇ ਰਿਸ਼ਤੇ ਕੰਘੀ ਤੇ ਵਾਲਾਂ ਵਾਂਗ ਫਸੇ ਪਏ ਹਨ। ਰੋਜ਼ਾਨਾਂ ਸੈਂਕੜੇ ਆਦਮੀ ਏਥੇ ਓਥੇ ਜਾਂਦੇ ਔਂਦੇ ਹਨ। ਜਦ ਅੰਮ੍ਰਿਤਸਰ ਗੋਲੀ ਚਲੀ ਤਾਂ ਤਰਨ ਤਾਰਨ ਸ਼ੋਕ ਛਾ ਜਾਣਾ ਜ਼ਰੂਰੀ ਸੀ, ਪਰ ਤਰਨ ਤਾਰਨ ਇਕ ਡਾਢਾ ਹੀ ਮਹਾਜਨੀ ਸ਼ਹਿਰ ਹੈ। ਏਥੇ ਦੇ ਵਸਨੀਕ ਡਾਢੇ ਹੀ ਡਰੂ ਤੇ ਅਮਨ ਪਸੰਦ ਹਨ। ਅੰਮ੍ਰਿਤਸਰ ਵਿਚ ਦੋ ਵਾਰ ਗੋਲੀ ਚਲ ਗਈ, ਪਰ ਏਥੇ ਜ਼ਰਾ ਭੀ ਕੋਈ ਅਸ਼ਾਂਤੀ ਨਹੀਂ ਹੋਈ। ਇਹ ਗੱਲ ਠੀਕ ਹੈ ਕਿ ਛੇ ਤਾਰੀਖ ਅਪ੍ਰੈਲ ਦੀ ਹੜਤਾਲ ਏਥੇ ਭੀ ਮੁਕੱਮਲ ਹੋਈ। ਏਥੇ ਦੀ ਪੁਲਿਸ ਨੇ ਭੀ ਸੋਚਿਆ, ਕਿ ਜਦ ਹੋਰ ਪੰਜਾਬ ਦੀ ਪੁਲਿਸ ਨਾਮਨਾ ਖਟ ਰਹੀ ਹੈ, ਤਾਂ ਸਾਨੂੰ ਭੀ ਕੁਛ ਹੱਥ ਪੈਰ ਮਾਰਨਾ ਚਾਹੀਦਾ ਹੈ! ਬਸ ਫੇਰ ਕੀ ਸੀ ਪਕੜ ਧਕੜ ਸ਼ੁਰੂ ਹੋ ਗਈ ਤੇ ਤਹਿਸੀਲ ਦਾ ਖਜ਼ਾਨਾ ਲੁੱਟਣ ਦਾ ਢਕੌਂਸਲਾ ਖੜਾ ਕਰ ਕੇ ਕਈ ਸ਼ਰੀਫ ਸ਼ਹਿਰਦਾਰਾਂ ਨੂੰ ਧਰ ਅੱਗੇ ਲਾਇਆ। ਇਸ ਅਕਾਰਣ ਫੜੋ ਫੜੀ ਨਾਲ ਸ਼ਹਿਰ ਵਿਚ ਹਲ ਚਲੀ ਮਚ ਗਈ। ਡਰ ਤੇ ਸਹਿਮ ਦੇ ਬਦਲ ਛਾ ਗਏ। ਅੱਗੇ ਤਾਂ ਸ੍ਰੀ ਅੰਮ੍ਰਿਤਸਰ ਦੇ ਹਾਦਸੇ ਤੇ ਮਰਿਆਂ



Digitized by Panjab Digital Library | www.panjabdigilib.org

ਜ਼ਖਮੀਆਂ ਤੇ ਗ੍ਰਿਫਤਾਰ ਹੋਇਆਂ ਨੂੰ ਰੋ ਰਹੇ ਸਨ। ਹੁਣ ਆਪਣੇ ਸ਼ਹਿਰ ਦੀ ਦੁਰਦਸ਼ਾ ਦੇਖ ਕੇ ਹਰ ਇੱਕ ਤ੍ਰਾਹ ! ਤ੍ਰਾਹ !! ਕਰ ਉੱਠਿਆ।

ਲਾਲਾ ਰਲਾ ਰਾਮ ਪਲੀਡਰ, ਲਾਲਾ ਅਮੀ ਚੰਦ ਪਲੀਡਰ ਤੇ ਮੀਆਂ ਅਬਦੁਲ ਰਹਿਮਾਨ ਸਾਹਿਬ ਪਲੀਡਰ ਆਦਿ ਬਹੁਤ ਸਾਰੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੂੰ ਖਾਹਮਖਾਹ ਪੁਲਿਸ ਦਾ ਸ਼ਿਕਾਰ ਹੋਇਆ ਦੇਖਕੇ ਸ਼ਹਿਰੀਆਂ ਦੇ ਦਿਲੀਂ ਵਿਚੇ ਵਿੱਚ ਦੁੱਖ, ਸਹਿਮ, ਤੇ ਘਬਰਾਹਟ ਨਾਲ ਹਲ ਚਲੀ ਮਚ ਗਈ। ਇਨ੍ਹਾਂ ਬਾਰੇ ਵੈਦ ਜੀ ਆਪਣੀ ਡਾਇਰੀ ਵਿੱਚ ਬੜੇ ਹੀ ਸੰਖੇਪ ਪਰ ਦਰਦ ਭਰੇ ਨੋਟ ਲਿਖਦੇ ਹਨ। ੬ ਅਪ੍ਰੈਲ ਬਾਰੇ ਆਪ ਲਿਖਦੇ ਹਨ।

"ਰੌਲਟ ਬਿਲ ਬਾਰੇ ਸਾਰਾ ਦਿਨ ਹੜਤਾਲ ਰਹੀ, ਦੁਪਹਿਰੇ ਚੌਂਕ ਵਿਚ ਜਲਸਾ ਹੋਯਾ।"

੧੦ ਅਪ੍ਰੈਲ ਦਾ ਨੋਟ ਹੈ--"ਅੰਮ੍ਰਿਤਸਰ ਦਾ ਸ਼ੋਕ ਮਈ ਹਾਦਸਾ ਸੁਣਕੇ ਬੜਾ ਹੀ ਸ਼ੋਕ ਹੋਯਾ, ਦੇਸ਼ ਦੇ ਬੜੇ ਹੀ ਮੰਦੇ ਭਾਗ ਹਨ।"

੧੩ ਅਪ੍ਰੈਲ ਨੂੰ ਆਪ ਲਿਖਦੇ ਹਨ:—

'ਅੰਮ੍ਰਿਤਸਰ ਦਾ ਹਾਦਸਾ ਸੁਣਕੇ ਬਹੁਤ ਸ਼ੋਕ ਹੋਯਾ।'

੧੪ ਅਪ੍ਰੈਲ ਵਿੱਚ ਦਰਜ ਹੈ:—

"ਅੰਮ੍ਰਿਤਸਰ ਦੇ ਹਾਲਾਤ ਸੁਣਕੇ ਸ਼ੋਕ ਵਿੱਚ ਸਾਰੇ ਸ਼ਹਿਰ ਹੜਤਾਲ ਰਹੀ।"

੧੬ ਅਪ੍ਰੈਲ ਦਾ ਨੋਟ ਇਸਤਰ੍ਹਾਂ ਹੈ:—

"ਅੰਮ੍ਰਿਤਸਰ ਲਾਹੌਰ ਦੇ ਸਮਾਚਾਰ ਸੁਣ ਸੁਣਕੇ ਸਾਰੇ ਸ਼ਹਿਰ ਵਿੱਚ ਉਦਾਸੀ ਸ਼ੋਕ ਤੇ ਘਬਰਾਹਟ ਰਹੀ ਪਰ ਸ਼ਾਂਤੀ ਤੇ ਸਬਰ ਸੰਤੋਖ ਵਿਚ।"

ਅੰਸਮਾਨ ਤੇ ਕਾਲੀ ਘਟਾ ਚੜ੍ਹੀ ਤੇ ਦਹਾੜ ਦਹਾੜ ਗੱਜਦਾ ਦੇਖ ਸੁਣਕੇ ਕੌਣ ਬੇਖਬਰ ਰਹਿੰਦਾ ਹੈ ? ਸ਼ਹਿਰ ਉਤੇ ਮੁਸੀਬਤ ਦੇ ਭਿਆਨਕ ਬੱਦਲ ਉਮਡੇ ਦੇਖ ਕੇ ਵੈਦ ਜੀ ਨੇ ਕੋਈ ਉਪ੍ਰਾਲਾ ਕਰਨ ਲਈ ਵਿਚਾਰਿਆ। ਆਪ ਨੇ ਦੇਖ ਲਿਆ ਕਿ ਘਰੀਂ ਲੁਕ ਕੇ ਬੈਠਣ ਨਾਲ ਤਾਂ ਕੰਮ ਨਹੀਂ ਚਲਣਾ। ਇਹ ਸਭ ਸੋਚ ਵਿਚਾਰਕੇ ਆਪ ਸ਼ਹਿਰ ਦੇ ਚੁਣਵੇਂ ਮੁਖੀ ਪਤਵੰਤਿਆਂ ਨੂੰ ਨਾਲ ਲੈਕੇ ੧੯ ਅਪ੍ਰੈਲ ਨੂੰ ਪਾਦਰੀ ਗਿਲਫੋਰਡ ਪਾਸ



Digitized by Panjab Digital Library | www.panjabdigilib.org

ਗਏ । ਸ਼ਹਿਰ ਦੀ ਸਾਰੀ ਹਾਲਤ ਦੱਸੀ ਤੇ ਅਮਨ ਸ਼ਾਂਤੀ ਲਈ ਅਪੀਲ ਕੀਤੀ ।

੨੦ ਅਪ੍ਰੈਲ ਨੂੰ ਭਾਵੇਂ ਸ਼ਹਿਰ ਵਿੱਚ ਕੋਈ ਗੜ ਬੜ ਨਾ ਸੀ। ਈ. ਏ. ਸੀ. ਨੇ ਸ਼ਹਿਰ ਦੇ ਬਹੁਤ ਸਾਰੇ ਚੁਣਵੇਂ ਆਦਮੀ ਸਦ ਲਏ । ਸਾਰਾ ਦਿਨ ਬੈਠਾਲ ਛੱਡੇ, ਤੇ ਬਿਨਾ ਕਿਸੇ ਕਾਰਣ ਜਾਂ ਦੱਸੇ ਦੇ ਸ਼ਾਮ ਨੂੰ ਕਈ ਆਦਮੀ ਗ੍ਰਿਫਤਾਰ ਕਰਕੇ ਹਵਾਲਾਤ ਵਿੱਚ ਦੇ ਦਿੱਤੇ । ਵੈਦ ਜੀ ਭੀ ਏਸ ਜੱਥੇ ਦੇ ਨਾਲ ਹੀ ਸਨ ।
ਆਪ ਇਸ ਬਾਰੇ ਆਪਣੇ ਡਾਇਰੀ ਨੋਟ ਵਿਚ ਲਿਖਦੇ ਹਨ:-

"ਅਜ ਬਹੁਤ ਸਾਰਾ ਸਮਾਂ ਡਿਪਟੀ (ਭਾਵ ਈ.ਏ.ਸੀ.) ਨੇ ਸਦ ਰੱਖਯਾ (ਫੜ ਫੜਾਈ) ਦਾ ਖਤਰਾ ਰਿਹਾ । ਤ੍ਰਿਕਾਲਾਂ ਨੂੰ ਭਾਈ ਨਿਹਾਲ ਸਿੰਘ ਜੀ ਮੌਲਵੀ.........ਤੇ ਜਗਤ ਸਿੰਘ ਗ੍ਰਿਫਤਾਰ ਕਰ ਲਏ । ਮੈਨੂੰ ਤੇ ਬਾਬੂ ਸੀਤਾ ਰਾਮ ਨੂੰ ਭੇਜ ਦਿਤਾ ।"

ਸ਼ਹਿਰ ਦਾਰਾਂ ਸਾਥੀਆਂ ਨੂੰ ਫਸਿਆਂ ਦੇਖ ਕੇ ਵੈਦ ਜੀ ਨੂੰ ਸਾਰੀ ਰਾਤ ਨੀਂਦ ਨਾ ਆਈ । ਸੋਚਾਂ ਫਿਕਰਾਂ ਤੇ ਦਲੀਲਾਂ ਵਿਚ ਬੇ ਚੈਨ ਆਪ ਦਾ ਕੋਮਲ ਹਿਰਦਾ ਬੇ ਦੋਸ਼ ਫੜਿਆਂ ਹੋਇਆਂ ਦੀ ਬੇ ਇਜ਼ਤੀ ਤੇ ਤਕਲੀਫ ਨੂੰ ਮਹਿਸੂਸ ਕਰ ਰਿਹਾ ਸੀ । ਸਵੇਰੇ ਹੀ ਹੋਰ ਬਹੁਤ ਸਾਰੇ ਪਤਵੰਤਿਆਂ ਨੂੰ ਨਾਲ ਲੈ ਕੇ ਵੈਦ ਜੀ ਪਾਦਰੀ ਸਾਹਿਬ ਪਾਸ ਪੁੱਜੇ, ਬਹੁਤ ਕੁਛ ਮਿੰਨਤ ਸਮਾਜਤ ਕੀਤੀ ਤੇ ਗਰੀਬਾਂ ਉਪਰ ਰਹਿਮ ਕਰ ਕੇ ਫੜਿਆਂ ਨੂੰ ਛੁਡਾਉਣ ਲਈ ਅਰਜ਼ ਕੀਤੀ, ਪਰ ਅਜੇਹੇ ਵੇਲੇ ਕੌਣ ਕਿਸੇ ਦੀ ਸੁਣਦਾ ਹੈ ? ਪਾਦਰੀ ਲੋਹੇ ਦਾ ਥਣ ਬਣਿਆ ਬੈਠਾ ਸੀ । ਉਹ ਸਿਰ ਹੀ ਫੇਰੀ ਜਾਵੇ । ਆਖਰ ਕਾਰ ਭਾਈ ਨਿਹਾਲ ਸਿੰਘ ਲਈ ਛੁਡੌਣ ਦਾ ਭਰੋਸਾ ਦਿਲਾਇਆ, ਤੇ ਲਹੁਦੇ ਵੇਲੇ ਭਾਈ ਨਿਹਾਲ ਸਿੰਘ ਜੀ ਨੂੰ ਛੱਡ ਦਿੱਤਾ ਗਿਆ ।

੨੨ ਅਪ੍ਰੈਲ ਨੂੰ ਬਾਬੂ ਰਲਾ ਰਾਮ ਆਦਿਕ ਗ੍ਰਿਫਤਾਰ ਕਰ ਲਏ ਗਏ ਤੇ ਸਭ ਨੂੰ ਮਿਲਟਰੀ ਗਾਰਦ ਹੇਠਾਂ ਅੰਮ੍ਰਿਤਸਰ ਕਿਲੇ ਵਿਚ ਭੇਜ



Digitized by Panjab Digital Library | www.panjabdigilib.org

ਦਿਤਾ ਗਿਆ। ਸ਼ਹਿਰ ਵਿਚ ਮਾਨੋਂ ਦੁੱਖ ਤੇ ਗ਼ਮ ਦਾ ਪਹਾੜ ਢੈ ਪਿਆ। ਸ਼ਹਿਰ ਤਰਨ ਤਾਰਨ ਤੇ ਆਸ ਪਾਸ ਪਿੰਡਾਂ ਵਿਚੋਂ ਜ਼ੁਲਮਾਂ ਦਾ ਹਾਲ ਸੁਣ ਸੁਣ ਕੇ ਲੂੰ ਕੰਡੇ ਹੁੰਦੇ ਸਨ। ਫਸਲਾਂ ਉਜਾੜਨੀਆਂ, ਘਰ ਲੁਟਣੇ, ਮੁਰਗੇ ਮੁਰਗੀਆਂ ਫੜ ਫੜ ਖਾ ਜਾਣੇ, ਧੱਕੇ ਨਾਲ ਘਰਾਂ ਵਿੱਚੋਂ ਦੁੱਧ ਪੀਣੇ ਤੇ ਘਰ ਪਰਤੀ ਪੈਸੇ ਉਗਰਾਹ ਕੇ ਸ਼ਰਾਬ ਖਰੀਦ ਕੇ ਪੀਣੀ, ਪੁਲਿਸ ਦੇ ਸਾਧਾਰਨ ਕੰਮ ਸਨ। ਇਸ ਬਾਰੇ ਚਾਹ ਵਾਨ ਸੱਜਣ ਕਾਂਗ੍ਰਸ ਕਮੇਟੀ ਦੀ ਮਾਰਸ਼ਲ ਲਾ ਬਾਰੇ ਛਾਪੀ ਹੋਈ ਰੀਪੋਰਟ ਦੇ ਹਿੱਸੇ ਦੂਜੇ ਵਿਚ ਇਕੱਠੀਆਂ ਕੀਤੀਆਂ ਗਵਾਹੀਆਂ ਪੜ੍ਹ ਸਕਦੇ ਹਨ। ਅਸੀਂ ਏਥੇ ਭਾਈ ਹਰਨਾਮ ਸਿੰਘ ਬੇਟਾ ਭਾਈ ਨਧਾਨ ਸਿੰਘ ਜਿਮੀਂਦਾਰ ਪਿੰਡ ਚੌਤਾਲਾ ਠਾਣਾ ਤਰਨ ਤਾਰਨ ਗਵਾਹੀ ਨੰ: ੮੨ ਦੇ ਬਿਆਨ ਵਿਚੋਂ ਦੋ ਚਾਰ ਗੱਲਾਂ ਆਪਣੇ ਕਥਨ ਦੀ ਪੁਸ਼ਟੀ ਲਈ ਦਰਜ ਕਰਦੇ ਹਾਂ। ਉਹ ਆਖਦਾ ਹੈ:—"ਇਸ ਤੋਂ ਇਲਾਵਾ ਤਫਤੀਸ਼ ਲਈ ਆਈ ਹੋਈ ਪੋਲੀਸ ਸਾਡੀ ਕਣਕ ਤੇ ਛੋਲਿਆਂ ਦੀ ਫਸਲ ਨੂੰ ਧੱਕੋ ਧੱਕੀ ਆਪਣੇ ਘੋੜਿਆਂ ਨੂੰ ਪੌਣ ਲਈ ਵੱਢ ਲੈਂਦੀ। ਇਸ ਤੋਂ ਹੋਰ ਪੋਲੀਸ ਅੱਠ ਆਨੇ ਘਰ ਪਰਤੀ ਲੈ ਕੇ ਉਸ ਰਕਮ ਦੀ ਬਾਹਰੋਂ ਸ਼ਰਾਬ ਮੰਗਵਾਕੇ ਪੀਂਦੀ। ਉਹ ਜ਼ਬਰ ਦਸਤੀ ਪਿੰਡ ਦੀਆਂ ਕੁਕੜੀਆਂ ਫੜਕੇ ਖਾ ਜਾਂਦੇ। ਉਹ ਸਾਡੀਆਂ ਮਹੀਆਂ ਨੂੰ ਧੱਕੋ ਧੱਕੀ ਚੋ ਕੇ ਦੁੱਧ ਪੀ ਜਾਂਦੇ, ਅਤੇ ਸਾਡੇ ਨਿਆਣੇ ਬਿਨਾ ਦੁੱਧੋਂ ਹੀ ਮੂੰਹ ਦੇਖਦੇ ਰਹਿੰਦੇ।" ਆਦਿਕ

ਇਨ੍ਹਾਂ ਤੇ ਇਹੋ ਜੇਹੇ ਹਾਲ ਚੁਫੇਰਿਓਂ ਸੁਣ ਸੁਣ ਵੈਦ ਜੀ ਦਾ ਕੋਮਲ ਹਿਰਦਾ ਦੁਖਾਂ ਨਾਲ ਕਸ਼ਟਾਤਰ ਹੋ ਗਿਆ, ਪਰ ਸ੍ਰਬਰ ਤੋਂ ਬਿਨਾ ਕਰ ਕੀ ਸਕਦੇ ਸਨ?

ਕਿਸੇ ਕੁਸਮੇ, ਕੁਵੇਲੇ ਲਈ ਵੈਦ ਜੀ ਨੇ ਰੀਵਾਲਵਰ ਲਿਆ ਹੋਇਆ ਸੀ, ਹਾਕਮਾਂ ਦੇ ਇਸ਼ਾਰੇ ਤੇ ਉਸ ਨੂੰ ਭੀ ੨੫ ਅਪ੍ਰੈਲ ਨੂੰ ਥਾਣੇ ਜਮਾ ਕਰਾ ਦਿੱਤਾ।

੨੫ ਅਪ੍ਰੈਲ ਤੋਂ ਹੀ ਪੁਲਿਸ ਨੇ ਸ਼ਹਿਰ ਦੇ ਮੁਖੀ ਪਤਵੰਤਿਆਂ ਨੂੰ ਇੱਕ ਤਰ੍ਹਾਂ ਨਾਲ ਬੇ-ਇੱਜ਼ਤ ਕਰਨ ਲਈ ਰਾਤ ਨੂੰ ਖਟਰੋਲ ਡੀਊਟੀ ਤੇ



Digitized by Panjab Digital Library | www.panjabdigilib.org

ਲਾ ਦਿੱਤਾ। ਵਿਚੇ ਹੀ ਵੈਦ ਜੀ ਦਾ ਨੰਬਰ ਆ ਗਿਆ।

੨੭ ਅਪ੍ਰੈਲ ਨੂੰ ਫੇਰ ਆਪ ਸ਼ਹਿਰ ਦੇ ਪਤਵੰਤਿਆਂ ਨੂੰ ਨਾਲ ਲੈਕੇ ਪੋਲੀਸ ਅਫਸਰਾਂ ਪਾਸ ਥਾਨੇ ਗਏ ਤੇ ਸ਼ਹਿਰ ਦੀ ਹਾਲਤ ਤੇ ਤਰਸ ਕਰਨ ਲਈ ਕਿਹਾ।

ਸ਼ਹਿਰ ਵਿੱਚ ਪਤਵੰਤਿਆਂ ਨੂੰ ਪਟਰੋਲ ਕਰਨ ਉੱਪਰ ਲੌਣ ਦੀ ਗੱਲ ਤਾਂ ਅਸੀਂ ਉੱਪਰ ਦੱਸ ਆਏ ਹਾਂ। ੨੯ ਅਪ੍ਰੈਲ ਦੀ ਡਾਇਰੀ ਵਿੱਚ ਆਪ ਇੱਕ ਖਾਸ ਨੋਟ ਇਸਤਰ੍ਹਾਂ ਲਿਖਦੇ ਹਨ:–

> "ਅੱਜ ੧੦੦ ਦੇ ਕਰੀਬ ਹੋਰ ਪਤਵੰਤੇ ਸ਼ਹਿਰਦਾਰਾਂ ਨਾਲ ਸਾਰੀ ਰਾਤ ਪਹਿਰਾ ਦੇਣ ਦਾ ਹੁਕਮ ਹੋਯਾ।"

ਹਰ ਤਰ੍ਹਾਂ ਸ਼ਹਿਰ ਦੀ ਬਿਹਤ੍ਰੀ ਦਾ ਯਤਨ ਕਰਦੇ ਹੋਏ ਆਪ ਕਈ ਵਾਰ ਹਾਕਮਾਂ ਨੂੰ ਤੇ ਕਈ ਵਾਰ ਅੰਗ੍ਰੇਜ਼ ਪਾਦਰੀ ਨੂੰ ਮਿਲਦੇ ਰਹੇ। ਡਾਇਰੀ ਨੋਟਾਂ ਤੋਂ ਪਤਾ ਲੱਗਦਾ ਹੈ ਕਿ ੯ ਮਈ ਨੂੰ ਆਪ ਫੇਰ ਸ਼ਹਿਰ-ਦਾਰਾਂ ਨੂੰ ਨਾਲ ਲੈਕੇ ਪਾਦਰੀ ਨੂੰ ਮਿਲੇ। ਬੇ-ਗੁਨਾਹ ਫੜਿਆਂ ਨੂੰ ਛੁਡਾਉਣ ਤੇ ਇਸ ਹਫੜਾ ਤਫੜੀ ਨੂੰ ਬੰਦ ਕਰਨ ਲਈ ਬੇਨਤੀ ਕੀਤੀ। ਖਾਸ ਤੌਰ ਨਾਲ ਜਲਾਲਾ ਬਾਦ ਦੇ ਬੇ-ਗੁਨਾਹ ਨਰਸਿੰਘ ਦਾਸ ਉੱਤੇ ਉਸੇ ਵੇਲੇ ਹੀ ਝੂਠੀ ਰੀਪੋਰਟ ਹੋਣ ਬਾਰੇ ਕਿਹਾ।

ਇੱਕ ਪਾਸੇ ਤਾਂ ਇਹ ਧੱਕੇ ਸ਼ਾਹੀ ਦਾ ਜ਼ੋਰ ਸੀ, ਇਸ ਦੇ ਉੱਪਰ ਸਰਕਾਰ ਤਰਨ ਤਾਰਨ ਵਿੱਚ ਤਾਜ਼ੀਰੀ ਪੋਲੀਸ ਬਿਠੌਣ ਦੀਆਂ ਸੋਚਾਂ ਵਿੱਚ ਸੀ, ਜੋ ਆਖਰ ਬਿਠਾ ਹੀ ਦਿੱਤੀ ਗਈ। ਇਸ ਬਾਰੇ ਵੈਦ ਜੀ ਨੇ ੭ ਜੂਨ ਨੂੰ ਪਾਦਰੀ ਸਾਹਿਬ ਨਾਲ ਮੁਲਾਕਾਤ ਕੀਤੀ। ਤਾਜ਼ੀਰੀ ਪੁਲਿਸ ਬੈਠਣ, ਸ਼ਹਿਰ ਉੱਤੇ ਭਾਰ ਤੇ ਬਦਨਾਮੀ ਹੋਣ ਦਾ ਹਾਲ ਦੱਸ ਕੇ ਇਸ ਬਲਾ ਤੋਂ ਬਚਾਈ ਰੱਖਣ ਲਈ ਹੀ ਡੀ. ਸੀ. ਪਾਸ ਸਫਾਰਸ਼ ਕਰਨ ਲਈ ਕਿਹਾ।

ਇਸੇ ਤਰ੍ਹਾਂ ਆਪ ਨੇ ਸਭ ਦੇ ਸੋਹੇ ੧੦ ਜੂਨ ਨੂੰ ਪੋਲੀਸ ਇਨਸ-ਪੈਕਟਰ ਨਾਲ ਸ਼ਹਿਰ ਹਿਤ ਦੀਆਂ ਗੱਲਾਂ ਕੀਤੀਆਂ। ਆਖਰ ਇਸ ਤਰ੍ਹਾਂ ਮਿਲਦਿਆਂ ਮਿਲੌਂਦਿਆਂ ਤੇ ਦੌੜ ਭੱਜ ਕਰਦਿਆਂ ਕਰੌਂਦਿਆਂ ੧੧ ਜੂਨ ਨੂੰ



Digitized by Panjab Digital Library | www.panjabdigilib.org

ਜਾ ਕੇ ਭਾਈ ਨਿਹਾਲ ਸਿੰਘ ਆਦਿਕ ੬ ਜਣੇ ਰਿਹਾ ਹੋ ਕੇ ਆਏ, ਤੇ ਸ਼ਹਿਰ ਵਿਚ ਕੁਝ ਆਰਾਮ ਹੋਇਆ । ੧੭ ਜੂਨ ਨੂੰ ਪੁਲਿਸ ਵਲੋਂ ਆਪ ਨੂੰ ਜਮਾ ਕੀਤਾ ਹੋਇਆ ਰੀਵਾਲਵਰ ਮਿਲਿਆ । ਇਸਤਰ੍ਹਾਂ ਨਾਲ ਦੋ ਢਾਈ ਮਹੀਨੇ ਪੰਜਾਬ ਭਰ ਵਿਚ ਹੇਠਲੀ ਉਤੇ ਆਈ ਰਹੀ । ਹਜ਼ਾਰਾਂ ਗਰੀਬ ਮਾਰੇ ਗਏ, ਹਜ਼ਾਰਾਂ ਲੁੱਟੇ ਤੇ ਬੇ ਇਜ਼ਤ ਹੋਏ, ਹਜ਼ਾਰਾਂ ਨੂੰ ਤਸੀਹੇ ਦੇ ਦੇ ਕੇ ਤੰਗ ਕੀਤਾ ਗਿਆ । ਬੁੱਢੇ ਬੱਚੇ ਤੇ ਔਰਤਾਂ ਅਨੇਕ ਪੁਲਸੀ ਤੇ ਫੌਜੀ ਜ਼ੁਲਮ ਦਾ ਸ਼ਿਕਾਰ ਹੋਏ । ਇਸਤਰ੍ਹਾਂ ਇਸ 'ਮਹਾਂ ਕਲੰਕੀ ਸਾਲ' ਦੀ ਅਮਿਟ ਯਾਦ ਪੰਜਾਬ ਦੇ ਇਤਿਹਾਸ ਵਿਚ ਲਿਖੀ ਗਈ ।

ਆਖਦੇ ਹਨ ਮੁਸੀਬਤ ਇਕੱਲਿਆਂ ਨਹੀਂ ਆਉਂਦੀ । ਇਹ ਫੜਾ ਫੜੀ ਦੀ ਬੀਮਾਰੀ ਦੇ ਦੁਖ ਤੋਂ ਅਜੇ ਸਾਹ ਭੀ ਨਾ ਸੀ ਆਇਆ ਕਿ ਉਪਰੋਂ ਸ਼ਹਿਰ ਵਿਚ ਹੈਜ਼ੇ ਦਾ ਰੋਗ ਸ਼ੁਰੂ ਹੋ ਗਿਆ । ੧੩ ਤੇ ੧੫ ਅਗਸਤ ਨੂੰ ਸ਼ਹਿਰ ਵਿਚ ਬੀਮਾਰੀ ਦਾ ਜ਼ੋਰ ਹੋ ਗਿਆ । ਕਈ ਕੇਸ ਹੋਏ । ਆਪਣੇ ਸੇਵਾ ਦੇ ਅਸੂਲ ਮੂਜਬ ਦਰਦੀ ਦਿਲ ਵੈਦ ਜੀ ਰੋਗੀਆਂ ਦੀ ਸੇਵਾ ਲਈ ਫਿਰਨ ਲੱਗੇ । ਤੇ ਕੁਛ ਚਿਰ ਵਿਚ ਗੁਰੂ ਨੇ ਕ੍ਰਿਪਾ ਕੀਤੀ ਰੋਗ ਸ਼ਾਂਤ ਹੋ ਗਿਆ ।

੧ ਅਕਤੂਬਰ ਨੂੰ ਪ੍ਰਸਿੱਧ ਪੰਜਾਬੀ ਸਾਹਿਤ ਸੇਵੀ ਕਰਤਾ ਕੋਇਲ ਕੂ, ਹੰਸ ਚੋਗ ਤੇ ਬੰਬੀਹਾ ਬੋਲ ਆਦਿਕ ਬਾਵਾ ਬੁਧ ਸਿੰਘ* ਜੀ ਪ੍ਰਵਾਰ

---

*ਬਾਵਾ ਬੁਧ ਸਿੰਘ ਜੀ:—ਜਨਮ ੨੧ ਹਾੜ ੧੯੩੫ ਬਿਕ੍ਰਮੀ (੧੮੭੮)
ਅਕਾਲ ਚਲਾਣਾ—੧੬ ਅਕਤੂਬਰ ੧੯੩੧.

ਆਪ ਸੁਪ੍ਰੰਟੈਂਡਿਗ ਐਨਜੀਅਰ ਹੁੰਦੇ ਹੋਏ ਭੀ ਪੰਜਾਬੀ ਦੇ ਪਰਮ ਭਗਤ ਪ੍ਰਸਿੱਧ ਪੁਸਤਕਾਂ ਕੋਇਲ ਕੂ, ਹੰਸ ਚੋਗ, ਬੰਬੀਹਾ ਬੋਲ, ਆਦਿਕ ਦੇ ਲੇਖਕ ਤੇ ਸਿੱਖ ਇਤਿਹਾਸ ਨੂੰ ਪੂਰਾ ਵੇਖਣ ਦੇ ਵੱਡੇ ਚਾਹਵਾਨ ਸਨ ।

ਆਪ ਵੈਦ ਜੀ ਲਿਖਤ ਪੁਸਤਕ 'ਗ੍ਰਿਹਸਥ ਨਿਰਬਾਹ' ਦਾ ਰੀਵੀਊ ਕਰ ਦਿਆਂ ਹੋਇਆਂ ਲਿਖਦੇ ਹਨ ਕਿ:—



Digitized by Panjab Digital Library | www.panjabdigilib.org

ਸਹਿਤ ਗੁਰਦੁਆਰੇ ਦੇ ਦਰਸ਼ਨਾਂ ਲਈ ਤੇ ਵੈਦ ਜੀ ਦੇ ਮਿਲਨ ਲਈ ਆਏ। ਵੈਦ ਜੀ ਨੇ ਬੜੇ ਆਦਰ ਸਤਿਕਾਰ ਨਾਲ ਆਪਣੇ ਪਾਸ ਬੈਠਕ ਵਿਚ ਠਹਿਰਾਏ ਤੇ ਯਥਾ ਯੋਗ ਦਵਾਈ ਆਦਿ ਦੀ ਸੇਵਾ ਕਰ ਕੇ ਪ੍ਰੇਮ ਵਧਾਇਆ।

ਹੁਣ ਇੱਕ ਹੋਰ ਅਗੱਮੀ ਸਟ ਪਈ, ੮ ਅਕਤੂਬਰ ਨੂੰ ਆਪ ਦੇ ਪਿਤਾ ਸ੍ਰੀ ਮਾਨ ਭਾਈ ਜੈਮਲ ਸਿੰਘ ਜੀ ਦਿਨ ਦੇ ੧੧ ਬਜੇ ਪੂਰਨ ਗੁਰਮੁਖਾਂ ਦੀ ਤਰ੍ਹਾਂ ਗੁਰਪੁਰ ਨੂੰ ਚੜ੍ਹਾਈ ਕਰ ਗਏ। ਘਰ ਵਿਚ ਭਾਵੇਂ ਸ਼ੋਕ ਕਰਨ ਵਾਲੇ ਆ ਰਹੇ ਸਨ, ਪਰ ਵੈਦ ਜੀ ਨੂੰ ਲੋਕ-ਹਿਤ ਪਿਆਰ ਵਿਚੋਂ ਹੀ ਵਿਹਲ ਨਹੀਂ ਸੀ ਲਗਦਾ। ਆਪ ਸ਼ਹਿਰ ਭਲਾਈ ਦੀ ਸੇਵਾ ਵਿਚ ਜੁੱਟੇ ਹੋਏ ਸਨ। ੧੫ ਅਕਤੂਬਰ ਨੂੰ ਆਪ ਤਹਿਸੀਲਦਾਰ ਸਾਹਿਬ ਨੂੰ ਮਿਲੇ ਤੇ ਸ਼ਹਿਰ ਉਤੇ ਲੱਗੇ ਤਾਜ਼ੀਰੀ ਪੁਲਿਸ ਦੇ ਕਲੰਕ ਨੂੰ ਦੂਰ ਕਰਨ ਲਈ ਵਿਚਾਰ ਪੇਸ਼ ਕੀਤੀ।

## ਨੈਸ਼ਨਲ ਕਾਂਗ੍ਰਸ

ਇਸ ਸਾਲ ਇੰਡੀਅਨ ਨੈਸ਼ਨਲ ਕਾਂਗ੍ਰਸ ਦਾ ਸਾਲਾਨਾ ਜਲਸਾ ਸ੍ਰੀ ਅੰਮ੍ਰਿਤਸਰ ਜੀ ਵਿੱਚ ਹੋਣਾ ਨੀਯਤ ਹੋਇਆ ਸੀ। ੨੫ ਦਸੰਬਰ ਨੂੰ ਪ੍ਰਧਾਨ ਕਾਂਗ੍ਰਸ ਬਾਬੂ ਮੋਤੀ ਲਾਲ ਨਹਿਰੂ ਦਾ, ਤੇ ੨੬ ਨੂੰ ਲੋਕ ਮਾਨਯ ਸ੍ਰੀ ਬਾਲ ਗੰਗਾ ਧਰ ਤਿਲਕ ਦਾ ਜਲੂਸ ਨਿਕਲਿਆ। ਦੋਨੋਂ ਦਿਨ ਵੈਦ ਜੀ ਨੇ ਇਸ ਕੌਮੀ ਤਿਉਹਾਰ ਦਾ ਅਨੰਦ ਮਾਣਿਆ ਤੇ ਆਪਣੀ ਸੇਵਾ ਤੇ ਪ੍ਰੇਮ ਦੇ ਤਿਲ

---

☞ "ਵੈਦ ਜੀ ਨੇ ਸ੍ਵਦੇਸ਼ ਭਾਸ਼ਾ ਪ੍ਰਚਾਰ ਕਰਨ ਦਾ ਕੰਮ ਆਪਣੇ ਜ਼ਿੰਮੇ ਲਿਆ ਹੈ ਅਤੇ ਸੈਂਕੜੇ ਕਿਤਾਬਾਂ ਲਿਖ ਚੁੱਕੇ ਹੈਨ। ਏਸ ਸੇਵਾ ਦਾ ਪੰਜਾਬੀਆਂ ਨੂੰ ਵੈਦ ਜੀ ਦਾ ਧੰਨਯਵਾਦ ਕਰਨਾ ਚਾਹੀਏ। ਅਰ ਮੈਂ ਨਿਮਰ ਭਾਵ ਨਾਲ ਭਾਈ ਮੋਹਨ ਸਿੰਘ ਜੀ ਵੈਦ ਨੂੰ ਧੰਨਯ ! ਧੰਨਯ ! ਧੰਨਯ। ਆਖਦਾ ਹਾਂ।"

ਠੀਕ ਹੈ ਜੌਹਰੀ ਨੂੰ ਹੀ ਹੀਰੇ ਦੀ ਠੀਕ ਪਰਖ ਹੁੰਦੀ ਹੈ।



Digitized by Panjab Digital Library | www.panjabdigilib.org

ਫੁੱਲ ਚੜ੍ਹਾਏ। ਗੱਲ ਕੀ ੩੦ ਦਸੰਬਰ ੧੯੧੯ ਤੱਕ ਕਾਂਗ੍ਰਸ ਤੇ ਸਿੱਖ-ਲੀਗ ਦੇ ਇਜਲਾਸਾਂ ਨੂੰ ਦੇਖਦੇ ਵੈਦ ਜੀ ਨੇ ਕੌਮੀ ਤੇ ਮੁਲਕੀ ਸੇਵਕਾਂ ਦੇ ਦਰਸ਼ਨ ਕਰ ਅਨੰਦ ਰਸ ਮਾਣਿਆ।

ਇਸ ਸਾਲ ਦੇ ਸ਼ੁਰੂ ਵਿੱਚ ਮਾਰਸ਼ਲ-ਲਾ ਆਦਿ ਦੇ ਦੁਖਦਾਈ ਝਮੇਲੇ ਵਿੱਚ ਪੈਣ ਕਰਕੇ ਅਸੀਂ ਵੈਦ ਜੀ ਦੇ ਮੁੱਢਲੇ ਦੋ ਤਿੰਨ ਮਹੀਨੇ ਦੀ ਸੇਵਾ ਬਾਰੇ ਕੁਛ ਭੀ ਨਹੀਂ ਦੱਸ ਸਕੇ, ਉਸ ਬਾਰੇ ਭੀ ਕੁੱਛ ਅਰਜ਼ ਕਰ ਦੇਣਾ ਜ਼ਰੂਰੀ ਹੈ। ਇਸ ਸਾਲ ਦੇ ਸ਼ੁਰੂ ਤੋਂ ਹੀ ਆਪ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤਰਨ ਤਾਰਨ ਦੇ ਉੱਦਮ ਵਿੱਚ ਜੁੱਟ ਗਏ। ਮਾਸਟਰਾਂ ਦਾ ਇੰਤਜ਼ਾਮ ਕਰਨਾ ਤੇ ਉਗਰਾਹੀ ਆਦਿ ਦਾ ਕੰਮ ਬੜਾ ਭਾਰਾ ਸੀ।

੯ ਫਰਵਰੀ ਨੂੰ ਕੁਝ ਹੋਰ ਸਜਣਾਂ ਨੂੰ ਨਾਲ ਲੇਕੇ ਆਪ ਉਗਰਾਹੀ ਲਈ ਅੰਮ੍ਰਿਤਸਰ ਗਏ ੭੦੦) ਤੋਂ ਉੱਪਰ ਰੁਪਏ ਲਿਆਏ। ੨੮ ਫਰਵਰੀ ਨੂੰ ਫੇਰ ਅੰਮ੍ਰਿਤਸਰੋਂ ੫੦੦) ਸ੍ਰ: ਸੁੰਦਰ ਸਿੰਘ ਜੀ ਸੂਰ੍ਹ ਵਾਲਿਆਂ ਤੋਂ ਲਿਆਂਦਾ। ੧੬ ਮਾਰਚ ਨੂੰ ਮਾਸਟਰ ਈਸ਼ਰ ਸਿੰਘ ਜੀ ਨੂੰ ਨਾਲ ਲੈ ਕੇ ਮਾਸਟਰਾਂ ਦੇ ਪ੍ਰਬੰਧ ਲਈ ਲਾਹੌਰ ਗਏ ਤੇ ਯੋਗ ਪ੍ਰਬੰਧ ਕੀਤਾ। ਆਖਰ ੧ ਅਪ੍ਰੈਲ ੧੯੧੯ ਤੋਂ ਸਤਿਗੁਰਾਂ ਦੇ ਹਜ਼ੂਰ ਅਰਦਾਸਾ ਸੋਧ ਹੁਕਮ ਲੈ ਸ੍ਰ: ਜੀਵਨ ਸਿੰਘ ਜੀ ਸ਼ਾਹੂਕਾਰ ਮਿਉਂਸੀਪਲ ਕਮਿਸ਼ਨਰ ਦੀ ਕੋਠੀ ਵਿੱਚ ਸਕੂਲ ਦਾ ਅਰੰਭ ਕੀਤਾ। ਜੋ ਗੁਰੂ ਕ੍ਰਿਪਾ ਤੇ ਬੜੀ ਸ਼ਾਨ ਨਾਲ ਚਲ ਰਿਹਾ ਹੈ। ਅਪ੍ਰੈਲ ੧੯੧੯ ਦੇ 'ਦੁਖ ਨਿਵਾਰਨ' ਸਫਾ ੮, ਤੇ ੯ ਤੇ ਸਕੂਲ ਬਾਰੇ ਆਪ ਦਾ ਹੋਰ ਵਿਸਤਾਰ ਸਹਿਤ ਛਪਿਆ ਲੇਖ ਪਾਠਕਾਂ ਦੀ ਭੇਟ ਕਰਦੇ ਹਾਂ:–

ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ,
ਸ੍ਰੀ ਤਰਨ ਤਾਰਨ ਜੀ

"ਸਿੱਖਾਂ ਦੇ ਕੇਂਦਰ ਅਸਥਾਨ, ਮਾਝੇ ਦੇ ਮੱਧ, ਅਰ ਸ੍ਰੀ ਅੰਮ੍ਰਿਤਸਰ ਜੀ ਦੇ ਸਾਂਝੀਵਾਲ ਸ੍ਰੀ ਤਰਨ ਤਾਰਨ ਜੀ ਵਿੱਚ ਚਿਰਾਂ ਤੋਂ ਇਕ ਖਾਲਸਾ ਹਾਈ ਸਕੂਲ ਦੀ ਲੋੜ ਪ੍ਰਤੀਤ ਹੋ ਰਹੀ ਸੀ, ਕਿਉਂਕਿ ਏਥੇ ਕੋਈ ਭੀ ਸਰਕਾਰੀ ਜਾਂ



Digitized by Panjab Digital Library | www.panjabdigilib.org

ਗੈਰ ਸਰਕਾਰੀ ਹਾਈ ਸਕੂਲ ਨਹੀਂ, ਤੇ ਇਰਦ ਗਿਰਦ ੧੦ ਦੇ ਕਰੀਬ ਮਿਡਲ ਸਕੂਲ ਹਨ। ਭਾਗੋ ਭਰੀ ਨਾਵੀਂ ਸਿਖ ਕਾਨਫ੍ਰੰਸ ਤੇ ਤਰਨ ਤਾਰਨ ਨਿਵਾਸੀ ਸੰਗਤਾਂ ਨੂੰ ਸਮਾਂ ਥੋੜਾ ਮਿਲਨ, ਕਾਨਫਰੰਸ ਦੀ ਸੰਭਾਲ ਵਾਸਤੇ ਖਾਸ ਸੇਵਾ ਦਾ ਸਾਂਗਾ ਆ ਬਣਨ ਤੇ, ਓਸ ਸਮੇਂ ਭੀ ਇਹ ਮੁਰਾਦ ਪੂਰੀ ਨਾ ਹੋਈ। ਹੁਣ ਵਰ੍ਹੇ ਕੁ ਤੋਂ ਸੇਵਕਾਂ ਨੇ ਉਪ੍ਰੋਕਤ ਨਾਮ ਦਾ ਸਕੂਲ ੧ ਅਪ੍ਰੈਲ ੧੯੧੯ ਤੋਂ ਅਰੰਭ ਕਰਨ ਦਾ ਪ੍ਰਬੰਧ ਕੀਤਾ, ਜਿਸ ਵਾਸਤੇ ਨਕਦ ਤੇ ਇਕਰਾਰੀ ੨੩ ਹਜ਼ਾਰ ਦੇ ਕਰੀਬ ਹੋ ਚੁੱਕਾ ਹੈ। ਪਰ ਸਿੱਖਾਂ ਦੇ ਨਿੱਤ ਦੇ ਵਿਰੋਧੀਆਂ ਨੇ ਡਾਢੇ ਵਿਰੋਧ ਕਰਨੇ ਸ਼ੁਰੂ ਕਰ ਦਿਤੇ ਸਨ, ਪਹਿਲੇ ਉਨ੍ਹਾਂ ਕਮੇਟੀਆਂ ਕੀਤੀਆਂ। ਨਾ ਕਾਮਯਾਬ ਹੋਕੇ ਡਿਸਟ੍ਰਿਕਟ ਬੋਰਡ ਵਿਚ ਛੇੜ ਛਿੜਾਈ। ਫੇਰ ਮਯੂਨਸਪਲ ਕਮੇਟੀ ਵਿੱਚ ਤਜਵੀਜ਼ ਪੇਸ਼ ਕਰਵਾਈ। ਗੱਲ ਇਹ ਕਿ ਕਿਸੇ ਨਾ ਕਿਸੇ ਤਰ੍ਹਾਂ ਵਿਰੋਧ ਪਵੇ। ਸੋ ਸਤਿਗੁਰੂ ਜੀ ਦਾ ਬੇਅੰਤ ਸ਼ੁਕਰ ਹੈ, ਜੋ ਉਨ੍ਹਾਂ ਦੀ ਕ੍ਰਿਪਾਲਤਾ ਤੇ ਪੰਥ ਦਰਦੀਆਂ ਦੇ ਏਕੇ ਦੀ ਬਰਕਤ ਸਭ ਔਕੜਾਂ ਦੂਰ ਹੋ ਗਈਆਂ ਹਨ, ਤੇ ਗੁਰੂ ਕੇ ਕਾਰਯ ਵਾਸਤੇ ਗੁਰੂ ਜੀ ਆਪ ਸਹਾਈ ਹਨ। ਪਰ ਗੁਰੂ ਪੰਥ ਨੂੰ ਇਨ੍ਹਾਂ ਦੀਆਂ ਥਾਂ ਥਾਂ ਦੀਆਂ ਚਾਲਾਂ ਤੋਂ ਦੇਖਕੇ ਘਰ ਦੀ ਫੁੱਟ ਮਿਟਾਕੇ ਸਰਕਾਰੀ ਅਫਸਰਾਂ ਦਾ ਧਿਆਨ ਏਸ ਪਾਸੇ ਦਿਵਾਉਣਾ ਚਾਹੀਦਾ ਹੈ, ਕਿ ਇਹ ਲੋਕ ਕੀ ਕਰਦੇ ਹਨ? ਤੇ ਏਸ ਅੱਤ ਲੋੜੀਂਦੇ ਸਥਾਨ ਤੇ ਸਕੂਲ ਦੀ ਸਹਾਇਤਾ ਵਾਸਤੇ ਯਥਾ ਵਿਤ ਸਹਾਈ ਹੋਣਾ ਚਾਹੀਦਾ ਹੈ।

## ਪੁਸਤਕਾਂ

ਐਨਾ ਝਮੇਲਾ ਤੇ ਦੁਖਦਾਈ ਸਮਾ ਹੁੰਦਿਆਂ ਹੋਇਆਂ ਭੀ ਆਪ ਜੀ ਨੇ ਇਸ ਸਾਲ ਵਿੱਚ ਹੇਠ ਲਿਖੇ ਪੁਸਤਕ ਲਿਖਣ ਤੇ ਪ੍ਰਕਾਸ਼ਤ ਕਰਨ ਕਰਾਨ ਦੀ ਸੇਵਾ ਕੀਤੀ, ਜਿਨ੍ਹਾਂ ਦੇ ਨਾਮ ਇਸਤਰ੍ਹਾਂ ਹਨ:—

(੧) ਦੋ ਵਜਾਖਜਾਨ। (੨) ਪਰਉਪਕਾਰ ਹੀ ਧਰਮ ਦਾ ਮੂਲ



Digitized by Panjab Digital Library | www.panjabdigilib.org

ਹੈ। (੩) ਸਰਣਾਗਤ ਹੋਣ ਦੇ ਲੱਛਣ। (੪) ਮਸੂਰਕਾ ਰੋਗ ਚਕਿਤਸਾ। (੫) ਨੇਕੀ ਦਾ ਫਲ ਨੇਕ। (੬) ਰੰਗ ਦੀ ਕਰਾਮਾਤ। (੭) ਮੋਹਣੇ ਮੋਤੀ। (੮) ਮਾਲ ਗੁਦਾਮ ਵਿੱਚ ਚੋਰੀ। (੯) ਕੁਲਵੰਤ ਕੌਰ। (੧੦) ਮੌਤ ਦਾ ਡਰ। (੧੧) ਹੈਜ਼ਾ। (੧੨) ਅੱਖਾਂ ਦੀ ਜੋਤ। (੧੩) ਕੌਮੀ ਤੇ ਸਰੀਰਕ ਅਰੋਗਤਾ। (੧੪) ਸੁਘੜ ਨੂੰਹ ਤੇ ਲੜਾਕੀ ਸੱਸ। (੧੫) ਅੰਗ੍ਰੇਜ਼ਾਂ ਦਾ ਰਹਿਨ ਸਹਿਨ। (੧੬) ਮਨ ਦਾ ਸੰਸਾਰ। (੧੭) ਪਖੰਡ ਪ੍ਰਹਾਰ।(੧੮) ਸਾਡੇ ਘਰ ਤੇ ਇਸਤ੍ਰੀਆਂ ਦੀ ਅਰੋਗਜਤਾ। (੧੯) ਰੋਂਦਿਆਂ ਨੂੰ ਧਰਵਾਸਾ (੨੦) ਸੰਤਾਨ ਸਿੱਖਯਾ। (੨੧) ਰਕਤ ਵਿਗਜਾਨ ਤੇ ਫੇਫੜੇ। (੨੨) ਵਾਹਿਗੁਰੂ ਦੀ ਪਛਾਣ। (੨੩) ਮਨੁੱਖ ਦੇ ਫਰਜ਼। (੨੪) ਭਰਾਵਾਂ ਦਾ ਪਿਆਰ। (੨੫) ਸਫਲ ਜੀਵਣ। (੨੬) ਸਿੱਖ ਕਿਸ ਨੂੰ ਆਖਦੇ ਹਨ ਤੇ (੨੭) ਸੁਖੀ ਪ੍ਰਵਾਰ।



Digitized by Panjab Digital Library | www.panjabdigilib.org

# ੧੯੨੦

## ਚੋਭ ਦੀ ਚਿਸਕ

"ਵੈਦ ਜੀ ਪਵਿੱਤ੍ਰ, ਪਰਉਪਕਾਰੀ, ਗ੍ਰੀਬਾਂ ਦਾ ਦਰਦ ਵੰਡਾਉਣ ਵਾਲੀ, ਹਰ ਦਿਲ ਅਜ਼ੀਜ਼, ਨੇਕ ਸਲਾਹਕਾਰ, ਸੱਚੀ ਤੇ ਸੁੱਚੀ, ਪੰਥ ਦੀ ਨਿਸ਼ਕਾਮ ਤੇ ਠੰਡੇ ਮਿੱਠੇ ਸੁਭਾਵ ਵਾਲੀ ਹਸਤੀ ਸਨ।"

(ਸ੍ਰ: ਸ਼ਰਮ ਸਿੰਘ ਜੀ ਮੈਨੇਜਰ ਧੌਲਪੁਰ ਸਟੋਨ ਕੰਪਨੀ)

ਜਿਸ ਤਰ੍ਹਾਂ ਕਿਸੇ ਲੱਗੀ ਸੱਟ ਦੀ ਪੀੜ ਉਸ ਵੇਲੇ ਨਾਲੋਂ ਪਿੱਛੋਂ ਬਹੁਤ ਮਲੂਮ ਹੁੰਦੀ ਹੈ, ਇਸੇ ਹੀ ਤਰ੍ਹਾਂ ਮਾਰਸ਼ਲ-ਲਾ ਦੇ ਜ਼ੁਲਮਾਂ ਦੀ ਚਿਸਕ ਹੁਣ ਹੋਰ ਭੀ ਵਧ ਗਈ। ਜਲਿਆਂ ਵਾਲਾ ਬਾਗ ਪੰਜਾਬ ਹੀ ਨਹੀਂ, ਸਾਰੇ ਹਿੰਦੁਸਤਾਨ ਦੇ ਖਿਆਲਾਂ ਦਾ ਸੈਂਟਰ ਬਣ ਗਿਆ। ਹਾਕਮਾਂ ਨੇ ਭਾਵੇਂ ਜਨਰਲ ਡਾਇਰ ਤੇ ਉਸਦੇ ਸਾਥੀਆਂ ਦੀ ਪਿੱਠ ਠੋਕੀ, ਪਰ ਹਿੰਦੁ-ਸਤਾਨ ਭਰ ਵਿੱਚ ਇਨ੍ਹਾਂ ਉੱਤੇ ਲਾਨਤਾਂ ਦੀ ਚੁਫੇਰਿਓਂ ਆਪੂੰ ਹੀ ਬੁਛਾੜ ਹੋਣ ਲੱਗ ਪਈ। ਹਰ ਇੱਕ ਹਿੰਦੀ ਦੇ ਦਿਲੀ-ਜ਼ਖਮ ਚਿਸਕਣ ਲੱਗ ਪਏ।

ਸਖਤੀ ਕੌਮਾਂ ਨੂੰ ਕਮਜ਼ੋਰ ਨਹੀਂ ਕਰਦੀ, ਸਗੋਂ ਸਖਤੀ ਹੀ ਤਾਂ ਕੌਮਾਂ ਨੂੰ ਉਠੌਂਦੀ ਤੇ ਜਗੌਂਦੀ ਹੈ। ਜਨਰਲ ਡਾਇਰ ਜੇਹੇ ਜੇ ਅਜੇਹੀਆਂ ਸਖਤੀਆਂ ਨਾ ਕਰਦੇ ਤਦ ਸ਼ਾਇਦ ਗੁਲਾਮੀ ਦੇ ਚਿੱਕੜ ਵਿੱਚ ਗਹਿਗੱਚ ਹੋਇਆ ਹ ਨਿਕੰਮਾ ਸੂਬਾ ਐਡੀ ਜਲਦੀ ਨਾ ਉਠਦਾ। ਇਸ ਤੋਂ ਵੱਧ ਸਾਡੀ ਗੁਲਾਮੀ ਦਾ ਹੋਰ ਕੀ ਸਬੂਤ ਹੋ ਸਕਦਾ ਹੈ? ਕਿ ਇੱਕ ਪਾਸੇ ਸਾਰਾ ਭਾਰਤ ਵਰਸ਼ ਜਾਗਿਆ ਹੈ, ਪੰਜਾਬ ਦੀ ਬੇ-ਕਸੀ ਅਤੇ ਇਸ ਉੱਤੇ ਹੋਏ ਜ਼ੁਲਮਾਂ ਤੇ ਰੋ ਰਿਹਾ, ਆਂਸੂ ਬਹਾ ਰਿਹਾ ਤੇ ਹਮਦਰਦੀ ਵਜੋਂ ਅੱਗੇ ਆ ਰਿਹਾ ਹੈ, ਤੇ ਦੂਜੇ



Digitized by Panjab Digital Library | www.panjabdigilib.org

ਪਾਸੇ ਸਾਡੇ ਹੀ ਪੰਜਾਬੀ ਭਰਾ ਜਨਰਲ ਡਾਇਰ ਨੂੰ ਸਿਰੋਪਾਉ ਦੇ ਰਹੇ ਹਨ, ਜਿਸਦਾ ਜ਼ਿਕਰ ਉਹ ਲੰਡਨ ਵਿੱਚ ਜਾਕੇ ਭੀ ਕਰਦਾ ਹੈ । ਇਸੇ ਤਰ੍ਹਾਂ ਹੀ ਅੰਮ੍ਰਿਤਸਰ ਵਿੱਚ ਗੋਲੀ ਚਲਦੀ ਹੈ, ਡਾਕਟਰ ਕਿਚਲੂ ਤੇ ਡਾਕਟਰ ਸਤਜਾਪਾਲ ਜ਼ਿਲਾਵਤਨ ਕੀਤੇ ਜਾਂਦੇ ਹਨ। ਪੰਜਾਬ ਵਿੱਚ ਸਖਤੀ ਦਾ ਤੂਫਾਨ ਸ਼ੁਰੂ ਹੁੰਦਾ ਹੈ, ਤਾਂ ਲਾਟ ਪੰਜਾਬ ਓਡਵਾਇਰ ਸਾਹਿਬ ਨੂੰ ਲਾਹੌਰ ਵਿੱਚ ਪਾਰਟੀ ਦਿੱਤੀ ਜਾਂਦੀ ਹੈ। ਹਾ ਹਾ, ਹੂ ਹੂ, ਕਰਨ, ਤੇ ਗੱਪਾਂ ਮਾਰਨ ਨੂੰ ਭਾਵੇਂ ਕੁੱਛ ਕਿਹਾ ਜਾਵੇ, ਪਰ ਇਸ ਵਿੱਚ ਕੋਈ ਸ਼ਕ ਨਹੀਂ ਕਿ ਪੰਜਾਬ, ਭਾਰਤ ਵਰਸ਼ ਦੇ ਹੋਰ ਸੂਬਿਆਂ ਨਾਲੋਂ ਮੁਲਕੀ ਮੈਦਾਨ ਦੀ ਦੌੜ ਵਿੱਚ ਅਜੇ ਬਹੁਤ ਪਿੱਛੇ ਹੈ। ਕੀ ਜੇ ਅਸੀਂ ਜਨਰਲ ਡਾਇਰ ਨੂੰ ਸਿਰੋਪਾਉ ਨਾ ਦਿੰਦੇ ਤਾਂ ਇਜ਼ਤ ਘਟ ਜਾਂਦੀ? ਜੇ ਉਸਨੂੰ ਕੜਾ ਪਾਕੇ ਸਿੱਖ ਆਖਣ ਦੀ ਹਮਾਕਤ ਨਾ ਕਰਦੇ। (ਜਿਸ ਦਾ ਉਸ ਨੇ ਪਾਰਲੀਮੈਂਟ ਵਿੱਚ ਜਾਕੇ ਜ਼ਿਕਰ ਕੀਤਾ) ਤਾਂ ਕੀ ਗੁਰ ਸਿੱਖੀ ਵਿੱਚ ਕੁਛ ਘਾਟਾ ਪੈ ਜਾਂਦਾ ? ਇਹ ਚੀਜ਼ ਦੱਸ ਦੀ ਹੈ ਕਿ ਸਾਡੇ ਦਿਮਾਗ ਤੇ ਦਿਲ ਅਜੇ ਕਿਸਤਰ੍ਹਾਂ ਗੁਲਾਮੀ ਦੇ ਚਿਕੜ ਵਿੱਚ ਖੁਭੇ ਪਏ ਹਨ। ਹਾ ! ਜਿਹੜਾ ਸਿੱਖ ਪੰਥ ਅਜੇ ਪੌਣੀ ਸਦੀ ਪਹਿਲਾਂ ਰਾਜ ਭਾਗ ਦਾ ਮਾਲਕ, ਸੁਤੰਤ੍ਰਤਾ ਦਾ ਆਸ਼ਕ, ਸਚਾਈ ਦਾ ਦਿਲਦਾਦਾ ਤੇ ਬੇਖੌਫ ਸੂਰਮਾ ਸੀ, ਅੱਜ ਕਿਸਤਰ੍ਹਾਂ ਗੁਲਾਮੀ ਦੀ ਖੱਡ ਵਿੱਚ ਪਿਆ ਹੋਇਆ ਕੱਰਾਹ ਰਿਹਾ ਹੈ। ਅਭਾਗਾ, ਗੁਲਾਮੀ ਦੇ ਸੰਗਲ ਕੱਸਣ ਵਾਲਾ, ਗੁਲਾਮੀ ਦੇ ਨਸ਼ੇ ਵਿੱਚ ਮਸਤ, ਝੂਠ ਤੋਂ ਨਾ ਡਰਨ ਵਾਲਾ, ਖੁਸ਼ਾਮਦੀ ਤੇ ਬੁਜ਼ਦਿਲ ਯਈਂ ਯਈਂ ਕਰਨ ਵਾਲਾ ਹੋ ਗਿਆ ਹੈ।

ਪਾਠਕ ਜਨ ! ਮੈਂ ਅਰਜ਼ ਕਰ ਰਿਹਾ ਸਾਂ, ਕਿ ਸੰਖਤੀ ਹੀ ਕੌਮਾਂ ਨੂੰ ਉਠੌਂਦੀ ਤੇ ਜਗੌਂਦੀ ਹੈ। ਜਿਹੜਾ ਸਖਤੀ ਸਹਿਣੋਂ ਡਰਦਾ ਹੈ, ਉਹ ਸੁਖ ਨਹੀਂ ਮਾਣ ਸਕਦਾ। ਜਿਸ ਨੂੰ ਮੌਤ ਤੋਂ ਡਰ ਲਗਦਾ ਹੈ ਉਹ ਜੀਵਣ ਦਾ ਅਨੰਦ ਨਹੀਂ ਲੈ ਸਕਦਾ । ਕਿਸੇ ਨੇ ਠੀਕ ਕਿਹਾ ਹੈ:–

"ਜਿਹਨੂੰ ਮਰਨਾ ਨਹੀਂ ਔਂਦਾ,
ਉਹ ਜੀਉਂਦਾ ਰਹਿ ਨਹੀਂ ਸਕਦਾ।"



Digitized by Panjab Digital Library | www.panjabdigilib.org

ਬਸ ਇਹੀ ਕੌਮਾਂ ਤੇ ਦੇਸਾਂ ਦੇ ਜੀਵਣ ਮਰਨ ਦਾ ਹਾਲ ਹੈ, ਜੋ ਕੌਮਾਂ ਦੁਖ ਝੱਲਦੀਆਂ ਹਨ, ਮਿਹਨਤ ਕਰਦੀਆਂ ਹਨ, ਮੌਤ ਦਾ ਭੀ ਸਾਮਣਾ ਕਰਦੀਆਂ ਹਨ, ਉਹ ਸਦਾ ਦੁਨੀਆਂ ਤੇ ਰਾਜ ਕਰਦੀਆਂ ਤੇ ਅਨੰਦ ਭੋਗਦੀਆਂ ਹਨ, ਪਰ ਜੋ ਸੁਸਤ, ਤੇ ਸੁਖ ਰਹਿਣੀਆਂ ਹਨ, ਉਹ ਗੁਲਾਮ ਹੋ ਦੁਖ ਪਾਉਂਦੀਆਂ ਹਨ।

ਕੌਮਾਂ ਮਰਦੀਆਂ ਨਹੀਂ, ਜੋ ਮਰਨ ਜਾਣਨ,
ਸੋਈ ਮਰਦੀਆਂ ਜੋ ਮਰਨੋਂ ਡਰਦੀਆਂ ਨੇ।
ਸੁਖੀਂ ਵਸਦੀਆਂ ਜੋ ਸੁਖੀਂ ਵਸਦੀਆਂ ਨਾ,
ਸੁਖੀਂ ਵਸਦੀਆਂ ਜੋ ਦੁਖ ਜਰਦੀਆਂ ਨੇ।
ਦੁਖੀ ਰਹਿੰਦੀਆਂ ਜੋ ਦੁਖ ਸਹਿੰਦੀਆਂ ਨਾ,
ਤਖਤੀਂ ਚੜ੍ਹਦੀਆਂ ਜੋ ਤਖਤੀਂ ਚੜ੍ਹਦੀਆਂ ਨੇ।
ਮਰਨੋਂ ਡਰਦੀਆਂ ਜੋ ਕਸ਼ਟ ਜਰਦੀਆਂ ਨਾ,
ਠੁੱਡੇ ਖਾਂਦੀਆਂ ਸੋ ਸਦਾ ਬਰਦੀਆਂ ਨੇ।

ਇਸ ਖਿਆਲ ਨਾਲ ਤਾਂ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਸਖਤੀਆਂ ਨੇ ਸੁੱਤੇ ਪੰਜਾਬ ਨੂੰ ਜਗਾਉਣ ਦਾ ਕੰਮ ਕੀਤਾ।

ਇਹ ਚਿਸਕ ਹਿੰਦੋਸਤਾਨੀ ਦਿਲਾਂ ਤਕ ਹੀ ਨਹੀਂ ਰਹੀ, ਇਸ ਨੇ ਦੁਨੀਆਂ ਦੇ ਹਰ ਕੋਨੇ ਵਿਚ ਸਨਸਨੀ ਪੈਦਾ ਕਰ ਦਿਤੀ। ਭਾਵੇਂ ਵਜ਼ੀਰ ਹਿੰਦ ਤੇ ਉਸ ਦੇ ਸਾਥੀਆਂ ਨੇ ਇਨ੍ਹਾਂ ਦੀ ਪਿੱਠ ਠੋਕੀ ਪਰ ਸਰ. ਈ. ਕਾਰਸਨ ਜੇਹੇ ਅੰਗ੍ਰੇਜ਼ਾਂ ਨੇ ਹਾਊਸ ਆਫ ਕਾਮਨਜ਼ ਵਿਚ ਇਸ ਜ਼ੁਲਮ ਬਾਰੇ ਅਵਾਜ਼ ਉਠਾ ਕੇ ਦੱਸ ਦਿੱਤਾ ਕਿ ਸਚਾਈ ਪਸਿੰਦ ਕਿਸੇ ਕੌਮ ਵਿਚੋਂ ਬਿਲਕੁਲ ਹੀ ਗੁੰਮ ਨਹੀਂ ਹੋ ਸਕਦੇ। ਇਸੇਤਰ੍ਹਾਂ ਹਾਊਸ ਆਫ ਲਾਰਡਜ਼ ਵਿਚ ਭੀ ਇਸ ਸਾਲ ਖੂਬ ਬਹਿਸ ਹੋਈ ਤੇ ਉਨ੍ਹਾਂ ਨੇ ਇਨ੍ਹਾਂ ਪੰਜਾਬ ਵਿਚ ਹੋਏ ਜ਼ੁਲਮਾਂ ਨੂੰ ਬੁਰਾ ਮਨਾਇਆ।

ਇਸੇ ਸਾਲ ਵਿਚ ੧ ਅਗਸਤ ਨੂੰ ਭਾਰਤ ਦੇ ਅਦੁਤੀ ਸਪੂਤ ਮਹਾਮਾਨਜ ਬਾਲ ਗੰਗਾ ਧਰ ਤਿਲਕ ਇਸ ਅਸਾਰ ਸੰਸਾਰ ਤੋਂ ਚਲਾਣਾ



Digitized by Panjab Digital Library | www.panjabdigilib.org

ਕਰ ਗਏ। ਜਿਸ ਦਾ ਘਾਟਾ ਸਦੀਆਂ ਤਕ ਭੀ ਪੂਰਾ ਹੋਣਾ ਕਠਨ ਹੈ।

ਇਸੇ ਸਾਲ ੩ ਫਰਵਰੀ ਨੂੰ ੭੩੪ ਮਾਰਸ਼ਲ ਲਾ ਦੇ ਕੈਦੀਆਂ ਵਿਚੋਂ ਪੰਜਾਬ ਸਰਕਾਰ ਨੇ ੬੩੮ ਛੱਡ ਦਿਤੇ। ਇਸੇ ਸਾਲ ੨੧ ਅਗਸਤ ਨੂੰ ੫੬੦੪੭੨ ਰੁਪਏ ਨੂੰ ਕੌਮ ਨੇ ਜਲਿਆਂ ਵਾਲਾ ਬਾਗ਼ ਖਰੀਦ ਲਿਆ। ੨੦ ਫਰਵਰੀ ਨੂੰ ਲਾਲਾ ਲਾਜਪਤ ਰਾਇ ਅਮਰੀਕਾ ਆਦਿ ਦੇਸਾਂ ਵਲੋਂ ਫਿਰਦਾ ੨ ਆਇਆ ਆਦਿਕ,ਇਸ ਸਾਲ ਦੀਆਂ ਖਾਸ ੨ ਘਟਨਾਵਾਂ ਹਨ।

ਆਓ ਹੁਣ ਅਸੀਂ ਫੇਰ ਆਪਣੇ ਅਸਲੀ ਮੁੱਦੇ ਵੱਲ ਆਈਏ। ਇਸ ਸਾਲ ਚੜ੍ਹਦੇ ਹੀ ਵੈਦ ਜੀ ਸ੍ਰੀ ਗੁਰੂ ਅਰਜਨ ਦੇਵ ਹਾਈ ਸਕੂਲ ਤਰਨ ਤਾਰਨ, ਤਾਜ਼ੀਰੀ ਪੁਲਿਸ ਚੌਕੀ ਆਦਿ ਦੇ ਕੰਮਾਂ ਵਿੱਚ ਜੁੱਟ ਗਏ। ੧੮ ਜਨਵਰੀ ਨੂੰ ਖਾਲਸਾ ਹਾਈ ਸਕੂਲ ਦੀ ਬਿਲਡਿੰਗ ਦਾ ਟੱਕ ਲੱਗਾ। ਨੀਹਾਂ ਪੁੱਟਣੀਆਂ ਸ਼ੁਰੂ ਹੋਈਆਂ।

ਜਨਵਰੀ ਦਾ ਸਾਰਾ ਹੀ ਮਹੀਨਾ ਆਪ ਤਾਜ਼ੀਰੀ ਪੁਲਿਸ ਤਰਨ ਤਾਰਨ ਵਿਚੋਂ ਹਟੌਣ ਦੇ ਉਦਮ ਵਿਚ ਲੱਗੇ ਰਹੇ। ਕਦੇ ਕਿਸੇ ਹਾਕਮ ਨੂੰ ਮਿਲ ਤੇ ਕਦੇ ਕਿਸੇ ਨੂੰ, ਕਦੇ ਕਿਸੇ ਪਾਸ ਜਾਹ ਤੇ ਕਦੇ ਕਿਸੇ ਪਾਸ।

ਜਦ ਸੇਵਾ ਥਾਂ ਪੈ ਜਾਵੇ ਤਾਂ ਇਨਸਾਨ ਦਾ ਦਿਲ ਖੁਸ਼ ਹੋ ਜਾਂਦਾ ਹੈ ਤੇ ਅੱਗੇ ਵਧ ਕੇ ਹੋਰ ਸੇਵਾ ਕਰਨ ਨੂੰ ਕਰਦਾ ਹੈ। ੧੮ ਫਰਵਰੀ ਨੂੰ ਤਰਨ ਤਾਰਨ ਵਿਚੋਂ ਤਾਜ਼ੀਰੀ ਪੁਲਿਸ ਉਠਾਈ ਜਾਣ ਦਾ ਹੁਕਮ ਸੁਣਦਿਆਂ ਹੀ ਸ਼ਹਿਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਤੇ ਵੈਦ ਜੀ ਦੀ ਸੇਵਾ ਨੂੰ ਫਲ ਲਗ ਗਿਆ।

੪ ਮਾਰਚ ਨੂੰ ਆਪ ਕਈ ਹੋਰ ਗੁਰਮੁਖਾਂ ਨਾਲ ਲਾਹੌਰ ਗਏ, ਸਕੂਲ ਲਈ ਸ਼ਤੀਰੀਆਂ ਖਰੀਦਣੀਆਂ ਸਨ ਇਸ ਲਈ ਸਿੱਧੇ ਬਾਵਾ ਡਿੰਗਾ ਸਿੰਘ ਜੀ ਦੇ ਗਏ। ਸਭ ਤਸੱਲੀ ਬਖਸ਼ ਇੰਤਜ਼ਾਮ ਕਰ ਕੇ ਰਾਤ ਨੂੰ ਘਰ ਆ ਗਏ।

ਏਥੇ ਇੱਕ ਗੱਲ ਹੋਰ ਭੀ ਸੁਆਦਲੀ ਜ਼ਿਕਰ ਕਰਨ ਵਾਲੀ ਹੈ। ਜਦ ਆਪ ਸਕੂਲ ਦੀ ਉਗਰਾਹੀ ਲਈ ਤੇ ਸ਼ਤੀਰੀਆਂ ਦਾ ਭਾ ਭੱਤਾ ਪੁੱਛਣ



Digitized by Panjab Digital Library | www.panjabdigilib.org

ਲਾਹੌਰ ਗਏ, ਉਸ ਵੇਲੇ ਜਦ ਇੱਕ ਦੂਜੇ ਨਾਲ ਵਾਕਫੀ ਹੋਣ ਲੱਗੀ ਤਾਂ ਇਕ ਵਾਕਫ ਕਾਰ ਨੇ ਬਾਵਾ ਜੀ ਨੂੰ ਸਾਰੇ ਜੱਥੇ ਦੇ ਸੱਜਣਾਂ ਦੇ ਨਾਮ ਵਾਰੋ ਵਾਰੀ ਦੱਸੇ ਤੇ ਵਾਕਫੀ ਕਰਾਈ। ਜਦ ਵੈਦ ਜੀ ਬਾਬਤ ਦੱਸਣ ਲੱਗੇ ਤਾਂ ਬਾਵਾ ਜੀ ਹੱਸ ਕੇ ਬੋਲੇ "ਇਨ੍ਹਾਂ ਨੂੰ ਮੈਂ ਬਹੁਤ ਅੱਛੀ ਤਰ੍ਹਾਂ ਜਾਣਦਾ ਹਾਂ" ਵੈਦ ਜੀ ਦੇ ਕਹਿਣ ਤੇ ਕਿ "ਜੀ ਮੈਂ ਤਾਂ ਆਪ ਜੀ ਦੇ ਦਰਸ਼ਨ ਕਦੇ ਨਹੀਂ ਕੀਤੇ" ਬਾਵਾ ਜੀ ਖੂਬ ਖਿੜ ਖਿੜ ਹੱਸ ਪਏ, ਤੇ ਆਖਣ ਲੱਗੇ "ਵੈਦ ਜੀ ! ਤੁਸੀਂ ਮੈਨੂੰ ਬਹੁਤ ਵਾਰ ਦੇਖਿਆ ਹੈ ਤੇ ਮੈਂ ਤੁਹਾਨੂੰ ਬਹੁਤ ਅੱਛੀ ਤਰ੍ਹਾਂ ਜਾਣਦਾ ਹਾਂ" ਵੈਦ ਜੀ ਅਜੇ ਹੈਰਾਨੀ ਨਾਲ ਸੋਚ ਹੀ ਰਹੇ ਸਨ, ਕਿ ਆਪ ਬੋਲੇ "ਵੈਦ ਜੀ ! ਤੁਹਾਨੂੰ ਪਤਾ ਹੈ ਕਿ ਨਾ ? ਤੁਹਾਡੀ ਦੁਕਾਨ ਦੇ ਥੜ੍ਹੇ ਉੱਤੇ ਬੈਠ ਕੇ ਇਕ ਡਾਕਖਾਨੇ ਦਾ ਕਲਰਕ ਤੁਹਾਥੋਂ ਰੋਜ਼ ਅਖਬਾਰ ਪੜ੍ਹਣ ਔਂਦਾ ਹੁੰਦਾ ਸੀ ?"

ਭਾਈ ਸਾਹਿਬ ਨੇ ਜ਼ਰਾ ਸੋਚ ਕੇ ਉੱਤਰ ਦਿਤਾ "ਹਾਂ ! ਉਸਦਾ ਤਾਂ ਖਿਆਲ ਹੈ" ਬਾਵਾ ਜੀ ਬੋਲੇ "ਬਸ ! ਮੈਂ ਓਹੀ ਡਿੰਗਾ ਸਿੰਘ ਹਾਂ 'ਜੋ ਰੋਜ਼ ਤੁਹਾਡੀ ਦੁਕਾਨ ਤੇ ਆ ਕੇ ਤੁਹਾਡੇ ਪਾਸੋਂ ਅਖਬਾਰ ਲੈ ਕੇ ਪੜ੍ਹਦਾ ਹੁੰਦਾ ਸੀ" ਫੇਰ ਕੀ ਸੀ। ਦੁਵੱਲੇ ਹਾਸੇ ਤੇ ਅਨੰਦ ਦੀ ਝਰਨਾਟ ਛਿੜ ਗਈ ਤੇ ਬੜੇ ਪਿਆਰ ਨਾਲ ਮਿਲੇ।

ਵੈਦ ਜੀ ਦੀ ਦੁਕਾਨ ਉਤੋਂ ਸ਼ੁਰੂ ਤੋਂ ਹੀ ਅੰਗ੍ਰੇਜ਼ੀ, ਹਿੰਦੀ, ਉਰਦੂ, ਗੁਰਮੁਖੀ ਦੇ ਅਖਬਾਰ ਲੋੜ ਵੰਦ ਗਰੀਬ ਅਮੀਰ ਆ ਆ ਪੜ੍ਹਦੇ ਸਨ, ਤੇ ਹੁਣ ਭੀ ਉਹੀ ਤੁਰੀਕਾ ਜਾਰੀ ਹੈ। ਇਸੇ ਤਰ੍ਹਾਂ ਆਮ ਰਿਵਾਜ ਹੈ, ਕਿ ਰੇਲਵੇ ਟਾਇਮ ਟੇਬਲ ਜਾਂ ਹੋਰ ਏਹੋ ਜੇਹੀ ਕਿਸੇ ਰੋਜ਼ ਵਰਤਣ ਵਾਲੀ ਜ਼ਰੂਰੀ ਚੀਜ ਦੀ ਲੋੜ ਹੋਵੇ ਤਾਂ ਆਪ ਦੀ ਦੁਕਾਨ ਹੀ ਸ਼ਹਿਰ ਦਾ ਅੱਡਾ ਹੈ। ਸੈਂਕੜੇ ਸੁਖ ਤੇ ਲਾਭ ਮਾਣ ਗਏ, ਸੈਂਕੜੇ ਮਾਣ ਰਹੇ ਹਨ, ਤੇ ਸੈਂਕੜੇ ਮਾਣਨਗੇ। ਇਹ ਸਦਾ ਵਰਤ ਤੇ ਵਿਦਿਆ ਦਾਨ ਅਖੁੱਟ ਹੈ।

ਅਪ੍ਰੈਲ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਛਾਪੇ ਖਾਨੇ ਵਾਲਿਆਂ ਦੀ "ਪ੍ਰਿੰਟਰਜ਼ ਕਮੇਟੀ" ਨਾਮ ਦੀ ਇੱਕ ਸਭਾ ਕਾਇਮ ਹੋਈ। ਇਸ ਕਮੇਟੀ



Digitized by Panjab Digital Library | www.panjabdigilib.org

ਨੇ ਆਪਣੇ ਹੋਣ ਵਾਲੇ ਝਗੜਿਆਂ ਨੂੰ ਨਿਪਟਾਣ ਲਈ ਖੁਦਬਖੁਦ ਹੀ ਵੈਦ-ਰਾਜ ਜੀ ਨੂੰ ਚੁਣਿਆ। ੯ ਅਪ੍ਰੈਲ ਦੀ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਇੱਕ ਗੁਰਮਤੇ ਰਾਂਹੀ ਆਪ ਜੀ ਨੂੰ ਸਾਲਸ ਨੀਯਤ ਕੀਤਾ। ਇਸ ਬਾਰੇ ਭਾਈ ਬੁਧ ਸਿੰਘ ਜੀ ਮੈਨੇਜਰ "ਸ੍ਰੀ ਗੁਰਮਤ ਪ੍ਰੈਸ" ਅੰਮ੍ਰਿਤਸਰ ਦੀ ਪੱਤ੍ਰਕਾ ਇਉਂ ਦਸਦੀ ਹੈ:–

੧੬. ੪, ੧੯੨੦

ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ,

ਸ੍ਰੀ ਵਾਹਿਗੁਰੂ ਜੀ ਕੀ ਫਤਹ। ਬੇਨਤੀ ਹੈ ਕਿ ਸ੍ਰੀ ਅੰਮ੍ਰਿਤਸਰ ਵਿੱਚ ਇੱਕ "ਪ੍ਰਿੰਟਰਜ਼ ਕਮੇਟੀ" ਕਾਯਮ ਹੋਈ ਹੈ, ਜਿਸ ਦਾ ਕੰਮ ਪ੍ਰੈਸਾਂ ਦੀਆਂ ਔਕੜਾਂ ਪੁਰ ਵਿਚਾਰ ਕਰਨਾ ਹੈ, ਅਰ ਉਸਨੇ ਇੱਕ ਰੈਜ਼ੂਲੇਸ਼ਨ ਪਾਸ ਕੀਤਾ ਹੈ ਜੋ ਆਪ ਦੀ ਸੇਵਾ ਵਿੱਚ ਭੇਜਿਆ ਹੈ। ਇਹ ਕੰਮ ਪ੍ਰਾਈਵੇਟ ਹੈ, ਇਸ ਲਈ ਆਪ ਨੇ ਇਸਦੀ ਪ੍ਰਵਾਨਗੀ ਭੇਜਣ ਦੀ ਖੇਚਲ ਕਰਨੀ, ਆਸ਼ਾ ਹੈ ਕਿ ਆਪ ਸ੍ਵੀਕਾਰ ਕਰੋਗੇ।

ਨਕਲ

"(ਹ) ਹਰੇਕ ਮਿੰਬਰ ੧੦੦)ਇੱਕ ਸੌ ਰੁਪਯਾ ਨਕਦ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਵਾਲੇ ਪਾਸ ਜਮਾ ਕਰਾ ਦੇਵੇ, ਅਰ ਜੇਕਰ ਕੋਈ ਝਗੜਾ ਨਿਯਮਾਂ ਦੇ ਵਿਰੁੱਧ ਪੈ ਜਾਵੇਗਾ ਤਾਂ ਉਸਦੇ ਨਿਬੇੜਨ ਲਈ ਭਾਈ ਮੋਹਨ ਸਿੰਘ ਜੀ ਸਾਲਸ ਹੋਣਗੇ ਅਰ ਜੋ ਫੈਸਲਾ ਉਹ ਕਰ ਦੇਣਗੇ ਸੋ ਸਬ ਨੂੰ ਮੰਨਣਾ ਪਵੇਗਾ। ੯ ਅਪ੍ਰੈਲ ੧੯੨੦ ਦਾ ਫੈਸਲਾ।"

ਇਹ ਚੀਜ਼ਾਂ ਦੱਸਦੀਆਂ ਹਨ ਕਿ ਹਰ ਤਬਕੇ ਤੇ ਹਰ ਕਮਾਮ ਦੇ ਸੱਜਣ ਅਤੇ ਆਮ ਪਬਲਕ ਵਿੱਚ ਆਪ ਜੀ ਦਾ ਕਿਤਨਾ ਰਸੂਖ ਤੇ ਪਿਆਰ ਸੀ।

ਇਸੇ ਸਾਲ ਤਰਨ ਤਾਰਨ ਵਿਚ ਜਾਨਵਰਾਂ ਤੇ ਰਹਿਮ ਕਰਨ ਵਾਲੀ ਕਮੇਟੀ ਦੇ ਭੀ ਆਪ ਮੈਂਬਰ ਹੋਏ ਜਿਸ ਦੀ ਮੀਟਿੰਗ ੨੬ ਅਪ੍ਰੈਲ ਨੂੰ ਹੋਈ।



Digitized by Panjab Digital Library | www.panjabdigilib.org

ਆਪ ਦੀ ੮ ਮਈ ਦੀ ਡਾਇਰੀ ਵਿਚ ਦਰਜ ਹੈ ਕਿ ਆਪ ਨੇ ਇਸ ਦਿਨ "ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਦੀ ਲਾਇਬ੍ਰੇਰੀ ਵਾਸਤੇ ੫੨ ਗੁਰਮੁਖੀ ਦੇ ੮ ਅੰਗ੍ਰੇਜ਼ੀ ਦੇ ਤੇ ੧ ਉਰਦੂ ਦਾ, ਕੁਲ ੬੧ ਪੁਸਤਕਾਂ ਪ੍ਰੇਮ ਭੇਟਾ ਕੀਤੀਆਂ।"

ਅੰਗ੍ਰੇਜ਼ੀ ਵਿਚ ਮਿਸਟਰ ਮੈਕਾਲਫ ਦਾ ਸਿਖ ਇਤਹਾਸ ਦੇਖਣ ਦਾ ਆਪ ਨੂੰ ਚਾਉ ਸੀ ਇਸ ਲਈ ਆਪ ਲਿਖਦੇ ਹਨ ਕਿ ੧੫ ਮਈ ਨੂੰ ੬ ਜਿਲਦਾਂ ਮੈਕਾਲਫ ਦਾ ਗ੍ਰੰਥ ਅੰਗ੍ਰੇਜ਼ੀ ਲਾਹੌਰੋਂ ਮੰਗਵਾਇਆ।

੧੯੧੯ ਵਿਚ ਪੁਸਤਕ 'ਸੁਖੀ ਪ੍ਰਵਾਰ' ਲਿਖਣ ਕਰਕੇ ਪੰਜਾਬ ਟੈਕਸਟ ਬੁੱਕ ਕਮੇਟੀ ਵਲੋਂ ੧੨ ਜੂਨ ਨੂੰ ਆਪ ਨੂੰ ੫੦੦) ਦਾ ਇਨਾਮ ਆਇਆ।

੨ ਜੁਲਾਈ ਨੂੰ ਆਪ ਨੇ ਸਦਾ ਵਾਂਗ ਕੁਝ ਹੋਰ ਅੰਗ੍ਰੇਜ਼ੀ ਦਵਾਈਆਂ ਖਾ: ਪ੍ਰ: ਵਿਦਿਆਲੇ ਦੇ ਹਸਪਤਾਲ ਵਿਚ ਦਾਨ ਕੀਤੀਆਂ।

੧੦ ਜੁਲਾਈ ਨੂੰ ਖਾਲਸਾ ਹਾਈ ਸਕੂਲ ਨਵੀਂ ਇਮਾਰਤ ਵਿਚ ਅਰੰਭ ਹੋਇਆ।

੨੦ ਤੇ ੨੧ ਅਕਤੂਬਰ ਨੂੰ ਆਪ ਸਿਖ ਲੀਗ ਦੇ ਦੀਵਾਨ ਵਿਚ ਲਾਹੌਰ ਰਹੇ, ਅਤੇ ੧ ਨਵੰਬਰ ਨੂੰ ਆਪ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੱਖਨ ਦੀ ਯਾਤਰਾ ਨੂੰ ਤੁਰ ਪਏ। ਦਿੱਲੀ, ਮਥਰਾ, ਬ੍ਰਿੰਦਾ ਬਨ, ਆਗਰਾ, ਗੰਗਾ ਪੁਰ, ਖੰਡਵਾ, ਭੁਸਾਵਲ, ਹਜ਼ੂਰ ਸਾਹਿਬ, ਨਾਸਕ, ਗੋਦਾਵਰੀ ਤੇ ਬੰਬਈ ਆਦਿ ਦੇਖ ਕੇ ੧੭ ਨਵੰਬਰ ਨੂੰ ਵਾਪਸ ਆਏ।

੮ ਦਸੰਬਰ ਨੂੰ ਆਪ ਦੇ ਘਰ ਕਾਕਾ ਜਨਮਿਆ, ਜਿਸਦਾ ਨਾਮ ਗੁਰ ਆਸ਼ੇ ਅਨੁਸਾਰ ਸੁਖਬੀਰ ਸਿੰਘ ਰੱਖਿਆ।

## *ਪੁਸਤਕਾਂ*

ਇਸ ਸਾਲ ਵਿੱਚ ਆਪ ਨੇ ਹੇਠ ਲਿਖੀਆਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ:—

(੧) ਸੁਘੜ ਨੂੰਹ ਤੇ ਲੜਾਕੀ ਸੱਸ। (੨) ਅੰਨ ਚਕਿਤਸਾ, (੩) ਮਾਤਾ ਤੇ ਗਰਭ ਦਾ ਅਸਰ। (੪) ਵਕੀਲ ਦੀ ਕਿਸਮਤ। (੫) ਬਰਫ



Digitized by Panjab Digital Library | www.panjabdigilib.org

ਦਾ ਇਤਿਹਾਸ। (੬) ਚੋਰ ਕਿਸਤਰ੍ਹਾਂ ਫੜਿਆ ਗਿਆ। (੭) ਧਨ ਤੇ ਉਸਦੀ ਵਰਤੋਂ। (੮) ਰੋਗੀ ਮਨੁੱਖਾਂ ਦੀ ਸੇਵਾ। (੯) ਆਤਮ ਤਿਆਗ। (੧੦) ਪਰਲੋਕ ਦੀਆਂ ਚਿੱਠੀਆਂ। (੧੧) ਆਯੁਰ ਵੈਦਕ ਸ਼ਾਸਤ੍ਰ। (੧੨) ਇੱਕ ਸਰੀਰ ਵਿੱਚ ਅਨੇਕ ਆਤਮਾਂ। (੧੩) ਘਰੋਗੇ ਕਲੇਸ਼ ਦੇ ਸਿੱਟੇ। (੧੪) ਸੰਸਾਰ ਤੇ ਸੰਨਿਆਸ। (੧੫) ਸੌਰ ਜਗਤ। (੧੬) ਵੱਡੇ ਹੋਣ ਦੇ ਸਾਧਨ। (੧੭) ਲਿਖਣ ਦੇ ਸਾਧਨ। (੧੮) ਬ੍ਰਹਮਚਰਯ ਦਾ ਨਾਸ਼। (੧੯) ਬਾਲਕ ਪਾਲਣਾ। (੨੦) ਸਰੀਰ ਦੀ ਅਦਭੁਤ ਰਚਨਾ। (੨੧) ਵਿਆਹ ਦਾ ਆਦਰਸ਼। (੨੨) ਸਮ ਚਕਿਤਸਾ। (੨੩) ਸ੍ਰੀ ਰਾਮ ਨੀਤੀ। (੨੪) ਨਰ ਭੱਖੀ ਮਨੁੱਖ। (੨੫) ਦੁੱਧ ਤੋਂ ਰੋਗ। (੨੬) ਮਾਨਵ ਰਹੱਸਯ। (੨੭) ਧੀਰਜ ਤੇ ਸੱਚੀ ਬੀਰਤਾ। (੨੮) ਸਦਾਚਾਰ। (੨੯) ਅਮ੍ਰੀਕਾ ਤੇ ਜਾਪਾਨ ਦੇ ਵਿਦਆਰਥੀ। (੩੦) ਆਤਮਾ ਅਮਰ ਹੈ। (੩੧) ਯੋਗ ਅਭਿਆਸ ਦੀ ਸ਼ਕਤੀ। (੩੨) ਏਕ ਪਿਤਾ ਏਕਸ ਕੇ ਹਮ ਬਾਰਕ। (੩੩) ਪਛਤਾਵਾ। (੩੪) ਅਮ੍ਰੀਕਾ ਦੀਆਂ ਇਸਤ੍ਰੀਆਂ। (੩੫) ਮਨ ਚੰਗਾ ਤੇ ਕਠੌਤੀ ਵਿੱਚ ਗੰਗਾ। (੩੬) ਭਾਵ ਪ੍ਰਕਾਸ਼ ਭਾਗ ੧। (੩੭) ਗ੍ਰਿਹਸਥ ਨਿਰਬਾਹ। (੩੮) ਸੁਖ ਦੇਵ ਕੌਰ ਤੇ (੩੯) ਦੰਪਤੀ ਪਿਆਰ।

## *ਦੁਖ ਨਿਵਾਰਨ*

ਹਜ਼ਾਰਾਂ ਰੁਪਿਆਂ ਦੀ ਕੁਰਬਾਨੀ ਕਰ ਕੇ ੧੪ ਸਾਲ ਦੀ ਲਗਾਤਾਰ ਸੇਵਾ ਕਰਨ ਪਿੱਛੋਂ ਚੜਦੇ ੧੯੨੦ ਵਿੱਚ 'ਦੁਖ ਨਿਵਾਰਨ' ਪੱਤ੍ਰ ਨੂੰ ਬੰਦ ਕਰਨਾ ਪਿਆ। ਇਸ ਦੇ ਕਾਰਣ ਤੇ ਕਾਰਜ ਬਾਬਤ ਵੈਦ ਜੀ ਦੀ ਆਪਣੀ ਜ਼ਬਾਨੀ ਹੀ ਸੁਣੋ। ਆਪ ਲਿਖਦੇ ਹਨ:–

"ਸ੍ਰੀ ਮਾਨ ਪਰਮ ਕ੍ਰਿਪਾਲੂ ਜੀ !

ਦਾਸ ਵੱਡੇ ਸ਼ੋਕ ਨਾਲ ਪ੍ਰਗਟ ਕਰਦਾ ਹੈ ਕਿ ਪ੍ਰੈਸ ਵਾਲਿਆਂ ਨੇ ਅਚਾਨਕ ਇੱਕ ਦਮ ਹੀ ਆਦਮੀਆਂ ਦੀ ਤੰਗੀ ਤੇ ਮਹਿੰਗ ਦੇ



Digitized by Panjab Digital Library | www.panjabdigilib.org

ਕਾਰਨ ਛਪਵਾਈ ਦੇ ਨਿਰਖ ਤਿੱਗੁਣੇ ਦੇ ਕਰੀਬ ਕਰ ਦਿੱਤੇ ਹਨ। ਆਪ.ਦੇ ਸੇਵਕ ਨੇ ੧੪ ਵਰ੍ਹੇ ਲਗਾਤਾਰ ਕੇਵਲ ਪੰਜਾਬੀ ਭਾਸ਼ਾ ਦੇ ਪ੍ਰਚਾਰ ਦੇ ਉਤਸ਼ਾਹ ਤੇ ਪ੍ਰੇਮ ਨਾਲ ਹੀ 'ਦੂਖ ਨਿਵਾਰਨ ਪੱਤ੍ਰ' ਵਿੱਚ ਮਾਇਆ ਸੰਬੰਧੀ ਚੋਖਾ ਘਾਟਾ ਪਾਇਆ ਹੈ, ਉਂਞ ਪ੍ਰਸੰਨਤਾ ਹੈ ਕਿ ਇਸ ਸੇਵਕ (ਦੂਖ ਨਿਵਾਰਨ) ਦੇ ਰਾਂਹੀ ਪ੍ਰਚਾਰ ਭੀ ਚੋਖਾ ਹੋਇਆ ਹੈ ਤੇਂ ਨਿਯਮ ਅਨੁਸਾਰ ਗੁਰਮਤ, ਸ੍ਵਦੇਸ਼ ਭਾਸ਼ਾ, ਦੇਸੀ ਹਿਕਮਤ, ਇਸਤ੍ਰੀ ਸਿੱਖਜਾ ਤੇ ਅਰੋਗਤਾ ਦੇ ਪ੍ਰਚਾਰ ਤਥਾ ਸ੍ਵਦੇਸ਼ ਹਿਤ, ਸਰੀਰਕ, ਆਤਮਕ, ਧਾਰਮਕ, ਰਾਜਨੀਤਕ, ਸਦਾ ਚਾਰਕ ਤੇ ਭਾਈ ਚਾਰਕ ਦਸ਼ਾ ਦੇ ਸੁਧਾਰ, ਚੋਣਵੇਂ ਜ਼ਰੂਰੀ ਸਮਾਚਾਰ ਅਰ ਤਰ੍ਹਾਂ ਤਰ੍ਹਾਂ ਦੇ ਗਿਆਨ ਪ੍ਰਕਾਸ਼ਤ ਕਰਨ ਦੀ ਸੇਵਾ ਪੂਰੀ ਸਫਲ ਹੁੰਦੀ ਰਹੀ ਹੈ।"

ਅੱਗੇ ਆਪ ਇਸੇ ਲੇਖ ਵਿੱਚ ਲਿਖਦੇ ਹਨ:—

"ਸਭ ਤੋਂ ਵਾਧੇ ਦੀ ਗੱਲ ਇਹ ਹੈ ਕਿ ਏਸ ਪੱਤ੍ਰ ਦੀ ਬਰਕਤ ਪਾਠਕਾਂ ਵਿੱਚੋਂ ਕਈ ਦਰਜਨ ਵੈਦ ਅਰ ਕਈ ਦਵਾਈ ਖਾਨੇ ਪ੍ਰਤੱਖ ਹੋਕੇ ਸੋਭਾ ਪਾ ਰਹੇ ਹਨ ਤੇ ਬੇਅੰਤ ਵਿਚਾਰਵਾਨ ਪਾਠਕ ਦੁੱਖ ਦਰਦ ਵੇਲੇ ਕਈਆਂ ਦੀ ਸਹੈਤਾ ਯੋਗ ਹੋਏ ੨ ਹਨ ਤੇ ਪੁਸਤਕ ਭੀ ਨਵੇਂ ਤੋਂ ਨਵੇਂ ਪ੍ਰਕਾਸ਼ਤ ਹੁੰਦੇ ਰਹੇ ਹਨ।"

ਪੱਤ੍ਰ ਤਾਂ ਆਪ ਬੰਦ ਕਰਦੇ ਹਨ ਪਰ ਬਾਕੀ ਪੁਸਤਕ ਪ੍ਰਕਾਸ਼ਨ ਦਾ ਸਿਲਸਿਲਾ ਜਾਰੀ ਰਖਦੇ ਹੋਏ ਅਗੇ ਇਸੇ ਲੇਖ ਵਿੱਚ ਆਪ ਲਿਖਦੇ ਹਨ:—

"ਸੋ ਹਾਲਾਂ ਜਦ ਤੱਕ ਛਪਾਈ ਆਦਿ ਦੇ ਨਿਰਖ ਟਿਕਾਣੇ ਨਾ ਆ ਜਾਵਣ, ਪੱਤ੍ਰ ਦਾ ਸਿਲਸਿਲਾ ਬੰਦ ਕੀਤਾ ਜਾਂਦਾ ਹੈ, ਪਰ ਪੁਸਤਕਾਂ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦਾ ਸਿਲਸਿਲਾ ਬਰਾਬਰ ਜਾਰੀ ਰਹੇਗਾ।"

ਪੱਤ੍ਰ ਬਾਬਤ ਪਾਠਕਾਂ ਵਲੋਂ ਬਕਾਇਆ ਚੰਦੇ ਬਾਬਤ ਫਰਮਾਉਂਦੇ ਹਨ:—



Digitized by Panjab Digital Library | www.panjabdigilib.org

"ਏਸ ਵਰ੍ਹੇ ਵਾਸਤੇ ਜਿਨ੍ਹਾਂ ਦੀਆਂ ਪੱਤ੍ਰ ਬਾਬਤ ਕੀਮਤਾਂ ਵਸੂਲ ਹੋ ਚੁੱਕੀਆਂ ਹਨ ਉਨ੍ਹਾਂ ਦੀ ਸੇਵਾ ਵਿੱਚ ਏਸ ਬੇਨਤੀ ਪੱਤ੍ਰ ਨਾਲ ਦੋ ਪੁਸਤਕਾਂ (੧) ਸਿੱਖ ਕਿਸ ਨੂੰ ਆਖਦੇ ਹਨ ਤੇ (੨) ਰੋਂਦਿਆਂ ਨੂੰ ਧਰਵਾਸਾ ਭੇਜੇ ਜਾਂਦੇ ਹਨ।"

ਇਸੇ ਤਰ੍ਹਾਂ ਜਿਸ ੨ ਪਾਠਕ ਦਾ ਭੀ ਜੋ ਜੋ ਪੈਸਾ ਬਾਕੀ ਸੀ ਆਪਣੇ ਵਾਧੂ ਪੁਸਤਕ ਭੇਜ ਕੇ ਪੂਰਾ ਕੀਤਾ।

ਦੁਖ ਨਿਵਾਰਨ ਭਾਵੇਂ ਭਾਈ ਸਾਹਿਬ ਨੇ ਬੰਦ ਕਰ ਦਿੱਤਾ, ਪਰ ਇਸ ਨੂੰ ਮੁੜ ਜਾਰੀ ਕਰਨ ਦੀਆਂ ਉਮੰਗਾਂ ਆਪ ਦੇ ਹਿਰਦੇ ਵਿੱਚ ਅੰਤ ਪ੍ਰਯੰਤ ਲਹਿਰੇ ਲੈਂਦੀਆਂ ਹੀ ਰਹੀਆਂ। ਕੁਦਰਤ ਨੂੰ ਉਸ ਵੇਲੇ ਇਹ ਮਨਜ਼ੂਰ ਨਾ ਸੀ ਕਿਉਂਕਿ ੧੯੨੦ ਤੋਂ ਬਾਦ ਪੰਥ ਅਤੇ ਦੇਸ਼ ਉੱਤੇ ਨਵੀਂ ਤੋਂ ਨਵੀਂ ਬਿੱਜ ਪੈਂਦੀ ਰਹੀ। ਗੁਰਦੁਆਰਾ ਸੁਧਾਰ ਲਹਿਰ ਜਾਰੀ ਹੋ ਗਈ। ਸ੍ਰੀ ਤਰਨ ਤਾਰਨ ਤੇ ਨਨਕਾਣਾ ਸਾਹਿਬ ਦੇ ਭਿਆਨਕ ਸਾਕੇ ਹੋ ਗਏ। ਸਮੇਂ ਦੀ ਸਰਕਾਰ ਨਾਲ ਸਿੱਖਾਂ ਦਾ ਆਢਾ ਲੱਗ ਗਿਆ। ਪੰਥ ਤੇ ਦੇਸ ਸੇਵਕਾਂ ਦੀ ਪਕੜ ਧਕੜ ਹੁੰਦੀ ਰਹੀ। ਭੱਜ ਨੱਠ ਵਿੱਚ ਪੱਤ੍ਰ ਤਾਂ ਕੀ, ਕੋਈ ਕੰਮ ਭੀ ਤਸੱਲੀ ਨਾਲ ਕਰਨ ਦਾ ਸਮਾਂ ਨਾ ਮਿਲੇ। ਇਸ ਲਈ ਸਮਾਂ ਖਿੱਚਾ ਖਿੱਚੀ ਵਿਚ ਹੀ ਲੰਘਦਾ ਗਿਆ ਤੇ ਆਪ ਦੀ ਮੁੜ ਜਾਰੀ ਕਰਨ ਦੀ ਚਾਹ ਵਿੱਚੇ ਹੀ ਦੱਬੀ ਚਲੀ ਗਈ। ਪਰ, ਜ਼ਰੂਰੀ ਕੰਮਾਂ ਤੋਂ ਵਿਹਲੇ ਹੋ ਆਪ ਦੇ ਸਪੁੱਤ੍ਰਾਂ ਨੇ ਆਪ ਦੀ ਉਸ ਸਮੇਂ ਦੀ ਇੱਛਾਨੁਸਾਰ ਮੁੜ ਓਹੀ ਦੁਖ ਨਿਵਾਰਨ ੧੯੩੭ ਤੋਂ ਜਾਰੀ ਕੀਤਾ ਹੋਇਆ ਹੈ। ਚੇਤੇ ਰਹੇ!ਕਿ ਇਸ ਵਿਚ ਸ੍ਰੀ ਮਾਨ ਜੀ ਦੇ ਖਿਆਲਾਂ ਅਨੁਸਾਰ ਆਪ ਦੇ ਸਪੁਤ੍ਰਾਂ ਦਾ ਇਸ ਵਿੱਚੋਂ ਖੱਟੀ ਦਾ ਖਿਆਲ ਨਹੀਂ ਸਗੋਂ ਕੇਵਲ ਸ੍ਵਦੇਸ਼ ਭਾਸ਼ਾ ਪ੍ਰਚਾਰ ਤੇ ਅਰੋਗਤਾ ਵਿਚ ਪੰਜਾਬੀਆਂ ਦਾ ਹੱਥ ਵਟਾਉਣ ਲਈ ਇਹ ਸੇਵਾ ਕਰ ਰਹੇ ਹਨ। ਪਾਠਕ ਜਨ! ਕੀ ਤੁਹਾਡਾ ਫਰਜ਼ ਨਹੀਂ ਕਿ ਅਜੇਹੇ ਗੁਰਮੁਖ ਨਿਰਮਾਨ ਸੇਵਕ ਦੇ ਲਾਏ ਹੋਏ ਇਸ ਬੂਟੇ ਨੂੰ ਸੁਰਜੀਤ ਰੱਖਣ ਲਈ ਕੁਛ ਮਦਦ ਕਰੋ? ਕੀ ਤੁਸੀਂ ਇਸ ਦੇ ਗਾਹਕ ਹੋ? ਜੇ ਹੋ ਤਾਂ ਵਾਹਵਾ, ਤੇ ਹੋਰ ਗਾਹਕ ਬਣਾਵੋ।



Digitized by Panjab Digital Library | www.panjabdigilib.org

ਸੱਜਣਾਂ ਮਿੱਤ੍ਰਾਂ ਨੂੰ ਪ੍ਰੇਰਨਾ ਕਰੋ। ਪਰ ਜੇ ਨਹੀਂ ਤਾਂ ਅੱਜੋ ਹੀ 'ਮੈਨੇਜਰ ਦੁਖ ਨਿਵਾਰਨ ਤਰਨ ਤਾਰਨ' ਦੇ ਪਤੇ ਤੇ ਚੰਦਾ ਭੇਜ ਕੇ ਗਾਹਕ ਬਣਕੇ ਤੇ ਬਣਾਕੇ ਹਮਦਰਦੀ ਦਾ ਅਮਲੀ ਸਬੂਤ ਦੇਵੋ।

## *ਇਕ ਅਦੁਤੀ ਨੁਸਖਾ*

ਇਨਸਾਨ ਦੇ ਖਿਆਲ ਦੀ ਉਡਾਰੀ ਹੀ ਉਸ ਦੀ ਕਰਮ ਗਤੀ ਵਿਚ ਬਦਲਦੀ ਹੈ। ਜਿਸ ਦੇ ਖਿਆਲ ਬੁਲੰਦ ਹਨ ਉਹ ਇਨਸਾਨ ਨਿਸਚੇ ਹੀ ਕਿਸੇ ਦਿਨ ਉੱਚੇ ਪਦ ਤੇ ਪਹੁੰਚੇਗਾ। ਵੈਦ ਜੀ ਦੇ ਜੀਉ ਵਿਚ ਅਲੌਕਿਕ ਖਿਆਲ ਜਗ ਮਗਾ ਰਹੇ ਸਨ, ਜਿਨ੍ਹਾਂ ਦਾ ਸ਼ਾਇਦ ਸਿਖ ਸੰਸਾਰ ਵਿਚ ਕਿਸੇ ਨੂੰ ਕਦੇ ਖਿਆਲ ਭੀ ਨ ਆਇਆ ਹੋਵੇ। ੧੪-੪-੧੭ ਤੇ ੮ ਅਕਤੂਬਰ ੧੯੨੦ ਦੇ ਲਿਖੇ ਹੋਏ ਆਪ ਦੇ ਦੋ ਨੁਸਖੇ ਮਿਲਦੇ ਹਨ, ਜਿਸ ਵਿਚ ਆਪ ਘੱਟ ਤੋਂ ਘੱਟ ਇਕ ਹਜ਼ਾਰ ਸੰਸਾਰ ਦੇਸ਼ ਤੇ ਪੰਥ ਦੇ ਚੁਣਵੇਂ. ਸਿਆਣੇ ਬੰਦਿਆਂ ਦਾ ਜੀਵਨ ਕਲਮ ਬੰਦ ਕਰਕੇ ਪੰਜਾਬੀਆਂ ਲਈ ਜੀਵਣ ਰਾਹ ਦੀ ਸੜਕ ਸਾਫ ਕਰਨੀ ਚਾਹੁੰਦੇ ਸਨ। ਲਿਖਤਾਂ ਇਸਤਰ੍ਹਾਂ ਹਨ:-

"ਸ੍ਰੀ ਸਤਿਗੁਰੂ ਜੀ ਦੇ ਦੁਲਾਰੇ ਸਨਮਾਨ ਯੋਗ ਜੀ !

ਵੱਡੇ ਸਨਮਾਨ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਉਨਤੀ ਕਰਨ ਵਾਲੇ ਮਹਾਂ ਪੁਰਸ਼ਾਂ ਦੇ ਜੀਵਨ ਚਰਿਤ੍ਰ ਪ੍ਰਕਾਸ਼ਤ ਹੋਵਣ ਨਾਲ ਸਾਧਾਰਨ ਲੋਗ ਜਿੱਨਾਂ ਲਾਭ ਉਠਾ ਸਕਦੇ ਹਨ ਉਹ ਗੁੱਝਾ ਛਿਪਿਆ ਨਹੀਂ। ਸੱਚ ਮੁਚ ਸ੍ਰੀ ਮਾਨ ਜੇਹੇ ਸ੍ਵੈ ਉੱਨਤੀ ਦੇ ਨਮੂਨੇ, ਪ੍ਰੋਪਕਾਰੀ, ਉੱਚ ਜੀਵਨ ਬਜ਼ੁਰਗਾਂ ਦੇ ਜੀਵਨ ਚਰਿਤ੍ਰ ਪੜ੍ਹ ਸੁਣ ਕੇ ਨਕਾਰੇ ਤੋਂ ਨਕਾਰੇ ਆਲਸੀ ਸੱਜਣ ਭੀ ਉੱਨਤੀ ਦੇ ਰਸਤੇ ਪੈ ਸਕਦੇ ਹਨ। ਵਿੱਦਵਾਨ ਦੇਸ਼ਾਂ ਵਾਲੇ ਸਭ ਤੋਂ ਵੱਧ ਉੱਦਮੀ ਹੋਵਣ ਵਾਸਤੇ ਉੱਨਤੀ ਦੇ ਅਜੇਹੇ ਸਾਧਨਾਂ ਤੋਂ ਬੜਾ ਹੀ ਲਾਭ ਉਠਾ ਰਹੇ ਹਨ ਤੇ ਛੋਟੇ ਤੋਂ ਛੋਟੇ ਸੱਜਣ ਜਿਸ ੨ ਤਰ੍ਹਾਂ ਉੱਨਤੀ ਕਰ ਕੇ ਜਗਤ ਪ੍ਰਸਿੱਧ ਹੋਏ, ਉਹ ਸਾਰੇ ਸਮਾਚਾਰ ਪ੍ਰਗਟ ਕਰਨੇ



Digitized by Panjab Digital Library | www.panjabdigilib.org

ਮਾਣ ਸਮਝਦੇ ਹਨ, ਪਰ ਅਸੀਂ ਏਸ ਲਾਭ ਤੋਂ ਬੜੇ ਹੀ ਵਾਂਝੇ ਪਏ ਹਾਂ ਵਿਸ਼ੇਸ਼ ਕਰ ਸ੍ਵਦੇਸ਼ ਭਾਸ਼ਾ ਵਿੱਚ ਤਾਂ ਅਜੇਹਾ ਕੋਈ ਸਾਮਾਨ ਨਹੀਂ ਹੈ। ਦੂਜੇ ਦੇਸ਼ਾਂ ਤੇ ਮੱਤਾਂ ਵਾਲਿਆਂ ਦੇ ਨਮੂਨੇ ਪ੍ਰਕਾਸ਼ਤ ਕਰਨ ਤੋਂ ਪ੍ਰਤੱਖ ਸ੍ਰੀ ਮਾਨ ਜੀ ਆਦਿ ਸ੍ਵੈ ਉੱਨਤੀ ਕਰਨ ਵਾਲੇ ਮਹਾਂ ਪੁਰਸ਼ਾਂ ਦੇ ਜੀਵਨ ਸਮਾਚਾਰ ਵਧੇਰੇ ਮਾਨ ਤੇ ਲਾਭ ਦਾ ਸਾਧਨ ਹਨ । ਇਸ ਤੇ ਦਾਸ ਦੀ ਇੱਛਾ ਹੈ ਕਿ ਸ੍ਰੀ ਮਾਨ ਜੀ ਆਦਿ ਬਰਕਤਾਂ ਵਾਲਿਆਂ ਦੇ ਜਿੰਨੇ ਕੁ ਜੀਵਨ ਸਮਾਚਾਰ ਮਿਲ ਸਕਣ ਪੁਸਤਕ ਰੂਪ ਵਿਚ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਵਿਚ ਪ੍ਰਕਾਸ਼ਤ ਕਰਕੇ ਸ੍ਵਦੇਸ਼ ਭਾਸ਼ਾ ਦੇ ਪਾਠਕਾਂ ਨੂੰ ਉੱਨਤੀ ਦਾ ਰਸਤਾ ਵਿਖਾਇਆ ਜਾਵੇ। ਸੋ ਆਸ ਹੈ ਆਪ ਵੱਡੀ ਕ੍ਰਿਪਾਲਤਾ ਕਰਕੇ ਆਪਣੇ ਜੀਵਨ ਸਮਾਚਾਰ ਸੰਖੇਪ, ਬਿਨਾਂ ਕਿਸੇ ਸੰਕੋਚ ਦੇ ਨਾਲ ਦੀ ਫਾਰਮ ਤੇ ਲਿਖ ਭੇਜਣ ਤੇ ਨਾਲ ਹੀ ਆਪਣੀ ਫੋਟੋ (ਮੂਰਤੀ) ਜੇ ਹੋਵੇ ਤਦ ਭੇਜਣ ਦੀ ਕ੍ਰਿਪਾਲਤਾ ਕਰੋਗੇ, ਤੇ ਹੋਰ ਭੀ ਕੋਈ ਅਜੇਹੇ ਨਾਮ ਦੱਸਣ ਦੀ ਕ੍ਰਿਪਾਲਤਾ ਕਰੋਗੇ ?

੧੪-੪-੧੭ ਦਾਸ-ਮੋਹਨ ਸਿੰਘ ਵੈਦ ਮਿ: ਕ:

---

ਸ੍ਰੀ ਮਾਨ ਪਰਮ ਕ੍ਰਿਪਾਲੂ ਅਤੇ ਦਿਆਲੂ ਜੀ !

ਸਨਿੰਮਰ ਬੇਨਤੀ ਹੈ ਕਿ ਜਦ ਤੋਂ ਹੀ ਸੁਰਤ ਸੰਭਲੀ ਹੈ ਤਦ ਤੋਂ ਹੀ ਸ੍ਵਦੇਸ਼ ਭਾਸ਼ਾ (ਪੰਜਾਬੀ) ਵਿਚ ਸੁੰਦਰ ਤੋਂ ਸੁੰਦਰ ਹਰ ਲੋੜ ਦੇ ਪੁਸਤਕ ਸੁਭਾਇਮਾਨ ਦੇਖਣ ਦਾ ਸਦਾ ਹੀ ਤਰਲਾ ਰਿਹਾ ਹੈ। ਯਥਾ ਵਿਤ ਦਾਸ ਵਲੋਂ ਸਦਾ ਹਰ ਤਰ੍ਹਾਂ ਦੇ ਪੰਜਾਬੀ ਪੁਸਤਕ ਦੂਜੇ ਸੱਜਣਾਂ ਦੇ ਰਚਿਤ ਖਰੀਦਨ ਤੇ ੧੨੫ ਦੇ ਕਰੀਬ ਨਵੇਂ ਤੋਂ ਨਵੇਂ ਹਰ ਤਰ੍ਹਾਂ ਦੀ ਲੋੜ ਪੂਰੀ ਕਰਨ ਵਾਲੇ ਪੁਸਤਕ ਪ੍ਰਕਾਸ਼ਤ ਕਰਨ ਦਾ ਉੱਦਮ ਭੀ ਕੀਤਾ ਹੈ। ਸ਼ੁਕਰ ਹੈ ਕਿ ਪ੍ਰਚਾਰ ਤੇ ਸਹਾਇਤਾ ਵਿਸ਼ੇਸ਼ ਕਰ ਸਰਕਾਰ ਵਲੋਂ ਇਨਾਮ ਤੇ ਪੁਸਤਕਾਂ ਦੇ ਖਰੀਦ ਦੀ ਸਹਾਇਤਾ ਨਾਲ ਦਾਸ ਦਾ ਉਤਸ਼ਾਹ ਭੀ ਵਧਾਯਾ ਗਿਆ। ਇਸੇ ਸਿਲ ਸਿਲੇ ਵਿਚ ਅੱਤ ਲੋੜ ਵੰਦੀ ਇੱਕ ਪੁਸਤਕ ਜਿਸ ਵਿਚ ੧੦੦੦ ਦੇ ਕ੍ਰੀਬ ਸੰਸਾਰ, ਦੇਸ਼ ਤੇ ਪੰਥ ਦੇ ਚੰਗੇ ਚੰਗੇ ਯੋਗ ਸਨਮਾਨ ਯੋਗ, ਪਵਿੱਤ੍ਰ ਆਤਮਾਂ



Digitized by Panjab Digital Library | www.panjabdigilib.org

ਸੰਸਾਰ, ਦੇਸ਼, ਕੌਮ ਤੇ ਕੁਲ ਨੂੰ ਉੱਜਲ ਤੇ ਉੱਨਤ ਕਰਨ ਵਾਲੇ ਸੱਜਣਾਂ ਦੇ ਸੰਖੇਪ ਜੀਵਨ ਚਰਿਤ੍ਰ ਇਕ ਪੁਸਤਕ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਵਿਚ ਪ੍ਰਕਾਸ਼ਤ ਕਰਨ ਦਾ ਹੈ। ਅਜੇਹੇ ਪੁਸਤਕ ਅੰਗ੍ਰੇਜ਼ੀ, ਬੰਗਾਲੀ, ਗੁਜਰਾਤੀ, ਹਿੰਦੀ ਅਰ ਉਰਦੂ ਵਿਚ ਤਾਂ ਚੋਖੇ ਮਿਲਦੇ ਹਨ ਪਰ ਪੰਜਾਬੀ ਵਿਚ ਕੋਈ ਨਹੀਂ। ਸੋ ਏਸ ਪੁਸਤਕ ਨੂੰ ਲਾਭ ਵੰਦ ਤੇ ਸ਼ੋਭ ਨੀਕ ਕਰਨ ਵਾਸਤੇ ਤੁਹਾਡੇ ਸ਼ੁਭ ਜੀਵਨ ਦੇ ਸੰਖੇਪ ਨੋਟ ਭੀ ਚਾਹੀਦੇ ਹਨ।ਕ੍ਰਿਪਾ ਕਰਕੇ ਸਾਹਮਨੇ ਨੋਟਾਂ ਦੇ ਉੱਤਰ ਛੇਤੀ ਹੀ ਭੇਜਣ ਦੀ ਕ੍ਰਿਪਾ ਕਰਨੀ। ਆਸ ਹੈ ਦਾਸ ਦਾ ਉਤਸ਼ਾਹ ਵਧਾਵਨ ਵਾਸਤੇ ਜ਼ਰੂਰ ਕ੍ਰਿਪਾ ਕਰੋਗੇ ਤੇ ਆਪਣੇ ਸਿਵਾਇ ਹੋਰ ਭੀ ਜਿਸ ਸੱਜਣ ਤੇ ਬਜ਼ੁਰਗ ਜੀ ਦੇ ਜੀਵਨ ਸੰਬੰਧੀ ਸ੍ਰੀ ਮਾਨ ਜੀ ਨੂੰ ਪਤਾ ਹੋਵੇ ਓਹ ਨੋਟ ਕਰ ਭੇਜਣ ਦੀ ਵਸ਼ੇਸ਼ ਦਿਯਾਲਤਾ ਕਰਨੀ, ਸਾਧਾਰਨ ਤੇ ਇਹ ਬਾਤਾਂ ਜ਼ਰੂਰ ਆ ਜਾਵਨ:—

ਨਾਮ—ਪਿਤਾ ਜੀ ਦਾ ਨਾਮ—ਜਨਮ ਸਥਾਨ—ਜਨਮ ਸੰਮਤ ਮਿਤੀ ਵਾਰ—ਪਹਿਲੀ ਤੇ ਹੁਣ ਦੀ ਜਾਤੀ—ਬਾਲ ਅਵਸਥਾ—ਮੁਢਲੀ ਵਿੱਦਿਯਾ—ਵਿੱਦਯਾ ਉੱਨਤੀ—ਵਿਦਜਕ ਸੇਵਾ—ਵਿਵਾਹ ਸਮਾ—ਵਿਵਹਾਰਕ ਮੁਢ ਤੋਂ ਲੈਕੇ ਹੁਣ ਤੱਕ ਦੀ ਦਸ਼ਾ—ਪੰਥ ਸੇਵਾ—ਹੋਰ ਸੰਸਾਰ—ਦੇਸ਼-ਕੌਮ—ਕੁਲ ਤੇ ਪ੍ਰਵਾਰ ਦੀ ਉੱਨਤੀ ਸੇਵਾ ਸਹੈਤਾ ਸੰਬੰਧੀ ਨੋਟ ਆ ਜਾਵਨ। ਤੇ ਹੋਰ ਜੋ ਸਿੱਖ ਮੱਤ ਏਸ ਸੰਬੰਧੀ ਯੋਗ ਸਮਝੋ ਉਹ ਭੀ ਕ੍ਰਿਪਾਲਤਾ ਕਰਨੀ ਤੇ ੧੫ ਦਿਨਾਂ ਦੇ ਵਿੱਚ ਵਿੱਚ ਜ਼ਰੂਰ ਮੇਹਰ ਕਰਨੀ।

੮—੧੦—੨੦ ਦਾਸਨ ਦਾਸ——ਮੋਹਨ ਸਿੰਘ ਵੈਦ,

ਤਰਨ ਤਾਰਨ(ਪੰਜਾਬ)

ਸੱਚ ਮੁੱਚ ਹੀ ਇਹ ਅਗਲੀਆਂ ਨਸਲਾਂ ਲਈ ਇਕ ਅਦੁਤੀ ਪੁਸਤਕ ਹੋ ਸਕਦੀ ਹੈ। ਕੀ ਕੋਈ ਪੰਜਾਬੀ ਪਿਆਰਾ ਹੁਣ ਭੀ ਇਸ ਕੰਮ ਨੂੰ ਸਿਰੇ ਚਾੜ੍ਹਨ ਦਾ ਉੱਦਮ ਕਰੇਗਾ?

ਮੈਨੂੰ ਏਥੇ ਇਹ ਗੱਲ ਪ੍ਰਗਟ ਕਰਨ ਵਿਚ ਆਸ ਦੀ ਝਲਕ ਪ੍ਰਤੀਤ ਹੁੰਦੀ ਹੈ ਤੇ ਖੁਸ਼ੀ ਉਪਜਦੀ ਹੈ ਕਿ ਭਾਈ ਸਾਹਿਬ ਜੀ ਦੇ ਸਪੁਤ੍ਰ ਡਾਕਟਰ



Digitized by Panjab Digital Library | www.panjabdigilib.org

ਜਗਜੀਤ ਸਿੰਘ ਜੀ ਐਮ. ਬੀ. ਬੀ. ਐਸ. ਪਿਤਾ ਜੀ ਦੇ ਇਸ ਅਦੁਤੀ ਖਿਆਲ ਦੀ ਪੂਰਤੀ ਕਰਕੇ ਮਹਾਤਮਾ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ।

ਆਪਦੇ ਇਰਾਦਿਆਂ ਵਲ ਵੇਖਕੇ ਹੈਰਾਨੀ ਹੁੰਦੀ ਹੈ। ਇਉਂ ਜਾਪਦਾ ਹੈ ਕਿ ਆਪਦੇ ਹਿਰਦੇ ਵਿਚ ਪੰਜਾਬੀ ਵਿਚ ਹਰ ਵਿਸ਼ੇ ਤੇ ਹਰ ਕਿਸਮ ਦੀਆਂ ਅਗਿਣਤ ਪੁਸਤਕਾਂ ਲਿਖਣ ਤੇ ਪ੍ਰਕਾਸ਼ਕ ਕਰਨ ਦਾ ਚਾਉ ਸੀ।

੨੬-੨-੨੭ ਦੀ ਤਾਰੀਖ ਹੇਠ "ਸਿਖ ਹੂ ਜ਼ ਹੂ ਵਾਸਤੇ" ਇਕ ਨੁਸਖਾ ਮਿਲਿਆ ਹੈ ਜਿਸ ਵਿਚ ਹੂ ਜ਼ ਹੂ ਲਿਖਣ ਸਮੇਂ ਦੇਖਣ ਲਈ ਹੇਠ ਲਿਖੇ ਗ੍ਰੰਥ ਦਰਜ ਹਨ:-

ਸਿਖ ਹੂ ਜ਼ ਹੂ ਵਾਸਤੇਃ-

(੧) ਖਾਲਸਾ ਡਾਇਰੈਕਟਰੀ। (੨) ਖਾਃ ਪੱਤ੍ਰਾ। (੩) ਮਦਨ ਕੋਸ਼। (੪) ਹੂ ਜ਼ ਹੂ (੫) ਸੰਛੇਪ ਨਕਸ਼ਾ ਸਿਖ ਇਤਿਹਾਸ ਬਾਵਾ ਵੀਰ ਸਿੰਘ। (੬) ਠਾਕਰ ਡਾਇਰੈਕਟਰੀ। (੭) ਰਾਜਾਜ਼ ਆਫ ਪੰਜਾਬ। (੮) ਐਬਸਟ੍ਰੈਕਟ ਸਟੇਟ ਸੀਕ੍ਰਿਟ। (੯) ਡਿ: ਗੈਜ਼ੀਟਰ। (੧੦) ਉਰਦੂ ਵਪਾਰੀ ਡਾਇਰੈਕਟਰੀ। (੧੧) ਡੇਲੀ ਮੇਲ ਯੀਅਰਬੁਕ। (੧੨) ਸਟੇਟਸਮੈਨ ਯੀਅਰ ਬੁਕ। (੧੩) ਇੰਡੀਅਨ ਯੀਅਰ ਬੁਕ। (੧੪) ਪੀਅਰ ਸਾਈਕਲੋ ਪੀਡੀਆ। (੧੫) ਧਾਰਮਕ ਚੇਹਰੇ ਸ਼ੁੱਧੀ ਪੱਤ੍ਰ। (੧੬) ਸਿਵਲ ਲਿ: ਪੰਜਾਬ। (੧੭) ਇੰਡੀਅਨ ਸਿ: ਲਿ:। (੧੮) ਇੰਡੀਅਨ ਆਰਮੀ ਲਿਸਟ। (੧੯) ਪੁਰਾਣੇ ਸਿਖ ਅਖਬਾਰ ਖਾ: ਸ਼ੁੱਧੀ ਗੁਰਮਤ। (੨੦) ਫੁਟ-ਕਲ ਜੀਵਨ ਚਰਿਤ੍ਰ ਪੰਡਤ ਹਰੀ ਸਿੰਘ ਜੀ ਆਦਿਕ।



Digitized by Panjab Digital Library | www.panjabdigilib.org

# ੧੯੨੦ ਦੀਆਂ ਘਟਨਾਵਾਂ

੫ ਅਕਤੂਬਰ—ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਲਈ ਪਤਤ ਸਿਖ ਗੰਡਾ ਸਿੰਹੁ ਸਰਬਰਾਹ ਨੀਯਤ ਕੀਤਾ ਗਿਆ । ਐਜੀਟੇਸ਼ਨ ਹੋਈ ਤੇ ੫ ਅਕ-ਤੂਬਰ ਨੂੰ ਬੜਾ ਭਾਰੀ ਦੀਵਾਨ ਸਜਿਆ, ਜਿਸ ਵਿਚ ੧੩ ਆਦਮੀਆਂ ਦੀ ਪ੍ਰਬੰਧਕ ਕਮੇਟੀ ਬਣਾਈ ਗਈ।

੬ ਅਕਤੂਬਰ—ਡਿਪਟੀ ਕਮਿਸ਼ਨਰ ਨੇ ਨੌਂ ਸਜਨਾਂ ਦੇ ਡੈਪੂਟੇਸ਼ਨ ਨੂੰ ਸੱਦਕੇ ਕਿਹਾ ਕਿ ਜਿਸਤਰ੍ਹਾਂ ਚਾਹੋ ਗੁਰਦਵਾਰੇ ਦਾ ਪ੍ਰਬੰਧ ਕਰੋ। ਇਸਤਰ੍ਹਾਂ ਗੁਰਦਵਾਰਾ, ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਇਆ।

੧੨ ਅਕਤੂਬਰ—ਖਾਲਸਾ ਬਰਾਦਰੀ ਦੇ ਸਜਨ ਕੜਾਹ ਪ੍ਰਸ਼ਾਦ ਲੈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਏ। ਬੜੀ ਜ਼ਿਦ ਪਿਛੋਂ ਪੁਜਾਰੀਆਂ ਪ੍ਰਵਾਨ ਕੀਤਾ ਪਰ ਅਕਾਲ ਤਖਤ ਦੇ ਪੁਜਾਰੀ ਆਪਨੇ ਆਪ ਭੱਜ ਗਏ ਜਿਸਤੇ ਪ੍ਰਬੰਧ ਅਕਾਲੀਆਂ ਪਾਸ ਆਇਆ।

੧੩ ਅਕਤੂਬਰ—ਡਿਪਟੀ ਕਮਿਸ਼ਨਰ ਨੇ ਪੁਜਾਰੀਆਂ ਤੇ ਨਵੀਂ ਰੌ ਦੇ ਸਿਖਾਂ ਨੂੰ ਸੱਦਿਆ। ਪੁਜਾਰੀ ਨਾ ਆਏ, ਸੋ ਪ੍ਰਬੰਧ ਅਕਾਲ ਤਖਤ ਦੇ ਨਵੇਂ ਸਿਖਾਂ ਪਾਸ ਰਿਹਾ ਤੇ ਦਰਬਾਰ ਸਾਹਿਬ ਦੇ ਪ੍ਰਬੰਧ ਲਈ ੯ ਸਜਨਾਂ ਦੀ ਕਮੇਟੀ ਬਨਾਈ ਗਈ।

੧੩ ਨਵੰਬਰ—ਗੁਰਦਵਾਰਾ ਪ੍ਰਬੰਧ ਲਈ ੩੬ ਮੈਂਬਰਾਂ ਦੀ ਕਮੇਟੀ ਪੰਜਾਬ ਸਰਕਾਰ ਨੇ ਮਹਾਰਾਜਾ ਪਟਿਆਲਾ ਦੀ ਸਲਾਹ ਨਾਲ ਬਨਾ ਦਿਤੀ।

੧੫,੧੬ ਨਵੰਬਰ—ਸਿਖਾਂ ਦਾ ਬੜਾ ਭਾਰੀ ਇਕੱਠ ਅਕਾਲ ਤਖਤ ਅਗੇ ਹੋਇਆ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਨਾਈ ਗਈ, ਤੇ ਉਸਦੇ ੧੭੫ ਮੈਂਬਰ [illegible] ਗਏ।

੧੮ ਨਵੰਬਰ—ਗੁਰਦਵਾਰਾ ਪੰਜਾ ਸਾਹਿਬ ਤੇ ਕਬਜ਼ਾ ਹੋਯਾ।

੧੨ ਦਸੰਬਰ—ਨੂੰ ਉਕਤ ਸ਼੍ਰੋਮਣੀ ਕਮੇਟੀ ਦੀ ਪਹਿਲੀ ਇਕੱਤ੍ਰਤਾ ਹੋਈ।

੧੪ ਦਸੰਬਰ—ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਬਨਿਆ।

੩੦ ਦਸੰਬਰ—ਕਬਜ਼ਾ ਗੁਰਦਵਾਰਾ ਖਰਾ ਸੌਦਾ ਹੋਇਆ।



Digitized by Panjab Digital Library | www.panjabdigilib.org

"... ... ... ਆਪ (ਵੈਦ ਜੀ)ਵਿੱਚ ਕਈ ਮਾਨਸਕ ਗੁਣ ਅਜੇਹੇ ਭਰੇ ਹੋਏ ਸਨ,ਜਿਹੜੇ ਕਿ ਵਿਰਲੇ ਆਦਮੀਆਂ ਵਿੱਚ ਹੀ ਹੁੰਦੇ ਹਨ।

ਆਪ ਸ੍ਵੈ ਕ੍ਰਿਤ ( Self made ) ਸਜਨ ਸਨ। ਆਪ ਜੀ ਨੇ ਆਪਣੇ ਉੱਦਮ, ਤਜਰਬੇ, ਪਿਆਰ, ਵਿਸ਼ਵਾਸ, ਨਿੰਮ੍ਰਤਾ, ਮਿਠਾਸ ਤੇ ਮਿਲਾਪੜੇ ਸੁਭਾ ਦੇ ਕਾਰਨ ਸੰਸਾਰ ਮੰਡਲ ਵਿੱਚ ਤਰੱਕੀ ਕੀਤੀ।

... ... ... ... ਆਪ ਨੂੰ ਸਾਹਿਤਕ ਸ਼ੌਕ ਵੀ ਹੋਰ ਗੱਲਾਂ ਨਾਲੋਂ ਘੱਟ ਨਹੀਂ ਸੀ। ਚੰਗੇ ਚੰਗੇ ਅਖਬਾਰ ਤੇ ਰਸਾਲੇ ਆਪਦੀ ਰਚਨਾਂ ਦੇ ਮੁਥਾਜ ਰਹਿੰਦੇ ਸਨ। ਆਪ ਨੇ ਸੈਂਕੜੇ ਕਿਤਾਬਾਂ ਛਪਵਾਈਆਂ ਤੇ ਪੰਜਾਬੀ ਸਾਹਿੱਤ ਨੂੰ ਉੱਨਤ ਕੀਤਾ। ਆਪ ਜੀ ਰਚਿਤ ਕਈ ਪੁਸਤਕਾਂ ਅਜੇਹੀਆਂ ਸਲਾਹੀਆਂ ਗਈਆਂ ਕਿ ਸੈਂਕੜੇ ਰੁਪੈ ਇਨਾਮ ਵਜੋਂ ਪ੍ਰਾਪਤ ਹੋਏ।

ਆਪ ਕਈ ਪੰਥਕ ਤੇ ਹੋਰ ਸਭਾ ਸੁਸਾਇਟੀਆਂ ਅਥਵਾ ਗੁਰਦੁਆਰਾ ਕਮੇਟੀਆਂ ਤੇ ਮਿ: ਕਮੇਟੀ ਦੇ ਸਰ ਗਰਮ ਮੈਂਬਰ ਰਹੇ। ਆਪ ਨੇ ਗੁ: ਸੁਧਾਰ ਦੀ ਖਾਤਰ ਜੇਲ੍ਹ ਯਾਤਰਾ ਵੀ ਕੀਤੀ। ਆਪ ਵਿੱਚ ਨਿਰਮਾਨਤਾ ਬੜੀ ਸੀ, ਇਸ ਲਈ ਕਈ ਔਹਦਿਆਂ ਦੀ ਯੋਗਤਾ ਰੱਖਦਿਆਂ ਹੋਇਆਂ ਵੀ ਔਹਦੇ ਦਾਰ ਨਹੀਂ ਸਨ ਬਣਦੇ। ਆਪ ਵਿੱਚ ਖਾਸ ਖੂਬੀ ਏਹ ਸੀ ਕਿ ਆਪ ਆਪਣੇ ਨਾਲ ਮਤ-ਭੇਦ ਰੱਖਣ ਵਾਲਿਆਂ ਦਾ ਵੀ ਸਤਿਕਾਰ ਕੀਤਾ ਕਰਦੇ ਸਨ। ਉਨ੍ਹਾਂ ਨੂੰ ਪ੍ਰੇਮ ਪੂਰਬਕ ਯੁਕਤੀਆਂ ਨਾਲ ਆਪਣੇ ਖਿਆਲ ਦੇ ਬਣਾਉਣ ਲਈ ਯਤਨ ਕਰਦੇ ਸਨ। ... ... ... ... ਆਪ ਵਿੱਚ ਦੂਜਿਆਂ ਨੂੰ Accomodate ਕਰ ਲੈਣ ਦੀ ਖਾਸ ਖੂਬੀ ਸੀ।

(ਸ੍ਰ: ਮਹਿਤਾਬ ਸਿੰਘ ਜੀ ਹੈਡ ਮਾਸਟਰ)



Digitized by Panjab Digital Library | www.panjabdigilib.org

# ਅਕਾਲੀ ਲਹਿਰ

Digitized by Panjab Digital Library | www.panjabdigilib.org

"ਜੋ ਸੇਵਾ ਆਪ ਨੇ ਇਕੱਲਿਆਂ ਹੀ ਪੰਜਾਬੀ ਬੋਲੀ ਦੀ ਕੀਤੀ ਹੈ, ਉਹ ਸ਼ਾਇਦ ਕਈ ਸੁਸਾਇਟੀਆਂ ਤੇ ਸਭਾਵਾਂ ਭੀ ਮਿਲ ਕੇ ਨਾ ਕਰ ਸਕਦੀਆਂ। ਕਈ ਦਰਜਨਾਂ ਕਤਾਬਾਂ ਉਨ੍ਹਾਂ ਇਕੱਲੇ ਧੜ ਲਿਖੀਆਂ ਛਪਵਾਈਆਂ ਤੇ ਪਰਚਾਰੀਆਂ। ਅਕਾਲੀ ਲਹਿਰ ਵਿਚ ਜੋ ਸੇਵਾ ਆਪ ਨੇ ਕੀਤੀ ਉਹ ਜਵਾਨਾਂ ਨੂੰ ਸ਼ਰਮਾਨ ਵਾਲੀ ਸੀ। ਆਪ ਸਮੁੱਚੇ ਪੰਥ ਦੀ ਭਲਾਈ ਸਦਾ ਚਾਹੁੰਦੇ ਰਹੇ। ਆਪ ਨੇ ਕਦੀ ਕਿਸੇ ਧੜੇ ਵਿਚ ਹੋਕੇ ਕਦੇ ਕਿਸੇ ਧੜੇ ਦਾ ਪੱਖ ਨਾ ਕੀਤਾ। ਜਿਨ੍ਹਾਂ ਰੋਗੀਆਂ ਨੇ ਆਪ ਦੀ ਵੈਦਗੀ ਤੋਂ ਫੈਜ਼ ਉਠਾਇਆ ਉਨ੍ਹਾਂ ਦਾ ਅੰਦਾਜ਼ਾ ਅਸੰਭਵ ਹੈ। ਆਪਦਾ ਨਾਮ ਤੇ ਕੰਮ ਔਣ ਵਾਲੀਆਂ ਨਸਲਾਂ ਹਮੇਸ਼ਾਂ ਆਦਰ ਤੇ ਸਤਕਾਰ ਨਾਲ ਯਾਦ ਕੀਤਾ ਕਰਨ ਗੀਆਂ। ਆਪ ਨੇ ਆਪਣੀ ਜੀਵਣੀ ਵਿਚ ਜੋ ਜੋ ਕੰਮ ਨੰਗੇ ਧੜ ਕਰ ਵਿਖਾਏ, ਉਹ ਹਮੇਸ਼ਾਂ ਔਣ ਵਾਲੇ ਮੁਲਕੀ ਤੇ ਕੌਮੀ ਸੇਵਕਾਂ ਵਾਸਤੇ ਚਾਨਣ ਮੁਨਾਰੇ ਦਾ ਕੰਮ ਦਿਆ ਕਰਨਗੇ।'

(ਨਿਧੜਕ ਅਲਬੇਲੇ ਕਵੀ ਤੇ ਲੇਖਕ,
ਡਾਕਟਰ ਦੀਵਾਨ ਸਿੰਘ ਜੀ)



Digitized by Panjab Digital Library | www.panjabdigilib.org

# ੧੯੨੧

## ਨਵਾਂ ਦੌਰ

"ਭਾਈ ਮੋਹਨ ਸਿੰਘ ਜੀ ਬੜੇ ਮਿੱਠ ਬੋਲੇ, ਸੁਹਿਰਦ, ਗੰਭੀਰ, ਤੇ ਸੁੱਚੇ ਸਿੱਖ ਸਨ। ਪੰਥ ਦੇ ਭਲੇ ਦੇ ਚਾਹਵਾਨ ਅਤੇ ਉਸ ਲਈ ਸਦਾ ਤੱਤ ਪਰ ਰਹਿੰਦੇ ਸਨ। ਅੱਗੇ ਆਉਣ ਦੀ ਕੋਈ ਚਾਹ ਨਹੀਂ ਸੀ। ਪੰਜਾਬੀ ਸਾਹਿਤ ਨੂੰ ਬਹੁਤ ਕੁਝ ਵਧਾਇਆ। ਹੋਰਨਾਂ ਸਿੱਖਾਂ ਲਈ ਨਮੂਨਾ ਸਨ।"

(ਸ੍ਰ: ਗੁਰਬਖਸ਼ ਸਿੰਘ ਜੀ,
ਰੀ: ਪੋਸਟ ਮਾਸਟਰ ਜਨਰਲ)

ਸਿੱਖਾਂ ਦਾ ਰਾਜ ਭਾਗ ਸੁਆਹਾ ਹੋਣ ਪਿਛੋਂ ਜਿਸ ਤਰਾਂ ਸਿੱਖ ਇਲਮੀ, ਧਾਰਮਕ ਤੇ ਮੁਲਕੀ ਆਦਿ ਹਰ ਪਹਿਲੂ ਤੋਂ ਕਮਜ਼ੋਰ ਹੁੰਦੇ ਆਏ, ਉਸ ਦਾ ਕੁਛਕੁ ਵਰਣਨ ਅਸੀਂ ਪੁਸਤਕ ਦੇ ਮੁੱਢ ਵਿੱਚ ਹੀ ਕਰ ਆਏ ਹਾਂ, ਏਥੇ ਪਾਠਕਾਂ ਦਾ ਵਧੀਕ ਸਮਾ ਨਾ ਲੈਂਦੇ ਹੋਏ ਇਸ਼ਾਰੇ ਮਾਤ੍ਰ ਹੀ ਪ੍ਰਸੰਗਾਨੁਸਾਰ ਅਰਜ਼ ਕਰਦੇ ਹਾਂ।

੧੮੭੩ ਤੋਂ ਭਾਵੇਂ ਧਾਰਮਕ ਖਿਆਲਾਂ ਨੂੰ ਸਾਫ ਕਰਨ ਤੇ ਸਿੱਖੀ ਸਿਦਕ ਭਰੋਸਾ ਮੁ[illegible]ਇਮ ਕਰਨ ਲਈ ਸਿੰਘ ਸਭਾ ਲਹਿਰ ਜਾਰੀ ਹੋਈ, ਜਿਸਨੇ ਧਾਰਮਕ ਨੁਕਤਾ ਨਿਗਾਹ ਨਾਲ ਬੇਸ਼ਕ ਕਾਫ਼ੀ ਕੰਮ ਕੀਤਾ। ਗੈਰ ਮਜ਼ਹਬਾਂ ਦੇ ਨਾਜਾਇਜ਼ ਹਮਲਿਆਂ ਤੋਂ ਸਿਖ ਪੰਥ ਦੀ ਬੇ-ਮਿਸਾਲ ਰਖਿਆ ਕੀਤੀ, ਤੇ ਮਿਲਗੋਭਾ ਹੋ ਰਹੇ ਖਾਲਸਾ ਪੰਥ ਨੂੰ ਫੇਰ ਇੱਕ ਵਾਰ ਸਾਵਧਾਨ ਹੋਣ ਲਈ ਹਲੂਣਾ ਦਿੱਤਾ।

ਇਸ ਸਦੀ ਦੇ ਸ਼ੁਰੂ ਵਿਚ ਖਾਲਸਾ ਦੀਵਾਨ ਦੀਆਂ ਨੀਹਾਂ ਦੇ ਖੰਡਰਾਂ



Digitized by Panjab Digital Library | www.panjabdigilib.org

ਉੱਤੇ ਹੀ ੩੦ ਅਕਤੂਬਰ ੧੯੦੨ ਤੋਂ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਨੀਂਹ ਰਖੀ ਗਈ। ਪੰਥ ਦੇ ਇਸ ਅਮੀਰ ਤੇ ਵਿੱਦਵਾਨ ਜਥੇ ਨੇ ਭੀ ਵਿੱਦਜਕ ਉੱਨਤੀ ਤੇ ਧਰਮ ਪ੍ਰਚਾਰ ਹਿਤ ਅਮੋਲਕ ਕੰਮ ਕੀਤਾ, ਪਰ ਇਸ ਸਾਰੇ ਸਮੇ ਵਿਚ ਹੀ ਪੰਥ ਦੀ ਆਤਮਕ ਤੇ ਪੁਲੀਟੀਕਲ ਹਾਲਤ ਦਿਨ ਬਦਿਨ ਨਿੱਘਰਦੀ ਹੀ ਗਈ। ਆਤਮਕ ਅਵਸਥਾ ਤੋਂ ਮੇਰਾ ਭਾਵ ਕੇਵਲ ਮਾਲਾ ਫੇਰਨ ਜਾਂ ਭੋਰੇ ਵਿਚ ਵੜ ਰਹਿਣਦਾ ਨਹੀਂ,ਸਗੋਂ ਆਜ਼ਾਦ ਖਿਆਲੀ, ਸੱਚਾਈ,ਨਿਰਭੈਤਾ ਤੇ ਨਿਧੜਕਤਾ ਆਦਿਕ ਸ਼ੁਭ ਗੁਣਾਂ ਨਾਲ ਜੋ ਸ਼ਾਂਤ ਮਯ ਪਰ ਬਲਵਾਨ ਸੰਸਾਰਕ ਪਦਾਰਥਾਂ ਦੀ ਝਿਲਮਿਲਾਹਟ ਤੋਂ ਉੱਚੀ ਦੁਨਯਾਵੀ ਗੁਣਾਂ ਦੀ ਹੋਂਦ ਤੋਂ ਨਿਰ ਇੱਛਤ,ਗਿਆਨ ਵੈਰਾਗ ਤੋਂ ਪਰੇ ਵਾਹਿਗੁਰੂ ਨਾਲ ਮੇਲ ਵਿਚ, ਉਸਦੇ ਰਸ ਵਿਚ ਰਸਲੀਨ ਹੋਨ ਦੀ ਟਿਕਵੀਂ ਰੋ ਤੋਂ ਪੈਦਾ ਹੋਈ ਰੂਹਾਨੀ ਸ਼ਕਤੀ ਵਲ ਇਸ਼ਾਰਾ ਹੈ। ਇਸ ਆਤਮਕ ਸੱਤਾ ਦੀ ਕਮਜ਼ੋਰੀ ਨਾਲ ਹੀ ਸਾਰੇ ਸਦ ਗੁਣ ਜੁਦਾ ਹੋ ਜਾਂਦੇ ਹਨ। ਸਦ ਗੁਣਾਂ ਬਿਨਾ ਆਜ਼ਾਦੀ ਦਾ ਪਾਸ ਠਹਿਰਨਾ ਕਠਨ ਹੈ। ਗੱਲ ਕੀ ਰੂਹਾਨੀਅਤ ਤੇ ਇਖਲਾਕ ਇੱਕ ਦੂਜੇ ਦੇ ਆਸਰੇ ਹਨ, ਇਕ ਦੂਜੇ ਤੇ ਨਿਰਭਰ ਹਨ । ਇਕ ਦੇ ਆਉਣ ਨਾਲ ਦੂਜੇ ਆ ਜਾਂਦੇ ਹਨ ਤੇ ਇੱਕ ਦੇ ਜੁਦਾ ਹੋਣ ਨਾਲ ਦੂਜੇ ਵਿਦਾ ਹੋ ਜਾਂਦੇ ਹਨ, ਤੇ ਇਨ੍ਹਾਂ ਦੇ ਨਾਲ ਹੀ ਆਜ਼ਾਦੀ ਦਾ ਭੀ ਸੰਬੰਧ ਹੈ। ਜੋ ਇਨਸਾਨ ਵਿਸ਼ੇ ਵਿਕਾਰਾਂ ਤੇ ਸੰਸਾਰਕ ਸੁਆਦਾਂ ਦਾ ਗੁਲਾਮ ਹੋ ਗਿਆ ਹੋਵੇ ਉਹ ਸੱਚਾ, ਇਨਸਾਫ ਪਸੰਦ, ਨਿਰਭੈ, ਨਿਧੜਕ ਤੇ ਆਜ਼ਾਦ ਦਿਮਾਗ ਰਹਿ ਹੀ ਨਹੀਂ ਸਕਦਾ। ਜਿਵੇਂ ਕਬਰਾਂ ਤੇ ਸ਼ਮਸ਼ਾਨਾਂ ਵਿਚ ਭੂਤਨੇ ਹੀ ਟਿਕਦੇ ਹਨ, ਫਰਿਸ਼ਤੇ ( ਦੇਵਤੇ ) ਨ[illegible] ਠਹਿਰ ਸਕਦੇ, ਜਿਵੇਂ ਗੰਦਗੀ ਦੇ ਗੋਲੇ ਭੂੰਡ ਹੀ ਰੋੜ੍ਹਦੇ ਹਨ, ਭੌਰ ਇਸ ਕੰਮ ਨੂੰ ਨਹੀਂ ਕਰ ਸਕਦੇ, ਤਿਵੇਂ ਹੀ ਸੁਤੰਤ੍ਰਤਾ ਦੀ ਦੇਵੀ ਖੁਸ਼ਾਮਦ, ਫੋਕੀ ਅਮੀਰੀ, ਕਾਇਰਤਾ ਤੇ ਵਿਸ਼ੇ ਵਿਕਾਰਾਂ ਵਿਚ ਮਸਤ ਕੌਮ ਵਿਚ ਦਰਸ਼ਨ ਨਹੀਂ ਦੇ ਸਕਦੀ

ਸਿਰਾਂ ਦੀ ਭੇਟ ਲੈਣ ਵਾਲੀ ਦੇਵੀ ਖੁਸ਼ਾਮਦੀ ਰੇਉੜੀਆਂ ਨਾਲ। ਪ੍ਰਸੰਨ ਨਹੀਂ ਹੁੰਦੀ। ਸਾਰ ਦੇ ਸ਼ਸਤ੍ਰਾਂ ਦੇ ਗਹਿਣੇ ਪਹਿਨਣ ਵਾਲੀ ਮਾਈ



Digitized by Panjab Digital Library | www.panjabdigilib.org

ਪੇਟ ਲਈ ਨਿਉਂ ਨਿਉਂ ਸਲਾਮਾਂ ਕਰਨ ਵਾਲੀਆਂ ਦਲੀਲਾਂ ਦੀਆਂ ਗਾਨੀਆਂ ਤੇ ਨਹੀਂ ਰੀਝ ਸਕਦੀ, ਇਸ ਲਈ ਨਾਮ ਮਾਤਰ ਧਾਰਮਕ ਤੇ ਵਿੱਦਜਕ ਉੱਨਤੀ ਕਰਦਾ ਹੋਇਆ ਖਾਲਸਾ ਪੰਥ ਸੁਤੰਤ੍ਰਤਾ, ਖੁਦ ਮੁਖਤਾਰੀ, ਸੱਚਾਈ, ਨਿਰਭੈਤਾ ਤੇ ਸੁੱਧਾਚਰਨ ਆਦਿਕ ਸੁਭ ਗੁਣਾਂ ਦੀ ਰੌਸ਼ਨੀ ਤੋਂ ਦੂਰ, ਮਾਨਸਕ, ਆਤਮਕ ਤੇ ਸਰੀਰਕ ਹਰ ਕਿਸਮ ਦੀ ਦੀਨੀ ਦੁਨਿਆਵੀ ਗੁਲਾਮੀ ਦੇ ਅਨ੍ਹੇਰੇ ਖਾਤੇ ਵਿਚ ਜਾ ਪਿਆ। ਡਿੱਗ ਕੇ ਭੀ ਸ਼ੋਕਾਤੁਰ ਨਹੀਂ ਹੋਇਆ! ਘਬਰਾਇਆ ਨਹੀਂ! ਦੁਖਾਂ ਨਾਲ ਤੜਪਿਆ ਨਹੀਂ! ਸਗੋਂ ਚਿੜੀਆ ਘਰ ਦੇ ਕੈਦੀ......ਵਾਂਗ ਓਥੇ ਹੀ ਪੇਟ ਭਰ, ਮਸਤ ਹੋ ਚਾਘੀਆਂ ਪੌਣ ਲਗਾ। ਪਰ:–

ਮੇਰੇ ਸਤਿਗੁਰੂ ਕਿਵੇਂ ਮਨਜ਼ੂਰ ਤੈਨੂੰ?
ਤੇਰਾ ਬਾਲ ਹੋ ਕੇ ਤੇਰਾ ਖਯਾਲ ਭੁੱਲੇ।
ਤੇਰਾ ਪ੍ਰੇਮ ਹਿਰਦਾ ਕਿਵੇਂ ਝੱਲ ਸੱਕੇ?
ਤੇਰਾ ਨਾਮ ਲੇਵਾ ਤੇਰੀ ਚਾਲ ਭੁੱਲੇ।
ਕਿਵੇਂ ਜਰ ਸੱਕੇਂ ਦੇਖਿ ਅਪਮਾਨ ਹੁੰਦਾ?
ਧਰਮ ਚਾਲ ਵਲੋਂ ਤੇਰਾ ਲਾਲ ਭੁੱਲੇ।
ਕਿਵੇਂ ਵੇਖ ਸੱਕੇਂ ਮੋਹ ਜਾਲ ਫਸਿਆ?
ਤੇਰਾ ਖਾਲਸਾ ਸੱਚ ਦੀ ਭਾਲ ਭੁੱਲੇ।
ਦਿਲ ਚਿ ਰਹਿਮ ਆਇਆ ਤੇਰੀ ਮਿਹਰ ਹੋਈ,
ਚਿਰ ਥੀਂ ਘੂਕ ਸੁਤਾ ਪੰਥ ਜਾਗ ਆਯਾ।
...ਾਜਜ਼ਾਂ ਦੇ ਭਾਗ ਜਾਗ ਉੱਠੇ,
ਪਾਪੀ ਪਾਜੀਆਂ ਦੇ ਲਈ ਬਾਘ ਆਯਾ।

ਬੇਸ਼ੱਕ ਸਤਿਗੁਰੂ ਦੀ ਮਿਹਰ ਹੋਈ। ਜ਼ਮਾਨੇ ਦੀਆਂ ਸੱਟਾਂ ਖਾ ਖਾ, ਅਪਮਾਨ ਸਹਾਰ ਸਹਾਰ ਖਾਲਸਾ ਪੰਥ ਨੂੰ ਗਫਲਤ ਨੀਂਦ ਵਿਚੋਂ, ਗੁਲਾਮੀ ਦੀ ਮਾਰੂ ਮਸਤੀ ਵਿਚੋਂ ਹੋਸ਼ ਆਈ, ਅੱਖ ਪੱਟੀ, ਚੁਫੇਰੇ ਆਪਣੇ ਘਰ ਵਿਚ ਹੀ ਕੂੜ, ਕਪਟ, ਕੁਸੱਤ, ਕੁਬੁੱਧਿ, ਕੂਰਤਾ ਤੇ ਕੁਅਚਾਰ ਆਦਿ



Digitized by Panjab Digital Library | www.panjabdigilib.org

ਗੰਦਗੀ ਦੇ ਢੇਰ ਦੇਖ ਕੇ, ਸਤ ਧਰਮ ਦਾ ਖੂਨ ਖੌਲਿਆ। "ਸਿਰ ਧਰਿ ਤਲੀ ਗਲੀ ਮੇਰੀ ਆਉ" ਗੁਰਵਾਕ ਦੇ ਅਰਥਾਂ ਦੀ ਕੁਝ ਸੂਝ ਪਈ ਤੇ ਸਭ ਤੋਂ ਪਹਿਲਾਂ ਘਰ ਦੀ ਗੰਦਗੀ ਹੂੰਝਣ ਦਾ ਉਪ੍ਰਾਲਾ ਕੀਤਾ। ਗੁਰਦੁਆ-ਰਿਆਂ ਦੇ ਸੁਧਾਰ ਦਾ ਪੱਕਾ ਇਰਾਦਾ ਕਰ ਲਿਆ। ਧਰਮਸਥਾਨਾਂ ਨੂੰ ਬੰਦਗੀ ਦੇ ਘਰ, ਨਿੱਜ ਦੀ ਜਾਇਦਾਦ ਹਟਾ ਕੇ ਗੁਰੂ ਘਰ ਬਣੌਣ ਦਾ ਬੀੜਾ ਚੁਕ ਲਿਆ।

ਜਿਵੇਂ ਰਾਤ ਮਗਰੋਂ ਦਿਨ ਤੇ ਅਨ੍ਹੇਰੇ ਮਗਰੋਂ ਚਾਨਣ ਹੁੰਦਾ ਹੈ, ਤਿਵੇਂ ਹੀ ਅਤਿ ਗਿਰਾਵਟ ਮਗਰੋਂ ਉੱਨਤੀ ਦਾ ਵਾਰਾ ਪਹਿਰਾ ਔਂਦਾ ਹੈ, ਪਰ ਜੇ ਕਿਸੇ ਕੌਮ ਦਾ ਉੱਕਾ ਹੀ ਨਾਸ਼ ਨਾ ਹੋ ਜਾਵੇ ਤਾਂ! ਇਸੇ ਹੀ ਤਰ੍ਹਾਂ ਅਤਿ ਜ਼ੁਲਮ, ਕੁਧਰਮ, ਕੁਰੀਤੀਆਂ ਤੇ ਕ੍ਰੂਰਤਾ ਵਿਭਚਾਰਾਂ ਨੂੰ ਦੇਖ ਕੇ ਭੀ ਵਾਹਿਗੁਰੂ ਆਪਣੀ ਕਲਾ ਵਰਤੌਂਦਾ ਤੇ ਧਰਮੀ ਪੈਦਾ ਕਰ ਕੇ ਧਰਮ ਵਰਤੌਂਦਾ ਹੀ ਆਇਆ ਹੈ।

## ਗੁਰਦੁਆਰੇ

ਸਿੱਖ ਪੰਥ ਜੀ ਜਿੰਦ ਜਾਨ ਗੁਰਦੁਆਰੇ ਹਨ। ਇਨ੍ਹਾਂ ਗੁਰ-ਦੁਆਰਿਆਂ ਵਿੱਚੋਂ ਹੀ ਸਿੱਖ ਸੰਸਾਰਕ ਤੇ ਵਿਹਾਰਕ,ਧਾਰਮਕ ਤੇ ਆਤਮਕ, ਆਚਾਰਕ ਤੇ ਵਿਹਾਰਕ ਵਿੱਦਿਆ ਪ੍ਰਾਪਤ ਕਰਦਾ ਹੈ। ਗੁਰਦੁਆਰੇ ਹੀ ਸਨ, ਜਿੱਥੋਂ ਸ਼ਹੀਦਾਂ ਨੇ ਸ਼ਹੀਦੀ ਸਬਕ ਸਿੱਖੇ। ਗੁਰਦੁਆਰੇ ਹੀ ਸਨ, ਜਿੱਥੋਂ ਸਿੱਖ ਰਾਜ ਦੀ ਸੰਭਾਲਣਾ ਦਾ ਪ੍ਰਬੰਧ ਹੁੰਦਾ ਸੀ। ਜਦ ਗੁਰਦੁਆਰੇ ਹੀ 'ਗੁਰਦੁਆਰੇ ਨਾ ਰਹਿਣ, ਜਦ ਗੁਰਦੁਆਰਿਆਂ ਦੇ ਸੇਵਕ [illegible], ਸੰਤ,ਮਹੰਤ ਹੀ ਆਪਣੀ ਉੱਚ ਅਵਸਥਾ ਤੋਂ ਗਿਰ ਜਾਣ, ਤਾਂ ਸਿੱਖ ਪੰਥ ਤਾਂ ਆਪੇ ਅਧੋਗਤੀ ਨੂੰ ਜਾਣਾ ਹੋਇਆ!

ਸਮੇਂ ਦੇ ਚੱਕ੍ਰ ਵਿੱਚ ਖਾਲਸਾ ਜੀ ਦੇ ਗੁਰਦੁਆਰਿਆਂ ਦਾ ਪ੍ਰਬੰਧ ਠੀਕ ਨਾ ਰਿਹਾ। ਰਾਖੇ ਹੀ ਖੇਤ ਉਜਾੜਨ ਲੱਗ ਪਏ। ਵਾੜ ਹੀ ਖੇਤ ਖਾਣ ਲੱਗ ਪਈ। ਗੁਰਦੁਆਰੀਏ ਭਾਈ, ਸੰਤ, ਮਹੰਤ, ਗੁਰਦੁਆਰਿਆਂ ਨੂੰ ਆਪਣੀ



Digitized by Panjab Digital Library | www.panjabdigilib.org

ਮਲਕੀਅਤ ਹੀ ਬਣਾ ਬੈਠੇ। ਪੂਜਾ, ਕਾਰ ਭੇਟ ਨੂੰ ਆਪਣੀ ਨਿੱਜ ਦੀ ਆਮ-ਦਨੀ ਜਾਂ ਦੁਕਾਨ ਦੀ ਵੱਟਕ ਸਮਝਕੇ ਮਨ ਭਾਉਂਦੀ ਤਰ੍ਹਾਂ ਖਰਚ ਕਰਨ ਲੱਗੇ। ਉਪਰੋਂ ਸਮੇਂ ਦੀ ਹਕੂਮਤ ਦੀ ਹਿੰਦੀਆਂ ਤੇ ਕੈਰੀ ਅੱਖ ਦੇਖਕੇ ਤੇ ਸਿੱਖ ਪੰਥ ਨੂੰ ਗਫਲਤ ਨੀਂਦੇ ਘੂਕ ਸੁੱਤਾ ਦੇਖ ਕੇ, ਇਨ੍ਹਾਂ ਗ੍ਰੰਥੀ, ਪੁਜਾਰੀ, ਮਹੰਤਾਂ ਤੇ ਗੱਦੀ ਦਾਰਾਂ ਦੀ ਮੌਜ ਲੱਗ ਗਈ। ਮੁਫਤ ਦੀ ਮਾਇਆ ਨਾਲ ਵਿਕਾਰ ਉਤਪਨ ਹੋਣੇ ਜ਼ਰੂਰੀ ਹਨ, ਫੇਰ ਪੂਜਾ ਦਾ ਧਾਨ ਤਾਂ ਹੋਇਆ ਹੀ ਜ਼ਹਿਰ, ਇਸ ਨੂੰ ਖਾ ਖਾ ਇਹ ਗ੍ਰੰਥੀ, ਪੁਜਾਰੀ, ਮਹੰਤ ਆਦਿ ਮਾਨੋ ਬੌਰਾ ਗਏ। ਸ਼ਰਾਬ ਕਬਾਬ ਵਿਸ਼ੇ ਵਿਕਾਰਾਂ ਵਿੱਚ ਅਜੇਹੇ ਗ਼ਰਕ ਹੋਏ ਕਿ ਖਾਲਸਾ ਜੀ ਦੇ ਗੁਰਦੁਆਰੇ ਨਰਕ ਬਣ ਗਏ। ਇਸ ਜਗ੍ਹਾ ਕਿਸੇ ਬਹੂ ਬੇਟੀ ਦੀ ਇਜ਼ਤ ਬਚਣੀ ਕਠਨ ਹੋ ਗਈ। ਦਿਨ ਦੀਵੀਂ ਹਰ ਤਰ੍ਹਾਂ ਦੇ ਡਾਕੇ ਪੈਣੇ ਸ਼ੁਰੂ ਹੋ ਗਏ।

## *ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ*

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ, ਨਨਕਾਣਾ ਸਾਹਿਬ ਆਦਿ ਗੁਰਦੁਆਰਿਆਂ ਵਿੱਚ ਭਯੰਕਰ ਕੁਰੀਤੀਆਂ ਤੇ ਕੁਚਾਲਾਂ ਹੁੰਦੀਆਂ ਦੇਖ ਕੇ ਪੰਥ ਖਾਲਸੇ ਦਾ ਸਹਿੰਦਾ ਸਹਿੰਦਾ ਖੂਨ ਹੁਣ ਖੌਲ ਉੱਠਿਆ, ਸੁਧਾਰ ਲਈ ਤਤਪਰ ਹੋਗਿਆ, ਇਸ ਲਈ ਪੰਥ ਦਾ ਪਹਿਲਾ ਇਕੱਠ ੧੫ ਨਵੰਬਰ ੧੯੨੦ ਈਸਵੀ ਨੂੰ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਵਿੱਚ ਹੋਇਆ। ਜਿਸ ਵਿੱਚ ਤਖਤ ਸਿੰਘ ਸਭਾਵਾਂ, ਗੁਰਦੁਆਰਿਆਂ, ਕਾਲਜਾਂ, ਸਕੂਲਾਂ, ਪਲਟਣਾਂ, ਤੋਪਖਾਨਿਆਂ, ਸਿੱਖ ਰਿਆਸਤਾਂ ਤੇ ਖਾਲਸੇ ਦੇ ਹਰ ਫਿਰਕੇ ਦੇ ਪ੍ਰਤੀਨਿਧ ਸ਼ਾਮਲ ਹੋਏ। 'ਚੋਰ ਦੀ ਦਾੜ੍ਹੀ ਵਿੱਚ ਤਿਣਕਾ' ਦੀ ਕਹਾਵਤ ਅਨੁਸਾਰ ਸਰਕਾਰ ਨੂੰ ਪਿੱਸੂ ਪੈ ਗਏ, ਕਿ ਪਤਾ ਨਹੀਂ ਹੁਣ ਕੀ ਹੋਊ? ਉਸ ਨੇ ਦੋ ਦਿਨ ਪਹਿਲਾਂ ਹੀ ਆਪਣੀ ਮਰਜ਼ੀ ਦੇ ੩੬ ਸਿੱਖਾਂ ਦੀ ਇੱਕ ਕਮੇਟੀ ਦਾ ਢਕਵੰਜ ਬਣਾਕੇ ਖੜਾ ਕਰ ਦਿੱਤਾ, ਤੇ ਉਸ ਨੂੰ ਇਹ ਅਧਿਕਾਰ ਦੇ ਦਿੱਤਾ ਕਿ ਉਹ ਜੇ ਚਾਹੁਣ ਤਾਂ ਹੋਰ ਭੀ ਮੈਂਬਰ ਨਾਲ ਰਲਾ ਲੈਣ। ਜਿਸਤਰ੍ਹਾਂ



Digitized by Panjab Digital Library | www.panjabdigilib.org

ਦਰਯਾ ਦੀ ਜ਼ੋਰਦਾਰ ਕਾਂਗ ਅੱਗੇ ਮਾਮੂਲੀ ਤੀਲਿਆਂ ਦੇ ਅੜਿੱਕੇ ਅੜ ਨਹੀਂ ਸਕਦੇ, ਇਸੇ ਹੀ ਤਰ੍ਹਾਂ ਖਾਲਸਾ ਜੀ ਦੇ ਇਸ ਧਾਰਮਕ ਜੋਸ਼ ਅੱਗੇ ਸਰਕਾਰ ਦੀਆਂ ਇਹ ਹੇਰਾ ਫੇਰੀਆਂ ਦੇ ਅੜਿੱਕੇ ਅੜ ਨਾ ਸਕੇ। ਇਸ ਖਾਲਸਈ ਇਕੱਠ ਵਿੱਚ ਦੂਰ ਦਰਸ਼ੀ ਖਾਲਸੇ ਦੇ ਆਗੂਆਂ ਨੇ ਇਨ੍ਹਾਂ ਸਰ· ਕਾਰੀ ੩੬ ਆਦਮੀਆਂ ਨੂੰ ਭੀ ਇਸ ਕਮੇਟੀ ਵਿੱਚ ਹੀ ਰਲਾ ਲਿਆ। ਸਾਰੇ ੧੭੫ ਮੈਂਬਰ ਚੁਣੇ ਗਏ।

੧੨ ਦਸੰਬਰ ੧੯੨੦ ਨੂੰ ਸ੍ਰੀ ਅਕਾਲ ਤਖਤ ਉੱਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਦੀਵਾਨ ਹੋਇਆ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੩੦ ਅਪ੍ਰੈਲ ੧੯੨੧ ਨੂੰ ਸਰਕਾਰੀ ਕਾਨੂੰਨ ਅਨੁਸਾਰ ਰਜਿਸਟਰ ਕਰਾਈ ਗਈ।

੫ ਅਕਤੂਬਰ ੧੯੨੦ ਨੂੰ ਅਸੀਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਕਬਜੇ ਬਾਰੇ ਜ਼ਿਕਰ ਕਰ ਆਏ ਹਾਂ। ਇਸੇ ਹੀ ਤਰ੍ਹਾਂ ੧੨ ਅਕਤੂਬਰ ੧੯੨੦ ਨੂੰ ਅਕਾਲ ਤਖਤ ੧੮-੨੦ ਨਵੰਬਰ ਨੂੰ ਗੁਰਦੁਆਰਾ ਪੰਜਾ ਸਾਹਿਬ ਉੱਤੇ ਪੰਥ ਦਾ ਕਬਜ਼ਾ ਹੋਣ ਦੇ ਹਾਲ ਦੱਸ ਆਏ ਹਾਂ। ੧੪ ਦਸੰਬਰ ੧੯੨੦ ਨੂੰ ਸ਼੍ਰੋ: ਅਕਾਲੀ ਦਲ ਬਣਿਆ, ਇਹ ਭੀ ਪਾਠਕ ਪਿੱਛੇ ਪੜ੍ਹ ਚੁੱਕੇ ਹਨ।

## ਸਾਕਾ ਤਰਨ ਤਾਰਨ

ਅਸੀਂ ਇਹ ਭੀ ਪਿੱਛੇ ਦੱਸ ਆਏ ਹਾਂ ਕਿ ਤਰਨ [illegible]ਨ ਵਿੱਚ ਸ਼ਹਿਰ-ਨਿਵਾਸੀ ਦੁਕਾਨ ਦਾਰ ਗੁਰ ਸਿੱਖਾਂ ਦਾ ਸੇਵਕ ਜੱਥਾ [illegible] ਸੀ, ਜੋ ਜਗ੍ਹਾ ਜਗ੍ਹਾ ਸਿੱਖੀ ਪ੍ਰਚਾਰ ਤੇ ਸੇਵਾ ਕਰਦਾ ਸੀ। ਅਖੰਡ ਪਾਠ ਕੀਰਤਨ ਤੇ ਸੇਵਾ ਆਦਿ ਦੀ ਸੇਵਾ ਮੁਫ਼ਤ ਕੇਵਲ ਗੁਰ ਸਿੱਖੀ ਪ੍ਰੇਮ ਨੂੰ ਮੁਖ ਰੱਖ ਕੇ ਹੀ ਕਰਦਾ ਸੀ। ਇਸਦੀ ਸਾਰੇ ਸ਼ਹਿਰ ਵਾਸੀ ਇੱਜ਼ਤ ਕਰਦੇ ਸਨ। ਸੇਵਕ ਦੀ ਹਰ ਕੋਈ ਇੱਜ਼ਤ ਕਰਦਾ ਹੈ। ਇਹ ਸੇਵਕ ਜਥੇ ਦੀ ਸੋਭਾ ਪੁਜਾਰੀਆਂ ਨੂੰ ਚੁਭੀ। ਚੁਭਣੀ ਸੀ ਭੀ ਜ਼ਰੂਰੀ, ਕਿਉਂਕਿ ਕੁਕਰਮੀ ਨੂੰ ਸੁਕਰਮੀ



Digitized by Panjab Digital Library | www.panjabdigilib.org

ਨਹੀਂ ਭਾਉਂਦਾ। ਸੁਕਰਮੀ ਦੀ ਸ਼ੋਭਾ ਤਾਂ ਕੁਕਰਮੀ ਨੂੰ ਸੁਤੇ ਹੀ ਬੁਰੀ ਲੱਗਣੀ ਹੋਈ।

ਖ਼ੈਰ,੧੧ ਜਨਵਰੀ੧੯੨੧ ਨੂੰ ਇਸ ਸੇਵਕ ਜੱਥੇ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰਨ ਦੀ ਸਲ਼ਾਹ ਕੀਤੀ। ਅੱਗੋਂ ਪੁਜਾਰੀਆਂ ਨੇ ਡੰਡੇ ਚੁੱਕ ਲਏ। ਦੇਖੋ ਅਨ੍ਹੇਰ ਸਾਈਂ ਦਾ! ਸੁਪ੍ਰਬੰਧਕ ਕੀਰਤਨੀ, ਗੁਣੀ ਗਿਆਨੀਆਂ ਨੂੰ ਮਾਯਾ ਦੇਕੇ ਆਦਰ ਮਾਨ ਨਾਲ ਸੱਦ ਕੇ ਕੀਰਤਨ ਕਥਾ ਤੇ ਵਿਖਿਆਨ ਆਦਿ, ਗੁਰਦੁਆਰਿਆਂ ਵਿੱਚ ਕਰਵੌਂਦੇ ਹਨ, ਪਰ ਇਹ ਭੁੱਲੇ ਹੋਏ ਭਰਾ ਪੁਜਾਰੀ ਏਥੇ ਮੁਫਤ ਪ੍ਰੇਮ ਨਾਲ ਕੀਰਤਨ ਕਰਨ ਆਇਆਂ ਦਾ ਅੱਗੋਂ ਗਾਲਾਂ ਤੇ ਡੰਡਿਆਂ ਨਾਲ ਸੁਆਗਤ ਤੇ ਸਨਮਾਨ ਕਰਦੇ ਹਨ। ਸਮੇਂ ਦੇ ਰੰਗ! ਇਸ ਬਾਰੇ ਵੈਦ ਜੀ ਦੀ ਡਾਇਰੀ ਬੜੀ ਮੁਕੰਮਲ ਹੈ। ਉਸ ਵਿੱਚ ਦਰਜ ਹੈ:—

"ਜੱਥੇ ਤੇ ਪੁਜਾਰੀਆਂ ਦੀ ਵਧੀਕੀ,ਅੰਮ੍ਰਿਤ ਵੇਲੇ ਸੇਵਕ ਜਥੇ ਵਲੋਂ ਆਸਾ ਜੀ ਦੀ ਵਾਰ ਦਾ ਕੀਰਤਨ ਸ੍ਰੀ ਦਰਬਾਰ ਸਾਹਿਬ ਰੋਕਣ ਵਾਸਤੇ ਪੁਜਾਰੀ ਸਿੰਘਾਂ ਵੱਲੋਂ ਬਹੁਤ ਫਸਾਦ ਹੋਇਆ, ਪਰ ਜੱਥੇ ਵੱਲੋਂ ਸ਼ਾਂਤੀ ਹੋਵਣ ਤੇ ਸੁਖ ਰਹੀ।"

ਇਸ ਘਟਨਾ ਦਾ ਸਾਰੇ ਸ਼ਹਿਰ ਵਿੱਚ ਚਰਚਾ ਹੋ ਗਿਆ। ਕਈ ਜੋਸ਼ੀਲੇ, ਸੇਵਕ ਜੱਥੇ ਨਾਲ ਹੋਈ ਵਧੀਕੀ ਬਾਰੇ ਗਰਮ ਹੋ ਗਏ, ਫਸਾਦ ਅੱਗੇ ਵਧਨ ਦਾ ਡਰ ਹੋ ਗਿਆ। ਵੈਦ ਜੀ ਤੇ ਹੋਰ ਕਈ ਪਤਵੰਤਿਆਂ ਨੇ ਵਿੱਚ ਪੈਕ[illegible] ਨੂੰ ਸਮਝਾਇਆ ਤੇ ਫੈਸਲਾ ਕਰਵਾਇਆ। ੧੩ ਜਨਵਰੀ ਦੀ ਡ[illegible]ੀ ਵਿੱਚ ਲਿਖਿਆ ਹੈ:—

"੨ ਤੋਂ ੫॥ ਤੱਕ ਸੇਵਕ ਜੱਥੇ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀਆਂ ਦੇ ਸਮਝੌਤੇ ਵਾਸਤੇ ਸਮਾ ਲੱਗਾ।"

ਭਾਵੇਂ ਇਹ ਫਸਾਦ ਦੀ ਅੱਗ ਕੁਝਕੁ ਸੱਜਣਾਂ ਦੇ ਵਿੱਚ ਪੈਣ ਕਰਕੇ ਦੱਬੀ ਗਈ, ਪਰ ਇਸ ਦੀ ਸੁਲਗ ਨਾ ਹਟੀ। ਇਸ ਲਈ ੨੦ ਜਨਵਰੀ



Digitized by Panjab Digital Library | www.panjabdigilib.org

ਨੂੰ ਸਰਦਾਰ ਹਰਬੰਸ ਸਿੰਘ ਜੀ ਸਾਹਿਬ ਅਟਾਰੀ ਵਾਲੇ* ਇਸ ਝਗੜੇ ਨੂੰ ਨਿਪਟਾਉਣ ਲਈ ਆਏ। ੨੦ ਤੇ ੨੧ ਜਨਵਰੀ ਨੂੰ ਵੈਦ ਜੀ ਨੇ ਨਾਲ ਹੋਕੇ ਮਾਮਲਾ ਨਿਪਟਾਇਆ। ੨੦ ਜਨਵਰੀ ਦੀ ਡਾਇਰੀ ਦੱਸਦੀ ਹੈ:-

"ਸ੍ਰੀ ਮਾਨ ਸ੍ਰ: ਹਰਬੰਸ ਸਿੰਘ ਸਾਹਿਬ ਜੀ ਦੇ ਦਰਸ਼ਨ ਹੋਏ। ਪੁਜਾ-ਰੀਆਂ ਸੰਬੰਧੀ ੯॥ ਬਜੇ ਰਾਤ ਤੱਕ ਵਿਚਾਰ ਹੁੰਦੀ ਰਹੀ।"

੨੧ ਜਨਵਰੀ ਨੂੰ "ਅੰਮ੍ਰਿਤ ਵੇਲੇ ਸ੍ਰੀ ਮਾਨ ਸ੍ਰ: ਹਰਬੰਸ ਸਿੰਘ ਜੀ ਪਾਸ ਕੁਝ ਸਮਾ ਪੁਜਾਰੀਆਂ ਦੇ ਸੰਬੰਧ ਵਿੱਚ ਲੱਗਾ। ਲਹੁਢੇ ਵੇਲੇ ੪ ਬਜੇ ਤੋਂ ਰਾਤ ਦੇ ੧੧॥ ਬਜੇ ਤੱਕ ਸੇਵਕ ਜੱਥੇ ਤੇ ਗ੍ਰੰਥੀ ਪੁਜਾਰੀਆਂ ਦੇ ਸਮ-ਝੌਤੇ ਵਾਸਤੇ ਹੋਰ ਸੱਜਣਾਂ ਨਾਲ ਸਮਾ ਲੱਗਾ, ਸਤਿਗੁਰੂ ਜੀ ਦਾ ਸ਼ੁਕਰ ਹੈ ਕਿ ਸਫਲਤਾ ਹੋਈ।"

× × × × × × ×

੧੬ ਜੂਨ ੧੯੨੦ ਨੂੰ "ਸ੍ਰੀ ਦਰਬਾਰ ਸਾਹਿਬ ਪੁਜਾਰੀਆਂ ਨੇ ਮੇਰਠ ਦੇ ਇਕ ਨਿਹੰਗ ਭਾਈ ਆਤਮਾ ਸਿੰਘ ਨੂੰ ਬਹੁਤ ਮਾਰਿਆ†।"

ਇਸੇ ਹੀ ਤਰ੍ਹਾਂ ੧੯੨੦ ਦੇ ਆਖੀਰ ਵਿਚ ਸਰਦਾਰ ਲਛਮਣ ਸਿੰਘ ਜੀ—ਜੋ ਕੁਝ ਚਿਰ ਬਾਦ ਨਨਕਾਣਾ ਸਾਹਿਬ ਜੀ ਜਾ ਕੇ ਸ਼ਹੀਦ ਹੋ ਗਏ ਸਨ—ਏਥੇ ਆਪਣੇ ਸਕੂਲ ਦੀਆਂ ਬੀਬੀਆਂ ਦੇ ਜੱਥੇ ਨਾਲ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ। ਗ੍ਰੰਥੀਆਂ ਪੁਜਾਰੀਆਂ ਨੇ ਉਨ੍ਹਾਂ ਬੀਬੀਆਂ ਨੂੰ ਏਥੇ ਕੀਰਤਨ ਭੀ ਨਾ ਕਰਨ ਦਿੱਤਾ ਤੇ ਹਤਕ ਕਰ ਕੇ ਬਾਹਰ ਕੱਢ ਦਿੱਤੇ।

ਇਹ, ਤੇ ਏਹੋ ਜੇਹੀਆਂ ਅਨੇਕਾਂ ਹੋਰ ਅਨੁ[illegible]ਰਵਾਈਆਂ ਹੁੰਦੀਆਂ ਦੇਖ ਕੇ ਪੰਥ ਦਾ ਸਾਬਰ ਖੂਨ ਭੀ ਉਬਾਲ [illegible]ਰ ਆਇਆ।

---

*ਸ੍ਰ: ਹਰਬੰਸ ਸਿੰਘ ਜੀ ਅਟਾਰੀ:—ਜਨਮ ਦਸੰਬਰ ੧੮੭੮ ਅਕਾਲ ਚਲਾਣਾ ੨੪ ਮਈ ੧੯੩੬ ਨੂੰ। ਆਪ ਬੜੇ ਦੀਦਾਰੀ, ਮਿੱਠ ਬੋਲੇ, ਹਸਮੁਖ ਤੇ ਮਿਲਾਪੜੇ ਸੱਜਣ ਸਨ। ਆਪ ਜੀ ਨੂੰ ਸਿੱਖੀ ਪ੍ਰਚਾਰ ਦਾ ਬਹੁਤ ਹੀ ਸ਼ੌਕ ਸੀ।

† ਡਾਇਰੀ ਨੋਟ।



Digitized by Panjab Digital Library | www.panjabdigilib.org

ਅੰਤ ਇਸ ਬੁਰਛਾ ਗਰਦੀ ਨੂੰ ਸੁਧਾਰਨ ਹਿਤ ੨੬ ਜਨਵਰੀ ੧੯੨੧ ਨੂੰ ਸ੍ਰ: ਤੇਜਾ ਸਿੰਘ ਭੁੱਚਰ ਦੀ ਜੱਥੇਦਾਰੀ ਹੇਠ ੪੦ ਕੁ ਅਕਾਲੀਆਂ ਦਾ ਜੱਥਾ ਤਰਨ ਤਾਰਨ ਸਾਹਿਬ ਪੁੱਜਾ।

ਵੈਦ ਜੀ ਲਿਖਦੇ ਹਨ:-"ਸ੍ਰੀ ਤਰਨ ਤਾਰਨ ਸਾਹਿਬ ਜੀ ਦੇ ਗ੍ਰੰਥੀ ਪੁਜਾਰੀ ਸਿੰਘਾਂ ਦੀਆਂ ਅੱਤ ਦੀਆਂ ਅਨੀਤੀਆਂ, ਧਰਮ, ਸ਼ਰਮ ਤੇ ਲੋਕ ਲਾਜ ਦੇ ਵਿਰੁਧ ਕਾਰੇ ਵੇਖ ਕੇ ੧੧ ਜਨਵਰੀ ਨੂੰ ਸੇਵਕ ਜੱਥੇ ਦਾ ਕੀਰਤਨ ਰੋਕਣਾ, ਹਥਿਆਰ ਬੰਦ ਹੋ ਕੇ ਮਰਨ ਮਾਰਨ ਨੂੰ ਤਿਆਰ ਹੋਣਾ, ਸ੍ਰੀ ਦਰਬਾਰ ਸਾਹਿਬ ਨੂੰ ਆਪਣੀ ਖਾਸ ਮਲਕੀਅਤ ਤੇ ਹੱਟੀ ਦੀ ਤਰ੍ਹਾਂ ਆਖਣਾ, ਗੁਰਦੁਆਰੇ ਦੇ ਅੰਦਰ ਬੀਬੀਆਂ ਦਾ ਅਪਮਾਨ ਕਰਨਾ, ਕਈ ਸੇਵਕਾਂ ਨੂੰ ਕਤਲ ਕਰਨ ਦੀਆਂ ਧਮਕੀਆਂ ਦੇਵਣ ਦੇ ਦਰਦ ਭਰੇ ਹਾਲਾਤ ਸੁਣ, ਦੇਖ ਕੇ ੨੬ ਜਨਵਰੀ ੧੯੨੧ ਨੂੰ ਅਕਾਲੀ ਦਲ ਅੰਮ੍ਰਿਤ ਵੇਲੇ ਸ੍ਰੀ ਤਰਨ ਤਾਰਨ ਸਾਹਿਬ ਦੇ ਸ੍ਰੀ ਦਰਬਾਰ ਸਾਹਿਬ ਜੀ ਵਿਚ ਪੁੱਜਾ*।"

ਜੱਥੇ ਨੂੰ ਦੇਖ ਕੇ ਤਾਂ ਪੁਜਾਰੀ, ਗ੍ਰੰਥੀ ਸਗੋਂ ਆਪਿਓਂ ਬਾਹਰ ਹੋ ਗਏ। ਬਜਾਏ ਸੋਚਣ ਵਿਚਾਰਨ ਜਾਂ ਗਲ ਬਾਤ ਕਰਨ ਦੇ, ਉਹ ਦਬਾ ਦਬ ਕੁਹਾੜੀਆਂ, ਛਵ੍ਹੀਆਂ ਤੇ ਗੰਡਾਸੇ ਆਦਿ ਹਰ ਤਰ੍ਹਾਂ ਦੇ ਖੂਨੀ ਸਸ਼ਤ੍ਰਾਂ ਨਾਲ ਸਨੱਧ ਬੱਧ ਹੋ ਸ਼ਾਂਤ ਮਈ ਅਕਾਲੀਆਂ ਨੂੰ ਮਾਰ ਮੁਕੋਣ ਦੇ ਤਿਆਰੇ ਕਰਨ ਲੱਗੇ। ਵੈਦ ਜੀ ਅਦੁਤੀ ਸਾਕੇ ਵਿਚ ਲਿਖਦੇ ਹਨ:-

> "ਦਲ ਨੂੰ ਵੇਖ ਕੇ ਪੁਜਾਰੀ ਸਿੰਘ ਡਾਢੇ ਰੋਹ ਵਿਚ ਭਰ ਗਏ,
> ਤੇ... ਜੀ ਨਿੱਕੇ ਵੱਡੇ ਸਭ ਗੁਪਤ ਪ੍ਰਗਟ ਟਕੂਏ,
> ਕੁਹਾੜੀਆਂ ...ਆਂ, ਤੀਰ ਆਦਿ ਲੈ ਕੇ ਸ੍ਰੀ ਦਰਬਾਰ ਸਾਹਿਬ ਜੀ
> ਦੇ ਅੰਦਰ ਬੈਠ ਗਏ।"

ਭਾਈ ਸਾਹਿਬ ਜੀ ਦਾ ਦਰਦੀ ਦਿਲ ਤੇ ਦੂਰ ਦਰਸੀ ਦਿਮਾਗ ਹੋਣਹਾਰ ਘਟਨਾ ਨੂੰ ਅਨੁਭਵ ਕਰਕੇ ਦੁਖੀ ਹੋ ਰਹੇ ਸਨ। ਆਪ ਜੱਥੇ ਦੇ ਔਣ ਸਮੇ

---

*'ਅਦੁਤੀ ਸਾਕਾ' ਕ੍ਰਿਤ ਭਾਈ ਮੋਹਨ ਸਿੰਘ ਜੀ ਵੈਦ।



Digitized by Panjab Digital Library | www.panjabdigilib.org

ਤੋਂ ਹੀ ਮਿਲ ਬੈਠਣ ਦੀ ਕੋਈ ਸਬੀਲ ਕੱਢਣ ਦੇ ਆਹਰ ਵਿੱਚ ਸਨ। ਉਹ ਆਪਣੇ ਸ਼ਹਿਰ ਨੂੰ ਹੋਣਹਾਰ ਕਲੰਕ ਤੋਂ ਬਚਾਉਣਾ ਚਾਹੁੰਦੇ ਸਨ। ਅਕਾਲੀ ਦਲ ਵਾਲੇ ਆਪਦੀ ਸੁਚੱਜਤਾ ਤੇ ਸਿਆਣਪ ਨੂੰ ਜਾਣਦੇ ਸਨ। ਉਹ ਹਰ ਤਰ੍ਹਾਂ ਆਪਦੀ ਸਲਾਹ ਮੰਨਦੇ ਸਨ ਪਰ ਦੁਰਭਾਗ਼ਜ਼ ਵਸ ਦੂਸਰੇ ਪਾਸੇ ਵਾਲੇ ਆਪਣੀ ਮੂਰਖਤਾ ਦੇ ਵਸ ਪਸ਼ੂ ਬਲ ਉੱਤੇ ਤੁਲੇ ਹੋਏ ਸਨ। ਭਾਵੇਂ ਆਪ ਆਪਣੇ ਮਿੱਤਰਾਂ ਨਾਲ ਸਾਰਾ ਹੀ ਦਿਨ ਸਮਝੌਤੇ ਲਈ ਦੌੜਦੇ ਫਿਰਦੇ ਰਹੇ ਪਰ ਸਫਲਤਾ ਨਾ ਹੋਈ। ਤੇ ਰਾਤ ਦੇ ੯ ਕੁ ਬਜੇ ਦੇ ਕਰੀਬ ਸ਼ਰਾਬੀ ਪੁਜਾਰੀ ਟੋਲਾ ਸ਼ਾਂਤ ਮਈ ਅਕਾਲੀ ਜਥੇ ਤੇ ਟੁੱਟ ਪਿਆ। ਗੁਰੂ ਅਰਜਨ ਦੇਵ ਦਾ ਸ਼ਹੀਦੀ ਦਰਬਾਰ ਸ਼ਹੀਦੀ ਖ਼ੂਨ ਨਾਲ ਲਾਲੋ ਲਾਲ ਹੋ ਗਿਆ। ਭਾਈ ਸਾਹਿਬ ਜੀ ੨੬ ਜਨਵਰੀ ਦੀ ਡਾਇਰੀ ਵਿਚ 'ਅਕਾਲੀ ਦਲ ਦੀ ਕੁਰਬਾਨੀ' ਦੀ ਸੁਰਖੀ ਹੇਠ ਲਿਖਦੇ ਹਨ—

> "ਅੰਮ੍ਰਿਤ ਵੇਲੇ ਤੋਂ ਅਕਾਲੀ ਦਲ ਗ੍ਰੰਥੀਆਂ ਪੁਜਾਰੀਆਂ ਸ੍ਰੀ ਦਰਬਾਰ ਸਾਹਿਬ ਜੀ ਦੀ ਸੋਧ ਵਾਸਤੇ ਆਇਆ। ਸਾਰਾ ਸਮਾਂ ਲਗ ਭਗ ਸ੍ਰੀ ਦਰਬਾਰ ਸਾਹਿਬ ਜੀ ਹੀ ਲੱਗਾ। ਸਾਰੇ ਹਾਲ ਨੋਟ ਕੀਤੇ। ਪੁਜਾਰੀਆਂ ਗ੍ਰੰਥੀਆਂ ਛਵ੍ਹੀਆਂ ਮਾਰਕੇ ਆਪਣੀਆਂ ਜੜ੍ਹਾਂ ਵੱਢੀਆਂ ਤੇ ਗੋਲੇ ਮਾਰ ਕੇ ਸਾੜੀਆਂ, ਸਤਿਗੁਰੂ ਦਾ ਭਾਣਾ।"

ਚਾਹੁੰਦੇ ਤਾਂ ਜੱਥੇ ਦੇ ਦਸ ਸਿੰਘ ਹੀ ਸ਼ੇਰਾਂ ਵਾਂਗ ਇਨ੍ਹਾਂ ਗ੍ਰੰਥੀ ਪੁਜਾਰੀ ਭੇਡਾਂ ਦੇ ਇੱਜੜ ਨੂੰ ਅੱਗੇ ਲਾ ਸਕਦੇ ਤੇ ਮਾਂ ਦਾ ਦੁੱਧ ਯਾਦ ਕਰਾ ਸਕਦੇ ਸਨ, ਪਰ ਉਹ ਤਾਂ ਆਏ ਹੀ ਧਰਮ ਅਰਬ [illegible] ਜਾਨ ਹੋਣ ਸਨ। ਉਹ ਕਹਿ ਰਹੇ ਸਨ "ਮਰਨਾ ਹੈ, ਮਾਰਨਾ ਨਹੀਂ। [illegible] ਹੈ, ਭਰਾਵਾਂ ਤੇ ਵਾਰ ਨਹੀਂ ਕਰਨਾ" ਸੱਚ ਮੁੱਚ ਹੀ ਇਨ੍ਹਾਂ ਗ੍ਰੰਥਾ ਪੁਜਾਰੀਆਂ ਨੇ ਆਪਣੀਆਂ ਜੜ੍ਹਾਂ ਆਪ ਵੱਢੀਆਂ। ਕੁਰਬਾਨੀ ਦਾ ਫਲ ਤੁਰਤ ਪ੍ਰਗਟ ਹੋਇਆ।

੨੭-੧-੧੯੨੧ ਨੂੰ ਓਧਰੋਂ ਸਰਦਾਰ ਹਜ਼ਾਰਾ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ ਗਏ। ਏਧਰੋਂ ਦਰਬਾਰ ਸਾਹਿਬ ਉੱਤੇ ਪੰਥ ਦਾ



Digitized by Panjab Digital Library | www.panjabdigilib.org

ਕਬਜ਼ਾ ਹੋ ਗਿਆ। ਇਨ੍ਹਾਂ ਨਿਜ ਦੀ ਮਲਕੀਅਤ ਆਖਣ ਵਾਲਿਆਂ ਨੂੰ ਪ੍ਰਕਰਮਾਂ ਵਿਚ ਭੀ ਦਾਖਲ ਹੋਣ ਦੀ ਮਨਾਹੀ ਹੋ ਗਈ।

ਸਾਰੀ ਰਾਤ ਪੁਲਿਸ ਦੀ ਦੌੜ ਭੱਜ, ਫਟੜਾਂ ਦੀ ਸੰਭਾਲ ਆਦਿ ਵਿਚ ਕਿਸੇ ਸੇਵਕ ਨੂੰ ਚੈਨ ਨਾ ਆਈ। ਵੈਦ ਜੀ ਅਟੁੱਟ ਸੇਵਾ ਵਿਚ ਲੱਗੇ ਰਹੇ। ਕਦੇ ਅਫਸਰਾਂ ਵਲ ਭੱਜ, ਕਦੇ ਫੱਟੜਾਂ ਦੀ ਸੰਭਾਲ, ਕਦੇ ਕਿਧਰੇ ਤੇ ਕਦੇ ਕਿਧਰੇ। ਆਪ ਦਾ ੨੭ ਜਨਵਰੀ ਦਾ ਡਾਇਰੀ ਨੋਟ ਹੈ:–

"ਅਜ ਦਾ ਭੀ ਸਾਰਾ ਸਮਾ ਸ੍ਰੀ ਦਰਬਾਰ ਸਾਹਿਬ ਜੀ ਦੀਵਾਨ, ਅਫਸਰਾਂ ਦੇ ਯੋਗ ਪ੍ਰਬੰਧ ਵਾਸਤੇ ਲਗਾ। ਸੰਗਤਾਂ ਦੇ ਬੇ ਅੰਤ ਵਹੀਰ ਔਂਦੇ ਜਾਂਦੇ ਰਹੇ। ਸਾਰੇ ਹਾਲ ਅੱਡ ਨੋਟ ਕੀਤੇ। ਕਲ ਦਾ ਫੱਟੜ ਹੋਇਆ ਭਾਈ ਹਜ਼ਾਰਾ ਸਿੰਘ* ਚਲਾਣਾ ਕਰ ਗਿਆ।"

੨੮ ਜਨਵਰੀ ਨੂੰ ਸ਼ਹੀਦ ਦਾ ਸਸਕਾਰ ਕੀਤਾ ਗਿਆ। ਵੈਦ ਜੀ ਲਿਖਦੇ ਹਨ:–

"ਬਹੁਤ ਸਮਾ ਦੀਵਾਨ ਤੇ ਸੰਗਤ ਵਿੱਚ ਲੱਗਾ। ਦੁਪਹਿਰ ਤੋਂ ਸ਼ਾਮ ਤਕ ਸ਼ਹੀਦ ਹਜ਼ਾਰਾ ਸਿੰਘ ਦੇ ਸਸਕਾਰ ਨਾਲ ਰਿਹਾ। ਸਾਰੇ ਹਾਲਾਤ ਨੋਟ ਕੀਤੇ।" (੨੮--੧--੨੧ ਦੀ ਡਾਇਰੀ)

੪ ਫਰਵਰੀ ਨੂੰ ਇਕ ਹੋਰ ਫੱਟੜ ਸਿੰਘ ਭਾਈ ਹੁਕਮ ਸਿੰਘ ਜੀ ਵਸਾਊ ਕੋਟੀਏ ਸ਼ਹੀਦੀ ਪ੍ਰਾਪਤ ਕਰ ਗਏ। ਆਪ ਜੀ ਦਾ ਸਸਕਾਰ ਭੀ ਸ਼ਹੀਦ ਭਾਈ ਹ[illegible]ਰਾ ਸਿੰਘ ਦੇ ਪਾਸ ਹੀ ਗੁਰੂ ਕੇ ਖੂਹ ਤੇ ਕੀਤਾ ਗਿਆ।

ਦੌ[illegible]ਨ ਵਿਚ ਹੀ ਵੈਦ ਜੀ ਨੇ ਤਰਨ ਤਾਰਨ ਦੀ ਇਸ ਘਟਨਾ ਦੇ ਸਾਰ[illegible]ਚੇ ਸੱਚੇ ਹਾਲ ਕਲਮ ਹੇਠ ਲਿਆ ਕੇ ਪੁਸਤਕਾਕਾਰ ਵਿਚ ਲੈ ਆਂਦੇ, ਅਤੇ ਸਾਰੇ ਹਾਜ਼ਰ ਤੇ ਜਾਣੂ ਜ਼ਿਮੇਵਾਰ ਸਿਆਣੇ ਸੱਜਣਾਂ ਨੂੰ ਸੁਣਾ ਵਿਖਾ ਕੇ ਤਸਦੀਕ ਕਰਾ ਲਈ, ਜਿਸ ਦਾ ਜ਼ਿਕਰ ਆਪ ਖੁਦ

---

*ਭਾਈ ਹਜ਼ਾਰਾ ਸਿੰਘ ਜੀ ਦਾ ਪਿੰਡ ਅਲਦੀਨ ਪੁਰ ਜ਼ਿਲਾ ਅੰਮ੍ਰਿਤਸਰ ਹੈ। ਆਪ ਗੁਰਦੁਆਰਾ ਲਹਿਰ ਦੇ ਪਹਿਲੇ ਸ਼ਹੀਦ ਹਨ।



Digitized by Panjab Digital Library | www.panjabdigilib.org

੧ ਫਰਵਰੀ ੧੯੨੧ ਦੀ ਡਾਇਰੀ ਵਿਚ ਇਸਤਰ੍ਹਾਂ ਕਰਦੇ ਹਨ:–

"ਸ੍ਰੀ ਤਰਨ ਤਾਰਨ ਦਰਬਾਰ ਸਾਹਿਬ ਜੀ ਸੰਬੰਧੀ ਸਮਾਚਾਰ ੨੬--੧ ੧੯੨੧ ਤੋਂ ੩੧--੧--੨੧ ਤਕ ਦੇ ਮੁਕੱਮਲ ਕੀਤੇ, ਅਤੇ ਸਾਰੇ ਜ਼ਿਮੇਵਾਰ ਸੱਜਣਾਂ ਨੂੰ ਅੱਡ ਅੱਡ ਸੁਣਾ ਕੇ ਪ੍ਰਵਾਨ ਕਰਵਾਏ।"

ਇਨ੍ਹਾਂ ਸਾਰੇ ਹਾਲਾਂ ਨੂੰ ਵੈਦ ਜੀ ਨੇ 'ਅਦੁਤੀ ਸਾਕਾ' ਦੇ ਨਾਮ ਹੇਠਾਂ ਇਕ ਪੁਸਤਕ ਰੂਪ ਵਿਚ ਛਪਵਾ ਦਿਤਾ। ਇਸ ਵਿਚ ਸਾਕੇ ਦੇ ਤਮਾਮ ਹਾਲ ਹੂ ਬਹੂ ਨਿਰਪੱਖਤਾ ਨਾਲ ਦਰਜ ਹਨ। ਇਸ ਨੂੰ ਪੜ੍ਹ ਕੇ ਜਿੱਥੇ ਇਸ ਸਾਕੇ ਸੰਬੰਧੀ ਸਾਰੇ ਹਾਲਾਂ ਦਾ ਪਤਾ ਲੱਗਦਾ ਹੈ। ਓਥੇ ਨਾਲ ਹੀ ਵੈਦ ਜੀ ਦੀ ਦਿਲੀ ਤੜਪ, ਪੰਥ ਕੌਮ ਤੇ ਦੇਸ਼ ਸੇਵਾ ਦੇ ਖਿਆਲ ਦਾ ਭੀ ਪਤਾ ਲੱਗਦਾ ਹੈ। ਆਪ ਦੀ ਕਲਮ ਦਾ ਜ਼ੋਰ,ਸਿਆਣਪ, ਨੀਤੱਗਜਤਾ, ਨਿਡਰਤਾ, ਨਿਧੜਕਤਾ ਤੇ ਕੁਰਬਾਨੀ ਕਰਨ ਦੇ ਮਾਦੇ ਦੀ ਸੁਖਾਲੀ ਹੀ ਸੂਝ ਪੈ ਸਕਦੀ ਹੈ। ਵੈਦ ਜੀ ਨੂੰ ਨਰਮ ਖਿਆਲੀਆ ਸਮਝਣ ਵਾਲਿਆਂ ਨੂੰ ਜ਼ਰੂਰ ਇਹ ਪੁਸਤਕ 'ਅਦੁਤੀ ਸਾਕਾ' ਪੜ੍ਹਨੀ ਚਾਹੀਦੀ ਹੈ।

੧੪ ਫਰਵਰੀ ਨੂੰ ਅਕਾਲੀ ਦਲ ਨੇ ਸ੍ਰੀ ਤਰਨ ਤਾਰਨ ਦੇ ਪਾਸ ਹੀ ਨੌਰੰਗਾ ਬਾਦ ਗੁਰਦੁਆਰੇ ਦਾ ਸੁਧਾਰ ਕੀਤਾ। ਅਕਾਲੀ ਦਲ ਨੇ ਨੌਰੰਗਾ ਬਾਦ ਤੁਰਨ ਤੋਂ ਪਹਿਲਾਂ ਹੀ ਆਪ ਦੀ ਸੇਵਾ ਪ੍ਰਾਪਤ ਕਰਨ ਲਈ ਹੁਕਮ ਭੇਜਿਆ ਕਿ ਆਪ ਦਾ ਨਾਲ ਜਾਣਾ ਜ਼ਰੂਰੀ ਹੈ। ਆਪ ਨਾਲ ਗਏ ਤੇ ਸੁਖ ਸੁਖਾਂ ਨਾਲ ਮਾਮਲਾ ਨਜਿੱਠਿਆ ਗਿਆ। ੧੪–੨–੨੧ ਦੀ ਡਾਇਰੀ ਵਿਚ ਦਰਜ ਹੈ:–

"ਸਵੇਰੇ ਨੌਰੰਗਾ ਬਾਦ ਗੁਰਦੁਆਰੇ ਅਕਾਲੀ ਦ[illegible]ਨੇ ਤੇ ਸੱਦਾ ਆਯਾ। ਸਾਰਾ ਦਿਨ ਓਥੇ ਲੱਗਾ, ਪਰ ਸ਼ੁਕਰ ਹੈ ਕਿ ਸ਼ਾਮ ਤਕ ਫੈਸਲਾ ਸੁਖ ਸੁਖਾਂ ਨਾਲ ਹੋ ਗਿਆ। ਲਿਖਤ ਪੜ੍ਹਤ ਹੋ ਗਈ। ਦਲ ਵਾਲੇ ਲਿਖਤ ਲੈ ਵਾਪਸ ਆਏ।"

ਇਸੇ ਤਰ੍ਹਾਂ ੧੮ ਫਰਵਰੀ ੧੯੨੧ ਨੂੰ ਆਪ ਗੁਰਦੁਆਰਾ ਸ੍ਰੀ ਖਡੂਰ ਸਾਹਿਬ ਗਏ। ਓਥੇ ਭੀ ਰਾਹ ਬਾਰੇ ਝਗੜਾ ਸੀ। ਉਸ ਦਾ ਫੈਸਲਾ



Digitized by Panjab Digital Library | www.panjabdigilib.org

ਕਰਵਾਇਆ ਤੇ ਸ਼ਾਮ ਨੂੰ ਵਾਪਸ ਤਰਨ ਤਾਰਨ ਆਏ ।

੫ ਫਰਵਰੀ ਨੂੰ ਮਿਉਂਸੀਪਲ ਕਮੇਟੀ ਤਰਨ ਤਾਰਨ ਦਾ ਜਨਰਲ ਇਜਲਾਸ ਹੋਇਆ ਜਿਸ ਵਿਚ ਆਪ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਵਿਚ ਲੈਂਪ ਲਗੌਣ ਦੀ ਤਜਵੀਜ਼ ਪੇਸ਼ ਕੀਤੀ ।

ਆਪ ਦੀਆਂ ਕੌਮ ਤੇ ਦੇਸ਼ ਹਿਤ ਸੇਵਾ ਤੇ ਸੁਲਹ ਕੁੱਲ ਦੇ ਖਿਆਲਾਂ ਤੋਂ 'ਪਾੜੋ ਤੇ ਰਾਜ ਕਰੋ' ਦੇ ਖਿਆਲਾਂ ਵਾਲੇ ਅਫਸਰ, ਭਲਾ ਚੁਪ ਕਿਵੇਂ ਰਹਿ ਸਕਦੇ ਸਨ ? ਉਨ੍ਹੀ ਭੀ ਆਪਣੇ ਤਰ੍ਹਾਂ ਤਰ੍ਹਾਂ ਦੇ ਅਯੋਗ ਹੁਕਮਾਂ ਦੇ ਦੁਖਾਊ ਸ਼ਸਤ੍ਰ ਸੰਭਾਲੇ । ੧੬ ਫਰਵਰੀ ਨੂੰ ਆਬਕਾਰੀ ਦੇ ਇੰਨਸਪੈਕਟਰ ਤੇ ਸਬ ਇੰਨਸਪੈਕਟਰ ਦੁਕਾਨ ਵਿੱਚ ਜ਼ਹਿਰਾਂ ਦੇ ਰਜਿਸਟਰ ਦੇਖਣ ਆਏ ।

ਵੈਦ ਜੀ ਦਾ ਸਾਰਾ ਹਿਸਾਬ ਗੁਰਮੁਖੀ ਵਿਚ ਆਦ ਤੋਂ ਹੀ ਹੈ । ਹਾਕਮਾਂ ਨੇ ਹੁਕਮ ਦਿੱਤਾ:—

"ਰਜਿਸਟਰ ਉਰਦੂ ਜਾਂ ਅੰਗ੍ਰੇਜ਼ੀ ਵਿੱਚ ਰੱਖੋ, ਨਹੀਂ ਤਾਂ ਲਾਇਸੰਸ ਕੈਂਸਲ ਕੀਤਾ ਜਾਊ ।"

ਕੋਈ ਪੁਛੇ ਭਲਾ ਇਹ ਕਿਸ ਕਾਨੂੰਨ ਵਿੱਚ ਦਰਜ ਹੈ, ਕਿ ਰਜਿਸਟਰ ਉਰਦੂ ਜਾਂ ਅੰਗ੍ਰੇਜ਼ੀ ਵਿੱਚ ਰੱਖੇ ਜਾਣ ? ਪਰ ਵੈਦ ਜੀ ਭੀ ਕੋਈ ਕਚੀਆਂ ਗੋਲੀਆਂ ਤਾਂ ਖੇਲੇ ਹੋਏ ਨਾ ਸਨ, ਅੱਗੋਂ ਉਤ੍ਰ ਦਿੱਤਾ:—

"ਮੇਰੀ ਸਾਰੀ ਕਾਰਰਵਾਈ ਗੁਰਮੁਖੀ ਵਿੱਚ ਹੀ ਹੁੰਦੀ ਹੈ, ਉਰਦੂ ਵਿੱਚ ਨਹੀਂ ਰੱਖ ਸਕਦਾ ।"

[illegible] ਤੇ ਸਬ ਇੰਨਸਪੈਕਟਰ ਸਾਹਿਬ ਉੱਤ੍ਰ ਸੁਣਕੇ ਲਾਲੋ ਲਾਲ ਹੋ ਗਏ । [illegible]ਕਰ ਕੀ ਸਕਦੇ ਸਨ ? ਆਖਰ ਲਾਇਸੰਸ ਦਾ ਨੰਬਰ ਲੈਕੇ ਚਲੇ ਗਏ ।

## *ਨਨਕਾਣਾ ਸਾਹਿਬ*

੨੦ ਫਰਵਰੀ ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਭਿਆਨਕ ਸਾਕਾ ਹੋਇਆ । ਜਿਸ ਵਿੱਚ ਮਹੰਤ ਨਰੈਣ ਦਾਸ ਨੇ ਆਪਣੇ ਬਹੁਤ



Digitized by Panjab Digital Library | www.panjabdigilib.org

ਸਾਰ ਆਦਮੀਆਂ ਨਾਲ ਸੈਂਕੜੇ ਨਿਰਦੋਸ਼ ਤੇ ਬੇ-ਖਬਰ ਸਿੰਘਾਂ ਨੂੰ ਭਿਆਨਕ ਤਰੀਕਿਆਂ ਨਾਲ ਕਤਲ ਕਰਕੇ ਸਾੜ ਦਿੱਤਾ। ਸਵੇਰ ਤੋਂ ਸ਼ਾਮ ਤੱਕ ਸਾਰਾ ਦਿਨ ਕਤਲਾਮ ਜਾਰੀ ਰਹੀ। ਪੰਜਾਬ ਵਿੱਚ ਤੇ ਬਾਹਰ ਇਸ ਭਿਆਨਕ ਖਬਰ ਦੇ ਪੁੱਜਦਿਆਂ ਹੀ ਦੁੱਖਾਂ ਕਸ਼ਟਾਂ ਹਮਦਰਦੀ ਤੇ ਪਿਆਰ ਦੇ ਤੂਫਾਨ ਪੈਦਾ ਹੋ ਗਏ। ਅੰਗ੍ਰੇਜ਼ੀ ਰਾਜ ਵਿੱਚ ਸਿੱਖਾਂ ਨੇ ਨਾਦਰਸ਼ਾਹੀ ਕਤਲਾਮ ਦਾ ਨਮੂਨਾ ਦੇਖ ਲਿਆ। ਅੱਠ ਦਸ ਘੰਟੇ ਤੱਕ ਮਹੰਤ ਨਰੈਣ ਦਾਸ ਨੇ ਪੂਰੀ ਸੁਤੰਤ੍ਰਤਾ ਨਾਲ ਇਸ ਖ਼ੂਨੀ ਕਾਂਡ ਨੂੰ ਕੀਤਾ। ਆਖਦੇ ਹਨ ਤੇ ਸਾਫ ਦਿੱਸਦਾ ਹੈ ਕਿ ਇਸ ਵਿੱਚ ਦੋਸਤਾਂ ਦੁਸ਼ਮਨਾਂ ਦਾ ਪੂਰਾ ਪੂਰਾ ਹੱਥ ਸੀ। ਵਾਹਵਾ! ਜੋ ਗੁਰੂ ਨੂੰ ਭਾਵੇ।

ਤਰਨ ਤਾਰਨ ਭੀ ਖਬਰਾਂ ਪੁੱਜੀਆਂ ਖਾਲਸਾ ਜੀ ਦਾ ਖ਼ੂਨ ਉਬਲ ਆਇਆ। ਤ੍ਰਾਹ! ਤ੍ਰਾਹ! ਚੁਫੇਰੇ ਮੱਚ ਗਈ। ਵੈਦ ਜੀ ਦੇ ਹਿਰਦੇ ਉੱਤੇ ਕੀ ਅਸਰ ਹੋਇਆ ਤੇ ਉਨ੍ਹਾਂ ਨੇ ਕੀ ਕੁਝ ਕੀਤਾ ਇਹ ਅਸੀਂ ਉਨ੍ਹਾਂ ਦੀ ਆਪਣੀ ਜ਼ਬਾਨੀ ਹੀ ਦੱਸ ਦੇ ਹਾਂ।

ਵੈਦ ਜੀ ਆਪਣੀ ਡਾਇਰੀ ਵਿਚ ਲਿਖਦੇ ਹਨ:—

"ਸ਼ੋਕ!!! ਸ੍ਰੀ ਨਨਕਾਣੇ ਸਾਹਿਬ ਜੀ ਭਯਾਨਕ ਸਾਕਾ"

ਦੀ ਸੁਰਖੀ ਹੇਠ ਇਸ ਤਰ੍ਹਾਂ ਲਿਖਦੇ ਹਨ:—

"ਦੁਪਹਿਰ ਤੋਂ ਸ੍ਰੀ ਨਨਕਾਣਾ ਸਾਹਿਬ ਜੀ ਦੇ ਭਯਾਨਕ ਸਾਕੇ ਦੀਆਂ ਖਬਰਾਂ ਔਣੀਆਂ ਸ਼ੁਰੂ ਹੋਈਆਂ। ਪੜ ਸੁਣਕੇ ਬੜਾ ਹੀ ਸ਼ੋਕ ਹੋਯਾ। ਏਥੋਂ (ਤਰਨ ਤਾਰਨ ਤੋਂ) ੨੦੦ ਦਾ ਜਥਾ ਪੈਦਲ ਰਵਾਨਾ" ੨੦-੨-੨੧

"ਸਵੇਰੇ ਤਰਨ ਤਾਰਨ ਤੋਂ ਅੰਮ੍ਰਿਤਸਰ ਜੀ—ਟ. ... ਸਾਹਿਬ ਦੇ ਭਯਾਨਕ ਹਾਲ ਸੁਣ ਕਲਕੱਤਾ ਮੇਲ ਵਿਚ ਲਾਹੌਰ ਪਹੁੰਚ... ਥਾਂ ਪਰ ਥਾਂ ਪਤਾ ਕਰਕੇ ਯਤਨ ਕੀਤਾ ਪਰ ਸ੍ਰੀਨਨਕਾਣੇ ਪਹੁੰਚਨ ਦਾ ਕੋਈ ਸਾਧਨ ਨਾ ਹੋਵਣ ਤੇ ਨਿਰਾਸ ਹੋਕੇ ਰਾਤ ਵਾਪਸ ਤਰਨ ਤਾਰਨ ਪਹੁੰਚੇ।" ੨੧-੨-੨੧

"ਸਾਰਾ ਦਿਨ ਉਦਾਸੀ ਵਿਚ ਰਿਹਾ। ਭਯਾਨਕ ਹਾਲ ਸ੍ਰੀ ਨਨਕਾਣਾ ਸਾਹਿਬ ਜੀ ਦੇ ਸੁਣਕੇ ਜਿਗਰ ਫਟਦਾ ਰਿਹਾ। ਰਾਤ ਦੀ ਗੱਡੀ ਸ੍ਰੀ ਨਨਕਾਣਾ ਸਾਹਿਬ ਜੀ ਵਾਸਤੇ ਅੰਮ੍ਰਿਤਸਰ ਜਾ ਰਹੇ।" ੨੨-੨-੨੧



Digitized by Panjab Digital Library | www.panjabdigilib.org

"ਅੰਮ੍ਰਿਤਸਰ ਤੋਂ ਅਮ੍ਰਿਤ ਵੇਲੇ ਦੀ ਗੱਡੀ ਤੁਰਕੇ ਲਾਹੌਰ ਗੱਡੀ ਬਦਲ ਨਨਕਾਣਾ ਸਾਹਿਬ ਪਹੁੰਚ ਸਾਰਾ ਹਾਲ ਚਾਲ ਦੇਖ ਸੁਣਕੇ ਸ਼ਹੀਦਾਂ ਦੇ ਦਰ-ਸ਼ਨ ਕਰ ਦਿਲ ਨੂੰ ਡਾਢੀ ਸੱਟ ਵੱਜੀ। ਏਡਾ ਬਿਖਮ ਭਾਣਾ! ਸਾਰੇ ਨੋਟ ਪੁਸਤਕ ਵਾਸਤੇ ਕੀਤੇ।ਸਸਕਾਰ ਵੇਖ ਰਾਤ ਸਟੇਸ਼ਨ ਤੇ ਜਾ ਰਹੇ।"੨੩-੨-੨੧

"ਸ੍ਰੀ ਨਨਕਾਣਾ ਸਾਹਿਬ ਜੀ ਸਭ ਹਾਲ ਸੁਣ ਵੇਖ ਪੁਸਤਕ ਵਾਸਤੇ ਨੋਟ ਕੀਤੇ। ੩ ਬਜੇ ਸਪੈਸ਼ਲ (ਟਰੇਨ) ਵਿਚ ਤੁਰਕੇ ਰਾਤ ਅੰਮ੍ਰਿਤਸਰ ਜੀ ਆ ਰਹੇ।" ੨੪-੨-੨੧

"ਸਵੇਰੇ ਸ੍ਰੀ ਤਰਨ ਤਾਰਨ ਜੀ ਪਹਿਲੀ ਗੱਡੀ ਪਹੁੰਚੇ। ਸਾਰੇ ਹਾਲ ਪੁਸਤਕ ਦੀ ਸ਼ਕਲ ਵਿਚ ਲਿਖਣੇ ਅਰੰਭ ਕੀਤੇ। ਤ੍ਰਿਲੋਕ ਸਿੰਘ ਰਾਤ ਦੀ ਗੱਡੀ ਸ੍ਰੀ ਨਨਕਾਣਾ ਸਾਹਿਬ ਤੁਰਿਆ।" ੨੫-੨-੨੧

"*'ਭਯਾਨਕ ਸਾਕਾ' ਦੇ ਹਾਲਾਤ ਮੁਕੱਮਲ ਲਿਖੇ ਗਏ।" ੨੭-੨-੨੧

"ਅੰਮ੍ਰਿਤਸਰ 'ਭਯਾਨਕ ਸਾਕਾ' ਵਜ਼ੀਰ ਹਿੰਦ ਪ੍ਰੈਸ ਵਿਚ ਛਪਣਾ ਦੇਣ ਗਿਆ। ਦੇਕੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਕੁਝ ਸੁਣਾਕੇ ਵਾਪਸ ਆ ਗਿਆ।" ੨੮-੨-੨੧

ਉਪ੍ਰੋਕਤ ਸਤਰਾਂ ਵੈਦ ਜੀ ਦੀ ਡਾਇਰੀ ਦੇ ਅੱਖਰ ਅੱਖਰ ਹੂ ਬਹੂ ਦਰਜ ਹਨ। ਇਨ੍ਹਾਂ ਨੂੰ ਪੜ੍ਹਕੇ ਆਪਦੇ ਹਿਰਦੇ ਦਾ ਅਸਲ ਫੋਟੋ ਦਿਸੇ ਬਿਨਾ ਨਹੀਂ ਰਹਿ ਸਕਦਾ। ਇਹ ਪੜ੍ਹਕੇ ਪਾਠਕਾਂ ਨੂੰ ਦੱਸਣ ਦੀ ਲੋੜ ਨਹੀਂ ਰਹਿੰਦੀ ਕਿ ਆਪ ਦੇ ਹਿਰਦੇ ਵਿਚ ਪੰਥ ਲਈ ਕਿੰਨਾ ਪ੍ਰੇਮ, ਕਿੰਨਾ ਦਰਦ, ਕਿੰਨਾ ਉਤਸ਼ਾਹ, ਕਿੰਨਾ ਸੇਵਾ ਦਾ ਚਾਉ ਤੇ ਕਿੰਨੀ ਉੱਨਤੀ ਦੀ ਲਗਨ ਸੀ?

ਦੇਖੋ [illegible] ਗੱਲ ਇਹ ਭੀ ਹੈ ਕਿ ਅਜੇਹੇ ਸਮਿਆਂ ਤੇ ਕਿਸ

---

*'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦੀ ਪੁਸਤਕ ਨੰ: ੧੩੪ 'ਭਯਾਨਕ ਸਾਕਾ' ਹੈ ਜਿਸ ਵਿਚ ਭਾਈ ਸਾਹਿਬ ਜੀ ਨੇ ਸ੍ਰੀ ਨਨਕਾਣਾ ਸਾਹਿਬ ਜੀ ਦੇ ਕਤਲ ਆਮ ਦੇ ਅਖੀਂ ਵੇਖੇ, ਉਸ ਥਾਂ, ਉਸ ਵੇਲੇ ਸੁਣੇ ਆਦਿ ਹੂ ਬਹੂ ਜੋ ਉਸੇ ਵੇਲੇ ਲਿਖੇ ਸਨ, ਦਰਜ ਹਨ। ਪੁਸਤਕ ਪੜ੍ਹਕੇ ਉਹ ਖ਼ੂਨੀ ਕਾਂਡ ਅਖਾਂ ਅਗੇ ਆ ਖੜੋਂਦਾ ਹੈ। ਡਾਢੀ ਹੀ ਦਰਦ ਭਰੀ ਇਤਿਹਾਸਕ ਪੁਸਤਕ ਪੜ੍ਹਨ ਯੋਗ ਹੈ।



Digitized by Panjab Digital Library | www.panjabdigilib.org

ਤਰ੍ਹਾਂ ਆਪ ਜਲਦੀ ਤੋਂ ਜਲਦੀ ਪੁੱਜ ਕੇ ਸਾਰੇ ਸਹੀ ੨ ਹਾਲ ਇਕੱਤ੍ਰ ਕਰਦੇ, ਤੇ ਛੇਤੀ ਤੋਂ ਛੇਤੀ ਪ੍ਰਕਾਸ਼ਤ ਕਰ ਕੇ ਪੰਥ ਅੱਗੇ ਰੱਖਣਾ ਚਾਹੁੰਦੇ ਸਨ। ਤਾਂ ਕੇ ਗੁਰੂ ਪੰਥ ਨੂੰ ਕੋਈ ਭੁਲੇਖਾ ਜਾਂ ਅਨਜਾਣ ਪਨ ਨਾ ਰਹਿ ਜਾਵੇ। ਪੰਥ ਵਿਚ ਵੱਡੇ ਵੱਡੇ ਸੰਤ ਮਹੰਤ ਧੁਰੰਧਰ ਸਿਰਮੌਰ ਲਿਖਾਰੀ ਤੇ ਕਵੀ ਸਨ, ਪਰ ਕਿਸੇ ਨੇ ਭੀ ਐਨੀ ਜਲਦੀ ਏਸ ਸੇਵਾ ਨੂੰ ਨਿਭਾਉਣ ਦਾ ਹੀਯਾ ਨਾ ਕੀਤਾ। ਅਜੇਹੇ ਸਮਿਆਂ ਤੇ ਤੁਰਤ ਫੁਰਤ ਅਸਲੀ ਹਾਲ ਪਬਲਿਕ ਦੇ ਪੇਸ਼ ਕਰਨੇ ਕੌਮ, ਦੇਸ਼ ਦੀ ਬੜੀ ਭਾਰੀ ਸੇਵਾ ਹੈ। ਹੁਣ ਅੱਗੇ ਸੁਣੋ।

ਜਦ ੨੮ ਫਰਵਰੀ ਨੂੰ ਆਪ 'ਭਯਾਨਕ ਸਾਕਾ' ਛਪਣ ਲਈ 'ਵਜ਼ੀਰ ਹਿੰਦ ਪ੍ਰੈਸ' ਸ੍ਰੀ ਅੰਮ੍ਰਿਤਸਰ ਜੀ ਵਿਚ ਦੇ ਆਏ, ਤੇ ਨਾਲ ਹੀ ਭਾਈ ਵੀਰ ਸਿੰਘ ਜੀ ਨੂੰ ਭੀ ਨਮੂਨੇ ਮਾਤ੍ਰ ਸੁਣਾ ਆਏ, ਤੇ ਜਲਦੀ ਤੋਂ ਜਲਦੀ ਹਰ ਮੁਮਕਨ ਸ਼ੀਘ੍ਰਤਾ ਨਾਲ ਛਾਪਣ ਵਾਸਤੇ ਆਖ ਆਏ ਤਾਂ ਆਪ ਨੂੰ ਯਕੀਨ ਸੀ ਕਿ ਦੂਜੇ ਤੀਜੇ ਦਿਨ ਜ਼ਰੂਰ ਛਪ ਕੇ ਪੁੱਜ ਜਾਵੇਗਾ, ਪਰ ੩ ਮਾਰਚ ੧੯੨੧ ਨੂੰ ਪੁਸਤਕ ਦੀ ਜਗਾ ਵਜ਼ੀਰ ਹਿੰਦ ਪ੍ਰੈਸ ਦਾ ਇਕ ਆਦਮੀ ਭਾਈ ਵੀਰ ਸਿੰਘ ਜੀ ਵਲੋਂ ਸੱਦਾ ਲੈ ਕੇ ਆਇਆ। ਵੈਦ ਜੀ ਦਾ ਮੱਥਾ ਠਣਕਿਆ। ਉਸੇ ਵੇਲੇ ਉਸ ਬੰਦੇ ਦੇ ਨਾਲ ਸ੍ਰੀ ਅੰਮ੍ਰਿਤਸਰ ਨੂੰ ਤੁਰ ਪਏ। ਜਾ ਕੇ ਪਤਾ ਲੱਗਾ 'ਕਿ ਭਾਈ ਵੀਰ ਸਿੰਘ ਜੀ ਇਸ ਲਿਖਤ ਨੂੰ ਬਹੁਤ ਸਖਤ ਖਿਆਲ ਕਰਦੇ ਹਨ ਤੇ ਚਾਹੁੰਦੇ ਹਨ, ਕਿ ਇਸ ਲਿਖਾਈ ਨੂੰ ਬਦਲਕੇ ਨਰਮ ਕੀਤਾ ਜਾਵੇ।' ਵੈਦ ਜੀ ਦਾ ਖਿਆਲ ਸੀ ਕਿ ਇਸ ਵਿਚ ਕੋਈ ਬੇ ਜਾ, ਝੂਠਾ, ਅਸੰਭਜ ਜਾਂ ਕਰੜਾ ਸ਼ਬਦ ਨ... । ਅਜੇਹੀ ਨਰਮ ਨਿਰਪੱਖ, ਤੇ ਸੱਚੀ ਲਿਖਤ ਤੇ ਭੀ ਜੇ ਕੋਈ ਦੁਖੇ, ਕਿ... ਬੁਰਾ ਮਨਾਵੇ ਤਾਂ ਉਹ ਬੇ ਬਸ ਹਨ। ਉਹ ਨਹੀਂ ਚਾਹੁੰਦੇ ਸਨ ਕਿ ... ਵਿੱਚੋਂ ਇਕ ਸ਼ਬਦ ਭੀ ਘਟਾਇਆ ਵਧਾਇਆ ਜਾਵੇ। ਅਕਸਰ ਛਾਪਣਾ ਭੀ ਹੋਇਆ, ਅਤੇ ਨਾਲ ਹੀ ਆਪਣੇ ਪੁਰਾਣੇ ਮਿੱਤ੍ਰ, ਹਰ ਤਰ੍ਹਾਂ ਦੇ ਰਸੂਖ ਵਾਲੇ ਸੱਜਣ ਦਾ ਕਹਿਣਾ ਮੋੜ ਕੇ ਭੀ ਸੁਖ ਨਹੀਂ ਭਾਸਦਾ ਸੀ, ਇਸ ਲਈ ਹਿੱਕ ਉੱਤੇ ਪੱਥਰ ਰੱਖ ਕੇ ਦੁਖੀ ਹਿਰਦੇ ਨਾਲ ਆਪ ਨੇ ਭਾਈ ਵੀਰ ਸਿੰਘ ਜੀ ਦੇ ਕਹੇ



Digitized by Panjab Digital Library | www.panjabdigilib.org

ਅਨੁਸਾਰ ਕੱਟ ਵੱਢ ਕਰ ਦਿੱਤੀ । ਇਸ ਬਾਰੇ ਆਪ ਦਾ ੩ ਮਾਰਚ ਦਾ ਡਾਇਰੀ ਨੋਟ ਇਸ ਤਰ੍ਹਾਂ ਹੈ:-

"ਸਵੇਰੇ ਸ੍ਰੀ ਅੰਮ੍ਰਿਤਸਰ ਜੀ ਤੋਂ ਵਜ਼ੀਰ ਹਿੰਦ ਪ੍ਰੈਸ ਦਾ ਆਦਮੀ ਖਰੜਾ 'ਭਯਾਨਕ ਸਾਕਾ' ਦੇ ਸੁਧਾਰ ਵਾਸਤੇ ਸੱਦਣ ਆਇਆ । ਉਸੇ ਵੇਲੇ ਰੇਲ ਵਿਚ ਜਾ ਕੇ ਪ੍ਰੈਸ ਵਿਚ ਪੁੱਜਾ । ਮਜਬੂਰੀ ਸੁਧਾਰ ਕਟ ਵੱਢ ਕਰ ਕੇ ਵਾਪਸ ਪਹੁੰਚਾ, ਪਰ ਕਟ ਵੱਢ ਕਰਨ ਤੇ ਕਲੇਸ਼ ਬਹੁਤ ਹੋਇਆ ।"

ਵੈਦ ਜੀ ਵਿਚ ਇਹ ਇਕ ਵੱਡਾ ਭਾਰਾ ਗੁਣ ਸੀ ਕਿ ਆਪ ਆਖਦੇ ਘਟ, ਪਰ ਕਰਦੇ ਬਹੁਤ ਸਨ। ਆਪ ਦੇ ਜੀਵਣ ਦਾ ਇਹ ਫਰਕ ਸਮਾ ਪੈਣ ਤੇ ਹੀ ਪ੍ਰਗਟ ਹੋ ਸਕਿਆ ਹੈ ।

× × × × × ×

ਸ੍ਰੀ ਤਰਨ ਤਾਰਨ ਦਰਬਾਰ ਸਾਹਿਬ ਦਾ ਕਬਜ਼ਾ ਸ੍ਰੋ: ਗੁ: ਪ੍ਰ: ਕਮੇਟੀ ਦੇ ਹੱਥ ਆ ਜਾਣ ਤੇ ਆਪ ਦੇ ਸਿਰ ਹੋਰ ਭੀ ਵਧੀਕ ਕੰਮ ਦਾ ਭਾਰ ਪੈ ਗਿਆ । ੧ ਤੇ ੨ ਮਾਰਚ ੧੯੨੧ ਨੂੰ ਆਪ ਨੇ ਸ਼੍ਰੋਮਣੀ ਕਮੇਟੀ ਦੀ ਆਗਿਆਨੁਸਾਰ ਦਰਬਾਰ ਦਾ ਹਿਸਾਬ ਚੈੱਕ ਕੀਤਾ।

੬ ਮਾਰਚ ਨੂੰ ਆਪ ਸਰਹਾਲੀ-ਖਾਲਸਾ ਹਾਈ ਸਕੂਲ (ਤ: ਤਾ:) ਦੀ ਉਗ੍ਰਾਹੀ ਲਈ ਗਏ ।

ਅਗੇ ਅਸ਼ੀਂ ਤਾਰੀਖਵਾਰ ਫੇਰ ਕੁਝਕੁ ਆਪਦੇ ਇੰਨ੍ਹ ਬਿੰਨ੍ਹ ਡਾਇਰੀ ਨੋਟ ਹੀ ਦਰਜ ਕ[illegible]ਦੇ ਹਾਂ ।

"੧੫ [illegible] ਸਵੇਰੇ ਗਿਆਨੀ ਗੁਰਬਖਸ਼ ਸਿੰਘ ਜੀ ਤੇ ਬਾਬਾ ਖੇਮ ਸਿੰਘ ਜੀ ਸਕੱ[illegible] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਡੂਰ ਸਾਹਿਬ ਦਾ ਕਬਜ਼ਾ ਕਮੇਟੀ ਤੇ ਸਰਕਾਰੀ ਆਗਿਆਨੁਸਾਰ ਵਾਪਸ ਦਿਵਾਣ ਵਾਸਤੇ ਅਮਨ ਰਖਣ ਵਿਚ ਮਦਦ ਲੈਣ ਨੂੰ ਨਾਲ ਲੈ ਗਏ । ਗੁਰੂ ਜੀ ਦੀ ਕ੍ਰਿਪਾ ਨਾਲ ਸੁਖ ਨਾਲ ਮਾਮਲਾ ਨਿਪਟ ਗਿਆ ਤੇ ਸ਼ਾਮ ਨੂੰ ਵਾਪਸ ਆਏ ।"

੧੮ ਮਾਰਚ--"ਮਰਦਮ ਸ਼ੁਮਾਰੀ ਦੇ ਕੰਮ ਤੇ ਰਾਤ ੧੨ ਬਜੇ ਤਕ ਸਮਾ ਲਗਾ।

੧੯ ਮਾਰਚ--ਸਵੇਰੇ ਸ: ਸੁੰਦਰ ਸਿੰਘ ਜੀ ਰਾਮਗੜ੍ਹੀਏ, ਸ: ਧਰਮ



Digitized by Panjab Digital Library | www.panjabdigilib.org

ਸਿੰਘ ਜੀ ਆਦਿ 7 ਸੱਜਣਾਂ ਦਾ ਪ੍ਰਸ਼ਾਦ ਘਰੋਂ ਮੰਗਵਾ ਕੇ ਦਰਸ਼ਨੀ ਡੇਉੜੀ ਤੇ ਛਕਾਯਾ, ਬਹੁਤ ਸਾਰਾ ਸਮਾ ਸ੍ਰੀ ਦਰਬਾਰ ਸਾਹਿਬ ਦੇ ਸੰਬੰਧ ਵਿਚ ਉਪ੍ਰੋਕਤ ਸਰਦਾਰਾਂ ਨਾਲ ਡੀ. ਸੀ. ਦੇ ਲੱਗਾ।"

ਤਰਨ ਤਾਰਨ ਦੇ ਸਾਕੇ ਵਿੱਚ ਕਿਸੇ ਜ਼ਾਤੀ ਗ਼ਰਜ਼ ਤੋਂ ਬਿਨਾ ਕੇਵਲ ਇਨਸਾਫ ਤੇ ਧਰਮ ਅਰਥ ਗੁਰੂ ਪੰਥ ਦੇ ਲਾਭ ਲਈ ਜੋ ਅਣਥੱਕ ਸੇਵਾ ਆਪ ਨੇ ਕੀਤੀ, ਉਸ ਨੇ ਪੰਥ ਵਿੱਚ ਤਾਂ ਭਾਵੇਂ ਆਪ ਦੀ ਇੱਜ਼ਤ ਵਧਾ ਦਿੱਤੀ, ਪਰ ਅਫਸਰਾਂ ਤੇ ਪੁਜਾਰੀ ਗ੍ਰੰਥੀਆਂ ਦੀ ਨਜ਼ਰ ਵਿੱਚ ਆਪ ਰੜਕਣ ਲੱਗ ਪਏ । ਗੁਲਾਮੀ ਤੇ ਆਜ਼ਾਦੀ ਦਾ ਇਹੀ ਤਾਂ ਫਰਕ ਹੈ। ਆਜ਼ਾਦ ਮੁਲਕਾਂ ਵਿੱਚ ਜਿੱਥੇ ਸੱਚੇ ਸੂਰਬੀਰ ਸੇਵਕਾਂ ਦੀ ਸੇਵਾ ਦੀ ਕਦਰ ਇੱਜ਼ਤ ਅਹੁਦੇ ਤੇ ਮਾਨ ਮਿਲਦਾ ਹੈ, ਓਥੇ ਗੁਲਾਮ ਦੇਸ ਵਿੱਚ ਅਜੇਹੇ ਸੇਵਕਾਂ ਦੀ ਬੇ-ਇੱਜ਼ਤੀ ਕੈਦ ਤੇ ਅਪਮਾਨ ਹੁੰਦਾ ਹੈ।

੨੦ ਮਾਰਚ--ਪਹਿਲੀ ਗੱਡੀ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਸਤੇ ਅੰਮ੍ਰਿਤਸਰ ਗਿਆ। ਸਟੇਸ਼ਨ ਤੇ ਪੁਜਾਰੀਆਂ ਵਲੋਂ ੧੪੫ ਦਫਾ ਦੇ ਮੁਕਦਮੇ ਦੇ ਸੰਮਨਾ ਤੇ ਪੁਲਿਸ ਨੇ ਦਸਖਤ ਕਰਾਏ। ਅੰਮ੍ਰਿਤਸਰ ਜਾ, ਸ਼ਾਮ ਤਕ ਸ੍ਰੀ ਅਕਾਲ ਤਖਤ ਉੱਪਰ ਸਮਾ ਲੱਗਾ। ਰਾਤ ਅੰਮ੍ਰਿਤਸਰ ਹੀ ਰਿਹਾ।"

੨੧ ਮਾਰਚ--"ਅੰਮ੍ਰਿਤਸਰ ਕਚਹਿਰੀ ਗਏ। ੩ ਬਜੇ ਦੇ ਕਰੀਬ ਆਵਾਜ਼ ਪਈ, ਏਥੋਂ ਭੀ ਹੋਰ ੫੦ ਕੁ ਸਿੰਘ ਗਏ ਹੋਏ ਸਨ। ਕਰੜੇ ਪੁਲਸ ਦੇ ਪਹਿਰੇ ਲਗ ਕੇ ਪੇਸ਼ ਹੋਏ ੧ ਅਪ੍ਰੈਲ ਤ੍ਰੀਕ ਪਈ। ਸ਼ਾਮ ਦੀ ਗੱਡੀ ਵਾਪਸ ਆਏ। ਸਟੇਸ਼ਨ ਤੇ ਡੀ. ਸੀ. ਦਾ ਸੱਦਾ ਸਵੇਰੇ [illegible] ਬਜੇ ਡਾਕ ਬੰਗਲੇ (ਤਰਨ ਤਾਰਨ) ਮਿਲਨ ਦਾ ਪਹੁੰਚਾ।

੨੨ ਮਾਰਚ--"ਸਵੇਰੇ ਡੀ. ਸੀ. ਦੇ ਗਿਆ। ਉਸ[illegible] ਗੁੱਸੇ ਵਿਚ ਦਸਿਆ ਕਿ "ਜੋ ਮੈਂ ਕਹਾਂ ਸੁਣਨਾ ਹੋਵੇਗਾ, ਉਤ੍ਰ ਨਹ[illegible]ਦੇਣਾ। ਤੇਰੀ ਸ਼ਰਾਰਤ ਨਾਲ ਅਕਾਲੀ ਦਲ ਆਯਾ ਤੇ ਕਈ ਗਰੀਬ ਦੁਖੀ ਹੋਏ। ਮੈਂ ਤੈਨੂੰ ਮੈਂਬਰ ਕਮੇਟੀ ਨਹੀਂ ਰਹਿਣ ਦੇਵਾਂਗਾ। ਹੁਣ ਜੇ ਜ਼ਰਾ ਭੀ ਸ਼ਰਾਰਤ ਹੋਈ ਤਾਂ ਮੈਂ ਪਕੜ ਲਵਾਂਗਾ। ਹੁਣ ਅਸੀਂ ਵਡੇ ਵਡੇ ਆਦਮੀ ਪਕੜਾਂਗੇ ਅਜ ਤੋਂ ਮੈਂ ਨਿਗਰਾਨੀ ਲਗਾਂਦਾ ਹਾਂ" ਤਹਿਸੀਲਦਾਰ ਨੂੰ (ਆਪ ਜੀ



Digitized by Panjab Digital Library | www.panjabdigilib.org

ਬਾਰੇ) ਡਾਇਰੀ ਦੇਵਨ ਨੂੰ ਆਖਯਾ।........ਬਹੁਤ ਹੀ ਰੰਜ ਤੇ ਸ਼ੋਕ ਹੋਯਾ। ਬੇ ਅੰਤ ਸੱਜਣ ਤੇ ਵਿਰੋਧੀ ਸਾਰੇ ਹਾਕਮ ਖੜੇ ਸਨ, ਬਹੁਤ ਬੁਰਾ ਭਾਸਿਆ।"

ਕਦੇ ਕਦੇ ਸਰਕਾਰ ਦੇ ਵੱਡੇ ਵੱਡੇ ਅਫਸਰ ਭੀ ਖੁੱਲ੍ਹ ਖੇਲ੍ਹਦੇ ਹਨ, ਤੇ ਆਪਣੇ ਭੈੜੇ ਦਿਲੀ ਭਾਵਾਂ ਨੂੰ ਪ੍ਰਗਟ ਕਰਨੋ ਨਹੀਂ ਰੋਕ ਸਕਦੇ। ਇਸੇ ਹੀ ਤਰ੍ਹਾਂ ਡੀ. ਸੀ. ਦੇ ਉੱਪਰ ਲਿਖੇ ਵਰਤਾਉ ਦਾ ਹਾਲ ਹੈ। ਚਾਹੀਦਾ ਤਾਂ ਇਹ ਸੀ ਕਿ ਇਨਸਾਫ ਤੇ ਅਮਨ ਦੀ ਮਦਦ ਕਰਨ ਵਾਲੇ ਦਾ ਸਨਮਾਨ ਕੀਤਾ ਜਾਂਦਾ, ਪਰ ਏਥੇ ਉਲਟ ਹੈ। ਗੁਲਾਮ ਹਿੰਦੁਸਤਾਨ ਵਿੱਚ ਹਜ਼ਾਰਾਂ ਅਜੇਹੀਆਂ ਘਟਨਾਂ ਦੇਖੀਆਂ ਜਾਂਦੀਆਂ ਹਨ, ਜਿੱਥੇ ਭਲੇ ਮਾਨਸਾਂ ਨੂੰ ਕੈਦਾਂ ਤੇ ਗੁੰਡਿਆਂ ਨੂੰ ਇਨਾਮ ਮਿਲਦੇ ਹਨ।ਸ਼ਰੀਫਾਂ ਦੀ ਬੇ-ਪਤੀ ਤੇ ਸ਼ਰਾਰਤੀਆਂ ਦੀ ਪਿੱਠ ਠੋਕੀ ਜਾਂਦੀ ਹੈ।

ਇਸ ਅਕਾਰਣ ਅਪਮਾਨ ਤੇ ਅਯੋਗ ਹੈਂਕੜ ਭਰੇ ਵਤੀਰੇ ਤੇ ਬੇ-ਇਜ਼ਤੀ ਕਰਨ ਤੋਂ ਵੈਦ ਜੀ ਦੇ ਦਿਲ ਨੂੰ ਅਤੀ ਦੁੱਖ ਹੋਇਆ। ਆਪ ਨੇ ਮਜੂਨਸੀਪਲ ਕਮੇਟੀ ਤੇ ਹੋਰ ਨੀਮ ਸਰਕਾਰੀ ਕਮੇਟੀਆਂ ਵਿੱਚੋਂ ਅਸਤੀਫੇ ਦੇ ਦੇਣ ਦੀ ਠਾਨ ਲਈ, ਪਰ ਫੇਰ ਆਪ ਨੇ ਆਪਣੇ ਹੋਰ ਸਿਆਣੇ ਸਾਥੀਆਂ ਪਾਸੋਂ ਸਲਾਹ ਪੁੱਛਣੀ ਯੋਗ ਜਾਤੀ, ਇਸ ਲਈ ਆਪ ਦੂਜੇ ਦਿਨ ਅਰਥਾਤ ੨੩ ਮਾਰਚ ਨੂੰ ਸਰਦਾਰ ਹੁਕਮ ਸਿੰਘ ਜੀ ਸਬ ਜੱਜ ਨਾਲ ਸਲਾਹ ਕਰਨ ਅੰਮ੍ਰਿਤਸਰ ਗਏ। ਅੱਗੇ ਓਹ ਫੀਰੋਜ਼ ਪੁਰ ਗਏ ਹੋਏ ਸਨ। ਆਪ ਰਾਤੋ ਰਾ[illegible]ਥੇ ਹੀ ਪੁੱਜੇ। ਉਨ੍ਹੀ ਸ੍ਰਦਾਰ ਤ੍ਰਿਲੋਚਨ ਸਿੰਘ ਜੀ ਐਮ. ਏ. ਅੰਮ੍ਰਿਤ[illegible] ਸਲਾਹ ਪੁਛਣੀ ਜ਼ਰੂਰੀ ਦੱਸੀ। ਉਨ੍ਹਾਂ ਅਸਤੀਫਾ ਨਾ ਦੇਣ ਦੀ ਹ[illegible]ਲਾਹ ਦਿੱਤੀ।

ਇਨ੍ਹਾਂ ਦਿਨਾਂ ਵਿੱਚ ਹੀ ਵੈਦ ਜੀ ਦੇ ਇੱਕ ਸੱਜਣ ਨੇ ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਜੀ ਮਜੀਠਾ ਨੂੰ ਡੀ. ਸੀ. ਦੇ ਇਸ ਅਯੋਗ ਵਰਤਾਉ ਬਾਰੇ ਸਾਰੀ ਖਬਰ ਦੱਸੀ ਤੇ ਡੀ. ਸੀ. ਨੂੰ ਮਿਲਕੇ ਸਮਝਾਉਣ ਲਈ ਕਿਹਾ। ਪਰ ਸਰਦਾਰ ਬਹਾਦਰ ਮਜੀਠੀਏ ਸਾਹਿਬ ਨੇ ਸਾਫ ਜਵਾਬ



Digitized by Panjab Digital Library | www.panjabdigilib.org

ਦੇ ਦਿੱਤਾ ਤੇ ਕਿਹਾ ਕਿ "ਵੈਦ ਜੀ ਆਪ ਜਾਕੇ ਮਿਲਨ।"

ਮਜੀਠੀਏ ਸਾਹਿਬ ਦਾ ਖਿਆਲ ਸੀ ਕਿ ਵੈਦ ਜੀ ਆਪ ਜਾ ਕੇ ਡੀ. ਸੀ. ਨੂੰ ਮਿਲਣ ਤੇ ਕੀਤੀ ਗਈ ਬੇਇੱਜ਼ਤੀ ਬਾਰੇ ਆਖਣ।

ਵੈਦ ਜੀ ਲਈ ਇਸ ਨਾਲੋਂ ਆਤਮ ਘਾਤ ਕਰ ਲੈਣਾ ਲੱਖ ਦਰਜੇ ਅੱਛਾ ਸੀ। ਯਾਰੋ ਗਜ਼ਬ ਸਾਈਂ ਦਾ! ਇਕ ਪਤਵੰਤੇ ਸੱਜਣ ਦੀ ਅਕਾਰਣ ਬੇ ਪਤੀ ਹੋਵੇ, ਨਹੀਂ ਨਹੀਂ, ਸਗੋਂ ਨੇਕੀ ਕਰਨ ਦਾ ਫਲ ਅਪਮਾਨ ਮਿਲੇ, ਤੇ ਫੇਰ ਉਸ ਨੂੰ ਸਲਾਹ ਦਿਤੀ ਜਾਵੇ ਕਿ 'ਉਸੇ ਅਪਮਾਨ ਕਰਨ ਹਾਰੇ ਨੂੰ ਜਾ ਕੇ ਮਿਲੋ'। ਇਹ ਸਲਾਹ ਸੁਣ ਕੇ ਵੈਦ ਜੀ ਦੇ ਦਿਲ ਨੂੰ ਬੜੀ ਸੱਟ ਲੱਗੀ ਤੇ ਸਰਦਾਰ ਸਾਹਿਬ ਜੀ ਦੀ ਤਜਵੀਜ਼ ਤੇ ਨਿਠੁਰ ਪਨ ਤੇ ਬੜਾ ਦੁਖ ਹੋਇਆ।

੨੬ ਮਾਰਚ ਨੂੰ ਜ਼ਬਰਦਸਤ ਅਫਵਾਹ ਗਰਮ ਹੋ ਗਈ ਕਿ ਗੁਰਦੁਆਰੇ ਸੁਧਾਰ ਦੇ ਪ੍ਰਬੰਧਕ ਲੀਡਰਾਂ ਦੀ ਫੜੋ ਫੜੀ ਦੀ ਲੜੀ ਵਿਚ ਆਪ ਦੇ ਭੀ ਵਰੰਟ ਨਿਕਲੇ ਹਨ। ਆਪ ਨੇ ਇਹ ਖ਼ਬਰ ਸੁਣ ਕੇ ਕਿਹਾ 'ਵਾਹਵਾ, ਸ਼ੁਕਰ ਹੈ।' ਪਰ ੨੮ ਤਰੀਕ ਨੂੰ ਪਤਾ ਲੱਗਾ ਕਿ ਉਪ੍ਰੋਕਤ ਅਫਵਾਹ ਗਲਤ ਸੀ। ਸੁਣ ਕੇ ਆਪ ਨੇ ਫੇਰ ਕਿਹਾ "ਤਦ ਭੀ ਸ਼ੁਕਰ।" ੨੯ ਮਾਰਚ ਨੂੰ ਆਪ ਡਾਇਰੀ ਵਿਚ ਲਿਖਦੇ ਹਨ:–

"ਮਿਉਂਨਸਿਪਲ ਕਮੇਟੀ ਦਾ ਇਜਲਾਸ ੪॥ ਤੋਂ ੭ ਤਕ ਹੋਯਾ, ਸਮਾ ਉਧਰ ਲਗਾ। ਜੀ ਨਹੀਂ ਚਾਹੁੰਦਾ ਪਰ ਸਿਆਣੇ ਸੱਜਣਾਂ ਵਲੋਂ ਅਸਤੀਫੇ ਦੀ ਰੋਕ ਹੋਵਣ ਤੇ ਹਾਲਾਂ ਨਿਰਬਾਹ ਹੋ ਰਿਹਾ

ਸੱਜਣਾਂ ਮਿੱਤ੍ਰਾਂ ਦੇ ਕਹਿਣ ਤੇ ਭਾਵੇਂ ਆਪ ਨੇ ਅਸਤੀਫਾ ਤਾਂ ਨਾ ਦਿਤਾ, ਪਰ ਦਿਲ ਦਾ ਗੁਬਾਰ ਕੱਢਣ ਲਈ ਇਕ ਚਿੱਠੀ ਆਪ ਨੇ ਡੀ. ਸੀ. ਨੂੰ ਲਿਖੀ। ਸਾਨੂੰ ਇਸ ਦੇ ਪੋਸਟ ਕਰਨ ਦੀ ਤਰੀਕ ਦਾ ਪਤਾ ਨਹੀਂ ਲੱਗਦਾ ਤੇ ਨਾ ਹੀ ਇਸ ਦੀ ਅੰਗ੍ਰੇਜ਼ੀ ਦੀ ਨਕਲ ਮਿਲੀ ਹੈ, ਇਹ ਇੱਕ ਕੱਚਾ ਖਰੜਾ ਉਨ੍ਹਾਂ ਦੇ ਆਪਣੇ ਹੱਥਾਂ ਦਾ ਲਿਖਿਆ ਹੋਇਆ ਜੋ ਮਿਲਿਆ ਹੈ ਉਸ ਦੀ ਨਕਲ ਏਥੇ ਦਿੱਤੀ ਜਾਂਦੀ ਹੈ, ਜਿਸ ਤੋਂ ਆਪ ਜੀ ਦੇ ਦਿਲੀ ਦੁੱਖ



Digitized by Panjab Digital Library | www.panjabdigilib.org

ਤੇ ਖਿਆਲਾਂ ਦਾ ਪਤਾ ਸੁਖਾਲਾ ਹੀ ਲੱਗ ਸਕਦਾ ਹੈ । ਉਸ ਚਿੱਠੀ ਦਾ ਮਜ਼ਮੂਨ ਇਸ ਤਰ੍ਹਾਂ ਹੈ:—

"ਸੇਵਾ ਵਿਖੇ ਡੀ. ਸੀ. ਅੰਮ੍ਰਿਤਸਰ ਜੀ !

ਸਨਮਾਨ ਯੋਗ ਜੀ ! ੨੨. ੩. ੨੧. ਨੂੰ ਸ੍ਰੀ ਮਾਨ ਜੀ ਨੇ ਦਾਸ ਨੂੰ ਤਰਨ ਤਾਰਨ ਡਾਕ ਬੰਗਲੇ ਬੁਲਾ ਕੇ ਜੋ ਮੱਤ ਦਿਤੀ ਹੈ, ਦਾਸ ਏਸ ਤੋਂ ਜ਼ਰੂਰ ਕਾਫੀ ਸਬਕ ਸਿਖੇਗਾ, ਤੇ ਸੋਚੇਗਾ ਕਿ ਅੱਗੋਂ ਵਾਸਤੇ ਅਫਸਰਾਂ ਨਾਲੋਂ ਦੂਰ ਰਹਿ ਕੇ ਹੀ ਇੱਜ਼ਤ ਬਚ ਸਕਦੀ ਹੈ, ਇਸ ਤੇ ਅਤੀ ਧੰਨਵਾਦੀ ਹੈ । ਤੁਸਾਂ ਸ਼ੁਰੂ ਵਿਚ ਹੀ ਹੁਕਮ ਦਿੱਤਾ ਸੀ ਕਿ ਜੋ ਕੁਛ ਹਮ ਕਹੇਂ ਸੁਣ ਲੇਵੇਂ ਜਵਾਬ ਕੁਛ ਨਾਂ ਦੇਂ । ਇਸ ਵਾਸਤੇ ਇਹ ਬੇਨਤੀ ਪੱਤ੍ਰ ਪੜ੍ਹਨ ਦੀ ਖੇਚਲ ਸ੍ਰੀ ਜੀ ਨੂੰ ਦੇਣੀ ਪਈ ਹੈ । ਦਾਸ ਲਗਾਤਾਰ ੧੨ ਸਾਲ ਤੋਂ ਮਿਉਂ-ਸੀਪਲ ਕਮਿਸ਼ਨਰੀ ਦੀ ਸੇਵਾ ਕਰ ਰਿਹਾ ਹੈ । ੩ ਸਾਲ ਲੋਕਲ ਬੋਰਡ ਦੀ ਮੈਂਬਰੀ ਭੀ ਕੀਤੀ ਹੈ । ਇਸੇ ਤਰ੍ਹਾਂ ਹੋਰ ਸੁਧਾਰਕ—ਜੰਗੀ ਮਦਦ—ਲੋਕਲ ਜਾਂ ਤਾਲੀਮੀ ਹਰ ਇਕ ਕਮੇਟੀ ਵਿਚ ਬਿਨਾਂ ਦਰਖਾਸਤ ਦੇ ਮੈਂਬਰ ਲਿਆ ਗਿਆ ਤੇ ਕੰਮ ਕਰਦਾ ਰਿਹਾ ਹੈ, ਤੇ ਹੋਰ ਭੀ ਵੱਡੇ ਛੋਟੇ ਅਫਸਰਾਂ ਨਾਲ ਜਦ ੨ ਕਿਸੇ ਖਿਦਮਤ ਕਰਨ ਤੇ ਖਿਆਲ ਦੇਵਨ ਦਾ ਮੌਕਾ ਮਿਲਿਆ,ਰਾਜਾ ਪਰਜਾ ਦੇ ਪੂਰੇ ਪਿਆਰ ਤੇ ਸਚਾਈ ਨਾਲ ਹੀ ਕੰਮ ਕਰਦਾ ਤੇ ਸਲਾਹ ਮਸ਼ਵਰਾ ਦਿੰਦਾ ਰਿਹਾ ਹੈ, ਜਿਸ ਦੀ ਬਾਬਤ ਸਾਰੇ ਅਫਸਰ ਪਿਆਰ ਤੇ ਸਨਮਾਨ ਵਰਤਦੇ ਰਹੇ ਹਨ, ਖਾਸ ਕਰ ਮਿਸਟਰ ਸੀ. ਐਮ. ਕਿੰਗ ਤੇ ਹੁਣ ਤੋਂ ਪਹਿਲੋਂ ਦੇ [illegible] ਹੋ ਚੁੱਕੇ ਮੁਕਾਮੀ ਅਫਸਰ-ਤਥਾ ਆਨਰੇਬਲ ਸ੍ਰ: ਬ: ਸ੍ਰ: ਸੁੰਦਰ ਸਿ[illegible]ਜੀਠੀਏ—ਜਿਨ੍ਹਾਂ ਨਾਲ ਮਿਲ ਕੇ ੧੪ ਸਾਲ ਚੀ: ਖਾ: ਦੀ: ਵਿਚ ਕੰਮ [illegible] ਹੈ—ਚੰਗੀ ਤਰ੍ਹਾਂ ਦੱਸ ਸਕਦੇ ਹਨ ਕਿ ਦਾਸ ਕਿਸਤਰ੍ਹਾਂ ਦਾ, ਕਦੇ ਨਾ ਧੋਖਾ ਦੇਣ ਵਾਲੀ ਸੱਚੀ ਬੇਨਤੀ ਕਰਨ ਵਾਲਾ,ਕਿਸ ਇਖਲਾਕ ਤੇ ਪੁਜ਼ੀਸ਼ਨ ਦਾ ਹੈ ? ਨਮੂਨੇ ਵਾਸਤੇ ੨੬. ੧. ੨੦. ਦੀ ਮਿਸਟਰ ਫ਼ੈਗਨ ਸਾਹਿਬ ਫਨਾਨਸ਼ਲ ਕਮਿਸ਼ਨਰ ਜਾਂ ਮਿਸਟਰ ਬਰਟਨ ਸਾਹਿਬ ਡੀ. ਸੀ. ਨਾਲ ਹੋਈ ਗੱਲ ਕੱਥ ਪਤਾ ਕਰ ਸਕਦੇ ਹੋ, ਪਰ ਸ੍ਰੀ ਜੀ ਵਲੋਂ ਆਮ



Digitized by Panjab Digital Library | www.panjabdigilib.org

ਲੋਕਾਂ ਵਿਚ ਸਿਰਫ ਪੁਜਾਰੀ ਤੇ ਆਰੀਆ ਪਾਰਟੀ ਦੇ ਇਕ ਪਾਸੜ ਕਹੇ ਤੇ ਇਸਤਰ੍ਹਾਂ ਦਾ ਅਯੋਗ ਵਰਤਾਓ ਦੇਖਣ ਦਾ ਇਹ ਪਹਿਲਾ ਹੀ ਮੌਕਾ ਹੈ, ਤੇ ਯਕੀਨ ਹੈ ਕਿ ਸ਼ਕਾਇਤੀ ਆਦਮੀਆਂ ਨੂੰ ਹੋਰ ਸ਼ਕਾਇਤਾਂ ਏਸੇ ਤਰ੍ਹਾਂ ਝੂਠੀਆਂ ਕਰਨ ਦੀ ਜੁਰਅਤ ਹੋਵੇਗੀ। ਜਿਸ ਮਾਮਲੇ ਬਾਬਤ ਤੁਸੀਂ ਝੂਠ ਦੱਸਿਆ ਹੈ, ਏਸ ਦੀ ਸੱਚਾਈ ਵਾਸਤੇ ਜ਼ਰੂਰ ਗੈਰ ਜਾਨਬਦਾਰ ਕਿਸੇ ਹਿੰਦੂ,ਮੁਸਲਮਾਨ ਜਾਂ ਸਿਖ ਜੇਹਾ ਕਿ ਮੌਕੇ ਤੇ ਮੌਜੂਦਲਾਲਾ......ਲੀਡਰ ਹਿੰਦੂ ਪਬਲਿਕ(ਆਰੀਆ ਨਹੀਂ)ਜਾਂ ਚੌਧਰੀ......ਜਾਂ......ਸਾਰਜੰਟ ਤੋਂ ਜਾਂ ਖਾਸ ਮੌਕੇ ਤੇ ਪਤਾ ਕਰ ਸਕਦੇ ਹੋ। ਜੋ ਦਾਸ ਨੇ ਝੂਠ ਕਿਹਾ ਹੈ ਜਾਂ ਉਸ ਪਾਰਟੀ ਨੇ ਧੋਖਾ ਦਿਤਾ ਹੈ ? ਸਿਵਾਇ ਇਸ ਦੇ ਦਾਸ ਵਲੋਂ ਹਮੇਸ਼ਾਂ ਹਰੇਕ ਹਿੰਦੂ-ਮੁਸਲਮਾਨ, ਸਿਖ ਸਾਹਿਬਾਨ ਦੀ ਖਿਦਮਤ ਬੇ ਰੋ ਰਿਆਇਤ ਕਿਸ ਤਰ੍ਹਾਂ ਹੁੰਦੀ ਰਹੀ ਹੈ? ਤੇ ਆਮ ਪਬਲਿਕ ਦਾ ਕੀਹ ਪਿਆਰ ਹੈ? ਪਤਾ ਕਰ ਲਵੋ। ਇਸ ਦੇ ਸਿਵਾਇ ਮਿਉਨਸਪੈਲਟੀ ਦੀ ਮੈਂਬਰੀ ਦਾਸ ਵਲੋਂ ਕੇਵਲ ਖਿਦਮਤ ਵਾਸਤੇ ਹੈ, ਪਰ ਐਸੀ ਹਾਲਤ ਵਿਚ ਦਾਸ ਏਹ ਭੀ ਬੜੀ ਖੁਸ਼ੀ ਨਾਲ ਛੱਡਣ ਵਾਸਤੇ ਤਿਆਰ ਹੈ ਤੇ ਨਾਲ ਹੀ ਅਸਤੀਫਾ ਭੇਜਦਾ ਹਾਂ, ਕਿਉਂਕਿ ਮੇਰੀ ਪੁਜ਼ੀਸ਼ਨ ਕਿਸੇ ਅਜੇਹੀ ਮੈਂਬਰੀ ਵਾਸਤੇ ਨਹੀਂ ਸਗੋਂ ਇਖਲਾਕੀ ਦਲੇਰੀ, ਸਦਾਈ ਦੇ ਵਰਤਾਓ ਦੇ ਖਿਆਲਾਂ ਦੇ ਕਾਰਨ ਹੈ, ਤੇ ਚੰਗੇ ਲਿਟ੍ਰੇਚਰ ਦੇ ਕਾਰਨ ਪੰਜਾਬ ਗਵਰਮੈਂਟ ਵਲੋਂ ੧੩੦੦) ਰੁਪਏ ਦੇ ਨਕਦ ਇਨਾਮ ਮਿਲ ਚੁੱਕੇ ਹੋਏ ਹਨ ਤੇ ਪੰਜਾਬ ਗਵਰਮੈਂਟ ਤੇ ਗਵਰਮੈਂਟ ਬੰਬਈ ਵਲੋਂ ਜੰਗ ਯੂਰਪ ਦੇ ਫੌਜੀ ਸਿਪਾਹੀਆਂ ਦੇ ... ਰੱਖਣ ਵਾਸਤੇ ਮੇਰੀਆਂ ਬਣਾਈਆਂ ਪੁਸਤਕਾਂ ਕਈ ਹਜ਼ਾ... ਵਾ ਕੇ ਵੰਡੀਆਂ ਗਈਆਂ ਜੋ ਮੈਂ ਮੁਫਤ ਦਿੱਤੀਆਂ ਸਨ। ਭਾਵੇਂ ਬੰਦੋਬਸਤ ਦੇ ਸਮੇਂ ਸ੍ਰੀ ਮਾਨ ਪਾਦਰੀ ਸਾਹਿਬ ਕੈਨਨ ਈ: ਗਿ: ਦੇ ਬੰਗਲੇ ਕਈ ਵਾਰ ਤੁਹਾਡੇ ਦਰਸ਼ਨ ਹੁੰਦੇ ਰਹੇ ਸਨ ਤੇ ਸ੍ਰੀ ਜੀ ਦਾ ਉਸ ਵੇਲੇ ਦਾ ਹਰ ਇਕ ਨਾਲ ਪਿਆਰ ਦਾ ਵਰਤਾਉ ਭੀ ਯਾਦ ਹੈ, ਪਰ ਆਸ ਹੈ ਕਿ ਕੈਨਨ ਈ: ਗਿਲਫੋਰਡ ਦੇ ਜ਼ਰੀਏ ਹੀ ਤੁਹਾਨੂੰ ਪਤਾ ਲਗ ਜਾਵੇਗਾ,ਪਰ ਅਜੇ ਨਹੀਂ, ਕਿਉਂਕਿ ਤੁਹਾਡੀ



Digitized by Panjab Digital Library | www.panjabdigilib.org

ਤਰ੍ਹਾਂ ਪਾਦਰੀ ਸਾਹਿਬ ਭੀ ਅਜੇ ਪੁਜਾਰੀ ਅਤੇ ਆਰੀਆ ਪਾਰਟੀ ਦੀਆਂ ਪਾਈਆਂ ਗਲਤ ਫਹਿਮੀਆਂ ਨਾਲ ਗੁੱਸੇ ਹਨ। ਅਖੀਰ ਤੇ ਫੇਰ ਮੈਂ ਵੱਡੇ ਅਦਬ ਨਾਲ ਇਹ ਬੇਨਤੀ ਕਰਦਾ ਹਾਂ, ਕਿ ਏਹ ਜੋ ਖਿਆਲ ਤੁਹਾਨੂੰ ਕਿਸੇ ਦੀ ਉਕਸਾਹਟ ਨਾਲ ਪਏ ਹਨ, ਸਹੀ ਨਹੀਂ ਹਨ, ਤੇ ਛੇਤੀ ਹੀ ਉਹ ਸਮਾਂ ਆਵੇਗਾ ਕਿ ਸਚਾਈ ਦਾ ਪਤਾ ਲੱਗ ਜਾਵੇਗਾ।"

× × × × × ×

੧ ਅਪ੍ਰੈਲ ਨੂੰ ੧੪੫ ਦਫਾ ਵਾਲੇ ਮੁਕੱਦਮੇਂ ਦੀ ਤ੍ਰੀਕ ਅੰਮ੍ਰਿਤਸਰ ਭੁਗਤੀ ਤੇ ਅੱਗੇ ੧੧ ਅਪ੍ਰੈਲ ਦੀ ਪੇਸ਼ੀ ਪਈ। ੧੧ ਅਪ੍ਰੈਲ ਨੂੰ ਸਵੇਰੇ ਦਸ ਤੋਂ ਸ਼ਾਮ ਦੇ ੪॥ ਤੱਕ ਕਚਹਿਰੀ ਵਿਚ ਬੈਠ ਕੇ ਅੱਗੇ ੨੦ ਅਪ੍ਰੈਲ ਤਰੀਕ ਸੁਣਾਈ ਗਈ, ਜੋ ਕੇਵਲ ਹੈਰਾਨ ਤੇ ਖਰਾਬ ਕਰਨ ਤੋਂ ਸਿਵਾ ਕੁਛ ਭੀ ਨਾ ਸੀ।

੨ ਅਪ੍ਰੈਲ ਨੂੰ ਦੋ ਘੰਟੇ ਦੇ ਕਰੀਬ ਆਪ ਨੇ ਪਾਦਰੀ ਗਿਲਫੋਰਡ ਨਾਲ ਮੁਲਾਕਾਤ ਕੀਤੀ। ਅਫਸਰਾਂ ਤੇ ਆਮ ਲੋਕਾਂ ਵਲੋਂ ਆਪ ਵਲੋਂ ਪਾਦਰੀ ਸਾਹਿਬ ਦੇ ਦਿਲ ਵਿਚ ਪਾਈਆਂ ਹੋਈਆਂ ਬਹੁਤ ਗਲਤ ਫਹਿਮੀਆਂ ਦੂਰ ਹੋ ਗਈਆਂ ਤੇ ਬਹੁਤ ਸਾਰੇ ਭੁਲੇਖੇ ਹਟੇ।

ਗੁਰਦੁਆਰਾ ਬਿੱਲ ਪੇਸ਼ ਹੋਣ ਦੀ ਖਬਰ ਸੁਣ ਕੇ ਆਪ ਅਫਸੋਸ ਨਾਲ ੯ ਅਪ੍ਰੈਲ ਦਾ ਡਾਇਰੀ ਨੋਟ ਇਸਤਰ੍ਹਾਂ ਲਿਖਦੇ ਹਨ:–

"ਲਾਹੌਰ[illegible] ਬਿੱਲ ਪੇਸ਼ ਹੋਣ ਦਾ ਹਾਲ ਸੁਣ ਕੇ ਸ਼ੋਕ ਹੋਇਆ। ਪਤਾ[illegible]ੀ ਕਿਸਮਤ ਕੇਹੀ ਹੈ?"

ਇਸੇ [illegible] ਵਿਚ ਵਾਇਸਰਾਇ ਦੇ ਲਾਹੌਰ ਆਉਣ ਤੇ ਆਪ ਜੀ ਨੇ ਇਕ ਤਾਰ ਵਾਇਸ ਰਾਇ ਨੂੰ ੧੫ ਅਪ੍ਰੈਲ ੧੯੨੧ ਨੂੰ ਦਿਤਾ, ਤੇ ਉਸ ਦੀਆਂ ਕਾਪੀਆਂ ਪੰਜਾਬ ਲਾਟ, ਸਰ ਸੁੰਦਰ ਸਿੰਘ ਮਜੀਠਾ, ਅਖਬਾਰ ਟ੍ਰੀਬੀਊਨ, ਅਕਾਲੀ ਤੇ ਕੇਸਰੀ ਆਦਿਕਾਂ ਨੂੰ ਭੇਜੀਆਂ। ਤਾਰ ਦੀ ਨਕਲ ਇਸ ਤਰ੍ਹਾਂ ਹੈ:–



Digitized by Panjab Digital Library | www.panjabdigilib.org

Viceroy, Lahore.

Copy to :—

1. Governor. 2. S. Sunder Singh, 3. Tribune. 4. Akali. 5. Kaisari.

Heartly welcome you in Punjab Hope loyal sikhs lascerated hearts will be healed Gurdwaras management will be done according to the desire of sikh community sikh prisoners will be released full justice will be done to the sikhs love and sympathy at the hands of officials wanted repression will be relaxed. MOHAN SINGH. VAID.

---

ਇਸੇ ਦਿਨ ਡਾਕਟਰ ਕਰਤਾਰ ਸਿੰਘ ਜੀ ਰਾਵਲ ਪਿੰਡੀ–ਲਾਹੌਰ ਵਾਲੇ ਸ਼ਾਮ ਦੀ ਗੱਡੀ ਆਪ ਪਾਸ ਆਏ। ਆਪ ਅੱਗੇ ਭੀ ਦਵਾਈ ਵੈਦ ਜੀ ਪਾਸੋਂ ਲੈ ਜਾਂਦੇ ਸਨ।

ਵੈਦ ਜੀ ਦੀ ਵੈਦਕ ਸਿਆਣਪ ਦਾ ਇਹ ਹਾਲ ਸੀ, ਕਿ ਕਈ ਵੱਡੇ ਵੱਡੇ ਡਾਕਟਰ, ਹੈਲਥ ਆਫੀਸਰ ਤੇ ਸਿਵਲ ਸਰਜਨ ਤਕ ਆਪ ਪਾਸੋਂ ਸਲਾਹ ਪੁੱਛਦੇ ਤੇ ਔਕੜ ਵੇਲੇ ਆਪ ਦੀ ਦਵਾਈ ਵਰਤਦੇ ਸਨ।

---

ਪੰਥ ਸੇਵਕਾਂ ਦਾ ਅਫਸਰਾਂ ਵਲੋਂ ਅਪਮਾਨ ਤੇ ਉਨ੍ਹਾਂ ਦੀ ਸ਼ਹਿ ਨਾਲ ਸ਼ਰਾਰਤੀ ਸਗੋਂ ਭੂਏ ਹੋ ਤਰ੍ਹਾਂ ਤਰ੍ਹਾਂ ਦੇ ਉਪੱਦ੍ਰਵ ਕਰਨ ਲਗੇ। ਪੁਲਿਸ ਨਾਲ ਮਿਲਕੇ ਸ਼ਰਾਰਤਾਂ ਕਰਨ ਲੱਗੇ। ਜਣੇ ਖਣੇ ਪਤਵੰਤੇ ਦੀ ਬੇ ਇੱਜ਼ਤੀ ਹੋਣ ਲੱਗੀ। ਹਰ ਇਕ ਨੂੰ ਆਪਣੀ ਇੱਜ਼ਤ ਦਾ ਤੌਖਲਾ ਪੈ ਗਿਆ। ਵਿਰੋਧੀਆਂ ਨਾਲ ਹੋਰ ਅਨੇਕ ਸ਼ਹਿਰ ਦੇ ਸ਼ਰਾਰਤੀ ਰਲ ਗਏ। ਇਸ ਲਈ ਵੈਦ ਜੀ ੧੭ ਅਪ੍ਰੈਲ ਨੂੰ ਅੰਮ੍ਰਿਤਸਰ ਜਾ ਕੇ ਐਡੀਟਰ 'ਪੰਜਾਬ ਦਰਪਨ', 'ਪੰਥ ਸੇਵਕ' ਤੇ 'ਖਾਲਸਾ ਐਡਵੋਕੇਟ' ਅ[illegible] ਮਿਲੇ ਤੇ ਨਾਲੇ ਸ: ਬ: ਸੁੰਦਰ ਸਿੰਘ ਜੀ ਮਜੀਠੀਏ ਨੂੰ ਤਰਨ ਤਾਰ[illegible]ਾਰੀ ਹਾਲਤ ਦੱਸਕੇ ਯੋਗ ਪ੍ਰਬੰਧ ਕਰਨ ਲਈ ਬੇਨਤੀ ਕੀਤੀ। ਇ[illegible] ਸੰਬੰਧੀ ਆਪ ਨੇ ਇੱਕ ਪ੍ਰਾਈਵੇਟ ਚਿਠੀ ਸਰਦਾਰ ਬਹਾਦਰ ਸਰ ਸੁੰਦਰ ਸਿੰਘ ਜੀ ਮਜੀਠਾ ਨੂੰ ੨੧ ਅਪ੍ਰੈਲ ਸੰਨ ੧੯੨੧ ਨੂੰ ਲਾਹੌਰ ਦੇ ਪਤੇ ਤੇ ਰਜਿਸਟਰੀ ਕਰਾਈ। ਜੋ ਇਸਤਰਾਂ ਸੀ:–

"ਸ੍ਰੀ ਮਾਨ ਪਰਮ ਕ੍ਰਿਪਾਲੂ ਪੰਥ ਦਰਦੀ ਰਾਜਾ ਪਰਜਾ ਦੇ ਪਰਮ



Digitized by Panjab Digital Library | www.panjabdigilib.org

ਹਿਤਕਾਰੀ ਸ੍ਰਦਾਰ ਸਾਹਿਬ ਜੀ ਜੋਗ, ਦਾਸ ਵਲੋਂ ਦੋਇ ਕਰ ਜੋੜ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਪ੍ਰਵਾਨ ਹੋਵੇ।

ਬੇਨਤੀ ਹੈ ਕਿ ੧੩-੪-੨੧ ਨੂੰ ਜੋ ਚਿੱਠੀ ਪੰਜਾਬ ਗੁਰਨਮੈਂਟ ਵਲੋਂ ਸਿੱਖਾਂ ਦੇ ਸੰਬੰਧ ਵਿਚ ਨਿਕਲੀ ਹੈ ਏਸਨੂੰ ਪੜ੍ਹ ਕੇ ਭਰੋਸਾ ਹੁੰਦਾ ਹੈ ਕਿ ਸ੍ਰਕਾਰ ਵੱਲੋਂ ਸਿੱਖਾਂ ਦੀ ਤਰਸਯੋਗ ਹਾਲਤ ਵੱਲ ਕੁਝ ਧਿਆਨ ਹੋਵਣ ਲੱਗਾ ਤੇ ਸ਼ਾਇਦ ਹੁਣ ਕੁਝ ਸੁਨਵਾਈ ਹੋ ਜਾਵੇ! ਅਰ ਗੁਨਾਹਗਾਰਾਂ ਦੀ ਥਾਂ ਬੇ-ਗੁਨਾਹਾਂ ਤੇ ਸਖਤੀਆਂ ਕਰਨ, ਅਰਥਾਤ ਸਦਾ ਤਾਬਯਾਦਾਰ ਰਾਜ ਭਗਤ ਤੇ ਨਿੱਗਰ ਸੇਵਾ ਕਰਨ ਵਾਲੇ ਸਿੱਖਾਂ ਨੂੰ ਭੀ ਸਤਾ ਸਤਾ ਕੇ ਨਾਂ-ਮਿਲ ਵਰਤਨ ਦੇ ਰਸਤੇ ਪਾਵਣ ਵਲੋਂ ਰੋਕ ਕਰਨ ਦਾ ਧਿਆਨ ਕੀਤਾ ਜਾਵੇਗਾ। ਇਹ ਵਿਚਾਰ ਕੇ ਦਾਸ ਦੇ ਜੀ ਵਿੱਚ ਸ੍ਰੀ ਤਰਨ ਤਾਰਨ ਦੇ ਗੁਰ-ਸਿੱਖਾਂ ਵੱਲ ਸ੍ਰੀ ਹਜ਼ੂਰ ਲਾਟ ਸਾਹਿਬ ਜੀ ਦਾ ਧਿਆਨ ਦਿਵਾਵਨ ਵਾਸਤੇ ਵਲਵਲਾ ਉਠਿਆ, ਪਰ ਫੇਰ ਵਿਚਾਰ ਹੋਯਾ ਕਿ ਪਹਿਲੋਂ ਤੁਹਾਡੀ ਸੇਵਾ ਵਿਚ ਹੀ ਭੇਜਦਾ ਹਾਂ। ਜੇ ਪੜ੍ਹ ਕੇ ਹੁਕਮ ਕਰ ਭੇਜੋਗੇ ਕਿ ਕੋਈ ਹਰਜ ਨਹੀਂ ਤਦ ਪੱਤ੍ਰ ਭੇਜ ਦੇਣਾ ਜਾਂ ਜਿਸ ਤਰ੍ਹਾਂ ਯੋਗ ਹੋਵੇ। ਐਸ ਵੇਲੇ ਇਥੋਂ ਦੇ ਸੇਵਕ ਖਾਸ ਤਕਲੀਫਾਂ ਦੇ ਚੱਕਰ ਵਿੱਚ ਲਿਆਂਦੇ ਜਾ ਰਹੇ ਹਨ। ਜਿਸ ਦਿਨ (੨੨-੩-੨੧) ਤੋਂ ਸ੍ਰੀ ਤਰਨ ਤਾਰਨ ਡੀ. ਸੀ. ਨੇ ਆਮ ਲੋਕਾਂ ਤੇ ਸਾਰੇ ਮੁਕਾਮੀ ਅਫਸਰਾਂ ਦੇ ਸਾਹਮਣੇ ਸ੍ਰ: ਧਰਮ ਸਿੰਘ ਰਈਸ ਉਸਮਾਂ, ਦਾਸ (ਮੋ: ਸਿੰਘ ਵੈਦ) ਭਾਈ ਸੰਤ ਸਿੰਘ ਸਕੱਤ੍ਰ ਸਿੰਘ ਸਭਾ ਨੂੰ ਪੁਜਾਰੀਆਂ ਤੇ ਆਰੀਆਂ [illegible] ਨਾਲ ਡਾਢੇ ਅਯੋਗ ਵਾਕ ਕਹੇ, ਤੇ ਸਖਤੀ ਨਾਲ ਨੰਬਰਦਾਰ ਤੋ[illegible] ਦੀ ਕਾਲੀ ਪੱਗ ਉਤਰਵਾਈ ਤੇ ਆਖਯਾ ਕਿ "ਅਬ ਹਮ ਬੜੇ ਬੜੇ ਸਿੱਖ ਲੋਗੋਂ ਕੋ ਪਕੜੇਗਾ, ਅਬ ਤਕ ਹਮ ਛੋਟੇ ਛੋਟੇ ਸਿੱਖੋਂ ਕੋ ਪਕੜਤਾ ਰਹਾ ਹੈ, ਅਬ ਸਿੱਖ ਲੀਡਰੋਂ ਕੋ ਪਕੜੇਗਾ ਆਦਿਕ। ਤਹਿਸੀਲਦਾਰ ਸਾਹਿਬ! ਆਪ ਇਨਕੀ (ਸਾਡੀ ਸਭਨਾਂ ਦੀ) ਡਾਇਰੀ ਦੀਆ ਕਰੇਂ, ਹਮ ਇਨਕੋ ਪਕੜੇਗਾ।" ਉਸ ਦਿਨ ਤੋਂ ਸਿੱਖ ਸੇਵਕਾਂ ਤੇ ਗੁਪਤ ਪ੍ਰਗਟ ਸਖਤੀਆਂ ਹੋ ਰਹੀਆਂ ਹਨ। ਹਿੰਦੂ,ਮੁਸਲਮਾਨ ਤੇ ਪੁਜਾਰੀਆਂ



Digitized by Panjab Digital Library | www.panjabdigilib.org

ਨੂੰ ਚੰਗੇ ਜ਼ੋਰ ਨਾਲ ਪ੍ਰੇਰਿਆ ਜਾਂਦਾ ਹੈ ਕਿ ਜੋ ਭੀ ਜਾ ਬੇ ਜਾ ਵਤੀਰਾ ਸਿੱਖਾਂ ਤੇ ਕਰੜਾਈ ਕਰਨ ਦਾ ਹੋ ਸਕੇ, ਵਰਤੋ । ਹਰ ਹਫਤੇ ਕੋਈ ਨਾ ਕੋਈ ਸਿੱਖ ਵੱਡੀ ਕ੍ਰਿਪਾਨ ਬਦਲੇ (ਨਿਰੋਲ ਕ੍ਰਿਪਾਨ ਬਦਲੇ) ਫੜਿਆ ਜਾਂਦਾ ਹੈ। ੧੯-੩-੨੧ ਨੂੰ ਵੱਡੀ ਕ੍ਰਿਪਾਨ ਬਦਲੇ ਡੀ. ਸੀ. ਨੇ ਗੁਰਬਖਸ਼ ਸਿੰਘ ਨੂੰ ੨੫)ਜੁਰਮਾਨਾ ਕਰਕੇ ਕ੍ਰਿਪਾਨ ਜ਼ਬਤ ਕੀਤੀ । ੨੧-੩-੨੧ ਨੂੰ ਮੂਲ ਸਿੰਘ ਨੂੰ ੪ ਮਹੀਨੇ ਕੈਦ ਕੀਤਾ । ੯-੪-੨੧ ਨੂੰ ਸੁ: ਗੁਲਜ਼ਾਰ ਸਿੰਘ ਜਗੀਰਦਾਰ ਪੰਡੋਰੀ ਬੀਬੀ, ਜ਼ਿਲਾ ਹੁਸ਼ਿਆਰ ਪੁਰ ਸਟੇਸ਼ਨ ਤਰਨ ਤਾਰਨ ਤੇ ਕ੍ਰਿਪਾਨ ਵੱਡੀ ਬਦਲੇ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਭੇਜਯਾ,੧੧-੪-੨੧ ਨੂੰ ੫੦੦) ਦੀ ਜ਼ਮਾਨਤ ਤੇ ਛੁੱਟਾ । ੧੭-੪-੨੧ ਨੂੰ ਸੰਤਾ ਸਿੰਘ ਹਰਨਾਮ ਸਿੰਘ ਗੋਜਰੇ ਦਾ, ਸਟੇਸ਼ਨ ਤਰਨ ਤਾਰਨ ਤੇ ਡੇਢੁ ਫੁੱਟ ਦੇ ਕਰੀਬ ਦੀ ਕ੍ਰਿਪਾਨ ਬਦਲੇ ਗ੍ਰਿਫਤਾਰ ਕੀਤਾ ਆਦਿਕ । ਏਸੇ ਤਰ੍ਹਾਂ ਇਥੋਂ ਇਤਨੀਆਂ ਝੂਠੀਆਂ ਡਾਇਰੀਆਂ ਦਿੱਤੀਆਂ ਦੇ ਫਲ ਨਿਕਲ ਰਹੇ ਹਨ ਜੋ ਬਹੁਤ ਦੁਖ-ਦਾਈ ਹਨ । ਲੋੜ ਹੈ ਕਿ ਕੋਈ ਨ੍ਰਿਪੱਖ ਗੁਪਤ ਅਫਸਰ ਲਗਾ ਕੇ ਪੜਤਾਲ ਕਰਾਈ ਜਾਵੇ । ਬਹੁਤ ਸਾਰੀਆਂ ਪੈ ਦਰ ਪੈ ਪੁਜਾਰੀ ਪਾਰਟੀ ਵੱਲੋਂ ਝੂਠੀਆਂ ਬੇ ਬੁਨਿਆਦ ਅਰਜ਼ੀਆਂ ਪੈ ਰਹੀਆਂ ਹਨ । ੧੧-੪-੨੧ ਦੀ ਰਾਤ ਪੁਜਾ-ਰੀਆਂ ਦੇ ਮਕਾਨਾਂ ਤੋਂ ਚੌਂਕੀ ਸਾਹਿਬ ਨਾਲ ਜਾਂਦੀ ਸੰਗਤ ਤੇ ਇੱਟਾਂ ਪਈਆਂ। ਸਿੱਖਾਂ ਦੇ ਮਸੂਮ ਬੱਚਿਆਂ ਤੇ ਹਮਲੇ ਕੀਤੇ ਜਾ ਰਹੇ ਹਨ । ਤਰਨ ਤਾਰਨ ਵਿੱਚ ਹਰ ਸੀਗੇ ਦੇ ਅਫਸਰਾਂ ਵੱਲੋਂ ਸਖਤੀਆਂ ਹੋ ਰਹੀਆਂ ਹਨ । ਦਾਸ ਦੇ ਜ਼ਹਿਰਾਂ ਦੇ ਰਜਿਸਟਰ ੧੩ ਸਾਲ ਤੋਂ ਗੁਰਮੁਖੀ ਵਿੱ[illegible]ਦੇ ਕਿਸੇ ਅਫਸਰ ਨੇ ਇਤਰਾਜ਼ ਨਹੀਂ ਕੀਤਾ, ਪਰ ਹੁਣ ਐਕਸ[illegible]ਨਸਪੈਕਟਰ ਨੇ ਤਹਿਰੀਰੀ ਹੁਕਮ ਦਿੱਤਾ ਹੈ ਕਿ "ਰਜਿਸਟਰ ਉਰਦੂ ਜਾਂ ਅੰਗ੍ਰੇਜ਼ੀ ਵਿਚ ਰੱਖੋ ਨਹੀਂ ਤੇ ਲੈਸੰਸ ਜ਼ਬਤ ਕੀਤਾ ਜਾਵੇਗਾ" ਇਸਤਰ੍ਹਾਂ ਭਾਈ ਸੰਤ ਸਿੰਘ ਦਾ ਲੈਸੰਸ ਅਸ਼ਟਾਮ ਜ਼ਬਤ ਕੀਤਾ ਗਿਆ ਹੈ । ਸਬ ਇਨਸਪੈਕਟ੍ਰ ਦੀ ਰਪੋ-ਰਟ ਤੇ ਕਿ "ਸੰਤ ਸਿੰਘ ਗੈਰ ਹਾਜ਼ਰ ਰਹਿੰਦਾ ਹੈ" । ਹਾਲਾਂ ਕਿ ਸੰਤ ਸਿੰਘ ਦੀ ਵਿੱਕਰੀ ਬਾਕੀ ਸਾਰੇ ੩ ਲੈਸੰਸਦਾਰਾਂ ਦੇ ਮੁਕਾਬਲੇ ਤੇ ਵੱਧ ਹੈ ਅਰਥਾਤ



Digitized by Panjab Digital Library | www.panjabdigilib.org

ਤਿੰਨ ਜਣਿਆਂ ਜਿੰਨੀ ਏਸ ਇਕੱਲੇ ਦੀ ਹੈ ਤੇ ਰਜਿਸਟਰ ਤੋਂ ਪਤਾ ਲੱਗ ਸਕਦਾ ਹੈ ਕਿ ਕੋਈ ਨਾਵਾਜਬ ਗੈਰ ਹਾਜ਼ਰੀ ਨਹੀਂ ਹੈ।

ਪੁਜਾਰੀਆਂ ਵੱਲੋਂ ਨਿੱਤ ਬੇ ਜਾ ਧਮਕੀਆਂ ਦਿੱਤੀਆਂ ਤੇ ਦਬਾ ਦਬ ਦਾਹਵੇ ਹੋ ਰਹੇ ਹਨ। ਭਾਵੇਂ ਇਨਸਾਫ ਭੀ ਕੋਈ ਚੀਜ਼ ਹੈ ਤੇ ਜ਼ਰੂਰ ਹੋਵੇਗਾ ਪਰ ਹਾਲਾਂ ਸੋ ਸੋ ਸਿੱਖਾਂ ਦਾ ਤ੍ਰੀਕਾਂ ਤੇ ਰੁਲਾਨਾ ਇੱਕ ਇੱਕ ਹਫਤੇ ਦੀ ਤ੍ਰੀਕ ਪੈਕੇ ਸ੍ਵੇਰ ਤੋਂ ਸਦੇ ਜਾਕੇ ਸ਼ਾਮ ਨੂੰ ਨਵੀਂ ਤ੍ਰੀਕ ਪੈ ਜਾਣੀ। ਖੱਜਲ ਖਰਾਬ ਹੋਣ ਦੀ ਲਹਿਰ। ਜੇ ਅਫਸਰ ਜ਼ਰਾ ਭੀ ਇਨਸਾਫ ਵਰਤਣ ਤਾਂ ਏਹ ਪੁਜਾਰੀਆਂ ਦੀ ਸ਼ਰਾਰਤ ਦੀ ਲਹਿਰ ਇਕ ਦਮ ਰੁੱਕ ਸਕਦੀ ਹੈ। ਡੀ. ਸੀ. ਨੇ ਕਿਹਾ ਸੀ 'ਮੌਜੂਦਾ ਅਕਾਲੀ ਵਿਚੋਂ ਕੱਢ ਦੇਵੋ ਤਾਂ ਗੁੱਸਾ ਹਟੇਗਾ' ਸੋ ਹੁਣ ਕੱਲ ਤੋਂ ਸੇਵਾ ਭੀ ਸ੍ਰਗੋਧੇ ਦੇ ਕਿਰਤੀ ਸਿੱਖਾਂ ਦੇ ਸਪੁਰਦ ਸ਼ਿਰੋਮਣੀ ਕਮੇਟੀ ਵਲੋਂ ਕੀਤੀ ਜਾਣ ਦਾ ਪ੍ਰਬੰਧ ਹੋ ਗਿਆ ਹੈ।

ਏਥੋਂ ਦੇ ਸਾਰੇ ਅਫਸਰ ਇ: ਮ:, ਅ: ਮਾਲ, ਤਾ: ਦਾ:, ਮੁਨਸਫ: ਪੁ: ਇੰਸਪੈ: ਥਾਨੇਦਾਰ—ਨਾਇਬ ਥਾਨੇਦਾਰ ਆਦਿਕ ਸਭ ਦੇ ਸਭ......ਤੇ ੧ ਹੋਰ ਬੇ ਲੋੜਾ ਸਪੈਸ਼ਲ ਮਜਿਸਟਰੇਟ ਖਾਸ ਤਰਨ ਤਾਰਨ ਲਗਾਵਨ ਦੀ ਤਜਵੀਜ਼ ਹੋਈ ਹੈ, ਜਿਸ ਦਾ ਕੰਮ ਕੇਵਲ ਡਾਇਰੀਆਂ ਦੇਣਾ ਹੀ ਹੋਵੇਗਾ ਆਦਿਕ।

ਏਥੋਂ ਦੇ ਲੋਕ ਖਾਸ ਕਰ ਸਿੱਖ ਇਤਨੇ ਡਰੂ ਹਨ ਕਿ ਦੁਨੀਆਂ ਵਿਚ ਏਤਨੀਆਂ ਹੜਤਾ[illegible] ਹੋ ਰਹੀਆਂ ਹਨ ਏਥੇ ਕੁਝ ਨਹੀਂ। ਤਾਜ਼ੀਰੀ ਪੁਲੀਸ ਦਾ ਤਾਵਾਨ [illegible]ਸੂਲ ਹੋ ਰਿਹਾ ਹੈ ਕਦੇ ਕਿਸੇ ਉਜ਼ਰ ਤਕ ਨਹੀਂ ਕੀਤਾ। ਅਫਸ[illegible]ੀ ਭਾਵੇਂ ਕਿੰਨੀਆਂ ਸਖਤੀਆਂ ਕਰਨ ਕਦੇ ਕਿਸੇ ਸ਼ਕਾਇਤ ਤਕ ਨਹੀਂ [illegible]ੀਤੀ। ਇਕ ਅਫਸਰ ਕਿਹਾ ਕਰਦੇ ਸਨ ਕਿ ਤਰਨਤਾਰਨ ਦੇ ਵਾਸੀ(ਪੁ: ਤੋਂ ਬਿਨਾਂ) ਜੁਲਾਹਿਆਂ ਵਰਗੇ ਹਨ। ਸ੍ਰੀ ਮਾਨ ਮਿਸਟ੍ਰ ਕਿੰਗ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ। ਏਥੋਂ ਦੀ ਹਾਲਤ ਵੱਲ ਸ੍ਰੀ ਹਜ਼ੂਰ ਲਾਟ ਸਾਹਿਬ ਬਹਾਦਰ ਜਾਂ ਜ਼ਿੰਮੇਵਾਰ ਅਫਸਰਾਂ ਦਾ ਧਿਆਨ ਹੋਵਣ ਦੀ ਬੜੀ ਹੀ ਲੋੜ ਹੈ। ਅਜੇ ਤਕ ਅਖਬਾਰਾਂ ਵਿੱਚ ਭੀ ਲਿਖਣ ਤੋਂ ਸੰਕੋਚ ਹੈ, ਅੱਤ



Digitized by Panjab Digital Library | www.panjabdigilib.org

ਕਦੋਂ ਤਕ ਸੰਭਲੀ ਰਹੇਗੀ। ਯੋਗ ਕ੍ਰਿਪਾਲਤਾ ਕਰੋ।"

੨੫ ਅਪ੍ਰੈਲ ਨੂੰ ਹੋਰ ਅਨੇਕ ਸਾਥੀਆਂ ਸਮੇਤ ਆਪ ਨੂੰ ਪੁਜਾਰੀਆਂ ਦੇ ਮੁਕੱਦਮਿਆਂ ਦੇ ਸੰਬੰਧ ਵਿੱਚ ਥਾਨੇ ਸੱਦਿਆ ਗਿਆ। ਸਾਰੇ ਹਾਜ਼ਰ ਨਾ ਹੋਣ ਕਰਕੇ ੩੦ ਅਪ੍ਰੈਲ ਤਰੀਕ ਪਈ।

੨੯ ਅਪ੍ਰੈਲ ਨੂੰ ਸ੍ਰੀ ਤਰਨ ਤਾਰਨ ਗੁਰਦੁਆਰੇ ਦੇ ਪ੍ਰਬੰਧ ਵਾਸਤੇ ਅੰਮ੍ਰਿਤਸਰ ਤੋਂ ਪ੍ਰੋਫੈਸਰ ਤੇਜਾ ਸਿੰਘ ਜੀ, ਬਾਵਾ ਹਰਿ ਕਿਸ਼ਨ ਸਿੰਘ ਜੀ ਤੇ ਮਾਸਟਰ ਤਾਰਾ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ ਏਥੇ ਆਏ। ਏਥੇ ਆਕੇ ਨੌਰੰਗਾ ਬਾਦ ਗੁਰਦੁਆਰੇ ਦਾ ਰੌਲਾ ਸੁਣਿਆ, ਓਥੇ ਮਹੰਤ ਨੇ ਮੁੜ ਗੁਰ-ਦਵਾਰੇ ਅਤੇ ਹੋਰ ਜਾਇਦਾਦ ਤੇ ਕਬਜ਼ਾ ਕਰ ਲਿਆ ਸੀ। ਵੈਦ ਜੀ ਨੂੰ ਨਾਲ ਲੈਕੇ ਨੌਰੰਗਾਬਾਦ ਪੁੱਜੇ ਅਤੇ ਝਗੜਾ ਹੋਣ ਤੋਂ ਬਚਾਇਆ।

੧ ਮਈ ਨੂੰ ਸ਼ਾਮ ਵੇਲੇ ਥਾਨੇ ਗਏ ਤੇ ਪੁਜਾਰੀਆਂ ਵਾਲੇ ਮੁਕੱਦਮੇ ੩੦੭-੧੦੭ ਦਫਾ ਵਾਲੇ ਬਾਰੇ ਪੁਲਿਸ ਇੰਨਸਪੈਕਟਰ ਪਾਸ ਬਿਆਨ ਦਿੱਤੇ। ਹੋਰ ਭੀ ੨੫ ਕੁ ਆਦਮੀ ਨਾਲ ਸਨ।

੧੪ ਮਈ ੧੯੨੧ ਨੂੰ ਫੇਰ ਸਕੱਤ੍ਰ ਸ਼੍ਰੋ: ਕਮੇਟੀ ਆਏ ਤੇ ਦਰਬਾਰ ਸਾਹਿਬ ਜੀ ਦੇ ਪ੍ਰਬੰਧ ਬਾਰੇ ਢੇਰ ਚਿਰ ਵਿਚਾਰਾਂ ਕਰਦੇ ਰਹੇ। ਆਪ ਜੀ ਨੇ ਜੋ ਜੋ ਵਿਚਾਰ ਯੋਗ ਤਜਵੀਜ਼ਾਂ ਪੇਸ਼ ਕੀਤੀਆਂ, ਉਹ ਸਾਰੀਆਂ ਹੀ ਮੰਨਣ ਯੋਗ ਸਨ, ਸ੍ਵੀਕਾਰ ਕੀਤੀਆਂ ਗਈਆਂ। ਇਹ ਗੱਲ ਵਧੀਕ ਫੁਲਾਉਣੀ ਨਹੀਂ ਹੋਵੇਗੀ ਕਿ ਅੰਮ੍ਰਿਤਸਰ ਵਿੱਚ ਆਪ ਇੱਕੋ ਸਿੱ[illegible] ਆਦਮੀ ਸਨ, ਜਿਨ੍ਹਾਂ ਪਾਸੋਂ ਸ਼੍ਰੋ: ਕਮੇਟੀ ਦੇ ਖਾਸ ਜ਼ਿੰਮੇਵਾਰ ਸੱਜਣ [illegible]ਲਾਹ ਪੁੱਛਕੇ ਲਾਭ ਉਠਾਉਂਦੇ ਸਨ। ਤੇ ਆਪ ਭੀ ਹਮੇਸ਼ਾਂ ਹੀ ਮ[illegible]ਨਿਰਪੱਖ, ਪੰਥ ਭਲਾਈ, ਇਨਸਾਫ, ਤੇ ਰਾਜਾ ਪ੍ਰਜਾ ਦੋਹਾਂ ਦੇ ਲਾਭ ਵਾ[illegible] ਦੂਰੰਦੇਸ਼ੀ ਭਰੀ ਵਿਚਾਰ ਪੇਸ਼ ਕੀਤਾ ਕਰਦੇ ਸਨ।

੧੫ ਮਈ ਨੂੰ ਫੇਰ ਸਵੇਰੇ ਹੀ ਮਾਸਟਰ ਤਾਰਾ ਸਿੰਘ ਜੀ ਤੇ ਸ੍ਰ: ਖੜਕ ਸਿੰਘ ਜੀ ਸਲਾਹ ਪੁੱਛਣ ਆਏ। ਢੇਰ ਚਿਰ ਵਿਚਾਰਾਂ ਹੁੰਦੀਆਂ ਰਹੀਆਂ ਜੋ ਕੇਵਲ ਦਰਬਾਰ ਸਾਹਿਬ ਜੀ ਵਾਸਤੇ ਹੀ ਸਨ।



Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤਰਨ ਤਾਰਨ ਦੇ ਹੈਡ ਮਾਸਟਰ ਸ੍ਰਃ ਮਤਾਬ ਸਿੰਘ ਜੀ ਉੱਤੇ ਆਪ ਦਾ ਬੜਾ ਸਨੇਹ ਸੀ, ਤੇ ਆਪ ਹੀ ਹੈਡ ਮਾਸਟਰ ਸਾਹਿਬ ਜੀ ਨੂੰ ਲਿਆਏ ਸਨ। ਕਈ ਕਾਰਣਾਂ ਕਰਕੇ ਹੈਡ ਮਾਸਟਰ ਜੀ ਏਥੋਂ ਉਦਾਸ ਹੋ ਗਏ। ਤੇ ਮੱਲੋ ਮੱਲੀ ਗੁਜਰਖਾਨ ਜਾਣ ਲਈ ਤਿਆਰ ਹੋ ਗਏ। ਇਸ ਲਈ ੧੭ ਮਈ ਨੂੰ ਮਾਸਟਰ ਜੀ ਨੂੰ ਪਾਰਟੀ ਦਿੱਤੀ ਤੇ ੧੮ ਮਈ ਨੂੰ ਆਪ ਵਿਦਾ ਹੋਕੇ ਗੁੱਜਰਖਾਨ ਚਲੇ ਗਏ। ਪਰ ਆਪ ਗੁਜਰਖਾਨ ਟਿਕ ਨਾ ਸਕੇ ਤੇ ਕੇਵਲ ਤਿੰਨਾਂ ਹਫਤਿਆਂ ਵਿੱਚ ਹੀ ਹਸਰਤ ਭਰੇ ਦਿਲ ਨਾਲ ਵਾਪਸ ਆ ਗਏ। ਵੈਦ ਜੀ ਨੇ ਮੁੜਿ ਆਪ ਨੂੰ ੧੦ ਜੂਨ ਨੂੰ ਓਵੇਂ ਹੀ ਚਾਰਜ ਦਿਵਾ ਦਿੱਤਾ।

× × × × × ×

ਪਿਛਲਾ ਡਿਪਟੀ ਕਮਿਸ਼ਨਰ ਹੁਣ ਬਦਲ ਚੁੱਕਾ ਸੀ। ਉਸਦੀ ਬਦਲੀ ਦਾ ਕਾਰਣ ਉਸਦੀ ਤੁਰਸ਼ ਤਬੀਅਤ ਭੀ ਸੀ ਉਸਦੀ ਜਗ੍ਹਾ ਹੁਣ ਮਿਸਟਰ ਡੈਨੇਟ ਡੀ. ਸੀ. ਅਮ੍ਰਿਤਸਰ ਹੋਕੇ ਆਏ। ੭ ਜੂਨ ਨੂੰ ਡੀ. ਸੀ. ਦੀ ਵੈਦ ਜੀ ਨਾਲ ਦੋਬਾਰਾ ਤਰਨ ਤਾਰਨ ਮੁਲਾਕਾਤਹੋਈ।ਸ੍ਰੀ ਦਰਬਾਰ ਸਾਹਿਬ ਸ਼ਹਿਰ,ਮਿਉਨੀਸੀਪਲ ਕਮੇਟੀ ਆਦਿ ਸੰਬੰਧੀ ਖੂਬ ਖੁਲ੍ਹਕੇ ਵਿਚਾਰਾਂ ਹੋਈਆਂ।

੧੯ ਜੂਨ ੧੯੨੧ ਨੂੰ ਆਪ ਦੇ ਵੱਡੇ ਸਪੁੱਤ੍ਰ ਸ੍ਰ: ਤ੍ਰਿਲੋਕ ਸਿੰਘ ਦਾ ਸ਼ੁਭ ਅਨੰਦ ਕਾਰਜ ਨੀਯਤ ਹੋਇਆ। ਬਰਾਤ ਰਾਜਾਸਾਂਸੀ ਜ਼ਿਲਾ ਅੰਮ੍ਰਿਤਸਰ ਗਈ,ਤੇ ਗੁਰਮੁਖ ਪਿਆਰੇ ਸ੍ਰ: ਹਰਨਾਮ ਸਿੰਘ ਜੀ ਦੀ ਸਪੁੱਤ੍ਰੀ ਨਾਲ ਪੂਰਨ ਗੁਰਮਤ ਨਾਲ [illegible] ਕਾਰਜ ਹੋਇਆ। ਇਹ ਗੁਰ ਸਿੱਖੀ ਰੀਤ ਅਨੁਸਾਰ ਇੱਕ ਆਦਰਸ਼ [illegible] ਕਿਹਾ ਜਾ ਸਕਦਾ ਹੈ।

ਉਸ ਸ[illegible] ਦੇ ੨੯ ਜੂਨ ੧੯੨੧ ਦੇ ਪ੍ਰਸਿੱਧ ਪੰਥਕ ਅਖਬਾਰ 'ਪੰਥ ਸੇਵਕ' ਜਿਲਦ ੮ ਨੰਬਰ ੧੧ ਦੇ ਸਫਾ ੨ ਕਾਲਮ ੪, ਵਿੱਚ ਇੱਕ ਨਿੱਕਾ ਜੇਹਾ ਨੋਟ ਪ੍ਰਕਾਸ਼ਤ ਹੋਇਆ ਹੈ, ਜਿਸ ਤੋਂ ਇਸ ਆਨੰਦ ਕਾਰਜ ਬਾਰੇ ਸਾਦਗੀ, ਗੁਰਮੁਖਤਾ ਤੇ ਕਹਿਣੀ ਕਰਨੀ ਦਾ ਪੂਰਾ ਪੂਰਾ ਪਤਾ ਲਗਦਾ ਹੈ। ਨੋਟ ਇਸ ਤਰ੍ਹਾਂ ਹੈ:-



Digitized by Panjab Digital Library | www.panjabdigilib.org

## ਰਾਜਾ ਸਾਂਸੀ ਵਿੱਚ ਸ਼ੁਭ ਅਨੰਦ ਵਿਵਾਹ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ (ਮੀਰੀ ਪੀਰੀ ਦੇ ਬਖਸ਼ਿੰਦ ਸਤਿ-ਗੁਰੂ) ਦੇ ਅਵਤਾਰ ਧਾਰਨ ਵਾਲੇ ਦਿਨ ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਦੇ ਸਪੁਤ੍ਰ ਭਾਈ ਤ੍ਰਿਲੋਕ ਸਿੰਘ ਦਾ ਅਨੰਦ ਕਾਰਜ ਸ੍ਰੀ ਮਾਨ ਭਾਈ ਹਰਨਾਮ ਸਿੰਘ ਜੀ ਸਕੱਤਰ ਸ੍ਰੀ ਗੁਰੂ ਸਿੰਘ ਸਭਾ ਰਾਜਾ ਸਾਂਸੀ ਦੀ ਸਪੁਤ੍ਰੀ ਨਾਲ ਹੋਯਾ। ਸਾਦਗੀ ਤੇ ਗੁਰੂ ਮਰਯਾਦਾ ਦਾ ਨਿਰਬਾਹ ਵੇਖਣਯੋਗ ਸੀ। ਏਥੋਂ ਤਕ ਕਿ ਘੋੜੀ ਤੇ ਡੋਲੀ ਭੀ ਨਹੀਂ ਵਰਤੀ ਗਈ। ਲਾੜੇ ਨੇ ਖੱਦਰ ਦੇ ਕਪੜੇ ਪਾਏ ਹੋਏ ਤੇ ਸਿਰ ਤੇ ਕਾਲਾ ਦਸਤਾਰਾ ਬੰਨਿਆ ਹੋਯਾ ਸੀ। ਏਸੇ ਤਰ੍ਹਾਂ ਬੀਬੀ ਨੇ ਭੀ ਕਾਲਾ ਦੁਪੱਟਾ ਹੀ ਸਜਾ ਰਖਿਆ ਸੀ। ਵੱਡੀ ਗੱਲ ਇਹ ਸੀ ਕਿ ਦਸ਼ਮੇਸ਼ ਪਿਤਾ ਜੀ ਦੀ ਆਗਯਾ ਅਨੁਸਾਰ ਬੀਬੀ ਜੀ ਦੇ ਨੱਕ ਕੱਨ ਬਿਲਕੁਲ ਨਹੀਂ ਵਿੰਨ੍ਹੇ ਗਏ ਜੋ ਮਾਤਾ ਪਿਤਾ ਦੀ ਖਾਸ ਕ੍ਰਿਪਾਲਤਾ ਹੈ। ਬਰਾਤ ਸ਼ਬਦ ਕੀਰਤਨ ਕਰਦੀ ਹੋਈ ਗਈ ਸੀ। ਕੋਈ ਵਿਖਾਲਾ ਜਾਂ ਪਖੰਡ ਨਹੀਂ ਦੇਖਿਆ ਗਿਆ। ਸੰਗਤ ਦੀ ਸੇਵਾ ਸੋਭਾ ਯੋਗ ਸੀ। ਵਾਹਿਗੁਰੂ ਐਸੀਆਂ ਸੁਭਾਗ ਜੋੜੀਆਂ ਨੂੰ ਚਿਰੰਜੀਵ ਕਰੇ। ਅਸੀਂ ਭਾਈ ਮੋਹਨ ਸਿੰਘ ਜੀ ਵੈਦ ਤਥਾ ਭਾਈ ਹਰਨਾਮ ਸਿੰਘ ਜੀ ਨੂੰ ਬਹੁਤ ਬਹੁਤ ਵਧਾਈਆਂ ਦਿੰਦੇ ਹਾਂ।

੩ ਜੁਲਾਈ ਨੂੰ ਆਪ ਨੂੰ, ਤਹਿਸੀਲਦਾਰ ਨੇ ਬੁਲਵਾ ਭੇਜਿਆ ਤੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਪ੍ਰਬੰਧ ਬਾਬਤ ਬਹੁਤ ਸਲਾਹਾਂ ਪੁੱਛੀਆਂ।

੪ ਜੁਲਾਈ ਨੂੰ ਆਪ ਸ੍ਰੀ ਅੰਮ੍ਰਿਤਸਰ ੧੪੮ ਦਫਾ ਦੇ ਮੁਕੱਦਮੇ ਬਾਬਤ ਪੇਸ਼ੀ ਭੁਗਤਣ ਗਏ। ਆਪ ਲਿਖਦੇ ਹਨ ਕਿ [illegible] ਪ੍ਰੇਮ ਉਤ-ਸ਼ਾਹ ਵਰਧਕ ਤੇ ਪੁਲਿਸ ਦਾ ਵਤੀਰਾ ਡਾਢਾ ਸ਼ੋਕ ਦਾ[illegible]ਸੀ।

ਪੰਜਾਬੀ ਪ੍ਰਚਾਰ ਦਾ ਖਿਆਲ ਆਪ ਨੂੰ ਸੁਫਨੇ ਵਿੱਚ ਭੀ ਲੱਗਾ ਰਹਿੰਦਾ ਸੀ। ਜਦ ਕਦੇ ਕਿਤੇ ਭੀ ਆਪ ਜਾਂਦੇ ਪੰਥ ਉੱਨਤੀ ਤੇ ਪੰਜਾਬੀ ਦਾ ਖਿਆਲ ਜ਼ਰੂਰ ਰੱਖਦੇ। ੮ ਜੁਲਾਈ ਨੂੰ ਆਪ ਜਥੇਦਾਰ ਕਰਤਾਰ ਸਿੰਘ ਦੀ ਗਵਾਹੀ ਦੇਣ ਲਈ ਲਾਹੌਰ ਗਏ ਤੇ ਨਾਲ ਹੀ ੫੦ ਪੁਸਤਕਾਂ ਸ੍ਵਦੇਸ਼ ਭਾਸ਼ਾ



Digitized by Panjab Digital Library | www.panjabdigilib.org

ਪ੍ਰਚਾਰਕ ਲੜੀ ਦੀਆਂ ਲੈ ਗਏ, ਜੋ ਬੋਰਸਟਲ ਜੇਲ ਦੀ ਲਾਇਬਰੇਰੀ ਲਈ ਭੇਟਾ ਕੀਤੀਆਂ ।

੯ ਜੁਲਾਈ ਨੂੰ ਦਫਾ ੧੪੫ ਦਾ ਮੁਕੱਦਮਾ ਆਪ ਦੇ ਹੱਕ ਵਿੱਚ ਹੋਇਆ। ਆਪ ਡਾਇਰੀ ਵਿੱਚ ਲਿਖਦੇ ਹਨ:-

"੧੪੫ ਦਾ ਫੈਸਲਾ ਗੁਰੂ ਪੰਥ ਦੇ ਹੱਕ ਵਿੱਚ ਹੋਯਾ ਸੁਣਕੇ ਸ਼ੁਕਰ ਕਰ ਵਾਪਸ ਤਰਨ ਤਾਰਨ ਪਹੁੰਚਾ ।"

੧੭ ਜੁਲਾਈ ਨੂੰ ਫੇਰ ਤਰੀਕ ਭੁਗਤਣ ਅੰਮ੍ਰਿਤਸਰ ਗਏ । ਅੱਜ ਖਾਸ ਤੌਰ ਨਾਲ ਐਤਵਾਰ ਨੂੰ ਭੀ ਮਿਸਟਰ ਕਾਨਰ ਨੇ ਕਚਹਿਰੀ ਕੀਤੀ।

੨੩ ਜੁਲਾਈ ਸ਼ਾਮ ਨੂੰ ਜੀਵਣ ਸਿੰਘ ਸ਼ਾਹੂਕਾਰ ਦੀ ਕੋਠੀ ਕਾਂਗ੍ਰਸ ਕਮੇਟੀ ਦੀ ਮੀਟਿੰਗ ਹੋਈ। ਆਪ ਭੀ ਉਸ ਵਿੱਚ ਸ਼ਾਮਲ ਹੋਏ। ਸ੍ਵਦੇਸ਼ੀ ਪ੍ਰਚਾਰ ਤੇ ਸ਼ਰਾਬ ਬੰਦ ਕਰਨ ਵਿੱਚ ਹਿੱਸਾ ਲਿਆ।

੪ ਅਗਸਤ ਤੋਂ ੧੫ ਅਗਸਤ ਤੱਕ ਆਪ ਨੇ ਸ਼ਿਮਲਾ ਪਹਾੜ ਤੇ ਉਸਦੇ ਆਸ ਪਾਸ ਦੀ ਸੈਰ ਕੀਤੀ।

੨੦ ਅਗਸਤ ਨੂੰ ਫੇਰ ਮਿਸਟਰ ਕਾਨਰ ਦੀ ਕਚਹਿਰੀ ਅੰਮ੍ਰਿਤਸਰ ਵਿੱਚ ਹਾਜ਼ਰ ਹੋਏ। ਅਗਲੀ ਪੇਸ਼ੀ ੧੦ ਸਤੰਬਰ ਪਈ। ੨॥ ਤੋਂ ੫ ਬਜੇ ਤੱਕ ਆਪ ਡਿਸਟ੍ਰਿਕਟ ਕਾਂਗ੍ਰਸ ਕਮੇਟੀ ਦੀ ਜਨਰਲ ਕਮੇਟੀ ਵਿੱਚ ਸ਼ਾਮਲ ਹੋਏ।

੨੭ [illegible]ਤ ਨੂੰ ਆਪ ਨੇ ਸ੍ਰੋ: ਗੁ: ਕਮੇਟੀ ਤੇ ਚੀਫ ਖਾਲਸਾ ਦੀਵਾਨ ਦੀਅ[illegible]ਗਾਂ ਵਿੱਚ ਹਿੱਸਾ ਲਿਆ।

੩ ਸ[illegible] ਨੂੰ ਆਪ ਜੀ ਪਾਸ ਸ੍ਰਦਾਰ ਬਹਾਦਰ ਸ੍ਰ: ਮਤਾਬ ਸਿੰਘ ਜੀ ਬੈਰਿਸਟਰ ਸਕੱਤ੍ਰ ਸ਼੍ਰੋ: ਗੁ: ਪ੍ਰ: ਕਮੇਟੀ ਆਏ ਤੇ ਸ੍ਰੀ ਦਰਬਾਰ ਸਾਹਿਬ ਸੰਬੰਧੀ ਢੇਰ ਚਿਰ ਵਿਚਾਰਾਂ ਕਰਦੇ ਰਹੇ।

ਸਾਲਸੀ ਫੈਸਲਿਆਂ ਵਿੱਚ ਆਮ ਤੌਰ ਤੇ ਆਪ ਨੂੰ ਬਹੁਤ ਸੱਦਿਆ ਜਾਂਦਾ ਸੀ ਕਿਉਂਕਿ ਆਪ ਸਦਾ ਸੱਚਾ ਤੇ ਨਿਰਪੱਖ ਫੈਸਲਾ ਕਰਦੇ ਸਨ।



Digitized by Panjab Digital Library | www.panjabdigilib.org

ਸ੍ਰੀ ਮਾਨ ਭਾਈ ਗੁਰਮੁਖ ਸਿੰਘ ਜੀ *ਅੰਮ੍ਰਿਤਸਰ ਵਿੱਚ ਮਸ਼ਹੂਰ ਸਾਲਸ ਮੰਨੇ ਹੋਏ ਸਨ, ਪਰ ਉਨ੍ਹਾਂ ਦੇ ਫੈਸਲਿਆਂ ਨੂੰ ਭੀ ਆਪ ਜਾਇਆ ਕਰਦੇ ਸਨ। ੧੩ ਸਤੰਬਰ ੧੯੨੧ ਨੂੰ ਆਪ ਨੇ ਭਾਈ ਗੁਰਮੁਖ ਸਿੰਘ ਜੀ ਤੇ ਭਾ: ਸੁੰਦਰ ਸਿੰਘ ਜੀ ਦੀ ਸੁਲਹ ਕਰਵਾਈ।

ਸ੍ਰੀ ਖਡੂਰ ਸਾਹਿਬ ਗੁਰਦੁਆਰੇ ਵਿੱਚ ਬਾਵਿਆਂ ਤੇ ਅਕਾਲੀਆਂ ਦੀ ਖਟਾ ਪਟੀ ਹੋ ਗਈ। ਸ੍ਰੋ: ਗੁ: ਪ੍ਰ: ਕਮੇਟੀ ਵੱਲੋਂ ਆਪ ਨੂੰ ਇਸ ਨਿਪ-ਟਾਰੇ ਲਈ ਚੁਣਿਆ। ੧੮ ਸਤੰਬਰ ਨੂੰ ਆਪ ਨੇ ਦੁਪਾਸੜ ਹਾਲਾਤ ਸੁਣ ਕੇ ਖਡੂਰ ਸਾਹਿਬ ਦੋਹਾਂ ਧਿਰਾਂ ਦਾ ਤਸੱਲੀ ਬਖਸ਼ ਫੈਸਲਾ ਕਰਵਾਇਆ ਤੇ ਰਾਤ ਦੇ ੯॥ ਬਜੇ ਵਾਪਸ ਪੁੱਜੇ।

੨੩ ਸਤੰਬਰ ਨੂੰ ਮਿਉਂਨਸੀਪਲ ਕਮੇਟੀ ਦੀ ਮੀਟਿੰਗ ਵਿੱਚ ਦਰ-ਬਾਰ ਸਾਹਿਬ ਦੀ ਪਰਕਰਮਾਂ ਵਿੱਚ ਰੌਸ਼ਨੀ ਲਈ ਲੈਂਪ ਮਨਜ਼ੂਰ ਹੋਏ। ਇਹ ਸਭ ਆਪ ਦੀ ਲਗਾਤਾਰ ਕੋਸ਼ਸ਼ ਦਾ ਨਤੀਜਾ ਸੀ। ਇਸ ਸਫਲਤਾ ਤੇ ਆਪ ਨੂੰ ਬੜੀ ਖੁਸ਼ੀ ਹੋਈ।

---

*ਭਾਈ ਗੁਰਮੁਖ ਸਿੰਘ ਜੀ ਡੰਗ ਉਨ੍ਹਾਂ ਲੋਕਾਂ ਵਿੱਚੋਂ ਸਨ ਜੋ ਆਪਣੀ ਸਿਆਣਪ, ਮੇਹਨਤ ਤੇ ਹਿੰਮਤ ਨਾਲ ਗਰੀਬ ਤੋਂ ਅਮੀਰ ਤੇ ਸ਼ਹਿਰ ਦੇ ਪਤਵੰਤੇ ਬਣੇ। ਭਾਈ ਸਾਹਿਬ ਨੇ ਵਪਾਰ ਵਿੱਚ ਲੱਖਾਂ ਰੁਪਏ ਕਮਾਏ। ਆਪ ਦਾ ਆਸ਼ਰਮਾਂ ਤੇ ਸਕੂਲਾਂ ਆਦਿ ਵਾਸਤੇ ਸਹਾਇਤਾ ਦੇਣ ਲਈ ਹੱਥ ਸਦਾ ਖੁ[illegible] ਰਹਿੰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤੇ ਸ੍ਰੀ ਦਰਬਾਰ [illegible] ਦੇ ਸਰੋਵਰ ਦੀ ਹੰਸਲੀ ਦੀ ਸੇਵਾ ਵਿਚ ਆਪ ਨੇ ਖਾਸ ਹਿੱਸਾ ਲਿਆ।

ਆਪ ਵਿਹਾਰ ਦੇ ਸੱਚੇ ਤੇ ਸੁੱਚੇ ਸਨ ਅਤੇ ਇਹੋ ਵੱਡੀਆਂ ਸਿਫਤਾਂ ਸਨ ਜਿਨ੍ਹਾਂ ਕਰਕੇ ਉਹ ਥੋਹੜੇ ਹੀ ਚਿਰ ਦੇ ਵਪਾਰ ਨਾਲ ਮਾਇਆ ਦੇ ਅਤੁਟ ਭੰਡਾਰ ਦੇ ਮਾਲਕ ਬਣ ਗਏ।

ਆਪ ੬੦ ਸਾਲ ਦੀ ਉਮਰ ਭੋਗਕੇ ਮਾਰਚ ੧੯੨੬ ਵਿੱਚ ਗੁਰਪੁਰੀ ਨੂੰ ਸਧਾਰ ਗਏ।



Digitized by Panjab Digital Library | www.panjabdigilib.org

੨੮ ਸਤੰਬਰ ਨੂੰ ਗੁਰਦਵਾਰੇ ਦੇ ਛਪੜ (ਸ੍ਰੋਵਰ ਦੇ ਨਿਕਾਸ)ਵਿੱਚੋਂ ਮੱਛੀਆਂ ਫੜਨ ਬਾਰੇ ਝਗੜੇ ਦੇ ਨਿਪਟਾਰੇ ਲਈ ਤਹਿਸੀਲਦਾਰ ਨੇ ਆਪ ਦੀ ਮਦਦ ਮੰਗੀ। ਆਪ ਨੇ ਜਾਕੇ ਮੱਛੀਆਂ ਫੜਨ ਵਾਲੇ ਤੇ ਗੁਰਦੁਵਾਰੇ ਦੇ ਸੇਵਾਦਾਰਾਂ ਦੀ ਸੁਲਹ ਕਰਵਾਈ ਤੇ ਝਗੜਾ ਮੁਕਾਇਆ।

੨ ਅਕਤੂਬਰ ਨੂੰ ਚੀ: ਖਾ: ਦੀ: ਦੀ ਕਮੇਟੀ ਤੇ ਹੋਮ ਰੂਲ ਕਾਨ-ਫ੍ਰੰਸ ਵਿੱਚ ਪੁਜੇ। ੧੦ ਅਕਤੂਬਰ ਨੂੰ ਫੇਰ ਮਿਉਂਸੀਪਲ ਕਮੇਟੀ ਹੋਈ, ਆਪ ਡਾਇਰੀ ਵਿੱਚ ਉਸ ਦਿਨ ਬਾਰੇ ਲਿਖਦੇ ਹਨ:-

"ਮਿ: ਕਮੇਟੀ ਦਾ ਇਜਲਾਸ ਹੋਇਆ, ੪੩ ਲੰਪ ਸ੍ਰੀ ਦਰਬਾਰ ਸਾਹਿਬ ਜੀ ਲਗਾਵਨ ਆਦਿਕ ਦੇ ਰੈਜ਼ੋਲਜੂਸ਼ਨ ਪਾਸ ਕਰਵਾਏ।"

੧੨ ਅਕਤੂਬਰ ਨੂੰ ਆਪ ੧੪੮ ਦਫ਼ਾ ਦੇ ਮੁਕੱਦਮੇ ਦੀ ਪੇਸ਼ੀ ਤੇ ਗਏ। ੧੭ ਅਕਾਲੀਆਂ (ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਭੀ ਸਨ) ਤੇ ੧੨ ਪੁਜਾਰੀਆਂ ਤੇ ੧੪੮-੧੪੯ ਦਫ਼ਾ ਹੇਠ ਫਰਦ ਜੁਰਮ ਲਾਏ। ੩ ਪੁਜਾਰੀ ੩੦੪ ਦਫ਼ਾ ਵਿਚ ਰੱਖੇ। ਇਸ ਫੈਸਲੇ ਬਾਰੇ ਵੈਦ ਜੀ ਆਪਣੀ ਡਾਇਰੀ ਵਿਚ ਲਿਖਦੇ ਹਨ:-

"ਉਦਾਸੀ ਨਹੀਂ, ਹੈਰਾਨੀ ਹੋਈ ਜੋ ਅੰਗ੍ਰੇਜ਼ੀ ਅਦਾਲਤਾਂ ਵਿੱਚ ਘੋਰ ਬੇ-ਇਨਸਾਫੀ ਸ਼ੁਰੂ ਹੋ ਗਈ ਹੈ।"

੧੪ ਅਕਤੂਬਰ ਦੀ ਡਾਇਰੀ ਵਿਚ 'ਨਾ ਮਿਲ ਵਰਤਨ ਸੰਬੰਧੀ ਮਜ਼ਮੂਨ ਲਿਖਿਆ'।

੧੫ [illegible]ਲਿਸ ਇਨਸਪੈਕਟਰ ਤੇ ੩੧ ਅਕਤੂਬਰ ਨੂੰ ਕਈ ਹੋਰ ਪਤਵੰਤੇ ਸ਼ [illegible] ਨਾਲ ਆਪ ਨੇ ਡੀ. ਸੀ. ਨਾਲ ਅੰਮ੍ਰਿਤਸਰ ਮੁਲਾਕਾਤ ਕੀ[illegible] ੧੪੮ ਤੇ ੧੪੯ ਮੁਕੱਦਮੇ ਦੇ ਸਾਰੇ ਹਾਲ ਤੇ ਹੋਰ ਸ੍ਰੀ ਦਰਬਾਰ ਸਾਹਿਬ ਦੇ ਪਿੱਛਲੇ ਪੁਜਾਰੀਆਂ ਦੇ ਸਭ ਸਹੀ ਸਹੀ ਹਾਲ ਦੱਸੇ, ਤੇ ਸ਼ਹਿਰ ਦੀ ਹਾਲਤ ਤੋਂ ਜਾਣੂ ਕਰਾਇਆ।

੯ ਨਵੰਬਰ ਦਾ ਡਾਇਰੀ ਨੋਟ ਇਸਤਰ੍ਹਾਂ ਹੈ:-

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਦੇ ਅਨੁਸਾਰ ਹੋਰ



Digitized by Panjab Digital Library | www.panjabdigilib.org

ਮੈਂਬਰਾਂ ਨਾਲ ਸ੍ਰੀ ਅੰਮ੍ਰਿਤਸਰ ਜੀ ਗਿਆ, ਸਵੇਰੇ ਦਫਤ੍ਰ ਵਿੱਚ ਵਰਕਿੰਗ ਕਮੇਟੀ ਨੂੰ ਮਿਲ, ਸ੍ਰੀ ਦਰਬਾਰ ਸਾਹਿਬ ਜੀ ਆਦਿ ਦੀਆਂ ਚਾਬੀਆਂ ਡੀ. ਸੀ, ਵੱਲੋਂ ਮੰਗਵਾਨ ਆਦਿ ਸੰਬੰਧੀ ਵਿਚਾਰ ਹੋਈ। ਯੋਗ ਸਲਾਹ ਲੈ ਦੇ ਕੇ ੧੨ ਬਜੇ ਵਾਪਸ ਆਯਾ।"

"ਦੋਪਹਿਰ ਦੀ ਗੱਡੀ ਸ੍ਰੀ ਅੰਮ੍ਰਿਤਸਰ ਗਿਆ, ਕੁਝ ਰੋਗੀ ਵੇਖ, ਅਕਾਲੀਆਂ ਦੇ ਬਾਗ ਦੀਵਾਨ ਦੇਖ, ਸੁਣ, ਰਾਤ ੯॥ ਤੋਂ ਅੰਮ੍ਰਿਤ ਵੇਲੇ ੪ ਬਜੇ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਗਮ ਵਿੱਚ ਅਕਾਲ ਤਖਤ ਤੇ ਰਿਹਾ।" ੧੧-੧੧-੨੧

ਅੱਗੇ ਅਸੀਂ ਕੁਛ ਕੁ ਵੈਦ ਜੀ ਦੀ ਡਾਇਰੀ ਦੇ ਨੋਟ ਹੂ-ਬਹੂ ਦਰਜ ਕਰਦੇ ਹਾਂ, ਪਾਠਕ ਜਨ ਆਪ ਦੇ ਹਿਰਦੇ ਨੂੰ ਖੁਦ ਦੇਖਨ ਤੇ ਵਿਚਾਰਨ।

"ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਬਾਬਤ ਡੀ. ਸੀ. ਨੇ ਜਲਸਾ ਕੀਤਾ, ਪਰ ਝੂਠੇ ਤੇ ਜਾਬਰ ਨੂੰ ਆਪਣੀਆਂ ਕਰਤੂਤਾਂ ਦਾ ਆਪ ਹੀ ਡਰ ਹੁੰਦਾ ਹੈ। ਸੋ ਅੱਧੇ ਕੁ ਘੰਟੇ ਵਿੱਚ ਭੱਜਣ ਵਾਸਤੇ ਕੀਤੀ, ਲੋਕੀ ਹੈਰਾਨ ਹੋਏ।" ੨੫--੧੧--੧੯੨੧

"ਸਵੇਰੇ ਸ੍ਰੀ ਅੰਮ੍ਰਿਤਸਰ ਗਿਆ। ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਜਨਰਲ ਸਮਾਗਮ ਵਿਚ ਹਾਜ਼ਰ ਹੋਇਆ। ਉਸੇ ਵੇਲੇ ਅਜਨਾਲੇ ਪੰਥ ਸੇਵਕਾਂ ਦੇ ਫੜੇ ਜਾਵਣ ਦੀ ਖਬਰ ਆਵਣ ਪਰ ਬਹੁਤ ਸਾਰੇ ਮੈਂਬਰ ਅਤੇ ਅਹੁਦੇਦਾਰ ਭੀ ਅਜਨਾਲੇ ਹੀ ਤੁਰ ਗਏ। ਸ਼ਾਮ ਨੂੰ ੬ ਜਥੇਦਾਰ ਸਕੱਤ੍ਰ ਆਦਿ ਭੀ ਗ੍ਰਿਫਤਾਰ ਹੋਏ। ਸਭ ਸ਼ੋਕ ਛਾ ਗਿਆ। ਰਾਤ ੧੧ ਬਜੇ ਤਕ ਦਫਤ੍ਰ ਵਿਚ ਕੰਮ ਤੇ ਰਿਹਾ।" ੨੬-੧੧-੨੧

"ਸਵੇਰੇ ਸ੍ਰੀ ਅੰਮ੍ਰਿਤਸਰ ਜੀ ਗੁਰਦੁਆਰਿਆਂ ਦੀ ਯਾ[illegible]ਾ ਕਰਕੇ ਹੋਰ ਸਾਥੀਆਂ ਨਾਲ ਜੇਲ ਵਿੱਚ ਪੰਥ ਭੂਸ਼ਣਾਂ ਦੇ ਦਰਸ਼ਨ [illegible]ਆ ਫੇਰ ਸ਼੍ਰੋ: ਗੁ:ਪ੍ਰ: ਕਮੇਟੀ ਦੇ ਜਨਰਲ ਸਮਾਗਮ ਵਿਚ ਸ਼ਾਮਲ [illegible] ਨੂੰ ਵਾਪਸ ਆਯਾ।" ੨੭-੧੧-੨੧

"ਦੁਪਹਿਰੇ ਸ੍ਰੀ ਅੰਮ੍ਰਿਤਸਰ ਜੀ ਗਿਆ ਸ਼੍ਰੋ: ਗੁ: ਪ੍ਰ: ਕਮੇਟੀ ਦੇ ਦਫਤ੍ਰ ਹੋ, ਯੋਗ ਸੰਮਤੀ ਤੇ ਵਿਚਾਰਾਂ ਦੱਸ, ਸ਼ਾਮ ਦੀ ਗੱਡੀ ਵਾਪਸ ਆਯਾ।" ੩-੧੨-੨੧

ਉਪ੍ਰੋਕਤ ਡਾਇਰੀ ਨੋਟਾਂ ਤੇ ਕਿਸੇ ਵਿਆਖਿਆ ਦੀ ਲੋੜ ਨਹੀਂ ਭਾਸਦੀ। ਆਪ ਦੀ ਯੋਗਤਾ, ਚਤੁਰਤਾ, ਹਰ ਦਿਲ ਅਜ਼ੀਜ਼ੀ, ਉਤਸ਼ਾਹ,



Digitized by Panjab Digital Library | www.panjabdigilib.org

ਪੰਥਕ ਦਰਦ ਤੇ ਕੌਮੀ ਪ੍ਰੇਮ ਇਨ੍ਹਾਂ ਵਿਚੋਂ ਫੁਟ ਫੁਟ ਪਿਆ ਹਿਰਦੇ ਦੀ ਫੋਟੋ ਦਸ ਰਿਹਾ ਹੈ।

੭ ਦਸੰਬਰ ਨੂੰ ਗੁਰਦੁਆਰਾ ਸਤਲਾਣੀ ਸਾਹਿਬ ਬਾਰੇ ਆਪ ਸੀਨੀਅਰ ਸਬ ਜੱਜ ਅੰਮ੍ਰਿਤਸਰ ਦੀ ਅਦਾਲਤ ਵਿਚ ਗਵਾਹ ਵਜੋਂ ਪੇਸ਼ ਹੋਏ। ਇਤਿਹਾਸਕ ਸਬੂਤਾਂ ਨਾਲ ਆਪ ਨੇ ਇਸ ਨੂੰ ਇਤਿਹਾਸਕ ਗੁਰਦੁ-ਆਰਾ ਸਿੱਧ ਕੀਤਾ। ਗਵਾਹੀ ਦਾ ਜੱਜ ਤੇ ਬੜਾ ਅਸਰ ਪਿਆ।

੧੫ ਦਸੰਬਰ ਨੂੰ ਮਿਸਟਰ ਕਾਨਰ ਦੀ ਕਚਹਿਰੀ ਵਿਚ ੧੪੮ ਦਫਾ ਦੇ ਮੁਕੱਦਮੇ ਦੀ ਪੇਸ਼ੀ ਹੋਈ। ਇਸ ਦਿਨ ਵਕੀਲਾਂ ਦੀ ਬਹਿਸ ਸੀ। ਮੈਜਿਸਟ੍ਰੇਟ ਨੇ ਵੈਦ ਜੀ ਪਾਸੋਂ ਮੈਕਾਲਫ ਵਾਲੀ ਸਿਖ ਰਿਲਿਜਨ ੩ ਜਿਲਦਾਂ, ਸਿਖ ਹਿਸਟਰੀ ਕੈਨਿੰਘਮ ਅਤੇ ਇੰਡੀਅਨ ਟ੍ਰੈਵਲਿੰਗ ਆਦਿ ਪੁਸਤਕਾਂ ਮੁਕੱਦਮੇ ਵਿਚ ਦੇਖਣ ਬਾਰੇ ਰੱਖ ਲਈਆਂ, ਤੇ ਅਗਲੀ ਤਰੀਕ ੧੬ ਜਨਵਰੀ ੧੯੨੨ ਪਈ।

ਇਸ ਸਾਲ ਵਿਚ ਸਾਕਾ ਤਰਨ ਤਾਰਨ, ਸਾਕਾ ਨਨਕਾਣਾ ਸਾਹਿਬ ਮੁਕਦਮਾਂ ਅਕਾਲੀਆਂ ਦਾ (ਜਿਸ ਵਿਚ ਵੈਦ ਜੀ ਭੀ ਸਨ) ਦਫਾ ੧੪੫–੧੪੮–੧੪੯ ਆਦਿ, ਚਾਬੀਆਂ ਦੀ ਘਟਨਾਂ ਤੇ ਸਿਖ ਲੀਡਰਾਂ ਦੀ ਫੜਾ ਫੜੀ ਆਦਿਕ ਖਾਸ ਪੰਥਕ ਕੰਮਾਂ ਸੰਬੰਧੀ ਘਟਨਾਵਾਂ ਹੋਈਆਂ। ਜਿਨ੍ਹਾਂ ਵਿਚ ਵੈਦ ਜੀ ਨੇ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ।

## ਪੁਸਤਕਾਂ

ਇਸ [illegible] ਅਦੁਤੀ ਸਾਕਾ (ਸ੍ਰੀ ਤਰਨ ਤਾਰਨ ਸਾਹਿਬ ਹੋਏ ਅਕਾਲੀ ਸ਼ਹੀਦੀ [illegible]ਕੇ ਬਾਰੇ)। ਭਿਆਨਕ ਸਾਕਾ (ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਬਾਰੇ) ਤੇ 'ਸਫਲਤਾ' ਆਦਿ ਤਿੰਨ ਪੁਸਤਕਾਂ ਪ੍ਰਕਾਸ਼ਤ ਕਰਾਈਆਂ।

---



Digitized by Panjab Digital Library | www.panjabdigilib.org

# ੧੯੨੧ ਦੀਆਂ ਘਟਨਾਵਾਂ

੧੧ ਜਨਵਰੀ—ਤਰਨ ਤਾਰਨ ਦਰਬਾਰ ਸਾਹਿਬ ਵਿਖੇ ਸੇਵਕ ਜੱਥੇ ਨੂੰ ਪੁਜਾਰੀਆਂ ਨੇ ਕੀਰਤਨ ਕਰਨ ਤੋਂ ਰੋਕਿਆ।

੨੪ ਜਨਵਰੀ-ਸ੍ਰੀ ਅਕਾਲ ਤਖਤ ਸਾਹਿਬ ਅੱਗੇ ਤਰਨ ਤਾਰਨ ਗੁਰਦਵਾਰੇ ਵਿੱਚ ਹੋ ਰਹੀਆਂ ਕੁਰੀਤੀਆਂ ਸੰਬੰਧੀ ਪੁਕਾਰ ਇੱਕ ਇਸਤ੍ਰੀ ਵੱਲੋਂ ਕੀਤੀ ਗਈ।

੨੬ ਜਨਵਰੀ-ਅਕਾਲੀ ਸਿੰਘ ਜਿਸ ਵਿੱਚ ਸੰਟ੍ਰਲ ਖਾਲਸਾ ਦੀਵਾਨ ਮਾਝਾ ਦੇ ਮੋਢੀ ਭੀ ਸਨ, ਗੁਰਦਵਾਰਾ ਸੁਧਾਰ ਲਈ ਤਰਨ ਤਾਰਨ ਪੁੱਜੇ।

ਰਾਤ ਨੂੰ ਪੁਜਾਰੀਆਂ ਵਲੋਂ ਛਵੀਆਂ ਆਦਿ ਨਾਲ ਵਾਰ ਹੋਏ। ਜਿਸ ਕਾਰਨ ਕਈ ਸੱਜਨ ਫਟੜ ਹੋਏ। ਜਿਨ੍ਹਾਂ ਚੋਂ ੨੭ ਜਨਵਰੀ ਨੂੰ ਭਾਈ ਹਜ਼ਾਰਾ ਸਿੰਘ ਜੀ ਅਲ-ਦੀਨ ਪੁਰ ਵਾਲੇ ਸ਼ਹੀਦੀ ਪਾ ਗਏ। ਇਹ ਅਕਾਲੀ ਲਹਿਰ ਦੀ ਪਹਿਲੀ ਸ਼ਹੀਦੀ ਸੀ।

੪ ਫਰਵਰੀ-ਭਾਈ ਹੁਕਮ ਸਿੰਘ ਜੀ ਵਸਾਊ ਕੋਟ ਵਾਲੇ ਭੀ ਸ਼ਹੀਦੀ ਪਾ ਗਏ।

੮ ਫਰਵਰੀ-ਗੁਰਦਵਾਰਾ ਕੇਰ ਸਾਹਿਬ ਤੇ ਕਬਜ਼ਾ ਹੋਇਆ।

੨੦-੨੧ ਫਰਵਰੀ-ਨਨਕਾਣਾ ਸਾਹਿਬ ਸੁਧਾਰ ਕਰਨ ਸਮੇਂ ੧੩੦ ਤੋਂ ਵੱਧ ਸਿੰਘ ਸ਼ਹੀਦ ਹੋਏ ਤੇ ਕਬਜ਼ਾ ਸ਼੍ਰੋਮਣੀ ਕਮੇਟੀ ਦਾ ਹੋਇਆ।

੧੫-੩-੨੧ ਗੁਰਦਵਾਰਾ ਖਡੂਰ ਸਾਹਿਬ ਮੁੜ ਬਾਵਿਆਂ ਦੇ ਸਪੁਰਦ ਕੀਤਾ ਗਿਆ।

੫-੪-੨੧-ਨਨਕਾਣਾ ਸਾਹਿਬ ਦੇ ਮਹੰਤ ਤੇ ਸਾਥੀਆਂ ਤੇ ਮੁਕੱਦਮਾ ਸ਼ੁਰੂ ਹੋਇਆ।

੨੯-੪-੨੧-ਗੁਰਦਵਾਰਾ ਨੌਰੰਗਾਬਾਦ ਫੇਰ ਮਹੰਤ ਦੇ [illegible] ਕੀਤਾ ਗਿਆ।

੩੦-੪-੨੧-ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਜਿਸਟਰ ਕਰਾਈ ਗਈ।

੯-੭-੨੧-ਫੈਸਲਾ ਮੁਕੱਦਮਾ ਦਫਾ ੧੪੫ ਤਰਨ ਤਾਰਨ ਸਾਕੇ ਸੰਬੰਧੀ ਪੰਥ ਦੇ ਹੱਕ ਵਿੱਚ ਹੋਯਾ।

੭-੨੧-ਨੂੰ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਹੋਈ।

੧੦-੮-੨੧-ਬਾਬਾ ਅਟੱਲ ਦੇ ਪੁਜਾਰੀ ਕੱਢੇ ਗਏ।



Digitized by Panjab Digital Library | www.panjabdigilib.org

੧੪-੮-੨੧-ਨੂੰ ਨਵੀਂ ਚੁਣੀ ਸ੍ਰੋ: ਗੁ: ਪ੍ਰ: ਕਮੇਟੀ ਦੀ ਇਕੱਤ੍ਰਤਾ ਹੋਈ,ਤੇ ਹੋਰ ਮੈਂਬਰ ਨਾਮਜ਼ਦ ਕੀਤੇ ਗਏ।

੨੩-੮-੨੧-ਗੁਰੂ ਕਾ ਬਾਗ ਦਾ ਕਬਜ਼ਾ ਸ਼੍ਰੋ: ਕਮੇਟੀ ਨੇ ਲਿਆ।

੨੭-੮-੨੧-ਸਾਰੀ ਸ਼੍ਰੋ:ਕਮੇਟੀ ਦੀ ਮੀਟਿੰਗ ਹੋਈ ਤੇ ਓਹਦੇ ਦਾਰ ਚੁਣੇ ਗਏ, ਸ੍ਰ: ਖੜਗ ਸਿੰਘ ਜੀ ਇਸਦੇ ਪਹਿਲੇ ਪ੍ਰਧਾਨ ਥਾਪੇ ਗਏ।

੧੩-੧੦-੨੧-ਸ਼ੈਸ਼ਨ ਜੱਜ ਨੇ ਨਨਕਾਣਾ ਸਾਹਿਬ ਦੇ ਮਹੰਤ ਤੇ ਉਸ ਦੇ ਸਾਥੀਆਂ ਦੇ ਮੁਕੱਦਮੇ ਦਾ ਫੈਸਲਾ ਸੁਣਾਇਆ।

੭ ਨਵੰਬਰ-ਦਰਬਾਰ ਸਾਹਿਬ ਅੰਮ੍ਰਿਤਸਰ (ਇਸ ਨਾਲ ਹੀ ਤਰਨ ਤਾਰਨ ਤੇ ਬਾਬਾ ਅਟੱਲ ਸਾਹਿਬ) ਦੀਆਂ ਸਾਰੀਆਂ ਚਾਬੀਆਂ ਡੀ. ਸੀ. ਨੇ ਜ਼ੋਰ ਨਾਲ ਮੰਗਵਾ-ਈਆਂ ਤੇ ਗ੍ਰਿਫਤਾਰੀਆਂ ਸ਼ੁਰੂ ਹੋਈਆਂ।

੧੧ ਨਵੰਬਰ-ਸ਼੍ਰੋਮਣੀ ਕਮੇਟੀ ਨੇ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ ਪਾਸ ਕੀਤਾ।

੧੨ ਨਵੰਬਰ-ਸ਼੍ਰੋ: ਕਮੇਟੀ ਨੇ ਫੈਸਲਾ ਕੀਤਾ ਕਿ ਸਰਕਾਰੀ ਸਰਬਰਾਹ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿੱਚ ਦਖਲ ਨ ਦੇਣ ਦਿੱਤਾ ਜਾਵੇ।

੧੫ ਨਵੰਬਰ-ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਦੇ ਦਿਹਾੜੇ ਸ੍ਰ: ਬਹਾਦਰ ਸਿੰਘ ਸਰਬਰਾਹ ਚਾਬੀਆਂ ਲੈ ਕੇ ਆਇਆ, ਪਰ ਸੰਗਤਾਂ ਨੇ ਦਖਲ ਨਾ ਦੇਣ ਦਿੱਤਾ।

੨੬ ਨਵੰਬਰ-ਫੜਾ ਫੜੀ ਖੂਬ ਜ਼ੋਰਾਂ ਤੇ ਸ਼ੁਰੂ ਹੋਈ। ਅਜਨਾਲੇ ਸ਼੍ਰੋਮਣੀ ਕਮੇਟੀ ਦੇ ਮੁਖੀ ਗ੍ਰਿਫਤਾਰ ਹੋਏ।



Digitized by Panjab Digital Library | www.panjabdigilib.org

"ਸ੍ਰੀ ਮਾਨ ਵੈਦ ਮੋਹਨ ਸਿੰਘ ਜੀ ਦੇ ਨਾਮ ਤੋਂ ਕਾਫੀ ਅਰਸੇ ਤੋਂ ਜਾਣੂ ਹਾਂ, ਪਰ ਪਹਿਲੀ ਵਾਰ ਉਨ੍ਹਾਂ ਦੇ ਦਰਸ਼ਨ ਸੰਨ ੧੯੧੮ ਵਿੱਚ ਹੋਏ ਸਨ ਤੇ ਚੰਗਾ ਸੰਬੰਧ ਉਨ੍ਹਾਂ ਨਾਲ ੧੯੨੦ ਤੋਂ ਅਰੰਭ ਹੋਇਆ, ਜਦ ਆਪ ਗੁਰਦਵਾਰਾ ਕਮੇਟੀ ਦੇ ਮੈਂਬਰ ਚੁਣੇ ਗਏ। ੧੯੨੪ ਵਿੱਚ ਜਦ ਆਪ ਜੇਲ ਵਿੱਚ ਗ੍ਰਿਫਤਾਰ ਕਰਕੇ ਲਿਆਂਦੇ ਗਏ, ਤਦ ਕੋਈ ਇੱਕ ਮਹੀਨਾ ਉਸੇ ਕਮਰੇ ਵਿੱਚ ਠਹਿਰਾਏ ਗਏ, ਜਿਸ ਵਿੱਚ ਦਾਸ ਸੀ। ਆਪ ਸੁਹਿਰਦ, ਬਾਣੀ ਦੇ ਪ੍ਰੇਮੀ ਸਨ। ਨਿਤਨੇਮ ਬਿਨਾ ਜਲ ਤੀਕ ਭੀ ਨਹੀਂ ਪੀਂਦੇ ਸਨ। ਵੰਡ ਛਕਣਾ ਉਨ੍ਹਾਂ ਦੇ ਸੁਭਾਵ ਦਾ ਅੰਗ ਸੀ। ਸਦਾ ਹੀ ਕੌਮ ਨੂੰ ਚੜ੍ਹਦੀ ਕਲਾ ਵਿੱਚ ਵੇਖਣ ਦੀ ਇਛਿਆ ਰੱਖ ਦੇ ਸਨ। ਜੇਲ੍ਹ ਵਿੱਚ ਵੀ ਸਾਹਿਤਕ ਸੇਵਾ ਕਰਦੇ ਰਹਿੰਦੇ ਸਨ। ਪ੍ਰਸਿੱਧ ਵੈਦ, ਚੰਗੇ ਲਿਖਾਰੀ, ਪੰਥ ਦਰਦੀ, ਦੇਸ਼ ਹਿਤੈਸ਼ੀ ਤੋਂ ਬਿਨਾਂ ਆਪ ਸਿਆਣੇ ਬਿਓਹਾਰੀ ਤੇ ਤਕੜੇ ਦਾਨੀ ਭੀ ਸਨ। ਪੁਰਾਤਨ ਸਿੱਖਾਂ ਵਾਂਗੂ ਸਦਾ ਦਸਵੰਧ ਕੱਢਦੇ ਸਨ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਕਾਰ ਸੇਵਾ ਵਿੱਚ ਵੀ ਆਪਣੀ ਸ਼ੁਭ ਸਿੱਖਿਆ ਨਾਲ ਦਾਸ ਨੂੰ ਸਮੇਂ ਸਮੇਂ ਸਿਰ ਨਿਵਾਜਦੇ ਰਹੇ।"

(ਭਗਤ ਜਸਵੰਤ ਸਿੰਘ ਜੀ ਜਨਰਲ ਮੈਨੇਜਰ,
ਸਟਾਰ ਆਫ ਇੰਡੀਆ ਬੀਮਾ ਕੰਪਨੀ ਲਾਹੌਰ)



Digitized by Panjab Digital Library | www.panjabdigilib.org

# ੧੯੨੨

## ਸਿਖ ਕੌਮ ਦਾ ਅਸਲਾ

"ਉਨ੍ਹਾਂ ਦਾ ਰੋਮ ਰੋਮ ਗੁਰੂ ਸੱਚੇ ਪਾਤਸ਼ਾਹ ਤੋਂ ਵਿਕਯਾ ਹੋਇਆ ਸੀ, ਅਤੇ ਓਹ ਪੁਰਾਤਨ ਗੁਰ ਸਿੱਖਾਂ ਦਾ ਇੱਕ ਉੱਚ ਨਮੂਨਾ ਸਨ। ਦਾਸ ਓਨ੍ਹਾਂ ਦੇ ਗੁਰਮੁਖ ਸੁਭਾਓ, ਪੰਥਕ ਦਰਦ ਅਤੇ ਦਯਾਲੂ ਹਿਰਦੇ ਤੋਂ ਚੰਗੀ ਤਰ੍ਹਾਂ ਜਾਣੂ ਹੈ। ਹਿਕਮਤ ਦੇ ਕੰਮ ਵਿੱਚ ਓਹ ਪੂਰਨ ਮਾਹਿਰ ਸਨ।"

(ਸੰਤ ਤੇਜਾ ਸਿੰਘ ਜੀ ਐਮ. ਏ.)

ਕਿਸੇ ਕੌਮ ਜ਼ਾਤੀ ਜਾਂ ਇਨਸਾਨ ਦੀ ਅਸਲੀਅਤ ਸਖਤੀ ਵਿਚ ਪਰਖੀ ਜਾਂਦੀ ਹੈ। ਖਿੱਦੋ ਨੂੰ ਜਿਤਨਾ ਜ਼ੋਰ ਨਾਲ ਜ਼ਮੀਨ ਉਤੇ ਮਾਰਿਆ ਜਾਵੇ ਉਤਨਾ ਹੀ ਵਧੀਕ ਬੁੜ੍ਹਕਦਾ ਹੈ। ਕਰੜੇ ਸਪ੍ਰਿੰਗ ਨੂੰ ਜਿਤਨਾ ਜ਼ੋਰ ਨਾਲ ਦਬਾਇਆ ਜਾਵੇ ਉਹ ਉਤਨਾ ਹੀ ਵਧੀਕ ਉੱਪਰ ਨੂੰ ਉਠਦਾ ਹੈ, ਇਸੇ ਹੀ ਤਰ੍ਹਾਂ ਅਣਖੀ ਕੌਮ ਜਾਂ ਇਨਸਾਨ ਨੂੰ ਨਰਮੀ ਨਾਲ ਤਾਂ ਭਾਵੇਂ ਚੁਪ ਕਰਾ ਲਿਆ ਜਾਵੇ ਤੇ ਸੁਲਾ ਦਿੱਤਾ ਜਾਵੇ, ਪਰ ਸਖਤੀ ਨਾਲ ਦਬਾਉਣਾ ਉਨ੍ਹਾਂ ਲਈ ਅਸੰਭਵ ਨਹੀਂ ਤਾਂ ਮਹਾਂ ਕਠਨ ਜ਼ਰੂਰ ਹੁੰਦਾ ਹੈ। ਸਿਖ ਕੌਮ ਭੀ ਇਸੇ ਅਸਲੇ ਦੀ ਮਾਲਕ ਹੈ।

ਇ[illegible] ਦੱਸਦਾ ਹੈ, ਕਿ ਸਿਖ ਕੌਮ ਆਰਾਮ ਤਲਬੀ ਵਿਚ ਸੁਸਤ, ਬੇ ਪ੍ਰ[illegible]ਟੇ ਧਾੜ ਤੇ ਐਸ਼ ਪਸੰਦ ਹੋ ਗਈ, ਪਰ ਜਦ ਜਦ ਭੀ ਇਸ ਉੱਤੇ ਦੁੱਖ ਪਏ, ਮੁਸੀਬਤਾਂ ਆਈਆਂ, ਕਸ਼ਟਾਂ ਦੇ ਪਹਾੜ ਢੱਠੇ ਤਦ ਤਦ ਹੀ ਇਹ ਤਿਆਰ ਬਰ ਤਿਆਰ, ਖਬਰਦਾਰ, ਇਕ ਮੁੱਠ ਤੇ ਅਥੱਕ ਬਣ ਗਈ। ਇਨਸਾਨੀ ਜੀਵਣ ਹੀ ਜਦੋ ਜਹਿਦ ਵਿੱਚ ਹੈ।

ਅਸੀਂ ਪਿੱਛੇ ਦੱਸ ਆਏ ਹਾਂ ਕਿ ਕਿਸਤਰ੍ਹਾਂ ਸਿਖ ਪੰਥ ਅੰਗ੍ਰੇਜ਼ੀ



Digitized by Panjab Digital Library | www.panjabdigilib.org

ਰਾਜ ਦੇ ਸ਼ੁਰੂ ਵਿਚ ਗਫਲਤ ਨੀਂਦੇ ਸੌਂ, ਘੁਰਾੜੇ ਮਾਰਨ ਲੱਗ ਪਿਆ। ਬਨਾਵਟੀ ਚਮਕ ਵਾਂਗ ਕੁਛ ਨਕਲੀ ਜੇਹਾ ਸੁਖ ਤੇ ਅਮੀਰੀ ਅਨੁਭਵ ਕਰਕੇ ਸੁਸਤ ਹੋ ਗਿਆ। ਹੁਣ ਜਦ ਸਰਕਾਰ ਦੀ ਕ੍ਰਿਪਾ ਨਾਲ ਆਪਣੇ ਤੇ ਹਮਸਾਇਆਂ ਵੱਲੋਂ ਭੀ ਸਖਤੀ ਹੋਣ ਲੱਗੀ ਤਾਂ ਖਾਲਸਾ ਜੀ ਤਿਆਰ ਬਰ ਤਿਆਰ ਹੋ ਗਏ। ਜਲਿਆਂਵਾਲੇ ਬਾਗ ਦੀ ਘਟਨਾ, ਰੌਲਟ ਬਿਲ ਐਕਟ, ਤੇ ਮਾਰਸ਼ਲ ਲਾ ਆਦਿ ਨੇ ਗੁਰਦੁਆਰਾ ਸੁਧਾਰ ਲਹਿਰ ਜਾਰੀ ਕਰ ਦਿਤੀ। ਤਰਨ ਤਾਰਨ ਤੇ ਨਨਕਾਣਾ ਸਾਹਿਬ ਦੇ ਖ਼ੂਨੀ ਕਾਂਡ ਅਜੇ ਠੰਡੇ ਨਹੀਂ ਹੋਏ ਸਨ, ਹਿਰਦੇ ਵਿਚ ਦੁੱਖਾਂ ਦੀਆਂ ਨਿਕਲ ਰਹੀਆਂ ਲਾਟਾਂ ਅਜੇ ਘੱਟ ਨਹੀਂ ਹੋਈਆਂ ਸਨ, ਕਿ ਦੋਸਤਾਂ ਨੇ ਗੁਰੂ ਕੇ ਬਾਗ ਦਾ ਮੋਰਚਾ ਖੜਾ ਕਰ ਦਿੱਤਾ। ਇਸ ਮੋਰਚੇ ਵਿਚ ਵਾਪਰੀ ਜ਼ੁਲਮ ਤੇ ਸਬਰ ਦੀ ਮਿਸਾਲ ਅਜ ਤਕ ਸੰਸਾਰ ਦੀ ਤਾਰੀਖ ਵਿੱਚੋਂ ਨਹੀਂ ਮਿਲਦੀ। ਅਗਲਾ ਪਤਾ ਨਹੀਂ, ਪਰ ਪਿਛਲੀ ਬੇ ਅੰਤ ਵਰ੍ਹਿਆਂ ਦੀ ਤਾਰੀਖ ਵਿੱਚੋਂ ਅਜੇਹੇ ਜ਼ੁਲਮ ਤੇ ਸਬਰ ਦੀ ਮਿਸਾਲ ਨਹੀਂ ਮਿਲ ਸਕਦੀ।

ਸਰਕਾਰ ਦੀ ਜਬਰ ਦੀ ਪਾਲਿਸੀ ਨਾਲ ਘੋਰ ਸੁੱਤੇ ਪੰਥ ਵਿਚ ਜਾਗ੍ਰਤਾ ਆ ਗਈ, ਹੋਸ਼ ਆ ਗਈ ਤੇ ਉਹ ਆਪਣੇ ਅਸਲੇ ਨੂੰ ਪਛਾਣ ਕੇ ਨੌਂ ਬਰ ਨੌਂ ਹੋ ਗਿਆ।

ਵੈਦ ਜੀ ਕਿਉਂਕਿ ਪੂਰੇ ਗੁਰਸਿੱਖ ਸਨ, ਜਿਉਂ ਜਿਉਂ ਆਪ ਅਯੋਗ ਸਖਤੀ ਦਾ ਸ਼ਿਕਾਰ ਹੁੰਦੇ ਸਨ, ਤਿਉਂ ਤਿਉਂ ਹੀ ਅੱਗੇ ਤੋਂ ਅੱਗੇ ਵਧਦੇ ਸਨ। ਵੈਦ ਜੀ ਸੁਭਾਵ ਤੋਂ ਡਾਢੇ ਅਮਨ ਪ [illegible] ਸਨ। ਅਯੋਗ ਸਖਤੀਆਂ ਨੇ ਆਪ ਨੂੰ ਅੱਗੇ ਹੋ ਮੁਸੀਬਤ ਦਾ ਟਾਕ [illegible] ਨੂੰ ਤਤਪਰ ਕਰ ਦਿਤਾ। ਦੇਸ਼ ਸੇਵਾ ਦਾ ਚਸਕਾ ਤਾਂ ਆਪ ਨੂੰ ਜਨਮ [illegible] ਹੀ ਸੀ, ਪਰ ਹੁਣ ਸਮੇਂ ਅਨੁਸਾਰ ਅੱਗੇ ਹੋ ਸੇਵਾ ਕਰਨ ਦਾ ਸਮਾ ਮਿਲਣ ਤੋਂ ਆਪ ਦੇ ਉਤਸ਼ਾਹ ਨੂੰ ਚਾਰ ਚੰਦ ਲੱਗ ਗਏ। ਇਸ ਤੋਂ ਭੀ ਵਧ ਕੇ ਆਪ ਨੂੰ ਉਸ ਵੇਲੇ ਖੁਸ਼ੀ ਹੋਈ ਜਦ ਆਪ ਜੀ ਦਾ ਜੇਠਾ ਸਪੁਤ੍ਰ ਸਰਦਾਰ ਤ੍ਰਿਲੋਕ ਸਿੰਘ ਚੜ੍ਹਦੀ ਉਮਰ ਵਿਚ ਹੀ ਆਪ ਦੇ ਨਕਸ਼ ਕਦਮਾਂ ਤੇ ਚਲਣ ਦਾ ਚਾਹਕ



Digitized by Panjab Digital Library | www.panjabdigilib.org

ਹੋ ਗਿਆ। ਨਿੱਕੇ ਜੇਹੇ ਬਰਖੁਰਦਾਰ ਤ੍ਰਿਲੋਕ ਸਿੰਘ ਨੇ ਜਿੱਥੇ ਪਿਤਾ ਵਾਂਗ ਵੈਦਕ ਵਿਚ ਦਿਲਚਸਪੀ ਜ਼ਾਹਰ ਕੀਤੀ ਓਥੇ ਉਹ ਪੰਥਕ ਸੇਵਾ ਵਿਚ ਭੀ ਉਤਸ਼ਾਹ ਦਿਖੌਣੋ ਪਿੱਛੇ ਨਾ ਰਿਹਾ।

ਸ੍ਰ: ਤ੍ਰਿਲੋਕ ਸਿੰਘ ਪਹਿਲਾਂ ੧੫ ਨਵੰਬਰ ੧੯੨੦ ਨੂੰ ਸ੍ਰੀ ਅਕਾਲ ਤਖਤ ਤੇ ਪਹਿਲਾ ਪੰਥਕ ਇਕੱਠ ਵੇਖਣ ਲਈ ਧਾ ਕੇ ਪੁੱਜਾ। ਤਰਨ ਤਾਰਨ ਸਾਕੇ ਸਮੇਂ ਨੌਜਵਾਨਾਂ ਨੂੰ ਨਾਲ ਲੈ ਕੇ ਸੇਵਾ ਕਰਨੀ ਤਾਂ ਭਲਾ ਘਰ ਦਾ ਮਾਮਲਾ ਸੀ। ਨਨਕਾਣੇ ਸਾਹਿਬ ਦੇ ਸਾਕੇ ਉੱਤੇ ੨੫. ੨. ੨੧ ਨੂੰ ਉਚੇਚਾ ਨਨਕਾਣੇ ਸਾਹਿਬ ਦੀ ਯਾਤਰਾ ਲਈ ਪੁੱਜਾ। ਇਸੇ ਹੀ ਤਰ੍ਹਾਂ ੨੦ ਅਕਤੂਬਰ ੧੯੨੨ ਨੂੰ ਗੁਰੂ ਕੇ ਬਾਗ ਦੇ ਮੋਰਚੇ ਵਿਚ ਇਕ ਜੱਥੇ ਨਾਲ ਗਿਆ। ਸਜ਼ਾ ਹੋਈ। ਜੇਲ੍ਹ ਗਿਆ। ਇਨ੍ਹਾਂ ਸਾਰੇ ਸਮਿਆਂ ਵਿਚ ਵੈਦ ਜੀ ਗਦ ਗਦ ਕੰਠ ਵਾਹਿਗੁਰੂ ਦਾ ਸ਼ੁਕਰ ਕਰਦੇ ਸਨ ਤੇ ਸਪੁਤ੍ਰ ਨੂੰ ਕੌਮੀ ਸੇਵਾ ਵਿਚ ਦਿਲ-ਚਸਪੀ ਲੈਂਦਾ ਵੇਖ ਕੇ ਡਾਢੇ ਪ੍ਰਸੰਨ ਹੁੰਦੇ ਸਨ।

---

ਦਫਾ ੧੪੮ ਦੇ ਮੁਕੱਦਮੇ ਦਾ ਫੈਸਲਾ ੯ ਜਨਵਰੀ ੧੯੨੨ ਨੂੰ ਸੁਣਾਇਆ ਗਿਆ। ੧੫ ਪੁਜਾਰੀਆਂ ਨੂੰ ਤਿੰਨ ੨ ਸਾਲ ਕੈਦ ਤੇ ੭ ਅਕਾ-ਲੀਆਂ ਨੂੰ ਇਕ ੨ ਸਾਲ ਕੈਦ ਹੋਈ। ੧੦ ਅਕਾਲੀ ਬਰੀ ਕੀਤੇ ਗਏ। ਬਰੀ ਹੋਣ ਵਾਲਿਆਂ ਵਿਚ ਸਾਡੇ ਵੈਦ ਜੀ ਭੀ ਸਨ। ਬਰੀ ਹੋ ਕੇ ਭੀ ਆਪ ਘਰ ਨਹੀਂ ਬੈਠ ਗਏ, ਸਗੋਂ ਆਪਣੇ ਸਾਥੀਆਂ ਦੇ ਛੁਡਾਉਣ ਤੇ ਉਨ੍ਹਾਂ ਦੇ ਸੁਖ ਲਈ ਉ[illegible]ਨ ਲੱਗੇ।

੧੯[illegible]ੀ ਨੂੰ ਗੁਰਦਵਾਰਿਆਂ ਦੀਆਂ ਚਾਬੀਆਂ ਸੰਬੰਧੀ ਹੋਈ ਐਜੀਟੇਸ਼ਨ ਵਿ[illegible] ਗ੍ਰਿਫਤਾਰ ਕੀਤੇ ਹੋਏ ਸਿੰਘਾਂ ਦੇ ਛੱਡਣ ਦਾ ਪਤਾ ਲਗਣ ਤੇ ਵੈਦ ਜੀ ਪ੍ਰਵਾਰ ਸਮੇਤ ਕੌਮੀ ਸੇਵਕਾਂ ਦੇ ਜੇਹਲੋਂ ਰਿਹਾ ਹੋ ਕੇ ਆਉਂ-ਦਿਆਂ ਦੇ ਦਰਸ਼ਨ ਕਰਨ ਲਈ ੧੮ ਜਨਵਰੀ ਨੂੰ ਹੀ ਸ੍ਰੀ ਅੰਮ੍ਰਿਤਸਰ ਜਾ ਰਹੇ ਤੇ ੧੯ ਨੂੰ ਜਦ ਸਿੰਘ ਰਿਹਾ ਹੋ ਕੇ ਆਏ ਤਾਂ ਬੜੇ ਚਾ ਉਤਸ਼ਾਹ ਤੇ ਆਦਰ ਨਾਲ ਗਲੀਂ ਹਾਰ ਪਾ ਪਾਕੇ ਮਿਲੇ। ਉਸੇ ਦਿਨ ਅਕਾਲ ਤਖਤ



Digitized by Panjab Digital Library | www.panjabdigilib.org

ਦੀਵਾਨ ਸਜਿਆ ਤੇ ਸਰਕਾਰੀ ਅਫਸਰ ਚਾਬੀਆਂ ਸ੍ਰ: ਖੜਕ ਸਿੰਘ ਜੀ ਜੱਥੇਦਾਰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਝੋਲੀ ਆ ਕੇ ਪਾ ਗਿਆ।

੨੧ ਜਨਵਰੀ ੧੯੨੨ ਨੂੰ ਆਪ ਨੇ ਇਤਹਾਸ ਆਦਿ ਸੰਬੰਧੀ ੫੭ ਪੁਸਤਕਾਂ ਆਪਣੀ ਲਾਇਬ੍ਰੇਰੀ ਵਿਚੋਂ ਵਾਕਫੀ ਪ੍ਰਾਪਤ ਕਰਨ ਲਈ ਭਗਤ ਜਸਵੰਤ ਸਿੰਘ ਜੀ ਹੱਥੀਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਲਈ ਭੇਜੀਆਂ।

੩੧ ਜਨਵਰੀ ਨੂੰ ਦੁਕਾਨ ਸਪੁੱਤ੍ਰ ਤ੍ਰਿਲੋਕ ਸਿੰਘ ਦੇ ਸਪੁਰਦ ਕਰਕੇ ਆਪ ਹਰਦੁਆਰ ਰਿਖੀ ਕੇਸ਼ ਵਲ ਦੀ ਯਾਤਰਾ ਨੂੰ ਤੁਰ ਪਏ।

ਕੁਦਰਤੀ ਨਜ਼ਾਰਿਆਂ, ਸਾਧੂਆਂ ਸੰਤਾਂ ਦੇ ਦਰਸ਼ਨਾਂ ਆਦਿ ਦਾ ਆਪ ਨੂੰ ਬਹੁਤ ਸ਼ੌਕ ਸੀ, ਪਰ ਹਰ ਹਾਲਤ ਵਿਚ ਆਪ ਆਪਣਾ ਨਿੱਤ ਨੇਮ ਕਦੇ ਨਾ ਸਨ ਖੁੰਝਾਉਂਦੇ। ੩ ਫਰਵਰੀ ਦੀ ਡਾਇਰੀ ਵਿਚ ਯਾਤਰਾ ਦਾ ਨੋਟ ਇਸਤਰ੍ਹਾਂ ਦਰਜ ਹੈ:-

ਅੰਮ੍ਰਿਤ ਵੇਲੇ ਬਾਰਸ਼ ਵਿਚ ਗੰਗਾ ਸ਼ਨਾਨ ਕਰ, ਸ੍ਵਰਗਾਸ਼੍ਰਮ, ਲਛਮਨ ਝੂਲਾ, ਪੁਸਤਕਾਲਜਾ ਸ੍ਵਾਮੀ ਰਾਮ ਤੀਰਥ ਜੀ, ੧ ਬ੍ਰਹਮਚਾਰੀ, ਤੇ ੧ ਮਠ ਵਾਲੇ ਨਿਵੇਕਲੇ ਗੁਪਤ ਜੇਹੇ ਮਹਾਂ ਪਰਖ ਦੇ ਦਰਸ਼ਨ ਕਰ, ਸ੍ਵਾਮੀ ਕਲਜਾਨ ਦੇਵ ਜੀ ਤੇ ਅਵਧੂਤ ਜੀ ਦੇ ਗੁਰਮੰਤ ਸੰਬੰਧੀ ਸਤ ਸੰਗ ਦਾ ਲਾਭ ਉਠਾ ਕੀਰਤਨ ਕਥਾ ਸੰਤ ਗੁਰਬਖਸ਼ ਸਿੰਘ ਜੀ ਪਟਯਾਲੇ ਵਾਲਿਆਂ ਦੇ ਦੀਵਾਨ ਵਿਚ ਸੁਣਿਆ।"

ਇਸੇ ਤਰ੍ਹਾਂ ੪ ਫਰਵਰੀ ਦੀ ਡਾਇਰੀ ਹੈ:-

"ਅੰਮ੍ਰਿਤ ਵੇਲੇ ਉੱਠ ਅੱਤ ਸਰਦੀ ਵਿਚ ਗੰਗਾ ਸ਼[illegible] ਰਿਖੀਕੇਸ਼ ਕੈਲਾਸ਼ ਦੀ ਹਾਲਤ ਵੇਖ ਭਾਲ, ਨਵੇਂ ਗੁਰਦੁਆਰੇ [illegible]ਗਾ ਦੇਖ, ਸੰਮਤੀ ਦੇ, ਸੰਤ ਮਹਾਤਮਾਂ ਤੇ ਝਾੜੀਆਂ ਆਦਿ ਵਿਚ ਮ[illegible] ਸਾਈਆਂ ਦੇ ਵਿਰਕਤ ਸਬਰ ਸ਼ੁਕਰ ਸੰਤੋਖ ਵਾਲੇ ਅਦੁਤੀ ਮਹਾਤਮਾਂ ਜੋ ਪੱਥਰਾਂ ਵਿਚ ਪਾਰਸ ਵਤ ਪਤਾ ਲੱਗੇ, ਕਾਪੀਆਂ, ਪੈਨਸਲਾਂ, ਗੇਰੀ, ਸਾਬਣ ਆਦਿ ਵੰਡਣ ਦੇ ਪੱਜ ਖੋਜ ਹੋਏ ਤੇ ਪਤਾ ਲਗੇ, ਦਰਸ਼ਨ ਕੀਤੇ। ਜੀਵਨ ਸਫਲ ਤੇ ਹੌਲਾ ਪ੍ਰਤੀਤ ਹੋਣ ਲੱਗਾ। ਕਰਤਾਰ ਦਾ ਧੰਨ ਵਾਦ ਕਰ ਸਪਤਮੀ ਸਮਾਗਮ ਤੇ ਕੀਰਤਨ ਕਥਾ, ਧਰਮ ਉਪਦੇਸ਼ ਸੁਣ ਰਾਤ ਆਰਾਮ ਕੀਤਾ।



Digitized by Panjab Digital Library | www.panjabdigilib.org

ਦੇ ਉਪੱਦ੍ਰਵਾਂ ਦਾ ਭੀ ਪਤਾ ਲੱਗਾ ਪਰ ਦੇਵ ਤੇ ਦੈਂਤ ਸਭ ਥਾਂ ਹਨ।"

ਕੁਛ ਸਾਧੂਆਂ ਵਲੋਂ ਉਪੱਦ੍ਰਵ ਦੇਖ ਕੇ ਆਪ ਨੇ ਅੰਤਲੀ ਸਤਰ ਦਾ ਨੋਟ ਦਿੱਤਾ ਹੈ। ਇਸ ਯਾਤਰਾ ਤੋਂ ਆਪ ੭ ਫਰਵਰੀ ਨੂੰ ਵਾਪਸ ਤਰਨ ਤਾਰਨ ਪਹੁੰਚੇ।

੨੮ ਫਰਵਰੀ ਨੂੰ ਆਪ ਸ੍ਰੋ: ਗੁ: ਪ੍ਰ: ਕਮੇਟੀ ਦੀ ਮੀਟਿੰਗ ਵਿਚ ਅੰਮ੍ਰਿਤਸਰ ਸ੍ਰੀ ਅਕਾਲ ਤਖਤ ਪਰ ਬੈਠੇ ਸਨ, ਖਬਰ ਆਈ ਕਿ 'ਕਮਾਲੀਏ ਵਿਚ ੨੪ ਗੁਰਸਿਖ ਗੁਰਦੁਆਰੇ ਵਿਚ ਗ੍ਰਿਫਤਾਰ ਕਰ ਲਏ ਗਏ ਹਨ'। ਕਾਰਜ ਸਾਧਕ ਕਮੇਟੀ ਦੇ ਮੈਂਬਰ ਝਟ ਓਧਰ ਨੂੰ ਹੀ ਤੁਰ ਪਏ। ਇਸੇ ਦਿਨ ਹੀ ਬਾਬਾ ਗੁਰਦਿਤ ਸਿੰਘ ਜੀ ਕਾਮਾਗਾਟਾ ਮਾਰੂ ਜਹਾਜ਼ ਵਾਲੇ ਰਿਹਾ ਹੋਏ ਜੋ ਫੇਰ ਛੇਤੀ ਹੀ ੭ ਮਾਰਚ ਨੂੰ ਮੁੜ ਗ੍ਰਿਫਤਾਰ ਕਰ ਲੀਤੇ ਗਏ।

੧੩ ਅਪ੍ਰੈਲ ਨੂੰ ਪਹਿਲਾਂ ਆਪ ਚੀ: ਖਾ: ਦੀਵਾਨ ਦੀ ਮੀਟਿੰਗ ਵਿਚ ਗਏ ਤੇ ਫੇਰ ਸ਼ਾਮ ਤੋਂ ਰਾਤ ਦੇ ੧੧॥ ਵਜੇ ਤਕ ਪੰਥ ਸੇਵਾ ਸੰਬੰਧੀ ਸ੍ਰ: ਬ: ਸ੍ਰ: ਮਤਾਬ ਸਿੰਘ ਜੀ ਨਾਲ ਵਿਚਾਰਾਂ ਕਰਦੇ ਰਹੇ।

੨੦ ਅਪ੍ਰੈਲ ਨੂੰ ਆਪ ਨੇ ਸ਼ਿਰੋਮਣੀ ਕਮੇਟੀ ਦੀ ਆਗਿਆਨੁਸਾਰ ੧੬ ਅਪ੍ਰੈਲ ਦੇ 'ਨਵਜੀਵਨ ਹਿੰਦੀ' ਦੇ ਉਲਥੇ ਕਰਕੇ ਦਿੱਤੇ। ਇਸੇਤਰਾਂ ੨੯ ਅਪ੍ਰੈਲ ਨੂੰ ਸ੍ਰ: ਅਮਰ ਸਿੰਘ ਜੀ ਵਾਸੂ ਰਾਹੀਂ ਸ੍ਰੋ: ਕਮੇਟੀ ਨੂੰ ਕਨਿੰਘਮ ਦੀ ਸਿੱਖ ਹਿਸਟਰੀ' ਤੇ 'ਭਾਰਤ ਮਿਤ੍ਰ' ਭੇਜਯਾ।

੯ [illegible] ਆਪਦੀਆਂ ਕੋਸ਼ਸ਼ਾਂ ਦਾ ਸਦਕਾ ਤਰਨ ਤਾਰਨ ਵਿਚੋਂ ਤਾਜ਼ੀਰੀ ਪੁ[illegible]ਦਾ ਟੈਕਸ ਬੰਦ (ਮੁਆਫ) ਹੋਣ ਦਾ ਹੁਕਮ ਆਇਆ।

੧੬ ਜੁਲਾਈ ਨੂੰ ਆਪ ਸ੍ਰੋ: ਗੁ: ਪ੍ਰ: ਕਮੇਟੀ ਦੀ ਜ਼ਰੂਰੀ ਮੀਟਿੰਗ ਵਿਚ ਗਏ ਜੋ ਸੱਤ ਘੰਟੇ ਤਕ ਲਗਾਤਾਰ ਹੁੰਦੀ ਰਹੀ।

੨ ਅਗਸਤ ਨੂੰ ਨਗਰ ਭਲਾਈ ਦੀਆਂ ਵਿਚਾਰਾਂ ਲਈ ਪਾਦਰੀ ਸਾਹਿਬ ਨਾਲ ਮੁਲਾਕਾਤ ਕੀਤੀ ਤੇ ੪ ਅਗਸਤ ਨੂੰ ਦਿੱਲੀ ਵਿਚ ਹੋ ਰਹੀ ਸਿੱਖ ਵਿਦਜਕ ਕਾਨਫ੍ਰੰਸ ਦੇਖਣ ਨੂੰ ਤੁਰ ਪਏ ਅਤੇ ਦਿੱਲੀ,ਮਥਰਾ,ਬ੍ਰਿੰਦਾਬਨ,



Digitized by Panjab Digital Library | www.panjabdigilib.org

ਮੁਰਾਦਾਬਾਦ, ਹਰਦਵਾਰ ਤੇ ਸ਼ਿਮਲੇ ਆਦਿ ਥਾਵੀਂ ਹੋ ੧੫ ਅਗਸਤ ਨੂੰ ਵਾਪਸ ਤਰਨ ਤਾਰਨ ਆਏ। ਇਨੇ ਚਿਰ ਵਿਚ ਆਪਦੇ ਸਪੁਤ੍ਰ ਸ੍ਰ: ਤ੍ਰਿਲੋਕ ਸਿੰਘ ਜੀ ਦੁਕਾਨ ਨੂੰ ਸਦਾ ਵਾਂਗ ਬੜੀ ਅੱਛੀ ਤਰਾਂ ਚਲਾਉਂਦੇ ਰਹੇ।

ਵੈਦ ਜੀ ਦੀ ਹਸਤ ਲਿਖਤ ਕਾਨਫ੍ਰੰਸ ਦੀ ਸੰਖੇਪ ਰਪੋਟ ਹੇਠ ਦਰਜ ਹੈ ਜੋ ਕਿਸੇ ਖਾਸ ਹਾਸ਼ੀਆ ਆਰਾਈ ਦੀ ਮੁਥਾਜ ਨਹੀਂ:—

"ਮੌਜੂਦਾ ਪੰਥ ਸੇਵਾ ਵੱਲੋਂ ਨੱਕ ਵੱਟੀ ਰੱਖਣ—ਕਿਸੇ ਤਰਾਂ ਦੀ ਹਮਦਰਦੀ ਨਾ ਕਰਨ ਤੇ ਆਪਣੀ ਚਾਰ ਯਾਰੀ ਤੋਂ ਬਾਹਰ ਦੇ ਸੇਵਾਦਾਰਾਂ ਨੂੰ ਨਾ ਮਿਲਣ ਦੇਣ ਦੇ ਪਾਪ ਦਾ ਸਿੱਟਾ ਪ੍ਰਤੱਖ ਪਿੰਡਾਲ ਭਾਂ! ਭਾਂ!! ਕੁਰਸੀਆਂ ਅਗਲੀਆਂ ਦੋ ਚਾਰ ਪਾਲਾਂ ਦੇ ਸਿਵਾ ਖਾਲੀ ਸੋ ਭੀ ਫੈਲੋਜ਼ ਵਿੱਚ ਕਈ ਵਾਲੰਟੀਅਰ ਕਈ ਕੰਪਲੀ ਮੈਂਟਰੀ। ਪ੍ਰਧਾਨ ਜੀ ਦੀ ਆਮਦ ਤੇ ਸਤਿ ਸ੍ਰੀ ਅਕਾਲ ਦਸਵੇਂ ਹਿੱਸੇ ਵਲੋਂ ਭੀ ਨਹੀਂ। ਪੰਥ ਦਰਦੀਆਂ ਵਲੋਂ ਇਹ ਦੇਖ ਦੇਖ ਏਸ ਮੰਡਲੀ ਤੇ ਬਹੁਤ ਹੀ ਹੈਰਾਨੀ ਹੋ ਰਹੀ ਸੀ ਜੋ ਅਜੇਹੇ ਪ੍ਰਤੱਖ ਨਮੂਨੇ ਤੇ ਗੁਰੂ ਪੰਥ ਦੇ ਦਿਲੀ ਭਾਵ ਕਹੋ ਜਾਂ......ਵੇਖ ਕੇ ਭੀ ਏਨ੍ਹਾਂ ਸੱਜਣਾਂ ਦੇ ਮਨ ਵਿਚ ਕੁਝ ਖਿਆਲ ਤੇ ਵਿਚਾਰ ਨਹੀਂ ਉਪਜਦਾ। ਕਾਨਫਰੰਸ ਜੇਹੇ ਪੰਥ ਕਾਰਜਾਂ ਨੂੰ ਭੀ ਕਿਉਂ ਤਬਾਹ ਹੁੰਦੇ ਵੇਖਕੇ ਮਸਤ ਹਨ, ਕੇਵਲ ਟ੍ਰਸਟ ਬਦਲੇ?

ਪਿੰਡਾਲ ਕਾਂਗ੍ਰਸ ਦੇ ਢੰਗ ਦਾ ਸਦਾ ਤੋਂ ਬਹੁਤ ਛੋਟਾ ਤੇ ਛੱਤ ਨਾਲ ਹਜ਼ਾਰਾਂ ਹੀ ਝੰਡੀਆਂ ਜੋ ਪ੍ਰਿੰਸ ਆਫ ਵੇਲਜ਼ ਦੀ ਆਮਦ ਤੇ ਸਰਕਾਰੀ ਬਣੀਆਂ ਸਨ, ਓਹ ਲੱਗੀਆਂ ਪ੍ਰਗਟ ਕਰ ਰਹੀਆਂ ਸ [illegible] ਸ੍ਰੇਸ ਪਿੰਡਾਲ ਵਿਚ ਆਏ ਹਰ ਇਕ ਨੂੰ ਗੁਰਦਵਾਰਿਆਂ ਸੰਬੰਧੀ ਸੇਵ [illegible] ਦੇ ਉਤਸ਼ਾਹੀ ਕਲਗੀਧਰ ਪਿਤਾ ਦੇ ਲਾਡਲੇ ਸਪੁਤ੍ਰਾਂ ਦੀ ਵਰਤਮਾਨ ਦਸ਼ਾ ਤੇ ਜਲਿਆਂ ਵਾਲੇ ਬਾਗ ਆਦਿ ਦੇ ਨਜ਼ਾਰੇ ਬਣਨ ਪਰ ਭੀ ਯੋਗ ਤਰਸ ਨਾ ਕਰਨ ਵਾਲੀ ਸਰਕਾਰ ਦੇ ਸਾਏ ਹੇਠ ਦੱਬੇ ਰਹਿ ਕੇ ਚੂੰ ਤਕ ਨਹੀਂ ਕਰਨੀ ਚਾਹੀਦੀ।

ਰੀਸੈਪਸ਼ਨ ਕਮੇਟੀ ਦੇ ਪ੍ਰਧਾਨ ਸ੍ਰ: ਸੁਜਾਨ ਸਿੰਘ ਜੀ ਦੀ ਸਪੀਚ ਆਪਦੇ ਸਪੁਤ੍ਰ ਜੀ ਨੇ ਪੜ੍ਹੀ ਜੋ ਆਪ ਜੀ ਦੀ ਹੀ ਰਚਨਾ ਪ੍ਰਤੀਤ ਹੁੰਦੀ ਹੈ।



Digitized by Panjab Digital Library | www.panjabdigilib.org

ਸ੍ਰ: ਮਿਲਖਾ ਸਿੰਘ ਇਕ ਖਾਸ ਚੌਧਰੀ ਕੰਨੀਂ ਅਨੱਤੀਆਂ, ਬ੍ਰਿਧ ਬਜ਼ੁਰਗ ਹੋਕੇ।

ਸ਼ਾਹ ਪੁਰ ਸਕੂਲ ਦੇ ਬੱਚਿਆਂ ਸ਼ਬਦ ਪੜ੍ਹਿਆ "ਭਲੋ ਰੇ ਭਲੋ ਹਰਿ ਮੰਗਨਾਂ........" ਜਿਸ ਵਿਚ ਸਤਿਗੁਰੂ ਜੀ ਦੇ ਉਪਦੇਸ਼ ਹਨ ਕਿ–ਵਾਹਿਗੁਰੂ ਅਕਾਲ ਪੁਰਖ ਜੀ ਦੇ ਪ੍ਰੇਮ ਦੀ ਮੰਗ(ਸੇਵਾ)ਹੀ ਸਫਲ ਹੈ। ਮਾਯਾ ਦੇ ਰੰਗ ਧਨ ਸਾਥ ਨਹੀਂ ਜਾਣੇਂ ਮੌਤ ਜ਼ਰੂਰੀ ਸਮਝ ਕੇ ਟਕਿਆਂ ਦੇ ਪ੍ਰੇਮ ਛੱਡ ਕੁਝ ਉਪਕਾਰ ਕਰੋ ਆਦਿ ਜੋ ਚੀਫ ਖਾਲਸਾ ਦੀਵਾਨ ਪਾਰਟੀ ਦੇ ਵਿਚਾਰਾਂ ਦੇ ਵਿਰੁੱਧ ਹੈ। ਇਸ ਪਾਰਟੀ ਦਾ ਟਕਿਆਂ ਦੇ ਬਿਨਾਂ ਕਿਸੇ ਸੇਵਾ ਨਾਲ ਪ੍ਰੇਮ ਹੀ ਨਹੀਂ–ਕੋਈ ਮਰੇ ਕੋਈ ਜੀਵੇ...... ।

ਪ੍ਰਧਾਨ ਜੀ ਦੀ ਵਯਾਖਯਾ। ਫੀਰੋਜ਼ਪੁਰ ਬੀਬੀਆਂ ਵਲੋਂ ਸਨਮਾਨ ਪੱਤ੍ਰ। ਬੀਬੀ ਪ੍ਰੀਤਮ ਕੌਰ ਮੈਡਲ। ਰਾਗੀ ਹੀਰਾ ਸਿੰਘ ਜੀ ਦੀ ਵਯਾਖਯਾ। ਦਿੱਲੀ ਨਿਵਾਸੀ ਸੇਵਕਾਂ ਦੀ ਉਦਾਸੀ।

ਦੂਜਾ ਸਮਾਗਮ–ਬਾਰਸ਼ ਕਰਕੇ ਪ੍ਰਧਾਨ ਸ੍ਰ: ਜੁਗਿੰਦਰ ਸਿੰਘ ਜੀ ਸਮੇਂ ਸਿਰ ਪੁਜੇ। ਆਪ ਹੀ ਬਾਕੀ ਲੀਡਰ ਸੱਦ ਕੇ ਲਿਆਏ। ੩ ਸ਼ਬਦ ਬੀਬੀਆਂ ਫੀਰੋਜ਼ਪੁਰ। ੨ ਸ਼ਬਦ ਵਿਦਯਾਰਥੀ ਸ਼ਾਹ ਪੁਰ ਸਕੂਲ। ਦਰਵਾਜ਼ੇ ਸਭ ਖੁੱਲ੍ਹੇ, ਆਮ ਸੰਗਤਾਂ ਨੂੰ ਖੁਲ੍ਹ ਕੀਤੀ ਗਈ। ਪ੍ਰਧਾਨ ਜੀ ਦੇ ਐਡ੍ਰੈਸ ਨਾ ਪੜ੍ਹਨ ਦੀ ਚਰਚਾ। ਕੋਈ ਕਹੇ......ਕੋਈ ਕਹੇ......।"

---

"ਅੰਮ੍ਰਿ[illegible]ਰ ਸ੍ਰੋ: ਗੁ: ਪ੍ਰ: ਕਮੇਟੀ ਤੇ ਕਹਿਰ ਸ਼ੁਰੂ" ਦਾ ਹੈਡਿੰਗ ਦੇ ਕੇ ੨੬ ਅ[illegible]ੀ ਡਾਇਰੀ ਆਪ ਇਸ ਤਰ੍ਹਾਂ ਲਿਖਦੇ ਹਨ:–

"ਸਵੇਰੇ [illegible]ਮ੍ਰਿਤਸਰ ਜੀ ਸ੍ਰੋਮਣੀ ਕਮੇਟੀ ਦੇ ਸਮਾਗਮ ਵਿਚ ਗਿਆ ੧੧॥ ਤੋਂ ੪॥ ਤਕ ਕਮੇਟੀ ਵਿਚ ਰਿਹਾ। ਵਾਪਸ ਸ਼ਾਮ ਦੀ ਗੱਡੀ ਆਯਾ ਗੱਡੀ ਤੁਰਨ ਵੇਲੇ ਪਤਾ ਲਗਾ ਜੋ ਸ੍ਰ: ਬ: ਸ੍ਰ: ਮਤਾਬ ਸਿੰਘ ਜੀ ਆਦਿ ੯ ਪੰਥ ਲੀਡਰਾਂ ਦੇ ਵਰੰਟ ਗੁਰੂ ਕੇ ਬਾਗ ਸੰਬੰਧੀ ਨਿਕਲ ਚੁਕੇ ਹਨ। ਨੌਕਰਸ਼ਾਹੀ ਦੀ ਇਹ ਕਰਤੂਤ ਵੇਖ ਅਤੀ ਸ਼ੋਕ ਹੋਯਾ।"

ਅਗੇ ੨੭ ਅਗਸਤ ਵਿਚ ਦਰਜ ਹੈ:–

"ਸਵੇਰੇ ਸ੍ਰੀ ਅੰਮ੍ਰਿਤਸਰ ਜੀ ਗਿਆ ਸ੍ਰੋ: ਗੁ: ਪ੍ਰ: ਕਮੇਟੀ ਵਿਚ ਹੋ



Digitized by Panjab Digital Library | www.panjabdigilib.org

ਗੁਰੂ ਕੇ ਬਾਗ ਸੰਬੰਧੀ ਸਖਤੀ ਦੇ ਹਾਲ ਸੁਣ ਬੜਾ ਹੀ ਦੁਖ ਤੇ ਸ਼ੋਕ ਹੋਇਆ।"

ਇਸਤੋਂ ਅੱਗੇ ਗੁਰੂ ਕੇ ਬਾਗ ਬਾਰੇ ਡਾਢੇ ਹੀ ਦਿਲ ਚੀਰਵੇਂ ਸ਼ਬਦਾਂ ਵਿਚ ਆਪਦੀ ਡਾਇਰੀ ਲਹੂ ਦੇ ਅੱਥਰੂ ਕੇਰਦੀ ਹੈ। ਪੰਥ ਦੀ ਹਾਲਤ ਦੇਖ ਆਪਦਾ ਹਿਰਦਾ ਬਿਹਬਲ ਹੋ ਬਾਹਰ ਨੂੰ ਆ ਰਿਹਾ ਹੈ। ਆਪ ਰੋਜ਼ ਹੀ ਲਗ ਭਗ ਗੁਰੂ ਕੇ ਬਾਗ ਦੀ ਸੇਵਾ ਨੂੰ ਜਾ ਰਹੇ ਸੇਵਕਾਂ ਦੀ ਸੇਵਾ ਲਈ ਜਾਂਦੇ ਯਥਾ ਜੋਗ ਜਿੰਨੀ ਸੇਵਾ ਹੋ ਸਕਦੀ ਕਰਦੇ, ਪਰ ਦੇਖ ਦੇਖ ਜੋ ਦੁਖ ਆਪ ਦੇ ਹਿਰਦੇ ਨੂੰ ਹੁੰਦਾ ਉਹ ਵਰਣਨ ਤੋਂ ਪਰੇ ਹੈ। ਆਪ ਦੀ ਦੁਕਾਨ ਮਾਨੋ ਇਕ ਤਰਾਂ ਸ੍ਰ: ਤ੍ਰਿਲੋਕ ਸਿੰਘ ਦੇ ਹੀ ਸਪੁਰਦ ਸੀ ਤੇ ਹਫਤਿਆਂ ਬੱਧੀ ਆਪ ਪੰਥ ਸੇਵਕਾਂ ਦੀ ਸੇਵਾ ਵਿੱਚ ਲੱਗੇ ਰਹੇ। ਕਈ ਵਾਰ ਇਨ੍ਹਾਂ ਸੇਵਕ ਗੁਰ ਸਿੱਖਾਂ ਦੀ ਸੇਵਾ ਤੇ ਦਰਸ਼ਨਾਂ ਲਈ ਆਪ ਸਾਰੇ ਪ੍ਰਵਾਰ ਨੂੰ ਹੀ ਨਾਲ ਲੈ ਜਾਂਦੇ ਤੇ ਸੇਵਾ ਕਰਕੇ ਜਨਮ ਸਫਲਾ ਕਰਨ ਨੂੰ ਆਖਦੇ। ਡਾਇਰੀ ਵਿੱਚੋਂ ਅਜੇਹੇ ਨੋਟ ਜਗ੍ਹਾ ਜਗ੍ਹਾ ਮਿਲ ਦੇ ਹਨ।

੧੫ ਸਤੰਬਰ ਨੂੰ ਸਰਦਾਰ ਹੁਕਮ ਸਿੰਘ ਜੀ ਸਬ ਜੱਜ ਦੇ ਸੱਦੇ ਅਨੁਸਾਰ ਸ੍ਰੀ ਅੰਮ੍ਰਿਤਸਰ ਜੀ ਗਿਆ, ਨਾਲ ਉਨ੍ਹਾਂ ਦਾ ਦਾਮਾਦ ਸੀ। ਬੀਮਾਰੀ ਸੰਬੰਧੀ ਹਾਲਾਤ ਸੁਣ, ਦੇਖ ਸਲਾਹ ਦਿਤੀ।

੧੭ ਸਤੰਬਰ ਦੀ ਡਾਇਰੀ ਵਿੱਚ ਆਪ ਲਿਖਦੇ ਹਨ—

"ਸਵੇਰੇ ਸ਼ਹਿਰ ਦੀ ਸੰਗਤ ਨਾਲ ਆਪ ਗੁਰੂ ਕੇ ਬਾਗ ਯਾਤਰਾ ਵਾਸਤੇ ਤ੍ਰਿਲੋਕ ਸਿੰਘ ਨੂੰ ਨਾਲ ਲੈ ਕੇ ਗਿਆ ............ਬਾਰਸ਼ ਜ਼ੋਰ ਦੀ ਹੋਈ। ਗੁਰਦੁਆਰੇ ਦੀ ਯਾਤ੍ਰਾ ਕਰ ਰਸਤੇ ਵਿਚ ਜਥੇ ਨਾਲ ਬਾ[illegible] ਦਰਸ਼ਨ ਕਰ ਗੁਰੂ ਕੇ ਬਾਗ ਪੁਲੀਸ ਦੇ ਜ਼ੁਲਮ ਵੇਖ ਸੁਣ, ਗੁਰਸਿ[illegible]ਸ਼ਾਂਤ ਮਈ ਗ੍ਰਿਫਤਾਰੀ ਵੇਖ ਵਾਪਸ। ਰਾਤ ਅੰਮ੍ਰਿਤਸਰ ਰਹੇ।"

੧੯ ਸਤੰਬਰ ਨੂੰ ਐਨੂਅਲ ਰਜਿਸਟਰ ਆਦਿਕ ੫ ਜ਼ਰੂਰੀ ਪੁਸਤਕਾਂ ਆਪ ਜੀ ਨੇ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਭੇਜੀਆਂ। ੨੪ ਸਤੰਬਰ ਨੂੰ ਫੇਰ ਖ਼ੂਨ ਦੇ ਸੋਹਲੇ, ੧੯੧੯ ਦੀ ਇੰਡੀਆ ਆਫਸ ਲਿਸਟ, ੧੯੧੯ ਇੰਡੀਅਨ ਈਯਰ ਬੁਕ ਆਦਿ ਪੁਸਤਕਾਂ ਭੇਜੀਆਂ।



Digitized by Panjab Digital Library | www.panjabdigilib.org

੨੫ ਨੂੰ ਲੀਡਰਾਂ ਦਾ ਮੁਕੱਦਮਾ ਵੇਖਣ ਆਪ ਕਚਿਹਰੀ ਵਿੱਚ ਗਏ।

੭ ਅਕਤੂਬਰ ਨੂੰ ਆਪ ਨੇ ਗੁਰੂ ਕੇ ਬਾਗ ਬਾਰੇ ਕਾਂਗ੍ਰਸ ਪੜ-ਤਾਲੀਆ ਕਮੇਟੀ ਸੌਂਹੇ ੨ ਤੋਂ ੪ ਸਤੰਬਰ ਤਕ ਗੁਰੂ ਕੇ ਬਾਗ ਸੰਬੰਧੀ ਗਵਾਹੀ ਦਿੱਤੀ, ਜੋ ਉਕਤ ਪੜਤਾਲੀਆ ਕਮੇਟੀ ਦੀ ਰਪੋਰਟ ਵਿਚ ਸਫਾ ੧੩ ਉੱਤੇ ਗਵਾਹੀ ਨੰ: ੪੦ ਵਿਚ ਦਰਜ ਹੈ। ਜੋ ਅੰਗ੍ਰੇਜ਼ੀ ਦੇ ਬਾਰੀਕ ਟਾਈਪ ਵਿਚ ਪੂਰੀ ਤਰ੍ਹਾਂ ਵਿਸਤਾਰ ਸਹਿਤ ੭ ਸਫਿਆਂ ਉੱਤੇ ਦਰਜ ਹੈ। ਇਸੇ ਦਿਨ ਦੂਜੀ ਸਪੁਤ੍ਰੀ ਦੀ ਸ਼ਾਦੀ ਲਈ ਰਾਤ ਦੀ ਗੱਡੀ ਦਿੱਲੀ ਨੂੰ ਰਵਾਨਾ ਹੋਏ।

੧੧ ਅਕਤੂਬਰ ਨੂੰ ਆਪ ਦੀ ਛੋਟੀ ਕਾਕੀ ਬੀਬੀ ਚਤੁਰ ਕੌਰ ਦਾ ਅਨੰਦ ਕਾਰਜ ਸਰਦਾਰ ਗੁਰਮੁਖ ਸਿੰਘ ਜੀ ਐਨਜੀਨੀਅਰ ਘਰਜਾਖ ਵਾਲਿਆਂ ਦੇ ਸਪੁਤ੍ਰ ਸ੍ਰ: ਗੁਰਚਰਨ ਸਿੰਘ ਜੀ* ਨਾਲ ਹੋਇਆ। ਇਸ ਸਮੇਂ

---

*ਸ੍ਰ: ਗੁਰਚਰਨ ਸਿੰਘ ਜੀ--ਆਪ ਦਾ ਜਨਮ ੧੮੯੮ ਵਿਖੇ ਸ੍ਰ: ਗੁਰਮੁਖ ਸਿੰਘ ਜੀ ਘਰਜਾਖੀਏ ਦੇ ਗ੍ਰਿਹਿ ਵਿਖੇ ਸ੍ਰੀ ਨਗਰ ਕਸ਼ਮੀਰ ਵਿਖੇ ਹੋਇਆ। ਕਸ਼ਮੀਰ ਵਿੱਚ ਹੀ ਵਿਦਿਆ ਪਾਈ ਤੇ ੧੯੧੮ ਵਿੱਚ ਬੀ. ਐਸ. ਸੀ. (ਆਨਰਜ਼) ਪਾਸ ਕੀਤੀ। ਇਸ ਪਿਛੋਂ ਸ੍ਰ: ਰਾਮ ਸਿੰਘ ਜੀ ਕਾਬਲੀ ਦੀ ਪਾਟਰੀ ਵਰਕਸ(Pottery works) ਵਿੱਚ ਛੇ ਮਹੀਨੇ ਕੰਮ ਕੀਤਾ,ਜਿਸ ਤੇ ਖੁਸ਼ ਹੋ ਕਾਬਲੀ ਜੀ ਨੇ ੧੯੧੯ ਵਿੱਚ(Pottery works) ਦੀ ਉਚ ਵਿਦਯਾ ਲਈ ਆਪ ਨੂੰ ਜਾਪਾਨ ਭੇਜਿਆ। ਉੱਥੇ ਸ਼ਾਨਦਾਰ ਸਫਲਤਾ ਪ੍ਰਾਪਤ ਕਰ ਆਪ ਮਾਰਚ ੧੯੨੨ ਵਿੱਚ ਹਿੰਦੁਸਤਾਨ ਵਾਪਸ ਆਏ। ਇਸੇ ਸਾਲ ਅਕਤੂਬਰ ਵਿੱਚ ਵੈਦਰਾਜ ਜੀ ਦੀ ਛੋਟੀ ਸਪੁੱਤ੍ਰੀ ਤੇ ਸ: ਰਾਮ ਸਿੰਘ ਜੀ ਕਾਬਲੀ ਦੀ ਧਰਮ[illegible]ੜੀ ਬੀਬੀ ਚਤੁਰ ਕੌਰ ਜੀ ਨਾਲ ਆਪ ਦਾ ਵਿਵਾਹ ਹੋਇਆ। (ਇਹ ਉਹੀ [illegible] ਜਿਸ ਬਾਰੇ ਸਿੱਖ ਐਜੂਕੇਸ਼ਨਲ ਕਾਨਫ੍ਰੰਸਾਂ ਵਿੱਚ ਪ੍ਰੇਮ ਉਤਸ਼ਾਹ ਭਰੀਆਂ ਕਵਿ[illegible]ੜੀਆਂ ਜਾਣ ਤੇ ਮਾਇਆ ਦੀ ਸੰਦੂਕੜੀ ਪੇਸ਼ ਕਰਕੇ ਸਿੱਖ ਕੌਮ ਦੀ ਸੇਵਾ ਕਰਨ [illegible] ਜ਼ਿਕਰ ਕਰਦੇ ਆਏ ਹਾਂ। ਇਹੀ ਬੀਬੀ ਹੈ ਜਿਸ ਦੇ ਜਮਾਂ ਕੀਤੇ ਹੋਏ ਕੌਮੀ ਫੰਡ ਨੂੰ ਕਾਬਲੀ ਜੀ ਸਦਾ ਦੂਣਾ ਕਰਕੇ ਪੰਥ ਦੇ ਭੇਟ ਕਰਦੇ ਰਹੇ ਹਨ।) ਤਦ ਤੋਂ ਆਪ ਦਿੱਲੀ ਵਿੱਚ ਹੀ ਕੰਮ ਕਰ ਰਹੇ ਹਨ। ਆਪ ਸਿੱਖਾਂ ਵਿੱਚ ਪਸਿਲੇ ਇਸ ਕੰਮ ਦੇ ਮਾਹਰ ਤੇ ਵਿਦਵਾਨ ਹਨ। ਅੱਜ ਕੱਲ ਦਿਲੀ ਪਾਟਰੀ ਵਰਕਸ ਦੇ ਮੈਨੇ-ਜਿੰਗ ਡਾਇਰੈਕਟਰ ਹਨ। ਪੰਜਾਬ ਸਰਕਾਰ ਨੇ ਆਪ ਨੂੰ ਪਾਟਰੀ ਸਬ ਕਮੇਟੀ ਵਿੱਚ ਰੱਖਿਆ ਹੈ ਤੇ ਇਸੇ ਮਜ਼ਮੂਨ ਲਈ ਆਪ ਬਨਾਰਸ ਆਦਿ ਯੂਨੀਵਰਸਟੀਆਂ ਦੇ ਇਮਤਿਹਾਨਕਾਰ ਭੀ ਹਨ।



Digitized by Panjab Digital Library | www.panjabdigilib.org

ਵੈਦ ਜੀ ਵਲੋਂ ਹੇਠ ਲਿਖੀ ਅਸੀਸ ਪ੍ਰਕਾਸ਼ਤ ਕੀਤੀ ਗਈ।

## ਸਹੁਰੇ ਤੁਰਦੀ ਧੀ ਨੂੰ ਅਸੀਸ

ਜੋ

ਸ੍ਰੀ ਮਾਨ ਸਰਦਾਰ ਰਾਮ ਸਿੰਘ ਜੀ ਕਾਬਲੀ ਦੀ ਧਰਮ ਸਪੁਤਰੀ
ਬੀਬੀ ਚਤੁਰ ਕੌਰ ਦੇ ਸ਼ੁਭ ਵਿਵਾਹ ਸਮੇਂ ਕਤਕ ਵਦੀ ੫
੪੫੩ਨੂੰ ਭਾਈ ਮੋਹਨਸਿੰਘ ਜੀ ਵੈਦ ਮਯੂਨਸਿਪਲ ਕਮਿਸ਼ਨਰ
ਸ੍ਰੀ ਤਰਨ ਤਾਰਨ ਜੀ ਨੇ ਭੇਟ ਕੀਤੀ।

---

ਪਯਾਰੀ ਪਰਮ ਦੁਲਾਰੀ ਤੂੰ ਚਤੁਰ ਬੱਚੀ,
ਪਯਾਰੀ ਪ੍ਰਾਣਾਂ ਤੋਂ ਵੱਧ ਤੂੰ ਆਪ ਧੀਏ।
ਜਨਮੀ ਕਿਤੇ ਤੇ ਪਲੀ ਆ ਕ੍ਰਿਸ਼ਨ ਵਾਕਰ,
ਰਹੀ ਸ਼ੁਭ ਥਾਂ ਪਯਾਰ ਦੀ ਥਾਪ ਧੀਏ।
ਪਾਲੀ ਲਾਡਾਂ ਦੇ ਨਾਲ ਜਿਉਂ ਬਾਗ ਮਾਲੀ,
ਬਰਕਤ ਘਰ ਦੀ ਮਾਪਿਆਂ ਛਾਪ ਧੀਏ।
ਬਣਿਆਂ ਸਮਾਂ ਵਿਦਾਇਗੀ ਦਾ ਅੱਜ ਆ ਕੇ,
ਲਾਯਾ ਲੜ ਵਰ ਯੋਗ ਸੰਜੋਗ ਧੀਏ॥ ੧॥
ਧੀਆਂ ਧਨ ਪਰਾਇਆ ਹੈ ਠੀਕ ਬੱਚੀ!
ਕੁੜੀਆਂ ਹੈਨ ਚਿੜੀਆਂ ਰੀਤ ਜੱਗ ਕੇਰੀ।
ਸਮੇਂ ਇਸ ਵਿਛੋੜੇ ਅਸੀਸ ਮੇਟ ਹੈ
ਹੋਵੇ ਸਭ ਥਾਂ ਸਦਾ ਕਲਿਆਨ ਤੇਰੀ।
ਸਤ, ਸ਼ੀਲ, ਸੰਤੋਖ ਤੇ ਸਦਾ ਮਿੱਠਤ,
ਪਯਾਰ ਰਹੇ ਪ੍ਰਵਾਰ ਹਿੱਤ ਸਦਾ ਵੇਰੀ।
ਸੇਵਾ ਪਤੀ ਦੀ ਆਗਿਆ ਵਿਚ ਵਰਤੇਂ,
ਬਣੀ ਰਹੇਂ ਸਿਰ ਸਾਈਂ ਦੀ ਸਦਾ ਚੇਰੀ॥ ੨॥



Digitized by Panjab Digital Library | www.panjabdigilib.org

ਪ੍ਰੇਮ ਬਾਣੀ ਦਾ ਨਿੱਤ ਰਹੇ ਨੇਮ ਸਤਿਗੁਰ,
ਸਦਾ ਪ੍ਰੇਮ ਗੁਰਮੱਤ ਦਾ ਰਹੇ ਧੀਏ।
ਸੰਗੀ ਸਾਥੀਆਂ ਸਦਾ ਸੁਖਦਾਤ ਹੋਵੇ,
ਪਜਾਰ ਨਾਲ ਤੁਧ ਗੁਣਾਂ ਸਭ ਕਹੇ ਧੀਏ।
ਨੇਕੀ ਅਤੇ ਪਵਿੱਤ੍ਰਤਾ ਪਤੀ ਭਗਤੀ,
ਪਤੀ ਆਗਿਆ ਸੀਸ ਤੇ ਸਹੇਂ ਧੀਏ।
ਤੇਰੀ ਚਤੁਰਤਾ ਸ਼ੁਭ ਗੁਣਾਂ ਨਾਲ ਰੰਗੀ,
ਸ਼ੁਭ ਸੁਖਾਂ ਦੀ ਦਾਤੀ ਸਭ ਚਹੇ ਧੀਏ ॥ ੩ ॥
ਬੱਚੀ! ਸਮਾਂ ਵਿਦਾਇਗੀ ਦਾ ਅੱਤ ਕਰੜਾ,
ਪਾਲਕ ਮਾਪਿਆਂ ਹੋਰ ਭੀ ਪ੍ਰੇਮ ਹੋਵੇ।
ਪਰ ਏਹ ਨੇਤ ਕਰਤਾਰ ਦੀ ਇਵੇਂ ਰਚਨਾਂ,
ਸਾਰੇ ਜਗ ਦਾ ਏਹੋ ਹੀ ਨੇਮ ਹੋਵੇ।
ਜੋੜੀ ਰਹੋ ਇਕ ਜੋਤ ਹੋ ਦੋਇ ਮੂਰਤਿ,
ਵਾਧਾ ਕੁਲ ਦਾ ਸਦਾ ਹੀ ਖੇਮ ਹੋਵੇ।
ਪਾਲਕ ਮਾਪਿਆਂ ਰਹੇ ਪਜਾਰ ਪੂਰਾ,
ਰਾਖਾ ਸਤਿਗੁਰੂ ਸਭ ਹੀ ਟੇਮ ਹੋਵੇ ॥ ੪ ॥
ਮਾਤਾ ਪਿਤਾ ਪਜਾਰੜੀ ਸੁਘੜ ਬੱਚੀ,
ਉੱਚੇ ਸਾਕ ਸਹੁਰੇ ਜਾ ਕੇ ਵੱਸ ਧੀਏ।
ਪਤੀ [illegible]ਣਾ ਤੂੰ ਸਿਰਤਾਜ ਸਮਝੀਂ,
[illegible] ਬਾਪ ਸਮਝੀਂ ਸਹੁਰਾ ਸੱਸ ਧੀਏ।
ਇਵੇਂ ਪਤੀ ਦੇ ਭੈਣ ਭਰਾ ਸਮਝੀਂ,
ਆਂਢ ਗੁਵਾਂਢ ਤੋਂ ਲਵੀਂ ਤੂੰ ਜੱਸ ਧੀਏ।
ਇਹੋ ਮੱਤ ਤੇ ਇਹੋ ਅਸੀਸ ਮੇਰੀ,
ਗੰਢ ਬੰਨ੍ਹ ਪੱਲੇ ਕੱਸ ਕੱਸ ਧੀਏ ॥ ੫ ॥



Digitized by Panjab Digital Library | www.panjabdigilib.org

ਅੰਗ ਸੰਗ ਨਿਤ ਸਤਿਗੁਰੂ, ਕਲਗੀਧਰ ਮਹਾਰਾਜ।
ਆਦਿ,ਉਪਾਧਿ, ਵਯਾਧਿ ਹਰਿ,ਬਖਸ਼ਣ ਸਭ ਥਾਂ ਲਾਜ ॥ ੬ ॥

ਕਾਜ ਸਫਲ ਸਭ ਹੋਵਸਨ, ਵਧਦਾ ਰਹੇ ਪਰੇਮ।
ਦੁਹੀਂ ਧਿਰੀਂ ਸੁਖ ਸ਼ੁਭ ਰਹੇ, ਹੋ ਸਿੱਖੀ ਦਾ ਨੇਮ ॥ ੭ ॥

---

ਆਪ ਦੀ ਸਪੁੱਤ੍ਰੀ ਦੀ ਸ਼ਾਦੀ ਹੋਈ ਨੂੰ ਅਜੇ ਇਕ ਹਫਤਾ ਹੀ ਹੋਇਆ ਸੀ ਕਿ ਆਪ ਦਾ ਹੋਨਹਾਰ ਜੇਠਾ ਸਪੁਤ੍ਰ ਸ੍ਰ: ਤ੍ਰਿਲੋਕ ਸਿੰਘ ਗੁਰੂ ਕੇ ਬਾਗ ਦੇ ਮੋਰਚੇ ਵਿਚ ਜਾਂਦਾ ਹੈ। ਸਪੁਤ੍ਰ ਗੁਰੂ ਪੰਥ ਦੀ ਸੇਵਾ ਵਿਚ ਕੈਦ ਹੋਣ ਜਾਂਦਾ ਹੈ, ਦੇਸ਼ ਭਗਤ ਪਿਤਾ ਪ੍ਰਸੰਨ ਹੁੰਦਾ ਹੈ। ਇਸ ਨੂੰ ਆਖਦੇ ਹਨ ਸਿਖੀ ਸਪਿਰਟ। ਆਪ ੨੦ ਅਕਤੂਬਰ ਦੀ ਡਾਇਰੀ ਵਿਚ ਲਿਖਦੇ ਹਨ:-

"ਦੁਪਹਿਰੇ ਤ੍ਰਿਲੋਕ ਸਿੰਘ ਗੁਰੂ ਬਾਗ ਸੇਵਾ ਵਿਚ ਜਾਣ ਵਾਸਤੇ ਜੱਥੇ ਨਾਲ ਗਿਆ। ਸਤਿਗੁਰੂ ਅੰਗ ਸੰਗ ਸਹਾਈ ਹੋਵਨ।"

ਸਪੁੱਤ੍ਰ ਦੀ ਗ੍ਰਿਫਤਾਰੀ ਤੇ ਆਪ ਗਦ ਗਦ ਚਿੱਤ ਸਤਿਗੁਰਾਂ ਪਾਸ ਸਪੁਤ੍ਰ ਦੇ ਸਿਖੀ ਸਿਦਕ ਨਿਭਾਉਣ ਲਈ ਅਰਜ਼ੋਈਆਂ ਕਰਦੇ ਰਹਿੰਦੇ, ਜੋ ਗੁਰਸਿਖ ਦਾ ਭਰੋਸਾ ਹੈ।

੨੫ ਅਕਤੂਬਰ ੧੯੨੨ ਨੂੰ ਸ੍ਰ: ਤ੍ਰਿਲੋਕ ਸਿੰਘ ਨੂੰ ਹੋਰ ਜੱਥੇ ਨਾਲ ੧੫੦) ਜੁਰਮਾਨਾ ਤੇ ੯ ਮਹੀਨੇ ਕੈਦ ਦੀ ਸਜ਼ਾ ਹੋਈ। ਆਪ ਇਸ ਤਰੀਕ ਦੀ ਡਾਇਰੀ ਵਿਚ ਲਿਖਦੇ ਹਨ:-

"ਪਤਾ ਆਇਆ ਜੋ ਬਰਖੁਰਦਾਰ ਤ੍ਰਿਲੋਕ ਸਿੰਘ ਨੂੰ ਗੁਰੂ ਜੀ ਦੀ ਸੇਵਾ ਵਿਚ ਅਜ ਜੱਥੇ ਨਾਲ ਸਾਧੂ ਸਿੰਘ ਮੈਜਿਸਟ੍ਰੇਟ ਦੀ ਕਚਹਿਰੀ ਵਿਚੋਂ ਹੇਠ ਲਿਖੀ ਸਜ਼ਾ ਹੋਈ:—

੧੪੩ ਦਫਾ ਵਿਚ ੬ ਮਹੀਨੇ ਕੈਦ ਸਖਤ ਤੇ ੧੦੦) ਜੁਰਮਾਨਾ ੧ ਮਹੀਨਾ ਤਨਹਾਈ ਕੈਦ।



Digitized by Panjab Digital Library | www.panjabdigilib.org

੪੪੭ ਦਫਾ ਹੇਠ ੩ ਮਹੀਨੇ ਕੈਦ ਤੇ ੫੦) ਜੁਰਮਾਨਾ। ਸੁਣ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਸ਼ੁਕਰ ਦੀ ਬੇਨਤੀ ਕੀਤੀ। ਅੰਗ ਸੰਗ ਸਹਾਈ ਹੋਵਣ।"

੧੬ ਨਵੰਬਰ ਨੂੰ ਸ੍ਰ: ਤ੍ਰਿਲੋਕ ਸਿੰਘ ਦੇ ਜੁਰਮਾਨੇ ਬਾਬਤ ੬ ਅਲ-ਮਾਰੀਆਂ ਦੁਕਾਨ ਦੀਆਂ ਕੁਰਕ ਕਰਾ ਕੇ......ਸਪੁਰਦ ਕਰ ਗਿਆ।

੨੮ ਨਵੰਬਰ ਨੂੰ ਫੇਰ ਆਪ ਗੁਰਦੁਆਰਾ ਨੌਰੰਗਾ ਬਾਦ ਦਾ ਝਗੜਾ ਨਿਪਟਾਉਣ ਗਏ। ਅਤੇ ੧ ਦਸੰਬਰ ੧੯੨੨ ਨੂੰ ਆਪ ਬਰਖੁਰਦਾਰ ਤ੍ਰਿਲੋਕ ਸਿੰਘ ਨੂੰ ਮਿਲਣ ਲਈ ਲਾਹੌਰ ਜੇਹਲ ਵਿਚ ਗਏ। ਤਅੱਜਬ ਦੀ ਗੱਲ ਹੈ ਕਿ ਆਪ ਜੇਹਲ ਦੇ ਡਾਕਟਰ ਲਈ ਉਸ ਦੇ ਵਰਤਣ ਲਈ ਆਪਣੀਆਂ ਦਵਾਈਆਂ ਭੀ ਲੈ ਗਏ। ਆਪ ਇਸ ਦਿਨ ਦੀ ਡਾਇਰੀ ਵਿਚ ਲਿਖਦੇ ਹਨ:-

"ਲਾਹੌਰ ਤ੍ਰਿਲੋਕ ਸਿੰਘ ਨੂੰ ਮਿਲਣ ਗਿਆ। ੪ ਜੋੜੇ ਖੜਾਵਾਂ, ੧੨੦੦ ਗੋਲੀ ਪਾਚਨ ਬਟੀ, ੪ ਸ਼ੀਸ਼ੀਆਂ ਸੁਖਦਾਈ ਦਾਰੂ ਜੇਹਲ ਦੇ ਡਾਕਟਰ ਦੇ ਵਰਤਣ ਵਾਸਤੇ ਭੇਜੀਆਂ।"

ਇਸਨੂੰ ਆਖਦੇ ਹਨ, ਸਿੱਖੀ ਸਪਿਰਟ।

ਹੁਣ ਸਰਕਾਰ ਢਿਲੀ ਹੋ ਗਈ। ਅਕਾਲੀ ਕੈਦੀ ਛੁੱਟਣੇ ਸ਼ੁਰੂ ਹੋ ਗਏ ਤੇ ੮ ਦਸੰਬਰ ਨੂੰ ਹੋਰ ਕਈ ਗੁਰੂ ਕੇ ਬਾਗ ਦੇ ਕੈਦੀਆਂ ਨਾਲ ਸ੍ਰ: ਤ੍ਰਿਲੋਕ ਸਿੰਘ ਜੀ ਭੀ ਰਿਹਾ ਹੋ ਗਏ। ਸਪੁਤ੍ਰ ਨੂੰ ਸਿਦਕ ਸਬਰ ਨਾਲ ਗੁਰੂ ਪੰਥ ਸੇਵਾ [illegible] ਜੇਹਲ ਯਾਤਰਾ ਕਰ ਔਣ ਤੇ ਆਪ ਨੇ ਸਤਿਗੁਰੂ ਦਾ ਹਜ਼ਾਰ ਹਜ਼[illegible]ਰ ਕੀਤਾ।

---



Digitized by Panjab Digital Library | www.panjabdigilib.org

# ੧੯੨੨ ਦੀਆਂ ਘਟਨਾਵਾਂ

੯ ਜਨਵਰੀ—ਤਰਨ ਤਾਰਨ ਸਾਕੇ ਸੰਬੰਧੀ ੧੪੮ ਦਫਾ ਦੇ ਮੁਕੱਦਮੇ ਦਾ ਫੈਸਲਾ ਹੋਯਾ।

੧੨ ਜਨਵਰੀ—ਸ੍ਰੀ ਅਨੰਦ ਪੁਰ ਸਾਹਿਬ ਕਬਜ਼ਾ ਕੀਤਾ।

੧੯ ਜਨਵਰੀ—ਚਾਬੀਆਂ ਸੰਬੰਧੀ ਗ੍ਰਿਫਤਾਰ ਸਿੰਘ ਰਿਹਾ ਹੋ ਅੰਮ੍ਰਿਤਸਰ ਪੁੱਜੇ ਤੇ ਸਰਕਾਰ ਵੱਲੋਂ ਚਾਬੀਆਂ ਸ੍ਰ: ਖੜਕ ਸਿੰਘ ਜੀ ਨੂੰ ਅਕਾਲ ਤਖਤ ਦਿੱਤੀਆਂ ਗਈਆਂ।

## ਗੁਰੂ ਕਾ ਬਾਗ਼

੩੧-੧-੨੨—ਸ੍ਰ: ਦਾਨ ਸਿੰਘ ਵਿਛੋਆ ਆਦਿ ਗੁਰੂ ਕਾ ਬਾਗ਼ ਮਹੰਤ ਨੂੰ ਸਮਝਾਉਣ ਗਏ। ਮਹੰਤ ਨੇ ਸਾਰੇ ਹੱਕ ਸ਼੍ਰੋ: ਕਮੇਟੀ ਵਾਸਤੇ ਕਰ ਦਿੱਤੇ।

੮-੨-੨੧—ਮਹੰਤ ਨੇ ਸਿੰਘਣੀ ਸਮੇਤ ਅਕਾਲ ਤਖਤ ਅੰਮ੍ਰਿਤ ਛਕਿਆ। ਨਾਮ ਜੋਗਿੰਦਰ ਸਿੰਘ ਤੇ ਗਿਆਨ ਕੌਰ ਰਖੇ।

੨੩-੮-੨੧—ਸ਼੍ਰੋਮਣੀ ਕਮੇਟੀ ਨੇ ਗੁਰਦਵਾਰੇ ਦਾ ਚਾਰਜ ਲਿਆ।

ਫਰਵਰੀ ੧੯੨੨ ਵਿੱਚ ਮਹੰਤ ਨੇ ਸਾਲਸਾਂ ਦਾ ਫੈਸਲਾ ੧੨੫) ਮਹੀਨਾ ਲੈਣ ਦਾ ਮੰਨਿਆ। ਉਪ੍ਰੰਤ ਮਾਰਚ-ਅਪ੍ਰੈਲ ਵਿੱਚ ਫਿਰ ਮੁੱਕਰ ਗਿਆ।

੩-੩-੨੨—ਨਨਕਾਣਾ ਸਾਹਿਬ ਦੇ ਮਹੰਤ ਦਾ ਹਾਈ ਕੋਰਟ ਵਿੱਚ ਫੈਸਲਾ।

ਗੁਰੂ ਬਾਗ ਅਕਾਲੀ ਲਕੜਾਂ ਕੱਟਦੇ ਰਹੇ ਪਰ, ੮-੮-੨੨-ਨੂੰ ਸੁੱਕਾ ਕਿੱਕਰ ਲੰਗਰ ਵਾਸਤੇ ਕੱਟਿਆ ਤੇ ਡਿਪਟੀ ਕਮਿਸ਼ਨਰ ਦੀ ਸ਼ਿਕਾਇਤ ਤੇ ੯-੮-੨੨-ਨੂੰ ਪੰਜ ਸੇਵਕ ਗ੍ਰਿਫਤਾਰ ਕੀਤੇ ਗਏ।

੧੦-੮-੨੨—ਬੀ.ਟੀ. ਡਿ: ਸੁਪ੍ਰੰਟੈਂਡੈਂਟ ਪੁਲੀਸ ਦੇ ਪੁੱਜਨ [illegible] ਵੱਲੋਂ ਸ਼ਕਾਇਤ ਲਿਖਵਾਈ ਗਈ। ਪੰਜ ਸਿੱਖਾਂ ਨੂੰ ੬ ਮਹੀਨੇ ਕੈਦ ਤੇ ੫੦, [illegible]ਨਾ ਹੋਇਆ।

੧੧-੮-੨੨—ਭਗਤ ਜਸਵੰਤ ਸਿੰਘ ਜੀ ਨੇ ਜਾ ਕੇ ਸਾਰਾ [illegible]ਲ ਵੇਖਿਆ।

੧੨-੮-੨੨—ਅਕਾਲੀਆਂ ਦੇ ਬਾਗ ਦੀਵਾਨ ਹੋ ਸਭ ਹਾਲ ਦੱਸੇ।

੨੨-੮-੨੨—ਤੇਜ਼ੀ ਨਾਲ ਕੰਮ ਸ਼ੁਰੂ ਹੋਇਆ,੨੪ ਤ੍ਰੀਕ ਤੱਕ੧੮੦ ਗ੍ਰਿਫਤਾਰੀਆਂ। ੨੫-੮-੨੨—ਤੱਕ ੨੧੦ ਤੱਕ ਪੁੱਜ ਗਈਆਂ।

੨੪ ਤ੍ਰੀਕ ਤੋਂ ਮਾਰ ਕੁਟਾਈ ਸ਼ੁਰੂ ਹੋਈ, ਗੁਰੂ ਕੇ ਬਾਗ ਇਸੇ ਦਿਨ ਮਿ: ਡੈਨਟ



Digitized by Panjab Digital Library | www.panjabdigilib.org

ਡੀ.ਸੀ. ਗਿਆ। ੧੦੭ ਵਿੱਚ ਗੁਰਦਵਾਰੇ ਦੇ ਅੰਦਰੋਂ ਤਿੰਨ ਗ੍ਰਿਫਤਾਰੀਆਂ ਕੀਤੀਆਂ।

੨੬-੮-੨੨—ਸਵੇਰੇ ਮਹੰਤ ਮੁਆਫੀ ਮੰਗਣ ਆਇਆ, ਪਰ ਸਰਕਾਰੀ ਕਰਮਚਾਰੀਆਂ ਰਾਂਹੀ ਮੁੜਵਾ ਦਿਤਾ ਗਿਆ।

ਸ਼ਿਰੋਮਣੀ ਕਮੇਟੀ ਦੇ ਲੀਡਰਾਂ ਦੀਆਂ ਅਜਨਾਲੇ ਗ੍ਰਿਫਤਾਰੀਆਂ ਹੋਈਆਂ।

੨੬-੮-੨੨—ਨੂੰ ਬਾਬਾ ਕੇਹਰ ਸਿੰਘ ਜੀ ਨੇ ਮਹੰਤ ਨਾਲ ਫੈਸਲਾ ਕਰਵਾ ਦਿੱਤਾ, ਪਰ ਲਕੜਾਂ ਕੱਟਣ ਦੇ ਜੁਰਮ ਵਿੱਚ ਆਪ ਨੂੰ ਗ੍ਰਿਫਤਾਰ ਕੀਤਾ ਗਿਆ।

੨੭-੮-੨੨—ਖੂਬ ਮਾਰ ਕੁਟਾਈ ਸ਼ੁਰੂ ਹੋਈ।

੩੧-੮-੨੨—ਤੋਂ ਰੋਜ਼ ੧੦੦ ਦਾ ਜੱਥਾ ਗੁਰੂ ਕੇ ਬਾਗ਼ ਜਾਣਾ ਸ਼ੁਰੂ ਹੋਇਆ,ਰਾਹ ਵਿੱਚ ਹੀ ਖੂਬ ਮਾਰ ਖਾ ਬੇਹੋਸ਼ ਹੋ ਲਾਰੀਆਂ ਵਿੱਚ ਪਾ ਅੰਮ੍ਰਿਤਸਰ ਲਿਆਂਦਾ ਜਾਂਦਾ।

੯ ਸਤੰਬਰ ਪਹਿਲਾ ਜਥਾ ਗੁਰੂ ਕੇ ਬਾਗ ਪੁੱਜਾ, ਰਾਹ ਦੀ ਮਾਰ ਕੁਟਾਈ ਬੰਦ ਹੋਈ— ੧੬੦੦ ਤੋਂ ਵੱਧ ਨੇ ਮਾਰ ਖਾਧੀ

੧੩ ਸਤੰਬਰ ਗਵਰਨਰ ਦੇ ਅੰਮ੍ਰਿਤਸਰ ਆਵਨ ਤੇ C. F. ANDREWS ਦੇ ਮਿਲਨ ਤੇ ਮਾਰ ਕੁਟਾਈ ਬੰਦ ਹੋਈ। ਫੇਰ ੨੦ ਰੋਜ਼ ਗ੍ਰਿਫਤਾਰ ਹੋਣੇ ਸ਼ੁਰੂ ਹੋਏ।

੨੪-ਸਤੰਬਰ ਤੋਂ ੩੦ ਗ੍ਰਿਫਤਾਰੀਆਂ ਫੇਰ ੪੦ ਤੇ ਫੇਰ ੬੦ ਰੋਜ਼।

੨੮-੯-ਤੱਕ ੮੦ ਰੋਜ਼ ਤੇ ਫੇਰ ੧੦੦ ਰੋਜ਼।

੧੦-ਅਕਤੂਬਰ ਤੋਂ ੧੦੦ ਦਾ ਜੱਥਾ ਰੋਜ਼ ਲਕੜਾਂ ਵੱਢਣ ਜਾਂਦਾ ਰਿਹਾ।

੨੫-੧੦ ਨੂੰ ਫੌਜ ਵਿੱਚ ਨੌਕਰੀ ਕਰ ਚੁੱਕੇ ੧੦੦ ਸੱਜਣਾਂ ਦਾ ਜੱਥਾ ਗ੍ਰਿਫਤਾਰ ਹੋਇਆ, ਇਸਦੇ ਜਥੇਦਾਰ ਸ੍ਰ: ਅਨੂਪ ਸਿੰਘ ਰਸਾਲਦਾਰ ਨੂੰ ੨ ਸਾਲ ਸਖ਼ਤ ਕੈਦ ਤੇ ੧੦੦) ਜੁਰਮਾਨਾ ਹੋਇਆ।

੧੨-੧੧· ਫੇਰ ੧੦੦ ਫੌਜੀਆਂ ਦਾ ਜੱਥਾ ਗ੍ਰਿਫਤਾਰ ਹੋਯਾ।

੧੭ ਨਵੰਬ ੫੬੦੫ ਗ੍ਰਿਫਤਾਰੀਆਂ ਜਿਸ ਵਿੱਚ ੩੫ ਸ਼੍ਰੋ: ਕਮੇਟੀ ਦੇ ਮੈਂਬਰ ਸਨ। ਇਸੇ ਦਿਨ ਸਰ ਗੰਗਾ ਰਾਮ ਨੂੰ ਵਿੱਚ ਪਾਕੇ ਸ੍ਰਕਾਰ ਨੇ ਫੈਸਲਾ ਕੀਤਾ। ਪੁਲਸ ਵਾਪਸ ਗਈ ਤੇ ਉਸੇ ਦਿਨ ਗ੍ਰਿਫਤਾਰੀਆਂ ਬੰਦ ਹੋਈਆਂ। ੧੭੦ ਜਿਨ੍ਹਾਂ ਤੇ ਮੁਕੱਦਮਾ ਚਲਦਾ ਸੀ, ਰਿਹਾ ਕੀਤੇ ਗਏ।

੧੧ ਅਪ੍ਰੈਲ ੧੯੨੩ ਨੂੰ ਹਿੰਦੂ ਮੁਸਲਿਮ ਫਸਾਦ ਤੇ ਸ੍ਰਕਾਰ ਨੇ ਸ਼੍ਰੋਮਣੀ ਕਮੇਟੀ ਦੀ ਮਦਦ ਮੰਗੀ ਤੇ ਇਸਦੀ ਪ੍ਰਸੰਸਾ ਵਿੱਚ ਸ੍ਰਕਾਰ ਨੇ ੨੭ ਅਪ੍ਰੈਲ ੧੯੨੩ ਨੂੰ ਗੁਰੂ ਕੇ ਬਾਗ਼ ਦੇ ਸਾਰੇ ਕੈਦੀ ਰਿਹਾ ਕਰਨ ਦਾ ਹੁਕਮ ਦਿੱਤਾ।



Digitized by Panjab Digital Library | www.panjabdigilib.org

"ਦਾਸ ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਨੂੰ ੧੯੦੦ ਤੋਂ ਜਾਣਦਾ ਹੈ। ਜਦੋਂ ਵੀ ਆਪ ਮਿਲਦੇ, ਸਦਾ ਪੂਰਨ ਗੁਰਸਿੱਖਾਂ ਦੀ ਤਰ੍ਹਾਂ ਬੜੇ ਪ੍ਰੇਮ ਪੂਰਬਕ ਸਤਕਾਰ ਤੇ ਅਧੀਨਗੀ ਸਹਿਤ ਖਿੜੇ ਮੱਥੇ ਮਿਲਦੇ। ਦਰਸ਼ਨ ਕਰਦੇ ਸਾਰ ਮਨ ਨੂੰ ਸ਼ਾਂਤੀ ਆ ਜਾਂਦੀ। ਆਪ ਪੰਥ ਦੇ ਉੱਘੇ, ਅਨਥੱਕ ਤੇ ਨਿਰਮਾਨ ਸੇਵਕ ਸਨ। ਗੁਰਦੁਆਰਾ ਲਹਿਰ ਵਿੱਚ ਚੰਗਾ ਕੰਮ ਕਰਦੇ ਰਹੇ।

ਤਨ, ਮਨ ਤੇ ਧਨ ਦੁਆਰਾ ਆਪ ਇਤਨੀ ਸੇਵਾ ਕਰਦੇ ਸਨ ਕਿ ਜਿਸ ਦੀ ਜਿਤਨੀ ਵੀ ਉਸਤਤ ਕੀਤੀ ਜਾਵੇ ਥੋਹੜੀ ਹੈ। ਆਪ ਦੁਨੀਆਂ ਵਿੱਚ ਉਚੀ ਚੋਟੀ ਦੇ ਵੈਦ ਸਨ। ਰੋਗੀ ਪੁਰਸ਼ਾਂ ਨਾਲ ਆਪ ਦਾ ਵਰਤਾਰਾ ਬਹੁਤ ਚੰਗਾ ਸੀ। ਗਰੀਬ ਪੁਰਸ਼ਾਂ ਦੀ ਦੁਖ ਵਿੱਚ ਸਹਾਇਤਾ ਕਰਨੀ ਆਪਣਾ ਪਰਮ ਧਰਮ ਸਮਝਦੇ ਸਨ।"

(ਡਾਕਟਰ ਹਰਨਾਮ ਸਿੰਘ ਜੀ ਪ੍ਰੈਜ਼ੀਡੈਂਟ,
ਸ੍ਰੀ ਗੁਰੂ ਸਿੰਘ ਸਭਾ, ਲਾਲਾ ਮੂਸਾ)

---

"ਮੈਂ ੧੯੨੩ ਸੇ ੧੯੨੮ ਤਕਰੀਬਨ ਪਾਂਚ ਬਰਸ ਸਿਵਲ ਹਸਪਤਾਲ ਤਰਨ ਤਾਰਨ ਮੇਂ ਇੰਨਚਾਰਜ ਰਹਾ। ਇਸ ਅਰਸਾ ਮੇਂ ਭਾਈ ਸਾਹਿਬ ਨੇ ਅਪਨੇ ਇਲਾਜ ਬੀਮਾਰਾਨ ਪਰ ਜੋ ਕਰਿਸ਼ਮੇਂ ਦਿਖਾਏ ਵੋਹ ਸੱਚ ਮੁੱਚ ਮਸੀਹਾਈ ਮੰਤਰ ਥੇ—ਮੇਰੀ ਅਪਨੀ ਨੂੰਹ ਏਕ ਦਫਾ ਪੇਚਸ਼ ਸੇ ਬੀਮਾਰ ਹੋ ਗਈ, ਅੰਗ੍ਰੇਜ਼ੀ ਇਲਾਜ ਮੁਆਲਜਾ ਸੇ ਮਾਯੂਸ ਹੋ ਕਰ ਭਾਈ ਜੀ ਕੀ ਸੇਵਾ ਮੇਂ ਅਰਜ਼ ਕੀ ਗਈ, ਭਾਈ [illegible] ਨੇ ਖਾਲੀ ਦੋ ਦਿਨ ਜੋਸ਼ਾਂਦਾ ਬਨਵਾ ਕਰ ਦੀਆ, ਔਰ ਲੜਕੀ ਨੌ ਬਰ ਨੌ ਤੰ[illegible]ਹੋ ਗਈ,-ਇਸਕੇ ਇਲਾਵਾ ਜੋ ਬੀਮਾਰ ਪੁਰਾਨੀ ਬੀਮਾਰੀਓਂ ਸੇ ਬੀਮਾਰ ਭਾ[illegible] ਕੇ ਪਾਸ ਆਕਰ ਤੰਦਰੁਸਤ ਹੋਤੇ ਰਹੇ,-ਵੁਹ ਭੀ ਮੇਰੇ ਇਤਲਾਹ ਪਾਨੇ ਪਰ ਮੁਝੇ ਹੈਰਾਨਗੀ ਹੀ ਦਿਖਲਾਤੇ ਰਹੇ।

........ਉਨਕਾ ਇਲਾਜ, ਔਰ ਸ਼ੁਹਰਤ ਬਾਹਰ ਕੇ ਦੂਰ ਦਰਾਜ਼ ਦੇਸੋਂ ਮੇਂ ਭੀ ਇਸੀਤਰ੍ਹਾ ਮਸ਼ਹੂਰ ਹੈ,ਜਿਸਤਰ੍ਹਾ ਕਿ ਵੁਹ ਖਾਸ ਤਰਨ ਤਾਰਨ ਮੇਂ ਮਸ਼ਹੂਰ ਹੈ।"

(ਡਾਕਟ੍ਰ ਮੁਖਾ ਸਿੰਘ L. M. P. ਕਹੂਟਾ, ਰਾਵਲ ਪਿੰਡੀ)



Digitized by Panjab Digital Library | www.panjabdigilib.org

# ੧੯੨੩

## ਸੇਵਾ

"ਆਪ ਦੀ ਸਾਹਿਤਕ, ਧਾਰਮਕ ਤੇ ਭਾਈਚਾਰਕ ਸੇਵਾ ਰਹਿੰਦੀ ਦੁਨੀਆਂ ਤੱਕ ਯਾਦ ਰਹੇਗੀ ਤੇ ਕਈਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ। ਜਿਸਤਰ੍ਹਾਂ ਕਿ ਅੱਗੇ ਹੋ ਚੁੱਕੀ ਹੈ।"

(ਸ੍ਰ: ਲਾਲ ਸਿੰਘ ਜੀ ਬੀ. ਏ. ਐਡੀਟਰ 'ਬਾਲਕ')

'ਸੇਵਾ' ਭਾਵੇਂ ਦੋ ਹਰਫਾ ਸ਼ਬਦ ਹੈ, ਪਰ ਇਸਦੀ ਮਹਿਮਾ ਅਕੱਥ ਹੈ। ਸੇਵਾ, ਨਿਰਮਾਨ ਸੇਵਾ, ਦੁਨਯਾਵੀ ਲਾਲਚ ਤੋਂ ਨਿਰਲੇਪ ਸੇਵਾ ਕਰਨ ਵਾਲੇ ਨੂੰ ਹੀ ਸੱਚਾ ਸੇਵਕ ਕਿਹਾ ਜਾਂਦਾ ਹੈ। ਗੁਰ ਸਿੱਖੀ ਦੀ ਮਨਜ਼ਲ ਨੂੰ ਤੈ ਕਰਨ ਲਈ 'ਸੇਵਾ' ਪਹਿਲਾ ਪੜਾਉ ਹੈ। ਗੁਰ ਸਿੱਖੀ ਮਹਿਲ ਦੀ ਨੀਂਹ 'ਸੇਵਾ' ਤੋਂ ਸ਼ੁਰੂ ਹੁੰਦੀ ਹੈ। ਗੁਰਸਿੱਖੀ ਮੰਡਲ ਵਿੱਚ ਪ੍ਰਵੇਸ਼ ਕਰਨ ਲਈ ਇਨਸਾਨ ਨੂੰ ਸਭ ਤੋਂ ਪਹਿਲਾਂ 'ਸੇਵਕ' ਬਣਨਾ ਪੈਂਦਾ ਹੈ।

ਜਿਵੇਂ ਅਸੀਂ ਪਿੱਛੇ ਦੱਸ ਆਏ ਹਾਂ ਕਿ ਗੁਰ ਸਿੱਖੀ ਦਾ ਜੀਵਣ-ਸ੍ਰੋਤ ਗੁਰਦੁਆਰੇ ਹਨ। ਗੁਰ ਸਿੱਖ ਗੁਰਦੁਆਰੇ ਵਿੱਚੋਂ ਸਭ ਤੋਂ ਪਹਿਲਾ ਸੇਵਾ ਦਾ ਸਬਕ ਸਿੱਖਦਾ ਹੈ। ਇਸ ਸੇਵਾ ਦੇ ਬਲ ਨਾਲ ਹੀ ਸਿੱਖੀ ਮਹਿਲ ਉੱਪਰ ਚੜ੍ਹਦਾ ਚੜ੍ਹਦਾ ਟੀਸੀ ਤੇ ਪਹੁੰਚਦਾ ਹੈ। ਇਹੀ ਕਾਰਣ ਹੈ ਕਿ ਸਿੱਖ ਸੇਵਾ, ਤੇ ਨਿਰਮਾਨ ਨਿਸ਼ਕਾਮ ਸੇਵਾ ਕਰਦਾ ਹੈ।

ਆਮ ਸਾਧਾਰਨ ਬੰਦੇ ਇਸ 'ਸੇਵਾ' ਦੇ ਅਸਲੀ ਅਰਥ ਨੂੰ ਨਹੀਂ ਸਮਝ ਸਕਦੇ, ਇਸ ਲਈ ਅਸੀਂ ਇਸ ਨੂੰ ਜ਼ਰਾ ਹੋਰ ਸਪਸ਼ਟ ਕਰਕੇ ਲਿਖਦੇ ਹਾਂ:—



Digitized by Panjab Digital Library | www.panjabdigilib.org

ਗੁਰ ਸਿੱਖ ਗੁਰੂ ਵਾਹਿਗੁਰੂ ਦੀ ਪ੍ਰਸੰਨਤਾ ਪ੍ਰਾਪਤਿ ਕਰਨ ਲਈ ਗੁਰ ਹੁਕਮ ਅਨੁਸਾਰ ਜੋ ਕੰਮ ਨਿਸ਼ਕਾਮ ਹੋਕੇ ਧਨ, ਤਨ, ਅਥਵਾ ਮਨ ਦੁਆਰਾ ਕਰਦਾ ਹੈ, ਉਹ ਸੇਵਾ ਹੈ। ਉਦਾਹਰਨ ਦੇ ਤੌਰ ਤੇ—ਇੱਕ ਸਿੱਖ ਗੁਰ ਹੁਕਮਾਨੁਸਾਰ ਪੱਖਾ ਝੱਲਦਾ ਹੈ। ਪ੍ਰਸ਼ਾਦ ਤਿਆਰ ਕਰਦਾ ਹੈ, ਬਸਤ੍ਰ ਸਾਫ ਕਰਦਾ ਹੈ। ਇਹ ਸੇਵਾ ਹੈ। ਹੁਣ ਹੁਕਮ ਹੁੰਦਾ ਹੈ, 'ਘਾਹ ਲਿਆਓ' ਉਹ ਘਾਹ ਖੋਤਕੇ ਲਿਆਉਂਦਾ ਹੈ। ਹੁਕਮ ਹੁੰਦਾ ਹੈ 'ਬੈਠਕੇ ਮਾਲਾ ਫੇਰੋ' ਉਹ ਹਰਿਨਾਮ ਸਿਮ੍ਰਨ ਵਿੱਚ ਮਾਲਾ ਫੇਰਦਾ ਹੈ। ਆਗਜਾ ਹੁੰਦੀ ਹੈ, 'ਸਰੀਰ ਘੁੱਟਣ ਨੱਪਣ ਦੀ ਸੇਵਾ ਕਰੋ' ਉਹ ਏਵੇਂ ਹੀ ਕਰਦਾ ਹੈ। ਇਸੇ ਤਰ੍ਹਾਂ ਜਦ ਸ਼ਸਤ੍ਰ ਫੜ ਜੰਗ ਕਰਨ ਦੀ ਆਗਿਆ ਹੁੰਦੀ ਹੈ, ਤਦ ਸਿੱਖ ਜੰਗ ਕਰਦਾ ਹੈ। ਪਰ ਇਨ੍ਹਾਂ ਸਾਰੇ ਕਾਰਜਾਂ ਵਿੱਚ ਸਿੱਖ ਦੀ ਆਪਣੀ ਕੋਈ ਗਰਜ਼ ਨਹੀਂ। ਉਹ ਇਹ ਸਾਰੇ ਕੰਮ ਗੁਰੂ ਨੂੰ ਪ੍ਰਸੰਨ ਕਰਨ ਲਈ, ਰੀਝਾਉਣ ਲਈ ਹੀ ਕਰਦਾ ਹੈ। ਪੱਖਾ ਝੱਲਣ ਵੇਲੇ ਜਾਂ ਪਾਣੀ ਪਿਆਉਣ ਵੇਲੇ ਉਸਦਾ ਪੱਖੇ ਜਾਂ ਪਾਣੀ ਨਾਲ ਕੋਈ ਪ੍ਰਯੋਜਨ ਨਹੀਂ ਹੁੰਦਾ, ਸਗੋਂ ਉਹ ਦੇਖਦਾ ਹੈ ਕਿ ਗੁਰੂ ਪ੍ਰਸੰਨ ਹੀ ਪੱਖਾ ਝੱਲਣ ਤੇ ਪਾਣੀ ਪਿਆਉਣ ਵਿੱਚ ਹੁੰਦਾ ਹੈ। ਇਸੇਤਰ੍ਹਾਂ ਜਦ ਗੁਰ ਆਗਿਆ ਅਨੁਸਾਰ ਸਿੱਖ ਜੰਗ ਕਰਦਾ ਹੈ, ਤਦ ਵੈਰੀ ਨੂੰ ਜਿੱਤਣ ਜਾਂ ਮਾਰਨ ਦਾ ਉਸਦਾ ਪ੍ਰਯੋਜਨ ਨਹੀਂ ਹੁੰਦਾ, ਸਗੋਂ ਉਸ ਦਾ ਮੁਖ ਮੰਤਵ ਗੁਰ ਆਗਿਆ ਪਾਲਣ ਕਰਨਾ ਹੀ ਹੁੰਦਾ ਹੈ। ਇਨ੍ਹਾਂ ਸਾਰੇ ਕੰਮਾਂ ਵਿੱਚ ਉਸਦੀ ਆਪਣੀ ਕੋਈ ਗਰਜ਼ ਨਹੀਂ ਹੁੰਦੀ। ਇਸ ਨਿਸ਼ਕਾਮ ਸੇਵਾ ਕਰਨ ਨਾਲ ਸਿਖ ਦਾ ਹਿਰਦਾ ਸ੍ਵਛ, ਨਿਰਮਲ ਹੈ ਅਤੇ ਉਹ ਅਗਲੀਆਂ ਮਨਜ਼ਲਾਂ ਤੈ ਕਰਨ ਦੇ ਯੋਗ ਬਣਦਾ ਹੈ। ਵਜਾ ਹੈ ਕਿ ਧਨ, ਤਨ ਤੇ ਮਨ ਦੁਆਰਾ ਸਿਖ ਪੰਥ ਵਿਚ ਸੇਵਾ, ਅਟੁਟ ਸੇਵਾ ਕਰਦੇ ਚਲੇ ਆਏ ਹਨ। ਸਾਡੀ ਇਸ ਪੁਸਤਕ ਦੇ ਹੀਰੋ ਵੈਦ ਰਾਜ ਜੀ ਨੂੰ ਇਹ ਗੱਲ ਪੱਕੀ ਤਰ੍ਹਾਂ ਨਿਸਚੇ ਹੋਈ ਹੋਈ ਸੀ।

ਧਨ ਦੈ ਅਖੁਟ ਏ ਅਟੁੱਟ ਦੈ ਅਨੰਦ ਰਸ,
ਅੰਮ੍ਰਿਤ ਕੇ ਘੁਟ ਰਾਮ ਨਾਮ ਲੁੱਟ ਦੇਵਾ ਹੈ।



Digitized by Panjab Digital Library | www.panjabdigilib.org

ਪੁਨਨ ਕੋ ਬਾਪੀ ਹੈ ਸੁ ਗੁਨਨ ਪ੍ਰਦਾਤੀ ਭਾਇ,
ਸੁਕ੍ਰਿਤ ਸਿਖਾਤੀ ਪੁਨਾ ਦੁਕ੍ਰਿਤ ਮਿਟੇਵਾ ਹੈ।
ਭਗਤੀ ਕੀ ਕਜਾਰੀ ਹੈ ਸੁਬਖਤੀ ਕੀ ਬਾਰੀ ਭਾਰੀ,
ਜਮ-ਬਾਟ ਪਾਰੀ ਹੈ ਸੋ ਮੁਕਤੀ ਕਰੇਵਾ ਹੈ।
ਭੋਗਨ ਕੋ ਘਰੁ ਹੈ ਸੁ ਕਾਮਨਾ ਕੋ ਸਰਵਰ,
ਦੁਰਲੱਭ ਮੇਵਾ ਨਿਸ਼ਕਾਮ ਜਗ ਸੇਵਾ ਹੈ।

ਇਸ ਲਈ ਆਪ ਧਨ, ਤਨ, ਮਨ ਦੁਆਰਾ ਵਿਤੋਂ ਵਧ ਕੇ ਪੰਥ ਤੇ ਦੇਸ਼ ਦੀ ਸੇਵਾ ਕਰਦੇ ਸਨ। ਕਲਮ ਰਾਹੀਂ,ਦਾਨ ਰਾਹੀਂ, ਵੈਦਕ ਰਾਹੀਂ ਤੇ ਹੱਥੀਂ ਸੇਵਾ ਕਰਨ ਰਾਹੀਂ ਆਪ ਨੇ ਕਦੇ ਕੋਈ ਅਉਸਰ ਨਾ ਜਾਣ ਦਿੱਤਾ। ਪੁਸਤਕਾਂ ਪ੍ਰਕਾਸ਼ਨ ਤੇ ਧਰਮਾਰਥ ਵੰਡਣ ਦਾ ਕੰਮ ਆਪ ਦਾ ਕੇਵਲ ਸੇਵਾ ਭਾਵ ਨਾਲ ਹੀ ਸੀ। ਆਪ ਸੈਂਕੜੇ ਪੁਸਤਕਾਂ ਛਪਾਉਂਦੇ ਸਨ, ਪਰ ਫੇਰ ਭੀ ਖਰਚ ਦੀ ਕੋਈ ਹੱਦ ਹੁੰਦੀ ਹੈ। ਮੁਫਤ ਲੈਣ ਵਾਲੇ ਤਾਂ ਸਾਡੇ ਦੇਸ਼ ਵਿਚ ਬਹੁਤ ਹਨ, ਪਰ ਕਿਸੇ ਪੁਸਤਕ ਨੂੰ ਘਟ ਤੋਂ ਘਟ ਮੁਲ ਦੇ ਕੇ ਭੀ ਖਰੀਦਣ ਵਾਲੇ ਘਟ ਹਨ। ਆਪ ਦੇ ਅੰਦਰ ਪੁਸਤਕਾਂ ਦੇ ਢੇਰ ਲੱਗ ਗਏ। ਹੁਣ ਆਪ ਕੁਤਬ ਫਰੋਸ਼ਾਂ ਨੂੰ ਲੱਗੇ ਦਾਮ ਤੋਂ ਭੀ ਘਟ ਉਤੇ ਵੇਚਣ ਲਈ ਦਿੰਦੇ, ਪਰ ਉਧਰੋਂ ਫੇਰ ਭੀ ਨਕਦ ਰੁਪਿਆ ਨਾ ਮਿਲਦਾ। ਆਪ ਫੇਰ ਭੀ ਦਸ ੨ ਰੁਪਏ ਮਹੀਨੇ ਦੀਆਂ ਨਾਮ ਮਾਤ੍ਰ ਕਿਸ਼ਤਾਂ ਤੇ ਛੱਡਦੇ। ਇਹ ਆਪ ਦੇ ਡਾਇਰੀ ਨੋਟਾਂ ਤੋਂ ਸਪਸ਼ਟ ਹੁੰਦਾ ਹੈ।

੧ [illegible] ੧੯੨੩ ਨੂੰ ਸ੍ਰੀ ਅੰਮ੍ਰਿਤਸਰ ਦੇ ਇਕ ਪਤਵੰਤੇ ਕੁਤਬ [illegible] ੩੩੦) ਲਾਗਤ ਦੀਆਂ ਪੁਸਤਕਾਂ ਕੇਵਲ ਨਾਮ ਮਾਤ੍ਰ ੧੦) ਰੁਪਏ ਮਹੀਨਾਂ ਕਿਸ਼ਤਾਂ ਤੇ ਦਿੱਤੀਆਂ।

ਆਪ ਦੀ ਲਾਇਬ੍ਰੇਰੀ ਮਾਨੋਂ ਪਬਲਕ ਲਾਇਬ੍ਰੇਰੀ ਹੀ ਹੈ। ਕੋਈ ਭੀ ਪੁਸਤਕ-ਪ੍ਰੇਮੀ ਪੁਸਤਕਾਂ ਦਾ ਚਾਹਵਾਨ ਮੰਗਣ ਆਇਆ, ਵਿਰਵਾ ਨਹੀਂ ਗਿਆ। ਭਾਵੇਂ ਅਨੇਕਾਂ ਦੁਰਲੱਭ ਕੀਮਤੀ ਪੁਸਤਕਾਂ ਆਪ ਜੀ ਨੂੰ ਮੁੜੀਆਂ ਭੀ ਨਹੀਂ, ਪਰ ਆਪ ਨੇ ਆਪਣਾ ਦਿਆਲਤਾ ਦਾ ਦਰਵਾਜ਼ਾ ਬੰਦ



Digitized by Panjab Digital Library | www.panjabdigilib.org

ਨਹੀਂ ਕੀਤਾ। ਡਾਇਰੀ ਨੋਟਾਂ ਤੋਂ ਪਤਾ ਲਗਦਾ ਹੈ ਕਿ ੨੦ ਜਨਵਰੀ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਦਫਤ੍ਰ ਵਿਚ ਖਾਸ ਜ਼ਰੂਰੀ ਭੇਦ ਜਾਨਣ ਲਈ ੧੦ ਪੁਸਤਕ ਦੇਖਣ ਲਈ ਆਪ ਨੇ ਭੇਜੇ।

੧੯ ਫਰਵਰੀ ਨੂੰ ਸ੍ਰ: ਹਰਬੰਸ ਸਿੰਘ ਜੀ ਅਟਾਰੀ ਵਾਲੇ ਸ੍ਰ: ਸ਼ਿਵਦੇਵ ਸਿੰਘ ਜੀ ਪ੍ਰੋਫੈਸਰ ਜੋਧ ਸਿੰਘ ਜੀ ਤੇ ਸ੍ਰ: ਨਰੈਣ ਸਿੰਘ ਜੀ ਆਦਿ ਖਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਸੰਬੰਧੀ ਤਰਨ ਤਾਰਨ ਆਏ। ਆਪ ਜੀ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਦੋ ਘੰਟੇ ਦੇ ਕਰੀਬ ਵਿਚਾਰਾਂ ਕਰਦੇ ਰਹੇ ਤੇ ਵਿਦਾਇਗੀ ਸਮੇਂ ਸਾਕਾ ਸ੍ਰੀ ਤਰਨ ਤਾਰਨ ਤੇ ਸ੍ਰੀ ਨਨਕਾਣਾ ਸਾਹਿਬ ਪੁਸਤਕਾਂ ਇਕੱਲੇ ਇਕੱਲੇ ਨੂੰ ਭੇਟ ਕੀਤੀਆਂ। ਇਸ ਵਿਚ ਗੁਰੂ ਪੰਥ ਦੀ ਸੇਵਾ ਹੀ ਮੁੱਖ ਨਹੀਂ ਤਾਂ ਹੋਰ ਕੀ ਹੈ ?

ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਦਾ– ਜਿਸ ਦੇ ਕਿ ਆਪ ਮੋਢੀ ਸਨ– ਆਪ ਨੂੰ ਸਦਾ ਹੀ ਖਿਆਲ ਲੱਗਾ ਰਹਿੰਦਾ ਸੀ। ਸੇਵਾ ਦਾ ਕੋਈ ਤੇ ਕਿਸੇ ਤਰ੍ਹਾਂ ਦਾ ਭੀ ਮੌਕਾ ਹੋਵੇ, ਆਪ ਅੱਗੇ ਹੋ ਕੇ ਸੇਵਾ ਕਰਦੇ। ਹੁਣ ਸਕੂਲ ਦੀ ਸਹਾਇਤਾ ਲਈ ਸੇਵਕਾਂ ਦੀ ਲੋੜ ਪਈ। ਆਪ ਸਭ ਤੋਂ ਪਹਿਲਾਂ ਅੱਗੇ ਆਏ ਤੇ ੨੬ ਜਨਵਰੀ ਨੂੰ ਕੁਝ ਸੱਜਣਾਂ ਸਮੇਤ ਦਿੱਲੀ ਨੂੰ ਤੁਰ ਪਏ ਚਾਰ ਦਿਨ ਓਥੇ ਸਿਰਤੋੜ ਜਤਨਾਂ ਨਾਲ ਉਗਰਾਹੀ ਕੀਤੀ। ਆਪਣੇ ਲਈ ਕਦੇ ਇੱਕ ਪੈਸਾ ਭੀ ਨਾ ਮੰਗਣ ਵਾਲੇ ਪ੍ਰੇਮੀਆਂ ਨੇ ਯਥਾ ਸ਼ਕਤਿ ਹਰ ਗੁਰਸਿਖ ਪਾਸ ਪੁੱਜ ਕੇ, ਇਸ ਵਿਦਜਕ ਆਸ਼੍ਰਮ ਦੀ ਸੇਵਾ ਲਈ ਪ੍ਰੇਰਨਾ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਅ[illegible] ਦਿੱਲੀ ਵਿਚ ਜੈਨ ਕਾਨਫ੍ਰੰਸ ਤੇ ਅਸੈਂਬਲੀ ਦੀ ਮੀਟਿੰਗ ਦੇਖੀ, ਤੇ ੩੦ [illegible]ੀ ੧੯੨੩ ਨੂੰ ਮੁੜ ਤਰਨ ਤਾਰਨ ਆ ਗਏ। ੩੧ ਜਨਵਰੀ ਨੂੰ ਸਕੂਲ ਕਮੇਟੀ ਦੀ ਸੇਵਾ ਵਿਚ ਉਗਰਾਹੀ ਭੇਟਾ ਕਰਦੇ ਹੋਇਆਂ ਆਪ ਨੇ ਆਪਣੀ ਵਲੋਂ ਮਾਯਾ ਦੇ ਗੱਫੇ ਤੋਂ ਇਲਾਵਾ ਆਪਣਾ ਸਾਈਕਲੋ ਸਟਾਈਲ (ਛਾਪੇ ਖਾਨਾ) ਭੀ ਸਕੂਲ ਦੀ ਭੇਟਾ ਕਰ ਦਿਤਾ।

ਆਪ ਦੇ ਹਿਰਦੇ ਵਿਚ ਪੰਥ ਤੇ ਦੇਸ ਪ੍ਰੇਮ ਦਾ ਖੂਨ ਸਦਾ ਉਛਾਲੇ



Digitized by Panjab Digital Library | www.panjabdigilib.org

ਮਾਰਦਾ ਰਹਿੰਦਾ ਸੀ, ਤੇ ਆਪ ਸਦਾ ਵਾਹਿਗੁਰੂ ਅੱਗੇ ਜਗਤ ਭਲਾਈ ਲਈ ਅਰਦਾਸੇ ਸੋਧਦੇ ਰਹਿੰਦੇ ਸਨ। ਆਪ ਆਪਣੇ ੧ ਫਰਵਰੀ ਦੇ ਡਾਇਰੀ ਨੋਟ ਵਿਚ ਲਿਖਦੇ ਹਨ:—

"ਅਮ੍ਰਿਤ ਵੇਲੇ ਨਿਤ ਨੇਮ ਕਰਿ, ਜ਼ੁਲਮ ਦੇ ਨਾਸ ਦਾ ਅਰਦਾਸਾ ਸੋਧਿਆ।"

ਸਭ ਤੋਂ ਵੱਡੀ ਦੌਲਤ ਵਿਸ਼ਵਾਸ ਦੀ ਹੈ। ਆਪ ਦੀ ਈਮਾਨਦਾਰੀ ਤੇ ਉੱਦਮ ਉੱਤੇ ਹਰ ਇੱਕ ਨੂੰ ਯਕੀਨ ਸੀ। ਇਸੇ ਲਈ ਭਾਵੇਂ ਆਪ ਚੀਫ ਖਾਲਸਾ ਦੀਵਾਨ ਦੇ ਭੀ ਸਰਗਰਮ ਕਾਰਕੁਨ ਤੇ ਮੁਖੀ ਸਨ, ਪਰ ਸ੍ਰੋ: ਗੁ: ਪ੍ਰ: ਕਮੇਟੀ ਦੇ ਭੀ ਆਪ ਮੁਖੀ ਸਲਾਹਕਾਰਾਂ ਵਿੱਚੋਂ ਸਨ। ਖਾਸ ੨ ਜਰੂਰੀ ਗੁਹਝ ਤੇ ਕਠਨ ਕੰਮਾਂ ਦੇ ਪੂਰਾ ਕਰਨ ਲਈ ਸ੍ਰੋ: ਕਮੇਟੀ ਦੇ ਸਾਥੀ ਸੇਵਕ ਬਹੁਤ ਵਾਰ ਆਪ ਦੀ ਹੀ ਡੀਊਟੀ ਲਾਉਂਦੇ ਹੁੰਦੇ ਸਨ। ਡਾਇਰੀ ਨੋਟਾਂ ਤੋਂ ਪਤਾ ਲੱਗਦਾ ਹੈ ਕਿ ਇਕ ਮਹਾਨ ਜ਼ਰੂਰੀ, ਪਰ ਕਠਨ ਕੰਮ ਕੱਢਣ ਲਈ ੬ ਫਰਵਰੀ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਵਲੋਂ ਇਕ ਉਚੇਚਾ ਆਦਮੀ ਆਪ ਪਾਸ ਪੁੱਜਾ। ਆਪ ਪੰਥ ਸੇਵਾ ਨੂੰ ਸੁਭਾਗ ਸਮਝ ਕੇ ਕਰਦੇ ਸਨ। ਉਸੇ ਵੇਲੇ ਤੁਰ ਪਏ ਤੇ ਪੂਰਾ ਕਰ ਕੇ ਹੀ ਮੁੜੇ। ਡਾਇਰੀ ਨੋਟ ਇਸ ਤਰ੍ਹਾਂ ਹੈ:—

"ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਉਚੇਚਾ ਆਦਮੀ ਲਾਹੌਰ ਤੋਂ.........ਦਾ ਪਤਾ ਲਿਆਵਣ ਦਾ ਹੁਕਮ ਲੈਕੇ ਆਯਾ।.........ਲਾਹੌਰ ਪਹੁੰਚ......... ਵਕੀਲ ਆਦਿ [illegible]ਾਂ ਨੂੰ ਮਿਲ ਸਾਰਾ ਪਤਾ ਕਰ, ਰਾਤ ਦੇ ਸਾਢੇ ਗਿਆਰਾਂ ਬਜੇ ਵਾਪਸ [illegible]ਮਰ ਜੀ ਪਹੁੰਚ ਕਮੇਟੀ ਦੇ ਦਫਤ੍ਰ ਵਿੱਚ ਹੀ ਆਰਾਮ ਕੀਤਾ।"

ਇਸੇ ਤਰ੍ਹਾਂ ੨੪ ਅਪ੍ਰੈਲ ਦਾ ਡਾਇਰੀ ਨੋਟ ਦਸਦਾ ਹੈ ਕਿ:—

"ਸ਼੍ਰੋ: ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਜੀ ਵਿਚੋਂ ਹੁਕਮ ਆਵਣ ਪਰ .........ਅੰਮ੍ਰਿਤਸਰ ਪਹੁੰਚ, ਅੰਮ੍ਰਿਤਸਰੋਂ.........ਲਾਹੌਰ.........ਪਹੁੰਚ .........ਵਗੈਰਾ ਸੰਬੰਧੀ ਪਤਾ ਕਰ ਰਾਤ ਅਮ੍ਰਿਤਸਰ ਮਾਸਟਰ ਤਾਰਾ ਸਿੰਘ ਦੀ ਕੋਠੀ ਕੱਟੀ।"



Digitized by Panjab Digital Library | www.panjabdigilib.org

ਪਿੱਛਲੇ ਪੱਤ੍ਰਿਆਂ ਵਿਚ ਪਾਠਕ ਗੁਰੂ ਕੇ ਬਾਗ ਦਾ ਮੋਰਚਾ, ਤਰਨ ਤਾਰਨ ਤੇ ਨਨਕਾਣੇ ਸਾਹਿਬ ਆਦਿ ਦੇ ਖ਼ੂਨੀ ਕਾਂਡਾਂ ਬਾਬਤ ਪੜ੍ਹ ਚੁੱਕੇ ਹਨ। ਇਕ ਪਾਸੇ ਤਾਂ ਸਰਕਾਰ ਸਿੱਖਾਂ ਉੱਤੇ ਸਖਤੀ ਦਾ ਕੁਹਾੜਾ ਚਲਾ ਰਹੀ ਸੀ ਤੇ ਦੂਜੇ ਪਾਸੇ ਕੂਟ ਨੀਤੀ ਅਨੁਸਾਰ ਪਬਲਿਕ ਤੇ ਸੰਸਾਰ ਨੂੰ ਧੋਖੇ ਵਿਚ ਰੱਖਣ ਲਈ ਆਪਣੇ ਪੱਖ ਦਾ ਨਿਰਮੂਲ ਪ੍ਰਚਾਰ ਕਰ ਰਹੀ ਤੇ ਆਪਣੀਆਂ ਘ੍ਰਿਣਤ ਚਾਲਾਂ ਨੂੰ 'ਕਾਨੂੰਨ ਤੇ ਅਮਨ ਦੀ ਰਾਖੀ' ਲਈ ਸਿੱਧ ਕਰਦੀ ਹੋਈ। ਇਸ਼ਤਿਹਾਰ ਬਾਜ਼ੀ ਜ਼ੋਰ ਨਾਲ ਕਰ ਰਹੀ ਸੀ। ਇਸ ਦੇ ਉੱਤਰ ਵਿਚ ਸ੍ਰੋ: ਗੁ: ਪ੍ਰ: ਕਮੇਟੀ ਦੇ ਸੁਯੋਗ ਆਗੂਆਂ ਨੇ ਭੀ ਯਥਾ ਸ਼ਕਤਿ ਜਵਾਬ ਦੇਣਾ ਸ਼ੁਰੂ ਕੀਤਾ ਜੋ ਅਤੀ ਜ਼ਰੂਰੀ ਸੀ। ਇਸੇ ਸੰਬੰਧ ਵਿਚ (The Gurdwara Reform Movement) ਨਾਮੀ ਅੰਗ੍ਰੇਜ਼ੀ ਦੀ ਪੁਸਤਕ 'ਦੇਸ ਸੇਵਕ ਬੁਕ ਏਜੰਸੀ' ਜਲੰਧਰ ਸ਼ਹਿਰ ਵਲੋਂ ਅੰਗ੍ਰੇਜ਼ੀ ਪੜ੍ਹੀ ਜਨਤਾ ਦੀ ਗਿਆਤ ਲਈ ਪ੍ਰਕਾਸ਼ਤ ਹੋਈ। ਵੈਦ ਜੀ ਕਦ ਉੱਕਣ ਵਾਲੇ ਸਨ। ਆਪ ਨੇ ਝਟ ਇਕ ਪੁਸਤਕ ਤਰਨ ਤਾਰਨ ਦੇ ਪ੍ਰਸਿੱਧ ਨਗਰ ਸਭਾ ਦੇ ਪ੍ਰਧਾਨ ਪਾਦਰੀ ਗਿਲਫੋਰਡ ਨੂੰ ੭ ਫਰਵਰੀ ਨੂੰ ਪੇਸ਼ ਕੀਤੀ, ਤੇ ਇਸੇ ਤਰ੍ਹਾਂ ੮ ਫਰਵਰੀ ਨੂੰ ਇਕ ਦਰਜਨ ਪੁਸਤਕਾਂ ਹੋਰ ਮੰਗਵਾ ਕੇ ਯੋਗ ਸਜਣਾਂ ਨੂੰ ਵੰਡੀਆਂ।

ਕਿੱਧਰ ਆਪ ਦੀ ਨਜ਼ਰ ਨਹੀਂ ਗਈ? ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਅੰਗ੍ਰੇਜ਼ੀ ਵਿੱਚ 'ਗੁਰਦੁਵਾਰਾ ਰੀਫਾਮ ਮੂਵਮੈਂਟ' ਪ੍ਰਕਾਸ਼ਤ ਹੋਈ ਪੜ੍ਹਕੇ ਜੋ ਜੋ ਘਾਟੇ ਆਪ ਨੂੰ ਪ੍ਰਤੀਤ ਹੋਏ ਆਪ ਨੇ ਝੱਟ ਨੋਟ ਕ[illegible] ਲਏ ਤੇ ਅਗਲੀ ਐਡੀਸ਼ਨ ਵਿੱਚ ਛਪਾਣ ਲਈ ਸਲਾਹ ਦਿੱਤੀ, "[illegible]ਰਾ ਰੀਫਾਰਮ ਮੂਵਮੈਂਟ ਵਿੱਚ ਹੋਰ ਜ਼ਰੂਰੀ ਨੋਟ ਦੇਣ ਯੋਗ" ਦੀ [illegible]ਰਖੀ ਹੇਠ ਇਕ ਰੁੱਕੇ ਵਿਚ ਇਸ ਤਰ੍ਹਾਂ ਦਰਜ ਹੈ:—

*ਗੁ: ਰੀ: ਮੂਵਮੈਂਟ ਵਿਚ ਹੋਰ ਜ਼ਰੂਰੀ ਨੋਟ ਦੇਣ ਯੋਗ*

(੧) ਗੁਰ ਤੀਰਥ ਸੰਗ੍ਰਿਹ ਦੀ ਤਰ੍ਹਾਂ ਸੰਛੇਪ ਸੂਚੀ ਗੁਰਦਵਾਰਿਆਂ ਦੀ।



Digitized by Panjab Digital Library | www.panjabdigilib.org

(੨) ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੇ ਪ੍ਰਬੰਧ ਦੀ ਕਮੇਟੀ ਤੋੜਕੇ ਕਿਸਤਰ੍ਹਾਂ ਜ਼ਬਰਦਸਤੀ ਸਰਕਾਰ ਨੇ ਦਖਲ ਕੀਤਾ।

(੩) ਜੁਜ਼ਾਮ ਖਾਨਾ ਤੇ ਪਟਾ ਜ਼ਮੀਨ ਤਰਨ ਤਾਰਨ ਸੰਬੰਧੀ।

(੪) ਤਰਨ ਤਾਰਨ ਦੇ ਹਿੱਸੇ ਪ ਤੋਂ ਕਿਸਤਰ੍ਹਾਂ ੩੦ ਤੇ ਫੇਰ ੮੦ ਬਣੇ?

(੫) ਗੁਰਦਵਾਰਾ ਸੁਧਾਰ ਲਹਿਰ ਵਿੱਚ ੧੯੨੧ ਵਿੱਚ ੧੪੫ ਦਫਾ ਅਨੁਸਾਰ ਤਾਰੀਖਾਂ ਫੈਸਲੇ ਹੋਯਾਂ ਦੀਆਂ ਦਰਜ ਕਰਨੀਆਂ।

(੬) ਕਿਤਾਬ ਦੇ ਛਪਣ ਤੱਕ (ਦੂਜੀ ਐਡੀਸ਼ਨ ਪ੍ਰਕਾਸ਼ਤ ਹੋਣ ਸਮੇਂ ਤੱਕ) ਸ਼੍ਰੋ: ਗੁ: ਪ੍ਰ: ਕਮੇਟੀ ਨਾਲ ਸੰਬੰਧਤ ਗੁਰਦਵਾਰਿਆਂ ਦੀ ਸੂਚੀ।

(੭) ਦੂਜੀ ਐਡੀਸ਼ਨ ਸਮੇਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸੰਛੇਪ ਨਿਯਮ।

(੮) ਅਕਾਰ ਆਦਿ ਸੂਚੀ ਪਤ੍ਰ ਕੁਲ ਗੁਰਦਵਾਰਿਆਂ ਦਾ।

(੯) ਸ੍ਰੀ ਨਨਕਾਣਾ ਸਾਹਿਬ ਸੰਬੰਧੀ ਸਾਰਾ ਫਾਈਲ ਤੇ ਅਕਾਲੀ ਨੰਬਰ ਵੇਖਕੇ ਹੋਰ ਵਿਸਤਾਰ।

(੧੦) ਸਫਾ ੪੪੩ ਨਾਲ ਕੈਨਿੰਘਿਮ ਦੀ ਸਿੱਖ ਹਿਸਟਰੀ ਵਿਚੋਂ ਅਕਾਲੀ ਕਿਸ ਨੂੰ ਆਖਦੇ ਹਨ।

(੧੧) ੧੨੨ ਸਫੇ ਦੀ ਤਰ੍ਹਾਂ ਤਰਨ ਤਾਰਨ ਦੀ ਜਗੀਰ ਦੇ ਸਾਰੇ ਹਾਲ।

(੧੨) ਆਈਨਾ ਸ੍ਰੀ ਦਰਬਾਰ ਸਾਹਿਬ ਦੇ ਨੋਟ ਲੈਣੇ।

(੧੩ [illegible] ਦਾਰ ਵਧਾਵਾ ਸਿੰਘ ਪਲਟਨ ਨੰ: ੩੪ ਦਾ ਹਾਲ ਅੰਮ੍ਰਿਤਸਰ ਯ[illegible] ਈਸਾਈ ਹੋਣ ਸਮੇਂ।

(੧੪) ਸ੍ਰੀ ਨਨਕਾਣਾ ਸਾਹਿਬ ਹੋਏ ਸ਼ਹੀਦਾਂ ਦੇ ਨਾਮ ਪਤੇ।

(੧੫) ਪ੍ਰੈਜ਼ੀਡੰਟ ਚੀ: ਖਾ: ਦੀ: ਦੀ ੪-੧੦-੨੨ ਦੀ ਚਿੱਠੀ।

(੧੬) ਤ੍ਵਾਰੀਖ ਅੰਮ੍ਰਿਤਸਰ ਬਾਬਾ ਗਯਾਨ ਸਿੰਘ ਵਾਲੀ ਦੇ ਨੋਟ।

(੧੭) ੨੦-੩-੨੩ ਪੰਜਾਬ ਗੁਰਨਮੈਂਟ ਦੀ ਚਿੱਠੀ ਦੀ ਨਕਲ ਜੁਰਮਾਨੇ ਮਾਫ ਤੇ ਮੁਕਾਮੀ ਅਫਸਰਾਂ ਦੇ ਜ਼ੁਲਮ।



Digitized by Panjab Digital Library | www.panjabdigilib.org

(੧੮) ਮੁਲਤਾਨ ਤੇ ਅਟਕ ਜੇਲਾਂ ਦੇ ਹਾਲ ਸੰਬੰਧੀ ਸਾਰੇ ਐਲਾਨ ਦਰਜ ਕੀਤੇ ਜਾਣ।

(੧੯)ਅਕਾਲੀਆਂ ਦੀ ਰਿਹਾਈ੨੭-੨੮ ਅਪ੍ਰੈਲ ਸੰਨ੧੯੨੩।

(੨੦) ਗੁਰੂ ਕਾ ਬਾਗ ਤੇ ਅਕਾਲੀ ਲਹਿਰ ਸੰਬੰਧੀ ਜ਼ਬਤ ਹੋਏ ਪੁਸਤਕਾਂ ਦੇ ਨਾਮ ਪਤੇ (੧) ਜਾਗ੍ਰਤ ਖਾਲਸਾ, (੨) ਗੋਰੇ ਸ਼ਾਹੀ ਤੂਫਾਨ, (੩) ਅਕਾਲੀ ਗੂੰਜ,(੪) ਅਕਾਲੀ ਜੋਧਾ (੫) ਬੀਟੀ ਦੀ ਸੀਟੀ ਆਦਿਕ।

---

੧੧ ਫਰਵਰੀ ਨੂੰ ਪ੍ਰਸਿੱਧ ਧਾਰਮਕ ਅਖਬਾਰ 'ਖਾਲਸਾ ਸਮਾਚਾਰ' ਦੇ ਵਿਦਵਾਨ ਲੇਖਕ ਭਾਈ ਸੇਵਾ ਸਿੰਘ ਜੀ ਆਪ ਪਾਸ ਆਏ ਤੇ ਕੁਝ ਪੁਸਤਕਾਂ ਚਾਹੀਆਂ ਜੋ ਆਪ ਨੇ ਖੁਲ ਦਿਲੀ ਨਾਲ ਨੋਟ ਲੈਣ ਲਈ ਪੇਸ਼ ਕੀਤੀਆਂ। ਇਹ ੭ ਪੁਸਤਕਾਂ ਹਿੰਦੀ ਤੇ ਉਰਦੂ ਦੀਆਂ ਇਹ ਸਨ। (੧) ਪੰਜਾਬ ਹਰਨ। (੨) ਲੇਖਨ ਕਲਾ। (੩) ਮਹਾਤਮਾ ਈਸਾ। (੪)ਵਰਤ-ਮਾਨ ਏਸ਼ੀਆ। (੫) ਮਾਰਕਾਯ ਪੰਜਾਬ। (੬) ਅਹਿਦਨਾਮਾ ਜਾਤ ਪੰਜਾਬ ਤੇ (੭) ਦੇਸ਼ ਦਰਸ਼ਨ।

---

ਇਨੀ ਦਿਨੀ ਹੀ ਬਾਬੂ ਤੇਜਾ ਸਿੰਘ ਭਸੌੜ ਵਾਲੇ ਬੀਮਾਰ ਹੋ ਗਏ, ਆਪ ਨੂੰ ਖਬਰ ਮਿਲਨ ਸਾਰ ਆਪ ਤੁਰਤ ਸੇਵਾ ਲਈ ਭਸੌੜ ਨੂੰ ਤੁਰ ਪਏ। ਇਹ ਗੱਲ ੩ ਮਾਰਚ ੧੯੨੩ ਦੀ ਹੈ। ਰਾਤ ਨੂੰ ਗੱਡੀ ਦਾ ਸਫਰ ਕਰਕੇ ਸਵੇਰੇ ਮੂੰਹ ਅਨ੍ਹੇਰੇ ਆਪ ਮੰਡੀ ਹਿਮਤਿਆਨਾ [illegible] ਲੁਧਿਆਨਾ) ਦੇ ਸਟੇਸ਼ਨ ਤੇ ਪੁੱਜੇ। ਅੱਗੇ ਸਵਾਰੀ ਦਾ ਕੋਈ ਪ੍ਰਬੰ[illegible]ਕੀ ਹੋਣਾ ਸੀ ਪੰਚ ਖੰਡ ਦਾ ਕੋਈ ਸੇਵਾਦਾਰ ਭੀ ਓਥੇ ਨਾ ਸੀ ਆਪ ਪੈਦਲ ਹੀ ਸੂਟ ਕੇਸ ਚੁੱਕੀ ਤੁਰ ਪਏ ਤੇ ਪੰਚ ਖੰਡ ਪੁਜੇ। ਬਾਬੂ ਜੀ ਦੀ ਰੋਗੀ ਦਸ਼ਾ ਦੇਖਿ ਦਵਾਈ ਦਿੱਤੀ ਤੇ ਸਾਰਾ ਦਿਨ ਹੀ ਪਾਸ ਰਹਿਕੇ ਸੇਵਾ ਕਰਦੇ ਰਹੇ। ਮੁੜ ਫੇਰ ਰਾਤ ਨੂੰ ਹੀ ਰੇਲ ਦਾ ਸਫਰ ਕਰਕੇ ਤਰਨ ਤਾਰਨ ਪੁੱਜੇ। ਇਉਂ ਦੋ ਰਾਤਾਂ ਸਫਰ ਦੀ ਖੇਚਲ ਤਾਂ ਝੱਲੀ, ਪਰ ਸੇਵਾ (ਬਿਨਾਂ ਕਿਸੇ ਬਦਲੇ ਸਗੋਂ ਕਰਾਇਆ



Digitized by Panjab Digital Library | www.panjabdigilib.org

ਭੀ ਕੋਲੋਂ ਖਰਚ ਕਰ) ਦਾ ਸਮਾ ਹੱਥੋਂ ਨਹੀਂ ਜਾਣ ਦਿੱਤਾ।

---

੧੪ ਮਾਰਚ ਨੂੰ ਬਾਬਾ ਕੇਹਰ ਸਿੰਘ ਜੀ ਪੱਟੀ ਆਦਿ ਸੱਤ ਸੱਜਣਾਂ ਦੀ ਰਿਹਾਈ ਦੀ ਖਬਰ ਸੁਣ ਕੇ ਆਪ ਨੇ ਸ਼ੁਕਰ ਦਾ ਅਰਦਾਸਾ ਸੋਧਿਆ।

੨ ਅਪ੍ਰੈਲ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਮਾਗਮ ਵਿੱਚ ਆਪ ਨੇ ਸਾਰਾ ਦਿਨ ਉੱਤਮ ੨ ਵਿਚਾਰਾਂ ਵਿੱਚ ਹਿੱਸਾ ਲੈਣ ਦੀ ਸੇਵਾ ਕੀਤੀ।

੨੫ ਮਾਰਚ ੧੯੨੩ ਨੂੰ ਆਪ ਨੇ ਭਾਈ ਸਾਹਿਬ ਕਾਨ੍ਹ ਸਿੰਘ ਜੀ* ਦੇ ਮਹਾਨ ਕੋਸ਼ ਦਾ ਕੰਮ ਜੋ ਉਨ੍ਹਾਂ ਨੇ ਆਪ ਦੇ ਜ਼ੁਮੇ ਲਾਇਆ ਸੀ ਖਤਮ ਕੀਤਾ। ਆਪ ਨੇ ਇਸ 'ਮਹਾਨ ਕੋਸ਼' ਵਿੱਚ ਕਿੰਨੀ ਕੁ ਮਿਹਨਤ ਕੀਤੀ? ਇਹ ਪਾਠਕ ਜਨ ਆਪਦੇ ੧੯੨੨-੧੯੨੩ ਦੇ ਡਾਇਰੀ ਨੋਟਾਂ

---

*ਸ੍ਰ: ਬ: ਕਾਹਨ ਸਿੰਘ ਜੀ ਨਾਭਾ--ਚੋਟੀ ਦੇ ਵਿਦਵਾਨ, ਗੁਰਮਤ ਦੇ ਖੋਜੀ ਸਿੰਘ ਸਭਾ ਦੇ ਮੋਢੀ, ਖਾਲਸਾ ਕਾਲਜ ਨੂੰ ਬਨਵਾਉਣ ਵਾਲੇ, ਵੱਡੇ ਨੀਤੀ ਵੇਤਾ ਸਨ।

ਜਨਮ—ਭਾਦਰੋਂ ਸੁਦੀ ੧੦ ਸੰਮਤ ੧੯੧੮ (੧੮੬੧)

ਅੰਤ—੨੩ ਨਵੰਬਰ ੧੯੩੮.

੧੮੮੧ ਤੋਂ ੧੯੨੦ ਤੱਕ ਸਿੱਖ ਰੀਫਾਰਮਜ਼ ਵਿੱਚ ਬੜੀ ਦਿਲਚਸਪੀ ਲਈ। ਸਿੱਖਾਂ ਵਿੱਚ ਚੋਟੀ ਦੇ ਵਿਦਵਾਨ ਤੇ ਕਵੀ ਸਨ। ੧੯੦੭ ਵਿੱਚ ਮਕਾਲਿਫ ਨੂੰ ਇਤਿ-ਹਾਸ ਲਿਖਣ ਵੇਲੇ ਸਭ ਤੋਂ ਵਧੇਰੇ ਮਦਦ ਆਪ ਜੀ ਦੀ ਰਹੀ। ਆਪ ੧੮੮੮ ਵਿੱਚ ਟਿੱਕਾ ਰਿਪੁਦਮਨ ਸਿੰਘ ਜੀ ਦੇ ਟਿਊਟਰ ,ਤੇ ੧੮੯੩ ਵਿੱਚ ਮਹਾਰਾਜਾ ਹੀਰਾ ਸਿੰਘ ਜੀ ਦੇ ਪ੍ਰਾਈਵੇਟ ਸਕੱਤ੍ਰ ਰਹੇ।

੧੯੧੧ [illegible] ਾਸਤ ਦੇ ਫਾਰਨ ਮਨਿਸਟਰ।

੧੯੧੨ [illegible] ਆਸਤ ਹਾਈ ਕੋਰਟ ਦੇ ਜੱਜ।

ਆਪ ਨੇ 'ਹਮ ਹਿੰਦੂ ਨਹੀਂ', 'ਗੁਰਮਤ ਸੁਧਾਕਰ' 'ਗੁਰਮਤ ਪ੍ਰਭਾਕਰ' 'ਗੁਰਛੰਦ ਦਿਵਾਕਰ' 'ਗੁਰ ਸ਼ਬਦਾਲੰਕਾਰ' 'ਅਨੇਕਾਰਥ ਕੋਸ਼' 'ਨਾਮ ਮਾਲਾ ਕੋਸ਼' ਤੇ 'ਗੁਰ ਸ਼ਬਦ ਰਤਨਾਕਰ' ਆਦਿਕ ਅਨੇਕ ਕੀਮਤੀ ਗ੍ਰੰਥ ਲਿਖੇ।

ਮਹਾਨ ਕੋਸ਼ ਆਪ ਜੀ ਦੀ ਸਭ ਤੋਂ ਵਧੇਰੇ ਨਾਯਾਬ ਤੇ ੧੬ ਸਾਲਾਂ ਦੀ ਮਿਹਨਤ ਦੀ ਚੀਜ਼ ਹੈ। ੨੩ ਨਵੰਬਰ ੧੯੩੮ ਨੂੰ ਅਚਾਨਕ ਹਾਰਟ ਫੇਲ ਹੋਣ ਕਰਕੇ ਚਲਾਣਾ ਕਰ ਗਏ।



Digitized by Panjab Digital Library | www.panjabdigilib.org

ਤੋਂ ਹੀ ਜਾਣ ਸਕਦੇ ਹਨ। 'ਮਹਾਨ ਕੋਸ਼' ਸੇਵਾ ਬਾਰੇ ਆਪ ਦੇ ਨੋਟ ਤਾਰੀਖ਼ ਵਾਰ ਇਸਤਰ੍ਹਾਂ ਦਰਜ ਹਨ:-

੨੪-੫-੨੨—ਕੋਸ਼ ਵਾਸਤੇ ਕੁਝ ਮਜ਼ਮੂਨ ਛਾਂਟ ਕੀਤੇ ੪ ਘੰਟੇ ਲਾਕੇ।

੮-੬-੨੨—੩ ਘੰਟੇ ਤੋਂ ਵੱਧ ਸਮਾਂ ਕੋਸ਼ ਸ੍ਰ: ਕਾਨ੍ਹ ਸਿੰਘ ਜੀ ਵਾਸਤੇ ਲੱਗਾ।

੯-੬-੨੨—ਕੁਝ ਸਮਾਂ ਕੋਸ਼ ਦੇ ਕੰਮ ਤੇ ਲੱਗਾ।

੨੦-੬-੨੨—੩ ਘੰਟੇ ਦੇ ਕ਼ੀਬ ਕੋਸ਼ ਦਾ ਕੰਮ ਲਿਖਯਾ।

੨੧-੬-੨੨—੧੧ ਤੋਂ ੪ ਤੱਕ ਕੋਸ਼ ਦਾ ਕੰਮ ਕੀਤਾ।

੨੨-੬-੨੨—੧੨ ਤੋਂ ੪ ਤੱਕ ਕੋਸ਼ ਦਾ ਕੰਮ ਕੀਤਾ।

੮-੭-੨੨—੩ ਘੰਟੇ ਤੱਕ ਕੋਸ਼ ਦਾ ਕੰਮ ਕੀਤਾ।

੧੪-੭-੨੨—੪ ਘੰਟੇ ਦੇ ਕ਼ੀਬ ਕੋਸ਼ ਦਾ ਕੰਮ ਕੀਤਾ।

੧੯-੭-੨੨—੩ ਤੋਂ ੭ ਤੱਕ ਕੋਸ਼ ਦਾ ਕੰਮ ਕੀਤਾ।

੨੦-੭-੨੨—ਕੋਸ਼ ਦਾ ਕੰਮ ਕੁਝ ਚਿਰ ਕੀਤਾ।

੨੧-੭-੨੨—੫ ਘੰਟੇ ਦੇ ਕ਼ੀਬ ਕੋਸ਼ ਦੇ ਕੰਮ ਤੇ ਲੱਗਾ।

ਫੇਰ ਗੁਰੂ ਕਾ ਬਾਗ਼ ਆਦਿ ਦੇ ਮੋਰਚੇ ਕਾਰਨ ਸਮਾਂ ਨਹੀਂ ਮਿਲਿਆ।

੧੨-੩-੨੩—ਸ੍ਰ: ਕਾਹਨ ਸਿੰਘ ਜੀ ਦੇ ਕੋਸ਼ ਦਾ ਕੁਝ ਕੰਮ ਕੀਤਾ।

੧੩-੩-੨੩—ਕੁਝ ਕੰਮ ਕੋਸ਼ ਦਾ ਕੀਤਾ।

੧੪-੩-੨੩—ਕੁਝ ਘੰਟੇ ਕੋਸ਼ ਦਾ ਕੰਮ ਕੀਤਾ।

੨੦-੩-੨੩—੩ ਘੰਟੇ ਦੇ ਕ਼ੀਬ ਕੋਸ਼ ਦਾ ਕੰਮ ਕੀਤਾ।

੨੧-੩-੨੩—੩ ਘੰਟੇ ਦੇ ਕ਼ੀਬ ਕੋਸ਼ ਦਾ ਕੰਮ ਕੀਤਾ।

੨੩-੩-੨੩—ਕੋਸ਼ ਦਾ ਕੰਮ ਪੰਜ ਘੰਟੇ ਦੇ ਕ਼ੀਬ ਕੀਤਾ।

੨੪-੩-੨੩—ਕੋਸ਼ ਦਾ ਕੰਮ ਪੰਜ ਘੰਟੇ ਦੇ ਕ਼ੀਬ ਕੀਤਾ

੨੫-੩-੨੩—ਸ੍ਰ: ਕਾਹਨ ਸਿੰਘ ਜੀ ਦੇ ਕੋਸ਼ ਦਾ ਕੰਮ ਮੁਕੰਮਲ ਕੀਤਾ।

ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਆਪਣੇ ਮਹਾਨ ਕੋਸ਼ ਗ੍ਰੰਥ ਦੀ ਭੂਮਿਕਾ ਵਿੱਚ ਵੈਦ ਰਾਜ ਜੀ ਦਾ ਡਾਢੇ ਪ੍ਰੇਮ ਭਰੇ ਸ਼ਬਦਾਂ ਵਿੱਚ ਧੰਨਵਾਦ ਕਰਦੇ ਹਨ।

ਭਾਈ ਸਾਹਿਬ ਕਾਨ੍ਹ ਸਿੰਘ ਜੀ ਦਾ ਵੈਦ ਰਾਜ ਜੀ ਨਾਲ ਬੜਾ



Digitized by Panjab Digital Library | www.panjabdigilib.org

ਪਿਆਰ ਤੇ ਮਿਤ੍ਰਤਾ ਭਰਿਆ ਸੰਬੰਧ ਰਿਹਾ ਹੈ, ਜਿਸਦਾ ਜ਼ਿਕਰ ਵੈਦ ਜੀ ਨੇ ਆਪਣੀਆਂ ਡਾਇਰੀਆਂ ਵਿਚ ਕਈ ਜਗਾ ਕੀਤਾ ਹੈ। ਇਥੇ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਵਲੋਂ ਵੈਦ ਜੀ ਵਲ ਮਹਾਨ ਕੋਸ਼ ਦੀ ਮਦਦ ਕਰਨ ਬਾਰੇ ਲਿਖੀਆਂ ਕੁਛਕੁ ਚਿੱਠੀਆਂ ਦਰਜ ਕਰ ਦੇਣੀਆਂ ਭੀ ਅਯੋਗ ਨਹੀਂ ਹੋਣਗੀਆਂ, ਜਿਸਤੋਂ ਪਾਠਕਾਂ ਨੂੰ ਪਤਾ ਲੱਗੇਗਾ ਕਿ ਆਪ ਭਾਈ ਸਾਹਿਬ ਜੀ ਦੇ ਕਿਸ ਤਰ੍ਹਾਂ ਦੇ ਪਰਮ ਪ੍ਰੇਮ ਪਾਤ੍ਰ ਸਨ।

ਨਥੀਆ ਗਲੀ ਸਰਹੱਦੀ ਸੂਬਾ ਤੋਂ ੧੨ ਅਗਸਤ (ਸੰਨ ਨਹੀਂ ਲਿਖਿਆ, ਮੁਹਰ ਤੋਂ ੧੯੧੫ ਪ੍ਰਤੀਤ ਹੁੰਦਾ ਹੈ) ਨੂੰ ਲਿਖਦੇ ਹਨ:–

"ਪਰਮ ਮਿਤ੍ਰ ਪੰਥ ਰਤਨ ਜੀ, ਆਪਦਾ ਕ੍ਰਿਪਾ ਪੱਤ੍ਰ ੮ ਦਾ ਪੁਜਾ, ਅਤਯੰਤ ਧੰਨਵਾਦ ਹੈ।ਮੈਂ ਘਰ ਜਾਕੇ ਸਰਦੀਆਂ ਵਿਚ ਰੋਗਾਂ ਦੀ ਨਾਮਾਵਲੀ ਭੇਜਾਂਗਾ, ਅਰ ਆਪਦੀ ਸਹਾਯਤਾ ਤੋਂ ਲਾਭ ਉਠਾਵਾਂਗਾ। ਏਹ ਆਪਦੀ ਪਹਿਲੀ ਚਿੱਠੀ ਹੈ ਜਿਸ ਵਿਚ ਮੈਂ ਸਹਾਯਤਾ ਬਾਬਤ ਪੜ੍ਹਿਆ ਹੈ, ਨਹੀਂ ਤਾਂ ਅਜ ਤੋੜੀ ਜਿਤਨੇ ਸੱਜਨਾਂ ਨੂੰ ਆਖਿਆ ਹੈ ਸਭ ਵਲੋਂ 'ਨਾਂਹ' ਪਦ ਹੀ ਪਹੁੰਚਿਆ ਹੈ।......... ਆਪ ਦਾ ਪ੍ਰੇਮੀ, ਕਾਨ੍ਹ ਸਿੰਘ

× × × × × ×

ਫੇਰ ਮੰਡੀ ਫੂਲ ਤੋਂ ੨੦ ਅਪ੍ਰੈਲ ੧੯੨੦ ਨੂੰ ਭਾਈ ਸਾਹਿਬ ਜੀ ਨੇ ਵੈਦ ਜੀ ਵਲ ਇਉਂ ਖਤ ਲਿਖਿਆ:–

ਮੇਰੇ ਪਰਮ ਪ੍ਰੇਮੀ ਜੀ, ਦਸਮ ਗ੍ਰੰਥ ਦੇ ੪੦੪ ਚਰਿਤ੍ਰ ਵਿਚ ਜੋ ਰੋਗ ਆਏ ਹਨ ਤਥਾ ਗੁਰ ਪ੍ਰਤਾਪ ਸੂਰਯ ਵਿਚ ਜੋ ਆਏ ਹਨ ਓਹ ਮੈਂ ਨੋਟ ਕਰਕੇ ਭੇਜਦਾ ਹਾਂ। ਆਪ ਦੀ ਪਰਮ ਕ੍ਰਿਪਾਲਤਾ ਹੋਊ ਜੇ ਇਨ੍ਹਾਂ ਦੇ ਨਿਦਾਨ, ਲੱਛਣ, ਉਪਾਯ, ਪਥ, ਕੁਪਥ ਲਿਖਣ ਦੀ ਖੇਚਲ ਕਰੋਗੇ। ਆਪ ਨੇ ਜੋ ਗੁਰਬਾਣੀ ਵਿਚ ਹੋਰ ਰੋਗ ਦੇਖੇ ਹੋਣ ਓਹ ਭੀ ਸ਼ਾਮਲ ਕਰ ਦੇਣੇ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਬਿਨਾਂ ਸ਼ੰਕਾ ਆਗਯਾ ਕਰਨੀ। ਆਪਦਾ ਪ੍ਰੇਮੀ, ਕਾਨ੍ਹ ਸਿੰਘ

× × × × × ×



Digitized by Panjab Digital Library | www.panjabdigilib.org

ਲੌਂਗ ਵੀਉ, ਡਲਹੌਜ਼ੀ, ੪-੮-੨੦

ਪਰਮ ਪ੍ਰੇਮੀ ਜੀ, ਕ੍ਰਿਪਾ ਪਤ੍ਰ ੩੧ ਜੁਲਾਈ ਦਾ ਮਿਲਿਆ, ਅਤਯੰਤ ਧੰਨਯਵਾਦ ਹੈ। ਰੋਗਾਂ ਦੇ ਨਾਮ ਕੋਸ਼ ਦੇ ਕ੍ਰਮ ਨਾਲ ਲਿਖਣੇ ਹਨ,ਅਰ ਉਨ੍ਹਾਂ ਦੇ ਅਗੇ ਨਿਦਾਨ, ਲੱਛਣ, ਇਲਾਜ ਇਹ ਤਿੰਨ ਦਰਜ ਕਰਣੇ ਹਨ।

ਯਥਾ—ਜ੍ਵਰ···ਇਸਦੇ ਹੋਣ ਦਾ ਏਹ ਕਾਰਣ ਹੈ। ਤਾਪ ਦੇ ਚਿੰਨ੍ਹ ਏਹ ਹਨ। ਇਸਦਾ ਉਪਾਯ ਏਹ ਹੈ ਇਤ੍ਯਾਦਿ।

ਆਪ ਜਾਣਦੇ ਹੋ ਕਿ ਮੇਰਾ ਕੋਸ਼ ਸਿੱਖ ਲਿਟ੍ਰੇਚਰ ਦੀ ਇਨਸਾਈ-ਕਲੋਪੀਡੀਆ ਹੈ। ਇਸ ਵਾਸਤੇ ਇਸ ਵਿਚ ਪੂਰਨ ਨਿਰਣਯ ਲੋੜੀਦਾ ਹੈ। ਮੇਰੇ ਯੋਗ ਸੇਵਾ ਲਿਖਣੀ। ਪਰਮ ਸਨੇਹੀ, ਕਾਨ੍ਹ ਸਿੰਘ

ਮੰਡੀ ਫੂਲ (ਨਾਭਾ) ੨੬-੪-੨੨

ਪਰਮ ਮਿਤ੍ਰ ਜੀ, ਚਿਰ ਤੋਂ ਚਿੱਠੀ ਨਹੀਂ ਮਿਲੀ, ਆਪ ਵਲੋਂ ਵਿਦ੍ਵਤਾ ਭਰੇ ਲੇਖ ਦੀ ਡਾਢੀ ਉਡੀਕ ਲਗ ਰਹੀ ਹੈ। ਭਰੋਸਾ ਹੈ ਹੁਣ ਹੋਰ ਕੰਮ ਛੱਡ ਕੇ ਭੀ ਲਿਖਣ ਦੀ ਖੇਚਲ ਕਰੋਗੇ। ਪਰਮ ਹਿਤੂ, ਕਾਨ੍ਹ ਸਿੰਘ

੯—੬—੨੨ ਨੂੰ ਵੈਦ ਜੀ ਨੇ ਲਿਖਣ ਦੇ ਦੋ ਨਮੂਨੇ ਬਣਾਕੇ ਭਾਈ ਸਾਹਿਬ ਜੀ ਨੂੰ ਭੇਜੇ ਤੇ ਨਾਲ ਹੀ ਲਿਖਿਆ ਕਿ:—

"ਲਗ ਪਗ ਸਾਰੇ ਨੋਟ ਜਿਸ ਜਿਸ ਪੁਸਤਕ ਵਿਚੋਂ ਲੈਣੇ ਹਨ ਸਭੇ ਨੋਟ ਹੋ ਚੁਕੇ ਹਨ।"

ਇਸ ਖਤ ਦੇ ਉਤ੍ਰ ਵਿਚ ਭਾਈ ਸਾਹਿਬ ਨੇ ਹੇਠਲਾ ਖਤ ਭੇਜਿਆ:—

ਹਿਮਾਲਿਯਾ ਕਲਬ, ਮਸੂਰੀ ੧੫/ [illegible] ੯੨੨

ਪਰਮ ਸਨੇਹੀ ਜੀ, ਕ੍ਰਿਪਾ ਪਤ੍ਰ ਮਿਲਿਆ, ਧਨਯ[illegible] ਹੈ। ਆਪ ਨੇ ਬਡੀ ਖੇਚਲ ਕੀਤੀ ਹੈ, ਜੋ ਸਭ ਨੋਟ ਕਰ ਲਏ ਹਨ। ਨਮੂਨਾ ਮੋੜਦਾ ਹਾਂ। ਨਿਸਚਯ ਹੈ ਕਿ ਆਪ ਦੂਜੇ ਨਮੂਨੇ ਅਨੁਸਾਰ (ਅਰ ਇਸ ਵਿਚ ਇਲਾਜ ਦਾ ਸੰਖੇਪ ਨਾਲ ਵਾਧਾ ਕਰਕੇ) ਕਾਰਯ ਛੇਤੀ ਕਰ ਦਿਓਗੇ।.........ਕੋਈ ਮੇਰੇ ਉਚਿਤ ਸ੍ਵੇਵਾ? ਆਪਦਾ ਪਰਮ ਪ੍ਰੇਮੀ, ਕਾਨ੍ਹ ਸਿੰਘ



Digitized by Panjab Digital Library | www.panjabdigilib.org

ਵੈਦ ਰਾਜ ਜੀ ਨੇ ਕਿੰਨਾ ਕੁ ਕੰਮ ਕੀਤਾ ਹੋਊ ਇਸਦਾ ਅੰਦਾਜ਼ਾ ਰੋਗਾਂ ਦੀ ਗਿਣਤੀ ਤੋਂ ਲਗ ਸਕਦਾ ਹੈ, ਜੋ ਭਾਈ ਸਾਹਿਬ ਜੀ ਨੇ ਆਪਣੀ ਕਲਮ ਨਾਲ ਲਿਖਕੇ ਭੇਜੇ ਸਨ ਇਹ ਸਾਰੇ ੭੨ ਰੋਗ ਸਨ।

ਇਨ੍ਹਾਂ ਰੋਗਾਂ ਵਿੱਚੋਂ ਪਹਿਲਾਂ ੩੬ ਰੋਗਾਂ ਬਾਬਤ ਪੂਰਨ ਨਿਰਣਯ ਸਹਿਤ ਲਿਖ ਕੇ ਵੈਦ ਜੀ ਨੇ ਜਦ ਰਜਿਸਟ੍ਰੀ ਪੈਕਟ ਦੁਆਰਾ ਭਾਈ ਸਾਹਿਬ ਜੀ ਨੂੰ ਲੇਖ ਭੇਜੇ, ਤਦ ਭਾਈ ਜੀ ਪ੍ਰਸੰਨ ਹੋ ਗਏ, ਤੇ ਹਿਰਦਾ ਖੋਲ੍ਹਕੇ ਪ੍ਰਸੰਸਾ ਤੇ ਪ੍ਰਸੰਤਾ ਭਰੀ ਪੱਤ੍ਰਕਾ ਲਿਖੀ ਜੋ ਇਸਤਰ੍ਹਾਂ ਹੈ:--

ਨੰ: ੩੨ ਹਿਮਾਲਜਾ ਕਲਬ, ਮਸੂਰੀ ੨੬-੭-੨੨

ਪਰਮ ਸਨੇਹੀ ਪੰਥ ਰਤਨ ਜੀ, ਆਪ ਦਾ ਭੇਜਿਆ ਰਜਿਸਟਰਡ ਪੈਕਟ ਮਿਲਿਆ, ਜਿਸ ਵਿੱਚ ਆਪ ਨੇ ੩੬ ਰੋਗਾਂ ਦਾ ਨਿਰਣਯ ਲਿਖਿਆ ਹੈ। ਇਸ ਨੂੰ ਪੜ੍ਹਕੇ ਚਿਤ ਪ੍ਰਸੰਨ ਹੋਯਾ। ਮੈਨੂੰ ਜੇਹੀ ਆਸ ਸੀ ਆਪ ਨੇ ਓਹੋ ਜੇਹਾ ਹੀ ਲਿਖਿਆ ਹੈ। ਮੈਂ ਅਤਜੰਤ ਧੰਨਜਵਾਦੀ ਅਤੇ ਕ੍ਰਿਤਗਜ ਹਾਂ। ਯਕੀਨ ਹੈ ਮੇਰੇ ਘਰ ਪਹੁੰਚਣ ਸਮਯ ਤੀਕ ਆਪ ਸਾਰੇ ਰੋਗ ਸਮਾਪਤ ਕਰ ਦੇਓਗੇ।.........ਆਪ ਸਿੱਖਾਂ ਵਿੱਚ ਪਹਿਲੇ ਸੱਜਣ ਹੋ ਜਿਨ੍ਹਾਂ ਤੋਂ ਮੈਨੂੰ ਮੇਰੇ ਮਹਾਨ ਕੰਮ ਵਿੱਚ ਸਹਾਯਤਾ ਮਿਲੀ ਹੈ, ਬੱਡੇ ਬੱਡੇ ਪ੍ਰੇਮੀਆਂ ਨੇ ਕੇਵਲ ਵਾਕਜ ਰਚਨਾ ਨਾਲ ਹੀ ਹਾਸਜ ਮਾਤ੍ਰ ਸਹਾਯਤਾ ਕਰੀ ਹੈ। ਮੇਰੇ ਉਚਿਤ ਸੇਵਾ ਬਿਨਾ ਸ਼ੰਕ ਲਿਖਣੀ,

ਆਪ ਦਾ ਪ੍ਰੇਮੀ ਕਾਨ੍ਹ ਸਿੰਘ

ਪਾਠਕ ਜਨ ਅੰਦਾਜ਼ਾ ਲਾ ਸਕਦੇ ਹਨ ਕਿ ਏਨੇ ਰੋਗਾਂ ਉੱਪਰ ਲਿਖਣ ਲਈ ਕਿ[illegible] ਸਮਾ ਤੇ ਦਿਮਾਗ ਖਰਚ ਕਰਨਾ ਪਿਆ ਹੋਵੇਗਾ, ਪਰ ਕੀ ਮਜਾਲ ਜੋ ਕਦੇ ਆਪ ਉਕਤਾਏ ਜਾਂ ਘਬਰਾਏ ਹੋਣ।

ਵੈਦ ਜੀ ਦੇ ਗੁਰ ਪੁਰ ਪਧਾਰਨ ਦੀ ਦੁਖਦਾਈ ਖਬਰ ਸੁਣਕੇ ਭਾਈ ਸਾਹਿਬ ਜੀ ਦੇ ਹਿਰਦੇ ਨੂੰ ਡਾਢੀ ਸੱਟ ਵੱਜੀ ਤੇ ਆਪ ਨੇ ਨਾਭਾ ਤੋਂ ੯ ਅਕਤੂਬਰ ੧੯੩੬ ਨੂੰ ਆਪ ਦੇ ਸਪੁਤ੍ਰ ਸ: ਤ੍ਰਿਲੋਕ ਸਿੰਘ ਜੀ ਵੈਦ ਨੂੰ ਜੋ ਪੱਤ੍ਰਕਾ ਲਿਖੀ ਉਹ ਭੀ ਅਵਸ਼ਜ ਪੜ੍ਹਨ ਯੋਗ ਹੈ। ਆਪ ਲਿਖਦੇ ਹਨ:-



Digitized by Panjab Digital Library | www.panjabdigilib.org

ਪਯਾਰੇ ਤ੍ਰਿਲੋਕ ਸਿੰਘ ਜੀ ! ਮੇਰੇ ਪ੍ਰਾਚੀਨ ਮਿੱਤ੍ਰ ਪੰਥ ਰਤਨ ਪਜਾਬੀ ਦੇ ਪ੍ਰਚਾਰਕ ਵੈਦਜਰਾਜ ਭਾਈ ਮੋਹਨ ਸਿੰਘ ਜੀ ਦੇ ਅਕਾਲ ਚਲਾਣੇ ਦੀ ਖਬਰ ਨੇ ਚਿੱਤ ਵਜਾਕੁਲ ਕਰ ਦਿੱਤਾ ਹੈ। ਅਜੇਹੀਆਂ ਵਜਕਤੀਆਂ ਕਦੇ ਕਦੇ ਸੰਸਾਰ ਵਿੱਚ ਆਉਂਦੀਆਂ ਹਨ। ਭਾਈ ਸਾਹਿਬ ਜੀਦਾ ਜੀਵਨ ਹੋਰਨਾਂ ਲਈ ਸਿੱਖਯਾ ਰੂਪ ਸੀ। ਸਸ਼ੀਲ ਸੱਜਨ ਮੋਹਨ ਸਿੰਘ ਜੀ ਦੀ ਅਣਹੋਂਦ ਨੇ ਪੰਥ ਨੂੰ ਭਾਰੀ ਘਾਟਾ ਪਾਇਆ ਹੈ।

ਅਰਦਾਸ ਹੈ ਕਿ ਭਾਈ ਸਾਹਿਬ ਜੀਦਾ ਆਤਮਾ ਗੁਰ ਚਰਨ ਕਮਲਾਂ ਦਾ ਭੌਰਾ ਹੋਕੇ ਅੰਮ੍ਰਿਤ ਰਸ ਪਾਨ ਕਰੇ, ਅਤੇ ਆਪ ਸਭ ਸਾਹਿਬਾਨ ਨੂੰ ਅਸਹ ਵਿਛੋੜੇ ਦੇ ਸਲ ਸਹਾਰਨ ਲਈ ਧੀਰਯ ਅਤੇ ਸ਼ਾਂਤਿ ਪ੍ਰਾਪਤ ਹੋਵੇ।

ਆਪ ਦਾ ਹਿਤੂ ਕਾਨ੍ਹ ਸਿੰਘ

੧ ਨਵੰਬਰ ੧੯੩੬ ਨੂੰ ਜਦ ਮੈਂ (ਲੇਖਕ) ਚਿੱਠੀ ਆਪ ਜੀ ਵੱਲ ਭੇਜੀ ਤੇ ਵੈਦਰਾਜ ਜੀ ਬਾਰੇ ਉਨ੍ਹਾਂ ਦੀ ਵਾਕਫੀਅਤ ਮੰਗੀ ਤਾਂ ਆਪ ਨੇ ਤੁਰਤ ਹੀ ਅਰਥਾਤ ੩ ਨਵੰਬਰ ਨੂੰ ਹੀ ਨਾਭੇ ਤੋਂ ਹੇਠ ਲਿਖਿਆ ਖਤ ਭੇਜਿਆ:—

ਪਰਮ ਪ੍ਰੇਮੀ ਜੀ, ਭਾਈ ਮੋਹਨ ਸਿੰਘ ਜੀ ਵੈਦਜਰਾਜ ਨੂੰ ਮੈਂ ਚਿਰ ਤੋਂ ਜਾਣਦਾ ਹਾਂ। ਉਨ੍ਹਾਂ ਦਾ ਭ੍ਰਾਤ੍ਰਿ ਭਾਵ, ਦੇਸ਼ ਕੌਮ ਦਾ ਪ੍ਰੇਮ, ਪੰਥ ਸੇਵਾ, ਪੰਜਾਬੀ ਵਿਦਜਾ ਦੀ ਉੱਨਤੀ ਦਾ ਸ਼ੌਕ,ਦੁਖੀਆਂ ਅਨਾਥਾਂ ਨਾਲ ਹਮਦਰਦੀ, ਹੌਮੈ ਦਾ ਤਜਾਗ ਆਦਿ ਸ਼ੁਭ ਗੁਣ ਮੈਂ ਹਰ ਵੇਲੇ ਸਮਰਣ ਕਰਦਾ ਹਾਂ। ਜਦ ਭੀ ਉਹ ਮੈਨੂੰ ਮਿਲੇ ਹਨ, ਤਦ ਗੁਣ ਚਰਚਾ ਤੋਂ ਬਾਜ ਕਦੇ ਹੋਰ ਗੱਲ ਨਹੀਂ ਹੋਈ। ਮਹਾਨ ਕੋਸ਼ ਸੰਪਾਦਨ ਵੇਲੇ ਮੈਂ ਉਨ੍ਹਾਂ ਨੂੰ ਆਖਿਆ ਕਿ 'ਆਪ ਰੋਗਾਂ ਸੰਬੰਧੀ ਲੇਖ ਲਿਖਕੇ ਘਲੋ'। ਮੇਰੀ ਇਸ ਬੇਨਤੀ ਨੂੰ ਮੰਨਕੇ ਸਾਰੇ ਕੰਮ ਛੱਡਕੇ ਚੋਖਾ ਸਮਾ ਲਾਕੇ ਉੱਤਮ ਲੇਖ ਲਿਖਿਆ, ਜਿਸ ਬਾਬਤ ਮੈਂ ਭੂਮਿਕਾ ਵਿੱਚ ਜ਼ਿਕਰ ਕੀਤਾ ਹੈ। ਪਯਾਰੇ ਮੋਹਨ ਸਿੰਘ ਜੀ ਦਾ ਨਾਮ ਸਾਰਥਕ ਸੀ, ਕਯੋਂਕਿ ਉਨ੍ਹਾਂ ਨੇ ਹਰੇਕ ਮਿਲਨ ਵਾਲੇ ਨੂੰ ਮੋਹਿਤ ਕਰ ਦਿੱਤਾ ਸੀ।

ਆਪ ਦਾ ਹਿਤ ਚਿੰਤਕ ਕਾਨ੍ਹ ਸਿੰਘ



Digitized by Panjab Digital Library | www.panjabdigilib.org

ਇਸੇ ਹੀ ਤਰ੍ਹਾਂ ੧੮-੫-੩੭ ਨੂੰ ਆਪ ਜੀ ਨੇ ਨਾਭੇ ਤੋਂ ਇੱਕ ਹੋਰ ਖਤ ਲਿਖਦੇ ਹੋਇਆਂ ਇਉਂ ਵਰਣਨ ਕੀਤਾ ਹੈ:-

ਪਰਮ ਪਿਆਰੇ ਦੁਖੀ ਜੀ, ਸੁਖੀ ਰਹੋ।

ਭਾਈ ਮੋਹਨ ਸਿੰਘ ਜੀ ਮੇਰੇ ਪਰਮ ਮਿੱਤ੍ਰ ਸਨ। ਮੇਰੇ ਦਿਲ ਵਿੱਚ ਉਨ੍ਹਾਂ ਦੀ ਵੱਡੀ ਕਦਰ ਹੈ। ਉਨ੍ਹਾਂ ਦੇ ਦੇਹਾਂਤ ਪਰ ਮੈਂ ਕਿਸੇ ਅਖਬਾਰ ਜਾਂ ਰਸਾਲੇ ਪਰ ਹਮਦਰਦੀ ਪ੍ਰਗਟ ਕਰਦੇ ਹੋਏ ਉਨ੍ਹਾਂ ਦੀ ਪ੍ਰਸੰਸਾ ਲਿਖੀ ਸੀ, ........ਮਹਾਨ ਕੋਸ਼*ਵਿੱਚ ਰੋਗਾਂ ਦਾ ਪ੍ਰਸੰਗ ਲਿਖਣ ਵਿੱਚ ਉਨ੍ਹਾਂ ਨੇ ਮੈਨੂੰ ਵੱਡੀ ਸਹਾਇਤੀ ਵਿੱਤੀ ਹੈ,ਮੈਂ ਅਤਯੰਤ ਕ੍ਰਿਤੱਗਯ ਹਾਂ। ਉਨ੍ਹਾਂ ਦੀ ਨਿੰਮ੍ਰਤਾ, ਵਿਦਯਾ ਨਾਲ ਪ੍ਰੇਮ, ਉਪਕਾਰ ਦਾ ਭਾਵ, ਸਰਵ ਪ੍ਰਿਯਤਾ ਆਦਿ ਗੁਣ ਸਦਾ ਮੇਰੇ ਚੇਤੇ ਰਹਿੰਦੇ ਹਨ। ਆਪ ਦਾ ਹਿਤ ਚਿੰਤਕ ਕਾਨ੍ਹ ਸਿੰਘ

ਭਾਈ ਸਾਹਿਬ ਜੀਦੀ ਲਿਖਤ ਤੇ ਵੈਦ ਜੀ ਬਾਬਤ ਆਪਦੇ ਖਿਆਲ ਦੇ ਨਮੂਨੇ ਉਪਰ ਦਰਜ ਕੀਤੇ ਹਨ।

ਭਾਈ ਕਾਨ੍ਹ ਸਿੰਘ ਜੀ ਉੱਚ ਕੋਟੀ ਦੇ ਵਿਦਵਾਨ ਨੀਤੱਗਜ, ਤੇ ਸੰਖੇਪ ਵਿੱਚ ਮਹੱਤ੍ਵ ਭਰਿਆ ਭਾਵ ਲਿਖਣ ਵਾਲੇ ਮਹਾਂ ਪੁਰਸ਼ ਸਨ, ਤਦ ਭੀ ਆਪ ਦੀਆਂ ਸੰਖੇਪ ਲਿਖਤ ਪਤ੍ਰਕਾਂ ਵਿਚੋਂ ਵੈਦ ਜੀ ਬਾਬਤ ਪ੍ਰਸੰਸਾ ਉੱਛਲ ਉੱਛਲ ਪੈਂਦੀ ਹੈ।

---

ਅੱਛਾ ਵੈਦ ਉਹ ਨਹੀਂ ਹੁੰਦਾ ਜਿਹੜਾ ਆਪਣੇ ਮੂੰਹੋਂ ਹੀ ਅੱਛਾ ਵੈਦ ਬਣੇ, ਸਗੋਂ ਅੱਛਾ ਉਹ ਹੁੰਦਾ ਹੈ ਜਿਸ ਨੂੰ ਅੱਛਾ ਸੰਸਾਰ ਅੱਛਾ ਵੈਦ ਕਹੇ। ਸਾਡੇ ਵੈਦ ਰਾਜ [illegible] ਉਹ ਉੱਚ ਹਸਤੀ ਸਨ, ਜਿਨ੍ਹਾਂ ਨੂੰ ਹਰ ਤਬਕੇ ਤੇ ਹਰ ਜ਼ਾਤੀ ਦੇ ਅ[illegible]ਖਦੇ ਅਦਬ ਵਜੋਂ ਮਾਨ ਵਜੋਂ ਤੇ ਉੱਚ ਯੋਗਯਤਾ ਵਜੋਂ ਸਿਰ ਨਿਵਾਉਂਦੇ ਸਨ। ਹਰ ਕੋਈ ਮੁਸ਼ਕਲ ਸਮੇਂ ਕਿਸੇ ਸੱਜਣ ਮਿੱਤ੍ਰ ਵਾਕਫ ਕਾਰ ਨੂੰ ਆਪ ਪਾਸ ਸਫਾਰਸ਼ ਕਰਨ ਵਿਚ ਮਾਨ ਸਮਝਦਾ ਸੀ।

---

*ਜੋ ਮੈਟਰ ਮਹਾਨ ਕੋਸ਼ ਲਈ ਭੇਜਯਾ ਤੇ ਭਾਈ ਕਾਨ੍ਹ ਸਿੰਘ ਜੀ ਨੇ ਕੋਸ਼ ਵਿਚ ਵਰਤਯਾ ਉਹ "ਚਕਿਤਸਾ ਰਤਨ" ਪੁਸਤਕ ਰੂਪ ਵਿੱਚ ਅੱਡ ਭੀ ਪ੍ਰਕਾਸ਼ਤ ਹੈ।



Digitized by Panjab Digital Library | www.panjabdigilib.org

ਆਪ ਦੀ ਵੈਦਕ ਯੋਗਤਾ ਬਾਰੇ ਏਥੇ ਅਸੀਂ ਇੱਕ ਮੂੰਹੋਂ ਬੋਲਦੀ ਘਟਨਾ ਪਾਠਕਾਂ ਦੇ ਪੇਸ਼ ਕਰਦੇ ਹਾਂ, ਜਿਸਦਾ ਜ਼ਿਕਰ ਉਸ ਸਮੇਂ ਦੇ ਇਕ ਅਖਬਾਰ 'ਅਰੋੜ ਬੰਸ ਸੁਧਾਰਕ' ਵਿਚ ਬੜੇ ਸਨਮਾਨ ਸਹਿਤ ਛਪਿਆ।

## "ਏਕ ਤਾਜ਼ਾ ਵਾਕਿਆ"

"ਹਮਾਰੇ ਏਕ ਹਮਸਾਯਾ ਕੇ ਪੇਟ ਮੇਂ ਰਸੌਲੀ ਹੋ ਗਈ, ਬੇਚਾਰਾ ਦੁਖੀ ਹੋ ਕਰ ਡਾਕਟਰੋਂ ਕੇ ਹਾਂ ਭਾਗਾ! ਬੜੇ ਬੜੇ ਡਾਕਟਰ ਕੋ ਉਸ ਕੀ ਫੀਸ ਜੋ ਬਤੀਸ ਰੁਪਏ ਸੇ ਕਮ ਨਾ ਥੀ ਔਰ ਮਸ਼ਵਰਾ ਹਾਸਲ ਕੀਆ। ਸਬ ਨੇ ਯੇਹੀ ਕਹਾ ਕਿ ਓਪ੍ਰੇਸ਼ਨ ਜ਼ਰੂਰੀ ਹੈ। ਬੇਚਾਰਾ ਘਬਰਾਯਾ, ਕਿਉਂਕਿ ਪੇਟ ਕਾ ਉਪ੍ਰੇਸ਼ਨ ਅਕਸਰ ਖਤਰਨਾਕ ਹੂਆ ਕਰਤਾ ਹੈ। ਖਬਰ ਦੇਨੇ ਵਾਲੋਂ ਨੇ ਖਬਰ ਦੀ ਕਿ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਮੇਂ ਭਾਈ ਮੋਹਨ ਸਿੰਘ ਜੀ ਮਿਊਨਸਿਪਲ ਕਮਿਸ਼ਨਰ ਏਕ ਯੋਗਜ ਵੈਦ ਹੈਂ, ਔਰ ਵੋਹ ਇਸ ਕੋ ਬਗੈਰ ਓਪ੍ਰੇਸ਼ਨ ਕੇ ਦਵਾਈ ਸੇ ਦੂਰ ਕਰ ਦੇਂਗੇ।—ਬੇਚਾਰਾ ਹਮਾਰੇ ਪਾਸ ਆਯਾ ਔਰ ਕਹਾ ਕਿ ਅਗਰ ਵੈਦ ਸਾਹਿਬ ਸੇ ਹਮਾਰੀ ਵਾਕਫੀਅਤ ਹੋ ਤੋ ਉਨਕੇ ਨਾਮ ਚਿੱਠੀ ਦੀ ਜਾਵੇ।

ਵੈਦ ਸਾਹਿਬ ਹਮਾਰੀ ਬਰਾਦਰੀ ਕੇ ਮੁਅੱਜ਼ਜ਼ ਅੰਗ ਹੈਂ ਔਰ ਬਾਲਕ ਅਵਸਥਾ ਸੇ ਹਮ ਉਨ ਕੋ ਜਾਨਤੇ ਹੈਂ। ਹਮ ਨੇ ਚਿੱਠੀ ਲਿਖ ਦੀ, ਮਰੀਜ਼ ਨੇ ਵਹਾਂ ਪਹੁੰਚ ਕਰ ਬਾਹਦ ਮੁਲਾਹਜ਼ਾ ਦਵਾਈ ਹਾਸਲ ਕੀ। ਔਰ ਦੋ ਮਾਹ ਕੇ ਇਸਤਾਮਾਲ ਸੇ ਵੋਹ ਰਸੌਲੀ ਬਿਲਕੁਲ ਗਾਇਬ ਹੋ ਗਈ, ਮਰੀਜ਼ ਅਬ ਵੈਦ ਸਾਹਿਬ ਕੇ ਹੱਕ ਮੇਂ ਦੁਆਏਂ ਦੇਤਾ ਹੈ। ਕਿਆ ਯੇਹ ਕਰਿਸ਼ਮਾ ਵੈਦਿਕ ਦਾ ਕੋਈ ਕਮ ਕਰਿਸ਼ਮਾ ਹੈ?

ਅਰੋੜਬੰਸ ਸੁਧਾਰਕ-ਲਾਹੌਰ, ... ਬਰ ੧੯੨੩

ਦੇਸ਼ ਦੀ ਬਦਕਿਸਮਤੀ ੧੨ ਅਪ੍ਰੈਲ ੧੯੨੩ ਨੂੰ ਅੰਮ੍ਰਿਤਸਰ ਵਿਚ ਹਿੰਦੂ ਮੁਸਲਮਾਨਾਂ ਦਾ ਫਸਾਦ ਹੋ ਗਿਆ। ਕਲਗੀਧਰ ਦੇ ਸਪੁਤ੍ਰ ਅਕਾਲੀਆਂ ਨੇ ਹਿੰਦੂ ਮੁਸਲਮਾਨ ਦੋਹਾਂ ਭਰਾਵਾਂ ਦੀ ਹੀ ਪੁੱਜਕੇ ਸੇਵਾ ਕੀਤੀ ਤੇ ਸੁਲਾਹ ਕਰਾਉਣ ਵਿੱਚ ਚੋਖਾ ਹਿੱਸਾ ਲਿਆ।

ਇਹ ਖਬਰ ਸੁਣਦਿਆਂ ਹੀ ਵੈਦ ਜੀ ਦੇ ਸਰਵ ਪ੍ਰਿਯ ਕੋਮਲ ਹਿਰਦੇ



Digitized by Panjab Digital Library | www.panjabdigilib.org

ਉੱਤੇ ਬੜੀ ਸੱਟ ਲੱਗੀ, ਪਰ ਨਾਲ ਹੀ ਸ਼ੁਕਰ ਭੀ। ਆਪ ਨੇ ਉਸ ਦਿਨ ਡਾਇਰੀ ਵਿਚ ਇਸ ਤਰ੍ਹਾਂ ਨੋਟ ਲਿਖਿਆ:-

"ਅੰਮ੍ਰਿਤਸਰ ਜੀ ਹਿੰਦੂ ਮੁਸਲਮਾਨਾਂ ਦੀ ਲੜਾਈ ਸੁਣਕੇ ਸ਼ੋਕ ਹੋਯਾ। ਦੇਸ਼ ਦੇ ਮੰਦੇ ਭਾਗ, ਪਰ ਕਲਗੀਧਰ ਜੀ ਦੇ ਸਪੁੱਤ੍ਰ ਅਕਾਲੀ ਬੀਰਾਂ ਵੱਲੋਂ ਦੰਗਾ ਫਸਾਦ ਹਟਾਉਣ ਤੇ ਸ਼ਾਂਤਿ ਵਰਤਾਉਣ ਦਾ ਸੁਣਕੇ ਅਕਾਲ ਪੁਰਖ ਜੀ ਦਾ ਸ਼ੁਕਰ ਕੀਤਾ।"

ਇਹ ਨੋਟ ਕਿਸੇ ਵਿਆਖਿਆ ਦਾ ਮੁਹਤਾਜ ਨਹੀਂ। ਵੈਦ ਜੀ ਦੇ ਕੋਮਲ ਹਿਰਦੇ ਦਾ ਫੋਟੋ ਸਾਫ ਹੈ।

× × × × × × ×

੨੯ ਅਪ੍ਰੈਲ ਨੂੰ ਦਰਬਾਰ ਸਾਹਿਬ ਸਰੋਵਰ ਅੰਮ੍ਰਿਤਸਰ ਵਿੱਚ ਬੰਨ੍ਹ ਲਗਣਾ ਸ਼ੁਰੂ ਹੋਇਆ ਤੇ ਇਸੇ ਦਿਨ ਹੀ ਗੁਰੂ ਕੇ ਬਾਗ ਵਿੱਚ ਸੇਵਾ ਕਰਨ ਬਦਲੇ ਜੇਲ ਕੱਟ ਕੇ ਆਏ ਗੁਰਮੁਖਾਂ ਦੀ ਖਬਰ ਸੁਣਕੇ ਆਪ ਤੁਰਤ ਸ੍ਰੀ ਅੰਮ੍ਰਿਤਸਰ ਪੁੱਜੇ ਤੇ ਦਰਸ਼ਨ ਕਰਕੇ ਗਦ ਗਦ ਹੋਏ।

੯ ਮਈ ਨੂੰ ਤਰਨ ਤਾਰਨ ਵਿਚ ਹਿੰਦੂ ਮੁਸਲਮ ਏਕੇ ਲਈ ਸਾਂਝੀ ਕਮੇਟੀ ਹੋਈ। ਜਿਸ ਵਿਚ ਆਪ ਨੇ ਚੋਖਾ ਹਿੱਸਾ ਲਿਆ।

---

ਰਾਇ ਬਹਾਦਰ ਲਾ: ਤੁਲਸੀ ਰਾਮ ਜੀ ਪੀ. ਏ. ਲਾ ਮੈਂਬਰ ਸ੍ਰਕਾਰ ਹਿੰਦ ਆਪ ਦੇ ਬੜੇ ਪ੍ਰੇਮੀ ਤੇ ਪ੍ਰਸੰਸਕਾਂ ਵਿਚੋਂ ਹਨ। ਉਨ੍ਹਾਂਦੀ ਧਰਮ ਪਤਨੀ ਬੀਮਾਰ ਸੁਣਕੇ ਆਪ ੨ ਜੂਨ ਨੂੰ ਸ਼ਿਮਲੇ ਗਏ। ਯੋਗ ਇਲਾਜ ਤੇ ਦਵਾਈ ਦੇਕੇ ੫ ਜੂਨ ਨੂੰ ਵਾਪਸ ਮੁੜੇ।

ਰਾਇ [illegible]ਬ ਜੀ ਹਮੇਸ਼ਾਂ ਹੀ ਵੈਦ ਜੀ ਨਾਲ ਖਤ ਪੱਤ੍ਰ ਰਖਦੇ ਸਨ ਆਪ ਦੇ ਬੇਅੰਤ ਪ੍ਰਸੰਸਾ ਭਰੇ ਖਤ ਏਥੇ ਦਰਜ ਕਰਕੇ ਮੈਂ ਪੁਸਤਕ ਵਧਾਉਣੀ ਨਹੀਂ ਚਾਹੁੰਦਾ ਤੇ ਨਾ ਹੀ ਆਪ ਦੇ ਅਨੇਕ ਦੁੱਖ ਭਰੇ ਪੱਤ੍ਰਾਂ ਦੇ ਮਜ਼ਮੂਨ ਦਰਜ ਕਰਕੇ ਪਾਠਕਾਂ ਦੇ ਦਰਦ ਨੂੰ ਦੂਣਾ ਕਰਨਾ ਪਸਿੰਦ ਕਰਦਾ ਹਾਂ। ਹਾਂ! ਵੰਨਗੀ ਮਾਤ੍ਰ ਕੁਛ ਕੁ ਭੀ ਦਰਜ ਨਾ ਕਰਨੇ ਤਾਂ ਸਰਾਸਰ ਨਾ ਇਨਸਾਫੀ ਹੋਵੇਗੀ।



Digitized by Panjab Digital Library | www.panjabdigilib.org

ਭਾਈ ਸਾਹਿਬ ਜੀ ਦੇ ਚਲਾਣੇ ਦੀ ਖਬਰ ਸੁਣ ਕੇ ਰਾਇ ਸਾਹਿਬ ਜੀ ਆਪੇ ਤੋਂ ਬਾਹਰ ਹੋ ਗਏ। ਪ੍ਰੇਮ-ਬਿਰਹ ਨੇ ਆਪ ਦੀ ਅਕਲ ਮਾਨੋ ਬੌਰਾ ਦਿੱਤੀ। ਆਪ ਦੀਆਂ ਗ਼ਮਨਾਕ ਚਿੱਠੀਆਂ ਦੀਆਂ ਸਤਰਾਂ ਅਜੇਹੀਆਂ ਦਰਦ ਭਰੀਆਂ ਤੇ ਦਿਲ ਚੀਰਵੀਆਂ ਹਨ ਕਿ ਪੜ੍ਹਦਿਆਂ ਸਾਰ ਨੇਤ੍ਰ ਵਗ ਤੁਰਦੇ ਹਨ। ਸ਼ਿਮਲੇ ਤੋਂ ਆਪ ੬ ਅਕਤੂਬਰ ਨੂੰ ਇਕ ਖਤ ਇਸ ਤਰ੍ਹਾਂ ਲਿਖਦੇ ਹਨ:-

"My dear......

Alas ! alas ! on separation from us of our beloved Bhai ji. Grace of the community, affection of our hearts, friend of the poor, our pride and our solace—has been snatched from us forcibly. We wanted him longer, but death has shown no mercy. Heart is shattered. No help, no cure for our grief except to weep and mourn on his separation. An irreparable loss for all of us. He was an affectionate link every where. He leaves us heavily indebted for his kindness, but gave us no opportunity to serve him in return. My sympathies go towards you all who have lost life's companion, a true soul. How will you carry on without him ?"

ਅੰਗ੍ਰੇਜ਼ੀ ਉੱਤੇ ਹੀ ਸਬਰ ਨਹੀਂ ਕੀਤਾ ਕੁਛ ਦੇਰ ਬਾਦ ਉਸੇ ਦਿਨ ਇਕ ਉਰਦੂ ਵਿੱਚ ਖਤ ਲਿਖਦੇ ਹਨ:-

"ਡੀਅਰ ਤ੍ਰਿਲੋਕ ਸਿੰਘ! ਇਸ ਅਚਾਨਕ ਖਬਰ ਨੇ ਦਿਲ ਤੋੜ ਦੀਆ ਹੈ। ਕਲ ਸੁਬ੍ਹਾ ਮੁਝ ਕੋ ਕਿਸੀ ਨੇ ਛੋਟੇ ਸ਼ਿਮਲਾ ਸੇ ਟੈਲੀਫੂਨ ਕੀ ਕਿ ਯਿਹ ਭਾਨਾ ਵਰਤ ਗਿਆ ਹੈ। ਮੈਨੇ ਯਕੀਨ ਨਾ ਕੀਆ ਔਰ ਤਾਰ ਦੇਕ[illegible]ਾਪ ਸੇ ਪਤਾ ਮੰਗਵਾਯਾ। ਅਫਸੋਸ! ਅਗਰ ਉਸ ਇਕਬਾਲ ਨੇ ਹਮ ਸੇ ਜੁਦਾ ਹੋ ਜਾਨਾ ਥਾ ਤੋ ਕਿਉਂ ਏਕ ਦਫਾ ਦਰਸ਼ਨ ਨਾ ਹੋ ਗਏ। ਯੇਹ ਤੋ ਹਮਾਰੇ ਇਲਾਕਾ ਕਾ ਸੂਰਜ ਗ਼ਰੂਬ ਹੂਆ ਹੈ। ਐਸਾ ਆਜਜ਼ ਮਜ਼ਾਜ, ਹਮਦਰਦ ਦਿਲ, ਤਿਆਗੀ, ਹਮਾਰੇ ਦਿਲੋਂ ਕਾ ਫ਼ਖ਼ਰ ਕਿਆ ਅਬ ਹਮ ਕੋ ਨਹੀਂ ਮਿਲੇਗਾ?

ਹਾਏ ਅਫਸੋਸ! ਯੇਹ ਮੌਤ ਬੁਰੀ ਹੂਈ ਹੈ। ਵੋਹ ਅਪਨੇ ਅਹਿਸਾਨ ਹਮ ਪਰ ਕਰ ਗਏ। ਮਗਰ ਹਮਾਰੀ ਤਰਫ ਸੇ ਸੇਵਾ ਕਾ ਮੌਕਿਆ ਛੀਨ



Digitized by Panjab Digital Library | www.panjabdigilib.org

ਲੀਆ। ਮੈਂ ਕਿਆ ਲਿਖੂੰ? ਦਿਲ ਇਸ ਮਜ਼ਮੂਨ ਪਰ ਨਹੀਂ ਚਲਤਾ।"

ਆਪ ਦਾ ਦਰਦੀ ਦਿਲ ਉਪਕਾਰੀ ਦੇ ਵਿਛੋੜੇ ਨਾਲ ਬੇ ਚੈਨ ਸੀ।

੮ ਅਕਤੂਬਰ ਦੇ ਖਤ ਵਿਚ ਫੇਰ ਇਸ ਤਰ੍ਹਾਂ ਲਿਖਦੇ ਹਨ:-

"ਕਿਆ ਲਿਖੂੰ? ਭਾਈ ਮੋਹਨ ਸਿੰਘ ਕੀ ਯਕ੍ਹਾ ਯਕ ਮੌਤ ਕੀ ਖਬਰ ਨੇ ਕਲੇਜਾ ਤੋੜ ਦੀਆ ਹੈ। ਹਾਏ! ਅਫਸੋਸ! ਯੇਹ ਕਿਆ ਹੋ ਗਿਆ! ਆਪ ਨੇ ਮੌਤ ਕੋ ਕਿਉਂ ਨਾ ਕਹਾ ਕਿ ਉਸ ਕੋ ਛੋੜ ਦੇ। ਹਮਾਰੇ ਇਲਾਕਾ ਕਾ ਇਕਬਾਲ, ਦੋਸਤੋਂ ਕਾ ਫ਼ਖ਼ਰ, ਕੁਰਬਾਨੀ, ਹਲੀਮੀ, ਸ਼ਰਾਫਤ, ਸੇਵਾ ਕਾ ਸਰੂਪ ਮੋਹਨ, ਹਾ! ਆਜ ਉਸ ਕੀ ਯਾਦ ਹਮਾਰੇ ਦਿਲੋਂ ਕੋ ਭੂਨ ਰਹੀ ਹੈ। ਕੌਨ ਬਸ਼ਰ ਇਲਾਕੇ ਮੇਂ ਥਾ ਜੋ ਉਨ ਸੇ ਫ਼ੈਜ਼ਯਾਬ ਨਾ ਹੂਆ ਹੋ?"

ਬੇਚੈਨੀ ਵਿੱਚ ੧੩ ਅਕਤੂਬਰ ਨੂੰ ਫੇਰ ਲਿਖਦੇ ਹਨ:-

"ਇਸ ਜੁਦਾਈ ਨੇ ਸਬ ਕੇ ਕਲੇਜੇ ਹਲਾ ਦੀਏ ਹੈਂ। ਭਾਈ ਮੋਹਨ ਸਿੰਘ ਦੋਸਤੋਂ ਕਾ ਏਕ ਭਾਰੀ ਆਸਰਾ ਥੇ। ਮੁਝੇ ਤੋ ਵੋਹ ਉਮਰ ਮੇਂ ਮਕਰੂਜ਼ ਹੀ ਮਕਰੂਜ਼ ਕਰਤੇ ਰਹੇ, ਮਗਰ ਅਪਨੀ ਸੇਵਾ ਕਾ ਏਕ ਮੌਕਿਆ ਭੀ ਨਾ ਦੀਆ। ਯੇਹੀ ਮੇਰਾ ਉਨ ਸੇ ਹਮੇਸ਼ਾ ਝਗੜਾ ਰਹਾ।......ਮੈਂ ਇਸ ਦੁਖ ਕੋ ਬਿਆਨ ਨਹੀਂ ਕਰ ਸਕਤਾ। ਇਸ ਸਮਾਂ ਮੈਂ ਐਸੀ ਰੂਹੇਂ ਕਮ ਜਨਮ ਲੇਤੀ ਹੈਂ। ਹਮ ਨੇ ਉਨਕੀ ਨੇਕੀ ਕੋ ਉਨਕੀ ਜਿੰਦਗੀ ਮੇਂ ਨਾ ਦੇਖਾ। ਆਜ ਜ਼ਾਰ ਜ਼ਾਰ ਉਨ ਕੀ ਜੁਦਾਈ ਰੁਲਾ ਰਹੀ ਹੈ। ਕਿਆ ਵੋਹ ਇਨਸਾਨੀ ਜਿਸਮ ਮੇਂ ਫਰਿਸ਼ਤਾ ਆਯਾ ਥਾ?ਜੋ ਕਿ ਲੋਗੋਂ ਕੇ ਦਿਲੋਂ ਕੋ ਅਪਨੀ ਭਗਤੀ ਕੀ ਜਗ੍ਹਾ ਬਨਾ ਕਰ ਉਨ ਪਰ ਇਤਨੀ ਬੇ-ਰਹਿਮੀ ਕਰ ਗਿਆ। ਜਬ ਸੇ ਮੇਰੀ ਉਨ ਸੇ ਵਾਕਫੀ ਹੂਈ ਮੈਂ ਨੇ ਕੋਈ ਐਸਾ ਕਾਮ ਨਹੀਂ ਕੀਆ, ਜਿਸ ਕੇ ਇਵਜ਼ ਮੇਂ ਵੋਹ ਸ੍ਰੀਕਾਰ ਅਪਨੀ ਮੇਹਰਬਾਨੀਓਂ ਕਾ ਬੋਝ ਬਾਰ ਮੁਝੇ ਕਰ ਗਿਆ। ਅਬ ਜਬ ਵੋਹ Sweet ਸ਼ਕਲ ਸਾਮਨੇ ਆਤੀ ਹੈ, ਔਰ ਯੇਹ ਖਿਆਲ ਆਤਾ ਹੈ ਕਿ ਅਬ ਵੋਹ ਨਹੀਂ ਮਿਲ ਸਕਤੇ, ਦਿਲ ਗ਼ਮ ਹੋ ਜਾਤਾ ਹੈ। ਕਿਆ ਲਿਖੂੰ! ਹਮਾਰਾ ਇਕਬਾਲ ਹਰ ਗਿਆ, ਹਮਾਰਾ ਫ਼ਖ਼ਰ ਗੁੰਮ ਹੋ ਗਿਆ, ਹਮਾਰੇ ਦੁੱਖ ਮੇਂ ਸੱਚਾ ਹਮਦਰਦ ਹਿੱਸਾ ਲੇਨੇ ਵਾਲਾ ਹਮ ਸੇ ਖੋਯਾ ਗਿਆ। ਹਮ ਬੇ-ਬੱਸ ਹੈਂ, ਹਮੇਂ ਉਨਕੀ ਯਾਦ ਕਭੀ ਨਹੀਂ ਭੂਲੇਗੀ।"

ਇੱਕ ਹੋਰ ਚਿੱਠੀ ਜੋ ਆਪ ਜੀ ਨੇ ਕੈਂਪ ਰਾਮੇਸ਼ੂਰਮ ਤੋਂ ੩੦ ਸਤੰਬ੍ਰ



Digitized by Panjab Digital Library | www.panjabdigilib.org

੧੯੩੮ ਨੂੰ ਲਿਖੀ ਹੈ, ਦਰਜ ਕਰਕੇ ਇਸ ਦਰਦ ਨਾਕ ਚਿੱਠੀਆਂ ਦੇ ਸਿਲ-ਸਿਲੇ ਨੂੰ ਬੰਦ ਕਰਦਾ ਹਾਂ । ਇਸ ਵਿੱਚ ਆਪ ਲਿਖਦੇ ਹਨ:-

"From the time of my acquaintance with Bhai ji and up to the time of his demise, I witnessed in him a soul-unique, full of charity, sympathatic towards poor, polite to all and faithful to friends. As a vaid, he had devoted all his life with one single purpose of bringing relief to his patients, poor and rich alike, without any monetry considerations, and infact he freely gave money from his pocket to the poor who came under his treatment to enable them to buy with it diet prescribed by him. He was considered a great asset in the society, and a grace in his ilaqa. His patent medicines had brought him name, and fame from distant places. He had a great taste for wide studies and has left a library which must go a long way to feed aspirants of varied knowledge. He was a true devotee to his religion, quiet and without any show, and readily sacrificed personal comforts whenever he saw his principles were in danger. I remember once he preferred Jail to sitting indifferently on such occasions. He lived a holy life, and died heroically. All those who came in touch with Bhai ji in life remember him to-day with reverance and pride."

ਪਾਠਕ ਜਨ ! ਆਓ ਤੁਹਾਨੂੰ ਫੇਰ ੧੯੨੩ ਦੇ ਵਿਚਕਾਰ ਲੈ ਚਲੀਏ।

੮ ਜੂਨ ੧੯੨੩ ਨੂੰ ਆਪ ਜੀ ਨੇ ਦੋ ਲੇਖ ਵਾਰਤਕ ਤੇ ਕਵਿਤਾ ਵਿੱਚ ਜੇਠ ਸੁਦੀ ਚੌਥ ਦੇ ਗੁਰਪੁਰਬ ਵਾਸਤੇ ਲਿਖੇ ਅਤੇ ੧੧ ਜੂਨ ਦਾ ਦਿਹਾੜਾ ਸਕੂਲ ਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਮੈਨੇਜਿੰਗ ਕਮੇਟੀਆਂ ਵਿਚ ਬਿਤਾਇਆ।

੧੭ ਜੂਨ ੧੯੨੩ ਤੋਂ ਸਰੋਵਰ ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਅਰੰਭ ਹੋਈ। ਆਪ ਇਸ ਸੁਭਾਗ ਸਮੇਂ ਤੋਂ ਕਿਵੇਂ ਵਾਂਝੇ ਰਹਿ ਸਕਦੇ ਸਨ? ਤੁਰਤ ਪ੍ਰਵਾਰ ਸਹਿਤ ਸ੍ਰੀ ਅੰਮ੍ਰਿਤਸਰ ਜੀ ਪੁੱਜੇ। ਅੰਤ ਤਕ ਯਥਾ ਸ਼ਕਤਿ



Digitized by Panjab Digital Library | www.panjabdigilib.org

ਸੇਵਾ ਕਰਦੇ ਰਹੇ। ਨਾਲ ਹੀ ਓਥੇ ਰੋਗੀਆਂ ਦਾ ਇਲਾਜ ਕਰਦੇ ਤੇ ਦਵਾਈਆਂ ਵਰਤੋਂਦੇ ਰਹੇ ਕਿਉਂਕਿ ਆਪ ਦਾ ਪ੍ਰਸਿੱਧ ਨਾਮ ਸੁਣ ਸੁਣ ਕੇ ਰੋਗੀ ਓਥੇ ਹੀ ਆ ਜਮਾ ਹੁੰਦੇ ਸਨ। ੯ ਜੁਲਾਈ ਨੂੰ ਇਹ ਕਾਰ ਸੇਵਾ ਦਾ ਪੁਰਵ ਸੰਪੂਰਨ ਹੋਇਆ।

ਹੁਣ ਸ਼੍ਰੋ: ਗੁ: ਪ੍ਰ: ਕਮੇਟੀ ਦੀ ਚੋਣ ਸਿਰ ਉੱਤੇ ਆ ਗਈ। ਤੇ ਆਪ ਨੂੰ ਪੋਲਿੰਗ ਅਫਸਰਾਂ ਵਿੱਚ ਚੁਣਿਆ ਗਿਆ। ਆਪ ਹੋਰ ਸਾਥੀਆਂ ਨਾਲ ੧੩ ਜੁਲਾਈ ਨੂੰ ਮਿੰਟਗੁਮਰੀ ਇਲਾਕੇ ਦੀ ਚੋਣ ਕਰਵਾਉਣ ਗਏ ਤੇ ਹਰ ਤਰ੍ਹਾਂ ਪ੍ਰੇਮ ਨਾਲ ਕਾਰਜ ਨਿਪਟਾਕੇ ੧੬ ਜੁਲਾਈ ਨੂੰ ਵਾਪਸ ਤਰਨ ਤਾਰਨ ਪੁੱਜੇ।

ਭਗਤ ਜਸਵੰਤ ਸਿੰਘ ਜੀ ਉਨ੍ਹੀਂ ਦਿਨੀਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਜਨਰਲ ਸਕੱਤ੍ਰ ਸਨ। ੧੭ ਜੁਲਾਈ ਨੂੰ ਤਰਨ ਤਾਰਨ ਆਏ ਤੇ ਵੈਦ ਜੀ ਦੀ ਲਾਇਬਰੇਰੀ ਵਿਚੋਂ ਅਹਿਦਨਾਮਾ ਜਾਤ ਪੰਜਾਬ, ਰਾਜਾਜ਼ ਆਫ ਪੰਜਾਬ, ਪੰਜਾਬ ਰੀਕਾਰਡ ਆਦਿ ਅਨੇਕ ਜ਼ਰੂਰੀ ਪੁਸਤਕਾਂ ਪੜ੍ਹਨ ਲਈ ਲੈ ਗਏ। ਆਪਦੀ ਲਾਇਬ੍ਰੇਰੀ ਪ੍ਰੇਮੀ ਵਿਦਵਾਨਾਂ ਲਈ ਮਾਨੋ ਕਲਪਤਰੂ ਹੈ।

੨੧ ਜੁਲਾਈ ਨੂੰ ਸ਼੍ਰੋ: ਕਮੇਟੀ ਵਲੋਂ ਸ੍ਰ: ਤੇਜਾ ਸਿੰਘ ਜੀ ਸਮੁੰਦਰੀ ਤੇ ਪ੍ਰੋ: ਹਰਿ ਕਿਸ਼ਨ ਸਿੰਘ ਜੀ ਆਦਿ ਸੱਜਣ ਵਿਚਾਰਾਂ ਕਰਨ ਲਈ ਆਏ।

ਇਨ੍ਹਾਂ ਦਿਨਾਂ ਵਿਚ ਹੀ ਨਾਮਧਾਰੀਆਂ ਤੇ ਅਕਾਲੀਆਂ ਦਾ ਤਰਨ ਤਾਰਨ ਵਿਚ ਕੁਛ ਮਤਭੇਦ ਹੋਣ ਤੇ ਅਨਬਣ ਹੋ ਗਈ। ਇਸ ਲਈ ੩੦ ਜੁਲਾਈ ਨੂੰ ਆਪਦਾ ਸਾਰਾ ਹੀ ਦਿਨ ਅਕਾਲੀ ਨਾਮਧਾਰੀ ਝਗੜੇ ਵਿਚ ਲੱਗਾ, ਜਿਸਦੀ ਤਹਿਕੀਕਾਤ ਲਈ ਕਾਂਗ੍ਰਸ ਵਲੋਂ ਪੜਤਾਲੀਆ ਕਮੇਟੀ ਆਈ ਹੋਈ ਸੀ। ਆਪ ਤਰਨ ਤਾਰਨ ਸ਼ਹਿਰ ਵਲੋਂ ਪ੍ਰਤਿਨਿਧ ਚੁਣੇ ਗਏ ਤੇ ਪੜਤਾਲੀਆ ਕਮੇਟੀ ਨਾਲ ਗੱਲ ਬਾਤ ਕਰਨ ਵਾਲੇ ਤੇ ਨਿਰਪੱਖ ਸਹਾਇਕ ਸਨ। ਇਸੇ ਤਰਾਂ ੩ ਅਗਸਤ ਨੂੰ ਭੀ ਸਾਰਾ ਦਿਨ ਇਸੇ ਝਗੜੇ ਨੂੰ ਨਿਪਟਾਣ ਵਿਚ ਲੱਗਾ।

੫ ਅਗਸਤ ਨੂੰ ਸ੍ਵੇਰ ਤੋਂ ਲੈਕੇ ਰਾਤ ਦੇ ੮ ਬਜੇ ਤਕ ਸ਼੍ਰੋ: ਕਮੇਟੀ



Digitized by Panjab Digital Library | www.panjabdigilib.org

ਵਿਚ ਸ੍ਰੀ ਅਕਾਲ ਤਖਤ ਉਤੇ ਹੀ ਰਹੇ।

੧੪ ਅਗਸਤ ਨੂੰ ਆਪ ਕਸ਼ਮੀਰ ਦੀ ਸੈਰ ਲਈ ਰਵਾਨਾ ਹੋ ਗਏ। ਪੰਜਾ ਸਾਹਿਬ, ਗੁਜਰਖਾਨ, ਰਾਵਲਪਿੰਡੀ ਤੇ ਉੜੀ ਆਦਿ ਸਥਾਨ ਦੇਖਦੇ ਹੋਏ ੧੭ ਅਗਸਤ ਨੂੰ ਸ੍ਰੀ ਨਗਰ ਕਸ਼ਮੀਰ ਪਹੁੰਚੇ। ਤੇ ਓਸੇ ਦਿਨ ਸ੍ਰੀ ਨਗਰ ਵਿਚ ਹਾਰਵਨ, ਨਸ਼ਾਤ ਤੇ ਸ਼ਾਲਾਮਾਰ ਦੇਖੇ। ੧੮ ਨੂੰ ਸ੍ਰੀ ਨਗਰ ਦੇ ਗੁਰਦੁਆਰੇ, ਜੇਲ, ਰੇਸ਼ਮ ਦਾ ਕਾਰਖਾਨਾ, ਟੈਕਨੀਕਲ ਸਕੂਲ, ਡੱਲ ਤੇ ਕਲੱਬ ਦੇਖੇ। ੧੯ ਨੂੰ ਗੁਲਮਰਗ, ਟੰਗ ਮਰਗ ਤੇ ਨਸ਼ਾਤ ਬਾਗ ਅਤੇ ੨੦ ਨੂੰ ਸ੍ਰੀ ਨਗਰ, ਗਾਂਦਰ ਬਲ ਤੇ ਖੀਰ ਭਵਾਨੀ ਤੱਕੇ। ੨੧ ਨੂੰ ਵੈਰੀ ਨਾਗ, ਅਨੰਤ ਨਾਗ, ਪਾਮ ਪੁਰ ਤੇ ਕੇਸਰ ਦੇ ਖੇਤ। ੨੨ ਨੂੰ ਭਵਨ, ਮਟਨ ਇਛਾ ਬਲ, ਅਨੰਤ ਨਾਗ, ਤੇ ਸ੍ਰੀ ਨਗਰ। ੨੩ ਨੂੰ ਸ੍ਰੀ ਨਗਰ ਮਹਾਰਾਜ ਗੰਜ ਆਦਿ ਸਥਾਨ।

੨੪ ਅਗਸਤ ਨੂੰ ਨਸੀਮ ਬਾਗ ਆਦਿ ਜਗਾਂ, ੨੫ ਨੂੰ ਸ੍ਰੀ ਨਗਰ ਅਜਾਇਬ ਘਰ, ਕਾਲਜ,ਲਾਇਬ੍ਰੇਰੀ ਆਦਿਕ। ੨੬ ਨੂੰ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ, ਨਸ਼ਾਤ, ਸ਼ਾਲਾਮਾਰ ਤੇ ਹਾਰਵਨ ਦੇਖੇ। ੨੭ ਅਗਸਤ ਨੂੰ ਵਾਪਸ ਮੁੜੇ ਤੇ ਰਾਤ ਮੁਜ਼ਫਰਾਬਾਦ ਗੁਫਾ ਵਿਚ ਕੱਟੀ। ੨੮ ਤੇ ੨੯ ਨੂੰ ਕੋਹਮਰੀ ਤੇ ੩੦ ਨੂੰ ਕੋਹਮਰੀਓਂ ਰਾਵਲਪਿੰਡੀ ਤੇ ਰਾਵਲ ਪਿੰਡੀ ਤੋਂ ਸਵਾਰ ਹੋਕੇ ੩੧ ਅਗਸਤ ਨੂੰ ਤਰਨ ਤਾਰਨ ਪੁੱਜੇ।

ਇਸ ਯਾਤ੍ਰਾ ਤੋਂ ਪਤਾ ਲਗਦਾ ਹੈ ਕਿ ਆਪ ਨੇ ਇਕ ਦਿਨ ਭੀ ਵਿਅਰਥ ਨਹੀਂ ਗਵਾਇਆ ਤੇ ਹਰ ਇਕ ਦਿਨ ਦੀ ਡਾਇਰੀ ਨੋਟ ਕਰਕੇ ਕਸ਼ਮੀਰ ਵੇਖਣ ਵਾਲਿਆਂ ਨੂੰ ਮਾਨੋ ਗਾਈਡ ਦੇ ਦਿੱਤੀ ਹੈ।

੧੯ ਸਿਤੰਬਰ ਦੀ ਡਾਇਰੀ ਤੋਂ ਪਤਾ ਲੱਗਦਾ ਹੈ ਕਿ ਸ੍ਰ: ਲਾਭ ਸਿੰਘ ਜੀ ਨਾਰੰਗ ਮਾਲਕ 'ਪ੍ਰੀਤਮ' ਆਏ ਤੇ ਕੁਛ ਖਰੜੇ ਤੇ ਫੁਟਕਲ ਲੇਖ 'ਪ੍ਰੀਤਮ' ਵਾਸਤੇ ਲੈ ਗਏ।

੨੧ ਸਤੰਬਰ ਨੂੰ ਆਪ ਨੇ ਡਾਕਟਰ ਗਜਾਨ ਸਿੰਘ ਜੀ ਨੂੰ ਖਾਲਸਾ ਹਸਪਤਾਲ ਤਰਨ ਤਾਰਨ ਵਾਸਤੇ ਬਹੁਤ ਸਾਰੀਆਂ ਦਵਾਵਾਂ ਮੁਫਤ ਭੇਟਾ



Digitized by Panjab Digital Library | www.panjabdigilib.org

ਕੀਤੀਆਂ।

੨੨ ਨੂੰ ਭਾਈ ਨੌਰੰਗ ਸਿੰਘ ਜੀ ਵੈਦ, ਅਖਬਾਰ ਵਿਦਯਾ ਦਾ ਫਾਈਲ ਆਪ ਦੀ ਲਾਇਬਰੇਰੀ ਵਿਚੋਂ ਵੇਖਣ ਆਏ ਤੇ ੨੫ ਸਿਤੰਬਰ ਨੂੰ ਸ਼੍ਰੋਮਣੀ ਗੁ: ਪ੍ਰ: ਕ: ਦੀ ਆਗਯਾਨੁਸਾਰ ਕੁਝ ਹੋਰ ਸੱਜਣਾਂ ਨਾਲ ਅਕਾਲੀ, ਬਾਵੇ ਤੇ ਪੁਲੀਸ ਦੀ ਹਾਲਤ ਪੜਤਾਲਣ ਅਤੇ ਅਮਨ ਕਾਇਮ ਕਰਨ ਦੇ ਪ੍ਰਬੰਧ ਲਈ ਖਡੂਰ ਸਾਹਿਬ ਗਏ, ਤੇ ਪੂਰੀ ਸਫਲਤਾ ਨਾਲ ਰਾਤ ਦੇ ਦਸ ਬਜੇ ਵਾਪਸ ਆਏ। ੧੩ ਅਕਤੂਬਰ ਨੂੰ ਸ੍ਰ: ਬ: ਸ੍ਰ: ਮਤਾਬ ਸਿੰਘ ਜੀ ਦੇ ਸਪੁਤ੍ਰ ਦੇ ਵਿਆਹ ਪੁਰ ਸ੍ਰੀ ਅੰਮ੍ਰਿਤਸਰ ਜੀ ਗਏ। ੧੪ ਅਕਤੂਬਰ ਦੇ ਤੜਕੇ ਆਪ ਸ੍ਰੀ ਦਰਬਾਰ ਸਾਹਿਬ ਸਰੋਵਰ ਵਿਚ ਅਸ਼ਨਾਨ ਕਰਨ ਲਗੇ। ਪਤਾ ਲਗਾ ਕਿ ਰਾਤ ਦੇ ਦੋ ਬਜੇ ਸ਼੍ਰੋ: ਗੁ: ਪ੍ਰ: ਕ: ਦੇ ਮੈਂਬਰ ਤੇ ਸ਼੍ਰੋਮਣੀ ਕਾਰਕੁਨ ਸਭ ਗ੍ਰਿਫਤਾਰ ਕਰਕੇ ਸਰਕਾਰ ਨੇ ਰਾਤੋ ਰਾਤ ਜਿਹਲ ਭੇਜ ਦਿੱਤੇ ਹਨ। ਟਮ ਟਮ ਵਿਚ ਤਰਨ ਤਾਰਨ ਨੂੰ ਆਉਂਦਿਆਂ ਰਸਤੇ ਵਿਚ ਸਰਦਾਰ ਮਤਾਬ ਸਿੰਘ ਜੀ ਹੈਡਮਾਸਟਰ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤਰਨ ਤਾਰਨ ਗ੍ਰਿਫਤਾਰ ਹੋਕੇ ਜਾ ਰਹੇ ਮਿਲੇ। ਆਪ ਲਿਖਦੇ ਹਨ ਕਿ 'ਤਰਨ ਤਾਰਨ ਪੁਜ ਆਪ ਸਿੱਧੇ ਥਾਣੇ ਨੂੰ ਗਏ ਤੇ ਪੁੱਛਿਆ ਕਿ ਜੇ ਉਨ੍ਹਾਂ ਨੂੰ ਭੀ ਗ੍ਰਿਫਤਾਰ ਕਰਨ ਦੀ ਜ਼ਰੂਰਤ ਹੈ ਤਾਂ ਉਹ ਹਾਜ਼ਰ ਹਨ' ਪਰ ਉਨ੍ਹਾਂ ਨੇ ਗ੍ਰਿਫਤਾਰ ਕਰਨੋਂ ਇਨਕਾਰ ਕੀਤਾ ਤੇ ਕਿਹਾ 'ਕਿ ਤੁਹਾਡੇ ਅਜੇ ਵਰੰਟ ਨਹੀਂ ਆਏ'।

੨੪ ਅਕਤੂਬਰ ਨੂੰ ਆਪ ਨੇ ਜੇਲ ਵਿਚ ਗੁਰਮੁਖਾਂ ਨਾਲ ਮੁਲਾਕਾਤਾਂ ਕੀਤੀਆਂ। ਪ੍ਰੋਫੈਸਰ ਤੇਜਾ ਸਿੰਘ ਜੀ ਅਤੇ ਮਾਸਟਰ ਮਤਾਬ ਸਿੰਘ ਜੀ ਨੂੰ ਮਿਲਕੇ ਸਭ ਦੇ ਵਰਤਨ ਲਈ ਬਹੁਤ ਸਾਰੀਆਂ ਦਵਾਵਾਂ ਭੇਟਾ ਕੀਤੀਆਂ।

੧ ਨਵੰਬਰ ਦੀ ਡਾਇਰੀ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਇਸ ਦਿਨ ਪ੍ਰਸਿੱਧ ਅੰਗ੍ਰੇਜ਼ੀ ਅਖਬਾਰ 'ਅੰਮ੍ਰਿਤ ਬਾਜ਼ਾਰ ਪਤ੍ਰਿਕਾ' ਦੇ ਚੀਫ ਐਡੀਟਰ ਨਾਲ ਮੁਲਾਕਾਤ ਕੀਤੀ ਤੇ ਉਸਨੂੰ ਤਰਨ ਤਾਰਨ ਤੇ ਅਕਾਲੀ ਲਹਿਰ ਸੰਬੰਧੀ ਬਹੁਤ ਸਾਰੇ ਹਾਲਾਂ ਦੀ ਵਾਕਫੀ ਕਰਾਈ। ੧੩



Digitized by Panjab Digital Library | www.panjabdigilib.org

ਨਵੰਬਰ ਨੂੰ ਸ਼੍ਰੋ: ਗੁ: ਪ੍ਰ: ਕ: ਦੇ ਫੜੇ ਹੋਏ ਲੀਡਰਾਂ ਦੀ ਪੇਸ਼ੀ ਸੀ। ਆਪ ਯਥਾ ਯੋਗ ਸੇਵਾ ਦਾ ਸਾਮਾਨ ਲੈਕੇ ਅੰਮ੍ਰਿਤਸਰ ਪੁੱਜੇ, ਪਰ ਹਜ਼ਾਰ ਕੋਸ਼ਸ਼ ਕਰਨ ਤੇ ਭੀ ਅਦਾਲਤ ਵਿੱਚ ਅੰਦਰ ਜਾਣ ਤੇ ਮੁਲਾਕਾਤ ਦੀ ਇਜਾਜ਼ਤ ਨਾ ਮਿਲੀ। ਨਿਰਾਸ ਵਾਪਸ ਆ ਗਏ।

---

੧੫ ਨਵੰਬਰ ਨੂੰ ਆਪ ਦੇ ਇੱਕ ਹੋਰ ਦੈਵੀ ਸੱਟ ਵੱਜੀ। ਅਰਥਾਤ ਆਪ ਦਾ ਹੋਨਹਾਰ ਸਪੁੱਤ੍ਰ ਘਨਸ਼ਾਮ ਸਿੰਘ ਗੁਰਪੁਰ ਪਯਾਨ ਕਰ ਗਿਆ। ਆਪ ਜੀ ਦੀ ਡਾਇਰੀ ਵਿੱਚ ਉਸ ਦਿਨ ਦਾ ਸੰਖੇਪ ਜੇਹਾ ਨੋਟ ਡਾਢਾ ਹੀ ਧੀਰਜ, ਭਰੋਸਾ, ਗੁਰ ਸਿੱਖੀ ਗੌਰਵ ਤੇ ਹਮਦਰਦੀ ਭਰਿਆ ਇਸ ਤਰ੍ਹਾਂ ਦਰਜ ਹੈ:-

"ਅੱਜ ਅੰਮ੍ਰਿਤ ਵੇਲੇ ਪੌਣੇ ਤਿੰਨ ਬਜੇ ਸਤਿਗੁਰੂ ਜੀ ਦੀ ਯਾਦ ਵਿੱਚ ਪਜਾਰਾ ਘਨਸ਼ਾਮ ਸਿੰਘ ੯ ਬਰਸ ਦੀ ਉਮਰਾ ਵਿੱਚ ਹੀ ਸੰਸਾਰ ਯਾਤ੍ਰਾ ਪੂਰੀ ਕਰਕੇ ਭਾਣੇ ਵਿੱਚ ਚਲਾਣਾ ਕਰ ਗਿਆ। ਦਾਹ ਆਦਿ ਅੰਤਮ ਸੰਸ-ਕਾਰ ਕਰ, ਸਾਰੀ ਬਿਭੂਤੀ ਸ੍ਰੀ ਗੋਇੰਦਵਾਲ ਸਾਹਿਬ ਬਿਆਸਾ ਦਰਯਾ ਵਿੱਚ ਪ੍ਰਵਾਹ ਕਰਵਾਈ। ਤੇਰਾ ਭਾਣਾ ਤੂਹੇਂ ਮਨਾਇਹ।"

---

੧੨ ਦਸੰਬਰ ਨੂੰ ਸ੍ਰ: ਹਰਨਾਮ ਸਿੰਘ ਜੀ ਸਬ ਜਜ ਵੈਰੋਵਾਲ ਤੋਂ ਤਰਨ ਤਾਰਨ ਆਏ। ਮੇਲ ਮਿਲਾਪ ਤੇ ਪਰਸਪਰ ਪ੍ਰੇਮ ਪੂਰਵਕ ਪ੍ਰਸ਼ਾਦ ਛਕਾਕੇ ਵਿਦਾ ਕੀਤੇ।

ਇਸ ਸਾਲ ਵਿੱਚ ਆਪ ਜੀ ਨੇ ਸਾਬਣ ਭੰਡਾਰ, ਕਾਮਯਾਬੀ ਦੇ ਭੇਦ ਤੇ ਇਲਮ ਖਿਆਲ ਪੁਸਤਕਾਂ ਪ੍ਰਕਾਸ਼ਤ ਕਰਾਈਆਂ।

ਭਾਵੇਂ ਇਸ ਵਿੱਚ ਮੋਟੀਆਂ ਮੋਟੀਆਂ ਪੰਜਾਬ ਤੇ ਸਿੱਖਾਂ ਦੀਆਂ ਇਤਿਹਾਸਕ ਘਟਨਾਂ ਭੀ ਆ ਗਈਆਂ ਹਨ, ਪਰ ਇਸ ਲੇਖ ਨੂੰ ਬੰਦ ਕਰਨ ਤੋਂ ਪਹਿਲਾਂ ਅਸੀਂ ਸੰਖੇਪ ਵਿੱਚ ੧੯੨੩ ਦੀਆਂ ਜ਼ਰੂਰੀ ਘਟਨਾਵਾਂ ਅੱਗੇ ਦਰਜ ਕਰਦੇ ਹਾਂ, ਜਿਸ ਤੋਂ ਪਾਠਕਾਂ ਨੂੰ ਹੋਰ ਭੀ ਜਾਣਨ ਵਿੱਚ ਸੁਗਮਤਾ ਹੋਵੇਗੀ।



Digitized by Panjab Digital Library | www.panjabdigilib.org

# ੧੯੨੩ ਦੀਆਂ ਘਟਨਾਵਾਂ

• ੧੮ ਫਰਵਰੀ—ਸ੍ਰੀ ਦਰਬਾਰ ਸਾਹਿਬ ਮੁਕਤਸਰ ਤੇ ਸ਼੍ਰੋ: ਕ: ਦਾ ਕਬਜ਼ਾ ਹੋਯਾ।

੧੧ ਅਪ੍ਰੈਲ—ਅੰਮ੍ਰਿਤਸਰ ਵਿਖੇ ਬੜਾ ਸਖਤ ਹਿੰਦੂ ਮੁਸਲਿਮ ਫਸਾਦ ਹੋਇਆ। ਸ਼ਹਿਰ ਦੀ ਰਾਖੀ ਤੇ ਫਸਾਦ ਨੂੰ ਰੋਕਣ ਵਾਸਤੇ ਸ੍ਰਕਾਰ ਦੀ ਮੰਗ ਤੇ ਅਕਾਲੀਆਂ ਨੇ ਬਹੁਤ ਭਾਰੀ ਮੱਦਦ ਕੀਤੀ।

੨੭ ਅਪ੍ਰੈਲ—੧੧ ਅਪ੍ਰੈਲ ਦੀ ਸਿੱਖਾਂ ਦੀ ਮਦਦ ਦੀ ਪ੍ਰਸੰਸਾ ਵਿੱਚ ਸ੍ਰਕਾਰ ਨੇ 'ਗੁਰੂ ਕਾ ਬਾਗ' ਦੇ ਕੈਦੀ ਰਿਹਾ ਕਰਨ ਦਾ ਹੁਕਮ ਦਿੱਤਾ ਤੇ ਥੋੜੇ ਦਿਨਾਂ ਵਿੱਚ ੧੪੦੦ ਦੇ ਕਰੀਬ ਕੈਦੀ ਛੱਡੇ ਗਏ।

੧੭ ਜੂਨ—ਕਾਰ ਸੇਵਾ ਸ੍ਰੀ ਅੰਮ੍ਰਿਤਸਰ ਸ਼ੁਰੂ ਹੋਈ।

੭ ਜੁਲਾਈ—ਹਿੰਦੁਸਤਾਨ ਦੀ ਸ੍ਰਕਾਰ ਵੱਲੋਂ ਐਲਾਨ ਨਿਕਲਿਆ ਕਿ ਮਹਾਰਾਜਾ ਪਟਿਆਲਾ-ਨਾਭਾ ਦੇ ਝਗੜੇ ਸੰਬੰਧੀ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ ਨੇ ਰਾਜ ਗੱਦੀ ਛੱਡਣੀ ਪ੍ਰਵਾਨ ਕਰ ਲਈ ਹੈ।

੮ ਜੁਲਾਈ—ਗੱਦੀ ਛੱਡੀ।

੯ ਜੁਲਾਈ—ਮਹਾਰਾਜਾ ਸਾਹਿਬ ਨਾਭਾ ਨੂੰ ਮਹਲਾਂ ਚੋਂ ਲੈ ਨਾਭੇ ਤੋਂ ਜ਼ਿਲਾ-ਵਤਨ ਕਰ ਸ੍ਰਕਾਰ ਦੀ ਨਿਗ੍ਰਾਨੀ ਹੇਠ ਡੇਹਰਾ ਦੂਨ ਲਿਜਾਇਆ ਗਿਆ ਤੇ ਗੱਦੀਓਂ ਅੱਡ ਕੀਤਾ ਗਿਆ। ਥਾਂ ੨ ਨਾਭਾ ਐਜੀਟੇਸ਼ਨ ਸ਼ੁਰੂ ਹੋ ਗਈ।

ਇਸੇ ਦਿਨ ਕਾਰ ਸੇਵਾ ਖਤਮ ਹੋ ਸ੍ਰੋਵਰ ਵਿੱਚ ਜਲ ਪਿਆ।

੬ ਅਗਸਤ—ਸ਼੍ਰੋ: ਗੁ: ਪ੍ਰ: ਕਮੇਟੀ ਨੇ ਮਹਾਰਾਜਾ ਨਾਭਾ ਦੇ ਗੱਦੀ ਤੋਂ ਉਤਾ-ਰਨ ਦੇ ਵਿਰੁਧ ਐਜ਼ੀਟੇਸ਼ਨ ਕਰਨ ਦਾ ਮਤਾ ਪਾਸ ਕੀਤਾ।

੯ ਸਤੰਬਰ—ਸ਼੍ਰੋ: ਕਮੇਟੀ ਦੇ ਹੁਕਮ ਅਨੁਸਾਰ ਥਾਂ ਥਾਂ ਨਾਭੇ ਸੰਬੰਧੀ ਜਲੂਸ ਨਿਕਲੇ ਤੇ ਜ਼ਬਰਦਸਤ ਜਲਸੇ ਹੋਏ।

੧੪ ਸਤੰਬਰ—ਗੁਰਦੁਵਾਰਾ ਗੰਗ ਸਰ ਜੈਤੋ ਨਾਭਾ ਐਜੀਟੇਸ਼ਨ ਸੰਬੰਧੀ ਦੀਵਾਨ ਹੋਇਆ, ਅਖੰਡ ਪਾਠ ਰੱਖਿਆ ਗਿਆ, ਪਰ ਸਰਕਾਰੀ ਕਰਮ ਚਾਰੀਆਂ ਵੱਲੋਂ ਪਾਠ ਖੰਡਨ ਕੀਤਾ ਗਿਆ, ਜਿਸ ਤੇ ਹੋਰ ਐਜੀਟੇਸ਼ਨ ਵਧੀ।



Digitized by Panjab Digital Library | www.panjabdigilib.org

੧੫ ਸਤੰਬਰ—ਤੋਂ ਰੋਜ਼ ੨੫ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਜੈਤੋ ਜਾਣਾ ਸ਼ੁਰੂ ਹੋਇਆ।

੨੧ ਸਤੰਬਰ—ਜੈਤੋ ਜੱਥੇ ਨਾਲ ਗਏ ਪੰਡਤ ਜਵਾਹਰ ਲਾਲ ਨਹਿਰੂ, ਗਿਡਵਾਨੀ, ਸੰਤਾਨਮ ਭੀ ਗ੍ਰਿਫਤਾਰ ਕੀਤੇ ਗਏ। ਆਪ ਨੂੰ ੩ ਅਕਤੂਬਰ ਨੂੰ ਢਾਈ ਢਾਈ ਸਾਲ ਦੀ ਕੈਦ ਦਾ ਹੁਕਮ ਹੋਇਆ। ਪਰ ਰਿਆਸਤੀ ਹਾਕਮਾਂ ਨੇ ਰਿਆਸਤ ਚੋਂ ਬਾਹਰ ਕੱਢ ਕੇ ਹੀ ਸਬਰ ਕਰ ਛੱਡਿਆ।

੧੨ ਅਕਤੂਬਰ—ਸ਼੍ਰੋ: ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਬਾਗੀ ਕਰਾਰ ਦਿੱਤੇ ਗਏ।

੧੪ ਅਕਤੂਬਰ—ਸ਼੍ਰੋ: ਕਮੇਟੀ ਬਾਗੀ ਕਰਾਰ ਦੇ ਕੇ ਪਹਿਲਾ ਜੱਥਾ (ਅੰਤ੍ਰਿੰਗ ਕਮੇਟੀ ਦੇ ੬੦ ਸੱਜਨ) ੧੨੧-੧੨੪ ਦਫਾ ਆਦਿ ਹੇਠ ਗ੍ਰਿਫਤਾਰ ਕੀਤੇ ਗਏ। ਇਸ ਦੇ ਜਥੇਦਾਰ ਸ੍ਰ:ਬ: ਸ੍ਰ: ਮਹਿਤਾਬ ਸਿੰਘ ਜੀ ਸਨ।

੧੬ ਅਕਤੂਬਰ—ਸੈਂਟਰਲ ਸਿੱਖ ਲੀਗ ਦਾ ਸਾਲਾਨਾ ਜਲਸਾ ਜੋ ਜਲੰਧਰ ਹੋਣਾ ਸੀ ਰੋਕਿਆ ਗਿਆ। ਦੂਸਰੇ ਦਿਨ ਲੀਗ ਦਾ ਸਾਲਾਨਾ ਜੋੜ ਜਲੰਧਰ ਸ਼ਹਿਰ ਦੀ ਹੱਦ ਦੇ ਬਾਹਰ ਕੀਤਾ ਗਿਆ।

੧੭ ਅਕਤੂਬਰ—ਸ਼੍ਰੋਮਣੀ ਕਮੇਟੀ ਦੀ ਨੌਂ ਮੈਂਬਰਾਂ ਦੀ ਨਵੀਂ ਅੰਤ੍ਰਿੰਗ ਕਮੇਟੀ ਬਣੀ।

੨੦ ਅਕਤੂਬਰ--ਪੰਜਾਬ ਦੇ ਕੁਲ ਐਡੀਟਰਾਂ ਨੂੰ ਸਰਕਾਰ ਵੱਲੋਂ ਹੁਕਮ ਹੋਇਆ ਕਿ ਗੁਰਦੁਆਰਾ ਕਮੇਟੀ ਦਾ ਕੋਈ ਐਲਾਨ ਨਾ ਛਾਪਿਆ ਜਾਵੇ।

੨੬ ਅਕਤੂਬਰ—ਸ਼੍ਰੋਮਣੀ ਕਮੇਟੀ ਦੇ ਪਹਿਲੇ ਜੱਥੇ ਦਾ ਮੁਕੱਦਮਾ ਅੰਮ੍ਰਿਤਸਰ ਵਿਖੇ ਸ਼ੁਰੂ ਹੋਇਆ। ਮੈਜਿਸਟ੍ਰੇਟ ਨੇ ਜ਼ਮਾਨਤਾਂ ਤੇ ਰਿਹਾ ਕਰਨ ਤੋਂ ਨਾਂਹ ਕਰਦਿੱਤੀ।

੧੩ ਨਵੰਬਰ—ਤੋਂ ਮੁਕੱਦਮਾ ਰੋਜ਼ ਸੁਣਨਾ ਸ਼ੁਰੂ ਹੋਇਆ।

੧੪ ਨਵੰਬਰ—ਕਾਂਗਰਸ ਦੇ ਲੀਡਰ ਅੰਮ੍ਰਿਤਸਰ ਵਿਖੇ ਇਕੱਤ੍ਰ ਹੋਏ। ਅਕਾਲੀ ਲਹਿਰ ਦੀ ਮਦਦ ਕਰਨ ਲਈ ਅਕਾਲੀ ਸਹਾਇਕ ਕਮੇਟੀ ਬਨਾਉਣ ਦਾ ਫੈਸਲਾ ਹੋਇਆ।

੧੪ ਦਸੰਬਰ—ਪੰਜਾਬ ਕੌਂਸਲ ਦੇ ਸਿੱਖਾਂ ਵੱਲੋਂ ਗਵਰਨਰ ਪਾਸ ਬੇਨਤੀ ਕੀਤੀ ਗਈ ਕਿ ਨਵੇਂ ਮਨਿਸਟਰ ਉਨ੍ਹਾਂ ਦੀਆਂ ਮੰਗਾਂ ਨਾ ਸੁਨਣ ਤੱਕ ਨਾ ਬਨਾਏ



Digitized by Panjab Digital Library | www.panjabdigilib.org

ਜਾਣ। ਇਹ ਮੰਗ ਅਪ੍ਰਵਾਨ ਹੋਈ।

੧੫ ਦਸੰਬਰ—ਗੁਰਦਵਾਰਾ*ਸੰਗਤ ਸਾਹਿਬ ਭਾਈ ਫੇਰੂ ਜ਼ਿਲਾ ਲਾਹੌਰ ਵਿੱਚ ਬੜਾ ਭਾਰੀ ਮੋਰਚਾ ਲੱਗਾ ਹਜ਼ਾਰਾਂ ਸਿੰਘ ਗ੍ਰਿਫਤਾਰ ਹੋਏ।

---

*ਭਾਈ 'ਸੰਗਤ' ਦਾ ਜਨਮ ਸੰਮਤ ੧੬੯੭ ਵਿੱਚ ਹੋਇਆ। ਸੰਮਤ ੧੭੧੩ ਵਿੱਚ ਗੁਰੂ ਹਰ ਰਾਇ ਜੀ ਦਾ ਸਿੱਖ ਬਣਿਆ। ਵਪਾਰ ਲਈ ਫੇਰੀ ਕਰਨ ਦੇ ਕਾਰਨ ਇਸ ਦਾ ਨਾਮ 'ਫੇਰੂ' ਪੈ ਗਿਆ। ਦਸ਼ਮੇਸ਼ ਸਤਿਗੁਰੂ ਨੇ ਭਾਈ ਫੇਰੂ ਨੂੰ ਨੱਕੇ ਦਾ ਮਸੰਦ ਥਾਪਿਆ ਤੇ 'ਸੱਚੀ ਦਾਹੜੀ' ਤੇ 'ਸੰਗਤ ਸਾਹਿਬ' ਦਾ ਖਿਤਾਬ ਬਖਸ਼ਿਆ।

ਗੁਰਦਵਾਰਾ ਭਾਈ ਫੇਰੂ ਮੀਏਂ ਕੇ ਮੌੜ ਤਹਿਸੀਲ ਚੂਹਣੀਆਂ ਜ਼ਿਲਾ ਲਾਹੌਰ ਵਿੱਚ ਰੇਲਵੇ ਸਟੇਸ਼ਨ ਛਾਂਗਾ ਮਾਂਗਾ ਤੋਂ ੯ ਮੀਲ ਤੇ ਹੈ। ਏਥੇ ਪਹਿਲੀ ਪਾਤਸ਼ਾਹੀ ਦੇ ਦੋ ਬਸਤਰ ਹਨ। ਇਸ ਗੁਰਦਵਾਰੇ ਨਾਲ ਕਈ ਪਿੰਡਾਂ ਦੀ ੧੪੪ ਮੁਰੱਬੇ ਜ਼ਮੀਨ ਤੇ ਲਾਹੌਰ ਮਿੰਟ ਗੁਮਰੀ ਅਤੇ ਸ਼ੇਖੂਪੁਰਾ ਜ਼ਿਲਿਆਂ ਵਿੱਚ ੪੦੦੦) ਰੁਪਿਆ ਸਾਲਾਨਾ ਦੀ ਜਗੀਰ ਹੈ।

੨੧ ਦਸੰਬਰ ੧੯੨੨ ਈਸਵੀ ਨੂੰ ਇਹ ਗੁਰਦਵਾਰਾ ਸ੍ਰੋ: ਗੁ: ਪ੍ਰ: ਕਮੇਟੀ ਦੇ ਕਬਜ਼ੇ ਵਿੱਚ ਆਇਆ। ਸ੍ਰੋ: ਗੁ: ਪ੍ਰ: ਕਮੇਟੀ ਨੂੰ ਜੈਤੋ ਦੇ ਮੋਰਚੇ ਵਿੱਚ ਰੁਝਿਆਂ ਵੇਖ ਏਥੋਂ ਦੇ ਮਹੰਤ ਭੀ ਬਿਟਰ ਬੈਠੇ। ਸਾਧਾਂ ਨੇ ਗੁਰਦਵਾਰੇ ਦੀ ਜ਼ਮੀਨ ਦਾ ਕਬਜ਼ਾ ਦੇਣੋਂ ਨਾਂਹ ਕਰ ਦਿੱਤੀ। ਗੁਰ ਸਿੱਖਾਂ ਨੂੰ ਜ਼ਮੀਨ ਵਿੱਚ ਵੜਨ ਹੀ ਨਾ ਦੇਣ। ੧੫ ਦਸੰਬਰ ੧੯੨੩ ਈ: ਨੂੰ ਬੜਾ ਭਾਰਾ ਮੋਰਚਾ ਲੱਗ ਗਿਆ। ਜਿਸ ਵਿੱਚ ਲੱਗ ਭੱਗ ੪੦੦੦ ਸਿੱਖ ਗ੍ਰਿਫਤਾਰ ਹੋਏ। ਇੱਕ ਖੂਨ ਹੋ ਜਾਣ ਦੇ ਕਾਰਨ ਇਹ ਮੋਰਚਾ ੨੦ ਸਤੰਬਰ ਸੰਨ ੧੯੨੫ ਨੂੰ ਬੰਦ ਕਰ ਦਿੱਤਾ ਗਿਆ।



Digitized by Panjab Digital Library | www.panjabdigilib.org

"......ਮੇਰੇ ਦਿਲ ਵਿੱਚ ਉਸ ਖੇੜੇ ਦੀ ਯਾਦ ਤਾਜ਼ਾ ਹੈ, ਜਿਹੜਾ ਪ੍ਰੀਤ-ਲੜੀ ਦੇ ਅਰੰਭ ਹੋਣ ਸਮੇਂ ਭਾਈ ਸਾਹਿਬ ਦੇ ਕ੍ਰਿਪਾ ਪੱਤ੍ਰ ਨੇ ਮੇਰੇ ਅੰਦਰ ਆਂਦਾ ਸੀ। ਲਿਖਾਰੀ ਲਈ ਅੰਮ੍ਰਿਤ ਉਹਦੇ ਪਾਠਕਾਂ ਦੀ ਪ੍ਰਸੰਸਾ ਹੁੰਦੀ ਹੈ, ਤੇ ਫੇਰ ਭਾਈ ਸਾਹਿਬ ਵਰਗੇ ਪਾਠਕਾਂ ਦੀ! ਜਿਨ੍ਹਾਂ ਨੇ ਅਨੇਕਾਂ ਪੁਸਤਕਾਂ ਉਸ ਵੇਲੇ ਭੀ ਪਬਲਿਕ ਨੂੰ ਦਿੱਤੀਆਂ ਹੋਈਆਂ ਸਨ, ਜਦੋਂ ਮੈਂ ਪੰਜਾਬੀ ਦੀ ਪੈਂਤੀ ਪੜ੍ਹਨੀ ਸ਼ੁਰੂ ਕੀਤੀ ਸੀ।

ਭਾਈ ਸਾਹਿਬ ਦਾ ਪ੍ਰਸੰਸਾ ਪੱਤ੍ਰ ਬੜਾ ਬੇ-ਸੰਕੋਚ ਤੇ ਪਿਆਰ ਭਰਿਆ ਸੀ, ਜਿਸ ਤੋਂ ਉਨ੍ਹਾਂ ਦੀ ਮਾਨੁੱਖੀ ਬਜ਼ੁਰਗੀ ਦਾ ਅਨੁਮਾਨ ਮੈਂ ਲਾ ਸਕਿਆ ਸਾਂ। ਉਸਦੇ ਬਾਅਦ ਦੋ ਵਾਰੀ ਮੈਂ ਉਨ੍ਹਾਂ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਦੀ ਨਿਰਮਾਨਤਾ ਦਾ ਮੇਰੇ ਉੱਤੇ ਬੜਾ ਅਸਰ ਪਿਆ, ਪਰ ਨਿਰਮਾ-ਨਤਾ ਨਾਲੋਂ ਭੀ ਵਧੇਰੇ ਜਿਹੜੀ ਸਿਫਤ ਉਨ੍ਹਾਂ ਦੇ ਹਰੇਕ ਦਰਸ਼ਕ ਨੂੰ ਮੋਹ ਲੈਂਦੀ ਸੀ, ਉਹ ਕਿਸੇ ਦੇ ਕੰਮ ਆਉਣ ਦੀ ਪਰਤੱਖ ਇੱਛਾ ਸੀ। ਇਹ ਇੱਛਾ ਉਨ੍ਹਾਂ ਦੇ ਨਿੱਕੇ ਜਿਹੇ ਸਰੀਰ ਦੇ ਸਾਰੇ ਅੰਗਾਂ ਵਿੱਚੋਂ ਲਿਸ਼ਕਦੀ ਭਾਸਦੀ ਸੀ।

ਮੇਰਾ ਯਕੀਨ ਹੈ ਕਿ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਭੀ ਇਹੋ ਕੰਮ ਆਉਣ ਦੀ ਪ੍ਰਬਲ ਇੱਛਾ ਸੀ।......"

ਮੈਂ ਬੱਚਾ ਸਾਂ ਜਦੋਂ ਆਪ ਦੀਆਂ ਰਚਨਾਵਾਂ ਬੜੇ ਚਾਉ ਤੇ ਰਸ ਨਾਲ ਪੜ੍ਹਿਆ ਕਰਦਾ ਸਾਂ।

(ਸ੍ਰ: ਗੁਰਬਖਸ਼ ਸਿੰਘ ਜੀ—ਪ੍ਰੀਤ ਲੜੀ)

---



Digitized by Panjab Digital Library | www.panjabdigilib.org

# ੧੯੨੪--੨੫

## ਕਰਤੱਵਜ ਦਾ ਸੂਰਾ

"ਆਪ ਦੀ ਕੌਮੀ ਸੇਵਾ ਅਟੱਲ ਰਹਿਣ ਵਾਲੀ ਚੀਜ਼ ਹੈ।"

(ਸ: ਨਿਹਾਲ ਸਿੰਘ ਜੀ ਐਡਵੋਕੇਟ ਲਾਹੌਰ)

ਰਣ ਮਹਿ ਸੂਰਾ ਪਰਖੀਏ, ਕਾਰਜ ਪੜੇ ਸੁਦਾਸ।
ਵਿਪਦਾ ਮਾਹਿੰ ਸੁ ਧੀਰਜੀ, ਅਨਪਢ ਬਚਨ ਬਲਾਸ।

ਭਾਈ ਮੋਹਨ ਸਿੰਘ ਜੀ ਵੈਦ ਕਹਿਣੀ ਦੇ ਪੂਰੇ ਤੇ ਕਰਨੀ ਦੇ ਸੂਰੇ ਸਨ। ਸਗੋਂ ਕਹਿੰਦੇ ਬਹੁਤ ਘਟ ਤੇ ਕਰਦੇ ਵਧੀਕ ਸਨ।

ਸੇਵਾ ਦੇ ਮੈਦਾਨ ਵਿਚ,ਕਰਨੀ ਦੇ ਖੇਤ ਵਿਚ,ਕਰਤੱਵਜ ਦਾ ਕੋਈ ਭੀ ਸਮਾ ਆਪ ਕਦੇ ਹੱਥੋਂ ਨਾ ਸਨ ਜਾਣ ਦਿੰਦੇ। ਸਮੇਂ ਸਿਰ ਆਪ ਦਾ ਦ੍ਰਿੜ ਵਿਸ਼੍ਵਾਸੀ, ਧੀਰਜੀ, ਗੁਰ ਚਰਨ ਕਮਲਾਂ ਦਾ ਭੌਰਾ ਹਿਰਦਾ ਗਵਾਰਾ ਹੀ ਨਾ ਸੀ ਕਰਦਾ, ਕਿ ਜ਼ਰਾ ਢਿੱਲ ਕੀਤੀ ਜਾਵੇ ਜਾਂ ਸੰਕੋਚ ਕਰ ਕੇ ਕਰਤੱਵਜ ਪਾਲਣੋਂ ਪਿੱਛੇ ਰਿਹਾ ਜਾਵੇ। ਆਪ ਮਾਡਰੇਟ ਨਹੀਂ, ਸਗੋਂ ਐਕਸਟ੍ਰੀਮ ਖਿਆਲਾਂ ਦੇ ਬੰਦੇ ਸਨ, ਪਰ ਸਨ ਵਿਚਾਰਵਾਨ ਤੇ ਧੀਰਜ ਵਾਨ। ਅਜ ਕਲ ਆਮ ਤੌਰ ਤੇ ਤਤ ਭੜੱਥੇ, ਹਲਾ ਹਲਾ ਕਰਨ ਵਾਲੇ, ਗਰਮ ਗਰਮ ਸਪੀਚਾਂ ਕਰਨ ਵਾਲੇ ਤੇ ਖੂਬ ਡਟਕੇ ਵਧ ਘਟ ਬੋਲਣ ਵਾਲਿਆਂ ਨੂੰ ਹੀ ਤੇਜ਼ ਖਿਆਲੀਏ, ਅੱਗੇ ਵਧੂ ਖਿਆਲਾਂ ਵਾਲੇ ਕਿਹਾ ਜਾਂਦਾ ਹੈ,ਪਰ ਵਾਸਤਵ ਵਿਚ ਇਹ ਠੀਕ ਨਹੀਂ। ਫੋਕੀਆਂ ਬੜਕਾਂ ਮਾਰਨ ਵਾਲਾ, ਤੁਰੇ ਜਾਂਦੇ ਦੇ ਗਲ ਪੈਣ ਵਾਲਾ, ਤੇ ਸਮੇਂ ਸਿਰ ਦਰਕ ਜਾਣ ਵਾਲਾ, ਵੇਲਾ ਟਪਾ ਲੈਣ ਵਾਲਾ, ਤੇਜ਼ ਖਿਆਲੀ ਤੇ ਅੱਗੇ ਵਧੂ ਨਹੀਂ ਕਿਹਾ ਜਾ ਸਕਦਾ।



Digitized by Panjab Digital Library | www.panjabdigilib.org

ਫੋਕੀਆਂ ਫੜਾਂ ਮਾਰਨੀਆਂ ਜਾਂ ਤੇਜ਼ੋ ਤਰਾਰ ਸਪੀਚਾਂ ਕਰਨੀਆਂ ਹੋਰ ਗਲ ਹੈ, ਤੇ ਮੁਸਤਕਿਲ ਮਿਜ਼ਾਜੀ ਨਾਲ,ਮਜ਼ਬੂਤ ਕਦਮੀਂ ਨਾਲ ਅੱਗੇ ਵਧੀ ਜਾਣਾ ਹੋਰ। ਆਪ ਸਮੇਂ ਸਿਰ ਸਚਾਈ, ਧਰਮ, ਇਨਸਾਨੀਅਤ, ਇਨਸਾਫ ਤੇ ਮੁਲਕ ਲਈ ਬਲਦੀ ਵਿਚ ਕੁੱਦਣੋਂ ਭੀ ਸੰਕੋਚ ਨਹੀਂ ਕਰਦੇ ਸਨ। ਪਰ, ਹਾਂ! ਜਿਹੜਾ ਕਦਮ ਆਪ ਨੇ ਚੁੱਕਿਆ,ਉਹ ਚੁੱਕਿਆ ਵਿਚਾਰ ਕੇ ਤੇ ਮੁੜ ਪਿੱਛੇ ਨਹੀਂ ਪਰਤਾਇਆ,ਸਗੋਂ ਅੱਗੇ ਹੀ ਵਧਦੇ ਗਏ। ਇਹ ਗਲਾਂ ਕੇਵਲ ਲਿਖਣ ਲਈ ਹੀ ਨਹੀਂ, ਜ਼ਬਾਨੀ ਹੀ ਨਹੀਂ, ਆਪ ਦੀਆਂ ਜੀਵਨ ਘਟ-ਨਾਵਾਂ ਵਿਚੋਂ ਐਨ ਸਪਸ਼ਟ ਹੋ ਜਾਂਦਾ ਹੈ।

ਇਸ ੧੯੨੪ ਸਾਲ ਵਿਚ ਭੀ ਆਪ ਦੇ ਜੀਵਨ ਪਰਖ ਦੀ ਇਕ ਹੋਰ ਘਟਨਾ ਵਾਪਰਦੀ ਹੈ। ਜਿਸ ਵਿਚ ਆਪ ਦਾ ਪ੍ਰੇਮ ਮਸਤਾਨੇ ਹੋ ਨਿਧੜਕ ਡਟ ਜਾਣਾ ਸਾਫ ਪ੍ਰਗਟ ਕਰਦਾ ਹੈ ਕਿ ਆਪ 'ਦੁਖਾਂ ਵਿਚ ਸਗੋਂ ਹਦੋਂ ਵਧ ਚਮਕੇ,ਐਸਾ ਰੰਗ ਚੱਲੂਲੜਾ ਰੰਗ ਬਾਬਾ' ਦੀ ਪ੍ਰਾਰਥਨਾ ਕਰਨ ਵਾਲੇ ਸਨ। ਸੰਸਾਰਕ ਦੁਖਾਂ ਵਿਚ ਘਬਰਾਉਣ ਵਾਲੇ ਨਾ ਸਨ, ਸਗੋਂ ਸੇਵਾ ਦਾ ਸੁਭਾਗ ਸਮਾ ਸਮਝ ਕੇ ਦੁਖ ਨੂੰ ਦਾਰੂ ਸਮਝ ਕੇ ਅਪਨਾਉਣ ਵਾਲੇ ਸਨ।

੬ ਜਨਵਰੀ ੧੯੨੪ ਨੂੰ ਆਪ ਨੂੰ ਪੱਕੇ ਭਰੋਸੇ ਤੋਂ ਪਤਾ ਲਗਦਾ ਹੈ ਕਿ ਭਲਕੇ ੭ ਜਨਵਰੀ ਨੂੰ ਹੋਣ ਵਾਲੀ ਸ੍ਰੋ: ਗੁ: ਪ੍ਰ: ਕਮੇਟੀ ਦੀ ਮੀਟਿੰਗ ਵਿਚ ਗਏ ਸਾਰੇ ਦੇ ਸਾਰੇ ਮੈਂਬਰ ਗ੍ਰਿਫਤਾਰ ਕੀਤੇ ਜਾਣਗੇ। ਆਪ ਨੂੰ ਹਿਤੂਆਂ ਵਲੋਂ ਇਸ ੭ ਤਾਰੀਖ ਨੂੰ ਹੋਣ ਵਾਲੀ ਮੀਟਿੰਗ ਵਿਚ ਨਾ ਜਾਣ ਲਈ ਬੜੇ ਜ਼ੋਰ ਨਾਲ ਪ੍ਰੇਰਨਾ ਕੀਤੀ ਗਈ, ਪਰ ਕਦੇ ਦੀਵੇ ਬਲਦੇ ਦੇਖ ਕੇ ਭੰਬਟ ਭੀ ਪਿੱਛੇ ਰਹੇ ਹਨ? ਰਣ ਤੱਤੇ ਵਿਚ ਜੰਗ ਦਮਾਮੇ ਦੀ ਆਵਾਜ਼ ਸੁਣ ਕੇ ਸੂਰਮੇ ਭੀ ਕਦੀ ਸੋਚੀਂ ਪਏ ਤੇ ਘਰੀਂ ਬਹੇ ਹਨ? ਹਰਗਿਜ਼ ਨਹੀਂ! ਆਪ ਨੇ ਪ੍ਰੇਮ ਮਸਤੀ ਵਿਚ ਝੂਲਦਿਆਂ ਆਖਿਆ:-

ਜਿਹੜਾ ਕੌਲ ਇਕਰਾਰ ਕਰ ਹਾਰ ਜਾਏ,
ਲੈਣਾ ਦੁਸ਼ਟ ਮਰਦੂਦ ਦਾ ਨਾਂ ਕਾਹਨੂੰ?



Digitized by Panjab Digital Library | www.panjabdigilib.org

ਇੱਜ਼ਤ ਵੇਚਕੇ ਫਿਰੇ ਬੇ-ਅਣਖ ਜਿਹੜਾ,
ਵ੍ਰਿਥਾ ਭਾਰ ਚਾਯਾ ਜਣਿਆ ਮਾਂ ਕਾਹਨੂੰ ?
ਭਲਾ ਕੌਮ ਤੇ ਦੇਸ਼ ਦਾ ਸੋਚਿਆ ਨਾ,
ਮਰੇ ਕਰੇ ਖਾਲੀ ਰੋਕੀ ਥਾਂ ਕਾਹਨੂੰ ?
'ਦੁਖੀ' ਸੀਸ ਜਾਵੇ ਬਚਨ ਹਾਰੀਏ ਨਾ,
ਜੇਕਰ ਪਾਲੀਏ ਨਾ ਕਰਨੀ ਹਾਂ ਕਾਹਨੂੰ ?

ਬੱਸ ਫੇਰ ਕੀ ਸੀ ੭ ਜਨਵਰੀ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਮੀਟਿੰਗ ਹੋਈ। ਆਪ ਤਿਆਰ ਬਰ ਤਿਆਰ ਹੋਕੇ, ਚਾਬੀਆਂ ਸਪੁੱਤ੍ਰ ਤ੍ਰਿਲੋਕ ਸਿੰਘ ਨੂੰ ਸੰਭਾਲ, ਸਾਰਾ ਕੰਮ ਕਾਰ ਵਿਖਾਲ ਤੇ ਨਿਹਾਲ ਖੁਸ਼ਹਾਲ ਰਹਿਣ ਦਾ ਖਿਆਲ ਦੱਸ ਕੇ ਮੀਟਿੰਗ ਵਿੱਚ ਪੁੱਜੇ, ਤੇ ਸਭ ਤੋਂ ਪਹਿਲਾਂ ਪੁੱਜੇ, ਤੇ ੬੦ ਸਾਥੀਆਂ ਨਾਲ ਧਰਮ ਲਈ ਕੌਮ ਲਈ ਸਚਾਈ ਤੇ ਇਨਸਾਫ ਲਈ ਸਮੇਂ ਦੀ ਸਰਕਾਰ ਦੀ ਕ੍ਰੋਪੀ ਦਾ ਸ਼ਿਕਾਰ ਹੋ ਜੇਲ੍ਹ ਵਿੱਚ ਜਾ ਬੈਠੇ। ਤੇ ਸੇਵਾ ਦੇ ਸ਼ੁਕਰਾਨੇ ਵਿੱਚ ਪ੍ਰੇਮ ਮਸਤੀ ਦੀਆਂ ਸਮਾਧੀਆਂ ਲੱਗ ਗਈਆਂ। ਉਸ ਦਿਨ ਦੇ ਨੋਟ ਵਿੱਚ ਦਰਜ ਹੈ ਕਿ 'ਜਾਮਾ ਤਲਾਸ਼ੀ ਵਿੱਚ ਕ੍ਰਿਪਾਨ, ੧ ਸ਼ੀਸ਼ੀ ਗੋਲੀਆਂ ਦੀ ੧ ਘੜੀ ਜੇਬੀ, ੧ ਪੈਨਸਲ ਤੇ ੬॥ = )॥ ਨਕਦ ਨਿਕਲੇ, ਜੋ ਜੇਲ ਦਫਤ੍ਰ ਵਿੱਚ ਜਮਾ ਕੀਤੇ ਗਏ।'

ਆਮ ਤੌਰ ਤੇ ਆਪ ਚਾਬੀਆਂ ਦਾ ਗੁੱਛਾ, ਘੱਟ ਤੋਂ ਘੱਟ ਸੌ ਸਵਾ ਸੌ ਰੁਪਿਆ, ਪਾਕਟ ਬੁਕ ਤੇ ਜ਼ਰੂਰੀ ਕਾਗਜ਼ ਵਗੈਰਾ ਸਦਾ ਜੇਬ ਵਿਚ ਰੱਖਦੇ ਸਨ। ਇਸ ਤੋਂ ਇਲਾਵਾ ਇਕ ਦੋ ਪੁਸਤਕਾਂ ਵਿਹਲੇ ਵੇਲੇ ਪੜ੍ਹਣ ਨੂੰ ਤੇ ਫਾਲਤੂ ਕਾਗਜ਼ ਸਮੇਂ ਸਮੇਂ ਆਏ ਖਿਆਲ ਆਦਿ ਲਿਖਣ ਨੂੰ ਸਦਾ ਪਾਸ ਰਖਦੇ ਸਨ, ਪਰ ਇਸ ਦਿਨ ਸਭ ਚੀਜ਼ਾਂ ਘਰ ਰੱਖ ਗਏ ਤੇ ਪੂਰੇ ਤਿਆਰ ਹੋ ਕੇ ਗਏ ਸਨ।

ਪਾਠਕ ਜਨ! ਵਿਚਾਰ ਕਰਨ ਵਾਲੀ ਗਲ ਇਹ ਹੈ, ਕਿ ਕਿੰਨੇ ਅਜੇਹੇ ਵਿਚਾਰ ਵਾਲੇ ਬੰਦੇ ਹਨ ? ਜੋ ਸੁਹਣੇ ਰੱਜੇ ਪੁੱਜੇ ਖਾਂਦੇ ਪੀਂਦੇ ਹੋਣ, ਉਨ੍ਹਾਂ ਨੂੰ ਇਸ ਤਰ੍ਹਾਂ ਗੁੱਝੇ ਤੌਰ, ਪਰ ਪੱਕੀ ਤਰ੍ਹਾਂ ਗ੍ਰਿਫਤਾਰੀ ਦਾ



Digitized by Panjab Digital Library | www.panjabdigilib.org

ਪਤਾ ਲਗ ਜਾਵੇ, ਤੇ ਫੇਰ ਗ੍ਰਿਫਤਾਰੀ ਭੀ ਮਾਮੂਲੀ ਨਹੀਂ,ਸਮੇਂ ਦੀ ਸਰਕਾਰ ਦੇ ਵਿਰੁੱਧ, ਬਗਾਵਤ ਦੇ ਜੁਰਮ ਵਿਚ, ਫੇਰ ਪ੍ਰੇਰਨਾ ਕੀਤੀ ਜਾਵੇ, ਸਜਣਾਂ ਮਿਤ੍ਰਾਂ ਤੇ ਪ੍ਰੇਮੀਆਂ ਵਲੋਂ ਬੜੇ ਜ਼ੋਰ ਤੇ ਤਾਕੀਦ ਨਾਲ, ਅਤੇ ਗੈਰ-ਹਾਜ਼ਰ ਹੋਇਆ ਜਾ ਸਕੇ ਅਤਯੰਤ ਹੀ ਸੁਖਾਲ ਨਾਲ ਤੇ ਜੋ ਫੇਰ ਭੀ ਆਪਾ ਬਚੌਣ ਲਈ, ਦੁਖਾਂ ਤੋਂ ਬਚਣ ਲਈ ਝਿਸੀ ਨਾ ਮਾਰਨ। ਮੇਰੇ ਖਿਆਲ ਵਿਚ ਸ਼ਾਇਦ ਹੀ ਕੋਈ ਨਿਕਲੇ। ਭਾਵ ਅਰਥ ਬਹੁਤ ਹੀ ਵਿਰਲੇ, ਅਤਯੰਤ ਟਾਵੇਂ ਮਹਾਂ ਪੁਰਖ ਅਜੇਹੇ ਨਿਕਲ ਸਕਦੇ ਹਨ। ਸਚ ਮੁੱਚ ਹੀ ਉਹ ਮਹਾਂ ਪੁਰਖ ਹੋ ਸਕਦੇ ਹਨ।

ਗ੍ਰਿਫਤਾਰੀ ਹੋ ਜੇਹਲ ਜਾਣ ਸਮੇਂ ਆਪ ਦਾ ਵਜ਼ਨ ੧੪੩ ਪੌਂਡ ਹੋਇਆ। ਪੰਜਾਬ ਜੇਹਲ ਫਾਰਮ ਨੰ: ੯੨ ਰਜਿਸਟਰ ਨੰ: ੨੦੨੭ ਮਿਲਿਆ। ਗ੍ਰਿਫਤਾਰੀ ਸਮੇਂ ਆਪ ਡਾਢੇ ਅਨੰਦ ਪ੍ਰਸੰਨ ਤੇ ਸਬਰ ਸ਼ੁਕ੍ਰ ਵਿਚ ਸਨ।

੮ ਜਨਵਰੀ ਨੂੰ ਦੋਹਾਂ ਜੱਥਿਆਂ ਦੇ ੧੦੮ ਮਾਨਨੀਯ ਸ੍ਰੋ: ਗੁ: ਪ੍ਰ: ਕਮੇਟੀ ਦੇ ਮੁਖੀ ਇਕ ਦੂਜੇ ਨੂੰ ਜੱਫੀਆਂ ਪਾ ਕੇ ਜੇਹਲ ਵਿਚ ਬੜੇ ਪ੍ਰਸੰਨ ਚਿੱਤ ਮਿਲੇ। ਧਰਮ ਖਾਤ੍ਰ, ਸੇਵਾ ਤੇ ਕੁਰਬਾਨੀ ਕਰਨ ਦਾ ਚਾਉ ਤੇ ਅਨੰਦ ਉਮਾਹ, ਚਿਹਰਿਆਂ ਦੀ ਰੌਣਕ ਨੂੰ ਦੂਣਾ ਕਰ ਰਿਹਾ ਸੀ। ਜੇਹਲ ਵਿਚ ਹੀ ਸੁਹਣੇ ਸਤਸੰਗ ਵਿਚ ਦਿਨ ਬੀਤਣ ਲੱਗੇ।

੧੦ ਜਨਵਰੀ ਨੂੰ ਸਾਰੇ ਹੀ ਸ੍ਰ: ਹਰਦਿਆਲ ਸਿੰਘ ਮੈਜਿਸਟ੍ਰੇਟ ਅੰਮ੍ਰਿਤਸਰ ਦੇ ਪੇਸ਼ ਹੋਏ ਤੇ ਬਿਨਾ ਕਿਸੇ ਕਾਰਰਵਾਈ ਦੇ ੨੩ ਜਨਵਰੀ ਦੀ ਤਾਰੀਖ ਪੈ ਗਈ। ਇਸੇ ਦਿਨ ਵੈਦ ਜੀ ਦੇ ਸੱਜਣ ਮਿਤ੍ਰ ਤੇ ਬਾਲ ਬੱਚੇ ਭਰਾ ਭਾਈ ਸਭ ਕਚਹਿਰੀ ਵਿਚ ਹੀ ਆ ਕੇ ਮਿਲੇ। ਸਾਰੇ ਹੀ ਅਨੰਦ ਪ੍ਰਸੰਨ ਸਨ।

ਜੇਹਲ ਵਿਚ ਆਪ ਜੀ ਦਾ ਸਮਾ ਨਿਤ ਨੇਮ ਤੋਂ ਉਪ੍ਰੰਤ ਗੁਰਬਾਣੀ ਪਠਨ ਪਾਠਨ, ਵਿਚਾਰ ਅਭਿਆਸ ਕਰਨ ਅਤੇ ਪੁਸਤਕਾਂ ਪੜ੍ਹਣ ਵਿਚ ਗੁਜ਼ਰਦਾ ਸੀ। ੧੫ ਜਨਵਰੀ ਨੂੰ ਆਪ ਲਿਖਦੇ ਹਨ:-



Digitized by Panjab Digital Library | www.panjabdigilib.org

"ਨਿਤ ਨੇਮ ਤੋਂ ਵਾਧੂ ਦੋ ਪੁਸਤਕ 'ਜੇਹਲ ਮੇਂ ਚਾਰ ਮਾਸ' ਤੇ 'ਆਗਰਾ ਜੇਹਲ ਕਾ ਮੁਹਾਸਰਾ' ਪੜ੍ਹੇ।"

੧੬ ਜਨਵਰੀ ਦਾ ਡਾਇਰੀ ਨੋਟ ਹੈ:-

"ਨਿਤ ਨੇਮ ਗੁਰਬਾਣੀ ਦਾ ਪਾਠ ਦੁਗਣੇ ਦੇ ਕਰੀਬ ਹੋਇਆ। ਸਮਾਂ ਸਬਰ ਸ਼ੁਕਰ ਅਨੰਦ ਵਿਚ ਬੀਤਿਆ। ਪੁਸਤਕ 'ਭਾਰਤੀਯ ਜੇਹਲ' ਪੜ੍ਹਿਆ।"

"੧੭—ਅਜ ਗੁਰਬਾਣੀ ਦਾ ਪਾਠ ਹੋਰ ਭੀ ਵਧ ਪਿਆਰ ਤੇ ਅਨੰਦ ਨਾਲ ਹੋਇਆ, ਦੁਪਹਰੇ ਸੁਖਮਨੀ ਸਾਹਿਬ ਦੀ ਕਥਾ ਗਿਆਨੀ ਜੀ ਤੋਂ ਕਰਾਨ ਦਾ ਪ੍ਰਬੰਧ ਕੀਤਾ। ਸਮਾ ਸਬਰ ਸ਼ੁਕਰ ਵਿਚ ਪ੍ਰਸੰਨ ਚਿਤ ਬੀਤਿਆ।

ਇਸ ਤਰ੍ਹਾਂ ਨਾਲ ਆਪ ਦੀ ਡਾਇਰੀ ਦੇ ਰੋਜ਼ ਰੋਜ਼ ਦੇ ਪੂਰੇ ਪੂਰੇ ਨੋਟ ਡਾਇਰੀ ਵਿਚ ਦਰਜ ਹਨ। ਪਰ ਪੁਸਤਕ ਬਹੁਤ ਵਧਦੀ ਜਾਣ ਕਰਕੇ ਸੰਕੋਚ ਤੋਂ ਹੀ ਕੰਮ ਲਿਆ ਜਾ ਰਿਹਾ ਹੈ। ੨੧ ਜਨਵਰੀ ਨੂੰ ਆਪ ਲਿਖਦੇ ਹਨ:-

"੧੦੦ ਸਫਾ ਪੁਸਤਕ 'ਸੁਧਾਰ ਖਾਲਸਾ' ਦਾ ਪੜ੍ਹਿਆ।"

ਜਦ ਕਦੇ ਆਪ ਨੂੰ ਕੋਈ ਸੰਬੰਧੀ ਪ੍ਰੇਮੀ ਮਿਲਣ ਵਾਲਾ ਕੋਈ ਮਿਠਾਈ ਫਲ ਆਦਿ ਦੇ ਜਾਵੇ ਤਾਂ ਆਪ ਉਸ ਨੂੰ ਰਤਾ ਰਤਾ ਸਾਥੀਆਂ ਵਿਚ ਵੰਡ ਕੇ ਪ੍ਰਸੰਨ ਹੁੰਦੇ ਸਨ।

੨੩ ਜਨਵਰੀ ਨੂੰ ਕੁਝ ਪ੍ਰੇਮੀ ਆਪ ਨੂੰ ਮਿਲਣ ਗਏ ਮਿਠਾਈ ਲੈ ਗਏ ਜੋ ਆਪ ਨੇ ਸਾਰੇ ਸਾਥੀਆਂ ਵਿਚ ਵੰਡ ਦਿਤੀ। ਅੱਗੇ ਮੁਕਦਮੇ ਦੀ ੧ ਫਰਵਰੀ ਦੀ ਤਾਰੀਖ ਪੈ ਗਈ।

੨੫ ਜਨਵਰੀ ਦੇ ਨੋਟਾਂ ਵਿਚ ਦਰਜ ਹੈ:-

"ਰਾਜੇ ਸਾਂਸੀ ਤੋਂ ਸਾਗ, ਮਕਈ ਦੇ ਪ੍ਰਸ਼ਾਦੇ, ਸ਼ੱਕਰ, ਚਿਲਗੋਜ਼ੇ ਪਿਸਤਾ, ਗਿਰੀਆਂ ਬਾਦਾਮ ਤੇ ਸੌਗੀ ਆਦਿ ਆਏ। ਸਾਰੇ ਸੱਜਣਾਂ ਵਿਚ ਵਰਤਾਏ ਗਏ ਤੇ ਬੜੇ ਪ੍ਰੇਮ ਨਾਲ ਛਕੇ।"

ਕਿਸੇ ਨੂੰ ਨੇਕ ਸੰਬੰਧੀ ਮਿਲਨਾ ਭੀ ਵਾਹਿਗੁਰੂ ਕਰਤਾਰ ਦੀ ਅਪਾਰ ਕ੍ਰਿਪਾ ਦੀ ਨਸ਼ਾਨੀ ਸਮਝਣੀ ਚਾਹੀਦੀ ਹੈ। ਰਾਜਾ ਸਾਂਸੀ ਆਪਦਾ ਸਪੁਤ੍ਰ



Digitized by Panjab Digital Library | www.panjabdigilib.org

ਸ੍ਰ: ਤ੍ਰਿਲੋਕ ਸਿੰਘ ਵਿਆਹਿਆ ਹੋਇਆ ਹੈ। ਵੈਦ ਜੀ ਦੇ ਕੁੜਮ ਭਾਈ ਹਰਨਾਮ ਸਿੰਘ ਜੀ* ਪ੍ਰਸਿੱਧ ਪੰਥ ਸੇਵਕ ਤੇ ਗੁਰਮੁਖ ਪਿਆਰੇ ਹੋ ਗੁਜ਼ਰੇ ਹਨ। ਇਹ ਸਭ ਚੀਜ਼ਾਂ ਇਨ੍ਹਾਂ ਗੁਰਮੁਖਾਂ ਵਲੋਂ ਹੀ ਪ੍ਰੇਮ ਭੇਟ ਹੋਈਆਂ ਸਨ।

ਆਪ ਦਾ ਨਿੱਤ ਨੇਮ ਦਾ ਪਾਠ ਕਿੰਨਾ ਕੁ ਸੀ? ਇਹ ਅਸੀਂ ਆਪਦੇ ਹੱਥੀਂ ਲਿਖੇ ਇਕ ਨੋਟ ਤੋਂ ਹੀ ਪਾਠਕਾਂ ਦੀ ਭੇਟ ਕਰਦੇ ਹਾਂ। ੨੮ ਜਨਵਰੀ ਦੇ ਡਾਇਰੀ ਨੋਟ ਵਿੱਚ ਆਪ ਲਿਖਦੇ ਹਨ:-

"ਰੋਜ਼ ਦੀ ਤਰਾਂ ਜਪੁ ਸਾਹਿਬ, ਹਜ਼ਾਰੇ ਦੇ ਸ਼ਬਦ, ਜਾਪੁ, ਸ਼ਬਦ ੧੦ ਗੁਰੂ ਜੀ, ੨੦ ਸ੍ਵਯੇ, ਚੌਪਈ, ਸੁਖਮਨੀ ਸਾਹਿਬ, ਅਨੰਦ ਸਾਹਿਬ, ਬਾਰਾਂ ਮਾਹ ਮਾਝ, ਆਸਾ ਦੀ ਵਾਰ, ਛੰਦ, ਜੈਤਸਰੀ ਦੀ ਵਾਰ, ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ, ਰਹਿਰਾਸ, ਕੀਰਤਨ ਸੋਹਿਲਾ ਤੇ ਇਕ ਪਾਠ ਸੁਖਮਨੀ ਸਾਹਿਬ ਦਾ ਵਾਧੂ ਕੀਤਾ। ਦਿਨੇ ਪੁਸਤਕ 'ਜੇਲ ਯਾਤ੍ਰੀਆਂ ਦੇ ਸੰਦੇਸ਼ੇ' ਤੇ 'ਇਲਮ ਖਿਆਲ' ਪੜ੍ਹੇ। ਸ਼ੁਕਰ ਸਬਰ ਵਿਚ ਸਮਾਂ ਲੰਗਾ।"

ਉਪ੍ਰੋਕਤ ਨੋਟ ਤੋਂ ਪਾਠਕਾਂ ਨੂੰ ਭਾਈ ਸਾਹਿਬ ਦੀ ਅਨੰਨ ਗੁਰਮੁਖਤਾ ਗੁਰਸਿੱਖੀ ਦੇ ਭਟੇਸੇ ਦਾ ਪਤਾ ਲਗ ਸਕਦਾ ਹੈ।

੧ ਫਰਵਰੀ ਨੂੰ ਤਰੀਕੇ ਗਏ, ਪਰ ਕੋਈ ਖਾਸ ਕਾਰਰਵਾਈ ਨਾ ਹੋਈ। ੬ ਤਰੀਕ ਪਈ। ੬ ਨੂੰ ਫੇਰ ੧੮ ਫਰਵਰੀ ਪੈ ਗਈ। ਇਸੇ ਦਿਨ ਸਦਾ ਵਾਂਗ ਅਨੇਕ ਮੇਲੀ ਮਿਲੇ।

੪ ਫਰਵਰੀ ਨੂੰ ਇੰਨਸਪੈਕਟਰ ਜਨਰਲ ਜੇਲ ਮੁਆਇਨੇ ਲਈ ਆਇਆ।

---

*ਭਾਈ ਹਰਨਾਮ ਸਿੰਘ ਜੀ ਰਾਜਾ ਸਾਂਸੀ ਵਾਲੇ ਡਾਢੇ ਗੁਰਮੁਖ ਪੰਥ ਸੇਵਕ ਹੋ ਗੁਜਰੇ ਹਨ। ਸ੍ਰੀ ਗੁਰੂ ਸਿੰਘ ਸਭਾ ਰਾਜਾਸਾਂਸੀ ਆਪ ਦੀ ਹੀ ਕਾਯਮ ਕੀਤੀ ਹੋਈ ਹੈ, ਇਸ ਇਲਾਕੇ ਵਿੱਚ ਸਿੱਖੀ ਪ੍ਰਚਾਰ ਆਪ ਦੇ ਹੀ ਉੱਦਮ ਦਾ ਸਦਕਾ ਹੈ। ਆਪ ੧੧ ਜਨਵਰੀ ੧੯੨੭ ਮੁਤਾਬਕ ੨੮ ਪੋਹ ਸੰਮਤ ਨਾਨਕ ਸ਼ਾਹੀ ੪੫੮ ਨੂੰ ਗੁਰਪੁਰੀ ਨੂੰ ਸਿਧਾਰ ਗਏ। ਆਪ ਜੀ ਦਾ ਪੂਰਨ ਗੁਰਮੁਖੀ ਜੀਵਨ "ਮੀਤ ਵਿਛੋੜਾ" ਦੇ ਨਾਮ ਹੇਠ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦਰਾਜ ਵਲੋਂ ਹੀ ਛਪ ਚੁੱਕਾ ਹੈ। ਚਾਹਵਾਨ ਮੈਨੇਜਰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਤਰਨ ਤਾਰਨ ਤੋਂ ਮੰਗਵਾਕੇ ਪੜ੍ਹ ਸਕਦੇ ਹਨ।



Digitized by Panjab Digital Library | www.panjabdigilib.org

੧੫ ਫਰਵਰੀ ਨੂੰ ਫੇਰ ਰਾਜਾ ਸਾਂਸੀ ਤੋਂ ਭਾਈ ਹਰਨਾਮ ਸਿੰਘ ਜੀ ਸਾਗ ਮਕਈ ਦੀਆਂ ਰੋਟੀਆਂ ਆਦਿ ਲਿਆਏ, ਜੋ ੧੨੫ ਸੱਜਣਾਂ ਵਿਚ ਵੰਡ ਕੇ ਛਕੀਆਂ ।

੧੬ ਫਰਵਰੀ ਨੂੰ ਸ੍ਰ: ਬ: ਹਰਦਿਆਲ ਸਿੰਘ ਮੈਜਿਸਟ੍ਰੇਟ ਨੇ ੧੭।੨ ਦਫਾ ਹੇਠ ੫੮ ਸੱਜਣਾਂ ਉੱਤੇ ਫਰਦ ਜੁਰਮ ਲਾਇਆ। ਸਰਦਾਰ ਨਿਰਮਲ ਸਿੰਘ ਬੀ. ਏ. ਬਰੀ ਕੀਤੇ । ਇਸੇ ਦਿਨ ਸ੍ਰੀ ਮਾਨ ਪੰਡਤ ਮਦਨ ਮੋਹਨ ਮਾਲਵੀ ਜੀ ਕਚਹਿਰੀ ਵਿੱਚ ਆਏ ।

੧੯ ਫਰਵਰੀ ਨੂੰ ਜੇਲ ਵਿੱਚ ਹੀ ਸਰੋਤ ਮਿਲੀ ਕਿ ਸਾਡੇ ੫੮ ਸੱਜਣਾਂ ਨੂੰ –ਜਿਨ੍ਹਾਂ ਉੱਤੇ ਫਰਦ ਜੁਰਮ ਲੱਗ ਚੁੱਕਾ ਹੈ– ਨੂੰ ਦੋ ਦੋ ਸਾਲ ਕੈਦ ਤੇ ਪੰਜ ਪੰਜ ਸੌ ਰੁਪਿਆ ਜੁਰਮਾਨਾ ਕਰਨ ਦਾ ਸਰਕਾਰੀ ਫੈਸਲਾ ਹੋ ਚੁਕਾ ਹੈ ।

ਉਸ ਵੇਲੇ ਗੁਰੂ ਦੀ ਕ੍ਰਿਪਾ ਨਾਲ ਸ਼੍ਰੋਮਨੀ ਕਮੇਟੀ ਡਾਢੀ ਹੀ ਸੁਹਣੀ ਤਰ੍ਹਾਂ ਨਾਲ ਜਥੇ ਬੰਦ ਸੀ। ਇਹ ਜਥੇ ਬੰਦੀ ਹੀ ਸੀ ਜਿਸ ਨੇ ਸਰਕਾਰ ਦੀ ਹੋਸ਼ ਭੁਲਾ ਛੱਡੀ ਸੀ। ਇਸ ਜਥੇ ਬੰਦੀ ਤੇ ਧਰਮ ਪ੍ਰੇਮ ਦਾ ਸਦਕਾ ਹੀ ਸੀ ਕਿ ਪੰਥ ਦੇ ਮੁਖੀਆਂ ਨੂੰ ਸਰਕਾਰ ਦੀ ਹਰ ਇਕ ਹੋਣ ਵਾਲੀ ਗੱਲ ਦਾ ਪਹਿਲਾਂ ਪਤਾ ਲੱਗ ਜਾਂਦਾ ਤੇ ਹਰ ਚੱਲੀ ਜਾਣ ਵਾਲੀ ਚਾਲ ਦਾ ਭਾਂਡਾ ਪਹਿਲਾਂ ਹੀ ਫੁੱਟ ਜਾਂਦਾ ਤੇ ਉਸਦੀ ਖਬਰ ਗੁਰ ਕ੍ਰਿਪਾ ਦੁਆਰਾ ਪਹਿਲੇ ਹੀ ਪੁੱਜ ਜਾਂਦੀ ਸੀ। ਜੋ ਉਪਰਲੇ ਡਾਇਰੀ ਨੋਟਾਂ ਵਿੱਚੋਂ ਸਪਸ਼ਟ ਪ੍ਰਗਟ ਹੈ। ਇਹੀ ਕਾਰਣ ਸੀ ਕਿ ਜੇਲ ਵਿੱਚ ਬੈਠਿਆਂ ਭੀ ਬਾਹਿਰ ਦੀ, ਸਰਕਾਰ ਦੇ ਘਰ ਦੀ ਹਰ ਇਕ ਗੱਲ ਸਮੇਂ ਤੋਂ ਪਹਿਲਾਂ ਪੁੱਜ ਜਾਂਦੀ ਸੀ। ਇਹ ਤਾਂ ਪਤਾ ਹੀ ਸੀ ਕਿ ੨੧ ਫਰਵਰੀ ਨੂੰ ਸ਼ਹੀਦੀ ਜੱਥਾ ਜੈਤੋ ਪੁੱਜਣਾ ਹੈ, ਇਸ ਲਈ ਡਾਇਰੀ ਨੋਟਾਂ ਵਿਚ ਦਰਜ ਹੈ ਕਿ '੨੧ ਫਰਵਰੀ ਨੂੰ ਨਿਤ ਨੇਮ ਦੇ ੧੪ ਪਾਠ ਉਪ੍ਰੰਤ ਸ਼ਹੀਦੀ ਜੱਥੇ ਨਮਿਤ ਅਰਦਾਸਾ ਸੋਧਿਆ' ਅਤੇ ੨੨ ਫਰਵਰੀ ਨੂੰ ਜੈਤੋ ਗੋਲੀ ਚੱਲੀ ਦਾ ਸੁਣ ਕੇ ਅੰਦਰ ਬੈਠੇ ਗੁਰਮੁਖਾਂ ਨੂੰ ਸ਼ਹੀਦ ਤੇ



Digitized by Panjab Digital Library | www.panjabdigilib.org

ਫਟੜ ਹੋਏ ਭਰਾਵਾਂ ਦੇ ਦੁੱਖਾਂ ਦਾ ਸਿਮਰਣ ਕਰ ਕੇ ਆਪਣੇ ਦੁਖੜੇ ਭੁੱਲ ਗਏ। ੨੨ ਦਾ ਨੋਟ ਇਉਂ ਹੈ:-

ਜੈਤੋ ਗੁਰਦੁਆਰੇ ਗਏ ਸ਼ਹੀਦੀ ਜੱਥੇ ਤੇ ਹੋਰ ਸੰਗਤਾਂ ਤੇ ਗੋਲੀ ਚੱਲੀ। ਸੁਣ ਕੇ ਅਤੀ ਸ਼ੋਕ ਤੇ ਅਸਚਰਜ ਹੋਇਆ। ਜ਼ੁਲਮ ਹਦ ਤੋਂ ਟੱਪ ਤੁਰਿਆ' ਸਤਿਗੁਰੂ ਜੀ ਵਿਰਦ ਪਾਲਣ, ਨਿਤ ਨੇਮ ਪਾਠ, ਸਰੀਰਕ ਭੋਜਨ ਪੂਰਾ ਨਹੀਂ ਹੋਯਾ। ਅਸਚਰਜਤਾ ਤੇ ਬੇਨਤੀ ਵਿਚ ਹੀ ਸਮਾ ਰਿਹਾ।

੨੫ ਫਰਵਰੀ ਨੂੰ ਜੱਥਾ ਕਚਹਿਰੀ ਗਿਆ। ਸਭ ਨੇ ਕੋਈ ਗਵਾਹ ਸਫਾਈ ਤੇ ਬਿਆਨ ਦੇਣੋਂ ਇਨਕਾਰ ਕੀਤਾ। ਏਥੇ ਭੀ 'ਜੈਤੋ ਵਿਚ ਗੁਰਮੁਖਾਂ ਤੇ ਹੋਏ ਜ਼ੁਲਮ ਸੁਣ ਸੁਣ ਬੜਾ ਹੀ ਦੁਖ ਹੋਯਾ'।

"੨੭ ਫਰਵਰੀ ਨੂੰ ਅਚਨ ਚੇਤ ਸੰਤ ਬਾਬਾ ਸ਼ਾਮ ਸਿੰਘ ਜੀ ਵਲੋਂ ਪੁਸ਼ਪ ਤੇ ਕੜਾਹ ਪ੍ਰਸ਼ਾਦ ਜੇਹਲ ਵਿਚ ਪੁੱਜਾ। ਜਿਸ ਤੋਂ ਭਰੋਸੇ ਵਾਲੇ ਗੁਰਮੁਖਾਂ ਨੇ ਸਤਿਗੁਰੂ ਨਾਨਕ ਜੀ ਦੀ ਕੋਈ ਖਾਸ ਕ੍ਰਿਪਾ ਤੇ ਕਿਸੇ ਆਗਾਮੀ ਸੰਦੇਸ ਦੀ ਸੂਚਨਾ ਸਮਝੀ।"

੨੮ ਫਰਵਰੀ ਨੂੰ ੫੦੦ ਦਾ ਦੂਜਾ ਜੱਥਾ ਜੈਤੋ ਨੂੰ ਰਵਾਨਾ ਹੋਇਆ। ਜਿਸ ਦੀ ਖਬਰ ਭੀ ਹਰ ਤਰ੍ਹਾਂ ਨਾਲ ਪੂਰੀ ਤਰ੍ਹਾਂ ਪਹਿਲਾਂ ਹੀ ਅੰਦਰ ਪੁੱਜ ਗਈ। ਇਸੇ ਹੀ ਤਰ੍ਹਾਂ ਪਹਿਲਾ ਸ੍ਰੋਮਣੀ ਗੁ: ਪ੍ਰ: ਕਮੇਟੀ ਦਾ ਕੈਦੀ ਜੱਥਾ ੩ ਮਾਰਚ ਨੂੰ ਲਾਹੌਰ ਨੂੰ ਤੁਰਨਾ ਸੀ, ਪਰ ਪਤਾ ੧ ਮਾਰਚ ਨੂੰ ਹੀ ਲਗ ਗਿਆ। ਠੀਕ ੩ ਮਾਰਚ ਸਵੇਰ ਨੂੰ ੪੬ ਸੱਜਣਾਂ ਨੂੰ ਲਾਰੀਆਂ ਰਾਹੀਂ ਲਾਹੌਰ ਕਿਲੇ ਵਿਚ ਲੈ ਜਾਇਆ ਗਿਆ।

੪ ਮਾਰਚ ਨੂੰ ਆਪ ਲਿਖਦੇ ਹਨ:-

"ਕੋਠੜੀ ਦੇ ਸਾਥੀ ਸ੍ਰ: ਜੋਗਿੰਦਰ ਸਿੰਘ ਤਪ ਤੇ ਮਰੋੜਾਂ ਨਾਲ ਔਖੇ ਰਹੇ। ਉਨ੍ਹਾਂ ਦੀ ਸੇਵਾ ਵਿਚ ਸਾਰਾ ਦਿਨ ਲਗਾ ਰਿਹਾ।"

੫ ਮਾਰਚ ਦਾ ਨੋਟ ਹੈ:-

"ਜੈਤੋ ਨੂੰ ਦੂਜੇ ਜੱਥੇ ਦੇ ਗੁਰੂ ਦੁਲਾਰਿਆਂ ਦੀਆਂ ਤੁਰਦੀ ਵਾਰੀ ਦੀਆਂ ਕੁਰਬਾਨੀਆਂ ਸੁਣ ਕੇ ਬੜਾ ਹੀ ਵਿਸਮਾਦ ਹੋਇਆ। ਧੰਨ ਕਲਗੀਧਰ ਪਿਤਾ ਜੀ ਤੇ ਧੰਨ ਉਸ ਦੇ ਸ਼ੇਰ!"



Digitized by Panjab Digital Library | www.panjabdigilib.org

੭ ਤਾਰੀਖ ਨੂੰ ਫੇਰ ਆਪ ਨੂੰ ਅੰਦਰ ਪ੍ਰੇਮੀਆਂ ਵਲੋਂ ਗੁੜ ਪੁੱਜਾ, ਜਿਸ ਦਾ ਨੋਟ ੮ ਮਾਰਚ ਵਿਚ ਇਸਤਰ੍ਹਾਂ ਦਰਜ ਹੈ:–

"ਗੁੜ ੧੨੦ ਟਿੱਕੀਆਂ ਜੋ ਕਲ ਆਇਆ ਸੀ ਸਾਰੇ ਜੇਹਲ ਵਾਸੀ ਪ੍ਰਾਹੁਣਿਆਂ ਨੂੰ ਵੰਡ ਦਿਤਾ। ਕੇਵਲ ਇਖਲਾਕੀਆਂ ਨੂੰ।"

੧੨ ਮਾਰਚ ਨੂੰ ਜਾਮਾ ਤਲਾਸ਼ੀ ਦੀਆਂ ਚੀਜ਼ਾਂ ਅਜੀਜ਼ ਤ੍ਰਿਲੋਕ ਸਿੰਘ ਨੂੰ ਦਿਵਾਈਆਂ ਤੇ 'ਜੇਹਲ ਹੋ ਜਾਣਾ' ਅਨੁਭਵ ਕਰ ਕੇ ਗੁਰੂ ਭਾਣੇ ਅੰਦਰ ਕਸ਼ਟ ਸਹਿਣ ਲਈ ਕਮਰ ਕੱਸੇ ਕਰ ਲਏ।

੧੫ ਮਾਰਚ ਦਾ ਨੋਟ:–

"ਰੋਜ਼ ਦੀ ਤਰਾਂ ਪਾਠ ਪੜ੍ਹਾਈ ਸਬਰ ਸ਼ੁਕਰ ਪ੍ਰਾਰਥਨਾ ਵਿਚ ਸਮਾਂ ਲਗਾ। ਜੈਤੋ ਦੂਸਰੇ ਜੱਥੇ ਦੀ ਗ੍ਰਿਫਤਾਰੀ ਦੇ ਹਾਲ ਸੁਣੇ। ਕਰਤਾਰ ਦੇ ਰੰਗ। ਦੇਖੀਏ ਕਦ ਸਤਿਗੁਰੂ ਵਲੋਂ ਬਾਹੁੜੀ ਹੁੰਦੀ ਹੈ।"

'ਹਉਮੈਂ ਦੀਰਘ ਰੋਗ ਹੈ' ਸਤਿਗੁਰੂ ਦਾ ਵਾਕ ਸੱਚ ਮੁੱਚ ਹੀ ਸੋਨੇ ਦੇ ਅੱਖਰਾਂ ਵਿਚ ਮੜ੍ਹਾ ਕੇ ਗਲ ਪਾ ਰੱਖਣਾ ਚਾਹੀਦਾ ਹੈ। ਇਹ ਅਜੇਹਾ ਭੈੜਾ ਰੋਗ ਹੈ ਜਿਸ ਦਾ ਇਲਾਜ ਸਤਿਗੁਰਾਂ ਦੀ ਅਪਾਰ ਕ੍ਰਿਪਾ ਬਿਨਾ ਹੋ ਹੀ ਨਹੀਂ ਸਕਦਾ। ਬੜੇ ਬੜੇ ਸੰਤਾਂ, ਮਹੰਤਾਂ ਸੇਵਕਾਂ, ਭਗਤਾਂ, ਰਿਸ਼ੀਆਂ ਮੁਨੀਆਂ ਆਦਿਕਾਂ ਨੂੰ ਭੀ ਇਸ ਨੇ ਗ੍ਰਸਣੋਂ ਨਾ ਛੱਡਿਆ ਤੇ ਨਾ ਛਡਿਆ।

ਇਹ ਰੋਗ ਕਈ ਵਾਰ ਹਟ ਗਿਆ ਭਾਸਿਆ ਪਰ ਸਮਾ ਪਾਕੇ ਫੇਰ ਗ਼ਲਬਾ ਪਾ ਗਿਆ। ਕਦੇ ਕਿਸੇ ਤੇ ਕਦੇ ਕਿਸੇ ਸ਼ਕਲ ਵਿਚ ਪ੍ਰਗਟ ਹੋਇਆ। ਇਸ ਦੀ ਮਾਰ ਤੋਂ ਵਾਹਿਗੁਰੂ ਹੀ ਬਖਸ਼ੇ। ਸ੍ਰੋਮਣੀ ਕਮੇਟੀ ਦੇ ਗੁਰਮੁਖ ਪਿਆਰੇ ਮੁਖੀ ਦੇਖੋ ਨਾ ਕਿਸ ਨਿਸ਼ਕਾਮਤਾ ਦ੍ਰਿੜਤਾ ਤੇ ਪੰਥ ਸੇਵਾ ਭਾਵ ਨਾਲ ਹਸੂੰ ਹਸੂੰ ਕਰਦੇ ਜੇਹਲ ਜਾਂਦੇ ਹਨ। ਵਧ ਤੋਂ ਵਧ ਦੁਖੜੇ ਝਲਦੇ ਹਨ, ਪਰ ਇਹ ਪਾਪੀ ਰੋਗ ਉਨ੍ਹਾਂ ਦਾ ਭੀ ਪਿਛਾ ਨਹੀਂ ਛਡਦਾ। ਆਹੋ ਜੀ! ਇਤਿਹਾਸ ਵਿਚ ਪ੍ਰਗਟ ਹੈ ਕਿ ਇਸ ਹਉਮੈਂ ਰੋਗ ਦਾ ਫੱਟਿਆ ਸੰਸਾਰ ਤੜਫ ਰਿਹਾ, ਕੱਰਾਹ ਰਿਹਾ ਤੇ ਬਿਲਕ ਰਿਹਾ ਹੈ। ਸਿਖ ਪੰਥ ਉੱਪਰ ਭੀ ਇਸ ਨੇ ਅਨੇਕ ਕਰੜੇ ਵਾਰ ਕੀਤੇ। ਹਾਂ! ਹਾਂ!! ਸਿਖ ਪੰਥ



Digitized by Panjab Digital Library | www.panjabdigilib.org

ਦੇ ਅਝੁੱਕ ਸਰੀਰ ਉੱਤੇ ਅਜ ਭੀ ਇਸੇ ਦਾ ਵਾਰਾ ਪਹਿਰਾ ਹੈ। ਇਸੇ ਦਾ ਗ਼ਲਬਾ ਹੈ, ਇਸੇ ਦਾ ਰਾਜ ਹੈ, ਤਾਹੀਏਂ ਤਾਂ ਅਜ ਅਦੁਤੀ ਸਿਖ ਪੰਥ, ਹੀਰੇ ਪੰਨਿਆਂ ਦਾ ਅਮੋਲ ਗੁਰੂ ਪੰਥ ਕੌਡੀਆਂ ਦੇ ਭਾ ਵਿੱਕ ਰਿਹਾ ਤੇ ਧੁਧਲ ਵਿਚ ਰੁਲ ਰਿਹਾ ਹੈ। ਵਾਹਿਗੁਰੂ ਆਪਣੀ ਕ੍ਰਿਪਾ ਕਰੇ।

ਆਹੋ ਜੀ ! ਇਸ ਹਉਮੈਂ ਰੋਗ ਨੇ ਇਨ੍ਹਾਂ ਕੁਰਬਾਨੀ ਦੇ ਪੁਤਲਿਆਂ ਸ਼੍ਰੋ: ਕ: ਦੇ ਕਈ ਆਗੂ ਗੁਰਮੁਖਾਂ ਉੱਤੇ ਭੀ ਚਕਰ ਚਲਾਇਆ,ਵਾਰ ਸਫਲ ਹੋ ਗਿਆ। ਬਸ ਫੇਰ ਕੀ ਸੀ'ਤੂੰ ਤੂੰ ਮੈਂ ਮੈਂ'ਤੇ ਨੌਬਤ ਆ ਗਈ। ਪਰਾਧੀਨ, ਜੇਹਲ ਵਿਚ ਬੈਠੇ ਭੀ ਛਾਤੀਆਂ ਤਾਣ ਤਾਣ,ਆਕੜ ਆਕੜ ਇਕ ਦੂਜੇ ਵਲ ਖ਼ੂਨੀ ਅੱਖੀਆਂ ਦੁਆਰਾ,ਈਰਖੀ ਨਜ਼ਰਾਂ ਨਾਲ ਤੱਕਣ ਲੱਗੇ,ਤੇ ਆਪੋ ਵਿਚ ਫਸਣ ਨੂੰ ਤਿਆਰ ਹੋ ਗਏ। ਸ਼ਾਂਤੀ ਪ੍ਰਿਯ ਗੁਰਮੁਖਾਂ ਨੂੰ ਇਹ ਦੇਖ ਕੇ ਬੜਾ ਦੁਖ ਹੋਇਆ। ਆਪ ੧੯ ਮਾਰਚ ਦੇ ਡਾਇਰੀ ਨੋਟ ਵਿਚ ਸੰਖੇਪ ਮਾਤ੍ਰ ਨਾਲ ਇਸ 'ਹਉਮੈ ਰੋਗ' ਦਾ ਜ਼ਿਕਰ ਕਰਦੇ ਹਨ ਤੇ ਨਾਲ ਹੀ ਮੱਛਰਾਂ ਦਾ ਭੀ ਜ਼ਿਕਰ ਕਰਦੇ ਹਨ। ਆਪ ਲਿਖਦੇ ਹਨ:-

"ਜਥੇ ਵਿੱਚ ਦੇ ਕਈ ਮੂੰਹ ਜ਼ੋਰ ਮੈਂਬਰਾਂ ਦੀ ਆਪਸ ਦੀ 'ਤੂੰ ਤੂੰ ਮੈਂ ਮੈਂ' ਨਾ ਮਿਲਵਰਤਨ ਸੰਬੰਧੀ ਸੁਣਿ, ਦੇਖਿ ਬੜਾ ਖੇਦ ਹੋਯਾ।' ਅਤੇ 'ਕੋਠੜੀਆਂ ਵਿੱਚ ਮੱਛਰ ਨੇ ਬਹੁਤ ਤੰਗ ਕਰਨਾ ਸ਼ੁਰੂ ਕਰ ਦਿੱਤਾ।"

੨੦ ਮਾਰਚ ਦਾ ਨੋਟ ਇਸਤਰ੍ਹਾਂ ਹੈ:-

"ਅੱਜ ਮੈਜਿਸਟਰੇਟ ਨੇ ਜੇਲ ਅੰਦਰ ਆਕੇ ਕਚਹਿਰੀ ਕੀਤੀ। ਪਰ ਇਨਸਾਫ ਦਾ ਖ਼ੂਨ ਹੀ ਵਿੱਸਦਾ ਹੈ।"

ਏਥੇ ਪਾਠਕਾਂ ਨੂੰ ਇਹ ਦੱਸ ਦੇਣਾ ਭੀ ਜ਼ਰੂਰੀ ਜਾਪਦਾ ਹੈ ਕਿ ਵੈਦ ਜੀ ਦੀਆਂ ਡਾਇਰੀਆਂ ਰੋਜ਼ਾਨਾ ਤ੍ਰੀਕ ਵਾਰ ਬੜੀ ਪੂਰੀ ਤਰ੍ਹਾਂ ਲਿਖਤ ਹਨ, ਪਰ ਅਸੀਂ ਅਤੀ ਵਿਸਤਾਰ ਦੇ ਭੈ ਤੋਂ ਕਿਤਿਓਂ ਕਿਤਿਓਂ ਹੀ ਨੋਟ ਦਰਜ ਕਰਦੇ ਹਾਂ।

ਪੰਥ ਉੱਤੇ ਹੁੰਦੇ ਜ਼ੁਲਮ ਸੁਣ ੨ ਆਪ ਦਾ ਹਿਰਦਾ ਆਪਣੇ ਦੁੱਖ ਭੁੱਲ ਜਾਂਦਾ ਤੇ ਪੰਥਕ ਦੁੱਖ ਦੇਖ ਬਿਹਬਲ ਹੋ ਉੱਠਦਾ ਹੈ,



Digitized by Panjab Digital Library | www.panjabdigilib.org

ਤੇ ਆਪ ਥਾਂ ਥਾਂ ਆਪਣੇ ਨੋਟਾਂ ਵਿੱਚ ਜ਼ੁਲਮ ਤੇ ਸਬਰ ਦੀ ਚੇਤਾਵਨੀ ਕਰਾਂਉਂਦੇ ਤੇ ਸਤਿਗੁਰਾਂ ਦੇ ਚਰਨਾਂ ਵਿੱਚ ਬਾਹੁੜੀ ਲਈ ਅਰਦਾਸੇ ਕਰਦੇ ਹਨ। ਜਿਵੇਂ ੨੬ ਮਾਰਚ ਦੇ ਨੋਟਾਂ ਵਿੱਚ ਦਰਜ ਹੈ:—

"ਰੋਜ਼ ਦੀ ਤਰ੍ਹਾਂ ਨਿਤ ਨੇਮ ਪਾਠ ਤੇ ਪੜ੍ਹਾਈ ਕੀਤੀ । ਪੰਥਕ ਦਸ਼ਾ ਸੋਚ ਸੋਚ ਕੁਝ ਉਦਾਸੀ ਰਹੀ, ਕਰਤਾਰ ਦੇ ਰੰਗ। ਪੰਥ ਉੱਤੇ ਇਤਨੇ ਜ਼ੁਲਮ ਹੋਣ ਤੇ ਭੀ ਜ਼ਾਲਮ ਨਹੀਂ ਪਸੀਜੇ।" "ਸੱਚੇ ਪਿਤਾ ਜੀ ਦੇ ਚਰਨਾਂ ਵਿੱਚ ਬਹੁੜੀ ਵਾਸਤੇ ਪ੍ਰਾਰਥਨਾ ਕੀਤੀ, ਸਤਿਗੁਰੂ ਜੀ ਦੇ ਦੁਲਾਰਿਆਂ ਦੀਆਂ ਕੁਰਬਾਨੀਆਂ, ਸ਼ਹੀਦੀਆਂ ਦਾ ਚਾ ਸੁਣ ਸੁਣ ਸ਼ੁਕਰ ਸ਼ੁਕਰ ਕੀਤਾ। ਧੰਨ ਸਤਿਗੁਰੂ ਤੇ ਧੰਨ ਉਸਦੀ ਸਿੱਖੀ ਆਦਿ।"

ਅਖੀਰੀ ਹੁਕਮ ਸੁਣਾਨ ਵਾਸਤੇ ੨੯ ਮਾਰਚ ਦੀ ਤਾਰੀਖ ਪਈ, ਤੇ ੨੯ ਮਾਰਚ ਦਿਨ ਛਨਿਛਰ ਵਾਰ ਦਸ ਦਿਨ ਪਹਿਲਾਂ ਹੀ ਮਿਲ ਚੁੱਕੀ ਖਬਰ ਅਨੁਸਾਰ ਠੀਕ ਦੋ ਦੋ ਸਾਲ ਕੈਦ ਤੇ ਪੰਜ ਪੰਜ ਸੌ ਰੁਪਿਆ ਜੁਰਮਾਨਾ ਦੀਆਂ ਸਜਾਵਾਂ ਹੋਈਆਂ ਉਸੇ ਦਿਨ ਸ਼ਾਮ ਨੂੰ ਕੁਛ ਸੱਜਣ ਮੁਲਤਾਨ ਜੇਲ ਤੇ ਕੁਛ ਮੀਆਂ ਵਾਲੀ ਆਦਿ ਜੇਲ੍ਹਾਂ ਵਿੱਚ ਭੇਜ ਦਿੱਤੇ। ਸਾਡੇ ਹੀਰੋ ਵੈਦਰਾਜ ਜੀ ਦਾ ਗੁਣਾਂ ਭੀ ਮੀਆਂ ਵਾਲੀ ਜੇਲ੍ਹ ਵਿੱਚ ਜਾਣ ਦਾ ਹੀ ਪਿਆ।

---



Digitized by Panjab Digital Library | www.panjabdigilib.org

"ਮੈਂ ਸਤਿਕਾਰ ਯੋਗ ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਨੂੰ ਚੋਖੇ ਚਿਰ ਤੋਂ ਜਾਣਦਾ ਸਾਂ, ਤੇ ਜਦ ੧੯੨੪ ਵਿੱਚ ਦੂਸਰਾ ਜੱਥਾ "ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ" ਕਾਨੂੰਨ ਵਿਰੁੱਧ ਕਰਾਰ ਦਿੱਤੇ ਜਾਣ ਤੇ ਫੜਿਆ ਗਿਆ, ਓਸ ਵਕਤ ਵੈਦ ਜੀ ਤੇ ਮੈਂ ਭੀ ਉਨ੍ਹਾਂ ਸੱਜਣਾਂ ਵਿੱਚ ਸ਼ਾਮਲ ਸਾਂ, ਤੇ ਮੈਨੂੰ ਵੈਦ ਜੀ ਨਾਲ ਸ੍ਰੀ ਅੰਮ੍ਰਿਤਸਰ ਜੀ ਤੇ ਮੀਆਂ ਵਾਲੀ ਜੇਲ੍ਹ ਵਿੱਚ ਇਕੱਠੇ ਰੈਹਣ ਦਾ ਸਮਾਂ ਮਿਲਿਆ।

ਸਤਿਕਾਰ ਯੋਗ ਵੈਦ ਜੀ ਇੱਕ ਬੜੀ ਭਾਰੀ ਉੱਚੀ ਹਸਤੀ ਸਨ ਤੇ ਸੱਚੇ ਪੁਰਾਤਨ ਸਿੱਖ ਸਨ। ਉਨ੍ਹਾਂ ਦੇ ਵਿੱਚ ਪੰਥ ਦਾ ਦਰਦ ਤੇ ਹਿਤ ਕੁੱਟਕੇ ਭਰਿਆ ਹੋਇਆ ਸੀ ਤੇ ਓਹ ਹਰ ਵਕਤ ਪੰਥ ਦੀ ਆਨ ਸ਼ਾਨ ਨੂੰ ਉੱਚਾ ਕਰਨ ਵਿੱਚ ਤਤ ਪਰ ਰੈਂਹਦੇ ਸਨ, ਜਿਸ ਦਾ ਸਬੂਤ ਏਹ ਹੈ ਕਿ ਚੀਫ ਖਾਲਸਾ ਦੀਵਾਨ ਦੇ ਪੁਰਾਣੇ ਮੈਂਬਰ ਹੋਂਦੇ ਹੋਇਆਂ, ਓਨ੍ਹਾਂ ਨੇ ਕਿਸੇ ਗੱਲ ਦੀ ਪ੍ਰਵਾਹ ਨਾਂ ਕਰਕੇ ਸ਼੍ਰੋਮਣੀ ਗੁਰਦਾਰਾ ਪ੍ਰਬੰਧਕ ਕਮੇਟੀ ਨਾਲ ਪੂਰਾ ਪੂਰਾ ਮਿਲ ਵਰਤਣ ਕਰਕੇ ਦੂਸਰੇ ਜੱਥੇ ਨਾਲ ਜੇਹਲ ਯਾਤ੍ਰਾ ਕੀਤੀ ਤੇ ਪੂਰੀ ਸਜ਼ਾ ਭੁਗਤੀ।

ਵੈਦ ਜੀ ਬੜੇ ਚੰਗੇ ਲਿਖਾਰੀ ਅਰ ਹਿਕਮਤ ਦੇ ਪ੍ਰਸਿੱਧ ਜਾਣੂੰ ਸਨ। ਓਨ੍ਹਾਂ ਦੀਆਂ ਏਹ ਸਿਫਤਾਂ ਅਤੇ ਓਨ੍ਹਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਸਦਾ ਲਈ ਯਾਦਗਾਰ ਕਾਇਮ ਰੱਖਨਗੀਆਂ। ਵੈਦ ਜੀ ਗੁਰਬਾਣੀ ਦੇ ਬੜੇ ਰਸੀਏ ਸਨ। ਆਪਣੇ ਨਿਤਨੇਮ ਵਿੱਚ ਬਹੁਤ ਹੀ ਪੱਕੇ ਸਨ, ਅਤੇ ਵੱਡੀ ਆਯੂ ਵਿੱਚ ਭੀ ਸਦਾ ਹੀ ਖਿੜੇ ਰੈਂਹਦੇ ਸਨ। ਉਨ੍ਹਾਂ ਦਾ ਆਪਣੇ ਮਿੱਤ੍ਰਾਂ ਨਾਲ ਬਹੁਤ ਹਿਤ ਤੇ ਪਿਆਰ ਸੀ। ਮੈਨੂੰ ਜੇਹਲ ਤੋਂ ਮਗਰੋਂ ਭੀ ਦੋ ਤਿੰਨ ਵਾਰ ਵੈਦ ਜੀ ਨੂੰ ਮਿਲਨ ਦਾ ਅਵਸਰ ਮਿਲਿਆ। ਓਹਨਾਂ ਓਹੋ ਜੇਹੀ ਖੁਸ਼ੀ ਪ੍ਰਗਟ ਕੀਤੀ ਜਿਹੋ ਜੇਹੀ ਸਕ੍ਕੇ ਭਰਾਵਾਂ ਨੂੰ ਮਿਲ ਕੇ ਪੁਰਾਤਨ ਸਿੱਖ ਪ੍ਰਗਟ ਕੀਤਾ ਕਰਦੇ ਸਨ।

ਸ੍ਰੀ ਮਾਨ ਵੈਦ ਜੀ ਵਿੱਚ ਓਹ ਸਾਰੇ ਗੁਣ ਕੁੱਟ ਕੁੱਟ ਕੇ ਭਰੇ ਹੋਏ ਸਨ। ਜਿਨ੍ਹਾਂ ਦੀ ਪੰਥ ਵਿੱਚ ਵਰਤਮਾਨ ਸਮੇਂ ਵਿੱਚ ਬਹੁਤ ਲੋੜ ਭਾਸ ਰਹੀ ਹੈ।"

(ਸ੍ਰ: ਜਗਤ ਸਿੰਘ ਜੀ ਨਾਰੰਗ, ਰ੍ਹਈਸ, ਐਮ. ਐਲ. ਏ. ਪਸ਼ਾਵਰ)

---



Digitized by Panjab Digital Library | www.panjabdigilib.org

# ਜੇਲ੍ਹ-ਚਿੱਠੀਆਂ

"ਭਾਈ ਸਾਹਿਬ ਜੀ ਬੜੇ ਹੀ ਗੁਣਵਾਨ ਅਤੇ ਪਰਉਪਕਾਰੀ ਪੁਰਖ ਸਨ। ਉਨ੍ਹਾਂ ਦੇ ਹਿਰਦੇ ਵਿਚ ਦਯਾ ਤੇ ਕੋਮਲਤਾ ਕੁੱਟ ਕੁੱਟ ਕੇ ਭਰੀ ਹੋਈ ਸੀ। ਰਸਨਾ ਦੀ ਮਿਠਾਸ ਉਨ੍ਹਾਂ ਦਾ ਇਕ ਖਾਸ ਭੂਸ਼ਣ ਸੀ।"

(ਸ੍ਰ: ਵਸਾਖਾ ਸਿੰਘ ਜੀ ਠੇਕੇਦਾਰ ਪ੍ਰਧਾਨ ਚੀ: ਖਾ: ਦੀਵਾਨ)

ਰਾਮ ਨੂੰ ਜਗ ਤਮਾਮ ਵਿਚ ਵੇਖੋ,
ਕਾਰੀਗਰ ਉਸ ਦੇ ਕਾਮ ਵਿਚ ਵੇਖੋ।
ਬਾਹਰੀ ਸ਼ਕਲ ਤੋਂ ਨ ਜਾਂਚ ਕਰੋ,
ਮੈਨੂੰ ਮੇਰੇ ਕਲਾਮ ਵਿਚ ਵੇਖੋ।

ਜਿਵੇਂ ਵਾਹਿਗੁਰੂ ਦੀ ਪ੍ਰਤੱਖ ਸੂਰਤ ਉਸ ਦੀ ਕਾਇਨਾਤ, ਜਗਤ ਵਿਚੋਂ ਦਿਸਦੀ ਹੈ। ਜਿਵੇਂ ਕਾਰੀਗਰ ਦੀ ਕਾਰੀਗਰੀ ਵਿਚੋਂ ਉਸਦੀ ਮੂਰਤ ਸਮਝ ਸਕੀ ਦੀ ਹੈ। ਜਿਵੇਂ ਕਵੀ ਦਾ ਜੀਵਣ ਉਸ ਦੀ ਕਵਿਤਾ ਵਿਚੋਂ ਸਮਝ ਲਈ ਦਾ ਹੈ, ਤਿਵੇਂ ਹੀ, ਤੇ ਠੀਕ ਤਿਵੇਂ ਹੀ ਲਿਖਾਰੀ ਦਾ ਅਸਲ ਜੀਵਣ ਉਸ ਦੀ ਸੁਤੰਤ੍ਰ ਲਿਖਾਈ ਵਿਚੋਂ ਵੇਖਿਆ ਜਾ ਸਕਦਾ ਹੈ।

ਵੈਦ ਜੀ ਪੰਥਕ ਪ੍ਰੇਮ ਦੀ ਲੈ ਵਿਚ ੧੯੨੪ ਦੇ ਸ਼ੁਰੂ ੭ ਜਨਵਰੀ ਨੂੰ ਸ੍ਰੋ: ਗੁ: ਪ੍ਰ: ਕ: ਦੇ ਦੂਜੇ ਜੱਥੇ ਵਿਚ ਗ੍ਰਿਫਤਾਰ ਹੋਏ। ੨੯ ਮਾਰਚ ੧੯੨੪ ਨੂੰ ਦੋ ਸਾਲ ਦੀ ਕੈਦ ਤੇ ੫੦੦) ਜੁਰਮਾਨਾ ਹੋ ਕੇ ਮੀਆਂ ਵਾਲੀ ਜੇਲ੍ਹ ਵਿਚ ਭੇਜ ਦਿਤੇ ਗਏ, ਤੇ ਆਪਣੀ ਪੂਰੀ ਸਜਾ ਸਬਰ, ਸ਼ੁਕਰ,



Digitized by Panjab Digital Library | www.panjabdigilib.org

ਦ੍ਰਿੜ੍ਹਤਾ ਤੇ ਹੌਸਲੇ ਨਾਲ ਮਰਦਾਂ ਵਾਂਗ ਕਟ ਕੇ ੨੦ ਨਵੰਬਰ ੧੯੨੫ ਨੂੰ ਰਿਹਾ ਹੋ ਕੇ ਆਏ। ਏਨੇ ਚਿਰ ਵਿਚ ਏਸ ਜੇਲ ਖਾਨੇ ਦੀਆਂ ਕਾਲ ਕੋਠੜੀਆਂ ਵਿਚੋਂ ਜੋ ਕੁਝ ਚਿੱਠੀਆਂ ਆਪ ਜੀ ਨੇ ਆਪਣੇ ਘਰ, ਸਾਕ ਸੰਬੰਧੀਆਂ ਆਦਿਕ ਨੂੰ ਲਿਖੀਆਂ ਹਨ, ਜਾਂ ਇਉਂ ਕਹੋ ਕਿ ਜੋ ਸਾਨੂੰ ਮਿਲ ਸਕੀਆਂ ਹਨ ਉਨ੍ਹਾਂ ਵਿਚੋਂ ਵੈਦ ਜੀ ਦੇ ਪੰਥ ਪ੍ਰੇਮ, ਦੇਸ਼ ਭਗਤੀ, ਲੋਕ ਸੇਵਾ, ਇਨਸਾਫ ਪਸੰਦੀ, ਭਾਣਾ ਮੰਨਣ, ਸਬਰ, ਸ਼ੁਕਰ ਤੇ ਸਰਬ ਪ੍ਰੇਮ ਦੀ ਜੋ ਸੂਰਤ ਸਾਨੂੰ ਨਜ਼ਰ ਪੈਂਦੀ ਹੈ,ਉਹ ਅਸੀਂ ਪਾਠਕਾਂ ਨੂੰ ਵਿਖਾਲਣਾ ਚਾਹੁੰਦੇ ਹਾਂ।

ਸਾਡਾ ਖਿਆਲ ਇਨ੍ਹਾਂ ਜੇਹਲ ਚਿਠੀਆਂ ਨੂੰ ਅੱਡਰਾ ਇਕ ਪੁਸਤਕ ਦੀ ਸ਼ਕਲ ਵਿਚ ਛਾਪਣ ਦਾ ਹੈ, ਪਰ ਪ੍ਰਸੰਗਾਨੁਸਾਰ ਜ਼ਰੂਰੀ ਤੁਕਾਂ ਏਥੇ ਦਰਜ ਕਰਨੀਆਂ ਭੀ ਅਤੀ ਜ਼ਰੂਰੀ ਭਾਸਦੀਆਂ ਹਨ, ਜਿਨ੍ਹਾਂ ਤੋਂ ਪਾਠਕ ਜਨ ਦੇਖ ਸਕਣਗੇ ਕਿ ਵੈਦ ਜੀ ਕਿਸ ਅਦੁਤੀ ਜੀਵਣ ਦੇ ਮਾਲਕ ਸਨ। ਇਨ੍ਹਾਂ ਚਿਠੀਆਂ ਵਿਚੋਂ ਵਿਚਾਰ ਦੀ ਅਖ ਨਾਲ ਵੇਖਣ ਤੋਂ ਵੈਦ ਜੀ ਦਾ ਜੀਵਣ ਸਪਸ਼ਟ ਨਜ਼ਰ ਆ ਸਕਦਾ ਹੈ।

ਸਭ ਤੋਂ ਪਹਿਲੀ ਗਲ ਜੋ ਆਪ ਦੀ ਹਰ ਚਿਠੀ ਵਿਚ ਦਰਜ ਹੈ, ਉਹ ਹੈ ਸ੍ਰੀ ਦਰਬਾਰ ਸਾਹਿਬ ਦਾ ਜ਼ਿਕਰ ਤੇ ਸੰਤਾਂ ਗੁਰਮੁਖਾਂ ਨੂੰ ਨਮਸਕਾਰ ਜਿਵੇਂ:-

'ਮੇਰੀ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਤੇ ਸੰਤਾਂ ਦੇ ਨਮਸ-ਕਾਰ। ਸਭ ਨੂੰ ਯਥਾ ਯੋਗ ਫਤਹਿ,ਸਨਮਾਨ। ਸ੍ਰੀ ਦਰਬਾਰ ਸਾਹਿਬ ਜੀ ੧।) ਦਾ ਕੜਾਹ ਪ੍ਰਸ਼ਾਦ ਭੇਟਾ ਕਰ ਦੇਣਾ।"

ਇਸੇ ਤਰ੍ਹਾਂ 'ਸਭ ਨੂੰ ਤਸੱਲੀ ਦੇਣੀ, ਕੋਈ ਫਿਕਰ ਆਦਿ ਕਰਨ ਦੀ ਲੋੜ ਨਹੀਂ ਸਭ ਥਾਂ ਪਰਮੇਸ਼ਰ ਆਪ ਰਾਖਾ ਹੈ।' ਆਦਿ ਸ਼ਬਦਾਂ ਦਾ ਭਾਵ ਭੀ ਹਰ ਚਿੱਠੀ ਵਿਚ ਲਗ ਪਗ ਹੁੰਦਾ ਹੀ ਹੈ। ਇਸੇ ਤਰ੍ਹਾਂ ਛੋਟੀ ਤੋਂ ਛੋਟੀ ਗੱਲ ਬਾਰੇ ਪੁੱਛ, ਇਕੱਲੇ ਇਕੱਲੇ ਬੱਚੇ ਬਾਰੇ, ਸੰਬੰਧੀ ਬਾਰੇ, ਨੌਕਰਾਂ ਬਾਰੇ, ਏਥੋਂ ਤਕ ਕਿ ਘਰ ਦੇ ਕੁੱਤੇ ਬਾਰੇ ਭੀ ਆਪਦੀ ਪੁੱਛ ਰਹਿੰਦੀ ਸੀ, ਗੱਲ ਕੀ ਆਪ ਨੂੰ ਹਰ ਇਕ ਦਾ ਪੂਰਨ ਖਿਆਲ ਰਹਿੰਦਾ ਸੀ।



Digitized by Panjab Digital Library | www.panjabdigilib.org

ਪਾਠਕ ਜੀ ! ਆਓ ਹੁਣ ਅਸੀਂ ਆਪ ਨੂੰ ਵੈਦ ਜੀ ਦੇ ਪਤ੍ਰਕਾਂ ਰੂਪੀ ਬਾਗ ਦੀ ਸੈਰ ਕਰਾਈਏ।

ਸਭ ਤੋਂ ਪਹਿਲਾ ਕਾਰਡ ਜੋ ਆਪ ਨੇ ਸਜ਼ਾ ਹੋਣ ਪਿੱਛੋਂ ਸ੍ਰ: ਤ੍ਰਿਲੋਕ ਸਿੰਘ ਵਲ ੩੦-੩-੨੪ ਨੂੰ ਲਿਖਿਆ ਇਸਤਰ੍ਹਾਂ ਹੌਸਲਾ ਤੇ ਦਲੇਰੀ ਭਰਿਆ ਹੈ:-

"ਪਯਾਰੇ ਜੀ ! ੨੯-੩-੨੪ ਨੂੰ ਫੈਸਲੇ ਬਾਦ ਅਸੀਂ ਸਭ ਉਸੇ ਵੇਲੇ ਤਯਾਰੀ ਕਰਕੇ ੮। ਦੀ ਗੱਡੀ ਰਾਤ ੪੨ ਸੱਜਣ ਲਾਹੌਰ ਤੇ ਅਸੀਂ ੧੫ ਮੀਆਂ ਵਾਲੀ ਭੇਜੇ ਗਏ। ਰਸਤੇ ਵਿਚ ਸੱਜਣਾਂ ਸੰਗਤਾਂ ਨੂੰ ਜਿਥੇ ਜਿਥੇ ਪਤਾ ਲੱਗਾ ਬੜਾ ਹੀ ਪ੍ਰੇਮ ਤੇ ਦਰਦ ਮੰਨਦੇ ਹਨ। ਏਸ ਸਖਤੀ ਨੇ ਦੇਸ਼ ਵਿਚ ਜੀਵਨ ਪਾ ਦਿੱਤਾ ਹੈ ਤੇ ਪੈ ਰਿਹਾ ਹੈ। ਸਤਿਗੁਰੂ ਜੀ ਵਲੋਂ ਜੋ ਹੋ ਰਿਹਾ ਹੈ ਚੰਗਾ ਹੈ, ਏਹ ਜ਼ਰੂਰ ਸੁਖਦਾਈ ਹੋਵੇਗਾ। ਥੋੜੇ ਦਿਨਾਂ ਦੀ ਹੀ ਖੇਡ ਹੈ ਅਨੰਦ ਪ੍ਰਸੰਨ ਸਭ ਨੂੰ ਹੌਸਲਾ ਦੇਣਾ। ਕੋਈ ਉਦਾਸ ਨਾ ਹੋਵੇ। ਜੇ ਕੁਰਕੀ ਤਕ ਨੌਬਤ ਪਹੁੰਚੇ ਤਾਂ ੫੦੦) ਦੇ ਕੈਸ਼ ਸਰਟੀਫੀਕੇਟ ਕੁਰਕ ਕਰਵਾ ਦੇਣੇ। ਸਭ ਨੂੰ ਯਥਾ ਯੋਗ ਸ੍ਰੀ ਵਾਹਿਗੁਰੂ ਜੀ ਕੀ ਫਤਹ। ਸਨਮਾਨ, ਸਤਿ ਸ੍ਰੀ ਅਕਾਲ।"

ਆਪਦੇ ਪਿਛੋਂ ਸਦਾ ਵਾਂਗ ਆਪ ਦੇ ਵੱਡੇ ਸਪੁੱਤ੍ਰ ਸ੍ਰ: ਤ੍ਰਿਲੋਕ ਸਿੰਘ ਜੀ ਕਾਰੋਬਾਰ ਨੂੰ ਸੁਹਣੀ ਤਰਾਂ ਸੰਭਾਲ ਲੈਂਦੇ ਸਨ, ਪਰ ਫੇਰ ਭੀ ਸੁਜਾਨ ਗੁਰਮੁਖ ਪਿਤਾ ਦਾ ਵਿਛੋੜਾ ਉਦਾਸ ਤਾਂ ਕਰ ਹੀ ਦਿੰਦਾ ਹੈ ! ਆਪ ਪਿਆਰੇ ਪਿਤਾ ਜੀ ਵੱਲ ਚਿੱਠੀ ਲਿਖਦੇ ਹਨ। ਜਿਸਦੇ ਉਤ੍ਰ ਵਿਚ ਵੈਦਰਾਜ ਜੀ ਇਸ ਤਰਾਂ ਧੀਰਜ ਤਸੱਲੀ ਤੇ ਪਿਆਰ ਪ੍ਰਗਟ ਕਰਦੇ ਹਨ:-

"ਪਰਮ ਪਿਆਰੇ ਸ੍ਰ: ਤ੍ਰਿਲੋਕ ਸਿੰਘ ਜੀ...ਸਾਰੇ ਹਾਲ ਤੁਹਾਡੇ ਲਿਖੇ ਹੋਏ ਪੜ੍ਹੇ। ਪਰ ਤੁਹਾਡੀ ਉਦਾਸੀ ਪੜ੍ਹਕੇ ਚਿੱਤ ਉਦਾਸ ਹੋਯਾ। ਅਸਲ ਵਿਚ ਤਾਂ ਏਹ ਤੁਹਾਡੇ ਪੂਰਨੇ ਤੇ ਪਹਿਲ ਦਾ ਫਲ ਹੈ*। ਕਈ ਵਾਰ ਖਿਆਲ

*ਸ੍ਰ: ਤ੍ਰਿਲੋਕ ਸਿੰਘ ਜੀ ੧੯੨੨ ਵਿੱਚ ਗੁਰੂ ਪੰਥ ਦੇ ਹੁਕਮ ਵਿਚ ਗੁਰੂ ਕੇ ਬਾਗ਼ ਵਿੱਚ ਜਾ ਰਹੇ ਜੱਥਿਆਂ ਵਿੱਚ ਜਾਕੇ ਸੇਵਾ ਕਰਨ ਦੇ ਦੋਸ਼ ਵਿੱਚ ਕੈਦ ਕੱਟ ਆਏ ਸਨ। ਇਹ ਉਸੇ ਵੱਲ ਇਸ਼ਾਰਾ ਹੈ। ਤੇ ਇਉਂ ਸਪੁੱਤ੍ਰ ਦੀ ਸਿਫਤ ਕਰਕੇ ਉਸ ਦਾ ਹੌਸਲਾ ਵਧਾਉਣ ਦੀ ਸਿਆਣਪ ਹੈ।



Digitized by Panjab Digital Library | www.panjabdigilib.org

ਔਂਦਾ ਸੀ ਕਿ ਤੁਸੀਂ ਗੁਰੂ ਕੇ ਬਾਗ ਸੰਬੰਧੀ ਹੋ ਆਏ ਤੇ ਮੈਂ ਬਚਾਉ ਕਰ ਰਿਹਾ ਹਾਂ। ਮੈਂ ਚਾਹੁੰਦਾ ਤਾਂ ਕਮੇਟੀ ਵਿਚੋਂ ਗੈਰ ਹਾਜ਼ਰ ਹੋਕੇ ਬਚ ਸਕਦਾ ਸੀ,ਕਿਉਂਕਿ ਮੈਨੂੰ ਯਕੀਨ ਤੇ ਪਤਾ ਸੀ ਕਿ ਏਸ ਵਾਰੀ ਕਮੇਟੀ ਜ਼ਰੂਰ ਫੜੀ ਜਾਵੇਗੀ।"

ਅਗੇ ਆਪ ਇਸ ਫੜ ਫੜਾਈ ਦਾ ਕਾਰਣ ਲਿਖਦੇ ਹਨ:–

"ਕਿਉਂਕਿ ਅਫਸਰਾਂ ਨੂੰ ੨-੧-੨੪ ਦੇ ਲਾਹੌਰ ਦੇ ਜਲੂਸ ਤੋਂ ਗੁੱਸਾ ਸੀ। ਖੈਰ ਹੁੰਦਾ ਉਹੋ ਕੁਝ ਹੈ ਜੋ ਸਤਿਗੁਰੂ ਜੀ ਦੀ ਰਜ਼ਾ ਹੁੰਦੀ ਹੈ।"

ਇਨ੍ਹਾਂ ਦਿਨਾਂ ਵਿਚ ਹੀ ਆਪਦਾ ਇਕ ਅਜ਼ੀਜ਼ ਗੁਜ਼ਰ ਜਾਂਦਾ ਹੈ ਉਸਦੇ ਬਾਰੇ ਸਪੁੱਤ੍ਰ ਨੂੰ ਹੌਸਲਾ ਦਿੰਦੇ ਹੋਏ ਈਸ਼੍ਵਰ ਦੀ ਸਰਬ ਗਜਾਤਾ ਤੇ ਅਮਿੱਤ ਸ਼ਕਤੀ ਨੂੰ ਇਸਤਰਾਂ ਦਰਸਾਉਂਦੇ ਹਨ:–

"ਉਦਾਸ ਬਿਲਕੁਲ ਨਹੀਂ ਹੋਣਾ ਚਾਹੀਦਾ। ਇਹ ਜ਼ਰੂਰ ਹੈ ਕਿ ਸਾਰੇ ਕੰਮ ਦਾ ਬੋਝ, ਤੇ ਪਜਾਰੇ ਜਿੰਦ-ਮਾਨ-ਨਿਕੀ ਦਾ ਚਲਾਣਾ ਬਹੁਤ ਹੀ ਉਦਾਸੀ ਦਾ ਕਾਰਣ ਹੋਯਾ ਹੈ,ਪਰ ਇਹ ਸਭ ਕੁਝ ਵਾਹਿਗੁਰੂ ਦੀ ਰਜ਼ਾ ਵਿਚ ਹੀ ਸਮਝਣਾ ਚਾਹੀਦਾ ਹੈ। ਜੇ ਮੈਂ ਓਥੇ ਭੀ ਹੁੰਦਾ ਤਦ ਵਾਹਿਗੁਰੂ ਦੇ ਭਾਣੇ ਵਿਚ ਕੀ ਦਖਲ ਦੇ ਸਕਦਾ ਸੀ? ਵਾਹਿਗੁਰੂ ਦੀ ਰਜ਼ਾ ਵਿਚ ਕੋਈ ਪੀਰ ਪੈਗੰਬਰ ਔਲੀਆ, ਅਵਤਾਰ ਭੀ ਦਖਲ ਨਹੀਂ ਦੇ ਸਕਦਾ,ਤਾਂ ਅਸਾਂ ਸੰਸਾਰੀ ਜੀਵਾਂ ਦੀ ਕੀ ਗਤੀ ਹੈ? ਬੜਾ ਹੀ ਹੌਸਲਾ ਸਬਰ ਸ਼ੁਕਰ ਸੰਤੋਖ ਵਿੱਚ ਸਮਾ ਕੱਟਣਾ ਚਾਹੀਦਾ ਹੈ। ਸਤਿਗੁਰੂ ਜੀ ਕ੍ਰਿਪਾ ਕਰਨ। ਜੇ ਤੁਸੀਂ ਉਦਾਸ ਹੋਏ ਤਦ ਹੋਰਨਾਂ ਦਾ ਕੀ ਹਾਲ? ਸਗੋਂ ਤਕੜੇ ਹੋਕੇ ਬਾਲਾਂ ਦੀ ਪਜਾਰ ਦਿਲਾਸੇ ਤੇ ਤਾੜਨਾ ਨਾਲ ਸੰਭਾਲ ਰਖੋ। ਆਪਣੀ ਮਾਤਾ ਤੇ ਹੋਰ ਸਭ ਨੂੰ ਦਲਾਸਾ ਪੱਕੀ ਤਰ੍ਹਾਂ ਦੇਈ ਰਖੋ। ਮੈਂ ਹਰ ਤਰ੍ਹਾਂ ਰਾਜ਼ੀ ਹਾਂ ਤੇ ਵਾਹਿਗੁਰੂ ਦਾ ਸ਼ੁਕਰ ਹੈ।"

ਜੇਹਲ ਬੈਠਿਆਂ ਭੀ ਆਪ ਨੂੰ ਆਪਣੇ ਪਜਾਰੇ ਗੁਰੂ ਅਰਜਨ ਦੇਵ ਹਾਈ ਸਕੂਲ ਦਾ ਪੂਰਾ ਪੂਰਾ ਧਿਆਨੁ ਹੈ। ੨-੫-੨੪ ਦੀ ਪੱਤ੍ਰਕਾ ਵਿੱਚ ਆਪ ਉਪ੍ਰੋਕਤ ਸਕੂਲ ਬਾਬਤ ਪੁੱਛਦੇ ਹੋਏ ਲਿਖਦੇ ਹਨ:--

"ਸਕੂਲ ਦਾ ਐਂਟ੍ਰੈਸ ਦਾ ਨਤੀਜਾ ਆ ਗਿਆ ਹੋਵੇ ਤਾਂ ਲਿਖਣਾ। ਕਿੰਨੇ



Digitized by Panjab Digital Library | www.panjabdigilib.org

ਵਿਚੋਂ ਕਿੰਨੇ ਲੜਕੇ ਪਾਸ ਹੋਏ ਹਨ? ਤੇ ਏਸ ਸਾਲ ਏਡ ਕਿੰਨੀ ਮਿਲੀ ਹੈ?"

ਇਸੇ ਚਿੱਠੀ ਵਿੱਚ ਸੰਸਾਰ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਕ' ਸਮਝਣ ਵਾਲੇ ਵੈਦ ਜੀ ਆਪਣੇ ਇੱਕ ਮੁਸਲਮਾਨ ਮਿੱਤ੍ਰ ਬਾਰੇ ਲਿਖਦੇ ਹਨ—

"ਸ੍ਰੀ ਮਾਨ ਚੋਧਰੀ ਚਰਾਗ ਦੀਨ ਸਾਹਿਬ ਜੀ ਨੂੰ ਮੇਰੀ ਵਲੋਂ ਹੱਥ ਜੋੜਕੇ ਆਦਾਬ ਆਖਣਾ।"

ਹੌਸਲਾ ਦਿੰਦੇ ਹੋਏ ਪ੍ਰੇਮ ਪ੍ਰਗਟ ਕਰਦੇ ਤੇ ਭਾਣਾ ਮੰਨਣ ਦਾ ਭਰੋਸਾ ਦਿਵਾਉਂਦੇ ਹੋਏ ਲਿਖਦੇ ਹਨ:—

"ਸਭਨਾਂ ਨੂੰ ਮੇਰੀ ਵਲੋਂ ਡਾਢੇ ਪਜਾਰ ਤੇ ਸਤਕਾਰ ਨਾਲ ਹੱਥ ਜੋੜ ਕੇ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਤੇ ਰਾਜ਼ੀ ਖੁਸ਼ੀ ਦੀ ਖਬਰ ਦੇਣੀ। ਕਿਸੇ ਨੂੰ ਭੀ ਉਦਾਸ ਨਹੀਂ ਹੋਣ ਦੇਣਾ, ਪੂਰੀ ਤਸੱਲੀ ਦੇਣੀ। ਸਤਿਗੁਰੂ ਜੀ ਵਲੋਂ ਇਹ ਸਭ ਕੁਝ ਆਪ ਹੀ ਹੋ ਰਿਹਾ ਹੈ,ਜੋ ਸਭ ਦੇ ਭਲੇ ਵਾਸਤੇ ਹੈ।"

ਇਸੇ ਚਿੱਠੀ ਵਿਚ ਇੱਕ ਰੁੱਕਾ ਆਪਣੇ ਦਾਮਾਦ ਸਰਦਾਰ ਦਾਤਾਰ ਸਿੰਘ ਜੀ ਰਈਸ ਆਜ਼ਮ ਮਿੰਟਗੁਮਰੀ ਵੱਲ ਇਸ ਤਰਾਂ ਲਿਖਦੇ ਹਨ:--

"ਮੈਂ ਸਭ ਸਹਿਤ ਅਨੰਦ ਪ੍ਰਸੰਨ ਹਾਂ,ਸਮਾ ਬੜਾ ਚੰਗਾ ਗੁਜ਼ਰ ਰਿਹਾ ਹੈ। ਵਾਹਿਗੁਰੂ ਜੀ ਦਾ ਸ਼ੁਕਰ ਹੈ। ਇਹ ਸਭ ਕੁਝ ਸਤਿਗੁਰੂ ਜੀ ਦੇ ਚੋਜ ਹਨ,ਤੇ ਜੋ ਹੋ ਰਿਹਾ ਹੈ ਬਹੁਤ ਚੰਗਾ ਹੈ। ਅੰਨ ਜਲ ਪ੍ਰਬਲ ਹੁੰਦਾ ਹੈ। ਜਦ ਜਿੰਨਾ ਜਿੱਥੇ ਛਕਣਾ ਹੁੰਦਾ ਹੈ ਜ਼ਰੂਰੀ ਨਮਿੱਤ ਬਣ ਜਾਂਦਾ ਹੈ। ਪਬਲਕ ਵਿਚ ਸੇਵਾ ਕਰਨ ਵਾਸਤੇ ਇਹ ਲੋੜ ਪ੍ਰਤੀਤ ਹੁੰਦੀ ਸੀ। ਕਿਸੇ ਤਰਾਂ ਦਾ ਕੋਈ ਫਿਕਰ ਜਾਂ ਖਿਆਲ ਨਹੀਂ।"

੧੬ ਮਈ ੧੯੨੪ ਦੀ ਚਿੱਠੀ ਵਿਚ ਇਕ ਬਜ਼ੁਰਗ ਸੰਬੰਧੀ ਦੇ ਅਕਾਲ ਚਲਾਣਾ ਕਰ ਜਾਣ ਤੇ ਅਦਬ ਨਾਲ ਧੀਰਜ ਦਿੰਦੇ ਹੋਏ ਇਉਂ ਗੁਰਮੁਖਤਾ ਪ੍ਰਗਟ ਕਰਦੇ ਹਨ:--

"........ਜੀ ਨੂੰ ਮੇਰੀ ਵਲੋਂ ਹੱਥ ਜੋੜਕੇ ਫਤਹ ਬੁਲਾਕੇ ਅਫਸੋਸ ਕਰਨਾ ਤੇ ਕਹਿਣਾ ਕਿ ਵਡਿਆਂ ਦਾ ਆਸਰਾ ਜਿੰਨਾ ਭੀ ਹੋਵੇ ਥੋੜਾ ਹੈ,ਪਰ ਅੰਤ ਏਸ ਜੀਵਣ ਦਾ ਸਿੱਟਾ ਮੌਤ ਹੀ ਹੈ। ਅਕਾਲ ਪੁਰਖ ਜੀ ਸੱਚ ਖੰਡ



Digitized by Panjab Digital Library | www.panjabdigilib.org

ਵਾਸ ਬਖਸ਼ਣ।"

ਵਿਚਾਰਵਾਨ ਦਿਮਾਗ ਕਦ ਕਿਤੇ ਵਿਹਲਾ ਬੈਠ ਸਕਦਾ ਹੈ? ਆਪ ਨੇ ਜੇਲ੍ਹ ਵਿੱਚ ਇੱਕ ਹਿਕਮਤ ਦੀ ਪੁਸਤਕ ਲਿਖਣੀ ਅਰੰਭ ਦਿੱਤੀ ਉਸ ਬਾਰੇ ਲਿਖਦੇ ਹਨ:-

"ਏਥੇ ਹਾਲਾਂ ਕੋਈ ਹੋਰ ਖਰੜਾ ਜਾਂ ਪੁਸਤਕ ਨਾ ਭੇਜਣੀ ਮੈਂ ਇੱਕ ਹਿਕਮਤ ਦੀ ਪੁਸਤਕ ਲਿਖ ਰਿਹਾ ਹਾਂ।"

ਇਸੇ ਪੁਸਤਕ ਬਾਰੇ ਆਪ ਰਿਹਾ ਹੋਕੇ ਛਪਾਈ ਹੋਈ ਆਪਣੀ 'ਕੁਟੰਬ ਚਕਿਤਸਾ' ਨਾਮੀ ਪੁਸਤਕ ਦੀ ਮੁੱਢਲੀ ਬੇਨਤੀ ਵਿੱਚ ਜ਼ਿਕਰ ਕਰਦੇ ਹੋਏ ਲਿਖਦੇ ਹਨ:-

"ਇੱਕ ਬੜੇ ਵਿਸਤਾਰ ਵਾਲੀ ਵੈਦਕ (ਹਿਕਮਤ) ਦੀ ਪੁਸਤਕ ਲਿਖਣ ਦਾ ਉਤਸ਼ਾਹ ਚਿਰਾਂ ਤੋਂ ਦਾਸ ਦੇ ਹਿਰਦੇ ਵਿੱਚ ਭਰਿਆ ਹੋਇਆ ਹੈ। ਜਿਸਦਾ ਸੰਖੇਪ ਰੱਫ (ਮੋਟਾ ਮੋਟਾ ਵਿਸ਼ਾ) ਸ੍ਰੋ: ਗੁ: ਪ੍ਰ: ਕਮੇਟੀ ਦੇ ਦੂਜੇ ਜੱਥੇ ਨਾਲ ਮੀਆਂ ਵਾਲੀ ਜੇਲ੍ਹ ਦੀ ਯਾਤ੍ਰਾ ਕਰਨ ਸਮੇਂ ਦਾ ਮੁਕੰਮਲ ਲਿਖਿਆ ਪਿਆ ਹੈ ਆਦਿ।"

ਇਸ ਪੁਸਤਕ ਦਾ ਨਾਮ ਆਪ ਜੀ ਨੇ "ਸਰਬ ਚਕਿਤਸਾ ਰਤਨਾ-ਕਰ" ਰੱਖਿਆ ਸੀ। ਇਹ ਕੇਹੋ ਜੇਹੀ ਪੁਸਤਕ ਹੋਣੀ ਸੀ? ਇਸ ਬਾਰੇ ਏਨਾ ਦੱਸਣਾ ਹੀ ਕਾਫੀ ਹੋਵੇਗਾ ਕਿ ਇਸ ਪੁਸਤਕ ਦਾ ਤਤਕਰਾ ਲਿਖਣ ਲਈ ਹੀ ੧੩ ਕਾਪੀਆਂ ਵਰਤੀਆਂ ਗਈਆਂ ਹਨ। ਵੈਦਕ, ਯੂਨਾਨੀ, ਐਲੋਪੈਥਿਕ, ਹੋਮਜ਼ੋ ਪੈਥਿਕ, ਆਦਿਕ ਸੰਸਾਰ ਦੀਆਂ ਸਭ ਪ੍ਰਚਲਤ ਪ੍ਰਸਿੱਧ ਚਕਿਤਸਾਵਾਂ ਸੰਬੰਧੀ ਪੁਸਤਕਾਂ ਦਾ ਨਚੋੜ ਇਸ ਵਿੱਚ ਦਰਜ ਕਰਕੇ ਪੰਜਾਬੀ ਸਾਹਿਤਜ ਨੂੰ ਚਾਰ ਚੰਦ ਲਾਉਣ ਦਾ ਆਪ ਦਾ ਵਿਚਾਰ ਸੀ।

ਇਸ ਪੁਸਤਕ ਦੀ ਰਫ ਲਿਖੀ ਮੁੱਢ ਦੀ ਬੇਨਤੀ ਵਿੱਚ ਲਿਖਦੇ ਹਨ:-

"......ਚਿਰਾਂ ਤੋਂ ਅਜੇਹੀ ਪੁਸਤਕ ਲਿਖਣ ਦਾ ਵਿਚਾਰ ਸੀ ਜੋ ਸਾਂਝੀ ਤੇ ਵਰਤਮਾਨ ਸਮੇਂ ਦੇ ਸਿਲਸਿਲੇ ਅਨੁਸਾਰ ਸਭ ਦੇ ਵਿਚਾਰ ਲਾਭ ਯੋਗ ਹੋਵੇ,........ਆਦਿਕ। ਪੁਰਾਤਨ, ਨਵੀਨ, ਲਿਖਤੀ ਪੁਸਤਕਾਂ ਤੇ



Digitized by Panjab Digital Library | www.panjabdigilib.org

ਮਾਸਕ ਪੱਤ੍ਰਾਂ ਦੀ ਖੋਜ ਪੜਤਾਲ ਕਰ ਨੋਟ ਲੈਕੇ ਅਤੇ ੭੫ ਸਾਲ ਦਾ ਪਿਤਾ ਜੀ ਦਾ, ੬੦ ਸਾਲ ਦਾ ਉਸਤਾਦ ਦਾ ਤੇ ੧੯੯੭ ਤੋਂ ਹੁਣ ਤੱਕ ਦੇ ਆਪਣੇ ਤਜਰਬੇ ਨੂੰ ਮੁੱਖ ਰੱਖ ਕੇ ਪੁਸਤਕ ਤਿਆਰ ਕੀਤੀ ਗਈ ਹੈ।..."

ਪਰ ਮਾਲਕ ਨੂੰ ਮਨਜ਼ੂਰ ਨਾ ਸੀ ਵਿੱਚੇ ਹੀ ਰਹਿ ਗਿਆ। ਸੰਭਵ ਹੈ ਆਪ ਦੇ ਸਪੁੱਤ੍ਰ ਸਮਾ ਪਾਕੇ ਇਸ ਨੂੰ ਪੂਰਾ ਕਰਨ ਤੇ ਵੈਦ ਜੀ ਦੀ ਆਤਮਾ ਦੀਆਂ ਅਸੀਸਾਂ ਲੈਣ।

ਇਸੇ ਚਿੱਠੀ ਵਿੱਚ ਅਮਾਵਸ ਦੇ ਮੌਕੇ ਆਪਣੀ ਇੱਕ ਦੁਕਾਨ ਕਿਸੇ ਲੋੜਵੰਦ ਪ੍ਰੇਮੀ ਨੂੰ ਮੁਫਤ ਦੇਣ ਲਈ ਲਿਖਦੇ ਹੋਏ 'ਸਫਲ ਕਰਨ' ਦਾ ਜ਼ਿਕਰ ਇਸਤਰ੍ਹਾਂ ਕਰਦੇ ਹਨ:-

"ਹਵੇਲੀ ਨਾਲ ਦੇ ਦੁਹੱਟੇ ਨੂੰ ਅਮਾਵਸ ਦੇ ਮੌਕੇ ਤੇ ਲੱਸੀ ਮਠਾਈ ਵਗੈਰਾ ਲਗਾਵਣ ਵਾਸਤੇ......ਸਿੰਘ ਨੂੰ ਦੇ ਦੇਵਣੀ ਤੇ ਕਰਾਯਾ ਕੁਝ ਨਾ ਲੈਣਾ ਸਫਲ ਹੋਵੇਗੀ।"

ਕਿਉਂ ਹੈ ਨਾ! ਤਨ, ਮਨ ਤੇ ਧਨ ਕਰਕੇ ਸੇਵਾ ਕਰਨ ਦਾ ਚਾਉ?

ਆਪ ਹਮੇਸ਼ਾਂ ਹੀ ਦੂਰ ਨੇੜੇ ਦੇ ਸੰਬੰਧੀ ਲੜਕਿਆਂ ਨੂੰ ਰੋਜ਼ ਇੱਕ ੨ ਦੋ ਦੋ ਪੈਸੇ ਯਥਾ ਯੋਗ ਦਿੱਤਾ ਕਰਦੇ ਸਨ। ਇਸ ਚਿੱਠੀ ਵਿੱਚ ਉਨ੍ਹਾਂ ਨੂੰ ਪਿਆਰ ਲਿਖ ਦੇ ਹੋਏ ਆਖਦੇ ਹਨ:-

"ਸਭਨਾਂ ਨੂੰ ਪਿਆਰ ਤੇ ਇੱਕ ਰੁਪਏ ਦੇ ਪੇੜੇ ਲੈਕੇ ਵੰਡ ਦੇਣੇ।" ਹਿਰਦੇ ਦੀ ਕੋਮਲਤਾ! ਦਯਾ!

ਸ਼ੁਰੂ ਜੂਨ ਵਿੱਚ ਲਿਖੀ ਇੱਕ ਚਿੱਠੀ ਵਿੱਚ ਗਰਮੀ ਦਾ ਜ਼ਿਕਰ ਕਰ ਦੇ ਹੋਏ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤੇ ਸੰਤਾਂ ਗੁਰਮੁਖਾਂ ਦੇ ਸਤਸੰਗ ਤੋਂ ਬਿਰਵੇ ਹੋਣ ਦਾ ਦੁੱਖ ਦੱਸਦੇ ਹਨ ਤੇ ਉੱਵ ਭਾਣੇ ਵਿੱਚ ਅਨੰਦ ਪ੍ਰਸੰਨ ਤੇ ਰਜ਼ਾ ਵਿੱਚ ਹੀ ਪ੍ਰਸੰਤਾ ਪ੍ਰਗਟ ਕਰਦੇ ਹੋਏ ਲਿਖਦੇ ਹਨ:-

"ਭਾਵੇਂ ਏਥੇ ਸਭ ਤਰ੍ਹਾਂ ਆਰਾਮ ਹੈ ਪਰ ਜਿਸ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਅਣਹੋਂਦ, ਸੰਤਾਂ ਗੁਰਮੁਖਾਂ ਦੇ ਦਰਸ਼ਨ ਸਤਸੰਗ ਤੇ ਸੇਵਾ ਤੋਂ ਮਜਬੂਰੀ ਅਹਾਤੇ ਵਿੱਚ ਹੀ ਰਹਿਣਾ ਬਹਿਣਾ ਆਦਿ ਤੇ ਤੁਹਾਡਾ



Digitized by Panjab Digital Library | www.panjabdigilib.org

ਸਭਨਾਂ ਦਾ ਖਿਆਲ ਔਂਦਾ ਹੈ, ਤਦ ਜ਼ਰੂਰ ਦੁੱਖ ਤੇ ਖਿੱਚ ਹੁੰਦੀ ਹੈ, ਸ਼ਾਇਦ ਏਸ ਵਿੱਚ ਭੀ ਭਲਾ ਹੋਵੇ । ਗਰਮੀ ਬਹੁਤ ਹੈ ।"

ਉਸ ਸਮੇਂ ਦੇ ਸਰਕਾਰੀ ਅਫਸਰਾਂ ਦੀ ਸਖਤੀ ਅਤੇ ਅਨੀਤੀ ਦਾ ਰਵੱਯਾ ਵਰਣਨ ਕਰਦੇ ਹੋਏ ਲਿਖਦੇ ਹਨ:–

"ਜ਼ਾਲਮ ਜ਼ੁਲਮ ਤੇ ਤੁੱਲੇ ਹੋਏ ਪ੍ਰਤੀਤ ਹੁੰਦੇ ਹਨ, ਹੁਣ ਤਾਂ ਸਤਿ-ਗੁਰੂ ਜੀ ਦੇ ਬਾਹੁੜੀ ਕਰਨ ਦਾ ਵੇਲਾ ਹੈ, ਸੋ ਜ਼ਰੂਰ ਕਰਨਗੇ। ਵਿਚਾਰੇ ਮੁਲਤਾਨ ਤੇ ਜੈਤੋ ਵਾਲਜਾਂ ਦੇ ਦੁੱਖ ਸੁਣ ਸੁਣ ਕੇ ਬੜਾ ਹੀ ਦੁੱਖ ਹੁੰਦਾ ਹੈ। ਵਾਹਵਾ! ਸਭ ਕੁਝ ਸ਼ੁਕਰ ਸਬਰ ਨਾਲ ਕੱਟਿਆ ਜਾ ਰਿਹਾ ਹੈ ।"

ਕਿਸੇ ਵੇਲੇ ਬੰਦਾ ਬਾਹਰ ਆਜ਼ਾਦ ਬੈਠਾ ਭੀ ਅੱਕ ਜਾਂਦਾ ਹੈ, ਜੇਲ੍ਹ ਦਾ ਤਾਂ ਕਹਿਣਾ ਹੀ ਕੀ ਹੈ ? ਇਸੇ ਅਕਾਂਦ ਸਬੰਧੀ ਲਿਖਦੇ ਹਨ:–

"ਹੁਣ ਕੁਝ ਜੀ ਕਾਹਲਾ ਪੈ ਗਿਆ ਹੈ। ਬਹੁਤਾ ਪੜ੍ਹ ਪੜ੍ਹਕੇ ਜੀ ਘਬਰਾ ਗਿਆ ਹੈ। ਸਾਰਾ ਦਿਨ ਲੇਟ ਬੈਠ ਕੇ ਪਾਸੇ ਅੰਬ ਗਏ ਹਨ...... ਪਰ 'ਵਾਹਵਾ ! ਸਤਿਗੁਰੂ ਜੀ ਅੰਗ ਸੰਗ ਸਹਾਈ ਹੋਵਣ ।"

੨੫ ਜੂਨ ੧੯੨੪ ਦੀ ਪੱਤ੍ਰਕਾ ਵਿੱਚ ਲਿਖਦੇ ਹਨ:–

"ਮੈਂ ਹਰ ਤਰ੍ਹਾਂ ਅਨੰਦ ਪ੍ਰਸੰਨ ਹਾਂ ਸਮਾ ਪੜ੍ਹਨ ਲਿਖਣ ਤੇ ਪਾਠ ਵਿੱਚ ਚੰਗਾ ਗੁਜ਼ਰਦਾ ਹੈ।"

ਆਪ ਦੀ ਧਾਰਮਕਤਾ ਦਾ ਇਥੋਂ ਤੱਕ ਖ਼ਿਆਲ ਸੀ ਕਿ ਦੂਰ ਬੈਠਿਆਂ ਭੀ ਆਪਣਾ ਹੀ ਨਹੀਂ, ਸਗੋਂ ਘਰ ਦੇ ਤੇ ਬਾਲਾਂ ਦੀ ਧਾਰਮਕਤਾ ਦਾ ਭੀ ਪੂਰਾ ੨ ਧਿਆਨ ਸੀ।

ਆਪ ਆਪਣੀ ਇੱਕ ਵੈਰਾਗਣ ਸੰਤਣੀ ਗੁਰਮੁਖ ਵਿਦਵਾਨ ਭੈਣ ਵਲ–ਜਿਸ ਨਾਲ ਆਪ ਦਾ ਪਿਆਰ ਸੀ–ਪੁਛ ਕਰਦੇ ਹੋਏ ਲਿਖਦੇ ਹਨ:–

"ਬੀਬੀ.........ਨੂੰ ਮੇਰੀ ਵਲੋਂ ਸਤਿ ਸ੍ਰੀ ਅਕਾਲ ਆਖ ਕੇ ਤਗੀਦ ਕਰਨੀ ਕਿ ਘਰੋਂ ਤੇ ਬਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜ਼ਰੂਰ ਸੁਣਿਆ ਕਰੇ ।"

ਪਾਠਕ ਜੀ ! ਸੋਚੋ ਖਾਂ ! ਇਸ ਸਮੇਂ ਵਿਚ ਭਲਾ ਕਿਤਨੇ ਕੁ ਅਜੇਹੇ



Digitized by Panjab Digital Library | www.panjabdigilib.org

ਘਰਾਣੇ ਹੋਣਗੇ ਜਿਨ੍ਹਾਂ ਦਾ ਗੁਰਬਾਣੀ ਤੇ ਗੁਰ ਚਰਨਾਂ ਨਾਲ ਐਨਾ ਪਿਆਰ ਹੋਵੇ ?

ਆਪ ਨੂੰ ਸ਼ਾਂਤੀ ਨਾਲ ਕਿੰਨਾ ਪਿਆਰ ਹੈ ? ਸ਼ਹਿਰ ਵਿਚ ਦੋਂਹ ਮਹੰਤਾਂ ਦੀ ਅਣਬਣ ਰਹਿੰਦੀ ਸੀ, ਉਨ੍ਹਾਂ ਬਾਬਤ ਆਪਣੇ ਇਕ ਪ੍ਰੇਮੀ ਨੂੰ ਲਿਖਦੇ ਹਨ:-

"ਭਾਈ ਸੰਤ ਸਿੰਘ ਜੀ ਨੂੰ ਆਖਣਾ ਜੋ ਮਹੰਤ ਗਿਆਨ ਸਿੰਘ ਤੇ ਮਹੰਤ ਜੀਵਣ ਸਿੰਘ ਜੀ ਨੂੰ ਸਮਝਾ ਕੇ ਉਨ੍ਹਾਂ ਦਾ ਆਪਸ ਵਿਚ ਪ੍ਰੇਮ ਬਣਾਈ ਰੱਖਣ।"

ਗੁਰਦੁਆਰਾ ਸੁਧਾਰ ਲਈ ਵੈਦ ਜੀ ਮੁਹਰੀ ਸਨ ਹੀ, ਪਰ ਆਪ ਗੁਰਦੁਆਰੀਆਂ ਨਾਲ ਭੀ ਭਰਾਵਾਂ ਵਰਗਾ ਪ੍ਰੇਮ ਕਰਦੇ ਸਨ। ਦਰ ਅਸਲ ਆਪ ਦੀ ਕਿਸੇ ਨਾਲ ਭੀ ਦੁਸ਼ਮਨੀ ਨਾ ਸੀ। ਆਪ ਤਾਂ ਪੂਰੇ ਗੁਰਮੁਖ ਸਨ। ਆਪ ਦਾ ਕੂੜ ਕੁਸੱਤ ਤੇ ਕੁਕਰਮਾਂ ਨਾਲ ਵੈਰ ਸੀ, ਇਸ ਲਈ ਕੂੜੇ ਕੁਸੱਤ ਵਾਦੀ ਤੇ ਕੁਕਰਮੀਆਂ ਦਾ ਆਪ ਉਪਰ ਖਿਝਣਾ ਸੁਭਾਵਕ ਸੀ, ਪਰ ਆਪ ਸਮਾ ਪੈਣ ਤੇ ਸਭ ਦੀ ਸੇਵਾ ਕਰਨਾ ਆਪਣਾ ਮੁੱਖ ਫਰਜ਼ ਸਮਝਦੇ ਸਨ।

ਆਪ ਨੇ ਜੇਹਲ ਵਿਚ ਕਿੰਨੀਆਂ ਕੁ ਪੁਸਤਕਾਂ ਪੜ੍ਹੀਆਂ, ਇਸ ਬਾਰੇ ਅੱਗੇ ਜਾ ਕੇ ਸੰਖੇਪ ਜੇਹੀ ਲਿਸਟ ਪੇਸ਼ ਕਰਾਂਗੇ। ਏਥੇ ਹਾਲੀਂ ਏਨਾ ਹੀ ਦਸ ਦਿੰਦੇ ਹਾਂ ਕਿ ਹਜ਼ਾਰਾਂ ਨਹੀਂ ਤਾਂ ਕਈ ਸੈਂਕੜੇ ਪੁਸਤਕਾਂ ਆਪ ਨੇ ਜੇਹਲ ਵਿਚ ਪੜ੍ਹੀਆਂ ਤੇ ਹਰ ਇਕ ਉਪਰ ਸੋਚ ਕੇ ਨੋਟ ਕੀਤੇ। ਇਸ ਚਿਠੀ ਵਿਚ ਪੜ੍ਹ ਚੁੱਕੀਆਂ ਪੁਸਤਕਾਂ ਬਾਬਤ ਇਉਂ ਲਿਖਦੇ ਹਨ:-

"ਪਹਿਲੇ ਸਾਰੇ ਪੁਸਤਕ ਪੜ੍ਹ ਕੇ ਨੋਟ ਕਰ ਕੇ ਵਿਹਲੇ ਹੋ ਚੁੱਕੇ ਹਨ। ਸੋ ਜੇ ਕੋਈ ਆਇਆ ਤਦ ਦੋ ਕਨਸਤਰ ਭਰੇ ਹੋਏ ਵਾਪਸ ਕਰ ਦੇਵਾਂਗਾ ਨਹੀਂ ਤਾਂ ਰੇਲਵੇ ਪਾਰਸਲ ਕਰਾ ਕੇ ਮੋੜ ਭੇਜਾਂਗਾ।"

ਰਜ਼ਾ ਤੇ ਭਰੋਸੇ ਵਿਚ ਮਗਨ, ਸਮੇਂ ਦੀ ਚਾਲ ਵਲ ਵੇਖ ਕੇ ਲਿਖਦੇ ਹਨ:-

"ਕੋਈ ਕੁਦਰਤੀ ਖੇਡ ਵਰਤ ਰਹੀ ਹੈ, ਛੇਤੀ ਹੀ ਕੁਝ ਨਤੀਜਾ



Digitized by Panjab Digital Library | www.panjabdigilib.org

ਨਿਕਲਣ ਦੀ ਆਸ ਹੈ। ਸ੍ਰੀ ਦਰਬਾਰ ਸਾਹਿਬ ਜੀ ਤੇ ਸੰਤਾਂ ਦੇ ਨਮਸਕਾਰ ਕਰਨੀ।"

੧੦ ਜੁਲਾਈ ੧੯੨੪ ਦੀ ਚਿਠੀ ਵਿਚਲਾ ਇਕ ਸੁਤੰਤ੍ਰ ਰੁੱਕਾ ਹੈ, ਉਸ ਵਿਚ ੧੪ ਨੰਬਰ ਵਾਰ ਸ਼ਿਕਾਇਤਾਂ ਹਨ। ਠੀਕ ਪਤਾ ਨਹੀਂ ਕਿ ਇਹ ਚਿਠੀ ਲਿਖ ਕੇ ਕਿਸੇ ਅਫਸਰ ਨੂੰ ਭੇਜੀ ਗਈ ਹੈ ਜਾਂ ਜ਼ਬਾਨੀ ਸ਼ਕਾਇਤ ਕੀਤੀ ਗਈ ਹੈ? ਹਰ ਹਾਲਤ ਵਿਚ ਅਸੀਂ ਹੂ ਬਹੂ ਪਾਠਕਾਂ ਦੀ ਭੇਟ ਕਰਦੇ ਹਾਂ:-

(੧) ਅਸੀਂ ਆਦਮੀ ਹਾਂ। ਆਦਮੀ ਭੀ ਪ੍ਰਤੀਨਿਧ, ਸਾਡੇ ਨਾਲ ਆਦਮੀਆਂ ਵਾਲਾ ਵਰਤਾਉ ਹੋਣਾ ਚਾਹੀਦਾ ਹੈ।

(੨) ਸਾਡੇ ਜਿਸਮ ਕੈਦ ਕੀਤੇ ਹਨ, ਦੁਨਿਆਵੀ ਕਾਰੋਬਾਰ ਬੰਦ ਕੀਤੇ ਹਨ, ਆਤਮਾ ਨੂੰ ਠੇਸ ਪੁਜਾਨੀ ਠੀਕ ਨਹੀਂ।

(੩) ਮੁਲਾਕਾਤਾਂ ਚਿੜੀਆਂ ਤੇ ਪਰਿੰਦਿਆਂ ਵਾਕਰ, ਇਸਤ੍ਰੀ ਬੱਚੇ ਜੇ ਦੋਂਹ* ਤੋਂ ਵਧ ਹੋਵਣ?"

(੪) ਚਿਠੀਆਂ† ੧ ਸਰਕਾਰੀ ੩ ਆਪਣੇ ਖਰਚ ਤੇ ਹਫਤੇ ਵਾਰ ਵਿਹਾਰ ਅਤੇ ਅਚਾਨਕ ਲੋੜਾਂ ਤੇ।

(੫) ਭੁੰਜੇ ਸੌਣ ਦੀ ਹਾਲਤ। ਪੁਲਾੜਦਾਰ ਖੱਡੀਆਂ ਜਾਂ ਫੱਟੇ ਜੜਵਾ ਦਿਤੇ ਜਾਵਣ।

(੬) ਕੈਦ ਦੀ ਮਿਆਦ ਤਕ ਰਹਿਣ ਵਾਲੇ ਦੁਖ ਦਿਓ, ਨਾ ਕੇ ਸਾਰੀ ਉਮਰ ਵਾਸਤੇ।

(੭) ਅਫਸਰਾਂ ਪਾਸ ਹਾਲਾਤ ਪੁਚਾਣ ਵਾਸਤੇ ਭੀ ਕੋਈ ਸਾਧਨ ਨਹੀਂ। ਮੁਕਾਮੀ ਅਫਸਰ ਮਰਜ਼ੀ ਵਰਤਦੇ ਹਨ।

---

*ਦੋਂਹ ਤੋਂ ਵਧ ਦੀ ਮੁਲਾਕਾਤ ਨਹੀਂ ਸਨ ਹੋਣ ਦਿੰਦੇ ਇਹ ਇਸੇ ਗਲ ਲਈ ਲਿਖਿਆ ਹੈ। (ਲੇਖਕ)

†ਚਿਠੀ ਮਹੀਨੇ ਵਿਚ ਇਕ ਦਿੰਦੇ ਸਨ ਇਸ ਲਈ ਇਹ ਸ਼ਕਾਇਤ ਜਾਪਦੀ ਹੈ। (ਲੇਖਕ)



Digitized by Panjab Digital Library | www.panjabdigilib.org

(੮) ਸਿਆਣੇ ਵੈਰੀ ਨਾਲ ਭੀ ਵਿਗਾੜਦੇ ਹਨ ਤਾਂ ਇਸ ਤਰ੍ਹਾਂ ਜਿਸ ਤਰ੍ਹਾਂ ਵੈਰ ਘਟੇ, ਪਰ ਅਸੀਂ ਤਾਂ ਮਿੱਤ੍ਰ ਸਾਂ ਤੇ ਮਿੱਤ੍ਰ ਹੋਵਾਂਗੇ ।

(੯) 'ਧਾਰਮਕ ਕੰਮ ਵਾਸਤੇ ਕੋਈ ਰੋਕ ਨਹੀਂ' ਦੱਸ ਕੇ ਫੇਰ ਭੀ ਅਸੀਂ ਫੜੇ ਗਏ ।

(੧੦) ਮਾਸ ਮੁਸਲਮਾਨਾਂ ਨੂੰ ਸਰਕਾਰੀ ਖਰਚ ਤੇ ੩ ਵਾਰੀ ਹਫਤੇ ਵਿਚ (ਮਿਲਦਾ) ਹੈ ਸਾਨੂੰ ਆਪਣੇ ਖਰਚ ਤੇ ਭੀ ਨਹੀਂ ਔਣ ਦਿੰਦੇ ।

(੧੧) ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਦੇ ਦਰਸ਼ਨ ਪਾਠ ਵਿਚਾਰ ਤੋਂ ਸ਼ਾਂਤੀ ਮਿਲਦੀ ਹੈ, ਨਹੀਂ ਔਣ ਦਿੰਦੇ ।

(੧੨) ਲਾਇਬ੍ਰੇਰੀ ਵਿਚ ਕੋਈ ਧਾਰਮਕ ਪੁਸਤਕ ਨਹੀਂ । ਗੁਰ-ਮੁਖੀ (ਪੰਜਾਬੀ) ਦਾ ਨਾਮ ਨਿਸ਼ਾਨ ਨਹੀਂ ।

(੧੩) ਬਾਹਰ ਦੀ ਰਾਜਸੀ ਖਬਰ ਤਾਂ ਨਾ ਸਹੀ, ਦੀਨੀ ਜਾਂ ਦੁਨਿਆਵੀ ਖਬਰ ਦੀ ਭੀ ਕਰੜੀ ਰੋਕ ਹੈ ।

(੧੪) ਡਿਸਟ੍ਰਿਕ ਬੋਰਡ, ਲੋਕਲ ਬੋਰਡ, ਮਿਉਂਸਿਪੈਲਟੀ, ਮਾਰਸ਼ਲ ਲਾ, ਪਬਲਿਸਟੀ, ਲਿਟਰੇਰੀ ੧੫੦੦), ਜੰਗ,ਜਿਹਲਾਂ, ਸ੍ਰਕਾਰੀ ਲਾਇਬ੍ਰੇਰੀਆਂ । ਚੀ: ਖਾ: ਦੀ:, ਮਿਲ ਵਰਤਣ । ਦੂਖ ਨਿਵਾਰਨ, ਸੀ. ਐਮ ਕਿੰਗ ਸਾਹਿਬ, ਸ. ਬ. ਸੁੰਦਰ ਸਿੰਘ, ਰਾ. ਸਾ. ਲਾਲਾ ਸੰਤ ਰਾਮ, ਸ. ਸੇਵਾ ਰਾਮ ਸਿੰਘ ਸੈਸ਼ਨ ਜੱਜ ।"

ਨੰਬਰ (੧੪) ਨੋਟ ਦਾ ਭਾਵਾਰਥ ਸ਼ਾਇਦ ਸਾਰੇ ਪਾਠਕ ਨਾ ਸਮਝ ਸਕਣ, ਇਸ ਲਈ ਅਸੀਂ ਜ਼ਰਾ ਸਪਸ਼ਟ ਕਰ ਦਿੰਦੇ ਹਾਂ ।

ਵੈਦ ਜੀ ਨੂੰ ਆਪਣੇ ਨੋਟ ਬੜੇ ਹੀ ਸੰਖੇਪ ਤੇ ਬਾਰੀਕ ਲਿਖਣ ਦਾ ਸੁਭਾਵ ਸੀ । ਇਸ ਨੋਟ ਵਿਚ ਦਸਿਆ ਗਿਆ ਹੈ ਕਿ ਆਪ ਬਾਗ਼ੀ ਜਾਂ ਬੁਰੇ ਨਹੀਂ ਸਗੋਂ ਆਪ ਡਿਸਟ੍ਰਿਕਟ ਬੋਰਡ, ਲੋਕਲ ਬੋਰਡ ਤੇ ਮਿਉਂਸਿਪੈ-ਲਟੀ ਦੇ ਪੁਰਾਣੇ ਮੈਂਬਰ ਜੋ ਬਿਲਾ ਮੁਕਾਬਲਾ ਤੇ ਬਹੁ ਸੰਮਤੀ ਨਾਲ ਚੁਣੇ ਜਾਂਦੇ ਰਹੇ । ਮਾਰਸ਼ਲ ਲਾ ਵਿਚ ਭਾਵੇਂ ਆਪ ਨੂੰ ਧ੍ਰੂ ਘਸੀਟ ਹੋਈ ਪਰ ਆਪ ਨੇ ਪੂਰਨ ਗੁਰਸਿੱਖਾਂ ਵਾਂਗ ਸਰਕਾਰ ਦੀ ਅਮਨ ਸਥਾਪਨ ਕਰਨ ਵਿਚ



Digitized by Panjab Digital Library | www.panjabdigilib.org

ਮਦਦ ਹੀ ਕੀਤੀ ਪਬਲਕ ਨੂੰ ਬੇ ਜਾ ਜੋਸ਼ ਵਿਚ ਆ ਕੇ ਭੜਕਣ ਤੋਂ ਸਮਝਾ ਕੇ ਸ਼ਾਂਤੀ ਪੈਦਾ ਕੀਤੀ, ਜੋ ਪਰਜਾ ਤੇ ਰਾਜਾ ਦੋਹਾਂ ਵਾਸਤੇ ਲਾਭਵੰਦੀ ਸਾਬਤ ਹੋਈ। ਆਪ ਸੁਹਣੇ ਲਿਖਣ ਹਾਰ ਹਨ। ਪੰਜਾਬੀ ਲਿਟ੍ਰੇਚਰ ਪੈਦਾ ਕਰਨ ਬਦਲੇ ਆਪ ਨੂੰ ੧੫੦੦) ਰੁਪਏ ਸਰਕਾਰ ਵਲੋਂ ਇਨਾਮ ਮਿਲ ਚੁੱਕਾ ਹੈ, ਮਹਾਂ ਜੰਗ ਸਮੇਂ ਆਪ ਨੇ ਜੇਹਲਾਂ, ਹਸਪਤਾਲਾਂ ਤੇ ਮੈਦਾਨ ਜੰਗ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੁਸਤਕਾਂ ਮੁਫਤ ਭੇਜੀਆਂ। ਆਪ ਸਚ ਇਨ-ਸਾਫ ਲਈ ਪੂਰੇ ਮਿਲ ਵਰਤਨੀਏ ਤੇ ਚੀਫ ਖਾਲਸਾ ਦੀਵਾਨ ਦੇ ਮੁਢ ਤੋਂ ਹੀ ਮੈਂਬਰ ਹਨ। ਜਿਹੜਾ ਦੀਵਾਨ ਕਿ ਸਰਕਾਰ ਦੀ ਸੱਜੀ ਬਾਂਹ ਹੈ। ਦੁਖ ਨਿਵਾਰਨ ਪੱਤਰ ਦੀਆਂ ੧੪ ਸਾਲਾਂ ਦੀਆਂ ਫਾਇਲਾਂ ਫੋਲ ਕੇ ਦੇਖੀਆਂ ਜਾ ਸਕਦੀਆਂ ਹਨ। ਸੀ. ਐਮ. ਕਿੰਗ, ਡੀ. ਸੀ. ਅੰਮ੍ਰਿਤਸਰ, ਸ. ਬ. ਸੁੰਦਰ ਸਿੰਘ ਜੀ ਵਜ਼ੀਰ, ਰਾ. ਸ. ਲਾਲਾ ਸੰਤ ਰਾਮ ਈ. ਏ. ਸੀ. ਤੇ ਸ: ਸੇਵਾ ਰਾਮ ਸਿੰਘ ਜੀ ਸੈਸ਼ਨ ਜੱਜ ਆਦਿ ਸਰਕਾਰ ਦੇ ਪਤਵੰਤੇ ਅਫਸਰ ਆਪ ਨੂੰ ਅੱਛੀ ਤਰ੍ਹਾਂ ਜਾਣਦੇ ਹਨ,ਤੇ ਇਨ੍ਹਾਂ ਨਾਲ ਮਿਲ ਕੇ ਪਬਲਿਕ ਕੰਮ ਕਰਨ ਦਾ ਆਪ ਨੂੰ ਬਹੁਤ ਵਾਹ ਪਿਆ ਹੈ। ਇਨ੍ਹਾਂ ਤੋਂ ਆਪ ਬਾਬਤ ਪੁੱਛਿਆ ਜਾ ਸਕਦਾ ਹੈ, ਆਦਿ।

## ਪਰ ਹਿਤ ਬਿਹਬਲਤਾ

ਭਾਈ ਸਾਹਿਬ ਆਪਣੇ ਦੁੱਖਾਂ ਲਈ ਭਾਵੇਂ ਪ੍ਰਵਾਹ ਨਾ ਸਨ ਕਰਦੇ ਪਰ ਦੂਜੇ ਦਾ ਦੁੱਖ ਨਾ ਸਨ ਸਹਾਰ ਸਕਦੇ। ਆਪ ਦਾ ਇੱਕ ਅਜ਼ੀਜ਼ ਸੰਬੰਧੀ(ਵੱਡੇ ਭਰਾਤਾ ਜੀ ਦੇ ਇਕਲੌਤੇ ਸਪੁਤ੍ਰ ਦੀ ਯਾਦ ਇੱਕੋ•।ਇੱਕ ਪੋਤਰਾ) ਗੁਜ਼ਰ ਜਾਂਦਾ ਹੈ। ਜਿਸ ਦਾ ਅਸਰ ਆਪ ਦੇ ਕੋਮਲ ਹਿਰਦੇ ਉੱਤੇ ਬੇਹੱਦ ਹੁੰਦਾ ਹੈ,ਪਰ ਗੁਰਮੁਖਤਾ ਦਾ ਰੰਗ ਦੇਖੋ! ਸੰਸਾਰ ਦੀ ਅਸਾਰਤਾ ਤੇ ਭੁੱਲਾਂ ਵੱਲ ਦੇਖਦੇ ਹੋਏ ਲਿਖਦੇ ਹਨ:-

"ਵਾਹਿਗੁਰੂ ਦਾ ਭਾਣਾ ਅਮਿੱਟ ਹੈ। ਹੋਣੀ ਕਦੇ ਮਿੱਟ ਨਹੀਂ ਸਕਦੀ। ਪਰ ਫੇਰ ਭੀ ਅਸੀਂ ਦੁਨਯਾਵੀ ਲੋਕ ਸਮਝਦੇ ਨਹੀਂ।"



Digitized by Panjab Digital Library | www.panjabdigilib.org

ਕਿਉਂ ਹੈ ਨਾ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਹੋਇਆ ? ਵਾਹਿਗੁਰੂ ਦੇ ਨੇਮ ਤੇ ਸ਼ਕਤੀ, ਹੋਣਹਾਰ ਦਾ ਹੋਣਾ ਤੇ ਸੰਸਾਰ ਛਿਨ ਭੰਗਰ ਵੱਲੋਂ ਨਿਰਮੋਹ ਹੋਣ ਦਾ ਸਾਰ ਇਨ੍ਹਾਂ ਦੋਂਹ ਤੁਕਾਂ ਵਿੱਚ ਬੰਦ ਕੀਤਾ ਹੋਇਆ।

× × × × × ×

ਭਾਵੇਂ ਆਪ ਨੂੰ ਜੇਲ੍ਹ ਵਿੱਚ ਬੰਦ ਕੀਤਾ ਗਿਆ ਪਰ ਦਿਲ ਤਾਂ ਓਹੀ ਸੀ ਜਿਹੜਾ ਬਾਹਰ ਗਰੀਬਾਂ, ਮਹੁਤਾਜਾਂ, ਲੋੜਵੰਦਾਂ ਵਿਦਵਾਨਾਂ, ਦੇਸ਼ ਭਗਤਾਂ ਤੇ ਗੁਰਮੁਖਾਂ ਦੀ ਸੇਵਾ ਲਈ ਡੁਲ੍ਹ ਡੁਲ੍ਹ ਪੈਂਦਾ ਸੀ। ਸਪੈਸ਼ਲ ਕਲਾਸ ਵਿੱਚ ਹੋਣ ਕਰ ਕੇ ਆਪ ਨੂੰ ਆਪਣੇ ਖਰਚ ਤੇ ਕਈ ਚੀਜ਼ਾਂ ਮੰਗਾਵਾਉਣ ਦਾ ਬਾਹਰੋਂ ਅਧਿਕਾਰ ਸੀ, ਇਸ ਲਈ ਆਪ ਕੁਛ ਰੁਪਏ ਆਪਣੇ ਪਾਸ ਸਦਾ ਰੱਖ ਦੇ ਸਨ। ਵਿਸ਼ੇਸ਼ ਕਰਕੇ ਇਨ੍ਹਾਂ ਰੁਪਿਆਂ ਨੂੰ ਭੀ ਆਪ ਪਰਉਪਕਾਰ ਤੇ ਲੋੜਵੰਦਾਂ ਉੱਤੇ ਹੀ ਖਰਚ ਕਰਦੇ ਸਨ। ਕਿਉਂਕਿ ਦਿਲ ਤਾਂ ਓਹੀ ਹੈ, ਸਰੀਰ ਭਾਵੇਂ ਕੈਦ ਵਿੱਚ ਹੀ ਹੈ। ਆਪ ਨੇ ਦੇਖਿਆ ਕਿ ਬਾਬਾ ਗੁਰਦਿਤ ਸਿੰਘ ਜੀ* ਕਾਮਾਗਾਟਾ ਮਾਰੂ ਵਾਲੇ—ਜੋ ਉਸੇ ਜੇਹਲ ਵਿੱਚ ਉਨ੍ਹਾਂ ਦੇ ਨਾਲ ਹੀ ਸਨ—ਨੂੰ ਕਿਸੇ ਚੀਜ਼ ਦੀ ਲੋੜ ਹੈ, ਬੱਸ ਆਪ ਝੱਟ ਮੰਗਵਾ ਦਿੰਦੇ। ਇਸਤਰ੍ਹਾਂ ਆਪ ਨੇ ਨਕਦ ਰੁਪਏ ਨਾਲ ਭੀ ਆਪ ਦੀ ਗੁਪਤ ਪ੍ਰਗਟ

---

*ਬਾਬਾ ਗੁਰਦਿਤ ਸਿੰਘ ਜੀ ਦਾ ਜਨਮ ਪਿੰਡ ਸਰਹਾਲੀ ਮਾਘ ਸੰਮਤ੧੯੧੭ (੧੮੬੦ ਈ:) ਵਿੱਚ ਹੋਇਆ। ਕੌਮਾਗਾਟੂ ਮਾਰੂ ਜਹਾਜ਼ ਦੇ ਚਲਾਉਣ ਵਾਲੇ ਸਨ। ਬਜ ਬਜ ਘਾਟ ਤੇ ਗੋਲੀ ਚਲਣ ਸਮੇਂ ਆਪ ਬਚ ਨਿਕਲੇ। ਸੱਤ ਕੁ ਸਾਲ ਪਿੱਛੋਂ ੧੬ ਨਵੰਬਰ ੧੯੨੧ ਨਨਕਾਣਾ ਸਾਹਿਬ ਵਿਖੇ ਗ੍ਰਿਫਤਾਰ ਹੋਏ। ਪਰ ੨੮ ਫਰਵਰੀ ੧੯੨੨ ਨੂੰ ਮੁਕੱਦਮਾ ਸਾਬਤ ਨ ਹੋਵਣ ਤੇ ਰਿਹਾ ਕੀਤੇ ਗਏ, ਛੇਤੀ ਹੀ ਮੁੜ ਬਾਗੀਆਨਾ ਲੈਕਚਰ ਦੇਵਨ ਦੇ ਦੋਸ਼ ਵਿੱਚ ੧੨੪ ੳ,ਦਫਾ ਹੇਠ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗ੍ਰਿਫਤਾਰ ਕੀਤੇ ਗਏ ਤੇ ੨੬ ਜੁਲਾਈ ੧੯੨੨ ਨੂੰ ਪੰਜ ਸਾਲ ਕੈਦ ਹੋਏ ਤੇ ਇਹ ਸਜ਼ਾ ਆਪ ਉਸ ਸਮੇਂ ਮੀਆਂ ਵਾਲੀ ਜੇਲ ਵਿਖੇ ਭੁਗਤ ਰਹੇ ਸਨ। ਅੱਜ ਕੱਲ ਆਪ ਕਾਂਗਰਸੀ ਹਨ।



Digitized by Panjab Digital Library | www.panjabdigilib.org

ਕਾਫੀ ਮਦਦ ਕੀਤੀ। ਜੋ ਜੋ ਰਕਮਾਂ ਪ੍ਰਗਟ ਮਿਲਦੀਆਂ ਹਨ, ਉਹ ਅਸੀਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ, ਜਿਸ ਤੋਂ ਪਤਾ ਲੱਗੇਗਾ ਕਿ ਵੈਦ ਜੀ ਕਿਸ ਪਾਏ ਦੇ ਦਾਨੀ ਸਨ।

੮ ਸਤੰਬਰ ੧੯੨੪ ਦੀ ਪੱਤ੍ਰਕਾ ਵਿੱਚ ਆਪ ਆਪਣੇ ਸਪੁੱਤ੍ਰ ਨੂੰ ਹੋਰ ਰੁਪਏ ਭੇਜਣ ਲਈ ਲਿਖਦੇ ਹੋਏ ਦਸਦੇ ਹਨ:–

"ਮੈਂ ਏਥੋਂ ਦੇ ਰੁਪੱਯਾਂ ਵਿੱਚੋਂ ੨੫) ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਨੂੰ ਤੇ ੫) ਇੱਕ ਹੋਰ ਲੋੜ ਵੰਦ ਨੂੰ ਸਹੈਤਾ ਵੱਜੋਂ ਦੇ ਦਿੱਤੇ ਹਨ। ੪) ਦਾ ਇਕ ਮੇਜ਼ ਤਿਪਾਈ ਸਭਨਾਂ ਦੇ ਲਿਖਣ ਵਾਸਤੇ ਬਣਵਾਯਾ ਹੈ, ਆਦਿ। ੫੦) ਦੇ ਨੋਟ (ਹੋਰ) ਚਿੱਠੀ ਨਾਲ ਬੀਮਾ ਕਰਵਾਕੇ ਭੇਜ ਦੇਣੇ।"

ਕਿਉਂ ਪਾਠਕ ਜੀ ! ਡਿੱਠੀ ਜੇ ਦਾਨ ਧਾਰਾ ?

ਹੁਣ ਜ਼ਰਾ ਨਿੰਮ੍ਰਤਾ ਨਿਰਮਾਣਤਾ ਤੇ ਭਰੋਸੇ ਦਾ ਨਮੂਨਾ ਭੀ ਵੇਖੋ।

ਆਪ ਦੇ ਇੱਕ ਸੰਬੰਧੀ ਦੀ ਬੀਮਾਰੀ ਦੀ ਖਬਰ ਆਪ ਨੂੰ ਪੁੱਜ ਦੀ ਹੈ, ਪਰ-ਦੁੱਖ ਦੇਖ ਬਿਹਬਲ ਹੋ ਉੱਠਣ ਵਾਲਾ ਹਿਰਦਾ ਕੰਬਿਆ, ਸਹਮਿਆ ਪਿਘਲਿਆ ਤੇ ਸਤਿਗੁਰੂ ਅਕਾਲ ਪੁਰਖ ਨਾਲ ਜੁੜਕੇ, ਲੀਨ ਹੋਕੇ, ਇਉਂ ਪ੍ਰਾਰਥਨਾ ਕਰਨ ਲੱਗਾ:–

"...........ਦੀ ਬੀਮਾਰੀ ਦਾ ਪੜ੍ਹਕੇ ਡਾਢੀ ਹੈਰਾਨੀ ਹੋਈ, ਪਤਾ ਨਹੀਂ ਸਤਿਗੁਰੂ ਜੀ ਦੀ ਕੀਹ ਰਜ਼ਾ ਹੈ ? ਕਿਉਂ ਏਤਨਾ ਕਰੜਾ ਇਮਤਿ-ਹਾਨ ਹੋ ਰਿਹਾ ਹੈ। ਅਸੀਂ ਤਾਂ ਕੇਵਲ ਸਤਿਗੁਰੂ ਜੀ ਦੇ ਆਸਰੇ ਹਾਂ, ਕਿਸੇ ਇਮਤਿਹਾਨ ਜਾਂ ਹਿਸਾਬ ਗੋਚਰੇ ਨਹੀਂ ਹਾਂ, ਕੇਵਲ ਬਖਸ਼ਸ਼ ਦੇ ਹੀ ਪਾਤ੍ਰ ਤੇ ਯਾਚਕ ਹਾਂ। ਅਕਾਲ ਪੁਰਖ ਜੀ ਆਪਣੀ ਕ੍ਰਿਪਾ ਕਰਨ ਤੇ ਸਾਰੇ ਪ੍ਰਵਾਰਾਂ ਵਿੱਚ ਆਪਣੀ ਬਖਸ਼ਸ਼ ਦੁਵਾਰਾ ਮੇਹਰ ਕਰਨ।"

ਵਿਛੋੜਿਆਂ ਤੇ ਹੋਰ ਦੁਨਆਵੀਂ ਦੁਖਾਂ ਵਿਚ ਅਧੀਰ ਹੋਏ ਬੱਚਿਆਂ ਨੂੰ ਲਿਖਦੇ ਹੋਏ ੨੬ ਅਕਤੂਬਰ ਦੀ ਪੱਤ੍ਰਕਾ ਵਿਚ ਸਿੱਖਾਂ ਦੇ ਖਾਸੇ ਬਾਰੇ ਜ਼ਿਕਰ ਕਰਦੇ ਹਨ:–



Digitized by Panjab Digital Library | www.panjabdigilib.org

"......ਨੂੰ ਆਖਣਾ ਰੋਜ਼ ਸੁਖਮਨੀ ਸਾਹਿਬ ਦਾ ਪਾਠ ਸੁਣਾਇਆ ਕਰੇ। ਪੁਸਤਕ 'ਰੋਂਦਿਆਂ ਨੂੰ ਧਰਵਾਸਾ' ਸੁਣਾਓ ਤੇ ਹੌਸਲਾ ਦੇਓ। ਏਸ ਤਰ੍ਹਾਂ ਗਮ ਲਗਾਣਾ ਸਿੱਖਾਂ ਦਾ ਧਰਮ ਨਹੀਂ।"

ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਕਾਮਾਗਾਟਾ ਮਾਰੂ ਦਾ ਸਪੁਤ੍ਰ ਸ੍ਰ: ਬਲਵੰਤ ਸਿੰਘ ਉਨ੍ਹੀ ਦਿਨੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤਰਨ ਤਾਰਨ ਵਿਚ ਪੜ੍ਹਦਾ ਹੁੰਦਾ ਸੀ। ਵੈਦ ਜੀ ਇਕ ਪਾਸੇ ਜੇਹਲ ਵਿਚ ਬਾਬਾ ਗੁਰਦਿਤ ਸਿੰਘ ਜੀ ਦੀ ਮਦਦ ਕਰਦੇ ਹਨ ਤੇ ਦੂਜੇ ਪਾਸੇ ਬਾਹਰ ਉਸ ਦੇ ਬੱਚੇ ਨੂੰ ਮਦਦ ਦੇਂਦੇ ਹਨ ਤੇ ਹੋਰਨਾਂ ਸਜਣਾਂ ਮਿਤ੍ਰਾਂ ਨੂੰ ਭੀ ਮਦਦ ਕਰਨ ਲਈ ਪ੍ਰੇਰਦੇ ਹਨ। ਆਪ ਨਵੰਬਰ ਦੀ ਚਿਠੀ ਵਿਚ ਆਪਣੇ ਸਪੁਤ੍ਰ ਵਲ ਲਿਖਦੇ ਹਨ:-

"੨੫) ਰੁਪਏ ਬਲਵੰਤ ਸਿੰਘ ਸਪੁਤ੍ਰ ਬਾਬਾ ਗੁਰਦਿਤ ਸਿੰਘ ਜੀ ਨੂੰ ਖਰਚ ਵਾਸਤੇ ਦੇ ਦੇਵਨੇ।"

ਇਸੇ ਖਤ ਵਿਚ ਇਕ ਹੋਰ ਗੁਰਮੁਖ ਪ੍ਰੇਮੀ ਮਿਤ੍ਰ ਵਲ ਲਿਖਦੇ ਹਨ:-

"......ਸਿੰਘ ਜੀ ਨੂੰ ਆਖਣਾ ਜੋ ਜੇ ਉਨ੍ਹਾਂ ਦੇ ਜਾਂ ਕਿਸੇ ਹੋਰ ਸਜਣ ਪਾਸ ਧਰਮ ਅਰਥ ਦੇ ਰੁਪਿਆਂ ਵਿਚ ਗੁੰਜਾਯਸ਼ ਹੋਵੇ ਤਦ ੧੦੦) ਤਕ ਜਾਂ ਵਧ ਘਟ ਜਿੰਨੇ ਹੋ ਸਕਣ ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਨੂੰ ਭੇਜਣ, ਇਹ ਬਹੁਤ ਹੀ ਸਫਲ ਹੋਣਗੇ।"

ਭੇਜੇ ਗਏ ਤੇ ਸਫਲ ਹੋਏ, ਤੇ ਵੈਦ ਜੀ ਦੀ ਪ੍ਰੇਰਨਾ ਤੇ ਪ੍ਰੇਮ ਭੀ ਸਫਲ ਹੋਇਆ।

੨੬ ਨਵੰਬਰ ਨੂੰ ਇਕ ਗੁਰਮੁਖ ਪਿਆਰੇ ਬਜ਼ੁਰਗ ਵਲ ਇਸ ਤਰ੍ਹਾਂ ਲਿਖਦੇ ਹਨ:-

"ਭਾਵੇਂ ਆਮ ਹਾਲਤ ਵਿਚ ਅਜੇਹੀ ਅੱਗ ਵਿਚ ਕੁੱਦਣਾ ਚੰਗਾ ਨਹੀਂ ਲਗਦਾ, ਪਰ ਪੰਥਕ ਕੰਮ ਵਿਚ ਹਿੱਸਾ ਲੈਣ ਵਾਲੇ ਤੇ ਸੇਵਕਾਂ ਦੀ ਨਜ਼ਰ ਵਿਚ ਆਏ ਸੇਵਾ ਦਾਰਾਂ ਵਾਸਤੇ ਐਸ ਵੇਲੇ ਅਜੇਹਾ ਜ਼ਰੂਰੀ ਪ੍ਰਤੀਤ ਹੁੰਦਾ ਸੀ ਤੇ ਏਸ ਦਾ ਸਿੱਟਾ ਛੇਕੜ ਜ਼ਰੂਰ ਪੰਥ ਤੇ ਦੇਸ ਵਾਸਤੇ ਚੰਗਾ ਹੀ



Digitized by Panjab Digital Library | www.panjabdigilib.org

ਰਹੇਗਾ। ਭਾਵੇਂ ਅੱਗ ਦਾ 'ਤਾ' ਬਹੁਤ ਕਰੜਾ ਹੁੰਦਾ ਹੈ, ਪਰ ਬਿਨਾ ਕਰੜਾ 'ਤਾ' ਸਹਾਰੇ ਦੇ ਮੈਲ ਭੀ ਨਹੀਂ ਸੜਦੀ। ਸੋ ਆਸ ਹੈ ਸਤਿਗੁਰੂ ਸੱਚੇ ਪਾਤਸ਼ਾਹ ਜੀ ਅਸਾਂ ਨਿਮਾਣਿਆਂ ਦੀ ਏਹ ਘਾਲ ਥਾਂ ਪਾਵਣਗੇ। ਇਹ ਸੱਚ ਹੈ ਕਿ ਜੇ ਸ੍ਰੋ: ਕਮੇਟੀ ਦਾ ਦੂਜਾ ਜੱਥਾ ਫੜਣ ਦੀ ਗ਼ਲਤੀ ਸਰਕਾਰੀ ਅਫਸਰ ਨਾ ਕਰਦੇ ਤਦ ਪੰਥ ਵਿਚ ਏਹ ਜਾਗ੍ਰਤਿ ਪੈਦਾ ਹੋਣੀ ਕਠਨ ਸੀ। ਏਥੋਂ ਤਕ ਕਿ ਪੰਜ ਪੰਜ ਸੌ ਦੇ ਜੱਥੇ, ਪੰਜ ਪੈਸਾ ਤੇ ਪੰਜ ਆਨਾ ਫੰਡ ਤੇ ਇਹ ਪ੍ਰਚਾਰ ਭੀ ਹੋਣੇ ਸਨ। ਭਾਵੇਂ ਬਹੁਤ ਸਾਰੇ ਕੌਮ ਘਾਤਕਾਂ ਨੇ 'ਸੁਧਾਰ' ਤੇ 'ਜ਼ੈਲ ਕਮੇਟੀਆਂ' ਘੜ ਕੇ ਬਹੁਤ ਨੁਕਸਾਨ ਪੁਜਾਇਆ ਹੈ, ਪਰ ਅੰਤ ਸੱਚ ਦੀ ਜੈ ਹੈ। ਆਸ ਸੀ ਜੋ ਵਧ ਤੋਂ ਵਧ ਛੇ ਮਹੀਨੇ ਲੱਗਣ ਗੇ ਪਰ ਕੌਮ ਘਾਤਕਾਂ ਦੀਆਂ ਚਾਲਾਂ ਅਤੇ ਗੁਰੂ ਜੀ ਦੇ ਭਾਣੇ ਵਿੱਚ ਦੇਰ ਹੋ ਰਹੀ ਹੈ, ਪਰ ਏਸ ਵਿੱਚ ਭੀ ਕੁਝ ਭਲਾਈ ਹੀ ਹੋਵੇਗੀ। ਦਾਸ ਨੂੰ ਭਾਵੇਂ ਦੋ ਚਾਰ ਦਿਨ ਪਹਿਲੋਂ ਪਤਾ ਸੀ ਜੋ ਏਸ ਵਾਰੀ ਜ਼ਰੂਰ ਫੜੇ ਜਾਣਾ ਹੈ, ਪਰ ਏਸ ਸਮੇਂ ਪਿਛੇ ਲੁਕਣਾ ਆਤਮਾ ਦਾ ਘਾਤ ਕਰਨਾ ਸੀ, ਸੋ ਏਸ ਭੁੱਲ ਨੂੰ ਬਖਸ਼ ਕੇ ਅਸੀਸ ਦੇਣੀ ਜੋ ਇਹ ਘਾਲ ਥਾਂ ਪਵੇ ਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਪ੍ਰਵਾਨ ਹੋਵੇ।"

ਇਸ ਨੂੰ ਆਖਦੇ ਹਨ,ਗੁਰ ਸਿੱਖੀ ਲਗਨ ਦਾ ਨਮੂਨਾ ਤੇ ਮਾਯਾ ਮੋਹ ਤੋਂ ਉੱਚੇ ਕੇਵਲ ਗੁਰ ਚਰਨ ਕਮਲਾਂ ਦਾ ਪ੍ਰੇਮ।

੨੯ ਨਵੰਬਰ ੧੯੨੪ ਨੂੰ ਆਪਣੇ ਸਪੁੱਤ੍ਰ ਵੱਲ ਲਿਖੀ ਪਤ੍ਰਕਾਂ ਵਿੱਚ ਫੇਰ ਲਿਖਦੇ ਹਨ:-

*"ਬਲਵੰਤ ਸਿੰਘ ਜੀ ਨੂੰ ੨੫) ਤੇ ਚਿੱਠੀ ਦੇਕੇ ਓਸ ਤੋਂ ਚਿੱਠੀ ਲੈਕੇ ਨਾਲ ਹੀ ਭੇਜ ਦੇਣੀ। †ਬਾਬਾ ਜੀ ਵਾਸਤੇ ਜੋ ਸਹੈਤਾ ਹੋਵੇ ਗੁਪਤ ਹੀ ਹੋਵੇ। ਮਨੀਆਰਡਰ ਉਨ੍ਹਾਂ ਦੇ ਨਾਮ ਤੇ ਹੀ ਆ ਜਾਵੇ ਤੇ ਕੂਪਨ ਤੇ ਕੇਵਲ ਰਾਜ਼ੀ ਖੁਸ਼ੀ ਤੇ ਫਤਹਿ ਹੀ ਹੋਵੇ ਬੇਸ਼ਕ ਲਿਖ ਦੇਣਾ ਜੋ ਮੇਰੇ (ਮੋ:

---

*ਸਪੁੱਤ੍ਰ ਬਾਬਾ ਗੁਰਦਿਤ ਸਿੰਘ

†ਬਾਬਾ ਗੁਰਦਿਤ ਸਿੰਘ।



Digitized by Panjab Digital Library | www.panjabdigilib.org

ਸਿੰਘ ਦੇ) ਕਹੇ ਅਨੁਸਾਰ ਏਹ ਸੇਵਾ ਹੈ ਜਿਸ ਤੇ ਉਹ ਵਾਪਸ ਨਾ ਕਰਨ।"

ਏਥੇ ਹੀ ਬਸ ਨਹੀਂ ਆਪ ੧੦ ਦਸੰਬਰ ਦੀ ਚਿਠੀ ਵਿਚ ਫੇਰ ਪੁੱਛ ਕਰਦੇ ਹਨ:–

'ਕੀ ਸ੍ਰ: ਬਲਵੰਤ ਸਿੰਘ ਜੀ ਵਿਦਿਆਰਥੀ ਨੂੰ ਬੋਰਡਿੰਗ ਵਿਚ ੨੫) ਦੇ ਦਿਤੇ ਸਨ ?"

ਇਸੇ ਚਿੱਠੀ ਵਿਚ ਆਪ ਸਕੂਲ ਦੀ ਉੱਨਤੀ ਦਾ ਧਿਆਨ ਰੱਖਦੇ ਹੋਏ ਲਿਖਦੇ ਹਨ:–

"ਭਾਈ ਸੰਤ ਸਿੰਘ ਜੀ ਨੂੰ ਆਖਣਾ ਜੋ ਭਾਈ ਸੁੰਦਰ ਸਿੰਘ ਜੀ ਭਾਈ ਅਮਰ ਸਿੰਘ ਜੀ ਮੰਡੀ ਵਾਲਿਆਂ ਨੂੰ ਨਾਲ ਪ੍ਰੇਰ ਕੇ ਭਾਈ ਈਸ਼ਰ ਸਿੰਘ ਜੀ ਸ਼ਾਹੂਕਾਰ ਨੂੰ ਪ੍ਰੇਰਨਾ ਕਰਨ ਜੋ ਓਹ ਮੜੀਆਂ ਵਾਲੀ ਜ਼ਮੀਨ ਆਪਣੇ ਇਕਰਾਰ ਮੂਜਬ ਸਕੂਲ ਵਾਸਤੇ ਦਾਨ ਕਰ ਦੇਵਨ। ਇਕਰਾਰ ਕੀਤੇ ਅਨੁਸਾਰ ਉਹ ਸੰਕਲਪ ਤਾਂ ਓਦੋ ਦੀ ਹੀ ਹੋਈ ਹੋਈ ਹੈ ਹੁਣ ਇਕਰਾਰ ਪੂਰਾ ਕਰਨ, ਵਾਹਿਗੁਰੂ ਵਧ ਤੋਂ ਵਧ ਬਰਕਤ ਬਖਸ਼ੇਗਾ।"

ਇਸੇ ਹੀ ਚਿਠੀ ਵਿਚ ਆਪ ਚੀਫ ਖਾਲਸਾ ਦੀਵਾਨ ਤੇ ਉਨ੍ਹਾਂ ਵਲੋਂ ਪੇਸ਼ ਕੀਤੇ ਗੁਰਦੁਆਰਾ ਬਿਲ ਬਾਬਤ ਆਪਣੀ ਰਾਇ ਇਸ ਤਰ੍ਹਾਂ ਪ੍ਰਗਟ ਕਰਦੇ ਹਨ:–

> "ਚੀ: ਖਾ: ਦੀ: ਦਾ ਬਿੱਲ ਸ੍ਰੋ: ਕਮੇਟੀ ਤੇ ਅਕਾਲੀਆਂ ਦੀ ਹਸਤੀ ਮਿਟਾਉਣ ਦੀ ਨੀਯਤ ਨਾਲ ਹੈ। ਗੁਰੂ ਜੀ ਇਨ੍ਹਾਂ ਲੋਕਾਂ ਨੂੰ ਸੁਮਤਿ ਬਖਸ਼ਨ ਤੇ ਆਪਣੀ ਜ਼ਾਹਰੀ ਕਲਾ ਵਿਖਾਣ।"

ਇਸੇ ਮਹੀਨੇ ਵਿੱਚ ਹੀ ੫੦) ਕਾਕਾ ਬਲਵੰਤ ਸਿੰਘ ਸਪੁੱਤ੍ਰ ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਤੇ ੨੦੦) ਬਾਬਾ ਗੁਰਦਿਤ ਸਿੰਘ ਜੀ ਨੂੰ ਹੋਰ ਦਿੱਤੇ ਜਾਂਦੇ ਹਨ, ਜਿਨ੍ਹਾਂ ਬਾਰੇ ਆਪ ੧੬ ਤੇ ੨੦ ਦਸੰਬਰ ਦੀਆਂ ਚਿੱਠੀਆਂ ਵਿੱਚ ਲਿਖਦੇ ਹਨ:–

"ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਵਾਸਤੇ ੨੦੦) ਦੋ ਸੌ ਰੁਪਏ ਦੀ ਮੇਰੀ ਚਿੱਠੀ ਲੈਕੇ ਓਨ੍ਹਾਂ ਦਾ ਆਦਮੀ ਆਵੇਗਾ, ਦੇ ਦੇਵਣੇ।"



Digitized by Panjab Digital Library | www.panjabdigilib.org

ਬਲਵੰਤ ਸਿੰਘ ਬਾਰੇ ਲਿਖਦੇ ਹਨ:–

"੫੦) ਓਸ ਦੇ ਖਰਚ ਵਾਸਤੇ ਕਾਫੀ ਹਨ।"

ਅਗਲੀ ਚਿੱਠੀ ਵਿੱਚ ਫੇਰ ਪੁਛ ਕਰਦੇ ਹਨ:–

"ਬਾਬਾ ਜੀ ਦਾ ਆਦਮੀ ਆਸ ਹੈ, ੨੦੦) ਲੈ ਗਿਆ ਹੋਵੇਗਾ।"

ਇਸ ੨੫ ਦਸੰਬਰ ਦੀ ਚਿੱਠੀ ਵਿੱਚ ਨੌਕਰ ਸ਼ਾਹੀ ਦੀ ਕੂਟ ਨੀਤੀ ਤ ਆਪਣੇ ਦੇਸੀ ਭੁਲੇ ਭਰਾਵਾਂ ਦਾ ਰਵੱਯਾ ਅਨੁਭਵ ਕਰਕੇ ਲਿਖਦੇ ਹਨ:–

"ਜ਼ੈਲ ਕਮੇਟੀਆਂ ਤੇ ਸੁਧਾਰ ਕਮੇਟੀਆਂ ਨੂੰ ਭਾਵੇਂ ਬਹੁਤ ਹਲਾ ਸ਼ੇਰੀ ਮਿਲ ਰਹੀ ਹੈ। ਪਰ ਅੰਤ ਨੂੰ ਸੱਚ ਦੀ ਜੈ ਹੋਵੇਗੀ।"

ਉਸ ੨੦੦) ਦੀ ਪਹੁੰਚ ਉਪ੍ਰੰਤ ਇੱਕ ਹੋਰ ਚਿੱਠੀ ਵਿੱਚ ੬੦) ਹੋਰ, ਪਾਸੋਂ ਦਿੰਦੇ ਹੋਏ ਲਿਖਦੇ ਹਨ:–

"ਬਾਬਾ ਜੀ ਦਾ ਕੰਮ ਓਸ ੨੦੦) ਨਾਲ ਕਲਕੱਤੇ ਸ਼ੁਰੂ ਹੋਗਿਆ ਹੈ। ੬੦) ਦੀ ਹੋਰ ਲੋੜ ਪਈ ਸੀ ਸੋ ਏਥੋਂ ਪ੍ਰਬੰਧ ਕਰਕੇ ਭੇਜੇ ਗਏ ਹਨ।"

ਇਹ ਰੁਪਏ ਬਾਬਾ ਜੀ ਨੇ ਕੋਮਾਗਾਟਾ ਮਾਰੂ ਜਹਾਜ਼ ਬਾਰੇ ਸਰਕਾਰ ਨਾਲ ਮੁਕੱਦਮਾ ਕਰਨ ਲਈ ਤੇ ਆਪਣੇ ਹੋਰ ਜ਼ਰੂਰੀ ਖ਼ਰਚ ਲਈ ਲਏ ਸਨ।

ਇਸੇ ਚਿੱਠੀ ਵਿੱਚ ਆਪਣੇ ਸਪੁੱਤ੍ਰ ਨੂੰ ਹੌਸਲਾ ਦਿੰਦੇ ਹੋਏਲਿਖਦੇ ਹਨ:–

"ਮੈਂ ਸਮਝ ਰਿਹਾ ਹਾਂ ਜੋ ਤੁਹਾਨੂੰ ਅਚਾਨਕ ਹੀ ਸਾਰੇ ਕੰਮਾਂ ਦੇ ਬੋਝ ਹੇਠ ਦੱਬਨਾ ਪਿਆ, ਤੇ ਸਭ ਦੀ ਜ਼ਿੰਮੇਵਾਰੀ ਲੈਕੇ ਔਖ ਹੋਇਆ ਹੈ, ਪਰ ਇਸ ਵਿੱਚ ਸਤਿਗੁਰੂ ਜੀ ਵੱਲੋਂ ਭਲਾਈ ਭੀ ਬਹੁਤ ਹੀ ਹੋਈ ਹੈ। ਜਿਸ ਦਾ ਫਲ ਭੀ ਬਹੁਤ ਚੰਗਾ ਹੋਵੇਗਾ।"

ਭਾਈ ਸਾਹਿਬ ਜੀ ਨੇ ਭਾਵੇਂ ਅਨੇਕ ਵਾਰ ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਦੀ ਗੁਪਤ ਪ੍ਰਗਟ ਨਕਦ ਤੇ ਦਵਾਈਆਂ ਆਦਿ ਰਾਹੀਂ ਪੁੱਜਕੇ ਸੇਵਾ ਕੀਤੀ, ਪਰ ਇਹ ੨੦੦) ਰੁਪਿਆ ਤਾਂ ਖਾਸ ਮੌਕੇ ਉੱਤੇ ਦਿੱਤਾ ਗਿਆ ਸੀ, ਜਿਸ ਵੇਲੇ ਬਾਬਾ ਜੀ ਨੂੰ ਅਤਜੰਤ ਲੋੜ ਸੀ।



Digitized by Panjab Digital Library | www.panjabdigilib.org

ਕਿਉਂਕਿ ਬਾਬਾ ਜੀ ਨੇ ਸੈਕ੍ਰੇਟਰੀ ਆਫ ਸਟੇਟ ਫਾਰ ਇੰਡੀਆ ਉੱਪਰ ਕੋਮਾ ਗਾਟਾ ਮਾਰੂ ਜਹਾਜ਼ ਵਿੱਚ ਹੋਏ ਨੁਕਸਾਨ ਬਾਰੇ ਢਾਈ ਲੱਖ ਦਾ ਦਾਵਾ ਕਰਨਾ ਸੀ, ਜਿਸਦੀ ਕਾਨੂੰਨੀ ਮੁਨਯਾਦ ਖਤਮ ਹੋਣ ਵਿੱਚ ਐਵੇਂ ਗਿਣਤੀ ਦੇ ਹੀ ਦਿਨ ਬਾਕੀ ਸਨ, ਜਿਸ ਦਾ ਜ਼ਿਕਰ ਬਾਬਾ ਜੀ ਵੈਦ ਜੀ ਬਾਰੇ ਬੰਬਈ ਤੋਂ ਲਿਖੀ ਹੋਈ ਆਪਣੀ ਪੰਜ ਅਪ੍ਰੈਲ ੧੯੩੮ ਦੀ ਪੱਤ੍ਰਕਾ ਵਿੱਚ ਭੀ ਕਰਦੇ ਹਨ।

ਚਿੱਠੀ ਦਾ ਅਸਲ ਮਜ਼ਮੂਨ ਇਸਤਰ੍ਹਾਂ ਹੈ:-

"ਪਿਆਰੇ ਵੀਰ ਅਤੇ ਮਾਨ ਯੋਗ ਕਵੀਸ਼ਰ ਸ੍ਰ:ਮੁਨਸ਼ਾ ਸਿੰਘ ਜੀਉ!

ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਰਾਜ ਦੀ ਬਾਬਤ ਲਿਖਣ ਵਾਸਤੇ ਨਾ ਮੈਂ ਵਿਦਵਾਨ ਅਤੇ ਨਾ ਹੀ ਕਵੀ ਹਾਂ, ਮੈਂ ਆਪਣੀ ਮੋਟੀ ਜ਼ਬਾਨ ਵਿੱਚੋਂ ਤਾਂ ਉਨ੍ਹਾਂ ਦੀ ਉਪਮਾਂ ਕਰਨ ਵਾਸਤੇ ਕੁਛ ਸੁਹਣੇ ੨ ਸ਼ਬਦ ਉਚਾਰਣ ਦੀ ਸਮਰਥਾ ਹੀ ਨਹੀਂ ਰੱਖ ਦਾ, ਪਰ ਮੇਰੇ ਹਿਰਦੇ ਵਿੱਚ ਉਨ੍ਹਾਂ ਦੀ ਮਿੱਠੀ ਬਾਣੀ ਅਤੇ ਦੇਵਤਾ ਜੈਸੀ ਸ਼ਕਲ ਹਰ ਵਕਤ ਓਸੇ ਤਰ੍ਹਾਂ ਹੀ ਜਲਵਾ ਵਿਖਾਂਦੀ ਰਹਿੰਦੀ ਹੈ, ਜਿਸਤਰ੍ਹਾਂ ਕਿ ਉਹ ਆਪਣੀ ਗੱਦੀ ਉੱਤੇ ਬੈਠੇ ਹੋਏ ਗਰੀਬਾਂ ਨੂੰ ਮੁਫਤ ਦਵਾਈਆਂ ਵੰਡਦੇ ਹੋਏ ਦੁਖੀਆਂ ਦਾ ਦੁੱਖ ਦਵਾਈਆਂ ਦੇਣ ਤੋਂ ਪਹਿਲਾਂ ਹੀ ਮਿੱਠੀਆਂ ਗੱਲਾਂ ਅਤੇ ਪਿਆਰ ਨਾਲ ਹੀ ਹਟਾ ਦਿੱਤਾ ਕਰਦੇ ਸਨ।

ਅਤੇ ਮੈਂ ਤਾਂ ਉਨ੍ਹਾਂ ਦਾ ਹੇਠ ਲਿਖੀਆਂ ਗੱਲਾਂ ਕਰਕੇ ਖ਼ਾਸ ਰਿਣੀ ਹਾਂ:-ਸਾਕਾ ਬਜ ਬਜ ਦੇ ਪਿੱਛੋਂ ਉਨ੍ਹਾਂਨੇ ਆਪਣੇ ਅਖਬਾਰ'ਦੂਖ ਨਿਵਾਰਨ' ਵਿੱਚ ਮੇਰੇ ਤੇ ਮੇਰੇ ਸਾਥੀਆਂ ਨਾਲ ਹਮਦਰਦੀ ਭਰੇ ਲੇਖ ਲਿਖੇ ਸਨ। ਭਾਵੇਂ ਆਪ ਚੀਫ ਖਾਲਸਾ ਦੀਵਾਨੀਆਂ ਦੇ ਸਾਥੀ ਸਨ। (ਚੀ: ਖਾ: ਦੀ: ਦੇ ਮੈਂਬਰ ਸਨ) ਪਰ ਖਾਲਸਾ ਐਜੂਕੇਸ਼ਨਲ ਕਾਨਫ੍ਰੰਸ ਫੀਰੋਜ਼ਪੁਰ ਵਿੱਚ ਬਜ ਬਜ ਘਾਟ ਬਾਬਤ ਸਰਕਾਰ ਨੂੰ ਖੁਸ਼ ਕਰਨ ਵਾਲੇ ਮਤੇ ਦੇ ਭੀ ਆਪ ਹਾਮੀ ਨਹੀਂ ਹੋਏ ਸਨ। ਫੇਰ ਜਦ ਮੈਂ ਬਜ ਬਜ ਦੀਆਂ ਗੋਲੀਆਂ ਤੋਂ ਬਚਕੇ ਹਥੇਲੀ ਉੱਤੇ ਜਾਨ ਰੱਖੀ ਫਿਰਦਾ ਸੀ, ਓਸ ਵੇਲੇ ਮੈਂ ਇਨ੍ਹਾਂ ਪਾਸੋਂ ਹੀ



Digitized by Panjab Digital Library | www.panjabdigilib.org

ਦਵਾਈਆਂ (ਮੁਫਤ) ਮੰਗਵਾਕੇ ਦਵਾਈ ਫਰੋਸ਼ਾਂ ਦੀ ਸ਼ਕਲ ਵਿੱਚ ਕੁਛ ਦਿਨ ਕੱਟੇ ਸਨ ।

ਆਖਰ ਸੰਨ ੧੯੨੫ ਵਿੱਚ ਦੇਵਤਾ ਸਰੂਪ ਭਾਈ ਸਾਹਿਬ ਜਦ ਮੀਆਂ ਵਾਲੀ ਜੇਲ੍ਹ ਵਿੱਚ ਮੇਰੇ ਨਾਲ ਰਹੇ ਸਨ ਤਾਂ ਸਰਕਾਰ ਉੱਤੇ ਮੈਂ ਢਾਈ ਲੱਖ ਦਾ ਦਾਵਾ ਕਰਨਾ ਸੀ, ਤਦ ਖਰਚ ਦੀ ਡਾਢੀ ਲੋੜ ਦੇ ਵੇਲੇ ਇਨ੍ਹਾਂ ਨੇ ੨੦੦) ਰੁਪਯਾ ਸਹੈਤਾ ਜਾਂ ਮਦਦ ਵਜੋਂ ਦਿੱਤਾ ਸੀ ।

ਮੈਨੂੰ ਆਸ ਨਹੀਂ ਸੀ ਕਿ ਭਾਈ ਸਾਹਿਬ ਜੀ ਦੀ ਬਾਬਤ ਮੈਨੂੰ ਕੁਛ ਲਿਖਣਾ ਪਵੇਗਾ । ਸਗੋਂ ਮੈਂ ਆਸ ਕਰਦਾ ਸਾਂ ਕਿ ਉਮਰ ਦੇ ਲਿਹਾਜ਼ ਨਾਲ ਭਾਈ ਸਾਹਿਬ ਜੀ ਨੂੰ ਹੀ ਮੇਰੀ ਜ਼ਿੰਦਗੀ ਉੱਪਰ ਕੁਛ ਲਿਖਣਾ ਪਵੇਗਾ । ਪਰ ਭਾਣਾ ਅਮਿੱਟ ਹੈ । ਕਾਦਰ ਦੀ ਕੁਦਰਤ ਨਿਆਰੀ ਹੈ ।" 'ਕੌਮੀ ਖਾਦਮ ਗੁਰਦਿਤ ਸਿੰਘ'

ਬਾਬਾ ਜੀ ਦੀ ਇਸ ਲਿਖਤ ਉੱਤੇ ਕਿਸੇ ਟੀਕਾ ਟਿਪਣੀ ਦੀ ਲੋੜ ਨਹੀਂ ਭਾਸਦੀ ।

ਵੈਦ ਜੀ ਇੱਕ ਪਤ੍ਰਕਾ ੧੬ ਦਸੰਬਰ ਨੂੰ ਹੀ ਆਪਣੇ ਇੱਕ ਬਜ਼ੁਰਗ ਵੱਲ ਲਿਖਦੇ ਹੋਏ ਸਿੱਖਾਂ ਤੇ ਹੋ ਰਹੇ ਕਸ਼ਟ, ਗੁਰਮੁਖਾਂ ਦੀਆਂ ਕੁਰਬਾਨੀਆਂ, ਜੇਲ੍ਹਾਂ ਦੀ ਦਸ਼ਾ, ਸੰਸਾਰ ਤੋਂ ਉਪਰਾਮਤਾ ਤੇ ਸਤਿਗੁਰਾਂ ਦੇ ਚਰਨ ਕਮਲਾਂ ਨਾਲ ਪ੍ਰੇਮ ਦੀ ਝਾਕੀ ਇਸਤਰ੍ਹਾਂ ਵਰਣਨ ਕਰਦੇ ਹਨ:-

"ਵਾਹਵਾ ! ਸਤਿਗੁਰੂ ਜੀ ਦੇ ਭਾਣੇ ਵਿੱਚ ਹੀ ਸਭ ਕੁਝ ਹੈ,ਅਤੇ ਓਸ ਵੱਲੋਂ ਕੁਝ ਚੰਗਿਆਈ ਵਾਸਤੇ ਹੀ ਸਭ ਹੋ ਰਿਹਾ ਹੈ। ਪਰ ਜਦ ਨਾਭਾ ਬੀੜਾਂ, ਮੁਲਤਾਨ, ਰਾਵਲ ਪਿੰਡੀ, ਕੈਮਲਪੁਰ,ਜਿਹਲਮ ਆਦਿ ਦੇ ਵਰਤਾਰੇ ਸੁਣੀਂਦੇ ਹਨ ਜਾਂ ਸਨਮਾਨ ਯੋਗ ਸਿਦਕ ਮੂਰਤੀ ਬਾਬਾ ਖੜਗ ਸਿੰਘ ਜੀ ਦੀ ਕੁਰ-ਬਾਨੀ ਤੇ ਕਸ਼ਟਾਂ ਵੱਲ ਧਿਆਨ ਜਾਂਦਾ ਹੈ ਤਾਂ ਜਾਨ ਕੰਬ ਜਾਂਦੀ ਹੈ ਤੇ ਬਿਹ-ਬਲ ਹੋਈਦਾ ਹੈ, ਜੋ ਗੁਰੂ ਕੇ ਪਜਾਰਯਾਂ ਨੂੰ ਅਜੇਹੇ ਕਰੜੇ ਤਸੀਹੇ ! ਕਦੋਂ ਸਤਿਗੁਰੂ ਜੀ ਵਿਰਦ ਪਾਲਣਗੇ ?ਕਿੱਥੇ ਬੰਗਾਲ ਵਿੱਚ ੧੨ ਗ੍ਰਿਫਤਾਰੀਆਂ ਹੋਣ ਨਾਲ ਦੁਨੀਆਂ ਤੇ ਤਰਥੱਲ ਪੈ ਗਈ ਹੈ, ਕਿੱਥੇ ਸੈਂਕੜੇ ਗੁਰ ਸਿੱਖਾਂ



Digitized by Panjab Digital Library | www.panjabdigilib.org

ਦੀਆਂ ਕੁਰਬਾਨੀਆਂ ਨਾਲ ਵੀ ਪ੍ਰਤੱਖ ਕੁਝ ਨਹੀਂ ਪ੍ਰਤੀਤ ਹੁੰਦਾ । ਜੇਲ੍ਹ ਸੱਚ ਮੁਚ ਘੋਰ ਨਰਕਾਂ ਦਾ ਪ੍ਰਤੱਖ ਨਮੂਨਾ, ਖਰਾਬੀਆਂ ਦੇ ਕਾਲਜ ਤੇ ਜ਼ੁਲਮਾਂ ਦੇ ਮਹਾਂਕੁੰਡ ਹਨ ।

ਮਿਉਂਸਿਪਲ ਕਮੇਟੀ ਵਾਸਤੇ ਜੋ ਦਾਸ ਦੀ ਇੱਛਾ ਸੀ ਓਹ ਕੇਵਲ ਸ੍ਰੀ ਮਾਨ ਜੀ ਵੱਲੋਂ ਲੋਕਾਂ ਤੇ ਹੋਰ ਵਧੇਰੇ ਉਪਕਾਰ ਹੋਣ ਦੇ ਖਿਆਲ ਨਾਲ ਸੀ । ਉਂਵ ਜਿੰਨਾ ਸਮਾ ਸਤਸੰਗ ਵਿੱਚ ਲੱਗੇ ਓਹੋ ਹੀ ਸਫਲ ਹੈ। ਏਹ ਬਖੇੜੇ ਹੀ ਹਨ । ਮੈਂ ਆਪ ਕਮੇਟੀ, ਚੀਫ ਖਾਲਸਾ ਦੀਵਾਨ ਆਦਿਕ ਬਖੇੜਿਆਂ ਤੋਂ ਉਪਰਾਮ ਸੀ। ਪਰ ਕੁਝ ਸਾਧਨ ਹੀ ਅਜੇਹੇ ਹੁੰਦੇ ਰਹੇ । ਸੋ ਗੁਰੂ ਨੇ ਇਹ ਸੁਭਾਵਕ ਹੀ ਸਾਂਗਾ ਤਜਾਗ ਦਾ ਕਰ ਦਿੱਤਾ ਹੈ। ਤੇ ਨਾਲ ਹੀ ਪਿਆਰੇ ਸਰਦਾਰ ਤ੍ਰਿਲੋਕ ਸਿੰਘ ਜੀ ਵਲੋਂ ਕੰਮ ਦੀ ਸੰਭਾਲ ਤੇ ਘਰ ਦਿਆਂ ਤੋਂ ਕੁਝ ਸਮਾ ਦੂਰ ਰਹਿਣ ਆਦਿ ਦੇ ਕਈ ਵਰਤਾਰੇ ਲਾਭ ਵੰਦੇ ਪ੍ਰਤੀਤ ਹੁੰਦੇ ਹਨ ਤੇ ਬਹੁਤ ਸਾਰੇ ਸਜਣਾਂ ਮਿਤ੍ਰਾਂ ਸੰਬੰਧੀਆਂ ਹਿਤਕਾਰੀਆਂ ਦੇ ਹਿਤਾਂ ਦਾ ਭੀ ਤਜਰਬਾ। ਸ੍ਰੀ ਮਾਨ ਜੀ ਦੇ ਪਵਿਤ੍ਰ ਚਰਨਾਂ ਦੀ ਬਰਕਤ ਏਨਾ ਤਜਰਬਿਆਂ ਤੋਂ ਲਾਭ ਹੀ ਪ੍ਰਾਪਤ ਹੋਵੇਗਾ ।

ਦਿਨ ਰਾਤ ਦੇ ਅੱਠਾਂ ਪਹਿਰਾਂ ਵਿਚੋਂ ੬ ਪਹਿਰ ਪਾਠ, ਯਾਦ, ਪੜ੍ਹਣ ਸੁਣਨ ਵਿਚ ਹੀ ਸਫਲ ਹੁੰਦੇ ਹਨ। ਸਮਾ ਵਾਹ ਵਾ ਸਬਰ, ਸ਼ੁਕਰ, ਵਿਸਮਾਦ ਵਿਚ, ਕੁਝ ਕਿਸੇ ਵੇਲੇ ਡਾਢੀ ਹੈਰਾਨੀ ਅਸਚਰਜਤਾ ਤੇ ਉਦਾਸੀ ਵਿਚ ਹੀ ਲੰਘ ਰਿਹਾ ਹੈ। ਦੇਖੀਏ ਕਦੋਂ ਕੁ ਤਕ ਦਰਸ਼ਨ ਹੁੰਦੇ ਹਨ ? ਅਨ ਜਲ* ਤੇ ਚੁਫੇਰੇ ਦੇ ਘੇਰੇ ਦੇ ਕਾਰਨ ਪ੍ਰਾਰਥਨਾ ਆਦਿ ਵਿਚ ਉਜੇਹੀ ਬ੍ਰਿਤੀ

---

*'ਅਨ ਜਲ ਤੇ ਚੁਫੇਰੇ ਦੇ ਘੇਰੇ' ਤੋਂ ਆਪ ਜੀ ਦਾ ਭਾਵ ਜੇਹਲ ਦਾ ਖਾਣਾ ਤੇ ਕੁਸੰਗ ਤੋਂ ਹੈ। ਅਪਵਿਤ੍ਰ ਤੇ ਕੁਅੱਨ ਖਾਣ ਨਾਲ ਹਿਰਦਾ ਸੁਧ ਨਹੀਂ ਹੁੰਦਾ ਤੇ ਨਾ ਹੀ ਅਭਿਆਸ ਵਿਚ ਜੁੜਦਾ ਹੈ। ਉਪਰੋਂ ਕੁਸੰਗ ਦਾ ਘੇਰਾ ਤਾਂ ਅੱਗ ਉਤੇ ਤੇਲ ਵਾਲੀ ਹਾਲਤ ਹੋ ਜਾਂਦੀ ਹੈ।



Digitized by Panjab Digital Library | www.panjabdigilib.org

ਨਹੀਂ ਲਗਦੀ ਜੋ ਕਦੇ ਕਦੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਸਵਾਦ ਔਂਦਾ ਸੀ। ਪਿਆਰੇ ਪਿਤਾ ਜੀ ਦੇ ਚੋਜ ਵੇਖ ੨ ਕੇ ਕਦੇ ਅਤੀ ਅਚਰਜ ਹੁੰਦਾ ਹੈ, ਤੇ ਰਜ਼ਾ ਵਿਚ ਕੋਈ ਦਖਲ ਨਾ ਵੇਖ ਕੇ ਬੇ ਸਮਝੀ ਦੀ ਚੁੱਪ।"

੨੪ ਫਰਵਰੀ ੧੯੨੫ ਨੂੰ ਵੈਦ ਜੀ ਦੇ ਨਾਲ ਦੇ ਮੁਕਦਮੇ ਦੇ ਚਾਰ ਸਾਥੀ ਹਾਈ ਕੋਰਟ ਵਿਚੋਂ ਬਰੀ ਹੋ ਗਏ ਸਨ, ਪਰ ਸਰਕਾਰ ਨੇ ਬਾਕੀਆਂ ਨੂੰ ਨਾ ਛੱਡਿਆ। ਕਾਰਨ ਪੁਛ ਕਰਨ ਤੇਂ ਕਿਹਾ ਕਿ 'ਬਾਕੀਆਂ ਵਿਚੋਂ ਸਿਰਫ ਉਨ੍ਹਾਂ ਨੂੰ ਛੱਡਿਆ ਜਾਵੇਗਾ ਜੋ ਰਿਹਾਈ ਵਾਸਤੇ ਦਰਖਾਸਤ ਕਰਨਗੇ।' ਇਹ ਸਿਰਫ ਅਣਖੀਆਂ ਨੂੰ ਨੀਚਾ ਦਿਖੌਣਾ ਸੀ।

ਜਦ ਹਾਈ ਕੋਰਟ ਨੇ ਬਰੀ ਕਰ ਦਿਤੇ ਤਦ ਫੇਰ ਦਰਖਾਸਤ ਦਾ ਸਵਾਲ ਹੀ ਕਦ ਉਠਦਾ ਹੈ? ਕੇਵਲ ਜ਼ਿੱਦ ਸੀ ਇਸਤਰ੍ਹਾਂ ਭਲਾ ਕੌਮ ਦੇ ਅਣਖੀ ਬੀਰ ਨੀਚਾ ਦੇਖ ਸਕਦੇ ਹਨ ? ਉਹ ਬੇ ਅਣਖ ਪਨ ਨਾਲੋਂ ਮੌਤ ਨੂੰ ਤਰਜੀਹ ਦੇਣ ਵਾਲੇ ਡਟੇ ਰਹੇ, ਤੇ ਰਿਹਾਈ ਲਈ ਦਰਖਾਸਤਾਂ ਨਾ ਕੀਤੀਆਂ।

ਇਸ ਬਾਰੇ ੧੩ ਅਪ੍ਰੈਲ ੧੯੨੫ ਦੇ 'ਸ਼ੇਰੇ ਪੰਜਾਬ' ਉਰਦੂ ਦੇ ਸਫਾ ੧੧ ਪਰ "ਅਕਾਲੀ ਲੀਡਰੋਂ ਕੋ ਕਿਉਂ ਰਿਹਾ ਨਹੀਂ ਕੀਆ ਜਾਤਾ" ਦੀ ਸੁਰਖੀ ਹੇਠ "ਲਾਰਡ ਰੈਡਿੰਗ ਦੇ ਨਾਮ ਖੁਲ੍ਹੀ ਚਿਠੀ" ਦਰਜ ਹੈ, ਜਿਸ ਵਿਚੋਂ ਕੁਛ ਕੁ ਫਿਕਰੇ ਅੱਗੇ ਦਰਜ ਕੀਤੇ ਜਾਂਦੇ ਹਨ:-

"... ... ... ... ਹਾਲ ਮੇਂ ਜਸਟਸ ਸੇਸਲ ਫੋਰਡ, ਔਰ ਜਸਟਸ ਐਚ ਸਕਾਟ ਨੇ ਏਕ ਅਪੀਲ ਕਾ ਫੈਸਲਾ ਸੁਨਾਯਾ ਹੈ ਜੋ ਏਕ ਖਿਲਾਫ ਕਾਨੂੰਨ ਜਮਾਇਤ (ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ) ਕੇ ਚਾਰ ਮੈਂਬਰੋਂ ਨੇ ਕੀ ਥੀ। ਆਪ ਯੇਹ ਸੁਣ ਕਰ ਹੈਰਾਨ ਹੋਂਗੇ ਕਿ ਇਨ ਜੱਜੋਂ ਨੇ ਮੁਲਜ਼ਮੋਂ ਕੋ ਸਾਫ ਬਰੀ ਕਰ ਦੀਆ ਔਰ ਉਨਕੀ ਜ਼ਮਾਨਤ ਮਨਸੂਖ ਕਰਨੇ ਕਾ ਹੁਕਮ ਸਾਦਰ ਕੀਆ।

ਹਜ਼ੂਰ ਵਾਲਾ! ਯੇਹ ਬਾਤ ਇਨ ਜੱਜੋਂ ਕੀ ਸਮਝ ਮੇਂ ਨਹੀਂ ਆਈ ਕਿ ਨਾਕਾਫੀ ਸ਼ਹਾਦਤ ਔਰ ਅਖਬਾਰਾਤ ਕੇ ਇਕਤਬਾਸਾਤ ਕੀ ਬਿਨਾ ਪਰ ਮੁਲਜ਼ਮੋਂ ਕੋ ਕੈਸੇ ਸਜ਼ਾ ਦੀ ਜਾ ਸਕਤੀ ਹੈ। × × ×



Digitized by Panjab Digital Library | www.panjabdigilib.org

ਬਰਤਾਨਵੀ ਨੌਕਰਸ਼ਾਹੀ ਕੇ ਸਰਦਾਰ ! ਅਦਾਲਤ ਆਲੀਆ ਚਾਰ ਅਪੀਲ ਕੁਨਿੰਦੋਂ ਕੋ ਬਰੀ ਕਰ ਚੁਕੀ ਹੈ. ਯਾਨੀ ਦੂਸਰੇ ਲਫਜ਼ੋ ਮੇਂ ਉਸ ਨੇ ਐਲਾਨ ਕਰ ਦੀਆ ਹੈ, ਕਿ 'ਇਸ ਮੁਕਦਮਾ ਮੇਂ ਜੋ ਮੁਲਜ਼ਮ ਸਜ਼ਾਯਾਬ ਹੁਏ ਹੈਂ ਵੋਹ ਸਬ ਬੇ ਗੁਨਾਹ ਥੇ' । ਕਿਆ ਇਸ ਸੂਰਤ ਮੇਂ ਪੰਜਾਬ ਗਵਰਨਮੈਂਟ ਕਾ ਯੇਹ ਫਰਜ਼ ਨਾ ਥਾ ਕਿ ਵੋਹ ਬਿਲਾ ਚੂੰ ਚਰਾਂ ਸਾਰੇ ਮੁਲਜ਼ਮੋਂ ਕੋ ਬਾ ਇੱਜ਼ਤ ਰਿਹਾ ਕਰ ਦੇ ? ਲੇਕਨ ਯੇਹ ਅਮਰ ਕਿਸ ਕਦਰ ਬਾਇਸੇ ਅਫਸੋਸ ਔਰ ਸ਼ਰਮ ਹੈ ਕਿ ਸਰ ਜਾਨ ਮੀਨਾਰਡ ਨੇ ਜੋ ਪੰਜਾਬ ਗਵਰਨਮੈਂਟ ਕੀ ਮਸ਼ੀਨਰੀ ਕੇ ਬੜੇ ਬੜੇ ਪੁਰਜ਼ੋਂ ਮੇਂ ਸੇ ਏਕ ਹੈਂ, ਯੇਹ ਐਲਾਨ ਕਰਨੇ ਮੇਂ ਜ਼ਰਾ ਭੀ ਸ਼ਰਮ ਮਹਿਸੂਸ ਨਾ ਕੀ ਕਿ "ਮੁਲਜ਼ਮੋਂ ਕੋ ਉਸ ਵਕਤ ਤਕ ਰਿਹਾ ਨਹੀਂ ਕੀਆ ਜਾ ਸਕਤਾ ਜਬ ਤਕ ਵੋਹ ਖੁਦ ਰਿਹਾਈ ਕੀ ਦਰਖਾਸਤ ਨਾ ਕਰੇਂ ।"

੨੩ ਮਾਰਚ ੧੯੨੫ ਦੀ ਪੱਤ੍ਰਕਾ ਵਿਚ ਆਪ ਲਿਖਦੇ ਹਨ:—

"ਵਾਹਿਗੁਰੂ ਦਾ ਸ਼ੁਕਰ ਹੈ ਕਿ ਸਾਰਾ ਹੀ ਸਮਾ ਪੜ੍ਹਨ ਲਿਖਣ ਵਿਚ ਲਗਦਾ ਹੈ । ਕੇਵਲ ਅੱਧਾ ਕੁ ਘੰਟਾ ਚਰਖਾ ਕੱਤਣਾ ਪੈਂਦਾ ਹੈ ।...... ਵਾਹਿਗੁਰੂ ਜੀ ਭਲੀ ਕਰਨ । ਆਸ ਹੈ ਛੇਤੀ ਹੀ ਪੰਥ ਦੀ ਫਤਹਿ ਹੋਵੇਗੀ ।"

ਜੂਨ ੧੯੨੫ ਵਿਚ ਆਪ ਨੂੰ ਅੰਬ, ਮਠਿਆਈ ਆਦਿਕ ਚੀਜ਼ਾਂ ਭੇਜੀਆਂ ਗਈਆਂ । ਜਿਵੇਂ ਸ਼ੂਮ ਨੂੰ ਧਨ ਜੋੜ ਕੇ, ਮੰਗਤੇ ਨੂੰ ਮੰਗ ਕੇ ਅਨੰਦ ਆਉਂਦਾ ਹੈ, ਤਿਵੇਂ ਹੀ ਦਾਨੀ ਨੂੰ ਦੇ ਕੇ ਤੇ ਉਦਾਰ ਨੂੰ ਖੁਲਾ ਕੇ ਅਨੰਦ ਔਂਦਾ ਹੈ । ਆਪ ਨੇ ਸਾਰੀਆਂ ਹੀ ਚੀਜ਼ਾਂ ਸਾਥੀਆਂ ਤੇ ਗੁਰਮੁਖਾਂ ਨੂੰ ਵੰਡ ਦਿਤੀਆਂ ।

ਜੁਲਾਈ ੧੯੨੫ ਵਿਚ ਆਪ ਦੀ ਪ੍ਰੇਮ ਬਿਹਬਲ ਸਪੁਤ੍ਰੀ ਨੇ ਕੁਝ ਤੁਕਾਂ ਕਵਿਤਾ ਦੀ ਸ਼ਕਲ ਵਿਚ ਆਪ ਵਲ ਲਿਖ ਕੇ ਭੇਜੀਆਂ । ਮੇਰਾ ਮਤਲਬ ਕਵਿਤਾ ਦਿਖਾਉਣ ਦਾ ਨਹੀਂ ਸਗੋਂ ਉਸ ਵਿਚ ਬਿਹਬਲ ਸਪੁਤ੍ਰੀ ਦੇ ਪਿਆਰੇ ਪਿਤਾ ਤੇ ਪੰਥ ਵਲ ਆਸਤਕਤਾ ਦਾ ਪ੍ਰੇਮ ਤੇ ਸ਼ੁਭ ਆਸਾਂ ਦਾ ਭਾਵ ਪ੍ਰਗਟਾਉਣ ਦਾ ਹੈ । ਉਹ ਚਿਠੀ ਇਸਤਰ੍ਹਾਂ ਹੈ:—



Digitized by Panjab Digital Library | www.panjabdigilib.org

ਮਾਨਯੋਗ ਕ੍ਰਿਪਾਲੂ ਦਯਾਲੂ ਪਿਤਾ ਜੀ ਮੇਰੇ ਪਿਆਰੇ।
ਹਥ ਜੋੜ ਕੇ ਫਤੇ ਗਜਾਵਾਂ ਚਾਹਵਾਂ ਨਾਲ ਦੀਦਾਰੇ।

ਬੈਠੀ ੨ ਖਿਆਲ ਜੁ ਆਯਾ ਲਿਖ ਘਲਾਂ ਮੈਂ ਪਾਤੀ।
ਜਯੋਂ ੨ ਪੜ੍ਹਦੇ ਜਾਨ ਪਿਤਾ ਜੀ ਔਂਦੀ ਜਾਵੇ ਹਾਸੀ।

ਇਹ ਕੀ ਲਿਖਿਆ ਸਾਡੇ ਤਾਈਂ ਅੱਲਵਲੱਲੀ ਬੱਚੀ।
ਕਵਿਤਾ ਦਾ ਤਾਂ ਵਲ ਨ ਜਾਣੇ ਬੁੱਧ ਅਵਾਣੀ ਕੱਚੀ।

*ੳਕ ਲਾਜ ਵਿਚ ਬਹਕੇ ਲਿਖਦੀ ਬਚੜੀ ਅਜ ਤੁਹਾਡੀ।
ਹਰਦਮ ਮੇਰੇ ਅੰਦਰ ਰਹਿੰਦੀ ਖਿੱਚ ਤੁਹਾਡੀ ਡਾਢੀ।

ਮੈਂ ਬੈਠੀ ਹਾਂ ਵਿਚ ਮਸੂਰੀ ਓਥੇ ਗਰਮੀ ਡਾਢੀ।
ਇਹ ਜੋ ਕਸ਼ਟ ਤੁਸਾਂ ਨੇ ਘਾਲੇ, ਘਾਲੇ ਖਾਤਰ ਸਾਡੀ।

ਘਰ ਵਿਚ ਰੋਂਦੇ ਬਚੇ ਛੱਡੇ, ਕੌਮ ਪਿਆਰੀ ਕੀਤੀ।
ਬੀਤ ਗਏ ਦੋ ਸਾਲ ਗਿਆਂ ਨੂੰ, ਖਬਰ ਨਾ ਮੁੜਕੇ ਲੀਤੀ।

ਜਾਂਦੇ ਸੀ ਹਰ ਸਾਲ ਪਹਾੜੀਂ, ਹੁਣ ਗਰਮੀਂ ਵਿਚ ਬੈਠੇ।
ਪੱਖਿਆਂ ਹੇਠਾਂ ਬੈਠਣ ਵਾਲੇ, ਕਾਲ ਕੋਠੜੀ ਬੈਠੇ।

ਜਿਥੇ ਪੈਣ ਕੜਕਦੀਆਂ ਧੁੱਪਾਂ, ਉਥੇ ਪਿਤਾ ਜੀ ਬੈਠੇ।
ਉੱਥੇ ਕਰਨ ਤਪਸਿਆ ਰਲ ਕੇ, ਨਾਲ ਵੀਰਾਂ ਦੇ ਬੈਠੇ।

ਆਓ ਛੇਤੀ ਹੁਣ ਆਓ ਤੁਸਾਂ ਜੀ,ਨਾਲ ਲਿਆਓ ਵੀਰਾਂ।
ਚਲਣ ਲੱਗੇ ਸਾਰੇ ਕੱਠੇ, ਇਕ ਦਮ ਪਾਓ ਵਹੀਰਾਂ।

ਹੁਣ ਤਾਂ ਦੇਰੀ ਕਾਫੀ ਹੋਈ, ਛੇਤੀ ਹੁਣ ਜੀ ਆਈਏ।
ਪਤਨੀ, ਪੁਤ੍ਰ, ਪੁਤ੍ਰੀ ਸਾਰੇ, ਰਲ ਮਿਲ ਖੁਸ਼ੀ ਮਨਾਈਏ।

ਘਰ 'ਚਿ ਉਦਾਸੀ ਡਾਢੀ ਹੋਈ, ਜਾਵਨ ਨਾਲ ਤੁਸਾਡੇ।

---

*ਮਸੂਰੀ ਵਿੱਚ ਇੱਕ ਕੋਠੀ ਦਾ ਨਾਮ ਹੈ।



Digitized by Panjab Digital Library | www.panjabdigilib.org

ਪੈਰ ਕਢਣ ਦਾ ਚਿਰ ਸੀ ਪਿਛੋਂ, ਜ਼ਖਮ ਲਗੇ ਨੇ ਡਾਢੇ* ।

ਤੁਸੀਂ ਤਾਂ ਬੈਠੇ ਵਿਚ ਵੀਰਾਂ ਦੇ, ਹਰਦਮ ਨਾਮ ਧਿਆਓ ।
ਪਰ ਪਿਛੋਂ ਦੀ ਸਾਰ ਨ ਕੋਈ, ਘਰ ਨੂੰ ਮੁੜ ਕੇ ਆਓ ।
ਸਾਰੇ ਰਲ ਕੇ ਕਰੀਏ ਬਿਨਤੀ, ਸਤਿਗੁਰ ਪਜਾਰੇ ਅੱਗੇ ।
ਛੁਟ ਕੇ ਆਵਣ ਵੀਰ ਅਸਾਡੇ, ਇਕ ਦੂਜੇ ਤੋਂ ਅੱਗੇ ।
ਐਨੇ ਜ਼ੁਲਮ ਕਮਾ ਕੇ ਪਾਪੀ, ਜ਼ਾਲਮ ਅਜੇ ਨਾ ਰੱਜੇ ।
ਕਿਉਂ ਨਾ ਨਾਸ ਹੋਊਗਾ ਇਸਦਾ, ਧਰਮੀਆਂ ਉਪਰ ਗੱਜੇ ।
ਭਾਰਤ ਮਾਤਾ ਵੀ ਹੈ ਦੁਖੀਆ, ਜਿਸ ਦੇ ਲਾਲ ਪਿਆਰੇ ।
ਖਿੱਚਣ ਕੋਲ੍ਹੂ ਅਤੇ ਚੱਕੀਆਂ, ਜਾਣ ਬੇਦੋਸ਼ੇ ਮਾਰੇ ।
ਹੋ ਰਹੇ ਦੁਖੀ ਅੱਜ ਹਨ ਡਾਢੇ ਸਤਿਗੁਰ ਤੇਰੇ ਪਜਾਰੇ ।
ਕੱਢ ਕੋਠੀਆਂ ਵਿੱਚੋਂ ਸਤਿਗੁਰ ਅਸੀਂ ਹਾਂ ਔਗਣ ਹਾਰੇ ।
ਘਾਲ ਘਾਲੀ ਹੈ ਵੀਰਾਂ ਡਾਢੀ ਹੁਣ ਤੂੰ ਬਹੁੜ ਪਜਾਰੇ ।
ਕੀ ਸਤਿਗੁਰ ਨਹਿੰ ਅਜੇ ਪਤੀਜੇ ਸਭ ਨੂੰ ਬਖਸ਼ਨ ਹਾਰੇ ?
'ਆਇ ਅੱਜ ਕਿ ਕੱਲ ਔਣਗੇ, ਏਹੋ ਰੋਜ਼ ਸੁਣੀਂਦਾ ।
ਤਕ ਤਕ ਅਖੀਆਂ ਡਾਢੀਆਂ ਥਕੀਆਂ ਜਿਕੂੰ ਬਹੁਤ ਉਂਣੀਦਾ ।

੭ ਜੁਲਾਈ ਨੂੰ ਕੌਂਸਲ ਵਿਚ ਗੁਰਦੁਆਰਾ ਬਿਲ ਪਾਸ ਹੋਇਆ ਤੇ ੯ ਜੁਲਾਈ ੧੯੨੫ ਨੂੰ ਸਰਕਾਰ ਵਲੋਂ ਐਲਾਨ ਹੋਇਆ ਕਿ 'ਸ੍ਰੋ: ਕ: ਦੇ ਫੜੇ ਹੋਏ ਆਗੂਆਂ ਵਿਚੋਂ ਜਿਹੜੇ ਸਰਕਾਰ ਦੇ ਪਾਸ ਕੀਤੇ ਹੋਏ ਗੁ: ਬਿ: ਨੂੰ ਮਨਜ਼ੂਰ ਕਰਨ, ਉਹ ਛੱਡੇ ਜਾਣਗੇ ।' ਇਸ ਪਿਛੋਂ ਕਈ ਪਤਵੰਤੇ ਆਗੂ ਤਾਂ ਇਸੇ ਐਲਾਨ ਅਨੁਸਾਰ ਸ਼ਰਤਾਂ ਮੰਨ ਕੇ ਬਾਹਰ ਆ ਗਏ, ਤੇ

*ਆਪ ਜੀ ਦੇ ਜੇਲ੍ਹ ਜਾਣ ਪਿੱਛੋਂ ਸੰਬੰਧੀਆਂ ਵਿੱਚ ਕਈ ਮੌਤਾਂ ਹੋ ਗਈਆਂ ਸਨ ਇਹ ਉਸੇ ਵੱਲ ਇਸ਼ਾਰਾ ਹੈ ।



Digitized by Panjab Digital Library | www.panjabdigilib.org

ਕਈ ਮਰਦਾਨਾਂ ਵਾਰ ਡਟੇ ਰਹੇ। ਅੰਤ ਨੂੰ ਉਹ ਭੀ ਕੁਛ ਦਿਨਾਂ ਬਾਦ ਸਜ਼ਾ ਕੱਟ ਕੇ ਰਿਹਾ ਹੋ ਗਏ, ਤੇ ਹੋਣੇ ਹੀ ਸਨ। ਸਜ਼ਾ ਤਾਂ ਸਾਰੀ ਦੋ ਦੋ ਸਾਲ ਦੀ ਸੀ। ਐਵੇਂ ਸਿਰੇ ਉਤੇ ਆਏ ਹੋਏ ਸਨ ਤੇ ਕੈਦ ਮੁਕਣ ਵਾਲੀ ਸੀ।

ਅਸਲ ਵਿਚ ਤਾਂ ਜਿਸ ਦਿਨ ਤੋਂ ਕੈਦ ਹੋਏ ਉਸੇ ਦਿਨ ਤੋਂ ਆਸ ਸੀ ਕਿ ਅਜ ਰਿਹਾ ਹੋਏ ਜਾਂ ਕਲ,ਕਿਉਂਕਿ ਕੋਈ ਖ਼ੂਨ ਤਾਂ ਕੀਤੇ ਹੀ ਹੋਏ ਨਾ ਸਨ ! ਇਹ ਤਾਂ ਸਰਕਾਰ ਦੀ ਮਾਲੀ ਖੌਲੀਏ ਦੀ ਬੀਮਾਰੀ ਦਾ ਸ਼ਿਕਾਰ ਹੋਏ ਹੋਏ ਸਨ,ਪਰ ਜਿਸ ਦਿਨ ਤੋਂ ਗੁ: ਬਿੱਲ ਪਾਸ ਹੋਇਆ ਉਸ ਦਿਨ ਤੋਂ ਹੋਰ ਭੀ ਰਿਹਾ ਹੋਣ ਦੀ ਆਸ ਬੱਝ ਗਈ ਤੇ ਪਲ ਪਲ ਦੀ ਖਬਰ ਨੂੰ ਉਡੀਕਣ ਲੱਗੇ। ਇਸ ਅੱਜ ਭਲਕ ਦੀ ਆਸ ਤੇ ਜਿਹੜੇ ਸੱਜਣ ਸ਼ਰਤਾਂ ਮੰਨ ਕੇ ਆ ਗਏ ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਵੈਦ ਜੀ ਆਪਣੀ ੧੮ ਅਗਸਤ ੧੯੨੫ ਦੀ ਚਿਠੀ ਵਿਚ ਹਸਰਤ ਨਾਲ ਇਸਤਰ੍ਹਾਂ ਲਿਖਦੇ ਹਨ:-

"ਅਜ ਭਲਕ ਆਸਾਂ ਉਡੀਕਾਂ ਕਰਦੇ ਕਰਦੇ ਸਮਾ ਬੀਤ ਰਿਹਾ ਹੈ, ਦੇਖੀਏ ! ਸਗੋਂ ਇਨ੍ਹਾਂ ਆਸਾਂ ਉਡੀਕਾਂ ਵਿਚ ਲਿਖਣ ਪੜ੍ਹਣ ਦਾ ਸਮਾ ਹਰਜ ਹੋ ਰਿਹਾ ਹੈ । ਸਰਦਾਰ............ਸਿੰਘ ੧੩ ਤੂੰਕ ਤੇ.........ਜੀ ੧੫ ਅਗਸਤ ਨੂੰ ਤੁਰ ਗਏ ਹਨ । ਸ:......... ਸਿੰਘ ਜੀ ਬਹੁਤ ਉਦਾਸ ਗਏ ਹਨ। ਸਭ ਕੀਤੀ ਕੱਤਰੀ ਏਸ ਤਰਾਂ ਵਜਰਥ ਜਾਵਣ ਦਾ ਸ਼ੋਕ ਜ਼ਰੂਰ ਹੁੰਦਾ ਹੈ। ਸਤਿਗੁਰੂ ਜੀ ਸਹਾਈ ਹੋਵਣ ਤੇ ਡੋਲਣ ਤੋਂ ਬਚੌਣ।.........ਹੁਣ ਤਾਂ ਥੋੜੇ ਦਿਨਾਂ ਦੀ ਹੀ ਗੱਲ ਹੈ। ਏਤਨਾ ਲੰਬਾ ਸਮਾ ਮੁਕਾ ਕੇ ਹੁਣ ਕਾਹਲੇ ਪੈਣ ਦੀ ਲੋੜ ਨਹੀਂ।"

ਭਾਈ ਫੇਰੂ ਦੇ ਮੋਰਚੇ ਦੀ ਖਬਰ ਕਿਸੇ ਤਰ੍ਹਾਂ ਅੰਦਰ ਪੁੱਜੀ। ਗੁਰਮੁਖ ਬੱਚਿਆਂ ਦੀ ਬਹਾਦਰੀ ਤੇ ਸ਼ਰਤਾਂ ਮੰਨਣ ਤੋਂ ਇਨਕਾਰ ਕਰਨ ਦੀ ਖਬਰ ਸੁਣਕੇ ਆਪ ਦਾ ਦਿਲ ਬੱਲੀਏਂ ਉਛਲਣ ਲਗ ਪਿਆ। ਆਪ ਇਸ ਬਾਰੇ ਆਪਣੀ ਸਤੰਬਰ ਦੀ ਚਿਠੀ ਵਿਚ ਲਿਖਦੇ ਹਨ:-

"ਕੈਮਲ ਪੁਰ ੯ ਬਰਸ ਤੋਂ ਲੈ ਕੇ ੧੮ ਬਰਸ ਤਕ ਦੇ ੧੨੫ ਦੇ ਕਰੀਬ ਬੱਚੇ ਮੋਰਚਾ ਭਾਈ ਫੇਰੂ ਵਿਚ ਗਏ ਹੋਏ ਸੁਣੇ ਹਨ, ਉਨ੍ਹਾਂ ਦੀ



Digitized by Panjab Digital Library | www.panjabdigilib.org

ਬਹਾਦਰੀ, ਸ਼ਰਤਾਂ ਤੇ ਅੰਗੂਠੇ ਲਾਣ ਜਾਂ ਦਸਖਤ ਕਰਨ ਤੋਂ ਇਨਕਾਰ ਕਰਨਾ ਸੁਣ ਕੇ ਬੜਾ ਹੌਸਲਾ ਵਧਦਾ ਹੈ। ਧੰਨ ਸਤਿਗੁਰੂ ਜੀ ਦੇ ਲਾਲ।"

ਇਨ੍ਹੀ ਦਿਨੀ ਸਤੰਬਰ ੧੯੨੫ ਦੇ ਅੱਧ ਵਿਚ ਹੀ ਆਪ ਨੇ ਦੋ ਮਜ਼ਮੂਨ 'ਜੱਥੇ ਬੰਦੀ' ਤੇ 'ਦੋ ਰੇਲਾਂ ਦੀ ਟੱਕਰ' ਦੀ ਸੁਰਖੀ ਹੇਠ ਲਿਖ ਕੇ ਭੇਜੇ ਜੋ 'ਫੁਲਵਾੜੀ' ਤੇ 'ਅਕਾਲੀ ਤੇ ਪ੍ਰਦੇਸੀ' ਵਿਚ ਪ੍ਰਕਾਸ਼ਤ ਹੋਏ।

ਇਨ੍ਹਾਂ ਲੇਖਾਂ ਦੇ ਨਾਲ ਹੀ ਲਿਖੀ ਇਕ ਪੱਤ੍ਰਕਾ ਵਿਚ ਆਪ ਰਿਹਾਈ ਵਿਚ ਦੇਰ ਹੋਵਣ ਦਾ ਕਾਰਣ ਵਰਣਨ ਕਰਦੇ ਹੋਏ ਲਿਖਦੇ ਹਨ:–

"ਆਸ ਹੈ ਅਸੀਂ ਸਭ ਸਤੰਬਰ ਦੇ ਵਿਚ ਵਿਚ ਹੀ ਘਰੋ ਘਰੀ ਪਹੁੰਚ ਜਾਵਾਂਗੇ। ਸ਼ਾਇਦ ਛੇਤੀ ਹੀ ਪਹੁੰਚੇ ਹੋਏ ਹੁੰਦੇ ਪਰ ਆਪਸ ਦੀ ਫੁੱਟ ਦੇ ਕਾਰਣ ਸਰਕਾਰ ਕੁਝ ਢਿੱਲੀ ਹੋ ਗਈ ਹੈ। ਰਾਤ ਪੱਕੀ ਖਬਰ ਪੁੱਜੀ ਹੈ ਕਿ ਬਹੁਤ ਛੇਤੀ ਆਜ਼ਾਦੀ ਦੀ ਆਸ ਹੈ। ਵੈਸੇ ਸਾਰੀ ਮਿਆਦ ਪੂਰੀ ਕਰਕੇ ਭੀ ਤਾਂ ਅਸੀਂ ਅਕਤੂਬਰ ਵਿਚ ਆਜ਼ਾਦ ਹੋ ਜਾਵਾਂਗੇ। ਅਗੇ ਜੋ ਗੁਰੂ ਨੂੰ ਭਾਵੇ।"

ਇਸੇ ਤਰ੍ਹਾਂ ਹੀ ੨੪ ਫਰਵਰੀ ੧੯੨੫ ਨੂੰ ਹਾਈ ਕੋਰਟ ਦੇ ਫੈਸਲੇ ਪਿਛੋਂ ਆਪ ਨੇ ਸ੍ਰੀ ਮਾਨ ਸਰਦਾਰ ਬਹਾਦਰ ਸਰ ਸੁੰਦਰ ਸਿੰਘ ਤੇ ਸ੍ਰੀ ਮਾਨ ਔਨਰੇਬਲ ਸਰ ਜੋਗਿੰਦਰਾ ਸਿੰਘ ਵੱਲ ਜੇਲ੍ਹ ਵਿਚੋਂ ਹੀ ਦੋ ਖਤ ਲਿਖੇ ਜਿਨ੍ਹਾਂ ਵਿੱਚ ਪੰਥਕ ਦਰਦ ਲਈ ਸੇਵਾ ਦਾ ਹੱਥ ਵਟਾਉਣ ਵਾਸਤੇ ਪ੍ਰੇਰਨਾ ਕੀਤੀ ਹੈ। ਇਹ ਖਤ ੨੫ ਫਰਵਰੀ ੧੯੨੫ ਨੂੰ ਲਿਖੇ ਜਾਪਦੇ ਹਨ ਜਿਸਦੇ ਖਰੜੇ ਆਪ ਦੀਆਂ ਚਿੱਠੀਆਂ ਵਿੱਚੋਂ ਹੀ ਮਿਲੇ ਹਨ:–

ਉਹ ਖਤ ਇਸ ਤਰ੍ਹਾਂ ਹਨ:–

"ਪਰਮ ਸਤਿਕਾਰ ਯੋਗ ਕ੍ਰਿਪਾਲੂ ਸਰਦਾਰ ਸਾਹਿਬ ਜੀ! ਜੋਗ ਦਾਸ ਵੱਲੋਂ ਦੋ ਕਰ ਜੋੜਕੇ ਸ੍ਰੀ ਵਾਹਿਗੁਰੂ ਜੀ ਕੀ ਫਤਹ ਉਪ੍ਰੰਤ ਬੇਨਤੀ ਹੈ ਕਿ ਚਿਰਾਂ ਤੋਂ ਸ੍ਰੀ ਮਾਨ ਜੀ ਦੀ ਸੇਵਾ ਵਿਖੇ ਬੇਨਤੀ ਪੱਤ੍ਰ ਭੇਜਣ ਵਾਸਤੇ ਜੀ ਚਾਹੁੰਦਾ ਸੀ, ਪਰ ਏਸ ਖਿਆਲ ਤੇ ਜੋ ਮਤਾਂ ਖੁਦ ਗਰਜ਼ੀ ਵਾਸਤੇ ਹੀ ਨਾ ਸਮਝਿਆ ਜਾਵੇ, ਸੰਕੋਚ ਰਿਹਾ। ਹੁਣ ੨੪-੨-੨੫ ਨੂੰ ਹਾਈ ਕੋਰਟ ਨੇ



Digitized by Panjab Digital Library | www.panjabdigilib.org

੪ ਸਾਥੀਆਂ ਨੂੰ ਮਿਸਲ ਤੇ ਕਾਨੂੰਨ ਅਨੁਸਾਰ ਪੂਰਨ ਨਿਰਦੋਸ਼ ਸਾਬਤ ਕਰ ਕੇ ਛੱਡ ਦਿੱਤਾ ਹੈ। ਜੋ ਸਾਂਝੇ ਫੈਸਲੇ ਤੇ ਜ਼ਾਬਤਾ ਫੌਜਦਾਰੀ ਦਫਾ ੩੩੯ ਅਨੁਸਾਰ ਸਭ ਨੂੰ ਬੇ-ਗੁਨਾਹ ਸਿੱਧ ਕਰਦਾ ਹੈ। ਹੁਣ ਬਾਕੀ ਇਨਸਾਫ ਸਰਾਕਰ ਜਾਣੇ। ਦਾਸ ਨੂੰ ਲੱਗ ਭੱਗ ੨੦ ਸਾਲ ਤੋਂ ਵੱਧ ਸ੍ਰੀ ਮਾਨ ਜੀ ਦੀ ਸੇਵਾ ਵਿੱਚ ਮਿਲ ਕੇ ਧਰਮ ਕਾਰਜਾਂ (ਪੰਥ ਸੇਵਾ) ਵਿੱਚ ਯਥਾ ਯੋਗ ਸੇਵਾ ਵਿੱਚ ਹਿੱਸਾ ਲੈਣ ਦੀ ਸੁਭਾਗਤਾ ਪ੍ਰਾਪਤਿ ਹੈ ਤੇ ਸ੍ਰੀ ਮਾਨ ਜੀ ਦਾਸ ਦੇ ਖਿਆਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਕੇਵਲ ਧਾਰਮਕ ਪਿਆਰ ਦੀ ਖਾਤਰ ਹੀ ਇਹ ਦਿਨ ਖੁਸ਼ੀ ਨਾਲ, ਤੇ ਸਰਕਾਰ ਦੇ ੧੫-੧੦-੨੩ ਦੇ ਐਲਾਨ ਤੇ ਭਰੋਸਾ ਕਰਨ ਦੀ ਖਾਤਰ ਵੇਖਣੇ ਪਏ ਹਨ। ਪੰਜ ਸਾਲ ਤੋਂ ਜੋ ਵਰਤਾਰਾ ਪੰਥ ਨਾਲ ਵਰਤ ਰਿਹਾ ਹੈ। ਸ੍ਰੀ ਮਾਨ ਜੀ ਦੇ ਸਾਮ੍ਹਣੇ ਹੈ, ਤੇ ਇਹ ਭੀ ਪਤਾ ਹੈ ਕਿ ਏਸ ਲਹਿਰ ਵਿੱਚ ੧੦੦ ਪਿਛੇ ੯੭ ਸੱਜਣ ਧਰਮ ਭਾਵ ਨਾਲ ਹੀ ਸ਼ਾਮਲ ਹਨ। ਸੋ ਸ੍ਰੀ ਮਾਨ ਜੀ ਨੂੰ ਕੌਮ ਅਰ ਸਰ-ਕਾਰ ਦੋਹਾਂ ਦੀ ਭਲਾਈ ਵਾਸਤੇ ਏਸ ਬਿਖੇੜੇ ਨੂੰ ਸਾਰੇ ਗੁੱਸੇ ਗਿਲੇ ਛੱਡਕੇ ਨਿਪਟਾਣ ਦਾ ਪੂਰਨ ਯਤਨ ਕਰਨਾ ਚਾਹੀਦਾ ਹੈ, ਜੋ ਵਾਹਿਗੁਰੂ ਜੀ ਜ਼ਰੂਰ ਸਫਲ ਕਰਨਗੇ। ਹੁਣ ਹੋਰ ਪਿੱਛੇ ਹਟ ਰਹਿਣਾ ਯੋਗ ਪ੍ਰਤੀਤ ਨਹੀਂ ਹੁੰਦਾ। ਗੁਰਦੁਆਰਿਆਂ ਦਾ ਪ੍ਰਬੰਧ ਗੁਰੂ ਪੰਥ ਦੇ ਸਪੁਰਦ ਹੋ ਜਾਣ ਨਾਲ, ਵਰਿਹਾਂ ਤੱਕ ਪ੍ਰਬੰਧ, ਸੇਵਕ ਤੇ ਰੀਤਾਂ ਰਸਮਾਂ ਦੇ ਝਗੜਿਆਂ ਵਿੱਚ ਸਿੱਖਾਂ ਨੂੰ ਹੋਰ ਪਾਸੇ ਵੇਹਲ ਹੀ ਨਹੀਂ ਹੋਣੀ, ਤੇ ਨਾ ਹੀ ਸਖਤੀਆਂ ਨਾਲ ਇਹ ਮਾਮਲੇ ਨਿਪਟਦੇ ਹਨ। ਜੇ ਕੋਈ ਭੁੱਲ ਹੋਵੇ ਤਾਂ ਖਿਮਾ।

ਸੇਵਾ ਵਿਖੇ ਸ੍ਰੀ ਮਾਨ ਔਨਰੇਬਲ ਸ: ਬ: ਸਰ ਸੁੰਦਰ ਸਿੰਘ ਜੀ
ਮਜੀਠੀਆ, ਮਜੀਠਾ ਹਾਊਸ, ਅੰਮ੍ਰਿਤਸਰ

---

ਦੂਜੇ ਪੱਤ੍ਰ ਦਾ ਭਾਵ ਭੀ ਲੱਗ ਭਗ ਏਹੋ ਹੀ ਹੈ। ਇਸ ਲਈ ਉਸ ਦੀ ਪੂਰੀ ਨਕਲ ਦੇਣ ਲਈ ਲੋੜ ਨਹੀਂ ਭਾਸਦੀ।



Digitized by Panjab Digital Library | www.panjabdigilib.org

੫-੧੦-੨੫ ਨੂੰ ਆਪ ਨੇ ਹੇਠ ਲਿਖੀ ਕਵਿਤਾ ਭੇਜੀ:—

ਹੇ ਕਲਗੀਧਰ ਪਿਤਾ ਪਿਆਰੇ ! ਆਕੇ ਦਰਸ ਦਿਖਾਓ ! ਦਰਦ ਮਿਟਾਓ ।
ਲਾਜ ਨਾਮ ਦੀ ਵਿਰਦ ਪਾਲ ਕੇ ਪਾਸ ਅਸਾਡੇ ਆਓ ! ਜਾਂ ਅਸਾਂ ਬੁਲਾਓ ।
ਛਿਪ ੨ ਹੋਰ ਦੂਜਿਆਂ ਹੱਥੀਂ ਹੋਰ ਨ ਅਸਾਂ ਦੁਖਾਓ ! ਬਿਰਦ ਨਿਭਾਓ ।
ਹੋਰ ਪ੍ਰੀਖਜਾ ਜੋਗੇ ਨਾਹੀਂ ਚਰਨੀ ਆਪ ਲਗਾਓ ! ਸ਼ਰਣਿ ਰਖਾਓ ॥ ੧ ॥

ਦੀਨ ਹੀਨ ਤੇ ਔਗੁਣ ਹਾਰੇ ਕੀ ਪੜਤਾਲ ਕਰਾਓ ! ਵੇਖ ਵਖਾਓ ।
ਮਾਂਣ ਤਾਂਣ ਹੈ ਨਿਰਾ ਤੁਸਾਂ ਦਾ ਅਪਣੇ ਹੁਕਮ ਚਲਾਓ ! ਬਖਸ਼ ਕਰਾਓ ।
ਚੰਗੇ ਮੰਦੇ ਤੇਰੇ ਕਾਰਜ ਲੱਗੇ ਤੋੜ ਨਿਭਾਓ ! ਛੇਤੀ ਆਓ !
ਗੁਰੂ ਦਵਾਰ ਸ੍ਵਤੰਤ੍ਰ ਕਰਕੇ ਸੇਵਾ ਸਿਰੇ ਪੁਚਾਓ ! ਸਫਲ ਕਰਾਓ ॥ ੨ ॥

ਹਾਰ ਜਿੱਤ ਦੇ ਅਸੀਂ ਨਾ ਮਾਲਕ ਅਪਨੀ ਝੋਲੀ ਪਾਓ ! ਬਿਰਦ ਤਕਾਓ ।
ਸਾਜੇ ਅਤੇ ਨਿਵਾਜੇ ਸੀ ਜਿਉਂ ਤਿਉਂ ਹੀ ਰੱਖ ਕਰਾਓ ! ਸੇਵ ਸੁਝਾਓ ।
ਸਮਝ ਸੂਝ ਤੇ ਗੁਣ ਨਹੀਂ ਕੋਈ ਅਪਨੀ ਓਟ ਰਹਾਓ ! ਸਾਰ ਕਰਾਓ ।
ਆਸਾਂ ਵਿੱਚ ਉਡੀਕ ਰਹੇ ਹਾਂ ਹੁਣ ਤਾਂ ਦਰਸ ਦਿਖਾਓ ! ਨਾਂ ਤੜਫਾਓ॥੩॥

ਤੇਰੀ ਬਖਸ਼ੀ ਦਾਤ ਸਿਦਕ ਦੀ ਆਪੇ ਆਣ ਰਖਾਓ ! ਤੋੜ ਪੁਚਾਓ !
ਡੁਲਨ ਰੁਲਨ ਤੇ ਰੱਖ ਹੱਥ ਦੇ ਸਭ ਬਿਧ ਆਪ ਕਰਾਓ ! ਆਸ ਪੁਰਾਓ ।
ਤੇਰੀ ਆਸ ਭਰੋਸੇ ਤੇਰੇ ਕਾਜ ਅਰੰਭ ਪੁਰਾਓ ! ਸਫਲ ਕਰਾਓ !
ਆਸਾਂ ਵਿੱਚ ਨਿਰਾਸ ਨ ਕਰਨਾ ਸ਼ਕਤੀ ਆਨ ਵਖਾਓ ! ਦੇਰ ਨਾਂ ਲਾਓ।੪।

ਦੁਸ਼ਟ ਦੋਖੀਅਨ ਆਪ ਸੁਧਾਰੋ ਪਾਪਣ ਫੁੱਟ ਹਟਾਓ ! ਮੇਲ ਕਰਾਓ ।
ਵੀਰ ਵੀਰ ਰਲ ਮਾਂ ਪਿਓ ਜਾਏ ਸਾਰਾ ਪੰਥ ਜੁੜਾਓ ! ਹੋਇ ਸਹਾਓ ।
ਰੱਖਹੁ ਰੱਖਣਹਾਰ ਪਿਤਾ ਗੁਰੁ ਸਭਨ ਸੁਮਾਰਗ ਲਾਓ ! ਸੱਤ ਸਮਝਾਓ ।
ਡੁੱਬ ਗਏ ਕੀਹ ਕਰਸੀ ਬੇੜਾ ਛੇਤੀ ਦਰਸ ਦਿਖਾਓ ! ਆਪੇ ਆਓ ॥ ੫ ॥



Digitized by Panjab Digital Library | www.panjabdigilib.org

ਆਪ ਵੱਲੋਂ ਲੈਣ ਦੇਣ ਦੇ ਹਿਸਾਬ ਦੀ ਵੰਨਗੀ ਭੀ ਵੇਖ ਲਵੋ।

ਇਕ ਪ੍ਰੇਮੀ ਤੋਂ ਆਪ ਜੀ ਨੇ ਕੁਛ ਮਾਯਾ ਲੈਣੀ ਸੀ। ਉਹ ਹੁਣ ਦੇਣ ਨੂੰ ਤਿਆਰ ਹੋਏ ਤਦ ਆਪ ਜੇਲ੍ਹ ਵਿਚ ਸਨ। ਉਹ ਘੱਟ ਦੇਣ ਤਾਂ ਰੁਪਯਾ ਸੀ ਵਧੀਕ। ਆਪ ਦੇ ਸਪੁੱਤ੍ਰ ਨੇ ਆਪ ਜੀ ਨੂੰ ਇਸ ਬਾਰੇ ਲਿਖਿਆ ਤਾਂ ਆਪ ਉਤ੍ਰ ਵਿਚ ੧੦ਅਕਤੂਬਰ ਦੀ ਪਤ੍ਰਕਾ ਵਿਚ ਇਉਂ ਲਿਖਦੇ ਹਨ:-

"............ਜਿੰਨਾ ਉਹ ਦੇਣ ਲੈ ਲਿਆ ਜਾਵੇ। ਬੇਸ਼ਕ ਪੰਜ ਹਜ਼ਾਰ ਹੀ ਦੇਣ। ਵੈਸੇ ਹਿਸਾਬ ਨਾਲ ਸਾਢੇ ਛੇ ਹਜ਼ਾਰ ਬਣਦਾ ਹੈ, ਪਰ ਉਨ੍ਹਾਂ ਦਾ ਸੁਖ ਜਿਵੇਂ ਹੋਵੇ ਚੰਗਾ ਹੈ।"

ਪਾਠਕ ਜੀ ਡਿੱਠਾ ਜੇ! ਡੇਢ ਹਜ਼ਾਰ ਦੀ ਛੋਟ ਆਪਦੇ ਉਦਾਰ ਹਿਰਦੇ ਲਈ ਸਾਧਾਰਨ ਹੈ। ਇਸ ਨੂੰ ਆਖਦੇ ਹਨ ਗੁਰਮੁਖਤਾ ਤੇ ਪਰਹਿਤ।

ਆਖਰੀ ਚਿੱਠੀ ਜੋ ੧੬ ਨਵੰਬਰ ਨੂੰ ਪੁੱਜੀ ਉਸ ਵਿਚ ਆਪ ਇਸ ਤਰ੍ਹਾਂ ਲਿਖਦੇ ਹਨ:-

"੧੧ ਨਵੰਬਰ ਨੂੰ ਖਬਰਾਂ ਪੁੱਜੀਆਂ ਕਿ ਚਾਰ ਦਿਨ ਦੇ ਵਿਚ ਵਿਚ ਰਿਹਾ ਹੋ ਜਾਵਾਂਗੇ। ਏਥੋਂ ਤਕ ਕਿ ੧੩ ਨੂੰ ਰਿਹਾਈ ਦਾ ਹੁਕਮ ਪਹੁੰਚਣ ਦੀ ਖਬਰ ਬਹੁਤ ਮੁਹਤਬਰ ਸੀ, ਪਰ ੧੨ ਨੂੰ ਪ੍ਰੋ: ਜੋਧ ਸਿੰਘ ਜੀ ਦੇ ਚੀਫ਼ ਸੈ: ਨੂੰ ਮਿਲਨ ਉਪ੍ਰੰਤ ਪਤਾ ਨਹੀਂ ਕੀ ਹੋਯਾ! ੧੩ ਸ਼ਾਮ ਨੂੰ ਫੇਰ ਸਮਝੌਤੇ ਦੀ ਗੱਲ ਬਾਤ ਟੁੱਟ ਗਈ ਤੇ ਹੁਕਮ ਹੁਕਾਮ ਰੁਕ ਗਏ। ਲਾਹੌਰ ਤੋਂ ੧੩ ਨੂੰ ੪।। ਬਜੇ ਤਕ ਆਸ ਸੀ ਪਰ ੫।। ਬਜੇ ਫੇਰ ਸਭ ਕੁਝ ਰਹਿ ਗਿਆ। ਇਹ ਕੌਮ ਘਾਤਕ ਵਿਰੋਧੀਆਂ ਦੀਆਂ ਚਾਲਾਂ ਦੇ ਹੀ ਫਲ ਹਨ। ਸੋ ਹੁਣ ਆਸ ਹੈ ਕਿ ਦੂਜੇ ਜਥੇ ਦੇ ਸਾਥੀ ੧੯-੧੧-੨੫ ਨੂੰ ਰਿਹਾ ਹੋਕੇ ੨੦ ਨੂੰ ੧੧ ਬਜੇ ਦੀ ਗੱਡੀ ਏਥੋਂ ਸਵਾਰ ਹੋਣਗੇ, ਪਰ ਪੱਕਾ ਪਤਾ ਨਹੀਂ। ਜੇ ੧੯ ਨੂੰ ਹੋਏ ਤਾਂ ਬਾਹਰੋਂ ਤਾਰ ਦੇਵਾਂਗਾ। .........ਅਸਲ ਵਿਚ ਪਤਾ ਭੀ ਨਹੀਂ ੨੧ ਤੋਂ ਪਹਿਲੋਂ ਕਿਸ ਦਿਨ ਕਿਸ ਵੇਲੇ ਰਿਹਾਈ ਹੋਵੇ। .........ਮੈਂ ਤਰਨ ਤਾਰਨ ਬੇ ਪਤਾ ਹੀ ਪਹੁੰਚਣਾ ਚਾਹੁੰਦਾ ਹਾਂ। ਕਿਸੇ ਤਰ੍ਹਾਂ ਦਾ ਸ਼ੋ (show)



Digitized by Panjab Digital Library | www.panjabdigilib.org

ਨਹੀਂ ਹੋਣਾ ਚਾਹੀਦਾ।" ਆਦਿ।

ਅੰਤ ਨੂੰ ਆਸਾਂ ਉਮੈਦਾਂ ਵਿਚ ਥਕੌਣ ਵਾਲਾ ਤੇ ਅੱਖਾਂ ਪਕੌਣ ਵਾਲਾ ਦਿਹਾੜਾ ਆ ਗਿਆ, ਅਰ ਦੇਸ਼ ਭਗਤ ਪੰਥ ਪਿਆਰੇ ਰਿਹਾ ਹੋਏ, ਤੇ ਥਾਂ ਥਾਂ ਆਦਰ ਪਾਉਂਦੇ ਹੋਏ ਘਰੋ ਘਰੀਂ ਪੁਜੇ। ਇਸ ਨੂੰ ਅਸੀਂ ਵੈਦ ਜੀ ਦੀ ਆਪਣੀ ਜ਼ਬਾਨੀ ਹੀ ਦਸਦੇ ਹਾਂ। ਆਪ ਇਸ ਬਾਰੇ ਆਪਣੇ ੨੦ ਨਵੰਬਰ ੧੯੨੫ ਦੇ ਡਾਇਰੀ ਨੋਟ ਵਿਚ ਇਸ ਤਰ੍ਹਾਂ ਦਰਜ ਕਰਦੇ ਹਨ:—

"੧੮ ਨਵੰਬਰ ਨੂੰ ਮੀਆਂ ਵਾਲੀ ਜੇਹਲ ਤੋਂ ਰਿਹਾ ਹੋਏ। ਕਾਲਾ ਬਾਗ ਵੇਖ ੨੦ ਨਵੰਬਰ ਨੂੰ ਵਜ਼ੀਰਾ ਬਾਦ, ਗੁਜਰਾਂ ਵਾਲਾ, ਲਾਹੌਰ ਸੰਗਤਾਂ ਦੇ ਪ੍ਰੇਮ ਪ੍ਰਾਪਤ ਕਰ ਸ੍ਰੀ ਅੰਮ੍ਰਿਤਸਰ ਜੀ ਪਹੁੰਚੇ। ਯਾਤ੍ਰਾ ਕਰ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅਕਾਲ ਤਖ਼ਤ ਤੋਂ ਸਿਰੋ ਪਾਉ ਪ੍ਰਾਪਤ ਕੀਤੇ। ਫੇਰ ਸ੍ਰੀ ਤਰਨ ਤਾਰਨ ਸੰਗਤਾਂ ਦੇ ਪ੍ਰੇਮ ਪ੍ਰਾਪਤ ਕਰ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਕੀਤੀ ਤੇ ਸਿਰੋ ਪਾਉ ਲਏ। ਸ੍ਰੀ ਗੁਰੂ ਸਿੰਘ ਸਭਾ ਤਰਨ ਤਾਰਨ ਵਲੋਂ ੩ ਫੁਟੀ ਕ੍ਰਿਪਾਨ ਭੇਟਾ ਲੈ, ਸੰਬੰਧੀ ਸੱਜਣਾਂ ਨੂੰ ਮਿਲਿਆ।"

ਅਜੇ ਇਨ੍ਹਾਂ ਮੁਖੀਆਂ ਦੇ ਸਾਰੇ ਸਾਥੀ ਰਿਹਾ ਨਾ ਸਨ ਹੋਏ। ਕੁਝ ਕੁ ਮੁਲਤਾਨ ਜੇਲ ਤੇ ਸ੍ਰੋ: ਗੁ: ਪ੍ਰ: ਕ: ਦੇ ਪਹਿਲੇ ਜੱਥੇ ਦੇ ਸੱਜਣ ਲਾਹੌਰ ਕਿਲ੍ਹੇ ਵਿਚ ਬੰਦ ਸਨ। ਘਰ ਪਹੁੰਚ ਕੇ ਭੀ ਆਪ ਬਾਲ ਬੱਚੇ ਤੇ ਹੋਰ ਕਾਰੋਬਾਰ ਵਿਚ ਹੀ ਮਗਨ ਨਹੀਂ ਹੋ ਗਏ, ਸਗੋਂ ਆਪ ਦਾ ਧਿਆਨ ਆਪਣੇ ਬੰਦ ਸਾਥੀਆਂ ਵਲ ਹੀ ਲੱਗਾ ਰਿਹਾ। ਇਸ ਲਈ ਜ਼ਰੂਰੀ ਕਾਰੋ-ਬਾਰ ਤੋਂ ਵਿਹਲੇ ਹੋ ੨੫ ਨਵੰਬਰ ਨੂੰ ਆਪ ਨੇ ਕਿਲ੍ਹੇ ਵਿਚ ਬੰਦ ਆਪਣੇ ਸਾਥੀਆਂ ਨਾਲ ਮੁਲਾਕਾਤ ਕਰ ਕੇ ਦਿਲ ਠੰਡਾ ਕੀਤਾ ਤੇ ਦੁਖ ਦਰਦ ਸੁਣਿਆ ਸੁਣਾਇਆ। ੨੮ ਨਵੰਬਰ ਨੂੰ ਆਪ ਨੇ ਸ੍ਰੀ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਲਈ ੧੦੧) ਰੁਪਏ ਅਰਦਾਸ ਕਰਾਏ। ੨੯ ਨੂੰ ਕੈਦੀ ਦਿਨ ਦਾ ਵਰਤ ਰੱਖਿਆ। ਇਸੇ ਹੀ ਤਰ੍ਹਾਂ ਆਪ ਦੇ ਅਗਲੇ ਡਾਇਰੀ ਨੋਟ ਇਸਤਰ੍ਹਾਂ ਦਸਦੇ ਹਨ:—



Digitized by Panjab Digital Library | www.panjabdigilib.org

"੩ ਦਸੰਬਰ ਨੂੰ ਸੈਂਟ੍ਰਲ ਖਾਲਸਾ ਹਸਪਤਾਲ (ਜੋ ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਹੈ) ਦੀ ਉਗਰਾਹੀ ਵਾਸਤੇ ਹੋਰ ਸਾਥੀਆਂ ਨਾਲ ਅੰਮ੍ਰਿਤਸਰ ਗਏ। ਯੋਗ ਸੇਵਾ ਕਰ, ਸ੍ਰੋ: ਗੁ: ਪ੍ਰ: ਕ: ਦੇ ਦਫਤਰ ਹੋ ਵਾਪਸ ਆਏ।"

੯—੧੨—੨੫ ਨੂੰ ਹੰਸਲੀ ਦੀ ਸੇਵਾ ਵਾਸਤੇ ਸੰਤਾਂ ਨਾਲ ਰਸੂਲ ਪੁਰ ਮੁਹਤਮਮ ਨਹਿਰ ਪਾਸ ਜਲ ਪ੍ਰਬੰਧ ਲਈ ਗਏ। ਸਫਲ ਕਾਰਜ ਕਰ ਵਾਪਸ ਆਏ।

੧੮—੧੨—੨੫ ਸ਼ਾਮ ਨੂੰ ਖਾਲਸਾ ਹਾਈ ਸਕੂਲ ਸਟਾਫ ਵਲੋਂ ਪਾਰਟੀ ਮਿਲੀ।

੧੮ ਦਸੰਬਰ ਰਾਤ ਨੂੰ ਸ੍ਰੀ ਮਾਨ ਬਾਬਾ ਗੰਡਾ ਸਿੰਘ ਜੀ ਗ੍ਰੰਥੀ* ਨੇ ਬਹੁਤ ਸਾਰੇ ਸਜਣਾਂ ਸਹਿਤ ਪ੍ਰੀਤੀ ਭੋਜਨ ਦਿਤਾ।

"੨੦ ਦਸੰਬਰ ਸ਼ਾਮ ਨੂੰ ੬ ਤੋਂ ੯॥ ਤਕ ਪ੍ਰਾਇਮਰੀ ਸਕੂਲ ਵਿਚ ਸ੍ਰੀ ਗੁ: ਅ: ਦੇ: ਖਾ: ਹਾਈ ਸਕੂਲ ਦੀ ਕਮੇਟੀ ਵਿਚ ਸਮਾ ਲਗਾ ਤੇ ਸਕੱਤ੍ਰੀ ਦੀ ਸੇਵਾ ਮੁੜ ਸਪੁਰਦ ਹੋਈ।"

ਜਦ ਮੈਂ ਬਾਬਾ ਗੰਡਾ ਸਿੰਘ ਜੀ ਵਲ ਵੈਦ ਜੀ ਬਾਰੇ ਜਾਣਦੇ ਹੋਏ ਹਾਲਾਂ ਦੇ ਪ੍ਰਗਟ ਕਰਨ ਦਾ ਬੇਨਤੀ ਪੱਤ੍ਰ ਭੇਜਿਆ ਤਾਂ ਉਸ ਦੇ ਉੱਤਰ ਵਿਚ ਜੋ ਆਪਦੀ ਸੰਖੇਪ ਜੇਹੀ ਪੱਤ੍ਰਕਾ ਆਈ ਉਹ ਇਨ੍ਹ ਬਿਨ੍ਹ ਇਸਤਰ੍ਹਾਂ ਹੈ:—

"ਇੰਨੀ ਉੱਚ ਹਸਤੀ ਦੀ ਵਿਆਖਿਆ ਲਿਖਨ ਵਾਸਤੇ ਮੇਰੀ ਤੁੱਛ ਬੁੱਧੀ ਕੁਛ ਨਹੀਂ ਕਰ ਸਕਦੀ। ਹੁਣ ਆਪ ਵੱਲੋਂ ਚਿਤਾਵਨੀ ਪਤ੍ਰਕਾ ਪੁੱਜੀ, ਹੁਣ ਜੋ ਕੁਛ ਦਾਸ ਤੇ ਭਾਈ ਸਾਹਿਬ ਜੀ ਕ੍ਰਿਪਾਲਤਾ ਕਰਦੇ ਰਹੇ ਉਹ ਦੇ ਵਿੱਚੋਂ ਕੁਛ ਕੁ ਪੇਸ਼ ਕਰਦਾ ਹਾਂ:—

੧. ਦਾਸ ਆਪਣੀ ਨੌਕਰੀ ਤੇ ਸੀ ਤੇ ਮਕਾਨ ਦੀ ਇਮਾਰਤ ਬਨ ਰਹੀ ਸੀ। ਮੇਰੇ ਹੱਥ ਵਿੱਚ ਜਿੰਨਾਂ ਰੁਪਿਆ ਸੀ ਖਰਚ ਹੋ ਚੁੱਕਾ ਸੀ। ਕੁਛ ਰੁਪਏ ਦੀ ਲੋੜ ਪਈ। ਮੇਰੀ ਕਿਸੇ ਨਾਲ ਵਾਕਫੀ ਨਹੀਂ ਸੀ। ਸਰਦਾਰ

---

*ਆਪ ਫਤਿਆਂ ਬਾਦ ਦੇ ਵਸਨੀਕ ਹਨ ਤੇ ਕਪੂਰਥਲੇ ਰਿਆਸਤ ਦੇ ਵਡੇ ਗੁਰਦਵਾਰੇ ਦੇ ਗ੍ਰੰਥੀ ਰਹਿ, ਸਟੇਟ ਵਲੋਂ ਪੈਨਸ਼ਨ ਲੈ ਕੇ ਤਰਨ ਤਾਰਨ ਹੀ ਨਿਵਾਸ ਕਰ ਲਿਆ। ਸੁਭਾਵ ਦੇ ਬੜੇ ਹੀ ਗੁਰਮੁਖ ਹਨ।



Digitized by Panjab Digital Library | www.panjabdigilib.org

ਸੰਤ ਸਿੰਘ ਅਸ਼ਟਾਮਾਂ ਵਾਲੇ ਨਾਲ ਥੋੜੀ ਜੇਹੀ ਪਛਾਨ ਸੀ। ਮੇਰੇ ਪਾਸ ਇੱਕ ਅੱਠ ਤੋਲੇ ਦੀ ਸੋਨੇ ਦੀ ਜ਼ੰਜੀਰੀ ਸੀ, ਮੈਂ ਓਹ ਜ਼ੰਜੀਰੀ ਸਰਦਾਰ ਸਾਹਿਬ ਕੋਲ ਲੈ ਗਿਆ ਅਤੇ ਕਿਹਾ ਕਿ ਮੈਨੂੰ ਇਸ ਦੇ ਵਟੇ ੧੦੦)ਦੇ ਦਿਓ। ਉਨ੍ਹਾਂ ਕਿਹਾ ਸਰਦਾਰ ਬੁਲਾਕਾ ਸਿੰਘ ਗਹਿਣੇ ਤੋਂ ਰੁਪਿਆ ਦੇਂਦਾ ਹੁੰਦਾ ਹੈ,ਮੈਂ ਓਹਨਾਂ ਕੋਲ ਜਾਂਦਾ ਹਾਂ। ਦਾਸ ਓਹਨਾਂ ਦੀ ਦੁਕਾਨ ਤੇ ਬਹਿ ਗਿਆ। ਓਹਨਾਂ ਨੇ ਜਾਂਦਿਆਂ ਹੋਇਆਂ ਸ੍ਰੀ ਮਾਨ ਪਰਉਪਕਾਰੀ ਭਾਈ ਮੋਹਨ ਸਿੰਘ ਜੀ ਕੋਲ ਜ਼ਿਕਰ ਕੀਤਾ। ਭਾਈ ਸਾਹਿਬ ਨੇ ੧੦੦) ਦਾ ਨੋਟ ਸਰਦਾਰ ਸੰਤ ਸਿੰਘ ਜੀ ਨੂੰ ਦੇ ਦਿੱਤਾ ਅਤੇ ਕਿਹਾ 'ਜਾਕੇ ਉਹਨਾਂ ਨੂੰ ਦੇ ਦਿਓ ਅਤੇ ਜ਼ੰਜੀਰੀ ਭੀ ਵਾਪਸ ਦੇ ਦਿਓ।' ਸਰਦਾਰ ਸੰਤ ਜੀ ਨੇ ਜ਼ੰਜੀਰੀ ਤੇ ਰੁਪਿਆ ਮੈਨੂੰ ਦੇ ਦਿੱਤਾ ਅਤੇ ਕਿਹਾ:- ਭਾਈ ਜੀ ਪਾਸ ਜ਼ਿਕਰ ਕੀਤਾ ਸੀ ਓਹਨਾਂ ਨੇ ੧੦੦) ਅਤੇ ਜ਼ੰਜੀਰੀ ਵਾਪਸ ਦੇ ਦਿੱਤੀ ਅਤੇ ਕਿਹਾ ਕਿ 'ਰੁਪਿਆ ਜਦ ਚਾਹੋ ਭੇਜ ਛਡਣਾ।' ਦਾਸ ਨੇ ਧੰਨਵਾਦ ਸਹਿਤ ਇਹ ਪਰਉਪਕਾਰ ਸਿਰ ਤੇ ਧਾਰਨ ਕੀਤਾ।

੨. ਕ੍ਰਿਪਾਲਤਾ ਸਹਿਤ ਪਿਆਰ ਵੱਧ ਗਿਆ। ਦਾਸ ਦਾ ਲੜਕਾ ਐਫ. ਏ. ਪਾਸ ਕਰ ਚੁੱਕਾ ਸੀ ਅੱਗੇ ਪੜ੍ਹਾਈ ਕਰਾਉਣ ਦੀ ਹਿੰਮਤ ਨਹੀਂ ਸੀ। ਸ੍ਰੀ ਮਾਨ ਜੀ ਪਾਸ ਜ਼ਿਕਰ ਕੀਤਾ। ਆਪ ਨੇ ਫੁਰਮਾਇਆ ਕਿ ਅੱਗੇ ਡਾਕਟਰੀ ਪੜ੍ਹਾਉ। ਦਾਸ ਨੇ ਕਿਹਾ ਕਿ ਮੇਰੇ ਪਾਸ ਏਨੇ ਲੰਮੇ ਕੰਮ ਕਰਨ ਦੀ ਤਾਕਤ ਨਹੀਂ। ਆਪ ਨੇ ਫੁਰਮਾਇਆ ਕਿ ਮੈਂ ਸਹਾਇਤਾ ਦਿਆਂਗਾ। ਚਾਰ ਪੰਜ ਵਰ੍ਹੇ ਦਾ ਕੋਰਸ ਹੋਣ ਕਰਕੇ ਇਸ ਪੜ੍ਹਾਈ ਵਾਸਤੇ ਹੌਸਲਾ ਨਾ ਪਿਆ। ਫਿਰ ਮੈਨੂੰ ਨੌਕਰੀ ਤੇ ਖਤ ਪਾਇਆ ਕਿ ਬੀ. ਏ. ਤਾਂ ਜ਼ਰੂਰ ਕਰਾਓ ਮੈਂ ੧੫) ਰੁਪਏ ਮਾਹਵਾਰ ਮਦਦ ਦਿਆਂਗਾ।

ਇਤਨੀ ਕਿਰਪਾਲਤਾ ਨੂੰ ਮੁੱਖ ਰੱਖ ਕੇ ਮੈਨੂੰ ਆਪਣੇ ਲੜਕੇ ਨੂੰ ਬੀ. ਏ. ਵਿੱਚ ਦਾਖਲ ਕਰਾਉਣਾ ਪਿਆ, ਅਤੇ ਉਹ ਬੀ. ਏ. ਪਾਸ ਹੋ ਗਿਆ, ਏਹ ਭੀ ਓਹਨਾਂ ਦੇ ਪਰਉਪਕਾਰ ਦਾ ਫਲ ਹੋਇਆ।

੩. ਦਾਸ ਨੌਕਰੀ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਿਨਸ਼ਨ



Digitized by Panjab Digital Library | www.panjabdigilib.org

ਲੈਕੇ ਤਰਨ ਤਾਰਨ ਆ ਗਿਆ। ਉਸ ਵੇਲੇ ਗੁਰਦਵਾਰਾ ਲਹਿਰ ਜਾਰੀ ਸੀ। ਆਪ ਨੇ ਦਾਸ ਨੂੰ ਮਜਬੂਰ ਕਰਕੇ ਕ੍ਰਿਪਾਲਤਾ ਸਹਿਤ ਸ੍ਰੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੈਡ ਗ੍ਰੰਥੀ ਦੀ ਸੇਵਾ ਬਖਸ਼ੀ। ਅਕਾਲੀ ਲਹਿਰ ਖਤਮ ਹੋਣ ਤੱਕ ਮੈਂ ਓਹਨਾਂ ਦੀ ਕ੍ਰਿਪਾਲਤਾ ਸਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿੱਚ ਸੇਵਾ ਕਰਦਾ ਰਿਹਾ।

ਹੋਰ ਜਿਸ ਸਮੇਂ ਭੀ ਦਾਸ ਨੂੰ ਕੋਈ ਜ਼ਰੂਰਤ ਪਈ ਬੇਨਤੀ ਕਰਨ ਤੇ ਪੂਰੀ ਹੋ ਗਈ।

ਮਹਾਂ ਉੱਚ ਹਸਤੀ ਦੀ ਵਿਆਖਿਆ ਕਰਨ ਦੀ ਮੇਰੇ ਵਿੱਚ ਹੋਰ ਜ਼ਿਆਦਾ ਬੁਧੀ ਨਹੀਂ।

ਬਹੁਤ ਉਪਮਾ ਥੋੜੀ ਕਹੀ, ਤੇਰੀ ਉਪਮਾ ਤੋਹ ਬਨ ਆਵੇ। ਇਹ ਵੰਨਗੀ ਮਾਤ੍ਰ ਦਾਸ ਨੇ ਹੱਡ ਬੀਤੀ ਬੇਨਤੀ ਕਰ ਦਿੱਤੀ ਹੈ।"



Digitized by Panjab Digital Library | www.panjabdigilib.org

# ਅਲੌਕਿਕ ਦਿਮਾਗ

• ਵੈਦਰਾਜ ਜੀ ਦਾ ਦਿਮਾਗ ਕੋਈ ਅਲੌਕਿਕ ਦਿਮਾਗ ਸੀ। ਆਪ ਸ਼ਾਇਦ ਸੁੱਤੇ ਪਿਆਂ ਭੀ ਕੁਛ ਨਾ ਕੁਛ ਕਰਦੇ ਹੀ ਰਹਿੰਦੇ ਸਨ। ਆਪ ਦੇ ਕੀਤੇ ਤੇ ਕਰਨ ਹਾਰ ਕੰਮਾਂ ਦੀ ਤਰਤੀਬ ਕੁਛ ਅਜੀਬ ਜੇਹੀ ਹੀ ਹੈ ! ਇਉਂ ਜਾਪਦਾ ਹੈ ਜੋ ਆਪ ਕਿਸੇ ਦੈਵੀ ਸ਼ਕਤੀ ਥੀਂ ਪ੍ਰੇਰਤ ਹੋਕੇ ਸਭ ਕੁਛ ਕਰੀ ਜਾਂਦੇ ਸਨ, ਨਹੀਂ ਤਾਂ ਸਾਧਾਰਨ ਇਨਸਾਨ ਦੀ ਸ਼ਕਤੀ ਤੋਂ ਤਾਂ ਬਾਹਰ ਹੈ ਜੋ ਐਨੇ ਤੇ ਐਹੋ ਜੇਹੇ ਕੰਮ ਕਰ ਸਕੇ।

ਆਪ ਦੀਆਂ ਜੇਲ੍ਹ ਚਿੱਠੀਆਂ ਵਿੱਚ ਨਿੱਕੇ ਨਿੱਕੇ ਪੁਰਜ਼ਿਆਂ ਤੋਂ ਵਿਕੋਲਿੱਤਰੇ ਸੰਖੇਪ ਤੇ ਅਤੀ ਸੰਖੇਪ, ਸਮਝਣ ਗੋਚਰੇ ਤੇ ਨਾ ਸਮਝ ਔਣ ਵਾਲੇ ਅਨੇਕ ਖਿਆਲ ਥਾਂ ਥਾਂ ਦਰਜ ਕੀਤੇ ਪਏ ਮਿਲੇ ਹਨ, ਉਹ ਭੀ ਅਸੀਂ ਉਸੇ ਤਰ੍ਹਾਂ ਹੂ ਬਹੂ ਪਾਠਕਾਂ ਦੀ ਭੇਟ ਕਰਦੇ ਹਾਂ,ਜਿਨ੍ਹਾਂ ਤੋਂ ਆਪ ਦੀ ਚਮਤ-ਕਾਰੀ ਬੁਧੀ ਦਾ ਕੁਛ ਕੁ ਅੰਦਾਜ਼ਾ ਲੱਗ ਸਕੇਗਾ:–

"ਲੋੜ ਇਕ ਹੋਣ ਦੀ ਹੈ" ਦੀ ਸੁਰਖੀ ਹੇਠ ਇੱਕ ਨਿਕਾ ਜੇਹਾ ਸਕੈਚ ਇਸਤਰ੍ਹਾਂ ਹੈ:---

"ਅਸੀਂ ਸਭ ਤੋਂ ਅਵਿੱਦਜ, ਪਿਛੇ, ਸੂਕਾਰ ਪੂਜ ਆਦਿ। ਘਾਤਕ ਭੀ ਬਹੁਤ ਸਾਡੇ ਵਿੱਚ ਹੀ ਪਰ ਫੇਰ ਭੀ ਧਰਮ ਨੂੰ ਸੱਟ ਵੱਜੀ ਵੇਖ, ਸਰਬ ਸਾਧਾਰਨ ਦਾ ਉੱਦਮ ਭਰੋਸਾ ਵਾਹਿਗੁਰੂ ਦਾ ਇੱਕ ਹੋਣ ਦੀ ਲੋੜ ਹੈ।

ਮੌਜੂਦਾ ਹਰਤਰ੍ਹਾਂ ਦੀਆਂ ਲਹਿਰਾਂ ਦੀ ਉੱਨਤੀ ਸਾਰੇ ਭਾਰਤ ਦੀ ਜਾਗ੍ਰਤ ਦਾ ਮੁੱਢ ਪੰਜਾਬ ਤੋਂ ਹੀ ਹੋਇਆ। ਜੰਗ ਯੂਰਪ ਵਿੱਚ ਸਭ ਤੋਂ ਵੱਧ ਸੇਵਾ ਪੰਜਾਬ ਦੇ ਸਪੁੱਤ੍ਰਾਂ ਨੇਂ ਹੀ ਕੀਤੀ। ਪੰਜਾਬ ਵਾਸੀਆਂ ਹੀ ਰੌਲਟ ਐਕਟ ਤੋਂ ਸਭ ਤੋਂ ਵੱਧ ਦੁੱਖ ਮੰਨਯਾਂ। ਪੰਜਾਬ ਵਾਸੀਆਂ ਨੇ ਹੀ ਮਾਤ੍ਰੀ ਭਾਰਤ ਭੂਮੀ ਦੇ ਪਿਆਰ ਵਿੱਚ ਸਭ ਤੋਂ ਵੱਧ ਆਪਣਾ ਪਵਿੱਤ੍ਰ ਖ਼ੂਨ ਬਹਾਯਾ। ਵਿਤੋਂ ਵੱਧ ਤਨ, ਮਨ, ਧਨ, ਸਰਬੰਸ ਕੁਰਬਾਨ ਕੀਤੇ, ਅਨੇਕਾਂ ਕੀਮਤੀ ਜਾਨਾਂ ਸਦਕੇ ਕੀਤੀਆਂ–ਜਲਿਆਂ ਵਾਲਾ ਬਾਗ, ਸਾਕਾ ਸ੍ਰੀ ਨਨਕਾਣਾ



Digitized by Panjab Digital Library | www.panjabdigilib.org

ਸਾਹਿਬ, ਗੁਰੂ ਕਾ ਬਾਗ, ਪੰਜਾ ਸਾਹਿਬ, ਰਾਵਲ ਪਿੰਡੀ, ਜੈਤੋ ਦੇ ਸਾਕੇ ਪੰਜਾਬ ਦੀ ਹੀ ਸ਼ਾਨ ਵਿੱਚ ਹਨ।

ਪੂਰਨ ਬੇਦੋਸ਼ੇ ਦੇਸ਼ ਪ੍ਰੇਮੀ ਤੇ ਧਰਮ ਪ੍ਰੇਮੀ ਹੱਸ ਹੱਸ ਜੇਲ੍ਹਾਂ ਵਿੱਚ ਗਏ। ਜਿਲਾ ਵਤਨ ਹੋਏ। ਕਾਲੇ ਪਾਣੀ ਪਹੁੰਚੇ। ਜੇਲ੍ਹਾਂ ਦੇ ਭਯਾਨਕ ਦੁੱਖ ਸਬਰ ਨਾਲ ਸਹੇ। ਫਾਂਸੀ ਦੇ ਤਖਤਿਆਂ ਤੇ ਖਿੜੇ ਮੱਥੇ ਬਲੀ ਦਿਤੇ ਗਏ।

ਧਾਰਮਕ ਜਾਗ੍ਰਤ ਦਾ ਮੁੱਢ ਸ਼ਾਨਦਾਰ ਅਕਾਲੀ ਲਹਿਰ ਭੀ ਪੰਜਾਬ ਦੀ ਸ਼ੋਭਾ ਵਧਾ ਰਹੀ ਹੈ ਤੇ ਸਤਜਾਗ੍ਰਹਿ,ਨਾ ਮਿਲ ਵਰਤਨ ਦੀ ਅਦੁਤੀ ਵਰਤੋਂ ਭੀ ਪੰਜਾਬ ਵਾਸੀ ਅਕਾਲੀ ਬੀਰਾਂ ਨੇ ਹੀ ਕੁਰਬਾਨ ਹੋ ਵਰਤ ਵਿਖਾਈ ਪਰ ਸ਼ੋਕ ਹੈ ਕਿ ਫੇਰ ਭੀ ਪੰਜਾਬ ਵਿੱਚ ਹੀ ਬਹੁਤੇ ਦੇਸ਼ ਦ੍ਰੋਹੀ,ਕੌਮ ਘਾਤਕ,ਸ੍ਵਾਰਥੀ ਨਜ਼ਰ ਆ ਰਹੇ ਹਨ। ਤੇ ਫੁੱਟ ਦਾ ਵਾਧਾ, ਮੁਲਤਾਨ ਕੋਹਾਟ ਜੇਹੇ ਹਾਦਸੇ। ਅੰਮ੍ਰਿਤਸਰ ਜੀ ਜੇਹੇ ਸਥਾਨਾਂ ਦੀਆਂ ਲੜਾਈਆਂ ਨਾਲ ਪੰਜਾਬ ਹੀ ਸਭ ਤੋਂ ਵੱਧ ਕਲੰਕਤ ਹੋ ਰਿਹਾ ਹੈ ਤੇ ਸਿਆਣੇ ਦੇਖੇ ਸੁਣੇ ਜਾਣ ਵਾਲੇ ਸੱਜਨ ਭੀ ਛੋਟੇ ੨ ਸ੍ਵਾਰਥਾਂ ਪਿਛੇ ਦੁਸ਼ਮਨਾਂ ਦੇ ਹਥਿਆਰ ਬਣ ਕੇ ਦੇਸ਼ ਤੇ ਕੌਮ ਦੀ ਕੀਤੀ ਕੱਤਰੀ ਵਯਰਥ ਕਰਨ ਦੇ ਸਾਧਨ ਬਣ ਰਹੇ ਹਨ।

ਲੋੜ ਹੈ ਇੱਕ ਹੋਣ ਦੀ! ਪਯਾਰ ਦੀ।"

---

## ਕੋਸ਼ ਉਸਤਾਦ

ਪੰਜਾਬੀ ਨੂੰ ਉੱਨਤੀ ਦੀ ਟੀਸੀ ਉੱਤੇ ਅਤੇ ਪੰਜਾਬੀਆਂ ਨੂੰ ਹਰ ਵਿਦਿਆ ਵਿੱਚ ਨਿਪੁੰਨ ਦੇਖਣ ਦੀ ਚਾਹ ਆਪ ਦੇ ਦਿਲ ਦਿਮਾਗ ਵਿੱਚ ਕਿਤਨੀ ਕੁ ਸੀ ? ਇਹ ਆਪ ਦੇ ਇਨ੍ਹਾਂ ਅੱਗੇ ਕੰਮ ਕਰਨ ਦੇ ਖਿਆਲਾਂ ਦੇ ਸੁਫਨਿਆਂ ਵਿੱਚੋਂ ਸੁਹਣੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ।

ਆਪ ਪੰਜਾਬੀ ਵਿੱਚ ਅਨੇਕ ਵਿਦਿਆਵਾਂ ਦੇ ਕੋਸ਼ ਤੇ ਪੰਜਾਬੀਆਂ ਨੂੰ ਆਪਣੇ ਆਪ ਅੰਗ੍ਰੇਜ਼ੀ, ਹਿੰਦੀ, ਉਰਦੂ, ਮਰਾਠੀ, ਲੰਡੇ ਆਦਿ ਵਿਦਿਆਵਾਂ ਸਿੱਖਣ ਦੀਆਂ ਪੁਸਤਕਾਂ ਲਿਖਣ ਦੇ ਪੱਕੇ ਇਰਾਦੇ ਹਿਰਦੇ ਵਿੱਚ ਲੈਕੇ ਹੀ



Digitized by Panjab Digital Library | www.panjabdigilib.org

ਚੜ੍ਹਾਈ ਕਰ ਗਏ।

ਇੱਕ ਪੁਰਜ਼ੇ ਵਿੱਚ ਹੇਠ ਲਿਖੇ ਪੁਸਤਕ ਲਿਖਣ ਦੇ ਖਿਆਲ ਲਿਖੇ ਹੋਏ ਮਿਲਦੇ ਹਨ:–

(੧) ਅੰਗ੍ਰੇਜ਼ੀ ਪੰਜਾਬੀ ਕੋਸ਼। (੨) ਫਾਰਸੀ ਪੰਜਾਬੀ ਕੋਸ਼।
(੩) ਉਰਦੂ ਪੰਜਾਬੀ ਕੋਸ਼। (੪) ਹਿੰਦੀ ਪੰਜਾਬੀ ਕੋਸ਼।
(੫) ਸੰਸਕ੍ਰਿਤ ਪੰਜਾਬੀ ਕੋਸ਼। (੬) ਮਰਾਠੀ ਪੰਜਾਬੀ ਕੋਸ਼।
(੭) ਡਾਕਟਰੀ ਪੰਜਾਬੀ ਕੋਸ਼। (੮) ਹਕੀਮੀ ਪੰਜਾਬੀ ਕੋਸ਼।
(੯) ਵੈਦਕ ਪੰਜਾਬੀ ਕੋਸ਼। (੧੦) ਗੁਜਰਾਤੀ ਪੰਜਾਬੀ ਕੋਸ਼।
(੧੧) ਵਿਗਯਾਨਕ ਪੰਜਾਬੀ ਕੋਸ਼। (੧੨) ਪੰਜਾਬੀ ਕੋਸ਼।
(੧) ਅੰਗ੍ਰੇਜ਼ੀ ਪੰਜਾਬੀ ਉਸਤਾਦ। (੨) ਹਿੰਦੀ ਪੰਜਾਬੀ ਉਸਤਾਦ।
(੩) ਉਰਦੂ ਪੰਜਾਬੀ ਉਸਤਾਦ। (੪) ਮਰਾਠੀ ਪੰਜਾਬੀ ਉਸਤਾਦ।
(੫) ਲੰਡੇ ਪੰਜਾਬੀ ਉਸਤਾਦ।

---

੨੫—੧—੨੫ ਦਾ ਇਕ ਪੁਰਜ਼ਾ ਇਸਤਰਾਂ ਹੈ:—

"(੧) ਕੈਦ ਕਿਉਂ ਹੋਏ ? ਤੁਸੀਂ ਜਾਣੋਂ, ਧਰਮ ਪਿਆਰ ਤੋਂ।
(੨) ਕਾਨੂੰਨ ਤੋੜਦੇ ਹੋ ? ਕੋਈ ਨਹੀਂ, ਧਰਮ-ਵਿਰੋਧੀ ਕਾਨੂੰਨ ਨਹੀਂ ਮੰਨਦੇ।
(੩) ਗੁਰਨਮਿੰਟ ਸਦਾ ਦੋਸਤ ਰਹੀ ? ਸਿਖ ਭੀ ਦੋਸਤ, ਪੂਰੇ ਦੋਸਤ ਰਹੇ।
(੪) ਕਿਉਂ ਲੜਦੇ ਹੋ? ਨਹੀਂ ਲੜਦੇ, ਸਰਕਾਰ ਧਰਮ ਵਿਚ ਦਖਲ ਦਿੰਦੀ ਹੈ।
(੫) ਕੀ ਚਾਹੁੰਦੇ ਹੋ ? ਗੁਰਦੁਆਰੇ, ਕ੍ਰਿਪਾਨ, ਸਿਖ ਕੈਦੀ ਵਗੈਰਾ, ਐਲਾਨ ਵਾਪਸ ਅਨਲਾਫੁਲ ਐਸੋਸੀਏਸ਼ਨ।
(੬) ਸੁਲ੍ਹਾ ਕਿਉਂ ਨਹੀਂ ਕਰਦੇ ? ਸੁਲ੍ਹਾ ਬਾ ਇੱਜ਼ਤ ਚਾਹੁੰਦੇ ਹਾਂ।
(੭) ਸ੍ਰੋ: ਕਮੇਟੀ ਪੁਲੀਟੀਕਲ ਕੰਮ ਕਰਦੀ ਹੈ? ਕੇਹੜਾ ਕੰਮ ?
(੮) ਨਾਭੇ ਦਾ ਮਾਮਲਾ? ਸ਼੍ਰੋਮਣੀ ਕਮੇਟੀ ਦੇ ਐਲਾਨ ਵੇਖੋ, ਕੋਈ ਉੱਤਰ ਨਾ।
(੯) ਸੁਲ੍ਹਾ ਵਾਸਤੇ ਸ਼ਰਤਾਂ ? ਮਰਜ਼ੀ ਦਾ ਕਾਨੂੰਨ, ਕ੍ਰਿਪਾਨ ਕੈਦੀ ਪਾਠ।
(੧੦) ਬਿਲ ਨਾਲ ਤਸੱਲੀ ਕਰੋਗੇ ? ਹਾਂ ਸਿੱਖਾਂ ਦੀ ਮਰਜ਼ੀ ਅਨੁਸਾਰ ਸਭ ਮੰਗਾਂ, ਗੁਰਦਵਾਰੇ, ਕ੍ਰਿਪਾਨ, ਜੈਤੋ ਦਾ ਪਾਠ, ਕੈਦੀ ਰਿਹਾ, ਬਾਗੀ ਐ: ਵਾ:
(੧੧) ਮੋਰਚਾ ਭਾਈ ਫੇਰੂ ? ਗੁਰੂ ਬਾਗ ਵਾਕਰ ਹੀ ਹੈ।



Digitized by Panjab Digital Library | www.panjabdigilib.org

(੧੨) ਬਿਲ ਕੇਹਾ ਹੋਵੇ ? ਗੁਰਦਵਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ।
(੧੩) ਗੁਰਨਮੈਂਟ ਨੂੰ ਸ਼ੱਕ ਆਮਦਨ ਪੁਲੀਟੀਕਲ ਕੰਮਾਂ ਤੇ ? ਸ਼੍ਰੋਮਣੀ ਕਮੇਟੀ ਦੇ ਨਿਯਮਾਂ ਵਿਚ ਹੀ ਗੁਰਦੁਆਰਿਆਂ ਦੇ ਪ੍ਰਬੰਧ,ਵਿਦਿਆ, ਧਰਮ ਪ੍ਰਚਾਰ ਤੇ ਹੀ ਖਰਚ ਕਰੇ ਤੁਸੀਂ ਬਿਲ ਵਿਚ ਇਹ ਸ਼ਰਤ ਪੱਕੀ ਕਰ ਸਕਦੇ ਹੋ।"

ਪੰਜਾਬ ਗੁਰਨਮੈਂਟ ਦੇ ਐਗਜ਼ੈਕਟਿਵ ਮੈਂਬਰ ਮਿਸਟਰ ਮੈਨਾਰਡ ਨਾਲ ਉਸ ਦੇ ਮੀਆਂ ਵਾਲੀ ਜੇਹਲ ਵੇਖਣ ਜਾਣ ਸਮੇਂ ਹੋਏ ਸਵਾਲ ਜਵਾਬ ਪ੍ਰਤੀਤ ਹੁੰਦੇ ਹਨ।

---

ਇਸੇ ਤਾਰੀਖ ੨੫--੧--੨੫ ਦਾ ਦੂਜਾ ਪੁਰਜਾ। "ਗੁਰਦੁਆਰਾ ਸੁਧਾਰ ਸੰਬੰਧੀ"

੧੮੮੫ ਤੋਂ ਖਾ: ਦੀਵਾਨ ਲਾਹੌਰ, ਸਿੰਘ ਸਭਾ ਲਾਹੌਰ ਤੇ ਅੰਮ੍ਰਿਤਸਰ।

੧੮੯੫ ਤੋਂ ਸ੍ਰੀ ਤਰਨ ਤਾਰਨ ਡੀ. ਸੀ. ਲੈਂਗ, ਤਹਿਸੀਲਦਾਰ ਨੰਦ ਲਾਲ, ਸਰਬਰਾਹ ਸ੍ਰ: ਅਰਜਨ ਸਿੰਘ, ਸਰਬਰਾਹ ਕਰਨੈਲ ਜਵਾਲਾ ਸਿੰਘ ਉਪ੍ਰੰਤ ਸ੍ਰ: ਅਰੂੜ ਸਿੰਘ।

੧੯੦੧ ਵਿਚ ਚੀ: ਖਾ: ਦੀਵਾਨ।

੧੯੦੬ ਵਿਚ ਪ੍ਰਕਰਮਾਂ ਦੀਆਂ ਦੁਕਾਨਾਂ ਡੀ. ਸੀ. ਮਿਸਟਰ ਕੈਸਨ, ਪੁਜਾਰੀਆਂ ਵਲੋਂ ਅਰਦਾਸਾ ਬੰਦ, ਸ੍ਰ: ਸੁੰਦਰ ਸਿੰਘ, ਸ੍ਰ: ਨਰੈਣ ਸਿੰਘ, ਸਭਾ ਉਠਾਈ, ਦੀਵਾਨ ਬੰਦ ਵਾਸਤੇ ਪੁਜਾਰੀ ਬਹੁਤ ਮੱਛਰੇ।

੧੯੦੭ ਤੋਂ ੧੯੧੭ ਤਕ ਮਿਸਟਰ ਕਿੰਗ ਦਾ ਤਜਰਬਾ।

੧੯੧੦ ਵਿਚ ਚੀ: ਖਾ: ਦੀ: ਮੈਂਬਰਾਂ ਤੇ ਕਹਿਰ, ਸਰਕਾਰ ਵਿਰੋਧੀ, ਤੱਤ ਖਾਲਸਾ ਸ੍ਰ: ਸੁੰਦਰ ਸਿੰਘ ਮਜੀਠੀਆ ਤੇ ਨਿਗਰਾਨੀ, ਗਦਰ ਡਾਇਰੈਕਟਰੀ ਵਿਚ ਨਾਂ, ਸਰ ਲੂਈ ਡੇਨ ਲਾਟ ਦਾ ਗੁੱਸਾ, ਸਰ ਓ. ਮੂਰ-ਕ੍ਰੇਗ ਕਮਾਂਡਰਨ ਚੀਫ ਦੇ ਸਮਝਾਣ ਨਾਲ ਕੁਝ ਸ਼ਾਂਤੀ।

੧੯੧੧ ਵਿਚ ਅਮਾਵਸ ਤੇ ਸ਼ਰਾਬ ਬੰਦ ਦਾ ਯਤਨ। ਮਿਸਟਰ



Digitized by Panjab Digital Library | www.panjabdigilib.org

ਕਿੰਗ ਤੇ ਪੁਜਾਰੀ ਗੁੱਸੇ।

੧੯੧੩ ਤੋਂ ਰਕਾਬ ਗੰਜ ਤੋਂ ਸਿਖਾਂ ਵਿਚ ਦੁਖ, ਗਦਰ ਡਾਇ-ਰੈਕਟਰੀ ਵਿਚ ਸਿਖਾਂ ਦੀ ਬਹੁਤ ਭਰਤੀ, ਜੰਗ ਕਰਕੇ ਸਿਖਾਂ ਦਾ ਸਬਰ।

੧੯੧੪ ਕੌਮਾਗਾਟਾ ਮਾਰੂ ਜਹਾਜ ਬੇ ਅਦਬੀ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਿਆਂ ਸੁਧਾਰ ਵਾਸਤੇ, ੧੯੧੪ ਸਰ ੳ. ਮਾਇਕਲ ਉਡਵਾਇਰ।

੧੯੦੭ ਤੋਂ ੧੯੧੭ ਤਕ ਮਿਸਟਰ ਕਿੰਗ, ਬਰਟਨ, ਕਰਨਲ ਪਾਰਸਨ, ਮਿ: ਲੈਮਸਡਨ।

੧੯੨੦ ਵਿਚ ਮਿਸਟਰ ਫੈਗਨ ਡੀ. ਸੀ. ਨਾਲ।

---

"ਪੁਜਾਰੀ ਕਰਤੂਤਾਂ:–ਔਰਤਾਂ ਬੇ ਪਤ, ਅੰਦਰ ਸ਼ਰਾਬਾਂ ਪੀ ਉਲ-ਟੀਆਂ, ਕੜਾਹ ਵਿਚ ਚਿਠੀਆਂ, ਤੰਬਾਕੂ ਨਸਵਾਰ, ਬਟੇਰੇ ਫੜ ਤਾਬਿਆ, ਕੰਜਰੀਆਂ ਦੇ ਨਾਚ, ਗੁਰੂ ਗ੍ਰੰਥ ਸਾਹਿਬ ਦੇ ਚੜ੍ਹੇ ਰੁਮਾਲ ਕੰਜਰਾਂ ਦੇ ਘਰੀਂ, ਕੋਠੀ ਖਾਂਨੇ, ਬੁੰਗੇ, ਪ੍ਰਕਰਮਾਂ ਵਿਚ ਮੀਨਾਂ ਬਾਜ਼ਾਰ।"

---

"ਫਰਾਂਸ ਵਿਚ ਗੁਰਪੁਰਬ, ਸਤਿ ਸ੍ਰੀ ਅਕਾਲ ਆਦਿ, ਪਰ ਏਥੇ ਜਬਾੜੇ ਤੋੜੇ, ਚਪੇੜਾਂ, ਕਪੜੇ ਨਾਲ ਮੂੰਹ ਬੰਦ ਤੇ ਅਜ ਇਹ ਸਮਾਂ ਰਾਜ ਭਗਤ, ਸ੍ਰਕਾਰ ਪੂਜ, ਸ੍ਵਰਾਜ ਵਿਰੋਧੀ, ਝੋਲੀ ਚੁੱਕ, ਦੇਸ਼ ਦੇ ਉਲਟ, ਬਦਨਾਮ ਹੋ ਕੇ ਭੀ ਅਸੀਂ ਧਰਮ ਖਾਤਰ ਬੇ ਦੋਸੇ ਜੇਹਲਾਂ ਵਿਚ ਸੜ ਰਹੇ, ਡਾਂਗਾਂ, ਸੰਗੀਨਾਂ, ਗੋਲੀਆਂ, ਬੈਂਤ, ਰੇਲਾਂ ਹੇਠ, ਬੇੜੀਆਂ, ਹਥ ਕੜੀਆਂ, ਗਿੱਦੜ ਕੁੱਟ, ਫਾਂਸੀ ਕੋਠੀਆਂ, ਮਾਵਾਂ ਭੈਣਾਂ, ਬਹੂ ਬੇਟੀਆਂ ਕਚਹਿਰੀਆਂ ਤੇ ਜੇਹਲਾਂ ਤਕ ਰੁਲੀਆਂ, ਸਮਾਂ ਆਵੇਗਾ ਸਰਕਾਰ ਭੁਲ ਮੰਨੇਗੀ। ਅਸੀਂ ਹੀ ਕੰਮ ਆਵਾਂਗੇ, ਝੋਲੀ ਚੁੱਕ, ਮਹੰਤ, ਪੁਜਾਰੀ, ਉਦਾਸੀ ਕੰਮ ਨਹੀਂ ਆਵਣਗੇ।"

× × × × × × ×



Digitized by Panjab Digital Library | www.panjabdigilib.org

੨੧-੧੦-੨੫

(੧) ਮੁਕੰਮਲ ਇਤਿਹਾਸ ਗੁਰਦਵਾਰਾ ਲਹਿਰ ਰਕਾਬ ਗੰਜ ਤੋਂ ਹੁਣ ਤੱਕ।

(੨) ਮੁਕੰਮਲ ਹਾਲਾਤ ਕਾਰ ਸੇਵਾ।

(੩) ਮੁਕੰਮਲ ਹਾਲਾਤ ਦਰਦ ਭਰੇ ਗੁਰੂ ਕਾ ਬਾਗ।

(੪) ਪੂਰੇ ਸਮਾਚਾਰ ਜੈਤੋ ਸੰਬੰਧੀ।

(੫) ਕੈਦੀ ਵੀਰਾਂ ਦੀਆਂ ਹੱਡ ਬੀਤੀਆਂ।

(੬) ਸੰਪੂਰਨ ਐਲਾਨ ਸੰਛੇਪ ਪੁਸਤਕ ਰੂਪ।

(੭) ਸ਼ੁਰੂ ਤੋਂ ਅਖੀਰ ਤੱਕ ਜੇਲ੍ਹ ਯਾਤ੍ਰੀਆਂ ਦੀ ਲਿਸਟ।

(੮) ਮਾਰ ਖਾਣ ਵਾਲੇ ਸ਼ਹੀਦ,ਸ਼ਹੀਦੀ ਜਥਿਆਂ ਦੀਆਂ ਲਿਸਟਾਂ।

(੯) ਏਸ ਲਹਿਰ ਵਿੱਚ ਕੀ ਕੀ ਪੰਥ ਸੇਵਕਾਂ ਦੇ ਨੁਕਸਾਨ ਹੋਏ। ਕਾਰ, ਵਿਹਾਰ, ਮਾਲ, ਜਾਨ, ਜੀਵਨ, ਸੰਤਾਨ, ਮਰਾਤਬੇ, ਵਿੱਦਯਾ।

(੧੦) ਫੁਟਕਲ ਕੁਰਬਾਨੀਆਂ ਦੇ ਹਾਲਾਤ ਕਾਕਾ ਕਰਤਾਰ ਸਿੰਘ ਜੇਹਲ।"

ਇਸ ਉਪਰਲੇ ਨੋਟ ਤੋਂ ਭਾਸਦਾ ਹੈ ਜੋ ਆਪ ਨੂੰ ਇਸ ਸਮੇਂ ਦੇ ਸਿੱਖ ਇਤਿਹਾਸ ਦੀ ਇੱਕ ਮੁਕੰਮਲ ਪੁਸਤਕ ਲਿਖਣ ਦਾ ਖਿਆਲ ਸੀ ਜਿਸ ਲਈ ਇਹ ਸਭ ਯਾਦ ਦਾਸ਼ਤਾਂ ਦਰਜ ਕੀਤੀਆਂ ਹੋਈਆਂ ਹਨ, ਜੋ ਉਸ ਪੁਸਤਕ ਵਿੱਚ ਵਿਸਤਾਰ ਸਹਿਤ ਔਣੀਆਂ ਸਨ।
ਇਸੇਤਰ੍ਹਾਂ ਦੇ ਦੋ ਤਿੰਨ ਪੁਸਤਕਾਂ ਲਿਖਣ ਸੰਬੰਧੀ ਨੋਟ ਹੋਰ ਹਨ:--

"(੧) ਗਵਰਨਮੈਂਟ ਹਿੰਦ ਦੀ ਬਨਾਵਟ, ਪੰਚਮ ਜਾਰਜ ਤੋਂ ਲੈ ਨੰਬਰਦਾਰਾਂ ਤੱਕ ੧੦੦ ਕੁ ਸਫਾ।

(੨) ਸੰਸਾਰਕ ਸ੍ਰਕਾਰਾਂ ਦੀ ਬਨਾਵਟ। (ਸਟੇਟਸ ਮੈਨ ਯੀਅਰ ਬੁੱਕ ਵਿੱਚੋਂ)। (੩) ਪੰਜਾਬ ਜੇਲ੍ਹਾਂ ਸੰਬੰਧੀ ਸੰਛੇਪ ਨਿਯਮ।

---



Digitized by Panjab Digital Library | www.panjabdigilib.org

"ਸਿਖ ਗੁਰੂ ਸਾਹਿਬਾਨ ਔਰ ਸਿਖ ਨੇਤਾਓਂ ਕੀ ਜੇਲ੍ਹ ਯਾਤ੍ਰਾ"

"ਜੇਹਲ ਕਿਆ ਹੈ ? (ਭਾਰਤੀ ਜੇਹਲ ਸਫਾ ੧ ਤੋਂ)

ਮਹਾਂ ਪੁਰਸ਼ ਜੇਲ੍ਹ ਕਿਉਂ ਜਾਂਦੇ ਹਨ ? (ਹਮਾਰੀ ਕਾਰਾਵਾਸ ਕਹਾਣੀ ੧ ਤੋਂ)।

ਸਿਖੋਂ ਕੇ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਤਥਾ ਹੀ ਅਨੇਕ ਸਿਖ ਸ਼ਹੀਦ ਕਬ ਕਬ ਕਿਸ ਪ੍ਰਕਾਰ ਜੇਹਲ ਮੇਂ ਜਾਤੇ ਰਹੇ, ਔਰ ਉਨ ਕੇ ਜੇਹਲ ਜਾਨੇ ਉਪ੍ਰੰਤ ਸਮਯ ਨੇ ਕੈਸਾ ਪਲਟਾ ਖਾਇਆ।

ਭਾਈ ਮਤੀ ਦਾਸ ਜੀ—ਦਯਾਲਾ ਜੀ—ਮਤਾਬ

ਵਰਤਮਾਨ ਸਮਯ ਮੇਂ—ਰਕਾਬ ਗੰਜ—ਕੌਮਾ ਗਾਟਾ ਮਾਰੂ—ਗੁਰਦੁਆਰਾ ਸੁਧਾਰ ਸ੍ਰੀ ਤਰਨ ਤਾਰਨ—ਸ੍ਰੀ ਨਨਕਾਣਾ ਸਾਹਿਬ, ਸਿਆਲ ਕੋਟ—ਸ੍ਰੀ ਅੰਮ੍ਰਿਤਸਰ ਸੰਬੰਧੀ ਬੇ ਅੰਤ ਅਕਾਲੀ ਬੀਰ ਕ੍ਰਿਪਾਨ ਸੰਬੰਧੀ, ਚਾਬੀਆਂ ਸੰਬੰਧੀ ਜੱਥੇ ਦਾਰ ਜੀ ਆਦਿ ਮਾਨਜ, ਦੇਸ਼ ਰਤਨ, ਗੁਰੂ ਬਾਗ ਤੇ ਜੈਤੋ ਸੰਬੰਧੀ ਆਦਿ, ਸ਼੍ਰੋ: ਕ: ਤਥਾ ਸ਼੍ਰੋ: ਅ: ਦ: ਕਾਨੂੰਨ ਵਿਰੁਧ ਕਰਾਰ ਦੇ ਕਰ ਜੇਹਲ ਯਾਤਰੀ ਬਨੇ ਹੈਂ। ਉਪ੍ਰੰਤ ਬੇਅੰਤ ਸਿਖ ਸੇਵਕ ੧੭ ਬੀ. ੪੪੮ ਆਦਿ ਸੰਬੰਧੀ ਇਤਿਹਾਸ ਅਨੁਸਾਰ ਇਨ ਕਾ ਕਿਆ ਅੰਤ ਹੋਗਾ ?

ਦੇਸ਼ ਬਾਸੀਓਂ ਦਾ ਕਿਆ ਕਰਤਵਯ ਹੈ ?

(੨) ਅਕਾਲੀ ਦਰਸ਼ਨ ਸੰਖੇਪ ਹੁਣ ਤਕ ਜਾਂ ਅਕਾਲਯੋਂ ਕਾ ਆਦਰਸ਼ ਸਤਿਆਗ੍ਰਹਿ ਸੰਖੇਪ ਹੁਣ ਤਕ। (੩) ਅਕਾਲੀ ਕੌਣ ਹੈ (ਸਿਖ ਇਤਿਹਾਸ ਸਫਾ ੨੭੨ ਤੋਂ, ਅਕਾਲੀ ਦਰਸ਼ਨ ਸਫਾ ੧੦੨ ਤੋਂ ੪ ਫਿਰ ੧੫ ਤੋਂ। ਵਰਤਮਾਨ ਰਕਾਬ ਗੰਜ ਤੋਂ ਸ਼ੁਰੂ ਹੁਣ ਤਕ ਦੇ ਸਮਾਚਾਰ ਸੰਖੇਪ। (੪) ਸਿਖ ਗੁਰੂ ਸਾਹਿਬਾਨ (ਸਿਖੋਂ ਕਾ ਉਥਾਨ ਵ ਪਤਨ ਸਫਾ ੧ ਤੋਂ ੬੪ ਤਕ ਸੰਖੇਪ। (੫) ਨਵੰਬਰ ਦੀ ਪ੍ਰਭਾ ਦੀ ਵਾਰਤਾ। (੬) ਸਿਖੋਂ ਕਾ ਸਤਿਆ ਗ੍ਰਹਿ (੧—੫—੬—੮—੯ ਗੁਰੂ ਜੀ ਤੋਂ ਭਾਈ ਮਨੀ ਸਿੰਘ ਜੀ ਵਰਤਮਾਨ ਸਮਯ ਹਮਾਰੀ ਕਾਰਾਵਾਸ ਕਹਾਣੀ ਸਫਾ ੧੦



Digitized by Panjab Digital Library | www.panjabdigilib.org

(੭) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਖੇਪ ਜੀਵਣ ਤੇ ਸ਼ਬਦ। (੮)ਬੰਦੀਛੋੜਸ੍ਰੀ ਗੁਰੂ ਨਾਨਕ ਦੇਵਜੀ ਤੇ ੬ ਗੁਰੂ ਜੀ ਦਾ ਪ੍ਰਸੰਗ(ਪ੍ਰੀਤਮ੨੦) (੯) ਕਲਗੀਧਰ ਆਦਰਸ਼ ਕੁਝ........ਅਨੁਸਾਰ ਕਰਕੇ। (੧੦) ਅਕਾਲੀ ਸਹਾਇਤਾ (ਭਾਰਤ ਮਿਤ੍ਰ ਦਾ ਮੁਖ ਲੇਖ) ਅਦਾਲਤ ਕਾ ਦ੍ਰਿਸ਼ਯ। (੧੧) ਸੰਖੇਪ ਐਲਾਨ (ਪੁਸਤਕ ਰੂਪ ਵਿਚ)।

× × × × × × ×

(੧) ਜੇਹਲ ਬੀਤੀ ਤੇ ਸਖਤੀਆਂ। (੨) ਨਰਕਾਂ ਦੇ ਨਮੂਨੇ ਜੇਲ੍ਹ ਹਨ। (੩) ਧਰਮੀਆਂ ਦੀ ਜੇਲ੍ਹ ਯਾਤ੍ਰਾ ਦੇ ਫਲ ਨਰਕ ਸੁਰਗ ਦੀ ਥਾਂ। (੪) ਸਾਡਾ ਦੇਸ਼ ਤੇ ਜੇਲ੍ਹ ਦਾ ਵਾਸ। (੫) ਸ੍ਰ: ਇਨਸਾਫ ਦੀ ਪਰਖ ਦੂਜੇ ਜੱਥੇ ਦੇ ਫੈਸਲੇ ਸੰਬੰਧੀ। (੬) ਭਗਤ ਦੇ ਸੰਗਲਾਂ ਤੇ ਭੋਲੇ ਦੇ ਜੜ੍ਹਾਂ ਦੇ ਬੰਧਨ।"

੨੧-੧੦-੨੫ ਦਾ ਇਕ ਨੋਟ ਇਸਤਰ੍ਹਾਂ ਹੈ:-

"(੧) ਗੁਰਦੁਆਰਿਆਂ ਦੀ ਦਸ਼ਾ। (੨) ਸਰਬਰਾਹ ਸੰਬੰਧੀ ਰੌਲਾ। (੩)ਸ੍ਰ: ਸੁੰਦਰ ਸਿੰਘ ਜੀ ਰਾਮਗੜ੍ਹੀਆ ਤਕੱਰਰੀ।(੪)ਬਾਬੇ ਦੀ ਬੇਰ ਸੰਬੰਧੀ। (੫) ਅੰਮ੍ਰਿਤਸਰ ਜੀ ਸ਼ੁਧੀ ਵਾਲਿਆਂ ਦਾ ਪ੍ਰਸ਼ਾਦਿ। (੬) ਅਕਾਲ ਤਖਤ ਤੇ ਕਬਜ਼ਾ ਸ੍ਰਕਾਰੀ ੩੬ ਦੀ ਕਮੇਟੀ-੧੭੫ ਪੰਥਕ ਕਮੇਟੀ (੭) ਸ੍ਰੀ ਤਰਨ ਤਾਰਨ੍ਹ। (੮) ਸ੍ਰੀ ਨਨਕਾਣਾ। (੯) ਗੁਰੂ ਬਾਗ। (੧੦) ਪੰਜਾ ਸਾਹਿਬ ਜਾਂਦੀ ਵਾਰ ਹਾਦਸਾ। (੧੧) ਰਾਵਲ ਪਿੰਡੀ ਹਾਦਸਾ। (੧੨) ਕਾਰ ਸੇਵਾ ਅਰੰਭ। (੧੩) ਨਾਭੇ ਵਾਲਾ ੯ ਜੁਲਾਈ ੧੯੨੩ ਨੂੰ। (੧੪) ਮੋਰਚਾ ਜੈਤੋ ਦੀਵਾਨ ੯-੮-੨੩ ਤੋਂ (੧੫) ੧੩-੧੦-੨੩ ਖਿਲਾਫ ਕਾਨੂੰਨ ਕਰ ਪਹਿਲੀ ਕਮੇਟੀ ਫੜੀ। (੧੬)ਮੋਰਚਾ ਭਾਈ ਫੇਰੂ।(੧੭)੭-੧-੨੪ ਕਮੇਟੀ ਦੂਜਾ ਜੱਥਾ ਫੜਿਆ। (੧੮) ਜੈਤੋ ੫੦੦ ਦੇ ਜੱਥੇ ੯-੨-੨੪ ਤੁਰ ੨੨-੨-੨੪ ਪਹੁੰਚ ਗੋਲੀ ਚੱਲੀ। (੧੯) ੭-੭-੨੫ ਬਿੱਲ ਪਾਸ। (੨੦) ੯-੭-੨੫



Digitized by Panjab Digital Library | www.panjabdigilib.org

ਤੋਂ ਜੈਤੋ ਰਿਹਾਈਆਂ ਤੇ ਪਾਠ। (੨੧) ੯-੮-੨੫ ਅਕਾਲੀ ਜਲੂਸ। (੨੨) ਵਾਪਸ ਆਇਆਂ ਦੇ ਦੁਖੜੇ ਤੇ ਮੌਤਾਂ।"

---

"ਸਿੱਖ ਕਿੱਥੇ ੨ ਜਾਕੇ ਅੰਗ੍ਰੇਜ਼ਾਂ ਦੀ ਥਾਂ ਖ਼ੂਨ ਬਹਾਂਦੇ ਰਹੇ।" ਦੀ ਸੁਰਖੀ ਹੇਠ ਚੰਦ ਸਤਰਾਂ ਦਾ ਰੁੱਕਾ:--

"੧੮੫੨ ਵਿੱਚ ਬਰਮਾਂ, ਆਸਾਮ, ਬੰਗਾਲ, ਗ਼ਦਰ ਸਾਰੇ ਹਿੰਦ, ਤੀਰਾਹ, ਚਿਤ੍ਰਾਲ, ੧੮੭੮ ਅਫਗਾਨਿਸਤਾਨ, ਬਲੋਚਿਸਤਾਨ, ੧੮੯੯ ਸਾਊਥ ਅਫਰੀਕਾ, ਬੋਰ ਯੁੱਧ, ਬਰਮਾਂ, ਚੀਨ, ਤਿਬਤ, ਨੈਪਾਲ, ਸਵੀਡਨ, ਮਾਲਟਾ, ਮਿਸਰ, ਫਾਰਸ, (ਈਰਾਨ), ਕੁਰਦਿਸਤਾਂਨ, ਮੈਸੋਪੋਟੇਮੀਆਂ, ਪੈਲਸਟਾਈਨ, ਗੈਲੀ ਪੋਲੀ, ਰੂਸ, ਫਰਾਂਸ, ਜਰਮਨ ੧੯੧੪ ਤੋਂ ੧੯੧੮ ਤੱਕ, ਆਰਾ ਵਿੱਚ ਦਾ ਹਾਲ ਚਾਵਲ ਪਿੱਛ ਪੀਕੇ ਖ਼ੂਹ ਕੱਢੇ।"

---

ਹੰਸਲੀ ਦਾ ਪਾਣੀ। (ਜੋ ਸ੍ਰੋਵਰ ਸ੍ਰੀ ਹਰਿ ਮੰਦਰ ਸਾਹਿਬ ਵਿੱਚ ਨਹਿਰ ਤੋਂ ਆਉਂਦਾ ਸੀ ਬੰਦ ਕੀਤਾ), ਕੋਮਾਗਾਟਾ ਮਾਰੂ ਵਗੈਰਾ, ਖਾਲਸਾ ਕਾਲਜ ਦਾ ਪ੍ਰਬੰਧ, ਰਕਾਬ ਗੰਜ, ਜਲਿਆਂ ਵਾਲਾ ਬਾਗ, ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ, ੧੫ ਨਵੰਬਰ ੧੯੨੦ ਨੂੰ ਸ਼੍ਰੋ: ਕਮੇਟੀ ਪਹਿਲੀ ਚੋਣ।

ਉਪਰਲੇ ਨੋਟ ਦੇ ਹੇਠਲੇ ਹਿੱਸੇ 'ਹੰਸਲੀ ਦਾ ਪਾਣੀ' ਆਦਿ ਤੋਂ ਭਾਸਦਾ ਹੈ ਜੋ ਵੈਦ ਜੀ ਨੇ ਇਸ ਖਿਆਲ ਨਾਲ ਦਰਜ ਕੀਤੇ ਹਨ ਕਿ ਪੰਥ ਨੇ ਤਾਂ (ਉਪਰਲੇ ਨੋਟ ਅਨੁਸਾਰ) ਅੰਗ੍ਰੇਜ਼ੀ ਸਰਕਾਰ ਲਈ ਖ਼ੂਨ ਵੀਟ ਵੀਟ ਕੇ ਵਫਾਦਾਰੀ ਕੀਤੀ ਤੇ ਇਹ (ਹੇਠ ਲਿਖੇ ਨੋਟ ਅਨੁਸਾਰ) ਉਸਦਾ ਇਨਾਮ ਅਥਵਾ ਫਲ ਮਿਲਿਆ। ਕੈਸੀ ਢੂੰਢੀ ਹੈ!

---

੨੮-੩-੨੫ ਨੂੰ ਜੇਲ੍ਹ ਵਿੱਚ ਜਾਣ ਦੇ 'ਲਾਭ' ਤੇ 'ਨੁਕਸਾਨ' ਦੀਆਂ ਸੁਰਖੀਆਂ ਹੇਠ ਇੱਕ ਰੁੱਕਾ ਇਸਤਰ੍ਹਾਂ ਹੈ:--

ਲਾਭ:-

(੧) ਸੇਵਾ ਦੀ ਹਿੱਸੇਦਾਰੀ।



Digitized by Panjab Digital Library | www.panjabdigilib.org

(੨) ਕਾਰ ਬਾਰ ਪ੍ਰਵਾਰ ਦੀ ਮਮਤਾ ਤੋਂ ਕੁਝ ਵਿਰਕਤੀ।

(੩) ਸੰਜਮ ਦਾ ਨ੍ਰਿਬਾਹ।

(੪) ਪੜ੍ਹਨ–ਲਿਖਨ–ਤਜਰਬੇ ਦਾ ਵਾਧਾ ਤੇ ੧੯੯੯ ਤੋਂ ਪੁਸਤਕ ਲਿਖਨ ਦੇ ਵਿਚਾਰ ਦੀ ਪੂਰਤੀ।

(੫) ਤ੍ਰਿਲੋਕ ਸਿੰਘ ਦੇ ਕਾਰੋਬਾਰ ਸੰਭਾਲਨ ਦਾ ਸੌਭਾਗਜ।

(੬) ਚੀ: ਖਾ: ਦੀ:, ਮਿ: ਕ: ਆਦਿ ਬਖੇੜਯਾਂ ਤੋਂ ਛੁਟਕਾਰਾ।

(੭) ਪ੍ਰਵਾਰ ਵਿੱਚ ਵਧੇਰੇ ਪ੍ਰੇਮ ਤੇ ਸਤਿਕਾਰ ਦੇ ਸਾਧਨ।

(੮) ਸੱਜਨ ਮਿੱਤ੍ਰ ਸੰਬੰਧੀਆਂ ਆਦਿ ਦੀ ਪਰਖ।

(੯) ਅਨੇਕਾਂ ਭੁੱਲਾਂ ਚੁੱਕਾਂ ਦਾ ਪ੍ਰਾਯਸਚਿਤ।

(੧੦) ਮੰਨੇ ਪ੍ਰਮੰਨਯਾਂ ਦੇ ਅਸਲ ਜੀਵਣ ਦੇਖਨ ਦਾ ਸਮਾਂ।

(੧੧) ਸੰਸਾਰ ਪਰ ਹੀ ਨਰਕ--ਅੰਗ੍ਰੇਜ਼ੀ ਰਾਜ ਦੀ ਬੇ-ਇਨਸਾਫੀ ਵਗੈਰਾ ਦੇਖਣ ਦੇ ਸਮੇਂ।

ਨੁਕਸਾਨ:–

(੧) ਰੋਜ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਰਸ਼ਨ ਦਾ ਵਿਛੋੜਾ।

(੨) ਸ੍ਰੀ ਦਰਬਾਰ ਸਾਹਿਬ ਯਾਤ੍ਰਾ ਤੋਂ ਵਾਂਝ।

(੩) ਅੱਠ ਹਜ਼ਾਰ ਦੇ ਕਰੀਬ ਮਾਲੀ ਨੁਕਸਾਨ।

(੪) ਪ੍ਰਵਾਰ ਵਿਛੋੜਾ ਲਗਾਤਾਰ।

(੫) ਅਯੋਗ ਵਾਯੂ ਮੰਡਲ ਵਿੱਚ ਰਹਿਣ ਦੀ ਦੁਰਭਾਗਜਤਾ ਤੇ ਤਪ ਜਪ ਪਾਠ ਵਜਰਬ।

(੬) ਸਤਸੰਗ ਤੋਂ ਵਿਰਵਾਪਨ।"

੨੫-੧-੨੫ ਨੂੰ 'ਮੀਆਂ ਵਾਲੀ ਦੇ ਦੁੱਖ' ਦੀ ਸੁਰਖੀ ਹੇਠ ਮੀਆਂ ਵਾਲੀ ਦੇ ਮੌਸਮ ਤੇ ਜੇਲ੍ਹ ਦੀਆਂ ਸਖਤੀਆਂ ਦਾ ਇਸ ਤਰ੍ਹਾਂ ਜ਼ਿਕਰ ਕਰਦੇ ਹਨ:–

"(੧) ਹਨੇਰੀਆਂ ਨਾਲ ਤਿੰਨ ਤਿੰਨ ਦਿਨ ਅੰਦਰੋਂ ਮਿੱਟੀ।



Digitized by Panjab Digital Library | www.panjabdigilib.org

(੨) ਗਰਮੀਆਂ--ਚਾਹ--ਅੰਡੇ* ਵਜ਼ਨ ਅਗਸਤ ਵਿੱਚ ਇੱਕ ਦਮ ਘਟੇ।

(੩) ਸਰਦੀਆਂ ਭੀ ਹੱਦ- ਸਭ ਦੀ ਸਿਹਤ ਖਰਾਬ।

(੪) ਦੀਨ ਦੁਨੀਆਂ ਦਾ ਪਤਾ ਨਹੀਂ, ਮੱਥੇ ਲੱਗਣ ਦੀ ਸਾਂਝ ਨਹੀਂ, ਪੜ੍ਹਨ ਵਾਸਤੇ ਲਾਇਬ੍ਰੇਰੀ ਪੁਸਤਕ ਨਹੀਂ।

(੫) ਮੁਲਾਕਾਤਾਂ ਦੇ ਦੁੱਖ ਖਰਚ, ੫੦੦ ਜੁਰਮਾਨਾਂ, ੭੦੦ ਚਾਰ ਮੁਲਾਕਾਤਾਂ, ਲੰਬਾ ਸਫਰ, ਗਰਮੀ ਸਰਦੀ ਵਿੱਚ ੨੬ ਘੰਟੇ ਰੇਲ ਵਿੱਚ, ਬਾਲ ਬੱਚੇ ਨਾਲ ਚਾਰ ਪੰਜ ਥਾਵਾਂ ਤੇ ਗੱਡੀਆਂ ਬਦਲ।"

ਇੱਕ ਹੋਰ ਰੁਕਾ ਜਿਸ ਵਿੱਚ ਸਿੱਖ ਪੰਥ ਉੱਤੇ ਹੋਈਆਂ ਦੁਖਦਾਈ ਘਟਨਾਵਾਂ ਦਰਜ ਹਨ, ਇਸਤਰ੍ਹਾਂ ਹੈ:--

"ਤਰਨ ਤਾਰਨ ਚਿੱਠੀ ਕਿੰਗ ਸੇਵਾਦਾਰ ਖੱਜਲ, ਸ੍ਰੀ ਨਨਕਾਣਾ ਸਾਹਿਬ ਸ਼ੇਖੂਪੁਰਾ ਡਾਂਗਾ, ਰਪੋਰਟਾਂ ਤੋਂ ਬੇ ਪ੍ਰਵਾਹੀ, ਮਹੰਤ ਦਾ ਬਚਾ,ਸੇਵਾਦਾਰ ਜੇਹਲਾਂ ਵਿੱਚ, ਚਾਬੀਆਂ ਸੰਬੰਧੀ। ੧੭੦੦ ਗ੍ਰਿਫਤਾਰੀਆਂ ਕ੍ਰਿਪਾਨ--ਪੱਗਾਂ, ਸ੍ਰ: ਖੜਕ ਸਿੰਘ ਜੀ। ਗੁਰੂ ਕੇ ਬਾਗ ਦਾ ਮੋਰਚਾ। ਸ੍ਰੀ ਪੰਜਾ ਸਾਹਿਬ ਇੰਜਨ ਹੇਠ, ਜੇਹਲਾਂ ਵਿੱਚ ਦੁੱਖ। ਰਾਵਲ ਪਿੰਡੀ ਸੰਗੀਨਾਂ ਦਾ ਹਮਲਾ, ਜੈਤੋ ਦਾ ਮੋਰਚਾ।

ਸ਼੍ਰੋ: ਅ: ਦਲ--ਕਮੇਟੀ ਗੈਰ ਕਾਨੂੰਨੀ, ਸ਼੍ਰੋਮਣੀ ਕਮੇਟੀ ੧ ਜੱਥਾ ਪਕੜ। ਭਾਈ ਫੇਰੂ ਮੋਰਚਾ। ਕਮੇਟੀ ਦੂਜਾ ਜੱਥਾ ਫੜ੍ਹ। ਸ਼ਹੀਦੀ ਜੱਥੇ ਤੇ ਗੋਲੀਆਂ। ਜੱਥਿਆਂ ਦੀ ਸੇਵਾ ਕਰਨ ਵਾਲਿਆਂ ਦੀ ਫੜਾ ਫੜੀ। ਦੂਜੇ ਜੱਥੇ ਵਾਸਤੇ ਹਾਈ ਕੋਰਟ ਦੇ ਫੈਸਲੇ ਬਾਬਤ। ਬਿੱਲ ਪ੍ਰਵਾਨਗੀ। ਕੈਦੀਆਂ ਬਾਬਤ ਸ਼ਰਤ।

× × × × × ×

---

*ਇਤਨੀ ਗਰਮੀ ਪੈਂਦੀ ਕਿ ਧੁੱਪੇ ਰੱਖ ਚਾਹ ਜੋਗਾ ਪਾਣੀ ਤੇ ਅੰਡੇ ਉਬਲ ਸਕਦੇ ਸਨ।



Digitized by Panjab Digital Library | www.panjabdigilib.org

"ਕੁਲ ਸਿੱਖ ਕੇਸਾਧਾਰੀ ਪੰਜਾਬ ੨੮੭੬੩੨੦,
ਸਹਿਜਧਾਰੀ ੨੨੮੫੯੮।"

"(੧) ਸ਼੍ਰੋਮਣੀ ਗੁ: ਪ੍ਰ: ਕ: ਦੀ ਬਨਾਵਟ। (੨) ਸ਼੍ਰੋ: ਗੁ: ਪ੍ਰ: ਦੇ ਕੰਮ ਧਾਰਮਕ। (੩) ਜੈਤੋ ਮੁਆਮਲਾ, ਪਾਠ ਖੰਡਤ, ਗੁ: ਸਿੰ: ਮੰਨਯਾਂ। ਸੁਧਾਰ ਕਮੇਟੀ ਤੋਂ ਪਾਠ। (੪) ਨਾਭੇ ਦੀ ਗੱਦੀ ਉਤਾਰ ਸੰਬੰਧੀ ਸ਼੍ਰੋ: ਗੁ: ਪ੍ਰ: ਕ:। (੫) ਪ੍ਰਤਿਨਿਧਤਾ ਸੰਪ੍ਰਦਾਵਾਂ ਨੂੰ ਹੱਕ:–ਕੂਕੇ ਨਾਮਧਾਰੀਏ ੪੦੩੭। ਉਦਾਸੀ ੭੭੬, ਨਿਹੰਗ ੩੯੫੪, ਨਿਰਮਲੇ ੧੧੨, ਕੇਸਾਧਾਰੀ ੯੨ ਫੀ ਸਦੀ, ਸਹਜਧਾਰੀ ੭ ਫੀ ਸਦੀ, (੬) ਕਾਨੂੰਨ ਅਨੁਸਾਰ ਦੁੱਖ ਹੋਣਾ ਤੇ ਆਪ ਪ੍ਰਬੰਧ-ਬਾਬੇ ਦੀ ਬੇਰ। (੭) ਅੰਤਮ ਫੈਸਲਾ, ਕਿਲੇ ਵਾਲੇ ਲੀਡਰ ਤੇ ਮੌਜੂਦਾ ਸ਼੍ਰੋ: ਗੁ: ਪ੍ਰ: ਕ:।"

---

ਹੇਠ ਲਿਖੀ ਕਵਿਤਾ ਆਪ ਜੀ ਨੇ ੧੨-੯-੨੫ ਨੂੰ ਜੇਲ ਵਿਚ ਲਿਖੀ--

ਘਾਲਾਂ ਘਾਲੀਆਂ ਦਾਸ ਹਨ ਕੌਣ ਲੇਖੇ, ਘਾਲਾਂ ਘਾਲਦੇ ਗੁਰੂ ਦੇ ਲਾਲ ਵੇਖੇ।
ਸਬਰ ਸ਼ੁਕਰ ਤੇ ਵਾਹਿਗੁਰੂ ਨਾਮ ਜਪਦੇ, ਦਸ ਦਸ ਸਾਲ ਦੇ ਜੇਲ੍ਹ ਵਿਚ ਬਾਲ ਵੇਖੇ।
ਬੁੱਢੇ ਬਾਲ ਜਵਾਨ ਇਕ ਸਾਰ ਸੂਰੇ, ਧਰਮ ਹੇਤ ਰਹੇ ਜਫਰ ਜਾਲ ਵੇਖੇ।
ਜਾਬਰ ਜਬਰ ਦੀ ਕੋਈ ਨ ਕਸਰ ਛੱਡੀ, ਤਦ ਭੀ ਸਾਬਰਾਂ ਚਿਹਰੇ ਖੁਸ਼ਹਾਲ ਵੇਖੇ।

ਚੱਕੀ ਪੀਸਦੇ ਫੇਰਦੇ ਖੂਹ ਕੋਹਲੂ, ਮੁੰਜ ਕੁਟਦੇ ਵੱਟਦੇ ਵਾਣ ਵੇਖੇ।
ਵਾਂਗ ਹੀਰਿਆਂ ਗੁਰੂ ਦੇ ਲਾਲ ਪੂਰੇ, ਰੁਲਦੇ ਖ਼ਾਕ ਵਿਚ ਵਾਸਤੇ ਆਣ ਵੇਖੇ।
ਦੁਧੀਂ ਮੱਖਣੀਂ ਪਲੇ ਤੇ ਹਿਲੇ ਮਖਮਲ, ਧਰਮ ਵਾਸਤੇ ਰੂਖੜੇ ਪਾਣ ਵੇਖੇ।
ਬਾਟੀ ਤੱਪੜੀ ਕੰਬਲੀ ਗੀਦੀਆਂ ਜੋ, ਵਰਤੋਂ ਏਹ ਤੇ ਇਹੋ ਹੰਡਾਣ ਵੇਖੇ।

ਰੋਟੀ ਰੁੱਖੀ ਤੇ ਸੁੱਕੀ ਅਰ ਦਾਲ ਭਾਜੀ, ਪਸੂ ਖਾਣ ਨਾ ਘਰੀਂ, ਇਹ ਪਾਣ ਵੇਖੇ।
ਨਾਲ ਸ਼ੁਕਰ ਦੇ 'ਵਾਹਿਗੁਰੂ' ਆਖ ਛਕਦੇ, ਕੇਵਲ ਗੁਰੂ ਨੂੰ ਪਏ ਮਨਾਣ ਵੇਖੇ।
ਤਨ ਸੁੱਕ ਪਿੰਜਰ ਖਿੰਗਰ ਵਾਂਗ ਹੋਏ ਗਿੱਦੜ ਕੁੱਟ ਨੂੰ ਸ਼ਾਂਤ ਹੋ ਖਾਣ ਵੇਖੇ।
ਜ਼ੁਲਮ ਸਭ ਝੱਲਣ ਦੁਖ ਘੋਰ ਪਾਵਣ, ਪਰ ਨ ਡੋਲਦੇ ਜ਼ਰਾ ਭੀ ਆਣ ਵੇਖੇ।



Digitized by Panjab Digital Library | www.panjabdigilib.org

ਮਾਵਾਂ ਲਾਲਾਂ ਨੂੰ ਆਣ ਕੇ ਜਦੋਂ ਵੇਖਣ, ਗਸ਼ਾਂ ਖਾਂਦੀਆਂ ਪੁਤ ਬੇਹਾਲ ਵੇਖੇ।
ਭੈਣਾਂ ਵੀਰਾਂ ਦੀ ਦੁਰਦਸ਼ਾ ਵੇਖ ਵਿਆਕੁਲ, ਪਿਤਾ ਵੇਖਕੇ ਬੁਰੇ ਹੀ ਹਾਲ ਵੇਖੇ।
ਸਤਵੰਤੀਆਂ ਗੁੰਮ ਸੁਧ ਬੁਧ ਹੋਵਨ, ਸਾਈਂ ਸਿਰਾਂ ਦੇ ਏਸ ਬਦ ਹਾਲ ਵੇਖੇ।
ਬੱਚੇ ਕੂਕਦੇ ਪਿਤਾ ਬੇਹਾਲ ਬੰਦੀ, ਪਰ ਨ ਡੋਲਦੇ ਗੁਰੂ ਦੇ ਲਾਲ ਵੇਖੇ।

ਕਿਤੇ ਗੋਲੀਆਂ ਗਾਲੀਆਂ ਪੈਣ ਡਾਂਗਾਂ, ਗੰਦ ਮੰਦ ਤੋਂ ਨਹੀਂ ਘਬਰਾਣ ਵੇਖੇ।
ਦੁਖ ਪਾਂਵਦੇ ਜ਼ਰਾ ਘਬਰਾਂਵਦੇ ਨਾ, ਆਨ ਪੰਥ ਦੀ ਸ਼ਾਨ ਰਖਾਣ ਵੇਖੇ।
ਗੁਰੂ ਪੰਥ ਅੱਤ ਚਾਹ ਗੁਰਦਵਾਰਿਆਂ ਦੀ, ਗੁਰੂ ਪੰਥ ਹਿਤ ਤਨ ਲਗਾਣ ਵੇਖੇ।
ਧੰਨ ! ਧੰਨ !! ਉਹ ਲਾਲ ਸਤਿਗੁਰੂ ਜੀਦੇ, ਦਾਸ ਜਿਹਾਂ ਭੀ ਨਾਲ ਹੋ ਆਣ ਵੇਖੇ।

ਸ਼ੁਕਰ ਸਤਿਗੁਰੂ ਜੀ ਆਪ ਹੋ ਸਹਾਈ, ਮੇਰੇ ਜੇਹਾਂ ਦੀ ਆਪ ਹੀ ਸਾਰ ਰੱਖੀ।
ਦੀਨ ਹੀਨ ਤੇ ਕਰਮ ਵਿਹੀਨ ਮੂਲੋਂ, ਵੇਖ ਜਾਣ ਭੀ ਵਿਰਦ ਦੀ ਕਾਰ ਰੱਖੀ।
ਸ਼ਰਨ ਪਏ ਤੇ ਨੀਚ ਨਿਵਾਜ਼ ਲੀਤਾ, ਭੁਲ੍ਹਨ ਰੁਲਨ ਤੋਂ ਰੱਖ ਹਰਿ ਵਾਰ ਰੱਖੀ।
ਸੰਗਤਿ ਗੁਰਮੁਖਾਂ ਬਖਸ਼ ਰੱਖ ਹੱਥ ਅਪਨਾ, ਸਰਬ ਭਾਂਤ ਹੀ ਲਾਜ ਸੁਧਾਰ ਰੱਖੀ।

ਪੂਰੇ ਸਤਿਗੁਰੂ ਪੰਥ ਦੀ ਆਸ ਪੂਰੀ, ਰੱਖੀ ਪੰਥ ਦੀ ਆਨ ਤੇ ਸ਼ਾਨ ਪੂਰੀ।
ਕੀਤੀ ਪਾਸ ਪ੍ਰੀਖਿਆ ਆਪ ਪੂਰੇ, ਪੂਰੀ ਕਰੂ ਜੋ ਅਜੇ ਹੈ ਰਹੀ ਊਰੀ।
ਧੰਨ ਸਤਿਗੁਰੂ ਵਿਰਦ ਅਕਾਲ ਜੀ ਦਾ, ਧੰਨ ਧੰਨ ਗੁਰੂ ਪੰਥ ਦੀ ਆਨ ਪੂਰੀ।
ਵਿਰਦ ਆਪਣੇ ਦੀ ਆਪੇ ਲਾਜ ਰੱਖੀ, ਸ਼ੁਕਰ ਸ਼ੁਕਰ ਸਤਿਗੁਰ ਵੀ ਤਾਨ ਪੂਰੀ।

---

ਇਸੇ ਤਰ੍ਹਾਂ ਸਤਿਗੁਰੂ ਕਲਗੀਧਰ ਜੀ ਨੂੰ ਸੰਬੋਧਨ ਕਰਕੇ ਇਕ ਹੋਰ ਕਵਿਤ ਆਪ ਨੇ ਜੇਲ ਵਿਚ ਲਿਖੀ ਜੋ ਇਸਤਰ੍ਹਾਂ ਹੈ:-

ਹੇ ਕਲਗੀਧਰ ਪਿਤਾ ਪਜਾਰੇ ਬਾਜਾਂ ਵਾਲੇ ਸਾਂਈ ! ਦਿਆਂ ਦੁਹਾਈ।
ਦੁਖੀਂ ਬੱਚਿਆਂ ਪੰਥ ਖਾਲਸਾ ਆਕੇ ਦਰਸ ਦਿਖਾਈਂ, ਸ਼ਰਣ ਰਖਾਈਂ।
ਵਾਰ ਆਪਣੇ ਬਿੰਦੀ ਬੇਟੇ ਨਾਦੀ ਜੋਇ ਰਖਾਏ, ਗੋਦੀ ਪਾਏ।
ਬਾਲ ਬ੍ਰਿੱਧ ਸੋ ਜੁਬਾ ਘਨੇਰੇ ਜ਼ਾਲਮ ਆਣ ਦੁਖਾਏ, ਕਿਤੇ ਖਪਾਏ ॥ ੧ ॥



Digitized by Panjab Digital Library | www.panjabdigilib.org

ਕਈ ਪਾਪੀਆਂ ਮਾਰੇ ਵੱਢੇ ਫੱਟੜ ਕਈ ਕਰਾਏ, ਅਤੇ ਦੁਖਾਏ।
ਵੱਢ ਕੱਟ ਪਾ ਤੇਲ ਸਾੜ ਕੇ ਤੇਰੇ ਦ੍ਵਾਰ ਕੁਹਾਏ, ਬਹੁਤ ਸਤਾਏ।
ਮਾਰ ਮਾਰ ਕੇ ਡਾਂਗਾਂ ਸੋਟੇ ਫਟੜ ਕਈ ਕਰਾਏ, ਗਸ਼ੀਂ ਪਵਾਏ।
ਤੇਰੇ ਦ੍ਵਾਰੇ ਸੇਵਾ ਖਾਤਰ ਜਾਣੋਂ ਰੋਕਣ ਧਾਏ, ਜ਼ਾਲਮ ਆਏ ॥ ੨ ॥

ਤੇਰੇ ਲਾਲਾਂ ਦਰਸ਼ਨ ਕਾਰਨ ਵੀਰ ਵੀਰਾਂ ਦੇ ਆਏ, ਹਿਤ ਧਰ ਧਾਏ।
ਓਹ ਭੀ ਜ਼ਾਲਮ ਰੇਲਾਂ ਹੇਠਾਂ ਦੇ ਸ਼ਹੀਦ ਕਰਾਏ, ਨਹਿੰ ਪਛਤਾਏ।
ਜੇਹਲਾਂ ਦੇ ਵਿਚ ਅਤੀ ਤਸੀਹੇ ਦੇ ਦੇ ਅਤੀ ਸਤਾਏ, ਪਰਮ ਦੁਖਾਏ।
ਰਤੀ ਨ ਡੋਲੇ ਸੇਵਕ ਤੇਰੇ ਕਈ ਪਰਖਾਂ ਵਿੱਚ ਪਾਏ; ਮਾਰ ਖਪਾਏ ॥ ੩ ॥

ਮਾਰ ਸੰਗੀਨਾਂ ਦੋਇ ਪਾਰ ਕਰ, ਭੇਹ ਦੇ ਵਾਂਗ ਕੁਟਾਏ, ਹੋ ਹਲਕਾਏ।
ਘੋੜੇ ਚਾੜ ਗੁਰਮੁਖਾਂ ਉਪਰ ਖੁਰਾਂ ਹੇਠ ਲਤੜਾਏ, ਨਹਿ ਸ਼ਰਮਾਏ।
ਅਜੇ ਨ ਪਾਪੀ ਹੋ ਸ਼ਰਮਿੰਦੇ ਰਾਹ ਨ ਸਿੱਧੇ ਆਏ, ਰੱਬ ਡਰ ਪਾਏ।
ਜ਼ੁਲਮ ਵੱਧ ਤੋਂ ਵੱਧ ਕਰੇਂਦੇ ਝਈਆਂ ਲੈ ਲੈ ਆਏ, ਜ਼ੁਲਮ ਨੂੰ ਧਾਏ ॥੪॥

ਵਿਚ ਗੰਗਸਰ ਦ੍ਵਾਰੇ ਤੇਰੇ ਗੁਰਮੁਖ ਪਜਾਰੇ ਜਾਂਦੇ, ਨਾ ਅਕੁਲਾਂਦੇ।
ਮਾਰ ਗੋਲੀਆਂ ਜ਼ਾਲਮ ਰੋਕਣ ਦੇ ਤਸੀਹੇ ਡਰਾਂਦੇ, ਨਾ ਸ਼ਰਮਾਂਦੇ।
ਪਰ ਦਰਸ਼ਨ ਨੂੰ ਵਧ ਵਧ ਧਾਵਨ ਗੁਰਸਿਖ ਨਹੀਂ ਹਟਾਂਦੇ, ਨਾ ਡਰਪਾਂਦੇ ॥
ਹੋਈ ਹੱਦਹੁਣ ਬਹੁੜ ਪਿਤਾਜੀ ਅਜੇਨਹੀਂ ਕਿਉਂ ਆਂਦੇ,ਦਰਸ ਵਿਖਾਂਦੇ ॥੫॥

ਨਿਯਮ ਭੰਨੀਏ ਰਾਜ ਦ੍ਰੋਹੀ ਆਖਿਰ ਆਨ ਸੁਣਾਏ, ਫੜ ਮੰਗਾਏ।
ਨਿਰਵੈਰਾਂ ਫੜ ਪਾ ਕੇ ਜੇਹਲੀਂ ਦੋਸ਼ੀ ਆਖ ਰਖਾਏ, ਸਜ਼ਾ ਸੁਣਾਏ ॥
ਸ਼ਾਂਤਿ ਪੁੰਜ ਗੁਰਸਿਖਾਂ ਜੱਥੇ ਅਤੀ ਬੇਹਾਲ ਕਰਾਏ, ਬੀੜੀਂ ਪਾਏ।
ਦੇਖ ਦੁਰ ਦਸ਼ਾ ਦੁਨੀਆਂ ਡੋਲੀ,ਸਤਿਗੁਰ ਅਜੇ ਨਾ ਆਏ,ਆਪ ਸਿਧਾਏ॥੬॥

ਕਰੋ ਬਾਹੁੜੀ ਸਾਰ ਲਵੋ ਹੁਣ ਛੇਤੀ ਛੇਤੀ ਆ ਕੇ, ਦਰਸ ਦਿਖਾ ਕੇ।
ਡੁਬ ਮੁਏ ਕੀ ਨੌਕਾ ਕਰਸੀ ਬਣੂੰ ਕੀ ਚਿਰ ਪਾ ਕੇ, ਸਭ ਵੰਞਾ ਕੇ।



Digitized by Panjab Digital Library | www.panjabdigilib.org

ਨੂੰਲੇ ਰੂਪ ਵਿਹੋ ਹੁਣ ਦਰਸ਼ਨ ਜ਼ਾਲਮ ਮਾਰ ਮੁਕਾਓ, ਸ਼ੀਘਰ ਆਓ।
ਸਾਰ ਲਵੋ ਹੁਣ ਆਣ ਸੰਭਾਲੋ ਔਗੁਣ ਨਾਹਿੰ ਤਕਾਓ, ਸਰਨੀਂ ਪਾਓ ॥੭॥

---

੧੯--੨--੨੫ ਦਾ ਇਕ ਰੁੱਕਾ ਇਉਂ ਹੈ:—

"ਜੀਵਨ ਸੰਬੰਧੀ:-ਸੰਤਾਨ, ਸੂਚੀ ਪੁਸਤਕਾਂ-ਪੰਜਾਬ ਟੈਂਪਰੈਂਸ ਫੈਡਰੇਸ਼ਨ, ਸ਼ਰਾਬ ਸ਼ਹਿਰੋਂ ਬੰਦ, ਵੇਸਵਾ ਬੰਦ, ਰੌਸ਼ਨੀ, ਹਾਈ ਸਕੂਲ, ਸਾਦਗੀ, ਮਿੱਤ ਵਜਯ, ਰਾਜ ਸੇਵਾ, ਡਿ: ਬੋਰਡ, ਲੋਕਲ ਬੋਰਡ, ਆਮ ਸੁਭਾ, ਬਾਲ ਹਿਤੂ, ਨਿਰਲੋਭ, ਮਿਠ ਵਰਤੋਂ, ਸਚਾਈ, ਜੰਗੀ ਸਿਪਾਹੀਆਂ, ਅਮਰੀਕਨ ਪਾਦਰੀ, ਜਨਰਲ ਇੰਸਪੈਕਟਰ ਜੇਹਲ, ਪੰਜਾਬ ਟੈ: ਬੁ: ਕ:, ਕਾਨਫ੍ਰੰਸ ਸਿਖ, ਕੁਨਬਾ ਪਰਵਰੀ, ਸੱਜਣਾਂ ਮਿਤ੍ਰਾਂ ਦੀ ਸਮੇਂ ਸਿਰ ਸਹੈਤਾ, ਸੁਲ੍ਹਾ ਪਸੰਦ, ਪਹਿਲੇ ਆਪ ਫਤਹਿ, ਭਰੋਸਾ ਕੇਵਲ ਵਾਹਿਗੁਰੂ, ਪ੍ਰਾਰਥਨਾ, ਵਾਹਿਗੁਰੂ ਆਪ ਗੋਚਰਾ, ਯਾਦ, ਦੇਸ਼ ਦੇਸ਼ਾਂਤਰਾਂ ਦੀ ਯਾਤ੍ਰਾ ਸਾਲ ਵਿਚ ੧ ਮਹੀਨਾ, ਤਨ, ਮਨ, ਧਨ, ਸਮੇਂ ਦਾ ਦਸਵੰਧ।

ਸਾਹਿਤਕ ਸੇਵਾ:-ਹਰ ਸਾਲ ੩੦ ਫਰਮੇਂ ਘੱਟ ਤੋਂ ਘੱਟ ਨਵੇਂ ਜ਼ਰੂਰ ਹੋਣ। ਪੁਸਤਕ ਪ੍ਰਚਾਰ ਵਾਸਤੇ ੩੦-੧੦ ਕਿਸ਼ਤ ਪੇਸ਼ਗੀ ਰੁਪਏ।"

ਇਹ ਜਾਂ ਤਾਂ ਆਪ ਜੀ ਨੇ ਆਪਣੀ ਹਥੀਂ ਆਪਣਾ ਜੀਵਣ ( Autobiography ) ਲਿਖਣ ਦੀ ਧਾਰਨਾ ਨਾਲ ਤੇ ਜਾਂ ਕਿਸੇ ਦੇ ਬੇਨਤੀ ਕਰਨ ਤੇ ਕਿਸੇ ਪ੍ਰੇਮੀ ਦੀ ਮੰਗ ਉਪਰ ਜੋ ਆਪ ਦਾ ਜੀਵਣ ਚਰਿਤ੍ਰ ਲਿਖਣਾ ਚਾਹੁੰਦਾ ਹੋਵੇ ਉਸ ਲਈ ਲਿਖਿਆ ਜਾਪਦਾ ਹੈ। ਕਿਉਂਕਿ ਇਸ ਤੋਂ ਸਪਸ਼ਟ ਹੈ ਕਿ ਇਹ ਸਾਰੇ ਕੰਮ ਆਪ ਜੀ ਨੇ ਕੀਤੇ ਹੋਏ ਹਨ।

ਇਸੇਤਰ੍ਹਾਂ ਦਾ ਇਕ ਪਤਰਾ ਜੋ ੯--੧੦--੨੪ ਦਾ ਲਿਖਿਆ ਹੋਇਆ ਹੈ। ਇਸ ਤਰ੍ਹਾਂ ਹੈ:—

"ਜਨਮ ਫਗਣ ੧੯੩੭ ਬਿ:, ਫਰਵਰੀ ਸੰਨ ੧੮੮੧। ਪੜ੍ਹਾਈ ਦੇਸੀ, ਭਾਈ ਤੇ-ਗਿਆਨੀ ਜੀ ਤੇ ਪਿਤਾ ਜੀ ਪਾਸ। ਵਿਦਿਆਰਥੀ ਸਭਾ। ਖਾ: ਕਾਲਜ ਬਣਨ ਵੇਲੇ। ਸੰਨ ੧੮੯੫ ਅੰਮ੍ਰਿਤ ਛਕਣ ਬਾਦ ਗੁਰਬਾਣੀ -ਇਤਹਾਸ-ਦਸਮ ਗ੍ਰੰਥ-ਸੂਰਜ ਪ੍ਰਕਾਸ਼ ਦੀ ਕਥਾ ਰੋਜ਼। ਧਾਰਮਕ



Digitized by Panjab Digital Library | www.panjabdigilib.org

ਭਾਵ-ਵਾਕ ਸਿੱਧੀ। ਮਤਮਤਾਤ੍ਰਾਂ ਦੀ ਪੜਤਾਲ। ਵੈਦਕ ਪੜ੍ਹਾਈ ਉਦਮ। ਗੁਰ ਉਪਕਾਰ ਪ੍ਰਚਾਰਨੀ ਸਭਾ। ਆਪ ਦੇ ਲੇਖ ਖਾ: ਦਰਬਾਰ। ਖਾ: ਸਮਾਚਾਰ। ੧੯੫੪ ਨਿੰਦਤ ਭ੍ਰਿਸ਼ਟਾਚਾਰ। ਦੂਜੀ ਵਾਰ ਨਿੰ: ਭ੍ਰ:, ਦਿਯ-ਨੰਦ ਮਤ ਦਰਪਨ ਵਗੈਰਾ। ਵੈਦਕ ਪੜ੍ਹਾਈ ਨਾਲ ਜਜੋਤਸ਼। ਸ੍ਵਰੋਦਯ ਗਿਆਨ। ਆਮ ਅਖਬਾਰਾਂ ਵਿਚ ਲੇਖ। ਦਯਾ ਨੰਦ ਮਤ ਦਰਪਨ ੪ ਭਾਗ, ਸ਼ਰਾਧ ਪ੍ਰਬੋਧ ਗੋਇੰਦਵਾਲ ੧੮੯੯ ਵਿਚ। ਸ੍ਵਤੰਤਰ ਕੰਮ ਦਾ ਪ੍ਰਬੰਧ ਸੇਵਾ। ਪੰਜਾਬੀ ਪ੍ਰਚਾਰ ਦਾ ਪ੍ਰੇਮ ੧੯੦੬ ਦੂਖ ਨਿ:। ਸਿਖ ਹੈਂਡ ਬਿਲ। ਖਾ: ਟ੍ਰੈ: ਸੁ: ਦੇ ਟ੍ਰੈ:। ਪੰ: ਪ੍ਰ: ਬੁਕ ਏ:। ਚੀਫ:ਖ:ਦੀ: ਵਿਚ ਚੋਣ। ਕਾਨਫ੍ਰੰਸ ਨਾਲ ਪਿਆਰ। ਸ੍ਰ: ਗੁਲਾਬ ਸਿੰਘ ਜੀ। ਤਿੱਬੀ ਕਾਨਫ੍ਰੰਸ, ਭਾਰਤ ਵੈਦਜ ਕਾਨਫ੍ਰੰਸ। ਮਿਉਂਨਸਿਪੈਲਟੀ ੧੯੦੯ ਤੋਂ। ੧੯੧੧ ਵਿਚ ਬੰਬਈ, ਦਿਲੀ ਗਏ ਪਿਛੋਂ ਲੋਕਲ ਬੋਰਡ ਦੀ ਮੈਂਬਰੀ ਨਾਮਜ਼ਦ। ਕੁਝ ਚਿਰ ਡਿ: ਬੋਰਡ ਵਿਚ ਭੀ। ਪਿਆਰੇ ਸੰਬੰਧੀਆਂ ਤੇ ਸੰਤਾਨ ਦਾ ਵਿਛੋੜਾ। ਡਾਕਟਰ ਚਰਨ ਸਿੰਘ ਜੀ ਦਾ ਪ੍ਰੇਮ। ਪੰਜਾਬੀ ਪ੍ਰਚਾਰ ਰਤਨਾ· ਵਲੀ। ੧੯੧੩ ਦਾ ਇਨਾਮ ਸਿਖ ਕਾਨਫ੍ਰੰਸ। ੧੯੧੪ ਤੇ ੧੯੧੫ ਦੇ ਪੁਸਤਕ ਜੰਗ ਯੂਰਪ। ਪੰਜ ਵਾਰੀ ਸਰਕਾਰੀ ਇਨਾਮ। ਹੋਰ ਹਰ ਤਰ੍ਹਾਂ ਪੁਸਤਕਾਂ ਦਾ ਪ੍ਰਚਾਰ। ਲਾਗਤ ਤੇ ਆਰੀਆ ਢੋਲ ਦਾ ਪੋਲ। ਲਾਭ ਸਿੰਘ ਨੂੰ ੨੦੦੦) ਦੇ। ਬਰਨਾਲਾ ਕੇਸ ਵਿਚ। ਮਾਰਸ਼ਲ ਲਾ। ਖਾਲਸਾ ਹਾਈ ਸਕੂਲ। ਨਵੰਬਰ ੧੯੨੦ ਵਿਚ ਸ੍ਰੀ ਹਜ਼ੂਰ ਸਾਹਿਬ ਯਾਤ੍ਰਾ। ਗੁਰਦੁਆਰਾ ਸੁਧਾਰ ਨਾਲ ਪ੍ਰੇਮ। ਪੁਜਾਰੀ ਵੈਰ। ਅਫਸਰਾਂ ਨਾਲ ਆਜ਼ਾਦੀ ਨਾਲ। ੧੯੧੩ ਤੋਂ ੧੯੨੦ ਦਸੰਬਰ ਵਿਚ ਮਿਸਟਰ ਫੈਗਨ ਫਨਾਨਸ਼ਲ ਕਮਿਸ਼ਨਰ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ। ੧੯੨੧ ਤਰਨ ਤਾਰਨ ਸੰਬੰਧੀ। ਸਪੁਤ੍ਰ ਗੁਰੂ ਬਾਗ ਵਿਚ ਜੇਹਲ ਯਾਤ੍ਰੀ। ਆਪ ਭੀ ੩ ਤੇ ੪ ਸਤੰਬਰ ਨੂੰ ਗੁਰੂ ਬਾਗ। ੭ ਜਨਵਰੀ ੧੯੨੪ ਨੂੰ ਜੇਹਲ ਯਾਤ੍ਰਾ ਪਹਿਲੋਂ ਪਤਾ ਸੀ। ਸਕੱਤ੍ਰ ਸਕੂਲ। ਸਕੱਤ੍ਰ ਲੋਕਲ ਕਮੇਟੀ। ਡਾਕ ਆਦਿ ਦਾ ਪ੍ਰਬੰਧ। ਏਸ ਯਾਤ੍ਰਾ ਵਿਚ ਪਿਆਰੀ ਸੰਤਾਨ ਤੇ ਸੰਬੰਧੀਆਂ ਦੇ ਵਿਛੋੜੇ,



Digitized by Panjab Digital Library | www.panjabdigilib.org

ਮਾਲੀ ਨੁਕਸਾਨ,ਦੁਨਯਾਵੀ ਵਡਿਆਈਆਂ।

ਬਾਲਕਾਂ ਨਾਲ ਪਯਾਰ। ਸ੍ਰੀ ਅਨੰਦ ਪੁਰ ਸਾ: ਸ਼ਰਾਬ ਬੰਦ ਵਾਸਤੇ। ਸ੍ਰੀ ਹਜ਼ੂਰ ਸਾਹਿਬ ਦੇ ਹਾਲਾਤ। ਮਿ: ਬਰਾਡਵੇ ਸ਼ਰਾਬ ਖਾਨਗੀਆਂ ਬੰਦ। ਅੰਮ੍ਰਿਤਸਰ ਜੀ ਮੇਲਿਆਂ ਤੇ ਸ਼ਰਾਬ ਬੰਦ। ਵਾਈਸ ਪ੍ਰੈਜ਼ੀਡੈਂਟ ਟੈਂਪ੍ਰੈਂਸ ਫੈਡਰੇਸ਼ਨ। ਲਾਟ ਸਾਹਿਬ ਨੂੰ ਤਵਾਰੀਖ਼ ਵਗੈਰਾ। ਤਰਨ ਤਾਰਨ ਤਾਜ਼ੀਰੀ ਪੁਲਸ। ਚਾਬੀਆਂ ਗੁਰੂ ਬਾਗ ਮਾਮਲੇ ਵਿਚ ਭੁੰਜੇ। ਦਰਦ ਨਿਮੋਨੀਏ ਵੇਲੇ ਸ਼ਰਾਬ ਤੋਂ ਨਫਰਤ। ਸਾਦਾ ਜੀਵਨ, ਖਾਨ ਪਹਰਨ ਬੱਚੇ। ਆਪਣੀ ਕਮੀਂ ਸੋਚ ਕੇ ਉਸ ਦੇ ਦੂਰ ਕਰਨ ਦਾ ਯਤਨ। ਪ੍ਰਾਹੁੰਣਾ ਚਾਰੀ ਵਿਚ ਵੱਡੇ ਛੋਟੇ ਨਾਲ ਸਮਾਨਤਾ। ਸ: ਬ: ਬੂਟਾ ਸਿੰਘ। ਰ: ਸ: ਬਾਵਾ ਭਾਗ ਸਿੰਘ ਪੋਸਟ ਮਾਸਟਰ। ਕਿਸੇ ਦਾ ਦੁਖ ਨਹੀਂ ਵੇਖ ਸਕਦੇ। ਕੁਨਬਾ ਪਰਵਰੀ।"

---

ਹੇਠਲਾ ਮਜ਼ਮੂਨ ੨੧-੨-੨੫ ਦਾ ਲਿਖਯਾ ਹੋਇਆ ਹੈ,ਸ਼ਾਇਦ ਕੋਈ ਲੰਮਾ ਲੇਖ ਜਾਂ ਪੁਸਤਕ ਲਿਖਣ ਲਈ ਸੀ। ਦੇਖੋ ਕਿਤਨਾ ਮਹੱਤ੍ਵ ਭਰਿਆ ਹੈ:--

(੧) ਸੰਨ ੧੦੦੦ ਈ: ਤੋਂ ਹਿੰਦ ਦੀ ਮੁਰਦਾ ਹਾਲਤ, ਧਰਮ, ਧਨ, ਧਾਮ, ਪਤ, ਪ੍ਰਵਾਰ, ਸਰੀਰਾਂ ਦੀ ਦੁਰਦਸ਼ਾ ਪਰ ਚੂੰ ਤੱਕ ਸੰਨ ੧੪ ਦੇ ਅਖੀਰ ਤੱਕ ਨਹੀਂ। ਸੰਨ ੧੪੬੯ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟੇ, ਤਦ ਤੋਂ ਹਰ ੨੫ ਬਰਸ ਵਿੱਚ ਮਹਾਂ ਪੁਰਸ਼ ਹੁੰਦੇ ਰਹੇ, ਗੁਰੂ ਆਦ-ਰਸ਼ ਗੁਰਦ੍ਵਾਰੇ ਮੁਰਦਾ ਕੌਮ ਵਿੱਚੋਂ ਉੱਨਤ ਕੀਤੇ। ੧ ਗੁਰੂ ਜੀ ਤੋਂ ੧੦ ਗੁਰੂ ਜੀ ਤੱਕ ਗੁਰਦਵਾਰਯਾਂ ਦੀ ਕਾਇਮੀ ਤੇ ਜ਼ੁਲਮ ਖਾਤਰ ਬੇਦਾਵੇ ਦਾ ਪ੍ਰਸੰਗ, ਉਪ੍ਰੰਤ ਰੱਖਯਾ। ਬਾਬਾ ਦੀਪ ਸਿੰਘ ਜੀ, ਗੁਰਬਖਸ਼ ਸਿੰਘ ਜੀ, ਮਨੀ ਸਿੰਘ ਜੀ, ਮਤਾਬ ਸਿੰਘ ਜੀ ਗੁਰਦਵਾਰਯਾਂ ਖਾਤਰ ਸ਼ਹੀਦ ਹੋਏ। ਹੁਣ ਜਦ ਗੁਰਦਵਾਰਯਾਂ ਵਿੱਚ ਅਤਯਾਚਾਰ ਹੋਏ ਤਦ ਸ੍ਰੀ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ, ਗੁਰੂ ਬਾਗ, ਬੇਰ ਸਾਹਿਬ, ਪੰਜਾ ਸਾਹਿਬ, ਗੰਗਸਰ ਜੈਤੋ ਗੁਰਦਵਾਰਯਾਂ ਖਾਤ੍ਰ ਹੀ।



Digitized by Panjab Digital Library | www.panjabdigilib.org

(੨) ਕੌਮਾਂ ਤਦ ਹੀ ਗਿਰਦੀਆਂ ਹਨ, ਜਦ ਵਾਹਿਗੁਰੂ ਨੂੰ ਭੁਲ-ਦੀਆਂ ਹਨ, ਸਤਿਗੁਰੂ ਨਾਨਕ ਦੇਵ ਜੀ ਨੇ ਸਤਿਨਾਮ ਦਾ ਪ੍ਰਚਾਰ ੧੦ ਜਾਮੇਂ ਧਾਰ ਕੀਤਾ ਤੇ ਸਿੱਖਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਤਗੀਦ ਕੀਤੀ ਕਿ "ਗੁਰ ਕਾ ਬਚਨ ਬਸੈ ਜੀਅ ਨਾਲੇ। ਜਲ ਨਹੀਂ ਡੂਬੈ ਤਸਕਰ ਨਹੀਂ ਛੀਜੇ ਭਾਹਿ ਨ ਸਾਕੈ ਜਾਲੇ" ਜਦ ਅਸੀਂ ਗੁਰੂ ਬਚਨ ਭੁੱਲੇ ਤਾਂ ਦੁਖੀ ਹੋਏ, ਹੁਣ ਸਤਿਗੁਰੂ ਜੀ ਦੀ ਮੇਹਰ ਨਾਲ ਫੇਰ ਪੰਥ ਦਾ ਧਿਆਨ ਏਸ ਪਾਸੇ ਹੋਯਾ ਅਰ ਹਰ ਇੱਕ ਸਿੱਖ ਦੀ ਵਿਚਾਰ ਕਿ ਆਹ ਵੇਲਾ ਸੇਵਾ ਦਾ ਹੱਥੋਂ ਨਾ ਜਾਵੇ, ਪਰ ਸੰਸਾਰਕ ਮੋਹ ਵਿੱਚ ਫਾਥੇ ਬ੍ਰਿਧ ਮਾਤਾ ਪਿਤਾ, ਪ੍ਰਵਾਰ, ਸੰਤਾਨ, ਧਨ ਦੀ ਮਮਤਾ ਰੋਕ। ਫਿਰ ਕਲਗੀਧਰ ਦਾ ਆਦਰਸ਼ ਸਾਹਮਣੇ ਆ ਉਤ-ਸ਼ਾਹ। ਇੱਕ ਸਰਕਾਰੀ ਸਿੱਖ ਨੇ ਕੁਰਬਾਨੀ ਤੇ ਲਾਭ ਦਾ ਹਸਾਬ। ਏਤਨੇ ਖਰਚ ਨਾਲ ਨਵੇਂ ਗੁਰਦਵਾਰੇ, ਉਤ੍ਰ "ਆਸ਼ਕ ਇਹ ਨਾ ਆਖੀਐ ਜੋ ਲੇਖੇ ਵਰਤੈ ਸੋਇ" ਪ੍ਰੇਮ ਵਾਸਤੇ ਨੇਮ ਤੇ ਹਿਸਾਬ ਕੇਹੇ ? ਨਵੇਂ ਗੁਰਦਵਾਰਯਾਂ ਵਿੱਚ ਸਤਿਗੁਰੂ ਜੀ ਠੁਲੇ ਸਰੂਪ ਵਿੱਚ ਆਵਨਗੇ। ਜਾਂ ਕਉ ਮੁਸ਼ਕਲ ਅਤ ਬਣੈ ਜੇ ਆਦਰਸ਼ ਰਹੇ ਤਾਂ ਅਸੀਂ ਜ਼ਰੂਰ ਕਾਮਯਾਬ ਹੋਵਾਂਗੇ ਤੇ ਹੋ ਰਹੇ ਹਾਂ।

(੩) ਆਦਿ ਗੁਰੂ ਜੀ ਤੋਂ ੧੦ ਗੁਰੂ ਜੀ ਤੱਕ ਗੁਰਦਵਾਰਯਾਂ ਦੀ ਕਾਇਮੀ ਤੇ ਉੱਨਤੀ ਦਾ ਬਿਚਾਰ ਰਿਹਾ।ਗੁਰਦਵਾਰੇ ਹੀ ਵਾਹਿਗੁਰੂ ਦੀ ਵੱਲ ਅਗੇਰੇ ਕਰਨ ਤੇ ਪ੍ਰਾਯਸਚਿਤ ਕਰਨ ਨੱਕ ਰਗੜ ਕੇ ਬੁਰਿਆਈਆਂ ਛੱਡ ਭਲਿਆਈਆਂ ਪ੍ਰਾਪਤਿ ਕਰਨ ਸਿੱਖੀ ਧਾਰਨ ਦੇ ਕੇਂਦਰ ਹਨ। (ਵਿਸ਼ਵ ਸਾਹਿਤਜ ਸਫਾ ੮੨ ਪ੍ਰਾਯਸਚਿਤ ਸਬੰਧੀ), ੧ ਗੁਰੂ ਜੀ ਘਰਿ ਘਰ ਅੰਦਰ ਧਰਮ ਸਾਲ—੨-੩-੪-੫ ਗੁਰੂ ਜੀ ਗੁਰਦਵਾਰੇ ਰਚਨਾਂ। ੬ ਗੁਰੂ ਜੀ ਸੰਭਾਲ, ਸ੍ਰੀ ਨਨਕਾਣੇ ਸਾਹਿਬ ਅਲਮਸਤ ਜੀ ਦੇ ਸਪੁਰਦ ਸੇਵਾ। ਨਾਨਕ ਮਤੇ ਸੁਧਾਰ ਵਾਸਤੇ ਗਏ। ੭-੮-੯ ਗੁਰੂ ਜੀ ਗੁਰਦਵਾਰੇ ਰਚਨਾਂ ਤੇ ਕੁਰਬਾਨੀਆਂ। ੧੦ ਗੁਰੂ ਜੀ ਤੇ ਸਿੱਖਾਂ ਦੇ ਉੱਦਮ ਗੁਰਦਵਾਰਯਾਂ ਖਾਤ੍ਰ ਕੁਰਬਾਨੀਆਂ। ੯-੨-੨੪ ਨੂੰ ਤੁਰੇ। ੨੧-੨-੨੪ ਜੈਤੋ ਪਹੁੰਚੇ, ਸ਼ਹੀਦੀ



Digitized by Panjab Digital Library | www.panjabdigilib.org

ਜੱਥੇ ਤੇ ੨੮ ੨-੨੪ ਨੂੰ ਦੂਜੇ ਸ਼ਹੀਦੀ ਜੱਥੇ ਤੁਰਨ ਦੇ ਹਾਲ ।

(੪) ਸਿੱਖਾਂ ਨੇ ਇਹ ਕਸ਼ਟ ਏਤਨੇ ਕਿਉਂ ਪਾਏ ? ੧੮੯੩ ਬਾਬਾ ਜੀ ਮਦਰਾਸ ਵਿੱਚ, ਮਹਾਂ ਪਾਪੀਆਂ ਦੇ ਦਰਸ਼ਨ, ਗ਼ਦਰ ਦੇ ਹਾਲ, ਰਾਣੀ ਲਛਮੀ ਬਾਈ ਝਾਂਸੀ ਦੇ ਦਰਦਨਾਕ ਸਮਾਂਚਾਰ । ੧੯੨੩ ਲਾਲਾ ਹੰਸ ਰਾਜ ਜੀ ਦਾ ਲੈਕਚਰ ਇਸੇ ਸੰਬੰਧੀ ।"

× × × × × ×

੭ ਅਗਸਤ ੧੯੨੪ ਦੇ ਰੁੱਕੇ ਵਿੱਚ ਚਕਿਤਸਾਵਾਂ ਇਸਤਰ੍ਹਾਂ ਦਰਜ ਹਨ:—

(੧) ਆਯੁਰ ਵੈਦਕ । (੨) ਯੂਨਾਨੀ । (੩) ਐਲੋਪੈਥਿਕ । (੪) ਹੋਮਜੋਪੈਥਿਕ । (੫) ਜਲ ਚਕਿਤਸਾ । (੬) ਮਿੱਟੀ ਚਕਿਤਸਾ ।(੭) ਯੋਗ ਚਕਿੱਤਸਾ । (੮) ਅਧਜਾਤਮਕ । (੯) ਲੂਈ ਕੋਹਨੀ । (੧੦) ਨਜ਼ੂ ਹਾਈਜੀਅਨ । (੧੧) ਇਲਾਜ ਬਜ਼ਰੀਆ ਦੁਆ । (੧੨) ਉਪਵਾਸ ਚਕਿਤਸਾ । (੧੩) ਰਸ ਚਕਿਤਸਾ । (੧੪) ਸੂਰਯ ਚਕਿਤਸਾ । (੧੫) ਚੀਨੀ ਚਕਿਤਸਾ । (੧੬) ਅੰਨ ਚਕਿਤਸਾ । (੧੭) ਗਊ ਪਦਾਰਥ(੧੮) ਮੰਤ੍ਰ ਚਕਿਤਸਾ । (੧੯) ਤੰਤ੍ਰ ਚਕਿਤਸਾ । (੨੦) ਏਕ ਦੁਆ । (੨੧) ਗ੍ਰਿਹ ਪਦਾਰਥ ਚਕਿਤਸਾ । (੨੨) ਵਜਵਹਾਰਕ ਚਕਿਤਸਾ । (੨੩) ਅੱਕ ਚਕਿਤਸਾ । (੨੪) ਸੰਕਲਪ (ਖਯਾਲ) ਚਕਿਤਸਾ । (੨੫) ਸੂਰ੍ਯੋਦਯ ਚਕਿਤਸਾ । (੨੬) ਸਰੰਜ ਚਕਿਤਸਾ । (੨੭) ਅਲੈਕਟ੍ਰੋ ਪੈਥੀ ।"

ਇਸਦਾ ਭਾਵ ਇਹ ਹੈ ਕਿ ਆਪ ਪਾਸ ਏਨੀਆਂ ਕਿਸਮਾਂ ਦੀਆਂ ਚਕਿਤ-ਸਾਵਾਂ ਦੇ ਗ੍ਰੰਥ ਹਨ ਅਥਵਾ ਆਪ ਏਨੇ ਕਿਸਮ ਦੇ ਇਲਾਜਾਂ ਦੀ ਵਾਕਫੀ ਰੱਖਦੇ ਸਨ ।

---

## ਉਪਦੇਸ਼ਕ (ਪ੍ਰਚਾਰਕ) ਬਣਨ ਵਾਲਿਆਂ ਵਾਸਤੇ ਜ਼ਰੂਰੀ ਪੜ੍ਹਣ ਯੋਗ ।

"ਜਿਨ੍ਹਾਂ ਪ੍ਰੇਮੀਆਂ ਨੇ ਪ੍ਰਚਾਰ ਸੰਬੰਧੀ ਸੇਵਾ ਕਰਨੀ ਅਰਥਾਤ 'ਉਪਦੇ-ਸ਼ਕ' ਬਣਨਾ ਹੋਵੇ ਚਾਹੇ ਨਿਜ ਦੇ ਜਾਂ ਕਿਸੇ ਜੱਥੇ ਬੰਦੀ ਅਧੀਨ ਉਨ੍ਹਾਂ ਨੂੰ



Digitized by Panjab Digital Library | www.panjabdigilib.org

ਘੱਟ ਤੋਂ ਘੱਟ ਹੇਠ ਲਿਖੇ ਗ੍ਰੰਥ ਵਿਚਾਰ ਕੇ ਜ਼ਰੂਰ ਪੜ੍ਹਨੇ ਚਾਹੀਦੇ ਹਨ। ਏਨ੍ਹਾਂ ਪੁਸਤਕਾਂ ਦੇ ਪਾਠਕ ਹਰ ਦੇਸ਼ ਤੇ ਹਰ ਮਤ ਸੰਬੰਧੀ ਸਾਧਾਰਨ ਗਯਾਨ ਤੇ ਸਿਖ ਧਰਮ ਸੰਬੰਧੀ ਖਾਸ ਵਾਕਫੀਅਤ ਰੱਖਦੇ ਹੋਏ ਹੋਰ ਮਤ ਮਤਾਂਤ੍ਰਾਂ ਦੇ ਯੋਗ ਉਪਦੇਸ਼ਕਾਂ (ਪ੍ਰਚਾਰਕਾਂ) ਵਾਕੁਰ ਸਨਮਾਨਤ ਤੇ ਪੰਥ ਵਾਸਤੇ ਅਤੀ ਲਾਭਵੰਦ ਹੋ ਸਕਣਗੇ, ਏਹ ਪੁਸਤਕ ਆਮ ਮਿਲ ਜਾਣ ਵਾਲੇ ਹਨ:-

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । (੨) ਦਸਮ ਗ੍ਰੰਥ ਸਾਹਿਬ ਜੀ। (੩) ਵਾਰਾਂ ਭਾਈ ਗੁਰਦਾਸ ਜੀ । (੪) ਕਬਿੱਤ ਸਵਯੇ ਭਾਈ ਗੁਰਦਾਸ ਜੀ । (੫) ਸੂਰਜ ਪ੍ਰਕਾਸ਼। (੬) ਪੰਥ ਪ੍ਰਕਾਸ਼ (੭) ਖਾਲਸਾ ਤਵਾਰੀਖ ਭਾਈ ਗਿਆਨ ਸਿੰਘ ਜੀ । (੮) ਗੁਰਮਤ ਨਿਰਣਯ ਸਾਗਰ। (੯) ਗੁਰਮਤ ਪ੍ਰਭਾਕਰ । (੧੦) ਗੁਰਮਤ ਸੁਧਾਕਰ। (੧੧) ਗੁਰਮਤ ਨਿਰਣਯ । (੧੨) ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। (੧੩) ਗੁਰ ਸਾਖੀ ਪ੍ਰਮਾਣ ਭਾ: ਜੋਧ ਸਿੰਘ ਜੀ। (੧੪) ਸ੍ਰੀ ਗੁਰੂ ਬਾਣੀ ਬਿਓਰਾ । (੧੫) ਮਹਾਨ ਕੋਸ਼ ਸ: ਬ: ਸ: ਕਾਹਨ ਸਿੰਘ ਜੀ। (੧੬) ਗੁਰ ਸਿਖ ਬਾੜੀ । (੧੭) ਭਾਰਤ ਦਰਪਨ । (੧੮) ਅਨੇਕ ਦਰਸ਼ਨ । (੧੯) ਗੁਰਮਤ ਅਖੌਤਾਂ । (੨੦) ਦੰਭ ਵਿਦਾਰਨ । (੨੧) ਮੇਰਾ ਅਤੇ ਸਾਧੂ ਦਯਾ ਨੰਦ ਜੀ ਦਾ ਸੰਬਾਦ। (੨੨) ਨਕਲੀ ਸਿਖ ਪ੍ਰਬੋਧ । (੨੩) ਦੁਰਗਾ ਪੂਜਨ । (੨੪) ਹਮ ਹਿੰਦੂ ਨਹੀਂ। (੨੫) ਗੁਰਮਤ ਗੌਰਵਤਾ । (੨੬) ਗੁਰਮਤ ਵਿਰੋਧ ਬਿਨਾਸ਼ । (੨੭) ਆਰੀਯਾ ਸਮਾਜੀ ਹਮਲਿਆਂ ਦੇ ਉੱਤਰ । (੨੮) ਅਸੂਲ ਸਿਖ ਗੁਰੂ ਸਾਹਿਬਾਨ । (੨੯) ਨਾਵਾਂ ਥਾਵਾਂ ਦਾ ਕੋਸ਼। (੩੦) ਰੱਬੀ ਬਾਣ ਨੰ: ੧ । (੩੧) ਰੱਬੀ ਬਾਣ ਨੰ: ੨ । (੩੨) ਰੱਬੀ ਬਾਣ ਨੰ: ੩। (੩੩) ਗੁਰ ਤੀਰਥ ਸੰਗ੍ਰਹਿ । (੩੪) ਸ੍ਰੀ ਗੁਰਦੁਆਰੇ ਦਰਸ਼ਨ । (੩੫) ਖਾਲਸਾ ਸੰਸਕਾਰ । (੩੬) ਪਤਿਤ ਪਾਵਨ। (੩੭) ਛੂਤ ਛਾਤ ਗੁਰਮਤ ਸਿਧਾਂਤ । (੩੮) ਤਵਾਰੀਖ ਸ੍ਰੀ ਅੰਮ੍ਰਿਤਸਰ ਜੀ। (੩੯) ਦੇਸ਼ ਦਰਸ਼ਨ (ਹਿੰਦੀ ਜਾਂ ਉਰਦੂ)। (੪੦) ਜੀਵਣ ਕਿਰਣਾ।



Digitized by Panjab Digital Library | www.panjabdigilib.org

(੪੧) ਜੀਵਨ ਚਰਿਤ੍ਰ ਸਤੋਂਮ (ਹਿੰਦੀ) । (੪੨) ਸੰਸਾਰ ਦਾ ਸੰਖੇਪ ਭੂਗੋਲ । (੪੩) ਸੰਸਾਰ ਦਾ ਸੰਖੇਪ ਇਤਿਹਾਸ । (੪੪) ਹਿੰਦੀ ਰਿਆਸਤਾਂ ਦਾ ਸੰਖੇਪ ਇਤਿਹਾਸ । (੪੫) ਵਡਾ ਇੰਦਰ ਜਾਲ । (੪੬) ਜਾਦੂ ਦੇ ਖੇਲ । (੪੭) ਸ਼ੀਰਕ ਰੱਖਿਆ ਡਾਕਟਰ ਸੁਲੱਖਨ ਸਿੰਘ ਜੀ । (੪੮) ਸਾਇੰਸ ਦੇ ਚਮਤਕਾਰੇ ਮਾਸਟਰ ਸੁਜਾਨ ਸਿੰਘ ਜੀ । (੪੯) ਸਿੱਧ ਔਖਧੀ ਭੰਡਾਰ । (੫੦) ਸ਼ਰਧਾ ਪੂਰਨ । (੫੧) ਪ੍ਰੀਛਾ । (੫੨)ਗੁਰਮਤ ਵਿਆਖਯਾਨ ! (੫੩) ਸਤਯਾਰਥ ਪ੍ਰਕਾਸ਼ । (੫੪) ਰਾਜਾ ਪਰਜਾ । (੫੫) ਸ੍ਰੀ ਗੁਰੂ ਨਾਨਕ ਚਮਤਕਾਰ । (੫੬) ਸ੍ਰੀ ਗੁਰੂ ਕਲਗੀਧਰ ਚਮਤਕਾਰ । (੫੭) ਬਾਬਾ ਨੌਧ ਸਿੰਘ ਜੀ । (੫੮) ਜੀਵਨ ਮਹਾਰਾਜਾ ਰਣਜੀਤ ਸਿੰਘ । (੫੯) ਜੀਵਨ ਸ੍ਰ: ਹਰੀ ਸਿੰਘ ਨਲਵਾ । (੬੦) ਜੀਵਨ ਅਕਾਲੀ ਬਾਬਾ ਫੂਲਾ ਸਿੰਘ ਜੀ । (੬੧) ਜੀਵਨ ਕੰਵਰ ਨੌ ਨਿਹਾਲ ਸਿੰਘ ਜੀ । (੬੨) ਜੀਵਨ ਮਹਾਰਾਜਾ ਦਲੀਪ ਸਿੰਘ । (੬੩) ਜੀਵਨ ਮਹਾਰਾਜ ਬਾਬਾ ਰਾਮ ਸਿੰਘ ਜੀ । (੬੪) ਸਤਿਜੁਗ ਦੇ ਬਸੰਤ ਨੰਬਰ । (੬੫) ਕਾਨੂੰਨ ਸਾਰ । (੬੬) ਆਤਮ ਦਰਸ਼ਨ । (੬੭) ਕੇਸ਼ ।

ਇਹ ਹਨ ਜੇਹਲ ਸਮੇਂ ਦੇ ਪੱਤਰ ਤੇ ਵਿਕੋਲਿਤਰੇ ਪੁਰਜ਼ਿਆਂ ਵਿਚੋਂ ਕੁਛ ਕੁ ਨਮੂਨੇ ਆਪ ਨੇ ਜੇਹਲ ਵਿਚ ਕਿਤਨੀਆਂ ਤੇ ਕੇਹੜੀਆਂ ੨ ਕਤਾਬਾਂ ਪੜ੍ਹੀਆਂ ਲਿਖੀਆਂ, ਇਹ ਭੀ ਇਕ ਜਾਣਨ ਯੋਗ ਜ਼ਰੂਰੀ ਗਲ ਹੈ । ਏਥੇ ਇਹ ਗਲ ਭੀ ਅੱਛੀ ਤਰ੍ਹਾਂ ਯਾਦ ਰੱਖਣ ਵਾਲੀ ਹੈ ਕਿ ਆਪ ਨੇ ਇਨ੍ਹਾਂ ਪੜ੍ਹੀਆਂ ਪੁਸਤਕਾਂ ਉਪਰ ਆਪਣੀ ਵਲੋਂ ਬੜੀ ਵਿਚਾਰ ਨਾਲ ਜ਼ਰੂਰੀ ਨੋਟ ਭੀ ਕੀਤੇ, ਇਸ ਤੋਂ ਸਾਡਾ ਭਾਵਾਰਥ ਹੈ ਕਿ ਆਪ ਨੇ ਇਹ ਸਭ ਪੁਸਤਕਾਂ ਡਾਢੇ ਗਹੁ ਤੇ ਵਿਚਾਰ ਨਾਲ ਪੜ੍ਹੀਆਂ ਤੇ ਉਪਰ ਸੋਝੀ ਵਾਲੇ ਨਸ਼ਾਨ ਲਾਏ ।

ਜੇਲ ਯਾਤ੍ਰਾ ਸਮੇਂ ਆਪ ਨੇ ਹੇਠ ਲਿਖੇ ਪੁਸਤਕ ਆਦਿ ਪੜ੍ਹੇ:--

"੭-੧-੨੪ ਤੋਂ ਰਿਹਾਈ ਤੱਕ ਜੇਲ੍ਹਾਂ ਵਿੱਚ ਪੜ੍ਹੇ ਪੁਸਤਕ:—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਚੀਆਂ ਤੇ ਪਾਠ ਰੋਜ਼—ਸੁਖਮਨੀ,



Digitized by Panjab Digital Library | www.panjabdigilib.org

ਆਸਾ ਦੀ ਵਾਰ, ਜਪੁ, ਹਜ਼ਾਰੇ, ਸ਼ਬਦ, ਜਾਪੁ, ਸ਼ਬਦ ੧੦ ਗੁਰੂ, ੨੦ ਸਵੈਯੇ, ਚੌਪਈ, ਅਨੰਦ ਸਾ: ਬਾਰਾਂ ਮਾਂਹ ਮਾਝ, ਰਹਿਰਾਸ, ਕੀਰਤਨ ਸੋ:।

(੧) ਸ੍ਰੀ ਗੁਰੂ ਗ੍ਰੰਥ ਬਾਣੀ ਬਜ਼ੋਰਾ। (੨) ਵਾਰਾਂ ਭਾਈ ਗੁਰਦਾਸ। (੩) ਸਤਯਾਗ੍ਰਹਿ ਅਸਹਯੋਗ। (੪) ਸਾਮਜਵਾਦ। (੫) ਭਾਰਤੀ ਜੇਲ੍ਹ (੬) ਮੇਰੇ ਜੇਲ੍ਹ ਕੇ ਅਨੁਭਵ। (੭) ਸ੍ਵਰਾਜ। (੮) ਜੇਲ੍ਹ ਮੇਂ ੪ ਮਾਸ। (੯) ਬਹਿਸ਼ਕ੍ਰਿਤ ਭਾਰਤ। (੧੦) ਨੰਦ ਕੁਮਾਰ ਕੋ ਫਾਂਸੀ। (੧੧) ਗੀਤਾ ਰਹੱਸਜ। (੧੨) ਡਾਕਟਰ ਕੇਸ਼ਵ ਦੇਵ। (੧੩) ਸਿਖੋਂ ਕਾ ਉਥਾਨ ਪਤਨ। (੧੪) ਆਤਮਕ ਉੱਨਤੀ। (੧੫) ਰੱਬੀ ਜੋੜ ਮੇਲਾ। (੧੬) ੩੫ ਪੁਸਤਕਾਂ ਦਾ ਸੈਟ। (੧੭) ਨੇਤਾਓਂ ਕੀ ਜੇਲ੍ਹ ਯਾਤ੍ਰਾ (੧੮) ਨੇਤਾਓਂ ਕੇ ਜੇਲ੍ਹ ਯਾਤ੍ਰਾ ਕੇ ਸੰਦੇਸ਼। (੧੯) ਚਰਕ (੨੦) ਸੁਸ੍ਰਤ ਸੰ: (੨੧) ਸ੍ਰੀ ਗੁ: ਗ੍ਰੰ: ਬੁਤਪ੍ਰਸਤੀ ਨਹੀਂ। (੨੨) ਪੂਰਨ ਭਗਤ। (੨੩)ਗੋਪੀ ਚੰਦ। (੨੪)ਭਰਥਰੀ। (੨੫)ਪ੍ਰਹਲਾਦ ਭਗਤ।(੨੬)ਗੁਰ ਸਪਤਮ ਟ੍ਰੈਕਟ। (੨੭) ਭਾਰਤ ਔਰ ਇੰਗਲੈਂਡ। (੨੮) ਲੰਡਨ ਪੈਰਸ। (੨੯)ਮਸੀਹ ਮੁਸਾਫਰ ਯਾਤ੍ਰਾ। (੩੦)ਸੁਧਾਰ ਖਾਲਸਾ। (੩੧)ਨਾਭੇ ਰਾਜ ਦਾ ਬ੍ਰਿਤਾਂਤ। (੩੨)ਬਾਗੀ ਸਿੱਖ ਕਿ ਸਰਕਾਰ। (੩੩)ਇਲਮ ਖਿਆਲ। (੩੪) ਗਜਾਨ ਮਾਰਗ। (੩੫) ਹੋਮਜੋਪੈਥਕ ਚਕਿਤਸਾ। (੩੬) ਚਕਿਤਸਾ ਸਰਵੱਸਯ। (੩੭) ਕਬੀਰ ਮਨਸੂਰ। (੩੮) ਸ੍ਵਦੇਸ਼ੀ ਤੇ ਸ੍ਵਰਾਜ। (੩੯) ਕੱਪੜੇ ਦੇ ਵਪਾਰੀ ਤੇ ਮ: ਗਾਂਧੀ। (੪੦) ਬਾਬਾ ਗਾਂਧੀ। (੪੧) ਲਾਲ ਫੀਤਾ। (੪੨) ਕਾਂਗਰਸ ਦਾ ਇਤਿਹਾਸ ਵਿਕਾਸ। (੪੩)ਘਰ ਔਰ ਬਾਹਰ। (੪੪)ਹਿੰਦੀ ਕੁਰਾਂਨ ਸ਼ਰੀਫ।(੪੫)ਚਿਤ੍ਰ ਸ਼ਾਲਾ ੨੫ ਗਲਪ। (੪੬) ਪ੍ਰੇਮ ਪ੍ਰਸੂਨ ੨੦ ਕਥਾ। (੪੭) ਮਖਜ਼ਨ ਹਿਕਮਤ ਚੌਥੀ ਵਾਰ ਦੀ। (੪੮) ਰਾਵ ਬਹਾਦਰ। (੪੯) ਦੇਸ਼ ਦਸ਼ਾ ਦਰਪਨ ਖਰੜਾ ਬਾਬਾ ਗੁਰਦਿਤ ਸਿੰਘ ਜੀ। (੫੦) ਸ਼ਾਂਤਿ ਮਾਰਗ।(੫੧)ਆਤਮ ਰਹਸਜ। (੫੨) ਜੈਸੇ ਚਾਹੋ ਵੈਸੇ ਬਨੋ। (੫੩) ਸੁਖ ਸਫਲਤਾ ਕੇ ਸਿੱਧਾਂਤ। (੫੪) ਸੁਖ ਪ੍ਰਾਪਤੀ ਦਾ ਮਾਰਗ। (੫੫) ਮੁਕਤਿ ਮਾਰਗ।



Digitized by Panjab Digital Library | www.panjabdigilib.org

(੫੬) ਵਿਜਯ ਜੀਵਨ। (੫੭) ਤਨ ਮਨ ਵ ਪਰਸਿਥਿਤੀਆਂ ਕਾ ਨੇਤਾ ਮਨੁੱਖ। (੫੮)ਪ੍ਰਾਤਾ ਸਾਯੰ ਕੇ ਵਿਚਾਰ। (੫੯) ਦਰਿਦ੍ਰਤਾ ਤੇ ਬਚਾਉ। (੬੦) "ਸਰਬ ਚਕਿਤਸਾ ਰਤਨਾਕਰ" ਲਿਖਨ ਦਾ ਸੰਛੇਪ ਖਰੜਾ ੧੩ ਕਾਪੀਆਂ ਲਿਖਤਾ। (੬੧) ਵੈਦਜ ਕਲਪਤਰੂ ੧੯੧੬ ਦੀ ਜਿਲਦ। (੬੨) ਵੈਦਜ ੧੯੧੯ ਜਿ: (੬੩) ਚਰਿੱਤ੍ਰ ਹੀਨ। (੬੪) ਪ੍ਰੈਕਟੀਕਲ ਬਾਜ਼ਾਰ ਮੈਡੀਸਨ ਸੁਣੀ ਪੜੀ। (੬੫) ਪਾਰਸ ਭਾਗ। (੬੬) ਬਿਰਜਾ ਨੰਦ ਚਰਿੱਤ੍ਰ। (੬੭) ਨਾਨਕ ਪ੍ਰਕਾਸ਼ ਸ੍ਰ: ਸਾਹਿਬ ਸਿੰਘ ਜੀ ਬੀ. ਏ. ਵਾਲਾ। (੬੮) ਨਾਰੀ ਉਪਦੇਸ਼। (੬੯) ਅਯੋਧਯਾ ਸਿੰਘ ਉਪਧਯਾਯ (੭੦) ਰਿਤੂ ਚਰਯਾ। (੭੧) ਤਰਾਨਯ ਕਫਸ। (੭੨) ਸਮੁੰਦ੍ਰੀਕ ਸ਼ਾਸਤ੍ਰ। (੭੩) ਈਸਾ ਨਾਟਕ। (੭੪) ਨਿਕੁੰਜ। (੭੫) ਵਿਦੇਸ਼ਯਾਤ੍ਰਾ (੭੬)ਸ਼ਮਸ਼ੇਰ ਖਾਲਸਾ ਉ: (੭੭)ਰਾਜ ਖਾਲਸਾ ਉ: ਸੁਣੀ।(੭੮)ਸ੍ਵਰਗ ਕੀ ਸੜਕ। (੭੯) ਭਾਰਤੀਯ ਸੰਪਤੀ ਸ਼ਾਸਤ੍ਰ। (੮੦) ਮੈਂ ਨੀਰੋਗ ਹੂੰਯਾ ਰੋਗੀ। (੮੧) ਬਚੋਂ ਕੀ ਰੱਖਯਾ। (੮੨)ਸਿਲ ਵ ਦਿੱਕ।(੮੩) ਪਟਯਾਲਾ ਤੇ ਵਿਦਯਾ। (੮੪) ਸ੍ਵਭਾਵਕ ਜੀਵਨ। (੮੫) ਬੰਧਯਾ ਤੰਤ੍ਰ। (੮੬) ਬੰਧਯਾ ਚਕਿਤਸਾ। (੮੭) ਸੰਕਲਪ ਦਰਸ਼ਨ। (੮੮) ਲੇਖਨ ਕਲਾ। (੮੯) ਗਰਮ ਦੇਸ਼ੋਂ ਮੇਂ ਸ੍ਵਾਸਥ ਰੱਖਯਾ। (੯੦) ਸੁਖ ਸਾਗਰ (ਭਾਗਵਦ ਭਾਸ਼ਾ)। (੯੧) ਚਕਿਤਸਾ ਚਕ੍ਰਵਰਤੀ। (੯੨) ਚਕਿਤਸਾ ਚੰਦ੍ਰੋਦਯ। (੯੩-੯੪) ਵਪਾਰ ਮਹੋਦਧਿ ੨ ਭਾਗ। (੯੫) ਇਲਾਜੁਲਗੁਰਬਾ। (੯੬) ਨੰਦਨ ਨਿਕੁੰਜ। (੯੭) ਵਿਜੇਂਦ੍ਰ। (੯੮) ਪ੍ਰਾਯਸਚਿਤ ਪ੍ਰ:। (੯੯) ਆਂਖ ਕੀ ਕਿਰਕਰੀ। (੧੦੦)ਹ੍ਰਿਦਯ ਦੀ ਪਰਖ। (੧੦੧)ਸੂਮ ਦੇ ਘਰ ਧੂਮ। (੧੦੨) ਗੁਰਦਵਾਰੇ ਦਰਸ਼ਨ। (੧੦੩) ਭਾਵੀ ਵਿਚਾਰ। (੧੦੪) ਇਲਾਜ ਬੇ ਦੁਆ। (੧੦੫) ਜੀਵਨ ਕਿਰਨਾ। (੧੦੬)...... ਸ਼ਾਸਤ੍ਰ। (੧੦੭) ਬਾਲਮੀਕੀ ਰਾਮਾਇਣ ਮੁਕੰਮਲ ੪ ਜਿਲਦ। (੧੦੮) ਲਵ ਕੁਸ਼ ਕਾਂਡ। (੧੦੯) ਸਿਖ ਇਤਿਹਾਸ ਕੈਨੇਘਿੰਮ ਦਾ (੨੪-੧੦-੨੪ ਤਕ)। (੧੧੦) ਲੰਬੀ ਉਮਰਾ। (੧੧੧) ਗ੍ਰਿਹਿ



Digitized by Panjab Digital Library | www.panjabdigilib.org

ਚਕਿਤਸਾ। (੧੧੨) ਇ: ਗੁ: ਖਾ: ਹਿੰ:। (੧੧੩) ਗਲਪ ਮਾਲਾ ਨੰ: ੬ ਚਯਨਿਕਾ। (੧੧੪) ਮਾਲਤੀ। (੧੧੫) ਇੰਦ੍ਰਾ। (੧੧੬)ਜੀਵਨ। (੧੧੭) ਸਤੀ ਸਾਰੰਧਾ। (੧੧੮) ਏਕਾਦਸ਼ੀ। (੧੧੯) ਪਵਿੱਤ੍ਰ ਜੀਵਨ (ਸ੍ਵਾਸਥ ਰਖਯਾ) । (੧੨੦) ਭਾਰਤ ਭੂਗੋਲ । (੧੨੧) ਸਤਜ ਨਿਬੰਧਾਵਲੀ। (੧੨੨) ਵਿਚਾਰ ਦਰਸ਼ਨ। (੧੨੩) ਚਾਲਾਕ ਜਾਪਾਨੀ। (੧੨੪) ਰਾਮ ਪਾਲ ਸਿੰਘ । (੧੨੫) ਗੋਰਾ । (੧੨੬) ਮੇਵਾੜ ਉਧਾਰ। (੧੨੭) ਸਤਯ ਹਰੀ ਚੰਦ੍ਰ ਨਾ:। (੧੨੮) ਘੇਰੰਡ ਸੰਹਿਤਾ। (੧੨੯) ਸ੍ਵਭਾਵਕ ਧਰਮ । (੧੩੦) ਮਹਾਂ ਭਾਰਤ ਪੰਜਾਬੀ । (੧੩੧) ਹਿੰਦੀ ਨਵਰਤਨ । (੧੩੨) ਸਰਲ ਸਰੀਰ ਵਿਗਯਾਨ। (੧੩੩) ਅਰਵਿੰਦ ਮੰਦ੍ਰ ਮੇਂ। (੧੩੪) ਚਰਿਤ੍ਰ ਚਿੰਤਨ। (੧੩੫) ਮਨੋ ਵਿਗਯਾਨ। (੧੩੬) ਸੁਕਵਿ ਕੀਰਤਨ । (੧੩੭) ਸਮਰਾਟ ਅਸ਼ੋਕ। (੧੩੮) ਧਨ ਕੁਬੇਰ ਕਾਰਨੇਗੀ । (੧੩੯) ਭਗਤਿ ਰਹੱਸਯ । (੧੪੦) ਸਮਾਜ ਸੰਗਠਨ। (੧੪੧) ਬਾਲ ਰਾਮਾਯਣ। (੧੪੨)ਮਦਨ ਕੋਸ਼ । (੧੪੩) ਸੰਸਾਰ ਕੋ ਭਾਰਤ ਕਾ ਸੰਦੇਸ਼। (੧੪੪) ਪ੍ਰਾਚੀਨ ਭਾਰਤ। (੨੧.੧੨.੨੪)। (੧੪੫)ਏਸ਼ੀਆ ਮੇਂ ਪ੍ਰਭਾਤ।(੧੪੬)ਅਦਭੁਤ ਅਲਾਪ । (੧੪੭) ਕਾਮ ਰਤਨ । (੧੪੮) ਗੁਰੂ ਕਾ ਬਾਗ ਰਪੋਰਟ ਕਾਂਗ੍ਰਸ ਸੁਣੀ। (੧੪੯) ਗੱਦ ਤਿਮਰ ਭਾਸਕਰ ਮੁਢ:। (੧੫੦) ਗੁਰੂ ਤੀਰਥ ਸੰਗ੍ਰਹਿ। (੧੫੧) ਗੁਰੂ ਤੀਰਥ ਦਰਸ਼ਨ। (੧੫੨) ਗੁਰਦਵਾਰੇ ਦਰਸ਼ਨ ਦੂਜੀ ਵਾਰ । (੧੫੩) ਵੈਦਜ ਜਿਲਦ ੫ ਸੰਨ ੧੯੧੭। (੧੫੪) ਭਾਰਤ ਕੇ ਹਿੰਦੂ ਸਮਰਾਟ (੪-੨-੨੫)। (੧੫੫) ਦਸਮ ਗ੍ਰੰਥ । (੧੫੬) ਬੀਰ ਬਲ ਬਿਨੋਦ । (੧੫੭) ਕਰਬਲਾ ਨਾਟਕ। (੧੫੮) ਵਿਜਯ । (੧੫੯) ਨੈਤਿਕ ਜੀਵਨ । (੧੬੦) ਰਸਰਾਜ ਸੁੰਦਰ। (੧੬੧)ਵਿਸ਼ਵ ਸਾਹਿਤਯ। (੧੬੨) ਚੱਕ੍ਰ ਦੱਤ। (੧੬੩)ਗ੍ਰਹ ਪ੍ਰਬੰਧ ਸੋਧਯਾ। (੧੬੪) ਭਾਵ ਪ੍ਰਕਾਸ਼ ਗੁਰਮੁਖੀ ਸੋਧ। (੧੬੫) ਭਗਵਾਨ ਮਹਾਂ ਬੀਰ ਜੈਨ ਮਤ:। (੧੬੬) ਹਿਪਨਾਟਿਜ਼ਮ। (੧੬੭) ਪਾਪੂ



Digitized by Panjab Digital Library | www.panjabdigilib.org

ਲਰ ਫਰੀਨਾਲੋਜੀ। (੧੬੮) ਮੈਮਰੀ ਹਉ ਟੂ ਡੀਵੈਲਪ। (੧੬੯) ਬੁਧ ਚਰਿਤ੍ਰ। (੧੭੦) ਮੁਕਤਿ ਧਾਰਾ। (੧੭੧) ਆਦਰਸ਼ ਬਹੂ। (੧੭੨) ਚੰਦ੍ਰ ਨਾਥ। (੧੭੩) ਗ੍ਰਿਹਣੀ ਗੌਰਵ। (੧੭੪) ਸੁਹਰਾਬ ਰੁਸਤਮ। (੧੭੫) ਚੰਦ੍ਰ ਨਾਥ (੧੭੬ ਤੋਂ ੧੮੬ ਤਕ) ਸ੍ਰ: ਭਾ: ਪ੍ਰ: ਲੜੀ ਸੋਧੇ ਨੰ: ੧. ੩. ੪. ੫. ੭.–ਸੁ: ਪ੍ਰ: ਕ: ਕੋ: (੮–੪–੨੫) (੧੮੭) ਭਵਭੂਤਿ। (੧੮੮) ਬਾਗ ਭਟ। (੧੮੯) ਸੂਰਜ ਪ੍ਰਕਾਸ਼ ਪਹਿਲੀ ਪੋਥੀ ਤੋਂ। (੧੯੦) ਜੇਹਲ ਮੈਨੂਅਲ। (੧੯੧) ਖਾਲਸਾ ਕਾਲਜ ੧੮੯੦ ਤੋਂ ੧੮੯੫ ਤਕ ਦੇ। (੧੯੨) ਇੰਡੈਕਸ ਸ੍ਰੀ ਗੁਰੂ ਗ੍ਰੰ: ਨੋਟ। (੧੯੩) ਪਾਕਟ ਪ੍ਰੈਸਕ੍ਰਾਈਬਰ। (੧੯੪) ਸੁੰਦਰੀ ਹੇਲੀਨਾ। (੧੯੫, ੧੯੬) ਰੰਗ ਭੂਮੀ ਦੋ ਭਾਗ। (੧੯੭) ਬੀਰ ਪ੍ਰਕਾਸ਼। (੧੯੮) ਮਜ਼ਲੂਮ ਕਿਸਾਣ।(੧੯੯) ਪ੍ਰੇਮ ਗੰਗਾ। (੨੦੦)ਅੰਮ੍ਰਿਤਸਰ ਗੈਜ਼ਟੀਅਰ। (੨੦੧) ਸ੍ਟੇਟਸਮੈਨ ਯੀਅਰ ਬੁਕ ਦੇ ਨੋਟ। (੨੦੨)ਵਰਤ ਮਾਨ ਏਸ਼ੀਆ। (੨੦੩) ਪਰਾਗ ਕਵਿਤਾ। (੨੦੪, ੨੦੫) ਵਾਕਯਾਤ ਹਿੰਦ ਉ: ਤ੍ਰਾ:। (੨੦੬, ੨੦੭) ਬਾਲ ਨੀਤੀ ਕਥਾ ੨ ਭਾਗ(੨੬–੭ ੨੫)। (੨੦੮) ਬੰਧਯਾ ਕਲਪ ਦਰੁਮ। (੨੦੯) ਭਾਰਤੀ ਅਰਥ ਸ਼ਾਸਤ੍ਰ। (੨੧੦) ਮਾਧਵ ਨਿਦਾਨ। (੨੧੧) ਪਰਾਸ਼ਰ ਸਿੰਮ੍ਰਤੀ। (੨੧੨) ਵੇਦਾਂਤ ਦਰਸ਼ਨ। (੨੧੩) ਪੰਥ ਘਾਤਕਾਂ ਦਾ ਫੋਟੋ। (੨੧੪) ਵਧਾਈ ਪੱਤਰ (੨੧–੯–੨੫) ਤਕ। (੨੧੫) ਫਾਰਚੂਨ ਟੈਲਿੰਗ ਬਾਈ ਨੰਬਰਜ਼। (੨੧੬) ਫਾਰਚੂਨ ਟੈਲਿੰਗ ਬਾਈ ਕਾਰਡਜ਼। (੨੧੭) ਸਿੰਪਲ ਲੈਸਨ ਔਨ ਹੈਲਥ। (੨੧੮) ਵਰ ਮਾਲਾ। (੨੧੯) ਊਸ਼ਾ। (੨੨੦) ਅਚਲਾਯਤਨ ਨਾਟਕ। (੨੨੧) ਕੀੜੇ ਮਕੌੜੇ। (੨੨੨) ਲੱਛਮੀ। (੨੨੩) ਪੂਰਨ ਸੰਗ੍ਰਹਿ। (੨੨੪) ਹਿੰਦੀ। (੨੨੫) ਆਜ਼ਾਦ ਕਥਾ। (੨੧–੧੦–੨੫।)



Digitized by Panjab Digital Library | www.panjabdigilib.org

ਹੇਠ ਲਿਖੇ ਪੁਸਤਕ ਆਪਨੇ ਜੇਲ ਯਾਤ੍ਰਾ ਸਮੇਂ ਲਿਖੇ:—

ਪੁਸਤਕ ਰਚਨਾਂ ੧੯੨੪—੨੫

(੧) ਚਕਿਤਸਾ ਰਤਨਾਕਰ। (੨) ਔਖਧਿ ਸਾਗਰ। (੩) ਸਾਰ ਆਯੁਰਵੇਦ। (੪) ਜੇਲ ਪ੍ਰਕਾਸ਼। (੫) ਗੁਰਦਵਾਰੇ ਦਰਪਨ।(੬)ਜੀਵਨ ਚਰਿੱਤ੍ਰ ਭੰਡਾਰ। (੭) ਰੋਗੀ ਧਰਵਾਸਾ।(੮)ਸੈਰ ਪ੍ਰਕਾਸ਼। (੯) ਦੁਖੀਏ ਧਰਵਾਸਾ। (੧੦) ਮ੍ਰਿਤ੍ਰੂ ਭੈ ਭੰਜਨ। (੧੧) ਗ੍ਰਹਸਥ ਆਸ੍ਰਮ। (੧੨)ਕੁਟੰਬ ਸੁਖ। (੧੩)ਅਮੀਰੀ ਤੇ ਗ੍ਰੀਬੀ।·(੧੪)ਸੁਸ਼ੀਲਾ ਰਾਜ ਪੁਤ੍ਰੀ। (੧੫) ਅਦੁੱਤੀ ਦੰਪਤੀ ਜਾਂ ਧਰਮੀ ਰਾਜਾ। (੧੬) ਸੁਸ਼ੀਲਾ ਮਤ੍ਰੇਈ। (੧੭) ਸਿੱਖ ਤੇ ਸਰਕਾਰ। (੧੮) ਗੁਰਮਤ ਅਖਾਉਤਾਂ। (੧੯) ਅਮੀਰ ਚਕਿਤਸਾ। (੯-੧-੨੪ ਤੋਂ ੮-੪-੨੫ ਤੱਕ)।(੨੦) ਰੋਗ ਨਾਮ ਕੋਸ਼। (੨੧) ਅਨੇਕ ਗਜਾਨ ਭੰਡਾਰ ਜਾਂ "ਗਾਗਰ ਵਿੱਚ ਸਾਗਰ"। (੨੨) ਇਤਿਹਾਸਕ ਘਟਨਾਂ ਸੰਮਤ ਵਾਰ। (੨੩) ਸੰਛੇਪ ਸਿੱਖ ਇਤਿਹਾਸ। (੨੪) ਦੇਸੀ ਨੁਸਖੇ। (੨੫) ਦੇਸੀ ਦਵਾ ਗੁਣ। (੨੬)ਬਾਜ਼ਾਰੀ ਦਵਾਵਾਂ (੨੭) ਸਰਲ ਚਕਿਤਸਾ।

× × × × × ×

ਆਪ ਦੀ ਜੇਲ੍ਹ ਵਿਚੋਂ ਰਿਹਾਈ ਸਮੇਂ ਆਈਆਂ ਅਨੇਕਾਂ ਚਿੱਠੀਆਂ ਵਿੱਚੋਂ ਅਸੀਂ ਕੇਵਲ ਨਮੂਨੇ ਮਾਤ੍ਰ ੩ ਪਤ੍ਰਕਾਂ ਏਥੇ ਦਰਜ ਕਰਦੇ ਹਾਂ।

Dear Brother,

I congratulate you on your release after heroically suffering the rigours of the jail for two years for the cause of the Dharam and the Panth.

Your examples shall go down to posterity as beacon lights to illumine the paths of those who falter at the sight of trouble in the way of duty.

Yours brotherly
Sd/ Swami On Karanand
22. 11. 25



Digitized by Panjab Digital Library | www.panjabdigilib.org

ਪਰਮ ਪਿਆਰੇ ਤੇ ਸਤਕਾਰ ਯੋਗ ਸ੍ਰੀ ਮਾਨ ਜੀ !

ਆਪ ਦੀ ਮਾਨ ਤੇ ਸ਼ਾਨ ਭਰੀ ਰਿਹਾਈ ਤੇ ਸੁਖ ਸਾਂਦ ਨਾਲ ਆਪਣੇ ਪ੍ਰਵਾਰ ਵਿਖੇ ਪੁਜਣ ਦੀ ਖਬਰ ਸੁਣਕੇ ਦਿਲ ਨੂੰ ਜੋ ਪ੍ਰਸੰਨਤਾ ਹੋਈ ਹੈ। ਉਸਦੇ ਪ੍ਰਗਟ ਕਰਨ ਤੋਂ ਕਲਮ ਅਸਮਰਥ ਹੈ। ਆਪ ਜੈਸੇ ਨਿਰਮਾਣ, ਨਿਸ਼ਕਾਮ, ਨਿਰਛਲ, ਨਿਰਵੈਰ, ਹਰ ਮਨ ਪਿਆਰੇ, ਸੱਚੇ ਤੇ ਸੁੱਚੇ ਕੌਮੀ ਸੇਵਕ ਉੱਤੇ ਸਾਰੇ ਪੰਥ, ਸਾਰੀ ਬਰਾਦਰੀ, ਸਾਰੇ ਪਰਵਾਰ ਅਰ ਆਪ ਦੇ ਮਿੱਤਰਾਂ ਦੇ ਸਾਰੇ ਹਲਕੇ ਨੂੰ ਸੱਚਾ ਮਾਣ ਹੈ, ਅਰ ਆਪ ਦੀ ਰਿਹਾਈ ਦੀ ਖੁਸ਼ਖਬਰੀ ਸੁਣਕੇ ਸਾਰਿਆਂ ਨੂੰ ਹੀ ਮਾਣ ਭਰੀ ਖੁਸ਼ੀ ਹੋਣੀ ਕੁਦਰਤੀ ਹੈ।

ਮਾਨ ਸਰੋਵਰ, ਅੰਮ੍ਰਿਤਸਰ

੨੧-੧੧-੨੫ ਦਾਸ—ਸ. ਸ. ਚਰਨ ਸਿੰਘ

ਕ੍ਰਿਪਾ ਸਾਗਰ ਜੀ !

ਦੋ ਸਾਲ ਦੀ ਲੰਮੀ ਮੁੱਦਤ ਦੇ ਕਾਰਾਗਾਰ ਨਿਵਾਸ ਮਗਰੋਂ ਸੁਖ ਸਾਂਦ ਨਾਲ ਪ੍ਰਵਾਰ ਵਿੱਚ ਆਉਣ ਤੇ ਮੇਰੇ ਵਲੋਂ ਹਾਰਦਿਕ ਵਧਾਈ ਪ੍ਰਵਾਨ ਕਰਨੀ।

ਆਪ ਜੇਹੇ ਸੋਹਲ-ਦਾਨੇ-ਸੁਖ ਰੈਹਣੇ ਤੇ ਪਤਵੰਤੇ ਸਜਣਾਂ ਦਾ ਪੰਥ ਦੇ ਹਿਤ ਲਈ ਅਸੈਹ ਤੇ ਅਕੈਹ ਕਸ਼ਟ ਦ੍ਰਿੜਤਾ-ਧੀਰਤਾ ਤੇ ਬੀਰਤਾ ਨਾਲ ਸਹਾਰਨਾ ਨਿਰ ਸੰਦੇਹ ਸਿੱਖ ਇਤਹਾਸ ਨੂੰ ਚਮਕਾਣ ਵਾਲਾ ਤੇ ਆਉਣ ਵਾਲੀਆਂ ਨਸਲਾਂ ਦੇ ਵਾਸਤੇ ਲਾਈਟ ਹਾਊਸ (ਚਾਨਣ ਮੁਨਾਰਾ) ਬਣੇਗਾ।

ਵਾਹਿਗੁਰੂ ਦਾ ਕੋਟਾਨ ਕੋਟ ਧੰਨਵਾਦ ਹੈ, ਕਿ ਅੱਜ ਆਪ ਜੀ ਨੂੰ ਸੁਤੰਤਰਤਾ ਨਾਲ ਵਿਚਰਨ ਦਾ ਸਮਾਂ ਮਿਲਯਾ ਹੈ।

ਦਾਸਨ ਦਾਸ—ਸੇਵਾ ਸਿੰਘ

(ਐਡੀਟਰ ਖਾਲਸਾ ਸਮਾਚਾਰ ਅੰਮ੍ਰਿਤਸਰ)

---



Digitized by Panjab Digital Library | www.panjabdigilib.org

# ਵੈਦ ਜੀ ਦੇ ਜੇਲ੍ਹ ਸਾਥੀ

*ਸ੍ਰੀ ਮਾਨ ਡਾਕਟਰ ਭਗਵਾਨ ਸਿੰਘ ਜੀ ਲਿਖਦੇ ਹਨ:—*

"ਮੈਨੂੰ ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਦੀ ਸ਼ੁਭ ਸੰਗਤ ਕਰਨ ਦਾ ਅਵਸਰ ੧੯੧੨ ਤੋਂ ਮਿਲਦਾ ਰਿਹਾ। ਪਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੇ ਦੂਜੇ ਜਥੇ ਦੀ ਗ੍ਰਿਫਤਾਰੀ ਦੇ ਮੌਕੇ ਅਰਥਾਤ ੭ ਜਨਵਰੀ ੧੯੨੪ ਤੋਂ ਲੈਕੇ ਨਵੰਬਰ ੧੯੨੫ ਦੇ ਅਖੀਰ ਤਕ (ਜਦੋਂ ਜੇਲ੍ਹ ਤੋਂ ਰਿਹਾਈ ਹੋਈ) ਓਨ੍ਹਾਂ ਨਾਲ ਅਤਿ ਨਿਕਟੀ ਹੋ ਕੇ ਵਰਤਨ ਦਾ ਜੋ ਮੌਕਿਆ ਮਿਲਿਆ ਉਸਨੇ ਭਾਈ ਸਾਹਿਬ ਦੀਆਂ ਅਦੁਤੀ ਖੂਬੀਆਂ ਮੇਰੇ ਦਿਲ ਪੁਰ ਡੂੰਘੀਆਂ ਉੱਕਰ ਦਿੱਤੀਆਂ। ਸੱਚ ਪੁੱਛੋ ਤਾਂ ਜਦੋਂ ਦੀ ਮੈਂ ਹੋਸ਼ ਸੰਭਲੀ ਹੁਣ ਤਾਈਂ ਕਰੀਬ ੪੮ ਸਾਲ ਦੀ ਅਵਸਥਾ ਵਿਚ ਮੈਨੂੰ ਅਜੇ ਤਾਈਂ ਇਸ ਉੱਚੀ ਤੇ ਸੁੱਚੀ ਹਸਤੀ ਨਾਲੋਂ ਹੋਰ ਕੋਈ ਵੀ ਵਧੀਕ ਜੀਵਨ ਵਾਲੀ ਹਸਤੀ ਦੇ ਮਿਲਨ ਦਾ ਮੌਕਿਆ ਹੀ ਨਹੀਂ ਮਿਲਿਆ। ਦਾਸ ਇਨ੍ਹਾਂ ਦੀ ਹਸਤੀ ਤੋਂ ਰੋਸ਼ਨੀ ਦੇ ਮੁਨਾਰੇ ਵਾਲਾ ਅਜ ਤਾਈਂ ਕੰਮ ਲੈਂਦਾ ਰਿਹਾ ਹੈ।"

### ਨਿਤਨੇਮੀ ਤੇ ਨਾਮ ਜਪਣ ਵਾਲੇ

"ਭਾਈ ਸਾਹਿਬ ਗੁਰਬਾਣੀ ਦੇ ਨਿਤਨੇਮੀ ਇਤਨੇ ਸਨ ਮਾਨੋਂ ਅਪਣੀ ਜ਼ਿੰਦਗੀ ਦਾ ਅਧਾਰ ਹੀ ਏਹੋ ਸਮਝਦੇ ਸਨ। ਕਰੀਬ ਦੋ ਸਾਲ ਦੀ ਜੇਹਲ ਯਾਤ੍ਰਾ ਵਿਚ ਓਹ ਹਮੇਸ਼ ਮੇਰੀ ਕੋਠੀ ਦੇ ਐਨ ਨਾਲ ਦੀ ਕੋਠੀ ਵਿਚ ਹੀ ਰਹਿੰਦੇ ਰਹੇ। ਇਸ ਸਮੇਂ ਵਿਚ ਮੈਂ ਉਨ੍ਹਾਂ ਨੂੰ ਕਦੇ ਵੀ ਨਿਤਨੇਮ ਵਿਚ ਭੰਗ ਪਾਂਦੇ ਨਹੀਂ ਵੇਖਿਆ। ਅੰਮ੍ਰਿਤ ਵੇਲੇ ਉਠਕੇ ਬਾਣੀ ਦੇ ਪਾਠ ਤੇ ਨਾਮ ਜਪਣ ਦੀ ਧੁੰਨ ਵਿਚ ਲਗਿਆਂ ਹੀ ਵੇਖਦਾ ਰਿਹਾ।"

### ਸੇਵਾ ਭਾਵ

"ਓਨ੍ਹਾਂ ਦੇ ਜੀਵਨ ਵਿਚ ਸੇਵਾ ਭਾਵ ਕੁੱਟ ਕੁੱਟ ਕੇ ਭਰਪੂਰ ਸੀ। ਅਮੀਰ ਤੋਂ ਲੈ ਕੇ ਗ਼ਰੀਬ ਤਾਈਂ ਬਿਨਾਂ ਕਿਸੇ ਸੁਆਰਥ ਦੇ ਸੇਵਾ ਕਰਨ ਵਿਚ ਤਤ ਪਰ ਰਹਿੰਦੇ ਸਨ, ਤੇ ਸੇਵਾ ਭੀ ਪੂਰੇ ਨਿਰਮਾਨ ਬਣ ਕੇ ਕਰਦੇ



Digitized by Panjab Digital Library | www.panjabdigilib.org

ਸਨ। ਅਵਸਥਾ ਵਿਚ ਮੈਂ ਉਨ੍ਹਾਂ ਨਾਲੋਂ ਬਹੁਤ ਛੋਟਾ ਸੀ ਤੇ ਬਜਾਇ ਮੈਨੂੰ ਸੇਵਾ ਕਰਨ ਦਾ ਮੌਕਾ ਦੇਣ ਦੇ ਓਹ ਅਨੇਕ ਵੇਰ ਮੇਰੇ ਲਈ ਓਹ ਓਹ ਕੰਮ ਕਰਦੇ ਜਿਨ੍ਹਾਂ ਤੋਂ ਮੈਨੂੰ ਲਜਿਆ ਆਂਵਦੀ ਸੀ ਕਿ ਭਾਈ ਸਾਹਿਬ ਸੇਵਾ ਕਰਾਉਣ ਦੀ ਥਾਂ ਉਲਟੀ ਮੇਰੀ ਹੀ ਸੇਵਾ ਕਰਦੇ ਹਨ। ਕਈ ਵੇਰ ਮੇਰੇ ਇਤਰਾਜ਼ ਕਰਨ ਪੁਰ ਓਹ ਬਚਨ ਕਰਦੇ ਕਿ "ਤੁਸੀਂ ਮੇਰੇ ਨਾਲੋਂ ਛੋਟੇ ਹੋ ਵਡੇ ਭਰਾ ਛੋਟਿਆਂ ਦੀ ਸੇਵਾ ਕਰਦੇ ਤੇ ਪਾਲਦੇ ਹਨ, ਤੇ ਮੈਨੂੰ ਫੇਰ ਏਹੋ ਜੇਹਾ ਸਮਾਂ ਘੜੀ ਮੁੜੀ ਨਹੀਂ ਮਿਲਨਾ।" ਏਸੇ ਤਰ੍ਹਾਂ ਜਦੋਂ ਕਦੀ ਉਨ੍ਹਾਂ ਨੂੰ ਅਵਸਰ ਮਿਲਦਾ ਹਰੇਕ ਭਰਾ ਦੀ ਸੇਵਾ ਕਰਨ ਤੋਂ ਜ਼ਰਾ ਵੀ ਨਹੀਂ ਸੀ ਝਿਜਕਦੇ।"

## ਵਿੱਦਵਤਾ

"ਵੈਦ ਜੀ ਸਿਖ ਇਤਹਾਸ ਤੇ ਧਰਮ ਦੇ ਚੰਗੀ ਤਰ੍ਹਾਂ ਤਾਂ ਵਾਕਫ ਹੋਣੇ ਹੀ ਸਨ, ਪਰ ਹੋਰ ਅਨੇਕ ਮਤਾਂ ਤੋਂ ਬੀ ਚੰਗੀ ਤਰ੍ਹਾਂ ਜਾਨੂੰ ਸਨ। ਭਾਵੇਂ ਉਨ੍ਹਾਂ ਨੂੰ ਅੰਗ੍ਰੇਜ਼ੀ ਪੜ੍ਹਣ ਦਾ ਸਮਾਂ ਨਹੀਂ ਸੀ ਮਿਲਿਆ ਪਰ ਪ੍ਰਦੇਸੀ ਭਾਸ਼ਾ ਵਿਚ ਚੰਗੀਆਂ ਤੋਂ ਚੰਗੀਆਂ ਪੁਸਤਕਾਂ ਜਿਨ੍ਹਾਂ ਦੇ ਉਲਥੇ ਹਿੰਦੀ ਆਦਿ ਭਾਸ਼ਾ ਵਿਚ ਮਿਲ ਜਾਂਦੇ ਉਹ ਮੰਗਵਾ ਕੇ ਜ਼ਰੂਰ ਪੜ੍ਹਦੇ ਤੇ ਵਿਚਾਰਦੇ ਸਨ। ਆਪ ਜਿਥੇ ਪੜ੍ਹੇ ਹੋਏ ਸਨ ਓਥੇ ਗੁੜ੍ਹੇ ਹੋਏ ਭੀ ਸਨ। ਆਪਣਾ ਸਮਾਂ ਕਦੇ ਵੇਹਲਾ ਨਾ ਗਵਾਂਦੇ, ਸਗੋਂ ਮੀਆਂ ਵਾਲੀ ਦੀ ਜੇਹਲ ਵਿਚ ਵੀ ਟ੍ਰੰਕਾਂ ਦੇ ਟ੍ਰੰਕ ਪੁਸਤਕਾਂ ਨਾਲ ਭਰੇ ਹੋਏ ਤਰਨ ਤਾਰਨ ਤੋਂ ਮੰਗਵਾ ਕੇ ਪੜ੍ਹਦੇ ਰਹਿੰਦੇ ਅਤੇ ਫੇਰ ਏਨ੍ਹਾਂ ਪੁਸਤਕਾਂ ਨੂੰ ਪੜ੍ਹ ਦੂਜਿਆਂ ਨੂੰ ਸੁਨਾਉਣ ਵਿਚ ਬੜਾ ਫਖਰ ਕੀਤਾ ਕਰਦੇ। ਕਦੇ ਏਹ ਨਾਂ ਸੋਚਦੇ, ਕਿ ਏਨ੍ਹਾਂ ਨੂੰ ਦੂਜਿਆਂ ਦੇ ਸੁਨਾਉਣ ਵਿਚ ਸਮਾਂ ਅੰਞਾਈਂ ਜਾਂਦਾ ਹੈ। ਉਨ੍ਹਾਂ ਦੀ ਲਾਇਬ੍ਰੇਰੀ ਵਿਚ ਰਾਜ ਨੀਤਕ, ਭਾਈ ਚਾਰਕ, ਧਾਰਮਕ, ਸਾਹਿਤਕ ਤੇ ਵੈਦਕ ਪੁਸਤਕਾਂ ਦਾ ਅੰਤ ਨਹੀਂ। ਖੂਬੀ ਏਹ ਕਿ ਜੇਹੜੀ ਗੱਲ ਵੀ ਉਹ ਚੰਗੀ ਵੇਖਦੇ ਉਨ੍ਹਾਂ ਪੁਸਤਕਾਂ ਵਿਚੋਂ ਨੋਟ ਕਰੀ ਜਾਂਦੇ ਤੇ ਮੌਕਾ ਮਿਲਣ ਪੁਰ ਆਪ ਜਾਂ ਹੋਰਨਾਂ ਪਾਸੋਂ ਓਨ੍ਹਾਂ ਦਾ ਉਤਾਰਾ ਆਪਣੀ ਮਾਤ੍ਰੀ ਬੋਲੀ ਪੰਜਾਬੀ ਵਿਚ ਕਰ ਜਾਂ



Digitized by Panjab Digital Library | www.panjabdigilib.org

ਕਰਵਾ ਕੇ ਮਾਤ੍ਰੀ ਭਾਸ਼ਾ ਦਾ ਭੰਡਾਰ ਭਰਦੇ ਰਹਿੰਦੇ ਸਨ। ਜਿਸ ਦੇ ਕਾਰਨ ਹੀ ਅਜ ਉਨ੍ਹਾਂ ਦੀਆਂ ਪ੍ਰਕਾਸ਼ਕ ਤੇ ਰਚਿਤ ਪੁਸਤਕਾਂ ਇਤਨੀ ਕਾਫੀ ਗਿਣਤੀ ਵਿਚ ਮਿਲਦੀਆਂ ਹਨ।"

ਕਵਿਤਾ

"ਆਪ ਬੈਠੇ ਬੈਠੇ ਅਜੇਹੀ ਕਵਿਤਾ ਰਚ ਲੈਂਦੇ ਮਾਨੋਂ ਕਿਸੇ ਸਮਾਧੀ ਵਿਚ ਬੈਠ ਕੇ ਰਚੀ ਹੁੰਦੀ ਹੈ।"

ਮਿਹਨਤੀ

"ਮਿਹਨਤੀ ਇਤਨੇ ਸਨ, ਕਿ ਰਾਤ ਦਿਨ ਵਿਚ ਬਹੁਤ ਹੀ ਘਟ ਸਮਾ ਆਰਾਮ ਕਰਦੇ ਤੇ ਨੀਂਦ ਲੈਂਦੇ। ਬਹੁਤਾ ਸਮਾ ਪੁਸਤਕਾਂ ਦੇ ਪੜ੍ਹਨ ਤੇ ਲਿਖਣ ਵਿਚ ਖਰਚ ਕਰਦੇ। ਜੇਲ੍ਹ ਵਿਚ ਬੈਠੇ ਵੀ ਆਪ ਵੈਦਕ ਕਾਰ ਵਿਹਾਰ ਨੂੰ ਉੱਨਤ ਕਰਨ ਲਈ ਕਈ ਤਰ੍ਹਾਂ ਦੇ ਵਸੀਲੇ ਸੋਚਦੇ ਰਹਿੰਦੇ ਸਨ। ਮੈਨੂੰ ਉਨ੍ਹਾਂ ਨੂੰ ਰਾਤ ਦੇ ੧੨-੧੨ ਬਜੇ ਤਾਈਂ ਅਜੇਹੀ ਮੇਹਨਤ ਕਰਦੇ ਵੇਖਣ ਦਾ ਮੌਕਿਆ ਮਿਲਿਆ ਤੇ ਫੇਰ ਅੰਮ੍ਰਿਤ ਵੇਲੇ ਓਸੇ ਤਰ੍ਹਾਂ ਤਿਆਰ ਬਰ ਤਿਆਰ ਹੋ ਕੇ ਬੈਠੇ ਵੇਖਿਆ। ਮੈਂ ਕਈ ਵੇਰ ਹਾਸੇ ਨਾਲ ਕਿਹਾ ਕਰਦਾ ਸੀ ਕਿ ਵੈਦ ਜੀ ਆਪਣੇ ਦਿਮਾਗ ਪੁਰ ਇਤਨਾ ਜ਼ੁਲਮ ਨਾ ਕੀਤਾ ਕਰੋ, ਪਰ ਆਪ ਏਹੋ ਕਹਿੰਦੇ ਕਿ ਜਿਤਨਾ ਇਸ ਨੂੰ ਵਰਤੋਂ ਉਤਨਾਂ ਹੀ ਏਹ ਹੋਰ ਨਵਾਂ ਨਰੋਆ ਹੋ ਜਾਂਦਾ ਹੈ।"

ਉਦਾਰਤਾ

"ਵੈਦ ਜੀ ਲੋੜਵੰਦੇ ਦੀ ਲੋੜ ਇਸਤਰ੍ਹਾਂ ਪੂਰੀ ਕਰਦੇ ਕਿ ਉਨ੍ਹਾਂ ਦੇ ਸੱਜੇ ਹੱਥ ਦੀ ਕਾਰਰਵਾਈ ਨੂੰ ਖੱਬਾ ਹੱਥ ਵੀ ਨਹੀਂ ਸੀ ਜਾਣ ਸਕਦਾ, ਅਰਥਾਤ ਬਿਨਾਂ ਕਿਸੇ ਨੂੰ ਖਬਰ ਕਰਨ ਦੇ ਦੂਜੇ ਦੀ ਮਾਇਕ ਲੋੜ ਪੂਰੀ ਕਰ ਦਿਤਾ ਕਰਦੇ, ਅਤੇ ਜੇਹੜਾ ਲੋੜਵੰਦ ਸ਼ਖਸ ਉਨ੍ਹਾਂ ਪਾਸ ਪੁੱਜਦਾ ਓਹ ਯਥਾ ਸ਼ਕਤਿ ਜ਼ਰੂਰ ਸਹਾਇਤਾ ਕਰ ਦੇਂਦੇ ਸਨ।"

ਨਿੰਮ੍ਰਤਾ

"ਨਿੰਮ੍ਰਤਾ ਦਾ ਗੁਣ ਇਤਨਾ ਕਮਾਲ ਪੁਰ ਸੀ ਕਿ ਕਰੜੇ ਤੋਂ ਕਰੜੇ



Digitized by Panjab Digital Library | www.panjabdigilib.org

ਜੋਸ਼ ਦਿਤੇ ਜਾਣ ਸਮੇਂ ਵਿਚ ਵੀ ਓਹ ਆਪਣੇ ਨਿੰਮ੍ਰਤਾ ਭਰੇ ਗੁਣ ਤੇ ਸੁਭਾਵ ਦਾ ਤਿਆਗ ਨਹੀਂ ਸੀ ਕਰਦੇ । ਵੈਦ ਜੀ ਇਤਨੇ ਮਿਠ ਬੋਲੇ ਤੇ ਨਿੰਮ੍ਰਤਾ ਸੁਭਾਵ ਵਾਲੇ ਸਨ ਕਿ ਜਿਸ ਨਾਲ ਵੀ ਇਕ ਵੇਰ ਵਾਹ ਪੈਂਦਾ ਉਸ ਦੇ ਦਿਲ ਨੂੰ ਆਕਰਖਨੀ ਸ਼ਕਤੀ ਵਾਂਗ ਮੋਹ ਲੈਂਦੇ ਸਨ । ਜੇ ਕਿਧਰੇ ਕ੍ਰੋਧ ਥੋੜਾ ਬਹੁਤ ਅਤਿ ਜੋਸ਼ ਵੇਲੇ ਆਂਵਦਾ ਤਾਂ ਵੀ ਮਿਠੀ ਜ਼ਬਾਨ ਨਾਲ ਹੀ ਗਲ ਕਰਦੇ । ਆਪਣੇ ਵਿਰੁਧ ਰਾਏ ਰੱਖਣ ਵਾਲੇ ਦੇ ਨੁਕਤਾ ਖਿਆਲ ਨੂੰ ਅਜੇਹੇ ਰਸੀਲੇ ਤ੍ਰੀਕੇ ਨਾਲ ਰੱਦ ਕਰਦੇ ਕਿ ਉਸ ਨੂੰ ਜ਼ਰਾ ਵੀ ਮੰਦਾ ਨਹੀਂ ਸੀ ਭਾਸਦਾ ।"

## ਪ੍ਰਬੰਧਕ

ਆਪ ਨੂੰ ਆਸ਼ਰਮਾਂ ਜਾਂ ਸਕੂਲਾਂ ਦੇ ਪ੍ਰਬੰਧ ਸੰਬੰਧੀ ਪ੍ਰੇਮ ਭਰਿਆ ਸਲੂਕ ਦਿਲ ਵਿਚ ਰੱਖ ਕੇ ਸੇਵਾਦਾਰਾਂ ਪਾਸੋਂ ਕੰਮ ਲੈਣ ਦੀ ਡਾਢੀ ਚੰਗੀ ਜਾਚ ਸੀ । ਏਸੇ ਕਾਰਨ ਉਨ੍ਹਾਂ ਦੇ ਆਪਣੇ ਸ਼ਹਿਰ ਨਿਵਾਸੀ ਆਸ਼੍ਰਮਾਂ ਤੇ ਸਕੂਲਾਂ ਦੇ ਪ੍ਰਬੰਧ ਸੰਬੰਧੀ ਬੜੀ ਉਪਮਾ ਸੁਨੀਦੀ ਹੈ ।

ਮੀਆਂ ਵਾਲੀ ਜੇਹਲ ਵਿਚ ਇਕ ਵੇਰ ਆਪ ਨੂੰ ਅਪਣੀ ਵਾਰੀ ਅਨੁਸਾਰ ਸਾਂਝੇ ਲੰਗਰ ਦੇ ਪ੍ਰਬੰਧ ਦੀ ਸੇਵਾ ਸਪੁਰਦ ਹੋਈ ਆਪ ਨੇ ਥੋੜੇ ਖਰਚ ਵਿਚ ਹੀ ਅਜੇਹਾ ਲੰਗਰ ਦਾ ਪ੍ਰਬੰਧ ਕੀਤਾ ਕਿ ਸਾਰੇ ਸਾਥੀ ਅਸ਼ ਅਸ਼ ਕਰਨ ਲਗ ਪਏ, ਕਿਉਂ ਜੋ ਉਹ ਨਿੱਕੀ ਤੋਂ ਨਿੱਕੀ ਗੱਲ ਵੀ ਅਪਣੀ ਨਜ਼ਰ ਹੇਠੋਂ ਓਹਲੇ ਨਹੀਂ ਸੀ ਹੋਣ ਦਿੰਦੇ । ਓਨ੍ਹਾਂ ਦੇ ਸਾਥੀ ਓਨ੍ਹਾਂ ਦੇ ਇਸ ਸੰਕੋਚ ਨੂੰ ਵੇਖਕੇ ਕਈ ਵੇਰ ਕੰਜੂਸੀ ਦੇ ਖਿਤਾਬ ਦੇਣ ਤੋਂ ਵੀ ਨਹੀਂ ਸੀ ਝਿਝਕਦੇ ਪਰ ਏਹ ਓਨ੍ਹਾਂ ਦਾ ਭਾਰੀ ਗੁਣ ਸੀ ਕਿ ਫ਼ਜ਼ੂਲ ਖਰਚੀ ਤੋਂ ਆਪਣਾ ਤੇ ਦੂਜਿਆਂ ਦਾ ਧਨ ਬਚਾ ਕੇ ਪਰ-ਸੁਆਰਥ ਤੇ ਪਰਉਪਕਾਰ ਵਿਚ ਖਰਚ ਕਰਨ ਤੋਂ ਦਰੇਗ਼ ਨਹੀਂ ਸੀ ਕਰਦੇ । ਅਪਣੀਆਂ ਲੋੜਾਂ ਨੂੰ ਵਿਤ ਵਿਚ ਰੱਖ ਕੇ ਬਚਾਏ ਧਨ ਨੂੰ ਚੰਗੇ ਕੰਮਾਂ ਪੁਰ ਖਰਚਨ ਵਿਚ ਫ਼ਖ਼ਰ ਕਰਦੇ ਸੀ ।"



Digitized by Panjab Digital Library | www.panjabdigilib.org

## ਵੈਦਕ ਵਿਦਯਾ

"ਜਿੱਥੇ ਆਪ ਪੁਰਾਤਨ ਵੈਦਕ ਪੁਸਤਕਾਂ ਨਾਲ ਪਿਆਰ ਰੱਖਦੇ ਓਥੇ ਨਵੀਨ ਚਕਿਤਸਾ ਸੰਬੰਧੀ ਪੁਸਤਕਾਂ ਨੂੰ ਵੀ ਮੰਗਵਾ ਕੇ ਪੜ੍ਹਦੇ ਤੇ ਵਿਚਾਰਦੇ।

ਕਈ ਮਰੀਜ਼ਾਂ ਨੂੰ ਦਵਾਈ ਦਰਮਲ ਨਾਲ ਖੁਰਾਕ ਵੀ ਪੱਲਿਓਂ ਦੇਂਦੇ, ਏਸੇ ਕਾਰਨ ਕਈ ਅਭਿਆਗਤ ਦੂਰੋਂ ਦੂਰੋਂ ਓਨ੍ਹਾਂ ਪਾਸੋਂ ਸ੍ਰੀ ਤਰਨ ਤਾਰਨ ਇਲਾਜ ਕਰਾਉਣ ਲਈ ਆਂਵਦੇ। ਏਨ੍ਹਾਂ ਦੀਆਂ ਤਿਆਰ ਕੀਤੀਆਂ ਦਵਾਈਆਂ ਦਾ ਪ੍ਰਚਾਰ ਦੇਸ ਪ੍ਰਦੇਸ ਵਿਚ ਕਾਫੀ ਹੋਇਆ ਤੇ ਹੋ ਰਿਹਾ ਹੈ।

ਏਨ੍ਹਾਂ ਦੇ ਜੀਵਨ ਸੰਬੰਧੀ ਥੋੜ੍ਹੇ ਅੱਖਰ ਵਰਤਕੇ ਮਜ਼ਮੂਨ ਨੂੰ ਸੰਪੂਰਨ ਕਰਦਾ ਹਾਂ। ਏਹ ਬਹੁਤ ਉੱਚੀ ਤੇ ਸੁੱਚੀ ਹਸਤੀ ਸੀ। ਏਨ੍ਹਾਂ ਦੇ ਗੁਣ ਮਿੱਠਾ ਬੋਲਣਾ, ਸਾਦਗੀ, ਉੱਚ ਖਿਆਲੀ, ਗੁਰ ਸਿੱਖੀ ਨਾਲ ਪਿਆਰ ਅਜੇਹੇ ਸਨ ਜੋ ਹਮੇਸ਼ਾਂ ਲਈ ਏਨ੍ਹਾਂ ਦੀ ਯਾਦ ਸਿੱਖ ਪੰਥ ਵਿਚ ਚਮਕਾਉਂਦੇ ਰਹਿਣਗੇ ਤੇ ਕਈ ਭੁੱਲੀਆਂ ਭਟਕੀਆਂ ਹਸਤੀਆਂ ਨੂੰ ਰੌਸ਼ਨੀ ਦੇ ਮੁਨਾਰੇ ਦਾ ਕੰਮ ਦੇਣਗੇ ਤੇ ਅਟੱਲ ਰੱਖਣਗੇ।"

---

ਇਨ੍ਹਾਂ ਦੋ ਸਾਲਾਂ ਵਿਚ ਆਪ ਵਲੋਂ ਵੈਦਕ ਦਾ ਪ੍ਰਸਿੱਧ ਗ੍ਰੰਥ 'ਚਰਕ ਸੰਹਿਤਾ' ਤੇ 'ਗਿਆਨ ਮਾਰਗ', 'ਕਪਟੀ ਮਿਤ੍ਰ', 'ਉੱਨਤੀ ਦਾ ਮਾਰਗ' ਅਤੇ 'ਹੀਰੇ ਦੀਆਂ ਕਣੀਆਂ' ਆਦਿ ਪੁਸਤਕ ਪ੍ਰਕਾਸ਼ਤ ਕੀਤੇ ਕਰਾਏ ਗਏ। ਵੈਦ ਦੀ ਦਾ ਪ੍ਰਸਿੱਧ ਨਾਵਲ ਦੰਪਤੀ ਪਯਾਰ ਭੀ ਦੂਜੀ ਵਾਰ ਪ੍ਰਕਾਸ਼ਤ ਹੋਯਾ।



Digitized by Panjab Digital Library | www.panjabdigilib.org

# ੧੯੨੪ ਦੀਆਂ ਘਟਨਾਵਾਂ

੨ ਜਨਵਰੀ—ਪੰਜਾਬ ਕੌਂਸਲ ਚੋਂ ਸਿਖ ਤੇ ਹਿੰਦੂ ਮੈਂਬਰਾਂ ਨੇ ਗਵਰਨਰ ਦ ਆਵਨ ਤੇ ਵਾਕ-ਆਊਟ ਕੀਤਾ। ੩੨ ਸਿਖ ਗ੍ਰਿਫਤਾਰ ਹੋਏ ਤੇ ਫੇਰ ਰੋਜ਼ ੨੫ ਸਿਖਾਂ ਦਾ ਜੱਥਾ ਗ੍ਰਿਫਤਾਰ ਹੁੰਦਾ ਰਿਹਾ।

੭ ਜਨਵਰੀ—ਸ਼੍ਰੋ: ਕਮੇਟੀ ਦਾ ਦੂਸਰਾ ਜੱਥਾ ਗ੍ਰਿਫਤਾਰ ਕੀਤਾ ਗਿਆ।

੯ ਜਨਵਰੀ—ਸਰ ਮੈਲਕਮ ਹੈਲੀ ਪੰਜਾਬ ਦਾ ਗਵਰਨਰ ਨੀਯਤ ਹੋਇਆ।

੯ ਫਰਵਰੀ—ਪੰਜ ਸੌ ਦਾ ਪਹਿਲਾ ਸ਼ਹੀਦੀ ਜਥਾ ਜੈਤੋ ਨੂੰ ਤੁਰਿਆ।

੨੧ ਫਰਵਰੀ—ਗੁਰਦਵਾਰਾ ਗੰਗ ਸਰ ਵਿਖੇ ਪਹਿਲੇ ਸ਼ਹੀਦੀ ਜਥੇ ਤੇ ਗੋਲੀ ਚਲਾਈ ਗਈ, ਪਹਿਲੇ ੨ ਬਜ ਕੇ ੪੫ ਮਿੰਟ ਤੇ ਫੇਰ ੨-੫੫ ਮਿੰਟ ਤੇ।

੨੫ ਫਰਵਰੀ—ਮ: ਗਾਂਧੀ ਨੇ ਅਕਾਲੀਆਂ ਨੂੰ ਜਥੇ ਨਾ ਭੇਜਣ ਲਈ ਲਿਖਿਆ।

੨੮ ਫਰਵਰੀ—ਦੂਸਰਾ ਸ਼ਹੀਦੀ ਜਥਾ ਜਿਸ ਵਿਚ ਨਿਰੇ ਨੌ ਜਵਾਨ ਚੁਨੇ ਗਏ ਸਨ, ਜੈਤੋ ਲਈ ਅੰਮ੍ਰਿਤਸਰੋਂ ਰਵਾਨਾ ਹੋਇਆ।

੩ ਮਾਰਚ—ਸਿਖ ਮੁਖ਼ੀਆਂ (ਸ਼੍ਰੋਮਣੀ ਕਮੇਟੀ) ਦੇ ਪਹਿਲੇ ਜਥੇ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਲਾਹੌਰ ਕਿਲੇ ਲਿਜਾਇਆ ਗਿਆ।

੧੧ ਮਾਰਚ--ਹਾਊਸ ਆਫ ਲਾਰਡਜ਼ ਵਿਚ ਜੈਤੋ ਗੋਲੀ ਚਲਣ ਸਬੰਧੀ ਬਹਿਸ ਹੋਈ।

੧੨ ਮਾਰਚ--ਜੈਤੋ ਸੰਬੰਧੀ ਸਰਕਾਰੀ ਰੀਪੋਰਟ ਪ੍ਰਕਾਸ਼ਤ ਕੀਤੀ ਗਈ।

੧੪ ਮਾਰਚ--ਦੂਸਰਾ ਸ਼ਹੀਦੀ ਜਥਾ ਜੈਤੋ ਪੁਜਾ ਤੇ ਗ੍ਰਿਫਤਾਰ ਕੀਤਾ ਗਿਆ।

੨੨ ਮਾਰਚ-ਅੰਮ੍ਰਿਤਸਰ ਜੀ ਤੋਂ ਤੀਸਰਾ ਸ਼ਹੀਦੀ ਜਥਾ ਜੈਤੋ ਲਈ ਤੁਰਿਆ।

੨੭ ਮਾਰਚ--ਚੌਥਾ ੫੦੦ਦਾ ਜਥਾ ਜੈਤੋ ਲਈ ਅਨੰਦਪੁਰ ਸਾਹਿਬਤੋਂ ਤੁਰਿਆ।

੨੯-ਮਾਰਚ--ਸ਼੍ਰੋਮਣੀ ਕਮੇਟੀ ਦੇ ਦੂਜੇ ਜਥੇ ਦਾ ਫੈਸਲਾ ਹੋਇਆ।

੭ ਅਪ੍ਰੈਲ--ਤੀਸਰਾ ਜੱਥਾ ਜੈਤੋ ਪੁਜ ਗ੍ਰਿਫਤਾਰ ਹੋਇਆ।

੧੧ ਅਪ੍ਰੈਲ--ਸਿਖ ਗੁਰਦਵਾਰਿਆਂ ਦਾ ਸਮਝੌਤਾ ਕਰਾਉਣ ਲਈ ਬਰਡਵੁਡ ਕਮੇਟੀ ਬਣਾਈ ਗਈ।

੧੮ ਅਪ੍ਰੈਲ--ਚੌਥਾ ਸ਼ਹੀਦੀ ਜਥਾ ਜੈਤੋ ਪੁਜ ਗ੍ਰਿਫਤਾਰ ਹੋਇਆ।



Digitized by Panjab Digital Library | www.panjabdigilib.org

੧ ਮਈ--ਪੰਜਵਾਂ ਸ਼ਹੀਦੀ ਜਥਾ ਜੈਤੋ ਲਈ ਅੰਮ੍ਰਿਤਸਰੋਂ ਤੁਰਿਆ।

੧੦ ਮਈ—ਛੇਵਾਂ ਜਥਾ ਤੁਰਿਆ।

੨੧ ਮਈ--ਪੰਜਵਾ ਸ਼ਹੀਦੀ ਜਥਾ ਗ੍ਰਿਫਤਾਰ ਹੋਯਾ ਅਤੇ ੫੦੦ ਦਾ ਜਥਾ ਨਨਕਾਣਾ ਸਾਹਿਬ ਤੋਂ ਤੁਰਿਆ। ਅੰਮ੍ਰਿਤਸਰ ਪੁਜ ਫੇਰ ੧੦ ਜੂਨ ਨੂੰ ਜੈਤੋ ਤੁਰਿਆ।

੧ ਜੂਨ—ਸਤਵਾਂ ਸ਼ਹੀਦੀ ਜਥਾ ਅਨੰਦ ਪੁਰੋਂ ਤੁਰਿਆ।

੧੭ ਜੂਨ—ਸ: ਮਹਿੰਦਰ ਸਿੰਘ ਜੀ ਐਮ. ਐਲ. ਸੀ. ਨੂੰ ਸ਼ਹੀਦੀ ਜਥੇ ਦੀ ਸੇਵਾ ਕਰਨ ਖਾਤਰ ਢਾਈ ਸਾਲ ਸਖਤ ਕੈਦ ਤੇ ੧੫੦੦ ਰੁਪਏ ਜੁਰਮਾਨਾ ਹੋਯਾ।

ਜੂਨ--ਵਿਚ ਅਕਾਲੀਆਂ ਦੀ ਬਰਡਵੁਡ ਕਮਾਂਡਰ ਇਨ ਚੀਫ ਰਾਹੀਂ ਸੁਲ੍ਹਾ ਦਾ ਸਮਝੌਤਾ ਹੋਣਾ ਸ਼ੁਰੂ ਹੋਇਆ ਪਰ ਵਿਚੇ ਹੀ ਰਿਹਾ।

੧੩ ਜੁਲਾਈ-- ੨੫ ਦਾ ਜਥਾ ਜੋ ਰੋਜ਼ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਵਲੋਂ ਭੇਜਿਆ ਜਾਂਦਾ ਸੀ ਬੰਦ ਹੋਇਆ।

੧੮ ਅਗਸਤ--ਦਸਵਾਂ ਸ਼ਹੀਦੀ ਜਥਾ ਜੈਤੋ ਤੇ ੫੦੦ ਦਾ ਭਾਈ ਫੇਰੂ ਗ੍ਰਿਫਤਾਰ ਹੋਏ।

੩ ਸਤੰਬਰ -ਸ਼੍ਰੋਮਣੀ ਕਮੇਟੀ ਨੇ ਬਰਡਵੁਡ ਸਮਝੌਤਾ ਫੇਲ ਹੋਣ ਸੰਬੰਧੀ ਐਲਾਨ ਕਢਿਆ।

੨੪ ਸਤੰਬਰ-ਅਮ੍ਰੀਕਾ ਤੋਂ ਸ਼ਹੀਦੀ ਜਥਾ ਕਲਕਤੇ ਪੁਜਾ ਤੇ ਓਥੋਂ ਅੰਮ੍ਰਿਤਸਰ ਵਲ ਚਾਲੇ ਪਾਏ।

੩੦ ਸਤੰਬਰ--ਸੁਬਕ ਸਿਖ ਸੁਧਾਰ ਕਮੇਟੀ ਦੀ ਪਹਿਲੀ ਜਨਰਲ ਇਕਤ੍ਰਤਾ ਅੰਮ੍ਰਿਤਸਰ ਹੋਈ ਤੇ ਜੈਤੋ ਆਪਨਾ ਜਥਾ ਅਖੰਡ ਪਾਠ ਸੰਪੂਰਨ ਕਰਨ ਲਈ ਭੇਜਣ ਦਾ ਫੈਸਲਾ ਕੀਤਾ।

੨੦ ਅਕਤੂਬਰ--ਉਕਤ ਜਥਾ ਗੁਰਦਵਾਰਾ ਗੰਗਸਰ ਪੁਜਾ। ਅਖੰਡ ਪਾਠ ਰਖਿਆ ਜਿਸ ਦਾ ਭੋਗ ੨੩ ਤ੍ਰੀਕ ਨੂੰ ਪਿਆ।

੨੫ ਨਵੰਬਰ--ਮਿ. ਐਮਰਸਨ ਤੇ ਪਕਲ ਪੰਜਾਬ ਸਰਕਾਰ ਵਲੋਂ ਨੀਯਤ ਹੋਏ ਜੋ ਪੰਜਾਬ ਕੌਂਸਲ ਦੇ ਸਿਖਾਂ ਨੂੰ ਮਿਲ ਗੁਰਦਵਾਰਾ (ਕਾਨੂੰਨ) ਬਿਲ ਬਨਾਉਣ।

੧੦ ਦਸੰਬਰ--ਸਿਖ ਸੁਧਾਰ ਕਮੇਟੀ ਦੇ ੮੦ ਮੈਂਬਰਾਂ ਦੇ ਲਗ ਪਗ ਗੁਰਦਵਾਰਾ ਬਿਲ ਸਬੰਧੀ ਗਵਰਨਰ ਨੂੰ ਮਿਲੇ।

੧੪ ਦਸੰਬਰ--੫੦੦ ਦਾ ਸ਼ਹੀਦੀ ਜਥਾ ਜੈਤੋ ਲਈ ਅੰਮਿਤਸਰੋਂ ਤੁਰਿਆ।



Digitized by Panjab Digital Library | www.panjabdigilib.org

# ੧੯੨੫ ਦੀਆਂ ਘਟਨਾਵਾਂ

੨ ਜਨਵਰੀ—ਕੈਨੇਡਾ ਤੋਂ ਆਇਆ ੩੯ ਸਿਖਾਂ ਦਾ ਜਥਾ ਜੈਤੋ ਲਈ ਤੁਰਿਆ ।

੧੩ ਜਨਵਰੀ—ਬਬਰ ਅਕਾਲੀਆਂਦਾ ਸਾਲ ਪਿਛੋਂ ਮੁਕੱਦਮਾ ਸਮਾਪਤ ਹੋਯਾ ਤੇ ੬੭ ਮੁਲਜ਼ਮ ਮੰਨੇ ਗਏ ਤੇ ੩੪ ਬਿਦੋਸ਼ੇ ਸਮਝ ਰਿਹਾ ਕੀਤੇ ਗਏ ।

੨੧ ਅਪ੍ਰੈਲ—ਸ਼੍ਰੋਮਣੀ ਕਮੇਟੀ ਦੀ ਗੁਰਦਵਾਰਾ ਬਿਲ ਸੰਬੰਧੀ ਰੀਪੋਰਟ ਛਪੀ।

੭ ਮਈ—ਸ੍ਰ: ਤਾਰਾ ਸਿੰਘ ਨੇ ਪੰਜਾਬ ਕੌਂਸਲ ਵਿਚ ਗੁਰਦੁਵਾਰਾ ਬਿਲ ਪੇਸ਼ ਕੀਤਾ ।

੨੦ ਜੂਨ—ਸੀਲੈਕਟ ਕਮੇਟੀ ਦੀ ਗੁਰਦਵਾਰਾ ਬਿਲ ਸੰਬੰਧੀ ਰੀਪੋਰਟ ਪੰਜਾਬ ਕੌਂਸਲ ਵਿਚ ਪੇਸ਼ ਹੋਈ ।

੭ ਜੁਲਾਈ—ਗੁਰਦਵਾਰਾ ਬਿਲ ਕੌਂਸਲ ਵਿਚ ਪਾਸ ਹੋਇਆ,ਪੰਜਾਬ ਕੌਂਸਲ ਦੇ ਸ਼ਿਮਲੇ ਦੇ ਸਮਾਗਮ ਵਿਚ ।

੯ ਜੁਲਾਈ--ਸਰ ਹੇਲੀ ਵਲੋਂ ਐਲਾਨ ਕੀਤਾ ਗਿਆ ਕਿ ਸ਼੍ਰੋ:ਕਮੇਟੀ ਦੇ ਪਹਿਲੇ ਜਥੇ ਚੋਂ ਉਹ ਰਿਹਾ ਕੀਤੇ ਜਾਣ ਜੋ ਗੁਰਦਵਾਰਾ ਕਾਨੂੰਨ ਨੂੰ ਪ੍ਰਵਾਨ ਕਰਨ ।

੨੧ ਜੁਲਾਈ—ਗੁਰਦਵਾਰਾ ਗੰਗਸਰ-ਜੈਤੋ ਦੇ ਅਖੰਡ ਪਾਠ ਤੇ ਲਾਈ ਬੰਦਸ਼ ਹਟਾਈ ਗਈ ਤੇ ਅਖੰਡ ਪਾਠ ਸ਼ੁਰੂ ਹੋਇਆ ।

੨੮ ਜੁਲਾਈ--ਸਿਖ ਗੁਰਦਵਾਰਾ ਐਕਟ ੧੯੨੫ ਤੇ ਵਾਇਸਰਾਇ ਨੇ ਮਨਜ਼ੂਰੀ ਦਿੱਤੀ ।

੭ ਅਗਸਤ--ਦੇ ਪੰਜਾਬ ਗੈਜ਼ਟ ਵਿੱਚ ਗੁਰਦਵਾਰਾ ਐਕਟ ਛਪਿਆ । ਅਕਾਲੀਆਂ ਵਲੋਂ ਜੈਤੋ ੧੦੧ ਅਖੰਡ ਪਾਠ ਸਮਾਪਤ ਹੋਏ ਤੇ ੯ ਤ੍ਰੀਕ ਤੱਕ ਸਭ ਜਥੇ ਤਰਨ ਤਾਰਨ ਪੁਜ ਗਏ ।

੧੭ ਅਗਸਤ-- ਅੰਤ੍ਰੰਗ ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕੀਤਾ ਜੋ ਹੇਲੀ ਦੀ ੯ ਜੁਲਾਈ ਦੀ ਸ਼ਰਤ ਨਾ ਮੰਨੀ ਜਾਏ ।

੩੧ ਅਗਸਤ -ਸਿਖ ਗੁਰਦਵਾਰਾ ਐਕਟ ਅਸੈਂਬਲੀ ਵਿਚ ਪਾਸ ਹੋਇਆ ।

੨੦ ਸਤੰਬਰ--ਇਕ ਖੂਨ ਹੋ ਜਾਣ ਕਰਕੇ ਭਾਈ ਫੇਰੂ ਵਾਲਾ ਮੋਰਚਾ ਬੰਦ ਕੀਤਾ ਗਿਆ ।

੬ ਅਕਤੂਬਰ--ਗੁਰਦਵਾਰਾ ਐਕਟ ਸੰਬੰਧੀ ਸ਼ੋਮਣੀ ਕਮੇਟੀ ਦੀ ਮੀਟਿੰਗ ਵਿਚ ਦੋ ਧੜੇ ਬਣ ਗਏ ਤੇ ੧੬ ਅੰਤ੍ਰੰਗ ਮੈਂਬਰਾਂ ਨੇ ਅਸਤੀਫੇ ਦੇ ਦਿਤੇ ।

੧੬ ਅਕਤੂਬਰ--ਮਹਾਰਾਜਾ ਨਾਭਾ ਵਲੋਂ ਓਡਵਾਇਰ ਨੂੰ ਆਪਣੀ ਗੱਦੀ ਛੱਡਣ ਸੰਬੰਧੀ ਚੈਲੰਜ ।

੧ ਨਵੰਬਰ--ਸਿਖ ਗੁਰਦਵਾਰਾ ਐਕਟ ਵਰਤੋਂ ਵਿਚ ਅੱਜ ਤੋਂ ਸ਼ੁਰੂ ਹੋਇਆ ।



Digitized by Panjab Digital Library | www.panjabdigilib.org

"ਪਿਆਰੇ ਮਿੱਤ੍ਰ ਭਾਈ ਮੋਹਨ ਸਿੰਘ ਜੀ ਵੈਦ ਨਾਲ ਮੈਨੂੰ ਚੀ: ਖਾ: ਦੀਵਾਨ ਦੀ ਕਾਰਜ ਸਾਧਕ ਅਤੇ ਜਨਰਲ ਕਮੇਟੀ ਵਿਚ ਕਈ ਸਾਲ ਕੰਮ ਕਰਨ ਦਾ ਅਵਸਰ ਮਿਲਿਆ। ਖਾਲਸਾ ਪੰਥ ਦੀ ਬ੍ਰਿੱਧੀ ਅਤੇ ਪੰਜਾਬੀ ਬੋਲੀ ਦੀ ਉੱਨਤੀ ਲਈ ਉਹਨਾਂ ਦੇ ਹਿਰਦੇ ਵਿਚ ਅਥਾਹ ਜੋਸ਼ ਭਾਸਦਾ ਸੀ। ਏਸ ਦੇ ਨਾਲ ਹੀ ਦੂਜੇ ਦੀ ਰਾਏ ਲਈ ਹਮੇਸ਼ਾਂ ਓਹਨਾਂ ਦੇ ਹਿਰਦੇ ਵਿਚ ਸਤਿਕਾਰ ਮੌਜੂਦ ਸੀ ਅਤੇ ਚਿੱਠੀ ਦੇ ਉਤਰ ਦੇਣ ਵਿਚ ਓਹ ਹਮੇਸ਼ ਢਿਲ ਨਹੀਂ ਸਨ ਕਰਦੇ। ਏਹ ਗੁਣ ਉਹਨਾਂ ਵਿਚ ਅਜੇਹਾ ਸੀ ਕਿ ਮੈਂ ਚਾਹੁੰਦਾ ਹਾਂ ਕਿ ਅਜ ਕਲ ਦੇ ਕਈ 'ਲੀਡਰਾਂ' (ਖਾਸ ਕਰਕੇ ਅਕਾਲੀ ਲੀਡਰਾਂ ਵਿਚੋਂ ਨੂੰ ਸਬਕ ਸਿਖਣਾ ਚਾਹੀਦਾ ਹੈ।

ਏਹਨਾਂ ਗੁਣਾਂ ਥੀਂ ਭੀ ਵਧ ਇਕ ਓਹ ਗੁਣ ਸੀ,ਜੇਹੜਾ ਅਜ ਕਲ ਸਿਖ ਜੱਥਿਆਂ ਦੇ ਆਗੂਆਂ ਵਿਚੋਂ ਲੋਪ ਹੁੰਦਾ ਜਾ ਰਿਹਾ ਹੈ। ਸਿਖਾਂ ਲਈ ਪਾਰਟੀ ਬਾਜ਼ੀ ਇਕ ਘੋਰ ਪਾਪ ਹੈ ਅਤੇ ਏਹ ਸਤਿਗੁਰੂ ਅਤੇ ਓਹਦੇ ਪੰਥ ਨੂੰ ਪਿੱਠ ਦੇ ਕੇ 'ਮਨੁੱਖੀ ਮੁਖ' ਵਲ ਮੂੰਹ ਰੱਖਣਾ ਹੈ, ਨਾ ਕਿ ਏਹ 'ਹਰ ਮੁਖੀ' ਜੀਵਨ ਦੀ ਝਾਕੀ ਹੈ।

ਵੈਦ ਜੀ ਚੀ: ਖਾ: ਦੀਵਾਨ ਦੇ ਮੈਂਬਰ ਹੁੰਦੇ ਹੋਏ ਭੀ ਪੰਥਕ-ਬ੍ਰਿਧੀ ਦੇ ਸਵਾਲਾਂ ਪੁਰ ਪਾਰਟੀ ਬਾਜ਼ੀ ਦੇ ਆਸ਼ੇ ਅਨੁਸਾਰ ਵਿਚਾਰ ਨਹੀਂ ਸਨ ਕਰਦੇ । ਮੈਂ ਚਾਹੁੰਦਾ ਹਾਂ ਕਿ ਪੁਰਾਣੇ ਅਤੇ ਨਵੇਂ ਪੰਥਕ ਜੱਥੇ ਅਤੇ ਆਗੂ ਓਹਨਾਂ ਦੇ ਜੀਵਨ ਤੋਂ ਏਸ ਬਾਰੇ ਸਿਖਿਆ ਲੈ ਸਕਣ। ਮੈਨੂੰ ਯਾਦ ਹੈ ਕਿ ਜਦ ਕ੍ਰਿਪਾਨ ਦਾ ਸਵਾਲ ਚੀ: ਖਾ: ਦੀਵਾਨ ਦੇ ਸਾਹਮਣੇ ਸੀ ਤਾਂ ਵੈਦ ਜੀ ਨੇ ਮੇਰੀ ਰਾਏ ਦੀ ਪੁਸ਼ਟੀ ਨਿਧੜਕ ਹੋ ਕੇ ਕੀਤੀ।"

(ਸ੍ਰ: ਹਰਨਾਮ ਸਿੰਘ ਜੀ ਸੀਨੀਅਰ ਸੱਬ ਜੱਜ)



Digitized by Panjab Digital Library | www.panjabdigilib.org

# ੧੯੨੬

# ਆਗੂ

"ਭਾਈ ਸਾਹਿਬ ਜੀ ਦੀ ਹਸਤੀ
ਸਿੱਖਾਂ ਲਈ
ਖਾਸ ਮਾਣ ਦਾ ਕਾਰਨ ਸੀ"

(ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ)

ਸੱਜਣ ! ਜੇ ਨਹਿੰ ਜਾਣੂ ਰਾਹ ਦਾ, ਆਗੂ ਗੱਪਾਂ ਮਾਰ ਨ ਬਣ।
ਸਿਰ ਦੇਣੇ ਦੀ ਹਿੰਮਤ ਨਾ ਜੇ, ਪਿਛੇ ਰਹੁ ਸਰਦਾਰ ਨ ਬਣ।
ਦਰਦ ਮੰਦਾਂ ਦਾ ਦਰਦ ਜੇ ਦਿਲ ਵਿੱਚ,ਹਮਦਰਦੀ ਦੀ ਮੱਲ੍ਹਮ ਲਾ।
'ਦੁੱਖੀ' ਜ਼ਖ਼ਮੀ ਦਿਲਾਂ ਤਾਂਈ, ਦੁਖਦਾਈ ਤੇਜ਼ ਕਟਾਰ ਨ ਬਣੁ।

ਆਗੂ ਜਾਂ ਲੀਡਰ ਬਣਨਾ ਬੜੀ ਭਾਰੀ ਜ਼ਿੰਮੇਵਾਰੀ ਦਾ ਕੰਮ ਹੈ। ਕੌਮੀ ਆਗੂ ਦੀ ਸਿਆਣਪ, ਦਲੇਰੀ, ਕੌਮ ਪਰਸਤੀ, ਧੀਰਜ ਤੇ ਖ਼ੁਦਗਰਜ਼ੀ ਤਿਆਗ ਤੇ ਹੀ ਕੌਮ ਦੀ ਭਲਾਈ ਬੁਰਾਈ, ਉੱਨਤੀ ਅਵੁਨਤੀ ਤੇ ਜੀਵਣ ਮਰਨ ਨਿਰਭਰ ਹੁੰਦਾ ਹੈ। ਅੱਛਾ ਸਿਆਣਾ ਧੀਰਜਵਾਨ ਆਗੂ ਆਪਣੇ ਯੋਗ ਗੁਣਾਂ ਨਾਲ ਕੌਮ ਨੂੰ ਅਨੇਕ ਦੁੱਖਾਂ ਕਸ਼ਟਾਂ ਤੇ ਅੜਚਲਾਂ ਵਿੱਚੋਂ ਸਾਫ ਬਚਾਕੇ ਉੱਨਤੀ ਦੀ ਸਿਧੀ ਸੜਕ ਤੇ ਪਾ ਦਿੰਦਾ ਹੈ, ਪਰ ਹੋਛਾ ਤੇ ਲੰਮੀ ਨਾ ਸੋਚਣ ਵਾਲਾ ਉੱਨਤੀ ਦੇ ਸ਼ਾਹ ਰਾਹ ਤੇ ਜਾ ਰਹੀ ਕੌਮ ਨੂੰ ਵੀ ਅਵੁਨਤੀ ਦੀ ਅਨ੍ਹੇਰੀ ਡੂੰਘੀ ਖੱਡ ਵਿੱਚ ਸਿੱਟ ਕੇ ਜਾਂ ਅਯੋਗ ਕਸ਼ਟਾਂ ਦੇ ਪਹਾੜ ਨਾਲ ਟਕਰਾਕੇ ਤਬਾਹ ਕਰਨ ਦਾ ਕਾਰਣ ਬਣਦਾ ਹੈ। ਉਂਵ ਤਾਂ ਆਗੂ



Digitized by Panjab Digital Library | www.panjabdigilib.org

ਵਿੱਚ ਸਾਰੇ ਹੀ ਗੁਣ ਹੋਣੇ ਜ਼ਰੂਰੀ ਹਨ, ਤੇ ਅਵਗੁਣ ਕੋਈ ਭੀ ਨਹੀਂ ਹੋਣਾ ਚਾਹੀਦਾ, ਪਰ ਇਨਸਾਨ ਆਖਰ ਇਨਸਾਨ ਹੈ, ਇਹ ਅਵਗੁਣਾਂ ਤੋਂ ਬਰੀ ਹੋ ਹੀ ਨਹੀਂ ਸਕਦਾ। ਕਮੀਆਂ,ਇਨਸਾਨ ਦੇ ਖਾਸੇ ਵਿੱਚ,ਸੁਭਾ ਵਿਚ ਹੀ ਹਨ।

ਗੁਣਾਂ ਅਵਗੁਣਾਂ ਵਿੱਚ ਭੀ ਫਰਕ ਹੈ। ਇੱਕ ਅਜੇਹਾ ਗੁਣ ਹੈ ਜੋ ਹਜ਼ਾਰਾਂ ਛੋਟੇ ਅਵਗੁਣਾਂ ਤੇ ਭਾਰੂ ਹੈ ਤੇ ਇਕ ਅਜੇਹਾ ਅਵਗੁਣ ਹੈ ਜੋ ਅਨੇਕ ਛੋਟੇ ਗੁਣਾਂ ਤੇ ਭਾਰੂ ਹੈ। ਕਹਿਣ ਦਾ ਮਤਲਬ ਹੈ ਕਿ ਕਦੇ ਕਦੇ ਇਨਸਾਨ ਦਾ ਇੱਕ ਅਜੇਹਾ ਵੱਡਾ ਅਵਗੁਣ ਹੁੰਦਾ ਹੈ ਜੋ ਉਸ ਵਿੱਚ ਹਜ਼ਾਰਾਂ ਗੁਣ ਹੋਣ ਤੇ ਭੀ ਭਾਰੂ ਹੁੰਦਾ ਹੈ ਤੇ ਰੜਕਦਾ ਰਹਿੰਦਾ ਹੈ। ਉਸਦੇ ਸਾਰੇ ਹੀ ਗੁਣ ਉਸ ਇੱਕ ਅਵਗੁਣ ਨਾਲ ਨਿਕਾਰੇ ਹੋ ਜਾਂਦੇ ਹਨ, ਤੇ ਇਸੇ ਹੀ ਤਰ੍ਹਾਂ ਕਿਸੇ ੨ ਵਿੱਚ ਸੈਂਕੜੇ ਅਵਗੁਣ ਹੁੰਦਿਆਂ ਭੀ ਇੱਕ ਅਜੇਹਾ ਗੁਣ ਹੁੰਦਾ ਹੈ ਜੋ ਉਸ ਸਾਰੇ ਛੋਟੇ ੨ ਅਵਗੁਣਾਂ ਨੂੰ ਢੱਕ ਲੈਂਦਾ ਹੈ।

ਲੀਡਰ ਅਥਵਾ ਆਗੂ ਵਿੱਚ ਸਭਤੋਂ ਵੱਡਾ ਅਵਗੁਣ ਖੁਦ.ਗਰਜ਼ੀ,ਖੁਦ ਪਰਸਤੀ ਦਾ,ਤੇ ਸਭ ਤੋਂ ਵੱਡਾ ਗੁਣ ਕੌਮ ਭਲਾਈ ਤੇ ਕੌਮ ਪਰਸਤੀ ਦਾ ਹੁੰਦਾ ਹੈ। ਇਸ ਨੂੰ ਹੋਰ ਸਪਸ਼ਟਤਾ ਨਾਲ ਇਉਂ ਸਮਝੋ ਕਿ ਸੁਹਣਾ ਆਗੂ ਉਹ ਹੁੰਦਾ ਹੈ ਜੋ ਸਮਾ ਪੈਣ ਤੇ ਕਸ਼ਟਾਂ ਤੇ ਮੁਸੀਬਤਾਂ ਵਿੱਚ,ਔਕੜ ਤੇ ਪਰਖ ਦੇ ਸਮੇਂ ਵਿੱਚ ਆਪਣਾ ਨਫਾ ਨਹੀਂ ਦੇਖਦਾ,ਸਗੋਂ ਕੌਮ ਦਾ ਲਾਭ ਤੱਕਦਾ ਹੈ। ਆਪਣੇ ਨਿਜਦੇ ਲਾਭ ਉੱਤੇ ਕੌਮ ਨੂੰ ਘਾਟਾ ਪਾਉਣ ਨਾਲੋਂ ਕੌਮੀ ਲਾਭ ਉੱਤੇ ਆਪਾ ਤੱਕ ਵਾਰ ਦੇਣ ਵਾਲਾ ਆਗੂ ਹੀ ਅੱਛਾ ਲੀਡਰ ਕਿਹਾ ਜਾ ਸਕਦਾ ਹੈ। ਉਸ ਨੂੰ ਇਹ ਗੱਲ ਅੱਛੀ ਤਰ੍ਹਾਂ ਸਮਝ ਰੱਖਣੀ ਚਾਹੀਦੀ ਹੈ ਕਿ ਉਸ ਦੀ ਜੋ ਲਿਆਕਤ ਤੇ ਕਾਬਲੀਅਤ ਹੈ ਉਹ ਕੌਮ ਤੇ ਮੁਲਕ ਦੀ ਹੀ ਹੈ ਤੇ ਉਸ ਦਾ ਇਸ ਨੂੰ ਕੌਮ ਤੇ ਮੁਲਕ ਲਈ ਹੀ ਵਰਤਣਾ ਪਹਿਲਾ ਤੇ ਜ਼ਰੂਰੀ ਫਰਜ਼ ਹੈ। ਗਲਤੀ ਹੋਰ ਗੱਲ ਹੈ ਤੇ ਬੇਈਮਾਨੀ ਹੋਰ ਗੱਲ। ਗਲਤੀ ਮੁਆਫ ਕੀਤੀ ਜਾ ਸਕਦੀ ਹੈ, ਪਰ ਬੇਈਮਾਨੀ ਕਦੇ ਭੀ ਮੁਆਫ ਨਹੀਂ ਹੋਣੀ ਚਾਹੀਦੀ। ਆਪਣੀ ਕਮਅਕਲੀ ਦੀ ਗਲਤੀ ਨਾਲ ਜੇ ਕੋਈ ਆਗੂ ਆਪ ਉਸ ਵਿੱਚ ਮਰਦਾ ਹੋਇਆ, ਕੌਮ ਨੂੰ ਕੋਈ ਨੁਕਸਾਨ ਪੁਚਾ ਜਾਂਦਾ ਹੈ, ਪਰ



Digitized by Panjab Digital Library | www.panjabdigilib.org

ਜੇ ਉਸ ਵਿੱਚ ਬੇਈਮਾਨੀ, ਖੁਦਗਰਜ਼ੀ ਤੇ ਖੁਦਪਰਸਤੀ ਨਾ ਹੋਵੇ, ਉਹ ਬੇਵਕੂਫ ਤਾਂ ਕਿਹਾ ਜਾ ਸਕਦਾ ਹੈ, ਪਰ ਬੇਈਮਾਨ ਨਹੀਂ। ਇਸ ਲਈ ਉਹ ਮੁਆਫੀ ਦਾ ਹੱਕਦਾਰ ਹੈ। ਪਰ ਜਿਹੜਾ ਆਗੂ ਬੇਈਮਾਨੀ ਜਾਂ ਖੁਦਗਰਜ਼ੀ ਨਾਲ, ਆਪਣੇ ਫਾਇਦੇ ਜਾਂ ਆਪਣੀ ਜਾਨ ਦੇ ਬਚਾਉ ਲਈ ਕੌਮ ਨੂੰ ਜ਼ਰਾ ਜਿੰਨਾ ਭੀ ਨੁਕਸਾਨ ਪੁਚਾਵੇ, ਉਸਦਾ ਗੁਨਾਹ ਕਦੇ ਭੀ ਮੁਆਫ ਨਹੀਂ ਹੋ ਸਕਦਾ।

ਕੌਮੀ ਆਗੂ ਦੀ ਸਭ ਤੋਂ ਵੱਡੀ ਇਹੀ ਪਰਖ ਹੋਣੀ ਚਾਹੀਦੀ, ਤੇ ਉਸ ਦਾ ਸਭ ਤੋਂ ਵੱਡਾ ਗੁਣ ਇਹੀ ਹੈ, ਕਿ ਉਹ ਹਰ ਸਮੇਂ ਤੇ ਹਰ ਮੌਕੇ ਕੌਮ ਦੀ ਭਲਾਈ ਨੂੰ ਮੁੱਖ ਰੱਖ ਦਾ ਹੈ। ਇਸ ਤੋਂ ਉਲਟ ਕਰਨ ਵਾਲਾ ਕੌਮੀ ਮੁਜਰਮ ਹੈ ਤੇ ਉਸ ਦਾ ਗੁਨਾਹ ਕਦੇ ਭੀ ਨਹੀਂ ਬਖਸ਼ਿਆ ਜਾਣ ਵਾਲਾ ਹੁੰਦਾ। ਆਪਣੇ ਲਾਭ ਲਈ, ਕੌਮ ਨੂੰ ਨੁਕਸਾਨ ਪੁਚਾਉਣਾ ਆਤਮ-ਘਾਤ ਦੇ ਪਾਪ ਨਾਲੋਂ ਭੀ ਵੱਡਾ ਪਾਪ ਹੈ। ਵੈਦ ਜੀ ਹਰ ਪਹਿਲੂ ਵਿੱਚ ਆਪਣਾ ਲਾਭ ਕੌਮ ਪੰਥ ਤੇ ਦੇਸ਼ ਦੇ ਲਾਭ ਉੱਤੇ ਕੁਰਬਾਨ ਕਰਦੇ ਰਹੇ ਹਨ। ਸੁਰਤਿ ਸੰਭਲਨ ਦੇ ਸਮੇਂ ਤੋਂ ਅਖ਼ੀਰ ਦਮ ਤਕ ਆਪ ਦੇ ਸਾਮ੍ਹਣੇ ਕੌਮ ਭਲਾਈ ਦਾ ਹੀ ਬੁਤ ਪੁਜੀਂਦਾ ਰਿਹਾ ਹੈ।

੫ ਜਨਵਰੀ ੧੯੨੬ ਨੂੰ ਸ੍ਵਾਮੀ ਓਅੰਕਾਰਾ ਨੰਦ ਜੀ*ਆਪ ਨੂੰ ਮਿਲਨ ਆਉਂਦੇ ਹਨ। ਵੈਦਰਾਜ ਜੀ ਨੇ ਸ੍ਵਾਮੀ ਜੀ ਨੂੰ ਦੇਸ਼ ਸੇਵਕ ਸਮਝਕੇ ਬੜੇ ਚਾਉ ਤੇ ਉਮਾਹ ਨਾਲ ਪ੍ਰਸ਼ਾਦ ਛਕਾਇਆ। ਗੱਲ ਬਾਤ ਕਰਨ ਸਮੇਂ ਸ੍ਵਾਮੀ ਜੀ ਨੇ ਟਾਇਪ ਰਾਇਟਿੰਗ ਮਸ਼ੀਨ ਲਈ ਸ੍ਵਾਲ ਪਾਇਆ। ਭਾਵੇਂ ਅਜੇਹੇ ਸ੍ਵਾਮੀਆਂ ਵਿੱਚ ਹਜ਼ਾਰ ਖਾਮੀਆਂ ਭੀ ਹੋਣ ਪਰ ਵੈਦ ਰਾਜ ਜੀ ਦੀਆਂ ਅੱਖਾਂ ਸੌਂਹੇਂ ਇਨ੍ਹਾਂ ਦੇ ਦੇਸ਼ ਸੇਵਾ ਕਰਨ ਦੇ ਗੁਣ ਹੀ ਸਨ,ਆਪ ਨੇ ਤੁਰਤ ਟਾਇਪ ਰਾਇਟਿੰਗ ਮਸ਼ੀਨ ਭੇਟਾ ਕੀਤੀ ਤੇ ਨਾਲ ਹੀ ੧੩)ਨਕਦ ਖਰਚਣ ਖਰਚਾਣ

---

*ਅਕਾਲੀਆਂ ਦੇ ਅੰਗ੍ਰੇਜ਼ੀ ਅਖਬਾਰ On ward ਦੀ ਐਡੀਟਰੀ ਕਰਦਿਆਂ ਜੇਹਲ ਵਿਚ ਗਏ ਤੇ ਮੀਆਂ ਵਾਲੀ ਜੇਲ ਵਿਚ ਵੈਦ ਜੀ ਨਾਲ ਰਹੇ ਸਨ।



Digitized by Panjab Digital Library | www.panjabdigilib.org

ਲਈ ਭੇਟ ਕੀਤੇ।

ਇਸੇ ਹੀ ਤਰ੍ਹਾਂ ੧੮ ਜਨਵਰੀ ਨੂੰ ਬਾਬਾ ਗੁਰਦਿਤ ਸਿੰਘ ਜੀ ਜੇਲ੍ਹ ਵਿਚੋਂ ਸਜ਼ਾ ਭੁਗਤਕੇ ਰਿਹਾ ਹੋਏ ਤੇ ੨੩ ਜਨਵਰੀ ਨੂੰ ਸ੍ਰੀ ਤਰਨ ਤਾਰਨ ਵੈਦ ਜੀ ਨੂੰ ਮਿਲਣ ਲਈ ਆਏ। ਬਾਬਾ ਜੀ ਦੇ ਮੰਗਣ ਤੇ ਵੈਦ ਨੇ ੧ ਪੁਸਤਕ ਸਾਮਜਵਾਦ (ਸਾਂਝੀਵਾਲਤਾ) ਭੇਟਾ ਕੀਤੀ ਤੇ ਨਾਲ ਹੀ ੫੦) ਖਰਚ ਵਜੋਂ ਭੀ ਭੇਟ ਕੀਤੇ।

ਹੋਰ ਦੇਖੋ, ੧੯ ਮਾਰਚ ਨੂੰ ਇਸੇ ਸਾਲ ਬਾਬਾ ਗੁਰਦਿਤ ਸਿੰਘ ਜੀ ਦਾ ਲੜਕਾ ਸ੍ਰ: ਬਲਵੰਤ ਸਿੰਘ ਭੀ ਖਰਚ ਮੰਗਣ ਆਉਂਦਾ ਹੈ ਤੇ ਆਪ ਇਨਕਾਰ ਨਹੀਂ ਕਰਦੇ। ਤੁਰਤ ੧੦) ਰੁਪਏ ਭੇਟ ਕਰਦੇ ਹਨ। ਕੋਈ ਕਿਸੇ ਤਰਾਂ ਵਰਤੇ, ਜਾਂ ਕਿਸੇ ਖੁਦਗਰਜ਼ੀ ਦੇ ਬਹਾਨੇ ਨਾਲ ਮੰਗ ਕਰੇ, ਪਰ ਵੈਦ ਜੀ ਆਪਣੀ ਵਲੋਂ ਦੇਸ਼ ਪ੍ਰੇਮ ਤੇ ਕੌਮ ਹਿਤ ਕਾਰਣ ਹੀ ਇਹ ਸਭ ਸੇਵਾ ਕਰਦੇ ਸਨ।

੯ ਜੁਲਾਈ ੧੯੨੫ ਨੂੰ ਸਰਕਾਰ ਪੰਜਾਬ ਨੇ ਐਲਾਨ ਕੀਤਾ ਕਿ 'ਜਿਹੜੇ ਸ਼੍ਰੋ: ਕ: ਦੇ ਮੁਖੀ ਸਰਕਾਰ ਵਲੋਂ ਪਾਸ ਕੀਤੇ ਗਏ ਗੁਰਦਵਾਰਾ ਐਕਟ ਤੇ ਵਰਤੋਂ ਕਰਨ ਦਾ ਇਕਰਾਰ ਕਰਨਗੇ ਉਨ੍ਹਾਂ ਨੂੰ ਰਿਹਾ ਕੀਤਾ ਜਾਵੇਗਾ।'

ਚਾਲ ਕਾਰਗਰ ਹੋ ਗਈ। ਇਸ ਐਲਾਨ ਦੇ ਨਾਲ ਹੀ ਸਿਖ ਪੰਥ ਵਿਚ ਦੋ ਧੜੇ ਹੋ ਗਏ। ਇਕ ਧੜਾ ਉਪ੍ਰੋਕਤ ਐਲਾਨ ਦੇ ਹੱਕ ਵਿਚ ਤੇ ਦੂਜਾ ਇਸ ਦੇ ਵਿਰੁਧ। ਹਰ ਧੜੇ ਦੀਆਂ ਅਖਬਾਰਾਂ ਭੀ ਬੇ ਵਿਚਾਰੇ ਆਪਣਾ ੨ ਪੱਖ ਪੂਰਨ ਲਗੀਆਂ। ਇਕ ਦੂਜੇ ਨੂੰ ਜ਼ੋਰਾਂ ਨਾਲ ਹਰ ਯੋਗ ਅਯੋਗ ਢੰਗ ਨਾਲ ਭੰਡਣ ਤੇ ਬਦਨਾਮ ਕਰਨ ਦਾ ਅੰਧਾ ਧੁੰਧ ਤੂਫਾਨ ਝੁੱਲ ਉਠਿਆ। ਵਿਰੋਧੀ ਧੜਾ ਭਾਵੇਂ ਸਚਾਈ ਤੇ ਹੀ ਹੋਵੇ, ਉਸ ਦੇ ਇਰਾਦੇ ਭਾਵੇਂ ਅੱਛੇ ਹੀ ਹੋਣ, ਕੋਈ ਨਾ ਸੀ ਸੁਣਦਾ।

ਦੋਹਾਂ ਧੜਿਆਂ ਦੇ ਅਖਬਾਰਾਂ ਨੇ ਆਪਣੇ ੨ ਹੱਕ ਵਿਚ ਲਿਖਣ ਲਈ ਲਿਖਾਰੀਆਂ ਨੂੰ ਵੰਗਾਰਿਆ। ਚਿਠੀਆਂ ਲਿਖੀਆਂ, ਸਰਕੂਲਰ ਜਾਰੀ



Digitized by Panjab Digital Library | www.panjabdigilib.org

ਕੀਤੇ, ਤੇ ਲੇਖਾਂ ਆਦਿ ਬਦਲੇ ਨਕਦ ਨਾਰਾਇਣ ਭੀ ਦੇਣਾ ਪ੍ਰਵਾਨ ਕੀਤਾ ਪਰ ਇਹ ਸਭ ਕੁਝ ਸੀ ਆਪਣੇ ਧੜੇ ਦੀ ਪੱਖ ਪੂਰਤੀ ਲਈ।

ਉਨੀ ਦਿਨੀ 'ਅਕਾਲੀ ਤੇ ਪਰਦੇਸੀ' ਸ੍ਰੀ ਅੰਮ੍ਰਿਤਸਰ ਤੋਂ ਧੜੱਲੇਦਾਰ ਕੌਮੀ ਅਖਬਾਰ ਅਕਾਲੀ ਪਾਰਟੀ ਦੇ ਨਾ ਸ਼ਰਤਾਂ ਮੰਨ ਕੇ ਕਿਲੇ ਵਿਚ ਕੈਦ, ਡੱਟੇ ਰਹਿਣ ਵਾਲੇ ਮੁਖੀਆਂ ਦੇ ਪੱਖ ਦਾ ਸੀ। ੧੯੨੬ ਦੇ ਸ਼ੁਰੂ ਵਿਚ ਇਸ ਅਖਬਾਰ ਦੇ ਐਡੀਟਰ ਵਲੋਂ ਲੇਖਾਂ ਦੀ ਮੰਗ ਬਾਰੇ ਵੈਦ ਜੀ ਨੂੰ ਭੀ ਇਕ ਜ਼ੋਰ ਦਾਰ ਚਿਠੀ ਪੁਜੀ। ਵੈਦ ਜੀ ਖੁਦਗਰਜ਼ੀ ਤੇ ਅੱਨ੍ਹੇ ਪੱਖ ਪਾਤ ਨੂੰ ਮਹਾਂਪਾਪ ਸਮਝਦੇ ਸਨ। ਉਨ੍ਹੀ ਦਿਨੀ—ਜਿਵੇਂ ਅਸੀਂ ਉਪਰ ਦਸ ਆਏ ਹਾਂ—ਸਾਡੇ ਅਖਬਾਰ ਪਾਰਟੀ ਬਾਜ਼ੀ ਦੀ ਗੰਦੀ ਖਾਈ ਵਿੱਚ ਪਏ, ਮਾਨੋਂ ਪਰਲਾਪ ਕਰ ਰਹੇ ਸਨ। ਵੈਦ ਜੀ ਕਦੇ ਕਿਸੇ ਦਾ ਝੂਠਾ ਪੱਖ ਕਰ ਹੀ ਨਾ ਸਨ ਸਕਦੇ, ਇਸ ਲਈ ਆਪ ਨੇ ਜੋ ਉਸ ਲੇਖਾਂ ਦੀ ਮੰਗ ਦੀ ਚਿੱਠੀ ਦਾ ਉੱਤ੍ਰ ਲਿਖਿਆ ਉਹ ਆਪ ਦੇ ਖਿਆਲਾਂ ਨੂੰ ਸਪਸ਼ਟ ਕਰ ਰਿਹਾ ਹੈ।

੧੩-੧-੧੯੨੬ ਨੂੰ ਆਪ ਨੇ 'ਅਕਾਲੀ ਪਰਦੇਸੀ' ਦੇ ਐਡੀਟੋਰੀਅਲ ਸਟਾਫ ਦੇ ਮੁਖੀ ਲਿਖਾਰੀ ਸਰਦਾਰ ਉੱਤਮ ਸਿੰਘ ਜੀ ਗਿਆਨੀ ਵਲ ਹੇਠ ਲਿਖੀ ਪਤ੍ਰਕਾ ਲਿਖੀ:—

ਸ੍ਰੀ ਮਾਨ ਪਰਮ ਸਨਮਾਨ ਯੋਗ ਪੰਥ ਰਤਨ ਸ੍ਰ: ਸਾਹਿਬ ਜੀ!

ਸ੍ਰੀ ਮਾਨ ਜੀ ਦਾ ੮-੧-੨੬ ਦਾ ਕ੍ਰਿਪਾ ਪੱਤ੍ਰ ਪਹੁੰਚਾ ਦਾਸ 'ਅਕਾਲੀ ਤੇ ਪ੍ਰਦੇਸੀ' ਵਾਸਤੇ ਹਰ ਤਰ੍ਹਾਂ ਸੇਵਾ ਕਰਨ ਵਾਸਤੇ ਤਿਆਰ ਹੈ ਤੇ ਦਾਸ ਦੀ ਕਿਸੇ ਸੇਵਾ ਸੰਬੰਧੀ ਕਿਸੇ ਪ੍ਰਕਾਰ ਦੇ ਬਦਲੇ ਦੇ ਖਿਆਲ ਤੱਕ ਦੀ ਭੀ ਲੋੜ ਨਹੀਂ ਹੈ, ਕੇਵਲ ਏਤਨਾਂ ਹੈ ਕਿ ਜਿਹੜੇ ਲੇਖ ਨਾ ਵਰਤੋਂ ਵਿੱਚ ਆਵਨ ਉਹ ਦਾਸ ਨੂੰ ਵਾਪਸ ਭੇਜ ਦਿਤੇ ਜਾਯਾ ਕਰਨ, ਆਗਯਾ ਆਵਨ ਤੇ ਲੇਖ ਸ਼ੁਰੂ ਕੀਤੇ ਜਾਵਨਗੇ।

'ਅਕਾਲੀ ਤੇ ਪ੍ਰਦੇਸੀ' ਦੀ ਦਸ਼ਾ ਅੱਜ ਕੱਲ ਸੱਚ ਮੁੱਚ ਵੱਡੀ ਤਰਸ ਯੋਗ ਹੋ ਰਹੀ ਹੈ। ਜੋ ਔਗੁਣ ਦੂਜੀਆਂ ਕਈ ਇੱਕ ਅਖਬਾਰਾਂ ਵਿੱਚ ਦੇਖੀਦੇ ਸਨ, ਓਹ ਪੁੱਜ ਕੇ ਅੱਜ ਕੱਲ ਅਕਾਲੀ ਪ੍ਰਦੇਸੀ ਵਿਚ ਭਰਪੂਰ ਹੋ ਰਹੇ ਹਨ।



Digitized by Panjab Digital Library | www.panjabdigilib.org

ਸਵਾ ਸਵਾ ਰੁਪਏ ਦਾਨ ਦੇ ਸੋਹਲੇ, ਅਖਬਾਰੀ ਪਾਲਿਸੀ ਵਲੋਂ ਬੇ ਧਿਆਨੀ, ਰੇਲ ਦੇ ਕਰਾਏ ਘਟਨ ਦੀ ਦੋ ਸਤਰਾਂ ਦੀ ਖਬਰ ਦੀ ਥਾਂ ਕਾਲਮਾਂ ਦੇ ਕਾਲਮ ਵਜਰਥ ਕਰਨੇ, ਆਪਸ ਵਿੱਚ ਵਟਾਂਦਰੇ ਵਿੱਚ ਇੱਕ ਦੂਜੇ ਦੇ ਅਯੋਗ ਸੋਹਿਲੇ ਆਦਿਕ। ਤਿੰਨ ਕੁ ਵਾਰੀ ਸ੍ਰੀ ਮਾਨ ਐਡੀਟਰ ਸਾਹਿਬ ਜੀ ਦੇ ਦਰਸ਼ਨਾਂ ਵਾਸਤੇ ਯਤਨ ਕੀਤਾ ਪਰ ਦਰਸ਼ਨਾਂ ਵਲੋਂ ਨਿਭਾਗ ਰਿਹਾ, ਨਹੀਂ ਤੇ ਚਰਨਾਂ ਵਿੱਚ ਹਾਜ਼ਰ ਹੋ ਸਨਮੁਖ ਬੇਨਤੀ ਕਰਦਾ 'ਜੋ ਜੇ ਪੂਰੀ ਨਿਗਰਾਨੀ ਤੇ ਸੰਭਾਲ ਨਹੀਂ ਕਰ ਸਕਦੇ,ਤਦ ਕਿਸੇ ਹੋਰ ਸਾਥੀ ਤੇ ਜ਼ਿੰਮੇਵਾਰੀ ਵੰਡ ਲੈਣ।' ਪਰ ਇਸ ਅਧੋਗਤੀ ਵਿੱਚ ਅਜੇਹਾ ਲੋੜਵੰਦ ਕੌਮ ਦਾ ਸੱਚਾ ਹਿਤੂ ਅਦੁੱਤੀ ਕੁਰਬਾਨੀਆਂ ਨਾਲ ਹਰਿਆ ਭਰਿਆ ਕੀਤਾ ਪਰਚਾ ਇਸਤਰ੍ਹਾਂ ਬਰਬਾਦ ਨਹੀਂ ਹੋਣ ਦੇਣਾ ਚਾਹੀਦਾ। ਖਿਮਾਂ ਕਰਨੀ ਇਸ ਸੰਬੰਧੀ ਵੇਖ ਵੇਖ ਦਿਲ ਦੁਖ ਨਾਲ ਭਰਿਆ ਹੋਯਾ ਹੈ, ਏਹ ਸੰਛੇਪ ਜੇਹੀ ਬੇਨਤੀ ਕਰਨੋਂ ਕਲਮ ਰੁੱਕ ਨਹੀਂ ਸਕੀ। ਕੋਈ ਸੇਵਾ ਟਹਿਲ ਦਾਸ ਯੋਗ ਹੋਵੇ ਤਦ ਹੁਕਮ ?"

ਇਸ ਚਿੱਠੀ ਦੇ ਅੰਤ ਵਿੱਚ ਆਪ ਇੱਕ ਨਿੱਕਾ ਜੇਹਾ ਪਰ ਡਾਢਾ ਭਾਵ ਭਰਿਆ ਫਿਕਰਾ ਇਸਤਰ੍ਹਾਂ ਲਿਖਦੇ ਹਨ:–

"ਸਨਮਾਨ ਯੋਗ ਐਡੀਟਰ ਸਾਹਿਬ ਤੋਂ ਬਿਨਾ ਕਿਸੇ ਨੂੰ ਦੱਸਣ ਦੀ ਲੋੜ ਨਹੀਂ।" ਭਾਵ ਸਪਸ਼ਟ ਹੈ ਹੋਰ ਸਪਸ਼ਟ ਕਰਨ ਦੀ ਲੋੜ ਨਹੀਂ।

੬ ਜਨਵਰੀ ੧੯੨੬ ਨੂੰ ਬਾਬੂ ਤੇਜਾ ਸਿੰਘ ਜੀ* ਭਸੌੜ ਵਾਲੇ ਤਰਨ ਤਾਰਨ ਆਕੇ ਮਿਲੇ। ੧੨ ਜਨਵਰੀ ਨੂੰ ਵੈਦ ਜੀ ਨੇ ਸ਼ਹਿਰ-

*ਭਾਈ ਸਾਹਿਬ ਦੇ ਪਰਮ ਸਨੇਹੀ ਬਾਬੂ ਤੇਜਾ ਸਿੰਘ ਜੀ ਭਸੌੜ—੨੦ ਪੋਹ ਸੰਮਤ ੧੯੨੩ ਨੂੰ ਇਸ ਸੰਸਾਰ ਤੇ ਆਏ। ਆਪ ਸਿੰਘ ਸਭਾ ਲਹਿਰ ਦੇ ਮੋਢੀ ਸੇਵਕਾਂ ਵਿਚੋਂ ਸਨ। ਆਪ ਜੀ ਦੀ ਹਿੰਮਤ ਨਾਲ ਸੰਮਤ ੧੯੫੦ ਵਿਚ ਸਿੰਘ ਸਭਾ ਭਸੌੜ ਕਾਇਮ ਹੋਈ। ਸੰਮਤ ੧੯੬੪ ਨੂੰ ਪੰਚ ਖਾਲਸਾ ਦੀਵਾਨ ਰਚਿਆ ਗਿਆ। ਆਪ ਨੇ ਤਕੜੀ ਪੰਥ ਸੇਵਾ ਕੀਤੀ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੋਥੀਆਂ ਵਿਚ ਪਦ ਛੇਦ ਕਰਕੇ ਛਾਪਣ ਤੇ ਆਪ ਜੀ ਦਾ ਤਖਤਾਂ ਤੋਂ ਅਰਦਾਸਾ ਬੰਦ ਕੀਤਾ ਗਿਆ ਤੇ ੧੪ ਭਾਦਰੋਂ ਸੰਮਤ ੧੯੯੦ (੨੯ ਅਗਸਤ ੧੯੩੩) ਨੂੰ ਆਪ ਨੇ ਸੰਸਾਰਕ ਆਯੂ ਪੂਰੀ ਕੀਤੀ।



Digitized by Panjab Digital Library | www.panjabdigilib.org

ਦਾਰਾਂ ਨੂੰ ਪ੍ਰੇਰਕੇ ਨਾਲ ਲੀਤਾ ਤੇ ਇਕ ਡੈਪੂਟੇਸ਼ਨ ਦੀ ਸ਼ਕਲ ਵਿਚ ਥਾਨੇ-ਦਾਰ ਪਾਸ ਪੁਜਕੇ ਸ਼ਹਿਰ ਵਿਚੋਂ ਚੋਰੀ ਆਦਿ ਤੇ ਸ਼ਹਿਰ ਦੀ ਰਾਖੀ ਲਈ ਕਿਹਾ। ੨੬ ਜਨਵਰੀ ਦਾ ਡਾਇਰੀ ਨੋਟ ਆਪ ਇਸਤਰ੍ਹਾਂ ਲਿਖਦੇ ਹਨ:-

"ਸੁਨਿਆ ਹੈ ਕਿ ਲਾਹੌਰ ਕਿਲੇ ਵਾਲੇ(ਸ਼੍ਰੋ: ਗੁ: ਪ੍ਰ: ਕਮੇਟੀ) ਦੇ ਪਹਿਲੇ ਜਥੇ ਦੇ ੨੦ ਲੀਡਰ ਬਿਆਨ (੯ ਜੁਲਾਈ ੧੯੨੫ ਨੂੰ ਸਰਕਾਰ ਵਲੋਂ ਕੀਤੇ ਐਲਾਨ ਅਨੁਸਾਰ ਕਿ 'ਗੁਰਦਵਾਰਾ ਐਕਟ' ਤੇ ਵਰਤੋਂ ਕਰਾਂਗੇ) ਦੇਕੇ ੨੫ ਜਨਵਰੀ ਨੂੰ ਰਿਹਾ ਹੋ ਆਏ ਹਨ, ੧੬ ਸ਼ੇਰ ਡਟੇ ਰਹੇ।"

'ਸੋਲਾਂ ਸ਼ੇਰ ਡਟੇ ਰਹੇ' ਅੱਠ ਅੱਖਰੇ ਸ਼ਬਦ ਦੀ ਧੁਨੀ, ਪਿੱਛਲੇ ਬਿਆਨ ਦੇ ਕੇ ਰਿਹਾ ਹੋ ਆਏ, ਫਿਕਰੇ ਤੇ ਕੀ ਅਸਰ ਪਾਉਂਦੀ ਹੈ? ਪਾਠਕ ਜਨ ਆਪ ਹੀ ਵਿਚਾਰ ਸਕਦੇ ਹਨ!

ਇਸ ਆਪੋ ਧਾਪ ਦੀ ਪਾਟੋ ਧਾੜ ਦਾ ਪੰਥਕ ਜੱਥੇ ਬੰਦੀ ਉੱਤੇ, ਦੇਸ਼ ਦੀ ਕੌਮੀ ਲਹਿਰ ਉੱਤੇ, ਅਤੇ ਦੁਖੀ ਭਾਰਤ ਮਾਤਾ ਦੇ-ਅੱਗੇ ਹੀ ਤਰ੍ਹਾਂ ਤਰ੍ਹਾਂ ਦੇ ਦੁਖਾਂ ਕਸ਼ਟਾਂ ਨਾਲ ਵਿਲੂੰਦਰੇ ਹੋਏ-ਹਿਰਦੇ ਉੱਤੇ ਕੀ ਅਸਰ ਪਿਆ? ਉਹ ਹੇਠ ਲਿਖੀ ਦੁਖੀ ਭਾਰਤ ਮਾਤਾ ਦੀ ਜ਼ਬਾਨੀ ਕਹੀ ਗਈ ਕਵਿਤਾ ਵਿਚ ਵਿਚਾਰ ਕੇ ਪੜ੍ਹਨ ਨਾਲ ਸੁਹਣਾ ਪਤਾ ਲਗ ਸਕਦਾ ਹੈ:-

ਅੜੀਓ! ਕਹਿਰ ਹੋਯਾ ਨੀ ਮੈਂ ਗਈ ਲੁੱਟੀ, ਹਾ! ਬੇਦਸਤ ਹੋਗਈ ਦਸਤਗੀਰ ਬਣਕੇ।
ਕਿਲਾ ਪਾਟਿਆ ਨਾ, ਮੇਰਾ ਜਿਗਰ ਪਾਟਾ, ਤੱਤੀ ਜਾਨ ਜਾਂਦੀ ਲੀਰ ਲੀਰ ਬਣਕੇ।
ਇਹ ਨ ਸ਼ਰਤ ਮੰਨੀ, ਮੇਰੀ ਧੌਣ ਭੰਨੀ, ਮੇਰੇ ਖ਼ੂਨ ਨ੍ਹਾਤੇ ਮੇਰਾ ਸ਼ੀਰ ਬਣਕੇ।
ਏਦੂੰ ਵੱਧ ਕਪੁੱਤਰਾਂ ਕਾਇਰਾਂ ਦੇ, ਦੰਭੀ ਬੋਲ ਲੱਗਣ ਤਿੱਖੇ ਤੀਰ ਬਣਕੇ।

ਭੈਣੋਂ ਭਾਗ ਭਰੀਓ! ਭਾਗ ਕੌਰ ਵਾਂਗੂੰ, ਕੋਈ ਨਿੱਤਰੋ ਮੇਰੀ ਤਕਦੀਰ ਬਣਕੇ।
ਟੁੱਟੀ ਗੰਢ ਲੌ ਰਹਿ ਜਾਵਾਂ ਰਹਿਣ ਜੋਗੀ, ਨਹਿੰ ਤਾਂ ਮੰਗਦੀ ਫਿਰੂੰ ਫਕੀਰ ਬਣਕੇ।

---

ਲੁਟੇ ਲਾਲ ਅਮ੍ਰੀਕਨੀ ਰੋ ਰਹੀ ਸਾਂ, ਉੱਤੋਂ ਦੁਖਾਂ ਦੇ ਦੁੱਖ ਸਿਰ ਹੋਰ ਪੈ ਗਏ।
ਬਜਬਜ ਘਾਟ ਜਲਿਆਂਵਾਲੇ ਬਾਗ ਅੰਦਰ, ਲਾਟਾਂ ਮੱਚੀਆਂ ਜ਼ੁਲਮ ਦੇ ਸ਼ੋਰ ਪੈ ਗਏ।



Digitized by Panjab Digital Library | www.panjabdigilib.org

ਹਾਇ ! ਨਾਨਕਾਣੇ, ਗੁਰੂ ਬਾਗ, ਜੈਤੋ, ਕੁੱਦ ਕੁੱਦ ਖ਼ੂਨੀ ਡਾਕੂ ਚੋਰ ਪੈ ਗਏ।
ਵਗੀ ਲਹੂ ਦੀ ਨਦੀ ਲਾਹੌਰ ਅੰਦਰ, ਜ਼ਾਲਮ ਕਤਲ ਖਾਤਰ ਜ਼ੋਰੋ ਜ਼ੋਰ ਪੈ ਗਏ।

ਏਥੇ(ਈ)ਬੱਸ ਨਾ, ਫੁਟਿਆ ਲੇਖ,ਚਲਗਈ,ਚਾਲ ਵੈਰੀ ਦੀ ਮੇਰੀ ਤਕਸੀਰ ਬਣਕੇ।
ਪੁੱਤ੍ਰ ਪਾੜ ਮਾਰੇ ਜੀਵਣ ਜ਼ਹਿਰ ਹੋਯਾ, ਰੁਲਦੀ ਮਰੂੰਗੀ ਰੋ ਰੋ ਫਕੀਰ ਬਣਕੇ।

---

ਕੀ ਕੀ ਦੁਖਾਂ ਦੇ ਫੋਲਣੇ ਫੋਲ ਦੱਸਾਂ, ਮੇਰੀਆਂ ਦਰਦ ਕਹਾਣੀਆਂ ਲੰਮੀਆਂ ਨੇ।
ਮੇਰੇ ਭਾਗਦੇ ਬਾਗ ਵਿੱਚ ਪਏ ਪੱਥਰ, ਜਦ ਤੋਂ ਸਈਆਂ ਕੰਡਿਆਰੀਆਂ ਜੰਮੀਆਂ ਨੇ।
ਰਾਖੀ ਵਾਲ ਹੋ ਭੈੜਿਆਂ ਅੱਗ ਲਾਈ, ਵਿਚੇ ਵਿਚ ਕਮੀਨਿਆਂ ਕੰਮੀਆਂ ਨੇ।
ਬੌਰੀ ਹੋ ਰਹੀ ਹਾਂ ਇਸੇ ਖਯਾਲ ਅੰਦਰ, ਕੀਤੀ ਚੂਰ ਸੋਚਾਂ ਫਿਕਰਾਂ ਗ਼ੰਮੀਆਂ ਨੇ।

ਛਾਤੀ ਪਾਟ ਕੇ ਛੇਕ ਅਨੇਕ ਹੋ ਗਏ, ਦਰਦ ਅੱਖੀਆਂ ਥੀਂ ਬਹੇ ਨੀਰ ਬਣਕੇ।
ਜੇਕਰ ਜਲਦਿ ਨਾ ਏਕਤਾ ਮਿਲੀ ਮੱਲ੍ਹਮ, ਦਰ ਦਰ ਮੰਗ ਦੀ ਫਿਰੂੰ ਫ਼ਕੀਰ ਬਣਕੇ।

---

ਭਰੇ ਚਾਨਣੇ ਪੱਖ ਵਿੱਚ ਪਿਆ ਡਾਕਾ, ਦੱਸਾਂ ਕਿਵੇਂ ਦੁਖ ਚਿੱਤ ਬੇਤਾਬ ਦਾ ਨੀ।
ਕ੍ਰਿਸ਼ਨ ਪਲਟਿਆ ਪੱਖ, ਤਕਦੀਰ ਮੇਰੀ, ਕੇਹਾ ਮੂੰਹ ਹੋ ਗਿਆ ਮਹਤਾਬ ਦਾ ਨੀ।
ਭਗਤ ਭੁਲਿਆ ਰਾਮ ਦਾ ਨਾਮ ਨਾ ਲੈ, ਕੁਛ ਨ ਪੁੱਛ ਦਲੀਪ ਦੇ ਬਾਬ ਦਾ ਨੀ।
ਪ੍ਰੀਤਮ ਭੁਲ ਆ ਪੁਛੋ ਨਾ ਤੱਤੜੀ ਤੋਂ, ਲੇਖਾ ਫੱਟ ਗਏ ਵਹੀ ਹਿਸਾਬ ਦਾ ਨੀ।

ਹਾ ! ਗੋਪਾਲ ਦਿਆਲ ਰਣਧੀਰ ਸਾਹਿਬ, ਸ਼ੇਰ ਮਿਤ ਗੀਦੀ ਹੋਏ ਵੀਰ ਬਣਕੇ।
ਪਜਾਰਾ ਬਾਲ ਬੇਹਾਲ ਹੁਣ ਕੀ ਕਰਾਂ ਮੈਂ, ਦਰ ਦਰ ਮੰਗਦੀ ਫਿਰੂੰ ਫਕੀਰ ਬਣਕੇ।

---

੩੧ ਜਨਵਰੀ ਨੂੰ ਸ੍ਰੋ: ਗੁ: ਪ੍ਰ: ਕਮੇਟੀ ਦੇ ਜੋੜ ਮੇਲ ਵਿਚ ਗਏ।

੭ ਫਰਵਰੀ ੧੯੨੬ ਨੂੰ ਸ੍ਰੀ ਤਰਨ ਤਾਰਨ ਵਿਚ ਸ਼ਰਾਬ ਦਾ ਕਲੰਕ ਸ਼ਹਿਰ ਵਿਚੋਂ ਦੂਰ ਕਰਨ ਤੇ ਦੁਕਾਨਾਂ ਅਗਲੇ ਵਧੇ ਹੋਏ ਥੜਿਆਂ ਦੇ ਮਿਉਂਨਸੀਪਲ ਟੈਕਸ ਬਾਬਤ ਸ਼ਹਿਰਦਾਰਾਂ ਦਾ ਬੜਾ ਭਾਰੀ ਤੇ ਜ਼ੋਰਦਾਰ ਇਕੱਠ ਹੋਇਆ। ਸ਼ਰਾਬ ਖਾਨੇ ਨੂੰ ਸ਼ਹਿਰ ਵਿਚੋਂ ਬਾਹਰ ਕੱਢਣ ਦੇ ਵਾਹਦ ਮੋਢੀ ਸਮਝ ਕੇ ਸਰਬ ਸੰਮਤੀ ਨਾਲ ਆਪ ਨੂੰ ਇਸ ਮੀਟਿੰਗ ਦਾ ਪ੍ਰਧਾਨ ਚੁਣਿਆ ਗਿਆ ਤੇ ਜਲਸਾ ਬੜੇ ਜ਼ੋਰ ਸ਼ੋਰ ਨਾਲ ਹੋਇਆ। ਇਨ੍ਹੀ ਦਿਨੀ



Digitized by Panjab Digital Library | www.panjabdigilib.org

ਹੀ ਆਪ ਨੇ ੩ ਲੇਖ ਫੁਟ ਦੂਰ ਕਰਨ ਸੰਬੰਧੀ ਲਿਖੇ ਜੋ ਕੌਮੀ ਦਰਦ ਆਦਿ ਅਖਬਾਰਾਂ ਵਿਚ ਛਪੇ। ੮ ਫਰਵਰੀ ਦੀ ਡਾਇਰੀ ਵਿਚ ਇਸ ਬਾਰੇ ਨੋਟ ਦਰਜ ਹੈ।

ਪੰਥ ਦੀ ਜ਼ਰਾ ਕੁ ਕਾਮਯਾਬੀ ਤੇ ਇਨ੍ਹੀ ਦਿਨੀਂ ਖਾਲਸਾ ਜੀ ਵਿਚ ਖੁਦਗਰਜ਼ੀ ਹਉਮੈਂ ਤੇ ਖੁਦ ਪਰਸਤੀ ਦਾ ਮਾਦਾ ਜ਼ੋਰ ਫੜ ਗਿਆ ਸੀ। ਗੁਰਦੁਆਰਾ ਸੁਧਾਰ ਦੀ ਇਸ ਥੋੜੀ ਜੇਹੀ ਸਫਲਤਾ ਤੇ ਹੀ ਮਾਨੋਂ ਖਾਲਸਾ ਜੀ ਨੂੰ ਅਪਚੀ ਹੋ ਗਈ। ਹੈਂਕੜ ਵਧ ਗਈ। ਜਣਾ ਖਣਾ ਆਗੂ ਬਣ ਗਿਆ। ਨਿਰਮਾਣ ਸੇਵਾ ਤੇ ਉਤਸ਼ਾਹ ਦੀ ਜਗਾ ਅਹੰਕਾਰ ਤੇ ਖੁਦ ਪਰਸਤੀ ਨੇ ਮੱਲ ਲਈ। ਏਕੇ ਰੂਪੀ ਕਲਪਤਰੂ ਦੀਆਂ ਜੜ੍ਹਾਂ ਹਿੱਲ ਗਈਆਂ ਤੇ ਦੁਖ ਦਾਈ ਫੁੱਟ ਰੂਪੀ ਬੇਲ ਬੜੀ ਤੇਜ਼ੀ ਨਾਲ ਵੱਧਣ ਫੁਲਣ ਤੇ ਫਲਣ ਲੱਗੀ। ਜੋ ਅਜ ਤਕ ਪੂਰੀ ਸਫਲਤਾ ਨਾਲ ਫਲ ਦੇ ਰਹੀ ਤੇ ਲਹਿਲਹਾ ਰਹੀ ਹੈ।

ਤਰਨ ਤਾਰਨ, ਨਨਕਾਣਾ, ਪੰਜਾ ਸਾਹਿਬ ਤੇ ਜੈਤੋ ਆਦਿ ਸਥਾਨਾਂ ਵਿਚ ਜਾਨਾਂ ਵਾਰ ਕੇ ਸੁਧਾਰ ਕਰਨ ਵਾਲੇ ਗੁਰੂ ਪਿਆਰੇ, ਗੁਰਮੁਖ ਸ਼ਹੀਦਾਂ ਦੀਆਂ ਮੜੀਆਂ ਦਾ ਚੜ੍ਹਾਵਾ ਲੈਣ ਵਾਲੇ, ਉਨ੍ਹਾਂ ਦੇ ਪਵਿਤ੍ਰ ਨਾਮਾਂ ਨੂੰ ਵੇਚ ਕੇ ਜ਼ਹਿਰ ਰੂਪੀ ਧਾਨ, ਪੂਜਾ, ਤੇ ਸੇਵਕਾਂ ਦੇ ਲਹੂ ਪਸੀਨਾ ਕਰਕੇ ਅਰਪਣ ਕੀਤੇ ਹੋਏ ਰੁਪਏ ਨੂੰ ਚੱਟਮ ਕਰਨ ਵਾਲੇ ਪਾਰਟੀ ਬਾਜ਼ ਆਗੂ, ਹੁਣ ਤਕ ਭੀ ਜੋ ਕੜ੍ਹੀ ਘੋਲ ਰਹੇ ਹਨ, ਇਸ ਬਾਰੇ ਕੁਝ ਭੀ ਲਿਖਣ ਦੀ ਲੋੜ ਨਹੀਂ, ਪਰ, ਹਾਂ! ਪ੍ਰਾਰਥਨਾ ਕਰਨੀ ਜ਼ਰੂਰੀ ਹੈ ਕਿ 'ਹੇ ਕਲਗੀਧਰ ਪਿਤਾ ਦੁਸ਼ਟ ਦਮਨ! ਇਨ੍ਹਾਂ ਖੁਦਗਰਜ਼ ਬਹੁਰੂਪੀਏ ਆਗੂਆਂ ਤੋਂ ਪੰਥ ਨੂੰ ਬਚਾ, ਤੇ ਸਭ ਨੂੰ ਸੁਮਤ ਬਖਸ਼।'

ਉਨ੍ਹੀ ਦਿਨੀਂ ਇਸ ਵਧ ਰਹੀ ਫੁਟ ਨੂੰ ਅਨੁਭਵ ਕਰਕੇ ਸੱਦੇ ਅਨੁਸਾਰ ਵਿਚਾਰਾਂ ਕਰਨ ਲਈ ਤੇ ਫੁੱਟ ਨੂੰ ਪੰਥ ਵਿਚੋਂ ਦੂਰ ਕਰਨ ਲਈ ੧੦ ਫਰਵਰੀ ਨੂੰ ਵੈਦ ਜੀ ਅੰਮ੍ਰਿਤਸਰ ਗਏ। ਇਨ੍ਹੀ ਦਿਨੀ ਅਖਬਾਰ 'ਦੇਸ਼ ਭਗਤ' ਪ੍ਰਕਾਸ਼ਿਆ ਸੀ। ਵੈਦ ਜੀ ਨੇ ੧੮ ਫਰਵਰੀ ਨੂੰ ੭ ਪੰਨੇ ਦਾ



Digitized by Panjab Digital Library | www.panjabdigilib.org

ਧੜੱਲੇ ਦਾਰ ਇਕ ਲੇਖ 'ਦੇਸ਼ ਭਗਤ' ਅਖਬਾਰ ਲਈ ਲਿਖਿਆ।

ਧੜੇ ਬੰਦੀ ਵਿਚ ਈਰਖਾ ਤੇ ਪਖਪਾਤ ਹੋਣਾ ਸਾਧਾਰਨ ਗਲ ਹੁੰਦੀ ਹੈ। ਵੈਦ ਜੀ ਦੇ ਕੌਮੀ ਦਰਦ ਭਰੇ, ਨਿਰਪੱਖ, ਪੰਥਕ ਬਿਹਤ੍ਰੀ ਵਾਲੇ ਲੇਖਾਂ ਵਿਚੋਂ ਭੀ ਪਾਰਟੀ ਬਾਜ਼ਾਂ ਨੂੰ ਆਪਣੇ ਆਪਣੇ ਵਿਰੁਧ ਬੋ ਆਉਣ ਲਗੀ,ਤੇ ਆਪ ਜੀ ਦੇ ਲੇਖ ਨਾ ਛਪ ਸਕੇ। ਇਸ ਲਈ ਆਪ ਨੇ ੨੧-੩-੧੯੨੬ ਨੂੰ ਇਕ ਖੁੱਲ੍ਹੀ ਚਿਠੀ ਛਪਾ ਕੇ ਮੈਂਬਰਾਂ ਤੇ ਹੋਰ ਪਤਵੰਤੇ ਸਜਣਾਂ ਵਲ ਭੇਜੀ। ਉਸ ਚਿਠੀ ਦੀ ਨਕਲ ਇਸ ਤਰ੍ਹਾਂ ਹੈ:-

*"ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਸੇਵਾ ਵਿਚ ਜ਼ਰੂਰੀ ਬੇਨਤੀ"*

"ਸ੍ਰੀ ਮਾਨ ਸਨਮਾਨ ਯੋਗ ਪੰਥ ਰਤਨ ਸ੍ਰਦਾਰ ਸਾਹਿਬ ਜੀ!

ਅੱਜ ਕਲ ਜੋ ਦਸ਼ਾ ਪੰਥ ਵਿਚ ਵਰਤ ਰਹੀ ਹੈ ਅਤੇ ਜਿਸ ਤਰ੍ਹਾਂ ਜ਼ਿੱਦ ਤੇ ਹਠ ਨੂੰ ਵਰਤ ਕੇ ਗੁਰੂ ਪੰਥ ਦੀਆਂ ਪੰਜ ਸਾਲਾਂ ਦੀਆਂ ਘਾਲੀਆਂ ਘਾਲਾਂ ਤੇ ਕਰੜੀਆਂ ਅਦੁਤੀ ਕੁਰਬਾਨੀਆਂ ਨੂੰ ਬਰਬਾਦ ਕੀਤਾ ਜਾ ਰਿਹਾ ਹੈ, ਇਹ ਵੇਖ ਕੇ ਹਰ ਇਕ ਪੰਥ ਦਰਦੀ ਦੁਖੀ ਹੋ ਰਿਹਾ ਹੈ, ਸ੍ਰੀ ਮਾਨ ਜੀ ਭੀ ਏਸ ਤੋਂ ਜ਼ਰੂਰ ਦੁਖੀ ਹੋ ਰਹੇ ਹੋਵਣਗੇ। ਵਧੇਰੇ ਦੁਖ ਵਾਲੀ ਗਲ ਇਹ ਹੈ, ਕਿ ਜੇ ਕੋਈ ਸੇਵਕ ਪ੍ਰੇਮ ਤੇ ਸਨਮਾਨ ਸੈਹਤ ਭੀ ਸੱਚੀਆਂ ੨ ਬੇਨਤੀਆਂ ਕਰੇ, ਜੇ ਓਹ ਓਸ ਧੜੇ ਦੇ ਅਨੁਕੂਲ ਨਾ ਹੋਣ ਤਦ ਓਸ ਸੇਵਕ ਨੂੰ ਭੀ ਭੰਡਨ ਤੇ ਲੱਕ ਬੰਨ੍ਹ ਲਿਆ ਜਾਂਦਾ ਹੈ। ਦਾਸ ਨੇ ਜੋ ਲੇਖ ਏਸ ਸੰਬੰਧੀ ਅਖਬਾਰਾਂ ਵਾਲਿਆਂ ਨੂੰ ਲਿਖੇ, ਦੋਹਾਂ ਧਿਰਾਂ ਦੇ ਕਿਸੇ ੨ ਸੱਜਣ ਦੀ ਸੇਵਾ ਵਿਚ ਹਾਜ਼ਰ ਹੋ ਕੇ ਭੀ ਬੇਨਤੀਆਂ ਕੀਤੀਆਂ ਸੋ ਕੇਵਲ ਸਾਂਝੇ ਪਿਆਰ ਤੇ ਪੰਥ ਵਾਸਤੇ, ਏਹ ਵਰਤਾਰਾ ਅਤੀ ਭਜਾਨਕ ਹਾਨੀਕਾਰਕ ਵੇਖ ਦੁਖੀ ਹੋ ਤਰਲੇ ਲਏ ਜੋ ਕਿਵੇਂ ਫੁਟ ਮਿਟੇ ਪਰ ਸਨਮਾਨ ਯੋਗ ਸ੍ਰਦਾਰ ਮੰਗਲ ਸਿੰਘ ਜੀ ਤੇ ਸ੍ਰਦਾਰ ਅਮਰ ਸਿੰਘ ਜੀ ਨੇ ਆਪੋ ਆਪਣੇ ਪਾਠਕਾਂ ਨੂੰ ਆਪਣੇ ਹੀ ਖਿਆਲਾਂ ਦੀ ਪੁਸ਼ਟੀ ਤੇ ਦੂਸਰੇ ਖਿਆਲਾਂ ਵਲੋਂ ਹਨੇਰੇ ਵਿਚ ਰੱਖਣ ਦੇ



Digitized by Panjab Digital Library | www.panjabdigilib.org

ਵਿਚਾਰਾਂ ਅਰਥਾਤ ਸਚਾਈ ਨੂੰ ਛਪਾਈ ਰੱਖਣ ਵਾਸਤੇ ਕੋਈ ਲੇਖ ਪ੍ਰਕਾਸ਼ਤ ਨਹੀਂ ਕੀਤਾ, ਏਥੋਂ ਤਕ ਕਿ ਜੋ ਲੇਖ ਸ੍ਰਦਾਰ ਅਮਰ ਸਿੰਘ ਜੀ ਦੇ ਲੇਖ ਦੇ ਉੱਤਰ ਵਿਚ "ਸ੍ਰਦਾਰ ਅਮਰ ਸਿੰਘ ਜੀ ਅਸੂਲ ਵਰਤ ਰਹੇ ਹਨ ਜਾਂ ਈਰਖਾ ?" ਸਿਰ ਲੇਖ ਦਾ ਲੇਖ ਭੇਜਿਆ ਓਹ ਭੀ 'ਅਕਾਲੀ ਪ੍ਰਦੇਸੀ' ਜਾਂ 'ਦੇਸ਼ ਭਗਤ' ਵਿਚ ਅੱਡ ੨ ਪਹੁੰਚਨ ਪਰ ਭੀ ਪ੍ਰਕਾਸ਼ਤ ਨਹੀਂ ਕੀਤਾ। ਖ਼ੈਰ, ਸਿਆਣੇ ਪੁਰਸ਼ਾਂ ਪਾਸੋਂ ਸਚਾਈ ਲੁਕੀ ਛਿਪੀ ਨਹੀਂ ਰਹਿ ਸਕਦੀ, ਸੋ ਹੁਣ ੨੮ ਮਾਰਚ ਨੂੰ ਸ੍ਰੋਮਣੀ ਗੁਰਦਵਾਰਾ ਕਮੇਟੀ ਦਾ ਉਚੇਚਾ ਸਮਾਗਮ ਹੋਣਾ ਨੀਯਤ ਹੋਯਾ ਹੈ, ਏਸ ਸੰਬੰਧੀ ਦਾਸ ਸ੍ਰੀ ਮਾਨ ਜੀ ਦੀ ਸੇਵਾ ਵਿਚ ਬੇਨਤੀ ਕਰਨੀ ਜ਼ਰੂਰੀ ਸਮਝਦਾ ਹੈ, ਜੋ ਕ੍ਰਿਪਾ ਕਰ ਕੇ ਐਸ ਸਮੇਂ ਤੇ ਆਪਣਾ ਹਰਜ ਕਰਕੇ ਭੀ ਜ਼ਰੂਰ ਦਰਸ਼ਨ ਦੇਣੇ ਅਤੇ ਆਪਣੇ ਵਿਚਾਰ ਬਾਹਰੋਂ ਹੀ ਕਿਸੇ ਪਾਰਟੀ ਦੇ ਪੱਖ (ਧੜੇ) ਦੇ ਕਰਕੇ ਨਾ ਔਣਾਂ, ਪੰਥ ਦੀ ਮੌਜੂਦਾ ਦਸ਼ਾ ਨੂੰ ਸਾਹਮਣੇ ਰੱਖ ਕੇ,ਸਮੇਂ ਤੇ ਲੋੜ ਨੂੰ ਮੁੱਖ ਰਖ ਕੇ,ਸਤਿਗੁਰੂ ਜੀ ਨੂੰ ਹਾਜਰਾ ਹਜ਼ੂਰ ਮੰਨ ਕੇ, ਸ਼ਾਂਤੀ ਨਾਲ ਸਾਰੇ ਵਿਚਾਰ ਸਾਹਮਣੇ ਲਿਆ ਕੇ ਜੋ ਯੋਗ ਸਮਝੋ ਓਹ ਸੰਮਤੀ ਪ੍ਰਗਟ ਕਰਨੀ ਤੇ ਜਿਥੋਂ ਤਕ ਹੋਵੇ ਏਸ ਫੁਟ ਨੂੰ ਮਿਟਾਨ ਤੇ ਪੰਥ ਨੂੰ ਬਰਬਾਦੀ ਅਤੇ ਜਿੱਤੀ ਬਾਜੀ ਹਾਰਨ ਤੋਂ ਬਚਾਉਣ ਵਾਸਤੇ ਸਾਧਨ ਕਰਨੇਂ ਤੇ ਵਰਤਮਾਨ ਝਗੜਾਲੂਆਂ ਦੀ ਵਰਤੋਂ ਅਸੂਲ ਜਾਂ ਈਰਖਾ ਦੀ ਪਰਖ, ਗੁਰਦਵਾਰੇ ਪ੍ਰਬੰਧ ਸੁਧਾਰ ਦੇ ਮੰਤਵਜ, ਮਿੱਠਤ ਤੇ ਫਿੱਕੇ ਪਨ ਦੇ ਵਰਤਾਰੇ ਅਰ ਸਚਾਈ ਨਾਲ ਭੰਡੀ ਪਾਵਨ ਸੰਬੰਧੀ ਨੀਯਤਾਂ ਦੀ ਪੜਤਾਲ ਵਲ ਭੀ ਜ਼ਰੂਰ ਧਿਆਨ ਰੱਖਣਾ ! ਤੇ ਗੁਰੂ ਪੰਥ ਦਾ ਵਿਰਦ ਕਿਸੇ ਵੀਰ ਦੀ ਕਮਜ਼ੋਰੀ ਵੇਖ ਕੇ ਉਸ ਨੂੰ ਪ੍ਰੇਮ ਨਾਲ ਉੱਨਤ ਕਰਨਾ ਜਾਂ 'ਵੇਖ ਕੇ ਅਣਡਿੱਠ ਕਰਨਾ' ਤੇ ਸਿਧੇ ਰਸਤੇ ਲਿਆਣਾ ਯੋਗ ਹੈ, ਜਾਂ ਯੋਗ ਅਯੋਗ ਤ੍ਰੀਕੇ ਨਾਲ ਭੰਡਣਾਂ ਯੋਗ ਹੈ ? ਇਹ ਭੀ ਗੁਰਮੁਖਤਾ ਦੇ ਵਿਚਾਰ ਰੱਖਣੇਂ ਜ਼ਰੂਰੀ ਹੋਣਗੇ ! ਦਾਸ ਸ੍ਰੀ ਮਾਨ ਜੀ ਦਾ ਹੋਰ ਸਮਾਂ ਨਹੀਂ ਲੈਂਦਾ ਤੇ ਆਸਾਵੰਦ ਹੈ ਜੋ ਸ੍ਰੀ ਮਾਨ ਜੀ ਜ਼ਰੂਰ ਦਰਸ਼ਨ ਦੇ ਗੁਰਮੁਖ ਵਰਤੋਂ ਵਰਤ ਕੇ ਭੰਵਰ ਵਿਚ ਪੈ ਰਹੇ ਪੰਥਕ ਬੇੜੇ ਨੂੰ ਸੁਮਾਰਗ ਪਾ ਯੋਗ ਸੇਵਕਾਂ



Digitized by Panjab Digital Library | www.panjabdigilib.org

ਨੂੰ ਹੀ ਸੇਵਾ ਤੇ ਲਾ, ਪਾਰ ਲਾਵਨ ਦਾ ਉੱਦਮ ਕਰਨਗੇ । ਦਾਸ ਦਾ ਵਿਚਾਰ ਹੈ ਜੇ ਸਮੁੱਚੇ ਤੌਰ ਤੇ ਬਹੁ ਸੰਮਤੀ ਆਗਯਾ ਕਰੇ ਤਦ ਸ੍ਰ: ਬ: ਤੇ ਸ੍ਰੀ ਮਾਨ ਜੀ ਦੇ ਸਾਥੀਆਂ ਨੂੰ ਅਸਤੀਫ਼ੇ ਦੇ ਕੇ ਇਕ ਦਮ ਪਿੱਛੇ ਹਟਣ ਤੇ ਭੀ ਸੰਕੋਚ ਨਹੀਂ ਹੋਵੇਗਾ। ਏਸੇ ਤਰ੍ਹਾਂ ਆਪ ਦੇ ਚੁਣੇ ਹੋਏ ਸੇਵਕ ਜੋ ਨਿਰਾ-ਰਥਕ ਭੰਡੇ ਜਾ ਰਹੇ ਹਨ ਓਹ ਭੀ ਪਿੱਛੇ ਹਟਣ ਨੂੰ ਤਿਆਰ ਹੋਵਣਗੇ।"

ਇਸ ਪੱਤ੍ਰਕਾ ਤੋਂ ਜਾਣਿਆਂ ਜਾ ਸਕਦਾ ਹੈ ਕਿ ਆਪ ਜੀ ਦੇ ਦਿਲ ਵਿਚ ਪੰਥ ਲਈ, ਕੌਮ ਲਈ ਤੇ ਦੇਸ਼ ਲਈ ਕਿਤਨਾ ਕੁ ਦਰਦ ਸੀ।

× × × × × × ×

੧੩ ਫਰਵਰੀ ਨੂੰ ਪ੍ਰਸਿੱਧ ਪ੍ਰੇਮ ਲਿਖਾਰੀ ਸ੍ਰ: ਨਥਾ ਸਿੰਘ ਜੀ ਖੈਰ ਪੁਰੀ ਆਏ ਤੇ ੧ ਖਰੜਾ ਸੋਧਣ ਵਾਸਤੇ ਦੇ ਗਏ।

ਸ੍ਰੋ: ਗੁ: ਪ੍ਰ: ਕ: ਨੇ ੫ ਫਰਵਰੀ ਦੇ ਗੁਰਮਤੇ ਵਿਚ ਆਪ ਜੀ ਨੂੰ ਦਰਬਾਰ ਸਾਹਿਬ ਤਰਨ ਤਾਰਨ ਦਾ ਇਨਚਾਰਜ ਥਾਪਿਆ।

ਉਤਾਰਾ ਗੁਰਮਤਾ ਨੰ: ੧੧ ਜੋ ੫ ਫਰਵਰੀ ੧੯੨੬ ਸ੍ਰੋ: ਗੁ: ਪ੍ਰ: ਕਮੇਟੀ ਦੀ ਵਰਕਿੰਗ ਕਮੇਟੀ ਵਿਖੇ ਪ੍ਰਵਾਨ ਹੋਇਆ:—

"ਪ੍ਰਵਾਨ ਹੋਇਆ ਕਿ.........ਭਾਈ ਮੋਹਨ ਸਿੰਘ ਜੀ ਵੈਦ ਨੂੰ ਸ੍ਰੀ ਤਰਨ ਤਾਰਨ ਸਾਹਿਬ ਦਾ ਮੈਂਬਰ ਇਨਚਾਰਜ ਨੀਯਤ ਕੀਤਾ ਜਾਵੇ।"

ਆਪ ਮਾਨ ਵਡਿਆਈ ਤੋਂ ਪਿੱਛੇ ਹੀ ਰਹਿਣਾ ਪਸੰਦ ਕਰਦੇ ਸਨ। ਨਿਮ੍ਰਤਾ ਸਹਿਤ ਇਸ ਅਹੁਦੇ ਤੋਂ ਇਨਕਾਰ ਕਰ ਦਿਤਾ, ਪਰ ਅਗੋਂ ਪ੍ਰੇਮ-ਜ਼ੋਰ ਭਰੀ ਪੱਤ੍ਰਕਾ ਦੁਆਰਾ ਸੇਵਾ ਪ੍ਰਵਾਨ ਕਰਨ ਲਈ ਹੀ ਜ਼ੋਰ ਦਿਤਾ ਗਿਆ, ਤੇ ਸ੍ਰੋ: ਕਮੇਟੀ ਦੀ ਹੇਠ ਲਿਖੀ ਪੱਤ੍ਰਕਾ ਆਈ:—



Digitized by Panjab Digital Library | www.panjabdigilib.org

ਨੰ: ੧੪੦੨। ੮ ਬੀ ਸ੍ਰੀ ਅੰਮ੍ਰਿਤਸਰ ਜੀ ੧੨.੨. ੧੯੨੬

ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ

ਪ੍ਰੇਮ ਕ੍ਰਿਪਾਲੂ ਜੀ !

ਆਪ ਦੇ ਕ੍ਰਿਪਾ ਪੱਤ੍ਰ ਨੰ: ੩੭੪ ਮਿਤੀ ੯-੨-੨੬ ਦੇ ਸੰਬੰਧ ਵਿਚ ਮੈਨੂੰ ਆਪ ਜੀ ਦੀ ਪਵਿੱਤ੍ਰ ਸੇਵਾ ਵਿਖੇ ਬੇਨਤੀ ਕਰਨ ਦੀ ਆਗਿਆ ਹੋਈ ਹੈ, ਕਿ ਸਮਝ ਨਹੀਂ ਆਉਂਦੀ, ਕਿ ਆਪ ਜੈਸੇ ਵਿਦਵਾਨ ਤੇ ਲਾਇਕ ਸੱਜਣ ਜੇ ਇਹ ਸੇਵਾ ਚੰਗੀ ਤਰ੍ਹਾਂ ਨਹੀਂ ਨਿਭਾ ਸਕਦੇ ਤਾਂ ਇਹ ਕਿਸ ਨੇ ਨਿਭਾਉਣੀ ਹੈ ? ਜੇ ਕੋਈ ਖਾਸ ਐਸੇ ਕਾਰਨ ਹੋਣ ਜਿਨ੍ਹਾਂ ਕਰ ਕੇ ਆਪ ਇਸ ਸੇਵਾ ਨੂੰ ਨਿਭਾਣ ਲਈ ਤਿਆਰ ਨਹੀਂ ਹੋ ਤਾਂ ਉਹ ਦਸ ਭੇਜਣ ਦੀ ਕ੍ਰਿਪਾ ਕਰਨੀ, ਜਾਂ ਕੋਈ ਹੋਰ ਸਾਡੇ ਵਲੋਂ ਸਹਾਇਤਾ ਦੀ ਕਮੀਂ ਹੋਵੇ ਤਾਂ ਉਹ ਪੂਰੀ ਕੀਤੀ ਜਾਵੇ।

ਬੜੀ ਨਿੰਮ੍ਰਤਾ ਸਹਿਤ ਬੇਨਤੀ ਹੈ ਕਿ ਆਪ ਜ਼ਰੂਰ ਇਸ ਸੇਵਾ ਨੂੰ ਸੰਭਾਲੋ। ਔਕੜ ਸਮੇਂ ਆਪ ਜੈਸੇ ਸੱਜਣਾਂ ਦਾ ਅਲਗ ਰਹਿਣਾ ਕੁਝ ਸੋਹਣਾ ਨਹੀਂ ਜਾਪਦਾ। ਆਸ਼ਾ ਹੈ ਕਿ ਆਪ ਜ਼ਰੂਰ ਏਹ ਬੇਨਤੀ ਪ੍ਰਵਾਨ ਕਰਕੇ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ।

ਗਿਆਨ ਸਿੰਘ ਮੀਤ ਸਕੱਤ੍ਰ

ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

੨੭ ਫਰਵਰੀ ਨੂੰ ਗੁਰਦੁਆਰਾ ਸਾਹਿਬ ਗੋਇੰਦ ਵਾਲ ਵਲੋਂ ਆਪ ਨੂੰ ਪੰਥ ਤੇ ਦੇਸ਼ ਸੇਵਾ ਬਦਲੇ ੧ ਕ੍ਰਿਪਾਨ ੧ ਦਸਤਾਰ ਸਿਰੋਪਾਉ ਵਜੋਂ ਮਿਲੇ। ਆਪ ਓਥੇ ਯਾਤਰਾ ਲਈ ਗਏ ਸਨ।

'ਖੁਦ ਗਰਜ਼ੀ ਦੇ ਕਾਰਣ ਫੁਟ ਬੇਲ ਬੜੀ ਤੇਜ਼ੀ ਨਾਲ ਵਧ ਰਹੀ ਸੀ' ਇਹ ਗਲ ਅਸੀਂ ਉਪਰ ਭੀ ਦਸ ਆਏ ਹਾਂ, ਇਸੇ ਦੀ ਪੁਸ਼ਟੀ ਲਈ ਆਪ ੨੧ ਮਾਰਚ ਦੀ ਡਾਇਰੀ ਵਿਚ ਲਿਖਦੇ ਹਨ:-

"ਸ੍ਰ: ਰਛਪਾਲ ਸਿੰਘ ਜੀ ਜਾਮਾ ਰਾਇ ਤੇ ਸ੍ਰ: ਅਮਰ ਸਿੰਘ ਜੀ ਮੋਹਨ ਪੁਰ ਵਾਲੇ ਜ਼ਿਲਾ ਅਕਾਲੀ ਦਲ ਦਾ ਧਕੇ ਸ਼ਾਹੀ ਹੁਕਮ ਲੈ ਕੇ ਆਏ ਕਿ 'ਸ੍ਰੋ: ਗੁ: ਪ੍ਰ: ਕਮੇਟੀ ਵਿਚ ਜਾਂ ਤਾਂ ਉਨ੍ਹਾਂ ਵਲ, ਉਨ੍ਹਾਂ ਦੇ



Digitized by Panjab Digital Library | www.panjabdigilib.org

ਖਿਆਲਾਂ ਮੁਜਬ ਰਾਏ ਦੇਵੋ ਤੇ ਜਾਂ ਕਮੇਟੀ ਦੀ ਮੀਟਿੰਗ ਵਿਚ ਹੀ ਜਾਵੋ ਨਾ, ਜਾਣੀ ਮੀਟਿੰਗ ਵਿਚੋਂ ਹੀ ਗੈਰ ਹਾਜ਼ਰ ਰਹੋ।"

ਜਿੱਥੇ ਖੁਦਗਰਜੀ ਨਹੀਂ, ਲਾਲਚ ਨਹੀਂ, ਲੀਡਰੀ ਦੀ ਚਾਹ ਨਹੀਂ, ਓਥੇ ਅਜੇਹੀ ਗੱਲ ਕਿਵੇਂ ਮੰਨੀ ਜਾ ਸਕੇ? ਵੈਦ ਜੀ ਨੇ ਸਾਫ ਇਨਕਾਰ ਕਰ ਦਿੱਤਾ। ਡਾਇਰੀ ਨੋਟ ਹੈ ਕਿ:—

"ਅਯੋਗ ਜਾਣਕੇ ਨਾ ਮੰਨਣ ਦੀ ਬੇਨਤੀ ਕੀਤੀ ਗਈ।"

ਕੀ ਇਹ ਖੁਦਗਰਜ਼ੀ ਤੇ ਨਿਸ਼ਕਾਮ ਸੇਵਾ ਅਤੇ ਨਿਡਰਪਨ ਦੇ ਦੋ ਸੁਹਣੇ ਨਮੂਨਾ ਨਹੀਂ ਹਨ?

ਸੱਦੇ ਅਨੁਸਾਰ ਆਪ ੨੬ ਮਾਰਚ ਨੂੰ ਸ੍ਰ: ਬ: ਮਤਾਬ ਸਿੰਘ ਨਾਲ ਫੁੱਟ ਦੂਰ ਕਰਨ ਲਈ ਵਿਚਾਰਾਂ ਕਰਨ ਗਏ, ਤੇ ੨੮ ਮਾਰਚ ਨੂੰ ਸ੍ਰੋ: ਗੁ: ਪ੍ਰ: ਕਮੇਟੀ ਦੇ ਜਨਰਲ ਸਮਾਗਮ ਵਿੱਚ ਜਾਂਦਿਆਂ ਹੀ ਸ੍ਰ: ਹਜ਼ਾਰਾ ਸਿੰਘ ਜਾਮਾਰਾਯ ਤੇ ਸ੍ਰ: ਸਾਧੂ ਸਿੰਘ ਜੀ ਕੋਟ ਮ: ਖਾ: ਨੇ ਦੱਸਿਆ ਕਿ:—

"ਅਕਾਲੀ ਪਾਰਟੀ ਨੇ ਇਜਲਾਸ ਨਹੀਂ ਹੋਣ ਦੇਣਾ, ਤੁਸੀਂ ਮੁੜਨਾ ਹੈ ਤਾਂ ਮੁੜ ਜਾਵੋ।"

ਸੱਚ ਮੁੱਚ ਹੀ ਕਮੇਟੀ ਮੁਲਤਵੀ ਹੋ ਗਈ ਇਸ ਉੱਪਰ ਅਕਾਲੀ ਪਾਰਟੀ ਬਾਰੇ ਆਪ ਦਾ ਡਾਇਰੀ ਨੋਟ ਇਸਤਰ੍ਹਾਂ ਹੈ:—

"ਸ੍ਰੀ ਅਕਾਲ ਤਖਤ ਤੇ ਅਕਾਲੀ ਪਾਰਟੀ ਵਲੋਂ ਅਯੋਗ ਵਰਤੋਂ ਤੇ ਬੇ-ਅੰਦਬੀ ਦੇਖ ਸ਼ੋਕ ਹੋਯਾ।"

ਹੈ ਭੀ ਸੱਚ, ਕਿਸ ਕੌਮੀ ਦਰਦ ਤੇ ਪੰਥ ਹਿਤ ਰੱਖਣ ਵਾਲੇ ਨੂੰ ਅਜੇਹੀਆਂ ਘਟਨਾਵਾਂ ਤੋ ਦੁਖ ਤੇ ਸ਼ੋਕ ਨਹੀਂ ਹੁੰਦਾ? ਅੱਜ ਉਹ ਖੁਦਗਰਜ਼ੀ ਦੀ ਅਨ੍ਹੇਰੀ ਜ਼ੋਰਾਂ ਉੱਪਰ ਝੁਲ ਰਹੀ ਹੈ।

੩੧ ਮਾਰਚ ਨੂੰ ਇੱਕ ਲੇਖ 'ਇਸਤ੍ਰੀ ਚਕਿਤਸਾ ਦੀ ਲੋੜ' ਤੇ 'ਇਸਤ੍ਰੀ ਸੁਧਾਰ' ਵਾਸਤੇ ਲਿਖਿਆ।

੧੪ ਅਪ੍ਰੈਲ ਨੂੰ ਸ੍ਰੀ ਗੁ: ਅ: ਦੇ: ਗਰਲ ਮਿਡਲ ਸਕੂਲ ਤਰਨ ਤਾਰਨ ਦੀ ਕਮੇਟੀ ਵਿੱਚ ਆਪ ਨੇ ਆਪਣੀਆਂ ਸ਼ੁਭ ਵਿਚਾਰਾਂ ਪੇਸ਼ ਕੀਤੀਆਂ। ਇਸ ਸੇਵਾ ਵਿੱਚ ਕਾਫੀ ਸਮਾ ਲੱਗਾ।



Digitized by Panjab Digital Library | www.panjabdigilib.org

੨੩ ਅਪ੍ਰੈਲ ਨੂੰ ਪ੍ਰਸਿੱਧ ਗੁਰਮੁਖ ਪਜਾਰੇ ਸੰਤ ਸ਼ਾਮ ਸਿੰਘ ਜੀ* ਅੰਮ੍ਰਿਤਸਰ ਵਾਲੇ ਚਲਾਣਾ ਕਰ ਗਏ। ਤੇ ੩ ਮਈ ਨੂੰ ਪੰਥ ਸੇਵਕ ਭਾਈ ਹਰਨਾਮ ਸਿੰਘ ਜੀ† ਆਟੇ ਵਾਲੇ ਲਾਹੌਰ ਨੇ ਗੁਰ ਪੁਰ ਪਯਾਨ ਕੀਤਾ।

ਇਨ੍ਹੀ ਦਿਨੀ ਹੀ ਫੇਰ ਤਰਨ ਤਾਰਨ ਵਿੱਚ ਪਲੇਗ ਦੇ ਕੇਸ ਹੋਏ ਤੇ ਸ਼ਹਿਰ ਵਿਚ ਉਦਾਸੀ ਛਾ ਗਈ। ੮ ਮਈ ਦਾ ਡਾਇਰੀ ਨੋਟ ਹੈ:—

"ਲਾਹੌਰ ਤੋਂ ਭਾਈ ਸਰਮੁਖ ਸਿੰਘ ਜੀ ਗੁਰਪੁਰਵਾਸੀ ਭਾਈ ਹਰਨਾਮ ਸਿੰਘ ਜੀ ਆਟੇ ਵਾਲੇ ਦੇ† ਜੀਵਣ ਸਮਾਚਾਰ ਦਾ ਖਰੜਾ ਲਿਆਏ, ਠੀਕ ਕਰਾ ਹੋਰ ਲਿਖਾ ਲੈ ਗਏ।"

ਇੰਨੀ ਦਿਨੀ ਆਪ ਨੇ ਪੰਥ ਵਿੱਚ ਪਈ ਫੁੱਟ ਦੀ ਭਿਆਨਕ ਬੀਮਾਰੀ ਨੂੰ ਦੂਰ ਕਰਨ ਲਈ ਬੜੀ ਹੀ ਦੌੜ ਭਜ ਕੀਤੀ। ੧੬ ਮਈ ਨੂੰ ਫੇਰ ਅਕਾਲ ਤਖਤ ਤੇ ਸ੍ਰੋ: ਗੁ: ਪ੍ਰ: ਕਮੇਟੀ ਦਾ ਸਮਾਗਮ ਹੋਇਆ, ਜਿਸ

---

*ਸੰਤ ਸ਼ਾਮ ਸਿੰਘ ਜੀ—ਇਸ ਮਹਾਨ ਪਰਉਪਕਾਰੀ ਆਤਮਾ ਤੇ ਬ੍ਰਹਮ ਗਿਆਨੀ ਜੀ ਦਾ ਜਨਮ ਸੰਨ ੧੮੦੦ ਦੇ ਲਗ ਪਗ ਸ਼ਾਹ ਪੁਰ ਵਿਖੇ ਹੋਇਆ। ਛੋਟੇ ਹੁੰਦਿਆਂ ਸੰਤ ਰਾਮ ਸਿੰਘ ਜੀ ਕੋਲ ਅੰਮ੍ਰਿਤਸਰ ਆ ਗਏ ਤੇ ਉਨ੍ਹਾਂ ਪਿੱਛੋਂ ਗੁਰਬਾਣੀ ਦੇ ਪ੍ਰਵਾਹ ਨੂੰ ਜਾਰੀ ਰਖਿਆ। ਸ੍ਰੀ ਅੰਮ੍ਰਿਤਸਰ ਜੀ ਦੀ ਕਾਰ ਸੇਵਾ, ਸੰਤੋਖ ਸਰ, ਸ੍ਰੀ ਤਰਨ ਤਾਰਨ ਜੀ ਦੀ ਹੰਸਲੀ ਆਪ ਜੀ ਦੇ ਉਤਸ਼ਾਹ ਤੇ ਪ੍ਰੇਰਨਾ ਦਾ ਨਤੀਜਾ ਹਨ। ਆਟਾ ਮੰਡੀ ਅੰਮ੍ਰਿਤਸਰ ਵਿਚ ਡੇਰਾ ਬਾਬਾ ਸ਼ਾਮ ਸਿੰਘ ਜੀ ਦਾ ਪ੍ਰਸਿੱਧ ਹੈ। ੨੩ ਅਪ੍ਰੈਲ ੧੯੨੬ ਨੂੰ ਆਪ ਸਚਖੰਡ ਨੂੰ ਚਾਲੇ ਪਾ ਗਏ।

†ਭਾਈ ਹਰਨਾਮ ਸਿੰਘ ਜੀ ਬੈਂਕਰ (ਆਟੇ ਵਾਲੇ) ਲਾਹੌਰ ਦੇ ਨਾਮ ਤੋਂ ਸਭ ਸਿੱਖ ਸੰਸਾਰ ਭਲੀ ਪ੍ਰਕਾਰ ਜਾਣੂੰ ਹੈ। ਆਪ ਦਾ ਜਨਮ ਲਾਹੌਰ ਦੇ ਇਕ ਗਰੀਬ ਗੁਰਮੁਖ ਸਿੱਖ ਦੇ ਘਰ ਹੋਇਆ ਸੀ। ਸਿਰਜਨਹਾਰ ਦੇ ਖੇਲ, ਭਾਈ ਹਰਨਾਮ ਸਿੰਘ ਜੀ ਨੇ ਕੁਝ ਚਿਰ ਇਕ ਆਟੇ ਦੀ ਦੁਕਾਨ ਤੇ ਕੰਮ ਸਿਖਿਆ ਅਤੇ ਮਗਰੋਂ ਆਪਣਾ ਕੰਮ ਜਾਰੀ ਕਰਕੇ ਥੋੜੇ ਸਮੇਂ ਵਿਚ ਹੀ ਪ੍ਰਸਿੱਧਤਾ ਪ੍ਰਾਪਤ ਕਰ ਲਈ। ਆਪ ਸਿੰਘ ਸਭਾ ਦੇ ਮੋਢੀ ਮੈਂਬਰਾਂ ਵਿਚੋਂ ਸਨ ਅਤੇ ਤਨ ਮਨ ਤੇ ਧਨ ਕਰਕੇ ਪੰਥਕ ਕੰਮਾਂ ਵਿਚ ਪੂਰਾ ਹਿੱਸਾ ਲੈਂਦੇ ਰਹੇ। ੩ ਮਈ ੧੯੨੬ ਨੂੰ ਗੁਰਪੁਰੀ ਸਿਧਾਰੇ।



Digitized by Panjab Digital Library | www.panjabdigilib.org

ਵਿੱਚ ਆਪ ਨੇ ਹਿੱਸਾ ਲਿਆ ਤੇ ਜਥੇਬੰਦੀ ਲਈ ਕੋਸ਼ਸ਼ ਕੀਤੀ। ਇਨੀ ਦਿਨੀ ਅੰਮ੍ਰਿਤਸਰ ਵਿੱਚ ਭੀ ਪਲੇਗ ਚਮਕ ਪਈ ਤੇ ਸ਼ਹਿਰ ਉਦਾਸੀ ਦਾ ਨਮੂਨਾ ਬਣ ਗਿਆ।

੨੩ ਮਈ ਨੂੰ ਸ਼ਹੀਦੀ ਨੰਬਰ 'ਪ੍ਰੀਤਮ' ਤੇ 'ਅਕਾਲੀ ਪ੍ਰਦੇਸੀ' ਲਈ ਲੇਖ ਭੇਜੇ ਅਤੇ ੨੫ ਮਈ ਨੂੰ ਡਾਕਟਰ ਜੈਮਲ ਸਿੰਘ ਜੀ ਡਿ: ਪਲੇਗ ਆਫੀਸਰ ਦੇ ਪਿਤਾ ਦੀ ਬੀਮਾਰੀ ਦੇਖ, ਉਨ੍ਹਾਂ ਨੂੰ ਦਵਾਈ ਦਿੱਤੀ।

੧ ਜੂਨ ਨੂੰ ਸ਼੍ਰੋ: ਗੁ: ਪ੍ਰ: ਕ: ਦਾ ਚਪੜਾਸੀ ਪੰਥਕ ਭਲਾਈ ਦੇ ਕੰਮ ਲਈ ਆਪ ਨੂੰ ਸੱਦਣ ਲਈ ਉਚੇਚਾ ਆਇਆ। ਪੰਥ ਹਿਤ ਸਮਝ ਆਪ ਤੁਰਤ ਤੁਰ ਪਏ। ਉਸ ਦਿਨ ਆਪ ਨੇ ੧੧ ਬਜੇ ਰਾਤ ਤੱਕ ਸਮ-ਝੌਤਾ ਕਰੌਣ ਦੀ ਆਸ ਵਿੱਚ ਦੋਹਾਂ ਧਿਰਾਂ ਦੇ ਮੁਖੀ ਘੁਲੈਟਿਆਂ ਨੂੰ ਮਿਲ ਮਿਲ ਕੇ ਸਮਝੌਣ ਦੀ ਤੇ ਪੰਥ ਦਾ ਸਤਜਾਨਾਸ ਕਰਨੋ ਹਟੌਣ ਲਈ ਬੇਨ-ਤੀਆਂ ਕੀਤੀਆਂ। ਰਾਤ ਅੰਮ੍ਰਿਤਸਰ ਹੀ ਕੱਟੀ। ੩ ਜੂਨ ਨੂੰ ਫੇਰ ਸਮਝੌਤੇ ਸੰਬੰਧੀ ਕਮੇਟੀ ਵਿੱਚ ਸਮਾ ਲੱਗਾ ਤੇ ਕਾਗਜ਼ਾਂ ਦੀ ਪੜਤਾਲ ਆਦਿ ਕੀਤੀ।

੧੯ ਜੂਨ ਨੂੰ ਗੁਰਦੁਆਰਾ ਐਕਟ ਅਨੁਸਾਰ ਸੰਟ੍ਰਲ ਬੋਰਡ (ਸ਼੍ਰੋ: ਗੁ: ਪ੍ਰ: ਕ:) ਦੀ ਚੋਣ ਸ਼ੁਰੂ ਹੋਈ।

੨੦ ਜੂਨ ਨੂੰ ਸਿੱਖ ਟ੍ਰੈਕਟ ਸੋਸਾਇਟੀ ਲਾਹੌਰ ਦੇ ਸੱਜਣ ਖਰੜੇ (ਟ੍ਰੈਕਟਾਂ ਦੇ) ਮੰਗਣ ਵਾਸਤੇ ਆਏ।

੨੧, ੨੩ ਤੇ ੨੪ ਜੂਨ ਆਦਿ ਦੇ ਡਾਇਰੀ ਨੋਟ ਡਾਢੇ ਨਿਰਾ-ਸਤਾ ਭਰੇ ਤੇ ਦੁਖਦਾਈ ਹਨ। ੨੧ ਤ੍ਰੀਕ ਦੀ ਡਾਇਰੀ ਵਿੱਚ ਆਪ ਲਿਖਦੇ ਹਨ:—

"ਗੁਰਦੁਆਰਾ ਚੋਣ ਵਿੱਚ ਅਕਾਲੀ ਪਾਰਟੀ ਵੱਲੋਂ ਜੱਟ ਤੇ ਗੈਰ ਜੱਟ ਅਤੇ ਹੋਰ ਬੇਅੰਤ ਭੁਲੇਖੇ ਪਾਏ ਵੇਖ ਸੁਣ ਸ਼ੋਕ ਹੋਯਾ।"

੨੩ ਜੂਨ ਦਾ ਨੋਟ:—

"ਅਕਾਲੀ ਪਾਰਟੀ ਦੀਆਂ ਨੀਚ ਚਾਲਾਂ ਵੇਖ ਵੇਖ ਬੜਾ ਹੀ ਅਚਰਜ ਤੇ ਸ਼ੋਕ ਹੁੰਦਾ ਰਿਹਾ।"



Digitized by Panjab Digital Library | www.panjabdigilib.org

੨੪ ਦਾ ਨੋਟ:-

"ਅਕਾਲੀ ਪਾਰਟੀ ਵੱਲੋਂ ਹੋਰ ਹੋਰ ਨਾਮ ਭੁਗਤਾਣ, ਜੱਟ ਗੈਰ ਜੱਟ ਦੀ ਨੀਚ ਚਾਲ ਫੈਲਾਣ, ਹੂੜ ਮੱਤ, ਗਲ ਪੈਣ ਦੀਆਂ ਚਾਲਾਂ ਵੇਖ ਸ਼ੋਕ ਹੁੰਦਾ ਰਿਹਾ।"

੨੭ ਜੂਨ ਸ. ਸ. ਲਾਹੌਰਾ ਸਿੰਘ ਜੀ ਅੰਮ੍ਰਿਤਸਰੋਂ ਆਏ ਤੇ 'ਨੌ ਰਤਨ' ਲਈ ਇੱਕ ਖਰੜਾ 'ਇਲਾਜ ਨੌਰੰਗੀ' ਤੇ ੧ ਖਰੜਾ ਕਹਾਣੀਆਂ ਦਾ ਲੈ ਗਏ।

੮ ਜੁਲਾਈ ਨੂੰ ਸਰਦਾਰ ਸੱਜਣ ਸਿੰਘ ਜੀ ਮ੍ਰਿਗਿੰਦ ਪੁਰੀ ਨਾਲ ਚੰਦਰੀ ਫੁੱਟ ਦੂਰ ਕਰਨ ਦੀਆਂ ਵਿਚਾਰਾਂ ਹੋਈਆਂ ਤੇ ੧੪ ਜੁਲਾਈ ਨੂੰ ਮਾਸਟਰ ਪ੍ਰਤਾਪ ਸਿੰਘ ਜੀ ਸਾਬਕ ਐਡੀਟਰ 'ਅਕਾਲੀ' ਜੀ ਨੇ ਦਰਸ਼ਨ ਦਿਤੇ।"

ਭਾਈ ਸਾਹਿਬ ਜੀ ਲਿਖਦੇ ਹਨ ਕਿ:-

"ਉਨ੍ਹਾਂ ਨੂੰ ਸ੍ਰ:.........ਜੀ ਨੂੰ ਪੰਥ ਘਾਤ ਦੀਆਂ ਚਾਲਾਂ ਤੋਂ ਬਚਾਣ ਦੀ ਪ੍ਰੇਰਨਾ ਕੀਤੀ।"

ਜਾਪਦਾ ਹੈ ਉਨੀ ਦਿਨੀ ਸਰਦਾਰ ਸਾਹਿਬ ਜੀ ਦੀਆਂ ਗੁਝੀਆਂ ਪੰਥ ਘਾਤਕ ਚਾਲਾਂ ਦਾ ਪਤਾ ਲੱਗ ਚੁੱਕਾ ਸੀ।

੧੮ ਜੁਲਾਈ ਨੂੰ ਪ੍ਰਸਿੱਧ ਪੰਥ ਸੇਵਕ ਸ੍ਰ: ਤੇਜਾ ਸਿੰਘ ਜੀ ਸਮੁੰਦ੍ਰੀ*

---

*ਸ੍ਰ: ਤੇਜਾ ਸਿੰਘ ਜੀ ਸਮੁੰਦਰੀ—ਆਪ ਜੀ ਦਾ ਜਨਮ ਰਾਇ ਕੇ ਬੁਰਜ ਜ਼ਿਲਾ ਅੰਮ੍ਰਿਤਸਰ ਵਿਚ ੧੦ ਫਗਣ ਸੰਮਤ ੧੯੩੮ ਵਿਚ ਹੋਇਆ। ਅਕਾਲੀ ਲਹਿਰ ਦੇ ਮੋਢੀਆਂ ਚੋਂ ਸਨ ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰੰਗ ਕਮੇਟੀ ਵਿਚ ਗ੍ਰਿਫਤਾਰ ਹੋਏ। ਮੁਕੱਦਮਾ ਅਜੇ ਚਲਦਾ ਹੀ ਸੀ ਕਿ ਸਰਦਾਰ ਜੀ ਅਚਨ ਚੇਤ ੧੭ ਜੁਲਾਈ ੧੯੨੬ ਨੂੰ ਦਿਲ ਦੀ ਧੜਕਨ ਬੰਦ ਹੋਵਨ ਕਰਕੇ ਇਸ ਸੰਸਾਰ ਤੋਂ ਕੂਚ ਕਰ ਗਏ।

ਲੋਕੋ ਅਜ ਮੈਨੂੰ ਦੁਨੀਆਂ ਨ੍ਹੇਰ ਹੋ ਗਈ, ਸਾਰਾ ਜਗ ਜਾਪੇ ਖੂਨੀ ਕਾਲ ਦੇ ਤੁਲਿ।
ਉਸ ਇਕ ਬਾਲ ਬਾਝੋਂ ਸੋ ਇਕਬਾਲ ਮੇਰਾ, ਨ ਇਕ ਬਾਲ ਜੇਹਾ ਸੋ ਵਬਾਲ ਦੇ ਤੁਲਿ।
ਲੱਖਾਂ ਫਿਰਨ ਬੀ.ਏ, ਐਮ.ਏ, ਰਾਜਨੀਤੱਗਜ, ਕੋਈਨ ਦਿਸੇ ਮੈਨੂੰ ਉਸ ਇਕ ਬਾਲ ਦੇ ਤੁਲਿ।
ਹੀਰੇ ਰਤਨ ਜਵਾਹਰ ਤੇ ਲਾਲ ਲੱਖਾਂ, (ਪਰ) ਨਹਿੰ ਉਸ ਇਕ ਸਮੁੰਦਰੀ ਲਾਲ ਤੇ ਤੁਲਿ।



Digitized by Panjab Digital Library | www.panjabdigilib.org

ਦੀ ਅਰਥੀ ਦਾ ਸਸਕਾਰ ਕੀਤਾ ਗਿਆ। ਭਾਈ ਸਾਹਿਬ ਜੀ ਇਕ ਕੌਮੀ ਪ੍ਰਵਾਨੇ ਤੇ ਅਥੱਕ ਪੰਥ ਸੇਵਕ ਦੇ ਅੰਤਮ ਸੰਸਕਾਰ ਲਈ ਸਾਰਾ ਦਿਨ ਹੀ ਅੰਮ੍ਰਿਤਸਰ ਰਹੇ।

੪ ਅਗਸਤ ਨੂੰ ਸ੍ਰ: ਮਹਿੰਦਰ ਸਿੰਘ ਜੀ ਸਿੱਧਵਾਂ ਵਾਲੇ ਜਨਰਲ ਸਕੱਤ੍ਰ ਸ਼੍ਰੋ: ਗੁ: ਪ੍ਰ: ਕਮੇਟੀ, ਮਾਤਾ ਜੀ ਵਾਸਤੇ ਦਵਾਵਾਂ ਲੈਣ ਆਏ ਯਥਾ ਯੋਗ ਉਤਸ਼ਾਹ ਨਾਲ ਸੇਵਾ ਕੀਤੀ।

੫ ਅਗਸਤ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਵਲੋਂ ਵੈਦ ਜੀ ਨੂੰ ਜ਼ਰੂਰੀ ਤਾਰ ਆਈ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਦਰਯਾ ਨੇ ਢਾਹ ਲਾਈ ਹੋਈ ਹੈ ਜਲਦੀ ਉੱਥੇ ਪੁਜੋ ਤੇ ਠੀਕ ਠੀਕ ਪੜ-ਤਾਲ ਕਰੋ, ਅਤੇ ਸਲਾਹ ਦੱਸਣ ਦੀ ਸੇਵਾ ਕਰੋ। ਵੈਦ ਜੀ ਉਸੇ ਹੀ ਵੇਲੇ ਕੁਝ ਹੋਰ ਸੱਜਣਾਂ ਨੂੰ ਨਾਲ ਲੈਕੇ ਤੁਰ ਪਏ ਤੇ ਯਥਾ ਮਤਿ ਸ਼ਾਮ ਨੂੰ ਵਾਪਸ ਆ ਸਾਰਾ ਹਾਲ ਦੱਸ ਭੇਜਯਾ।

੬ ਅਗਸਤ ਨੂੰ ਡਾਕਟਰ ਧੀਰ ਸਿੰਘ ਜੀ ਵਾਸਤੇ ਸ੍ਰ: ਹੀਰਾ ਸਿੰਘ ਜੀ ਨਾਰਲੀ ਆਏ ਤੇ ਦੂਜੇ ਜਥੇ ਦੇ ਮੁਕੱਦਮੇ ਦੇ ਕੁਝ ਕਾਗਜ਼ ਜ਼ਰੂਰਤ ਲਈ ਲੈ ਗਏ।

ਸ੍ਰ: ਹੀਰਾ ਸਿੰਘ ਜੀ ਨਾਰਲੀ ਵਾਲੇ ਪ੍ਰਸਿੱਧ ਪੰਥ ਸੇਵਕ ਹਨ,

---

ਜਦੋਂ ਯਾਦ ਆਵੇ ਸੀਨੇ ਸੱਲ ਪੈਂਦੇ, ਭਾਂਬੜ ਬਲਨ ਹਿਰਦੇ ਪ੍ਰਲੈ ਕਾਲ ਦੇ ਤੁਲਿ।
ਘੜੀ ਘੜੀ ਲੰਘੇ ਜੁਗਾਂ ਵਾਂਗ ਮੈਨੂੰ, ਮਿੰਟ ਮਿੰਟ ਗੁਜ਼ਰੇ ਸੌ ਸੌ ਸਾਲ ਦੇ ਤੁਲਿ।

ਧਰਮ ਜੰਗ ਵਿਚ ਕੁੱਦ ਨਾ ਕੰਡ ਦੇਣੀ, ਇਹ ਸੀ ਉਸੇ ਬਲਵਾਨ ਰਣਧੀਰ ਦਾ ਦਿਲ।
ਮੂੰਹ ਨ ਕੱਜਣਾ ਵੈਰੀ ਦੀ ਮਾਰ ਕੋਲੋਂ, ਇਹ ਸੀ ਉਸੇ ਸੱਚੇ ਸੂਰਬੀਰ ਦਾ ਦਿਲ।
ਲਾਲਚ ਲੋਭ ਦੀ ਨਦੀ ਨੂੰ ਲੰਘ ਜਾਣਾ, ਇਹ ਸੀ ਉਸੇ ਤੈਰਾਕ ਗੰਭੀਰ ਦਾ ਦਿਲ।
ਦੋਜ਼ਖ ਜੇਲ ਵਿਚ ਬੈਠ ਮਖੌਲ ਕਰਨੇ, ਇਹ ਸੀ ਉਸੇ ਸੱਨਯਾਸੀ ਫਕੀਰ ਦਾ ਦਿਲ।
ਜਪੀ ਤਪੀ ਸੱਚਾ ਸੂਰਬੀਰ ਧਰਮੀ, ਸਤਿਗੁਰ ਦਿੱਤਾ ਸੀ ਉਸਨੂੰ ਕਮਾਲ ਦਾ ਦਿਲ।
'ਦੁਖੀ' ਢਹੇ ਦਿਲ ਨੂੰ ਢਾਰਸ ਦਈ ਜਾਣੀ, ਇਹ ਸੀ ਉਸੇ ਸਮੁੰਦਰੀ ਲਾਲ ਦਾ ਦਿਲ।



Digitized by Panjab Digital Library | www.panjabdigilib.org

ਸ਼੍ਰੋ: ਕਮੇਟੀ ਦੇ ਦੂਜੇ ਜੱਥੇ ਵਿੱਚ ਵੈਦ ਜੀ ਨਾਲ ਜੇਲ੍ਹ ਯਾਤਰਾ ਭੀ ਕਰ ਆਏ ਹਨ। ਮੇਰੀ ਚਿੱਠੀ ਦੇ ਉੱਤ੍ਰ ਵਿੱਚ ਜੋ ਖਤ ਆਪ ਨੇ ਭਾਈ ਸਾਹਿਬ ਜੀ ਬਾਬਤ ਲਿਖਿਆ ਉਹ ਹੂਬਹੂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਜਾਂਦਾ ਹੈ। ਆਪ ਲਿਖਦੇ ਹਨ:-

"(੧)ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਪਾਸੋਂ ਮੈਨੂੰ ਕਈ ਵਾਰ ਇਲਾਜ ਕਰੌਣ ਦੀ ਲੋੜ ਪੈਂਦੀ ਰਹੀ। ਉਨ੍ਹਾਂ ਦਾ ਸੁਭਾ ਬੜਾ ਮਿੱਠਤ ਭਰਿਆ ਸੀ, ਆਪ ਬੋਲਦੇ ਥੋੜਾ ਤੇ ਵਿਚਾਰਦੇ ਬਹੁਤਾ ਸਨ। ਓਨ੍ਹਾਂ ਦੀਆਂ ਦਵਾਈਆਂ ਆਮ ਹਕੀਮਾਂ ਤੇ ਵੈਦਾਂ ਨਾਲੋਂ ਸਸਤੀਆਂ ਹਨ। ਏਹੀ ਕਾਰਨ ਸੀ ਕਿ ਉਨ੍ਹਾਂ ਪਾਸੋਂ ਗ੍ਰੀਬਾਂ ਨੂੰ ਚੰਗਾ ਫਾਇਦਾ ਮਿਲਦਾ ਸੀ। ਓਨ੍ਹਾਂ ਵਿੱਚ ਖੁਦ ਪਸੰਦੀ ਬਹੁਤ ਘੱਟ ਸੀ, ਏਹ ਸਿਫਤ ਬਹੁਤ ਘੱਟ ਆਦਮੀਆਂ ਵਿੱਚ ਹੁੰਦੀ ਹੈ।

(੨) ਆਪ ਪੰਜਾਬੀ ਸਾਹਿਤ ਵਧੌਣ ਦੇ ਬੜੇ ਚਾਹਵਾਨ ਸਨ, ਉਨ੍ਹਾਂ ਦੇ ਖਿਆਲ ਬੜੇ ਹੀ ਉੱਚੇ ਤੇ ਸੁੱਚੇ ਸਨ।

(੩) ਹਿੰਦੀ ਪੜ੍ਹਨ ਦੀ ਪ੍ਰੇਰਨਾ ਮੈਨੂੰ ਉਨ੍ਹਾਂ ਹੀ ਕੀਤੀ ਸੀ ਤੇ ਆਪ ਜੀ ਨੇ ਹੀ ਮੈਨੂੰ ਹਿੰਦੀ ਵਰਣਮਾਲਾ ਪੈਹਲੋਂ ਪੈਹਲ ਲਿਖਕੇ ਦਿੱਤੀ ਸੀ, ਹਿੰਦੀ ਦੇ ਓਹ ਮੇਰੇ ਉਸਤਾਦ ਸਨ।

(੪) ਮੁੱਢ ਤੋਂ ਓਨ੍ਹਾਂ ਦਾ ਝੁਕਾਓ ਚੀਫ ਖਾਲਸਾ ਦੀਵਾਨ ਦੇ ਪ੍ਰਚਾਰ ਵਲ ਸੀ, ਪਰ ਜਦੋਂ ਅਕਾਲੀ ਲਹਿਰ ਚਲੀ ਸੀ, ਤਦ ਆਪ ਹਮੇਸ਼ਾਂ ਸਰਦਾਰ ਬਹਾਦੁਰ ਮਹਤਾਬ ਸਿੰਘ ਪਾਰਟੀ ਨਾਲ ਰਹਿੰਦੇ ਰਹੇ। ਕਿਉਂਕਿ ਓਹ ਹਰ ਕੰਮ ਬੜਾ ਸੋਚ ਵਿਚਾਰਕੇ ਕਰਨ ਦੇ ਆਦੀ ਸਨ। ਇਸ ਲਈ ਓਹ ਓਹਨਾਂ ਸੱਜਨਾਂ ਦੇ ਖਿਆਲਾਂ ਨੂੰ ਐਨਾ ਪਸੰਦ ਨਹੀਂ ਸੀ ਕਰਿਆ ਕਰਦੇ ਜੇਹੜੇ ਨਤੀਜੇ ਦੀ ਪ੍ਰਵਾਹ ਨਾ ਕਰਦੇ ਹੋਏ ਕੁਰਬਾਨੀਆਂ ਕਰਨ ਦੇ ਹਾਮੀ ਸਨ। ਭਾਵੇਂ ਰਾਜਨੀਤਕ ਮਾਮਲਿਆਂ ਵਿੱਚ ਓਹ ਅੱਗੇ ਵੱਧ ਕੇ ਘੱਟ ਹਿੱਸਾ ਲੈਂਦੇ ਸਨ, ਪਰ ਓਨ੍ਹਾਂ ਦੇ ਦਿਲ ਵਿੱਚ ਆਪਣੀ ਮਾਤ ਭੂਮੀ ਦੀ ਆਜ਼ਾਦੀ ਦੀ ਖਾਸ ਲਗਨ ਸੀ।



Digitized by Panjab Digital Library | www.panjabdigilib.org

(੫) ਜੇਲ੍ਹਾਂ ਵਿੱਚ ਆਮ ਤੌਰ ਤੇ ਅਕਾਲੀਆਂ ਦੀਆਂ ਪਾਰਟੀਆਂ ਹੁੰਦੀਆਂ ਸਨ। ਮੈਨੂੰ ਉਨ੍ਹਾਂ ਨਾਲ ਕੁਝ ਮਹੀਨੇਂ ਜੇਲ੍ਹ ਵਿੱਚ ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧਕ ਕਮੇਟੀ ਦੇ ਦੂਜੇ ਜੱਥੇ ਨਾਲ ਗੁਜ਼ਾਰਣ ਦਾ ਅਵਸਰ ਮਿਲਿਆ ਹੈ। ਸਭਨਾਂ ਖਿਆਲਾਂ ਦੇ ਸੱਜਨਾਂ ਨਾਲ ਉਨ੍ਹਾਂ ਦਾ ਪਿਆਰ ਭਰਿਆ ਰਵੱਯਾ ਹੁੰਦਾ ਸੀ, ਜਿਸ ਕਰਕੇ ਗਰਮ ਨਰਮ ਖਿਆਲਾਂ ਦੇ ਸਭ ਸੱਜਨ ਉਨ੍ਹਾਂ ਦੀ ਇਜ਼ਤ ਕਰਿਆ ਕਰਦੇ ਸਨ।

(੬) ਉਨ੍ਹਾਂ ਦੇ ਚਲਾਣੇ ਨਾਲ ਇੱਕ ਪੰਥ ਦਾ ਹਿਤੈਸ਼ੀ ਘੱਟ ਹੋ ਗਿਆ ਹੈ।

(੭) ਮੈਂ ਸਮਝਦਾ ਹਾਂ ਕਿ ਸੰਸਾਰ ਵਿੱਚੋਂ ਮੇਰਾ ਇੱਕ ਵਡਾ ਹਿਤੂ ਵਿੱਛੜ ਗਿਆ ਹੈ। × × × × × ×

੧੪ ਅਗਸਤ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਹੁਕਮਾਨੁਸਾਰ ਸ਼੍ਰੋਮਣੀ ਕਮੇਟੀ ਦੀ ਚੋਣ ਕਰਾਣ ਵਾਸਤੇ ਵੈਦ ਜੀ ਸਰਗੋਧੇ ਸੇਵਾ ਕਰਨ ਗਏ। ਚੋਣ ਦੀ ਸੇਵਾ ਗੁਰੂ ਆਸਰੇ ਅੱਛੀ ਤਰ੍ਹਾਂ ਨਿਭਾਈ ਪਰ ਨਾਲ ਹੀ ਏਥੇ ਆਪ ਨੂੰ ਇਹ ਇਤਹਾਸਕ ਸ਼ਹਿਰ ਦੇਖ ਕੇ ਇਤਹਾਸਕ ਜਗ੍ਹਾ ਦੇਖਣ ਦਾ ਸ਼ੌਕ ਹੋਣਾ ਭੀ ਜ਼ਰੂਰੀ ਸੀ। ਆਪ ਨੇ ਸਾਰਾ ਸ਼ਹਿਰ ਇੱਕ ਖੋਜੀ ਦੀ ਅੱਖ ਨਾਲ ਦੇਖ ਦੇ ਹੋਇਆਂ, ਫਿਰਿਆ ਤੇ ਇਸਦੇ ਨਾਮ ਸੰਬੰਧੀ ਖੋਜ ਕਰਕੇ ਆਪਣੀ ਡਾਇਰੀ ਵਿੱਚ ਜੋ ਨੋਟ ਲਿਖਿਆ ਉਹ ਇਸਤਰ੍ਹਾਂ ਹੈ:—

"ਬਨਾਵਟ ਤੇ ਨਾਮ ਸੰਬੰਧੀ ਪਤਾ ਕੀਤਾ, ਬਾਗ ਵਿੱਚ ਸਾਈਂ ਗੋਧੇ ਦੇ ਸਰ ਦਾ ਪਤਾ ਲੱਗਾ ਜਿਸ ਤੋਂ ਸਰਗੋਧਾ ਨਾਮ ਪਿਆ।"

ਇਸ ਚੋਣ ਦੇ ਕੰਮ ਨੂੰ ਸਫਲਤਾ ਨਾਲ ਭੁਗਤਾ ਕੇ ਆਪ ੧੬ ਤ੍ਰੀਕ ਦੀ ਸ਼ਾਮ ਨੂੰ ਵਾਪਸ ਆਏ।

੧੩ ਸਤੰਬਰ ਨੂੰ ਚੋਲਾ ਸਾਹਿਬ ਦੀ ੨੨੦੦) ਦੀ ਜਗੀਰ ਸ੍ਰਕਾਰੀ ਖਜ਼ਾਨੇ ਤੋਂ ਲੈ ਕੇ ਸ੍ਰੋ: ਗੁ: ਪ੍ਰ: ਕ: ਨੂੰ ਸ੍ਰੀ ਅੰਮ੍ਰਿਤਸਰ ਜੀ ਭੇਜੀ।

੨੭ਸਤੰਬਰ ਨੂੰ ਪਹਿਲੇ ਸ਼੍ਰੋ:ਗੁ: ਪ੍ਰ: ਕ: ਦੇ ਜਥੇ ਦੇ ਬਾਕੀ ਮੈਂਬਰਾਂ ਦੀ ਰਿਹਾਈ ਹੋਈ। ੩੦ ਸਤੰਬਰ ਨੂੰ ਆਪ ਸ਼੍ਰੋ: ਗੁ: ਪ੍ਰ: ਕ: ਦੀ ਅੰਤ੍ਰੰਗ



Digitized by Panjab Digital Library | www.panjabdigilib.org

ਮੀਟਿੰਗ ਵਿੱਚ ਗਏ, ਪਰ ਉਸ ਦਿਨ ਆਪ ਦਾ ਆਗਮ ਸੁਣਕੇ ਬਹੁਤ ਸਾਰੇ ਬੀਮਾਰ ਓਥੇ ਹੀ ਜਮਾ ਹੋ ਗਏ, ਸੋ ਆਪ ਜੀ ਨੇ ਭੀ ਪਰਉਪਕਾਰ ਸਮਝਕੇ ਦਵਾਈ ਦਾਰੂ ਦੀ ਸੇਵਾ ਸ਼ੁਰੂ ਕਰ ਦਿੱਤੀ ਤੇ ਬਹੁਤ ਸਾਰਾ ਸਮਾ ਇਸੇ ਸੇਵਾ ਵਿੱਚ ਲੱਗ ਗਿਆ।

੨ ਅਕਤੂਬਰ ਦੇ ਡਾਇਰੀ ਨੋਟ ਤੋਂ ਪਤਾ ਲੱਗਦਾ ਹੈ ਕਿ ਇਸ ਦਿਨ ਆਪ ਨੇ ੨੫੦ ਦੇ ਕਰੀਬ ਦੁਖੀ ਬੀਮਾਰਾਂ ਦੀ ਦਵਾਈ ਆਦਿ ਦੀ ਮੁਫਤ ਸੇਵਾ ਕੀਤੀ। ਇਸਨੂੰ ਆਖਦੇ ਹਨ ਪਰੁਪਕਾਰ।

੨ ਨਵੰਬਰ ਨੂੰ ਪ੍ਰਸਿੱਧ ਦਾਨੀ ਸ੍ਰ: ਧਰਮ ਸਿੰਘ ਜੀ ਦਿਲੀ ਵਾਲੇ ਸਕੂਲ ਵੇਖਣ ਲਈ ਆਏ ਤੇ ਵਿਚਾਰਾਂ ਹੋਈਆਂ।

੧੯ ਨਵੰਬਰ ਨੂੰ ਸ੍ਰੀ ਗੁਰੂ ਅ: ਦੇ: ਖਾ: ਹਾਈ ਸਕੂਲ ਦਾ ਹਾਲ ਕਮਰਾ ਬਣਨਾ ਅਰੰਭ ਹੋਇਆ। (ਜਿਸਦੀ ਮਜ਼ਦੂਰੀ ਸਾਰੀ ਸ: ਬ: ਧਰਮ ਸਿੰਘ ਜੀ ਨੇ ਦਿੱਤੀ)।

੨੩ ਨਵੰਬਰ ਨੂੰ ਫੇਰ ਸ੍ਵਾਮੀ ਓਅੰਕਾਰਾਨੰਦ ਜੀ ਆਏ ਤੇ ਸਿੱਖ ਲਿਟ੍ਰੇਚਰ ਛਪਵਾਉਣ ਦਾ ਖਿਆਲ ਪ੍ਰਗਟ ਕਰਕੇ ਸਹਾਇਤਾ ਮੰਗੀ, ਵੈਦ ਜੀ ਨੇ ੨੫) ਰੁਪਏ ਸਹਾਇਤਾ ਵਜੋਂ ਭੇਟ ਕੀਤੇ। ਇਸੇ ਦਿਨ ਹੀ ਸ੍ਰੀ ਦਰਬਾਰ ਸਾਹਿਬ ਜੀ ਦੀ ਕਾਨੂੰਨ ਅਨੁਸਾਰ ਬਣੀ ਕਮੇਟੀ ਦੇ ਪ੍ਰਧਾਨ ਤੇ ਮੀਤ ਪ੍ਰਧਾਨ ਦੀ ਚੋਣ ਹੋਣੀ ਸੀ।

ਇਨੀ ਦਿਨੀ ਕਮੇਟੀ ਵਿੱਚ ਫੁਟ ਦੇ ਕਾਰਣ ਦੋ ਪਾਰਟੀਆਂ ਹੋ ਚੁਕੀਆਂ ਸੁਨ। ਇੱਕ ਨਰਮ ਪਾਰਟੀ ਜਾਂ ਸਰਦਾਰ ਬਹਾਦਰ ਪਾਰਟੀ ਤੇ ਦੂਜੀ ਗਰਮ ਪਾਰਟੀ ਜਾਂ ਅਕਾਲੀ ਪਾਰਟੀ ਦੇ ਨਾਮ ਨਾਲ ਪੁਕਾਰੀ ਜਾਂਦੀ ਸੀ। ਇਸ ਵਿੱਚ ਅਕਾਲੀ ਪਾਰਟੀ ਘੱਟ ਤੇ ਸ: ਬ: ਪਾਰਟੀ ਬਹੁ ਸੰਮਤੀ ਵਿੱਚ ਸੀ।

ਮਾਸਟਰ ਤਾਰਾ ਸਿੰਘ ਜੀ ਚੋਣ ਲਈ ਤਰਨ ਤਾਰਨ ਸਾਹਿਬ ਆਏ। ਆਪਣੀ ਪਾਰਟੀ ਦੀ ਘੱਟ ਗਿਣਤੀ ਦੇਖਕੇ ਫਿਕਰ ਮੰਦ ਹੋ ਗਏ ਤੇ ਹੇਰਾ ਫੇਰੀਆਂ ਕਰਨ ਲੱਗੇ। ਅੱਜ ਦੀ ਚੋਣ



Digitized by Panjab Digital Library | www.panjabdigilib.org

ਮੁਲਤਵੀ ਕਰਾਨ ਦੀਆਂ ਸੋਚਾਂ ਸੋਚਣ ਲੱਗੇ। ਏਥੇ ਵੈਦ ਜੀ ਨੇ ਮਾਸਟਰ ਜੀ ਇਹ ਡਾਵਾਂ ਡੋਲ ਤੇ ਪਾਰਟੀ ਬਾਜ਼ੀ ਸਪਿਰਟ ਵਿੱਚ ਥਿੜਕਦੀ ਹਾਲਤ ਦੇਖ ਕੇ ਸੱਚੇ ਗੁਰ ਸਿੱਖਾਂ ਤੇ ਗੁਰਮੁਖ, ਪੰਥ ਹਿਤਕਾਰੀਆਂ ਵਾਲਾ ਹੌਂਸਲਾ ਦੇਂਦੇ ਪਿਆਰ ਨਾਲ ਕਿਹਾ:-

'ਮਾਸਟਰ ਜੀ! ਘਬਰਾਓ ਨਾ ਗੁਰੂ ਭਲੀ ਕਰੇਗਾ'

ਇਸ ਵੇਲੇ ਜੇ ਚਾਹੁੰਦੇ, ਤਦ ਵੈਦ ਜੀ ਆਪਣੀ ਪਾਰਟੀ ਦਾ ਪ੍ਰਧਾਨ, ਮੀਤ ਪ੍ਰਧਾਨ, ਚੁਣ ਲੈਂਦੇ, ਪਰ ਇਹ ਤਾਂ ਤਦ ਹੁੰਦਾ ਨਾ! ਜੇ ਆਪ ਦੇ ਦਿਲ ਦਿਮਾਗ ਵਿੱਚ ਪਾਰਟੀ ਬਾਜ਼ੀ ਦੀ ਗੰਦੀ ਸਪਿਰਟ ਦਾ ਜ਼ਹਿਰ ਚੜ੍ਹਿਆ ਹੋਇਆ ਹੁੰਦਾ। ਏਥੇ ਆਪ ਦੇ ਨਿਰਮਲ, ਪੰਥ ਹਿਤੈਸ਼ੀ, ਦੇਸ਼ ਦਰਦੀ ਤੇ ਪਾਰਟੀਬਾਜ਼ੀ ਤੋਂ ਸਾਫ ਹਿਰਦੇ ਨੇ, ਗੁਰਮੁਖ ਗੁਰ ਸਿੱਖਾਂ ਵਾਲੇ ਜੀਵਣ ਦਾ ਇੱਕ ਅਜੇਹਾ ਨਮੂਨਾ ਦਿਖਾਇਆ ਜੋ ਵਿਰੋਧੀਆਂ ਤੋਂ ਭੀ ਆਪ ਦੀ ਉਪਮਾਂ ਕਰਾਏ ਬਿਨਾਂ ਨਹੀਂ ਰਹਿ ਸਕਦਾ। ਆਪ ਨੇ ਅਕਾਲੀ ਪਾਰਟੀ ਦੇ ਮੁਖੀ ਦਲੇਰ ਸੇਵਕ ਸਰਦਾਰ ਤੇਜਾ ਸਿੰਘ ਜੀ ਘਵਿੰਡ ਦਾ ਨਾਮ ਪ੍ਰਧਾਨ ਲਈ ਪੇਸ਼ ਕਰਕੇ ਸਰਬ ਸੰਮਤੀ ਨਾਲ ਪਾਸ ਕਰਵਾਇਆ ਤੇ ਮੀਤ ਪ੍ਰਧਾਨ ਸ੍ਰ: ਸਾਧੂ ਸਿੰਘ ਜੀ ਨੂੰ ਚੁਣਿਆ।

ਏਥੇ ਅਸੀਂ ਆਪਣੇ ਕਥਨ ਦੀ ਪ੍ਰੌੜ੍ਹਤਾ ਲਈ ਸ੍ਰੀ ਮਾਨ ਸ੍ਰ: ਤੇਜਾ ਸਿੰਘ ਜੀ ਘਵਿੰਡ ਜਥੇਦਾਰ ਦੀ ਜ਼ਬਾਨੀ ਹੀ ਉਨ੍ਹਾਂ ਦੀ ਰਾਏ ਇਸ ਚੋਣ ਬਾਰੇ ਪ੍ਰਗਟ ਕਰਦੇ ਹਾਂ। ਆਪ ਲਿਖਦੇ ਹਨ:-

"......ਝਕਦਾ ਹਾਂ ਕਿ ਇਸ ਫਰਿਸ਼ਤਾ ਸੀਰਤ, ਅਦੁਤੀ ਮਹਾਂ ਪੁਰਸ਼ ਜੀ ਦੀ ਹਸਤੀ ਤੇ ਕੁਝ ਅਖਰ ਲਿਖਣੇ ਮਾਮੂਲੀ ਗਲ ਨਹੀਂ, ਇਸ ਕੰਮ ਵਾਸਤੇ ਦਿਲ ਦਿਮਾਗ ਤੇ ਇਲਮ ਚਾਹੀਦਾ ਹੈ। ਜਿਸ ਦੀ ਮੈਨੂੰ ਕਾਫੀ ਥੁੜੋਂ ਹੈ।

ਮੈਂ ਤੁਟੇ ਫੁਟੇ ਅਖਰਾਂ ਵਿਚ ਥੋੜੇ ਜੇਹੇ ਸਮੇਂ ਦਾ ਨਚੋੜ ਵਰਨਣ ਕਰਦਾ ਹਾਂ। ਸੰਨ ੧੯੨੫ ਵਿਚ ਨਵੇਂ ਗੁਰਦਵਾਰਾ ਬਿਲ ਪਾਸ ਹੋਣ ਬਾਦ ਗੁਰਦਵਾਰਾ ਕਮੇਟੀ ਤਰਨ ਤਾਰਨ ਸਾਹਿਬ ਵਿਚ ਮੈਨੂੰ ਵੀ ਮੈਂਬਰ ਨਾਮਜ਼ਦ ਕੀਤਾ ਗਿਆ। ਇਸ ਕਮੇਟੀ ਵਿਚ ਜੋ ਕਿ ਸੱਤਾਂ ਮੈਂਬਰਾਂ ਦੀ ਸੀ



Digitized by Panjab Digital Library | www.panjabdigilib.org

ਦੋ ਪਾਰਟੀਆਂ ਦੱਸੀਆਂ ਗਈਆਂ। ਅਕਾਲੀ ਪਾਰਟੀ ਤੇ ਸ੍ਰਦਾਰ ਬਹਾਦਰ ਪਾਰਟੀ। ਮੇਰੀ ਗੈਰ ਹਾਜਰੀ ਵਿਚ ਪ੍ਰਧਾਨ ਦੀ ਚੋਣ ਵਾਸਤੇ ਮੀਟਿੰਗ ਸੱਦੀ ਗਈ। ਅਕਾਲੀ ਪਾਰਟੀ ਦੇ ਦੋ ਮੈਂਬਰ ਨ ਹਾਜ਼ਰ ਹੋਣ ਕਰ ਕੇ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ–ਜੇਹੜੇ ਕੇ ਸ੍ਰ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਚੋਣ ਕਰਾਉਣ ਗਏ ਸਨ–ਘਬਰਾ ਗਏ, ਕਿਉਂਕਿ ਤਿੰਨ ਮੈਂਬਰ ਵੈਦ ਜੀ ਦੀ ਪਾਰਟੀ ਦੇ ਤੇ ਦੋ ਅਕਾਲੀ ਪਾਰਟੀ ਦੇ ਮੌਜੂਦ ਸਨ। ਸਮੇਂ ਦਾ ਪ੍ਰਧਾਨ ਵੀ ਵੈਦ ਜੀ ਦੀ ਪਾਰਟੀ ਦਾ ਹੀ ਲਾਜ਼ਮੀ ਸੀ। ਚਾਹੁੰਦੇ ਤਾਂ ਪ੍ਰਧਾਨ ਤੇ ਮੀਤ ਪ੍ਰਧਾਨ ਆਪਣੇ ਹੀ ਪੱਖ ਦਾ ਚੁਣ ਲੈਂਦੇ।

ਵੈਦ ਜੀ ਪਾਰਟੀ ਬਾਜ਼ੀ, ਸਿਖਾਂ ਵਿਚ ਪਾਪ ਸਮਝਦੇ ਸਨ, ਮਾਸਟਰ ਜੀ ਨੂੰ ਕਿਹਾ ਕਿ:–

"ਘਬਰਾਓ ਨਾ ਅਸੀਂ ਤੁਹਾਡੇ ਹੀ ਆਦਮੀ ਚੁਣ ਦੇਂਦੇ ਹਾਂ ਸਰਬ ਸੰਮਤੀ ਨਾਲ ਚੋਣ ਨੂੰ ਮਨਜ਼ੂਰ ਕਰ ਲਵੋ।"

ਪਾਰਟੀ ਰਹਿਤ ਵੈਦ ਜੀ ਨੇ ਦਾਸ ਦਾ ਨਾਮ ਪ੍ਰਧਾਨਗੀ ਵਾਸਤੇ ਅਤੇ ਸ੍ਰੀ ਮਾਨ ਸ੍ਰ: ਸਾਧੂ ਸਿੰਘ ਜੀ 'ਕੋਟ ਮਹਮਦ ਖਾਂ' ਦਾ ਨਾਮ ਮੀਤ ਪ੍ਰਧਾਨਗੀ ਵਾਸਤੇ ਪੇਸ਼ ਕਰ ਦਿਤਾ। ਖੈਰ ! ਕੁਝ ਵਿਚਾਰਾਂ ਨਾਲ ਪਾਸ ਹੋ ਗਿਆ। ਮੇਰੀ ਸੇਹਤ ਡਾਢੀ ਖਰਾਬ ਸੀ, ਇਸ ਲਈ ਨਹੀਂ ਸੀ ਚਾਹੁੰਦਾ ਕਿ ਮੈਂ ਸੇਵਾ ਦਾ ਭਾਰ ਸਿਰ ਤੇ ਚੁਕਾਂ, ਪਰ ਜਦ ਮੈਨੂੰ ਕਿਹਾ ਗਿਆ ਕਿ 'ਗੁਰੂ ਨਿਭਾਵੇਗਾ ਤੇ ਤੁਹਾਡੇ ਕਰ ਕੇ ਕਮੇਟੀ ਵਿਚ ਧੜਾ ਨਹੀਂ ਬਣੇਗਾ' ਤਾਂ ਦਾਸ ਨੇ ਇਸ ਮੁਹਬਤ ਭਰੀ ਅਪੀਲ ਨੂੰ ਮੰਨ ਲਿਆ। ਤਿੰਨ ਸਾਲ ਜਾਂ ਕੁਝ ਜ਼ਿਆਦਾ ਅਰਸੇ ਤਕ ਦਾਸ ਨੂੰ ਸ੍ਰੀ ਮਾਨ ਵੈਦ ਜੀ ਨਾਲ ਬੈਠਣ ਦਾ ਫਖਰ ਹਾਸਲ ਰਿਹਾ ਹੈ।

ਮੈਂ ਚੰਦ ਗਲਾਂ ਆਪਣੇ ਤਜਰਬੇ ਤੇ ਨਿਰਪੱਖਤਾ ਨੂੰ ਮੁਖ ਰੱਖਦਾ ਹੋਇਆ ਲਿਖਣੋ ਸੰਕੋਚ ਨਹੀਂ ਕਰਾਂਗਾ।

ਵੈਦ ਜੀ ਨਾਲ ਅਕਾਲੀ ਪਾਰਟੀ ਦੇ ਇਕ ਦੋ ਮੈਂਬਰਾਂ ਦਾ ਜਾਤੀ ਰੰਜ ਕਰ ਕੇ ਅਤੇ ਸਿਖਾਂ ਵਿਚ ਦੋ ਧੜੇ ਹੋਣ ਕਰਕੇ ਬਦ ਕਿਸਮਤੀ ਨਾਲ



Digitized by Panjab Digital Library | www.panjabdigilib.org

ਆਮ ਅਕਾਲੀ ਪਾਰਟੀ ਦਾ ਰੰਜ ਹੋ ਗਿਆ। ਇਹਨਾਂ ਦੇ ਸ੍ਰੀ ਤਰਨ ਤਾਰਨ ਸਾਹਿਬ ਤੇ ਪੰਥ ਵਿਚ ਇਕਤਦਾਰ ਨੂੰ ਵਧਦਾ ਵੇਖ ਕੇ ਹਸਦ ਦੀ ਅੱਗ ਚਮਕਦੀ ਰਹਿੰਦੀ ਸੀ। ਮੈਂ ਵੀ ਇਸ ਪਾਰਟੀ ਦਾ ਬਦ ਕਿਸਮਤ ਮੈਂਬਰ ਸਾਂ ਅਤੇ ਇਸ ਨਾ ਜਾਇਜ਼ ਹਸਦ ਨੂੰ ਘਿਰਨਾਂ ਦੀ ਨਜ਼ਰ ਨਾਲ ਵੇਖਦਾ ਸਾਂ।

ਸ੍ਰੀ ਮਾਨ ਵੈਦ ਜੀ ਨੂੰ ਗੁਰਦਵਾਰਿਆਂ ਦੀ ਬਿਹਤ੍ਰੀ ਅਤੇ ਪੰਥ ਉੱਨਤੀ ਦੀ ਜੋ ਸੱਚੀ ਤੜਪ ਸੀ, ਸ਼ਾਇਦ ਕਿਸੀ ਸਿਖ ਨੂੰ ਹੋਵੇ, ਉਹਨਾਂ ਵਿਚ ਇਨਸਾਨੀ ਤੇ ਮੁਲਕੀ ਪਿਆਰ ਦਾ ਅਦੁਤੀ ਚਸ਼ਮਾਂ ਸੀ। ਜੋ ਉਹਨਾਂ ਨਾਲ ਹਸਦ ਕਰਦੇ ਸਨ ਇਹ ਉਹਨਾਂ ਦੀ ਦਿਲੋਂ ਇੱਜ਼ਤ ਤੇ ਪਿਆਰ ਕਰਦੇ ਸਨ, ਅਤੇ ਹਰ ਮੌਕੇ ਤੇ ਮਦਦ ਕਰਦੇ ਸਨ। ਇਹਨਾਂ ਵਿਚ ਐਡਾ ਸਚਾਈ ਤੇ ਪਿਆਰ ਦਾ ਤੇਜ ਸੀ ਕਿ ਜੇਹੜਾ ਕੱਟੜ ਤੋਂ ਕੱਟੜ ਦੁਸ਼ਮਨ ਹੋ ਕੇ ਆਂਵਦਾ ਜਾਂ ਘਲਿਆ ਜਾਂਦਾ ਸੀ, ਕੁਝ ਚਿਰ ਦੀ ਸੰਗਤ ਪਿਛੋਂ ਹੈਰਾਨ ਤੇ ਪਸ਼ੇਮਾਨ ਹੋ ਕੇ ਪਿਆਰ ਦੇ ਚਸ਼ਮੇ ਵਿਚ ਡਿਗ ਕੇ ਈਰਖਾ ਤੋਂ ਰਹਿਤ ਹੋ ਕੇ ਵੈਦ ਜੀ ਦਾ ਹੀ ਹੋ ਜਾਂਦਾ ਸੀ।

ਗੁਰੂ ਜੀ ਦੀ ਕ੍ਰਿਪਾ ਨਾਲ ਭਾਵੇਂ ਸ੍ਰੀ ਤਰਨ ਤਾਰਨ ਸਾਹਿਬ ਨੂੰ ਬੜੀ ਬੜੀ ਹਸਤੀਆਂ ਦਾ ਮਾਨ ਹੈ ਪਰ ਵੈਦ ਜੀ ਦੀ ਸ਼੍ਰੋਮਣੀ ਅਦੁਤੀ ਹਸਤੀ ਸੀ।

ਇਹਨਾਂ ਵਰਗਾ ਮਹਾਂ ਦਾਨੀ, ਬਹਾਦਰ, ਸੱਚਾ, ਗੁਰਸਿਖ, ਮਨ ਤੇ ਕਾਬੂ ਪਾਉਣ ਵਾਲਾ, ਗਰੀਬ ਨਿਵਾਜ਼, ਰਹਿਮ ਦਿਲ, ਗੁਰ ਇਤਿਹਾਸ ਦਾ ਖੋਜੀ, ਨਿਰਪੱਖ, ਈਰਖਾ ਰਹਿਤ, ਵਿਰਲਾ ਹੀ ਸਿਖਾਂ ਵਿਚ ਪੈਦਾ ਹੋਇਆ ਹੋਵੇਗਾ। ਇਹਨਾਂ ਦੀ ਸੇਵਾ ਦੀਆਂ ਰੌਸ਼ਨ ਦਰਸਗਾਹਾਂ ਕਈ ਸਬੂਤ ਦੇ ਰਹੀਆਂ ਹਨ। ਮੇਰੇ ਵਿਚ ਇਤਨੀ ਤਾਕਤ ਤੇ ਦਿਮਾਗ ਨਹੀਂ ਜੋ ਉਹਨਾਂ ਦੇ ਅਦੁਤੀ ਕਾਰਨਾਮੇ ਲਿਖ ਸਕਾਂ। ਮੈਨੂੰ ਤਾਂ ਦੋ ਹੀ ਹਸਤੀਆਂ ਆਪਣੀ ਜ਼ਿੰਦਗੀ ਦੇ ਤਜਰਬੇ ਵਿਚ ਮਿਲੀਆਂ ਹਨ, ਇਕ ਸ੍ਰੀ ਮਾਨ ਜ਼ਿੰਦਾ ਸ਼ਹੀਦ ਸ੍ਰ: ਤੇਜਾ ਸਿੰਘ ਜੀ ਸਮੁੰਦਰੀ ਤੇ ਦੂਸਰੀ ਅਦੁਤੀ ਹਸਤੀ ਸ੍ਰੀ ਮਾਨਜਵਰ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ। ਇਹਨਾਂ ਗੁਰਦਵਾਰੇ ਦੇ ਮੁਆਮਲੇ



Digitized by Panjab Digital Library | www.panjabdigilib.org

ਵਿਚ ਹਮੇਸ਼ਾਂ ਅਕਾਲੀ ਪਾਰਟੀ ਦੀ ਮਦਦ ਕੀਤੀ ਹੈ, ਕਈ ਮੌਕੇ ਤੇ ਮਰਜੀ ਦੇ ਉਲਟ ਵੀ ਅਕਾਲੀ ਪਾਰਟੀ ਦਾ ਸਾਥ ਲੈਣੋਂ ਸੰਕੋਚ ਨਹੀਂ ਸੀ ਕੀਤਾ। ਉਹਨਾਂ ਦੇ ਮਨ ਦੀ ਉਚਤਾਈ ਵੱਡੀ ਇਹ ਵੀ ਸੀ ਕਿ ਕੰਮ ਸਾਰਾ ਆਪ ਕਰਨਾ ਤੇ ਮਾਣ ਵਡਿਆਈ ਦੂਸਰੇ ਨੂੰ ਦਿਵਾਉਣਾ।

ਐਸੀਆਂ ਹਸਤੀਆਂ ਹਮੇਸ਼ਾਂ ਜਿੰਦਾ ਰਹਿੰਦੀਆਂ ਹੋਈਆਂ ਦੂਸਰਿਆਂ ਨਾ ਤਜਰਬੇ ਕਾਰਾਂ ਨੂੰ ਸਬਕ ਦੇਂਦੀਆਂ ਰਹਿੰਦੀਆਂ ਹਨ।"

ਇਸੇ ਹੀ ਤਰ੍ਹਾਂ ਸ੍ਰ: ਸਾਧੂ ਸਿੰਘ ਜੀ ਸੂਫੀ,ਕੋਟ ਮਹਮਦ ਖਾਨ ਜ਼ਿਲਾ ਅੰਮ੍ਰਿਤਸਰ ਜੀ ਆਪ ਬਾਰੇ ਕਵਿਤਾ ਵਿੱਚ ਚੰਦ ਸਤਰਾਂ ਲਿਖਦੇ ਹਨ:–

ਦੇਵਤਾ ਸਮਾਨ ਜਿਸੇ ਦੇਵਤਾ ਕਹਿਤ ਲੋਗ, ਮਾਯਾ ਕੇ ਸੰਜੋਗ ਔਰ ਕਰਮ ਕਰਤਬ ਸੇ।
ਕਰਮੋਂ ਕੇ ਫਲ ਕਰ ਭੋਗਨ ਕੇ ਬਲ ਕਰ, ਆਏ ਰਿਸ਼ੀ ਚਲ ਕਰ ਮਾਤ ਲੋਕ ਜਬ ਸੇ।
ਤਰਨ ਤਾਰਨ ਲੋਕ ਕਰਨ ਕਾਰਨ ਵਿਖੇ, ਜਨਮ ਕੋ ਧਾਰ ਉਪਕਾਰ ਕੀਏ ਤਬ ਸੇ।
ਕੋਮਲ ਸਰੀਰ ਬੁਧਿ ਨੀਰ ਕੇ ਸਮਾਨ ਸ਼ੁਧ, ਕਾਂਮ ਕ੍ਰੋਧ ਲੋਭ ਮੋਹ ਹੰਗਤਾ ਸਬਬ ਸੇ।

---

ਮਲ ਔ ਵਖੇਪ ਦੋਸ਼ ਜੋਸ਼ ਵਿਖੇ ਵਾਸ਼ਨਾ ਕੇ, ਸ਼ਾਂਤੀ ਕੇ ਬਲ ਸੇ ਉਠਾਇ ਦੀਏ ਮਨ ਸੇ।
ਸਤੋ ਗੁਣ ਯੁਤ ਦੁਖ ਦੂਸਰੋਂ ਕਾ ਸੁਨ ਕਰ, ਪਰ ਉਪਕਾਰ ਕੀਏ ਤਨ ਮਨ ਧਨ ਸੇ।
ਸਤ੍ਰ ਮਿੱਤ੍ਰ ਪਿਖ ਮੁਖ ਦੁਤ ਰਹੇ ਏਕ ਸਮ, ਮਨ ਬ੍ਰਿਤਿ ਏਕ ਸੀ ਥੀ ਘਰ ਔਰ ਬਨ ਸੇ।
ਭਾਈ ਸਾਹਿਬ ਭਾ: ਹਰੀ ਮੋਹਨ ਸਰੂਪ ਹਰੀ, ਏਕ ਵਰਤਾਓ ਕੀਆ ਹਰ ਏਕਜਨ ਸੇ।

---

ਵਾਤ ਪਿਤ ਕਫ ਕੇ ਵਿਰੋਧ ਕੇ ਨਰੋਧ ਹਿਤ, ਭਾਰਤ ਨਿਵਾਸੀ ਵੈਦ ਰਾਜ ਸਰਦਾਰ ਥੇ।
ਰਾਜਾ ਸਮ ਮਾਨ ਜੁਂਕਾਸਭਾਔਸੋਸਾਇਟੀਮੇਂ,ਕਾਰਣਯਹੀਥਾ ਆਪਗੁਣੋਂਕਾਭੰਡਾਰਥੇ।
ਦਯਾਵਾਨ ਦਾਨੀ ਪੁੱਨੀਵਿਦਜਾਵਾਨ ਗਜਾਨਵਾਨ,ਇਨੀਂਗੁਣੋਕਰਸਭੀ ਸੁਖੀਨਰਨਾਰਥੇ।
ਭਾਈ ਸਾਹਿਬ ਭਾਈ ਹਰੀ ਮੋਹਨ ਸਰੂਪ ਹਰੀ, ਦੇਖ ਦੇਖ ਸਭ ਜਨਜਾਤੇਬਲਿਹਾਰਥੇ।

---

ਚਿਤ ਕੀ ਬਿਰਤਿ ਨਿਤ ਰਹੇਉਪਕਾਰ ਹਿਤ,ਲੋਗਨਕੀ ਦ੍ਰਿਸ਼ਟਿਮੇਂਵੋ ਪ੍ਰਮ ਸਤਿਕਾਰਥੇ।
ਜਾਪ ਤਾਪ ਨੇਮ ਸੁਚ ਸੰਜਮ ਕੇ ਸਾਧਨੋ ਸੇ, ਮਨੋਂ ਬ੍ਰਿਤਿ ਕਰ ਨਾਮ ਲੇਤੇ ਓਂਕਾਰ ਥੇ।
ਦ੍ਵੈਖ ਰਿਦੇ ਜਨ ਜੇਤੇਸਭੀ ਸੁਖ ਆਨ ਲੇਤੇ,ਗਜਾਨ ਗੁਣੋ ਕਰ ਆਪ ਚਿਤ ਸੇ ਉਦਾਰਥੇ।
ਭਾ: ਸਾਹਿਬ ਭਾ: ਹਰੀ ਮੋਹਨ ਸਰੂਪ ਹਰੀ, ਦੇਖ ਦੇਖ ਸਭੀ ਜਨ ਜਾਤੇ ਬਲਹਾਰ ਥੇ।

---



Digitized by Panjab Digital Library | www.panjabdigilib.org

ਸਿਧ ਯੋਗ ਔਸ਼ਦੀ ਔ ਸਿੱਖਿਆ ਕਰਮ ਕਰ, ਦੇਸ ਪਰਦੇਸ ਮਸ਼ਹੂਰ ਸੰਸਾਰ ਥੇ ।
ਮੀਠੇ ਮੀਠੇ ਬੈਨ ਵਾਲੇ ਚੈਨ ਚਿਤ ਦੈਨ ਵਾਲੇ, ਸੁੰਦਰ ਸਰੂਪ ਵੈਸੇ ਉਜਲ ਦੀਦਾਰ ਥੇ ।
ਕੰਨਿਆਂਸਮਾਨ ਸੁਤਾ ਦੇਵੀਜਾਂਕੋ ਯੁਬਾਵੰਤ ਮਾਤਕੇ ਸਾਮਾਨ ਬ੍ਰਿਧਿ ਸਦਾਨਿਰਵਿਕਾਰਥੇ।
ਭਾਈ ਸਾ: ਭਾ: ਹਰੀ ਮੋਹਨ ਸਰੂਪ ਹਰੀ, ਦੇਵਤਾ ਸਮਾਨ ਦੇਵ ਰੂਪ ਅਵਤਾਰ ਥੇ ।

---

ਨੀਤਿ ਮੇਂ ਨਿਪੁਨ,ਵੈਸੇ ਦੇਖੀਏਤੋ ਮਹਾਂਮੁਨਿ,ਲੋਕਮੇਂ ਪ੍ਰਸਿਧ ਆਪ ਸ਼ੁਧ ਵਿਵਹਾਰ ਥੇ ।
ਵਾਂਗ ਫੂਲਕੇ ਬਦਨ ਨਿਜਾ ਨੰਦ ਮੇਂ ਮਗਨ,ਨਾਮ ਮੇਂ ਲਗਨ ਅਤੀ ਉਤਮ ਆਚਾਰ ਥੇ ।
ਸਨੇਂ੨ ਬੋਲਨਾਂ ਤਰਾਜ਼ੂਖਰਾ ਤੋਲਣਾ,ਜ਼ਰਾਨਾ ਦਿਲੋਂ ਡੋਲਣਾ ਜੋ ਸਤਕਾ ਬਪਾਰ ਥੇ ।
ਭਾ: ਸਾ: ਭਾ: ਹਰੀ ਮੋਹਨ ਸਰੂਪ ਹਰੀ, ਦੇਖ ਦੇਖ ਸਭੀ ਜਨ ਜਾਤੇ ਬਲਿਹਾਰ ਥੇ ।

---

ਹਿੰਦੂ ਔ ਮੁਸਲਮਾਨ ਬਾਲਕ ਜਵਾਨ ਸਭ, ਬ੍ਰਿਧ ਬਲਵਾਨ ਕਰਤੇ ਨਿਮਸਕਾਰ ਥੇ ।
ਰਾਜੇ ਮਹਾਂਰਾਜੇਔਰ ਦੇਸ਼ਕੇ ਰਈਸਸਭ,ਮਾਇਆਧਾਰੀ ਦੀਨਜਨ ਸਭੀਕਾ ਅਧਾਰ ਥੇ ।
ਸਾਧੂ ਲੋਕ ਪੰਡਤ ਮੋਹਾਂਨ ਵਿਦਵਾਨ ਜ਼ੇਤੇ, ਸ਼ੁਧ ਚਿਤ ਜਾਨ ਕਰ ਕਰਤੇ ਪਿਆਰ ਥੇ ।
ਭਾ: ਸਾ: ਭਾ: ਹਰੀ ਮੋਹਨ ਸਰੂਪ ਹਰੀ, ਦੇਖ ਦੇਖ ਸਭੀ ਜਨ ਜਾਤੇ ਬਲਿਹਾਰ ਥੇ ।

---

੨੭ ਨਵੰਬਰ ਦਾ ਡਾਇਰੀ ਨੋਟ ਹੈ:–

"ਕੌਂਸਲ ਦੇ ਅਲੈਕਸ਼ਨ ਸੰਬੰਧੀ ਅਕਾਲੀ ਪਾਰਟੀ ਵੱਲੋਂ ਬੁਰਛਾ ਗਰਦੀ ਵੇਖ ਬੜਾ ਹੀ ਸ਼ੋਕ ਹੋਯਾ।"

੫ ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ ਜੀ ਪੁਰਾਣੀ ਕਮੇਟੀ ਦਾ ਅੰਤਮ ਸਮਾਗਮ ਨਵੀਂ ਕਮੇਟੀ ਦੇ ਪ੍ਰਧਾਨ ਜੀ ਨੂੰ ਚਾਰਜ ਦੇਣ ਵਾਸਤੇ ਹੋਇਆ।

੧੯੨੬ ਵਿੱਚ ਵੈਦ ਰਾਜ ਜੀ ਨੇ 'ਗੁਣਾ ਦਾ ਗੁਥਲਾ' ਤੇ 'ਸਿੱਧ ਔਖਧੀ ਭੰਡਾਰ' ਪੰਜੇ ਭਾਗ ਪ੍ਰਕਾਸ਼ਤ ਕਰਕੇ ਵੈਦਕ ਸੰਸਾਰ ਵਿੱਚ ਜਾਨ ਪਾਈ ।

---



Digitized by Panjab Digital Library | www.panjabdigilib.org

# ਅਸਤੀਫ਼ਾ

ਵੈਦਰਾਜ ਜੀ ਬੇ ਸ਼ੱਕ ਚੀਫ ਖਾਲਸਾ ਦੀਵਾਨ ਦੇ ਜਨਮ ਤੋਂ ਹੀ ਇਸ ਦੇ ਮੋਢੀਆਂ ਵਿਚ ਹੋ ਤਨ ਮਨ ਤੇ ਧਨ ਨਾਲ ਹਰ ਤਰ੍ਹਾਂ ਪੰਥ ਦੀ ਸੇਵਾ ਕਰ ਰਹੇ ਸਨ। ਪਰ ਆਪ ਦੀ ਤਬੀਅਤ ਨਾ ਸੀ ਮਿਲਦੀ।

ਪੱਥਰ ਦੇ ਬੁੱਤ ਨੂੰ ਭਲਾ ਕੋਈ ਕਦ ਤਕ ਜੱਫ਼ੀ ਪਾ ਕੇ ਖੜਾ ਰਹੇ ? ਭਾਵੇਂ ਉਹ ਆਪਣਾ ਪਿਆਰਾ ਅਜੀਜ਼ ਤੇ ਭਾਵੇਂ ਖ਼ੁਦ ਆਪਣਾ ਹੀ ਹੋਵੇ। ਚੀਫ ਖਾਲਸਾ ਦੀਵਾਨ ਦੀ ਅਮੀਰਾਨਾਂ,ਬੱਝਵੀਂ,ਪਿਛਾਂ ਖਿੱਚੂ ਤੇ 'ਜੀ ਹਜ਼ੂਰੀ' ਪਾਲਿਸੀ ਰੂਪੀ ਫਾਹੀ ਵਿਚ ਫਸਿਆ, ਆਪ ਦਾ ਮਨ ਊਬ ਗਿਆ। ਤੰਗ ਆ ਗਿਆ। ਤੰਗ ਤਾਂ ਕਈ ਸਾਲਾਂ ਤੋਂ ਆਇਆ ਹੋਇਆ ਸੀ, ਕਿਉਂਕਿ ਸਮੇਂ ਦੀ ਚਾਲ ਤੋਂ ਅਭਿੱਗ ਇਹ ਦੀਵਾਨ ਮਿੱਟੀ ਦਾ ਮਾਧੋ ਬਣ ਕੇ ਹੁਣ ਧਰਨਾ ਮਾਰੀ ਹੀ ਬੈਠਾ ਸੀ। ਵਾਸਤਵ ਵਿਚ ਇਹ ਜੱਥਾ ਸਰਕਾਰ ਮਾਈ ਬਾਪ ਨਾਲ ਤਾਂ ਕਿਸੇ ਤਰ੍ਹਾਂ ਭੀ ਟਾਕਰਾ ਨਹੀਂ ਨਾ ਲਾ ਸਕਦਾ ! ਇਸ ਸਾਊ ਪੁੱਤ ਨੇਂ ਤਾਂ ਸਰਕਾਰ ਮਾਈ ਬਾਪ ਦੇ ਅੱਗੇ ਹੱਥ ਬੰਨ੍ਹ ਕੇ 'ਜੀ, ਹਜ਼ੂਰ, ਜੀ ਮਾਈ ਬਾਪ, ਸਤ ਬਚਨ, ਤੇ ਜੋ ਹੁਕਮ', ਹੀ ਕਹਿਣਾ ਹੈ ਨਾ ! ਤੇ ਸਪੁੱਤ੍ਰਾਂ ਨੂੰ ਸੋਭਦਾ ਭੀ ਇਹੋ ਕੁਝ ਹੈ। ਪਰ ਸਭ ਤੋਂ ਵਧੀਕ ਸੱਟ ਵੈਦ ਜੀ ਦੇ ਹਿਰਦੇ ਨੂੰ ਤਦੋਂ ਲੱਗੀ, ਜਦ ਪੰਥ ਲਈ ਸ਼੍ਰੋ: ਗੁ: ਪ੍ਰ: ਕ: ਦੇ ਦੂਜੇ ਬਾਗ਼ੀ ਜੱਥੇ ਵਿਚ ਆਪ ਜੇਹਲ ਦੀ ਕਾਲ ਕੋਠੜੀ ਵਿਚ ਜਾ ਵਿਰਾਜੇ। ਕਿਉਂਕਿ ਆਪ ਦੇ ਜੇਹਲ ਜਾਣ ਤੇ ਦੀਵਾਨ ਦੇ ਕਰਤੇ ਧਰਤਿਆਂ ਨੇ ਸਰਕਾਰ ਸੌਹੇਂ ਬਦਨਾਮੀ ਤੋਂ ਬਚਣ ਲਈ ਝੱਟ ਵੈਦ ਜੀ ਦਾ ਨਾਮ ਆਪਣੇ ਮੈਂਬਰੀ ਖਾਤੇ ਵਿਚੋਂ ਕੱਟ ਸਿਟਿਆ। ਹੈ ਭੀ ਠੀਕ ! ਵਫਾਦਾਰਾਂ ਤੇ ਬਾਗ਼ੀਆਂ ਦਾ ਮੇਲ ਕਿਵੇਂ ਰਹਿ ਸਕਦਾ ਹੈ ? ਹੁਣ ਵੈਦ ਜੀ ਨੇ ਭੀ ਇਸ ਨਿਰਜੀਵ ਬੁੱਤ ਨਾਲ ਲੱਗੇ ਰਹਿਣਾ ਪਸਿੰਦ ਨਾ ਕੀਤਾ, ਤੇ ਦੀਵਾਨ ਦੀ ਮੈਂਬਰੀ ਤੋਂ ਅਸਤੀਫਾ ਦੇ ਦਿਤਾ।

ਵੈਦ ਜੀ ਦੇ ਜੇਹਲੋਂ ਬਾਹਰ ਔਂਦਿਆਂ ਹੀ ਦੀਵਾਨ ਨੇ ਫੇਰ ਆਪ ਨੂੰ



Digitized by Panjab Digital Library | www.panjabdigilib.org

ਆਪਣੇ ਨਾਲ ਘਸੀਟਣਾ ਚਾਹਿਆ ਤੇ ਆਪਣੇ ਵਿੱਚ ਮਿਲੌਣ ਲਈ ਯਤਨ ਕਰਨਾ ਅਰੰਭ ਦਿਤਾ, ਪਰ ਵੈਦ ਜੀ ਨੇ ਅਲੱਗ ਰਹਿ ਕੇ ਹੀ ਸੇਵਾ ਕਰਨੀ ਯੋਗ ਸਮਝੀ । ਇਸ ਬਾਰੇ ਹੋਏ ਚਿਠੀ ਪੱਤ੍ਰ ਦੇ ਅਸੀਂ ਕੁਝ ਕੁ ਨਮੂਨੇ ਪਾਠਕਾਂ ਦੀ ਭੇਟਾ ਕਰਨੇ ਜ਼ਰੂਰੀ ਸਮਝਦੇ ਹਾਂ।

ਹੈਰਾਨੀ ਦੀ ਗਲ ਤਾਂ ਇਹ ਹੈ ਕਿ ਜਦ ਆਪ ਦਾ ਨਾਮ ਮੈਂਬਰ-ਸ਼ਿਪ ਤੋਂ ਹੀ ਕੱਟ ਦਿਤਾ ਤੇ ਜਦ ਆਪ ਨੂੰ ਕਦੇ ਕੋਈ ਮੀਟਿੰਗ ਦਾ ਸੱਦਾ ਹੀ ਨਹੀਂ ਆਇਆ—ਜੇਹਾ ਕਿ ਹੋਰ ਮੈਂਬਰਾਂ ਨੂੰ ਜਾਂਦੇ ਰਹੇ—ਤਦ ਫੇਰ ਚੰਦਾ ਕੇਹਾ ? ਏਥੇ ਤਾਂ ਉਸ ਮਿੱਤ੍ਰ ਵਾਲੀ ਗਲ ਹੈ, ਜੋ ਆਖਦਾ ਸੀ ਕਿ ਜੇ ਮੈਂ ਤੇਰੇ ਆਵਾਂ ਤਾਂ ਕੀ ਦੇਵੇਂ ? ਤੇ ਜੇ ਤੂੰ ਮੇਰੇ ਆਵੇਂ ਤਾਂ ਕੀ ਲਿਆਵੇਂਗਾ ?

ਦੀਵਾਨ ਵਲੋਂ ਸੱਦੇ ਆਵਣ ਤੇ ਉੱਤਰ ਵਿਚ ਵੈਦ ਜੀ ਨੇ ੨-੪-੧੯੨੬ ਨੂੰ ਇਉਂ ਚਿਠੀ ਲਿਖੀ:—

"ਪਰਮ ਸਨਮਾਨ ਯੋਗ ਪੰਥ ਭੂਸ਼ਣ ਜੀ !

੨੭ ਮਾਰਚ ਤੇ ੧ ਅਪ੍ਰੈਲ ਦੇ ਪੱਤ੍ਰ ਪੁਜੇ,ਜਿਸ ਵਿਚ ਕਮੇਟੀ ਦਾ ਸੱਦਾ, ਚੰਦੇ ਦੀ ਮੰਗ, ਤੇ ਦਸਵੰਧ ਸੰਬੰਧੀ ਹੁਕਮ ਹੈ, ਦਾਸ ਪਹਿਲੇ ੩-੩-੧੯੨੬ ਨੂੰ ਇੱਕ ਬੇਨਤੀ ਪੱਤ੍ਰ ਦਵਾਰਾ ਲਿਖ ਚੁੱਕਾ ਹੈ, ਜੋ ਦਾਸ ਨੂੰ ਚੀ: ਖਾ: ਦੀ: ਦੀ ਬੱਝਵੀਂ ਸੇਵਾ ਤੋਂ ਛੁਟੀ ਬਖਸ਼ ਕੇ ਅਸਤੀਫਾ ਪ੍ਰਵਾਨ ਕੀਤਾ ਜਾਵੇ। ਇਹ ਬਹੁਤ ਸੋਚ ਵਿਚਾਰ ਸਮਝ ਕੇ ਬੇਨਤੀ ਕੀਤੀ ਸੀ। ਸੋ ਹਾਲਾਂ ਇਹ ਪੱਕ ਵਿਚਾਰ ਹਨ ਜੋ ਦਾਸ ਏਸ ਤਰ੍ਹਾਂ ਮੈਂਬਰ ਨਹੀਂ ਰਹੇਗਾ। ਤੇ ਉਂਵ ਆਗਿਆ ਪਾਲਕ ਦਾਸ ਹੁੰਦਾ ਹੋਇਆ ਤੇ ਹੋਸ਼ ਸੰਭਲਣ ਤੋਂ ਹੀ ਪੰਥ ਸੇਵਾ ਵਿਚ ਸਰ ਬਣ ਆਈ ਮੰਦੀ ਚੰਗੀ ਸੇਵਾ ਦਾ ਅਮਲੀ ਹੁੰਦਾ ਹੋਇਆ, ਸਦਾ ਸੇਵਾ ਵਾਸਤੇ ਹਾਜ਼ਰ ਹੈ। ਏਸ ਤਰ੍ਹਾਂ ਕਈ ਮੈਂਬਰ ਦਾਸ ਜੇਹੇ ਸ੍ਵਤੰਤਰ ਵਿਚਾਰਾਂ ਵਾਲੇ ਮੈਂਬਰ ਚੀ: ਖਾ: ਦੀ: ਵਿਚ ਵੇਖ ਕੇ ਪ੍ਰਸੰਨ ਨਹੀਂ ਸਨ, ਉਹ ਭੀ ਕਈ ਪ੍ਰਸੰਨ ਰਹਿਣਗੇ। ਸੋ ਇਹ ਅੰਤਮ ਬੇਨਤੀ ਹੈ ਜੋ ਸ੍ਰੀ ਮਾਨ ਜੀ ਨੂੰ ਮੈਂਬਰ ਸਮਝ ਕੇ ਪੱਤ੍ਰ ਭੇਜਣ ਦੀ ਲੋੜ ਨਹੀਂ।"

ਦਾਇਰੇ ਵਿਚੋਂ ਬਾਹਰ ਜਾਂਦਾ ਵੇਖ ਕੇ ਦੀਵਾਨ ਨੇ ਡੋਰ ਹੋਰ ਲੰਬੀ



Digitized by Panjab Digital Library | www.panjabdigilib.org

ਛੱਡੀ। ਵੈਦ ਜੀ ਦੀ ਪ੍ਰੇਰਨਾ ਲਈ ਇਕ ਵੈਦ ਜੀ ਦੇ ਪ੍ਰੇਮ ਹਿਤ ਰੱਖਣ ਵਾਲੇ ਪੰਥ ਦਰਦੀ ਨੂੰ ਨੀਯਤ ਕੀਤਾ। ਕੰਮ ਦੀ ਬਹੁਲਤਾ ਜਾਂ ਕਿਸੇ ਕਾਰਣ ਕਰਕੇ ਇਹ ਸੱਜਣ ਜੀ ਖੁਦ ਹਾਜ਼ਰ ਨਾ ਹੋ ਸਕੇ, ਤੇ ਆਪ ਨੇ ੧.੭.੨੬ ਨੂੰ ਵੈਦ ਜੀ ਵਲ ਇਉਂ ਪੱਤ੍ਰਕਾ ਲਿਖੀ:–

"ਪ੍ਰਮ ਕ੍ਰਿਪਾਲੂ ਜੀ!

ਆਪ ਜੀ ਵਲੋਂ ਦੀਵਾਨ ਦੀ ਮੈਂਬਰੀ ਤੋਂ ਅਸਤੀਫੇ ਦੇ ਸੰਬੰਧ ਵਿਚ ਚਿੱਠੀ ਪੱਤ੍ਰ ਦੀਵਾਨ ਦੀ ਕਾਰਜ ਸਾਧਕ ਕਮੇਟੀ ਵਿਚ ਪੜ੍ਹੇ ਗਏ ਸਨ, ਅਤੇ ਦੀਵਾਨ ਵਲੋਂ ਦਾਸ ਨੂੰ ਆਗਿਆ ਹੋਈ ਸੀ ਕਿ ਦਾਸ ਆਪ ਜੀ ਦੀ ਸੇਵਾ ਵਿਚ ਖੁਦ ਹਾਜ਼ਰ ਹੋ ਕੇ ਆਪ ਜੀ ਨੂੰ ਪੰਥਕ ਸੇਵਾ ਵਿਚ ਲੱਗੇ ਰਹਿਣ ਲਈ ਬੇਨਤੀ ਕਰੇ, ਪਰ ਕੁਝ ਕੁ ਜ਼ਰੂਰੀ ਕਾਰਨਾਂ ਕਰਕੇ ਅਤੇ ਬਾਹਰ ਜਾਣ ਕਰ ਕੇ ਦਾਸ ਆਪ ਜੀ ਪਾਸ ਹਾਜ਼ਰ ਨਹੀਂ ਹੋ ਸਕਿਆ, ਜਿਸ ਲਈ ਖਿਮਾਂ ਮੰਗਦਾ ਹਾਂ, ਤੇ ਹੁਣ ਇਸ ਬਿਨੈ ਪੱਤ੍ਰ ਦਵਾਰਾ ਆਪ ਜੀ ਪਾਸ ਸਨਿਮ੍ਰ ਬੇਨਤੀ ਕਰਦਾ ਹਾਂ ਕਿ ਦੀਵਾਨ ਆਪ ਜੈਸੇ ਉਘੇ ਪੰਥ ਸੇਵਕਾਂ ਨੂੰ Spare ਨਹੀਂ ਕਰ ਸਕਦਾ।(ਛਡ ਨਹੀਂ ਸਕਦਾ)। ਆਪ ਜੀ ਦੀ ਸੇਵਾ ਵਿਚ ਦੀਵਾਨ ਵਲੋਂ ਵੀ ਅੱਗੇ ਬਿਨੈ ਪੱਤ੍ਰ ਪੁੱਜੇ ਹਨ।ਦਾਸ ਇਸ ਬਿਨੈ ਪੱਤ੍ਰ ਦਵਾਰਾ ਪੂਰਨ ਆਸ ਰੱਖਦਾ ਹੈ ਕਿ ਆਪ ਕ੍ਰਿਪਾ ਪੂਰਬਕ ਦਾਸ ਦੀ ਇਸ ਬੇਨਤੀ ਨੂੰ ਜ਼ਰੂਰ ਪ੍ਰਵਾਨ ਕਰੋਗੇ। ਦਾਸ ਨੇ ਆਪਣੇ ਦਿਲੀ ਪਿਆਰ ਅਤੇ ਮਾਣ ਤੇ ਆਪ ਜੀ ਪਾਸ ਇਹ ਬਿਨੈ ਕੀਤੀ ਹੈ, ਆਸ ਹੈ ਕਿ ਆਪ ਧੰਨਵਾਦੀ ਬਨਾਓਗੇ ਜੀ!"

ਸ੍ਰੀ ਅੰਮ੍ਰਿਤਸਰ ਜੀ ਦਾਸ–ਦਰਸ਼ਨ ਅਭਿਲਾਖੀ
੧–੭–੨੬ ਹਜ਼ੂਰਾ ਸਿੰਘ ਠੇਕੇਦਾਰ, ਲੂਣ ਮੰਡੀ

ਜਿਸਦਾ ਉਤਰ ਵੈਦ ਜੀ ਨੇ ੫-੭-੨੬ ਨੂੰ ਇਸਤਰ੍ਹਾਂ ਲਿਖਿਆ:–

"ਸ੍ਰੀ ਮਾਨ ਪੰਥ ਰਤਨ ਪਰਮ ਕ੍ਰਿਪਾਲੂ ਅਤੇ ਦਿਆਲੂਸਰਦਾਰ ਸਾਹਿਬ ਜੀ!

ਹੁਕਮ ਨਾਮਾ ਸ੍ਰੀ ਮਾਨ ਜੀ ਦਾ ਪਹੁੰਚਾ! ਸ੍ਰੀ ਮਾਨ ਜੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਦਾਸ ਨੇ ਜਿੰਨਾਂ ਚਿਰ ਭੀ ਚੀ: ਖਾ: ਦੀ: ਦੀ ਛਤਰ ਛਾਯਾ ਹੇਠ ਸੇਵਾ ਕੀਤੀ ਹੈ ਬੇਅੰਤ ਅੰਦਰੂਨੀ ਬੇਰੂਨੀ ਅਯੋਗਤਾਈਆਂ ਦੇਖਦੇ



Digitized by Panjab Digital Library | www.panjabdigilib.org

ਹੋਏ ਭੀ ਜਦ ਕਦੇ ਯੋਗਤਾ ਹੋਈ ਅੰਤ੍ਰੰਗ ਕਮੇਟੀ ਵਿਚ ਹੀ ਬੇਨਤੀ ਕੀਤੀ। ਕਦੇ ਕਿਸੇ ਅਖਬਾਰ ਵਿਚ ਜਾਂ ੧੪ ਸਾਲ ਸੁਤੰਤ੍ਰ 'ਦੁਖ ਨਿਵਾਰਨ' ਹੱਥਾਂ ਵਿਚ ਹੁੰਦੇ ਹੋਏ ਭੀ ਕਦੇ ਇਸ਼ਾਰਾ ਤਕ ਵਿਰੋਧਤਾ ਜਾਂ ਕੋਈ ਭੇਦ ਪ੍ਰਗਟ ਨਹੀਂ ਕੀਤਾ। ਪ੍ਰੰਤੂ ਫੇਰ ਭੀ ਸ਼ਰੋਮਣੀ ਪ੍ਰਬੰਧਕਾਂ ਵਲੋਂ ਜੋ ਜੋ ਵਰਤਾਉ ਹੁੰਦਾ ਰਿਹਾ ਹੈ ਓਹ ਸ੍ਰੀ ਮਾਨ ਜੀ ਤੋਂ ਓਹਲੇ ਨਹੀਂ ਖਾਸ ਕਰ ਸ੍ਰੀ ਮਾਨ ਸਰਦਾਰ......ਜੀ ਦੀ ਵਰਤੋਂ ਮਾਸਟਰ......ਜੀ ਦੀ ਹਿਮੈਤ ਵੇਲੇ ਤੇ ਸ੍ਰੀ ਮਾਨ ਸਨਮਾਨ ਯੋਗ ਸ੍ਰ:......ਜੀ ਦਾ ਦਿੱਲੀ ਵਾਲਾ ਉਤ੍ਰ (ਜੇ ਤੁਹਾਡੀ ਮੰਨੀਂਦੀ ਨਹੀਂ ਤਾਂ ਤੁਸੀਂ ਅਸਤੀਫੇ ਦੇ ਕੇ ਲਾਂਹਭੇ ਹੋ ਜਾਵੋ)ਜੋ ਸ੍ਰੀ ਮਾਨ ਜੀ,ਸ੍ਰ:...... ਜੀ ਤੇ ਦਾਸ ਨੂੰ ਇਕੱਠਾ ਉਤ੍ਰ ਮਿਲਿਆ ਸੀ ਆਦਿ। ਅਜੇਹੇ ਕਈ ਕਾਰਨਾਂ ਤੋਂ ਇਹੋ ਚੰਗਾ ਪ੍ਰਤੀਤ ਹੁੰਦਾ ਹੈ ਜੋ ਬਰਾਇ ਨਾਮ ਮੈਂਬਰੀ ਤੋਂ ਅੱਡ ਹੀ ਰਿਹਾ ਜਾਵੇ ਤੇ ਉਂਜ ਜਦ ਭੀ ਜੋ ਸੇਵਾ ਹੋਵੇ ਦਾਸ ਬੇਉਜ਼ਰ ਵਿਤ ਅਨੁਸਾਰ ਕਰਨ ਵਾਸਤੇ ਤਿਆਰ ਹੈ। ਪਰ ਵਿਚਾਰ ਮੈਂਬਰੀ ਵਾਸਤੇ ਨਹੀਂ ਹਨ। ਇਹ ਸਪਸ਼ਟ ਤੇ ਸੰਛੇਪ ਬੇਨਤੀ ਹੈ। ਕੋਈ ਸੇਵਾ ਟਹਿਲ ਦਾਸ ਯੋਗ ਹੋਵੇ ਤਾਂ ਹੁਕਮ।"

ਪਰ ਏਥੇ ਤਾਂ ਸੀ 'ਤੂੰ ਮਾਨ ਨਾ ਮਾਨ ਮੈਂ ਤੇਰਾ ਜਜਮਾਨ' ਵਾਲੀ ਗੱਲ। ਦੀਵਾਨ ਦੇ ਸਕੱਤ੍ਰ ਜੀ ਨੇ ਫੇਰ ਖਤ ਤੇ ਖਤ ਭੇਜਣਾ ਜਾਰੀ ਰਖਿਆ। ਉਤਰ ਵਿਚ ੨੬ ਮਾਰਚ ੧੯੨੭ ਨੂੰ ਵੈਦ ਜੀ ਨੇ ਹੇਠ ਲਿਖਿਆ ਪੱਤ੍ਰ ਭੇਜਿਆ:—

"ਸ੍ਰੀ ਮਾਨ ਪੰਥ ਭੂਸ਼ਣ ਸਕੱਤ੍ਰ ਸਾਹਿਬ ਜੀ!

ਦਾਸ ਕਈ ਵਾਰ ਪਹਿਲੇ ਭੀ ਬੇਨਤੀ ਕਰ ਚੁੱਕਾ ਹੈ ਤੇ ਏਹ ਫੇਰ ਬੇਨਤੀ ਹੈ ਕਿ ਜਦ ਜੇਲ੍ਹ ਯਾਤ੍ਰਾ ਸਮੇਂ ਚੀ: ਖਾ: ਦੀ: ਦੇ ਪ੍ਰਬੰਧਕ ਗੁਰਦਵਾਰਾ ਲਹਿਰ ਤੋਂ ਨਿਰਲੇਪ ਰਹਿਣ ਦੇ ਵਿਚਾਰ ਨਾਲ ਸੇਵਕ ਜੇਹਾਂ ਨੂੰ ਓਸ ਸਮੇਂ ਆਪਣਾ ਮੈਂਬਰ ਭੀ ਨਹੀਂ ਸਮਝਦੇ। ਆਪਣੇ ਪਜਾਰ ਮੰਡਲ ਦੇ ਭੁੱਲੜਾਂ* ਨੂੰ ਸਿੱਧੇ ਰਸਤੇ ਲਿਆਵਨ ਦੀ ਬੇਨਤੀ ਵੱਲ ਭੀ ਧਯਾਨ ਨਹੀਂ ਕਰਦੇ। ਦਰਦੀਆਂ ਦੇ ਜੀਵਨ ਲੱਗਕੇ ਬਣੇ ਆਸ਼ਰਮਾਂ ਦੀ ਤਬਾਹੀ* ਨੂੰ ਮਿੱਤ੍ਰ ਮੰਡਲੀ



Digitized by Panjab Digital Library | www.panjabdigilib.org

ਦੇ ਕਰਤਵਾਂ ਅੱਗੇ ਤੁੱਛ ਸਮਝਕੇ ਪ੍ਰਵਾਹ ਭੀ ਨਹੀਂ ਕਰਦੇ ਤਦ ਅਜੇਹੀ ਦਸ਼ਾ ਵਿੱਚ ਦਾਸ ਮੈਂਬਰੀ ਦੀ ਸ਼ਕਲ ਵਿਚ ਨਾਲ ਰਹਿਕੇ ਸੇਵਾ ਨਹੀਂ ਕਰ ਸਕਦਾ। ਮੈਂਬਰ ਦੀ ਦਸ਼ਾ ਦੀ ਲਿਖਤ ਪੜ੍ਹਤ ਬੰਦ ਕਰ ਦੇਵਨ ਦੀ ਕ੍ਰਿਪਾ ਕਰਨੀ।"

---

*ਇਸ ਸੰਬੰਧੀ ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਆਸ਼ਰਮਾਂ ਦੇ ਪ੍ਰਬੰਧ ਦਾ ਨਮੂਨਾ ਦੱਸਣ ਲਈ, ਵੈਦ ਜੀ ਵਲੋਂ ਦੀਵਾਨ ਨੂੰ ਭੇਜੀਆਂ ਗਈਆਂ ਚਿੱਠੀਆਂ ਦੀਆਂ (ਵੈਦ ਜੀ ਹਸਤ ਲਿਖਤ-ਬੋਹਲ ਵਿੱਚੋਂ ਦਾਣੇ ਵਤ) ਕੇਵਲ ਦੋ ਨਕਲਾਂ ਹੇਠ ਦਰਜ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਤੇ ਕਿਸੇ ਟੀਕਾ ਟਿਪਣੀ ਦੀ ਲੋੜ ਪ੍ਰਤੀਤ ਨਹੀਂ ਹੁੰਦੀ।ਵੈਦ ਜੀ ਲਿਖਦੇ ਹਨ:—

(੧)"ਸ੍ਰੀ ਮਾਨ ਸਕੱਤ੍ਰ ਸਾਹਿਬ ਜੀ ਚੀ: ਖਾ: ਦੀ: ਸ੍ਰੀ ਅੰਮ੍ਰਿਤਸਰ ਜੀ!

੫ ਜੂਨ ਦੇ "ਖਾਲਸਾ" ਵਿੱਚ ਚੀ: ਖਾ: ਦੀਵਾਨ ਦੀ ੨੮ ਮਈ ਦੀ ਕਮੇਟੀ ਦੀ ਕਾਰਰਵਾਈ ਪੜ੍ਹਕੇ ਏਹ ਗੱਲ ਤਾਂ ਸ਼ੁਕਰ ਵਾਲੀ ਹੈ ਕਿ ਦੀਵਾਨ ਦੀ ਕਾਰਰਵਾਈ ਵੀ ਪਬਲਕ ਵਿੱਚ ਪ੍ਰਕਾਸ਼ਤ ਹੋਣ ਲੱਗੀ ਹੈ ਪਰ ਸ਼ਾਇਦ ਇਹ (੩ ਅ) ਵਾਸਤੇ ਹੀ ਲੋੜ ਪਈ ਹੋਵੇ। ਅੱਜ ਕੱਲ ਦੀਵਾਨ ਸੰਬੰਧੀ ਪੰਥ ਵਿੱਚ ਜੋ ਚਰਚਾ ਹੋ ਰਹੀ ਹੈ, ਏਸ ਨੂੰ ਸਾਹਮਣੇ ਰੱਖ ਕੇ ਦਾਸ ਅਖਬਾਰਾਂ ਵਿੱਚ ਲਿਖਣ ਦੀ ਥਾਂ ਮੁੜ ਸ੍ਰੀ ਮਾਨ ਜੀ ਦਾ ਧਿਆਨ ਹੀ ਏਸ ਪਾਸੇ ਦਵਾਂਦਾ ਹੈ ਕਿ ਜੋ ਖਾਸ ਨੋਟ ਮਾਸਟਰ ਜੀ (ਮੈਨੇਜਰ ਖਾ: ਪ੍ਰ: ਵਿ: ਤਰਨ ਤਾਰਨ) ਤੋਂ ਪਤਾ ਕਰਨ ਵਾਸਤੇ ਕਮੇਟੀ ਦੀ ਕਾਰਰਵਾਈ ਵਿੱਚ ਦਰਜ ਹੋਏ ਸਨ, ਓਹ ਏਸ ਕਾਰਰਵਾਈ ਵਿੱਚ ਪ੍ਰਕਾਸ਼ਤ ਨਹੀਂ ਹੋਏ, ਸੋ ਖੈਰ!ਅਗਲੀ ਕਮੇਟੀ ਵਿੱਚ ਏਨ੍ਹਾਂ ਬਾਤਾਂ ਦੀ ਸਫਾਈ ਹੋ ਜਾਣੀ ਚਾਹੀਦੀ ਹੈ। ਦਾਸ ਵਲੋਂ ੧੯੧੦ ਤੋਂ ਲੈਕੇ ਅੱਜ ਤੱਕ ਖਾ: ਪ੍ਰ: ਵਿ: ਵਿਚ ਹਨੇਰ ਖਾਤਾ ਦੇਖ ਕੇ ਕਈ ਵਾਰੀ ਮਾਸਟਰ ਜੀ ਦਾ ਧਿਆਨ ਏਸ ਪਾਸੇ ਦਵਾਯਾ ਗਿਆ, ਪਰ ਆਪ ਹੁਦਰੀਆਂ ਤੇ ਪੰਥਕ ਹਾਨੀ ਦੇ ਸਾਧਨ, ਵਾਧੇ ਵਿੱਚ ਹੀ ਹੁੰਦੇ ਦੇਖ ਤੇ ਏਹ ਵਿਚਾਰ ਕਿ ਇੱਕ ਯੋਗ ਸੱਜਣ ਆਪ ਹੁਦਰੀਆਂ ਵਿੱਚ ਪੈ ਕਰਤੱਵਜ ਤੋਂ ਉਲਟ ਤੇ ਅਪ੍ਰਗਟ ਪੰਥ



Digitized by Panjab Digital Library | www.panjabdigilib.org

ਵਾਸਤੇ ਹਾਨੀ ਦਾ ਕਾਰਣ ਬਣ ਰਿਹਾ ਹੈ, ਏਹ ਹਾਲ ਕਮੇਟੀ ਵਿੱਚ ਪ੍ਰਗਟ ਕਰਨੇ ਪਏ, ਤੇ ਸ੍ਰੀ ਮਾਨ ਸ੍ਰਦਾਰ ......... ਸਿੰਘ ਜੀ ਦਾ ਅਜੇਹਾ ਗੁੱਸਾ ਵੇਖਯਾ ਜੋ ਅੱਜ ਤੱਕ ਕਦੇ ਸੁਫਨੇ ਵਿੱਚ ਵੀ ਖਿਆਲ ਨਹੀਂ ਹੋ ਸਕਦਾ ਸੀ। ਦਾਸ ਅਜੇ ਭੀ ਅਖਬਾਰਾਂ ਵਿਚ ਇਹ ਕੁਝ ਪ੍ਰਗਟ ਕਰਨ ਤੋਂ ਸੰਕੋਚ ਰੱਖਦਾ ਹੋਯਾ ਪ੍ਰਾਰਥਕ ਹੈ ਕਿ ਜੇ ਅਜੇ ਭੀ, ਖਾ: ਪ੍ਰ: ਵਿ: ਵਿੱਚ ਹੋ ਰਹੇ ਹਨੇਰ-ਖਾਤੇ ਦੇ ਪਾਸੇ ਧਿਆਨ ਨਾ ਦਿੱਤਾ ਗਿਆ, ਤਦ ਨਤੀਜਾ ਬਹੁਤ ਭੈੜਾ ਨਿਕਲੇਗਾ ਤੇ ਸੱਚ ਮੁੱਚ ਕੌਮ ਨੂੰ ਆਪ ਹੁਦਰੇ, ਅਤੇ ਆਪ ਨੂੰ ਹੀ ਮਾਲਕ ਸਮਝ ਬੈਠਣ ਵਾਲੇ ਆਨਰੇਰੀ ਸੇਵਕਾਂ ਤੋਂ ਬਚਨ ਵਾਸਤੇ ਛੇਤੀ ਹੁਸ਼ਯਾਰ ਹੋਣਾ ਪਵੇਗਾ। ਆਪ ਵਲੋਂ ਖਾਸ ਪ੍ਰੇਮੀਆਂ ਦੀ ਸ਼ੁਭ ਚਿਤਵਨਾਂ ਤੇ ਅਯੋਗ ਕਰਨੀਆਂ ਤੇ ਪਰਦਾ ਪਾਵਨ ਵਾਸਤੇ ਯੋਗ ਉਪ੍ਰਾਲੇ ਤਾਂ ਭਾਵੇਂ ਕੀਤੇ ਜਾਵਨ, ਪਰ ਨਿਰੇ ਰੋਹ ਵਿੱਚ ਭਰਕੇ ਜਾਂ ਅਯੋਗ ਕਾਰਿਆਂ ਨੂੰ ਸੁਧਾਰਨ ਵੱਲ ਧਿਆਨ ਦੇਵਣ ਦੀ ਥਾਂ ਦਬਾਈ ਜਾਣ ਦੇ ਸਾਧਨ ਅੰਤ ਤੱਕ ਸਫਲ ਨਹੀਂ ਹੋ ਸਕਦੇ। ਦਾਸ ਨੇ ਜੋ ਬੇਨਤੀਆਂ ਕੀਤੀਆਂ ਸਨ, ਉਨ੍ਹਾਂ ਦੇ ਤਸੱਲੀ ਬਖਸ਼ ਉਤਰ ਜੇ ਤਾਂ ਉਹੋ ਹੀ ਸਨ ਜੋ ਮਾਸਟਰ ਜੀ ਨੇ ਸ੍ਰੀ ਗੁਰੂ ਜੀ ਦੀ ਹਜ਼ੂਰੀ ਵਿੱਚ ਦੱਸੇ ਸਨ, (ਦਾਸ ਤੇ ਕਮੇਟੀ ਦੇ ਹੋਰ ਭੀ ਕੁਝ ਮੈਂਬਰਾਂ ਨੇ ਦੇਖ ਭਾਲ ਕਰਨ ਵੱਲ ਧਿਆਨ ਦਵਾਯਾ ਸੀ ਜੋ ਮਾਸਟਰ ਜੀ ਦੇ ਸੱਚ ਝੂਠ ਦੀ ਪਰਖ ਹੋ ਸਕੇ, ਸਗੋਂ ਪੰਥ ਦਰਦੀ ਸ੍ਰੀ ਮਾਨ ਸ੍ਰਦਾਰ ਸ਼ਿਵਦੇਵ ਸਿੰਘ ਸਾਹਿਬ ਜੀ ਪ੍ਰਧਾਨ ਚੀ: ਖਾ: ਦੀ: ਨੇ ਤਾਂ ਵੇਰਵੇ ਵਾਰ ਸਾਰੇ ਨੋਟ (੩ ਅ) ਵਿੱਚ ਕਰਨ ਨੂੰ ਭੀ ਕਿਹਾ ਸੀ) ਬਿਨਾਂ ਪੜਤਾਲ ਹੀ ਤਸਦੀਕ ਹਨ ਤਾਂ ਵਾਹਵਾ ਆਸ਼ਰਮਾਂ ਦੇ ਭਾਗ ! ਨਹੀਂ ਤੇ ਕਮੇਟੀ ਦੀ ਇੱਛਾ ਅਨੁਸਾਰ ਔਂਦੀ ਕਮੇਟੀ ਦੇ ਸਮਾਗਮ ਵਿੱਚ ਇਹ ਪ੍ਰਗਟ ਹੋ ਜਾਣੇ ਚਾਹੀਦੇ ਹਨ:-

੧. ਮਿੰਟਗੁਮਰੀ ਦੇ ਇਲਾਕੇ ਵਲੋਂ ਜੋ ਗਊਆਂ ਖਾ: ਪ੍ਰ: ਵਿ: ਵਾਸਤੇ ਦਾਨ ਹੋਈਆਂ ਤੇ ਮਾਸਟਰ ਜੀ (ਮੈਨੇਜਰ) ਨੇ ਜੋ ਵੇਚੀਆਂ ਵੱਟੀਆਂ ਉਨ੍ਹਾਂ ਦੀ ਰਕਮ ਅੱਜ ਤਕ ਬਜਟ ਵਿੱਚ ਕਿੱਥੇ ਪ੍ਰਗਟ ਕੀਤੀ ਗਈ ਹੈ ਤੇ ਬਾਕੀ ਗਊਆਂ ਕਿੱਥੇ ਹਨ ?



Digitized by Panjab Digital Library | www.panjabdigilib.org

੨. ਖਾ: ਪ੍ਰ: ਵਿਦਯਾਲਾ ਵਲੋਂ ਜੋ ਧਾਰਮਕ ਰੀਡਰਾਂ ਪ੍ਰਕਾਸ਼ਤ ਹੁੰਦੀਆਂ ਹਨ, ਉਨ੍ਹਾਂ ਦਾ ਲੇਖਾ ਬਜਟ ਵਿੱਚ ਕਿਉਂ ਨਹੀਂ ਆਯਾ ?

੩. ਖਾ: ਟ੍ਰੈ: ਸੁ: ਦੀ ਏਜੰਸੀ ਜੋ ਖਾ: ਪ੍ਰ: ਵਿ: ਪਾਸ ਹੈ ਓਸ ਦੀ ਆਮਦਨ ਬਜਟ ਦੇ ਕੇਹੜੇ ਖਾਤੇ ਵਿੱਚ ਦੱਸੀ ਹੈ ?

੪. ਖਾ: ਪ੍ਰ: ਵਿ: ਵਲੋਂ ਜੋ ਕੰਮ ਬੈਗ-ਲਫਾਫੇ-ਜਿਲਦਾਂ-ਬਾਲਟੀਆਂ ਆਦਿ ਦੇ ਬਣ ਰਹੇ ਤੇ ਬਣਦੇ ਰਹੇ ਹਨ, ਓਨ੍ਹਾਂ ਦੀ ਆਮਦਨ ਬਜਟ ਵਿੱਚ ਕਿਉਂ ਸ਼ਾਮਲ ਨਹੀਂ ਹੈ।?

੫. ਖੱਡੀਆਂ ਜੋ ਚੋਖੇ ਚਿਰ ਤੋਂ ਖਾ: ਪ੍ਰ: ਵਿ: ਵਿੱਚ ਨਿੱਜ ਦੇ ਤੌਰ ਤੇ ਚਲਦੀਆਂ ਸਨ ਤੇ ਉਹ ਹੁਣ ਵਿ: ਖਾਤੇ ਘਾਟੇ ਵੰਦੀਆਂ ਪਾ ਲਈਆਂ ਹਨ, ਬਜਟ ਵਿੱਚ ਕਿਉਂ ਨਹੀਂ ਵਖਾਈਆਂ ? ਤੇ ਉਨ੍ਹਾਂ ਦੀ ਰਕਮ ਕੇਹੜੀ ਮੱਦ ਵਿੱਚੋਂ ਖਰਚ ਹੋ ਰਹੀ ਹੈ ?

੬. ੧੯੧੦ ਤੋਂ ਅੱਜ ਤੱਕ ਦੇ ਹਿਸਾਬ ਕਿਉਂ ਆਡਿਟ ਨਹੀਂ ਕਰਵਾਏ ਗਏ ? ਕਈ ਵਾਰੀ ਆਡੀਟਰ ਨੀਯਤ ਹੋਵਨ ਪਰ ਭੀ ਕਿਉਂ ਟਾਲਮ ਟੋਲਾ ਕਰਦੇ ਹਨ ?

੭. ਕੀ ਕੋਈ ਹਿਸਾਬ, ਕੋਈ ਨਵੇਂ ਪੁਰਾਣੇ ਕੰਮ, ਖਰਚ ਖਰਚਾ ਵਗੈਰਾ ਕਿਸੇ ਕਮੇਟੀ ਜਾਂ ਮੈਂਬਰ ਇੰਨਚਾਰਜ ਵੱਲੋਂ ਤਸਦੀਕ ਹੋਏ ਹਨ ? ਜਾਂ ਦੀਵਾਨ ਵਲੋਂ ਕੋਈ ਗੁਪਤ ਪ੍ਰਗਟ ਪ੍ਰਵਾਨਗੀ ਲਈ ਹੈ ?

੮. ਹਸਪਤਾਲ ਵਾਲੀ ਜ਼ਮੀਨ ਚੀ: ਖਾ: ਦੀ: ਦੇ ਨਾਮ ਰਜਿਸਟਰੀ ਕਰਵਾ ਦਿੱਤੀ ਜਾਵੇ।

੯. ਜੋ ਸੇਵਕ ਜੱਥਾ ਹੁਣ ਦੱਸਿਆ ਗਿਆ ਹੈ, ਏਹ ਕਦ ਤੋਂ ਕਿਸ ਦੀ ਪ੍ਰਵਾਨਗੀ ਨਾਲ ਬਣਿਆਂ ? ਆਦਿਕ। (ਉਪ੍ਰੰਤ ਹੋਰ ਭੀ ਕੁਝ ਗੱਬਰ ਰਕਮਾਂ ਦੱਸੀਆਂ ਜਾਵਣਗੀਆਂ)।" ੫.੬-੧੯੨੨

( ੨ )

"ਸ੍ਰੀ ਮਾਨ ਸਕੱਤ੍ਰ ਸਾਹਿਬ ਜੋ ਚੀ: ਖਾ: ਦੀਵਾਨ (ਸ੍ਰੀ ਅੰਮ੍ਰਿਤਸਰ ਜੀ)

ਬੇਨਤੀ ਹੈ ਕਿ ੬ ਤੇ ੭ ਅਪ੍ਰੈਲ ੧੯੨੩ ਨੂੰ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ



Digitized by Panjab Digital Library | www.panjabdigilib.org

ਦੇ ਅਵਤਾਰ ਧਾਰਨ ਦੇ ਦਿਨ ਸਨ । ਸ੍ਰੀ ਤਰਨ ਤਾਰਨ ਸਾਹਿਬ ਪੰਜਵੇਂ ਸਤਿਗੁਰੂ ਜੀ ਦਾ ਹੀ ਸਾਜਯਾ ਹੋਵਨ ਤੇ ਏਥੇ ਕੁਝ ਵਰਿਹਾਂ ਤੋਂ ਇਹ ਗੁਰ-ਪੂਰਬ ਸ੍ਰੀ ਗੁਰੂ ਸਿੰਘ ਸਭਾ ਵਲੋਂ ਮਨਾਯਾ ਜਾਂਦਾ ਹੈ, ਜੋ ਏਸ ਵਾਰੀ ਭੀ ਚੰਗੀ ਰੌਣਕ ਨਾਲ ਮਨਾਯਾ ਗਿਆ । ਏਸ ਸਮੇਂ ਤੇ ਨਗਰ ਕੀਰਤਨ ਦੇ ਦਿਨ ਵਾਸਤੇ ਪਹਿਲੋਂ ਹੀ ਮੈਨੇਜਰ ਖਾ: ਪ੍ਰ: ਵਿ: (ਚੀ: ਖਾ: ਦੀ:)ਸ੍ਰੀ ਤਰਨ ਤਾਰਨ ਨੂੰ ਆਪਣੇ ਜੱਥੇ, ਨਗਰ ਕੀਰਤਨ, ਦੀਵਾਨਾਂ ਵਿੱਚ ਪ੍ਰਚਾਰ ਤੇ ਕੀਰ-ਤਨ ਕਰਨ ਵਾਸਤੇ ਦਰਸ਼ਨ ਦੇਵਨ ਨੂੰ ਬੇਨਤੀ ਪੱਤ੍ਰ ਭੇਜਯਾ ਗਿਆ, ਪਰ ਮੈਨੇਜਰ ਸਾਹਿਬ ਨੇ (ਅਸਲ ਵਿੱਚ ਆਸ਼ਰਮ ਦੇ ਕੁੱਲ ਕੁਲੀ ਮਾਲਕ ਆਪਣੇ ਨੂੰ ਸਮਝਣ ਵਾਲੇ ਤੇ ਆਸ਼ਰਮ ਨੂੰ ਜੱਫਾ ਮਾਰੀ ਬੈਠੇ ਤੇ ਲੋਕਾਂ ਨੂੰ ਆਪਣੀ ਅਲਾਹਦਗੀ ਦੱਸਣ ਵਾਲੇ ਪੁਰਾਣੇ ਮੈਨੇਜਰ ਸਾਹਿਬ ਨੇ) ਡਾਢਾ ਰੁੱਖਾ ਤੇ ਸੁੱਕਾ ਜਵਾਬ ਦਿੱਤਾ ।......ਸਾਰੇ ਵਿਦਯਾਰਥੀ ਤੇ ਸਾਰਾ ਸਟਾਫ ਏਥੇ ਹੀ ਸੀ ਸਗੋਂ ਬਹੁਤ ਸਾਰੇ ਵਿਦਯਾਰਥੀ ਨਗਰ-ਕੀਰਤਨ ਸਮੇਂ ਤਮਾਸ਼ਬੀਨਾਂ ਦੀ ਤਰ੍ਹਾਂ ਬਾਜ਼ਾਰਾਂ ਵਿੱਚ ਫਿਰਦੇ ਵੇਖੇ ਗਏ । ਸ੍ਰੀ ਮਾਨ ਜੀ ! ਏਹ ਦਸ਼ਾ ਤੇ ਵਰਤੋਂ ਹੈ ਆਪ ਦੇ ਏਥੋਂ ਦੇ ਪ੍ਰਚਾਰਕ ਆਸ਼੍ਰਮ ਦੀ । ਜੇ ਸਚਾਈ ਤੇ ਇਨਸਾਫ ਨਾਲ ਏਥੋਂ ਦੀ ਦਸ਼ਾ ਵੇਖੀ ਜਾਵੇ ਤਾਂ ਡਾਢੇ ਅਚਰਜ ਰੰਗ ਪ੍ਰਤੀਤ ਹੋਵਣਗੇ । ਹਾਲਾਂ ਅਸੀਂ ਏਸ ਮਾਮਲੇ ਨੂੰ ਕੇਵਲ ਸ੍ਰੀ ਮਾਨ ਜੀ ਦੀ ਦ੍ਰਿਸ਼ਟੀ ਗੋਚਰ ਹੀ ਕਰਦੇ ਹਾਂ ਜੋ ਏਸ ਸੰਬੰਧੀ ਆਪ ਹੁਦਰੇ ਮੈਨੇਜਰ ਤੋਂ ਪੁੱਛ ਪੜਤਾਲ ਕਰਕੇ ਯੋਗ ਤਾੜਨਾਂ ਕਰੋ ਜੋ ਏਹੋ ਜੇਹੀਆਂ ਕਰਤੂਤਾਂ ਨਾਲ ਸਾਰੇ ਸ਼ਹਿਰ ਤੇ ਇਲਾਕੇ ਵਿੱਚ ਡਾਢੀ ਚਰਚਾ ਹੋ ਰਹੀ ਹੈ ।"

ਇਨ੍ਹਾਂ ਪੱਤ੍ਰਕਾਂ ਉੱਤੇ ਕਿਸੇ ਹਾਸ਼ੀਆ ਆਰਾਈ ਦੀ ਲੋੜ ਨਹੀਂ । ਸਾਫ ਪ੍ਰਗਟ ਹੈ ਕਿ ਆਪ ਦੇ ਸਮੇਂ ਨਾਲ ਬਦਲਵੇਂ ਸੁਤੰਤਰ ਖਿਆਲ ਦੀਵਾਨ ਦੇ ਪਿਛਾਂ ਖਿਚੂ ਮੈਂਬਰਾਂ ਨੂੰ ਨਹੀਂ ਸਨ ਭਾਉਂਦੇ । ਇਸ ਲਈ ਭਾਵੇਂ ਆਪ ਜੀ ਦੇ ਦਿਲ ਵਿਚ ਦੀਵਾਨ ਲਈ ਹਰ ਤਰ੍ਹਾਂ ਦੀ ਸੇਵਾ ਕਰਨ ਦਾ ਚਾਉ ਸੀ ਪਰ ਅਲੱਗ ਹੋ ਕੇ ਰਹਿਣਾ ਹੀ ਅੱਛਾ ਜਾਤਾ । ਪਰ ਰਹੇ ਫੇਰ ਭੀ ਦੀਵਾਨ ਦੇ ਸਦਾ ਸ਼ੁਭ ਚਿੰਤਕ ਹੀ !



Digitized by Panjab Digital Library | www.panjabdigilib.org

# ੧੯੨੬ ਦੀਆਂ ਘਟਨਾਵਾਂ

੯ ਜਨਵਰੀ—ਪੰਜਾਬ ਕੌਂਸਲ ਦੇ ਸਿੱਖਾਂ ਨੇ ਫੈਸਲਾ ਕੀਤਾ ਕਿ ਜਿੱਨਾ ਚਿਰ ਸਰਕਾਰ ਸਾਰੇ ਗੁਰਦਵਾਰਾ ਲਹਿਰ ਦੇ ਕੈਦੀ ਨਹੀਂ ਛੱਡੇਗੀ ਸਿੱਖ ਵਜ਼ੀਰੀ ਨਹੀਂ ਪ੍ਰਵਾਨ ਕਰਨਗੇ।

੧੪ ਜਨਵਰੀ—ਸਰਦਾਰ ਜੋਗਿੰਦਰਾ ਸਿੰਘ ਨੂੰ ਖੇਤੀ ਬਾੜੀ ਦਾ ਵਜ਼ੀਰ (ਮਨਿਸਟਰ) ਬਣਾਯਾ ਗਿਆ।

੨੦ ਜਨਵਰੀ—ਬਬਰ ਅਕਾਲੀਆਂ ਦਾ ਹਾਈ ਕੋਰਟ ਵਿਚ ਫੈਸਲਾ ਹੋਇਆ। ਕੁਝ ਹੋਰ ਛਡੇ ਤੇ ੪੨ ਦੀਆਂ ਸਜ਼ਾਵਾਂ ਬਹਾਲ ਰਖੀਆਂ।

੨੫ ਜਨਵਰੀ—ਅਕਾਲੀ ਲੀਡਰ ਲਾਹੌਰ ਕਿਲੇ ਵਿਚੋਂ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਥੇ ਦੇ ਰਿਹਾ ਕੀਤੇ ਗਏ। ਇਹ ਕਹਿਣ ਤੇ ਕਿ ਉਹ 'ਗੁਰਦਵਾਰਾ ਐਕਟ ਨੂੰ ਵਰਤੋਂ ਵਿਚ ਲਿਆਉਣਗੇ।'

੧੭ ਜੁਲਾਈ—ਸ੍ਰ: ਤੇਜਾ ਸਿੰਘ ਜੀ ਸਮੁੰਦਰੀ ਲਾਹੌਰ ਕਿਲੇ ਵਿਚ ਹੀ ਸ਼ਹੀਦੀ ਪਾ ਗਏ।

੪ ਸਤੰਬਰ—ਗੁਰਦਵਾਰਾ ਕਾਨੂੰਨ ਅਨੁਸਾਰ ਚੁਣੇ ਹੋਏ ਸੰਟਰਲ ਬੋਰਡ (ਸ਼ਰੋਮਣੀ ਕਮੇਟੀ) ਦੇ ਮੈਂਬਰਾਂ ਦੀ ਇਕਤ੍ਰਤਾ ਟਾਊਨ ਹਾਲ ਅੰਮ੍ਰਿਤਸਰ ਹੋਈ ਅਤੇ ੧੪ ਮੈਂਬਰ ਨਾਮਜ਼ਦ ਕੀਤੇ ਗਏ।

੧੩ ਸਤੰਬਰ—ਪੰਜਾਬ ਸਰਕਾਰ ਨੇ ਸ਼ਰੋਮਣੀ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਨੂੰ ਬਾਗੀ ਕਰਾਰ ਦੇਣ ਵਾਲਾ ਐਲਾਨ ਵਾਪਸ ਲਿਆ।

੨੭ ਸਤੰਬਰ—ਸ਼ਰੋਮਣੀ ਕਮੇਟੀ ਦੇ ਪਹਿਲੇ ਜੱਥੇ ਦੇ ਮੈਂਬਰ ਭੀ ਲਾਹੌਰ ਕਿਲੇ ਵਿਚੋਂ ਰਿਹਾ ਕੀਤੇ ਗਏ।

੨ ਅਕਤੂਬਰ—ਨੂੰ ਸੰਟਰਲ ਬੋਰਡ ਦੀ ਪਹਿਲੀ ਇਕੱਤ੍ਰਤਾ ਹੋਈ ਤੇ ਅਹੁਦੇਦਾਰਾਂ ਦੀ ਚੋਣ ਹੋਈ ਤੇ ਸੰਟਰਲ ਬੋਰਡ ਦਾ ਨਾਉਂ ਸ਼ਰੋਮਣੀ ਗੁ: ਪ੍ਰ: ਕਮੇਟੀ ਰੱਖਣ ਦਾ ਮਤਾ ਪਾਸ ਹੋਇਆ ਜੋ ੧੭ਜਨਵਰੀ ੧੯੨੭ ਨੂੰ ਸ੍ਰਕਾਰ ਨੇ ਪ੍ਰਵਾਨ ਕੀਤਾ।

੧੭ ਨਵੰਬਰ—ਪਿਛਲੀ ਸ਼ਰੋਮਣੀ ਕਮੇਟੀ ਨੇ ਚਾਰਜ ਦੇਣਾ ਸ਼ੁਰੂ ਕੀਤਾ ਜੋ ੪ ਦਸੰਬਰ ਨੂੰ ਖਤਮ ਹੋਇਆ।



Digitized by Panjab Digital Library | www.panjabdigilib.org

"ਭਾਈ ਮੋਹਨ ਸਿੰਘ ਜੀ ਵੈਦ ਏਕ ਬੜੇ ਲਾਇਕ, ਧਰਮਾਤਮਾ ਵੈਦਯ ਕੇ ਸਪੁਤ੍ਰ ਥੇ। ਮੁਝੇ ਇਨ ਕੇ ਪਿਤਾ ਜੀ ਕੇ ਦਰਸ਼ਨੋਂ ਕਾ ਭੀ ਸੋਭਾਗਯ ਹੂਆ ਥਾ। ਭਾਈ ਜੀ ਨੇ ਅਪਨੇ ਪਿਤਾ ਕੇ ਨਕਸ਼ੇ ਕਦਮ ਪਰ ਚਲਤੇ ਹੂਏ ਹਿਕਮਤ ਮੇਂ ਬਹੁਤ ਕਮਾਲ ਹਾਸਲ ਕੀਆ। ਦੂਰ ਦਰਾਜ਼ ਸੇ ਲੋਗ ਇਲਾਜ ਕਰਵਾਨੇ ਕੇ ਲੀਏ ਇਨ ਕੇ ਪਾਸ ਆਇਆ ਕਰਤੇ ਥੇ। ਤਰਨ ਤਾਰਨ ਨਿਵਾਸੀਓਂ ਕਾ ਇਲਾਜ ਮੁਆਲਜਾ ਮੁਫਤ ਕੀਆ ਕਰਤੇ ਥੇ। ਇਨ ਕੋ ਮੁਤਾਲਿਆ ਕਾ ਬੜਾ ਸ਼ੌਕ ਥਾ। ਅੰਗ੍ਰੇਜ਼ੀ, ਉਰਦੂ, ਹਿੰਦੀ, ਗੁਰਮੁਖੀ ਜਾਨਤੇ ਥੇ। ਲੇਕਨ ਗੁਰਮੁਖੀ ਕੋ ਬਹੁਤ ਪਿਆਰ ਕੀਆ ਕਰਤੇ ਥੇ। ਆਮ ਤੌਰ ਪਰ ਗੁਰਮੁਖੀ ਮੇਂ ਹੀ ਖਤੋ ਕਤਾਬਤ ਕੀਆ ਕਰਤੇ ਥੇ। ਵੈਦ ਜੀ ਖਾਮੋਸ਼ ਠੋਸ ਕਾਮ ਕਰਨੇ ਵਾਲੇ ਥੇ। ਆਪ ਸ਼ੁਹਰਤ ਕੇ ਭੂਖੇ ਨਹੀਂ ਥੇ। ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਆਪ ਕੀ ਕੋਸ਼ਸ਼ੋਂ ਕਾ ਨਤੀਜਾ ਹੈ। ਗੁਰਦਵਾਰੋਂ ਕੀ ਇਸਲਾਹ ਮੇਂ ਭੀ ਆਪ ਨੇ ਖਾਸ ਹਿੱਸਾ ਲੀਆ। ਇਸ ਸੰਬੰਧ ਮੇਂ ਕੁਛ ਅਰਸਾ ਜੇਹਲ ਮੇਂ ਰਹੇ। ਔਰ ਕਈ ਕਿਸਮ ਕੇ ਕਸ਼ਟ ਸਹੇ। ਮਿਉਂਨਸਿਪਲ ਕਮੇਟੀ ਕੇ ਦੇਰੀਨਾ ਮੈਂਬਰ ਥੇ। ਕਸਬਾ ਕੀ ਸਫਾਈ, ਤਾਲੀਮ ਵ ਰਫਾਏ ਆਮ ਕੀ ਬਹਬੂਦੀ ਕੇ ਲੀਏ ਹਰ ਵਕਤ ਬਹੁਤ ਕੋਸ਼ਾਂ ਰਹਿਤੇ ਥੇ। ਪੁਤ੍ਰੀ ਪਾਠਸ਼ਾਲਾ ਵ ਦੀਗਰ ਕਾਮੋਂ ਮੇਂ ਬੜੀ ਦਿਲਚਸਪੀ ਲੀਆ ਕਰਤੇ ਥੇ। ਤਰਨ ਤਾਰਨ ਕੇ ਰੂਹੇ ਰਵਾਂ ਔਰ ਕਾਬਲੇ ਫ਼ਖ਼ਰ ਨੇਤਾ ਥੇ। ਗ਼ਰੀਬੋਂ ਕੀ ਮਦਦ ਕਰਨੇ ਵਾਲੇ ਪੱਕੇ ਦੇਸ਼ ਹਿਤੈਸ਼ੀ ਥੇ। ਬੱਚਾ ਬੱਚਾ ਉਨਕੋ ਪਿਆਰ ਕਰਤਾ ਥਾ।"

(ਲਾਲਾ ਬੂਆ ਦਾਸ ਜੀ ਸੈਕ੍ਰੇਟਰੀ ਮਯੁਨਸਪਲ ਕਮੇਟੀ
ਖਾਨੇਵਾਲ (ਮੁਲਤਾਨ)

---



Digitized by Panjab Digital Library | www.panjabdigilib.org

# ੧੯੨੭

## ਮਨੁੱਖ ਜਨਮ

"ਵੋ ਬੜੇ ਹੀ ਕਰਤੱਵਜ ਸ਼ੀਲ, ਦਾਨਸ਼ੀਲ, ਵੈਦਿਕ ਵਿਸ਼ੇ ਕੇ ਗੰਭੀਰ ਵਿਦਵਾਨ ਹੋਤੇ ਹੂਏ ਭੀ ਵੇਦਾਂਤ ਆਦਿ ਦੂਸਰੇ ਵਿਸ਼ਯੋਂ ਕੇ ਭੀ ਵੈਸੇ ਹੀ ਵਿੱਦਵਾਨ ਥੇ। ਆਯੁਰਵੇਦ ਮੇ ਉਨੋ ਪੰਜਾਬੀ ਭਾਸ਼ਾ ਔਰ ਗੁਰਮੁਖੀ ਅਖਸ਼ਰੋਂ ਮੇਂ ਜੋ ਬਹੁਤ ਸਾ ਸਾਹਿਤਯ ਲਿਖਾ ਹੈ ਵੁਹ ਪੰਜਾਬੀਓਂ ਕੇ ਬੜੇ ਹੀ ਕਾਮ ਕਾ ਹੈ। ਵੋ ਵਰਤਮਾਨ ਸੱਭਯਤਾ ਕੇ ਭੀ ਵਿਸ਼ੇ ਕੇ ਲੇਖਕ ਔਰ ਗਯਾਤਾ ਥੇ।"

(ਸਵਾਮੀ ਕੇਸ਼ਵਾਨੰਦ, ਸਾਹਿਤਯ ਸਦਨ, ਅਬੋਹਰ)

ਸੂਰਮਾ ਨ ਦਾਨੀ ਨਾ ਹੀ ਭਗਤੀ ਹਰੀ ਕੀ ਠਾਨੀ,  
ਦੀਨਨ ਪੈ ਦਯਾ ਨਾ ਕਮਾਨੀ ਕਬੂੰ ਰੰਚ ਭਰ।  
ਟੱਬਰ ਨ ਪਾਲਿਆ ਸੰਭਾਲਿਆ ਨ ਮਾਈ ਬਾਪ,  
ਵਿਦਿਆ ਨ ਪਾਈ ਨਾ ਹੀ ਦੌਲਤ ਕਮਾਈ ਵਰ।  
ਯੱਸ ਸੁਖ ਸੰਪਦਾ ਵਧਾਈ ਨ ਵਡਾਈ ਪਾਈ,  
ਮਿਤ੍ਰਨ ਕੇ ਸੰਗ ਨਾ ਵਧਾਈ ਪ੍ਰੀਤ ਜੌਨ ਧਰ।  
ਜਨਮ-ਅਮੋਲ 'ਦੁਖੀ' ਮਾਟੀ ਮਾਹਿੰ ਰੋਲ ਦੀਨੋ,  
ਵਿਰਥਾ ਗਵਾਈ ਉਮਰਾਈ ਭਾਈ ਤੌਨ ਨਰ।

ਮਨੁੱਖ ਜਨਮ ਪਾ ਕੇ ਜਿਨ੍ਹਾਂ ਨੇ ਕੋਈ ਭੀ ਭਲਾ ਕੰਮ ਨਾ ਕੀਤਾ ਹੋਵੇ, ਸੱਚ ਮੁੱਚ ਹੀ ਉਹ ਬੰਦੇ ਧਰਤੀ ਉੱਤੇ ਭਾਰ ਹਨ, ਤੇ ਉਨ੍ਹਾਂ ਦਾ ਹੋਣਾ ਨਾ ਹੋਣਾ ਇਕ ਬਰਾਬਰ ਹੈ। ਉਨ੍ਹਾਂ ਵਿਚ ਤੇ ਪਸੂਆਂ ਵਿਚ ਹਰਗਿਜ਼ ਕੋਈ ਫਰਕ ਨਹੀਂ, ਸਗੋਂ ਉਹ ਪਸੂਆਂ ਤੋਂ ਭੀ ਬੁਰੇ ਹਨ। ਉਨ੍ਹਾਂ ਨੇ ਮਨੁੱਖੀ



Digitized by Panjab Digital Library | www.panjabdigilib.org

ਉਮਰ ਅਜਾਈਂ ਹੀ ਗਵਾ ਦਿਤੀ ਸਮਝੋ । ਪਰ ਇਸ ਜੀਵਨ ਨੂੰ ਸਫਲ ਕਰਨ ਲਈ, ਉਤਮ ਸਿੱਖਿਆ ਦਾ ਸਬਕ ਅਸੀਂ ਉੱਤਮ ਪੁਰਸ਼ਾਂ ਤੋਂ ਤੇ ਉਨ੍ਹਾਂ ਦੇ ਜੀਵਨਾਂ ਤੋਂ ਹੀ ਪ੍ਰਾਪਤ ਕਰ ਸਕਦੇ ਹਾਂ । ਵੈਦ ਜੀ ਉਨ੍ਹਾਂ ਉੱਚ ਪਵਿੱਤ੍ਰ ਤੇ ਆਦਰਸ਼ਕ ਜੀਵਨੀਆਂ ਵਿਚੋਂ ਇਕ ਦੇ ਮਾਲਕ ਸਨ । ਆਓ ਜ਼ਰਾ ਉਨ੍ਹਾਂ ਦੇ ਜੀਵਨ ਕਾਰ ਨਾਮਿਆਂ ਦੇ ਸੰਖੇਪ ਜੇਹੇ ਪ੍ਰਸੰਗਾਂ ਨੂੰ ਵਿਚਾਰੀਏ।

੩ ਜਨਵਰੀ ੧੯੨੭ ਨੂੰ ਗੁਰਦੁਆਰਾ ਐਕਟ ਅਨੁਸਾਰ ਬਣੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਕਮੇਟੀ ਦਾ ਸਮਾਗਮ ਸ੍ਰ: ਤੇਜਾ ਸਿੰਘ ਘਵਿੰਡ ਦੀ ਪ੍ਰਧਾਨਗੀ ਹੇਠ ਹੋਇਆ । ਦਿਨ ਦੇ ੨॥ ਬਜੇ ਤੋਂ ਰਾਤ ਦੇ ੧੨। ਬਜੇ ਤਕ ਵਿਚਾਰਾਂ ਹੁੰਦੀਆਂ ਰਹੀਆਂ । ਸਾਰੇ ਹੀ ਕੰਮ ਸਰਬ ਸੰਮਤੀ, ਪੂਰੀ ਚਰਚਾ ਤੇ ਪ੍ਰੇਮ ਨਾਲ ਨਿਭਾਹੇ ਗਏ । ਸਾਰੇ ਹੀ ਮੈਂਬਰਾਂ ਨੂੰ ਵੈਦ ਜੀ ਨੇ ਆਪਣੇ ਘਰੋਂ ਮੰਗਵਾ ਕੇ ਪ੍ਰਸਾਦ ਛਕਾਇਆ ਤੇ ਹਰ ਤਰ੍ਹਾਂ ਦੀ ਪ੍ਰੇਮ ਸੇਵਾ ਕੀਤੀ ।

੧੧ ਜਨਵਰੀ ਨੂੰ ੧੯੦੬।–) ਚੋਹਲਾ ਸਾਹਿਬ ਦੀ ਜਗੀਰ ਤਹਿਸੀਲ ਵਿਚੋਂ ਲਿਆ ਕੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਭੇਜੀ । ਇਸੇ ਦਿਨ ਹੀ ਆਪ ਦੇ ਪ੍ਰੇਮੀ ਗੁਰਮੁਖ ਪਿਆਰੇ ਸੰਬੰਧੀ ਭਾਈ ਹਰਨਾਮ ਸਿੰਘ ਜੀ ਰਾਜਾਸਾਂਸੀ ਵਾਲੇ ਪਰਲੋਕ ਵਾਸੀ ਹੋਏ, ਜਿਨ੍ਹਾਂ ਦੀ ਯਾਦ ਵਿਚ ਆਪ ਨੇ 'ਮੀਤ ਵਿਛੋੜਾ' ਨਾਮ ਹੇਠ ਉਨ੍ਹਾਂ ਦਾ ਸੰਖੇਪ ਜੀਵਨ ਵਿਰਤਾਂਤ ਪ੍ਰਕਾਸ਼ਤ ਕਰਾਇਆ ।

੨੫ ਜਨਵਰੀ ਦਾ ਡਾਇਰੀ ਨੋਟ ਇਸਤਰ੍ਹਾਂ ਦਸਦਾ ਹੈ:–

"ਬਾਬਾ ਗੁਰਦਿਤ ਸਿੰਘ ਜੀ ਕੋਮਾਗਾਟਾ ਮਾਰੂ ਵਾਲਿਆਂ ਦਾ ਭਾਣਜਾ ਉਨ੍ਹਾਂ ਦੇ ਪੁਤਰ ਬਲਵੰਤ ਸਿੰਘ ਨੂੰ ਕਲਕਤੇ ਭੇਜਣ ਵਾਸਤੇ ਬੁੜਦਾ ਕਰਾਇਆ ੯) ਲੈ ਗਿਆ।"

੩੧ ਜਨਵਰੀ ਨੂੰ ਪ੍ਰਸਿੱਧ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਸਤੂਆਂਣੇ ਵਾਲੇ ਗੁਰਪੁਰ ਸਿਧਾਰੇ । ਆਪ ਦਾ ਡਾਇਰੀ ਨੋਟ ਇਸ ਤਰ੍ਹਾਂ ਹੈ:–



Digitized by Panjab Digital Library | www.panjabdigilib.org

"ਸ੍ਰੀ ੧੦੮ ਮਾਨ ਸੰਤ ਅਤਰ ਸਿੰਘ ਜੀ ਦੇ ਗੁਰਪੁਰ ਸਿਧਾਰਨ ਦੀ ਖਬਰ ਮਿਲੀ—ਘਾਟਿਆਂ ਤੇ ਘਾਟੇ ਪੰਥ ਵਿਚ !"

੨੦ ਫਰਵਰੀ ਨੂੰ ਆਪ ਦੇ ਪਾਸ ਖੂਬ ਗਹਿਮਾ ਗਹਮ ਰਹੀ। ਪਹਿਲਾਂ ਤਾਂ ਬਾਬੂ ਤੇਜਾ ਸਿੰਘ ਜੀ ਭਸੌੜ ਵਾਲੇ ਆਏ ਉਨ੍ਹਾਂ ਦੀ ਸੇਵਾ ਦਵਾਈਆਂ ਨਾਲ ਕੀਤੀ ਤੇ ਫੇਰ ਸ੍ਰ: ਖੇਮ ਸਿੰਘ ਜੀ ਲਾਹੌਰ ਵਾਲੇ ਉਚੇਚੇ ਆਏ ਤੇ ਅੰਮ੍ਰਿਤਸਰ ਪੁਜ ਕੇ ਸ੍ਰ: ਬ: ਹੁਕਮ ਸਿੰਘ ਜੀ ਸ੍ਰ: ਖੇਮ ਸਿੰਘ ਜੀ ਸ੍ਰ: ਨਿਹਾਲ ਸਿੰਘ ਜੀ ਬੈਰਿਸਟਰ, ਸ੍ਰ: ਸੰਪੂਰਨ ਸਿੰਘ ਜੀ ਚਾਵਲਾ ਆਦਿਕ ਗੁਰਮੁਖਾਂ ਨਾਲ 'ਪੰਜਾਬ ਸਿੰਧ ਬੈਂਕ' ਦੇ ਸੁਧਾਰ ਸੰਬੰਧੀ ਵਿਚਾਰਾਂ ਹੋਈਆਂ।

ਇਸ ਸੰਬੰਧੀ ਉਸ ਵੇਲੇ ਬੰਕ ਦੇ ਹਿੱਸੇ ਦਾਰਾਂ ਨੂੰ ਜੋ ਸਰਕੂਲਰ ਭੇਜਿਆ ਗਿਆ ਉਹ ਇਸ ਤਰ੍ਹਾਂ ਹੈ:—

ਸ੍ਰੀ ਮਾਨ ਪ੍ਰੇਮ ਕ੍ਰਿਪਾਲੂ ਜੀ !

ਤੁਸੀਂ ਭੀ ਪੰਜਾਬ ਸਿੰਧ ਬੈਂਕ ਲਿਮਿਟਿਡ ਅੰਮ੍ਰਿਤਸਰ ਦੇ ਹਿੱਸੇ-ਦਾਰ ਹੋ, ਅਤੇ ਬੈਂਕ ਦੇ ਮੋਟੇ ਮੋਟੇ ਪ੍ਰਤੱਖ ਵਰਤਾਰੇ ਸ੍ਰੀ ਮਾਨ ਜੀ ਤੋਂ ਗੁੱਝੇ ਛਿਪੇ ਨਹੀਂ ਹਨ, ਕਿ ਕਿਸ ਤਰ੍ਹਾਂ ਇਹ ਬੈਂਕ ਸਿੱਖਾਂ ਦਾ ਕਰ ਕੇ ਅਰੰਭ ਕੀਤਾ ਗਿਆ ਤੇ ਦੇਸੀ ਪ੍ਰਦੇਸੀ ਸਿਖ ਵੀਰਾਂ ਨੇ ਏਸ ਬੈਂਕ ਨੂੰ ਅਪਣਾਯਾ। ਦੂਜੇ ਪਾਸੇ ਏਸ ਦੇ ਸ਼ੁਰੂ ਤੋਂ ਹੁਣ ਤਕ ਦੇ ਆਪਣੇ ਆਪ ਨੂੰ ਮਾਲਕਾਂ ਦੀ ਤਰ੍ਹਾਂ ਮੰਨ ਚੁੱਕੇ ਸਨਮਾਨ ਯੋਗ ਪ੍ਰਬੰਧਕਾਂ ਨੇ ਕਿਸ ਤਰ੍ਹਾਂ ਆਪਣੀ ਮਿੱਤ੍ਰ ਮੰਡਲੀ ਦੇ ਸਿਵਾਇ ਅੰਦਰੂਨੀ ਜਾਂ ਬੇਰੂਨੀ ਦਾਇਰੇ ਵਿਚ ਕਿਸੇ ਹਿੱਸੇ-ਦਾਰ ਜਾਂ ਡਾਇਰੈਕਟਰ ਜਾਂ ਮੁਲਾਜ਼ਮ ਨੂੰ ਨੇੜੇ ਤਕ ਢੁੱਕਣ ਨਹੀਂ ਦਿਤਾ, ਤੇ ਲੱਗਦੀ ਵਾਹ ਹਰ ਇਕ ਭੇਦ ਵਲੋਂ ਆਪਣੀ ਮਿਤ੍ਰ ਮੰਡਲੀ ਦੇ ਸੱਜਣਾਂ ਦੇ ਬਿਨਾਂ ਸਾਰੇ ਹੀ ਹਿੱਸੇਦਾਰ ਆਦਿਕਾਂ ਨੂੰ ਹਨੇਰੇ ਵਿਚ ਰੱਖਿਆ ਜਾਂਦਾ ਹੈ। ਕਿਸੇ ਸਿਆਣੇ ਵਪਾਰੀ, ਤਕੜੇ ਹਿਸੇਦਾਰ ਨੂੰ ਭੀ ਵਿਚ ਰਲਕੇ ਸੇਵਾ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ।

ਆਪਣੀ ਮਨ ਮਰਜੀ ਨਾਲ ਹੀ ਜੋ ਜੀ ਚਾਹੇ ਵਰਤਾਉ ਕੀਤੇ ਜਾਂਦੇ ਹਨ। ਇਸ ਤੇ ਕੁਝ ਸੇਵਕਾਂ ਨੇ ਬੈਂਕ ਦੀ ੫ ਮਾਰਚ ੧੯੨੭ ਦੀ ਜਨਰਲ



Digitized by Panjab Digital Library | www.panjabdigilib.org

ਕਮੇਟੀ ਵਿਚ ਯੋਗ ਵਿਚਾਰਾਂ ਤੇ ਪੁੱਛਾਂ ਦੇ ਨੋਟਸ ਦਿਤੇ ਹਨ, ਸੋ ਲੋੜ ਹੈ ਕਿ ਇਸ ਕਮੇਟੀ ਵਿਚ ਵੱਧ ਤੋਂ ਵੱਧ ਹਿੱਸੇਦਾਰ ਸੱਜਣ ਦਰਸ਼ਨ ਦੇਵਨ ! ਸੋ ਬੇਨਤੀ ਹੈ ਕਿ ਤੁਸੀਂ ਭੀ ਜ਼ਰੂਰ ਹੀ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ! ਜੇ ਕਿਸੇ ਕਾਰਨ ਦਰਸ਼ਨ ਨਾ ਦੇ ਸਕੋ ਤਦ ਹੇਠ ਲਿਖੇ ਸੇਵਕਾਂ ਵਿਚੋਂ ਕਿਸੇ ਦੇ ਨਾਮ ਜਾਂ ਜਿਸ ਸੱਜਣ ਨੂੰ ਤੁਸੀਂ ਚਾਹੋ ਪਰ ਓਹ ਮੌਜੂਦਾ ਪ੍ਰਬੰਧਕਾਂ ਦੇ ਦਬਾਉ ਹੇਠਾਂ ਨਾ ਹੋਵਣ, ਸੁਤੰਤ੍ਰਤਾ ਤੇ ਸਚਾਈ ਪਸੰਦ ਹੋਵਨ, ਓਨ੍ਹਾਂ ਦੇ ਨਾਮ ਦੀ ਪ੍ਰਾਕਸੀ ਫ਼ਾਰਮ ਭਰ ਕੇ ਭੇਜ ਦੇਣੀ।"

ਇਸੇ ਤਰ੍ਹਾਂ ਵੈਦ ਜੀ ਹਸਤ ਲਿਖਤ ਬਹੁਤ ਵੇਰਵੇ ਸਹਿਤ ਮੁਫੱਸਲ ਇੱਕ ਲੇਖ ਮਿਲਿਆ ਹੈ ਜਿਸ ਦਾ ਮੁੱਢ ਇਸਤਰ੍ਹਾਂ ਹੈ:–

"ਸਿੱਖਾਂ ਦੇ ਭਾਗ ਹੀ ਕੁਝ ਅਜੇਹੇ ਹਨ ਕਿ ਇਨ੍ਹਾਂ ਦੇ ਨਾਲ ਮੁੱਢ ਤੋਂ ਹੀ ਕੁਝ ਨ ਕੁਝ ਸੱਜਣਾਂ ਦੇ ਰੂਪ ਵਿੱਚ ਘਾਤਕ ਸੱਜਣ ਲੱਗੇ ਸਵਾਰਥ ਸਾਧ ਦੇ ਕੌਮ ਦੀ ਜੜ੍ਹੀ ਤੇਲ ਆਦਿ ਤੋਂ ਹੀ ਦੇਂਦੇ ਰਹੇ ਹਨ। ਸਿੱਖਾਂ ਜੇਹੀ ਸਾਦੀ, ਭੋਲੀ ਭਾਲੀ ਤੇ ਬਿਨਾ ਹੀ ਸੋਚੇ ਵਿਚਾਰੇ ਜੀ ਆਯਾਂ ਨੂੰ ਆਖਣ ਵਾਲੀ ਕੌਮ ਦੁਨੀਆਂ ਦੇ ਕਿਸੇ ਵੀ ਤਖਤੇ ਤੇ ਪ੍ਰਤੱਖ ਚਾਹੇ ਇਤਿਹਾਸ ਵਿੱਚ ਨਜ਼ਰ ਨਹੀਂ ਆਵੇਗੀ। ਸਭ ਤੋਂ ਵੱਡਾ ਘਾਟਾ ਇਹ ਹੈ ਕਿ ਏਹ ਹਾਲ ਸਿੱਖਾਂ ਵਿੱਚ ਹੀ ਵੇਖਣਾ ਜਾਵੇਗਾ ਕਿ ਕਿਸੇ ਭੀ ਕਾਰਜ ਦੀ ਵਿਚਾਰ ਅਰੰਭੋ, ਖੋਜੀ ਬਣੋ, ਕੋਈ ਯੋਗ ਪੁੱਛ ਗਿੱਛ ਕਰਨੀ ਅਰੰਭ ਕਰੋ, ਭੋਲੀ ਪਬਲਕ ਨੂੰ ਹਨੇਰ ਗਰਦੀ ਵਿੱਚੋਂ ਚਾਨਣੇ ਵਿਚ ਲਿਆਣ ਦਾ ਉੱਦਮ ਕਰੋ, ਬੱਸ ਉਸੇ ਵੇਲੇ ਸ੍ਵਾਰਥੀਆਂ ਵਲੋਂ ਕਾਵਾਂ ਰੌਲੀ ਅਰੰਭ ਹੋ ਜਾਵੇਗੀ ਤੇ ਸਚਾਈ ਪਸੰਦ ਸੇਵਕਾਂ ਨੂੰ 'ਕੌਮ ਘਾਤਕ, ਫੁੱਟ ਪਾਵਣ ਵਾਲੇ, ਖ਼ੁਦਗਰਜ਼' ਆਦਿ ਕੋਈ ਭੀ ਦੁਰਬਚਨ ਨਹੀਂ, ਜੋ ਨਾ ਕਹੇ ਤੇ ਲਿਖੇ ਜਾਵਨ। ਏਥੇ ਹੀ ਬੱਸ ਨਹੀਂ ਸਗੋਂ ਮਿੱਤ੍ਰ ਮੰਡਲੀ ਵਲੋਂ ਆਪਣੇ ਏਜੰਟਾਂ ਦੇ ਰਾਹੀਂ ਥਾਂ ਪਰ ਥਾਂ ਕਈ ਤਰ੍ਹਾਂ ਦੀਆਂ ਅਯੋਗ ਚਾਲਾਂ ਚਲੀਆਂ ਜਾਂਦੀਆਂ ਤੇ ਭੋਲੀ ਕੌਮ ਨੂੰ ਹਨੇਰੇ ਵਿੱਚ ਰੱਖਣ ਵਾਸਤੇ ਡਾਢੇ ਯਤਨ ਕੀਤੇ ਜਾਂਦੇ ਹਨ। ਸ੍ਵਾਰਥੀਆਂ ਨੂੰ ਜਿਸ ਤਰ੍ਹਾਂ ਹੱਥਾਂ ਪੈਰਾਂ ਦੀ ਪੈਂਦੀ ਹੈ, ਓਹ ਤਮਾਸ਼ਾ ਵੇਖਣ ਹੀ ਯੋਗ ਹੈ, ਪਰ



Digitized by Panjab Digital Library | www.panjabdigilib.org

ਹੁਣ 'ਪੰਥ ਸੇਵਕ' ਆਦਿ ਪਾਹਰੂਆਂ ਦੀ ਪੁਕਾਰ ਨਾਲ ਖਾਲਸਾ ਜੀ ਕੁਝ ਕੁਝ ਸੋਚ ਵਿਚਾਰ ਦੇ ਨੇੜੇ ਪਹੁੰਚ ਰਹੇ ਹਨ, ਇਸ ਤੇ ਅੱਜ ਅਸੀਂ ਇਸ ਮਿੱਤ੍ਰ ਮੰਡਲੀ ਦੇ "ਪੰਜਾਬ ਸਿੰਧ ਬੈਂਕ" ਸੰਬੰਧੀ ਕੁਝ ਵਿਚਾਰ ਅਰੰਭ ਦੇ ਹਾਂ, ਜਿਸ ਤੋਂ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ ਕਿ ਭਾਵੇਂ ਕੋਈ ਕਾਰਜ ਧਰਮ ਦਾ ਹੋਵੇ, ਭਾਵੇਂ ਵਿਵਹਾਰ ਸੰਬੰਧੀ, ਭਾਵੇਂ ਕੋਈ ਆਸ਼ਰਮ ਹੋਵੇ, ਭਾਵੇਂ ਜੱਥਾ ਭਾਵੇਂ ਕੋਈ ਪੁਸਤਕਾਂ ਦਾ ਸਿਲਸਿਲਾ ਹੋਵੇ, ਭਾਵੇਂ ਅਖਬਾਰ, ਗੱਲ ਕੀਹ ਕੁਝ ਭੀ ਹੋਵੇ, ਜਿਸ ਨੂੰ ਏਹ.........ਜੱਫਾ ਮਾਰ ਲੈਣ ਮਰਦੇ ਦਮ ਤੱਕ ਜਾਂ ਓਸ ਕਾਰਜ ਦੇ ਨਸ਼ਟ ਹੁੰਦੇ ਤੀਕ ਏਹ ਸ਼੍ਰੋਮਣੀ ਜੱਫਾ ਨਹੀਂ ਛੱਡਦੇ ਤੇ ਨਾਂ ਹੀ ਕਿਸੇ ਹੋਰ ਨੂੰ ਨੇੜੇ ਹੀ ਢੁੱਕਣ ਦਿੰਦੇ ਹਨ। ਤੇ ਜੇ ਕੋਈ ਏਨ੍ਹਾਂ ਦੇ ਜਾਲ ਵਿਚੋਂ ਨਿਕਲਦਾ ਪ੍ਰਤੀਤ ਹੋਵੇ ਤਦ ਕਿਸੇ ਨੂੰ ਪਿਆਰ ਨਾਲ, ਕਿਸੇ ਨੂੰ ਲਿਹਾਜ਼ ਨਾਲ ਕਿਸੇ ਨੂੰ ਸਫਾਰਸ਼ਾਂ ਨਾਲ, ਕਿਸੇ ਨੂੰ ਲਾਲਚ ਨਾਲ, ਕਿਸੇ ਪਾਸ ਧਈਂ ਧਈਂ ਕਰਕੇ, ਕਿਸੇ ਨਾਲ ਸਾਕਾਦਾਰੀ ਗੰਢ ਕੇ, ਗੱਲਕੀ ਕਿਸੇ ਨਾ ਕਿਸੇ ਤਰ੍ਹਾਂ ਭੇਤੀ ਨੂੰ ਤਾਂ ਜਾਲ ਤੋਂ ਬਾਹਰ ਹੋਣ ਹੀ ਨਹੀਂ ਦਿੰਦੇ। ਕੋਈ 'ਪੰਥ ਸੇਵਕ' ਜੇਹੇ ਵਿਰਲੇ ਹੀ ਬੀਰ ਏਸ ਜਾਲ ਤੋਂ ਬਚਦੇ ਹਨ। ਪਬਲਕ ਦਾ ਹੁਣ ਚੋਖਾ ਧਿਆਨ ਏਨ੍ਹਾਂ ਦੀ ਮਿੱਤ੍ਰ ਮੰਡਲੀ ਦੀਆਂ ਗੁੰਝਲਾਂ ਤੇ ਸ੍ਵਾਰਥਾਂ ਵੱਲ ਹੋ ਰਿਹਾ ਹੈ। ਏਸ ਤੇ ਅਸੀਂ ਹੁਣ ਏਸ ਸਿਲਸਿਲੇ ਵਿੱਚ 'ਪੰਜਾਬ ਸਿੰਧ ਬੈਂਕ' ਸੰਬੰਧੀ ਵਿਚਾਰ ਅਰੰਭ ਦੇ ਹਾਂ, ਜੋ ਏਹ ਕਾਰਜ ਸਿੱਖਾਂ ਦਾ ਸਾਂਝਾ ਤੇ ਸਿੱਖ ਵਿਹਾਰ ਨੂੰ ਉੱਨਤ ਕਰਨ ਵਾਲਾ ਆਖ ਕੇ ਪਬਲਕ ਦੇ ਅੱਖੀਂ ਘੱਟਾ ਪਾਇਆ ਜਾਂਦਾ ਹੈ। ਏਸ ਵਿੱਚ ਭੀ ਕਿੱਥੋਂ ਕੁ ਤੱਕ ਸਚਾਈ ਜਾਂ ਸਫਾਈ ਹੈ। ਏਨ੍ਹਾਂ ਦੇ ਪੋਲ ਪ੍ਰਗਟ ਕਰਨ ਤੋਂ ਪਹਿਲੇ ਪੰਜਾਬ ਸਿੰਧ ਬੈਂਕ ਦੇ ਪ੍ਰਬੰਧਕਾਂ ਤੋਂ ਕੁਝ ਪ੍ਰਸ਼ਨ ਪੁੱਛਦੇ ਹਾਂ। ਜਿਨ੍ਹਾਂ ਦੇ ਉੱਤ੍ਰਾਂ ਤੋਂ ਹੀ ਸਚਾਈ ਤੇ ਸਫਾਈ ਦਾ ਪਤਾ ਲੱਗ ਜਾਵੇਗਾ।........................"

ਇਸ ਤੇ ਕੋਈ ਹਾਸ਼ੀਆ ਅਰਾਈ ਕਰਨ ਦੀ ਤਾਂ ਲੋੜ ਹੀ ਪ੍ਰਤੀਤ ਨਹੀਂ ਹੁੰਦੀ। ਅਗਲੇ ਪ੍ਰਸ਼ਨਾਂ ਦੀ ਹੁਣ ਲੋੜ ਨਹੀਂ ਕੇਵਲ ਵੈਦ ਜੀ ਦੇ ਵਿਚਾਰ ਦਰਸਾਉਣ ਦੀ ਹੀ ਲੋੜ ਹੈ।



Digitized by Panjab Digital Library | www.panjabdigilib.org

੪ ਅਪ੍ਰੈਲ ਨੂੰ ਸ੍ਰ: ਬਚਿਤ੍ਰ ਸਿੰਘ ਜੀ ਨਾਜ਼ਮ ਪਟਿਆਲਾ ਮੈਂਬਰ ਕਮੇਟੀ ਸ੍ਰੀ ਦਰਬਾਰ ਸਾਹਿਬ ਜੀ ਨੇ ਦਰਸ਼ਨ ਦਿੱਤੇ । ਵੈਦ ਜੀ ਵਲੋਂ ਪ੍ਰਸ਼ਾਦ ਪਾਣੀ ਦੀ ਸੇਵਾ ਉਪ੍ਰੰਤ'ਚਰਕ ਸੰਹਿਤਾ, ਇੱਕ ਸਿੱਖ ਘਰਾਣਾ, ਸੁਧਰਮ ਮਾਰਗ, ਸੁਖੀ ਅਮੀਰ ਹਨ ਕਿ ਗਰੀਬ, ਅਤੇ ਮੀਤ ਵਿਛੋੜਾ' ਆਦਿ ਪੁਸਤਕ ਪ੍ਰੇਮ ਸਹਿਤ ਭੇਟਾ ਕੀਤੇ ।

੩ ਅਗਸਤ ਨੂੰ 'ਸਿੱਧ ਔਖਧੀ ਭੰਡਾਰ, ਪੰਜੇ ਭਾਗ, ਗੁਣਾਂ ਦਾ ਗੁਥਲਾ ਤੇ ਸਿੱਧ ਚਕਿਤਸਾ।' ਆਦਿ ਗ੍ਰੰਥ, ਸ੍ਰੀ ਸ੍ਵਾਮੀ ਸੰਤ ਭਾਸਕਰਾਨੰਦ ਜੀ ਦੀ ਭੇਟਾ ਕੀਤੇ ।

੬ ਅਗਸਤ ਆਪ ਬੈਜ ਨਾਥ ਦੀ ਸੈਰ ਨੂੰ ਤੁਰੇ ਪਪਰੋਲੇ, ਬੈਜ ਨਾਥ ਚਾਹ ਦੇ ਬਗੀਚੇ ਪਾਲਮ ਪੁਰ, ਕਾਂਗੜਾ ਧਰਮ ਸਾਲਾ ਤੇ ਮਕਲੋਡ ਗੰਜ ਆਦਿ ਥਾਵਾਂ ਥਾਣੀ ਹੁੰਦੇ ਹੋਏ, ੧੧ ਅਗਸਤ ਨੂੰ ਵਾਪਸ ਤਰਨ ਤਾਰਨ ਆਏ ।

੨੨ ਅਕਤੂਬਰ ਨੂੰ ਅਮ੍ਰਿਤਸਰ ਵਿੱਚ ਪੰਜਾਬੀ ਕਾਨਫ੍ਰੰਸ ਹੋਈ ਆਪ ਕਿਵੇਂ ਪਿਛੇ ਰਹਿ ਸਕਦੇ ਸਨ? ਯਥਾ ਸ਼ਕਤਿ ਹਿੱਸਾ ਲਿਆ ।

੩੦ ਤੇ ੩੧ ਅਕਤੂਬਰ ਨੂੰ ਪ੍ਰਵਾਰ ਸਹਿਤ ਆਪਨੇ ਸ੍ਰੀ ਨਨਕਾਣਾ ਸਾਹਿਬ ਜੀ ਦੀ ਯਾਤ੍ਰਾ ਕੀਤੀ ।

ਸ. ਸ. ਚਰਨ ਸਿੰਘ ਵਲੋਂ ਸ੍ਰ: ਬਿਸ਼ਨ ਸਿੰਘ 'ਸੇਵਕ' ਪੁਰਾਣੇ ਅਖਬਾਰ ਲੈਣ ਆਇਆ, ਪੰਦਰਾਂ ਕਿਸਮ ਦੇ ਅਖਬਾਰ ਲੈ ਗਿਆ ।

੨੨ ਨਵੰਬਰ ਨੂੰ ਪ੍ਰਸਿੱਧ ਰਾਗੀ ਭਾਈ ਸੁੰਦਰ ਸਿੰਘ ਜੀ ਲਾਹੌਰ ਵਾਲੇ ਧਰਮ ਪੁਰ (ਸ਼ਿਮਲਾ) ਤੋਂ ਰੋਗੀ ਦਸ਼ਾ ਵਿੱਚ ਪ੍ਰਵਾਰ ਸਹਿਤ ਆਏ । ਆਪ ਨੇ ਅੰਮ੍ਰਿਤਸਰੀਆਂ ਦੇ ਬੁੰਗੇ ਉਤਾਰਾ ਕਰਾਇਆ ਤੇ ਯਥਾ ਸ਼ਕਤਿ ਸੇਵਾ ਕੀਤੀ ।

ਇਸ ਸਾਲ ਵਿਚ ਸਿੱਧ ਚਕਿਤਸਾ, ਹੀਰੇ ਦੀਆਂ ਕਣੀਆਂ, ਰੰਗ ਬਰੰਗੇ ਫੁੱਲ, ਕਿਸਮਤ ਦਾ ਚੱਕ੍ਰ, ਪੁਸਤਕ ਪ੍ਰਕਾਸ਼ਤ ਹੋਏ ।



Digitized by Panjab Digital Library | www.panjabdigilib.org

# ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਮੈਂ ਨਿਕੇ ਹੁੰਦਿਆਂ ਪੜ੍ਹਿਆ ਕਿ 'ਕੋਕਾ' ਪੰਡਤ ਜੀ ੧੪ ਦਿਨ ਤੱਕ ਸ਼ਾਹੀ ਲਾਇਬ੍ਰੇਰੀ ਵਿਚ ਬੈਠੇ ਲਗਾਤਾਰ ਪੁਸਤਕਾਂ ਪੜ੍ਹਦੇ ਹੀ ਰਹੇ। ਨਾ ਕੁਝ ਖਾਧਾ ਤੇ ਨਾ ਕੁਛ ਪੀਤਾ। ਲੋਕਾਂ ਵਿੱਚ ਇਹ ਗੱਲ ਮਸ਼ਹੂਰ ਹੋਗਈ। ਮਹਾ-ਰਾਜ ਨੂੰ ਭੀ ਸਰੋਤ ਹੋਈ। ਉਸ ਨੂੰ ਯਕੀਨ ਨਾ ਆਇਆ ਕਿ ਕੋਈ ਸ਼ਖਸ ਐਨੇ ਦਿਨ ਭੁੱਖਾ ਤ੍ਰਿਹਾਇਆ ਇਸ ਤਰ੍ਹਾਂ ਇਕ ਟੱਕ ਬੈਠਾ ਪੜ੍ਹਾਈ ਭੀ ਕਰ ਸਕਦਾ ਹੈ। ਮਨ ਦੇ ਸ਼ੰਕੇ ਨੂੰ ਦੂਰ ਕਰਨ ਲਈ ਆਪ ਨੇ ਪੰਡਤ ਕੋਕਾ ਨੂੰ ਸੱਦ ਕੇ ਪੁੱਛਿਆ। ਉਸ ਦੇ 'ਹਾਂ' ਕਹਿਣ ਤੇ ਮਹਾਰਾਜ ਨੇ ਸ਼ੰਕਾ ਕੀਤਾ ਕਿ'ਇਹ ਕਿਵੇਂ ਹੋ ਸਕਦਾ ਹੈ?' ਪੰਡਤ ਜੀ ਨੇ ਕਿਹਾ 'ਜਿਵੇਂ ਬੁਖਾਰ ਆਦਿ ਕਿਸੇ ਸਰੀਰਕ ਰੋਗ ਵਿਚ ਬੰਦਾ ਮਹੀਨਾ ਮਹੀਨਾ ਭਰ ਭੀ ਕੁਛ ਨਹੀਂ ਖਾਂਦਾ, ਜਾਂ ਬੇਹੋਸ਼ੀ ਘੂਕੀ ਆਦਿ ਵਿਚ ਢੇਰ ਚਿਰ ਬਿਨਾਂ ਕੁਛ ਖਾਧੇ ਪੀਤਿਆਂ ਬਚ ਸਕਦਾ ਹੈ ਇਸੇ ਹੀ ਤਰ੍ਹਾਂ ਸਾਹਿਤਜ-ਲੀਨਤਾ ਭੀ ਇਕ ਬੀਮਾਰੀ ਹੈ ਜਿਸ ਦੇ ਅਸਰ ਹੇਠ ਬਿਨਾਂ ਖਾਧੇ ਪੀਤਿਆਂ ਭੀ ਇਨਸਾਨ ਕਈ ਦਿਨ ਜੀਉਂਦਾ ਰਹਿ ਸਕਦਾ ਹੈ।' ਪਰ ਬੀਮਾਰੀ ਹੋਵੇ ਸਹੀ! ਹੱਡਾਂ ਵਿਚ ਰਚੀ ਹੋਈ ਹੋਵੇ, ਤੇ ਅਸਲੀ ਹੋਵੇ।

ਮੈਨੂੰ ਇਹ ਪੜ੍ਹਕੇ ਭੀ ਗਪੌੜਾ ਹੀ ਪ੍ਰਤੀਤ ਹੁੰਦਾ ਰਿਹਾ। ਫੇਰ ਮੇਰੇ ਜੀਵਨ ਵਿਚ ਅਜੇਹੇ ਹੀ ਕਈ ਅਸਚਰਜ ਸਮੇਂ ਆਏ ਜਿਨ੍ਹਾਂ ਨੂੰ ਦੇਖ ਕੇ ਮੈਂ ਸਗੋਂ ਇਸ ਤੋਂ ਭੀ ਅੱਗੇ ਲੰਘ ਗਿਆ। ਪ੍ਰੌੜ੍ਹਤਾ ਲਈ ਇੱਕ ਨਿੱਕੀ ਜੇਹੀ ਘਟਨਾ ਪੇਸ਼ ਕਰਦਾ ਹਾਂ:—

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਾਹਿਬ ਮੇਰੇ ਨਾਲ ਮੁਲਤਾਨ ਸੈਂਟ੍ਰਲ ਜੇਲ੍ਹ ਵਿੱਚ ਕੈਦ ਸਨ। ਆਪ ਹਰ ਕਿਸੇ ਦੇ ਹੱਥ ਦਾ ਭੋਜਨ ਨਹੀਂ ਛਕਦੇ। ਇਸੇ ਵਿਰੋਧਤਾ ਵਿੱਚ ਆਪ ਨੇ ਅੱਕ ਕੇ ਖਾਣਾ ਛੱਡ ਦਿੱਤਾ। ਜੇਲ੍ਹ ਹਾਕਮ ਹੱਥੀਂ ਪਕੌਣ ਨਾ ਦੇਣ, ਤੇ ਭਾਈ ਸਾਹਿਬ ਜੀ ਐਰ ਗੈਰ ਦੇ ਹੱਥ ਦਾ ਪ੍ਰਵਾਨ ਨਾ ਕਰਨ। ਭੁਖ ਹੜਤਾਲ ਹੋ ਗਈ, ਧੱਕੇ ਖੋਰ ਹਾਕਮਾਂ ਨੇ ਪਾਣੀ ਭੀ ਪਾਸੋਂ ਚੁੱਕ ਲਿਆ। ਮੈਨੂੰ ਯਾਦ ਹੈ ਕਿ ੪੦ ਦਿਨ ਤੱਕ ਆਪ ਹਰਿ-



Digitized by Panjab Digital Library | www.panjabdigilib.org

ਭਜਨ ਵਿੱਚ ਮਗਨ ਬੇ-ਪ੍ਰਵਾਹ ਬੈਠੇ ਰਹੇ। ਭਾਵੇਂ ਸਰੀਰ ਕਮਜ਼ੋਰ ਹੋ ਗਿਆ ਪਰ ਐਤਨਾ ਨਹੀਂ। ਚਾਲੀ ਦਿਨ ਬਾਦ ਜਦ ਆਪ ਨੂੰ ਪੁੱਛਿਆ ਗਿਆ ਕਿ 'ਆਪ ਕਿਵੇਂ ਜੀਉਂਦੇ ਰਹੇ?' ਤਦ ਆਪ ਮੁਸਕ੍ਰਾਏ ਤੇ ਉੱਤ੍ਰ ਦਿੱਤਾ 'ਮੈਨੂੰ ਕੋਈ ਖਾਸ ਤਕਲੀਫ ਨਹੀਂ ਹੋਈ, ਮੈਂ ਆਪਣੇ ਰੰਗ ਵਿੱਚ ਮਸਤ ਬੈਠਾ ਰਿਹਾ ਹਾਂ।'

ਇਸ ਨੂੰ ਆਖਦੇ ਹਨ ਕਿਸੇ ਚੀਜ਼ ਦਾ ਚਸਕਾ, ਤਤ ਲੀਨਤਾ ਆਦਿ।

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦਰਾਜ ਨੂੰ ਸਾਹਿਤਕ ਸੇਵਾ ਤੇ ਪੰਜਾਬੀ ਉੱਨਤੀ ਦਾ ਚਸਕਾ ਸੀ, ਰਸ ਸੀ, ਮਗਨਤਾ ਸੀ ਤੇ ਮਾਨੋਂ ਰੋਗ ਜੇਹਾ ਸੀ। ਬਹਿੰਦਿਆਂ, ਉੱਠਦਿਆਂ, ਸੌਂਦਿਆਂ, ਚਲਦਿਆਂ ਆਪ ਨੂੰ ਸਦਾ ਪੰਜਾਬੀ ਦਾ ਹੀ ਖਿਆਲ ਰਹਿੰਦਾ ਸੀ, ਤੇ ਇਸ ਤੋਂ ਵੱਧ ਚਸਕਾ ਸੀ ਗੁਰਬਾਣੀ ਪ੍ਰਚਾਰ ਦਾ। ਸਿੱਖੀ ਪਿਆਰ ਦਾ, ਤੇ ਗੁਰ ਸਿੱਖੀ ਸਤਕਾਰ ਦਾ। ਆਪ ਅਨੱਨਜ ਗੁਰ ਸਿੱਖ ਸਨ। ਧਨ ਦਾ ਖਿਆਲ ਨਹੀਂ ਤੇ ਸਿਹਤ ਦੀ ਸੋਚ ਨਹੀਂ।

ਪੰਜਾਬੀ ਵਿੱਚ ਤਾਂ ਭਲਾ ਆਪ ਨੇ ਅਦੁਤੀ ਕੰਮ ਕੀਤਾ ਹੀ ਹੈ, ਪਰ ਗੁਰੂ ਘਰ ਦੇ ਅਨੇਕ ਹਿੰਦੀ ਪ੍ਰੇਮੀਆਂ ਦੀ ਗੁਰਬਾਣੀ ਪ੍ਰੇਮ ਦੀ ਤੀਬਰ ਅਭਿਲਾਖਾ ਦੇਖ ਕੇ ਭੀ ਕਈ ਵੇਰ ਆਪ ਬਿਹਬਲ ਹੋ ਉਠਦੇ ਸਨ। ਵਿਸ਼ੇਸ਼ ਕਰਕੇ ਅਨੇਕ ਸਿੰਧੀ ਗੁਰ ਸਿੱਖ ਜੋ ਗੁਰਮੁਖੀ ਤੋਂ ਅਜਾਣ ਅਕਾਲੀ ਬਾਣੀ ਦੇ ਪੜ੍ਹਨ ਲਈ ਤਰਲੇ ਲਿਆ ਕਰਦੇ ਸਨ, ਉਨ੍ਹਾਂ ਦੀ ਆਸ ਪੂਰੀ ਨਾ ਹੁੰਦੀ ਦੇਖਕੇ ਆਪ ਦੁਖੀ ਹੋਇਆ ਕਰਦੇ ਸਨ। ਹਿੰਦੀ ਸੰਸਾਰ ਵਿੱਚ ਭੀ ਸੱਚ ਮੁਚ ਹੀ ਇਹ ਇੱਕ ਬੇ-ਮਿਸਾਲ ਘਾਟਾ ਸੀ ਕਿ ਅਕਾਲੀ ਬਾਣੀ ਦੀ ਬੀੜ ਹਿੰਦੀ ਵਿੱਚ ਨਾ ਹੋਵੇ।

ਬੰਦਾ ਭਾਵੇਂ ਕੁਝ ਭੀ ਕਰੇ, ਬੀਜਿਆ ਬੀਜ ਸਮੇਂ ਸਿਰ ਹੀ ਫੁੱਲਦਾ ਫਲਦਾ ਹੈ। ੧੯੨੪ ਦੇ ਸਾਲ ਆਪ ਨੂੰ ਧਰਮ ਦੇਸ਼ ਤੇ ਇਨਸਾਫ ਲਈ ਜੇਲ੍ਹ ਦੀ ਤਪੱਸਿਆ ਕਰਨੀ ਪਈ। ਦੋ ਸਾਲ ਜੇਲ੍ਹ ਦੀਆਂ ਇਕਾਂਤ ਕੋਠੜੀਆਂ ਵਿੱਚ ਇਹ ਖਿਆਲ ਹੋਰ ਭੀ ਪੱਕਾ ਹੋ ਗਿਆ ਤੇ ੧੯੨੬ ਵਿੱਚ ਬਾਹਰ



Digitized by Panjab Digital Library | www.panjabdigilib.org

ਔਂਦਿਆਂ ਹੀ ਆਪ ਨੇ ਇਸ ਕਾਰਜ ਨੂੰ ਸਿਰੇ ਚਾੜ੍ਹਨ ਦਾ ਪੱਕਾ ਇਰਾਦਾ ਕਰਕੇ ਕੰਮ ਅਰੰਭ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਿੰਦੀ ਵਿੱਚ ਕਰਨਾ ਕੋਈ ਮਾਮੂਲੀ ਕੰਮ ਨ ਹੀਂ ਅਤੇ ਫੇਰ ਗੁਰਬਾਣੀ ਨੂੰ ਜਿਉਂ ਦਾ ਤਿਉਂ ਗੁਰਮੁਖੀ ਲਿੱਪੀ ਅਨੁਸਾਰ ਹੀ ਰੱਖਣਾ ਹੋਰ ਭੀ ਕਠਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਆਦਿ ਕੁਲ ਲਾਗਤ ਦਾ ਅੰਦਾਜ਼ਾ ਤਾਂ ਪਾਠਕ ਜਨ ਜ਼ਰੂਰ ਲਾ ਸਕਦੇ ਹੋਣਗੇ, ਪਰ ਆਪ ਨੂੰ ਤਾਂ ਇਹ ਚਸਕਾ ਸੀ। ਸਾਹਿਤਕ ਸੇਵਾ ਦਾ ਇਹ ਰੋਗ ਸੀ। ਘਾਟੇ ਟੋਟੇ ਨਾਲ ਕੀ? ਸੋਚਣ ਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਸ ਕੰਮ ਨੂੰ ਧਨੀਆਂ ਨੇ ਹੱਥ ਨਾ ਪਾਇਆ। ਲੱਖਾਂ ਦੀ ਆਮਦਨ ਵਾਲਿਆਂ ਤੇ ਮੁਖੀ ਸੁਸਾਇਟੀਆਂ ਨੇ ਹੱਥ ਨਾ ਪਾਇਆ। ਉਸ ਕੰਮ ਲਈ ਵੈਦ ਜੀ ਇਕੱਲੇ ਬੀੜਾ ਚੁਕ ਲੈਂਦੇ ਹਨ। ਨਿਧੜਕ ਛਾਪਣਾ ਸ਼ੁਰੂ ਕਰ ਦਿੰਦੇ ਹਨ। ਨੰਗੇ ਧੜ ਆਪ ਇਸ ਮਹਾਨ ਕੰਮ ਨੂੰ ਗੁਰੂ ਆਸਰੇ ਆਰੰਭ ਕਰ ਦਿੰਦੇ ਹਨ। ਉਹ ਕਿਉਂ ? ਸਾਹਿੱਤਕ ਚਸਕਾ ਪੂਰਾ ਕਰਨ ਲਈ।

ਛਪਾਣ ਲਈ ਪ੍ਰਬੰਧ ਕਰਨ ਸਮੇਂ ਆਪ ਨੇ ਜੋ ਇੱਕ ਨਿੱਕਾ ਜੇਹਾ ਇਸ਼ਤਿਹਾਰ, ਸਰਕੁਲਰ ਪਬਲਿਕ ਜਾਣਕਾਰੀ ਲਈ ਪ੍ਰਕਾਸ਼ਤ ਕਰਾਇਆ ਉਸ ਵਿਚੋਂ ਕੁਝ ਸਤਰਾਂ ਸਾਡੇ ਇਸ ਭਾਵ ਨੂੰ ਸੁਹਣਾ ਸਪਸ਼ਟ ਕਰਦੀਆਂ ਹਨ। ਉਸ ਵਿਚ ਆਪ ਲਿਖਦੇ ਹਨ:–

"ਸ੍ਰੀ [illegible]ਨ ਜੀ ਤੋਂ ਇਹ ਗੁੱਝੀ ਛਿਪੀ ਬਾਤ ਨਹੀਂ ਹੈ ਜੋ ਭਾਰਤ ਵਿਚ ਸਭ ਤੋਂ ਵੱਧ ਹਿੰਦੀ (ਦੇਵ ਨਾਗਰੀ) ਪਾਠਕ ਹਨ ਤੇ ਬੇ ਅੰਤ ਹਿੰਦੀ ਪਾਠਕ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅਕਾਲੀ ਅੰਮ੍ਰਿਤ ਬਾਣੀ ਵਾਸਤੇ ਤਰਸ ਰਹੇ ਹਨ।............

ਪਿਛੇ ਜੇਹੇ *ਅਕਾਲੀ ਅਖਬਾਰ ਵਿਚ ਇਕ ਹਿੰਦੀ ਪਾਠਕ ਵਲੋਂ

---

*ਉਰਦੂ ਅਕਾਲੀ ਅਖਬਾਰ ਰੋਜ਼ਾਨਾ।



Digitized by Panjab Digital Library | www.panjabdigilib.org

ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦) ਤਿੰਨ ਸੌ ਰੁਪਏ ਤੋਂ ਵਧ ਭੇਟਾ ਕਰ ਕੇ ਪ੍ਰਾਪਤ ਕਰਨ ਵਾਸਤੇ ਤਰਲੇ ਸਨ।...........

ਆਪ ਇਹ ਸੁਣ ਕੇ ਪ੍ਰਸੰਨ ਹੋਵੋਗੇ ਕਿ ਦਾਸ ਨੇ ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਪਵਾਨ ਦਾ ਪ੍ਰਬੰਧ ਕੀਤਾ ਹੈ, ਇਹ ਅਮੋਲਕ ਦਾਤ ਹਰ ਇਕ ਪ੍ਰੇਮੀ ਨੂੰ ਕੇਵਲ ਸਵਾ ਦੋ ਰੁਪਏ ੨।) ਹਾਂ ਜੀ ! ਨਿਰੇ ਸਵਾ ਦੋ ਰੁਪਏ ਭੇਟਾ ਵਿਚ ਦਿੱਤੀ ਜਾਵੇਗੀ ਤੇ ਜੋ ਭੀ ਵਾਧੂ ਖਰਚ ਪੈਣਗੇ ਉਹ ਗੁਰੂ ਜੀ ਦੀ ਬਖਸ਼ੀ ਦਾਤ ਵਿਚੋਂ ਧੰਨ ਭਾਗ ਜਾਣ ਕੇ ਭੇਟਾ ਕੀਤੇ ਜਾਣਗੇ।"

ਇਸ ਦੇ ਨਾਲ ਹੀ ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਪ੍ਰਕਾਸ਼ਕ ਕੀ ਬਿਨਯ ਦੀ ਸੁਰਖੀ ਹੇਠ ਜੋ ਚੰਦ ਸਤਰਾਂ ਉਪ੍ਰੋਕਤ ਸਰਕੂਲਰ ਨਾਲ ਮਿਲਦੀਆਂ ਜੁਲਦੀਆਂ ਹਨ, ਉਹ ਭੀ ਘਟ ਦਿਲਚਸਪ ਨਹੀਂ ਹਨ, ਸੋ ਦਰਜ ਕਰਦੇ ਹਾਂ:-

### ਪ੍ਰਕਾਸ਼ਕ ਕੀ ਬਿਨਯ !

ਯਹ ਬਾਤ ਕਿਸੀ ਸੇ ਅਪ੍ਰਗਟ ਨਹੀਂ ਹੈ ਕਿ ਭਾਰਤ ਵਰਸ਼ ਮੇਂ ਸਭ ਸੇ ਅਧਿਕ ਹਿੰਦੀ (ਦੇਵ ਨਾਗਰੀ) ਪਾਠਕ ਹੈਂ। ਔਰ ਬੇਅੰਤ ਹਿੰਦੀ ਪਾਠਕ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੀ ਪਰਮ ਪੂਜਯ ਦਿਵਯ ਬਾਣੀ ਕੇ ਪਠਨ ਪਾਠਨ ਨਮਿੱਤ ਅਤੀ ਪ੍ਰੇਮ ਭਾਵ ਸੇ ਤਰਸ ਰਹੇ ਥੇ। ਸਰਵ ਸਾਧਾਰਨ ਹੀ ਨਹੀਂ ਅਕਾਲੀ ਆਂਦੋਲਨ ਕੇ ਸਮਯ ਬੜੇ ੨ ਮਹਾਨ ਪ੍ਰਤਿਸ਼੍ਰਤ ਦੇਸ਼ ਕੇ ਮੁਖੀ ਜਨੋਂ ਨੇ ਭੀ ਇਸ ਗੁਰੂ ਬਾਣੀ ਕੇ ਪਾਠ ਕੇ ਲੀਏ ਪ੍ਰੇਮ ਭਾਵਨਾ ਪ੍ਰਗਟ ਕਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੇ ਪਾਸ ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਪ੍ਰਾਪਤੀ ਕੇ ਲੀਏ ਯਾਚਨਾ ਕੀ। ਕਿੰਤੂ ਖੇਦ ਸੇ ਕਹਿਨਾ ਪੜਤਾ ਹੈ ਕਿ ਹਿੰਦੀ ਮੇਂ ਵਰਤਮਾਨ ਸਮਯ ਮੇਂ ਗੁਰੂ ਬਾਣੀ ਨ ਹੋਨੇ ਸੇ ਨਿਰਾਸ਼ ਹੀ ਰਹਿਨਾ ਪੜਾ। ਯਹਾਂ ਤੱਕ ਕਿ 'ਅਕਾਲੀ ਪੱਤ੍ਰ' ਮੇਂ ਏਕ ਸਿੰਧੀ ਹਿੰਦੀ ਪਾਠਕ ਕੀ ਤਰਫ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਿੰਦੀ ਬੀੜ ਕੀ ਪ੍ਰਾਪਤੀ ਕੇ ਲੀਏ ਅਤਯੰਤ ਆਤੁਰਤਾ ਔਰ ਬਿਹਬਲਤਾ ਸੇ ੩੦੦) ਤੀਨ ਸ਼ਤ ਰੁਪਏ ਏਕ ਬੀੜ ਕੀ ਪ੍ਰਾਪਤੀ ਕੇ ਲੀਏ ਭੇਟਾ ਕਰਨੇ ਕੇ ਲੀਏ ਲਿਖਾ ਗਿਆ ਥਾ। ਪ੍ਰੰਤੂ ਐਸੇ ਪ੍ਰੇਮੀ ਸੱਜਣ ਭੀ ਨਿਰਾਸ਼ਾ ਮੇਂ ਹੀ ਰਹੇ।



Digitized by Panjab Digital Library | www.panjabdigilib.org

ਇਸ ਦਸ਼ਾ ਔਰ ਤ੍ਰੁਟੀ ਕੋ ਦੇਖਤੇ ਹੂਏ ਸ੍ਰੀ ਸਤਿਗੁਰੂ ਜੀ ਕੀ ਪ੍ਰੇਰਨਾ ਸੇ ਯਹ ਸੇਵਾ ਕਰਨੇ ਕਾ ਉਤਸ਼ਾਹ ਦਾਸ ਕੋ ਹੂਆ ਔਰ ਆਦਿ ਮੇਂ ਭੇਟਾ ਭੀ ਅਤੀ ਅਲਪ, ਲਾਗਤ ਮੇ ਭੀ ਬਹੁਤ ਕਮ ਰੱਖਨੇ ਕਾ ਦ੍ਰਿੜ ਵਿਚਾਰ ਔਰ ਐਸਾ ਹੀ ਵਰਤਾਵ ਕੀਆ ਗਿਆ।"

ਪਾਠਕ ਉਪ੍ਰੋਕਤ ਸਤਰਾਂ ਤੋਂ ਹੀ ਵੈਦ ਜੀ ਦੇ ਸਾਹਿਤਕ ਚਸਕੇ ਦਾ ਅੰਦਾਜ਼ਾ ਲਾ ਸਕਦੇ ਹਨ। ਵੈਦ ਜੀ ਦੀ ਸਾਹਿਤਕ ਸੇਵਾ ਉਪਕਾਰ ਤੇ ਇਸ ਹਿੰਦੀ ਗੁਰੂ ਗ੍ਰੰਥ ਛਪਵਾਉਣ ਦੀ ਸੇਵਾ ਬਾਰੇ ਅੰਗ੍ਰੇਜ਼ੀ ਅਖਬਾਰ The Punjab ਆਪਣੇ ੧੧. ੧੦. ੧੯੨੬ ਦੇ ਪਰਚੇ ਵਿਚ ਇਸ ਤਰ੍ਹਾਂ ਲਿਖਦਾ ਹੈ:—

"ਭਾ: ਸਾ: ਭਾਈ ਮੋਹਨ ਸਿੰਘ ਜੀ ਵੈਦ,ਸ੍ਰੀ ਤਰਨ ਤਾਰਨ, ਪੰਥ ਦੇ ਇਕ ਗੁੱਝੇ ਸੇਵਕ ਹਨ।ਆਪ ਨੇ ਪੰਜਾਬੀ ਸਾਹਿਤਕ ਦੀ ਬੜੀ ਸੇਵਾ ਕੀਤੀ ਹੈ ਅਰ ਜੋ ਕੁਝ ਵੀ ਦਿੱਤਾ ਹੈ ਠਿੱਗਰ ਅਰ ਨਿਰਦੋਸ਼।ਇਥੋਂ ਤਕ ਕਿ ਪੰਜਾਬੀ ਸਾਹਿਤਕ ਦੇ ਪੱਖ ਵਿਚ ਆਪ ਤਕੜੇ ਉਪਕਾਰੀ(ਸਹਾਇਕ) ਮੰਨੇ ਜਾਣ ਲੱਗ ਪਏ ਹਨ। ਆਪ ਨੇ ਸਾਧਾਰਨ ਤੇ ਸੌਖੀ ਪੰਜਾਬੀ ਬੋਲੀ ਵਿਚ ਇਕ ਲੜੀ ਵਿਚ ਪੁਸਤਕਾਂ ਲਿਖੀਆਂ ਅਰ ਪ੍ਰਕਾਸ਼ਤ ਕਰਵਾਈਆਂ ਹਨ ਜੋ ਕਿ ਬੜੀਆਂ ਅਰ ਅਸਲੀ ਅਰਥਾਂ ਵਿਚ ਗੁਣਦਾਇਕ ਹਨ।

ਆਪ ਦੇ ਪਹਿਲੇ ਪੰਥਕ ਪਰਉਪਕਾਰਾਂ ਵਿਚ ਵਾਧਾ ਕਰਨ ਵਾਲੇ ਇਕ ਹੋਰ ਕੰਮ ਦਾ ਆਪ ਵਿਚਾਰ ਕਰ ਰਹੇ ਹਨ ਜੋ ਇਕ ਸਦਾ ਰਹਿਣ ਵਾਲੀ ਚੀਜ਼ ਹੋਵੇਗੀ। ਖਾਸ ਪੰਜਾਬ ਵਿਚ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਛੋਟੀਆਂ ਛੋਟੀਆਂ ਬੀੜਾਂ ਗੁਰਮੁਖੀ ਅੱਖਰਾਂ ਵਿਚ ਮਿਲ ਜਾਂਦੀਆਂ ਹਨ ਪਰ ਪੰਜਾਬ ਤੋਂ ਬਾਹਰ ਜਿੱਥੇ ਗੁਰਮੁਖੀ ਨੂੰ ਕੋਈ ਕੋਈ ਹੀ ਜਾਣਦਾ ਹੈ ਸਿਖਾਂ ਦੇ ਧਰਮ ਗ੍ਰੰਥ ਨਾ ਪੜ੍ਹੇ ਜਾ ਸਕਦੇ ਹੋਣ ਕਾਰਨ ਇਨ੍ਹਾਂ ਤੋਂ ਕੋਈ ਲਾਭ ਨਹੀਂ ਲਿਆ ਜਾਂਦਾ ਰਿਹਾ। ਬੜੇ ਚਿਰ ਤੋਂ ਪੰਜਾਬੋਂ ਬਾਹਰਲੇ ਸੱਜਣਾਂ ਵੱਲੋਂ ਸਿਖ-ਧਰਮ ਗ੍ਰੰਥਾਂ ਨੂੰ ਪੜ੍ਹਨ ਦੀ ਬੜੀ ਪ੍ਰਬਲ ਇੱਛਾ ਪ੍ਰਗਟ ਹੋ ਰਹੀ ਹੈ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਿੰਦੀ ਛਾਪੇ ਵਿਚ ਕਾਫੀ ਮੰਗ ਹੈ। ਪਿੱਛੇ ਜੇਹੇ ਹਿੰਦੀ ਬੀੜਾਂ ਲਈ ਬੜਾ੨ ਮੁੱਲ ਵੀ ਪੇਸ਼ ਕੀਤਾ ਗਿਆ ਸੀ।ਹੁਣ ਸਾਰੇ ਸਿਖ ਪੰਥ ਨੂੰ ਇਹ ਸੁਣ ਕੇ ਪ੍ਰਸੰਨਤਾ ਹੋਵੇਗੀ ਕਿ ਇਸੇ ਪਰਉਪਕਾਰੀ ਵੀਰ ਭਾਈ ਮੋਹਨ ਸਿੰਘ ਜੀ ਵੈਦ ਨੇ ਪੰਜਾਬ ਤੋਂ ਬਾਹਰ ਦੇ ਪੰਜਾਬੀ ਨਾ ਪੜ੍ਹੇ ਵੀਰਾਂ ਜੋਗ



Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਿੰਦੀ ਬੀੜਾਂ ਪ੍ਰਚਾਉਣ ਦਾ ਫੈਸਲਾ ਕੀਤਾ ਹੈ। ਇਹ ਮਹਾਨ ਕਾਰਜ ਕੋਈ ਥੋੜ੍ਹੇ ਜੇਹੇ ਖਰਚ ਨਾਲ ਹੋਣ ਵਾਲਾ ਨਹੀਂ ਹੈ। ਫੇਰ ਵੀ ਇਕ ਬੀੜ ਦੀ ਭੇਟਾ ਕੇਵਲ ਸਵਾ ਦੋ ਰੁਪਏ ਰੱਖਣਗੇ,ਜੋ ਕਿ ਸਾਡੇ ਖਿਆਲ ਵਿਚ ਲਾਗਤ ਨਾਲੋਂ ਵੀ ਬਹੁਤ ਘਟ ਹੈ, ਅਰ ਇਸ ਦੇ ਵਾਧੂ ਖਰਚ ਨੂੰ ਵੈਦ ਜੀ ਦਾ ਆਪਣੇ ਕੋਲੋਂ ਦੇਣ ਦਾ ਇਰਾਦਾ ਹੈ। ਇਹੋ ਜੇਹੇ ਹਿੰਮਤ ਤੇ ਪਰਉਪਕਾਰ ਦੇ ਕੰਮ ਦੀ ਮਿਸਾਲ ਵਿਰਲੀ ਹੀ ਮਿਲਦੀ ਹੈ, ਅਰ ਅਸੀਂ ਉਨ੍ਹਾਂ ਉੱਚ ਭਾਵਨਾਂ ਦੀ ਸੱਚੇ ਦਿਲੋਂ ਪੂਰਨ ਸ਼ਲਾਘਾ ਕਰਦੇ ਹਾਂ, ਜਿਨ੍ਹਾਂ ਨੇ ਇਸ ਮੋਹਣੇ ਵੀਰ ਨੂੰ ਪ੍ਰੇਰਿਆ ਹੈ।"

ਇਸੇ ਬਾਰੇ ਕਲਕਤੇ ਦੇ ਇਕ ਹਿੰਦੀ ਅਖਬਾਰ 'ਕ੍ਰਿਸ਼ਨ ਸੰਦੇਸ਼' ਦਾ ਹਵਾਲਾ ਦੇਣਾ ਭੀ ਅਨੁਚਿਤ ਨਹੀਂ ਹੋਵੇਗਾ। ਉਹ ੧੨ ਫਰਵਰੀ ੧੯੨੮ ਦੇ ਪਰਚੇ ਵਿਚ ਇਸਤਰ੍ਹਾਂ ਲਿਖਦਾ ਹੈ:—

"ਯਹ ਦੇਖ ਕਰ ਬੜਾ ਹੀ ਦੁਖ ਹੋਤਾ ਥਾ ਕਿ ਹਿੰਦੀ ਸਾਹਿਤ੍ਯ-ਸੰਸਾਰ ਮੇਂ ਨਾਗਰੀ ਪ੍ਰਚਾਰਨੀ ਸਭਾ ਔਰ ਹਿੰਦੀ ਸਾਹਿਤ੍ਯ ਸੱਮੇਲਨ ਕੀ ਸਥਾਈ ਸੰਮਤੀ ਆਦਿ ਹਿੰਦੀ ਪੁਸਤਕ ਪ੍ਰਕਾਸ਼ਕ ਸੰਸਥਾਓਂ ਔਰ ਬੜੇ ਬੜੇ ਵਯਵਸਾਈ ਪੁਸਤਕ ਪ੍ਰਕਾਸ਼ਕੋਂ ਦੁਆਰਾ ਜਹਾਂ ਚੰਦ ਸੇ ਲੇ ਕਰ ਸਾਧਾਰਨ ਸੇ ਸਾਧਾਰਨ ਤੁਕੜੋਂ ਤਕ ਕੀ ਪੁਸਤਕੇਂ ਪ੍ਰਕਾਸ਼ਿਤ ਹੂਈਂ ਔਰ ਆਏ ਦਿਨ ਹੋ ਰਹੀ ਹੈਂ, ਵਹਾਂ ਸੰਸਾਰ ਤਾਰਕ ਸਿਖੋਂ, ਨਹੀਂ ਨਹੀਂ, ਜਗਤ ਗੁਰੂਓਂ ਔਰ ਮਹਾਤਮਾਓਂ ਕੀ ਪਵਿੱਤ੍ਰ ਬਾਣੀਓਂ ਕਾ ਸੰਗ੍ਰਹ ਇਸ ਗ੍ਰੰਥ ਕਾ ਏਕ ਭੀ ਸੰਸਕਰਣ ਪ੍ਰਕਾਸ਼ਿਤ ਨ ਹੂਆ। ਅਵੱਸ਼ਯ ਹੀ ਹਿੰਦੀ-ਸਾਹਿਤ੍ਯ-ਭੰਡਾਰ ਮੇਂ ਯਹ ਏਕ ਭਾਰੀ ਕਮੀ ਥੀ, ਔਰ ਇਸ ਕੇ ਕਾਰਨ ਪ੍ਰਤਯੇਕ ਹਿੰਦੀ ਭਾਖ਼ਾ-ਭਾਖ਼ੀ ਖ਼ੁਬਧ ਥਾ। ਪ੍ਰਸੰਨਤਾ ਕੀ ਬਾਤ ਹੈ ਕਿ ਅਬ ਯਹ ਭਾਰੀ ਕਮੀ ਪੂਰੀ ਹੋ ਗਈ ਹੈ। ਇਸੇ ਪੂਰਨ ਕਰਨੇ ਵਾਲੀ ਕੋਈ ਹਿੰਦੀ ਪ੍ਰਚਾਰਕ ਸੰਸਥਾ ਨਹੀਂ, ਬਲਕਿ ਏਕ ਸਿਖ ਸੱਜਣ ਹੈਂ, ਆਪ ਕਾ ਸ਼ੁਭ ਨਾਮ ਹੈ:--ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ੍ਯ। ਆਪ ਤਰਨ ਤਾਰਨ (ਜ਼ਿਲਾ ਅੰਮ੍ਰਿਤਸਰ) ਮੇਂ ਏਕ ਬੜੇ ਹੀ ਨਾਮੀ ਔਰ ਸੁਯੋਗ੍ਯ ਵੈਦ੍ਯ ਹੈਂ। ਯਹ ਗ੍ਰੰਥ ਵਹੀਂ ਸੇ ਆਪ ਨੇ ਪ੍ਰਕਾਸ਼ਿਤ ਕੀਆ ਹੈ। ਆਪ ਪੰਜਾਬੀ ਭਾਸ਼ਾ ਕੇ ਭਾਰੀ ਵਿਦਵਾਨ ਔਰ ਉੱਚ ਕੋਟੀ ਕੇ ਲੇਖਕ ਹੈਂ। ਪੰਜਾਬੀ-ਸਾਹਿਤ-ਸੰਸਾਰ ਮੇਂ ਆਪ ਕਾ ਆਸਨ ਬਹੁਤ ਊਂਚਾ ਹੈ, ਆਪ ਨੇ ਦਰਜਨੋਂ ਪੰਜਾਬੀ



Digitized by Panjab Digital Library | www.panjabdigilib.org

ਪੁਸਤਕੇਂ ਲਿਖ-ਲਿਖਾ ਕਰ ਸੁਲਭ ਮੁਲਜ ਮੇਂ ਪ੍ਰਕਾਸ਼ਿਤ ਕੀ ਹੈਂ ਔਰ ਕਰ ਰਹੇ ਹੈਂ। ਯਹ ਸ੍ਰੀ ਗੁਰੂ ਗ੍ਰੰਥ ਸਾਹਿਬ ਭੀ ਆਪ ਨੇ ਕੇਵਲ ਨਾਗਰੀ ਜਾਨਨੇ ਵਾਲੋਂ ਕੇ ਲਾਭਾਰਥ ਹੀ ਪ੍ਰਕਾਸ਼ਿਤ ਕੀਆ ਹੈ। ਜਬ ਯਹ ਆਪ ਨੇ ਛਪਾਨਾ ਸ਼ੁਰੂ ਕੀਆ ਥਾ ਤੋ ਘੋਸ਼ਨਾ ਕਰ ਦੀ ਥੀ ਕਿ ਜੋ ਸੱਜਨ ਅਭੀ ਸੇ ਇਸਕੀ ਗ੍ਰਾਹਕ ਸ਼੍ਰੇਣੀ ਮੇਂ ਨਾਮ ਲਿਖਾ ਲੇਂਗੇ ਉਨ੍ਹੇਂ ਯਹ ਗ੍ਰੰਥ ਕੇਵਲ ੨।) ਸਵਾ ਦੋ ਰੁਪਏ ਮੇਂ ਹੀ ਦੀਆ ਜਾਏਗਾ। ਯਹ ਬੜੇ ਆਕਾਰ ਕਾ ਗ੍ਰੰਥ ਪੌਣੇ ਆਠਸੌ(੭੭੫) ਪ੍ਰਿਸ਼ੇਂ ਮੇਂ ਸਮਾਪਤ ਹੂਆ ਹੈ। ਕਾਗਜ਼ ਔਰ ਛਪਾਈ ਸਫਾਈ ਭੀ ਅੱਛੀ ਹੈ। ਪੁਸਤਕ ਕੀ ਉਪਯੋਗਤਾ ਔਰ ਲਾਗਤ ਕੋ ਦੇਖਤੇ ਹੂਏ ਮੁਲਜ ਕੁਛ ਭੀ ਨਹੀਂ ਹੈ। ਪੁਸਤਕ ਬਹੁਤ ਹੀ ਪਰਿਸ਼੍ਰਮ ਸੇ ਤਿਆਰ ਕੀ ਗਈ ਹੈ। "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ" ਕੀ ਮੂਲ ਪ੍ਰਤੀ ਗੁਰਮੁਖੀ ਅਛੂਰੋਂ ਮੇਂ ਹੈ। ਉਸੇ ਠੀਕ ਵੈਸਾ ਹੀ ਨਾਗਰੀ ਮੇਂ ਨਕਲ ਕਰਨਾ ਕੋਈ ਸਹਜ ਕਾਮ ਨਹੀਂ ਹੈ। ਯਹ ਭਾਰੀ ਕਾਮ ਕਰਨਾ ਵੈਦਜ ਜੀ ਸਰੀਖੇ ਵਿਦਵਾਨੋਂ ਕਾ ਹੀ ਕਾਮ ਥਾ, ਸੋ ਉਨ੍ਹੋਂ ਨੇ ਕਰ ਕੇ ਹਿੰਦੀ ਸਾਹਿਤਜ ਸੰਸਾਰ ਪਰ ਬਹੁਤ ਉਪਕਾਰ ਕੀਆ ਹੈ।"

ਆਪ ਦੇ ਅਕਾਲ ਚਲਾਣੇ ਪਿਛੋਂ ਸ੍ਰ: ਅਮਰੀਕ ਸਿੰਘ ਜੀ ਅਸਿਸ-ਟੈਂਟ ਸੁਪ੍ਰਿੰਟੈਂਡੈਂਟ ਜੇਹਲ ਬੋਰਸਟਲ ਇਨਸਟੀਟੀਊਸ਼ਨ ਲਾਹੌਰ ਤੋਂ ਦਰਦ ਭਰੀ ਚਿਠੀ ਲਿਖਦੇ ਹੋਇ, ਮਾਨੋਂ ਆਪ ਨੂੰ ਪ੍ਰਤਖ ਦੇਖ ਰਹੇ ਆਪ ਦੀ ਸਾਹਿਤਜ ਸੇਵਾ ਤੇ ਹਿੰਦੀ ਗੁਰੂ ਗ੍ਰੰਥ ਸਾਹਿਬ ਬਾਰੇ ਦੋ ਕੁ ਸਤਰਾਂ ਪਰ ਡਾਢੀਆਂ ਮਹੱਤ੍ਵ ਭਰੀਆਂ ਇਸ ਤਰ੍ਹਾਂ ਲਿਖਦੇ ਹਨ:—

"ਵੈਦ ਜੀ ਦਾ ਹਸੂੰ ਹਸੂੰ ਕਰਦਾ ਚਿਹਰਾ ਤੇ ਗੁਰਮੁਖੀ ਸ਼ਕਲ ਇਸ ਵਕਤ ਅਖਾ ਅੱਗੇ ਫਿਰ ਰਹੀ ਹੈ। ਇਹ ਪੰਥ ਲਈ ਨਾ ਪੂਰੇ ਹੋਣ ਵਾਲਾ ਘਾਟਾ ਹੈ। ਆਪ ਨੇ ਗੁਰਮੁਖੀ ਲਿਟਰੇਚਰ ਦੁਆਰਾ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਿੰਦੀ ਅਖਰਾਂ ਵਿਚ ਛਪਵਾ ਕੇ ਨਾਮ ਮਾਤ੍ਰ ਮੋਖ ਤੇ ਭੇਟਾ ਕਰਨ ਵਿਚ ਜੋ ਸਿਖ ਕੌਮ ਦੀ ਸੇਵਾ ਕੀਤੀ ਹੈ ਉਹ ਸੁਨਹਿਰੀ ਅੱਖਰਾਂ ਵਿਚ ਲਿਖਣ ਦੇ ਕਾਬਲ ਹੈ।"

ਸੂਰਜ ਨੂੰ ਦੀਵਾ ਦਿਖਾਉਣ ਦੇ ਉਦਾਹਰਨ ਵਾਂਗ ਇਸ ਬਾਰੇ ਵਧੀਕ ਲਿਖਣ ਦੀ ਲੋੜ ਨਹੀਂ, ਪਰ ਏਨਾ ਨਾ ਲਿਖਣਾ ਭੀ



Digitized by Panjab Digital Library | www.panjabdigilib.org

ਅਨਿਆਯ ਹੋਵੇਗਾ ਕਿ ਆਪ ਨੇ ੨।) ਤੋਂ ਭੀ ਬਹੁਤ ਹੀ ਥੋੜੀਆਂ ਬੀੜਾਂ ਵੇਚੀਆਂ, ਵਧੀਕ ਕਰਕੇ ਆਪ ਨੇ ਹਿੰਦੀ ਸੰਸਾਰ ਦੇ ਮੁਖੀ ਤੇ ਪ੍ਰੇਮੀਆਂ ਨੂੰ ਮੁਫਤ ਹੀ ਪ੍ਰੇਮ ਭੇਟਾ ਕੀਤੀਆਂ।

ਪੰਜਾਬ ਤੋਂ ਬਾਹਰ ਦੇ ਤਮਾਮ ਸਿੱਖ ਗੁਰਦੁਆਰਿਆਂ, ਸਿੰਘ ਸਭਾਵਾਂ ਲਾਇਬ੍ਰੇਰੀਆਂ ਤੇ ਪ੍ਰਸਿੱਧ ਲੀਡਰ ਮਹਾਤਮਾ ਗਾਂਧੀ, ਮਦਨ ਮੋਹਨ ਮਾਲਵੀਯ, ਡਾਕਟਰ ਗੋਕਲ ਚੰਦ ਨਾਰੰਗ, ਸਰ ਤੇਜ ਬਹਾਦਰ ਸਪਰੂ ਆਦਿਕ ਸਾਰਿਆਂ ਨੂੰ ਮੁਫਤ ਬੀੜਾਂ ਭੇਜੀਆਂ ਤੇ ਭਿਜਵਾਈਆਂ ਗਈਆਂ।

---

# ੧੯੨੭ ਦੀਆਂ ਘਟਨਾਵਾਂ

੧-੧-੨੭—ਸ੍ਰ: ਜੋਗਿੰਦਰਾ ਸਿੰਘ ਪੰਜਾਬ ਦੇ ਵਜ਼ੀਰ ਬਣਾਏ ਗਏ।

੨੩-੩-੨੭—ਪੰਜਾਬ ਕੌਂਸਲ ਵਿਚ ਸਿੱਖ ਕੈਦੀ ਰਿਹਾ ਕਰਨ ਦਾ ਮਤਾ ਪਾਸ ਹੋਇਆ।

੨੫-੩-੨੭—ਸੈਂਟਰਲ ਸਿੱਖ ਲੀਗ ਨੇ ਮੁਸਲਿਮ ਲੀਡਰਾਂ ਨੂੰ ਸਾਂਝਾ ਅਲੈਕਸ਼ਨ ਮੰਨਣ ਕਰਕੇ ਵਧਾਈ ਦਿੱਤੀ।

੨੦-੪-੨੭—ਪੰਜਾਬ ਕੌਂਸਲ ਦੇ ਸਿਖ ਮੈਂਬਰਾਂ ਨੇ ਸਿੱਖ ਕੈਦੀ ਅਜੇ ਤਕ ਨਾ ਛੱਡੇ ਜਾਣ ਦੇ ਕਾਰਨ ਪ੍ਰੋਟੈਸਟ ਵਜੋਂ ਕੌਂਸਲ ਤੋਂ ਅਸਤੀਫੇ ਦੇ ਦਿਤੇ।

੧੦-੭-੨੭—ਸਰ ਗੰਗਾ ਰਾਮ, ਗੁਰੂ ਕੇ ਬਾਗ ਦਾ ਫੈਸਲਾ ਮੁਕਾਉਣ ਵਾਲੇ ਦਾ ਲੰਡਨ ਵਿਖੇ ਦੇਹਾਂਤ ਹੋਇਆ।

---



Digitized by Panjab Digital Library | www.panjabdigilib.org

# ੧੯੨੮

## ਧਾਰਮਕ ਨਿਸਚਾ

"ਪਬਲਿਕ ਕੰਮਾਂ ਵਿਚ ਨਿਰਮਾਨ ਸੇਵਾ ਕਰਨ ਦੀ ਆਦਤ ਉਨ੍ਹਾਂ (ਵੈਦ ਜੀ) ਦੀ ਸੈਕਿੰਡ ਨੇਚਰ ਹੋ ਚੁਕੀ ਸੀ। ਦੋਸਤ ਪ੍ਰਵਰੀ ਤੇ ਗ੍ਰਿਹਸਥ ਦਾ ਜੀਵਨ ਨਮੂਨੇ ਦਾ ਸੀ। ਆਪ ਨੇ ਪੰਜਾਬੀ ਸਾਹਿਤ ਦਾ ਵਾਧਾ ਬੜੇ ਗੁੱਝੇ ਤ੍ਰੀਕੇ ਨਾਲ ਕੀਤਾ।"

(ਸ੍ਰ: ਹੁਕਮ ਸਿੰਘ ਜੀ ਰੀਟਾਇਰਡ ਡਿਸਟ੍ਰਿਕਟ ਐਂਡ ਸੈਸ਼ਨ ਜੱਜ)

ਵੈਦ ਜੀ ਦਾ ਧਾਰਮਕ ਨਿਸਚਾ ਐਡਾ ਪੱਕਾ ਸੀ ਕਿ ਆਪ ਵਾਹ ਲਗਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕੀਤੇ ਤੇ ਹੁਕਮ ਲਏ ਬਿਨਾਂ ਕੋਈ ਕੰਮ ਨਾ ਸਨ ਅਰੰਭ ਕਰਦੇ। ਹਰ ਸਵੇਰੇ ਆਪ ਦਾ ਪਹਿਲਾ ਤੇ ਜ਼ਰੂਰੀ ਕੰਮ ਇਹੀ ਹੁੰਦਾ ਸੀ।

ਹੋਰ ਨਿਤਨੇਮ ਤੇ ਉਚੇਚੇ ਪਾਠ ਕਰਨ ਤੋਂ ਇਲਾਵਾ ਇੱਕ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪ ਆਪਣੇ ਘਰ ਰੱਖਦੇ ਹੁੰਦੇ ਸਨ, ਜਿਸ ਦਾ ਭੋਗ ਹਮੇਸ਼ਾਂ ਸਾਲ ਦੇ ਸਾਲ ਪਾਉਂਦੇ ਸਨ।

ਇਸੇ ਲਈ ੧ ਜਨਵਰੀ ੧੯੨੮ ਨੂੰ ਆਪ ਨੇ ਰੋਜ਼ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਘਰ ਪਾਇਆ ਤੇ ਨਵਾਂ ਪਾਠ ਅਰੰਭ ਕੀਤਾ। ਇਨੀ ਦਿਨੀ ਹੀ ਅੰਮ੍ਰਿਤਸਰ ਵਿੱਚ ਨਗਰ ਸਭਾ ਦੀ ਚੋਣ ਸੀ। ਸ੍ਰ: ਭਾਗ ਸਿੰਘ ਜੀ ਡੰਗ ਤੇ ਸ੍ਰ: ਸੇਵਾ ਸਿੰਘ ਜੀ ਅਣੇਜਾ ਇੱਕ ਦੂਜੇ ਦੇ ਮੁਕਾਬਲੇ ਤੇ ਤੁਲੇ ਹੋਏ ਸਨ, ਤੇ ਨੌਬਤ ਖਟਾ ਪਟੀ ਤੱਕ ਪਹੁੰਚ ਚੁੱਕੀ ਸੀ। ਆਪ ਨੇ ੧੨ ਜਨਵਰੀ ਨੂੰ ਜਾਕੇ ਇਸ ਝਗੜੇ ਨੂੰ ਬੜੇ ਉੱਦਮ ਤੇ



Digitized by Panjab Digital Library | www.panjabdigilib.org

ਸਿਆਣਪ ਨਾਲ ਨਿਪਟਾਇਆ। ਇਸੇ ਦਿਨ ਸ੍ਰ: ਬਖਸ਼ੀਸ਼ ਸਿੰਘ ਐਡੀਟਰ 'ਹੀਰਾ' ਤੇ ਸ: ਸ: ਲਾਹੌਰਾ ਸਿੰਘ ਜੀ ਨੂੰ ਇੱਕ ਇੱਕ ਜਿਲਦ ਹਿੰਦੀ ਗੁਰੂ ਗ੍ਰੰਥ ਸਾਹਿਬ ਦੀ ਭੇਟ ਕੀਤੀ।

੨੦ ਜਨਵਰੀ ਨੂੰ ਸ੍ਰ: ਲਾਭ ਸਿੰਘ ਜੀ ਨਾਰੰਗ ਦਵਾਈਆਂ ਲਈ ਆਏ, ਨਾਲ ਹੀ ਪ੍ਰੀਤਮ ਲਈ ਇਕ ਕਾਪੀ ੮ ਕਹਾਣੀਆਂ ਦੀ ਲੈ ਗਏ।

੨੩ ਫਰਵਰੀ ਨੂੰ ਸ੍ਰ: ਹਰੀ ਸਿੰਘ ਜੀ ਚਕਵਾਲੀਏ* ਅਤ ਤੰਗੀ ਦੀ ਹਾਲਤ ਵਿੱਚ ਆਪ ਪਾਸ ਆਏ, ਆਪ ਨੇ ੨੦) ਸਹਾਇਤਾ ਵਜੋਂ ਦਿੱਤੇ।

ਉਸ ਦਿਨ ਦਾ ਡਾਇਰੀ ਨੋਟ ਇਉਂ ਹੈ:–

"ਸ੍ਰ: ਹਰੀ ਸਿੰਘ ਚਕਵਾਲੀਆ ਨੂੰ ਅਤ ਤੰਗੀ ਦਸ਼ਾ ਵਿੱਚ ਹੋਵਣ ਤੇ ੨੦) ਸਹਾਇਤਾ ਵਜੋਂ ਦਿੱਤੇ।"

੨੯ ਫਰਵਰੀ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੀ ਕਮੇਟੀ ਤੋਂ ਉੱਦਮ ਨਾਲ ੧੦੦੦) ਖਾ: ਹਾ: ਸਕੂਲ ਸਰਹਾਲੀ,੪੮੦) ਜਾਮਾਰਾਯ, ੩੦੦) ਮਿਡਲ ਸਕੂਲ ਕੈਰੋਂ। ੧੨੦)ਕੰਨਜਾ ਬੋਰਡਿੰਗ ਕੈਰੋਂ ੨੪੦੦) ਖਾ: ਹਾ: ਸਕੂਲ ਤਰਨ ਤਾਰਨ ਅਤੇ ੧੨੦੦) ਕੰਨਜਾ ਪਾਠਸ਼ਾਲਾ ਤਰਨ ਤਾਰਨ ਲਈ ਸਾਲਾਨਾ ਗ੍ਰਾਂਟ ਮਨਜ਼ੂਰ ਕਰਵਾਈ।

---

*"ਸ੍ਰ: ਹਰੀ ਸਿੰਘ ਜੀ ਚਕਵਾਲੀਏ ਐਡੀਟਰ 'ਨੌਜਵਾਨ ਮਜ਼ਦੂਰ' ਅੰਮ੍ਰਿਤਸਰ ਤੇ ਸਾਬਕ ਐਡੀਟਰ 'ਅਕਾਲੀ' ਆਪਣੀ ੧੩-੧੧-੩੬ ਦੀ ਪੱਤ੍ਰਕਾ ਵਿਚ ਲਿਖਦੇ ਹਨ ਕਿ—"ਭਾਈ ਸਾਹਿਬ ਦੀ ਹਸਤੀ ਦਾ ਸਾਰੇ ਪੰਥ ਵਿਚ ਸਤਿਕਾਰ ਰਿਹਾ ਹੈ। ਹਰ ਖਿਆਲ ਦੇ ਲੋਕਾਂ ਦੇ ਦਿਲਾਂ ਵਿਚ ਭਾਈ ਸਾਹਿਬ ਰਾਜ ਕਰਦੇ ਸਨ।......ਆਪ ਦੇ ਦਰ ਉਤੇ ਜੋ ਵੀ ਗਿਆ ਭਾਵੇਂ ਉਹ ਕਿਸੇ ਧਰਮ ਦਾ ਸੀ ਖਾਲੀ ਨਹੀਂ ਮੁੜਿਆ। ਆਪ ਹਰ ਇਕ ਲੋੜਵੰਦ ਦੀ ਲੋੜ ਪੂਰੀ ਕਰਦੇ ਸਨ। ਆਪ ਗ੍ਰੀਬਾਂ ਤੇ ਦੁਖੀਆਂ ਲਈ ਬਖਸ਼ਸ਼ ਦੀ ਖਾਣ ਸਨ। ਆਪ ਵਿਚ ਸੰਤ ਸੁਭਾ ਤੇ ਬੀਰਤਾ ਦੋਵੇਂ ਸਨ। ਆਪ ਨੇ ਕੌਮ ਤੇ ਦੇਸ਼ ਲਈ ਹੀ ਜਨਮ ਲਿਆ ਤੇ ਸਾਰਾ ਜੀਵਨ ਕੌਮ ਤੇ ਦੇਸ਼ ਅਤੇ ਰਬ ਦੇ ਜੀਵਾਂ ਦੀ ਭਲਾਈ ਲਈ ਅਰਪਨ ਕੀਤੀ ਰਖਿਆ।"



Digitized by Panjab Digital Library | www.panjabdigilib.org

੭ ਮਾਰਚ ਨੂੰ ਦੋ ਮਜ਼ਮੂਨ ਪ੍ਰੀਤਮ ਵਿਦਜਾ ਨੰਬਰ ਲਈ ਲਿਖੇ।

੧੧ ਮਾਰਚ ਨੂੰ ਨਵੀਂ ਹੰਸਲੀ (ਜਿਸਦਾ ਜ਼ਿਕਰ ਪਿੱਛੇ ਤੇ ਸ੍ਰੋਵਰ ਦੇ ਜਲ ਦੀ ਸਾਖੀ ਵਿੱਚ ਆ ਚੁੱਕਾ ਹੈ)ਰਾਹੀਂ ਸ੍ਰੀ ਦਰਬਾਰ ਸਾਹਿਬ ਸਰੋਵਰ ਵਿੱਚ ਨਹਿਰ ਦਾ ਜਲ ਆਇਆ।

੨੩ ਮਾਰਚ ਨੂੰ ਰਾਧਾ ਸ੍ਵਾਮੀ ਡੇਰਾ ਬਿਆਸ ਦੇ ਬਾਬਾ ਸਾਵਣ ਸਿੰਘ ਜੀ ਦਾ ਪ੍ਰੇਮ ਵੇਖ ਇੱਕ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਿੰਦੀ ਸ੍ਰ: ਭਗਵਾਨ ਸਿੰਘ ਜੀ ਹੱਥੀਂ ਭੇਟ ਕੀਤੀ। ਇਸੇ ਦਿਨ ਰਾਧਾ ਸ੍ਵਾਮੀ ਕਾਨਫ੍ਰੰਸ ਵੇਖ ਵੈਦ ਜੀ ਆਪਣੀ ਡਾਇਰੀ ਵਿੱਚ ਇਸਤਰ੍ਹਾਂ ਅਫਸੋਸ ਦਾ ਨੋਟ ਲਿਖਦੇ ਹਨ–

"ਸਿੱਖਾਂ ਦੀ ਘਰ ਤੋਂ ਭੁਲੀ ਦਸ਼ਾ ਵੇਖ ਸ਼ੋਕ ਹੋਯਾ।"

੬ ਅਪ੍ਰੈਲ ਨੂੰ ਸ੍ਵਾਮੀ ਓਅੰਕਾਰਾਨੰਦ ਜੀ ਆਏ। ਇੱਕ ਬੀੜ ਹਿੰਦੀ ਗੁਰੂ ਗ੍ਰੰਥ ਸਾਹਿਬ ਤੇ ਇਕ ਭਾਗ 'ਸਿਧ ਔਖਧੀ ਭੰਡਾਰ' ਲੈ ਗਏ।

੮ ਅਪ੍ਰੈਲ ਦਾ ਨੋਟ ਇਸ ਤਰ੍ਹਾਂ ਹੈ:–

"ਹੰਸਲੀ (ਸ੍ਰੋਵਰ ਸ੍ਰੀ ਦ: ਸ:) ਦੀ ਸੇਵਾ ਸਮਾਪਤੀ ਦੇ ਆਖੰਡ ਪਾਠ ਤੇ ਬੇ ਅੰਤ ਸੰਗਤਾਂ ਦੇ ਦਰਸ਼ਨ। ਸੰਤਾਂ ਦੀ ਆਗਿਆ ਅਨੁਸਾਰ ਚੇਤਰ ਤੇ ਅਸੂ ਦੀ ਪੂਰਨ ਮਾਸ਼ੀ ਜੋੜ ਮੇਲ ਨੀਯਤ ਹੋਏ। ਬੇ ਅੰਤ ਦਵਾਵਾਂ ਵਾਸਤੇ ਆਏ, ਲੈ ਗਏ।"

੧੪ ਅਪ੍ਰੈਲ ਨੂੰ ਸ਼ਹਿਰ ਵਿਚ ਹੀ ਸ਼ਹਿਰ ਦੇ ਮੰਨੇ ਪ੍ਰਮੰਨੇ ਭਾਈ ਨਿਹਾਲ ਸਿੰਘ ਦੀ ਇਮਾਰਤ ਤੇ ਦੇਵੀ ਦਵਾਰੇ ਦੇ ਟ੍ਰਸਟੀਆਂ ਦਾ ਝਗੜਾ ਸੁਲਝਾਇਆ।

੧੯ ਅਪ੍ਰੈਲ ਨੂੰ ਸ੍ਰ: ਬ: ਹੁਕਮ ਸਿੰਘ ਤੇ ਸ੍ਰ: ਦਲੀਪ ਸਿੰਘ ਜੋ ਸਬ ਜੱਜ ਦਵਾਈਆਂ ਵਾਸਤੇ ਆਏ। ਪ੍ਰੇਮ ਸਹਿਤ ਸੇਵਾ ਕੀਤੀ।

੩੦ ਮਈ ਦਾ ਡਾਇਰੀ ਨੋਟ:–

"ਹੰਸਲੀ ਸ੍ਰੀ ਦ: ਸ: ਦਾ ਪਾਣੀ ਆਵਣ ਤੇ ਬਹੁਤ ਸ਼ੋਰ ਹੋਵਨ ਤੇ ਸ੍ਰੋਵਰ ਵਿਚ ੧ ਲੜਕਾ ਪਿਆਰਾ ਸਿੰਘ ਡੁੱਬਾ, ਡਾਢੀ ਦਰਦਨਾਕ ਮੌਤ।"



Digitized by Panjab Digital Library | www.panjabdigilib.org

੧ ਜੂਨ ਨੂੰ ਸ੍ਰ: ਹਰਬੰਸ ਸਿੰਘ ਜੀ ਰਈਸ ਅਟਾਰੀ ਨੂੰ ਦਵਾਈਆਂ ਭੇਜੀਆਂ ਤੇ ਇਸੇ ਦਿਨ ਬਾਬਾ ਗੁਰਦਿਤ ਸਿੰਘ ਜੀ ਕਲਕਤੇ ਤੋਂ ਆਏ, ਪਿੰਡ ਨੂੰ ਜਾਂਦੇ ਹੋਏ ਮਿਲੇ। ਦੁਪਹਿਰਾਂ ਕਟੀਆਂ ਪ੍ਰਸ਼ਾਦ ਛਕਾਇਆ ਤੇ ਹੋਰ ਯੋਗ ਸੇਵਾ ਕੀਤੀ।

੫ ਜੂਨ ਨੂੰ ਸ੍ਰੀ ਹਜ਼ੂਰ ਸਾਹਿਬ ਦੇ ਹੈਡ ਗ੍ਰੰਥੀ ਸ੍ਰ: ਹਜ਼ੂਰਾ ਸਿੰਘ ਜੀ ਆਪਣੇ ਤਿੰਨਾਂ ਸਾਥੀਆਂ ਨਾਲ ਤਰਨ ਤਾਰਨ ਆਏ। ਪ੍ਰੇਮ ਨਾਲ ਸਭ ਨੂੰ ਪ੍ਰਸ਼ਾਦ ਛਕਾਇਆ। ਦਵਾਈਆਂ ਤੋਂ ਇਲਾਵਾ ਇਕ ਬੀੜ ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਭੇਟ ਕੀਤੀ।

੭ ਜੁਲਾਈ ਨੂੰ ਤਰਨ ਤਾਰਨ 'ਕੋ ਓਪਰੇਟਿਵ ਯੂਨੀਅਨ' ਦੇ ਜਲਸੇ ਵਿਚ ਵੈਦ ਜੀ ਨੂੰ ਡਾਇਰੈਕਟਰ ਚੁਣਿਆ ਗਿਆ।

੧੩ ਜੁਲਾਈ ਦੀ ਡਾਇਰੀ ਵਿਚ ਇਉਂ ਲਿਖਦੇ ਹਨ:-

"ਮਿਸਟਰ ਨੂਨ* ਵਜ਼ੀਰ ਸੈਲਫ ਗਵਰਮੈਂਟ ਪੰਜਾਬ ਆਇਆ। ੬॥ ਤੋਂ ੭॥ ਤਕ ਸਵੇਰੇ ਖਾ: ਹਾਈ ਸਕੂਲ ਸਮਾ ਲਗਾ ਫੇਰ ਸਮਾਲ ਟਾਊਨ ਕਮੇਟੀ ਵਿਚ, ਕਮੇਟੀ ਨੂੰ ਮਿਉਨਸਪੈਲਟੀ ਕਰਨ, ਹਸਪਤਾਲ ਪ੍ਰਾਵਿੰਸ਼ਲ ਬਨਾਣਾ, ਵਾਟਰ ਵਰਕਸ, ਡ੍ਰੇਨੇਜ ਸਕੀਮ ਵਗੈਰਾ ਦੀ ਮਦਦ ਦੀ ਪ੍ਰੇਰਨਾ ਕਰਨ ਤੇ ਮਨਿਸਟਰ ਨਾਲ ਵਕਤ ਲਗਾ।"

ਹੋਰ ਕੁਝ ਕੁ ਡਾਇਰੀ ਨੋਟ ਇਸਤਰ੍ਹਾਂ ਹਨ:-

੨੦ ਜੁਲਾਈ ਨੂੰ ਸ੍ਰੀ ਦਰਬਾਰ ਸਾਹਿਬ ਜੀ ਬਿਜਲੀ ਸ਼ੁਰੂ ਹੋਈ।

੪ ਅਗਸਤ—"ਦੋ ਹਿੰਦੀ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰਦਵਾਰ ਸ੍ਰੀ ਮਹੰਤ ਬੁਢਾ ਸਿੰਘ ਜੀ ਨੂੰ ਕਾਸ਼ੀ ਤੇ ਰਿਖੀਕੇਸ਼ ਵਾਸਤੇ ਭੇਜੀਆਂ।"

੧੨—੮—੨੮ ਸ੍ਰ: ਜਸਵੰਤ ਸਿੰਘ ਜੀ ਸੀਨੀਅਰ ਆਡੀਟਰ ਆਏ ਓਨ੍ਹਾਂ ਹਥੀਂ ੧ ਹਿੰਦੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਰਾਮ ਪੋਪਲੀ ਸਾਬਕ ਸੈਸ਼ਨ ਜਜ ਅੰਮ੍ਰਿਤਸਰ ਨੂੰ ਭੇਜੀ"

---

*ਸਰ ਫੀਰੋਜ਼ ਖਾਂ ਨੂਨ।



Digitized by Panjab Digital Library | www.panjabdigilib.org

੨੫-੮-੨੮ ਸ੍ਰ: ਗੁਰਬਖਸ਼ ਸਿੰਘ ਨਾਰੰਗ'ਪ੍ਰੀਤਮ' ਵਾਲਾ ਅੰਮ੍ਰਿਤਸਰ ਤੋਂ ਆਇਆ। ੫ ਖਰੜੇ 'ਫਤਹਿ' ਵਾਸਤੇ ਲੈ ਗਿਆ। (੧) ਸ੍ਵਦੇਸ਼ੀ ਖੇਡਾਂ, (੨) ਫੁਟਕਲ ਲੇਖ, (੩) ਦੌਲਤ ਦੀ ਕੁੰਜੀ, (੪) ਮਨ ਪ੍ਰਸੰਨਤਾ, (੫) ਸੁਸ਼ੀਲਾ ਵਿਧਵਾ। ਪ੍ਰਸ਼ਾਦ ਦੰਪਤੀ ਛਕ, ਦਵਾਵਾਂ ਲੈ ਵਾਪਸ ਗਏ।

੧੫—੯—੨੮ ਡਾਕਟਰ ਚਰਨ ਸਿੰਘ ਜੀ ਹਾਊਸ ਸਰਜਨ ਮਿਓ ਹਸਪਤਾਲ ਪਿਤਾ ਜੀ ਵਾਸਤੇ ਦਵਾਈ ਲੈਣ ਆਏ। ਲੈ ਕੇ ਚਲੇ ਗਏ।

੧—੧੦—੨੮, ੪ ਤੋਂ ੭ ਤਕ ਸ਼ਹਿਰ ਵਿਚ ਸਮਾਲ ਟਾਊਨ ਕਮੇਟੀ ਦੀ ਹਦੋਂ ਸ਼ਰਾਬ ਕੱਢਣ ਦੀ ਪ੍ਰੇਰਨਾ ਵਾਸਤੇ, ਡੈਪੂਟੇਸ਼ਨ ਵਾਸਤੇ ਸਮਾ ਲਗਾ।

੨—੧੦—੨੮ ਅੰਮ੍ਰਿਤਸਰ ਡਾਕਟਰ ਗਜਾਨ ਸਿੰਘ ਜੀ ਦੀ ਲੜਕੀ ਨੂੰ ਵੇਖਣ ਗਿਆ।

੪—੧੦—੨੮ ਸਵੇਰੇ ੯ ਤੋਂ ੫॥ ਤਕ ਟਾਊਨ ਹਾਲ ਸ਼ਰਾਬ ਸ਼ਹਿਰੋਂ ਕੱਢਣ ਦੇ ਵੋਟਿੰਗ ਵਾਸਤੇ ਸਮਾ ਲੱਗਾ। ਵਾਰਡ ੧-੨-੩ ਦੇ ਵੋਟ ਪਏ। ਵਿਚ ਵਾਰ ੧੧ ਤੋਂ ੧੧॥ ਤੱਕ ਤ: ਤਾ: ਕੋ: ਯੂਨੀਅਨ ਦੇ ਡਾਇਰੈ-ਕਟਰਾਂ ਦੀ ਮੀਟਿੰਗ ਵਿੱਚ ਭੀ ਸਮਾ ਲੱਗਾ।

੫—੧੦—੨੮ ਵੋਟਿੰਗ ਵਾਰਡ ਨੰ: ੪-੫-੬-੭ ਦਾ ਸ਼ਰਾਬ ਬਾਹਰ ਕਰਨ ਨੂੰ ਹੋਇਆ। ਕੁਲ ਵੋਟ (ਸਾਰੇ ਹੱਕ ਵਿੱਚ) ੧੫੫੦ ਹੋਏ। ਵਾਹਿਗੁਰੂ ਦਾ ਸ਼ੁਕਰ ਕੀਤਾ।

ਉੱਪਰ ਕੁਛ ਕੁ ਆਪ ਦੇ ਹੂਬਹੂ ਡਾਇਰੀ ਨੋਟ ਦਿੱਤੇ ਹਨ। ਪਾਠਕ ਜਨ ਜ਼ਰਾ ਕੁ ਭੀ ਗਹੁ ਨਾਲ ਇਨ੍ਹਾਂ ਨੋਟਾਂ ਨੂੰ ਵਿਚਾਰਨਗੇ, ਤਾਂ ਵੈਦ ਜੀ ਦੇ ਰੋਜ਼ਾਨਾ ਜੀਵਣ ਤੇ ਜੀਵਣ ਆਦਰਸ਼ ਦਾ ਸੁਖਾਲਾ ਹੀ ਪਤਾ ਲੱਗ ਜਾਵੇਗਾ। ਹੋਰ ਅੱਗੇ ਵੇਖੋ।

੧ ਅਕਤੂਬਰ ੧੯੨੮ ਨੂੰ ਡਾਕਟਰ ਚਰਨ ਸਿੰਘ ਜੀ ਹਾਊਸ ਸਰਜਨ ਮਿਓ ਹਸਪਤਾਲ ਵਾਲਿਆਂ ਨੇ ਇੱਕ ਚਿੱਠੀ ਵੈਦ ਜੀ ਨੂੰ ਆਪਣੇ ਪਿਆਰੇ ਪਿਤਾ ਜੀ ਦੀ ਬਾਬਤ ਲਿਖੀ, ਜਿਸ ਵਿੱਚ ਵੈਦ ਜੀ ਨੂੰ ਸਦਿਆ ਹੈ। ਜਿਸ ਤੋਂ ਆਪ ਦਾ ਤੇ ਆਪ ਦੇ ਪਿਤਾ ਜੀ ਦਾ ਵੈਦਰਾਜ ਜੀ ਵਿੱਚ ਕਿਸਤਰ੍ਹਾਂ ਦਾ ਵਿਸ਼ਵਾਸ ਸੀ, ਇਹ ਭੀ ਪਤਾ ਲੱਗਦਾ ਹੈ, ਉਹ ਚਿੱਠੀ ਇਸ ਤਰ੍ਹਾਂ ਹੈ:—



Digitized by Panjab Digital Library | www.panjabdigilib.org

"ਸ੍ਰੀ ਮਾਨ ਭਾਈ ਸਾਹਿਬ ਜੀਉ,

ਬੇਨਤੀ ਇਹ ਹੈ ਜੋ ਗੋਲੀਆਂ ਆਪ ਨੇ ਕ੍ਰਿਪਾ ਕੀਤੀਆਂ ਸਨ ਉਹ ਦਾਸ ਨੇ ਵਾਲਦ ਸਾਹਿਬ ਵਲ ਭੇਜ ਦਿੱਤੀਆਂ ਸਨ। ਸਨਿੱਚਰ ਵਾਰ ੨੯-੯-੨੮ ਨੂੰ ਇਥੇ ਲਾਹੌਰ ਪਹੁੰਚੇ ਹਨ, ਪਰ ਹਾਲਤ ਬੜੀ ਕਮਜ਼ੋਰੀ ਦੀ ਹੈ। ਹਿੱਲਣਾ ਜੁੱਲਣਾ ਬੜਾ ਔਖਾ ਹੈ। ਕੁਛ ਖਾਂਦੇ ਪੀਂਦੇ ਨਹੀਂ ਹਨ। ਆਪ ਨੂੰ ਇਹ ਖੇਚਲ ਦਿਤੀ ਜਾਂਦੀ ਹੈ ਜੋ ਕਿਸੇ ਦਿਨ ਆਵੋ ਅਤੇ ਉਨ੍ਹਾਂ ਨੂੰ ਦੇਖੋ, ਜੇ ਇਲਾਜ ਦੇ ਕਾਬਲ ਹਨ ਤਾਂ ਜਿਸ ਤਰ੍ਹਾਂ ਆਪ ਹੁਕਮ ਕਰੋਗੇ ਉਸੇ ਤਰ੍ਹਾਂ ਕੀਤਾ ਜਾਵੇਗਾ।

ਵਾਲਦ ਸਾਹਿਬ ਦਾ ਆਪ ਉਤੇ ਪੂਰਾ ੨ ਵਿਸ਼ਵਾਸ ਹੈ। ਇਹ ਆਪ ਦੀ ਭਲਾਈ ਦਾਸ ਉਮਰ ਭਰ ਨਹੀਂ ਭੁਲੇਗਾ !......ਸੋ ਆਪ ਅਗੇ ਦਾਸ ਦੀ ਅਤੇ ਵਾਲਦ ਸਾਹਿਬ ਦੀ ਬੇਨਤੀ ਹੈ ਜੋ ਇਕ ਵੇਰੀ ਜ਼ਰੂਰ ਦਰਸ਼ਨ ਦੇਵੋ !

ਮੈਂ ਹਾਂ ਆਪਦਾ ਚਰਨ ਸੇਵਕ, ਦਾਸ ਚਰਨ ਸਿੰਘ

ਹਾਊਸ ਸਰਜਨ, ਮਿਓ ਹਸਪਤਾਲ, ਲਾਹੌਰ।

੬ ਅਕਤੂਬਰ ਨੂੰ ਆਪ ਡਾਕਟਰ ਚਰਨ ਸਿੰਘ ਜੀ ਮਿਓ ਹਸਪਤਾਲ ਲਾਹੌਰ ਦੇ ਰੋਗੀ ਪਿਤਾ ਜੀ ਨੂੰ ਵੇਖਣ ਗਏ, ਭਾਵੇਂ ਆਪ ਨੇ ਦਵਾਈ ਦਾ ਭੀ ਪਾਸੋਂ ਹੀ ਪ੍ਰਬੰਧ ਕਰ ਦਿੱਤਾ, ਪਰ ਨਾਲ ਹੀ ਆਖ ਭੀ ਦਿੱਤਾ ਕਿ ਰੋਗ ਹਦੋਂ ਵੱਧ ਗਿਆ ਤੇ ਅਸਾਧ ਹੋ ਚੁੱਕਾ ਹੈ। ਫੇਰ ੭ ਅਕਤੂਬਰ ਨੂੰ ਉਕਤ ਡਾਕਟਰ ਜੀ ਵਾਸਤੇ ੧ ਸ਼ੀਸ਼ੀ ਰਸਾਇਣੀ ਗੋਲੀਆਂ* ਤੇ ਦੰਪਤੀ ਪਿਆਰ, ਸਿੱਖ ਘਰਾਣਾ, ਗ੍ਰਹਸਥ ਨਿਰਬਾਹ ਪੁਸਤਕ ਭੇਜੇ।

੧੫ ਅਕਤੂਬਰ ਦਾ ਡਾਇਰੀ ਨੋਟ ਇਸਤਰ੍ਹਾਂ ਹੈ:-

"ਸਵੇਰੇ ੯॥ ਬਜੇ ਦੀ ਗੱਡੀ ਸਰਗੋਧੇ ਪਹੁੰਚ ਸ: ਬ: ਕਰਤਾਰ ਸਿੰਘ ਦੀ ਰੋਗੀ ਦਸ਼ਾ ਵੇਖ, ਸ: ਬ: ਸ: ਹੁਕਮ ਸਿੰਘ ਜੀ ਸੀਨੀਅਰ ਸਬ ਜਜ

---

*ਆਪ ਦੀ ਇਹ ਦਵਾਈ ਓਜ ਖੀਣ, ਮਧੂ ਪ੍ਰਮੇਹ ਤੇ ਹੋਰ ਸਾਰੇ ਪ੍ਰਮੇਹ, ਸਭ ਤਰ੍ਹਾਂ ਦੀ ਸਰੀਰ ਅਤੇ ਬਲ ਬੀਰਜ ਦੀ ਕਮਜ਼ੋਰੀ, ਮੂਤ੍ਰ ਅਤੀਸਾਰ ਦਰਦਾਂ ਵਗੈਰਾ ਹਟੌਣ ਵਾਸਤੇ ਸਿਧ ਹੈ।



Digitized by Panjab Digital Library | www.panjabdigilib.org

ਦੇ ਮਿਲ ਰਾਤ ਦਾ ਪ੍ਰਸ਼ਾਦ ਸ: ਹੁਕਮ ਸਿੰਘ ਜੀ ਦੇ ਛਕਯਾ।"

ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਮੀਤ ਪ੍ਰਧਾਨ ਚੁਣਨ ਸਮੇਂ ਸ੍ਰ: ਤੇਜਾ ਸਿੰਘ ਜੀ ਘਵਿੰਡ ਕੁਝ ਬੀਮਾਰ ਸਨ, ਕਮੇਟੀ ਵਿੱਚ ਨਾ ਸਨ ਆ ਸਕੇ। ਉਨ੍ਹਾਂ ਦੀ ਪ੍ਰਧਾਨਗੀ ਦੀ ਚੋਣ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਹੀ ਹੋਈ ਸੀ। ਹੁਣ ਆਪਣੇ ਚਾਰਜ ਉੱਤੇ ਉਨ੍ਹਾਂ ਨੂੰ ਸ੍ਰੀ ਤਰਨ ਤਾਰਨ ਸਾਹਿਬ ਕਮੇਟੀ ਦੇ ਪ੍ਰਬੰਧ ਵਾਸਤੇ ਰਹਿਣਾ ਜ਼ਰੂਰੀ ਸੀ, ਇਸ ਲਈ ਆਪ ਸ੍ਰੀ ਤਰਨ ਤਾਰਨ ਵਿੱਚ ਹੀ ਰਹਿਣ ਲੱਗੇ। ਪ੍ਰਸ਼ਾਦ ਆਦਿ ਮਜਬੂਰੀ ਤੰਦੂਰੋਂ ਹੀ ਛਕਣਾ ਪੈਣਾ ਸੀ।

ਇੱਕ ਗੁਰਮੁਖ ਪਿਆਰੇ ਪੰਥ ਸੇਵਕ ਨੂੰ ਪ੍ਰਸ਼ਾਦ ਪਾਣੀ ਦੀ ਤਕਲੀਫ ਉਠਾਂਦੇ ਦੇਖਕੇ ਭਲਾ ਵੈਦ ਜੀ ਕਿਵੇਂ ਬਰਦਾਸ਼ਤ ਕਰ ਸਕਦੇ ਤੇ ਚੁਪ ਰਹਿ ਸਕਦੇ ਸਨ? ਆਪ ਜੀ ਨੇ ਤੁਰਤ ਆਪਣੇ ਘਰੋਂ ਪ੍ਰਸ਼ਾਦੇ ਦਾ ਪ੍ਰਬੰਧ ਕਰ ਦਿੱਤਾ ਤੇ ਪ੍ਰਧਾਨ ਹੁਰਾਂ ਨੂੰ ਗੁਰ ਸਿੱਖਾਂ ਵਾਲੀ, ਭਰੱਪਣ ਭਰੀ ਪ੍ਰੇਮ ਬੇਨਤੀ ਕੀਤੀ ਕਿ:–

"ਜਥੇਦਾਰ ਜੀ! ਮੈਂ ਨਹੀਂ ਚਾਹੁੰਦਾ ਕਿ ਆਪ ਪ੍ਰਸ਼ਾਦੇ ਦੀ ਤਕਲੀਫ ਉਠਾਓ। ਆਪ ਗੁਰ ਸਿੱਖਾਂ ਦੀ ਮੰਨੀ ਪ੍ਰਮੰਨੀ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਹੋ। ਆਪ ਦੇ ਤੰਦੂਰੋਂ ਪ੍ਰਸ਼ਾਦ ਛਕਣ ਤੇ ਸਾਡੀ ਹਤਕ ਹੈ, ਇਸ ਲਈ ਜਦ ਤਕ ਆਪ ਦਾ ਪ੍ਰਵਾਰ ਏਥੇ ਨਹੀਂ ਆਉਂਦਾ, ਆਪ ਜੀ ਦੇ ਪ੍ਰਸ਼ਾਦ ਦੀ ਸੇਵਾ ਦਾਸ ਕਰੇਗਾ।"

ਭਲਾ ਇਸ ਪ੍ਰੇਮ ਭਰੀ ਬੇਨਤੀ ਨੂੰ ਕੌਣ ਮੋੜ ਸਕਦਾ ਸੀ? ਜਥੇਦਾਰ ਜੀ ਨੂੰ ਮਜਬੂਰਨ 'ਹਾਂ' ਕਰਨੀ ਹੀ ਪਈ ਤੇ ਪ੍ਰਸ਼ਾਦ ਘਰੋਂ ਆਉਣਾ ਅਰੰਭ ਹੋ ਗਿਆ। ਆਪ ਦੀ ੧੩ ਨਵੰਬਰ ਦੀ ਡਾਇਰੀ ਦਾ ਅਸਲੀ ਨੋਟ ਇਸਤਰ੍ਹਾਂ ਹੈ:–

"ਅੱਜ ਤੋਂ ਸ੍ਰ: ਤੇਜਾ ਸਿੰਘ ਜੀ ਘਵਿੰਡ ਪ੍ਰਧਾਨ ਗੁਰਦਵਾਰਾ ਕਮੇਟੀ ਦਾ ਪ੍ਰਸ਼ਾਦ ਰੋਜ ਘਰੋਂ ਛਕਾਨਾ ਅਰੰਭ ਕੀਤਾ, ਜਦ ਤਕ ਉਨ੍ਹਾਂ ਦਾ ਪ੍ਰਵਾਰ ਨਾ ਆਵੇ।"



Digitized by Panjab Digital Library | www.panjabdigilib.org

ਇਸ ਨੂੰ ਆਖਦੇ ਹਨ ਗੁਰਮੁਖਤਾ ਤੇ ਗੁਰ ਸਿੱਖ ਪ੍ਰੇਮ। ਹੈ ਕਿ ਨਾ 'ਸਭੇ ਸਾਂਝੀ ਵਾਲ ਸਦਾਇਨ' ਦਾ ਅਮਲੀ ਨਮੂਨਾ!

੧੫ ਨਵੰਬਰ ਸ਼ਾਮ ਨੂੰ ਕੈਨਨ. ਈ. ਗਿਲਫੋਰਡ ਤੇ ਪਾਦਰੀ ਐਟਕਿਨਸ ਨੂੰ ਉਨ੍ਹਾਂ ਦੇ ਸਾਰੇ ਪ੍ਰਵਾਰਾਂ ਸਮੇਤ ਲਿਆਕੇ ਦਰਬਾਰ ਸਾਹਿਬ ਦੀ ਯਾਤਰਾ ਕਰਾਈ ਜੋ ਅਕਾਲੀ ਲਹਿਰ ਦੇ ਮੁੱਢ ਤੋਂ ਹੀ ਰੁਕੇ ਹੋਏ ਸਨ।

੧੮ ਨਵੰਬਰ ਨੂੰ ਦਰਬਾਰ ਸਾਹਿਬ ਚੌਕ ਵਿੱਚ ਲਾਲਾ ਲਾਜਪਤ ਰਾਏ ਦੇ ਕਾਲ ਵਸ ਹੋਣ ਦਾ ਮਾਤਮੀ ਜਲਸਾ ਹੋਇਆ।

੨੪ ਨਵੰਬਰ ਨੂੰ ਸ. ਸ. ਚਰਨ ਸਿੰਘ ਜੀ ਨੂੰ ਮੌਜੀ ਅੰਮ੍ਰਿਤਸਰ ਵਾਸਤੇ ਹੇਠ ਲਿਖੀਆਂ ੭ ਕਤਾਬਾਂ ਭੇਜੀਆਂ:-

(੧) ਸਫਰਨਾਮਾ ਸ਼ਾਹ ਅਫਗਾਨ। (੨) ਵਿੰਟ੍ਰ ਮੇਲ ੧੮੯੫ (੩) ਹੈਂਡ ਬੁਕ ਬ੍ਰਿਟ੍ਰਿਸ਼ ਇੰਡੀਆ ੧੮੫੪। (੪) ਇਤਿਹਾਸ ਅਫਗਾਨਿਸਤਾਨ ਹਿੰਦੀ। (੫) ਤਵਾਰੀਖ ਅਫਗਾਨਿਸਤਾਨ ਉਰਦੂ। (੬) ਸ਼ੇਰੇ ਪੰਜਾਬ, ਤੇ (੭) ਮਾਰਕਾਯ ਪੰਜਾਬ।

੩੦ ਨਵੰਬਰ ਨੂੰ ਪੰਥ ਸੇਵਕ ਭਾਈ ਨਿਹਾਲ ਸਿੰਘ ਜੀ ਕੈਰੋਂ ਗੁਰਪੁਰ ਸਿਧਾਰੇ।

੧ ਦਸੰਬਰ ਨੂੰ ੧ ਕਾਪੀ 'ਜੀਵਨ ਮਹਾਤਮਾ ਗਾਂਧੀ' ਗੁਰਮੁਖੀ ਵਿਚ ਸ੍ਰ: ਤੇਜਾ ਸਿੰਘ ਜੀ ਘਵਿੰਡ ਦੀ ਭੇਟ ਕੀਤੀ।

੫ ਦਸੰਬਰ ਨੂੰ ਖਾ: ਹਾ: ਸਕੂਲ ਕੱਲਰ ਜ਼ਿਲਾ ਰਾਵਲਪਿੰਡੀ ਦੇ ਸ੍ਰ: ਈਸ਼ਰ ਸਿੰਘ ਤੇ ਸ੍ਰ: ਕਰਤਾਰ ਸਿੰਘ ਜੀ ਸਕੂਲ ਦੀ ਉਗ੍ਰਾਹੀ ਤੇ ਸਹਾਇਤਾ ਵਾਸਤੇ ਆਏ। ਆਪ ਜੀ ਨੇ ਹੋਰ ਸੱਜਣਾਂ ਨੂੰ ਪ੍ਰੇਰ ਉਨ੍ਹਾਂ ਗੁਰਮੁਖਾਂ ਨਾਲ ਹੋ ਕੇ ੩੩੮) ਉਗ੍ਰਾਹੀ ਕਰਾਈ।

ਜਿਸ ਮਹਾਤਮਾਂ ਗਾਂਧੀ ਦੇ ਗੁਰਮੁਖੀ ਵਿਚ ਛਪੇ ਜੀਵਣ ਦਾ ਉੱਪਰ ਜ਼ਿਕਰ ਆਇਆ ਹੈ ਜੋ ਕਿ ਭਾਈ ਸਾਹਿਬ ਜੀ ਨੇ ਪ੍ਰਧਾਨ ਸਾਹਿਬ ਸ. ਤੇਜਾ ਸਿੰਘ ਜੀ ਘਵਿੰਡ ਨੂੰ ਭੇਟ ਕੀਤਾ ਸੀ, ਇਹ ਪੁਸਤਕ ਪ੍ਰੋਫੈਸਰ ਨਿਰੰਜਨ ਸਿੰਘ ਜੀ ਦੇ ਸਾਥੀ ਪ੍ਰੋਫੈਸਰ ਕਰਤਾਰ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਨੇ



Digitized by Panjab Digital Library | www.panjabdigilib.org

ਲਿਖਿਆ ਸੀ, ਜਾਂ ਇਉਂ ਕਹੋ ਕਿ ਗੁਰਮੁਖੀ ਵਿੱਚ ਉਲੱਥਾ ਕੀਤਾ ਸੀ।

ਭਾਈ ਸਾਹਿਬ ਜੀ ਗੁਣੀਆਂ ਦੇ ਕਦਰਦਾਨ ਸਨ। ਆਪ ਨੂੰ ਇਹ ਪੁਸ-ਤਕ ਬੜੀ ਪਸੰਦ ਆਈ। ਉਲਥਾ ਕਾਰ ਦਾ ਹੌਸਲਾ ਵਧੌਣ ਲਈ ਇੱਕ ਚਿੱਠੀ ਪ੍ਰੋਫੈਸਰ ਨਿਰੰਜਨ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪ੍ਰਸੰਸਾ ਵਜੋਂ ਲਿਖੀ, ਤੇ ਨਾਲ ਹੀ ੫੧) ਰੁਪੈ ਉਪਹਾਰ ਵਜੋਂ ਭੇਜੇ ਤੇ ਨਾਲ ਹੀ ੫) ਹੋਰ ਚਾਰ ਕਾਪੀਆਂ ਖਰੀਦਣ ਲਈ ਭੀ ਭੇਜੇ।

ਵੈਦ ਜੀ ਦੀ ਉਹ ਚਿਠੀ, ਮਾਯਾ ਤੇ ਉਸ ਦੇ ਜਵਾਬ ਵਿੱਚ ਜੋ ਚਿੱਠੀ ਪ੍ਰੋ: ਨਿਰੰਜਨ ਸਿੰਘ ਜੀ ਨੇ ਭੇਜੀ ਉਹ ਭੀ ਇਥੇ ਦਰਜ ਕਰਨੀਆਂ ਪਾਠਕਾਂ ਦਾ ਸੁਆਦ ਵਧਾਉਣ ਦਾ ਕਾਰਨ ਹੋਣਗੀਆਂ:-

"ਸੇਵਾ ਵਿਖੇ ਸ੍ਰੀ ਮਾਨ ਪਰਮ ਸਤਿਕਾਰ ਯੋਗ ਪੰਥ ਰਤਨ
ਸ੍ਰਦਾਰ ਨਿਰੰਜਨ ਸਿੰਘ ਸਾਹਿਬ ਜੀ !

ਸ੍ਰੀ ਮਾਨ ਜੀ ਦੇ ਉੱਦਮ ਦੀ ਬਰਕਤ ਦਾਸ ਨੇ 'ਮੇਰਾ ਜੀਵਨ' ਅਰਥਾਤ 'ਸਤਿ ਦੀ ਪ੍ਰਾਪਤੀ ਦੇ ਯਤਨ' ਪੰਜਾਬੀ ਭਾਸ਼ਾ ਦੀ ਪੁਸਤਕ ਪੜ੍ਹੀ। ਪੰਜਾਬੀ ਸਾਹਿਤ ਦੇ ਭੰਡਾਰ ਨੂੰ ਸ਼ਸ਼ੋਭਤ ਹੁੰਦਾ ਵੇਖ ਕੇ ਦਾਸ ਨੂੰ ਸਭ ਤੋਂ ਵਧ ਪ੍ਰਸੰਨਤਾ ਹੋਣ ਦੀ ਬਾਲਪਨ ਤੋਂ ਹੀ ਲਗਨ ਹੈ। ਏਸ ਪੁਸਤਕ ਦੀ ਮਿੱਠੀ, ਸਾਦੀ ਅਰ ਸਭ ਤਰ੍ਹਾਂ ਭਾਵ ਪੂਰਤ ਬੋਲੀ ਤੇ ਗੋਂਦ ਵੇਖਕੇ ਬੜੀ ਖੁਸ਼ੀ ਹੋਈ ਹੈ। ਮੇਰਾ ਵਿਚਾਰ ਹੈ ਕਿ ਇਹ ਉਲਥਾ ਅੰਗ੍ਰੇਜ਼ੀ ਤੋਂ ਘੱਟ ਸ੍ਵਾਦਲਾ ਨਹੀਂ। ਮੇਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਓਹ ਅਜੇਹੇ ਸੁਲੇ-ਖਕਾਂ ਤੇ ਪ੍ਰਕਾਸ਼ਕਾਂ ਨੂੰ ਵੱਧ ਤੋਂ ਵੱਧ ਬਰਕਤਾਂ ਤੇ ਉਤਸ਼ਾਹ ਅਜੇਹੀ ਸੇਵਾ ਵਾਸਤੇ ਬਖਸ਼ਨ ਤੇ ਸ੍ਵਦੇਸ਼ ਭਾਸ਼ਾ ਦੇ ਹਿਤਕਾਰੀਆਂ ਨੂੰ ਅਜੇਹੇ ਸੇਵਕਾਂ ਦਾ ਵੱਧ ਤੋਂ ਵੱਧ ਉਤਸ਼ਾਹ ਵਧਾਵਨ ਦਾ ਉੱਦਮ ਬਖਸ਼ਨ, ਏਸ ਅਰਦਾਸ ਤੇ ਅਸੀਸ ਨਾਲ ਏਸ ਬੇਨਤੀ ਪੱਤ੍ਰ ਨਾਲ ਤੁੱਛ ਜੇਹੀ ਰਕਮ ੫੧) ਇਕਵੰਜਾ ਦਮੜੇ ਵੀਰ ਕਰਤਾਰ ਸਿੰਘ ਜੀ ਨੂੰ ਸਿਰੋ ਪਾਉ ਵਜੋਂ ਦੇਵਨ ਵਾਸਤੇ ਭੇਜਦਾ ਹਾਂ। ਏਹ ਪ੍ਰੇਮ ਸਹਿਤ ਤੁਛ ਭੇਟਾ



Digitized by Panjab Digital Library | www.panjabdigilib.org

ਓਨ੍ਹਾਂ ਨੂੰ ਪੁਚਾ ਦੇਣੀ। ਦਾਸ–ਮੋਹਨ ਸਿੰਘ ਵੈਦ ੧੪-੧੨ ੨੮"

ਇਸ ਦੇ ਉੱਤ੍ਰ ਵਿੱਚ ਪ੍ਰੋਫੈਸਰ ਜੀ ਲਿਖਦੇ ਹਨ:–
"ਸ੍ਰੀ ਮਾਨ ਪਵਿੱਤ੍ਰ ਆਤਮਾ ਪਿਆਰੇ ਭਾਈ ਸਾਹਿਬ ਜੀ!

ਜਿਨ੍ਹਾਂ ਸ਼ਬਦਾਂ ਵਿਚ ਆਪ ਨੇ ਮੇਰੇ ਵੀਰ ਕਰਤਾਰ ਸਿੰਘ ਦਾ ਇਕ ਭਲੇ ਕੰਮ ਲਈ ਉਤਸ਼ਾਹ ਵਧਾਉਣ ਦਾ ਯਤਨ ਕੀਤਾ ਹੈ ਉਸ ਲਈ ਮੈਂ ਆਪ ਦਾ ਧੰਨਵਾਦੀ ਹਾਂ। ਅਤੇ ੫੧) ਦਾ ਸਿਰੋਪਾ ਭੇਜਕੇ ਜੋ ਆਪ ਨੇ ਉਨ੍ਹਾਂ ਦਾ ਤੇ ਉਨ੍ਹਾਂਦੀ ਲਿਖਤ ਦਾ ਮਾਣ ਕੀਤਾ ਹੈ ਉਸ ਦਾ ਲਫਜ਼ਾਂ ਵਿਚ ਧੰਨਵਾਦ ਕਰਨਾ ਅਸੰਭਵ ਹੈ। ਜੇਕਰ ਸਚ ਮੁਚ ਆਪ ਵਰਗੇ ਕੁਝ ਹੋਰ ਆਦਮੀ ਭੀ ਕੌਮ ਵਿੱਚ ਹੋਣ ਤਾਂ ਪੰਜਾਬੀ ਸਾਹਿਤਜ ਬਹੁਤ ਜਲਦੀ ਹੀ ਲਾਭਦਾਇਕ ਪੁਸਤਕਾਂ ਨਾਲ ਭਰਪੂਰ ਹੋ ਜਾਵੇ। ਆਪ ਦਾ ਚਰਨ ਸੇਵਕ–ਨਿਰੰਜਨ ਸਿੰਘ"

੨੬ ਦਸੰਬਰ ਨੂੰ 'ਇਕ ਬੀੜ ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਸੰਤ ਸ੍ਵਾਮੀ ਨਾਥ ਜੀ' ਅਦੁਤੀ ਪ੍ਰੇਮ ਪ੍ਰਚਾਰਕ ਅੰਮ੍ਰਿਤਸਰੀ ਜੋਗ ਪ੍ਰੇਮ ਸਹਿਤ ਭੇਟਾ ਕੀਤੀ।'

੩੧ ਦਸੰਬਰ ਨੂੰ ਅੰਮ੍ਰਿਤਸਰੋਂ ਵੈਦਕ ਤਿੱਬੀ ਕਮੇਟੀ ਦਾ ਡੈਪੂਟੇਸ਼ਨ ਜਿਸ ਵਿਚ ਸ੍ਰ: ਸਾਧੂ ਸਿੰਘ ਜੀ ਤੇ ਹਕੀਮ ਚਿਸ਼ਤੀ ਆਦਿ ਸਨ। ੫-੬ ਜਨਵਰੀ ਨੂੰ ਹੋਣ ਵਾਲੀ ਕਾਨਫ੍ਰੰਸ ਦੀ ਪ੍ਰਧਾਨਗੀ ਦੀ ਸੇਵ੍ਹਾ ਕਰਨ ਲਈ ਕਹਿਣ ਨੂੰ ਆਏ। ਜਿਸ ਨੂੰ ਆਪ ਨੇ ਧੰਨਵਾਦ ਸਹਿਤ ਪ੍ਰਵਾਨ ਕੀਤਾ।

ਇਸੇ ਸਾਲ ਵੈਦਕ ਦਾ ਪ੍ਰਸਿੱਧ ਗ੍ਰੰਥ 'ਬਾਗ ਭਟ' ਪ੍ਰਕਾਸ਼ਤ ਕਰਾਇਆ।

---



Digitized by Panjab Digital Library | www.panjabdigilib.org

# ੧੯੨੯

## ਹੈਨ ਵਿਰਲੇ ਨਾਹੀਂ ਘਨੇ

"ਭਾਈ ਸਾਹਿਬ ਏਕ ਕਾਮਲ ਹਕੀਮ ਔਰ ਭਗਤ ਥੇ, ਬਲਕਿ ਕਰਮ ਯੋਗੀ ਕੀ ਸਫਾਤ ਭੀ ਉਨਮੇਂ ਮੌਜੂਦ ਥੀਂ। …ਵੋਹ ਏਕ ਮਜ਼ਬੂਤ ਦਿਲ ਵਾਲੇ ਗੁਰੂ ਕੇ ਲਾਲ ਥੇ, ਜਿਨ ਮੇਂ ਜਜ਼ਬਾਏ ਹਮਦਰਦੀ ਜੋਸ਼ ਜ਼ਨ ਥਾ। ਉਨਕੀ ਜ਼ਿੰਦਗੀ ਦਾ ਰਾਜ਼ ਤੀਨ ਅੰਗ੍ਰੇਜ਼ੀ ਅਲਫਾਜ਼ ਮੇਂ ਅਦਾ ਹੋ ਸਕਤਾ ਹੈ ਯਾਨੀ ਉਨਮੇਂ Strength, Determination, Perseverence ਆਲਾ ਅੰਦਾਜ਼ ਮੇਂ ਮੌਜੂਦ ਥੇ। ਯਾਨੀ ਭਾਈ ਸਾਹਿਬ ਇਨ ਤੀਨ ਸਿਫਾਤ ਕੇ ਮਜਮੂਆ ਥੇ।"

(ਸ੍ਰ: ਨਥਾ ਸਿੰਘ ਜੀ ਰੀਟਾਇਰਡ ਇੰਨਜੀਨੀਅਰ, ਖੈਰ ਪੁਰ ਮੀਰਜ਼)

ਵੀਰ ਮਰਦ ਜਹਾਨ ਵਿਚ ਬਹੁਤ ਥੋੜੇ,
ਸ਼ੇਰ ਨਹੀਂ ਵੇਖੇ ਥੰਨ੍ਹ ਡਾਰ ਫਿਰਦੇ।
ਹੀਰੇ ਲਾਲ ਜਵਾਹਰਾਂ ਦੇ ਹਾਰ ਥੋੜੇ,
ਮਣਕੇ ਲਾਲ ਰੁਲਦੇ ਬੇ ਸ਼ੁਮਾਰ ਫਿਰਦੇ।
ਸਾਧੂ ਸੰਤ ਮਹਾਤਮਾ ਮਿਲਨ ਮੁਸ਼ਕਲ,
ਰੰਗੇ ਕਪੜੇ ਬਹੁ ਭੇਖ ਧਾਰਿ ਫਿਰਦੇ।
ਵਿਰਲੇ ਕੌਮ ਸਚਾਈ ਤੇ ਮਰਨ ਵਾਲੇ,
ਹਿੱਕਾਂ ਕੱਢ ਬਹੁਤੇ ਸਾਧੂ ਯਾਰ ਫਿਰਦੇ।

ਲੋਭ ਲਾਲਚ ਦੇ ਅਧੀਨ ਮਾਯਾ ਇਕੱਠੀ ਕਰਨ ਲਈ, ਪ੍ਰਭੁਤਾ, ਮਾਨ, ਵਡਾਈ ਜਾਂ ਅਹੰਕਾਰ ਆਦਿ ਦੀ ਪੂਰਤੀ ਲਈ ਤਾਂ ਸਾਰਾ ਸੰਸਾਰ ਹੀ ਤਰਲੇ ਖੁਸ਼ਾਮਦਾਂ ਪਿਆ ਕਰਦਾ ਹੈ, ਪਰ ਇਨਸਾਨ ਉਹ ਹੈ ਜੋ ਉਪ੍ਰੋਕਤ



Digitized by Panjab Digital Library | www.panjabdigilib.org

ਵਿਸ਼ਿਆਂ ਨੂੰ ਤਿਆਗ, ਇਨਸਾਫ, ਇਨਸਾਨੀਅਤ, ਦੇਸ਼ ਕੌਮ ਧਰਮ ਤੇ ਸਰਬੱਤ ਦੇ ਭਲੇ ਲਈ ਕੰਮ ਕਰਦਾ ਹੈ। ਉਪ੍ਰੋਕਤ ਕਥਨ ਕੀਤੀਆਂ ਤੁਕਾਂ ਅਨੁਸਾਰ ਸੰਸਾਰ ਵਿਚੋਂ ਬੀਜ ਨਾਸ ਤਾਂ ਨਹੀਂ, ਪਰ ਹੈਨ ਥੋੜੇ।

ਇਸ ਨੇਕੀ ਨਾਲੋਂ ਬਦੀ ਵਲ ਵਧੀਕ ਵਧੇ ਜਾ ਰਹੇ ਜ਼ਮਾਨੇ ਵਿਚ ਅਜੇਹੇ ਬੰਦੇ ਬਹੁਤ ਹੀ ਥੋੜੇ ਮਿਲਨਗੇ ਜੋ ਬਿਨਾਂ ਕਿਸੇ ਲੋਭ ਲਾਲਚ,ਮਾਯਕ ਤੇ ਨਾਮਵਰੀ ਦੇ ਲਾਭ ਤੋਂ ਬੇ ਗ਼ਰਜ਼ ਹੋਕੇ ਕੇਵਲ ਇਨਸਾਨੀ ਫਰਜ਼ ਸਮਝਕੇ ਹੀ ਇਨਸਾਫ ਸਚਾਈ ਕੌਮ ਤੇ ਦੇਸ਼ ਦੀ ਸੇਵਾ ਕਰਦੇ ਹੋਣ। ਸਚ ਮੁਚ ਹੀ ਉਹ ਬੰਦੇ ਧੰਨ ਹਨ, ਤੇ ਧੰਨਤਾ ਦੇ ਯੋਗ ਹਨ, ਜੋ ਦੁਨੀਆਂ ਵਿਚ ਬੇਗ਼ਰਜ਼ ਹੋਕੇ ਜਾਂ ਸਾਫ ਸੁੱਚੀ ਤੇ ਉੱਚੀ ਗ਼ਰਜ਼ ਲਈ ਸੇਵਾ ਕਰਦੇ ਹੋਏ ਮਾਨੁਖ ਜਨਮ ਨੂੰ ਸਫਲ ਕਰਦੇ ਹਨ।

ਗੱਲਾਂ ਤਾਂ ਅਨੇਕ ਕਰਦੇ ਹਨ। ਉਨ੍ਹਾਂ ਦੇ ਝੋਲੀ ਚੁੱਕ ਆਪਣੇ ਹਲਵੇ ਮੰਡੇ ਲਈ ਉਨ੍ਹਾਂ ਦੀ ਖੁਸ਼ਾਮਦ ਤੇ ਲੋਕਾਂ ਨੂੰ ਠੱਗਣ ਲਈ ਉਨ੍ਹਾਂ ਦਾ ਝੂਠਾ ਪ੍ਰਾਪਾਗੰਡਾ ਭੀ ਬਹੁਤ ਕਰਦੇ ਹਨ, ਪਰ ਅੰਤ ਨੂੰ ਮੁਲੰਮੇ ਦੇ ਸੋਨੇ ਵਾਂਗ ਭੇਦ ਗੁੱਝਾ ਨਹੀਂ ਰਹਿੰਦਾ। ਜ਼ਰਾ ਕੁ ਕਸ਼ਟ ਕਸਵੱਟੀ ਉੱਪਰ ਲੱਗਣ ਤੇ ਭੇਦ ਖੁੱਲ੍ਹ ਜਾਂਦਾ ਹੈ। ਆਦਮੀ ਆਪਣੀ ਜ਼ਬਾਨੋ ਭਾਵੇਂ ਕੁਝ ਕਹੇ। ਉਸਦੇ ਖੁਸ਼ਾਮਦੀ, ਮਤਲਬ ਪ੍ਰਸਤੀ ਜਾਂ ਬੇਵਕੂਫੀ ਵਿਚ ਭਾਵੇਂ ਉਸਨੂੰ ਸੱਤਾਂ ਅਸ-ਮਾਨਾਂ ਤੇ ਪਏ ਚੜ੍ਹਾਉਣ,ਪਰ ਉਸਦੇ ਕੀਤੇ ਕਾਰਨਾਮੇ,ਉਸਦੀਆਂ ਕਰਨੀਆਂ ਦੇ ਫਲ,ਉਸ ਦੇ ਪਾਜ ਨੂੰ ਗੁੱਝਾ ਨਹੀਂ ਰਹਿਣ ਦਿੰਦੇ। ਇਨਸਾਨ ਦੇ ਜੀਵਣ ਨੂੰ ਪਰਖਣ ਦੀ ਸਭ ਤੋਂ ਪੱਕੀ ਪਰਖ ਇਹੀ ਹੈ ਕਿ 'ਉਸਦੇ ਜੀਵਣ ਵਿਚ ਉਸਦੇ ਕੀਤੇ ਕੰਮਾਂ ਦੇ ਆਸ਼ਿਆਂ ਨੂੰ ਤੱਕਿਆ ਜਾਵੇ।'

ਵੈਦ ਜੀ ਧਾਰਮਕ ਆਸ਼ੇ ਦੇ ਅਨੰਨ ਗੁਰਸਿਖ ਸਨ ਪਰ ਆਪ ਦਾ ਧਰਮ ਕਿਸੇ ਨਾਲ ਦ੍ਵੈਸ਼ ਤੇ ਈਰਖਾ ਕਰਨੀ ਨਾ ਸੀ ਸਿਖਾਲਦਾ। ਆਪ ਦਾ ਮੁਖ ਆਸ਼ਾ 'ਪ੍ਰੇਮ' ਸੀ। ਉਹ ਹਮੇਸ਼ਾਂ ਕਿਹਾ ਕਰਦੇ ਸਨ ਕਿ 'ਜਿਸ ਦੇ ਹਿਰਦੇ ਵਿਚ ਪ੍ਰਾਣੀ ਮਾਤ੍ਰ ਨਾਲ ਪਿਆਰ ਨਹੀਂ ਉਹ ਸਿੱਖ ਹੋ ਹੀ ਨਹੀਂ ਸਕਦਾ। ਸਿਖ ਲਈ ਸਿਖੀ ਮੰਡਲ ਵਿਚ ਪ੍ਰਵੇਸ਼ ਕਰਨ ਲਈ ਪਹਿਲੀ ਸ਼ਰਤ



Digitized by Panjab Digital Library | www.panjabdigilib.org

'ਪ੍ਰੇਮ' ਹੈ । 'ਬਸ ਆਪ ਦੇ ਸਾਰੇ ਕੰਮ ਇਸੇ ਆਸ਼ੇ ਤੇ ਇਸੇ ਧਾਰਨਾ ਅਨੁਸਾਰ ਸਨ । ਆਪ ਦਾ ਸਰਕਾਰੀ ਅਫਸਰਾਂ ਨਾਲ ਮਿਲਨਾ, ਪਿਆਰ ਤੇ ਉਨ੍ਹਾਂ ਦੀ ਸੇਵਾ ਕਰਨੀ ਖੁਸ਼ਾਮਦ ਨਾ ਸੀ, ਸਗੋਂ ਉਨ੍ਹਾਂ ਰਾਹੀਂ ਯੋਗ ਮਦਦ ਲੈ ਕੇ ਧਾਰਮਕ ਉੱਨਤੀ ਕਰਨੀ ਤੇ ਕੌਮੀ ਪ੍ਰੇਮ ਸੀ। ਪੁਸਤਕਾਂ ਛਾਪ ਛਾਪ ਮੁਫਤ ਤੇ ਲੱਗੇ ਦਾਮ ਨਾਲੋਂ ਭੀ ਘੱਟ ਤੇ ਵੰਡਣੀਆਂ ਧਾਰਮਕ ਪ੍ਰੇਮ ਸੀ । ਦਵਾਈਆਂ ਤੇ ਨਕਦ ਮਾਯਕ ਦਾਨ ਪ੍ਰਭੁਤਾ ਲਈ ਨਾ ਸੀ, ਸਗੋਂ ਕੌਮੀ ਤੇ ਧਾਰਮਕ ਪ੍ਰੇਮ ਸੀ । ਦੇਸ਼ ਸੇਵਕਾਂ, ਦੇਸ਼ ਭਗਤਾਂ, ਕੌਮ ਪੂਜਾਂ ਦੀ ਗੁਪਤ ਪ੍ਰਗਟ ਮਦਦ ਕਰਨੀ ਆਪਦੇ ਦੇਸ਼ ਪ੍ਰੇਮ ਦੀ ਖਿੱਚ ਦਾ ਕਾਰਣ ਸੀ । ਬਿਨਾਂ ਜਾਤ ਪਾਤ ਤੇ ਮਜ਼ਹਬ ਦੇ ਸਭ ਨੂੰ ਸਹਾਇਤਾ ਕਰਨੀ ਆਪ ਦਾ ਧਾਰਮਕ ਤੇ ਇਨਸਾਨੀ ਪ੍ਰੇਮ ਸੀ । ਇਹੀ ਕਾਰਣ ਸੀ ਕਿ ਆਪ ਹਰ ਪੇਸ਼ੇ, ਹਰ ਕਮਾਮ, ਹਰ ਜ਼ਾਤ ਤੇ ਹਰ ਫਿਰਕੇ ਦੇ ਬੰਦਿਆਂ ਨਾਲ ਮਿਲਦੇ ਰਹੇ ।

ਚੀਫ ਖਾਲਸਾ ਦੀਵਾਨ ਤੇ ਅਕਾਲੀ ਪਾਰਟੀ ਭਾਵੇਂ ਇਕ ਦੂਜੇ ਤੋਂ ਉਲਟ ਖਿਆਲਾਂ ਦੇ ਜੱਥੇ ਹਨ, ਪਰ ਆਪ ਦੋਹਾਂ ਵਿਚ ਮਾਨ ਤੇ ਆਦਰ ਦੀ ਨਜ਼ਰ ਨਾਲ ਵੇਖੇ ਜਾਂਦੇ ਸਨ, ਕਾਰਨ ਇਹੀ ਸੀ ਕਿ ਆਪ ਦੋਹਾਂ ਨਾਲ ਸੱਚਾ ਪ੍ਰੇਮ ਕਰਦੇ, ਤੇ ਦੋਹਾਂ ਦੀ ਉਨ੍ਹਾਂ ਦੇ ਆਸ਼ੇ ਅਨੁਸਾਰ ਸੱਚਾਈ ਤੇ ਉੱਨਤੀ ਦੇ ਰਾਹ ਵਿਚ ਯਥਾ ਸ਼ਕਤਿ ਤਨ, ਮਨ, ਤੇ ਧਨ ਆਦਿ ਨਾਲ ਸਹਾਇਤਾ ਕਰਨ ਲਈ ਸਦਾ ਤੱਤਪਰ ਰਹਿੰਦੇ ਸਨ ।

ਪਾਠਕਾਂ ਨੂੰ ਇਨ੍ਹਾਂ ਪਤ੍ਰਿਆਂ ਚੋਂ ਪੜ੍ਹਕੇ ਜ਼ਰੂਰ ਪ੍ਰਗਟ ਹੋ ਗਿਆ ਹੋਵੇਗਾ ਕਿ ਜੇ ਆਪ ਦਾ ਸਿਖਾਂ ਨਾਲ ਪਿਆਰ ਸੀ ਤਾਂ ਹਿੰਦੂਆਂ ਮੁਸਲਮਾਨਾਂ ਤੇ ਈਸਾਈਆਂ ਨਾਲ ਭੀ ਡਾਢਾ ਮੇਲ ਸੀ। ਜੇ ਮਜ਼ਲੂਮ ਦੇਸ਼ ਵਾਸੀਆਂ ਦੇ ਦੁਖਾਂ ਵਿਚ ਆਪ ਦੁਖੀ ਹੁੰਦੇ ਸਨ ਤਾਂ ਹਾਕਮਾਂ ਨੂੰ ਭੀ ਹਰ ਯੋਗ ਢੰਗ ਨਾਲ ਪ੍ਰੇਰ ਕੇ ਰਾਸਤੀ ਦੇ ਰਸਤੇ ਲਿਆਉਣ ਦੀ ਵਧ ਤੋਂ ਵਧ ਕੋਸ਼ਸ਼ ਕਰਦੇ ਸਨ । ਮੇਰੇ ਜੇਹੇ ਬਾਗੀ ਰੈਵੋਲਊਸ਼ਨਿਸਟਾਂ ਤੋਂ ਲੈ ਕੇ ਪਾਦਰੀ ਗਿਲਫੋਰਡ ਤੇ ਐਟਕਿਨਸ ਜੇਹੇ ਕਟੜ ਅੰਗ੍ਰੇਜ਼ਾਂ ਵਿਚ ਆਪ ਦੀ ਇੱਜ਼ਤ ਸੀ । ਇਕ ਪਾਸੇ ਸ੍ਰ: ਅਜੀਤ ਸਿੰਘ ਜੇਹੇ ਅੱਗੇ ਵਧੂ ਦੇਸ਼



Digitized by Panjab Digital Library | www.panjabdigilib.org

ਭਗਤਾਂ ਲਈ ਜੇ ਆਪ ਦਾ ਦਿਲ ਤੜਫਦਾ ਸੀ ਤਾਂ ਦੂਜੇ ਬਨੇ ਸਰ ਸੁੰਦਰ ਸਿੰਘ ਜੀ ਮਜੀਠੀਏ ਜਿਹਾਂ ਨਾਲ ਭੀ ਆਪ ਦਾ ਕਾਫੀ ਤੋਂ ਵਧ ਪਿਆਰ ਸੀ। ਪਰ ਸੀ ਸਭ ਪਿਆਰ ਕੌਮ ਪਿਆਰ ਲਈ, ਦੇਸ਼ ਪਿਆਰ ਲਈ ਤੇ ਧਰਮ ਪਿਆਰ ਲਈ।

ਆਓ ਹੁਣ ਅਸੀਂ ਆਪ ਦੀ ੧੯੨੯ ਵਿਚ ਕੀਤੀ ਸੇਵਾ ਦਾ ਰੰਗ ਦਿਖਾਈਏ ਤੇ ਆਨੰਦ ਚਖਾਈਏ।

੧੯੨੯ ਚੜ੍ਹਦਿਆਂ ਹੀ, ੨ ਜਨਵਰੀ ਨੂੰ ਆਪ ਨੇ ਪਾਦਰੀ ਐਟਕਿਨਸ ਦੇ ਵਿਲਾਇਤੀ ਪ੍ਰਾਹੁਣਿਆਂ ਤੇ ਉਸ ਦੇ ਪ੍ਰਵਾਰ ਨੂੰ ਨਾਲ ਹੋ ਕੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਤੇ ਉਸ ਦੇ ਸੰਬੰਧਤ ਅਸਥਾਨ ਬੜੇ ਪਿਆਰ ਨਾਲ ਵਿਖਾਲੇ ਤੇ ਉਨ੍ਹਾਂ ਦੀ ਮਹੱਤਤਾ ਸਮਝਾਈ।

ਪਿਛਲੇ ਪਤ੍ਰਿਆਂ ਵਿਚ ਅੰਮ੍ਰਿਤਸਰ ਵਿਚ ਹੋਣ ਵਾਲੀ ਆਯੁਰਵੈਦਕ ਐਂਡ ਯੂਨਾਨੀ ਤਿੱਬੀ ਕਾਨਫ੍ਰੰਸ ਦਾ ਜ਼ਿਕਰ ਕਰ ਆਏ ਹਾਂ। ੫, ੬ ਜਨਵਰੀ ਨੂੰ ਆਪ ਨੇ ਇਸ ਵਿਚ ਹਿੱਸਾ ਲਿਆ ਤੇ ਪ੍ਰਧਾਨਗੀ ਦੀ ਸੇਵਾ ਨੂੰ ਨਿਭਾਇਆ।

੧੪ ਨੂੰ ਫੇਰ ਅੰਮ੍ਰਿਤਸਰੋਂ ਪੰਜਾਬ ਪ੍ਰਾਵਿੰਸ਼ਲ ਤਿੱਬੀ ਕਾਨਫ੍ਰੰਸ ਦਾ ਡੈਪੂਟੇਸ਼ਨ ਆਇਆ ਜਿਸ ਵਿਚ ਹਕੀਮ ਹਰਨਾਮ ਸਿੰਘ ਤੇ ਹਕੀਮ ਜਾਨ ਮੁਹੰਮਦ ਆਦਿ ਪਤਵੰਤੇ ਸਨ। ਵਿਚਾਰਾਂ ਕਰਨ ਵਿਚ ਕਾਫੀ ਸਮਾ ਲਗਾ ਤੇ ਆਪ ਨੇ ੧੦) ਰੁਪਏ ਸਹਾਇਤਾ ਭੀ ਦਿਤੀ।

੨੧ ਜਨਵਰੀ ਦਾ ਡਾਇਰੀ ਨੋਟ:-

"ਮਾਸਟਰ ਸੰਤ ਸਿੰਘ ਜੀ ਆਨਰੇਰੀ ਸੈਕ੍ਰੇਟਰੀ ਟੈਂਪ੍ਰੈਂਸ ਫੈਡਰੇਸ਼ਨ ਅੰਮ੍ਰਿਤਸਰ ੨੫—੧—੨੯ ਨੂੰ ਲਾਟ ਸਾਹਿਬ ਨੂੰ ਮਿਲਣ ਵਾਲੇ ਡੈਪੂਟੇਸ਼ਨ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਆਏ।
ਨਾਲ ਹੀ ਕੁਸ਼ਤਾ ਫੌਲਾਦ ਤੇ ਚੂਰਨ ਵਗੈਰਾ ਲੈ ਗਏ।"

ਉਪ੍ਰੋਕਤ ਡੈਪੂਟੇਸ਼ਨ ਟੈਂਪ੍ਰੈਂਸ ਫੈਡਰੇਸ਼ਨ ਵਲੋਂ ਸੀ ਤੇ ਸ਼ਹਿਰ ਵਿਚੋਂ ਸ਼ਰਾਬ ਆਦਿ ਕੁਕਰਮ ਹਟੌਣ ਦੇ ਖਿਆਲ ਨਾਲ ਮਿਲਨ ਵਾਲਾ ਸੀ। ਜਿਸ ਵਿਚ ਵੈਦ ਜੀ ਨੂੰ ਭੀ ਜ਼ਰੂਰੀ ਸੱਦਾ ਦੇਣ ਲਈ ਮਾਸਟਰ ਸੰਤ ਸਿੰਘ



Digitized by Panjab Digital Library | www.panjabdigilib.org

ਜੀ ਆਏ ਸਨ । ਇਹ ਡੈਪੂਟੇਸ਼ਨ ਫੇਰ ੨੫ ਜਨਵਰੀ ਨੂੰ ਗਵਰਨਰ ਪੰਜਾਬ ਨੂੰ ਮਿਲਿਆ ਤੇ ਆਪਣੇ ਮੁਤਾਲਬੇ ਪੇਸ਼ ਕੀਤੇ । ਉਸ ਬਾਰੇ ੨੫ ਜਨਵਰੀ ਦਾ ਨੋਟ ਸਾਫ ਦੱਸਦਾ ਹੈ ।

"ਅੰਮ੍ਰਿਤਸਰ-ਦਫਤ੍ਰ ਟੈਂਪ੍ਰੈਂਸ ਫੈਡਰੇਸ਼ਨ ਸਾਰੇ ਹੋਰ ਸਜਣਾਂ ਨਾਲ ਮਿਲ ਲਾਟ ਸਾਹਿਬ (ਗਵਰਨਰ ਪੰਜਾਬ) ਦੀ ਸੇਵਾ ਵਿਚ ਡੈਪੂਟੇਸ਼ਨ ਹਾਜ਼ਰ ਹੋ ਤਰਨ ਤਾਰਨ ਦੁਕਾਨਾਂ ਸ਼ਰਾਬ ਦੂਰ ਕਰਨ ਤੇ ਚੌਦਸ ਅਮਾਵਸ ਨੂੰ ਬੰਦ ਕਰਨ ਦੀ ਅਰਜ਼ ਕਰ ਵਾਪਸ ਆਇਆ ।"

ਕੋਈ ਭੀ ਕੰਮ ਮਿਹਨਤ ਬਿਨਾਂ ਸਿਰੇ ਨਹੀਂ ਚੜ੍ਹਦਾ । ਭਾਵੇਂ ਸਾਰੇ ਹੀ ਸ਼ਹਿਰ ਦੇ ਪਤਵੰਤੇ ਸ਼ਹਿਰ ਵਿਚੋਂ ਸ਼ਰਾਬ ਹਟਾਉਣ ਦੇ ਹੱਕ ਵਿਚ ਸਨ, ਪਰ ਕੇਵਲ ਏਨਾ ਕਹਿਣ ਜਾਂ ਚਿਤਵਨ ਨਾਲ ਹੀ ਤਾਂ ਕੰਮ ਨਹੀਂ ਨਾ ਸਿਰੇ ਚੜ੍ਹ ਜਾਂਦਾ । ਇਸ ਲਈ ਕੰਮ ਕਰਨ ਦੀ ਭੀ ਲੋੜ ਹੈ । ਇਹ ਗਲ ਕੋਈ ਕੋਈ ਹੀ ਕਰਦਾ ਹੁੰਦਾ ਹੈ ।

ਵੈਦ ਜੀ ਉਨ੍ਹਾਂ ਬੰਦਿਆਂ ਵਿਚੋਂ ਸਨ ਜਿਨ੍ਹਾਂ ਨੂੰ ਅਜੇਹੇ ਸਭ ਦੇ ਸਾਂਝੇ ਸੁਖ ਦੇ ਕੰਮ ਕਰਨ ਵਿਚ ਖਾਸ ਆਨੰਦ ਆਉਂਦਾ ਸੀ । ਆਪ ਨੇ ਹੀ ਇਹ ਖਿਆਲ ਸ਼ਹਿਰ ਵਾਸੀਆਂ ਦੇ ਦਿਲਾਂ ਵਿਚ ਸੁੱਤਾ ਪਿਆ ਜਗਾਇਆ, ਤੇ ਆਪ ਨੇ ਹੀ ਇਸ ਨੂੰ ਪ੍ਰਜ੍ਵਲਤ ਕੀਤਾ । ਹਾਕਮਾਂ ਅੱਗੇ ਫਰਯਾਦਾਂ ਉਨ੍ਹਾਂ ਨੂੰ ਪ੍ਰੇਰਨਾ, ਡੈਪੂਟੇਸ਼ਨ ਲੈ ਜਾਣੇ ਤੇ ਹੋਰ ਚਿਠੀ ਪੱਤ੍ਰ ਦਾ ਕੰਮ ਸਭ ਆਪ ਹੀ ਅੱਗੇ ਹੋ ਕੇ ਕਰਦੇ ਸਨ ।

੨੫ ਜਨਵਰੀ ਨੂੰ ਭਾਵੇਂ ਆਪ ਲਾਟ ਸਾਹਿਬ ਨੂੰ ਡੈਪੂਟੇਸ਼ਨ ਲੈ ਜਾ ਕੇ ਮਿਲ ਆਏ ਸਨ, ਹੁਣ ਫੇਰ ਆਪ ਪ੍ਰਧਾਨ ਨਗਰ ਸਭਾ ਤਰਨ ਤਾਰਨ ਪਾਦਰੀ ਨੂੰ ਇਸ ਬਾਰੇ ਜ਼ੋਰ ਦੇਣ ਲਈ ੩੧ ਜਨਵਰੀ ਨੂੰ ਫੇਰ ਮਿਲੇ ਇਸ ਦਿਨ ਦਾ ਡਾਇਰੀ ਨੋਟ ਹੈ:—

"ਪਾਦਰੀ ਸਾਹਿਬ ਨੂੰ ਠੇਕੇ ਸ਼ਰਾਬ ਬਾਹਰ ਕਰਨ ਸੰਬੰਧੀ ਮਿਲ ਕੇ ਸਾਰੇ ਹਾਲਾਤ ਦੱਸੇ ।"

੧੨ ਮਾਰਚ ਨੂੰ ਫੇਰ ਸਮਾਲ ਟਾਊਨ ਕਮੇਟੀ ਦੀ ਮੀਟਿੰਗ ਵਿਚ ਆਪ ਨੇ ਬਜਟ ਤੇ ਬਹਿਸ ਆਦਿ, ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਤੇ



Digitized by Panjab Digital Library | www.panjabdigilib.org

ਨਾਵਾਜਬ ਸ਼ਰਾਬ ਦੀ ਵਿਕਰੀ ਦੀ ਰੋਕ ਸੰਬੰਧੀ ਤਜਵੀਜਾਂ ਪੇਸ਼ ਕੀਤੀਆਂ। ਇਸੇ ਹੀ ਤਰ੍ਹਾਂ ੧੨ ਅਪ੍ਰੈਲ ਨੂੰ ਫੇਰ ਪਾਦਰੀ ਐਟਕਿਨਸ ਤੋਂ ਡੀ. ਸੀ. ਵਲ ਥੋਕ ਸ਼ਰਾਬ ਦੀ ਬੰਦਸ਼ ਬਾਰੇ ਜ਼ੋਰ ਦੇ ਕੇ ਚਿੱਠੀ ਲਿਖਵਾਈ।

ਅਸੀਂ ਇਨ੍ਹਾਂ ਹੀ ਪਤ੍ਰਿਆਂ ਵਿੱਚ ਉੱਪਰ ਦੱਸ ਆਏ ਹਾਂ ਕਿ ਵੈਦ ਰਾਜ ਜੀ ਦਾ ਹਰ ਕੰਮ ਕਿਸੇ ਨਾ ਕਿਸੇ ਲੋਕ ਭਲਾਈ ਨੂੰ ਮੁੱਖ ਰੱਖ ਕੇ ਹੀ ਹੁੰਦਾ ਸੀ। ਇਸੇ ਹੀ ਤਰ੍ਹਾਂ ੩ ਫਰਵਰੀ ੧੯੨੯ ਨੂੰ ਚੌਧਰੀ ਗਿਆਨ ਸਿੰਘ ਜੀ ਇੰਨਸਪੈਕਟਰ ਸਕੂਲਜ਼ ਲਾਹੌਰ ਡਵੀਜਨ ਗੁ: ਅ: ਦੇ: ਖਾ: ਹਾਈ ਸਕੂਲ ਤਰਨ ਤਾਰਨ ਦੀ ਇੰਨਸਪੈਕਸ਼ਨ ਕਰਨ ਲਈ ਆਉਂਦੇ ਹਨ, ਆਪ ਨਾਲ ਹੋ ਇੰਨਸਪੈਕਸ਼ਨ ਕਰਵਾ ਪ੍ਰੇਮ ਨਾਲ ਆਪਣੇ ਪਾਸ ਲੈਆਉਂਦੇ ਹਨ, ਸੇਵਾ ਆਦਿ ਕਰਕੇ ਇੰਨਸਪੈਟਰ ਸਾਹਿਬ ਦੇ ਲੋੜ ਪ੍ਰਗਟ ਕਰਨ ਤੇ ੩ ਮਾਸ਼ੇ 'ਸਿੱਧ ਮਕਰ ਧ੍ਵਜ' ਤੇ 'ਅਤ੍ਰੀਫਲ ਯਮਾਨੀ' ਦਿਮਾਗੀ ਤੇ ਸਰੀਰਕ ਹਾਲਤ ਨੂੰ ਬਲਵਾਨ ਕਰਨ ਲਈ ਭੇਟ ਕਰਕੇ ਪ੍ਰੇਮ ਪ੍ਰਗਟ ਕਰਦੇ ਹਨ, ਪਰ ਹੈ ਇਹ ਸਭ ਕੁਛ ਇਨਸਾਨੀ ਪ੍ਰੇਮ ਤੇ ਸੁਭਿੱਛਾ ਭਾਵ ਨਾਲ ਤੇ ਕੌਮ ਦੀ ਬਿਹਤ੍ਰੀ ਲਈ।

ਇਨ੍ਹਾਂ ਖਿਆਲਾਂ ਅਨੁਸਾਰ ਹੀ ਆਪ ਨੇ ਹਿੰਦੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਛਪਵਾਇਆ ਤੇ ਲੋੜ-ਵੰਦਾਂ ਨੂੰ ਬਹੁਤ ਸਾਰਾ ਮੁਫਤ ਭੇਟਾ ਕੀਤਾ।

੪ ਫਰਵਰੀ ਨੂੰ ਦੋ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਿੰਦੀ ਸਜਿਲਦ ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਨੂੰ ਭੇਜੀਆਂ।

੭ ਮਾਰਚ ਨੂੰ ਇੱਕ ਬੀੜ ਗਿਆਨੀ ਕਰਤਾਰ ਸਿੰਘ ਜੀ 'ਹਿਤਕਾਰੀ' ਨੂੰ ਲਾਹੌਰ ਭੇਜੀ।

ਇਨੀ ਦਿਨੀ ਹੀ ਖਾ: ਹਾ: ਸਕੂਲ ਤਰਨ ਤਾਰਨ ਵਿੱਚ ਲੜਕਿਆਂ ਨੇ ਸਟ੍ਰਾਈਕ ਵਜੋਂ ਬੋਰਡਿੰਗ ਹਾਊਸ ਵਿੱਚ ਭੁਖ ਹੜਤਾਲ ਕਰ ਦਿੱਤੀ। ਟੀਚਰਾਂ ਤੇ ਲੜਕਿਆਂ ਵਿੱਚ ਕਾਫ਼ੀ ਖਿੱਚੋ ਤਾਣ ਵਧ ਗਈ। ਵੈਦ ਜੀ ਦਾ ਦੋਵੇਂ ਧਿਰਾਂ ਅਦਬ ਹੀ ਨਾ ਸਨ ਕਰਦੀਆਂ!, ਸਗੋਂ ਸਭ ਨੂੰ ਇਹ ਭੀ ਯਕੀਨ



Digitized by Panjab Digital Library | www.panjabdigilib.org

ਸੀ ਕਿ ਆਪ ਕਦੇ ਕਿਸੇ ਨਾਲ ਬੇ-ਇਨਸਾਫੀ ਨਹੀਂ ਹੋਣ ਦਿੰਦੇ, ਇਸ ਲਈ ਇਸ ਬਖੇੜੇ ਨੂੰ ਵਧ ਦਾ ਵੇਖ ਕੇ ਪ੍ਰੇਮੀ ਆਪ ਜੀ ਪਾਸ ਪੁੱਜੇ ਤੇ ਆਪ ਨੇ ੮ ਫਰਵਰੀ ਨੂੰ ਬੜੇ ਪ੍ਰੇਮ ਤੇ ਵਿਚਾਰ ਨਾਲ ਸ਼ਾਮ ਤੋਂ ਲੈਕੇ ਰਾਤ ਦੇ ਬਾਰਾਂ ਬਜੇ ਤਕ ਵਿਚਾਰਾਂ ਕਰਕੇ ਇਸ ਵਧ ਦੀ ਫੁੱਟ ਤੇ ਭੁੱਖ ਹੜਤਾਲ ਨੂੰ ਮਿਟਾਇਆ ਤੇ ਲੜਕਿਆਂ ਨੂੰ ਪ੍ਰਸ਼ਾਦ ਛਕਾਇਆ।

ਅੰਮ੍ਰਿਤਸਰ ਦੇ ਇੱਕ ਸਾਹਿਤੱਕ ਪ੍ਰੇਮੀ ਨੂੰ ਮਾਯਾ ਦੀ ਲੋੜ ਪਈ। ਸਮੇਂ ਸਿਰ ਕਿਤਿਓਂ ਭੀ ਨਾ ਮਿਲਨ ਕਰਕੇ ਆਪ ਨਿਰਾਸ ਹੋ ਗਏ। ਸਾਹਿਤਜ ਪ੍ਰੇਮੀ ਗੁਣੀਆਂ ਦੇ ਕਦਰਦਾਨ ਤੇ ਸਮੇਂ ਸਿਰ ਲੋੜਵੰਦਾਂ ਦੀ ਮਦਦ ਕਰਨ ਵਾਲੇ ਮਸ਼ਹੂਰ, ਪਰ ਗੁਪਤ ਮਹਾਂਦਾਨੀ ਜਾਣਕੇ ਆਪ ਵੈਦ ਰਾਜ ਜੀ ਪਾਸ ਆਏ । ਆਪਣੀ ਔਕੜ ਦੱਸੀ ਤੇ ਰੁਪਏ ਦਾ ਸਵਾਲ ਕੀਤਾ ੧੬ ਫਰਵਰੀ ੧੯੨੯ ਨੂੰ ਆਪ ਜੀ ਨੇ ੧੦੦੦) ਰੁਪਿਆ ਹਥਰੋਕੀ ਚੁਪ ਚਾਪ ਦੇ ਦਿੱਤਾ, ਭਾਵੇਂ ਇਹ ਕੇਵਲ ਤਿੰਨ ਮਹੀਨੇ ਦੇ ਇਕਰਾਰ ਉੱਪਰ ਹੀ ਲਿਆ ਗਿਆ ਸੀ, ਪਰ ਪਤਾ ਲੱਗਦਾ ਹੈ ਕਿ ਅੱਜ ਤੱਕ ਭੀ ਹਿਸਾਬ ਸਾਫ ਨਹੀਂ ਹੋਇਆ।

ਇਸੇ ਹੀ ਤਰ੍ਹਾਂ ੯ ਮਾਰਚ ਨੂੰ ਇੱਕ ਮਿਸਤ੍ਰੀ.........ਅਫਰੀਕਾ ਨੂੰ ਜਾਣਾ ਚਾਹੁੰਦਾ ਸੀ, ਭਾੜੇ ਲਈ ਮਾਯਾ ਦੀ ਥੁੜ ਸੀ। ਆਪ ਨੇ ੧੦੦) ਸੌ ਰੁਪਯਾ ਹਥਰੋਕੀ ਦੇ ਦਿੱਤਾ ।

੧੭ ਫਰਵਰੀ ਨੂੰ ਸ੍ਰ: ਚਰਨ ਜੀਤ ਸਿੰਘ ਜੀ ਐਗਜ਼ੈਕਟਿਵ ਇੰਨਜੀਨੀਅਰ ਲਾਹੌਰ ਵਾਲੇ ਤਰਨ ਤਾਰਨ ਦਵਾਈਆਂ ਲਈ ਆਏ ਵੈਦ ਜੀ ਨੇ ਸੁਭਾਵ ਅਨੁਸਾਰ ਮੁਫਤ ਹੀ ਸੇਵਾ ਕੀਤੀ।

ਮਾਹਵਾਰੀ ਰਸਾਲਾ ਕਵੀ ਦਾ 'ਸਪੈਸ਼ਲ ਕਵੀ ਅੰਕ' ਨਿਕਲਿਆ ਉਸ ਵਿੱਚ ਉਸ ਦਾ ਖਰਚ ਆਮਦਨ ਦਾ ਹਿਸਾਬ ਭੀ ਦਰਜ ਸੀ। 'ਕਵੀ ਕੁਟੀਆ ਕਲਕੱਤਾ' ਦੇ ਸੇਵਕਾਂ ਦਾ ਸਾਹਿਤਜਕ ਪ੍ਰੇਮ ਤੇ ਮਾਯਕ ਘਾਟਾ ਦੇਖ ਕੇ ਆਪ ਦਾ ਸਾਹਿਤ ਪ੍ਰੇਮ ਤੇ ਦਰਦੀ ਦਿਲ ਪੰਘਰ ਉੱਠਿਆ ਤੇ ਆਪ ਨੇ ਖੁਦ ਬਖੁਦ ਪ੍ਰੇਮ ਪ੍ਰੇਰਤ ਹੋ, ੧੨ ਮਾਰਚ ੧੯੨੯ ਨੂੰ ਪ੧) ਰੁਪਏ



Digitized by Panjab Digital Library | www.panjabdigilib.org

ਭਿਖਾਰੀ ਜੀ ਰਾਹੀਂ ਕਵੀ ਪ੍ਰਬੰਧਕਾਂ ਨੂੰ ਭੇਜੇ। ਇਸ ਨੂੰ ਆਖ ਦੇ ਹਨ ਸਾਹਿਤ ਪ੍ਰੇਮ।

ਹਰ ਕੋਈ ਨਵਾਂ ਪੁਰਾਣਾ ਅਖਬਾਰ ਤੇ ਰਸਾਲਾ ਆਪ ਦੇ ਲੇਖ ਪ੍ਰਾਪਤ ਕਰਨ ਨੂੰ ਮਾਣ ਸਮਝਦਾ ਸੀ ਤੇ ਆਪ ਭੀ ਕਦੇ ਕਿਸੇ ਨੂੰ ਵਾਹ ਲੱਗਦੀ ਨਰਾਸ ਨਾ ਸਨ ਕਰਦੇ। ਹੰਸ ਤੇ ਰਣਜੀਤ ਨਗਾਰਾ ਮਾਸਕ ਪੱਤ੍ਰਾਂ ਵਿੱਚ ਭੀ ਆਪ ਨੇ ਇਨ੍ਹੀ ਦਿਨੀ ਲੇਖ ਲਿਖ ਭੇਜੇ।

੨੦ ਤੋਂ ੨੬ ਮਾਰਚ ਤੱਕ ਆਪ ਜੀ ਨੇ ਸਮੇਂ ਦਾ ਦਸਵੰਧ ਕੱਢ ਦੇ ਹੋਇਆਂ ਸ੍ਰੀ ਕਰਤਾਰ ਪੁਰ, ਸੁਲਤਾਨ ਪੁਰ, ਕਪੂਰਥਲਾ, ਬਾਬਾ ਬਕਾਲਾ, ਅਨੰਦ ਪੁਰ, ਸਰਹਿੰਦ, ਫਤੇ ਗੜ੍ਹ ਰੋਪੜ, ਕੀਰਤ ਪੁਰ, ਆਦਿ ਗੁਰਦ-ਵਾਰਿਆਂ ਦੇ ਦਰਸ਼ਨ ਕੀਤੇ।

੬ ਅਪ੍ਰੈਲ ਨੂੰ ਵੈਦ ਜੀ ਉਚੇਚੇ ਸੱਦੇ ਤੇ ਸ੍ਰ: ਬ: ਸ: ਮਹਿਤਾਬ ਸਿੰਘ ਜੀ ਦੇ ਬੀਮਾਰ ਮਾਤਾ ਜੀ ਨੂੰ ਦੇਖਣ ਗਏ। ਏਥੇ ਹੀ ਮਹਾਸ਼ਾ ਰਾਜ ਪਾਲ ਦਾ ਕਤਲ ਸੁਣ ਕੇ ਆਪ ਨੇ ਦੇਸ਼ ਦੀ ਦਸ਼ਾ ਤੇ ਇਸ ਪਾਟੋ ਧਾੜ ਤੇ ਅਫਸੋਸ ਦੇ ਅਥਰੂ ਵਹਾਏ।

੧੮ ਅਪ੍ਰੈਲ ਨੂੰ ਸ੍ਰ: ਸੰਤ ਸਿੰਘ ਜੀ ਬੀ. ਏ. ਇਤਿਹਾਸ ਦੇ ਕੰਮ ਲਈ ਪੁਸਤਕਾਂ ਵੇਖਣ ਆਏ ਤੇ ਮਨ ਵਾਂਛਤ ਪੁਸਤਕਾਂ ਵੇਖ ਗਏ।

੬ ਮਈ ਨੂੰ ਸ੍ਰ: ਧਰਮ ਸਿੰਘ ਜੀ ਪ੍ਰਸਿੱਧ ਦਾਨੀ ਠੇਕੇਦਾਰ ਦਿੱਲੀ ਵਾਲੇ ਆਏ। ੪ ਸ਼ੀਸ਼ੀਆਂ 'ਦ੍ਰਿਗ ਅੰਮ੍ਰਿਤ ਅੰਜਨ' ਤੇ ੨ ਸੁਖਦਾਈ ਦਾਰੂ ਲੈ ਗਏ।

੨੫ ਮਈ ਨੂੰ ਪੰਥਕ ਦਸ਼ਾ ਤੇ ਵਿਚਾਰ ਕਰਨ ਲਈ ਰਾ: ਬ: ਸ੍ਰ: ਵਿਸਾਖਾ ਸਿੰਘ,* ਮਾਸਟਰ ਤਾਰਾ ਸਿੰਘ, ਤੇ ਜਥੇਦਾਰ ਤੇਜਾ ਸਿੰਘ ਆਦਿ

---

*ਰਾਇ ਬਹਾਦਰ ਵਸਾਖਾ ਸਿੰਘ ਜੀ—ਜਨਮ ਪਿੰਡ ਮੁੱਛਲ ਜ਼ਿਲਾ ਅੰਮ੍ਰਿਤਸਰ ੧੮੮੦ ਵਿੱਚ ਹੋਇਆ। ਮੈਟ੍ਰਿਕ ਪਾਸ ਕਰਕੇ ਤਰਨ ਤਾਰਨ ਖਾਲਸਾ ਹਾਈ ਸਕੂਲ ਵਿਚ ਪੜ੍ਹਾਉਂਦੇ ਰਹੇ। ਭਾਈ ਸਾਹਿਬ ਉਸ ਸਮੇਂ ਸਕੂਲ ਕਮੇਟੀ ਦੇ ਮੀਤ ਸਕੱਤ੍ਰ ਸਨ। ਇਸ ਵਾਸਤੇ ਸ਼ੁਰੂ ਤੋਂ ਹੀ ਆਪਸ ਵਿਚ ਕਾਫੀ ਪਿਆਰ ਤੇ ਮਿਲਾਪ ਰਿਹਾ ਹੈ। ਉੱਨਤੀ ਕਰਦਿਆਂ ਅੱਜ ਰਾਇ ਬਹਾਦਰ ਜੀ ਵੱਡੇ ਠੇਕੇਦਾਰ ਤੇ ਦਾਨੀ ਹਨ।



Digitized by Panjab Digital Library | www.panjabdigilib.org

ਆਏ, ਢੇਰ ਚਿਰ ਵਿਚਾਰਾਂ ਹੁੰਦੀਆਂ ਰਹੀਆਂ ।

੧ ਜੂਨ ਨੂੰ ਆਪ ਜੀ ਦਾ ਪਿਆਰਾ ਪੋਤਰਾ ਨਰੇਂਦ੍ਰ ਸਿੰਘ ੪ ਸਾਲ ਦੀ ਉਮਰ ਵਿੱਚ ਕੇਵਲ ਚਾਰ ਪੰਜ ਦਿਨ ਹੀ ਬੀਮਾਰ ਰਹਿਕੇ ਗੁਰਪੁਰ ਜਾ ਵਸਿਆ ।

ਸਿੱਖ ਪੰਥ ਦੀ ਡਾਵਾਂ ਡੋਲ ਦਸ਼ਾ ਤੇ ਫੁੱਟ ਦੇਖਕੇ ਆਪ ਨੂੰ ਬੜਾ ਹੀ ਦੁੱਖ ਹੋਇਆ ਕਰਦਾ ਸੀ। ੩ ਜੂਨ ਨੂੰ ਜੁਜ਼ਾਮੀਆਂ ਤੇ ਅਕਾਲੀਆਂ ਦੀ ਜੁਜ਼ਾਮੀਆਂ ਦੇ ਖੂਹ ਤੇ ਲੜਾਈ ਹੋ ਪਈ । ਬਦ-ਕਿਸਮਤੀ ਨਾਲ ਇਸ ਵਿੱਚ ਭੀ ਸਿੱਖ ਪੰਥ ਦੇ ਭੁੱਲੇ ਹੋਏ ਆਪਣੇ ਬੰਦਿਆਂ ਦਾ ਹੀ ਹੱਥ ਸੀ। ਮਾਮਲਾ ਪੁਲਿਸ ਤੱਕ ਪਹੁੰਚ ਗਿਆ, ਆਪ ੧੦ ਬਜੇ ਰਾਤ ਤੱਕ ਅਕਾਲੀਆਂ ਦੀਆਂ ਜ਼ਮਾਨਤਾਂ ਆਦਿ ਦੇ ਪ੍ਰਬੰਧ ਵਿੱਚ ਸੇਵਾ ਕਰਦੇ ਰਹੇ। ੧੦ ਜੂਨ ਨੂੰ ਇਸੇ ਸੰਬੰਧ ਵਿੱਚ, ਤਰਨ ਤਾਰਨ ਆਏ, ਡੀ. ਸੀ. ਨੂੰ ਭੀ ਮਿਲੇ ਤੇ ਵੀਚਾਰਾਂ ਪੇਸ਼ ਕੀਤੀਆਂ।

੨੪ ਜੂਨ ਨੂੰ ਭੀ ਉੱਪਰ ਕਹੀ ਜਜ਼ਾਮੀਆਂ ਤੇ ਅਕਾਲੀਆਂ ਦੀ ਲੜਾਈ ਦਾ ਸਮਝੌਤਾ ਕਰੌਣ ਵਿੱਚ ਹੀ ਲੱਗਾ।

੧੭ ਜੁਲਾਈ ਨੂੰ ਆਪ ਦੇ ਪਿਆਰੇ ਭਤੀਜੇ ਸ੍ਰ: ਹਰੀ ਸਿੰਘ ਚਲ ਬਸੇ ਤੇ ੧੪ ਅਗਸਤ ਨੂੰ ਆਪ ਦੀ ਪੋਤ੍ਰੀ ਤੇਜੇਂਦ੍ਰ ਚਲਾਣਾ ਕਰ ਗਈ।

੨੨ ਜੁਲਾਈ ਨੂੰ ਆਪ ਦੇ ਪੁਰਾਣੇ ਸਾਥੀ ਸ੍ਰ: ਦੇਵਾ ਸਿੰਘ ਜੀ ਸਕੱਤ੍ਰ ਸਿੰਘ ਸਭਾ ਅਮ੍ਰਿਤਸਰ ਕਾਲ ਵੱਸ ਹੋਏ ।

੩੧ ਜੁਲਾਈ ਨੂੰ ਗਿਆਨੀ ਹੀਰਾ ਸਿੰਘ ਜੀ 'ਦਰਦ' ਆਏ,ਦਵਾਵਾਂ ਨਾਲ ਸੇਵਾ ਕੀਤੀ । ਇਸੇ ਹੀ ਤਰ੍ਹਾਂ ੨੭ ਅਗਸਤ ਨੂੰ ਮਹੰਤ ਗਣੇਸ਼ਾ ਸਿੰਘ ਜੀ ਨੂੰ ੧ ਬੀੜ ਹਿੰਦੀ ਗੁਰੂ ਗ੍ਰੰਥ ਸਾਹਿਬ ਤੇ ਕੁਸ਼ਤਾ ਮਨੂਰ ਭੇਟ ਕੀਤਾ।

੬ ਸਤੰਬਰ ਨੂੰ ਸ਼ਾਮ ਦੇ ੪ ਤੋਂ ੬ ਬਜੇ ਤੱਕ ਮਹਿਕਮਾ ਤਾਲੀਮ ਦੀ ਦਰਖਾਸਤ ਤੇ ਆਪ ਜੀ ਨੇ ਡੀ. ਬੀ. ਮਿਡਲ ਸਕੂਲ ਤਰਨ ਤਾਰਨ ਵਿੱਚ ਵਿਲੇਜ ਟ੍ਰੇਨਿੰਗ ਕਲਾਸ ਨੂੰ ਅਰੋਗਤਾ ਸੰਬੰਧੀ ਲੈਕਚਰ ਦਿੱਤਾ। ਤੇ



Digitized by Panjab Digital Library | www.panjabdigilib.org

ਇਸੇ ਹੀ ਤਰ੍ਹਾਂ ੭ ਸਤੰਬਰ ਨੂੰ ਫੇਰ ਅਢਾਈ ਘੰਟੇ ੮ ਤੋਂ ੧੦॥ ਤੱਕ ਇਸੇ ਕਲਾਸ ਵਿੱਚ ਆਪ ਦਾ ਲੈਕਚਰ ਹੋਇਆ।

ਰਸਾਲਾ 'ਪ੍ਰੀਤਮ' ਦੇ ਮਾਲਕ ਦੀ ਤੀਬਰ ਮੰਗ ਤੇ ਗੁਰੂ ਰਾਮਦਾਸ ਨੰਬਰ ਲਈ ੧ ਖਾਸ ਲੇਖ ਲਿਖਕੇ ਭੇਜਿਆ ਤੇ ੨੪ ਸਤੰਬਰ ਨੂੰ ਇੱਕ ਲੇਖ 'ਫਤਹ' ਲਈ ਲਿਖਕੇ ਦਿੱਤਾ। ਇਸੇ ਤਰ੍ਹਾਂ ਮੌਜੀ ਤੇ ਸੁਤੰਤ੍ਰ ਦੇ ਸਪੈਸ਼ਲ ਨੰਬਰਾਂ ਲਈ ਭੀ ੨੪ ਅਕਤੂਬਰ ਨੂੰ ਦੋ ਲੇਖ ਲਿਖਕੇ ਭੇਜੇ।

੨੦ ਸਤੰਬਰ ਨੂੰ ਬਾਵਾ ਹਰ ਕਿਸ਼ਨ ਸਿੰਘ ਜੀ ਪ੍ਰਿੰਸੀਪਲ ਖਾ: ਕ: ਗੁਜਰਾਂਵਾਲਾ ਪ੍ਰਵਾਰ ਸਹਿਤ ਆਏ। ਪ੍ਰਸ਼ਾਦ ਆਦਿ ਤੇ ਦਵਾਵਾਂ ਦੀ ਸੇਵਾ ਕੀਤੀ।

ਅਨੇਕ ਹੋਰ ਵੈਦ ਜੀ ਦੇ ਪ੍ਰੇਮੀਆਂ ਦੀ ਤਰ੍ਹਾਂ ਸਰਦਾਰ..........ਸਿੰਘ ਜੀ ਰੰਗ ਵਾਲੇ ਸ੍ਰੀ ਅੰਮ੍ਰਿਤਸਰ ਭੀ ਆਪ ਦੇ ਮਸੀਹਾਈ ਇਲਾਜ ਤੋਂ ਫੈਜ਼ਯਾਬ ਹੋ ੧.੦੦) ਰੁਪਿਆ, ਰੇਸ਼ਮੀ ਦਸਤਾਰਾ ਤੇ ਹੋਰ ਭੇਟਾ ਲੈਕੇ ੨ ਅਕਤੂਬਰ ਨੂੰ ਵੈਦ ਜੀ ਪਾਸ ਆਏ। ਆਪ ਜੀ ਨੂੰ ਭੀ ਉਸੇ ਹੀ ਤਰ੍ਹਾਂ ਵੈਦ ਜੀ ਨੇ ਆਪਣਾ ਕਿਸੇ ਤੋਂ ਕੋਈ ਕਾਰ ਭੇਟ ਨਾ ਲੈਣ ਦਾ ਪ੍ਰਣ ਦੱਸ ਕੇ ਵਾਪਸ ਕੀਤਾ। ਇਨ੍ਹਾਂ ਦੇ ਵੈਦ ਜੀ ਦੀ ਦਵਾਈ ਨਾਲ ਤੇ ਗੁਰੂ ਦੀ ਕ੍ਰਿਪਾ ਨਾਲ ਲੜਕਾ ਪੈਦਾ ਹੋਇਆ ਸੀ।

੭ ਅਕਤੂਬਰ ਨੂੰ ਸ੍ਰ: ਜਸਵੰਤ ਸਿੰਘ ਜੀ ਸੀਨੀਅਰ ਆਡੀਟਰ ਤੇ ਸ੍ਰ: ਗੁਰਮੁਖ ਸਿੰਘ ਸੁਪ੍ਰੰਟੈਂਡੈਂਟ ਚੀਫ ਖਾ: ਦੀਵਾਨ ਖਾ: ਪ੍ਰ: ਵਿਦਆਲੇ ਦੇ ਪ੍ਰਬੰਧ ਲਈ ਵਿਚਾਰਾਂ ਕਰਨ ਆਏ। ਰਾਤ ਦੇ ੧੦ ਵਜੇ ਤੱਕ ਗੱਲ ਬਾਤ ਹੁੰਦੀ ਰਹੀ।

ਇਸੇ ਹੀ ਤਰ੍ਹਾਂ ੧੪ ਅਕਤੂਬਰ ਨੂੰ ਅਸਲੀ ਕੌਮੀ ਦਰਦ ਦੇ ਦਫਤ੍ਰ ਵਿੱਚ ਕੌਮੀ ਦਸ਼ਾ ਤੇ ੧੧॥ ਬਜੇ ਰਾਤ ਤੱਕ ਵਿਚਾਰਾਂ ਕਰਨ ਵਿੱਚ ਸ਼ਾਮਲ ਹੋਏ।

ਇਹ ਤਾਂ ਅਸੀਂ ਪਾਠਕਾਂ ਨੂੰ ਪਿੱਛੇ ਦੱਸ ਹੀ ਆਏ ਹਾਂ ਕਿ ਸ੍ਵੈ ਰੱਖਿਆ ਵਾਸਤੇ ਆਪ ਨੇ ਪਿਸਤੌਲ ਰਖਿਆ ਹੋਇਆ ਸੀ। ਇਸੇ ਬਦਲੇ ਕਈ ਵਾਰ ਆਪ ਉਤੇ ਸਰਕਾਰੀ ਕਹਿਰ ਭੀ ਨਾਜ਼ਲ ਹੁੰਦਾ ਰਹਿੰਦਾ ਸੀ। ਰੌਲਟ



Digitized by Panjab Digital Library | www.panjabdigilib.org

ਐਕਟ ਆਦਿ ਸਮੇਂ ਭੀ ਕਈ ਵਾਰ ਰਾਤਾਂ ਨੂੰ ਪੁਲਿਸ ਅਫਸਰਾਂ ਦੇ ਨਾਦਰਸ਼ਾਹੀ ਹੁਕਮ ਨਾਲ ਆਪ ਨੂੰ ਪਹਿਰਾ ਦੇਣਾ ਪੈਂਦਾ ਸੀ। ਹੁਣ ੧੨ ਅਕਤੂਬਰ ੧੯੨੯ ਨੂੰ ਭੀ ਰਾਤ ਨੂੰ ਰੇਲਵੇ ਸਟੇਸ਼ਨ ਰੇਲ ਦੀ ਪਟੜੀ ਤੇ ਪਹਿਰਾ ਦੇਣ ਲਈ ਪੁਲੀਸ ਅਫਸਰ ਦਾ ਹੁਕਮ ਪੁੱਜਾ। ਆਪ ਦਾ ਦਿਲ ਤਾਂ ਬੜਾ ਦੁਖਿਆ, ਪਰ ਆਪ ਨੇ 'ਗੁਲਾਮ ਹੋ ਕੇ ਫੇਰ ਆਕੜ ਕੀ' ਆਖਦਿਆਂ ਸਬਰ ਸ਼ੁਕਰ ਨਾਲ ਅਢਾਈ ਘੰਟੇ ਰਾਤ ਨੂੰ ਪਹਿਰਾ ਦਿੱਤਾ।

ਉੱਪਰ ਦੱਸਿਆ ਜਾ ਚੁਕਾ ਹੈ ਕਿ ਇਨ੍ਹੀਂ ਦਿਨੀਂ ਪੰਥ ਵਿਚ ਖ਼ੁਦਗ਼ਰਜ਼ੀ, ਲਾਲਚ ਨਾਲ ਫੁੱਟ ਦੀ ਚੰਗਿਆੜੀ ਚਮਕ ਰਹੀ ਸੀ ਤੇ ਭਾਈ ਸਾਹਿਬ ਜੀ ਇਸਨੂੰ ਮਿਟਾਉਣ ਦੀ ਕੋਸ਼ਸ਼ ਵਿਚ ਲਗੇ ਹੋਏ ਸਨ। ੨੦ ਨਵੰਬਰ ਨੂੰ ਗਿਆਨੀ ਸ਼ੇਰ ਸਿੰਘ ਡਾਕਟਰ ਗਜਾਨ ਸਿੰਘ ਤੇ ਸ੍ਰ: ਭਗਤ ਸਿੰਘ ਪ੍ਰਦੇਸੀ ਆਦਿ ਇਸੇ ਸੰਬੰਧ ਵਿਚ ਆਏ ਤੇ ਢੇਰ ਚਿਰ ਵਿਚਾਰਾਂ ਹੋਈਆਂ।

੨੪ ਨਵੰਬਰ ਨੂੰ ਯੋਗੀ ਰਾਜ ਰਘੁਬੀਰ ਸਿੰਘ ਜੀ ਨੁਸਖੇ ਪੁੱਛਣ ਤੇ ਵੈਦਕ ਸੰਬੰਧੀ ਕੁਝ ਨੋਟ ਲੈਣ ਲਈ ਆਏ। ਯਥਾ ਸ਼ਕਤਿ ਸੇਵਾ ਕੀਤੀ।

ਪਾਠਕ ਜਨ ਵਿਚਾਰਨਾ! ਅਜੇਹੇ ਕਿੰਨੇ ਕੁ ਵੈਦ ਹਨ? ਜੋ ਆਪਣੇ ਅਮੁੱਲੇ ਨੁਸਖੇ ਜਿਨ੍ਹਾਂ ਨਾਲ ਕਮਾਈ ਕਰ ਰਹੇ ਹੋਣ, ਇਸ ਤਰ੍ਹਾਂ ਦਰਯਾ ਦਿਲੀ ਨਾਲ ਪ੍ਰਕਾਸ਼ਤ ਕਰਨ ਤੇ ਪੁੱਛਣ ਆਏ ਪ੍ਰੇਮੀਆਂ ਨੂੰ ਖੁਸ਼ੀ ਨਾਲ ਭੇਟ ਕਰਨ। ਇਹ ਆਪਦਾ ਹੀ ਦਿਲ ਸੀ।

੯ ਦਸੰਬਰ ਦਾ ਡਾਇਰੀ ਨੋਟ ਹੈ ਕਿ–

"ਗੁਰਪੁਰਬ ਨੰਬਰਾਂ ਵਾਸਤੇ ੧੦ ਲੇਖ ਲਿਖਕੇ ਪੋਸਟ ਕੀਤੇ।"

ਇਸੇ ਤਰ੍ਹਾਂ ਆਪ ਨੇ ੧੭ ਦਸੰਬਰ ਤਕ ਪਹਿਲੀ ਸਰਬ ਹਿੰਦ ਗੁਰ ਤੀਰਥ ਯਾਤ੍ਰਾ ਕਮੇਟੀ ਦੀ ਗਾਈਡ ਬਣਾਕੇ ਲਾਹੌਰ ਕਮੇਟੀ ਦੇ ਦਫਤਰ ਭੇਜਣ ਦੀ ਸੇਵਾ ਕੀਤੀ ਤੇ ੨੫, ੨੬ ਤੇ ੨੭ ਦਸੰਬਰ ਤਕ ਆਪ ਨੇ ਕਾਂਗ੍ਰਸ ਸੈਸ਼ਨ ਲਾਹੌਰ ਅਟੈਂਡ ਕੀਤਾ।



Digitized by Panjab Digital Library | www.panjabdigilib.org

## ੨੭ ਨਵੰਬਰ ਨੂੰ ਭਾਈ ਅਰਜਨ ਸਿੰਘ ਜੀ* ਗੜਗੱਜ

*ਸ੍ਰ: ਅਰਜਨ ਸਿੰਘ ਜੀ ਗੜਗੱਜ,ਆਪ ਦਾ ਜਨਮ ੧੦ ਫੱਗਣ ਸੰਨ ੧੯੦੯ ਈ: ਨੂੰ ਮਿਸਤ੍ਰੀ ਸੁੰਦਰ ਸਿੰਘ ਰਾਮਗੜ੍ਹੀਏ ਦੇ ਘਰ ਤਰਨ ਤਾਰਨ ਵਿਖੇ ਹੋਇਆ। ਜਮਾਂਦਰੂ ਹੀ ਆਪਦੇ ਖਿਆਲ ਦੇਸ਼ ਪ੍ਰੇਮ ਦੇ ਹਨ। ਗੁਲਾਮੀ ਦੀ ਹਵਾ ਵਿਚ ਜੰਮ ਪਲ ਕੇ ਭੀ ਸੁਭਾਵਕ ਆਪ ਨੂੰ ਗੁਲਾਮੀ ਤੋਂ ਨਫਰਤ ਹੈ। ਛੇਵੀਂ ਜਮਾਤ ਵਿਚ ਪੜ੍ਹਦੇ ਸਨ ਜਦ ਯੂਨੀਅਨ ਜੈਕ ਨੂੰ ਸਲਾਮੀ ਨਾ ਕਰਨ ਦੇ ਦੋਸ਼ ਵਿਚ ਆਪ ਨੂੰ ਸਜ਼ਾ ਮਿਲੀ, ਤੇ ਪੜ੍ਹਾਈ ਛੁਟ ਗਈ। ਅਕਾਲੀ ਲਹਿਰ ਦੇ ਅਰੰਭ ਵਿਚ ਹੀ ਆਪ ਦਾ ਅਣਖੀ ਖ਼ੂਨ ਉਬਾਲਾ ਖਾ ਆਇਆ ਤੇ ਆਪ ਇਸ ਲਹਿਰ ਵਿਚ ਮੁਢ ਤੋਂ ਹੀ ਸਰਗਰਮੀ ਨਾਲ ਹਿੱਸਾ ਲੈਣ ਲੱਗੇ। ਆਪ ਸੁਹਣੇ ਕਵੀ ਹਨ। ਦਰਬਾਰ ਸਾਹਿਬ ਤਰਨ ਤਾਰਨ ਦੇ ਸਾਕੇ ਤੋਂ ਆਪ ਨੂੰ ਕਵਿਤਾ ਲਿਖਣ ਦਾ ਸ਼ੌਕ ਪਿਆ। ਮਾਝੇ ਦੇ ਮਸ਼ਹੂਰ ਗੜਗੱਜ ਅਕਾਲੀ ਦੀਵਾਨ ਵਿਚ ਅਗੇ ਹੋ ਹਿੱਸਾ ਲੈਣ ਕਰਕੇ ਆਪ ਦਾ ਨਾਮ 'ਗੜਗੱਜ' ਹੀ ਪੈ ਗਿਆ। ਆਪ ਸਮੇਂ ਅਨੁਸਾਰ ਗਰਮ ਖਿਆਲੀਏ ਹਨ। ੧੯੨੨ ਵਿਚ ਦੇਸ਼ ਪ੍ਰੇਮ ਦੀ ਕਵਿਤਾ ਪੜ੍ਹਨ ਦੇ ਜੁਰਮ ਵਿਚ ਪਹਿਲੋਂ ਪਹਿਲ ੬ ਮਹੀਨੇ ਕੈਦ ਸਖਤ ਤੇ ੫੦) ਜੁਰਮਾਨੇ ਦੀ ਸਜ਼ਾ ਹੋਈ।ਅਕਾਲੀ ਦਲ ਦੇ ਬਾਗ਼ੀ ਕਰਾਰ ਦਿੱਤੇ ਜਾਣ ਸਮੇਂ,ਅਕਾਲੀ ਜਥਾ ਇਲਾਕਾ ਤਰਨ ਤਾਰਨ ਦੀ ਸਕੱਤ੍ਰੀ ਕਰਦੇ ਹੋਇਆਂ ੧੯੨੩ ਵਿਚ ਫਿਰ ਦੋ ਸਾਲ ਕੈਦ ਸਖਤ ਤੇ ੫੦) ਜੁਰਮਾਨੇ ਦੀ ਸਜ਼ਾ ਭੁਗਤੀ। ੧੯੨੯ ਵਿਚ ਦੋ ਸਾਲ, ੧੯੩੦ ਵਿਚ ੩ ਮਹੀਨੇ, ੧੯੩੧ ਵਿਚ ਜ਼ਬਾਨ ਬੰਦੀ। ੧੯੩੨ ਵਿਚ ਸ਼ਹਿਰ ਤਰਨ ਤਾਰਨ ਵਿਚ ਨਜ਼ਰ ਬੰਦ ਰਹੇ।ਇਸ ਤਰ੍ਹਾਂ ਬਚਪਨ ਤੋਂ ਹੀ ਆਪ ਦਾ ਜੀਵਣ ਕੌਮੀ ਲਗਨ ਤੇ ਦੇਸ਼ ਪ੍ਰੇਮ ਵਿਚ ਰੰਗੀਜਿਆ ਹੋਇਆ ਹੋਣ ਕਰਕੇ ਦੁੱਖਾਂ, ਕਸ਼ਟਾਂ, ਕੈਦਾਂ, ਜੁਰਮਾਨਿਆਂ ਤੇ ਨਜ਼ਰ ਬੰਦੀਆਂ ਦੀ ਲੰਮੀ ਲੜੀ ਹੈ। ਆਪ ਕਰੜੇ ਤੋਂ ਕਰੜੇ ਕਸ਼ਟਾਂ ਵਿਚ ਭੀ ਘਬਰਾਉਣਾ ਤਾਂ ਜਾਣਦੇ ਹੀ ਨਹੀਂ। ਆਪ ਪ੍ਰਸਿੱਧ ਅਖਬਾਰ 'ਕਿਰਤੀ' ਦੇ ਪਹਿਲੇ ਐਡੀਟਰ ਸਨ। ਸੁਹਣੇ ਲਿਖਾਰੀ ਤੇ ਕਵੀ ਹਨ। ਜਰਨਲਿਜ਼ਮ ਦਾ ਖ਼ਾਸ ਚਸਕਾ ਰੱਖਦੇ ਹਨ। ਮਜ਼ਦੂਰ ਕਿਸਾਨ, ਬਬਰ ਸ਼ੇਰ ਦੇ ਸਬ ਐਡੀਟਰ, ਕਾਰਟੂਨ ਦੇ ਚੀਫ ਐਡੀਟਰ ਤੇ ਅੱਜ ਕਲ ੪ ਸਾਲ ਤੋਂ 'ਅਕਾਲੀ' ਦੇ ਸਬ ਐਡੀਟਰ ਲੱਗੇ ਹੋਏ ਹਨ। ਪੱਕੇ ਸੋਸ਼ਲਿਸਟ ਹਨ। ਪੁਲਿਸ ਦਾ ਪਹਿਰੂਆ ਸਦਾ ਨਾਲ ਰਹਿੰਦਾ ਹੈ। ਸ਼ੁਰੂ ਤੋਂ ਹੀ ਵੈਦ ਜੀ ਦੇ ਆਪ ਪ੍ਰੇਮ ਪਾਤ੍ਰ ਰਹੇ ਹਨ। ਸਾਫ ਗੱਲ ਤਾਂ ਇਹ ਹੈ ਕਿ ਆਪ



Digitized by Panjab Digital Library | www.panjabdigilib.org

ਤਰਨ ਤਾਰਨ ਦੇ ਪ੍ਰਸਿੱਧ ਦੇਸ਼ ਭਗਤ ਕੈਮਲ ਪੁਰ ਜੇਲ੍ਹ ਤੋਂ ਰਿਹਾ ਹੋ ਕੇ ਆਏ। ਅਨੇਕ ਹੋਰ ਸੇਵਕਾਂ ਦੀ ਮਦਦ ਕਰਨ ਵਾਂਗ ਗੜਗੱਜ ਸਾਹਿਬ ਜੀ ਨੂੰ ਦੇਸ਼ ਸੇਵਕੀ ਦੀ ਗੁੜ੍ਹਤੀ ਦੇਣ ਵਾਲੇ ਭੀ ਆਪ ਹੀ ਸਨ। ਗੜਗੱਜ ਜੀ, ਵੈਦ ਜੀ ਬਾਬਤ ਆਪਣੀ ਹੱਥੀਂ ਸੰਖੇਪ ਵਿਚ ਇਸ ਤਰ੍ਹਾਂ ਲਿਖਦੇ ਹਨ:-

"ਮਾਨਯੋਗ ਬਜ਼ੁਰਗ ਵੈਦ ਜੀ ਦੀ ਜੀਵਨੀ ਨੇ ਜਿਥੇ ਹੋਰ ਕਈ ਪੁਰਸ਼ਾਂ ਨਾਲ ਕਈ ਪ੍ਰਕਾਰ ਦਾ ਵਾਸਤਾ ਰੱਖਿਆ ਹੈ, ਓਥੇ ਮੇਰੇ ਨਾਲ ਵੀ ਕਾਫੀ ਪਿਆਰ ਵਾਲਾ ਤੇ ਗੂੜ੍ਹਾ ਵਾਸਤਾ ਰੱਖਿਆ ਹੈ।

ਮੇਰਾ ਖਿਆਲਹੈ ਕਿ ਹੇਠਲੀਆਂ ਸਤਰਾਂ ਜੋ ਬੋਹਲ ਵਿਚੋਂਦਾਣੇ ਵਤ ਹਨ, ਪ੍ਰਗਟ ਕਰ ਦੇਣਗੀਆਂ ਕਿ ਆਪ ਜੀ ਦਾ ਕੌਮੀ ਅਤੇ ਮੁਲਕੀ ਪਿਆਰ ਅਮਲੀ ਤੌਰ ਤੇ ਕਿੰਨਾ ਕੁ ਸੀ ?

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ੧੯੨੧ ਵਿਚ ਜਦ ਤਰਨ ਤਾਰਨ ਗੁਰਦਵਾਰੇ ਉੱਤੇ ਅਕਾਲੀ ਦਲ ਦਾ ਕਬਜ਼ਾ ਹੋਇਆ ਤੇ ਜਦੋਂ ਮੈਂ ਪਬਲਿਕ ਜੀਵਨ ਵਿਚ ਪੈਰ ਰੱਖਿਆ, ਓਦੋਂ ਤੋਂ ਹੀ ਵੈਦ ਜੀ ਦਾ ਮੇਰੇ ਨਾਲ ਮੇਰੇ ਕੌਮੀ ਤੇ ਸਾਹਿਤਕ ਖਿਆਲ ਵਧ ਰਹੇ ਵੇਖ ਕੇ ਪਿਆਰ ਸੀ। ਮੇਰੀ ਉਮਰ ਉਸ ਵੇਲੇ ੧੨-੧੩

---

ਦਾ ਇਹ ਕੌਮੀ ਜੀਵਣ ਬਣਾਵਣ ਤੇ ਇਸ ਵਿੱਚ ਉਤਸ਼ਾਹ ਵਧਾਵਣ ਵਾਲੇ ਵੈਦ ਰਾਜ ਜੀ ਹੀ ਸਨ। ਹਰ ਔਕੜ ਸਮੇਂ ਸਲਾਹ ਮਸ਼ਵਰੇ ਤੇ ਮਾਯਾ ਆਦਿ ਦੀ ਮਦਦ ਵੈਦ ਜੀ ਖੁਲ੍ਹੇ ਦਿਲ ਕਰਦੇ ਰਹੇ। ਖਾਸ ਤੌਰ ਨਾਲ ਜਦ ਆਪ ਨੂੰ ੧੯੨੮ ਵਿੱਚ ਘਰੋਂ ਕੱਢ ਦਿੱਤਾ ਗਿਆ ਤਾਂ ਵੈਦ ਜੀ ਨੇ ਹੀ ਆਪਣੇ ਪਿਆਰ ਦੀ ਛਤਰ ਛਾਇਆ ਹੇਠ ਆਸਰਾ ਦਿੱਤਾ ਤੇ ਉਤਸ਼ਾਹ ਵਧਾਇਆ। ਇਸ ਕੌਮੀ ਲਗਨ ਵਿੱਚ ਗੜਗੱਜ ਜੀ ਨੂੰ ਵਿਆਹ ਕਰੌਣ ਦਾ ਭੀ ਸਮਾ ਨਹੀਂ ਲੱਭਾ, ਇਸ ਲਈ ਆਪ ਅਜੇ ਤੱਕ ਕੰਵਾਰੇ ਹੀ ਹਨ।ਆਪ ਦਾ ਜੀਵਣ ਸਚਾ ਸੁਚਾ ਤੇ ਕੁਰਬਾਨੀ ਦਾ ਪੁੰਜ ਹੈ। ਮੁਹਰਲੀ ਕਤਾਰ ਦੇ ਚੋਣਵੇਂ ਸੁਚੇ ਦੇਸ਼ ਭਗਤਾਂ ਵਿੱਚ ਆਪ ਦਾ ਨਾਮ ਕੌਮੀ ਇਤਹਾਸ ਵਿੱਚ ਅਮਿਟ ਅੱਖਰਾਂ ਵਿੱਚ ਦਰਜ ਰਹੇਗਾ।



Digitized by Panjab Digital Library | www.panjabdigilib.org

ਸਾਲ ਦੀ ਸੀ। ੧ ਅਪ੍ਰੈਲ ੧੯੨੨ ਨੂੰ ਜਦੋਂ ਮੈਂ ਤਰਨ ਤਾਰਨ ਤੋਂ ਗ੍ਰਿਫਤਾਰ ਹੋਇਆ ਅਤੇ ਤਰਨ ਤਾਰਨ ਦੀ ਹਵਾਲਾਤ ਵਿੱਚ ਸਾਂ, ਆਪ ਉਸ ਦਿਨ ਹਵਾਲਾਤ ਵਿਚ ਮਿਲਣ ਵਾਸਤੇ ਆਏ ਤੇ ਆਪ ਦੇ ਉਸ ਵੇਲੇ ਦੇ ਇਹ ਸ਼ਬਦ ਅਜ ਤਕ ਮੇਰੇ ਕੰਨਾਂ ਵਿੱਚ ਗੂੰਜਦੇ ਹਨ:—

"ਕਾਕਾ ਜੀ ਧਰਮੀਆਂ ਤੇ ਦੇਸ਼ ਸੇਵਕਾਂ ਲਈ ਹਵਾਲਾਤ ਦੀਆਂ ਇਹ ਸੀਖਾਂ ਵਾਹਿਗੁਰੂ ਵਲੋਂ ਆਪਣੇ ਪਿਆਰੇ ਦੀ ਰੱਖਿਆ ਕਰਨ ਲਈ ਸੁਨਹਿਰੀ ਵਾੜ ਹਨ।"

ਇਸ ਤੋਂ ਬਿਨਾਂ ਆਪ ਨੇ ਉਸੇ ਵੇਲੇ ਮੇਰੇ ਗਲ ਸਿਹਰਾ ਪਾਇਆ ਤੇ ਥਾਪੀ ਦਿਤੀ ਅਰ ਉਤਸ਼ਾਹ ਭਰੇ ਸ਼ਬਦ ਉਚਾਰੇ।

ਜੇਹਲ ਵਿਚ ਹੀ ਮੈਨੂੰ ਪੰਜਾਬੀ ਦੀਆਂ ਰਾਜਸੀ ਨਜ਼ਮਾਂ ਦੇ ਨਾਲ ਨਾਲ ਸਾਹਿਤਕ ਨਜ਼ਮਾਂ ਤੇ ਲੇਖ ਲਿਖਣ ਦਾ ਵੀ ਸ਼ੌਕ ਪੈ ਗਿਆ। ੧੯੨੩ ਵਿਚ ਜਦ ਮੈਂ ਰਿਹਾ ਹੋ ਕੇ ਆਇਆ ਤਾਂ ਮੇਰੀਆਂ ਕਵਿਤਾਵਾਂ ਤੇ ਲੇਖ ਪੰਜਾਬੀ ਦੇ ਅਖਬਾਰਾਂ ਵਿਚ ਛਪੀਆਂ ਵੇਖ ਕੇ ਵੈਦ ਜੀ ਨੇ ਇਕ ਦਿਨ ਮੈਨੂੰ ਕਿਹਾ "ਕਾਕਾ ਜੀ ਜਿੰਨੇ ਵੀ ਲੇਖ ਜਾਂ ਨਜ਼ਮਾਂ—ਭਾਵੇਂ ਉਹ ਰਾਜਸੀ ਹੋਣ ਜਾਂ ਸਾਹਿਤਕ ਅਥਵਾ ਭਾਈ ਚਾਰਕ—ਤੁਸੀਂ ਅਖਬਾਰਾਂ ਨੂੰ ਘਲੋ ਉਨ੍ਹਾਂ ਦਾ ਕਾਗਜ਼ ਤੇ ਸਾਰਾ ਡਾਕ ਖਰਚ ਸਾਥੋਂ ਲੈ ਲਿਆ ਕਰੋ। ਉਸ ਤੋਂ ਬਾਦ ਕਾਫੀ ਚਿਰ ਤਕ ਆਪ ਕਾਗਜ਼ ਤੇ ਡਾਕ ਖਰਚ ਪੂਰਾ ਕਰਦੇ ਰਹੇ। ਮੈਂ ਭਾਵੇਂ ਕਈ ਵੇਰ ਸੰਗ ਜਾਂਦਾ ਸਾਂ, ਪਰ ਆਪ ਮੈਨੂੰ ਸੱਦ ਕੇ ਲਫਾਫੇ ਟਿਕਟਾਂ ਅਥਵਾ ਕਾਗਜ਼ ਆਦਿ ਦੇ ਦਿਆ ਕਰਦੇ ਸਨ। ਇਥੋਂ ਉਨ੍ਹਾਂ ਦਾ ਪੰਜਾਬੀ ਪਿਆਰ ਵੀ ਚੰਗੀ ਤਰ੍ਹਾਂ ਪ੍ਰਗਟ ਹੁੰਦਾ ਹੈ।

ਪੰਜਾਬ ਸਰਕਾਰ ਵਲੋਂ ਜਦੋਂ ੧੯੨੩ ਵਿਚ ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਗ਼ੀ ਕਰਾਰ ਦੇ ਦਿੱਤਾ ਗਿਆ, ਤੇ ਰਾਤੋ ਰਾਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ



Digitized by Panjab Digital Library | www.panjabdigilib.org

ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਗ੍ਰਿਫਤਾਰ ਕਰਲਏ ਗਏਸਨ, ਉਸ ਸਵੇਰ ਨੂੰ ਵੈਦ ਜੀ ਮੈਨੂੰ ਬਾਜ਼ਾਰ ਵਿਚ ਮਿਲੇ ਤੇ ਆਪ ਨੇ ਮੈਨੂੰ ਵੇਖਦਿਆਂ ਹੀ ਖਲਿਹਾਰ ਕੇ ਆਖ ਦਿੱਤਾ "ਭਾਈ ਸਾਹਿਬ ਜੀ ਤੁਸੀਂ ਛੇਤੀ ਜੇਹਲਾਂ ਦੀ ਤਿਆਰੀ ਕਰੋ ਤੇ ਅਸੀਂ ਵੀ ਤੁਹਾਡੇ ਪਿੱਛੇ ਛੇਤੀ ਹੀ ਆਵਾਂਗੇ। ਜਦ ਇਦਾਂ ਜ਼ੁਲਮ ਸ਼ੁਰੂ ਹੋ ਜਾਵੇ ਤਾਂ ਕਿਸੇ ਅਣਖ ਵਾਲੇ ਸਿੱਖ ਦਾ ਪਿਛੇ ਰਹਿਣਾ ਕਿਵੇਂ ਬਨਦਾ ਹੈ?" ਇਹ ਸ਼ਬਦ ਕਹਿੰਦਿਆਂ ਹੀ ਆਪ ਦਾ ਚਿਹਰਾ ਵੀ ਸੁਰਖ ਹੋ ਗਿਆ ਸੀ ਤੇ ਪਿਛੋਂ ਸੱਚ ਮੁੱਚ ਆਪ ਛੇਤੀ ਹੀ ਦੋ ਸਾਲ ਲਈ ਜੇਲ ਯਾਤਰਾ ਕਰਨ ਚਲੇ ਗਏ।

੧੯੨੩ ਵਿੱਚ ਗ੍ਰਿਫਤਾਰ ਹੋ ਕੇ ਜਦੋਂ ੧੯੨੬ ਵਿੱਚ ਮੈਂ ਰਿਹਾ ਹੋਕੇ ਆਉਂਦਾ ਹਾਂ ਤਾਂ ਆਪ ਨੇ ਮੈਨੂੰ ਅਜਿਹੇ ਕੰਮਾਂ ਤੇ ਲਾਈ ਰਖਿਆ ਜਿਸ ਨਾਲ ਮੇਰੀ ਉਦਰ ਪੂਰਨਾ ਹੋਣ ਦੇ ਨਾਲ ਨਾਲ ਮੈਂ ਲੋਕ ਸੇਵਾ ਵਿੱਚ ਵੀ ਪੂਰੀ ਸਰਗਰਮੀ ਨਾਲ ਹਿੱਸਾ ਲੈਂਦਾ ਰਿਹਾ।

ਜਨਵਰੀ ੧੯੨੮ ਵਿੱਚ ਜਦ ਮੈਨੂੰ ਘਰ ਦਿਆਂ ਵਲੋਂ ਕੌਮੀ ਕੰਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦਿਆਂ ਵੇਖ ਕੇ ਗੁੱਸੇ ਵਿੱਚ ਆਕੇ ਕਹਿ ਦਿੱਤਾ ਗਿਆ ਕਿ 'ਆਪਣਾ ਇੰਤਜ਼ਾਮ ਆਪ ਕਰ' ਅਤੇ ਮੈਂ ਓਸ ਵੇਲੇ ਘਰ ਛੱਡ ਆਇਆ, ਜਦੋਂ ਵੈਦ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਝੱਟ ਪੱਟ ਆਪਣੀ ਬੈਠਕ ਖ਼ਾਲੀ ਕਰਾ ਦਿੱਤੀ ਤੇ ਰੋਟੀ ਦਾ ਵੀ ਪ੍ਰਬੰਧ ਕਰ ਦਿੱਤਾ, ਕੁਝ ਸਾਲ ਮੈਂ ਇਸੇ ਬੈਠਕ ਵਿੱਚ ਕੱਟੇ।

੧੯੨੯ ਦੇ ਸ਼ੁਰੂ ਵਿੱਚ ਜਦ ਲਾ: ਲਾਜਪਤ ਰਾਇ ਨੂੰ ਲਾਠੀ ਮਾਰਨ ਦੇ ਦੋਸ਼ ਵਿੱਚ ਅਨਾਰਕਿਸਟ ਪਾਰਟੀ ਵਲੋਂ ਸੁਪ੍ਰਿੰਟੰਡੰਟ ਪੁਲਸ ਮਿ: ਸਾਂਡਰਸ ਨੂੰ ਕਤਲ ਕਰ ਦਿੱਤਾ ਗਿਆ ਸੀ ਤਾਂ ਸਰ-ਕਾਰ ਨੇ ਸਾਰੇ ਹਿੰਦੁਸਤਾਨ ਵਿੱਚ ਸ਼ੱਕੀ ਨੌ-ਜਵਾਨਾਂ ਨੂੰ ਗ੍ਰਿਫਤਾਰ



Digitized by Panjab Digital Library | www.panjabdigilib.org

ਕਰ ਲਿਆ, ਉਨ੍ਹਾਂ ਵਿੱਚ ਹੀ ਮਿ: ਕੇ: ਡੀ: ਸ਼ਰਮਾ ਆਗਰੇ ਵਲ ਦੇ ਨੌ-ਜਵਾਨ ਸਨ, ਪੜਤਾਲ ਪਿੱਛੋਂ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆਂ ਸੀ। ਆਪ ਆਗਰੇ ਜਾਂਦੇ ਹੋਏ ਤਰਨ ਤਾਰਨ ਰਾਤ ਮੇਰੇ ਪਾਸ ਆਨ ਠਹਿਰੇ। ਚੂੰਕਿ ਭਾਈ ਸਾਹਿਬ ਨੂੰ ਸਦਾ ਹਰੇਕ ਲੋਕ ਸੇਵਕ ਦੀ ਕਦਰ ਕਰਨ ਦਾ ਚਾਉ ਰਹਿੰਦਾ ਸੀ, ਇਸ ਕਰਕੇ ਉਨ੍ਹਾਂ ਨੇ ਤੁਰਤ ਪਤਾ ਲੱਗਣ ਪਰ ਕਿ ਯੂ. ਪੀ. ਦਾ ਇੱਕ ਕੌਮੀ ਸੇਵਕ ਆਇਆ ਹੈ, ਰੋਟੀ ਪੁਚਾ ਦਿੱਤੀ ਤੇ ਹੋਰ ਕਾਫੀ ਆਰਾਮ ਦਿੱਤਾ। ਰਾਤ ਨੂੰ ਮਿ: ਕੇ: ਡੀ. ਸ਼ਰਮਾ ਦੇ ਕੱਪੜੇ ਹਨੇਰੀ ਵਿੱਚ ਉੱਡ ਗਏ। ਸਵੇਰੇ ਭਾਈ ਸਾਹਿਬ ਨੇ ਕੱਪੜੇ ਮੰਗਵਾ ਦਿਤੇ ਤੇ ਨਾਲ ਆਗਰੇ ਤੱਕ ਲਈ ਹੋਰ ਖਰਚ ਵੀ ਦਿੱਤਾ।

ਇਸ ਤੋਂ ਛੁੱਟ ਆਪ ਪਾਸ ਜਿਸ ਵੇਲੇ ਵੀ ਮੈਂ ਕਿਸੇ ਗਰਮ ਤੋਂ ਗਰਮ ਰਾਜਸੀ ਪਾਰਟੀ ਲਈ ਭੀ ਸਹੈਤਾ ਦੀ ਮੰਗ ਕੀਤੀ, ਆਪ ਨੇ ਦਿਲ ਖੋਹਲਕੇ ਤੇ ਖਿੜੇ ਮੱਥੇ ਸਹੈਤਾ ਕੀਤੀ। ਮੇਰਾ ਆਪਣਾ ਸੁਭਾਉ ਸੰਗਾਊ ਜੇਹਾ ਹੋਣ ਕਰਕੇ ਮੈਂ ਮੰਗਣਾ ਵੀ ਘਟ ਚਾਹੁੰਦਾ ਸਾਂ,ਪਰ ਜਦ ਪਹਿਲੀ ਵੇਰ ਮੈਂ "ਐਂਟੀ ਇਮਰੀਇਲਿਸਟ ਲੀਗ" ਲਈ ਸਹੈਤਾ ਦੀ ਗੱਲ ਛੇੜੀ ਤਾਂ ਤੁਰਤ ਆਪ ਨੇ ਇੰਨੀ ਰਕਮ ਫੜਾ ਦਿੱਤੀ, ਜਿਸਦੀ ਕਿ ਸ਼ਾਇਦ ਚੌਥਾ ਹਿੱਸਾ ਵੀ ਮੈਨੂੰ ਆਸ ਨਹੀਂ ਸੀ।

ਤਰਨ ਤਾਰਨ ਵਿੱਚ ਜਦ ਪੰਜਾਬੀ ਸਭਾ ਬਣਾਈ ਗਈ ਜਾਂ ਪੰਜਾਬੀ ਕਵੀ ਦਰਬਾਰ ਕੀਤੇ ਜਾਂਦੇ ਤਾਂ ਆਪ ਨੇ ਦਿਲ ਖੋਹਲਕੇ ਮਾਇਕ ਸਹਾਇਤਾ ਦਿੱਤੀ ਤੇ ਹੋਰ ਆਪਣੀ ਹਮਦਰਦੀ ਦਿਖਾਈ।

ਸੱਚ ਪੁਛੋ ਤਾਂ ਮੇਰਾ ਅਜ ਕਲ ਦਾ ਸਾਹਿੱਤਕ ਸ਼ੌਕ ਵੀ ਉਨ੍ਹਾਂ ਦਾ ਹੀ ਉਤਸ਼ਾਹਤ ਕੀਤਾ ਹੋਇਆ ਹੈ। ਇਸ ਤੋਂ ਬਿਨਾ ਮੇਰੇ ਨਾਲ ਤਾਂ ਵੈਦ ਜੀ ਦਾ ਇੱਨਾ ਪਿਆਰ ਰਿਹਾ ਹੈ ਕਿ ਮੈਨੂੰ ਓਹ ਆਪਣੇ ਬੱਚਿਆਂ ਸਮਾਨ ਜਾਣਦੇ ਸਨ। ਜਿਸ ਕਦਰ ਮੈਂ ਦੇਸ਼ ਸੇਵਾ ਦੇ



Digitized by Panjab Digital Library | www.panjabdigilib.org

ਮੈਦਾਨ ਵਿਚ ਅੱਗੇ ਜਾਂਦਾ ਸਾਂ ਓਨਾਂ ਹੀ ਓਹ ਵਧੇਰੇ ਖੁਸ਼ ਹੁੰਦੇ ਸਨ। ਮੇਰਾ ਤਾਂ ਇਸ ਘਰਾਣੇ ਨਾਲ ਇੰਨਾ ਪ੍ਰੇਮ ਪੈ ਗਿਆ ਹੈ ਕਿ ਹੁਣ ਤਕ ਵੈਦ ਜੀ ਦੇ ਸਾਰੇ ਸਪੁਤ੍ਰ ਸਕੇ ਭਰਾਵਾਂ ਵਾਂਗ ਵਰਤਦੇ ਹਨ। ਵੈਦ ਜੀ ਵਾਂਗ ਹੀ ਇਨ੍ਹਾਂ ਸਾਰੇ ਸੱਜਣਾਂ ਪਾਸੋਂ ਕਈ ਵੇਰ ਕਈ ਗਰਮ ਤੋਂ ਗਰਮ ਦੇਸ਼ ਭਗਤਾਂ ਦੀ ਰੱਜ ਕੇ ਸਹਾਇਤਾ ਕਰਵਾਈ। ਮਜ਼ੇ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਕਦੇ ਕਿਸੇ ਗੱਲ ਦਾ ਅਹਿਸਾਨ ਨਹੀਂ ਜਣਾਇਆ। ਮੈਂ ਅਖੀਰ ਉੱਤੇ ਇਹੋ ਸਿੱਟਾ ਕੱਢਦਾ ਹਾਂ ਕਿ ਮੇਰੇ ਨਾਲ ਵੈਦ ਜੀ ਤੇ ਆਪ ਜੀ ਦੇ ਪ੍ਰਵਾਰ ਦਾ ਪ੍ਰੇਮ ਕੇਵਲ ਮੇਰੀ ਦੇਸ਼ ਸੇਵਾ ਲਗਨ ਕਰਕੇ ਹੈ। (ਗੜਗੱਜ)

---

ਇਸੇ ਸਾਲ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤਰਨ ਤਾਰਨ ਦੀ ਦਸ ਸਾਲਾ(੧-੪-੧੯ ਤੋਂ ੩੧-੩-੨੯ ਤੱਕ) ਰਪੋਟ ਪ੍ਰਕਾਸ਼ਤ ਹੋਈ, ਜਿਸ ਦੇ ਮੁੱਢ ਵਿੱਚ ਵੈਦ ਜੀ ਲਿਖਦੇ ਹਨ:-

"ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਚਮ ਸ੍ਵਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸਾਜੀ ਨਿਵਾਜੀ ਨਗਰੀ ਸ੍ਰੀ ਤਰਨ ਤਾਰਨ ਜੀ ਜ਼ਿਲਾ ਅੰਮ੍ਰਿਤਸਰ ਦੇ ਇਰਦ ਗਿਰਦ ਬਹੁਤ ਸਾਰੇ ਮਿਡਲ ਸਕੂਲ, ਸੈਂਕੜੇ ਪਿੰਡਾਂ ਦੀ ਘੁੱਗ ਵਸੋਂ ਹੋਵਨ ਦੇ ਕਾਰਨ ਤੇ ਪਿੰਡਾਂ ਵਾਲਜਾਂ ਵਲੋਂ ਸ਼ਹਿਰਾਂ ਦੇ ਖਰਚ ਤੇ ਠਾਠ ਬਾਠ ਦਾ ਨਿਬਾਹ ਨਾ ਕਰ ਸਕਣ ਦੇ ਕਾਰਨ ਚਿਰਾਂ ਤੋਂ ਹਾਈ ਸਕੂਲ ਦੀ ਲੋੜ ਪ੍ਰਤੀਤ ਹੋ ਰਹੀ ਸੀ। ਜਿਸਨੂੰ ਸਿਰੇ ਚਾੜ੍ਹਨ ਵਾਸਤੇ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਤਰਨ ਤਾਰਨ ਜੀ ਦੇ ਕੁਝ ਸੇਵਕਾਂ ਨੇ ਸੰਨ ੧੯੯੫ ਵਿੱਚ ਪੰਥ ਦਰਦੀਆਂ ਦਾ ਇੱਕ ਭਾਰੀ ਦੀਵਾਨ ਇਕੱਤ੍ਰ ਕਰਕੇ ਖਾਲਸਾ ਹਾਈ ਸਕੂਲ ਦਾ ਅਰੰਭ ਕੀਤਾ, ਜੋ ਪੰਜ ਕੁ ਸਾਲ ਵਿੱਚ ਹੀ ਚੰਗੀ ਉੱਨਤੀ ਤੱਕ ਪਹੁੰਚ ਗਿਆ, ਪਰ ਖਾਲਸਾ ਜੀ ਦੀ ਮੁੱਢ ਦੀ ਕੁਝ ਪਾਪਣ ਫੁੱਟ ਤੇ ਚੋਧਰ ਦੇ ਭੁੱਖਿਆਂ ਵਲੋਂ ਲੀਡਰੀ ਦੇ ਜੱਫੇ ਮਾਰਨ



Digitized by Panjab Digital Library | www.panjabdigilib.org

ਤੇ ਸੰਭਾਲ ਨਾ ਕਰ ਸੱਕਣ ਦੇ ਕਾਰਨ ਸੰ: ੧੮੯੯ ਵਿੱਚ ਸਕੂਲ ਦੀ ਹਾਲਤ ਡਾਵਾਂ ਡੋਲ ਤੇ ਸਹਾਯਤਾ ਦੀ ਰੋਕ ਜੇਹੀ ਹੋ ਗਈ। ਪ੍ਰਬੰਧਕ ਕਮੇਟੀ ਵਿੱਚ ਦੋ ਕੁ ਸਮਾਜੀ ਖਿਆਲਾਂ ਤੇ ਸਿੱਖ ਸ਼ਕਲ ਦੇ ਸੱਜਣਾਂ ਦੇ ਆ ਵੜਨ ਦੇ ਕਾਰਨ ਓਨ੍ਹਾਂ ਨੇ ਮੌਜੂਦਾ ਕਮੇਟੀ ਦੇ ਕੁਝ ਸਰਕਰਦਿਆਂ ਨੂੰ ਹੱਥਾਂ ਤੇ ਪਾਕੇ ਏਹ ਮਨਾ ਲਿਆ ਕਿ ਸਿੱਖਾਂ ਤੇ ਆਰਯਾ ਸਮਾਜੀਆਂ ਦਾ ਰਲਵਾਂ ਸਾਂਝਾ ਪ੍ਰਬੰਧ ਕਰਕੇ "ਖਾਲਸਾ ਡੀ. ਏ. ਵੀ. ਸਕੂਲ" ਨਾਮ ਰੱਖ ਦਿੱਤਾ ਜਾਵੇ, ਇਹ ਦਸ਼ਾ ਦੇਖ ਕੇ ਕੁਝ ਪੰਥ ਸੇਵਕਾਂ ਨੇ ਸੰਭਾਲਾ ਕੀਤਾ ਤੇ ਹਰ ਤਰ੍ਹਾਂ ਸਕੂਲ ਦੇ ਸੰਭਾਲੇ ਤੇ ਬਚਾਉ ਦੇ ਸਾਧਨ ਕੀਤੇ ਵਿਤ ਅਨੁਸਾਰ ਹਰ ਤਰਾਂ ਦੀ ਮਾਲੀ ਤੇ ਸਮੇਂ ਸਾਮਾਨ ਦੀ ਸਹੈਤਾ ਤੇ ਕੁਰਬਾਨੀ ਕੀਤੀ, ਅਰ ਏਹ ਕੁਝ ਕਰਕੇ ਭੀ ਲੀਡਰੀ ਓਨ੍ਹਾਂ ਸੱਜਣਾਂ ਦੀ ਹੀ ਰੱਖੀ ਪਰ ਏਹ ਕੁਝ ਹੁੰਦੇ ਹੋਏ ਭੀ ਓਨ੍ਹਾਂ ਲੀਡਰਾਂ ਨੇ ਆਪਣੇ ਸ੍ਵਾਰਥਾਂ ਦੀ ਸਿੱਧੀ ਤੇ ਕਾਬੂ ਆਏ ਹਰ ਤਰ੍ਹਾਂ ਦੇ ਸਾਮਾਨ ਤੇ ਅਪਣੱਤ ਵਰਤਨੀ ਸ਼ੁਰੂ ਕਰ ਦਿੱਤੀ। ਏਹ ਦਸ਼ਾ ਵੇਖ ਕੇ ਹਰਤਰ੍ਹਾਂ ਦੇ ਸਹਾਇਕ ਉਦਾਸ ਹੋ ਗਏ ਤੇ ਅਖੀਰ ੧੯੦੨ ਵਿੱਚ ਸਕੂਲ ਬੰਦ ਹੋ ਗਿਆ।

ਇਸ ਘਾਟੇ ਨੂੰ ਕਈ ਦਰਦੀਆਂ ਨੇ ਡਾਢਾ ਘਾਟਾ ਤੇ ਦੁੱਖ ਅਨੁਭਵ ਕੀਤਾ। ਤੇ ਤਦ ਤੋਂ ਹੀ ਏਹ ਘਾਟਾ ਪੂਰਨ ਕਰਨ ਵਾਸਤੇ ਯੋਗ ਸੱਜਣਾਂ ਨੂੰ ਪ੍ਰੇਰਨਾ ਅਰੰਭ ਕੀਤੀ। ਏਹ ਦਸ਼ਾ ਵੇਖ ਸੁਣ ਕੇ ਸਭ ਤੋਂ ਵੱਧ ਸ੍ਰੀ ਮਾਨ ਸ੍ਰ: ਸੰਤ ਸਿੰਘ ਜੀ ਰਈਸ ਰਸੂਲ ਪੁਰ (ਵੱਡੇ ਭਰਾਤਾ ਪ੍ਰਸਿੱਧ ਆਨਰੇਬਲ ਸ੍ਰੀ ਮਾਨ ਸਰ ਸ੍ਰ: ਜੋਗਿੰਦਰ ਸਿੰਘ ਸਾਹਿਬ ਜੀ) ਨੇ ਅਨੁਭਵ ਕੀਤਾ ਤੇ ਆਪਨੇ 'ਜੇ ਪੱਕਾ ਪ੍ਰਬੰਧ ਹੋ ਜਾਵੇ ਤਦ ੫੦ ਪੰਜਾਹ ਹਜ਼ਾਰ ਰੁਪਜਾ ਪਹਿਲੋਂ ਤੇ ਫੇਰ ਭੀ ਹਰ ਤਰ੍ਹਾਂ ਦੀ ਸਹੈਤਾ' ਦੇਵਨ ਦਾ ਭਰੋਸਾ ਦਿੱਤਾ! ਇਸ ਵਾਸਤੇ ਖਾਲਸਾ ਕਾਲਜ ਕੌਂਸਲ ਦੇ ਪ੍ਰਬੰਧਕਾਂ ਪਾਸ ਏਥੋਂ ਦੇ ਸੇਵਕ ਤੇ ਸ੍ਰੀ ਮਾਨ ਸ੍ਰਦਾਰ ਸਾਹਿਬ ਜੀ ਪਹੁੰਚੇ ਕਿ ਤੁਸੀਂ ਖਾਲਸਾ ਕਾਲਜ



Digitized by Panjab Digital Library | www.panjabdigilib.org

ਦੀ ਬਰਾਂਚ ਬਣਾ ਲਵੇ ਪਰ ਓਨਾਂ ਵਲੋਂ ੧੯੦੬ ਤਕ ਲਾਰੇ ਹੀ ਲਾਰੇ ਰੱਖ ਕੇ ਜਵਾਬ ਦਿੱਤਾ ਕਿ ਅਸੀਂ ਅਜੇ ਬਾਹਰ ਬ੍ਰਾਂਚਾਂ ਦਾ ਸੰਭਾਲਾ ਨਹੀਂ ਕਰ ਸੱਕਦੇ। ਸ੍ਰਦਾਰ ਸਾਹਿਬ ਜੀ ਕਈ ਸਾਲ ਏਹ ਲਾਲਸਾ ਰੱਖਦੇ ਹੋਏ ਉਦਾਸੀ ਵਿੱਚ ਹੀ ਗੁਰਪੁਰ ਸਿਧਾਰ ਗਏ ਤੇ ਇਲਾਕਾ ਘਾਟੇ ਵਿਚ ਹੀ ਰਿਹਾ। ਸ੍ਰਕਾਰੀ ਡੀ. ਬੀ. ਸਕੂਲ ਨੂੰ ਮਿਡਲ ਤੋਂ ਹਾਈ ਸਕੂਲ ਕਰਨ ਵਾਸਤੇ ਭੀ ਕਈ ਦਰਖਾਸਤਾਂ ਕੀਤੀਆਂ ਪਰ ਓਧਰ ਭੀ ਸਫਲਤਾ ਪ੍ਰਾਪਤ ਨਾ ਹੋਈ, ਤੇ 'ਡਿਸਟ੍ਰਿਕ ਬੋਰਡ ਹਾਈ ਸਕੂਲ ਦਾ ਖਰਚ ਬਰਦਾਸ਼ਤ ਨਹੀਂ ਕਰ ਸਕਦਾ' ਹੀ ਉਤਰ ਮਿਲਦਾ ਰਿਹਾ, ਸਗੋਂ ਏਥੇ ਹੀ ਬੱਸ ਨਹੀਂ ਡਿਸਟ੍ਰਿਕ ਬੋਰਡ ਦਾ ਪ੍ਰਾਇਮਰੀ ਤੇ ਮਿਡਲ ਹਿੱਸਾ ਭੀ ਜੋ ਸ਼ਹਿਰ ਦੇ ਨਾਲ ਸੀ ਓਹ ਭੀ ਕੁਝ ਦੁਰਾਡਾ ਰੇਲਵੇ ਲਾਈਨ ਪਾਸ ਚਲਾ ਗਿਆ, ਤੇ ਛੋਟੇ ਛੋਟੇ ਮਾਸੂਮ ਬੱਚੇ ਪਹਿਲੀ ਕੱਚੀ, ਪਹਿਲੀ ਪੱਕੀ, ਦੂਜੀ, ਤੀਜੀ, ਚੌਥੀ ਦੇ ਕਰੜੀ ਧੁੱਪ ਤੇ ਮੀਂਹ ਹਨ੍ਹੇਰੀਆਂ ਵਿਚ ਜਾਂਦੇ ਡਾਢੇ ਦੁਖੀ ਹੁੰਦੇ ਵੇਖੇ ਗਏ। ਗਰਮੀਆਂ ਵਿਚ ਤਾਂ ਕਈ ਵਾਰ ਕਈ ਬੱਚੇ ਘਬਰਾ ਕੇ ਡਿੱਗਦੇ ਤੇ ਗਸ਼ਾਂ ਖਾਂਦੇ ਵੇਖ ਕੇ ਇਕ ਦੋ ਸਾਲ ਡਿ: ਬੋਰਡ ਦਾ ਪ੍ਰਾਇਮਰੀ ਹਿੱਸਾ ਗਰਮੀਆਂ ਦੇ ਦਿਨਾਂ ਵਿਚ ਸ਼ਹਿਰ ਵਿਚ ਕੈਰੋਂ ਦੇ ਬੁੰਗੇ ਕਰ ਦਿੱਤਾ, ਪਰ ਹੈਡ ਮਾਸਟਰ ਦੀ ਨਿਗਰਾਨੀ ਨਾ ਹੋਵਣ ਤੇ ਫੇਰ ਏਹ ਪ੍ਰਬੰਧ ਨਾ ਰਿਹਾ।

ਮਸੂਮ ਬੱਚਿਆਂ ਦੀ ਦੁਖੀ ਦਸ਼ਾ ਵੇਖ ਕੇ ਸੰ: ੧੯੧੪ ਵਿਚ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਤਰਨ ਤਾਰਨ ਨੇ ਉੱਦਮ ਕਰਕੇ "ਸ੍ਰੀ ਗੁਰੂ ਅਰਜਨ ਦੇਵ ਪ੍ਰਾਇਮਰੀ ਸਕੂਲ" ਦਾ ਗੁਰੂ ਆਸਰੇ ਅਰੰਭ ਤੇ ਪ੍ਰਬੰਧ ਕਰ ਦਿਤਾ, ਜੋ ਦਿਨਾਂ ਵਿਚ ਹੀ ਚੰਗੀ ਉੱਨਤੀ ਕਰ ਗਿਆ ਤੇ ਸ੍ਰਕਾਰੀ ਮਨਜ਼ੂਰੀ ਤੇ ਸਹਾਇਤਾ ਭੀ ਮਿਲਣੀ ਅਰੰਭ ਹੋ ਗਈ।

ਸ਼ੁਕਰ ਸ਼ੁਕਰ ਕਰਦਿਆਂ ੧੯੧੬ ਵਿਚ "ਸਿਖ ਐਜੂਕੇਸ਼ਨਲ



Digitized by Panjab Digital Library | www.panjabdigilib.org

ਕਾਨਫ੍ਰੰਸ” ਦੇ ਸੁਭਾਗ ਸਮਾਗਮ ਸ੍ਰੀ ਤਰਨ ਤਾਰਨ ਜੀ ਹੋਣੇ ਮੁਕੱਰਰ ਹੋਏ ਅਰ ਏਸ ਸਮੇਂ ਨੂੰ ਵਡਭਾਗੀ ਸਮਝ ਕੇ ਪੰਥ ਪ੍ਰਸਿੱਧ ਸ੍ਰੀ ਮਾਨ ਬਾਬਾ ਕੇਹਰ ਸਿੰਘ ਜੀ ਅਤੇ ਕੁਝ ਹੋਰ ਨਗਰ ਨਿਵਾਸੀ ਸੇਵਕਾਂ ਵਲੋਂ ਏਹ ਯਤਨ ਅਰੰਭ ਹੋਇਆ ਕਿ ਇਸ ਸਮੇਂ ਤੇ ਸ੍ਰੀ ਤਰਨ ਤਾਰਨ ਸਾਹਿਬ ਖਾਲਸਾ ਹਾਈ ਸਕੂਲ ਜ਼ਰੂਰ ਅਰੰਭ ਕੀਤਾ ਜਾਵੇ। ਕਾਨਫ੍ਰੰਸ ਸਮਾਗਮ ਦੀ ਵਾਗ ਡੋਰ ਵਿਸ਼ੇਸ਼ ਕਰ ਕੇ ਮੈਨੇਜਰ ਖਾਲਸਾ ਪ੍ਰਚਾਰਕ ਵਿਦਯਾਲਯ ਚੀਫ ਖਾਲਸਾ ਦੀਵਾਨ ਦੇ ਹੱਥ ਸੀ, ਜਦ ਆਪ ਨਾਲ ਏਹ ਵਿਚਾਰ ਕੀਤੀ ਗਈ ਤਦ ਆਪ ਨੇ ਏਹ ਖਿਆਲ ਹੀ ਕਾਫੂਰ ਕਰ ਦੇਣੇ ਚਾਹੇ! ਸ੍ਰੀ ਮਾਨ ਬਾਬਾ ਕੇਹਰ ਸਿੰਘ ਜੀ, ਸ੍ਰਦਾਰ ਮੇਹਰ ਸਿੰਘ ਜੀ, ਸ੍ਰ: ਗੁਰਮੁਖ ਸਿੰਘ ਜੀ, ਸ੍ਰ: ਨਿਹਾਲ ਸਿੰਘ ਜੀ, ਭਾਈ ਸੰਤ ਸਿੰਘ ਜੀ, ਸ੍ਰ: ਅਮਰ ਸਿੰਘ ਜੀ, ਸ੍ਰ: ਧਰਮ ਸਿੰਘ ਜੀ ਉਸਮਾ, ਸ੍ਰ: ਬਸੰਤ ਸਿੰਘ ਜੀ ਰਸਾਲਦਾਰ ਤੇ ਦਾਸ ਆਦਿਕ ਹੋਰ ਬਹੁਤ ਸਾਰੇ ਨਗਰ ਤੇ ਇਲਾਕੇ ਦੇ ਪੰਥ ਦਰ-ਦੀਆਂ ਵਲੋਂ ਇਲਾਕੇ ਤੇ ਨਗਰ ਵਾਸਤੇ ਹਾਈ ਸਕੂਲ ਦੀ ਵੱਡੀ ਲੋੜ ਤੇ ਸੁਭਾਗ ਸਮਾ ਦੱਸਿਆ ਗਿਆ ਪਰ ਮੈਨੇਜਰ ਜੀ ਨੇ ਇਕੋ ਜ਼ਿਦ ਰੱਖੀ ਕਿ ਕਾਨਫ੍ਰੰਸ ਵਲੋਂ ਕੋਈ ਸਹੈਤਾ ਜਾਂ ਸਹੂਲਤ ਸਕੂਲ ਵਾਸਤੇ ਨਹੀਂ ਹੋ ਸਕਦੀ ਏਹ ਸਭ ਖਾਲਸਾ ਪ੍ਰਚਾਰਕ ਵਿਦਯਾਲਯ ਵਾਸਤੇ ਹੈ। ਛੇਕੜ ਕਈ ਦਿਨ ਕਈ ਵਾਰ ਸਮਝਾਣ ਤੇ ਆਪ ਨੇ ਏਹ ਸ਼ਰਤ ਪੇਸ਼ ਕੀਤੀ ਕਿ 'ਜੇ ਨਗਰ ਵਾਸੀ ੧੦੦੦੦) ਦਸ ਹਜ਼ਾਰ ਰੁਪਯਾ ਪੇਸ਼ਗੀ ਜਮਾ ਕਰ ਦੇਣ ਤਦ ਮੈਂ ਤੁਹਾਡੇ ਨਾਲ ਹਾਂ'। ਆਪਦੀ ਏਹ ਸ਼ਰਤ ਪੇਸ਼ ਹੁੰਦੇ ਹੀ ਨਗਰ ਨਿਵਾਸੀਆਂ ਵਲੋਂ ਉਸੇ ਵੇਲੇ ੧੩੦੦੦) ਤੇਰਾਂ ਹਜ਼ਾਰ ਰੁਪਏ ਇਕੱਠੂ ਕਰ ਦਿੱਤੇ ਗਏ ਪਰ ਫੇਰ ਭੀ ਸੇਵਕਾਂ ਦੀ ਮੁਰਾਦ ਪੂਰੀ ਨਾ ਹੋਈ। ਇਥੋਂ ਉਦਾਸ ਹੋ ਸ੍ਰੀ ਮਾਨ ਬਾਬਾ ਕੇਹਰ ਸਿੰਘ ਜੀ ਨੇ "ਸਰਹਾਲੀ" ਤੇ ਕੈਰੋਂ ਦੇ ਪੰਥ ਦਰਦੀਆਂ ਕੈਰੋਂ ਵਿਚ ਤੇ ਸ੍ਰੀ ਮਾਨ ਸ੍ਰ: ਬਸੰਤ ਸਿੰਘ



Digitized by Panjab Digital Library | www.panjabdigilib.org

ਜੀ ਸ੍ਰ: ਧਰਮ ਸਿੰਘ ਜੀ ਨੇ ਨੌਸ਼ਹਿਰਾ ਪੰਨੂੰਆਂ ਵਿਚ ਅੱਡ ਅੱਡ ਖਾਲਸਾ ਹਾਈ ਸਕੂਲਾਂ ਦਾ ਮੁੱਢ ਬੰਨ੍ਹ ਦਿੱਤਾ।

ਏਧਰ ਸੰਨ ੧੯੧੮ ਵਿਚ ਸੁਭਾਵਕ ਹੀ ਇਲਾਕੇ ਦੇ ਸਕੂਲਾਂ ਵਾਸਤੇ ਸ੍ਰੀ ਮਾਨ ਸ੍ਰਦਾਰ ਬਹਾਦਰ ਸ੍ਰਦਾਰ ਬਿਸ਼ਨ ਸਿੰਘ ਜੀ ਇੰਨ-ਸਪੈਕਟ੍ਰ ਸਕੂਲਜ਼ (ਹੁਣ ਪ੍ਰਿੰਨਸੀਪਲ ਖਾਲਸਾ ਕਾਲਜ) ਤੇ ਸ੍ਰੀ ਮਾਨ ਰਾਇ ਬਹਾਦਰ ਸ੍ਰਦਾਰ ਗੰਡਾ ਸਿੰਘ ਜੀ ਸ੍ਰੀ ਨਗਰ(ਕਸ਼ਮੀਰ) ਤੋਂ ਘਰ ਛੁਟੀ ਆਏ ਸ. ਬ. ਜੀ ਸ੍ਰ: ਜੀਵਨ ਸਿੰਘ ਜੀ ਸ਼ਾਹੂਕਾਰ ਦੀ ਕੋਠੀ ਉਤਰੇ। ਇਲਾਕੇ ਦੇ ਮਿਡਲ ਸਕੂਲ ਚਾਰ ਚੁਫੇਰੇ ਹੋਵਨ ਤੇ ਇਹ ਉਪਰਲੇ ਹਾਲਾਤ ਪਤਾ ਹੋਵਨ ਤੇ ਸ੍ਰਦਾਰ ਬਹਾਦਰ ਜੀ ਨੇ ਸਲਾਹ ਦਿਤੀ ਕਿ "ਤੁਸੀਂ ਕੇਵਲ ੯ਵੀਂ ਤੇ ੧੦ਵੀਂ ਹਾਈ ਦੀਆਂ ਹੀ ਦੋ ਜਮਾਤਾਂ ਖੋਹਲ ਦੇਵੋ ਤਦ ਭੀ ਇਲਾਕੇ ਦੀ ਥੁੜ ਪੂਰੀ ਹੋ ਸੱਕਦੀ ਹੈ ਤੇ ਬਹੁਤ ਭਲਾ ਹੋ ਸੱਕਦਾ ਹੈ ਤੇ ਇਹ ਦੋਵੇਂ ਜਮਾਤਾਂ ਤੁਸੀਂ ਏਥੇ ਸ੍ਰਦਾਰ ਜੀਵਨ ਸਿੰਘ ਜੀ ਦੀ ਕੋਈ ਵਿੱਚ ਹੀ ਸ਼ੁਰੂ ਕਰ ਸੱਕਦੇ ਹੋ। ਏਹ ਸੁਣ ਕੇ ਰਾਇ ਬਹਾਦਰ ਜੀ ਨੇ ਕਿਹਾ ਕਿ ਸ੍ਰਦਾਰ ਜੀਵਨ ਸਿੰਘ ਜੀ ਕੋਠੀ ਸਕੂਲ ਵਾਸਤੇ ਜਿਨਾਂ ਚਿਰ ਦੇਵਣ ਉੱਨਾ ਚਿਰ ਵਾਸਤੇ ਮੈਂ ਆਪਣਾ ਮਕਾਨ ਬੋਰਡਿੰਗ ਵਾਸਤੇ ਦੇਵਨ ਵਾਸਤੇ ਤਿਆਰ ਹਾਂ! ਏਹ ਸੁਭਾਵਕ ਹੀ ਸਤਿਗੁਰੂ ਦੀ ਪ੍ਰੇਰਨਾ ਹੋਵਨ ਤੇ ਸ੍ਰਦਾਰ ਜੀਵਨ ਸਿੰਘ ਜੀ ਨੇ ੧ ਸਾਲ ਵਾਸਤੇ ਕੋਠੀ ਸਕੂਲ ਵਾਸਤੇ ਦੇਣੀ ਪ੍ਰਵਾਨ ਕਰ ਲਈ! ਤੇ ਰਾਇ ਬਹਾਦਰ ਜੀ ਨੇ ਆਪਣਾ ਮਕਾਨ ਬੋਰਡਿੰਗ ਵਾਸਤੇ ਦੇ ਕੇ ਸੇਵਕਾਂ ਨੂੰ ਸਹਾਇਤਾ ਦਿੱਤੀ ਤੇ ਏਹ ਔਕੜ ਹੱਲ ਕਰ ਦਿੱਤੀ।

ਦੂਜੇ ਪਾਸੇ ਜਦ ਵਿਰੋਧੀਆਂ ਨੂੰ ਪਤਾ ਲੱਗਾ ਕਿ ਏਥੇ ਖਾਲਸਾ ਹਾਈ ਸਕੂਲ ਅਰੰਭ ਹੋਣ ਲੱਗਾ ਹੈ ਤਦ ਓਹਨਾਂ ਨੇ ਕਈ ਵਰਤਾਰੇ ਵਰਤਕੇ ਯਤਨ ਕੀਤੇ ਜੋ ਏਥੇ ਖਾਲਸਾ ਹਾਈ ਸਕੂਲ ਨਾ ਬਣੇਂ। ਆਰਯਾ, ਜਾਂ ਮਿਸ਼ਨਰੀ, ਜਾਂ ਡਿਸਟ੍ਰਿਕਟ ਬੋਰਡ ਦਾ ਬਣੇ



Digitized by Panjab Digital Library | www.panjabdigilib.org

ਆਰੀਆਂ ਦੀ ਰਕਮ ੩੫੦੦ ਪੈਂਤੀ ਕੁ ਸੌ ਤੱਕ ਤੇ ਈਸਾਈਆਂ ਵਾਸਤੇ ਪੰਜ ਕੁ ਹਜ਼ਾਰ ਦੇ ਇਕਰਾਰ ਹੋ ਕੇ ਖਿੜਕ ਗਏ ਤੇ ਡਿਸਟ੍ਰਿਕਟ ਬੋਰਡ ਵਿਚ ਸ੍ਰੀ ਮਾਨ ਸ੍ਰਦਾਰ ਰਘੁਬੀਰ ਸਿੰਘ ਸਾਹਿਬ ਜੀ ਰਈਸ ਆਜ਼ਮ ਵਾਈਸ ਪ੍ਰੈਜ਼ੀਡੰਟ ਡਿ: ਬੋ: ਦੇ ਉੱਦਮ ਤੇ ਸਮਝਾਨ ਨਾਲ ਫੈਸਲਾ ਹੋਇਆ ਕਿ 'ਜਦ ਖਾਲਸਾ ਹਾਈ ਸਕੂਲ ਦਾ ਪ੍ਰਬੰਧ ਸਿੱਖ ਪਬਲਿਕ ਵਲੋਂ ਹੋ ਚੁੱਕਾ ਹੈ ਤਦ ਡਿਸਟ੍ਰਿਕਟ ਬੋਰਡ ਦੇ ਸਿਰ ਇਹ ਖਰਚ ਪਾਵਨ ਦੀ ਲੋੜ ਨਹੀਂ ।'

ਸੱਚੇ ਪਾਤਿਸ਼ਾਹ ਸਤਿਗੁਰੂ ਜੀ ਦਾ ਸ਼ੁਕਰ ਕਰਕੇ ਸੰਨ ੧੯੧੯ ਦੇ ਸ਼ੁਰੂ ਵਿਚ ਹੀ ਸੇਵਕਾਂ ਨੇ ਪ੍ਰਬੰਧਕ ਕਮੇਟੀ ਬਣਾ ਕੇ ਉੱਦਮ ਅਰੰਭ ਦਿੱਤੇ ਤੇ......੧ ਅਪ੍ਰੈਲ ੧੯੧੯ ਦੇ ਦਿਨ ਨਾਵੀਂ ਜਮਾਤ ਅਰੰਭ ਕਰਨ ਦਾ ਅਰਦਾਸਾ ਸੋਧ ਦਿੱਤਾ ।

ਠੀਕ ਸਮੇਂ ਸਿਰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਅਰਦਾਸਾ ਸੋਧ ਸੰਗਤਾਂ ਦੇ ਭਰੇ ਦੀਵਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ "ਸੋਰਠ ਮਹਲਾ ੫, ਪ੍ਰਭ ਕੀ ਸਰਣਿ ਸਗਲ ਭੈ ਨਾਸੇ ਦੁਖ ਬਿਨਸੇ ਸੁਖ ਪਾਇਆ ।" ਲੈ,ਸਾਰੇ ਮਤ ਮਤਾਂਤ੍ਰਾਂ, ਗੁਰਦੁਵਾਰੀਆਂ ਤੇ ਸੇਵਕਾਂ ਦੇ ਉਤਸ਼ਾਹ ਵਿਚ 'ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਸ੍ਰੀ ਤਰਨ ਤਾਰਨ' ਦਾ ਅਰੰਭ ਕੀਤਾ ਗਿਆ ਤੇ ੧੫ ਸੱਜਣਾਂ ਦੀ ਪ੍ਰਬੰਧਕ ਕਮੇਟੀ ਨੀਯਤ ਹੋਈ ।

ਨਿਯਮਾਂ ਅਨੁਸਾਰ ਉਹਦੇ ਦਾਰਾਂ ਤੇ ਮੈਂਬਰਾਂ ਵਿਚ ਅੱਡ ਅੱਡ ਕਾਰਨਾਂ ਤੇ ਕਿਸੇ ਦੇ ਅਸਤੀਫਾ ਦੇਵਨ ਤੇ, ਕਿਸੇ ਦੇ ਗੁਜ਼ਰ ਜਾਵਨ ਤੇ, ਕਿਸੇ ਦੇ ਗੁੱਸੇ ਹੋ ਜਾਵਨ, ਕਿਸੇ ਦੇ ਨਿਯਮਾਂ ਦੇ ਵਰੁੱਧ ਵਰਤੋਂ ਹੋਵਨ ਅਰ ਕਿਸੇ ਦੇ ਕੰਮ ਨਾ ਕਰਨ ਆਦਿ ਕਾਰਨਾਂ ਤੇ ਅਦਲੀ ਬਦਲੀ ਹੁੰਦੀ ਰਹੀ ਤੇ ਨਿਯਮਾਂ ਅਨੁਸਾਰ ਹੀ ਸਮੇਂ ਸਮੇਂ ਖਾਲੀ ਥਾਵਾਂ ਦੀ ਭਰਤੀ ਅਤੇ ਨਵੀਂ ਚੋਣ ਹੁੰਦੀ ਰਹੀ।ਸਕੂਲ ਦਾ ਆਪਣਾ ਮਕਾਨ ਬਣਾਨ ਵਾਸਤੇ ਬਹੁਤ ਉੱਦਮ ਅਰੰਭ ਹੋਇਆ । ਜ਼ਮੀਨ



Digitized by Panjab Digital Library | www.panjabdigilib.org

ਆਦਿ ਦੇ ਮੁੱਢਲੇ ਖਰਚਾਂ ਵਾਸਤੇ ਸਭ ਤੋਂ ਪਹਿਲੀ ਰਕਮ (ਪੈਂਤੀ ਸੌ ਰੁਪੈ ਦੀ ਸ੍ਰ:ਜੀਵਨ ਸਿੰਘ ਜੀ ਸ਼ਾਹੂਕਾਰ ਅਰ ੨੫੦੦) ਸਰਦਾਰ ਗੁਰਮੁਖ ਸਿੰਘ ਜੀ ਡੰਗ ਮਾਲਕ ਕਾਰਖਾਨਯਾਂ ਨੇ ਦਾਨ ਕੀਤੀ, ਅਤੇ ਸੇਵਕਾਂ ਦੀ ਵਿਚਾਰ ਅਨੁਸਾਰ ਰੇਲਵੇ ਸਟੇਸ਼ਨ ਪਾਸ ਖਾਲਸਾ ਪਰਚਾਰਕ ਵਿਦਯਾਲਯ ਅਤੇ ਸੈਂਟਰਲ ਖਾਲਸਾ ਹਸਪਤਾਲ ਦੇ ਵਿਚਕਾਰ ਇਕ ਬੜੇ ਚੰਗੇ ਟੁਕੜੇ ਜ਼ਮੀਨਦਾ ਪ੍ਰਬੰਧ ਕੀਤਾ ਜੋ ੧੦੦੦) ਤੋਂ ਸੜਕ ਵੱਲ ਮੂੰਹ ਤਿੰਨ ਵਿਘੇ ਦੇ ਕਰੀਬ ਤੇ ਉਸ ਦੇ ਪਿਛੇ ੧੫ ਵਿਘੇ ੩੦੦੦) ਤੋਂ ਗੱਲ ਬਾਤ ਹੋਈ ਤੇ ਖਿਆਲ ਅਰ ਖੁਸ਼ੀ ਹੋਈ ਜੋ ਸਿਖਾਂ ਦੇ ਆਸ਼ਰਮ ਇਕੱਠੇ ਹੋ ਕੇ ਬਰਕਤ ਹੋਵੇਗੀ, ਪਰ ਸ੍ਰੀ ਮਾਨ ਮਾਸਟਰ ਜੀ ਨੇ ਖਾ: ਪ੍ਰ: ਵਿਦ-ਯਾਲਯ ਪਾਸ ਸਕੂਲ ਹੋਣ ਦੀ ਭਾਰੀ ਵਿਰੋਧਤਾ ਕੀਤੀ। ਅਤੇ ਏਸੇ ਤਰਾਂ ਆਸ ਪਾਸ ਜ਼ਮੀਨਾਂ ਦਾ ਪ੍ਰਬੰਧ ਕਰਨ ਪੁਰ ਭੀ ਮਾਸਟਰਜੀ ਨੇ ਯੋਗ ਅਯੋਗ ਵਰਤਾਰੇ ਵਰਤ ਕੇ ਜ਼ਿਮੀਂਦਾਰਾਂ ਨੂੰ ਏਥੇ ਨੇੜੇ ਸਕੂਲ ਵਾਸਤੇ ਜ਼ਮੀਨ ਨਾ ਹੀ ਦੇਵਨ ਦਿੱਤੀ। ਜਿਸਨੂੰ ਸਾਰੇ ਸੇਵਾਦਾਰਾਂ ਬੁਰਾ ਤਾਂ ਬਹੁਤ ਮੰਨਿਆ, ਪਰ ਵਿਰੋਧ ਕਰਨਾ ਯੋਗ ਨਾ ਜਾਣ ਕੇ ਗੁਰੂ ਜੀ ਦੀ ਰਜ਼ਾ ਹੀ ਏਸੇ ਤਰ੍ਹਾਂ ਸਮਝੀ। ਛੇਕੜ ਸੇਵਕਾਂ ਦੀ ਏਹ ਹੈਰਾਨੀਂ ਵੇਖ ਕੇ ਸਿੱਖ ਇਤਹਾਸ ਦੇ ਚਮਕਦੇ ਸਤਾਰੇ ਸ਼ੂਰਬੀਰ ਸ੍ਰੀ ਮਾਨ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਬੰਸ ਦੇ ਲਾਲ ਸ੍ਰੀ ਮਾਨ ਸ੍ਰ: ਬਿਸ਼ਨ ਸਿੰਘ ਜੀ ਨੰਬਰਦਾਰ ਨੇ ਸ਼ੈਹਰ ਦੇ ਦੂਸਰੇ ਪਾਸੇ ਸ੍ਰੀ ਦਰ-ਬਾਰ ਸਾਹਿਬ ਜੀ ਦੀ ਪਰਕਰਮਾਂ ਦੇ ਦੱਖਣ ਦੀ ਬਾਹੀ ਸਾਢੇ ਪੰਜ ਵਿਘੇ ਦੇ ਕਰੀਬ ਸਕੂਲ ਵਾਸਤੇ ਜ਼ਮੀਨ ਅਰਦਾਸਾ ਕਰਵਾਈ ਅਤੇ ਨਾਲ ਹੀ ਉਤਸ਼ਾਹ ਭਰਿਆ ਬਚਨ ਕੀਤਾ ਕਿ "ਸਤਿਗੁਰੂ ਜੀ ਕਰਨ ਜੇ ਏਹ 'ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਸ੍ਰੀ ਤਰਨ ਤਾਰਨ' ਕਦੇ ਕਾਲਜ ਬਣੇ, ਤਦ ਹੋਰ ਭੀ ਜਿੱਨੀ ਜ਼ਮੀਨ ਦੀ ਲੋੜ ਪਵੇ ਅਸੀਂ ਮੁਫਤ ਦੇਵਾਂਗੇ।" ਸੋ ਰਜਿਸਟਰੀ



Digitized by Panjab Digital Library | www.panjabdigilib.org

ਆਨਰੇਬਲ ਸ੍ਰੀ ਮਾਨ ਸ੍ਰ: ਬ: ਸ੍ਰ: ਸੁੰਦਰ ਸਿੰਘ ਜੀ ਮਜੀਠੀਏ ਬ-ਹੈਸੀਯਤ ਸੈਕ੍ਰੇਟਰੀ ਚੀਫ ਖਾਲਸਾ ਦੀਵਾਨ ਦੇ ਨਾਮ ਸਕੂਲ ਵਾਸਤੇ ਕਰਵਾਈ ਗਈ ਤੇ ਇਮਾਰਤ ਅਰੰਭ ਕੀਤੀ ਗਈ। ਸਕੂਲ ਨਾਲ ਵੱਡਾ ਖੂਹ ਸ੍ਰ: ਅਮਰ ਸਿੰਘ ਜੀ ਆੜ੍ਹਤੀ ਮੰਡੀ ਤਰਨ ਤਾਰਨ ਨੇ ਆਪਣੇ ਖਰਚ ਤੇ ਤਿਆਰ ਕਰਵਾ ਦਿੱਤਾ । ਇਮਾਰਤ ਵਿੱਚ ਜੋ ਜੋ ਔਕੜਾਂ ਆਈਆਂ ਉਨ੍ਹਾਂ ਦੇ ਹੁਣ ਲਿਖਣ ਦੀ ਲੋੜ ਪਰਤੀਤ ਨਹੀਂ ਹੁੰਦੀ, ਸਤਿਗੁਰੂ ਜੀ ਦਾ ਸ਼ੁਕਰ ਹੈ ਤੇ ਹੁਣ ਚੰਗੀ ਲੋੜਵੰਦੀ ਇਮਾਰਤ ਸ਼ੋਭਾ ਪਾ ਰਹੀ ਹੈ ਤੇ ਇਸੇ ਵਿੱਚ ਸਕੂਲ ਦਾ ਔਖ ਸੌਖ ਨਿਰਬਾਹ ਹੋ ਰਿਹਾ ਹੈ, ਕਿਉਂਕਿ ਅਜੇ ਇੱਕ ਵਿੰਗ wing ਦੀ ਹੋਰ ਲੋੜ ਛੇਤੀ ਹੀ ਪ੍ਰਤੀਤ ਹੋ ਰਹੀ ਹੈ। ਖੇਡਾਂ ਦੇ ਮੈਦਾਨ ਵਗੈਰਾ ਵਾਸਤੇ ਆਸ ਪਾਸ ਹੋਰ ਹੋਰ ਜ਼ਮੀਨਾਂ ਭੀ ਖਰੀਦੀਆਂ ਹੋਈਆਂ ਹਨ।

ਸੇਵਕ ਆਪਣੇ ਵਿਤ ਅਨੁਸਾਰ ਸੇਵਾ ਦਾ ਨ੍ਰਿਬਾਹ ਕਰ ਰਹੇ ਹਨ, ਪਰ ਜਿਸ ਮੰਤੱਵਜ ਨੂੰ ਨਾਲ ਲੈਕੇ ਅਰੰਭ ਕੀਤਾ ਗਿਆ ਜਾਂ ਜੋ ਮੁਰਾਦਾਂ ਲੈਕੇ ਏਹ ਸੇਵਾ ਅਰੰਭ ਕੀਤੀ ਸੀ, ਓਹ ਮੰਤਵਜ ਜਾਂ ਮੁਰਾਦ ਅਜੇ ਪੂਰੀ ਤਰ੍ਹਾਂ ਪੂਰੀ ਨਹੀਂ ਹੋਈ, ਜਿਸ ਦੇ ਕਈ ਕਾਰਨ ਹਨ, ਸਭ ਤੋਂ ਵੱਧ ਗੁਰਦਵਾਰਾ ਸੁਧਾਰ ਲਹਿਰ ਦੇ ਕਾਰਨ ਅਚਾ-ਨਕ ਹੀ ਸਮੁੱਚੇ ਸਾਰੇ ਪੰਥ ਵਲੋਂ ਤਨ, ਮਨ, ਧਨ ਯਥਾ ਵਿਤ ਏਸ ਪਾਸੇ ਹੀ ਲੱਗਣ ਲੱਗ ਗਿਆ ਤੇ ਸਾਰੇ ਆਸ਼ਰਮਾਂ ਨਾਲ ਏਸ ਆਸ਼ਰਮ ਨੂੰ ਭੀ ਵੱਡੀ ਔਕੁੜ ਆਈ, ਪਰ ਸੇਵਕਾਂ ਦੇ ਸਾਂਝੇ ਮਿਲਵੇਂ ਉੱਦਮ ਨਾਲ ਅੱਜ ਤੱਕ ਇੱਕ ਸਮਾਂ ਭੀ ਅਜੇਹਾ ਨਹੀਂ ਆਯਾ, ਜੋ ਕਦੇ ਮਾਸਟਰਾਂ ਤੇ ਹੋਰ ਤਨਖਾਹਦਾਰ ਸੇਵਾਦਾਰਾਂ ਦੀ ਕਿਸੇ ਇੱਕ ਮਹੀਨੇ ਦੀ ਤਨਖਾਹ ਭੀ ਪਿਛੇਤ੍ਰੀ ਪਈ ਹੋਵੇ। ਏਹ ਕੇਵਲ ਸਤਿਗੁਰੂ ਜੀ ਦੀ ਹੀ ਬਖਸ਼ਸ਼ ਤੇ ਮੇਹਰ ਹੈ, ਜਿਸ ਦੀ ਓਟ ਲੈਕੇ ਏਹ ਆਸ਼ਰਮ ਅਰੰਭ ਕੀਤਾ ਗਿਆ ਸੀ ਤੇ ਹੈ । ਸਭ ਤੋਂ



Digitized by Panjab Digital Library | www.panjabdigilib.org

ਵੱਡੀ ਔਕੜ ਏਹ ਰਹੀ ਕਿ ਖ਼ਾਸ ਸੇਵਕ ਗੁਰਦਵਾਰਾ ਲਹਿਰ ਵਿੱਚ ਸੇਵਾ ਕਰਦੇ ਹੋਏ ਵਰਿਹਾਂ ਬੱਧੀ ਬੰਦੀ ਖ਼ਾਨੇ ਬੰਦ ਰਹੇ ਏਸ ਔਕੜ ਦੇ ਸਮੇਂ ਯੋਗ ਮਾਲੀ ਸਹੈਤਾ ਪ੍ਰਬੰਧਕ ਕਮੇਟੀ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਤਰਨ ਤਾਰਨ ਵਲੋਂ ਹੁੰਦੀ ਰਹੀ। ਜਿਸ ਦੇ ਸੇਵਕ ਅਤੀ ਧੰਨਵਾਦੀ ਹਨ। ਅਕਾਲ ਪੁਰਖ ਜੀ ਦਾ ਕੋਟਾਨ ਕੋਟ ਸ਼ੁਕਰ ਹੈ, ਜਿਸ ਦੀ ਬਖਸ਼ਸ਼ ਅਜੇ ਤੱਕ ਕਾਰਜ ਨਿਭ ਰਿਹਾ ਹੈ। ਅਤੇ ਹੁਣ ਇਮਾਰਤ ਵਲੋਂ ਬਹੁਤ ਔਕੁੜ ਸੀ, ਏਸ ਔਕੁੜ ਦੇ ਸਮੇਂ ਵਰਤਮਾਨ ਸਮੇਂ ਦੇ ਪ੍ਰਸਿੱਧ ਦਾਨੀ ਸ੍ਰ: ਧਰਮ ਸਿੰਘ ਜੀ ਠੇਕੇਦਾਰ ਨਵੀਂ ਦਿੱਲੀ ਨੇ ਕ੍ਰਿਪਾਲਤਾ ਕੀਤੀ ਕਿ 'ਕਮੇਟੀ ਸਾਰਾ ਇਮਾਰਤ ਦਾ ਸਾਮਾਨ ਕਰੇ ਅਤੇ ਜੋ ਮਜ਼ਦੂਰੀ ਖਰਚ ਆਵੇ, ਓਹ ਸ੍ਰਦਾਰ ਸਾਹਿਬ ਵਲੋਂ ਬਖਸ਼ੀ ਜਾਵੇਗੀ"। ਏਸ ਤਰ੍ਹਾਂ ਹਾਲਾਂ ਅਟਾ ਸਟਾ ਦਸ ਕੁ ਹਜ਼ਾਰ ਦੇ ਕ਼ਰੀਬ ਸਾਮਾਨ ਗੁਰ ਪੰਥ ਦੀ ਬਖਸ਼ਸ਼ ਨਾਲ ਤੇ ਸੱਤ ਅੱਠ ਹਜ਼ਾਰ ਮਜ਼ਦੂਰੀ ਦਾ ਖਰਚ ਸ੍ਰੀ ਮਾਨ ਸ੍ਰ: ਧਰਮ ਸਿੰਘ ਜੀ ਦੀ ਬਖਸ਼ਸ਼ ਹੋਕੇ ਹਾਲ ਕਮਰਾ ਤਿਆਰ ਹੋ ਗਿਆ ਹੈ। ਤੇ ਗੁਰੂ ਪੰਥ ਦੇ ਆਸਰੇ ਕਾਰਜ ਚੰਗਾ ਚੱਲ ਰਿਹਾ ਹੈ। ਇਸ ਵੇਲੇ ਕੁਝ ਇਮਾਰਤ ਸੰਬੰਧੀ ਤੇ ਕੁਝ ਹੋਰ ਖ਼ਰਚਾਂ ਸੰਬੰਧੀ ਆਸ਼੍ਰਮ ਦੇ ਸਿਰ ਕਰਜ਼ਾ ਚੜ੍ਹ ਰਿਹਾ ਹੈ, ਜਿਸ ਦੇ ਵਾਸਤੇ ਸੇਵਕ ਯਤਨ ਵਿੱਚ ਹਨ ਤੇ ਆਸ਼੍ਰਮ ਵਲੋਂ ਸ੍ਰੀ ਮਾਨ ਭਾਈ ਮਾਨ ਸਿੰਘ ਜੀ ਤੇ ਸ੍ਰ: ਬੁਲਵੰਤ ਸਿੰਘ ਜੀ ਟਾਪੂਆਂ ਵਲ ਸਹੈਤਾ ਇਕੱਤ੍ਰ ਕਰਕੇ ਆਏ ਹਨ, ਜਿਸ ਦੀ ਰੀਪੋਰਟ ਅੱਡ ਹੈ। ਆਸਰਾ ਕੇਵਲ ਗੁਰੂ ਪੰਥ ਦਾ ਹੈ।

ਹੁਣ ਅਰੰਭ ਤੋਂ ਲੈ ਕੇ ੩੧ ਮਾਰਚ ੧੯੨੯ ਤੱਕ ਦੀ ਸੰਖੇਪ ਰਪੋਰਟ ਗੁਰੂ ਪੰਥ ਦੇ ਪੇਸ਼ ਹੈ ਤੇ ਸੇਵਕ ਭੁੱਲਾਂ ਚੁੱਕਾਂ ਦੀ ਖਿਮਾਂ ਤੇ ਸਿੱਖ ਮਤ ਦੇ ਯਾਚਕ ਹਨ।"

---



Digitized by Panjab Digital Library | www.panjabdigilib.org

## ਪੁਸਤਕਾਂ

(੧) ਨਾੜੀ ਦਰਪਨ। (੨) ਅਨਮੋਲ ਬੂਟੀ । (੩) ਸੌ ਵਰ੍ਹਾ ਜੀਵਣ ਦੇ ਢੰਗ । (੪) ਕੁਟੰਬ ਚਕਿਤਸਾ । (੫) ਚਕਿਤਸਾ ਰਤਨ। (੬) ਵੈਦਕ ਸਿੱਖਿਆ। (੭) ਬਾਲਕ । (੮) ਪ੍ਰੇਮ ਸਹਿਤ ਸਿਖਿਆ। (੯) ਦੰਡ ਰਹਿਤ ਸਿਖਿਆ। (੧੦) ਮਾਪਿਆਂ ਦੇ ਫਰਜ਼। (੧੧)ਬਾਲਕ ਚਰਿਤ੍ਰ ਆਦਿ ਪੁਸਤਕ ਆਪ ਨੇ ਇਸ ਸਾਲ ਵਿਚ ਪ੍ਰਕਾਸ਼ਤ ਕਰਾਏ।

ਪੁਸਤਕਾਂ ਇਨਸਾਨ ਦਾ ਸੱਚਾ ਸਾਥੀ, ਅਖੁੱਟ ਖਜ਼ਾਨੇ ਦੀ ਕੁੰਜੀ, ਅਦੁਤੀ ਉਸਤਾਦ, ਅਭੁੱਲ ਆਗੂ ਤੇ ਅਮੁੱਲ ਧਨ ਹੈ। ਅੱਛੀਆਂ ਪੁਸਤਕਾਂ ਹੀਰੇ ਜਵਾਹਰਾਤਾਂ ਨਾਲੋਂ ਭੀ ਕੀਮਤੀ ਹਨ। ਪਰ ਹੋਣ ਸੁਮਾਰਗ ਪੌਣ ਤੇ ਨੇਕੀ ਸਿਖਲੌਣ ਵਾਲੀਆਂ।

ਇਕ ਉੱਚ ਕੋਟੀ ਦੇ ਪੱਛਮੀ ਵਿਦਵਾਨ ਦਾ ਕਥਨ ਹੈ ਕਿ:–

"ਇਨਸਾਨੀ ਦਿਮਾਗ ਦੀਆਂ ਅਤੀ ਉੱਤਮ ਕਾਢਾਂ ਵਿਚੋਂ ਬਹੁਤ ਹੀ ਸੁਹਣੀ ਚੀਜ਼ ਪੁਸਤਕਾਂ ਹਨ।"

"ਪੁਸਤਕਾਂ ਸਭ ਤੋਂ ਵੱਡਾ ਖਜ਼ਾਨਾ ਹੈ।"

"ਉਹ ਇਨਸਾਨ (ਆਦਮੀ ਜਾਂ ਔਰਤ) ਜੋ ਇਕ ਪੁਸਤਕ ਲਿਖਦਾ ਹੈ ਮਾਨੋਂ ਇਕ ਨਾ-ਭੁੱਲਣ ਵਾਲੀ ਕਹਾਣੀ ਸੁਣਾਉਂਦਾ ਹੈ, ਜਾਂ ਕੋਈ ਅਜੇਹਾ ਉੱਚਾ ਖਿਆਲ ਪ੍ਰਗਟ ਕਰਦਾ ਹੈ ਜਿਸ ਨੂੰ ਸਾਰੇ ਇਨਸਾਨ ਪਏ ਸੋਚਦੇ ਹਨ।"

"ਪੁਸਤਕਾਂ ਹੀ ਹਨ ਜਿਨ੍ਹਾਂ ਰਾਹੀਂ ਲਗ ਭਗ ਅਸੀਂ ਸਭ ਕੁਝ ਜਾਣ ਸਕਦੇ ਹਾਂ।"

ਬੇਸ਼ੱਕ ਪੁਸਤਕਾਂ ਸੰਸਾਰ ਦੀਆਂ ਅਤੀ ਉੱਤਮ ਵਸਤੂਆਂ ਵਿੱਚੋ ਇਕ ਮਹਾਨ ਉੱਤਮ ਚੀਜ਼ ਹੈ ਪਰ–ਸਾਡੇ ਉਪਰ ਕਹੇ ਅਨੁਸਾਰ–ਤਦ ਜੇ ਸੁਮਾਰਗ ਪੌਣ ਵਾਲੀਆਂ, ਸੁਸਿਖਯਾ ਸਿਖੌਣ ਵਾਲੀਆਂ ਤੇ ਨੇਕੀ ਆਦਿ ਸੁਝੌਣ ਵਾਲੀਆਂ ਹੋਣ।



Digitized by Panjab Digital Library | www.panjabdigilib.org

ਕੁਮਾਰਗ ਪੌਣ ਵਾਲੀਆਂ ਤੇ ਗੰਦ ਫੈਲਾਉਣ ਵਾਲੀਆਂ ਪੁਸਤਕਾਂ ਦੇ ਹੋਣ ਨਾਲੋਂ ਨਾ-ਹੋਣਾ ਦੁਨੀਆਂ ਲਈ ਲੱਖ ਦਰਜੇ ਅੱਛਾ ਹੈ।

ਮਸ਼ਹੂਰ ਪੱਛਮੀ ਲਿਖਾਰੀ ਮਿਸਟਰ 'ਮਿਲਜ਼' ਦੇ ਕਥਨਾਨੁਸਾਰ "ਜੋ ਕੁਝ ਭੀ ਬੇਵਕੂਫ ਬੋਲਦੇ ਹਨ ਉਹ ਦੁਖਦਾਈ ਤੇ ਜੋ ਕੁਝ ਉਹ ਲਿਖਦੇ ਹਨ, ਦੁਨੀਆ ਲਈ ਹਾਨੀ ਕਾਰਕ ਹੁੰਦਾ ਹੈ।"

ਵੈਦ ਜੀ ਨੇ ਭਾਵੇਂ ਅਨੇਕ ਵਿਸ਼ਿਆਂ ਤੇ ਪੁਸਤਕਾਂ ਲਿਖੀਆਂ ਪਰ ਲਿਖੀਆਂ ਨੇਕੀ ਸੁਸਿੱਖਜਾ ਲਈ। ਸੁਮਾਰਗ ਪੌਣ ਤੇ ਨੇਕ ਕੰਮਾਂ ਦਾ ਰਾਹ ਸੁਝੌਣ ਵਾਲੀਆਂ।

ਪਿਛਲੇ ਪੰਨਿਆਂ ਵਿਚ ਅਸੀਂ ਵੈਦ ਜੀ ਲਿਖਤ ਅਨੇਕ ਪੁਸਤਕਾਂ ਦਾ ਜ਼ਿਕਰ ਕਰ ਆਏ ਹਾਂ। ਇਸ ਸਾਲ ਦੇ ਹਾਲਾਤ ਵਰਨਣ ਕਰਨ ਵਿਚ ਭੀ ਕਈਆਂ ਦਾ ਜ਼ਿਕਰ ਆਇਆ ਹੈ। ਇਨ੍ਹਾਂ ਵਿਚੋਂ ਕੁਝ ਕੁ ਦੇ ਚੰਗੇ ਮੰਦੇ ਹੋਣ ਬਾਰੇ ਏਥੇ ਵਿਦਵਾਨ ਲੇਖਕਾਂ ਤੇ ਵਿਚਾਰਵਾਨਾਂ ਦੇ ਖਿਆਲ ਪ੍ਰਗਟ ਕਰਦੇ ਹਾਂ।

ਵੈਦ ਜੀ ਤੇ ਆਪ ਜੀ ਵਲੋਂ ਪ੍ਰਚਲਤ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਬਾਰੇ 'ਫੁਲਵਾੜੀ' ਦਾ ਸੁਯੋਗ ਲੇਖਕ ਜੂਨ ੧੯੨੯ ਵਿਚ ਇਸ ਤਰ੍ਹਾਂ ਲਿਖਦਾ ਹੈ:—

"ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਓਨ੍ਹਾਂ ਸੱਜਨਾਂ ਵਿੱਚੋਂ ਹਨ, ਜੋ ਚੁੱਪ ਚਾਪ ਤੇ ਨਿੱਗਰ ਸੇਵਾ ਕਰਨੀ ਆਪਣਾ ਫ[illegible] ਸਮਝਦੇ ਹਨ। ਆਪ ਨਾ ਕੇਵਲ ਪੰਥ ਸੇਵਾ ਵਿੱਚ ਹੀ ਤੱਤ ਪਰ ਰਹਿੰਦੇ ਹਨ, ਬਲ ਕੇ ਆਪ ਨੂੰ ਪੰਜਾਬੀ ਬੋਲੀ ਦੇ ਵਾਧੇ ਦਾ ਖਾਸ ਪ੍ਰੇਮ ਹੈ।

'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਆਪ ਨੇ ਉਸ ਸਮੇਂ ਸ਼ੁਰੂ ਕੀਤੀ ਸੀ, ਜਦ ਕਿ ਪੰਜਾਬੀ ਬੋਲੀ ਵਲ ਕਿਸੇ ਟਾਵੇਂ ਟਾਵੇਂ ਦਾ ਹੀ ਖਿਆਲ ਸੀ, ਆਪ ਨੇ ਇਸ ਲੜੀ ਰਾਹੀਂ ਹੁਣ ਤੱਕ ਲਗ ਭਗ ੧੫੦ ਤੋਂ ਵੱਧ ਚੰਗੀਆਂ ਤੇ ਲਾਭਦਾਇਕ ਪੁਸਤਕਾਂ ਪ੍ਰਕਾਸ਼ਤ



Digitized by Panjab Digital Library | www.panjabdigilib.org

ਕੀਤੀਆਂ ਹਨ।

ਇਨ੍ਹਾਂ ਵਿੱਚੋਂ ਕਈ ਤਾਂ ਬਹੁਤ ਹੀ ਲਾਭਦਾਇਕ ਹਨ। ਇਸ ਲੜੀ ਨੂੰ ਜਾਰੀ ਕਰਕੇ ਆਪ ਨੇ ਪੰਜਾਬੀ ਦੀ ਜੋ ਸੇਵਾ ਕੀਤੀ ਹੈ ਓਹ ਸਦਾ ਹੀ ਯਾਦ ਰਹੇਗੀ।"

ਇਸੇ ਸਾਲ ਪੰਜਾਬੀ ਦਾ ਅਦੁਤੀ ਪੰਥਕ ਤੇ ਕੌਮੀ ਅਖਬਾਰ 'ਅਕਾਲੀ ਤੇ ਪ੍ਰਦੇਸੀ' ਲਿਖਦਾ ਹੈ:–

"ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ" ਤਰਨ ਤਾਰਨ–ਭਾਈ ਮੋਹਨ ਸਿੰਘ ਜੀ ਵੈਦ ਪ੍ਰਸਿੱਧ ਕੌਮ ਤੇ ਪੰਜਾਬੀ ਭਾਸ਼ਾ ਸੇਵਕ ਦੇ ਜਤਨ ਨਾਲ ਕਾਇਮ ਹੋਈ ੨ ਹੈ। (੧੩-੫-੨੯)

'ਕਵੀ' ਕਲਕਤਾ ਦਾ ਕਥਨ ਭੀ ਆਪ ਬਾਰੇ ਵੇਖਣ ਯੋਗ ਹੈ:–

"ਪੁਰਾਤਨ ਗੁਰ ਸਿੱਖਾਂ ਦੀ ਜੀਉਂਦੀ ਜਾਗਦੀ ਤਸਵੀਰ, ਗੁਰ ਮੁਖ ਪਿਆਰੇ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਦੇ ਨਾਮ ਤੋਂ ਗੁਰੂ ਪੰਥ ਦਾ ਬੱਚਾ ਬੱਚਾ ਜਾਣੂੰ ਹੈ। ਆਪ ਦੀ ਦੂਰੰਦੇਸ਼ੀ, ਲਿਆਕਤ, ਕੌਮੀ ਪਿਆਰ ਤੇ ਪੰਥਕ ਸੇਵਾ ਆਦਿ ਬੇਅੰਤ ਸ਼ੁਭ ਗੁਣਾਂ ਦਾ ਸਾਰਾ ਪੰਥ ਕਾਇਲ ਹੈ। ਆਪ ਵੱਲੋਂ ਅਲੱਗ ੨ ਵਿਸ਼ਿਆਂ ਤੇ ਹੁਣ ਤੱਕ ਕੋਈ ਡੂਢ ਸੌ ਤੋਂ ਉੱਪਰ ਪੁਸਤਕਾਂ ਪ੍ਰਕਾ-ਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਤੋਂ ਪੰਜਾਬੀ ਸੰਸਾਰ ਨੂੰ ਬਹੁਤ ਲਾਭ ਪੁੱਜ ਰਿਹਾ ਹੈ।" (ਮਾਰਚ, ੧੯੩੦)

## ਵੈਦਕ ਸਿਖਯਾ

ਉਪ੍ਰੋਕਤ ਨਾਮ ਦੀ ਪੁਸਤਕ ਇਸੇ ਸਾਲ ਪ੍ਰਕਾਸ਼ਤ ਹੋਈ। ਇਸ ਬਾਰੇ ਪੰਜਾਬੀ ਦੇ ਅਦੁਤੀ ਵਿਦਵਾਨ ਕਵੀ ਤੇ ਖੋਜੀ ਸ੍ਰ: ਬ: ਸ੍ਰ: ਕਾਨ੍ਹ ਸਿੰਘ ਜੀ ਨਾਭਾ ਇਸਤਰ੍ਹਾਂ ਲਿਖਦੇ ਹਨ:–

"ਪੰਜਾਬੀ ਦੇ ਪ੍ਰਸਿੱਧ ਲੇਖਕ, ਦੇਸ਼ ਭਗਤ ਭਾਈ ਮੋਹਨ ਸਿੰਘ ਜੀ ਵੈਦ ਦਾ ਲਿਖਯਾ "ਵੈਦਕ ਸਿਖਯਾ" ਗ੍ਰੰਥ ਪੜ੍ਹ ਕੇ ਮੈਂ ਬਹੁਤ



Digitized by Panjab Digital Library | www.panjabdigilib.org

ਪ੍ਰਸੰਨ ਹੋਇਆ ਹਾਂ। ਇਸ ਵਿਚ ਵੈਦਜ ਵਿਦਯਾ ਦੇ ਵਿਸ਼ੇ ਬਹੁਤ ਉੱਤਮ ਰੀਤਿ ਨਾਲ ਅਜੇਹੇ ਸੁਖੈਨ ਕਰ ਕੇ ਲਿਖੇ ਹਨ, ਕਿ ਥੋੜੀ ਵਿਦਯਾ ਵਾਲਾ ਭੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ। ਇਸ ਗ੍ਰੰਥ ਦੇ ਪ੍ਰਚਾਰ ਤੋਂ ਮੈਨੂੰ ਅਪਾਰ ਲਾਭ ਹੋਣ ਦੀ ਆਸ ਹੈ। ਅਨੇਕ ਲੋਕ ਭਯੰਕਰ ਰੋਗਾਂ ਤੋਂ ਬਚ ਸਕਣਗੇ ਅਰ ਬਹੁਤੇ ਅਰੋਗਤਾ ਦੇ ਨਿਯਮਾਂ ਨੂੰ ਜਾਣ ਕੇ ਰੋਗੀ ਹੋਣੋਂ ਬਚ ਜਾਣਗੇ। ਵੈਦ ਜੀ ਨੇ ਇਹ ਪੁਸਤਕ ਲਿਖ ਕੇ ਪੰਜਾਬੀਆਂ ਤੇ ਭਾਰੀ ਉਪਕਾਰ ਕੀਤਾ ਹੈ।"

ਇਸੇ ਪੁਸਤਕ ਬਾਰੇ 'ਕਵੀ' ਕਲਕੱਤਾ ਦਾ ਰੀਵੀਊ ਭੀ ਅਵੱਸ਼ ਪੜ੍ਹਨ ਯੋਗ ਹੈ:-

"ਪੁਸਤਕ 'ਵੈਦਕ ਸਿਖਯਾ' ਵਿਚ ਸ਼੍ਰੀਰਕ ਅਰੋਗਤਾ, ਨਾੜੀ, ਮੂਤ੍ਰ, ਨੇਤ੍ਰ ਪ੍ਰੀਖਯਾ ਤੇ ਮੌਤ ਦੇ ਲੱਛਨ ਆਦਿ ਤੇ ਰੋਗਾਂ ਦੇ ਲੱਛਨ ਤੇ ਇਲਾਜ ਲਿਖੇ ਹਨ। ਰੁੱਤਾਂ ਦਾ ਵਰਨਣ, ਰੁੱਤਾਂ ਅਨੁਸਾਰ ਖੁਰਾਕ ਵਰਤੋਂ-ਵਿਹਾਰ, ਪ੍ਰਹੇਜ਼ ਤੇ ਮਾਨੁਖੀ ਸਰੀਰ ਨੂੰ ਰੋਗਾਂ ਤੋਂ ਬਚਾ ਕੇ ਰੱਖਣ ਲਈ ਬੜੇ ਅੱਛੇ ੨ ਢੰਗ ਦਰਜ ਹਨ। ਸਾਧਾਰਨ ਪੁਰਸ਼ ਇਸ ਪੁਸਤਕ ਨੂੰ ਪੜ੍ਹ ਕੇ ਅੱਧਾ ਵੈਦ ਬਣ ਜਾਂਦਾ ਹੈ।

ਵੈਦ ਜੀ ਦੀ ਲਿਆਕਤ ਨੇ ਇਸ ਪੁਸਤਕ ਨੂੰ ਐਨਾ ਸਰਲ ਕਰ ਦਿਤਾ ਹੈ ਕਿ ਇਕ ਸਾਧਾਰਨ ਪੁਰਸ਼ ਭੀ ਇਸ ਤੋਂ ਪੂਰਨ ਲਾਭ ਉਠਾ ਸਕਦਾ ਹੈ। ਇਸ ਵਿਚ ਦੱਸੀਆਂ ਗਈਆਂ ਵਰਤੋਂ ਤੇ ਚਲਨ ਨਾਲ ਪੁਰਸ਼ ਆਪਣੀ ਜ਼ਿੰਦਗੀ ਨੂੰ ਅਰੋਗ ਬਣਾ ਕੇ ਸੁਖੀ ਜੀਵਨ ਕੱਟ ਸਕਦਾ ਹੈ। ਹਰ ਇਕ ਪੰਜਾਬੀ ਪੜ੍ਹੇ ਘਰਾਣੇ ਵਿਚ ਇਸ ਦਾ ਹੋਣਾ ਬਹੁਤ ਲਾਭਦਾਇਕ ਹੈ। (ਮਾਰਚ ੧੯੩੦)

ਵੈਦਕ ਦੀ ਦੂਸਰੀ ਪੁਸਤਕ 'ਕੁਟੰਬ ਚਕਿਤਸਾ' ਬਾਰੇ ਭੀ 'ਕਵੀ' ਦਾ ਹੀ ਰੀਵੀਊ ਪੇਸ਼ ਕਰਦਾ ਹਾਂ:-

"ਪੁਸਤਕ 'ਕੁਟੰਬ ਚਕਿਤਸਾ' ਵਿਚ ਮਨੁੱਖੀ ਸਰੀਰ ਵਿਚ ਪੈਦਾ ਹੋਣ ਵਾਲੇ ਲਗ ਭਗ-ਸਾਰੇ ਰੋਗਾਂ ਦਾ ਕਾਰਨ ਤੇ ਉਹਨਾਂ ਦਾ



Digitized by Panjab Digital Library | www.panjabdigilib.org

ਇਲਾਜ ਬੜੇ ਸੁਖੈਨ ਢੰਗ ਨਾਲ ਵਰਣਨ ਕੀਤਾ ਹੈ। ਸਾਰੀ ਪੁਸਤਕ ਦੇ ਤਿੰਨ ਭਾਗ ਹਨ।

ਪਹਿਲੇ ਭਾਗ ਵਿਚ ਸਰੀਰ ਆਦਿ ਦਾ ਗਜਾਨ, ਰੋਗ ਪ੍ਰੀਖਜਾ, ਨਾੜੀ ਤੇ ਮੂਤ੍ਰ ਪ੍ਰੀਖਜਾ ਆਦਿ।

ਦੂਜੇ ਭਾਗ ਵਿਚ ਬੀਮਾਰੀਆਂ ਦੇ ਨਾਮ, ਕਾਰਨ, ਇਲਾਜ ਲਈ ਨੁਸਖੇ ਤੇ ਬੀਮਾਰੀਆਂ ਤੋਂ ਬਚਨ ਦੇ ਉਪਾਵ।

ਤੀਜੇ ਭਾਗ ਵਿਚ ਦਵਾਵਾਂ ਬਣਾਉਣ, ਬਹੁਤ ਸਾਰੀਆਂ ਧਾਤਾਂ ਮਾਰਨ ਤੇ ਕੁਸ਼ਤੇ ਆਦਿ ਕਰਨ ਦੇ ਢੰਗ ਲਿਖੇ ਹਨ।

ਸਾਡੇ ਘਰਾਂ ਵਿਚ ਕਈ ਸਾਧਾਰਨ ੨ ਰੋਗ ਬੇ ਸਮਝੀ ਤੇ ਅਣਹੋਂਦ ਕਾਰਨ ਭਿਆਨਕ ਰੂਪ ਫੜ ਲੈਂਦੇ ਹਨ। ਐਸੇ ਵੇਲੇ ਦੇ ਬਚਾਉਣ ਲਈ ਇਹ ਪੁਸਤਕ ਅਕਸੀਰ ਹੈ। ਇਸ ਵਿਚ ਨਾ-ਮੁਰਾਦ ਬੀਮਾਰੀਆਂ ਦੇ ਇਲਾਜ ਕੌਡਾਂ ਨਾਲ ਕਰ ਲੈਣ ਦੇ ਢੰਗ ਦੱਸੇ ਹਨ। ਪੁਸਤਕ ਬਹੁਤ ਗੁਣਕਾਰੀ ਹੈ।"(ਮਾਰਚ ੧੯੩੦)

ਬਾਲਕਾਂ ਨੂੰ ਪਾਲਣਾ ਸਿਖਾਲਣਾ ਤੇ ਵਿਦਵਾਨ ਕਰਨਾ ਉੱਨਤ ਹੋਣ ਵਾਲੀਆਂ ਕੌਮਾਂ ਦਾ ਇੱਕ ਜ਼ਰੂਰੀ ਅੰਗ ਹੈ।

ਵੈਦ ਜੀ ਲਿਖਤ ਇਜੇਹੀ ਹੀ ਪੁਸਤਕ 'ਬਾਲਕ ਚਰਿੱਤ੍ਰ' ਉਤੇ ਸ੍ਵਰਗ ਵਾਸੀ ਵਿਦਵਾਨ ਸ੍ਰ: ਬ: ਸ੍ਰ: ਕਾਨ੍ਹ ਸਿੰਘ ਜੀ ਨਾਭਾ ਇਸਤਰ੍ਹਾਂ ਲਿਖਦੇ ਹਨ:-

"ਵੈਦਜ ਰਤਨ ਭਾਈ ਮੋਹਨ ਸਿੰਘ ਜੀ ਵੈਦ ਦਾ ਲਿਖਜਾ "ਬਾਲਕ ਚਰਿਤ੍ਰ" ਪੜ੍ਹਕੇ ਮੈਂ ਨਿਸਚੇ ਕੀਤਾ ਹੈ ਹਰ ਇਕ ਗ੍ਰਹਸਥੀ ਦੇ ਘਰ ਇਸਦੀ ਇੱਕ ਕਾਪੀ ਹੋਣ ਤੋਂ ਅਪਾਰ ਸੁਖ ਪ੍ਰਾਪਤ ਹੋਣ ਦੀ ਆਸ਼ਾ ਹੋ ਸਕਦੀ ਹੈ। ਪੁਸਤਕ ਵਿੱਚ ਸੁਖਾਲੇ ਲੇਖਾਂ ਦਵਾਰਾ ਉੱਚੇ ਭਾਵ ਦੱਸਣ ਦਾ ਉੱਤਮ ਯਤਨ ਕੀਤਾ ਗਿਆ ਹੈ।

[redacted]



Digitized by Panjab Digital Library | www.panjabdigilib.org

'ਅਕਾਲੀ ਤੇ ਪ੍ਰਦੇਸੀ' ਦਾ ਵਿਚਾਰ ਇਉਂ ਹੈ:-

## ਬਾਲਕ ਚਰਿੱਤ੍ਰ

"ਇਹ ਡੇਢ੍ਹ ਕੁ ਸੌ ਸਫੇ ਦੀ ਪੁਸਤਕ ਹੈ। ਅਸਾਂ ਬੜੇ ਗਹੁ ਨਾਲ ਸਾਰੀ ਪੁਸਤਕ ਨੂੰ ਪੜ੍ਹਿਆ ਹੈ। ਪੁਸਤਕ ਸੁੱਚੇ ਮੋਤੀਆਂ ਦਾ ਖਜ਼ਾਨਾ ਹੈ।

ਇਸ ਵਿੱਚ ਭਲੀ ਪ੍ਰਕਾਰ ਦੱਸਿਆ ਗਿਆ ਹੈ, ਜੋ ਮਾਪੇ ਬਾਲਕਾਂ ਨੂੰ ਕਿਵੇਂ ਵਿਗਾੜ ਦਿੰਦੇ ਹਨ? ਵਿਗੜੇ ਬਾਲਕਾਂ ਦਾ ਜੀਵਨ ਕਿਸਤਰ੍ਹਾਂ ਚੰਗਾ ਬਣਾਇਆ ਜਾ ਸਕਦਾ ਹੈ? ਛੋਟੇ ਤੇ ਵੱਡੇ ਬਾਲਕਾਂ ਨਾਲ ਜਿਨ੍ਹਾਂ ਤੇ ਸਾਧਾਰਨ ਸਿਖ੍ਯਾ ਦਾ ਕੋਈ ਅਸਰ ਨਹੀਂ ਪੈਂਦਾ। ਕਿਹੋ ਜਿਹਾ ਵਰਤਾਰਾ ਕਰਨਾ ਚਾਹੀਦਾ ਹੈ?

ਭਲੇ ਮਾਪਿਆਂ ਨੂੰ ਆਪਣਾ ਜੀਵਨ ਕਿਸ ਪ੍ਰਕਾਰ ਬਤੀਤ ਕਰਨਾ ਚਾਹੀਦਾ ਹੈ? ਤਾਂ ਜੋ ਉਹਨਾਂ ਦੀ ਦੇਖਾ ਦੇਖੀ ਬਾਲਕ ਵੀ ਸੁਧਰ ਜਾਣ। ਦ੍ਰਿੜਤਾ ਦੇ ਗੁਣ, ਕੰਮ ਵੇਲੇ ਸਿਰ ਕਰਨ ਦੀ ਆਦਤ ਪਾਉਣ ਦੀ ਲੋੜ, ਅੰਮ੍ਰਿਤ ਵੇਲੇ ਉੱਠਣ ਦੇ ਲਾਭ, ਅਤੇ ਹੋਰ ਕਈ ਇੱਕ ਜ਼ਰੂਰੀ ਵਿਸ਼ਿਆਂ ਉੱਤੇ-ਜਿਨ੍ਹਾਂ ਨੂੰ ਅਸੀਂ ਮਾਮੂਲੀ ਜਾਣਦੇ ਹੋਏ ਗਹੁ ਦੀ ਨਜ਼ਰ ਨਾਲ ਨਹੀਂ ਵੇਖਦੇ-ਭਲੀ ਪ੍ਰਕਾਰ ਚਾਨਣਾ ਪਾਇਆ ਗਿਆ ਹੈ।

ਜਿਥੇ ਇਹ ਪੁਸਤਕ ਬਾਲਕਾਂ ਦੇ ਪੜ੍ਹਨ ਲਈ ਅਤਯੰਤ ਲਾਭ-ਦਾਇਕ ਹੈ। ਨਿਰਸੰਦੇਹ ਬੁੱਢਿਆਂ ਅਤੇ ਗੱਭਰੂਆਂ ਲਈ ਵੀ ਇਹ ਪੁਸਤਕ ਹੱਦੋਂ ਵੱਧ ਲਾਭਦਾਇਕ ਹੈ। ਸੰਸਾਰ ਦੇ ਪ੍ਰਸਿੱਧ ਵਿਦ-ਵਾਨਾਂ ਦੀਆਂ ਰਚਨਾਵਾਂ ਦਾ ਹਵਾਲਾ ਦੇਕੇ ਇਹ ਦੱਸਿਆ ਗਿਆ ਹੈ, 'ਜੋ ਬਾਲਕਾਂ ਦੀ ਦੇਖ ਭਾਲ ਦੇ ਮੁਆਮਲੇ ਵਿੱਚ ਵੱਡੇ ਵੱਡੇ ਬਾਦਸ਼ਾਹਾਂ ਨੇ ਵੀ ਅਨਗਹਿਲੀ ਨਾ ਵਰਤੀ ਤੇ ਬਾਲਕਾਂ ਦੀਆਂ ਆਦਤਾਂ ਸੁਧਾਰਨ ਤੇ ਘੜਨ ਦਾ ਫਰਜ਼ ਆਪ ਨਿਭਾਇਆ।'



Digitized by Panjab Digital Library | www.panjabdigilib.org

ਪੜ੍ਹੀਆਂ ਲਿਖੀਆਂ ਬੀਬੀਆਂ ਲਈ ਵੀ ਇਹ ਪੁਸਤਕ ਬੜੀ ਲਾਭਵੰਦ ਹੈ ।

ਭਾਈ ਸਾਹਿਬ ਦੀ ਇਹ ਪੁਸਤਕ ਪੰਜਾਬੀ ਜਾਣੂੰ ਸੱਜਣਾਂ ਲਈ ਬੜੀ ਫੈਦੇਮੰਦ ਸਾਬਤ ਹੋਵੇਗੀ ।" (੨ ਮਾਰਚ ੧੯੩੦)

ਇਸ ਬਾਰੇ 'ਖਾਲਸਾ ਸਮਾਚਾਰ' ਦੇ ਵਿਦਵਾਨ ਲੇਖਕ ਦੀਆਂ ਚੰਦ ਸਤਰਾਂ ਭੀ ਵਜ਼ਨਦਾਰ ਹਨ:-

"ਇਸ ਪੁਸਤਕ ਵਿਚ ਬਾਲਾਂ ਦੇ ਸੁਧਾਰਨ ਦੇ ਢੰਗ ਵਿਸਥਾਰ ਨਾਲ ਦਸੇ ਗਏ ਹਨ, ਅਤੇ ਉਹ ਉਕਾਈਆਂ ਜੋ ਬਾਲਕਾਂ ਦੀ ਆਯੂ ਵਿਗਾੜ ਦੇਂਦੀਆਂ ਹਨ, ਨੂੰ ਵੇਰਵੇ ਨਾਲ ਸਮਝਾਇਆ ਗਿਆ ਹੈ। ਪੁਸਤਕ ਮਿਹਨਤ ਨਾਲ ਲਿਖੀ ਗਈ ਹੈ ਤੇ ਗੁਣ-ਕਾਰੀ ਹੈ ।" (੩੦. ੧੦. ੩੦)

ਪੰਚ ਖੰਡ ਦੇ ਮੋਢੀ ਦੇ ਵਿਚਾਰ ਭੀ ਦਰਜ ਕਰਦਾ ਹਾਂ:-

"ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਰਚਿਤ ਪੁਸਤਕ 'ਬਾਲਕ ਚਰਿਤ੍ਰ' ਆਦਿ ਤੋਂ ਅੰਤ ਤਕ ਚੰਗੀ ਤਰ੍ਹਾਂ ਵਿਚਾਰੀ। ਬਾਲਕਾਂ ਦੇ ਸੁਧਾਰ ਦੇ ਕੰਮ ਲਈ ਖਾਸ ਉਚੇ ਖਿਆਲਾਂ ਵਾਲੀ ਹੈ । ਜੋ ਮਾਪਿਆਂ ਅਥਵਾ ਮਾਪੇ ਬਣਨ ਵਾਲਿਆਂ ਲਈ ਇਸ ਦੀ ਸਿਖਯਾ ਧਾਰਨ ਕਰਨੀ ਅਤੀ ਜ਼ਰੂਰੀ ਹੈ ।"

(ਬਾਬੂ ਤੇਜਾ ਸਿੰਘ ਜੀ ਡਾਇਰੈਕਟਰ,
ਖਾਲਸਾ ਕੁਆਰੀ ਕਾਲਜ ਪੰਚ ਖੰਡ-ਭਸੌੜ)

ਮਸ਼ਹੂਰ ਲਿਖਾਰੀ ਸ. ਸ. ਚਰਨ ਸਿੰਘ ਦਾ ਖਿਆਲ ਦਰਜ ਕਰਕੇ ਇਸ ਵਿਸ਼ੇ ਨੂੰ ਬੰਦ ਕਰਦਾ ਹਾਂ:-

"ਇਸ ਵਿਚ ਬਾਲਕਾਂ ਨੂੰ ਨੇਕ, ਉਦਮੀ, ਸਦਾ-ਚਾਰੀ, ਲਾਇਕ, ਕਾਮਯਾਬ, ਅਰੋਗ, ਧਰਮੀ, ਬਲਵਾਨ, ਦੇਸ਼ ਪ੍ਰੇਮੀ ਤੇ ਵਿਦਵਾਨ ਬਨਾਉਣ ਲਈ ਡਾਢੀਆਂ ਸੁਖਾਲੀਆਂ ਤੇ ਅਸਰ ਭਰੀਆਂ



Digitized by Panjab Digital Library | www.panjabdigilib.org

ਸਿਖ਼ਜਾਵਾਂ ਦਰਜ ਹਨ ।

ਮਾਪਿਆਂ ਨੂੰ ਇਹ ਪੁਸਤਕ ਆਪ ਪੜ੍ਹਣੀ ਤੇ ਬਾਲਕਾਂ ਨੂੰ ਪੜ੍ਹਾਉਣੀ ਚਾਹੀਦੀ ਹੈ ।" (ਮੌਜੀ—੨੯. ੯. ੩੦)

ਇਸੇ ਤਰ੍ਹਾਂ ਪੁਸਤਕ 'ਚਕਿਤਸਾ ਰਤਨ' ਵਿੱਚ ਉਨ੍ਹਾਂ ਰੋਗਾਂ ਦੇ ਲੱਛਣ, ਕਾਰਨ ਤੇ ਇਲਾਜ ਆਦਿ ਵਿਸਤਾਰ ਸਹਿਤ ਦਰਜ ਹਨ, ਜਿਨ੍ਹਾਂ ਦਾ ਜ਼ਿਕਰ ਭਾ: ਕਾਨ੍ਹ ਸਿੰਘ ਜੀ ਨਾਭਾ ਦੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਆਇਆ ਹੈ । ਪੁਸਤਕ ਅਤੀ ਲਾਭਵੰਦੀ ਹੈ ।

ਦੇਗਚੇ ਵਿੱਚੋਂ ਦਾਣਾ ਤੇ ਬੋਹਲ ਵਿਚੋਂ ਵੰਨਗੀ ਦੇਖਣ ਵਾਂਗ ਅਸੀਂ ਸੁਜਾਨ ਪਾਠਕਾਂ ਨੂੰ ਅਨੇਕਾਂ ਵਿਚੋਂ ਕੇਵਲ ਦੋਂਹ ਤਿੰਨਾਂ ਪੁਸਤਕਾਂ ਬਾਰੇ ਹੀ ਵਿਦਵਾਨਾਂ ਦੇ ਖਿਆਲ ਪ੍ਰਗਟਾਏ ਹਨ । ਵੈਦ ਜੀ ਦੀਆਂ ਤਮਾਮ ਪੁਸਤਕਾਂ —ਜਿਵੇਂ ਅਸੀਂ ਉੱਪਰ ਦਸਿਆ ਹੈ—ਇੱਕ ਤੋਂ ਇੱਕ ਵੱਧ ਤੇ ਗੁਣਕਾਰੀ ਹਨ ।

ਵੈਦ ਜੀ ਲਿਖਤ ਪੁਸਤਕਾਂ ਸੰਬੰਧੀ ਇਸ ਪੁਸਤਕ (ਜੀਵਨ) ਦੇ ਵਧੇਰੇ ਵਿਸਥਾਰ ਵਿੱਚ ਹੋ ਜਾਨ ਕਾਰਨ ਕੁਝ ਨਹੀਂ ਦਿੱਤਾ ਜਾ ਸਕਿਆ, ਜਿਸ ਲਈ ਅੱਡ "ਵੈਦ ਜੀ ਦਾ ਸਾਹਿਤਜਕ ਜੀਵਨ" ਦੇ ਨਾਮ ਹੇਠ ਵਿਸਤਾਰ ਪੂਰਬਕ ਪੁਸਤਕ ਪ੍ਰਕਾਸ਼ਤ ਕੀਤੀ ਜਾਵੇਗੀ ।

---



Digitized by Panjab Digital Library | www.panjabdigilib.org

# ੧੯੨੯ ਦੀਆਂ ਘਟਨਾਵਾਂ

੧੨ ਜਨਵਰੀ—ਸਾਈਮਨ ਕਮਿਸ਼ਨ ਪੜਤਾਲੀਆ ਕਮੇਟੀ ਕਲਕਤੇ ਪਹੁੰਚੀ।

੧੪ ਜਨਵਰੀ—ਅਫ਼ਗਾਨਿਸਤਾਨ ਦੇ ਬਾਦਸ਼ਾਹ ਅਮਾਨੁੱਲਾ ਖਾਂ ਨੇ ਤਖਤ ਛੱਡਿਆ।

੧੭ ਜਨਵਰੀ—ਬੱਚਾ ਸੱਕਾ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਿਆ।

੨੪ ਜਨਵਰੀ--ਮਹਾਤਮਾ ਗਾਂਧੀ ਦੀ ਬਦੇਸ਼ੀ ਕਪੜੇ ਦੀ ਬਾਈਕਾਟ ਦੀ ਸਕੀਮ ਚੱਲੀ।

੧੮ ਫਰਵਰੀ—ਮਦਰਾਸ ਵਿਚ ਸਾਈਮਨ ਕਮਿਸ਼ਨ ਸਾਹਮਣੇ ਕਾਲੀਆਂ ਝੰਡੀਆਂ ਨਾਲ ਮੁਜ਼ਾਹਰਾ ਹੋਇਆ।

੪ ਮਾਰਚ—ਕਲਕਤੇ ਵਿਚ ਮਹਾਤਮਾ ਗਾਂਧੀ ਬਦੇਸ਼ੀ ਕੱਪੜੇ ਫੂਕਣ ਦੇ ਦੋਸ਼ ਵਿਚ ਫੜੇ ਗਏ।

੬ ਮਾਰਚ—ਕਰਾਈਡਨ ਤੋਂ ਕਰਾਚੀ ਵਿਚ ਪਹਿਲੀ ਹਵਾਈ ਡਾਕ ਪੁਜੀ।

੮ ਮਾਰਚ—ਭਗਤ ਸਿੰਘ ਤੇ ਦੱਤ ਵੱਲੋਂ ਦਿੱਲੀ ਅਸੈਂਬਲੀ ਵਿਚ ਬੰਬ ਸਿਟਿਆ ਗਿਆ।

੯ ਮਾਰਚ—ਲਾਹੌਰ ਵਿਚ ਮਹਾਸ਼ਾ ਰਾਜਪਾਲ ਦਾ ਕਤਲ ਹੋਇਆ।

੪ ਜੂਨ—ਦਿੱਲੀ ਵਿਚ ਅਸੈਂਬਲੀ ਬੰਬ ਕੇਸ ਸ਼ੁਰੂ ਹੋਇਆ।

੧੨ ਜੂਨ—ਦਿੱਲੀ ਬੰਬ ਕੇਸ ਦੇ ਮੁਲਜ਼ਮਾਂ ਨੂੰ ਉਮਰ ਕੈਦਾਂ ਹੋਈਆਂ।

੧੦ ਜੁਲਾਈ—ਭਗਤ ਸਿੰਘ ਆਦਿ ਤੇ ਲਾਹੌਰ ਵਿਚ ਸਾਂਡਰਸ ਕਤਲ ਦਾ ਮੁਕੱਦਮਾ ਸ਼ੁਰੂ ਹੋਇਆ।

੧ ਅਗਸਤ—ਮਹਾਤਮਾ ਗਾਂਧੀ ਨੇ ਐਲਾਨ ਕੀਤਾ ਕਿ ਇਸ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਹੀ ਯੋਗ ਲੀਡਰ ਹੈ।

੫ ਅਗਸਤ—ਖ੍ਵਾਜਾ ਹਸਨ ਨਜ਼ਾਮੀ ਨੇ ਮੁਸਲਮਾਨਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਲਈ ਜ਼ੋਰਦਾਰ ਅਪੀਲ ਕੀਤੀ।

੧੩ ਸਤੰਬਰ—ਯਤਿੰਦ੍ਰਾ ਨਾਥ ਦਾਸ (ਭਗਤ ਸਿੰਘ ਦਾ ਸਾਥੀ) ਨੇ ੬੪ ਦਿਨ ਭੁਖ ਹੜਤਾਲ ਕਰਕੇ ਲਾਹੌਰ ਚਲਾਣਾ ਕੀਤਾ।



Digitized by Panjab Digital Library | www.panjabdigilib.org

੧੯ ਸਤੰਬਰ—ਫੂੰਗੀ ਯੂ. ਵਿਜ਼ਾਯਾ ੪ ਮਹੀਨੇ ਭੁਖ ਹੜਤਾਲ ਕਰਕੇ ਰੰਗੂਨ ਜੇਲ੍ਹ ਵਿਚ ਸੁਰਗ ਸਿਧਾਰਿਆ ।

੨੨ ਸਤੰਬਰ—ਸਾਰਦਾ (ਬੱਚਿਆਂ ਦੀ ਸ਼ਾਦੀ ਰੋਕਣ ਦਾ) ਬਿੱਲ ਪਾਸ ਹੋਇਆ ।

੨੮ ਸਤੰਬਰ—ਪੰ: ਜਵਾਹਰ ਲਾਲ ਨਹਿਰੂ ਇੰਡੀਅਨ ਨੈਸ਼ਨਲ ਕਾਂਗਰਸ ਲਾਹੌਰ ਦਾ ਪ੍ਰਧਾਨ ਚੁਣਿਆ ਗਿਆ ।

੧੨ ਅਕਤੂਬਰ—ਲਾਇਲਪੁਰ ਵਿਚ ਸਿੱਖ ਲੀਗ ਦਾ ਗਿਆਰਵਾਂ ਸੈਸ਼ਨ ਹੋਇਆ ।

੫ ਨਵੰਬਰ—ਲੰਡਨ ਹਾਊਸ ਆਫ ਲਾਰਡਜ਼ ਵਿਚ ਭਾਰਤ ਨੂੰ ਜਲਦੀ ਸੈਲਫ ਗਵਰਨਮਿੰਟ ਦੇਣ ਲਈ ਬਹਿਸ ਹੋਈ ।

੨੩ ਦਸੰਬਰ—ਦਿੱਲੀ ਪਾਸ ਵਾਇਸਰਾਇ ਇਰਵਨ ਦੀ ਗੱਡੀ ਉਡੌਣ ਲਈ ਕਿਸੇ ਨੇ ਲਾਈਨ ਹੇਠ ਬੰਬ ਰਖਿਆ ।

੨੯ ਦਸੰਬਰ—ਲਾਹੌਰ ਵਿਚ ਸਰਬ ਹਿੰਦ ਕਾਂਗਰਸ ਦਾ ਚੁਤਾਲੀਵਾਂ ਸੈਸ਼ਨ ਪੰਡਤ ਜਵਾਹਰ ਲਾਲ ਨਹਿਰੂ ਦੀ ਪਰਧਾਨਗੀ ਹੇਠ ਸ਼ੁਰੂ ਹੋਇਆ ।

੩੦ ਦਸੰਬਰ—ਲਾਹੌਰ ਵਿਚ ਰਾਜਸੀ ਸਿੱਖ ਕਾਨਫ੍ਰੰਸ ਸ੍ਰ: ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ।

੩੧ ਦਸੰਬਰ—ਲਾਹੌਰ ਕਾਂਗਰਸ ਵਿਚ ਗਾਂਧੀ ਜੀ ਦਾ ਪੂਰਨ ਆਜ਼ਾਦੀ ਪ੍ਰਾਪਤੀ ਦਾ ਮਤਾ ਪਾਸ ਹੋਇਆ ।



Digitized by Panjab Digital Library | www.panjabdigilib.org

"ਵੈਦ ਜੀ ਸੇ ਬੰਦਾ ਕਾ ੧੯੨੦ ਸੇ ਤੁਆਰਫ ਥਾ...ਉਨਕੀ ਸਿਫਾਤ ਬਿਆਨ ਕਰਨੇ ਕੇ ਲੀਏ ...ਦਿਲ ਹੀ ਜਾਨਤਾ ਹੈ ਜ਼ਾਹਰ ਕਰਨਾ ਮੁਸ਼ਕਲ ਹੈ...। ...ਜਬ ਬੰਦਾ ਕੀ ਅਹਿਲੀਆ ਜਲੰਧਰ ਔਰ ਲਾਹੌਰ ਸੇ ਹਰ ਤਰ੍ਹਾਂ ਕੇ ਡਾਕਟਰ ਵੈਦ ਯੂਨਾਨੀ ਹਕੀਮ ਵਗੈਰਾ ਕੇ ਇਲਾਜ ਮੇਂ ਸੈਂਕੜੋਂ ਰੁਪਏ ਬਰਬਾਦ ਕਰਕੇ ਤਰਨ ਤਾਰਨ ਪਹੁੰਚੀ ਤੋ ਭਾਈ ਸਾਹਿਬ ਕੀ ਸ਼ੁਹਰਤ ਸੁਨਕਰ ਇਮਦਾਦ ਤਿੱਬੀ ਵ ਕੀਮਤੀ ਮਸ਼ਵਰਾ ਕੀ ਦਰਖਾਸਤ ਕੀ ਗਈ। ਕਮਜ਼ੋਰੀ ਹੱਦ ਦਰਜਾ ਕੀ ਔਰ ਜ਼ਿੰਦਗੀ ਸੇ ਮਾਯੂਸ ਥੀ। ਜਿਸ ਤਰ੍ਹਾ ਤਰੀਕਾ ਔਰ ਪ੍ਰੇਮ ਸੇ ਇਲਾਜ ਤੀਨ ਮਾਹ ਮਤਵਾਤਰ ਅਪਨੇ ਖਰਚ ਪਰ, ਬਿਲਾ ਫੀਸ ਘਰ ਪਰ ਮਸ਼ਵਰਾ ਦੇ ਕਰ ਕੀਆ, ਜਿਸ ਸੇ ਵੋਹ ਦੋਬਾਰਾ ਜ਼ਿੰਦਾ ਹੋ ਗਈ, ਔਰ ਬਾਦ ਮੇਂ ਕਈ ਬਚੋਂ ਕੀ ਮਾਂ ਬਨੀ। ਉਸਕੇ ਬਾਦ ਜਹਾਂ ਜਹਾਂ ਬੰਦਾ ਕੀ ਤਬਦੀਲੀ ਹੋਤੀ ਰਹੀ ਹਸਬ ਜ਼ਰੂਰਤ ਦਵਾਈ ਮੁਫਤ ਭੇਜਤੇ ਰਹੇ। ਬਲਕਿ ਸਾਰੇ ਬਚੋਂ ਕੇ ਲੀਏ ਜੋ ਹਸਬ ਜ਼ਰੂਰਤ ਹੁਈ ਤੋ ਉਨਕਾ ਦਸਤੇ ਸਖਾਵਤ ਖੁਲਾ ਥਾ। ਦੋਸਤੋਂ ਰਿਸ਼ਤਾਦਾਰੋਂ ਔਰ ਵਾਕਫੋਂ ਕੋ ਭੀ ਬਿਲਾ ਕੀਮਤ ਦਵਾਈ ਦੇਤੇ ਰਹੇ। ੧੯੩੫ ਮੇਂ ਜਬਕਿ ਲੁਧਿਆਨਾ ਫਿਲੌਰ ਕੇ ਤਮਾਮ ਡਾਕਟਰ ਜਵਾਬ ਦੇ ਚੁਕੇ ਥੇ ਔਰ ਤਸ਼ਖ਼ੀਸ ਮਰਜ਼ ਸੇ ਕਾਸਰ ਥੇ। ਭਾਈ ਸਾਹਿਬ ਕੋ ਨਵੇਦਨ ਕੀਆ ਗਿਆ। ਫਰਮਾਇਸ਼ ਹੁਈ ਕਿ ਫੌਰਨ ਲੇ ਆਓ। ਕਈ ਮਾਹ ਕਾ ਦੇਰੀਨਾ ਥੋੜਾ ਥੋੜਾ ਬੁਖਾਰ ਔਰ ਨਬਜ਼ ਕੀ ਕਮਜ਼ੋਰੀ ਥੀ। ਦਰਜਾ ਹਰਾਰਤ ੯੯ ਥਾ। ......ਤਰਨ ਤਾਰਨ ਪਹੁੰਚੇ ਔਰ ਰਸਤਾ ਮੇਂ ਗ਼ਸ਼ੀ ਭੀ ਤਾਰੀ ਹੁਈ। ਮਾਨੋ ਏਕ ਮੁਰਦਾ ਘਸੀਟ ਕਰ ਲਾ ਰਹੇ ਥੇ। ਭਾਈ ਸਾਹਿਬ ਨੇ ਦੇਖਤੇ ਹੀ ਕਹਿ ਦੀਆ ਕਿ 'ਪਾਂਚ ਰੋਜ਼ ਕੇ ਬਾਦ ਬੁਖਾਰ ਉਤਰ ਜਾਇਗਾ ਕੋਈ ਫਿਕਰ ਨਹੀਂ।' ਉਨਕੇ ਮਸੀਹਾਈ ਇਲਾਜ ਨੇ ਮੋਜਜ਼ਾ ਦਿਖਲਾਯਾ ਔਰ ਉਨਕਾ ਫੁਰਮਾਨਾ ਹਰਫ ਬਹਰਫ ਦਰੁਸਤ ਸਾਬਤ ਹੂਆ......ਗਰੀਬ ਅਮੀਰ ਸਬ ਕੇ ਸਾਥ ਏਕ ਸਾ ਸਲੂਕ ਥਾ ਔਰ ਦੁਖੀ ਕੋ ਦੇਖ ਕਰ ਆਪ ਅਤੀ ਦੁਖੀ ਹੋ ਜਾਤੇ ਥੇ। ਅਕਾਲੀ ਲਹਿਰ ਮੇਂ ਜੋ ਖਿਦਮਾਤ ਇਨ੍ਹੋਂ ਨੇ ਕੀ ਥੀਂ ਸਾਰਾ ਪੰਥ ਉਨਕਾ ਸ਼ੁਕਰ ਗੁਜ਼ਾਰ ਹੈ। ਦਾਨ ਕੇ ਲੀਏ ਭੀ ਉਨਕਾ ਦਰਵਾਜ਼ਾ ਕਿਸੀ ਪਰ ਬੰਦ ਨ ਥਾ ਬੇਵਗਾਂ ਵ ਯਤੀਮਾਂ ਕੀ ਪੂਰੀ ਪੂਰੀ ਇਮਦਾਦ ਕਰਤੇ ਥੇ। ........ਮੁਲਕੀ ਖਿਦਮਾਤ ਉਨਕਾ ਫਰਜ਼ੇ ਦੋਇਮ ਥਾ.........ਦੁਸ਼ਮਨ ਤਕ ਕੋ ਉਨਕੇ ਖਿਲਾਫ ਸ਼ਿਕਾਇਤ ਕਰਨੇ ਕੀ ਜੁਰੱਅਤ ਨਹੀਂ ਹੋ ਸਕਤੀ ਥੀ, ਔਰ ਜੋ ਗ਼ਲਤੀ ਕਰਤਾ ਭੀ ਥਾ ਉਸਕੋ ਦਰਯਾ ਦਿਲੀ ਸੇ ਮੁਆਫ ਕਰ ਦੀਆ ਕਰਤੇ ਥੇ। ਹਮੇਸ਼ਾ ਮਿਤ੍ਰ ਭਾਉ ਰਖਤੇ ਥੇ। ਖਾਲਸਾ ਹਾਈ ਸਕੂਲ ਕੀ ਕਾਮਯਾਬੀ ਕਾ ਸਿਹਰਾ ਜ਼ਿਆਦਾ ਤਰ ਉਨਕੇ ਸਰ ਪਰ ਥਾ। ਮਯੂਨਸਪਲ ਕਮੇਟੀ ਮੇਂ ਬੈਠ ਕਰ ਰਫਾ ਆਮ ਕੇ ਕਾਮੋਂ ਮੇਂ ਪੂਰੀ ਦਿਲਚਸਪੀ ਲੇਤੇ ਥੇ। ਸਾਦਗੀ ਤੋ ਉਨ ਮੇਂ ਕੂਟ ਕੂਟ ਕਰ ਭਰੀ ਹੁਈ ਥੀ।"

(ਲਾ: ਕਰਮ ਚੰਦ ਜੀ ਪੋਸਟ ਮਾਸਟਰ ਦਿੱਲੀ)



Digitized by Panjab Digital Library | www.panjabdigilib.org

# ੧੯੩੦

## ਯਾਤਰਾ ਟ੍ਰੇਨ

"ਸ੍ਰੀ ਮਾਨ ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਮੇਰੇ ਵਡੇ ਹੀ ਪ੍ਰੇਮੀ ਮਿੱਤ੍ਰ ਸਨ। ਜਦ ਕਦੇ ਮਿਲਨ ਦਾ ਅਵਸਰ ਹੋਇਆ, ਉਹ ਮੋਹ ਲੈਣ ਵਾਲੇ ਤਰੀਕੇ ਨਾਲ ਮਿਲਦੇ ਸਨ। ਓਹ ਅਸਲੀ ਅਰਥਾਂ ਵਿਚ ਸਿੱਖ ਤੇ ਗੁਰਮੁਖ ਸਨ! ਮੇਰਾ ਅਤੇ ਮੇਰੀ ਘਰ ਵਾਲੀ ਦਾ ਇਲਾਜ ਭੀ ਓਨ੍ਹਾਂ ਨੇ ਕੀਤਾ ਸੀ, ਸਾਨੂੰ ਓਨ੍ਹਾਂ ਦੀ ਦਵਾਈ ਨਾਲ ਅਰਾਮ ਹੋਇਆ।"

(ਸ੍ਰ: ਬ: ਸ੍ਰ: ਇੰਦਰ ਸਿੰਘ ਜੀ,ਚੀਫ ਸਕੱਤ੍ਰ, ਫਰੀਦ ਕੋਟ)

ਇਨ੍ਹੀ ਦਿਨੀ ਗੁਰਦਵਾਰਾ ਐਕਟ ਹੇਠਾਂ ਅਲੈਕਸ਼ਨ ਦੀ ਘੜਮੱਸ ਪੈ ਗਈ ਸੀ। ਸਿੱਖ ਪੰਥ ਵਿੱਚ ਖੁਦ.ਗਰਜ਼ੀ ਲਾਲਚ ਤੇ ਲੋਭ ਦੀ ਲਹਿਰ ਵਧ ਰਹੀ ਸੀ। ਫੁੱਟ ਆਪਣੇ ਪੈਰ ਪਸਾਰ ਰਹੀ ਸੀ ਤੇ ਪਾਰਟੀ ਬਾਜ਼ੀ ਜ਼ੋਰਾਂ ਤੇ ਸੀ। ਆਪਣੀ ੨ ਪਾਰਟੀ ਦੇ ਮੁਰੈਲੀ ਹਰ ਜਾਇਜ਼ ਨਾਜਾਇਜ਼ ਘਟਨਾ ਲਈ ਤਿਆਰ ਫਿਰ ਰਹੇ ਸਨ। ਇਸ ਸੰਬੰਧ ਵਿੱਚ ੩੧ ਜਨਵਰੀ ੧੯੩੦ ਦਾ ਡਾਇਰੀ ਨੋਟ ਇਸਤਰ੍ਹਾਂ ਹੈ:-

"ਸ੍ਰ: ਹਜ਼ਾਰਾ ਸਿੰਘ ਜੀ ਜਾਮਾਰਾਯ, ਸ੍ਰ: ਊਧਮ ਸਿੰਘ ਜੀ ਨਾਗੋਕੇ ਗੁਰਦੁਆਰਾ ਅਲੈਕਸ਼ਨ ਬਾਬਤ ਗਲ ਬਾਤ ਕਰਨ ਆਏ, ਗਰਮ ਹੋਕੇ ਗਏ।"

ਵੈਦ ਜੀ ਦੀਆਂ ਨਜ਼ਰਾਂ ਅੱਗੇ ਗੁਰਦੁਆਰਿਆਂ ਦੀ ਬਿਹਤ੍ਰੀ ਦਾ ਸਵਾਲ ਤੇ ਏਧਰ ਖੁਦ ਗ਼ਰਜ਼ੀ ਲਈ ਪਾਰਟੀਆਂ ਦੀ ਪੱਖ ਮੂਰਤੀ ਦਾ ਖਿਆਲ ਸੀ। ਗਰਮ ਤਾਂ ਹੋਣਾ ਹੀ ਹੋਇਆ! ਸੱਚੀ ਗੱਲ ਤਾਂ



Digitized by Panjab Digital Library | www.panjabdigilib.org

ਇਹ ਹੈ ਕਿ ਅਜੇ ਸਾਡੇ ਦੇਸ ਵਿੱਚ ਇਨਸਟੀਟਯੂਸ਼ਨ ਤੇ ਪਰਸਨੈਲਿਟੀ ਦੇ ਸੰਬੰਧ ਵਿੱਚ ਇੰਨਸਟੀਟਯੂਸ਼ਨ ਨੂੰ ਸੰਭਾਲਣ ਤੇ ਉਸ ਲਈ ਪਰਸਨੈਲਿਟੀ ਨੂੰ ਕੁਰਬਾਨ ਕਰਨ ਦਾ ਮਾਦਾ ਹੀ ਬਹੁਤ ਘਟ ਹੈ । ਅਸੀਂ ਲਿਹਾਜ਼ਾਂ ਮੁਲਾਹਿਜ਼ਿਆਂ ਤੇ ਖਾਸ ਇੱਜ਼ਤ ਬੇਇੱਜ਼ਤੀ ਦੇ ਸਵਾਲ ਅੱਗੇ ਕਿਸੇ ਸੰਸਥਾ ਜਾਂ ਇਨਸਟੀਟਯੂਟ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ । ਸਾਡੇ ਥਾਂ ਥਾਂ ਠੇਡੇ ਖਾਣ ਦਾ ਸਭ ਤੋਂ ਵੱਡਾ ਕਾਰਣ ਇਹੀ ਹੈ ।

ਵੈਦ ਜੀ ਇਸ ਹਾਲਤ ਨੂੰ ਦੇਖਕੇ ਬੜਾ ਦੁੱਖ ਮੰਨਦੇ ਸਨ । ਆਪ ੪ ਤੇ ੮ ਫਰਵਰੀ ਨੂੰ ਇਸਤਰ੍ਹਾਂ ਦੁਖੀ ਚਿਤ ਡਾਇਰੀ ਲਿਖਦੇ ਹਨ:–

"ਗੁਰਦੁਆਰਾ ਕਮੇਟੀ ਦੀ ਚੋਣ ਸੰਬੰਧੀ ਬੁਰਛਾ ਗਰਦ ਪਾਰਟੀਆਂ ਦਾ ਥਾਂ ਥਾਂ ਬਕਵਾਸ ਸੁਣਕੇ ਕਲੇਸ਼ ਹੁੰਦਾ ਰਿਹਾ ।"

"ਸਵੇਰ ਤੋਂ ਸ਼ਾਮਤਕ ਗੁਰਦਵਾਰਾ ਅਲੈਕਸ਼ਨ ਦੀ ਚੋਣ ਤੇ ਸਮਾ ਲੱਗਾ ਬੁਰਛਾ ਗਰਦੀ ਦੇ ਵਰਤਾਰੇ ਵੇਖ ਕੇ ਅਫਸੋਸ ਹੋਯਾ ।"

੧੩ ਫਰਵਰੀ ਨੂੰ ਪਤਾ ਲੱਗਾ ਕਿ ਆਪ ਫੇਰ ਸ੍ਰੋ: ਗੁ: ਪ੍ਰ: ਕਮੇਟੀ ਤੇ ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ ਤਰਨ ਤਾਰਨ ਦੀ ਮੈਂਬਰੀ ਲਈ ਬਿਲਾ ਮੁਕਾਬਲਾ ਕਾਮਯਾਬ ਹੋ ਗਏ ਹਨ ।

---

## ਸਰਬ ਹਿੰਦ ਗੁਰ ਤੀਰਥ ਯਾਤਰਾ ਟਰੇਨ

ਕੁਝ ਪ੍ਰੇਮੀਆਂ ਦੀ ਸ਼ੁਭ ਪ੍ਰੇਰਨਾ ਤੇ ਉੱਦਮ ਨਾਲ ਉਕਤ ਭਾਵ ਤੇ ਨਾਮ ਦਾ ਇੱਕ ਸਪੈਸ਼ਿਲ ਟ੍ਰੇਨ ਗੁਰਦੁਆਰਿਆਂ ਦੀ ਯਾਤ੍ਰਾ ਲਈ ੨੩ ਫਰਵਰੀ ੧੯੩੦ ਤੋਂ ਲਾਹੌਰੋਂ ਤੁਰਕੇ ੨੭ ਮਾਰਚ ੧੯੩੦ ਨੂੰ ਨਿਰ-ਵਿਘਨ ਯਾਤ੍ਰਾ ਕਰਕੇ ਵਾਪਸ ਆਇਆ । ਇਸ ਟ੍ਰੇਨ ਦੇ ਮੁਖੀ ਸੇਵਾਦਾਰਾਂ ਵਿੱਚੋਂ ਵੈਦ ਜੀ ਭੀ ਸਨ, ਜੋ ਟ੍ਰੇਨ ਦੇ ਇਨਚਾਰਜ ਸਨ । ਇਸ ਟ੍ਰੇਨ ਵਿੱਚ ਸਾਰੇ ੭੩੦ ਯਾਤ੍ਰੀ ਸਨ । ਬੱਚੇ ਬੱਚੀਆਂ ਸਮੇਤ ਕੋਈ ੮੦੦ ਯਾਤਰੂ ਸਨ । ਇਸ ਵਿੱਚ ਆਪ ਕੁਰਖੇਤ੍ਰ, ਦਿੱਲੀ, ਕਾਨ ਪੁਰ, ਲਖਨਊ, ਅਯੁੱਧਯਾ, ਅਲਾਹਾਬਾਦ (ਪ੍ਰਯਾਗ), ਬਨਾਰਸ ਕਾਂਸ਼ੀ, ਸਸਰਾਮ, ਗਯਾ, ਸ੍ਰੀ ਪਟਨਾ



Digitized by Panjab Digital Library | www.panjabdigilib.org

*ਪਟਨਾ ਸਾਹਿਬ ਖਾਲਸਾ ਜੀ ਦੇ ਚਹੁੰ ਤਖਤਾਂ ਵਿਚੋਂ ਇਕ ਪਵਿੱਤ੍ਰ ਅਸਥਾਨ ਹੈ। ਏਥੇ ਪੁੱਜਕੇ ਯਾਤਰੂਆਂ ਨੇ ਸ੍ਰੀ ਹਰਮੰਦਰ ਸਾਹਿਬ ਤੇ ਸੰਬੰਧਤ ਗੁਰ ਅਸਥਾਨਾਂ ਦੇ ਦਰਸ਼ਨ ਕੀਤੇ। ਵੈਦ ਜੀ ਨੇ ਏਥੇ ਦੀਵਾਨ ਵਿਚ ਗੁਰ ਸਿੱਖੀ ਅਸੂਲਾਂ ਤੇ ਬੜਾ ਪ੍ਰਭਾਵ ਸ਼ਾਲੀ ਵਖਯਾਨ ਦਿਤਾ ਤੇ ਹਰਿਮੰਦਰ ਸਾਹਿਬ ਜੀ ਦੀ ਸੇਵਾ ਲਈ ਅਪੀਲ ਕੀਤੀ। ੧੨੪੨।।=)। ਇਕਠੇ ਹੋਏ। ਹਰਿਮੰਦਰ ਦੇ ਪ੍ਰਬੰਧਕਾਂ ਵਿਚ ਫੁਟ ਹੋਣ ਕਰਕੇ ਸਾਰਿਆਂ ਨੇ ਸਰਬ ਸੰਮਤੀ ਨਾਲ ਫੁਟ ਮਿਟ ਕੇ ਪ੍ਰਬੰਧ ਠੀਕ ਹੋਣ ਤਕ ਇਹ ਰਕਮ ਵੈਦ ਜੀ ਪਾਸ ਅਮਾਨਤ ਵਜੋਂ ਜਮਾਂ ਪਈ ਰਹਿਣ ਲਈ ਗੁਰਮਤਾ ਪਾਸ ਕੀਤਾ। (ਵਿਸਤਾਰ ਲਈ ਦੇਖੋ ਸਰਬ ਹਿੰਦ ਗੁਰਤੀਰਥ ਯਾਤ੍ਰਾ ਕਮੇਟੀ ਲਾਹੌਰ ੧੯੩੦ ਦੀ ਰਪੋਟ) ਵੈਦ ਜੀ ਨੇ ਇਹ ਰਕਮ ਅੱਡ ਦੀ ਅੱਡ ਹੀ ਬੈਂਕ ਵਿਚ ਬਿਲਡਿੰਗ ਫੰਡ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਿਟੀ" ਦੇ ਨਾਮ ਜਮਾ ਕਰਾ ਦਿਤੀ। ਜੋ ਅੰਤ ਆਪ ਦੇ ਅਕਾਲ ਪੁਰੀ ਨੂੰ ਸਿਧਾਰਨ ਉਪ੍ਰੰਤ ਆਪ ਦੇ ਸਪੁਤ੍ਰ ਸਰਦਾਰ ਤ੍ਰਿਲੋਕ ਸਿੰਘ ਜੀ ਨੇ ਪ੍ਰਬੰਧ ਠੀਕ ਹੋ ਜਾਣ ਤੇ ੫੦੦) ਦੇ ਲੱਗ ਪੱਗ ਵਿਆਜ ਸਹਿਤ ੧੭੦੯।। ≡)।। ਦੀ ਰਕਮ ੪ ਜਨਵਰੀ ੧੯੩੯ ਨੂੰ ਧੰਨਵਾਦ ਸਹਿਤ ਭੇਟਾ ਕੀਤੀ। ਇਸ ਬਾਰੇ ਵੈਦ ਤ੍ਰਿਲੋਕ ਸਿੰਘ ਜੀ ਨੇ ਸਰਬ ਸੱਜਣਾਂ ਦੀ ਗਿਆਤ ਲਈ ੧੬. ੧. ੧੯੩੯. ਨੂੰ ਇਕ ਨਿੱਕਾ ਜੇਹਾ ਸਰਕੁਲਰ ਭੀ ਜਾਰੀ ਕੀਤਾ ਜੋ ਇਸਤਰਾਂ ਹੈ:—

'ਪਹਿਲੀ ਸਰਬ ਹਿੰਦ ਗੁਰ ਤੀਰਥ ਯਾਤ੍ਰਾ ਟ੍ਰੇਨ' ਦੇ ਯਾਤਰੂ ਸੱਜਣ ਜਿਨ੍ਹਾਂ ੧੯੩੦ ਦੀ ਟ੍ਰੇਨ ਵਿਚ ਯਾਤ੍ਰਾ ਕੀਤੀ ਸੀ—ਇਹ ਸੁਣਕੇ ਪ੍ਰਸੰਨ ਹੋਣਗੇ ਕਿ ਪਟਨਾ ਸਾਹਿਬ ਲਈ ਅਮਾਰਤ ਵਾਸਤੇ ਜੋ ਸਹਾਇਤਾ ੧੨੪੨।।=)। ੪-੩-੩੦ ਨੂੰ ਯਾਤ੍ਰਾ ਸਮੇਂ ਇਕੱਤ੍ਰ ਹੋਏ ਤੇ ਪੂਰੀ ਤਸੱਲੀ ਨਾਲ ਸੇਵਾ ਕਰਾਨ ਲਈ ਪਰਮ ਸਤਿਕਾਰ ਯੋਗ ਪਿਤਾ ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਪਾਸ ਅਮਾਨਤ ਰਖੇ ਗਏ ਸਨ—ਉਪ੍ਰੋਕਤ ਰਕਮ ਉਦੋਂ ਦੀ ਅੱਡ ਦੀ ਅੱਡ ਬੈਂਕ ਵਿਚ ਜਮਾਂ ਕਰਾ ਦਿਤੀ ਗਈ ਸੀ ਤੇ ਪਟਨਾ ਸਾਹਿਬ ਦਾ ਪ੍ਰਬੰਧ ਤਸੱਲੀ ਬਖਸ਼ ਨ ਹੋਣ ਕਾਰਨ ਰਕਮ ਸੇਵਾ ਤੇ ਖਰਚ ਨਹੀਂ ਸੀ ਹੋਈ। ਹੁਣ ਪ੍ਰਬੰਧ ਤਸੱਲੀ ਬਖਸ਼ ਹੋਣ ਤੇ ਸ਼੍ਰੋਮਣੀ ਗੁਰਦਵਾਰਾ



Digitized by Panjab Digital Library | www.panjabdigilib.org

ਬਾਦ, ਹੈਦਰਾ ਬਾਦ ਦੱਖਣ, ਨੰਦੇੜ (ਸ੍ਰੀ ਹਜ਼ੂਰ ਅਬਚਲ ਨਗਰ) ਨਾਸਕ (ਗੋਦਾਵਰੀ) ਬੰਬਈ (ਸਮੁੰਦਰ, ਸ਼ਹਿਰ, ਚੁਪਾਟੀ, ਮਾਲਾਬਾਰ ਹਿੱਲ ਵਗੈਰਾ) ਗਵਾਲੀਅਰ, ਆਗਰਾ, ਮਥੁਰਾ, ਬਿੰਦ੍ਰਾ ਬਨ, ਸਰਹੰਦ, ਫਤੇ-ਗੜ੍ਹ, ਸੁਲਤਾਨ ਪੁਰ ਤੇ ਸ੍ਰੀ ਕਰਤਾਰ ਪੁਰ ਆਦਿ ਥਾਵਾਂ ਦੀ ਯਾਤਰਾ ਕਰਦੇ ਹੋਏ ਸਾਰਾ ਭਾਰਤ ਵਰਸ਼ ਵੇਖ ੨੬ ਮਾਰਚ ਨੂੰ ਅੰਮ੍ਰਿਤਸਰ ਸਾਹਿਬ ਪੁੱਜੇ, ਉਸ ਦਿਨ ਦਾ ਨੋਟ ਹੈ:—

'ਯਾਤਰਾ ਟ੍ਰੇਨ ਵਾਪਸ ਸ੍ਰੀ ਅੰਮ੍ਰਿਤਸਰ ਪੁੱਜੀ। ਚਾਰਜ ਸ੍ਰ: ਨਿਹਾਲ ਸਿੰਘ ਜੀ ਨੂੰ ਦਿੱਤਾ।'

ਇਸ ਟ੍ਰੇਨ ਬਾਰੇ ਵੱਖ 'ਰਪੋਟ'* ਛਪੀ ਹੋਈ ਹੈ ਜੋ ਕੋਈ ੨੦੦ ਸਫੇ ਕਤਾਬੀ ਸਾਇਜ਼ ਉਤੇ ਬੜੇ ਵਿਸਤਾਰ ਤੇ ਵੇਰਵੇ ਸਹਿਤ ਹੈ ਤਮਾਮ ਗੁਰਦੁਆਰਿਆਂ ਦਾ ਹਾਲ ਤੇ ਵੇਖਣ ਯੋਗ ਥਾਂ ਤੇ ਆਮਦਨ ਖਰਚ ਦਾ ਚਿੱਠਾ ਇਸ ਵਿੱਚ ਦਰਜ ਹੈ।

---

ਪ੍ਰਬੰਧਕ ਕਮੇਟੀ ਤੇ ਚੀਫ ਖਾਲਸਾ ਦੀਵਾਨ ਤੋਂ ਤਸੱਲੀ ਕਰ ਹੁਣ ਤਕ ਦੇ ਵਿਆਜ ਤੇ ਕੁਝ ਹੋਰ ਸਜਣਾਂ ਵਲੋਂ ਮਿਲੀ ਸਹਾਇਤਾ ਸਣੇ ਕੁਲ ਰਕਮ ੧੭੦੯॥ ≡)॥ ਸਤਾਰਾਂ ਸੌ ਨੌ ਰੁਪਏ ਸਾਢੇ ਯਾਰਾਂ ਆਨੇ ਦਾ ਇੰਪੀਰੀਅਲ ਬੈਂਕ ਆਫ ਇੰਡੀਆ ਦਾ ਚੈਕ ਬਾਵਾ ਡਾਕਟਰ ਕਰਤਾਰ ਸਿੰਘ ਜੀ ਪ੍ਰਧਾਨ, ਸ੍ਰ: ਠਾਕਰ ਸਿੰਘ ਜੀ ਸਕੱਤ੍ਰ ਤੇ ਪ੍ਰੋਫੈਸਰ ਗੁਰਮੁਖ ਨਿਹਾਲ ਸਿੰਘ ਜੀ ਮੈਂਬਰ ਪ੍ਰਬੰਧਕ ਕਮੇਟੀ ਤਖਤ ਸ੍ਰੀ ਪਟਨਾ ਸਾਹਿਬ ਦੇ ਨਾਮ ਭੇਜ ਦਿਤਾ ਗਿਆ ਹੈ। ਆਸ ਹੈ ਕਮੇਟੀ ਵੱਲੋਂ ਇਹ ਰਕਮ ਯਾਤਰੂਆਂ ਦੇ ਆਸ਼ੇ ਅਨੁਸਾਰ ਯਾਤਰੂਆਂ ਦੇ ਅਰਾਮ ਲਈ ਅਮਾਰਤ ਤੇ ਹੀ ਖਰਚ ਕੀਤੀ ਜਾਵੇਗੀ।"

ਉਪ੍ਰੋਕਤ ਲੇਖ ਤੋਂ ਸਾਫ ਪ੍ਰਗਟ ਹੈ ਕਿ ਆਪ ਦੀ ਇੱਜ਼ਤ ਮਾਨ ਤੇ ਇਤਬਾਰ ਤਮਾਮ ਯਾਤਰੂਆਂ ਤੇ ਹੋਰ ਸੰਗਤ ਵਿਚ ਕਿਤਨਾ ਸੀ।

*ਚਾਹਵਾਨ ਸੱਜਣ ਕੇਵਲ ਦੋ ਆਨੇ ਡਾਕ ਖਰਚ ਭੇਜ ਕੇ ਭਾਈ ਮੋਹਨ ਸਿੰਘ ਵੈਦ ਐਂਡ ਸੰਨਜ਼ ਤਰਨ ਤਾਰਨ ਜਾਂ ਸ੍ਰ: ਨਿਹਾਲ ਸਿੰਘ ਜੀ ਐਡਵੋਕੇਟ ਲਾਹੌਰ ਦੇ ਪਤੇ ਤੋਂ ਮੰਗਵਾ ਸਕਦੇ ਹਨ।



Digitized by Panjab Digital Library | www.panjabdigilib.org

ਸਰਦਾਰ ਨਿਹਾਲ ਸਿੰਘ ਜੀ ਐਡਵੋਕੇਟ ਹਾਈ ਕੋਰਟ ਲਾਹੌਰ ਜੋ ਇਸ ਟ੍ਰੇਨ ਦੇ ਪ੍ਰਧਾਨ ਸਨ, ੩੧ ਮਈ ੧੯੩੮ ਦੀ ਪਤ੍ਰਕਾ ਵਿੱਚ ਵੈਦਰਾਜ ਜੀ ਬਾਬਤ ਇਸਤਰ੍ਹਾਂ ਲਿਖਦੇ ਹਨ:—

"ਮੈਨੂੰ ਉਨ੍ਹਾਂ ਦੇ ਦਰਸ਼ਨ ਕਰਨ ਦਾ ਅਵਸਰ ਅਕਸਰ ਮਿਲਦਾ ਰਿਹਾ ਹੈ ਤੇ ਯਾਤ੍ਰਾ ਟ੍ਰੇਨ ਵੇਲੇ ਜ਼ਿਆਦਾ Closely (ਨੇੜੇ ਰਹਿਣ ਦਾ) ਓਨ੍ਹਾਂ ਨਾਲ ਸੰਬੰਧ ਰਿਹਾ। ਭਾਈ ਸਾਹਿਬ ਬੜੇ ਹੀ ਉਚ ਦਰਜੇ ਦੇ ਗੰਭੀਰ ਤੇ ਮਿੱਠੀ ਰਸਨਾਂ ਵਾਲੇ ਸਨ। ਉਦਾਰ ਚਿਤ ਐਨੇ ਸਨ ਕਿ ਲੋੜਵੰਦਾਂ ਤੋਂ ਛੁਟ ਅਪਨੇ ਮੂੰਹ-ਚਿਤ ਲਗਣ ਵਾਲਿਆਂ ਨੂੰ ਵੀ ਅਕਸਰ ਮੁਫਤ ਦਵਾਈ ਦੇਂਦੇ ਹੁੰਦੇ ਸੀ ਤੇ ਦੂਸਰੀ ਪਾਰਟੀ ਦੇ ਜ਼ਿਦ ਕਰਨ ਤੇ ਵੀ ਕੀਮਤ ਲੈਣੋਂ ਨਾਂਹ ਹੀ ਰਖਦੇ ਸੀ।

ਅੱਡੋ ਅੱਡ ਬ੍ਰਾਂਚਾਂ ਵਿਚ ਆਪ ਦੀ ਇਲਮੀ ਲਿਆਕਤ ਦਾ ਸਬੂਤ ਆਪ ਦੀਆਂ ਰਚਿਤ ਸੈਂਕੜੇ ਕਤਾਬਾਂ ਸ਼ਾਹਦ ਹਨ।

੧੯੩੦ ਦੀ ਯਾਤ੍ਰਾ ਰਪੋਰਟ ਪੜ੍ਹ ਕੇ ਵੇਖੋ, ਰਸਤੇ ਦੀਆਂ ਔਖਿਆਈਆਂ ਵਿਚ ਜਿਸ ਖੂਬੀ ਨਾਲ ਆਪ ਨੇ ਸਭ ਸਭਾਵਾਂ ਵਾਲਿਆਂ ਤੇ Control (ਕਾਬੂ) ਰਖਿਆ ਓਹ ਓਥੋਂ ਜ਼ਾਹਰ ਹੈ।"

ਜਿਸ ਵੇਲੇ ਆਪ ਗੁਰਦੁਆਰਾ ਯਾਤਰਾ ਟ੍ਰੇਨ ਵਿੱਚ ਨੰਦੇੜ ਅਬਚਲ ਨਗਰ (ਦੱਖਣ) ਵਿੱਚ ਗਏ ਤਾਂ ਓਥੋਂ ਦੇ ਗੁਰਦਵਾਰਾ ਨਗੀਨਾ ਘਾਟ ਦੇ ਲੰਗਰ ਦੇ ਮੁਖ ਪ੍ਰਬੰਧਕ ਭਾਈ ਹਰਨਾਮ ਸਿੰਘ ਜੀ ਆਪ ਦੀ ਨਿਤ ਕ੍ਰਿਯਾ ਤੇ ਆਪ ਦੇ ਜੀਵਣ ਵਰਤਾਉ ਬਾਰੇ ਇਸਤਰ੍ਹਾਂ ਲਿਖਦੇ ਹਨ:—

"ਜਦੋਂ ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਜੀ ਦੀ ਯਾਤਰਾ ਵਾਸਤੇ ਆਏ ਸਨ, ਉਸ ਵੇਲੇ ਦਾਸ ਦਾ ਅਤੇ ਸ੍ਰੀ ਮਾਨ ਜੀ ਦਾ ਮਿਲਾਪ ਹੋਯਾ ਸੀ ਜੀ। ਇਥੇ ਆਪ ਜੀ ੨ ਬਜੇ ਰਾਤ ਦੇ ਸ਼ਨਾਨ ਵਾਸਤੇ ਗੋਦਾਵਰੀ ਤੇ ਆਉਂਦੇ ਹੁੰਦੇ ਸਨ। ਕੁਛ ਕੁ ਸਮਾ ਭਜਨ ਇਕਾਂਤ ਵਿਚ ਬਿਤਾ ਕਰਕੇ ੩ ਬਜੇ ਰਾਤ ਦੇ ਗੁਰਦਵਾਰਾ ਲੰਗਰ ਸਾਹਿਬ ਵਿਚ ਆ ਕਰਕੇ ਆਸਾ ਦੀ ਵਾਰ ਦਾ ਕੀਰਤਨ ਸੁਣ ਕੇ ਸੱਚ ਖੰਡ ਦਾ ਦਰਸ਼ਨ ਕਰਦੇ ਹੁੰਦੇ ਸਨ ਜੀ। ਦਿਨੇ ਤਖਤ ਸਾਹਿਬ ਦੀ ਸੇਵਾ ਕਰਦੇ ਹੁੰਦੇ ਸਨ ਅਤੇ ਕਈ ਕੁ ਬੀਮਾਰ ਭੀ ਨਾਮ ਸੁਣਕੇ ਇਲਾਜ ਵਾਸਤੇ ਆਪਦੇ ਕੋਲ ਆਉਂਦੇ ਹੁੰਦੇ ਸਨ। ਆਪ ਬੜੇ ਪ੍ਰੇਮ ਨਾਲ ਖਿੜੇ ਮਥੇ ਬੀਮਾਰਾਂ ਦਾ ਇਲਾਜ ਕਰਦੇ



Digitized by Panjab Digital Library | www.panjabdigilib.org

ਹੁੰਦੇ ਸਨ ਜੀ। ਅਤੇ ਜਿਸ ਵਕਤ ਭੀ ਆਪ ਪਾਸ ਕੋਈ ਮਿਲਨ ਵਾਲਾ ਆਵੇ ਉਸੀ ਟਾਈਮ ਤੇ ਆਪ ਮਿਲਦੇ ਸਨ, ਅਤੇ ਬੜੇ ਪ੍ਰੇਮ ਨਾਲ ਗੱਲ ਬਾਤ ਕਰਦੇ ਹੁੰਦੇ ਸਨ।''

ਇਸੇ ਤਰ੍ਹਾਂ ਯਾਤ੍ਰਾ ਟਰੇਨ ਦੇ ਯਾਤਰੂ (੧) ਭਾਈ ਹਰਨਾਮ ਸਿੰਘ ਜੀ ਬਜ਼ਾਜ਼ ਲਾਇਲਪੁਰੀ ਤੇ (੨) ਸ੍ਰ: ਹਰਦਿਤ ਸਿੰਘ ਜੀ ਰੀਟਾਇਰਡ ਤਹਸੀਲਦਾਰ ਲਿਖਦੇ ਹਨ ਕਿ:—

''ਭਾਈ ਮੋਹਨ ਸਿੰਘ ਜੀ ਵੈਦ ਇਕ-ਪ੍ਰਉਪਕਾਰੀ, ਨਿੰਮ੍ਰਤਾ ਦੇ ਪੁੰਜ, ਨਿਤਨੇਮ ਵਿਚ ਪ੍ਰਪੱਕ, ਗਰੀਬਾਂ ਤੇ ਅਤਿਥੀਆਂ ਦੇ ਅਮਲੀ ਤੌਰ ਤੇ ਹਮਦਰਦ, ਗੁਰਦਵਾਰਿਆਂ ਦੀ ਸੇਵਾ ਗੁਪਤ ਤੇ ਪ੍ਰਗਟ ਤਨੋਂ, ਮਨੋਂ ਤੇ ਧਨ ਸਹਿਤ ਕਰਨ ਵਾਲੇ, ਇਕ ਹੱਥ ਦਾਨ ਦੇਕੇ ਦੂਜੇ ਹੱਥ ਨੂੰ ਪਤਾ ਨਾ ਦੇਣ ਵਾਲੇ ਸਨ।

ਆਪ ਜੀ ਗੁਰਸਿੱਖ, ਰਹਿਣੀ ਦੇ ਪੂਰੇ, ਕਰਣੀ ਦੇ ਸੂਰੇ, ਨਾਮ ਬਾਣੀ ਵਿਚ, ਇਤਿਹਾਸ ਵਿਚ ਆਲ੍ਹਾ ਤੇ ਚੋਣਵਾਂ ਦਿਮਾਗ ਰੱਖਣ ਵਾਲੇ ਸਨ। ਜੋ ਸੇਵਾ ਓਹਨਾਂ ਪੁਸਤਕਾਂ ਲਿਖ ਕੇ ਕੋਲੋਂ ਖਰਚ ਕਰਕੇ ਛਪਵਾਕੇ ਪੰਥ ਦੀ ਕੀਤੀ ਹੈ ਓਹ ਅਕਥਨੀਯ ਹੈ।

ਆਪ ਦੀ ਪਵਿੱਤ੍ਰ ਜ਼ਿੰਦਗੀ ਵਿਚ ਜੋ ਸੋਹਣਾ ਤੇ ਸੁਹਾਵਨਾ ਸਮਾਂ ਦਾਸ ਨੂੰ ਓਹਨਾਂ ਦੇ ਚਰਨਾਂ ਵਿਚ ਰਹਿਣ ਦਾ ਤੇ ਸੰਗਤ ਕਰਨ ਦਾ ਮਿਲਿਆ ਹੈ ਓਹ ਸਰਬ ਹਿੰਦ ਗੁਰ ਤੀਰਥ ਯਾਤਰਾ ਟਰੇਨ ਵਿਚ ਪ੍ਰਾਪਤ ਹੋਇਆ।

ਉਸ ਯਾਤਰਾ ਟਰੇਨ ਵਿਚ ਅੱਠ ਨੌ ਸੌ ਯਾਤਰੂ ਹੈਸਨ। ਬ੍ਰਿਧ ਬੱਚੇ, ਮਾਈਆਂ ਗਲ ਕੀ ਸਾਰੇ ਪੰਜਾਬ ਦੇ ਠੰਡੇ-ਤੱਤੇ ਖਿਆਲਾਂ ਦੇ ਆਦਮੀ। ਫਿਰ ਪ੍ਰਦੇਸ ਅਤੇ ਰੋਜ਼ ਦਾ ਨਵਾਂ ਪ੍ਰਬੰਧ ਕਰਨਾ। ਨੁਕਤਾ ਚੀਨੀ ਜਾਇਜ਼ ਤੇ ਨਾ-ਜਾਇਜ਼ ਦੋਵਾਂ ਦਾ ਯੋਗ ਉੱਤਰ ਦੇਣਾ ਤੇ ਅਗੋਂ ਲਈ ਸਭ ਸੰਗਤਾਂ ਦੇ ਸੁਖ ਤੇ ਆਰਾਮ ਦਾ ਤਸੱਲੀ ਬਖਸ਼ ਪ੍ਰਬੰਧ ਕਰਨਾ। ਬੀਮਾਰਾਂ ਦਾ ਪੂਰਾ ਪੂਰਾ ਧਿਆਨ ਦੇਣਾ ਤੇ ਆਪਣੇ ਪਾਸੋਂ ਹਰ ਕਿਸਮ ਦੀ ਦਵਾਈ ਬਗੈਰ ਕਿਸੇ ਪੈਸੇ ਦੇ ਦੇਵਨੀ, ਆਪ ਤਕਲੀਫ ਦਿਨ ਰਾਤ ਸਹਾਰਨੀ ਪਰ ਕਿਸੇ ਨੂੰ ਤਕ-ਲੀਫ ਵਿਚ ਵੇਖਕੇ ਨਾ ਸਹਾਰਨਾ। ਏਹ ਆਪ ਵਿਚ ਸਾਧਾਰਨ ਗੱਲਾਂ ਸਨ। ਮਿੱਠਾ ਬੋਲਣਾ, ਹਰ ਕਿਸੇ ਦਾ ਆਦਰ ਕਰਨਾ, ਗੁਰਮਤ ਦੀ ਸਿਖਿਆ ਦੇਣੀ, ਅੰਮ੍ਰਿਤ ਵੇਲੇ ਜਾਗਣਾ, ਕੀਰਤਨ ਵਿਚ ਪੂਰਾ ਹਿੱਸਾ ਲੈਣਾ। ਹਰ



Digitized by Panjab Digital Library | www.panjabdigilib.org

ਇਕ ਗੁਰਦਵਾਰੇ ਦੀ ਯਾਤਰਾ ਕਰਨੀ ਤੇ ਆਪਣੇ ਪਾਸੋਂ ਵਿਤ ਤੋਂ ਵੱਧ ਭੇਟਾ ਕਰਨੀ। ਹੋਰ ਕੀ ਲਿਖਾਂ?ਜੋ ਭੀ ਪੂਰਨ ਗੁਰਸਿਖਾਂ ਵਿਚ ਗੁਣ ਹੋਣੇ ਚਾਹੀਦੇ ਹਨ ਉਹ ਆਪ ਜੀ ਵਿਚ ਹੈਸਨ। ਆਪ ਜੀਦੀ ਪਵਿੱਤ੍ਰ ਹਸਤੀ ਇਕ ਪੰਥਕ ਰੂਹ ਸੀ, ਚਮਕਦੀ ਰੂਹ ਸੀ ਤੇ ਚਾਨਣ ਮੁਨਾਰੇ ਦਾ ਕੰਮ ਦੇਂਦੀ ਸੀ।"

(੨)

"ਮੈਂ ਭਾਈ ਸਾਹਿਬ ਜੀ ਕੋ ੧੯੦੯ ਸੇ ਜਾਨਤਾ ਹੂੰ। ਵੁਹ ਏਕ ਕਾਬਲ ਔਰ ਤਜਰਬਾ ਕਾਰ ਵੈਦਜ ਥੇ। ਮੈਂ ਅਮੂਮਨ ਉਨ ਸੇ ਅਦਵੀਯਾਤ ਲੀਆ ਕਰਤਾ ਥਾ ਔਰ ਮੁਫੀਦ ਪਾਇਆ ਕਰਤਾ ਥਾ। ਵੁਹ ਬੜੇ ਖਲੀਕ ਔਰ ਮਿਲਨਸਾਰ ਥੇ।

ਫਰਵਰੀ ਮਾਰਚ ੧੯੩੦ ਮੇਂ ਜਬ ਸਿਖ ਯਾਤਰਾ ਟ੍ਰੇਨ ਮੇਂ ਮੈਂ ਉਨਕੇ ਸਾਥ ਥਾ, ਵੁਹ ਟਰੇਨ ਕੇ ਪ੍ਰਬੰਧਕੋਂ ਮੇਂ ਸੇ ਇਨਚਾਰਜ ਥੇ। ਬਹੁਤ ਅੱਛੇ ਇੰਤਜ਼ਾਮ ਕੇ ਸਾਥ ਸਫਰ ਹੋਤਾ ਰਹਾ। ਵੁਹ ਬੜੇ ਹੌਸਲਾ ਵਾਲੇ ਔਰ ਸ਼ਾਂਤ ਸੁਭਾਵ ਵਾਲੇ ਥੇ ਏਕ ਮੌਕਯਾ ਲੰਗਰ ਵਰਤਾਨੇ ਕੇ ਵਕਤ ਏਕ ਸਿੱਖ ਭਾਈ ਨੇ ਗੁੱਸਾ ਮੇਂ ਆ ਕਰ ਕੜਛੀ ਉਨਕੋ ਮਾਰੀ, ਲੇਕਨ ਵੁਹ ਸ਼ਾਂਤ ਰਹੇ। ਵੁਹ ਦਲੇਰ ਔਰ ਨਿਡਰ ਭੀ ਥੇ। ਟਰੇਨ ਬੰਬਈ ਪਹੁੰਚੀ ਤੋ ਸਟੇਸ਼ਨ ਸੁਪ੍ਰੰਟੰਡੰਟ ਨੇ ਤਲਖ ਰਵੀਆ ਕੇ ਸਾਥ ਕਹਾ ਕਿ 'ਟਰੇਨ ਖਾਲੀ ਕਰ ਦੋ ਵਰਨਾ ਪੁਲੀਸ ਕੋ ਬੁਲਾ ਕਰ ਟਰੇਨ ਖਾਲੀ ਕਰਾਈ ਜਾਵੇਗੀ।' ਇਸ ਪਰ ਭਾਈ ਸਾਹਿਬ ਨੇ ਨਿਧੜਕ ਹੋ ਕਰ ਜਵਾਬ ਦੀਆ ਕਿ 'ਯਾਤਰੂਓਂ ਕਾ ਅਸਬਾਬ ਨਿਕਲਵਾ ਕਰ ਜਹਾਂ ਚਾਹੋ ਫੈਂਕ ਦੋ, ਲੇਕਨ ਅਗਰ ਗੁਰੂ ਗ੍ਰੰਥ ਸਾਹਿਬ ਕੀ ਬੇ ਅਦਬੀ ਹੁਈ ਤੋ ਯਾਤਰੂ ਬਰਦਾਸ਼ਤ ਨਹੀਂ ਕਰ ਸਕੇਂਗੇ, ਕਟ ਮਰੇਂਗੇ ਔਰ ਆਪ ਭੀ ਦੇਖ ਲੋਗੇ ਕਿ ਆਪ ਕੀ ਕਿਆ ਗਤ ਹੋਗੀ।' ਇਸ ਪਰ ਸਟੇਸ਼ਨ ਸੁਪ੍ਰੰਟੰਡੰਟ ਕੋ ਹੋਸ਼ ਆ ਗਈ ਔਰ ਟ੍ਰੇਨ ਕੋ ਨਜ਼ਦੀਕ ਕੇ ਸਟੇਸ਼ਨ ਬਾਈਕੁਲਾ ਪਰ ਠਹਿਰਾਇਆ ਗਿਆ।"

---

੫ ਅਪ੍ਰੈਲ ਨੂੰ ਸ੍ਰ: ਤੇਜਾ ਸਿੰਘ ਜੀ ਘਵਿੰਡ ਨੂੰ ੧ ਜਿਲਦ 'ਸਿੱਧ ਔਖਧੀ ਭੰਡਾਰ' ਪ੍ਰੇਮ ਭੇਟ ਕੀਤੀ। ਅਤੇ ਇਸੇਤਰ੍ਹਾਂ ੮ ਅਪ੍ਰੈਲ ਨੂੰ 'ਸਾਹਿਤਕ ਸਦਨ ਅਬੋਹਰ' ਦੇ ਸੰਤਾਂ ਨੂੰ ਲਾਇਬਰੇਰੀ ਵਾਸਤੇ ੪੦ਪੁਸਤਕ ਭੇਟ ਕੀਤੇ।

੧੫ ਅਪ੍ਰੈਲ ਨੂੰ ਭਾਰਤ ਸਪੂਤ ਪੰਡਤ ਜਵਾਹਰ ਲਾਲ ਨਹਿਰੂ ਦੇ ਫੜੇ ਜਾਣ ਤੇ ਸਾਰੇ ਸ਼ਹਿਰ ਵਿੱਚ ਹੜਤਾਲ ਰਹੀ, ਪਰ ਏਧਰ ਵਿਚਾਰੇ



Digitized by Panjab Digital Library | www.panjabdigilib.org

ਗਰੀਬ ਬੀਮਾਰਾਂ ਦੇ ਟੋਲੇ ਬੁਰੇ ਹਾਲੀਂ ਫਿਰਨ ਲੱਗੇ ਤੇ ਵੈਦ ਜੀ ਦੇ ਘਰ ਅੱਗੇ ਆ ਜਮਾ ਹੋਏ। ਆਪ ਨੇ ਦੁਕਾਨ ਤਾਂ ਨਾ ਖੋਲ੍ਹੀ, ਪਰ ਘਰੋਂ ਹੀ ਮੁਫਤ ਦਵਾਈਆਂ ਦੇਕੇ ਉਪਕਾਰ ਕੀਤਾ।

੨੩ ਅਪ੍ਰੈਲ ਦਾ ਨੋਟ--'ਅੰਮ੍ਰਿਤਸਰੋਂ ਕਾਂਗਰਸੀ ਜੱਥਾ ਨਿਮਕ ਬਣਾਨ ਵਾਲਾ ਆਯਾ'

ਪਸ਼ਾਵਰ ਵਿਚ ਲਾਲ ਕੁੜਤੀਆਂ ਤੇ ਗੋਲੀ ਚਲਣ ਦੀ ਘਟਨਾਂ ਬਾਰੇ ੨ ਮਈ ਨੂੰ ਹੜਤਾਲ ਰਹੀ ਤੇ ਫੇਰ ੬ ਮਈ ਨੂੰ ਮਹਾਤਮਾ ਗਾਂਧੀ ਜੀ ਦੀ ਗ੍ਰਿਫਤਾਰੀ ਦੇ ਕਾਰਣ ਮੁਕੰਮਲ ਹੜਤਾਲ ਹੋ ਗਈ।

੭ ਮਈ ਨੂੰ ਸ: ਬ: ਸਰ ਸੁੰਦਰ ਸਿੰਘ ਮਜੀਠੀਆ ਤੇ ਸ: ਰਘੁਬੀਰ ਸਿੰਘ ਜੀ ਸੰਧਾ ਵਾਲੀਏ ਸਕੂਲ ਦੇ ਸਾਲਾਨਾ ਜਲਸੇ ਵਿਚ ਆਏ ਉਸ ਦਿਨ ਦਾ ਨੋਟ ਇਸ ਤਰ੍ਹਾਂ ਹੈ:-

"੭॥ ਤੋਂ ੧੨ ਤਕ ਸਮਾ ਸ: ਬ: ਸਰ ਸੁੰਦਰ ਸਿੰਘ ਜੀ ਮਜੀਠੀਏ ਤੇ ਸ: ਰਘੁਬੀਰ ਸਿੰਘ ਜੀ ਸੰਧਾਵਾਲੀਏ ਨਾਲ ਖਾ: ਹਾਈ ਸਕੂਲ ਸਾਲਾਨਾ ਇਨਾਮ ਵੰਡਣ ਦੇ ਜਲਸੇ ਵਿਚ ਲੱਗਾ।"

੧੩ ਮਈ ਨੂੰ ਕਸੂਰ ਵਾਲੇ ਪੰ: ਸੰਭੂ ਨਾਥ ਜੀ ਰੀਟਾਇਰਡ ਤਹਿ-ਸੀਲਦਾਰ ਨੂੰ ਇਕ ਬੀੜ ਹਿੰਦੀ ਗੁਰੂ ਗ੍ਰੰਥ ਸਾਹਿਬ ਦੀ ਭੇਟਾ ਕੀਤੀ।

੨੧ ਮਈ ਦਾ ਸਮਾ ਆਪ ਨੇ ਇਕ ਰਾਜ਼ੀ ਨਾਮਾ ਕਰਾਉਣ ਵਿਚ ਸਫਲ ਕੀਤਾ। ਨੋਟ ਹੈ:-

੧੦ ਤੋਂ ੫ ਤਕ ਕਚਹਿਰੀ ਵਿਚ ਸ: ਸਾਧੂ ਸਿੰਘ ਜੀ ਰਸਾਲਦਾਰ ਤੇ ਸੰਤ ਭਗਤ ਸਿੰਘ ਜੀ ਅਲਦੀਨ ਪੁਰ ਦਾ ਰਾਜ਼ੀ ਨਾਮਾ ਕਰਾਨ ਤੇ ਲਗਾ, ਖੁਸ਼ੀ ਹੋਈ ਜੋ ਮਿਹਨਤ ਸਫਲ ਹੋਈ, ਮੁਕੱਦਮੇ ਹਟ ਗਏ।

੨੩ ਮਈ ਨੂੰ ਅਮਰ ਸਿੰਘ ਕਾਂਗ੍ਰਸ ਸਕੱਤ੍ਰ ਆਦਿਕ ਦੀਆਂ ਗ੍ਰਿਫਤਾਰੀਆਂ ਹੋਣ ਕਰ ਕੇ ਸ਼ਹਿਰ ਵਿਚ ਮੁਕੰਮਲ ਹੜਤਾਲ ਰਹੀ।

੩੧ ਮਈ ਨੂੰ ਸ: ਬ: ਸ: ਹੁਕਮ ਸਿੰਘ ਜੀ ਹਥੀਂ ਆਪ ਨੇ 'ਸ੍ਰੀ ਗੁਰੂ ਨਾਨਕ ਕੰਨਿਆਂ ਪਾਠਸ਼ਾਲਾ ਅੰਮ੍ਰਿਤਸਰ' ਵਾਸਤੇ ੬੩ ਪੁਸਤਕ ਦਾਨ ਵਜੋਂ ਭੇਜੇ।

੭ ਜੂਨ ਨੂੰ 'ਆਲ ਪਾਰਟੀਜ਼ ਸਿਖ ਕਾਨਫ੍ਰੰਸ' ਅੰਮ੍ਰਿਤਸਰ ਵਿਚ



Digitized by Panjab Digital Library | www.panjabdigilib.org

ਸ਼ਾਮਲ ਹੋਏ। ਜੋ ਪੰਥ ਵਿਚੋਂ ਫੁੱਟ ਮਿਟਾਣ ਲਈ ਕੀਤੀ ਗਈ ਸੀ।

੧੧ ਤੇ ੧੨ ਜੂਨ ਦੇ ਨੋਟ ਇਸਤਰ੍ਹਾਂ ਹਨ:—

"ਕਾਂਗ੍ਰਸ ਦਾ ਪਹਿਲਾ ਜੱਥਾ(ਸਿਵਲ ਨ ਫੁਰਮਾਨੀ ਦੀ ਪ੍ਰੇਰਨਾ ਕਰਦਾ) ਠਰੂ ਗ੍ਰਿਫਤਾਰ ਹੋਇਆ। ਸ਼ਹਿਰ ਵਿਚ ਅੱਧਾ ਦਿਨ ਹੜਤਾਲ ਰਹੀ। ਕਾਂਗ੍ਰਸ ਦਾ ਜੱਥਾ ਠਰੂ ਨੂੰ ਹੋਰ ਗਿਆ, ਸਾਰੇ ਸ਼ਹਿਰ ਵਿਚ ਸਾਰਾ ਦਿਨ ਮੁਕੰਮਲ ਹੜਤਾਲ ਰਹੀ, ਦੁਖੀ ਰੋਗੀਆਂ ਨੂੰ ਮੁਫਤ ਦਵਾਵਾਂ ਘਰ ਹੀ ਦਿੰਦੇ ਰਹੇ।"

੧੫ ਜੂਨ ਨੂੰ ਸ: ਸੋਹਣ ਸਿੰਘ ਉਪਦੇਸ਼ਕ ਅਲੀ ਗੜ੍ਹ ਆਇਆ। ਕੁਝ ਦਵਾਵਾਂ ਤੇ ਪੁਸਤਕਾਂ ਮੁਫਤ ਭੇਟ ਕੀਤੀਆਂ।

ਪੁਲਿਸ ਦੀ ਬੇ ਦਰਦਾਨਾ ਮਾਰ ਬਾਰੇ ੨੪ ਜੂਨ ਦਾ ਨੋਟ ਹੈ:—

"ਠਰੂ ਦੀ ਪੁਲੀਸ ਦੀ ਮਾਰ ਵਾਲੇ ਵੇਖੇ ਜੋ ਬਹੁਤ ਬੇ ਰਹਿਮੀ ਨਾਲ ਮਾਰੇ ਕੁੱਟੇ ਗਏ।"

੧ ਜੁਲਾਈ ਨੂੰ ਪੰ: ਮੋਤੀ ਲਾਲ ਜੀ ਦੀ ਗ੍ਰਿਫਤਾਰੀ ਕਾਰਣ ਹੜਤਾਲ ਰਹੀ।

੭ ਜੁਲਾਈ ਨੂੰ ਡਾਕਟਰ ਆਤਮਾ ਸਿੰਘ ਜੀ ਤਰਨ ਤਾਰਨੀ ਦੀ ਗ੍ਰਿਫਤਾਰੀ ਬਦਲੇ ਸਾਰਾ ਦਿਨ ਸ਼ਹਿਰ ਵਿਚ ਹੜਤਾਲ ਰਹੀ।

ਡਾਕਟਰ ਆਤਮਾ ਸਿੰਘ ਜੀ ਪੂਰੇ ਗੁਰਸਿਖ ਤੇ ਦੇਸ਼ ਭਗਤ ਹਨ। ਆਪ ਦੀ ਹਰ ਦਿਲ ਅਜ਼ੀਜ਼ੀ ਕਾਰਨ ਹੀ ਆਪ ਕਾਂਗ੍ਰਸ ਕਮੇਟੀ ਤੇ ਮਿਉਂ-ਸਪਲ ਕਮੇਟੀ ਦੇ ਪ੍ਰਧਾਨ ਹਨ ਆਪਦੇ ਤਰਨ ਤਾਰਨ ਆਉਣ ਅਤੇ ਠਹਿਰਨ ਵਿਚ ਬਹੁਤ ਭਾਰਾ ਹੱਥ ਵੈਦ ਰਾਜ ਜੀ ਦਾ ਹੈ, ਜਿਸ ਬਾਰੇ ਆਪ ਆਪਣੇ ਖਿਆਲ ਇਸਤਰ੍ਹਾਂ ਪ੍ਰਗਟ ਕਰਦੇ ਹਨ:—

"ਵੈਦ ਜੀ ਦੇ ਪਿਆਰ ਅਰ ਮਨੁਖ ਮਾਤਰ ਦੀ ਸੇਵਾ ਦੀ ਇਕ ਵੰਨਗੀ ਆਪਣੀ ਹੱਡ ਬੀਤੀ ਹੀ ਦੱਸਣੀ ਯੋਗ ਸਮਝਦਾ ਹਾਂ।

ਮੈਂ ਇਥੇ ਖਾਲਸਾ ਪ੍ਰਚਾਰਕ ਵਿਦਯਾਲੇ ਦੇ ਹਸਪਤਾਲ ਵਿਚ ਹਸਪਤਾਲ ਦੀ ਸੇਵਾ ਤੇ ਨੀਯਤ ਹੋਇਆ ਸਾਂ, ਕੁਝ ਚਿਰ ਸੇਵਾ ਕਰਨ ਮਗਰੋਂ ਹਸਪਤਾਲ ਵਿਚੋਂ ਮੈਨੂੰ ਅੱਡ ਹੋਣਾ ਪਿਆ। ਉਸ



Digitized by Panjab Digital Library | www.panjabdigilib.org

ਵੇਲੇ ਵੈਦ ਜੀ ਨੇ ਆਪਣੇ ਪਿਆਰ ਅਰ ਉਪਕਾਰ ਵਾਲੇ ਹੱਥ ਨੂੰ ਮੇਰੇ ਵਲ ਵਧਾਇਆ ਅਰ ਹੌਸਲਾ ਦੇ ਕੇ ਕਿਹਾ ਕਿ 'ਹਸਪਤਾਲ ਵਾਲੀ ਤਨਖਾਹ ਅਰ ਹੋਰ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਲ ਉਹ ਆਪਣਾ ਇਕ ਵੱਖਰਾ ਹਸਪਤਾਲ ਮੇਰੇ ਲਈ ਖੋਹਲਣ ਲਈ ਤਿਆਰ ਹਨ'।

ਮੈਂ ਇਕ ਪ੍ਰਦੇਸੀ ਦੀ ਹਸਤੀ ਵਿਚ ਤਰਨ ਤਾਰਨ ਵਿਚ ਰਹਿੰਦਾ ਸਾਂ, ਪਰ ਵੈਦ ਜੀ ਦੇ ਪਿਆਰ ਨੇ ਮੈਨੂੰ ਨਿਸਚਿੰਤ ਕਰਵਾ ਦਿਤਾ ਕਿ ਮੈਂ ਇਕ ਆਪਣੇ ਪਿਆਰਿਆਂ ਪਾਸ ਰਹਿੰਦਾ ਹਾਂ। ਉਹਨਾਂ ਦੀ ਹਸਪਤਾਲ ਵਾਲੀ ਦਲੀਲ ਮੈਂ ਚੰਗੀ ਤਰ੍ਹਾਂ ਵਿਚਾਰਦਾ ਰਿਹਾ, ਪਰ ਆਪਣੇ ਆਪ ਨੂੰ ਇਸ ਯੋਗ ਨਾ ਸਮਝ ਕੇ ਉਹਨਾਂ ਦੀ ਕ੍ਰਿਪਾ ਦਾ ਪਾਤ੍ਰ ਨਾ ਬਣ ਸਕਿਆ।

ਮੇਰੇ ਨਾਲ ਵੈਦ ਜੀ ਦਾ ਪਿਆਰ ਉਸੇ ਤਰ੍ਹਾਂ ਰਿਹਾ, ਅਰ ਮੈਂ ਭੀ ਉਹਨਾਂ ਨੂੰ ਆਪਣਾ ਸਹਾਰਾ ਸਮਝ ਕੇ ਤਰਨ ਤਾਰਨ ਵਿਚ ਹੀ ਆਪਣਾ ਕੰਮ ਅਰੰਭ ਦਿੱਤਾ, ਅਰ ਵੈਦ ਜੀ ਮੇਰੇ ਕੰਮ ਵਿਚ ਸਦਾ ਹੀ ਸਹਾਇਤਾ ਕਰਦੇ ਰਹੇ।

ਵੈਦ ਜੀ ਦੀ ਜ਼ਿੰਦਗੀ ਹਰ ਪਹਿਲੂ ਤੋਂ ਰੌਸ਼ਨੀ ਦਾ ਇਕ ਉਚਾ ਮੁਨਾਰਾ ਸੀ। ਭਾਈਚਾਰਕ, ਵਿਦਿਯਕ, ਆਰਥਕ, ਇਖਲਾਕੀ, ਰਾਜਨੀਤਕ ਗੋਇਆ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਜ਼ਿੰਦਗੀ ਸੱਚੀ ਅਰ ਸੁੱਚੀ ਸੀ।

ਜਿਥੋਂ ਤਕ ਮੇਰੀ ਬੁੱਧੀ ਉਹਨਾਂ ਦੇ ਸੁਭਾ ਨੂੰ ਸਮਝ ਸਕੀ ਹੈ, ਉਹ ਆਪਣੀ ਜ਼ਿੰਦਗੀ ਵਿਚ ਕਿਸੇ ਛੋਟੇ ਵੱਡੇ, ਅਮੀਰ ਗਰੀਬ ਨੂੰ ਕਿਸੇ ਤਰ੍ਹਾਂ ਵੀ ਨਰਾਜ਼ ਕਰਕੇ ਖੁਸ਼ ਨਹੀਂ ਸੀ ਰਹਿ ਸਕਦੇ। ਉਹਨਾਂ ਦੀ ਕੋਸ਼ਿਸ਼ ਸਦਾ ਹੀ ਏਹੋ ਹੁੰਦੀ ਸੀ ਕਿ ਕੋਈ ਵੀ ਪੁਰਸ਼ ਉਹਨਾਂ ਤੋਂ ਨਿਰਾਸ ਹੋ ਕੇ ਨਾ ਜਾਵੇ।

ਤਰਨ ਤਾਰਨ ਵਿਚ ਲਾਇਬ੍ਰੇਰੀ ਦੀ ਥੋੜ ਨੂੰ ਅਨੁਭਵ ਕਰਕੇ



Digitized by Panjab Digital Library | www.panjabdigilib.org

ਸ੍ਰੀ ਦਰਬਾਰ ਸਾਹਿਬ ਦੀ ਕਮੇਟੀ ਨੂੰ ਬੇਨਤੀ ਕੀਤੀ। ਏਹ ਭਾਈ ਮੋਹਨ ਸਿੰਘ ਜੀ ਵਰਗੀ ਹਸਤੀ ਦੇ ਸਦਕੇ ਹੀ ਇਕ ਆਲੀਸ਼ਾਨ ਲਾਇਬ੍ਰੇਰੀ ਸ੍ਰੀ ਦਰਬਾਰ ਸਾਹਿਬ ਵਲੋਂ ਖੋਲੀ ਗਈ ਸੀ।

ਵਿਦਿਯਕ ਪੈਹਲੂ ਤੇ ਆਪ ਜੀ ਇਤਨੇ ਉੱਚੇ ਸਨ ਕਿ ਚੰਗੇ ਪੜ੍ਹੇ ਲਿਖੇ ਆਦਮੀ ਵੀ ਆਪ ਜੀ ਤੋਂ ਸਲਾਹ ਮਸ਼ਵਰਾ ਲੈਣਾ ਆਪਣੇ ਲਈ ਫ਼ਖ਼ਰ ਸਮਝਦੇ ਸਨ।

ਵੈਦ ਜੀ ਇਕ ਉਹ ਉੱਚ ਹਸਤੀ ਸਨ, ਜਿਨ੍ਹਾਂ ਤੇ ਨਾ ਸਿਰਫ ਤਰਨ ਤਾਰਨ ਨੂੰ ਬਲਕੇ ਸਾਰੇ ਦੇਸ਼ ਨੂੰ ਫ਼ਖ਼ਰ ਸੀ। ਤਰਨ ਤਾਰਨ ਲਈ ਓਹ ਇਕ ਥੰਮ ਸਨ। ਹਿੰਦੂ, ਮੁਸਲਮਾਨ, ਸਿਖ ਸਭ ਉਹਨਾਂ ਦੀ ਨਜ਼ਰਾਂ ਵਿਚ ਇੱਕੋ ਜੇਹੇ ਸਨ।

ਉਹਨਾਂ ਦੀ ਪਵਿੱਤ੍ਰ ਜ਼ਿੰਦਗੀ ਦੇ ਸਦਕੇ ਹੀ ਅਜ ਤਰਨ ਤਾਰਨ ਸਾਰੇ ਦੇਸ਼ਾਂ ਵਿਚ ਮਸ਼ਹੂਰ ਹੈ।

"ਹੋਂਦੇ ਤਾਣ ਨਿਤਾਣਿਆਂ" ਦੇ ਵਾਕ ਨੂੰ ਉਹਨਾਂ ਆਪਣੀ ਜ਼ਿੰਦਗੀ ਦਾ ਸ਼ਿੰਗਾਰ ਬਣਾਇਆ ਹੋਇਆ ਸੀ। ਉਹ ਉੱਚ ਵਿਦਿਆ, ਨਿੰਮ੍ਰਤਾ ਅਰ ਉੱਚ ਇਖਲਾਕ ਦੀ ਸੱਚੀ ਮੂਰਤ ਸਨ।

ਮੈਂ ਤਾਂ ਉਹਨਾਂ ਦੀ ਜ਼ਿੰਦਗੀ ਨੂੰ ਜਿਸ ਝਰਨੇ ਤੋਂ ਝਾਤੀ ਮਾਰਾਂ ਰੋਸ਼ਨੀ ਹੀ ਰੋਸ਼ਨੀ ਨਜ਼ਰ ਆਂਵਦੀ ਹੈ, ਅਰ ਮੇਰੀ ਤੁਛ ਬੁੱਧੀ ਉਹਨਾਂ ਦੇ ਕਿਸੇ ਪੈਹਲੂ ਪੂਰੀ ਤਰ੍ਹਾਂ ਵਰਣਨ ਨਹੀਂ ਕਰ ਸਕਦੀ। ਸੈਂਕੜੇ ਮੇਰੇ ਵਰਗੇ ਨਿਰਾਸਰਿਆਂ ਦਾ ਉਹ ਸਹਾਰਾ ਸਨ। ਹਜ਼ਾਰਾਂ ਬੀਮਾਰਾਂ ਦੇ ਜ਼ਿੰਦਗੀ ਦਾਤਾ ਸਨ, ਸੈਂਕੜਿਆਂ ਗਰੀਬ ਬੱਚਿਆਂ ਲਈ ਪਿਤਾ ਸਮਾਨ ਸਨ, ਅਰ ਸੈਂਕੜੇ ਬੇਵਾ ਇਸਤ੍ਰੀਆਂ ਲਈ ਉਹ ਧਿਰ ਸਨ।

ਮੈਨੂੰ ਤਾਂ ਓਹਨਾਂ ਵਿਚ ਗੁਣਾਂ ਦਾ ਜ਼ਖੀਰਾ ਨਜ਼ਰ ਆਂਵਦਾ ਹੈ। ਉਹ ਭਾਰਤ ਮਾਤਾ ਦੇ ਸੱਚੇ ਸਪੂਤਾਂ ਵਾਂਗ ਆਪਣੀ ਆਯੂ ਬਿਤਾ ਗਏ ਹਨ।"

---



Digitized by Panjab Digital Library | www.panjabdigilib.org

੧੪ ਜੁਲਾਈ ਦੀ ਰਾਤ ੯॥ ਬਜੇ ਆਪ ਦੇ ਘਰ ਪੋਤ੍ਰਾ ਪੈਦਾ ਹੋਇਆ, ਜਿਸ ਬਾਰੇ ਆਪ ਆਪਣੇ ਨੋਟ ਬੁਕ ਵਿੱਚ ਵਾਹਿਗੁਰੂ ਅਕਾਲ ਪੁਰਖ ਦਾ ਸ਼ੁਕਰ ਕਰਦੇ ਹੋਏ ਲਿਖਦੇ ਹਨ:-

"ਬੱਚਾ ਵੱਡੀ ਉਮਰਾ ਤੇ ਤੇਜ ਪ੍ਰਤਾਪ ਵਾਲਾ ਪ੍ਰਤੀਤ ਹੁੰਦਾ ਹੈ। ਸਤਿ ਗੁਰੂ ਜੀ ਕ੍ਰਿਪਾ ਕਰਨ।"

੨੭ ਜੁਲਾਈ ਗੁਰਮਤ ਅਨੁਸਾਰ ਅੰਮ੍ਰਿਤ ਸੰਸਕਾਰ ਕਰਾਇਆ ਤੇ ਇਸ ਕਾਕੇ ਦਾ ਨਾਮ ਹਰਚਰਨ ਸਿੰਘ ਰੱਖਿਆ।

ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਆਪ ਨੇ ਮਾਨੋ ਖਾਸ ਤੌਰ ਨਾਲ ਅਨਜਮਤੀਆਂ ਵਿੱਚ ਗੁਰਮਤ ਪ੍ਰਚਾਰ ਲਈ ਵੰਡਣ ਹਿਤ ਹੀ ਛਪਾਇਆ ਸੀ, ਅਨੇਕਾਂ ਹੀ ਬੀੜਾਂ ਆਪ ਨੇ ਦੂਰ ਦੂਰ ਪ੍ਰੇਮੀਆਂ ਨੂੰ ਭੇਜੀਆਂ, ਜਿਸ ਬਾਰੇ ਪਾਠਕ ਜਨ ਇਨ੍ਹਾਂ ਪਤ੍ਰਿਆਂ ਵਿੱਚ ਪਿੱਛੇ ਕਈ ਥਾਈਂ ਪੜ੍ਹ ਚੁਕੇ ਹਨ, ਇਸੇਤਰ੍ਹਾਂ ੧੯ ਜੁਲਾਈ ਨੂੰ ਆਪ ਨੇ ਇੱਕ ਜਿਲਦ ਡਾਕਟਰ ਆਤਮਾ ਸਿੰਘ ਰਾਹੀਂ ਕਾਂਗਰਸੀ ਮਿੱਤ੍ਰਾਂ ਲਈ ਜੇਲ੍ਹ ਵਿੱਚ ਭੇਜੀ। ਨੋਟ ਇਸ ਤਰ੍ਹਾਂ ਦਰਜ ਹੈ:-

"੧ ਬੀੜ ਹਿੰਦੀ ਡਾਕਟਰ ਆਤਮਾ ਸਿੰਘ ਜੀ ਨੂੰ ਕਾਂਗਰਸੀ ਮਿੱਤ੍ਰਾਂ ਲਈ ਜੇਲ ਵਿੱਚ ਭੇਜੀ।"

੩ ਅਗਸਤ ਨੂੰ ਪੰ: ਮਦਨ ਮੋਹਨ ਮਾਲਵੀਯ ਅਤੇ ੨੮ ਅਗਸਤ ਨੂੰ ਹੋਰ ਬਹੁਤ ਸਾਰੇ ਲੀਡਰ ਦਿੱਲੀ ਵਿੱਚ ਫੜੇ ਜਾਣ ਕਰਕੇ ਉਪ੍ਰੋਕਤ ਦੋਵੇਂ ਦਿਨ ਜ਼ਬਰਦਸਤ ਹੜਤਾਲ ਰਹੀ।

੩੦ ਅਗਸਤ ਨੂੰ ਆਪ ਸ਼੍ਰੋ: ਕਮੇਟੀ ਦੇ ਸਮਾਗਮ ਵਿੱਚ ਅੰਮ੍ਰਿਤਸਰ ਗਏ, ਓਥੋਂ ਹੀ ਸੰਗਤ ਦੀ ਆਗਿਆਨੁਸਾਰ ਚਾਰ ਹੋਰ ਸੱਜਣਾਂ ਨਾਲ ਡਸਕਿਓਂ ਬਾਬਾ ਖੜਕ ਸਿੰਘ ਜੀ ਨੂੰ (ਰੁਸਿਆਂ ਨੂੰ ਮਨਾਕੇ) ਆਦਰ ਸਹਿਤ ਲੈ ਆਵਨ ਵਾਸਤੇ ਆਪ ਦੀ ਡੀਊਟੀ ਲਗਾਈ ਗਈ। ਜਿਸ ਲਈ ਸਾਰੀ ਰਾਤ ਮੋਟਰ ਦਾ ਸਫਰ ਕਰਕੇ ੩ ਬਜੇ ਅੰਮ੍ਰਿਤ ਵੇਲੇ ਡਸਕੇ ਪੁੱਜੇ। ਬਾਬਾ ਜੀ ਨੂੰ ਨਾਲ ਲੈ ਵਾਪਸ ਅੰਮ੍ਰਿਤਸਰ ਪੁੱਜੇ ਤੇ ਫੇਰ ਕਮੇਟੀ



Digitized by Panjab Digital Library | www.panjabdigilib.org

ਵਿੱਚ ਸ਼ਾਮ ਦੇ ੪॥ ਬਜੇ ਤੱਕ ਵਿਚਾਰਾਂ ਹੁੰਦੀਆਂ ਰਹੀਆਂ ।

੧੦ ਸਤੰਬਰ ਨੂੰ ਆਪ ਦੇ ਪਿਆਰੇ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਝੱਬਾਲ ਵਾਲੇ ਅਕਾਲ ਪੁਰੀ ਚਲਾਣਾ ਕਰ ਗਏ । ਇਸ ਚਲਾਣੇ ਨਾਲ ਆਪ ਦੇ ਦਿਲ ਤੇ ਕਾਰੀ ਸੱਟ ਵੱਜੀ ਜੋ ਅੰਤ ਪ੍ਰਯੰਤ ਰੜਕਦੀ ਰਹੀ ।

੨੧ ਸਤੰਬਰ ਦਾ ਨੋਟ ਹੈ:–

"ਭਾਈ ਸੰਤ ਰਾਮ ਜੀ ਮੱਕੜ ਪਿੰਡੀਘੇਬ 'ਸੰਸਾਰ ਦੁਖਾਂ ਦੀ ਖਾਣ ਹੈ' ਖਰੜਾ ਸੁਧਾਈ ਵਾਸਤੇ ਦੇ ਗਏ ।"

ਪਿਛੋਂ ਇਹ ਪੁਸਤਕ 'ਅਰੋਗਤਾ ਅੰਮ੍ਰਿਤ' ਦੇ ਨਾਮ ਹੇਠ ਪ੍ਰਕਾਸ਼ਤ ਹੋਈ ।

ਇਹ ਭਾਈ ਸੰਤ ਰਾਮ ਜੀ ਗੁਰ ਘਰ ਦੇ ਪ੍ਰੇਮੀ ਤੇ ਬੜੇ ਅੱਛੇ ਵਿਦਵਾਨ ਸੱਜਣ ਹਨ, ਆਪ ਆਪਣੇ ਖਿਆਲ ਵੈਦ ਜੀ ਬਾਰੇ ਇਸਤਰ੍ਹਾਂ ਪ੍ਰਗਟ ਕਰਦੇ ਹਨ:–

"ਪਹਿਲਾਂ ਪਹਿਲ ਮੈਨੂੰ ਭਾਈ ਸਾਹਿਬ ਜੀ ਦੇ ਦਰਸ਼ਨਾਂ ਦਾ ਅਵਸਰ ੧੯੧੧-੧੨ ਵਿੱਚ ਮਿਲਿਆ । ਉਨ੍ਹਾਂ ਦਿਨਾਂ ਵਿੱਚ ਮੈਂ ਖਾਲਸਾ ਸਮਾਚਾਰ ਦਾ ਸਬ ਐਡੀਟਰ ਸੀ । ਜਦ ਕਦੀ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਉਂਦੇ ਸਨ ਤਾਂ ਮੈਨੂੰ ਭੀ ਦਰਸ਼ਨ ਹੋ ਜਾਂਦੇ ਸਨ ।

ਅਮਲੀ ਤੌਰ ਤੇ ਮੈਨੂੰ ਆਪਜੀ ਦੇ ਨਾਲ ਮਿਲਨ ਦਾ ਸੌਭਾਗਜ ੧੯੨੮ ਵਿਚ ਪ੍ਰਾਪਤ ਹੋਯਾ, ਜਦੋਂ ਮੈਨੂੰ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਤਰਨ ਤਾਰਨ ਦਾ ਹਿਸਾਬ ਆਡਿਟ ਕਰਨ ਲਈ ਸ੍ਰੀ ਤਰਨ ਤਾਰਨ ੧੫-੨੦ ਦਿਨ ਰਹਿਣਾ ਪਿਆ । ਸੰਨ ੧੯੨੯ ਵਿਚ ਦੂਜੀ ਵਾਰ ਆਡਿਟ ਸੰਬੰਧੀ ਹੀ ਮੈਨੂੰ ਉਥੇ ੧੫-੨੦ ਦਿਨ ਰਹਿਣਾ ਪਿਆ ਤੇ ਵੈਦ ਜੀ ਦੇ ਦਰਸ਼ਨਾਂ ਦਾ ਸੌਭਾਗਜ ਪ੍ਰਾਪਤ ਹੁੰਦਾ ਰਿਹਾ ।



Digitized by Panjab Digital Library | www.panjabdigilib.org

੧੬ ਵਰ੍ਹੇ ਦੇ ਮਗਰੋਂ ਆਪ ਜਿਸ ਪਿਆਰ ਨਾਲ ਮੈਨੂੰ ਮਿਲੇ ਉਹ ਮੈਨੂੰ ਕਦੇ ਨਹੀਂ ਭੁੱਲੇਗਾ । ਬੀਮਾਰਾਂ ਨਾਲ ਜੋ ਆਪ ਦਾ ਪਿਆਰ ਭਰਿਆ ਸਲੂਕ ਮੈਂ ਵੇਖਿਆ ਉਸ ਦੀ ਮਿਸਾਲ ਘਟ ਹੀ ਮਿਲਦੀ ਹੈ। ਆਪ ਦਾ ਪਿਆਰ, ਹਮਦਰਦੀ ਤੇ ਚੜ੍ਹਦੀਆਂ ਕਲਾਂ ਉਨ੍ਹਾਂ ਨੂੰ ਆਕਰਸ਼ਨ ਸ਼ਕਤੀ ਬਣ ਕੇ ਖਿਚਦੀਆਂ ਹੀ ਨਹੀਂ ਸਨ, ਸਗੋਂ ਉਨ੍ਹਾਂ ਦੇ ਮਨ ਤੇ ਅਸਰ ਪਾ ਕੇ ਉਨ੍ਹਾਂ ਨੂੰ ਛੇਤੀ ਅਰੋਗ ਕਰ ਦਿੰਦੀਆਂ ਸਨ ।

ਪੰਜਾਬੀ ਸਾਹਿਤਜ ਦੀ ਸੇਵਾ ਜੋ ਆਪ ਨੇ ਕੀਤੀ ਹੈ ਉਸ ਦੇ ਦੱਸਣ ਦੀ ਲੋੜ ਨਹੀਂ। ਦੱਸਣ ਦੀ ਲੋੜ ਹੈ ਤਾਂ ਕੇਵਲ ਇਸ ਗੱਲ ਦੀ ਕਿ ਆਪ ਦੀ ਪ੍ਰਗਟ ਸੇਵਾ ਨਾਲੋਂ ਗੁਪਤ ਸੇਵਾ ਕੁਝ ਵਧੀਕ ਸੀ। ਉਹ ਸੀ ਦੂਜਿਆਂ ਨੂੰ ਇਸ ਸੇਵਾ ਲਈ ਉਤਸ਼ਾਹਤ ਕਰਨਾ। ਮੇਰੀ ਪੁਸਤਕ 'ਅਰੋਗਜਤਾ ਅੰਮ੍ਰਿਤ' ਦੇ ਅਰੰਭ ਵਿਚ ਵੈਦ ਜੀ ਦਾ ਧੰਨਜਵਾਦ ਇਨ੍ਹਾਂ ਸ਼ਬਦਾਂ ਵਿਚ ਕੀਤਾ ਗਿਆ ਹੈ:—

'ਇਹ ਪੁਸਤਕ ਜੇਹੜੀ ਆਪ ਜੀ ਦੇ ਹਥਾਂ ਵਿਚ ਹੈ ਸ਼ਾਇਦ ਦਿਨ ਦਾ ਚਾਨਣਾ ਨਾ ਵੇਖਦੀ ਤੇ ਲਿਖਤ ਖਰੜਾ ਹੀ ਮੇਰੀ ਅਲਮਾਰੀ ਦੀ ਸਜਾਵਟ ਬਣਿਆ ਰਹਿੰਦਾ ਜੇ ਕਦੀ ਮੇਰੇ ਪ੍ਰਮ ਕ੍ਰਿਪਾਲੂ ਤੇ ਮਾਨ ਯੋਗ ਵੈਦ ਜੀ ਮੈਨੂੰ ਉਤਸ਼ਾਹ ਨਾ ਦਿੰਦੇ। ਮੇਰਾ ਭਾਵ ਪੰਜਾਬੀ ਪ੍ਰਚਾਰ ਦੇ ਪ੍ਰਸਿਧ ਮੋਢੀ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਤੋਂ ਹੈ। ਆਪ ਜੀ ਨੇ ਨਾ ਕੇਵਲ ਇਸ ਪੁਸਤਕ ਦੇ ਪ੍ਰਕਾਸ਼ਤ ਕਰਨ ਦਾ ਉਤਸ਼ਾਹ ਹੀ ਦਿਤਾ, ਸਗੋਂ ਆਪਣਾ ਬਹੁਤ ਸਾਰਾ ਅਮੋਲਕ ਤੇ ਕੀਮਤੀ ਸਮਾ ਪੁਸਤਕ ਦੇ ਖਰੜੇ ਨੂੰ ਸੋਧਨ ਲਈ ਦੇ ਕੇ ਮੈਨੂੰ ਸਦਾ ਲਈ ਆਪਣਾ ਧੰਨਵਾਦੀ ਬਣਾ ਲਿਆ।"

੩੦. ੬. ੩੮.

---



Digitized by Panjab Digital Library | www.panjabdigilib.org

੧੫ ਅਕਤੂਬਰ ਨੂੰ ਰਾਇ ਸਾਹਿਬ ਬਾਵਾ ਕਾਂਸ਼ੀ ਰਾਮ ਸੀਨੀਅਰ ਸਬ ਜੱਜ ਆਪ ਜੀ ਪਾਸ ਗੰਠੀਏ ਦੀ ਦਵਾਈ ਕਰਾਉਣ ਵਾਸਤੇ ਆਏ। ਉਸੇ ਪ੍ਰੇਮ ਭਾਵੀ ਸੁਭਾਵ ਅਨੁਸਾਰ ਰਾਇ ਸਾਹਿਬ ਜੀ ਦੀ ਦਵਾਈ ਆਦਿ ਨਾਲ ਸੇਵਾ ਕੀਤੀ।

ਆਪ ਜੀ ਦੀ ਪੰਥ ਸੇਵਾ, ਕੌਮ ਸੇਵਾ ਤੇ ਦੇਸ਼ ਸੇਵਾ ਤੋਂ ਇਲਾਵਾ ਅਮੀਰ ਗਰੀਬ ਉਤੇ ਆਪ ਦੀ ਵੈਦਕ ਨਿਪੁਣਤਾ ਦਾ ਉਹ ਸਿੱਕਾ ਬੈਠਾ ਹੋਇਆ ਸੀ ਕਿ ਵੱਡੇ ਵੱਡੇ ਸਿਆਣੇ ਪੜ੍ਹੇ ਲਿਖੇ ਤੇ ਪੱਛਮੀ ਸਭਤਾ ਦੇ ਹਾਮੀ ਭੀ ਵੱਡੇ ਵੱਡੇ ਵਲੈਤੀ ਡਾਕਟਰਾਂ ਨੂੰ ਛੱਡ ਕੇ ਆਪ ਪਾਸੋਂ ਇਲਾਜ ਕਰਵਾਉਣਾ ਸੁਭਾਗ ਸਮਝਦੇ, ਰਾਹ ਰੋਕ ਕੇ ਖੜੋ ਜਾਂਦੇ ਤੇ ਆਪ ਦੇ ਦਯਾਲੂ ਸੁਭਾਵ ਦਾ ਲਾਭ ਉਠਾਉਂਦੇ ਹੋਏ ਪ੍ਰੇਮ ਪੂਰਬਕ ਜ਼ਬਰਦਸਤੀ ਕਰਦੇ ਸਨ। ਜਿਸ ਦਾ ਨਮੂਨਾ ਇਉਂ ਹੈ:-

੧੯ ਅਕਤੂਬਰ ਨੂੰ ਆਪ ਕਿਸੇ ਜ਼ਰੂਰੀ ਕੰਮ ਲਈ ਲਾਹੌਰ ਜਾ ਰਹੇ ਸਨ, ਸ੍ਰ: ਮਖਣ ਸਿੰਘ ਜੀ ਆਨਰੇਰੀ ਮੈਜਿਸਟ੍ਰੇਟ ਨੂੰ ਪਤਾ ਲਗ ਗਿਆ ਕਿ ਆਪ ਫਲਾਣੀ ਟ੍ਰੇਨ ਵਿਚ ਲਾਹੌਰ ਜਾ ਰਹੇ ਹਨ। ਆਪ ਦੀ ਸਿੰਘਣੀ ਸਾਹਿਬਾ ਬੀਮਾਰ ਸਨ। ਆਪ ਮੁਗ਼ਲ ਪੁਰਾ ਸਟੇਸ਼ਨ ਤੇ ਹੀ ਆਪਣੇ ਸਾਥੀਆਂ ਸਣੇ ਆ ਖੜੇ ਹੋਏ। ਗੱਡੀ ਆਈ,ਆਪ ਨੇ ਵੈਦ ਜੀ ਨੂੰ ਟੋਲ ਲਿਆ ਤੇ ਪ੍ਰੇਮ-ਹਠ ਕਰਕੇ ਏਥੇ ਹੀ ਉਤਾਰ ਲਿਆ ਤੇ ਬੀਮਾਰ ਸ੍ਰਦਾਰਨੀ ਦਾ ਮੁਲਾਹਜ਼ਾ ਕਰਾਉਣ ਵਾਸਤੇ ਲੈ ਗਏ। ਅਗੋਂ ਹਜ਼ਾਰ ਕੋਸ਼ਸ਼ ਕਰਨ ਤੇ ਭੀ ਫੀਸ ਤਾਂ ਆਪ ਲੈਂਦੇ ਹੀ ਨਾ ਸਨ।

੨੪ ਅਕਤੂਬਰ ਨੂੰ 'ਫੁਲਵਾੜੀ' ਦੇ ਕਰਮ ਸਿੰਘ ਨੰਬਰ ਲਈ ੧ ਲੇਖ ਲਿਖ ਕੇ ਭੇਜੇ।

੨੫ ਨੂੰ ਸ੍ਰ: ਗੁਰਬਖਸ਼ ਸਿੰਘ ਨਾਰੰਗ ਫਤਹ ਅਖਬਾਰ ਲਈ ੧ ਲੇਖ ਲੈ ਗਿਆ।

ਪੰਜਾਬ ਹੀ ਨਹੀਂ ਸਗੋਂ ਹਿੰਦੁਸਤਾਨ ਭਰ ਵਿਚੋਂ ਮੇਰੇ ਖਿਆਲ ਵਿਚ ਪੰਜਾਬੀ ਇਤਿਹਾਸ ਤੇ ਸਿਖ ਧਾਰਮਕ ਇਤਿਹਾਸ ਲਿਖਣ ਲਈ



Digitized by Panjab Digital Library | www.panjabdigilib.org

ਮਸਾਲੇ ਬਾਰੇ ਆਪ ਦੀ ਲਾਇਬ੍ਰੇਰੀ ਬੇ ਮਿਸਾਲ ਹੈ। ਭਾਵੇਂ ਇਹ ਦੁਖ ਦਾ ਵਿਸ਼ਾ ਹੈ ਕਿ ਆਪ ਦੇ ਕ੍ਰਿਪਾਲੂ ਸੁਭਾਵ ਦਾ ਫਾਇਦਾ ਉਠਾ ਕੇ ਅਨੇਕ ਭਲੇ ਲੋਕ ਆਪ ਪਾਸੋਂ ਪੁਰਾਣੇ ਅਖਬਾਰ, ਨਾ ਮਿਲਣ ਵਾਲੀਆਂ ਅਦੁਤੀ ਪੁਸਤਕਾਂ ਤੇ ਹੋਰ ਜ਼ਰੂਰੀ ਕਾਗਜ਼ ਲੈ ਗਏ ਤੇ ਮੁੜ ਵਾਪਸ ਨਹੀਂ ਕੀਤੇ, ਪਰ ਤਦ ਭੀ ਅਜੇ ਤਕ ਆਪ ਦੀ ਲਾਇਬ੍ਰੇਰੀ ਅਦੁਤੀ ਹੈ, ਤੇ ਹਰ ਨਵਾ ਸਿਖ ਇਤਿਹਾਸ ਲਿਖਣ ਵਾਲੇ ਨੂੰ ਇਕ ਅੱਧੀ ਵਾਰ ਜ਼ਰੂਰ ਏਥੇ ਆਉਣਾ ਪੈਂਦਾ ਹੈ। ਡਾਇਰੀਆਂ ਤੋਂ ਪਤਾ ਲਗਦਾ ਹੈ ਕਿ:–

"੨੨ ਨਵੰਬਰ ਨੂੰ ਸ: ਸੁਰਿੰਦ੍ਰ ਸਿੰਘ ਅੰਮ੍ਰਿਤਸਰੋਂ ਤਰਨ ਤਾਰਨ ਦੇ ਇਤਿਹਾਸ ਸੰਧੰਬੀ ਐਮ. ਏ. ਦਾ ਥੀਸਿਸ (Thesis) ਲਿਖਣ ਲਈ ਨੋਟ ਲੈਣ ਲਈ ਆਏ ਤੇ ਆਸ਼ਾ ਪੂਰੀ ਕਰ ਪ੍ਰਸੰਨ ਚਿਤ ਵਾਪਸ ਗਏ।"

ਟੈਂਪ੍ਰੈਂਸ ਸੋਸਾਇਟੀ ਪੰਜਾਬ ਅੰਮ੍ਰਿਤਸਰ ਲਈ ਭੀ ਆਪ ਵਧ ਤੋਂ ਵਧ ਕੰਮ ਕਰਦੇ ਸਨ ਕਿਉਂਕਿ ਨਸ਼ੇ ਵਿਸ਼ੇ ਦਾ ਤਿਆਗ ਭੀ ਸਿੱਖੀ ਦਾ ਜ਼ਰੂਰੀ ਅੰਗ ਹੈ। ਇਸ ਸਭਾ ਦੇ ਸਕੱਤ੍ਰ ਲਾਲਾ ਨੰਦ ਲਾਲ ਜੀ ਨੇ ਆਪ ਪਾਸ ਇਸ ਸੋਸਾਇਟੀ ਵਲੋਂ ਲੋਕ ਸੇਵਾ ਕਰਨ ਤੇ ਲੋਕਾਂ ਦਾ ਧਿਆਨ ਇਸ ਪਾਸੇ ਖਿਚਣ ਦੇ ਖਿਆਲ ਨਾਲ ਕੋਈ ਛੋਟੀ ਜੇਹੀ ਲਾਭਦਾਇਕ ਪੁਸਤਕ ਲਿਖ ਭੇਜਣ ਲਈ ਬੇਨਤੀ ਕੀਤੀ। ੫ ਦਸੰਬਰ ਨੂੰ ਆਪ ਨੇ ਲਾਲਾ ਨੰਦ ਲਾਲ ਸਕੱਤ੍ਰ ਟੈਂਪ੍ਰੈਂਸ ਸੋਸਾਇਟੀ ਹਾਲ ਬਾਜ਼ਾਰ ਅੰਮ੍ਰਿਤਸਰ ਨੂੰ ੧੦੧ ਟੋਟਕੇ ਸੁਖਲੇ ਇਲਾਜ ਦੀ ਪੁਸਤਕ 'ਅਨਮੋਲ ਰਤਨ' ਉਰਦੂ ਵਿਚ * ਲਿਖ ਕੇ

---

*ਇਹ ਗੁਰਮੁਖੀ ਵਿਚ 'ਗੁਰੂ ਨਾਨਕ ਵਿਦਯਾ ਭੰਡਾਰ ਵਲੋਂ' ਪ੍ਰਕਾਸ਼ਤ ਹੋਈ ਤੇ ਹਿੰਦੀ ਵਿਚ ਅਨਭੂਤ ਯੋਗ ਮਾਲਾ ਬ੍ਰਾਲੋਕ ਪੁਰ ਇਟਾਵਾ ਯੂ. ਪੀ. ਵਲੋਂ ਛਪੀ, ਇਸ ਦੀ ਭੂਮਿਕਾ ਵਿਚ ਵੈਦ ਜੀ ਲਿਖਦੇ ਹਨ ਕਿ:—

"ਸਾਡਾ ਦੇਸ਼ ਅੱਜ ਕਲ ਬੀਮਾਰਾਂ ਦਾ ਦੇਸ਼ ਬਨਦਾ ਜਾਂਦਾ ਹੈ। ਜਿਥੇ ਸ਼ੇਰਾਂ ਵਰਗੇ ਜਵਾਨ, ਬਲਵਾਨ, ਚੌੜੀਆਂ ਛਾਤੀਆਂ, ਲਗਰਾਂ ਵਰਗੀਆਂ ਬਾਹਾਂ ਵਾਲੇ ਪੁਰਸ਼ ਬੇਅੰਤ ਨਜ਼ਰ ਪੈਂਦੇ ਸਨ ਅੱਜ ਕਿਤੇ ਹਜ਼ਾਰਾਂ ਵਿਚ ਅਜੇਹੇ ਸ਼ੇਰ ਮਰਦ ਟਾਂਵੇਂ ਟਾਂਵੇਂ ਹੀ ਨਜ਼ਰ ਪੈਂਦੇ ਹਨ, ਜਿਸ ਪਾਸੇ ਦੇਖੋ ਮਰੀਅਲ, ਸੱਤਾ ਹੀਨ, ਸੁਕੜੂ ਨੌਜਵਾਨ ਹੀ



Digitized by Panjab Digital Library | www.panjabdigilib.org

ਸੋਸਾਇਟੀ ਵਲੋਂ ਛਪਵਾਉਣ ਲਈ ਭੇਜੀ, ਨਾਲ ਇਸੇ ਹੀ ਟ੍ਰੈਕਟ ਨੂੰ ਛਪਵਾਨ ਹਿਤ ੧੦) ਸਹਾਇਤਾ ਭੀ ਦਿਤੀ। ਇਸੇ ਹੀ ਰਾਤ ਨੂੰ ਬੈਠ ਕੇ ਪੋਹ ਸੁਦੀ ਸਤਮੀ ਗੁਰਪੁਰਬ ਲਈ ਫੁਲਵਾੜੀ,ਅਮ੍ਰਿਤ, ਕ੍ਰਿਪਾਨ ਬਹਾਦਰ ਤੇ

---

ਵੇਖਣ ਵਿਚ ਔਂਦੇ ਹਨ। ਗਰੀਬੀ ਤਾਂ ਜੇਹੜੀ ਕੁਝ ਹੈ ਸੋ ਹੈ ਹੀ। ਪਰ ਬੀਮਾਰੀਆਂ ਦਾ ਦੌਰ ਦੌਰਾ ਇਸ ਦੇਸ਼ ਵਿਚ ਗਜ਼ਬ ਦਾ ਹੋ ਗਿਆ ਹੈ। ਜਿਸ ਨੂੰ ਵੇਖੋ ਬੀਮਾਰ। ਅੱਜ ਕਲ ਦੇ ਨੌਜਵਾਨਾਂ ਦੀ ਦਸ਼ਾ ਤਾਂ ਹੋਰ ਭੀ ਗਈ ਗੁਜਰੀ ਹੈ। ਜਿਸ ਵਲ ਵੇਖੋ ਬੀਮਾਰ ਜੇਹਾ ਹੀ ਨਜ਼ਰ ਪੈਂਦਾ ਹੈ ਅੱਖਾਂ ਅੰਦਰ ਧਸੀਆਂ ਹੋਈਆਂ। ਚਿਹਰੇ ਬੇਰੌਣਕੇ ਉਦਮ ਤੇ ਫੁਰਤੀ ਨੇੜੇ ਨਹੀਂ ਢੁਕਦੀ।

ਏਸ ਗਈ ਗੁਜ਼ਰੀ ਹਾਲਤ ਵਿਚ ਭੀ ਸਾਨੂੰ ਅਰੋਗਤਾ ਦੀ ਜ਼ਰਾ ਭੀ ਪ੍ਰਵਾਹ ਨਹੀਂ ਹੈ ਉਸ ਦੇ ਮੁਕਾਬਲੇ ਵਿਚ ਤੇ ਗਰੀਬੀ ਦੇ ਮਾਰੇ ਹੋਏ ਰੋਗੀ ਹੋਕੇ ਦਵਾਵਾਂ ਕਰਨ ਜੋਗੇ ਭੀ ਨਹੀਂ। ਵਖਾਲੇ ਦੇ ਨੱਕ ਨਮੂਜ ਤੇ ਸ਼ਾਨ ਸ਼ੌਕਤ ਅਰ ਸ਼ਰਾਬ ਖਾਨਾ ਖਰਾਬ ਜੇਹੀਆਂ ਬੁਰਾਈਆਂ ਤੇ ਮੁਕਦਮੇਬਾਜ਼ੀ ਜੇਹੀਆਂ ਤਬਾਹੀਆਂ ਨਾਲ ਰਹਿੰਦੇ ਖੂੰਹਦੇ ਭੀ ਬਰਬਾਦ ਹੋ ਰਹੇ ਹਾਂ। ਕੋਈ ਸਮਾਂ ਸੀ ਸਾਡੇ ਘਰਾਂ ਵਿਚ ਸਿਆਣੀਆਂ ਜ਼ਨਾਨੀਆਂ ਬਾਲਾਂ ਬੱਚਿਆਂ ਦੇ ਇਲਾਜ ਆਪ ਹੀ ਕਰ ਲੈਂਦੀਆਂ ਸਨ। ਦੇਸੀ ਜੜੀ ਬੂਟੀਆਂ ਨਾਲ ਵਡੇ ਵਡੇ ਰੋਗਾਂ ਤੋਂ ਛੁਟਕਾਰਾ ਪਾ ਸੱਕੀ ਦਾ ਸੀ, ਪਰ ਅਜ ਉਧਰੋਂ ਬੇਖਬਰ ਹੋ ਗਏ ਤੇ ਗਰੀਬੀ ਦੇ ਕਾਰਨ ਆਪਣੇ ਜਾਂ ਆਪਣੇ ਪ੍ਰਵਾਰ ਸੰਬੰਧੀ ਸੱਜਣਾਂ ਮਿੱਤਰਾਂ ਦੇ ਇਲਾਜ ਦੇ ਖਰਚ ਦੀ ਸਮਰੱਥਾ ਨਾ ਹੋਵਨ ਤੇ ਬੇਅੰਤ ਅਨਿਆਈ ਮੌਤਾਂ ਹੋ ਰਹੀਆਂ ਹਨ।

ਆਮ ਲੋਕਾਂ ਦੇ ਭਲੇ ਵਾਸਤੇ ਸ੍ਰੀ ਗੁਰੂ ਨਾਨਕ ਵਿਦਜਾ ਭੰਡਾਰ (ਜਿਸ ਵਲੋਂ ਆਮ ਲੋਕਾਂ ਦੇ ਭਲੇ ਵਾਸਤੇ ਬਹੁਤ ਸਾਰੇ ਪ੍ਰੈਮਰੀ ਸਕੂਲ ਜਿਨਾਂ ਵਿਚ ਗੁਰਮਤ ਭਿੰਨੀ ਵਿਦਜਾ ਮੁਫਤ ਹਰ ਇਕ ਨੂੰ ਪੜ੍ਹਾਈ ਜਾਂਦੀ ਹੈ ਤੇ ਹੁਣ ੧ ਕਾਰੀਗਰੀ ਦਾ ਸਕੂਲ ੧ ਅਪਰੈਲ ੧੯੩੧ ਤੋਂ ਦਿੱਲੀ ਵਿਚ ਜਾਰੀ ਕੀਤਾ ਜਾਂਦਾ ਹੈ) ਦੇ ਪ੍ਰਬੰਧਕਾਂ ਦੀ ਪ੍ਰੇਰਨਾ ਨਾਲ ਏਹ ੧੦੧ ਦੇਸੀ ਨੁਸਖੇ ਪ੍ਰਚਾਰ ਵਾਸਤੇ ਪ੍ਰਕਾਸ਼ਤ ਕੀਤੇ ਜਾਂਦੇ ਹਨ ਜਿਨਾਂ ਨਾਲ ਬਹੁਤ ਥੋੜੀ ਮਿਹਨਤ ਤੇ ਨਾਮ ਮਾਤ੍ਰ ਖਰਚ ਕਰਕੇ ਸੈਂਕੜੇ ਰੋਗੀਆਂ ਦਾ ਭਲਾ ਹੋ ਸਕਦਾ ਹੈ ਅਤੇ ਇਨਾਂ ਦਵਾਵਾਂ ਨੂੰ ਵਰਤਨ ਵਾਲੇ ਧਰਮ, ਅਰਥ, ਮਿਤਰਤਾ, ਜਸ ਤੇ ਵਾਹਿਗੁਰੂ ਦੀ ਕਿਰਪਾ ਦੀ ਪ੍ਰਾਪਤੀ ਕਰ ਸਕਦੇ ਹਨ।



Digitized by Panjab Digital Library | www.panjabdigilib.org

ਅਸਲੀ ਕੌਮੀ ਦਰਦ ਆਦਿਕ ਰਸਾਲਿਆਂ ਤੇ ਅਖਬਾਰਾਂ ਲਈ ਲੇਖ ਲਿਖੇ।

੧੫ ਦਸੰਬਰ ਦਾ ਡਾਇਰੀ ਨੋਟ ਇਸ ਤਰ੍ਹਾਂ ਹੈ:—

"ਅੰਮ੍ਰਿਤਸਰ ਦੀਆਂ ੪ ਦੇਵੀਆਂ ਪੁਲੀਸ ਨੇ ਪਿਕਟਿੰਗ ਦੇ ਸ਼ੱਕ ਵਿਚ ਫੜੀਆਂ, ਸ਼ਹਿਰ ਵਿਚ ਬਹੁਤ ਬੁਰਾ ਮਨਾਯਾ ਗਿਆ।"

੧੬ ਦਸੰਬਰ ਦਾ ਨੋਟ ਹੈ:—

"ਸੇਵਾ ਵਾਲੇ ਸੰਤਾਂ ਵਲੋਂ ਕਾਰ ਸਰੋਵਰ ਸ੍ਰੀ ਦ: ਸਾ: ਤ: ਤਾ: ਦਾ ਅਰਦਾਸਾ ਸ੍ਰੀ ਦਰਬਾਰ ਸਾਹਿਬ ਜੀ ਸੋਧਯਾ।"

ਆਪ ਦਸਵੰਧ ਤੇ ਹੋਰ ਦਾਨ ਕਿੱਥੇ ਕਿੱਥੇ ਦਿੰਦੇ ਸਨ ਇਸ ਦਾ ਪਤਾ ੧੯੩੦ ਦੀ ਡਾਇਰੀ ਦੇ ਅੰਤ ਵਿਚ ਸੰਖੇਪ ਨਾਲ ਦਰਜ ਹੈ ਜਿਸ ਤੋਂ ਆਪ ਦੀ ਹਿਰਦਯ ਵਿਸ਼ਾਲਤਾ ਦਾ ਕੁਝ ਕੁਝ ਪਤਾ ਲਗ ਸਕੇਗਾ, ਉਹ ਸੰਖੇਪ ਨੋਟ ਇਸ ਤਰ੍ਹਾਂ ਹੈ:—

"ਖਰਚ ਧਰਮ ਅਰਥ ੧੯੩੦—ਸ੍ਰੀ ਦਰਬਾਰ ਸਾਹਿਬ ਅਰਦਾਸ, ਪੁਸ਼ਪ, ਪ੍ਰਸ਼ਾਦ ਰੋਜ਼ ਤੇ ਸੰਗ੍ਰਾਂਤ ਕੜਾਹ ਪ੍ਰਸ਼ਾਦ, ਹੋਰ ਗੁਰਦੁਆਰੇ ਯਾਤ੍ਰਾ ਵਿਚ ਧਰਮ ਅਰਥ, ਸ਼੍ਰੋ: ਗੁ: ਅਕਾਲੀ ਦਲ, ਸਹੈਤਾ, ਵਿਧਵਾ, ਗਰੀਬ, ਅਨਾਥ, ਸਫੈਦ ਪੋਸ਼, ਅਨਾਥਾਲਯ, ਛਬੀਲਾਂ, ਲੰਗਰ, ਕਰਾਏ, ਰਸਦ, ਲੜਕੀਆਂ ਅਨਾਥ ਸ਼ਾਦੀ, ਚੰਦੇ, ਅਖੰਡ ਪਾਠ, ਗੁਰਪੁਰਬ, ਸੰਤ, ਮਹੰਤ, ਨਿਹੰਗ, ਬਿਹੰਗਮ, ਸਕੂਲ, ਖੂਹ ਟੂਟੀਆਂ, ਗਰੀਬਾਂ ਨੂੰ ਮਰਨੇ ਪਰਨੇ ਸਹੈਤਾ ਅੰਨ ਬਸਤ੍ਰ ਕਰਾਏ ਵਗੈਰਾ।"

ਇਸ ਸਾਲ ਆਪ ਨੇ 'ਗੁਰਮਤ ਅਖੌਤਾਂ' ਤੇ ਜਵਾਨਾਂ ਦਾ ਰਾਖਾ (ਤੀਸਰੀ ਵਾਰ) ਪੁਸਤਕ ਪ੍ਰਕਾਸ਼ਤ ਕਰਾਏ।

ਜਿਨ੍ਹਾਂ ਸੰਬੰਧੀ ਲੋਕ ਰਾਇ ਇਉਂ ਹੈ:—

"ਸ੍ਰੀ ਮਾਨ ਪੰਥ ਰਤਨ ਭਾ: ਸਾ: ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ ਨੂੰ ਪੰਜਾਬੀ ਸਾਹਿਤ ਸੇਵਾ ਦੀ ਬੇ ਹੱਦ ਲਗਨ ਹੈ। ਆਪ ਜਦ ਸ਼੍ਰੋਮਣੀ ਕਮੇਟੀ ਦੀ ਸੇਵਾ ਕਰਦੇ ਹੋਏ ਦੋ ਸਾਲ ਲਈ ਸ੍ਵਰਾਜ ਮੰਦਰ ਚਲੇ ਗਏ ਤਾਂ ਓਥੇ ਭੀ ਆਪ ਨੂੰ ਇਹੋ ਲਗਨ ਲੱਗ ਰਹੀ ਤੇ ਆਪ ਨੇ ਹੋਰ ਕਈ ਲਾਭਦਾਇਕ ਚੀਜ਼ਾਂ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਹ "ਗੁਰਮਤ ਅਖੌਤਾਂ" ਚੁਣਕੇ ਸੰਗ੍ਰਹਿ ਕੀਤੀਆਂ। ਇਹ ਅਖੌਤਾਂ ਹਜ਼ਾਰਾਂ ਦੀ



Digitized by Panjab Digital Library | www.panjabdigilib.org

ਗਿਣਤੀ ਵਿਚ ਹਨ ਤੇ ਕੇਵਲ ਗੁਰਵਾਕਾਂ ਵਿਚੋਂ ਮਨੁਖੀ ਜੀਵਨ ਦੇ ਹਜ਼ਾਰਾਂ ਮਾਮਲਿਆ ਸੰਬੰਧੀ ਹਨ ।

ਲਿਖਾਰੀਆਂ, ਉਪਦੇਸ਼ਕਾਂ, ਕਵੀਆਂ ਅਰ ਗਿਆਨੀ ਆਦਿ ਦੇ ਉਮੈਦ-ਵਾਰਾਂ ਲਈ ਅਦੁਤੀ ਲਾਭਦਾਇਕ ਪੁਸਤਕ ਹੈ ।" ਮੌਜੀ---੧੫-੯-੩੦

"ਗੁਰਮਤ ਅਖੌਤਾਂ" ਪੜ੍ਹਕੇ ਚਿੱਤ ਪ੍ਰਸੰਨ ਹੋਯਾ ਹੈ । ਵੈਦ ਜੀ ਨੇ ਵੱਡੀ ਖੋਜ ਅਤੇ ਮਿਹਨਤ ਨਾਲ ਇਹ ਸੰਗ੍ਰਹਿ ਕੀਤਾ ਹੈ ਜੋ ਪੰਜਾਬੀਆਂ ਲਈ ਅਤਯੰਤ ਲਾਭਦਾਇਕ ਹੈ ।" (ਸ੍ਰ: ਕਾਨ੍ਹ ਸਿੰਘ ਜੀ ਨਾਭਾ)

"ਇਹ ਪੁਸਤਕ ਗੁਰਬਾਣੀ ਵਿਚੋਂ ਅਜੇਹੀਆਂ ਤੁਕਾਂ ਦਾ ਸੰਗ੍ਰਹਿ ਹੈ ਜੋ ਅਖੌਤਾਂ ਵਾਂਗ ਜਾਂ ਕਿਸੇ ਖਿਆਲ ਦੇ ਨਚੋੜ ਵਾਂਗ ਵਰਤੀਆਂ ਜਾ ਸਕਦੀਆਂ ਹਨ.........ਕਰਤਾ ਜੀ ਨੇ ਸੰਕਲਤ ਕਰਨ ਵਿਚ ਚੋਖੀ ਮੇਹਨਤ ਕੀਤੀ ਹੈ ।" (ਪ੍ਰੋਫੈਸਰ ਜੋਧ ਸਿੰਘ ਜੀ ਖਾਲਸਾ ਕਾਲਜ)

## ਜਵਾਨਾਂ ਦਾ ਰਾਖਾ

" ਦੇਸ਼ ਦੀ ਬਦਕਿਸਮਤੀ ਨੂੰ ਸਾਡੇ ਵਿਚ ਗ੍ਰਹਸਥ ਸਿਖਯਾ ਬਿਲਕੁਲ ਨਹੀਂ ਰਹੀ, ਉਲਟਾ ਬਚਪਨ ਦੀਆਂ ਸ਼ਾਦੀਆਂ ਪ੍ਰਚਲਤ ਹੋ ਗਈਆਂ, ਜਿਸ ਕਰਕੇ ਜਵਾਨੀ ਤੋਂ ਪਹਿਲੋਂ ਹੀ ਦੇਸ ਦੇ ਨੌ ਨਿਹਾਲ ਨਾਵਾਕਫੀ ਦੇ ਹਨੇਰੇ ਵਿਚ ਐਸੇ ਖੋਟੇ ਕਰਮ ਕਰਨ ਲੱਗ ਪਏ ਕਿ ਪੁਰਾਤਨ ਖਿਆਲੀਆਂ ਦੀਆਂ ਅੱਖਾਂ ਭੀ ਖੁਲ੍ਹ ਗਈਆਂ। ਜਿਸ ਕਾਰਣ ਹੁਣ ਵਿਆਹ ਤੋਂ ਪਹਿਲੋਂ ਨੌਜਵਾਨਾਂ ਨੂੰ ਵਿਆਹ ਦੀ ਸਿੱਖਯਾ ਦੇਨ ਦੇ ਖਿਆਲ ਬੜੇ ਵਧ ਰਹੇ ਹਨ। ਵੈਦ ਜੀ ਨੇ ਉਕਤ ਕਿਤਾਬ ਲਿਖਕੇ ਹਰ ਕਿਸੇ ਨੂੰ ਗ੍ਰਹਸਥ--ਮਾਰਗ ਦੀ ਮੁਢਲੀ ਵਾਕਫੀ ਤੇ ਭੈੜੀਆਂ ਵਾਦੀਆਂ ਦੀ ਨਖੇਧੀ ਤੇ ਉਪਾਵ ਸਹਿਲ ਹੀ ਆਪਣੀ ਜਵਾਨੀ ਦਾ ਆਨੰਦ ਭੋਗਣ ਤੇ ਗੁਪਤ ਰੋਗਾਂ ਤੋਂ ਬਚਣ ਦਾ ਜ਼ਰੀਆ ਬਣਾ ਦਿਤਾ ਹੈ। ਇਹ ਕਿਤਾਬ ਐਸੇ ਅਸਰ ਭਰੇ ਤਰੀਕੇ ਨਾਲ ਲਿਖੀ ਗਈ ਹੈ ਕਿ ਪਾਠਕ ਕੁਸੰਗਤ ਦੇ ਦੋਸ਼ਾਂ ਤੇ ਆਦਤਾਂ ਨੂੰ ਛੱਡਣ ਲਈ ਕੁਝ ਹੁਸ਼ਿਆਰ ਹੋ ਜਾਣਗੇ। ਉਸਤਾਦਾਂ ਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਇਹ ਕਤਾਬ ਹਰ ਨੌਜਵਾਨ ਦੇ ਹੱਥ ਵਿਚ ਪਹੁੰਚਾਕੇ ਓਹਨਾਂ ਨੂੰ ਘ੍ਰਿਣਾ ਯੋਗ ਰੋਗਾਂ ਤੋਂ ਬਚਾ ਲੈਣ । ਵਿਦਯਾਰਥੀਆਂ ਨੂੰ ਇਹ ਕਤਾਬ ਪੜ੍ਹਨ ਲਈ ਦੇਣ ਵਿਚ ਬਿਲਕੁਲ ਕੋਈ ਐਬ ਜਾਂ ਸ਼ਰਮ ਨਹੀਂ ।" (ਮੌਜੀ)

---



Digitized by Panjab Digital Library | www.panjabdigilib.org

# ੧੯੩੦ ਦੀਆਂ ਘਟਨਾਵਾਂ

੧ ਜਨਵਰੀ—ਮੁਕੰਮਲ ਅਜ਼ਾਦੀ ਦਾ ਰੈਜ਼ੂਲੇਸ਼ਨ ੪੪ਵੀਂ 'ਇੰਡੀਅਨ ਨੈਸ਼ਨਲ ਕਾਂਗਰਸ' ਲਾਹੌਰ ਵਿਚ ਪਾਸ ਕੀਤਾ ਗਿਆ।

੨ ਜਨਵਰੀ—ਲੈਜਿਸਲੇਟਿਵ ਅਸੈਂਬਲੀ ਅਤੇ ਲੈਜਿਸਲੇਟਿਵ ਕੌਂਸਲਜ਼ ਦੇ ਮੈਂਬਰਾਂ ਨੂੰ ਅਸਤੀਫੇ ਦੇ ਦੇਣ ਲਈ ਅਪੀਲ ਕੀਤੀ ਗਈ।

੧੧ ਜਨਵਰੀ—ਮੇਰਠ ਸਾਜ਼ਸ਼ ਕੇਸ ਸ਼ੁਰੂ ਹੋਇਆ।

ਸਿਖਾਂ ਦੀ ਆਲ ਪਾਰਟੀਜ਼ ਕਾਨਫ੍ਰੰਸ ਲਾਹੌਰ ਵਿਚ ਹੋਈ।

੧੩ ਜਨਵਰੀ—ਅਸੈਂਬਲੀ ਬੰਬ ਕੇਸ ਦੀ ਅਪੀਲ ਨਾ ਮਨਜ਼ੂਰ ਹੋਈ।

੨੦ ਜਨਵਰੀ—ਸ੍ਰੀਯੁਤ ਪਟੇਲ ਪ੍ਰਧਾਨ ਨੇ ਲੈਜਿਸਲੇਟਿਵ ਅਸੈਂਬਲੀ ਵਿਚੋਂ ਪੁਲਸ ਨੂੰ ਕੱਢ ਦਿਤਾ।

੨੫ ਜਨਵਰੀ—ਮੁਸਲਮਾਨਾਂ ਦੇ ਲੀਡਰਾਂ ਨੇ ਆਮ ਮੁਸਲਮਾਨ ਜਨਤਾ ਨੂੰ ਅਜ਼ਾਦੀ ਦਾ ਦਿਨ (੨੬ ਜਨਵਰੀ) ਬਾਈ ਕਾਟ ਕਰਨ ਦੀ ਨਸੀਹਤ ਕੀਤੀ ਅਤੇ ਢਾਕਾ ਵਿਚ ਹਿੰਦੂ ਮੁਸਲਮ ਫਸਾਦ ਹੋ ਗਿਆ।

੩੦ ਜਨਵਰੀ—ਗਾਂਧੀ ਜੀ ਨੇ ਆਪਣੇ ੧੧ ਨੁਕਤੇ ਅਖਬਾਰਾਂ ਰਾਹੀਂ ਪ੍ਰਗਟ ਕੀਤੇ।

੧੫ ਫਰਵਰੀ—ਮਹਾਤਮਾ ਗਾਂਧੀ ਜੀ ਸਿਵਲ ਨਾ ਫੁਰਮਾਨੀ ਦੀ ਲਹਿਰ ਦੇ ਡਿਕਟੇਟਰ ਮੁਕੱਰਰ ਹੋਏ।

੨੨ ਫਰਵਰੀ—੧੭ ਦਿਨ ਦੀ ਭੁਖ ਹੜਤਾਲ ਤੋਂ ਬਾਦ ਲਾਹੌਰ ਸਾਜ਼ਸ਼ ਕੇਸ ਦੇ ਕੈਦੀਆਂ (ਭਗਤ ਸਿੰਘ ਆਦਿ) ਨੇ ਭੁਖ ਹੜਤਾਲ ਖੋਲ੍ਹੀ।

੨੬ ਫਰਵਰੀ—ਬਿਰਲਾ ਹਾਊਸ ਵਿਖੇ ਸਮਝੌਤਾ ਕਰਾਊ ਕਾਨਫਰੰਸ ਦਾ ਸਮਾਗਮ ਸ਼ੁਰੂ ਹੋਇਆ।

੨ ਮਾਰਚ—ਗਾਂਧੀ ਜੀ ਨੇ ਵਾਈਸ ਰਾਇ ਨੂੰ ਆਪਣੀਆਂ ਮੰਗਾਂ ਪੂਰੀਆਂ ਕਰਨ ਵਾਸਤੇ ੩੬ ਘੰਟੇ ਦਾ ਅਲਟੀਮੇਟਮ ਦੇ ਦਿਤਾ।



Digitized by Panjab Digital Library | www.panjabdigilib.org

੯ ਮਾਰਚ—ਸ਼੍ਰੋਮਣੀ ਅਕਾਲੀ ਦਲ ਨੇ ਮਹਾਤਮਾਂ ਜੀ ਨੂੰ ੫੦੦੦ ਅਕਾਲੀ ਸਿਵਲ ਨਾ-ਫਰਮਾਨੀ ਵਾਸਤੇ ਦੇਵਣ ਦਾ ਭਰੋਸਾ ਦਵਾਇਆ।

੧੨ ਮਾਰਚ—ਗਾਂਧੀ ਜੀ ਨੇ ਸਿਵਲ ਨਾਫਰਮਾਨੀ ਸ਼ੁਰੂ ਕੀਤੀ।

੨੮ ਮਾਰਚ—ਪੰਡਤ ਮੋਤੀ ਲਾਲ ਜੀ ਨਹਿਰੂ ਨੇ ਆਨੰਦ ਭਵਨ (ਸਵਰਾਜ ਭਵਨ) ਕਾਂਗਰਸ ਦੀ ਭੇਟਾ ਕਰ ਦਿਤਾ।

੫ ਅਪ੍ਰੈਲ—ਗਾਂਧੀ ਜੀ ਆਖਰੀ ਮੁਕਾਮ ਡੰਡੀ ਤੇ ਨਿਮਕ ਦਾ ਕਾਨੂੰਨ ਤੋੜਨ ਲਈ ਪੁਜ ਗਏ।

੬ ਅਪ੍ਰੈਲ—ਨਿਮਕ ਦਾ ਕਾਨੂੰਨ ਸਾਰੇ ਹਿੰਦੋਸਤਾਨ ਵਿਚ ਤੋੜਿਆ ਗਿਆ।

੧੫ ਅਪ੍ਰੈਲ—ਹਿੰਦੁਸਤਾਨ ਦੇ ਬਹੁਤ ਸਾਰੇ ਵਡੇ ੨ ਸ਼ਹਿਰਾਂ ਵਿਚ ਖਾਸ ਕਰ ਕਲਕੱਤਾ ਤੇ ਪੂਨੇ ਵਿਚ ਫਸਾਦ ਹੋ ਗਏ।

੨੫ ਅਪ੍ਰੈਲ—ਸ੍ਰੀ ਯੁਤ ਪਟੇਲ ਪ੍ਰਧਾਨ ਲੈਜਿਸਲੇਟਿਵ ਅਸੈਂਬਲੀ ਨੇ ਸਿਵਲ ਨਾਫਰਮਾਨੀ ਵਿਚ ਹਿੱਸਾ ਲੈਣ ਵਾਸਤੇ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਤਾ।

੪ ਮਈ—ਮਹਾਤਮਾਂ ਗਾਂਧੀ ਜੀ ਨੂੰ ਗ੍ਰਿਫਤਾਰ ਕੀਤਾ ਗਿਆ।

੧੦ ਮਈ—ਮਾਲੀਆ ਨਾ ਦੇਣ ਦੀ ਤਹਿਰੀਕ ਬਰਦੌਲੀ ਵਿਚ ਸ਼ੁਰੂ ਹੋਈ। ਜੂਨ ਵਿਚ ਸਖਤੀਆਂ, ਗ੍ਰਿਫਤਾਰੀਆਂ ਅਤੇ ਸਜ਼ਾਵਾਂ ਦਾ ਸਾਰੇ ਮੁਲਕ ਵਿਚ ਗੇੜ ਸ਼ੁਰੂ ਹੋ ਗਿਆ।

੧੭ ਜੁਲਾਈ—ਸਪਰੂ ਅਤੇ ਜੈਕਾਰ ਨੇ ਸਮਝੌਤੇ ਦੀ ਗਲ ਬਾਤ ਵਾਈਸਰਾਇ ਨਾਲ ਸ਼ੁਰੂ ਕੀਤੀ।

੧ ਅਗਸਤ—ਕਾਂਗਰਸ ਵਰਕਿੰਗ ਕਮੇਟੀ ਦੇ ਸਾਰੇ ਮੈਂਬਰ ਗ੍ਰਿਫਤਾਰ ਕਰ ਲਏ ਗਏ।

੨੯ ਅਗਸਤ—ਇਨਸਪੈਕਟਰ ਜਨਰਲ ਪੋਲੀਸ ਬੰਗਾਲ ਨੂੰ ਕਲਕਤੇ ਵਿਚ ਗੋਲੀ ਦਾ ਨਸ਼ਾਨਾ ਬਣਾਇਆ ਗਿਆ।

੫ ਸਤੰਬਰ—ਕਾਂਗਰਸ ਅਤੇ ਗਵਰਨਮੈਂਟ ਵਿਚਕਾਰ ਜੋ ਸੁਲ੍ਹਾ ਸਫਾਈ ਦੀ ਗਲ ਬਾਤ ਹੋ ਰਹੀ ਸੀ ਉਹ ਟੁਟ ਗਈ।

੭ ਅਕਤੂਬਰ—ਲਾਹੌਰ ਸਾਜ਼ਸ਼ ਕੇਸ ਦਾ ਫੈਸਲਾ ਸੁਣਾ ਦਿਤਾ ਗਿਆ ਜਿਸ ਵਿਚ ਭਗਤ ਸਿੰਘ, ਸੁਖਦੇਵ ਅਤੇ ਰਾਜ ਗੁਰੂ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ।

੧੨ ਨਵੰਬਰ—ਕਿੰਗ ਜਾਰਜ ਪੰਚਮ ਨੇ ਪਹਿਲੀ ਗੋਲ ਮੇਜ਼ ਕਾਨਫ੍ਰੰਸ ਦੀ ਅਰੰਭਕ ਰਸਮ ਅਦਾ ਕੀਤੀ।

੮ ਦਸੰਬਰ—ਬੰਗਾਲ ਜੇਹਲਾਂ ਦਾ ਇਨਸਪੈਕਟਰ ਜਨਰਲ ਗੋਲੀ ਦਾ ਨਸ਼ਾਨਾ ਬਣਾਇਆ ਗਿਆ।

੨੩ ਦਸੰਬਰ—ਪੰਜਾਬ ਗਵਰਨਰ ਤੇ ਇਮਤਿਹਾਨ ਦੀਆਂ ਡਿਗਰੀਆਂ ਵੰਡਣ ਵੇਲੇ ਗੋਲੀ ਚਲਾਈ ਗਈ।

ਇਹ ਸਾਰਾ ਸਾਲ ਸਖਤੀ ਦੇ ਦੌਰ ਲਈ ਖਾਸ ਮਸ਼ਹੂਰ ਰਿਹਾ।

---



Digitized by Panjab Digital Library | www.panjabdigilib.org

"ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ
ਅਤੁਟ ਧਾਰਮਕ ਲਗਨ ਵਾਲੇ, ਖੋਜੀ,
ਪ੍ਰੇਮੀ, ਸਿਆਣੇ ਅਤੇ ਦਿਆਲੂ ਸਨ।
ਉਨ੍ਹਾਂ ਦਾ ਸੁਭਾਉ ਅਤਿ ਕੋਮਲ ਤੇ ਮਿੱਠਾ
ਸੀ। ਧਾਰਮਕ ਪ੍ਰਚਾਰ ਅਤੇ ਪੰਜਾਬੀ
ਸਾਹਿਤ੍ਯ ਦੇ ਵਾਧੇ ਦੇ ਉਘੇ ਹਾਮੀ ਸਨ।
ਪੁਰਾਤਨ ਸ਼ਰਾਫਤ, ਉਪਕਾਰ ਅਤੇ ਗੁਰ-
ਮੁਖਤਾ ਦਾ ਨਮੂਨਾ ਸਨ।"

(ਪ੍ਰੋ: ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ)



Digitized by Panjab Digital Library | www.panjabdigilib.org

# ੧੯੩੧

## ਇਨਸਾਨੀ ਜੀਵਨ

"ਵੈਦ ਜੀ ਨਿਰਲੋਭ, ਨਿਰਮੋਹ, ਨਿਰਵੈਰ, ਪੂਰਨ ਵੈਦਜ, ਪੰਥ ਦੇ ਚਮਕਦੇ ਸਤਾਰੇ, ਵਿਦਵਾਨ, ਪਰ ਉਪਕਾਰੀ ਤੇ ਪਰਮ ਮਿਤ੍ਰ ਸਨ।"
(ਰਸਾਲਦਾਰ ਪ੍ਰਦੁਮਨ ਸਿੰਘ ਜੀ ਜਗੀਰਦਾਰ ਗੁੱਜਰ ਵਾਲ)

ਇਨਸਾਨੀ ਜੀਵਣ ਦਾ ਅਸਲੀ ਰੰਗ ਮੁਸੀਬਤ ਵਿੱਚ ਪਰਖਿਆ ਜਾਂਦਾ ਹੈ। ਸੱਚੀ ਲਗਨ ਦੁੱਖਾਂ ਕਸ਼ਟਾਂ ਵਿੱਚ ਸਗੋਂ ਵੱਧਦੀ ਤੇ ਕੱਚੀ ਟੁੱਟ ਜਾਂਦੀ ਹੈ। ਸੱਚਾ ਆਸ਼ਕ ਆਪਣੇ ਆਦਰਸ਼ ਲਈ ਕਦੇ ਭੀ ਕੋਈ ਵੱਡੀ ਤੋਂ ਵੱਡੀ ਕੁਰਬਾਨੀ ਕਰਨੋਂ ਨਹੀਂ ਝਿਝਕਦਾ। ਇਹੋ ਹੀ ਨਹੀਂ, ਸਗੋਂ ਜਿਉਂ ਜਿਉਂ ਆਦਰਸ਼ ਪੂਰਤੀ ਦੇ ਰਾਹ ਵਿੱਚ ਰੁਕਾਵਟਾਂ ਪੈਂਦੀਆਂ ਹਨ, ਤਿਉਂ ਤਿਉਂ ਹੀ ਸੱਚੇ ਆਸ਼ਕ ਦੀ ਚਾਲ ਹੋਰ ਤੇਜ਼ ਹੁੰਦੀ ਹੈ ਤੇ ਉਸਨੂੰ ਖੁਸ਼ੀ ਦੀ ਲਾਲੀ ਚੜ੍ਹ ਜਾਂਦੀ ਹੈ। ਕਿਉਂਕਿ ਉਹ ਜਾਣਦਾ ਹੈ ਕਿ ਮੁਸੀਬਤਾਂ ਝੱਲਣ ਨਾਲ ਉਹ ਆਪਣੇ ਆਦਰਸ਼ ਦੇ ਹੋਰ ਨੇੜੇ ਹੋ ਰਿਹਾ ਹੈ। ਉਹ ਵਧੀਕ ਗੱਲਾਂ ਨਹੀਂ ਕਰਦਾ, ਬਹੁਤ ਬੜ੍ਹਕਾਂ ਨਹੀਂ ਮਾਰਦਾ, ਸਗੋਂ ਮਸਤ ਹੋ ਆਪਣੇ ਨੀਯਤ ਕੀਤੇ ਹੋਏ ਆਦਰਸ਼ ਰਾਹ ਉੱਪਰ ਚਲੀ ਜਾਂਦਾ ਹੈ, ਕਰਨੀ ਕਰੀ ਜਾਂਦਾ ਹੈ। ਉਸ ਦੀ ਚਾਲ ਢਾਲ ਤੇ ਰੰਗਤ ਵਿੱਚ ਫਰਕ ਨਹੀਂ ਪੈਂਦਾ ਤੇ ਕੋਈ ਤਾਕਤ ਉਸ ਨੂੰ ਆਪਣੇ ਅਸਲੀ ਆਸ਼ੇ ਤੋਂ ਲਾਂਭੇ ਨਹੀਂ ਕਰ ਸਕਦੀ।

ਵੈਦ ਜੀ ਉਨ੍ਹਾਂ ਸੱਚੇ ਆਸ਼ਕਾਂ ਵਿੱਚੋਂ ਸਨ, ਜਿਨ੍ਹਾਂ ਨੂੰ ਸੰਸਾਰ ਸੇਵਾ ਤੇ ਜਗਤ ਪ੍ਰੇਮ ਦੀ ਸੱਚੀ ਲਗਨ ਸੀ। ਇਸ ਲਗਨ ਬਦਲੇ



Digitized by Panjab Digital Library | www.panjabdigilib.org

ਆਪ ਨੂੰ ਸਰੀਰਕ, ਮਾਇਕ ਤੇ ਮਾਨਸਕ ਕਸ਼ਟ ਭੀ ਝਲਣੇ ਪਏ,ਪਰ ਆਪ ਦਾ ਕਦਮ ਇਸ ਰਾਹ ਤੋਂ ਜ਼ਰਾ ਭਰ ਭੀ ਨਾ ਥਿੜਕਿਆ। ਸੱਚੇ ਦੇਸ਼ ਸੇਵਕ, ਦੇਸ਼ ਭਗਤ ਪਰ ਸਮੇਂ ਦੀ ਸਰਕਾਰ ਦੀਆਂ ਨਜ਼ਰਾਂ ਵਿੱਚ ਬਾਗ਼ੀ ਦੇਸ਼ ਭਗਤਾਂ ਦੇ ਪਿਆਰ ਬਦਲੇ ਆਪ ਨੂੰ ਮਾਯਕ ਕੁਰਬਾਨੀ ਹੀ ਨਹੀਂ ਕਰਨੀ ਪਈ,ਸਗੋਂ ਇਸ ਧੁਨ ਬਦਲੇ ਆਪ ਨੂੰ ਅਹੰਕਾਰੀ ਹਾਕਮਾਂ ਤੋਂ ਅਕਾਰਣ ਬੇ ਇਜ਼ਤ ਭੀ ਹੋਣਾ ਪਿਆ। ਜੁਰਮਾਨੇ ਤੇ ਕੈਦਾਂ ਭੀ ਕਟਣੀਆਂ ਪਈਆਂ, ਪਰ ਆਪ ਦੀ ਲਗਨ ਮੱਧਮ ਨਾ ਹੋਈ, ਤੇ ਨਾ ਹੋਈ। ਆਪ ਲੋਕ ਸੇਵਾ ਵਿੱਚ ਨਿਰ-ਮਾਨ ਤੇ ਨਿਧੜਕ ਲੱਗੇ ਰਹੇ। ਜਿੱਥੇ ਜੇਹੋ ਜੇਹਾ ਤੇ ਜਦ ਕਦੇ ਭੀ ਆਪਨੂੰ ਸੇਵਾ ਕਰਨ ਦੇ ਸਮੇਂ ਦੀ ਸੋ ਪਈ, ਆਪ ਤੁਰਤ ਅੱਗੇ ਆਏ ਤੇ ਸਮੇਂ ਨੂੰ ਸਫਲ ਕੀਤਾ। ਇਹੀ ਤਾਂ ਸੱਚੇ ਆਸ਼ਕ ਦੀ ਮੁੱਖ ਨਸ਼ਾਨੀ ਹੁੰਦੀ ਹੈ।

ਚੜ੍ਹਦੇ ੧੯੩੧, ੧ ਜਨਵਰੀ ੧੯੩੧ ਨੂੰ ਆਪ ਨੇ ਸ੍ਰੋ: ਕ: ਦੇ ਸੈਨਸਸ ਕਲਰਕ (ਮਰਦੁਮ ਸ਼ੁਮਾਰੀ ਕਰਾਉਣ ਵਾਲਾ) ਹੱਥੀਂ ੧੦੧ ਕੜੇ ਯੂ. ਪੀ. ਵਿੱਚ ਵੰਡਣ ਵਾਸਤੇ ਭੇਜੇ।

੧੦ ਜਨਵਰੀ ਤੋਂ ਸ੍ਰੀ ਤਰਨ ਤਾਰਨ ਸਰੋਵਰ ਦੀ ਕਾਰ ਸੇਵਾ ਅਰੰਭ ਹੋਈ। ਸੇਵਾ ਵਾਲੇ ਸੰਤਾਂ ਦੇ ਆਪ ਖਾਸ ਸਲਾਹਕਾਰ ਤੇ ਮਦਦਗਾਰ ਰਹੇ। ਕਾਰ ਸਰੋਵਰ ਕਮੇਟੀ ਨੇ ਆਪ ਨੂੰ ਮਾਇਕ ਸਬ ਕਮੇਟੀ ਦਾ ਸਕੱਤ੍ਰ ਥਾਪਿਆ।

੧੧ ਜਨਵਰੀ ਨੂੰ ਆਪ ਨੇ ਨਵੰਬਰ ਦਸੰਬਰ ੧੯੩੦ ਦੇ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਆਮਦਨ ਖਰਚ ਦੇ ਚਿੱਠੇ ਵੇਖ ਰਪੋਟ ਲਿਖੀ।

ਬਹੁਤ ਘੱਟ ਬੰਦੇ ਆਪ ਨੂੰ ਅਜੇਹੇ ਮਿਲਨਗੇ, ਜਿਹੜੇ ਅਖਬਾਰਾਂ ਵਾਲਿਆਂ ਨੂੰ ਚੰਦਾ ਤੇ ਉਸ ਨਾਲ ਸਹਾਇਤਾ ਭੀ ਦੇਣ ਤੇ ਨਾਲ ਇੱਛਾ ਅਨੁਸਾਰ ਮਜ਼ਮੂਨ ਭੀ ਭੇਜਣ ਪਰ ਵੈਦ ਜੀ, ਸਦਾ ਹੀ ਇਸਤਰ੍ਹਾਂ ਕਰਦੇ ਸਨ, ਸਗੋਂ ਇਸ ਤੋਂ ਵੀ ਵਧ। ੧੮ ਜਨਵਰੀ ਨੂੰ ਸ੍ਰ: ਸੇਵਾ ਸਿੰਘ ਜੀ ਕ੍ਰਿਪਾਨ ਬਹਾਦਰ ਆਏ, ਆਪ ਨੇ ੮) ਮਰਦੁਮ ਸ਼ੁਮਾਰੀ ਨੰਬਰ ਲਈ



Digitized by Panjab Digital Library | www.panjabdigilib.org

ਸਹਾਇਤਾ ਵਿੱਤੀ ।

ਆਪ ਕੋ ਓਪ੍ਰੇਟਿਵ ਯੂਨੀਅਨ* ਦੇ ਰੁਕਨਾਂ ਵਿੱਚੋਂ ਸਨ, ਇਸ ਲਈ ੨੨ ਤੇ ੨੩ ਜਨਵਰੀ ਨੂੰ ਮਿ: ਡਾਰਲਿੰਗ ਰਜਿਸਟ੍ਰਾਰ ਕੋ ਓਪ੍ਰੇਟਿਵ ਸੋਸਾਇਟੀਜ਼ ਦੇ ਤਰਨ ਤਾਰਨ ਆਵਣ ਤੇ ਆਪ ਨਾਲ ਕਾਫੀ ਖਿਆਲਾਂ ਦਾ ਵਟਾਂਦਰਾ ਹੁੰਦਾ ਰਿਹਾ । ਰਜਿਸਟ੍ਰਾਰ ਦੇ ਨਾਲ ਕਮਿਸ਼ਨਰ ਸਾਹਿਬ ਭੀ ਸਨ । ਵੈਦ ਜੀ ਨੇ ਨਾਲ ਹੋਕੇ ਕਈ ਘਰਾਂ ਵਿੱਚ ਪੈਸੇ ਜਮਾ ਕਰਨ ਦੇ ਪੁਰਾਣੇ ਢੰਗ, ਬੁਘਨੀਆਂ ਦੇ ਨਮੂਨੇ ਵਿਖਾਏ, ਜਿਸ ਤੋਂ ਪਤਾ ਲੱਗਦਾ

---

*ਤਰਨ ਤਾਰਨ ਕੋਓਪ੍ਰੇਟਿਵ ਯੂਨੀਅਨ ਲਿਮਟਿਡ ਦੇ ਸਕੱਤ੍ਰ ਸਾਹਿਬ ਲਿਖਦੇ ਹਨ ਕਿ:—

"..........ਸਾਡੀ ਬੈਂਕ (ਤਰਨ ਤਾਰਨ ਕੋਓਪ੍ਰੇਟਿਵ ਯੂਨੀਅਨ ਲਿਮਿਟਿਡ) ਵਿਚ ਵੈਦ ਜੀ ਨੇ ੮ ਸਾਲ ਕੰਮ ਵਿਚ ਹਥ ਵਟਾਇਆ ਹੈ । ਪਹਿਲੇ ਸਾਲ ਹੀ ਅਫਸਰਾਂ ਵਲੋਂ ਇਹ ਨੋਟ ਸੀ ਕਿ ਵੈਦ ਜੀ ਇਸ ਕੰਮ ਵਿਚ ਖਾਸ ਦਿਲਚਸਪੀ ਲੈ ਰਹੇ ਹਨ ਤੇ ਅਗਲੇਰੇ ਸਾਲਾਂ ਤੋਂ ਮਹਿਕਮੇ ਦੇ ਵਡੇ ਅਫਸਰਾਂ ਵਲੋਂ (Remarks) ਆਵਣ ਲਗ ਪਏ ਜਿਹਾ ਕਿ 'ਕੋਓਪ੍ਰੇਟਿਵ ਸੁਸਾਇਟੀਆਂ ਦੇ ਸਰਕਲ ਰਜਿਸਟਰਾਰ ਸਾਹਿਬ ੧੮. ੬. ੧੯੩੨ ਨੂੰ ਲਿਖਦੇ ਹਨ ਕਿ:—

"Bhai Mohan Singh Vaid is the Pillar of the union and much of the success is due to his influence."

ਇਸੇ ਤਰ੍ਹਾਂ ਪੰਜਾਬ ਕੋਓਪ੍ਰੇਟਿਵ ਯੂਨੀਅਨਾਂ ਦੇ ਔਡੀਟਰ ਸਾਹਿਬ (੧੦. ੬. ੧੯੩੫. ਨੂੰ) ਲਿਖਦੇ ਹਨ ਕਿ:—

"Bhai Mohan Singh Vaid is an inspiring Personality of the town. He devotes much of his Valueable time to the offairs of union."

ਭਾਈ ਸਾਹਿਬ ਦੀ ਹੋਂਦ ਦਾ ਹੀ ਸਿੱਟਾ ਹੈ ਕਿ ਯੂਨੀਅਨ ਪਬਲਕ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪਹੁੰਚਾਉਂਦੀ ਹੋਈ ਸਿਰ ਕਢਵੀਂ ਜਾ ਰਹੀ ਹੈ ।

ਹਰ ਇਕ ਨਾਲ ਪਿਆਰ ਭਰਿਆ ਵਰਤਾਉ ਤੇ ਉਨ੍ਹਾਂ ਦੀ ਹਲੀਮੀ, ਮਿਠਾਸ ਹਰ ਇਕ ਦੇ ਮਨ ਨੂੰ ਮੋਹ ਲੈਂਦੀ ਸੀ ।"



Digitized by Panjab Digital Library | www.panjabdigilib.org

ਸੀ ਕਿ ਪਿਛਲੇ ਸਮੀਂ ਸਾਡੇ ਘਰਾਂ ਵਿੱਚ ਕੇਹੋ ਜੇਹਾ ਤਰੀਕਾ ਸੀ ? ਤੇ ਕਿਵੇਂ ਪਿਛਲੇ ਲੋਕੀ ਘਰਾਂ ਵਿੱਚ ਬ੍ਰਿਫਟ (ਬੱਚਤ) ਦਾ ਪ੍ਰਬੰਧ ਕਰਦੇ ਸਨ ?

੧੫ ਫਰਵਰੀ ਨੂੰ ਅਖਬਾਰ 'ਡਾਕਟਰ' ਦੇ ਪ੍ਰਬੰਧਕ ਡਾਕਟਰ ਹਰੀ ਸਿੰਘ ਜੀ ਅੰਮ੍ਰਿਤਸਰ ਤੋਂ ਆਪ ਪਾਸ ਆਏ । ਆਪ ਨੇ ੧੦) ਅਖ-ਬਾਰ ਦੀ ਸਹਾਇਤਾ ਤੇ ੧ ਖਰੜਾ ਨੁਸਖਿਆਂ ਦਾ ਅਖਬਾਰ ਵਿੱਚ ਸਮੇਂ ਸਮੇਂ ਪ੍ਰਕਾਸ਼ਤ ਕਰਨ ਲਈ ਦਿੱਤਾ ।

੧੬ ਫਰਵਰੀ ਨੂੰ ਖਾ: ਹਾ: ਸਕੂਲ ਦੇ ਸਾਇੰਸ ਕਮਰੇ ਦੀ ਛਤ ਡਿੱਗਕੇ ੪੪ ਲੜਕਿਆਂ ਦੇ ਸੱਟਾਂ ਲਗੀਆਂ, ਪਰ ਵਾਹਿਗੁਰੂ ਦੀ ਕ੍ਰਿਪਾ ਜੋ ਸਹੀ ਸਲਾਮਤ ਰਹੇ । ਇਹ ਹਾਦਸਾ ਸੁਣਦਿਆਂ ਸਾਰ ਆਪ ਦਾ ਹਮਦਰਦ ਦਿਲ ਫਰਕ ਉੱਠਿਆ, ਵਾਹੋਦਾਹੀ ਭੱਜ ਕੇ ਸਕੂਲ ਵਿੱਚ ਗਏ, ਡਾਢਾ ਸ਼ੋਕ ਪ੍ਰਗਟ ਕੀਤਾ ਤੇ ਬੱਚਿਆਂ ਨੂੰ ਪਿਆਰ ਦਲਾਸਾ ਦੇ ਹੌਸਲਾ ਦਿੱਤਾ।

੨੧ ਫਰਵਰੀ ਨੂੰ ਮਾਸਟਰ...............ਨੇ ਆਪਣੀ ਅਤੀ ਦੁਖੀ ਦਸ਼ਾ ਦੱਸ ਕੇ ਤੇ ਕਰਜ਼ਾ ਉਤਾਰਨ ਨੂੰ ਹਥ ਉਧਾਰ ਕੁਝ ਮਾਯਾ ਮੰਗੀ ਆਪ ਨੇ ਮੰਗ ਅਨੁਸਾਰ ੫੦) ਦਿਤੇ ਤੇ ਉਸਦੇ ਦੁਖੀ ਹਿਰਦੇ ਨੂੰ ਸ਼ਾਂਤ ਕੀਤਾ।

ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਸ੍ਰੀ ਅੰਮ੍ਰਿਤਸਰ ਦੇ ਵਜੂਦ ਵਿਚ ਆਉਣ ਸਮੇਂ ਤੋਂ ਹੀ ਚੀਫ ਖਾਲਸਾ ਦੀਵਾਨ ਦੀ ਹਾਲਤ ਕੁਛ ਹੋਰ ਹੋ ਗਈ ਸੀ । ਅਸਲ ਵਿਚ ਤਾਂ ਸ਼੍ਰੋ: ਗੁ: ਕ: ਤੇ ਸ਼੍ਰੋ: ਅਕਾਲੀ ਦਲ ਬਣੇ ਹੀ ਚੀਫ ਖਾਲਸਾ ਦੀਵਾਨ ਦੀ ਅਤੀ ਢਿੱਲੀ ਤੇ ਸਰਕਾਰ ਪਰਸਤ ਚਾਲ ਕਰ ਕੇ ਸਨ । ਵੈਦ ਜੀ ਚੀਫ ਖਾਲਸਾ ਦੀਵਾਨ ਦੇ ਮੁਢ ਤੋਂ ਹੀ ਮੈਂਬਰ ਸਨ, ਪਰ ਇਸ ਦੀਆਂ ਪਿੱਛੇ ਖਿਚੂ ਤੇ ਸਰਕਾਰ ਪੂਜ ਚਾਲਾਂ ਨਾਲ ਆਪ ਦੇ ਖਿਆਲ ਸਦਾ ਹੀ ਟਕਰਾਉਂਦੇ ਰਹਿੰਦੇ ਸਨ । ਹੁਣ ਸ਼੍ਰੋ: ਗੁ: ਪ੍ਰ: ਕਮੇਟੀ ਦੇ ਬਣਨ ਕਰਕੇ ਤੇ ਇਸ ਦੇ ਵਧਦੇ ਖਿਆਲ ਹੋਣ ਕਰ ਕੇ ਆਪ ਇਸ ਵਿਚ ਭੀ ਮੁੱਢ ਤੋਂ ਹੀ ਰਲ ਗਏ ਸਨ । ਰਲ ਹੀ ਨਹੀਂ, ਸਗੋਂ, ਕੁਰਬਾਨੀ ਦੂਰ ਦਰਸ਼ਤਾ ਤਨ ਮਨ ਤੇ ਧਨ ਦੀ ਸੇਵਾ ਕਰਨ ਕਰਕੇ ਆਪ ਇਨ੍ਹਾਂ ਜੱਥਿਆਂ ਦੇ ਭੀ ਮੁਖੀਆਂ ਵਿਚ ਗਿਣੇ ਜਾਣ ਲੱਗੇ। ਵੈਦ ਜੀ ਦਾ



Digitized by Panjab Digital Library | www.panjabdigilib.org

ਏਧਰ ਹੋਣਾ ਚੀਫ ਖਾ: ਦੀਵਾਨੀਆਂ ਨੂੰ ਕਦੇ ਕਦੇ ਜ਼ਰੂਰ ਖੁੜਕਦਾ ਸੀ ਪਰ ਕਰ ਕੀ ਸਕਦੇ ਸਨ ? ਆਪ ਪੁਰਾਣੇ ਤੇ ਤਜਰਬਾ ਕਾਰ ਦੂਰੰਦੇਸ਼ ਕੁਰਬਾਨੀ ਕਰਨ ਵਾਲੇ ਭੇਤੀ ਮੁਖੀ ਮੈਂਬਰ ਸਨ ।

ਸਮਾ ਆ ਗਿਆ ਵੈਦ ਜੀ ੧੯੨੪ ਦੇ ਚੜ੍ਹਦਿਆਂ ਹੀ ਸ਼੍ਰੋ: ਗੁ: ਕ: ਦੇ ਦੂਜੇ ਜੱਥੇ ਵਿਚ ਸੇਵਾ ਕਰਦੇ ਹੋਏ ਜੇਹਲ ਯਾਤ੍ਰਾ ਕਰਨ ਚਲੇ ਗਏ । ਯਾਰਾਂ ਨੂੰ ਬਹਾਨਾ ਮਿਲ ਗਿਆ, ਉਨ੍ਹੀ ਆਪਣੀਆਂ ਵਹੀਆਂ ਵਿਚੋਂ ਆਪ ਦਾ ਨਾਮ ਕਟ ਘਤਿਆ । ਉਨ੍ਹਾਂ ਦਾ ਖਿਆਲ ਸੀ ਕਿ ਹੁਣ ਵੈਦ ਜੀ ਸ਼ਾਇਦ ਰਗੜੇ ਖਾਂਦੇ ਖਾਂਦੇ ਬੇ ਦਮ ਹੋ ਜਾਣਗੇ । 'ਭਲਾ ਜੀ ! ਸਰਕਾਰ ਮਾਈ ਬਾਪ ਦੇ ਸੌਹੇਂ ਕੋਈ ਅਟਕ ਸਕਦਾ ਹੈ ! ਸਰਕਾਰ ਨਾਲ ਟੱਕਰਨਾ ਤਾਂ ਪਹਾੜ ਨਾਲ ਮੱਥਾ ਲਾਉਣਾ ਹੈ !'

ਏਥੇ ਅਸੀਂ ਵੈਦ ਜੀ ਦੇ ਇਕ ਪੁਰਾਣੇ ਪ੍ਰੇਮੀ ਦੀ ਚਿਠੀ ਵਿਚੋਂ ਕੁਝ ਫਿਕਰੇ ਦਿੰਦੇ ਹਾਂ ਜੋ ਆਪ ਨੇ ਵੈਦ ਜੀ ਦੇ ਜੇਹਲੋਂ ਰਿਹਾ ਹੋ ਕੇ ਆਉਣ ਸਮੇਂ ਲਿਖੀ ਸੀ । ਆਪ ਲਿਖਦੇ ਹਨ:–

"ਸ੍ਰੀ ਮਾਨ ਪਜਾਰੇ ਵੀਰ ਸ੍ਰ: ਮੋਹਣ ਸਿੰਘ ਸਾਹਿਬ ਜੀ ! ਦਾਸ ਦੀ ਹੱਥ ਜੋੜਕੇ ਚਰਨਾਂ ਪਰ ਸੀਸ ਨਿਵਾਕੇ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਵਾਨ ਕਰਨੀ ।

ਕਿਰਪਾ ਪੱਤ੍ਰ ਪੁੱਜਾ ਧੰਨਵਾਦੀ ਹਾਂ, ਉੱਤ੍ਰ ਇਸਤਰ੍ਹਾਂ ਹੈ, ਮਕੜੀ ਕਈ ਵਾਰੀ ਆਪ ਜਾਲਾ ਤਣਕੇ ਆਪ ਹੀ ਉਸ ਵਿਚ ਫੱਸ ਜਾਂਦੀ ਹੈ ਤੇ ਸੁਹਣੇ ਸੰਸਾਰ ਤੋਂ ਹੱਥ ਧੋ ਬੈਠਦੀ ਹੈ.........ਇਸੀ ਤਰ੍ਹਾਂ ਤੁਸੀਂ ਮੁਹੰਮਦ ਸ਼ਾਹ ਦੇ ਲਿਖਣ ਅਨੁਸਾਰ 'ਘਰੋਂ ਗਏ ਫਰੰਗੀ ਦੇ ਮਾਰਨੇ ਨੂੰ, ਸਗੋਂ ਕੁੰਜੀਆਂ ਹੱਥ ਫੜਾ ਆਏ' ਗੁਰਦੁਆਰੇ ਲਏ ਨਹੀਂ, ਦਿੱਤੇ ਹੈਨ । ਐਵੇਂ ਸਰਕਾਰ ਨਾਲ ਮੱਥਾ ਲਾਕੇ ਕੌਮ ਦਾ ਨੁਕਸਾਨ ਕੀਤਾ ।"

ਪ੍ਰੇਮੀ ਜੀ ਦਾ ਉਪ੍ਰੋਕਤ ਕਥਨ ਵੈਦ ਜੀ ਵਲ ਸ਼੍ਰੋ: ਗੁ: ਪ੍ਰ: ਕ: ਦਾ ਮੈਂਬਰ ਬਣ ਕੇ ਸੇਵਾ ਕਰਦਿਆਂ, ਨਿਧੜਕ ਜੇਹਲ ਯਾਤ੍ਰਾ ਕਰਨ ਤੇ ਸ੍ਰਕਾਰ ਦੀਆਂ ਨਜ਼ਰਾਂ ਵਿਚ ਬਾਗ਼ੀ ਹੋ ਕੇ ਦੁਖ ਉਠਾਉਣ ਵਲ ਹੈ । ਆਪ ਲਈ ਸਰਕਾਰ ਦੀ 'ਹਾਂ ਵਿਚ ਹਾਂ' ਨਾ ਮਿਲੌਣਾ ਤਾਂ ਮਾਨੋਂ ਸਿਖੀ ਪਣੇ ਤੋਂ



Digitized by Panjab Digital Library | www.panjabdigilib.org

ਵਿਰੁਧ ਹੈ, ਤੇ ਸੱਚਾ ਸਿਖ ਓਹੀ ਹੈ ਤੇ ਓਹੀ ਵਧ ਚੜ੍ਹ ਕੇ ਕੌਮ ਦੀ ਸੇਵਾ ਕਰਦਾ ਹੈ, ਜੋ ਅਕਾਰਣ ਹੀ ਸਰਕਾਰ ਮਾਈ ਬਾਪ ਦੇ ਬੂਟ ਪਿਆ ਚੱਟੇ।

ਇਸੇ ਚਿੱਠੀ ਵਿਚ ਆਪ, ਅੱਗੇ ਵੈਦ ਜੀ ਦੇ ਸੁਖ ਮਯ ਜੀਵਣ ਬਤੀਤ ਕਰਨ ਅਤੇ ਸ਼ਾਂਤ ਸੁਭਾਵ ਦੀ ਪ੍ਰਸੰਸਾ ਕਰਦੇ ਹੋਏ ਲਿਖਦੇ ਹਨ:-

"ਤੁਸੀਂ ਮੋਹਣਾ ਜੀਵਨ ਬਿਤਾ ਰਹੇ ਸੀ, ਹੁਣ ਬਖੇੜਿਆਂ ਵਿੱਚ ਸਮਾ ਵਿਅਰਥ ਗਵਾਂਦੇ ਹੋ ਤੇ ਜੇਹੜਾ ਠੰਡਾ ਹਿਰਦਾ ਹੁੰਦਾ ਸੀ, ਉਹ ਹੁਣ ਗਰਮ ਹੋ ਰਿਹਾ ਹੈ।"

ਅੱਗੇ ਮੁਲਕੀ ਲਹਿਰ ਦੀ ਨਿੰਦਾ ਕਰਦੇ ਹੋਏ ਲਿਖਦੇ ਹਨ:-

"ਜੇ ਪੰਥ ਪੰਥ ਬਣੇ ਤਾਂ ਕੋਈ ਡਰ ਨਹੀਂ, ਪਰ ਪੰਥ ਸ੍ਵਰਾਜੀਆਂ ਦੇ ਮਗਰ ਲੱਗ ਕੇ ਨੁਕਸਾਨ ਉਠਾ ਰਿਹਾ ਹੈ।" ਆਦਿਕ

ਯਰਕਾਨ ਵਾਲੇ ਨੂੰ ਸਭ ਕੁਝ ਪੀਲਾ ਹੀ ਦਿੱਸਣ ਵਾਂਗ ਖੁਦਗਰਜ਼, ਝੋਲੀ ਚੁੱਕ ਤੇ ਜੀ ਹਜ਼ੂਰੀਆਂ ਨੂੰ 'ਸ੍ਵਰਾਜ' ਸ੍ਵਰਾਜ ਹਾਸਲ ਕਰਨ ਦੇ ਚਾਹਵਾਨ ਤੇ ਕੌਮੀ ਸੇਵਕ 'ਗ਼ੱਦਾਰ' ਹੀ ਨਜ਼ਰ ਆਉਂਦੇ ਹਨ।

ਪਾਠਕ ਜਨ! ਇਸ ਚਿਠੀ ਦਾ ਲਿਖਾਰੀ ਭਾਵੇਂ ਪੰਥ ਵਿਚ ਡਾਢੇ ਮਾਨ ਨਾਲ ਤੱਕਿਆ ਜਾਂਦਾ ਹੈ ਪਰ ਸਾਡੇ ਸਾਹਮਣੇ ਆਪ ਦੇ ਜੀਵਣ ਦਾ ਉਹ ਰੀਕਾਰਡ ਪਿਆ ਹੈ ਜਿਸ ਨੂੰ ਜੇ ਪ੍ਰਗਟ ਕਰੀਏ ਤਾਂ ਅੱਖਾਂ ਖੁਲ ਜਾਂਦੀਆਂ ਹਨ, ਤੇ ਉਸ ਦੇ ਉਪਰਲੇ ਨਕਲੀ, ਬਗੁਲਾ ਭਗਤੀ ਜੀਵਣ ਵਲ ਤੱਕਣ ਨੂੰ ਦਿਲ ਨਹੀਂ ਕਰਦਾ। ਇਹੀ ਲੇਖਕ (ਅਜੇਹੇ ਹੋਰ ਭੀ ਕਈ ਹਨ)ਜਿਸ ਦਾ ਵੈਦ ਜੀ ਨਾਲ ਕਾਫੀ ਸੰਬੰਧ ਰਿਹਾ ਹੈ, ਜੋ ਵੈਦ ਜੀ ਪਾਸੋਂ ਵਧ ਵਧ ਕੇ ਮਦਦ ਲੈਂਦੇ ਰਹੇ ਤੇ ਨਿਉਂ ਨਿਉਂ ਹਥ ਜੋੜ ੨ ਪ੍ਰੇਮ ਪ੍ਰਗਟ ਕਰਦੇ ਰਹੇ ਹਨ। ਵੈਦ ਜੀ ਦੇ ਅਕਾਲ ਪੁਰੀ ਨੂੰ ਚੜ੍ਹਾਈ ਕਰ ਜਾਣ ਪਰ ੪-੧੧-੩੬ ਦੀ ਪੱਤ੍ਰਕਾ ਵਿਚ ਬਿਲਕੁਲ ਹੀ ਅੱਖਾਂ ਫੇਰਦੇ ਹੋਏ ਲਿਖਦੇ ਹਨ:

ਸ੍ਰੀ ਮਾਨ ਜੀ! ਆਪ ਜੀ ਦਾ ਕਿਰਪਾ ਪੱਤ੍ਰ ਪੁੱਜਾ, ਉੱਤਰ ਵਿੱਚ ਬੇਨਤੀ ਹੈ ਕਿ ਖਿਮਾ ਕਰਨੀ ਮਜ਼ਮੂਨ ਲਿਖਨ ਬਾਬਤ ਮੇਰਾ ਅਭ੍ਯਾਸ ਨਹੀਂ। ਤੇ ਨਾਹੀਂ,ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘਜੀ ਦੇ ਜੀਵਨ ਬਾਬਤ ਵਾਕਫੀਅਤ ਹੈ, ਇਸ ਲਈ ਹੱਥ ਜੋੜਕੇ ਖਿਮਾਂ ਮੰਗਦਾ ਹਾਂ।"



Digitized by Panjab Digital Library | www.panjabdigilib.org

ਇਸ ਉਤੇ ਟੀਕਾ ਟਿਪਣੀ ਦੀ ਲੋੜ ਨਹੀਂ।

ਹੁਣ ਵੈਦ ਜੀ ਨੂੰ ਜੇਹਲੋਂ ਸਹੀ ਸਲਾਮਤ ਆ ਕੇ ਫੇਰ ਪੰਥਕ ਤੇ ਮੁਲਕੀ ਸੇਵਾ ਵਿਚ ਵਧ ਚੜ ਕੇ ਹਿੱਸਾ ਲੈਂਦਾ ਵੇਖ ਕੇ ਯਾਰਾਂ ਦੇ ਮੂੰਹੀ ਪਾਣੀ ਭਰ ਆਇਆ ਤੇ ਉਹ ਲੱਗੇ ਫੇਰ 'ਤੁਸੀਂ ਸਾਡੇ,ਤੁਸੀਂ ਸਾਡੇ' ਆਖ ਆਖ ਜੱਫੀਆਂ ਪਾਉਣ। ਏਧਰੋਂ ਵੈਦ ਜੀ ਭੀ ਇਸ ਠੰਡੇ ਛੱਪੜ ਵਿਚ ਕਾਫ਼ੀ ਚਿਰ ਅਸ਼ਨਾਨ ਕਰ ਚੁੱਕੇ ਸਨ। ਉਨ੍ਹਾਂ ਦੇ ਜੁੜ ਰਹੇ ਜੋੜਾਂ ਵਿਚ ਹੁਣੇ ਜ਼ਰਾ ਗਰਮੀ ਆਈ ਸੀ ਤੇ ਓਹ ਮਸਾਂ ਮਸਾਂ ਇਸ ਦੀਵਾਨੀ ਕੈਦ ਵਿਚੋਂ ਛੁੱਟੇ ਸਨ। ਉਹ ਮੁੜ 'ਸੋਹਣੀ ਸੁਖ ਦੀ ਨੀਂਦੇ' ਸੌਣਾ ਨਾ ਸਨ ਚਾਹੁੰਦੇ। ਇਸੇ ਤਰ੍ਹਾਂ ਜ਼ਰਾ ਵਧੀਕ ਪਾੜਾ ਪੈ ਗਿਆ। ਆਪ ਭੀ ਦੂਰ ਦੂਰ ਹੀ ਰਹਿਣ ਲਗ ਪਏ। ਇਸ ਗੱਲ ਨੂੰ ਦੂਸਰਾ ਧੜਾ ਭੀ ਖ਼ੂਬ ਜਾਣਦਾ ਤੇ ਪਛਾਣਦਾ ਸੀ।

੨੫ ਫਰਵਰੀ ੧੯੩੧ ਨੂੰ ਸ: ਬ: ਸ: ਬਿਸ਼ਨ ਸਿੰਘ ਜੀ,ਪ੍ਰੋਫੈਸਰ ਜੋਧ ਸਿੰਘ ਜੀ ਤੇ ਪ੍ਰੋਫੈਸਰ ਤੇਜਾ ਸਿੰਘ ਸਿ: ਐ: ਕਾਨਫ੍ਰੰਸ ਦੀ ਸਹੈਤਾ ਦੀ ਪ੍ਰੇਰਨਾ ਵਾਸਤੇ ਵੈਦ ਜੀ ਪਾਸ ਆਏ।

੨੬ ਫਰਵਰੀ ਦਾ ਡਾਇਰੀ ਨੋਟ ਹੈ:-

"ਰਾਤ ੭ ਤੋਂ ੧੧॥ ਤਕ ਮਰਦੁਮ ਸ਼ੁਮਾਰੀ ਸ਼ੁਮਾਰ ਕੁਨਿੰਦਿਆਂ ਦੀ ਪੜਤਾਲ ਵਾਸਤੇ ਆਪਣਾ ਹਲਕਾ ਤੇ ਹੋਰ ਸਾਰਾ ਸ਼ਹਿਰ ਪ੍ਰੈਜ਼ੀਡੈਂਟ ਪਾਦਰੀ ਐਟਕਿਨਸ, ਹੋਰ ਮੈਂਬਰਾਂ ਤੇ ਅਹਿਲਕਾਰਾਂ ਨਾਲ ਵੇਖਯਾ।"

੧੧ ਮਾਰਚ ਨੂੰ ਸ੍ਰੀ ਦਰਬਾਰ ਸਾਹਿਬ ਸਰੋਵਰ ਵਿੱਚ ਬੰਨ੍ਹ ਲਾਉਣਾ ਅਰੰਭ ਹੋਇਆ ਤਾ ਕਿ ਕਾਰ ਸੇਵਾ ਪਹਿਲਾਂ ਅੱਧੇ ਪਾਸੇ ਦੀ ਕੀਤੀ ਜਾਵੇ।

੧੪ ਮਾਰਚ ਨੂੰ ਡਾਕਟਰ ਆਤਮਾ ਸਿੰਘ ਜੀ ਜੇਹਲੋਂ ਰਿਹਾ ਹੋ ਕੇ ਆਏ। ਸ਼ਹਿਰ ਵਲੋਂ ਬੜੀ ਸ਼ਾਨ ਨਾਲ ਸੁਆਗਤ ਕੀਤਾ ਗਿਆ।

੨੦ ਮਾਰਚ ਨੂੰ ਦੂਜੀ ਹਜ਼ੂਰੀ ਯਾਤ੍ਰਾ ਟ੍ਰੇਨ ਕਸੂਰ ਪੱਟੀ ਰਸਤੇ ਤਰਨ ਤਾਰਨ ਆਈ। ੨੧ ਨੂੰ ਇਸ ਟ੍ਰੇਨ ਦੀ ਰਪੋਰਟ ਵੈਦ ਜੀ ਨੇ ਸੋਧੀ।

੨੪ ਮਾਰਚ ਨੂੰ ਪੰਜਾਬ ਦੇ ਦੂਲੇ ਦੇਸ਼ ਭਗਤ ਨੌਜਵਾਨ ਭਗਤ



Digitized by Panjab Digital Library | www.panjabdigilib.org

ਸਿੰਘ ਨੂੰ ਫਾਂਸੀ ਲਾਇਆ ਗਿਆ। ਇਹ ਦੁਖਦਾਈ ਖਬਰ ਸੁਣਦਿਆਂ ਹੀ ਵੈਦ ਜੀ ਦੇ ਹਿਰਦੇ ਉਤੇ ਬੜੀ ਕਰੜੀ ਸਟ ਵਜੀ ਤੇ ਆਪ ਨੇ ਬਹੁਤ ਬੁਰੀ ਤਰ੍ਹਾਂ ਫੀਲ (Feel) ਕੀਤਾ।

ਹਮਦਰਦੀ ਵਜੋਂ ਸਾਰੇ ਸ਼ਹਿਰ ਵਿਚ ਹੜਤਾਲ ਰਹੀ।ਆਪ ਨੇ ਉਸ ਦਿਨ ਆਪਣੀ ਡਾਇਰੀ ਵਿਚ ਇਸਤਰ੍ਹਾਂ ਭਾਵ ਭਰੇ ਸ਼ਬਦ ਅੰਕਤ ਕੀਤੇ:–

"ਸ: ਭਗਤ ਸਿੰਘ ਆਦਿ ਦੇਸ਼ ਰਤਨਾਂ ਨੂੰ ਸਾਰੇ ਭਾਰਤ ਵਰਸ਼ ਦੀ ਸਮੁੱਚੀ ਆਵਾਜ਼ ਦੇ ਵਿਰੁਧ ਰਾਤ ਫਾਂਸੀ ਦੇ ਕੇ ਲਾਸ਼ਾਂ ਦੀ ਬੇ ਹੁਰਮਤੀ ਕਰਨ ਦੇ ਰੋਸ ਵਜੋਂ ਮੁਕੰਮਲ ਹੜਤਾਲ ਤੇ ਹੈਰਾਨੀ ਰਹੀ!"

ਇਸ ਸਾਲ ੩, ੪, ਤੇ ੫ ਅਪ੍ਰੈਲ ਨੂੰ 'ਖਾਲਸਾ ਕਾਲਜ ਅੰਮ੍ਰਿਤਸਰ' ਵਿਚ ਸਿਖ ਐਜੂਕੇਸ਼ਨਲ ਕਾਨਫ੍ਰੰਸ ਦਾ ਇੱਕੀਵਾਂ ਸਾਲਾਨਾ ਸਮਾਗਮ ਸੀ। ਸਮਾਗਮ ਤੋਂ ਪਿਛੋਂ ਮਿਲਨ ਵਾਲਿਆਂ ਦੀ ਵੈਦ ਰਾਜ ਜੀ ਪਾਸ ਡਾਢੀ ਭੀੜ ਰਹੀ ਤੇ ਇਸੇ ਸਿਲਸਿਲੇ ਵਿਚ ਹੀ ਭਾਈ ਤਖਤ ਸਿੰਘ ਜੀ ਫੀਰੋਜ਼ ਪੁਰ ਵਾਲੇ ੨੪ ਬੀਬੀਆਂ ਦੇ ਜੱਥੇ ਸਮੇਤ ਆਏ। ਵੈਦ ਜੀ ਨੇ ਬੜੇ ਪ੍ਰੇਮ ਤੇ ਆਦਰ ਨਾਲ ਸਾਰੇ ਜੱਥੇ ਨੂੰ ਦੋਵੇਂ ਵੇਲੇ ਘਰੋਂ ਪ੍ਰਸ਼ਾਦ ਛਕਾਇਆ,ਵਿਸਰਾਮ ਕਰਵਾਇਆ ਤੇ ਆਦਰ ਮਾਨ ਨਾਲ ਵਿਦਾ ਕੀਤਾ।

੧੫ ਅਪ੍ਰੈਲ ਨੂੰ ਸਾਹਿਤ ਸੇਵੀ ਲਾਲਾ ਗੁਰਾਂ ਦਿਤਾ ਜੀ ਖੰਨਾ* ਦਵਾਈ ਲਈ ਆਏ। ਦਵਾਈ ਦੇ ਨਾਲ ਇਕ ਪੁਸਤਕ 'ਪ੍ਰੇਮ ਲਹਿਰਾਂ' ਭੀ ਭੇਟਾ ਕੀਤੀ। ਲਾ: ਗੁਰਾਂ ਦਿਤਾ ਜੀ ਫੇਰ ਭੀ ਕਈ ਵਾਰੀ ਆਉਂਦੇ ਰਹੇ ਤੇ ਵੈਦ ਜੀ ਪਿਆਰ ਤੇ ਸਤਿਕਾਰ ਪੂਰਵਕ ਯਥਾ ਯੋਗ ਸੇਵਾ ਕਰਦੇ ਰਹੇ।

---

*ਗੁਰਾਂ ਦਿਤਾ ਖੰਨਾ—ਆਪ ਸ੍ਰੀ ਅੰਮ੍ਰਿਤਸਰ ਦੇ ਵਸਨੀਕ ਹਨ ਤੇ ਹਿੰਦੀ ਪੰਜਾਬੀ ਸਾਹਿਤਜ ਦੇ ਸੁਹਣੇ ਸੇਵਕ ਹਨ। ਹਿੰਦੀ ਗੁਰਮੁਖੀ ਵਿਚ ਆਪ ਨੇ ਕਈ ਸੁਹਣੇ ਸੁਹਣੇ ਪੁਸਤਕ ਲਿਖੇ ਹਨ ਜਿਨ੍ਹਾਂ ਵਿਚ ਇਕ 'ਮਹਾਤਮਾਂ ਬੁਧ' ਨਾਮੀ ਆਪ ਨੇ ਵੈਦ ਜੀ ਨੂੰ ਇਨ੍ਹਾਂ ਸ਼ਬਦਾਂ ਵਿਚ 'ਇਹ ਪੁਸਤਕ ਸੁਪ੍ਰਸਿਧ ਪੰਜਾਬੀ ਸਾਹਿਤਜ ਸੇਵੀ, ਉਦਾਰ ਮੂਰਤੀ, ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਮਿਉਂਸਿਪਲ ਕਮਿਸ਼ਨਰ ਦੀ ਪਵਿਤ੍ਰ ਸੇਵਾ ਵਿਚ ਸਾਦਰ ਸਮਰਪਣ ਹੈ" ਭੇਟ ਕੀਤੀ ਹੋਈ ਹੈ।



Digitized by Panjab Digital Library | www.panjabdigilib.org

ਗੁਰਾਂ ਦਿਤਾ ਜੀ ਵੈਦ ਜੀ ਬਾਰੇ 'ਉਹ ਕੌਣ ਸਨ'? ਦੀ ਸੁਰਖੀ ਹੇਠ ਆਪਣੇ ਖਿਆਲ ਇਸ ਤਰ੍ਹਾਂ ਪ੍ਰਗਟ ਕਰਦੇ ਹਨ:–

"ਜੋ ਪੰਜਾਬ ਦੇ ਇੱਕ ਭਾਰੇ ਮੰਨੇ ਪ੍ਰਮੰਨੇ ਵੈਦ ਸਨ.। ਜਿਨ੍ਹਾਂ ਆਪਣੀ ਜ਼ਿੰਦਗੀ ਵਿੱਚ ਬੇ-ਓੜਕ ਨਾ ਉਮੀਦ ਰੋਗੀਆਂ ਨੂੰ ਭਲਾ ਚੰਗਾ ਕੀਤਾ। ਜਿਨ੍ਹਾਂ, ਆਪਣੀ ਕਮਾਈ ਦਾ ਬਹੁਤ ਸਾਰਾ ਹਿੱਸਾ ਜੰਨਤਾ ਦੀ ਸੇਵਾ ਵਿੱਚ ਖਰਚ ਕੀਤਾ। ਜੋ ਇੱਕ ਮਹਾਨ ਸਾਹਿਤਕ ਸੇਵੀ ਸਨ। ਜਿਨ੍ਹਾਂ ਮਾਤ ਬੋਲੀ ਪੰਜਾਬੀ ਦੇ ਸਾਹਿਤਕ ਭੰਡਾਰੇ ਨੂੰ ਭਰਨ ਵਾਸਤੇ ਨਾ ਕੇਵਲ ਆਪ ਹੀ ਦਰਜਨਾਂ ਪੁਸਤਕਾਂ ਲਿਖੀਆਂ, ਬਲਕਿ ਦੂਸਰਿਆਂ ਕੋਲੋਂ ਵੀ ਲਿਖਾਈਆਂ। ਜੋ ਸਾਹਿਤ ਸੇਵੀਆਂ ਲਈ ਕਲਪ ਬ੍ਰਿਛ ਸਨ। ਗ੍ਰੀਬਾਂ ਲਈ ਕਾਮ ਧੇਨ ਸਨ। ਓਹ ਸਨ, ਮਾਨ ਯੋਗ ਪੰਥ ਰਤਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ ਵਾਲੇ।

ਮੇਰੀ ਵਾਕਫੀ ਭਾਈ ਸਾਹਿਬ ਹੁਰਾਂ ਨਾਲ ੧੯੩੦ ਵਿੱਚ ਹੋਈ। ਮੇਰਾ ਲੜਕਾ ਬੀਮਾਰ ਸੀ। ਮੇਰੀ ਮਾਲੀ ਹਾਲਤ ਬਹੁਤ ਕਮਜ਼ੋਰ ਸੀ। ਸੈਂਕੜੇ ਹਜ਼ਾਰਾਂ ਰੁਪੈ ਬੀਮਾਰੀ ਉੱਤੇ ਲਾਕੇ ਕਾਸ਼ਨੀ ਹੋ ਚੁੱਕਾ ਸਾਂ। ਮੈਂ ਹੀ ਜਾਣਦਾ ਹਾਂ, ਕਿਸਤਰ੍ਹਾਂ ਉਨ੍ਹਾਂ ਮੇਰੀ ਬਾਂਹ ਫੜੀ। ਮੈਂ ਉਨ੍ਹਾਂ ਦਿਨਾਂ ਵਿੱਚ ਦੇਖਿਆ, ਉਹ ਮੇਰੇ ਨਾਲ ਹੀ ਇਹੋ ਜਿਹਾ ਦਇਆ ਤੇ ਪ੍ਰੇਮ ਭਰਿਆ ਸਲੂਕ ਨਹੀਂ ਕਰਦੇ ਸਨ, ਬਲਕੇ ਪ੍ਰਾਣੀ ਮਾਤ੍ਰ ਨਾਲ ਕਰਦੇ ਸਨ ਤੇ ਸਾਹਿਤਕ ਸੇਵੀ ਨਾਲ ਤਾਂ ਖਾਸ ਤੌਰ ਤੇ ਕਰਦੇ ਸਨ। ਜਦ ਜਦ ਮੈਂ ਤਰਨ ਤਾਰਨ ਜਾਂਦਾ ਸਾਂ, ਉਨ੍ਹਾਂ ਦੇ ਦਰ ਕਿਸੇ ਨ ਕਿਸੇ ਸਾਹਿਤਕ ਸੇਵੀ ਨੂੰ ਜ਼ਰੂਰ ਪਿਆ ਦੇਖਦਾ ਸਾਂ।

ਦਇਆ ਤੇ ਪ੍ਰੇਮ ਕਰਨ ਵਾਲੇ ਤਾਂ ਹੋਰ ਵੀ ਬਥੇਰੇ ਦੇਖੇ ਹਨ, ਪਰ ਨਹੀਂ, ਭਾਈ ਸਾਹਿਬ ਹੁਰਾਂ ਵਰਗਾ ਕੋਈ ਵਿਰਲਾ ਹੀ ਦੇਖਿਆ ਹੈ। ਜਿਨ੍ਹਾਂ ਸੇਵਾ ਕਰਦਿਆਂ ਕਦੀ ਥਕਾਵਟ ਮਹਿਸੂਸ ਨਹੀਂ ਕੀਤੀ, ਕਦੀ ਮੱਥੇ ਤੇ ਵੱਟ ਨਹੀਂ ਪਾਇਆ, ਸਦਾ ਖਿੜੇ ਮੱਥੇ ਹੀ ਸਭ ਕੁਝ ਕਰਦੇ ਰਹੇ।

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਸਾਖਿਆਤ ਦੇਵਤਾ ਸਨ। ਜੋ ਜੋ ਗੁਣ ਦੇਵਤਿਆਂ ਵਿੱਚ ਕਹੇ ਗਏ ਹਨ, ਉਹ ਉਨ੍ਹਾਂ ਵਿੱਚ ਪੂਰੇ ਉਤਰਦੇ ਸਨ।"



Digitized by Panjab Digital Library | www.panjabdigilib.org

੨੭ ਤੇ ੨੮ ਜੁਲਾਈ ਦਾ ਨੋਟ ਹੈ:-

"ਸੇਵਾ ਦੇ ਪ੍ਰਬੰਧ ਵਾਸਤੇ ਸੇਵਾ ਵਾਲੇ ਸੰਤਾਂ ਤੇ ਸੰਗਤ ਨਾਲ ੩ ਬਜੇ ਤੁਰ ਰਾਤ ੧੦ ਵਜੇ ਮੁਕਤਸਰ ਪੁੱਜੇ । ਅੰਮ੍ਰਿਤ ਵੇਲੇ ਮੁਕਤਸਰ ਸਾਹਿਬ ਨਿਤ ਕ੍ਰਿਯਾ ਸ਼ਨਾਨ ਪਾਠ ਯਾਤ੍ਰਾ ਕਰ ਸੇਵਾ ਸੰਬੰਧੀ ਵਿਚਾਰਾਂ ਪ੍ਰਬੰਧ ਅਰੰਭ ਕਰ, ਲੰਗਰ ਛਕ, ੧ ਵਜੇ ਤੁਰ ਛੇ ਬਜੇ ਤਰਨ ਤਾਰਨ ਪਹੁੰਚੇ।"

੨੦ ਅਗਸਤ ਨੂੰ ਤਰਨ ਤਾਰਨ ਦੇ ਪ੍ਰਸਿੱਧ ਪੁਜਾਰੀ ਭਾਈ ਨਿਹਾਲ ਸਿੰਘ ਜੀ ਕਾਲਵਸ ਹੋ ਗਏ ।

ਕਾਰ ਸੇਵਾ ਦਾ ਕੋਈ ਮਾਮੂਲੀ ਕੰਮ ਨਹੀਂ, ਹਜ਼ਾਰਾਂ ਲੱਖਾਂ ਰੁਪਿਆਂ ਦੇ ਖਰਚ ਤੋਂ ਬਿਨਾ,ਪ੍ਰਬੰਧ ਤੇ ਤਰੱਦਤ ਦਾ ਭੀ ਬੜਾ ਫਿਕਰ ਹੁੰਦਾ ਹੈ। ਜਿੱਥੇ ਲੱਖਾਂ ਆਦਮੀ ਇਕੱਠੇ ਹੋਣੇ ਹੋਏ ਹਾਕਮਾਂ ਨੂੰ ਭੀ ਜ਼ਰੂਰ ਫਿਕਰ ਪੈਣਾ ਹੋਇਆ! ਇਸੇ ਖਿਆਲ ਨਾਲ ੨੩ ਅਗਸਤ ਨੂੰ ਮਿਉਂਸਪਲ ਕਮੇਟੀ ਵਿੱਚ ਵੈਦ ਜੀ ਨੇ ਅਸਿਸਟੈਂਟ ਡਾਇਰੈਕਟਰ ਹੈਲਥ ਮਿਸਟਰ ਬੱਟ ਤੇ ਡਿਸਟ੍ਰਿਕਟ ਹੈਲਥ ਆਫੀਸਰ ਨਾਲ–ਜੋ ਖਾਸ ਇਸੇ ਕੰਮ ਲਈ ਆਏ ਸਨ–ਕਾਰ ਸੇਵਾ ਸੰਬੰਧੀ ਵਿਚਾਰਾਂ ਕੀਤੀਆਂ, ਫੇਰ ੫ ਸਤੰਬਰ ਨੂੰ ਇਸੇ ਤਰ੍ਹਾਂ ਡੀ. ਸੀ. ਨੂੰ ਕਾਰ ਸੇਵਾ ਦਾ ਮਹੱਤ੍ਵ ਸਮਝਾਯਾ ਤੇ ਪ੍ਰਬੰਧ ਵਾਸਤੇ ਵਿਚਾਰਾਂ ਪੇਸ਼ ਕੀਤੀਆਂ ।

ਇਸੇ ਤਰ੍ਹਾਂ ੭, ੮ ਸਤੰਬਰ ਨੂੰ ਤੇ ਹੋਰ ਕਈ ਦਿਨ ਸਮਾਲ ਟਾਊਨ ਕਮੇਟੀ ਤੇ ਕਾਰ ਸੇਵਾ ਵਿੱਚ ਲਗਾਤਾਰ ਵਿਚਾਰਾਂ ਹੁੰਦੀਆਂ ਰਹੀਆਂ।

੪ ਸਤੰਬਰ ਨੂੰ ਸੈਂਟਰਲ ਖਾਲਸਾ ਹਸਪਤਾਲ ਸੰਬੰਧੀ ਸ੍ਰ: ਜਸਵੰਤ ਸਿੰਘ ਜੀ ਪ੍ਰਬੰਧਕ ਆਦਿ ਨਾਲ ਕਈ ਘੰਟੇ ਵਿਚਾਰਾਂ ਹੁੰਦੀਆਂ ਰਹੀਆਂ।

੧੭ ਸਤੰਬਰ ਨੂੰ ਤਾਂ ਕਾਰ ਸੇਵਾ ਲਈ ਸੰਗਤਾਂ ਦੀ ਗਹ ਗਚ ਭੀੜ ਹੋ ਗਈ। ਵੈਦ ਜੀ ਨੇ ਭੀ ਇਸ ਦਿਨ ਦੁਕਾਨ ਬੰਦ ਕਰਕੇ ਸਾਰੇ ਪ੍ਰਵਾਰ ਸਮੇਤ ਸੇਵਾ ਕਰ, ਜਨਮ ਸਫਲਾ ਕੀਤਾ ।

੧੯ ਸਤੰਬਰ ਸ਼ਾਮ ਨੂੰ ਪੇਂਡੂ ਸੁਧਾਰ ਬਾਰੇ ਜਲਸਾ ਹੋਇਆ ਤੇ ਆਪ ਨੇ ਉਸ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ ।



Digitized by Panjab Digital Library | www.panjabdigilib.org

੧੭ ਅਕਤੂਬਰ ਨੂੰ ਸਮੇਂ ਦੀ ਵੰਡ ਦਾ ਇੱਕ ਨਿੱਕਾ ਜੇਹਾ ਡਾਇਰੀ ਨੋਟ ਇਸਤਰ੍ਹਾਂ ਹੈ:—

"ਕਮਿਸ਼ਨਰ ਦੀ ਆਮਦ ਤੇ ੧੧ ਤੋਂ ੧ ਤੱਕ ਸਕੂਲ, ੨। ਤੋਂ ੩।। ਤੱਕ ਕੋਓਪਰੇਟਿਵ ਯੂਨੀਅਨ ਵਿੱਚ ਤੇ ੪ ਤੋਂ ੬।। ਤੱਕ ਸਮਾਲਟਾਊਨ ਕਮੇਟੀ ਵਿੱਚ ਸਮਾਂ ਲੱਗਾ।"

---

ਸ਼ਰਧਾਵਾਨ ਪ੍ਰੇਮੀਆਂ ਦਾ ਗੁਰਦੁਆਰਿਆਂ ਵਿੱਚ ਕੜਾਹ ਪ੍ਰਸ਼ਾਦ ਭੇਟਾ ਕਰਨ ਦਾ ਰਿਵਾਜ ਪਰੰਪਰਾ ਤੋਂ ਚਲਿਆ ਆ ਰਿਹਾ ਹੈ। ਕੁਛ ਸਮੇਂ ਤੋਂ ਇਸ ਵਿੱਚ ਕਈ ਖਰਾਬੀਆਂ ਆ ਗਈਆਂ ਸਨ, ਅੰਮ੍ਰਿਤਸਰ ਤਰਨ ਤਾਰਨ ਆਦਿ ਵੱਡੇ ਵੱਡੇ ਸ਼ਹਿਰਾਂ ਵਿੱਚ ਪੇਸ਼ਾ ਵਰ ਦੁਕਾਨਦਾਰ ਸ਼ਰਧਾ ਵਾਨ ਯਾਤਰੂਆਂ ਨੂੰ ਬੁਰੀ ਤਰ੍ਹਾਂ ਭੋਟਦੇ ਸਨ ਤੇ ਨਾਲ ਹੀ ਕੜਾਹ ਪ੍ਰਸ਼ਾਦ ਦੀ ਕਦੇ ਕਦੇ ਤਾਂ ਐਨੀ ਬਹੁਲਤਾ ਹੋ ਜਾਂਦੀ ਸੀ ਕਿ ਅਦਬ ਦੀ ਥਾਂ ਬੇਅਦਬੀ ਪਈ ਹੁੰਦੀ ਸੀ ਇਕ ਪਾਸੇ ਗੁਰਸਿਖ ਪ੍ਰੇਮੀਆਂ ਦਾ ਰੁਪਿਆ ਅਜਾਈਂ ਖਰਚ ਹੁੰਦਾ ਸੀ, ਤੇ ਦੂਜੀ ਤਰਫ ਇਜ਼ਤ ਦੀ ਥਾਂ ਬੇ ਇਜ਼ਤੀ ਤੇ ਲਾਭ ਦੀ ਥਾਂ ਨੁਕਸਾਨ ਪੁਜਦਾ ਸੀ। ਇਸ ਸਾਰੀ ਹਾਲਤ ਨੂੰ ਦੇਖ, ਸਿਆਣੇ ਸਿਰਾਂ ਨੇ ਵਿਚਾਰ ਕੇ ਗੁਰਮਤਾ ਕੀਤਾ ਕਿ ਕੜਾਹਪ੍ਰਸ਼ਾਦ ਦੀਆਂ ਦੁਕਾਨਾਂ ਸਿਧੀਆਂ ਗੁਰਦੁਆਰੇ ਪ੍ਰਬੰਧਕਾਂ ਦੇ ਪ੍ਰਬੰਧ ਹੇਠਾਂ ਹੋਣ ਤੇ ਇਸ ਵਿਚੋਂ ਕੁਝ ਪੈਸੇ ਪ੍ਰਬੰਧ ਤੇ ਹੋਰ ਲਾਭ ਦਾਇਕ ਖਰਚ ਲਈ ਬਚਾਏ ਜਾਣ।' ਇਹ ਵਿਚਾਰ ਪਹਿਲੋਂ ਪਹਿਲ ਸ੍ਰੀ ਪੰਜਾ ਸਾਹਿਬ ਗੁਰਦੁਆਰੇ ਵਿਚ ਪ੍ਰਚਲਤ ਹੋਈ, ਫੇਰ ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਵਿਚ, ਜਿਸ ਵਿਚੋਂ ਲੱਖਾਂ ਦੀ ਬੱਚਤ ਹੋਈ। ਸ੍ਰੀ ਪੰਜਾ ਸਾਹਿਬ ਦੇ ਗੁਰਦੁਆਰੇ ਦੀ ਬਿਲਡਿੰਗ ਤੇ ਸ੍ਰੀ ਗੁਰੂ ਰਾਮ ਦਾਸ ਸਰਾਇ ਅੰਮ੍ਰਿਤਸਰ ਇਸੇ ਬੱਚਤ ਦਾ ਸ਼ੁਭ ਫਲ ਹੈ। ਇਸੇ ਸਕੀਮ ਅਨੁਸਾਰ ੨੩ ਅਕਤੂਬਰ ੧੯੩੧ ਤੋਂ ਇਹ ਸਕੀਮ ਸ੍ਰੀ ਤਰਨ ਤਾਰਨ ਵਿਚ ਪ੍ਰਚਲਤ ਹੋਈ ਤੇ ਦਰਬਾਰ ਸਾਹਿਬ ਕਮੇਟੀ ਵਲੋਂ ਕੜਾਹ ਪ੍ਰਸ਼ਾਦ ਦਾ ਪ੍ਰਬੰਧ ਸਿੱਧਾ ਆਪਣੇ ਹਥ ਵਿਚ ਲੀਤਾ ਗਿਆ।

ਏਥੇ ਇਹ ਗਲ ਦਸ ਦੇਣੀ ਭੀ ਅਯੋਗ ਨਾ ਹੋਵੇਗੀ ਕਿ ਇਸ ਕੜਾਹ



Digitized by Panjab Digital Library | www.panjabdigilib.org

ਪ੍ਰਸ਼ਾਦ ਦੀ ਲਾਭਦਾਇਕ ਸਕੀਮ ਨੂੰ ਪ੍ਰਚਲਤ ਕਰਨ ਸੰਬੰਧੀ ਚਾਰ ਪੰਜ ਮਹੀਨੇ ਤੋਂ ਕਮੇਟੀ ਵਿਚ ਸਲਾਹ ਮਸ਼ਵਰੇ ਹੋ ਰਹੇ ਸਨ। ਮਾਝੇ ਦੇ ਪ੍ਰਸਿੱਧ ਗੜਗੱਜ ਅਕਾਲੀ ਦੀਵਾਨ ਦੇ ਪ੍ਰਬੰਧਕ ਇਸ ਨਾਲ ਕੁਛ ਅਸੰਤੁਸ਼ਟ ਸਨ। ਉਨ੍ਹਾਂ ਇਸ ਦੀ ਵਿਰੋਧਤਾ ਕਰਦੇ ਹੋਇਆਂ ਦੀਵਾਨ ਵਲੋਂ ਇਕ ਕੜਾਹ ਪ੍ਰਸ਼ਾਦ ਦੀ ਦੁਕਾਨ ਤਰਨ ਤਾਰਨ ਵਿਚ ਖੋਲ੍ਹ ਦਿਤੀ। ਫੁੱਟ ਦਾ ਪਾੜਾ ਵਧਦਾ ਦੇਖ ਕੇ ਵੈਦ ਜੀ ਜੇਹੇ ਗੁਰਮੁਖ ਪੰਥ ਹਿਤੈਸ਼ੀਆਂ ਨੂੰ ਦੁਖ ਹੋਣਾ ਸੁਭਾਵਕ ਗਲ ਸੀ! ਵਧਦੀ ਫੁਟ ਨੂੰ ਮਿਟਾਣ ਲਈ ਵੈਦ ਜੀ ਨੇ ਦੋਹਾਂ ਪਾਸਿਆਂ ਦੇ ਮੁਖੀਆਂ ਦੇ ਖਿਆਲ ਸੁਣ ਸੁਣਾ ਕੇ ਰਾਜ਼ੀ ਨਾਮਾ ਕਰਾਉਣ ਦਾ ਉਦਮ ਅਰੰਭਿਆ। ਇਸ ਸੰਬੰਧ ਵਿਚ ਕਈ ਵਾਰ ਏਧਰ ਓਧਰ ਭਜੇ ਫਿਰੇ। ਇਸ ਦੌੜ ਭੱਜ ਦਾ ਜ਼ਿਕਰ ਕਰਦੇ ਹੋਏ ਆਪ ਆਪਣੇ ੧੪ ਜੁਲਾਈ ੧੯੩੧ ਦੇ ਡਾਇਰੀ ਨੋਟ ਵਿਚ ਲਿਖਦੇ ਹਨ:-

> "ਸਵੇਰੇ ਸ੍ਰੀ ਦਰਬਾਰ ਸਾਹਿਬ ਪ੍ਰਬੰਧ ਸੰਬੰਧੀ ਹੋਰ ਸਜਣਾਂ ਨਾਲ ਗੜਗੱਜ ਅਕਾਲੀ ਦੀਵਾਨ ਦੇ ਪ੍ਰਬੰਧਕਾਂ ਨਾਲ ਸਮਾ ਲਗਾ।"

ਇਹ ਫੁਟ ਮਿਟੀ ਨਾ। ਹਉਮੈਂ ਤੇ ਈਰਖਾ ਦੇ ਕੱਖਾਂ ਨਾਲ ਸੁਲਗਦੀ ਇਸ ਅੱਗ ਦੇ ਭਾਂਬੜ ਬਲ ਉਠਣ ਦਾ ਡਰ ਸੀ। ਇਸ ਲਈ ਵੈਦ ਜੀ ਯਥਾ ਸ਼ਕਤਿ ਇਸ ਦੇ ਬੁਝੌਣ ਵਿਚ ਹੀ ਲਗੇ ਰਹੇ ਤੇ ੪ਅਪ੍ਰੈਲ ੧੯੩੨ ਨੂੰ ਜਾ ਕੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਸੇਵਕਾਂ ਦੀ ਸੇਵਾਸਫਲ ਹੋਈ ਤੇ ਭਰਾਵਾਂ ੨ ਦਾ ਮੇਲ ਮਿਲਾਪ ਹੋਇਆ। ਇਸ ਝਗੜੇ ਨੂੰ ਨਿਪਟਾਉਣ ਲਈ ਗੁਰਮੁਖ ਸਰਕਾਰੀ ਹਾਕਮਾਂ ਨੇ ਭੀ ਡਾਢੀ ਸੁਹਣੀ ਮਦਦ ਦਿਤੀ। ੪ ਅਪ੍ਰੈਲ ੧੯੩੨ ਦਾ ਅੰਤਲਾ ਮੇਲ ਮਿਲਾਪ ਦਾ ਨੋਟ ਦਿੰਦੇ ਹੋਏ ਆਪ ਲਿਖਦੇ ਹਨ:-

> "੨ ਤੋਂ ੪॥ ਤਕ ਡਾਕ ਬੰਗਲੇ ਏ. ਡੀ. ਐਮ. ਬਾਵਾ ਨਾਨਕ ਸਿੰਘ ਜੀ ਤੇ ਸ: ਗੋਪਾਲ ਸਿੰਘ ਜੀ ਇਲਾਕਾ ਮੈਜਿਸਟ੍ਰੇਟ ਪਾਸ ਲੋਕਲ ਗੁਰਦੁਆਰਾ ਕਮੇਟੀ ਤੇ ਗੜਗੱਜ ਅਕਾਲੀ ਦੀਵਾਨ ਦੇ ਜ਼ਿਮੇਵਾਰ ਸਜਣਾਂ ਨਾਲ ਕੜਾਹ ਪ੍ਰਸ਼ਾਦ ਸੰਬੰਧੀ ਸੁਲਾਹ ਕਰਾਣ ਤੇ ਫਸਾਦ ਮਿਟਾਣ ਵਾਸਤੇ ਸਮਾ ਲਗਾ।"



Digitized by Panjab Digital Library | www.panjabdigilib.org

ਇਸੇ ਸੰਬੰਧੀ ੧੦ ਅਪ੍ਰੈਲ ੧੯੩੨ ਨੂੰ ਦੋਹਾਂ ਧਿਰਾਂ ਦੇ ਆਗੂਆਂ ਨੂੰ ਲੈ ਕੇ ਆਪ ਚੀਫ ਖਾਲਸਾ ਦੀਵਾਨ ਦੇ ਦਫਤ੍ਰ ਵਿਚ 'ਕੜਾਹ ਪ੍ਰਸ਼ਾਦ ਤੇ ਅਰਦਾਸ' ਦੇ ਫੈਸਲੇ ਸੰਬੰਧੀ ਪੁੱਜੇ ਤੇ ਗੁਰਮਤ ਸੰਬੰਧੀ ਤਸੱਲੀ ਕਰਾ ਕੇ ਰਾਜ਼ੀ ਨਾਮਾ ਕਰਵਾਇਆ।

ਇਨ੍ਹੀ ਦਿਨੀ ਹੀ ਸਿਖਾਂ ਦਾ ਮੋਰਚਾ 'ਡਸਕੇ' ਵਿਚ ਲਗਾ ਹੋਇਆ ਸੀ। ੨੫ ਅਕਤੂਬਰ ਨੂੰ ਡਸਕੇ ਜਾਂਦੇ ਜੱਥੇ ਦੇ ਰਾਹ ਲਈ ਵੈਦ ਜੀ ਨੇ ਦਵਾਈਆਂ ਵਗੈਰਾ ਦੀ ਸੇਵਾ ਕੀਤੀ।

ਸਿਖਾਂ ਨੂੰ ਪ੍ਰੇਰਨ ਨਾਲੋਂ ਦੂਜੇ ਮਤਾਂ ਦਿਆਂ ਪ੍ਰੇਮੀਆਂ ਨੂੰ ਗੁਰੂ ਨਾਨਕ ਦੇ ਘਰ ਦੀ ਵਾਕਫੀ ਕਰਾਉਣ ਵਿਚ ਵੈਦ ਜੀ ਨੂੰ ਵਧੀਕ ਅਨੰਦ ਆਉਂਦਾ ਸੀ। ਆਪ ਸਦਾ ਹੀ ਜਿਥੇ ਕਿਥੇ ਕੋਈ ਵਿਦਵਾਨ ਪ੍ਰੇਮੀ ਦੂਜੇ ਮਤ ਦਾ ਮਿਲੇ ਆਪ ਪੁਜ ਕੇ ਮਿਲਦੇ, ਪ੍ਰੇਮ ਪ੍ਰਗਟ ਕਰਦੇ ਤੇ ਗੁਰਮੁਖ ਗੁਰਸਿਖਾਂ ਵਾਂਗ ਗੁਰੂ ਘਰ ਦੀ ਮਹੱਤਤਾ ਜਤਲਾਉਂਦੇ।

ਨਿਰਮਲੇ ਸੰਤ ਹਰਦੇਵ ਸਿੰਘ ਜੀ ਪ੍ਰਸਿੱਧ ਵੇਦਾਂਤੀ ਵਿਦਵਾਨ ਹਨ। ਵੈਦ ਰਾਜ ਜੀ ਨਾਲ ਸੰਤਾਂ ਦਾ ਮੇਲ ਹੋਇਆ। ਸੰਤਾਂ ਨੂੰ ਗੁਰਸਿਖੀ ਵਲੋਂ ਵਿਰਵਾ ਵੇਖ ਵੈਦ ਜੀ ਨੂੰ ਚਾਉ ਉਪਜਿਆ ਤੇ ਆਪ ਸੰਤਾਂ ਦੀ ਸੰਗਤ ਵਿਚ ਬੈਠ ਗੁਰੂ ਘਰ ਦੀ ਵਾਕਫੀ ਕਰਾਉਣ ਲਗੇ। ਵਿਚਾਰਾਂ, ਪੁਸਤਕਾਂ ਤੇ ਗੁਰਬਾਣੀ ਪ੍ਰਚਾਰ ਰਾਹੀਂ ਪ੍ਰੇਰਨ ਲਗੇ। ਇਸੇ ਬਾਰੇ ਆਪ ੨੯ ਅਕਤੂਬਰ ਦੇ ਡਾਇਰੀ ਪਤ੍ਰੇ ਤੇ ਲਿਖਦੇ ਹਨ:—

> "ਰੋਜ਼ ਰਾਤ ਨੂੰ ੧॥ ਘੰਟਾ ਸੰਤ ਹਰਦੇਵ ਸਿੰਘ ਜੀ ਨੂੰ ਗੁਰਮਤ ਪੁਸਤਕ ਸੁਣਾਣੇ ਅਰੰਭੇ।"

ਇਸਨੂੰ ਆਖਦੇ ਹਨ ਗੁਰਸਿਖੀ ਪ੍ਰੇਮ ਤੇ ਅਮਲੀ ਤੌਰ ਤੇ ਗੁਰਸਿਖੀ ਦੇ ਪ੍ਰਚਾਰ ਕਰਨ ਦਾ ਢੰਗ।

੪ ਨਵੰਬਰ ਨੂੰ ਸ੍ਰੀ ਮਹੰਤ ਬੁਢਾ ਸਿੰਘ ਜੀ ਦੇ ਦਰਸ਼ਨ ਹੋਏ, ਕੁਝ ਪੁਸਤਕ ਤੇ ਚੂਰਨ ਆਦਿਕ ਚੀਜ਼ਾਂ ਭੇਟਾ ਕੀਤੀਆਂ।



Digitized by Panjab Digital Library | www.panjabdigilib.org

੫ ਨਵੰਬਰ ਨੂੰ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ–ਜਥੇਦਾਰ ਅਕਾਲ ਤਖਤ–ਆਏ ਤੇ ੨ ਸ਼ੀਸ਼ੀਆਂ ਸ਼ਰਬਤ ਫੌਲਾਦ ਲੈ ਗਏ ।

੮ ਨਵੰਬਰ ਦਾ ਨੋਟ ਹੈ:–

"ਸੰਤ ਗੁਰਮੁਖ ਸਿੰਘ ਜੀ ਸ਼ਬਦਾਂ ਵਾਲੇ ਪਟਯਾਲਵੀ ਦਵਾਵਾਂ ਵਾਸਤੇ ਆਏ, ਸ਼ਰਬਤ ਫੌਲਾਦ, ਸਿਰ ਦਰਦ ਨਾਸ਼ਨ, ਸ੍ਵਾਸਕਾਸ ਅੰਤਕ, ਆਦਿ ਦਵਾਈਆਂ ਭੇਟਾ ਕੀਤੀਆਂ ।"

੧੮ ਨਵੰਬਰ ਨੂੰ ਸੰਤ ਲੱਖਾ ਸਿੰਘ ਜੀ ਨੂੰ ਅੰਮ੍ਰਿਤਸਰ ੨ ਸ਼ੀਸ਼ੀਆਂ ਦਾਰੂ 'ਦ੍ਰਿਗ ਅੰਮ੍ਰਿਤ ਅੰਵਨ' ਭੇਜਿਆ ।

੩ ਦਸੰਬਰ ਨੂੰ ਜਥੇਦਾਰ ਤੇਜਾ ਸਿੰਘ ਭੁਚਰ ਅਖਬਾਰ ਪੰਥ ਸੇਵਕ, ਦੇਸ਼ ਭਗਤ, ਸੰਸਾਰ, ਨਾਇਕ, ਪੰਚ ਆਦਿ ਦੇ ਪੁਰਾਣੇ ਫਾਇਲ ਛਾਂਟ ਕੇ ਬਹੁਤ ਸਾਰੇ ਪਰਚੇ ਲੈ ਗਏ ।

ਜ਼ਮਾਨੇ ਦਾ ਦੌਰ ਹੈ ਜਿਹੜੇ ਸਿੱਖਾਂ ਨੂੰ ਕਿਸੇ ਵੇਲੇ ਨਸ਼ਿਆਂ ਦੀ ਆਣ ਸੀ ਅੱਜ ਉਹੀ ਸਿੱਖ ਨਸ਼ਿਆਂ ਵਿੱਚ ਪ੍ਰਵਿਰਤ ਤੇ ਗਲਤਾਨ ਹੋਏ ਦਿੱਸਦੇ ਹਨ । ਭਲਾ ਹੋਵੇ ਅਕਾਲੀ ਲਹਿਰ ਦਾ ਜਿਸ ਨੇ ਕੁਝ ਠੱਲ ਪਾਈ ਹੈ, ਪਰ ਅਜੇ ਭੀ ਬੜੀ ਸਖਤ ਜ਼ਰੂਰਤ ਹੈ ਕਿ ਇਸ ਬਲਾ ਨੂੰ ਗਲੋਂ ਲਾਹਿਆ ਜਾਵੇ ।

ਪਾਠਕ ਜਨ ਪਿੱਛੇ ਪੜ੍ਹ ਹੀ ਚੁੱਕੇ ਹਨ ਕਿ ਵੈਦ ਜੀ ਦੀ ਲਗਾਤਾਰ ਵੀਹਾਂ ਪੰਝੀਆਂ ਵਰ੍ਹਿਆਂ ਦੀ ਕੋਸ਼ਸ਼ ਪਿਛੋਂ ੧੯੨੮ ਵਿੱਚ ਤਰਨ ਤਾਰਨ ਸ਼ਹਿਰ ਤੋਂ ਸ਼ਰਾਬ ਦੀਆਂ ਦੁਕਾਨਾਂ ਬਾਹਰ ਕੱਢੀਆਂ ਗਈਆਂ ਸਨ, ਪਰ ਸ਼ਰਾਬ ਦੇ ਪ੍ਰੇਮੀਆਂਨੇ ਇਸ ਸਾਲ ਫੇਰ ਤਰਨ ਤਾਰਨ ਵਿੱਚ 'ਬੀਰ'(ਸ਼ਰਾਬ)ਦੀ ਦੁਕਾਨ ਖੁਲੌਣ ਵਾਸਤੇ ਜ਼ੋਰ ਦਿੱਤਾ । ਵੈਦ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਦ ਆਪ ਸਕੱਤ੍ਰ ਕਮੇਟੀ ਤੇ ਕਈ ਹੋਰ ਪਤਵੰਤੇ ਮੈਂਬਰਾਂ ਨੂੰ ਨਾਲ ਲੈਕੇ ੭ਦਸੰਬਰ ਸਵੇਰ ਨੂੰ ਹੀ ਅੰਮ੍ਰਿਤਸਰ ਨੂੰ ਤੁਰ ਪਏ,ਤੇ ਜਾਕੇ ਡੀ.ਸੀ.ਨੂੰ ਇਸ ਲਾਨਤ ਤੋਂ ਸ਼ਹਿਰ ਨੂੰ ਬਚਾਈ ਰੱਖਣ ਲਈ ਬੇਨਤੀ ਕੀਤੀ । ਕਾਫੀ ਚਿਰ



Digitized by Panjab Digital Library | www.panjabdigilib.org

ਵਿਚਾਰ ਕਰਨ ਤੋਂ ਡੀ. ਸੀ. ਨੇ ਦੁਕਾਨ ਨਾ ਖੁਲ੍ਹਣ ਦੇਣ ਲਈ ਭਰੋਸਾ ਦਿਵਾਇਆ ਤੇ ਅਖੀਰ ੧੭ ਦਸੰਬਰ ਨੂੰ ਸਰਕਾਰੀ ਹੁਕਮ ਆ ਗਿਆ ਕਿ 'ਬੀਰ ਦੀ ਦੁਕਾਨ ਤਰਨ ਤਾਰਨ ਵਿੱਚ ਨਹੀਂ ਖੁੱਲ ਸਕਦੀ।' ਸੇਵਕਾਂ ਦੀ ਸੇਵਾ ਸਫਲ ਹੋਈ।

ਇਸ ਸਾਲ ਆਪ ਨੇ 'ਸੁਸ਼ੀਲਾ ਵਿਧਵਾ' ਤੇ 'ਵੈਦਕ ਯੂਨਾਨੀ ਡਾਕਟਰੀ ਚਕਿਤਸਾ' ਨਾਮੇ ਪੁਸਤਕ ਪ੍ਰਕਾਸ਼ਤ ਕਰਾਏ।

੧੯੩੧ ਵਿੱਚ ਆਪ ਨੇ ਦਸਵੰਧ ਤੇ ਹੋਰ ਧਰਮ ਅਰਥ ਕਿੱਥੇ ਕਿੱਥੇ ਖਰਚ ਕੀਤਾ? ਇਸਦਾ ਸੰਖੇਪ ਆਪ ਡਾਇਰੀ ਦੇ ਅੰਤ ਵਿੱਚ ਇਸ ਤਰ੍ਹਾਂ 'ਧਰਮ ਅਰਥ ਖਰਚ' ਦੇ ਹੈਡਿੰਗ ਹੇਠ ਲਿਖਦੇ ਹਨ:-

'੧੯੩੧ ਧਰਮ ਅਰਥ ਖਰਚ'

"ਸ੍ਰੀ ਦਰਬਾਰ ਸਾਹਿਬ, ਕਾਰ ਸੇਵਾ ਤਰਨ ਤਾਰਨ, ਮੁਕਤਸਰ ਸਾਹਿਬ, ਲੰਗਰ, ਬਿਹੰਗਮ, ਲੋੜਵੰਦ ਗ੍ਰਹਸਥੀ, ਵਿਧਵਾਂ, ਅਨਾਥ, ਚੰਦੇ, ਗੁਰ-ਪੁਰਬ, ਪਾਠ, ਪ੍ਰਸ਼ਾਦ, ਯਾਤ੍ਰਾ ਸੰਗਤ, ਜਥੇ, ਪ੍ਰੈਸ, ਸਫੇਦ ਪੋਸ਼, ਕਾਨ-ਫ੍ਰੰਸ, ਲੀਗ, ਸ੍ਵਾਮੀ ਓਅੰਕਾਰਾ ਨੰਦ, ਗੁਰੂ ਰਾਮਦਾਸ ਕਾਲਜ, ਸਕੂਲ, ਸੰਗ ਮਰ ਮਰ ਸ੍ਰੀ ਦਰਬਾਰ ਸਾਹਿਬ, ਆਸ਼੍ਰਮ ਫੀਰੋਜ਼ ਪੁਰ, ਕਰਾਏ ਭੁੱਲੇ ਭਟਕੇ ਲੋੜਵੰਦ ਤੇ ਲਾਵਾਰਸ ਮੁਰਦੇ ਸਸਕਾਰ ਆਦਿਕ ਵਾਸਤੇ।"

ਅੱਗੇ ਆਪ ਉਨ੍ਹਾਂ ਅਖਬਾਰਾਂ ਰਸਾਲਿਆਂ ਦੀ ਭੀ ਇੱਕ ਲਿਸਟ ਲਿਖਦੇ ਹਨ, ਜੋ ਆਪ ਨੂੰ ਆਉਂਦੇ ਸਨ, ਤੇ ਜਿਨ੍ਹਾਂ ਦਾ ਚੰਦਾ ਹੀ ਨਹੀਂ ਸਗੋਂ ਜਿਨ੍ਹਾਂ ਵਿੱਚੋਂ ਕਈਆਂ ਨੂੰ ਆਪ ਸਮੇਂ ਸਮੇਂ ਸਹਾਇਤਾ ਭੀ ਦਿੰਦੇ ਰਹਿੰਦੇ ਸਨ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਆਪ ਦੀ ਸਟਡੀ ਕਿੰਨੀ ਕੁ ਸੀ ਤੇ ਆਪ ਕਿੰਨਾ ਕੁ ਪੜ੍ਹ ਲਿਖ ਸਕਦੇ ਸਨ? ਆਪ ਦੀ ਡਾਇਰੀ ਵਿੱਚ ਦਿੱਤੀ ਹੋਈ ਅਖਬਾਰਾਂ ਰਸਾਲਿਆਂ ਦੀ ਲਿਸਟ ਇਸਤਰ੍ਹਾਂ ਹੈ:-

"ਪੁਸਤਕਾਂ ਹਿੰਦੀ, ਗੁਰਮੁਖੀ, ਉਰਦੂ, ਅੰਗ੍ਰੇਜ਼ੀ, ਐਨੂਅਲ ਰਜਿਸਟਰ, ਰਪੋਰਟਾਂ, ਯੀਅਰ ਬੁਕਸ, ਵੇਦ ਭਾਸ਼ ਸੀਰੀਜ਼ ਵਗੈਰਾ ਲਾਇਬ੍ਰੇਰੀ ਤੇ ਵੰਡਣ ਲਈ।

ਅਖਬਾਰ ਅਕਾਲੀ ਤੇ ਪ੍ਰਦੇਸੀ, ਅਸਲੀ ਕੌਮੀ ਦਰਦ, ਮਿਲਾਪ-



Digitized by Panjab Digital Library | www.panjabdigilib.org

ਹਿੰਦੀ, ਖਾਲਸਾ ਸਮਾਚਾਰ, ਖਾਲਸਾ ਤੇ ਖਾਲਸਾ ਐਡਵੋਕੇਟ, ਮੌਜੀ, ਫਤਹ, ਪੰਜਾਬ ਦਰਪਨ, ਮਜ਼ਦੂਰ ਕਿਸਾਨ, ਸੱਚਾ ਢੰਡੋਰਾ, ਕ੍ਰਿਪਾਨਬਹਾਦਰ, ਬਬਰ ਸ਼ੇਰ, ਪ੍ਰਚਾਰ ਸੇਵਕ, ਖੰਡਾ, ਪਿੰਡਾਂ ਦੀ ਉੱਨਤੀ, ਕਲਜੁਗ, ਫੁਲਵਾੜੀ, ਪ੍ਰੀਤਮ, ਰਣਜੀਤ ਨਗਾਰਾ, ਕੋਮਲ, ਗੁਰਮਤ, ਪੰਜਾਬੀ ਭੈਣ, ਗੁਰਦੁਆਰਾ ਗੈਜ਼ਟ, ਖਾਲਸਾ ਰੀਵੀਊ, ਚਾਂਦ, ਵੈਦਰਾ, ਅਨਭੂਤ ਯੋਗ ਮਾਲਾ, ਧਨੰਤਰੀ, ਚਕਿਤਸਕ, ਸਨਾਤਨ ਧਰਮ ਪਤਾਕਾ, ਸ਼ੇਰੇ ਪੰਜਾਬ, ਸ਼ੇਰ ਖਾਲਸਾ, ਸਰਦਾਰ, ਬੰਦੇ ਮਾਤ੍ਰਮ, ਪ੍ਰਤਾਪ, ਲੇਡੀ ਡਾਕਟਰ, ਆਯੁਰਵੇਦ ਮਾਰਤੰਡ, ਟੈਂਪ੍ਰੈਸ ਮੈਗਜ਼ੀਨ ਵਗੈਰਾ ੨"

ਮੇਰੇ ਖਿਆਲ ਵਿੱਚ ਪੰਜਾਬ ਭਰ ਵਿੱਚ ਸ਼ਾਇਦ ਕੋਈ ਵੱਡੇ ਤੋਂ ਵੱਡਾ ਭੀ ਨਹੀਂ ਹੋਵੇਗਾ ਜਿਸ ਨੂੰ ਐਨਾ ਪੜ੍ਹਨ ਦਾ ਸ਼ੌਕ ਤੇ ਜਿਸ ਦੇ ਐਨੇ ਹਿੰਦੀ ਗੁਰਮੁਖੀ ਉਰਦੂ ਤੇ ਅੰਗ੍ਰੇਜ਼ੀ ਆਦਿ ਦੇ ਅਖਬਾਰ ਰਸਾਲੇ ਤੇ ਹੋਰ ਪੁਸਤਕਾਂ ਆਉਂਦੀਆਂ ਹੋਣਗੀਆਂ ।

ਇਸ ਨੂੰ ਆਖਦੇ ਹਨ, ਵਿਦਿਆ ਦਾ ਪ੍ਰੇਮ ।

---



Digitized by Panjab Digital Library | www.panjabdigilib.org

# ੧੯੩੧ ਦੀਆਂ ਘਟਨਾਵਾਂ

੪ ਜਨਵਰੀ—ਮੌਲਾਨਾ ਮੁਹੰਮਦ ਅਲੀ ਲੰਡਨ (ਇੰਗਲੈਂਡ) ਵਿਚ ਚੜ੍ਹਾਈ ਕਰ ਗਏ।

੧੯ ਜਨਵਰੀ—ਗੋਲਮੇਜ਼ ਕਾਨਫਰੰਸ ਵਿਚ ਵਜ਼ੀਰ-ਆਜ਼ਮ ਨੇ ਹਿੰਦੁ-ਸਤਾਨੀਆਂ ਨੂੰ (ਡੁਮੀਨੀਅਨ ਸਟੇਟਸ ਹਕੂਮਤ) ਦੇਣ ਦਾ ਐਲਾਨ ਕੀਤਾ।

੨੫ ਜਨਵਰੀ—ਗਾਂਧੀ ਜੀ ਅਤੇ ਬਾਕੀ ਪਤਵੰਤੇ ਲੀਡਰਾਂ ਨੂੰ ਸੁਲ੍ਹਾ ਸਫਾਈ ਦੀ ਗਲ ਬਾਤ ਕਰਨ ਵਾਸਤੇ ਰਿਹਾ ਕੀਤਾ ਗਿਆ।

੬ ਫਰਵਰੀ—ਪੰਡਤ ਮੋਤੀ ਲਾਲ ਜੀ ਨਹਿਰੂ ਲਖਨਊ ਵਿਖੇ ਚੜ੍ਹਾਈ ਕਰ ਗਏ।

੧੭ ਫਰਵਰੀ—ਗਾਂਧੀ ਜੀ ਅਤੇ ਲਾਰਡ ਇਰਵਨ ਵਿਚਕਾਰ ਸੁਲ੍ਹਾ ਦੀ ਗੱਲ ਬਾਤ ਸ਼ੁਰੂ ਹੋਈ।

੨੮ ਫਰਵਰੀ—ਸਾਰੇ ਮੁਲਕ ਵਲੋਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਵਾਸਤੇ ਵਾਈਸਰਾਇ ਪਾਸ ਰਹਿਮ ਦੀ ਦਰਖਾਸਤ ਕੀਤੀ ਗਈ।

੪ ਮਾਰਚ—ਗਾਂਧੀ ਇਰਵਨ ਸਮਝੌਤਾ ਲਿਖਿਆ ਗਿਆ ਤੇ ਦੋਹਾਂ ਪਾਸਿਆਂ ਤੋਂ ਦਸਖਤ ਹੋ ਗਏ।

੨੩ ਮਾਰਚ—ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਨੂੰ ਸ਼ਾਮ ਦੇ ਸੱਤ ਬਜੇ ਦੇ ਕ੍ਰੀਬ ਸੈਂਟਰਲ ਜੇਲ ਲਾਹੌਰ ਵਿਚ ਫਾਂਸੀ ਚੜ੍ਹਾ ਦਿੱਤਾ ਗਿਆ।

੩੧ ਮਾਰਚ—ਪ੍ਰੋਫੈਸਰ ਪੂਰਨ ਸਿੰਘ ਜੀ ਚਲਾਣਾ ਕਰ ਗਏ।

੫ ਅਪ੍ਰੈਲ—ਮੌਲਾਨਾ ਸ਼ੌਕਤ ਅਲੀ ਦੀ ਪ੍ਰਧਾਨਗੀ ਹੇਠ ਮੁਸਲਮਾਨਾਂ ਨੇ ਹਿੰਦੂਆਂ ਤੋਂ ਬਦਲੇ ਲੈਣ ਦੀਆਂ ਤਕਰੀਰਾਂ ਕੀਤੀਆਂ।

੮ ਅਪ੍ਰੈਲ—ਸੈਂਟਰਲ ਸਿੱਖ ਲੀਗ ਦੇ ਜਲਸੇ ਵਿਚ—ਜਿਹੜਾ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਵਿਚ ਅੰਮ੍ਰਿਤਸਰ ਹੋਯਾ ਸਿੱਖਾਂ ਵਲੋਂ ੧੭ ਸ਼ਰਤਾਂ ਪੇਸ਼ ਕੀਤੀਆਂ ਗਈਆਂ।

੧੮ ਅਪ੍ਰੈਲ—ਲਾਰਡ ਵਲਿੰਗਡਨ ਨਵੇਂ ਵਾਇਸਰਾਇ ਨੀਯਤ ਕੀਤੇ ਗਏ।



Digitized by Panjab Digital Library | www.panjabdigilib.org

੨੮ ਅਪ੍ਰੈਲ—ਲੰਕਾ ਸ਼ਾਇਰ ਦੇ ਕਪੜੇ ਦੇ ਬਾਈਕਾਟ ਦਾ ਇੰਗਲਸਤਾਨ ਵਿਚ ਰੋਸ ਪ੍ਰਗਟ ਕੀਤਾ ਗਿਆ।

੨੨ ਜੁਲਾਈ—ਬੰਬਈ ਦੇ ਗਵਰਨਰ ਤੇ ਕਾਤਲਾਨਾ ਹਮਲਾ ਕੀਤਾ ਗਿਆ।

੩੦ ਜੁਲਾਈ—ਮਹਾਤਮਾ ਗਾਂਧੀ ਨੇ ਭਗਤ ਸਿੰਘ ਦੇ ਅਸੂਲ ਦੀ ਖੁਲ੍ਹੀ ਨਖੇਧੀ ਕੀਤੀ।

੮ ਅਗਸਤ—ਕਾਂਗਰਸ ਦਾ ਨਵਾਂ ਬਣਾਯਾ ਝੰਡਾ ਸਰਦਾਰ ਪਟੇਲ ਨੇ ਬੰਬਈ ਵਿਚ ਲਹਿਰਾਇਆ।

੨੯ ਅਗਸਤ—ਕਾਂਗਰਸ ਡੈਲੀਗੇਸ਼ਨ ਗੋਲਮੇਜ਼ ਕਾਨਫਰੰਸ ਵਿਚ ਹਿੱਸਾ ਲੈਣ ਵਾਸਤੇ ਰਵਾਨਾ ਹੋਇਆ।

੧੨ ਸਤੰਬਰ—ਗਾਂਧੀ ਜੀ ਕਾਂਗਰਸ ਡੈਲੀਗੇਸ਼ਨ ਦੇ ਮੈਂਬਰਾਂ ਸਣੇ ਲੰਡਨ ਪੁੱਜ ਗਏ।

੧ ਅਕਤੂਬਰ—ਗੋਲਮੇਜ਼ ਕਾਨਫਰੰਸ ਸਮੇਂ ਕੁਝ ਮੁਸਲਮ ਮੈਂਬਰਾਂ ਵਲੋਂ ਅੰਗ੍ਰੇਜ਼ੀ ਹਕੂਮਤ ਨੂੰ ਮੁਕੰਮਲ ਵਫ਼ਾਦਾਰੀ ਦਾ ਯਕੀਨ ਦਵਾਇਆ ਗਿਆ।

੮ ਅਕਤੂਬਰ—ਘੱਟ ਗਿਣਤੀ ਦੇ ਸਮਝੌਤੇ ਦੇ ਨਾਕਾਮਯਾਬ ਹੋਣ ਦਾ ਐਲਾਨ ਗਾਂਧੀ ਜੀ ਵਲੋਂ ਗੋਲਮੇਜ਼ ਕਾਨਫਰੰਸ ਵਿਚ ਸੁਣਾਯਾ ਗਿਆ।

੫ ਨਵੰਬਰ—ਮਹਾਤਮਾ ਗਾਂਧੀ ਜੀ ਅਤੇ ਬਾਦਸ਼ਾਹ ਵਿਚ ਮੁਲਾਕਾਤ ਹੋਈ।

੧ ਦਸੰਬਰ—ਦੂਸਰੀ ਗੋਲ ਮੇਜ਼ ਕਾਨਫਰੰਸ ਖਤਮ ਹੋਈ।

੨੯ ਦਸੰਬਰ—ਇੰਗ੍ਲੈਂਡ ਤੋਂ ਵਾਪਸ ਆ ਕੇ ਗਾਂਧੀ ਜੀ ਨੇ ਵਾਈਸਰਾਇ ਨੂੰ ਮੁਲਾਕਾਤ ਵਾਸਤੇ ਲਿਖਿਆ ਪਰ ਉਨ੍ਹਾਂ ਪਰਵਾਨਗੀ ਨਾ ਦਿੱਤੀ।

---



Digitized by Panjab Digital Library | www.panjabdigilib.org

# ੧੯੩੨

## ਗੁਰ ਸਿੱਖੀ

"ਆਪ ਬੜੇ ਮਿੱਠੇ ਤੇ ਹਮਦਰਦ ਸੱਜਣ ਸਨ ਤੇ ਸਿੱਖ ਨੂੰ ਦੇਖਕੇ ਬੜੇ ਪ੍ਰਸੰਨ ਹੋਇਆ ਕਰਦੇ ਸੀ। ਗ਼ਰੀਬ ਅਮੀਰ ਦੀ ਤਮੀਜ਼ ਦੇ ਬਗੈਰ ਸਤਿਗੁਰੂ ਜੀ ਦੀ ਫਤੇ ਪਹਿਲਾਂ ਬੁਲਾਣ ਦਾ ਹਮੇਸ਼ ਤਰੱਦਦ ਕਰਦੇ ਸੀ। ਦਿਲ ਵਿਚ ਪੰਥ ਵਾਸਤੇ ਖਾਸ ਦਰਦ ਰੱਖਦੇ ਸੀ ਜੋ ਕਿਸੇ ਵਿਰਲੇ ਵਿਚ ਹੀ ਦੇਖਣ ਵਿਚ ਆਯਾ ਹੈ।"

(ਸ੍ਰ: ਤੇਜਾ ਸਿੰਘ ਜੀ ਰੀ: ਪੋਸਟ ਮਾਸਟਰ ਸਿਆਲਕੋਟ)

ਚੰਦਨ ਸੋ ਬਨ ਜਗਤ ਮੇਂ, ਮਹਿਕੇ ਗੁਰ ਸਿੱਖੀ।
ਪਰਮਾ ਨੰਦ ਸੁਗੰਧਿ ਮਯ, ਜਿਨ ਸਿੱਖੀ ਸਿੱਖੀ *।
ਜਾਰਨ ਕੋ ਕਲਮਲ ਸਕਲ, ਯਹ ਪ੍ਰਜ੍ਵਲਤ ਸਿੱਖੀ †।
ਕਾਮਾਦਿਕ ਗਣ ਇਉਂ ਗ੍ਰਸੇ, ਜਿਉਂ ਪੰਨਗ ਸਿੱਖੀ ‡।
ਤਰਨੀ ਬੈਤਰਨੀ ਤਰਨ ਹਿਤ ਭਰੀ ਸੁ ਸਿੱਖੀ।
ਦੁਸ਼ਟ ਦੁਮਨ ਖਲ ਸਮਨ ਕੋ, ਕਰਵਾਲ ਸੁ ਤਿੱਖੀ।
ਪੋਖਕ ਲੋਕ ਪ੍ਰਲੋਕ ਕੋ, ਜਿਮ ਬਾਰਦ ਕ੍ਰਿੱਖੀ।
ਗੁਰ ਪ੍ਰਸਾਦਿ ਸੋ ਪਾਇ ਹੈ, ਜਿਸੁ ਮਸਤਕ ਲਿੱਖੀ।

ਗੁਰ ਸਿੱਖੀ ਇੱਕ ਗਾਖੜਾ ਮਾਰਗ ਹੈ। 'ਖੰਨਿਓ ਤਿੱਖੀ ਵਾਲੋਂ ਨਿਕੀ' ਤਲਵਾਰ ਦੀ ਧਾਰ ਉੱਤੇ ਤੁਰਨ ਵਾਲੀ ਸੜਕ ਹੈ। ਕੇਵਲ ਬਾਹਰ-

---

*ਸਿੱਖੀ ਦੀ ਸਿੱਖਯਾ ਲਈ। †ਅੱਗ। ‡ਮੋਰ।



Digitized by Panjab Digital Library | www.panjabdigilib.org

ਲੀਆਂ ਰਹਿਤਾਂ ਹੀ ਸਿੱਖ ਲਈ ਕਾਫੀ ਨਹੀਂ ਹਨ।ਗੁਰ ਸਿੱਖ ਲਈ ਗੁਰਮੁਖ ਪਦ ਤੱਕ ਪਹੁੰਚਣ ਲਈ ਸੇਵਕ, ਸਿੱਖ ਤੇ ਸਿੰਘ ਪਦ ਦੀਆਂ ਮੁਸ਼ਕਲ ਮੰਜ਼ਲਾਂ ਤੈ ਕਰਨੀਆਂ ਪੈਂਦੀਆਂ ਹਨ । ਇਹ ਕੋਈ ਮਿਠਾਈ ਵਤ ਅਜੇਹੀ ਚੀਜ਼ ਨਹੀਂ ਜੋ ਚੁੱਕ ਕੇ ਝੱਟ ਪੱਟ ਮੂੰਹ ਵਿੱਚ ਪਾ ਲਈ ਜਾਵੇ। ਇਹ ਉਮਰਾਂ ਦੀਆਂ ਘਾਲਾਂ ਘਾਲ ਕੇ ਜੀਵਨ ਮੁਕਤ ਸਿੱਖੀ ਪਦ ਪ੍ਰਾਪਤ ਹੁੰਦਾ ਹੈ।

ਗੁਰ ਸਿੱਖੀ ਕੋਈ ਨਾਮ ਮਾਤ੍ਰ ਫਿਰਕਾ, ਜਾਂ ਕਹਿਣ ਮਾਤ੍ਰ ਮਜ਼ਹਬ ਨਹੀਂ, ਇਹ ਅਮਲੀ ਜੀਵਣ ਦੀ ਜੀਉਂਦੀ ਜਾਗਦੀ ਮਸਾਲ ਹੈ। ਗੁਰ ਸਿੱਖ ਬਣਨਾ ਕੋਈ ਖੇਲ ਨਹੀਂ। ਇਸ ਵਿੱਚ 'ਸਿਰ ਧਰ ਤਲੀ ਗਲੀ ਮੇਰੀ ਆਉ' ਮਹਾਂ ਵਾਕ ਉੱਤੇ ਅਮਲ ਕਰਨਾ ਪੈਂਦਾ ਹੈ। ਸਿੱਖੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਅਮਲੀ ਨਾਮ ਹੈ। ਇਹ ਅਮਲਾਂ ਨਾਲ, ਕਰਮਾਂ ਨਾਲ, ਪਰ ਫੇਰ ਭੀ ਨਿਰਮਾਣ ਹੋ 'ਗੁਰ ਪ੍ਰਸਾਦਿ' ਨਾਲ ਮਿਲਦੀ ਹੈ, ਜ਼ੋਰ ਨਾਲ ਨਹੀਂ।

ਹੋਰ ਵਿਚਾਰ ਨਾਲ ਸੋਚਣ ਤੋਂ ਪਤਾ ਲੱਗਦਾ ਹੈ ਕਿ ਸਿੱਖ ਨੂੰ ਪਹਿਲਾਂ ਸੇਵਕ ਬਣਨਾ ਪੈਂਦਾ ਹੈ। ਸੇਵਕ, ਜਗਤ ਸੇਵਕ 'ਮੁਰਦਾ ਹੋਏ ਮਰੀਦ' ਦੀ ਕਾਰ ਕਰਨੀ ਪੈਂਦੀ ਹੈ। ਸੇਵਕ, ਸੇਵਕ ਭੀ ਅਜੇਹਾ ਜੋ ਸੇਵਾ ਰੂਪ ਹੋ ਜਾਵੇ। ਇਹ ਕੋਈ ਕਹਾਵਤਾਂ ਨਹੀਂ, ਜ਼ਬਾਨੀ ਗੱਲਾਂ ਨਹੀਂ, ਤਾਰੀਖ ਵਿੱਚ ਅਮਲੀ ਸਬੂਤ ਭਰੇ ਪਏ ਤੇ ਅੱਜ ਕੱਲ ਭੀ ਪ੍ਰਤੱਖ ਅਮਲੀ ਸਬੂਤ ਵਾਲੇ ਜੀਵਣ ਮਿਲਦੇ ਹਨ।

ਗੁਰੂ ਅਮਰਦਾਸ ਜੀ ਨੇ ਇੱਕ ਨਮੂਨੇ ਨੂੰ ਪ੍ਰਤੱਖ ਵਰਤਾਕੇ ਦੱਸਿਆ। ਗੁਰੂ ਰਾਮਦਾਸ ਆਦਿ ਬਾਰੇ ਗੁਰੂਆਂ ਦੇ ਜੀਵਣ ਵੱਲ ਵੇਖੋ, ਸੇਵਾ ਦਾ ਸਪਸ਼ਟ ਚਿੱਤ੍ਰ ਦਿਸੇਗਾ। ਭਾਈ ਮੰਝ ਆਦਿ ਦੀਆਂ ਗੱਲਾਂ ਤਾਂ ਦੂਰ ਹਨ, ਅੱਜ ਕਲ ਵਲ ਹੀ ਵੇਖੋ। ਦੂਰ ਕਿਉਂ ਜਾਂਦੇ ਹੋ, ਬਾਬਾ ਸਵਾਇਆ ਸਿੰਘ ਤੇ ਬਾਬਾ ਸ਼ਾਮ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿੱਚ ਪ੍ਰਤੱਖ ਜੀਵਣ ਮੁਕਤ ਬ੍ਰਹਮ ਗਿਆਨੀ, ਸੇਵਾ ਦੀ ਮੂਰਤ ਹੋ ਗੁਜ਼ਰੇ ਹਨ।

ਸਿੱਖੀ-ਮਹਿਲ ਉੱਤੇ ਚੜ੍ਹਨ ਲਈ ਸੇਵਾ,ਅਟੁੱਟ ਸੇਵਾ,ਬਿਨਾ ਭਿੰਨ ਭਾਵ



Digitized by Panjab Digital Library | www.panjabdigilib.org

ਸੰਸਾਰਦੀ ਸੇਵਾ,ਛੋਟੇ ਵੱਡੇ ਦੀ ਅਭਿਨਸੇਵਾ,ਤਨ ਮਨ ਤੇ ਧਨ ਦੁਆਰਾ ਮਨੋਂ ਚਿਤੋਂ ਲਾਕੇ ਸੇਵਾ ਕਰਨੀ ਸਿੱਖੀ ਸਕੂਲ ਦਾ ਪਹਿਲਾ ਸਬਕ ਹੈ। ਸੇਵਾ ਭੀ ਅਜੇਹੀ ਕਿ ਜਿਸ ਵਿੱਚ ਸੇਵਾ ਰੂਪ ਹੋ ਜਾਵੇ, ਪਰ ਅਹੰਕਾਰ ਨਾ ਹੋਵੇ। ਇਹ ਸੇਵਾ ਬਦਲੇ ਲਈ ਨਾ, ਸਗੋਂ ਫਰਜ਼ ਲਈ ਕੀਤੀ ਜਾਵੇ। ਕੇਵਲ ਗੁਰੂ ਨੂੰ, ਸਤਿਗੁਰੂ ਨੂੰ, ਆਪਣੇ ਪ੍ਰੀਤਮ, ਮਾਬੂਦ ਨੂੰ ਖੁਸ਼ ਕਰਨ ਲਈ, ਪ੍ਰਸੰਨ ਕਰਨ ਲਈ ਹੀ ਸੇਵਾ ਕੀਤੀ ਜਾਵੇ, ਤਦ ਸੇਵਕ, ਸੱਚਾ ਸੇਵਕ ਬਣੀ ਦਾ ਹੈ।

ਇਨ੍ਹਾਂ ਮੰਨਜ਼ਲਾਂ ਨੂੰ ਤੈ ਕਰ ਚੁਕੇ ਗੁਰਮੁਖ ਜਦ ਸੇਵਕ ਨੂੰ ਸੇਵਾ ਰੂਪ ਹੋਇਆ ੨ ਵੇਖਦੇ ਹਨ,ਅਨੱਨ ਸੇਵਾ ਭਗਤ ਵੇਖਦੇ ਹਨ, ਤਦ ਅਗਲੀ ਜਮਾਤੇ ਚੜ੍ਹਾ ਦਿੰਦੇ ਹਨ। ਸਿੱਖ ਦੀ ਪਦਵੀ ਦੇਂਦੇ ਹਨ। ਹੁਣ ਗੁਰ ਸਿੱਖ ਨੂੰ ਸੇਵਾ ਭੀ ਕਰਨੀ ਪੈਂਦੀ ਹੈ ਤੇ ਸਿੱਖਿਆ ਭੀ ਸਿਖਣੀ ਪੈਂਦੀ ਹੈ। ਗੁਰ ਸਿੱਖੀ ਦੀ ਸਿੱਖਿਆ, ਇਲਮ ਦੀ ਸਿੱਖਿਆ, ਵਿਵਹਾਰ ਦੀ ਸਿੱਖਿਆ, ਹਰਤਰ੍ਹਾਂ ਦੀ ਸਿੱਖਿਆ, ਸਿਖਿਆ ਵਿੱਚ ਨਿਪੁਨ ਹੋਕੇ ਅੱਗੇ ਸਿੰਘ ਪਦ ਮਿਲਦਾ ਹੈ।

ਸਿੰਘ ਸਜਣ ਵੇਲੇ ਸ਼ਸਤ੍ਰਾਂ ਦਾ ਅੰਗ ਸੰਗ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਹੁਣ ਉਹ ਸੇਵਕ ਸਿੱਖ ਹੁੰਦਾ ਹੋਇਆ ਸਿੰਘ ਸਜਦਾ ਹੈ। ਅਮਲੀ ਜੀਵਣ ਵਿੱਚ ਉੱਤਰਦਾ ਹੈ। ਪਰ ਯਾਦ ਰਹੇ, ਉਸਦਾ ਸਿੱਖੀ ਤੇ ਸੇਵਕੀ ਦਾ ਕੰਮ ਭੀ ਓਵੇਂ ਹੀ ਜਾਰੀ ਰਹਿੰਦਾ ਹੈ। ਸਿੰਘ ਹੋਕੇ ਉਹ ਗੁਰ ਸਿੱਖ,ਸੇਵਕ ਹੋਕੇ ਸੇਵਾ ਭੀ ਓਵੇਂ ਹੀ ਕਰਦਾ ਹੈ, ਸਿੱਖਿਆ ਭੀ ਹਰ ਯੋਗ ਗੁਰ ਸਿੱਖ ਤੇ ਗੁਰਮੁਖ ਗਿਆਨੀ ਤੋਂ ਲੈਂਦਾ ਹੈ, ਪਰ ਹੁਣ ਸਿੰਘ ਸਜਕੇ ਕੀਤੀ ਸਿੱਖਿਆ ਨੂੰ ਅਮਲੀ ਜੀਵਣ ਵਿੱਚ ਵਰਤਦਾ ਭੀ ਹੈ। ਗੱਲਾਂ ਹੀ ਨਹੀਂ,ਕਰਕੇ ਭੀ ਦੱਸਦਾ ਹੈ। ਹਾਂ! ਹੁਣ ਸੇਵਾ ਕਰਦਾ ਹੋਇਆ, ਸਿੱਖਿਆ ਸਿੱਖ ਦਾ ਹੋਇਆ ਗੁਰ ਸਿੱਖ, ਸਿਖਾ ਭੀ ਸਕਦਾ ਹੈ। ਗੁਰਸਿੱਖੀ ਦਾ ਪ੍ਰਚਾਰ ਭੀ ਕਰ ਸਕਦਾ ਹੈ, ਪਰ ਅਹੰਕਾਰ ਦਾ ਨਹੀਂ,ਹੈਂਕੜ ਵਿੱਚ ਨਹੀਂ ਆਉਂਦਾ। ਸੇਵਕਾਂ ਵਿੱਚ ਸੇਵਕ, ਸਿੱਖਾਂ ਵਿੱਚ ਸਿੱਖ ਰਹਿੰਦਾ ਹੋਇਆ ਉਹ ਸਿੰਘ ਬਣਦਾ ਹੈ, ਸਿੰਘ ਤੋਂ ਅਗਲਾ ਪੂਰਨ ਪਦ ਹੈ। ਇਸਨੂੰ ਗੁਰਮੁਖ ਪਦ ਆਖਦੇ ਹਨ। ਗੁਰਮੁਖ ਪੂਰਨ ਬ੍ਰਹਮ ਗਿਆਨੀ ਹੁੰਦਾ ਹੈ,ਸੰਨਜਾਸੀ ਹੁੰਦਾ ਹੈ,



Digitized by Panjab Digital Library | www.panjabdigilib.org

ਪਰਮ ਹੰਸ ਹੁੰਦਾ ਹੈ, ਪਰ ਇਹ ਘਰ ਬਾਰ ਛਡ ਕੇ ਜੰਗਲੀਂ ਫਿਰਨ ਵਾਲਾ ਸੰਨਿਆਸੀ ਨਹੀਂ, ਸਗੋਂ 'ਗ੍ਰਹ ਹੀ ਮਹਿ ਉਦਾਸ' ਰਹਿਣ ਵਾਲਾ ਗੁਰਮੁਖ ਹੁੰਦਾ ਹੈ। ਇਹ ਸਾਰੇ ਬੰਧਨਾਂ ਤੋਂ ਆਜ਼ਾਦ ਹੁੰਦਾ ਹੈ ਪਰ ਫੇਰ ਭੀ ਸਭ ਕਿਰਿਆ ਕਰਦਾ ਹੈ। ਏਸ ਹਾਲਤ ਵਿਚ ਭੀ ਇਹ ਸਿੰਘੀ ਸਿਖੀ ਤੇ ਸੇਵਕ ਪਨ ਨੂੰ ਤਿਆਗ ਨਹੀਂ ਦਿੰਦਾ। ਭਾਵੇਂ ਇਸ ਨੂੰ ਕੋਈ ਬੰਧਨ ਨਹੀਂ ਹੁੰਦਾ ਪਰ ਤਦ ਭੀ ਇਹ ਗੁਰਸਿੱਖੀ ਦੀ ਪਹਿਲੀ ਪੌੜੀ 'ਸੇਵਾ' ਨੂੰ ਨਹੀਂ ਛਡਦਾ।

ਯਾਦ ਰਹੇ ਜਿਨ ਸੇਵਾ ਨਹੀਂ ਕੀਤੀ। ਨਿਰਮਾਨ, ਨਿਸ਼ਕਾਮ, ਅਭੇਦ ਤੇ ਅਟੁੱਟ ਸੇਵਾ ਨਹੀਂ ਕੀਤੀ ਉਹ ਸਿਖ ਨਹੀਂ ਹੋ ਸਕਦਾ, ਸਿਖ ਹੋਏ ਬਿਨਾਂ ਸਿੰਘ ਨਹੀਂ ਬਣ ਸਕਦਾ ਤੇ ਸਿੰਘੀ ਧਾਰਨਾ ਧਾਰੇ ਬਿਨਾ ਗੁਰਮੁਖ ਪਦ ਤੇ ਪਹੁੰ-ਚਣਾ ਕਠਨ ਹੈ। ਇਹ ਹੈ ਗੁਰਸਿਖੀ ਮੰਜ਼ਿਲ ਤੇ ਪਹੁੰਚਣ ਦੇ ਚਾਰ ਪੜਾ।

ਵੈਦ ਜੀ ਗੁਰਮੁਖ ਸਨ, ਤਦੇ ਹੀ ਤਾਂ ਆਪ ਨੇ ਜਿਸ ਸੇਵਾ ਨੂੰ ਬਚਪਣ ਵਿਚ ਅਰੰਭਿਆ, ਉਸ ਨੂੰ ਅੰਤ ਪ੍ਰਯੰਤ ਨਿਭਾਇਆ। ਸਿਖ, ਸਿੰਘ ਤੇ ਗੁਰਮੁਖ ਹੁੰਦੇ ਹੋਇਆਂ ਭੀ, ਸੇਵਾ ਦਾ ਤਿਆਗ ਨਹੀਂ ਕੀਤਾ। ਲੋੜਵੰਦ, ਗੁਣੀ, ਗਿਆਨੀ, ਅਨਾਥ, ਮੁਹਤਾਜ ਜੋ ਜੋ ਭੀ ਜਿਸ ਜਿਸ ਚੀਜ਼ ਲਈ ਆਇਆ, ਆਪ ਪਾਸੋਂ ਖਾਲੀ ਨਹੀਂ ਗਿਆ। ਇਹ ਸਾਰੇ ਸੱਚੇ ਹੀ ਨਾ ਸਨ, ਕਈ ਬਗਲੇ ਭਗਤ, ਸੰਤ ਭੇਸ ਵਿਚ ਠਗ, ਦੇਸ਼ ਭਗਤੀ ਦੇ ਚੋਲੇ ਹੇਠ ਦੇਸ਼ ਘਾਤੀ ਭੀ ਸਨ। ਪਰ ਵੈਦ ਜੀ ਨੂੰ ਕੀ, ਉਹ ਦੇਖ ਕੇ ਅਣਡਿੱਠ ਕੀਤੀ ਜਾਂਦੇ ਸਨ। ਅਨੇਕਾਂ ਨੇ ਆਪ ਦੀ ਇਸ ਨਰਮੀ ਤੋਂ, ਇਸ ਦਿਯਾਲਤਾ ਤੋਂ ਨਾਜਾਇਜ਼ ਫਾਇਦਾ ਉਠਾਇਆ ਪਰ ਵੈਦ ਰਾਜ ਜੀ ਕਿਸੇ ਦੇ ਐਬਾਂ ਵਲ ਨਾ ਸਨ ਵੇਖਦੇ, ਉਨ੍ਹਾਂ ਨੂੰ ਕੇਵਲ ਗੁਣਾਂ ਨਾਲ ਹੀ ਵਾਸਤਾ ਸੀ, ਉਹ ਗੁਣ ਵੇਖ ਵੇਖ ਕੇ ਸੇਵਾ ਕਰੀ ਗਏ। ਸਭ ਦੀ ਸੇਵਾ, ਅਟੁਟ ਸੇਵਾ ਕਰੀ ਗਏ ਤੇ ਕਰੀ ਹੀ ਗਏ! ਇਸੇ ਸੇਵਾ ਰਾਹੀਂ ਹੀ ਆਪ ਨੇ ਪਰਮ ਪਦ ਪ੍ਰਾਪਤ ਕੀਤਾ, ਤੇ ਅਖੀਰਲੇ ਦਮ ਤਕ ਜਗਤ ਸੇਵਾ ਵਿਚ ਲੀਨ ਰਹੇ। ਕਿਸੇ ਦੀ ਤਨ ਰਾਹੀਂ, ਕਿਸੇ ਦੀ ਧਨ ਰਾਹੀਂ ਸੇਵਾ ਕੀਤੀ, ਤੇ ਕਿਸੇ ਦੀ ਪੁਸਤਕਾਂ, ਦਵਾਈ-ਆਂ ਰਾਹੀਂ ਸੇਵਾ ਕੀਤੀ। ਗਲ ਕੀ ਸੇਵਾ ਕਰਨੀ ਆਪ ਦਾ



Digitized by Panjab Digital Library | www.panjabdigilib.org

ਜੀਵਣ ਰਸ ਰਿਹਾ ਹੈ।

ਨਿਕੇ ਵੱਡੇ, ਬੁਢੇ, ਬਾਲ, ਅਮੀਰ, ਗਰੀਬ ਪੜ੍ਹੇ ਹੋਏ ਅਨਪੜ੍ਹ ਹਿੰਦੂ, ਮੁਸਲਮਾਨ, ਸਿਖ, ਈਸਾਈ ਆਦਿ ਹਰ ਤਰ੍ਹਾਂ ਦੇ ਬੰਦੇ ਆਪ ਪਾਸ ਆਏ ਤੇ ਵਰੋਸਾਏ। ਆਪ ਨੇ ਕਿਸੇ ਵਲੋਂ ਨਕ ਨਹੀਂ ਸਕੋੜਿਆ, ਅਹੰਕਾਰ ਨਹੀਂ ਕੀਤਾ, ਭੇਦ ਭਾਵ ਨਹੀਂ ਰੱਖਿਆ, ਸਭ ਨਾਲ ਅਭੇਦ ਭਾਵ ਵਿਚ ਵਰਤਦੇ ਰਹੇ ਤੇ ਗੁਰ ਪ੍ਰਸੱਨਤਾ ਹਿਤ, ਸਤਿਗੁਰੂ ਰੀਝਾਉਣ ਹਿਤ, ਅਟੁਟ ਸੇਵਾ ਕਰਦੇ ਰਹੇ। ਦੂਰੋਂ ਦੂਰੋਂ ਆਪ ਜੀ ਪਾਸ ਅਮੀਰ ਗਰੀਬ ਹਕੀਮ ਡਾਕਟਰ, ਵਪਾਰੀ ਹਰ ਤਬਕੇ ਦੇ ਲੋਕ ਪੁੱਜਦੇ ਰਹੇ ਪਰ ਆਪ ਇਕ ਰਸ ਸਭ ਨਾਲ ਪ੍ਰੇਮ ਭਰਿਆ ਸਲੂਕ ਕਰਦੇ ਰਹੇ।

੧੭ ਜਨਵਰੀ ਨੂੰ ਸ੍ਰ: ਫਤੇ ਸਿੰਘ ਜੀ ਅਫਸਰ ਮਾਲ ਗੁਰਦਾਸ ਪੁਰੋਂ ਆਪ ਪਾਸ ਲੜਕੇ ਲਈ ਦਵਾਈ ਲੈਣ ਲਈ ਆਏ ਤੇ ਬੜੇ ਪ੍ਰਸੰਨ ਚਿਤ ਤਸੱਲੀ ਭਰੇ ਦਿਲ ਨਾਲ ਦਵਾਈਆਂ ਲੈ ਕੇ ਗਏ।

"੭ ਫਰਵਰੀ ੧੯੩੨ ਅੰਮ੍ਰਿਤਸਰ ਜੀ ਤੋਂ ਭਾਈ ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ, ਸ੍ਰੀ ਮਾਨ ਭਾਈ ਵੀਰ ਸਿੰਘ ਵਲੋਂ ਆਏ:— (੧) ਸੂਚੀ ਪੱਤ੍ਰ ਸੂਰਜ ਪ੍ਰਕਾਸ਼, (੨) ਸੂਚੀ ਸਾਲ ਵਾਰ ਸਿਖ ਇਤਿਹਾਸ ੧੪੭੧ ਤੋਂ ੧੭੬੫ ਤਕ (੩) ਸੂਚੀ ਸਾਲ ਵਾਰ ਬੰਸਾਵਲੀ ਦਸ ਗੁਰੂ ਸਾਹਿਬਾਨ, (੪) ਗੁਰੂ ਸਾਹਿਬ ਤੇ ਸੰਬੰਧਤ ਪ੍ਰਵਾਰ ਸਿਖਾਂ ਦੇ ਜੀਵਨਾਂ ਸੰਬੰਧੀ ਨੋਟ, (੫) ਫੁਟਕਲ ਨੋਟ*, (੬) ਦੋ ਕਾਪੀਆਂ ਖਰੜਾ 'ਦੁਕਾਨਦਾਰੀ' (੭) ਚਾਰ ਕਾਪੀਆਂ ਸੁਰਗ ਦੀ ਸੜਕ, ਸੁਖ ਸਾਰ, ਆਦਰਸ਼ ਬਹੂ, ਪ੍ਰੇਮ ਰੰਗ, ਗੋਰਾ, ਚਲਾਕ ਜਾਪਾਨੀ ਦੇ (ਜੇਲ ਵਿਚ ਨਸ਼ਾਨ ਕੀਤੇ) ਛਾਂਟਵੇਂ ਨੋਟ ਤੇ ੧ ਪੁਸਤਕ ਗੁਰਮਤ ਅਖੌਤਾਂ ਦਿਤੀਆਂ।"

੧੦—੨—੩੨ "੧ ਤੋਂ ੨॥। ਤਕ ਜਨੇਤ ਸਵਾਗਤ ਤੇ ਰਾਤ ੭ ਤੋਂ ੯ ਤਕ ਮਿਲਨੀ ਵ: ਤੇ ਸਪੁਤ੍ਰੀ ਸ੍ਰ: ਨੌਰੰਗ ਸਿੰਘ ਜੀ ਐਸ.ਡੀ.ਓ. ਦੇ ਸਮਾ ਲਗਾ।"

---

*(੧) ਤੋਂ (੫) ਤਕ ਦੇ ਖਰੜੇ ਜੇਲ ਯਾਤ੍ਰਾ ਸਮੇਂ ਦੇ ਲਿਖੇ ਹੋਏ (ਸੰਗ੍ਰਹ ਕੀਤੇ ਹੋਏ) ਸਨ।



Digitized by Panjab Digital Library | www.panjabdigilib.org

੧੧—੨—੩੨ "ਸਵੇਰੇ ੧੦ ਵਜੇ ਤਕ ਅਨੰਦ ਕਾਰਜ ਸਪੁਤ੍ਰੀ ਸ੍ਰ: ਨੌਰੰਗ ਸਿੰਘ ਜੀ ਐਸ. ਡੀ. ਓ. ਤੇ ਸਮਾ ਲਗਾ।"

ਏਥੇ ਉਕਤ ਸਰਦਾਰ ਨੌਰੰਗ ਸਿੰਘ ਜੀ ਐਸ. ਡੀ. ਓ. ਬਾਰੇ ਚਾਰ ਸਤਰਾਂ ਲਿਖਣੀਆਂ ਭੀ ਜ਼ਰੂਰੀ ਹਨ, ਤਾ ਕਿ ਪਾਠਕਾਂ ਨੂੰ ਪਤਾ ਲਗ ਜਾਵੇ ਕਿ ਆਪ ਕੌਣ ਹਨ ਤੇ ਆਪ ਦੇ ਵੈਦ ਜੀ ਬਾਰੇ ਕੀ ਖਿਆਲ ਹਨ?

ਸਰਦਾਰ ਨੌਰੰਗ ਸਿੰਘ ਜੀ ਪੱਟੀ ਦੇ ਪਾਸ ਦੇ ਇੱਕ ਪਿੰਡ ਦੇ ਵਸਨੀਕ ਹਨ, ਆਪ ਸਰਕਾਰੀ ਅਹੁਦੇ ਤੇ ਐਸ. ਡੀ. ਓ. ਰਹਿ ਚੁੱਕੇ ਹਨ, ਤੇ ਅੱਜ ਕਲ ਰੀਟਾਇਰ ਹੋਕੇ ਸ੍ਰੀ ਤਰਨ ਤਾਰਨ ਵਿੱਚ ਹੀ ਰਹਿੰਦੇ ਹਨ।

੨੫ ਅਕਤੂਬਰ ੧੯੩੮ ਨੂੰ ਲੇਖਕ ਅੰਮ੍ਰਿਤਸਰੋਂ ਤਰਨ ਤਾਰਨ ਨੂੰ ਆ ਰਿਹਾ ਸੀ। ਗੱਡੀ ਵਿੱਚ ਮੇਰੇ ਨਾਲ ਸ੍ਰ: ਭਗਵਾਨ ਸਿੰਘ ਜੀ ਰੀਟਾਇਰਡ ਡਿਸਟ੍ਰਿਕਟ ਇੰਨਸਪੈਕਟਰ ਆਫ ਸਕੂਲ (ਜੋ ਬੜੇ ਵਿਦਵਾਨ, ਗੁਰਮੁਖ, ਸਿੱਖੀ ਦੇ ਖੋਜੀ ਤੇ ਡੂੰਘੇ ਵਿਚਾਰਵਾਨ ਸਜਨ ਹਨ) ਭੀ ਸਨ। ਗੱਡੀ ਤੁਰਨ ਤੋਂ ਪੰਜ ਕੁ ਮਿੰਟ ਪਹਿਲਾਂ ਇੱਕ ਸੁਹਣੇ ਗੰਭੀਰ ਗੁਰਮੁਖ ਸਿੰਘ ਇੱਕ ਪੰਦਰਾਂ ਸੋਲਾਂ ਸਾਲ ਦੇ ਨੌ-ਜਵਾਨ ਬੱਚੇ ਨਾਲ ਸਾਡੇ ਕਮਰੇ ਵਿੱਚ ਦਾਖਲ ਹੋਏ। ਇਹੀ ਸਰਦਾਰ ਨੌਰੰਗ ਸਿੰਘ ਜੀ ਸਾਹਿਬ ਐਸ.ਡੀ.ਓ. ਸਨ।

ਗੱਡੀ ਚੱਲ ਪਈ ਤੇ ਸਾਡੀ ਸਾਧਾਰਨ ਜਾਣ ਪਛਾਣ ਪਿਛੋਂ ਗੁਰ-ਸਿੱਖੀ ਦੇ ਉਤਰਾਉ ਚੜ੍ਹਾਉ ਉੱਤੇ ਗੱਲਾਂ ਤੁਰ ਪਈਆਂ। ਇਸੇ ਦੌਰਾਨ ਵਿਚ ਗੁਰਪੁਰ ਵਾਸੀ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਦਾ ਭੀ ਜ਼ਿਕਰ ਆਇਆ। ਵੈਦ ਜੀ ਦਾ ਨਾਮ ਸੁਣਦਿਆਂ ਹੀ ਸਰਦਾਰ ਸਾਹਿਬ ਜੀ ਦਾ ਚਿਹਰਾ ਤਮਤਮਾ ਉੱਠਿਆ, ਫੇਰ ਵਿਛੋੜੇ ਦੀ ਯਾਦ ਆਕੇ ਇਕ ਠੰਡੀ ਆਹ ਖਿੱਚਦੇ ਹੋਏ ਬੋਲੇ।

"ਸਰਦਾਰ ਸਾਹਿਬ! ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਪੂਰਨ ਗੁਰਸਿੱਖ, ਸਤਿਗੁਰਾਂ ਦੇ ਅਨੰਨ ਭਗਤ ਤੇ ਪੁਰਾਤਨ ਗੁਰ ਸਿੱਖੀ ਦਾ ਅਦੁਤੀ ਨਮੂਨਾ ਸਨ।"

ਫੇਰ ਬੜੇ ਸਤਿਕਾਰ ਭਰੇ ਸ਼ਬਦਾਂ ਵਿੱਚ ਦਸਿਆ:—



Digitized by Panjab Digital Library | www.panjabdigilib.org

"ਮੈਨੂੰ ਆਪ ਦੇ ਸੁਭਾਗ ਦਰਸ਼ਨ ਹੋਏ ਹਨ। ਦੋ ਚਾਰ ਵਾਰ ਮਿਲਨ ਦਾ ਭੀ ਵਾਹ ਪਿਆ ਹੈ। ਆਪ ਸਚ ਮੁਚ ਹੀ ਸਿਖਾਂ ਵਿਚੋਂ ਡਾਢੀ ਉੱਚੀ ਹਸਤੀ ਤੇ ਪ੍ਰੇਮ ਦੇ ਪੁਤਲੇ ਸਨ।"

ਆਪ ਦੀ ਸਪੁਤ੍ਰੀ ਦੀ ਸ਼ਾਦੀ ਬਾਬਤ ਜਿਕਰ ਕਰਦੇ ਹੋਏ ਆਪ ਨੇ ਫੁਰਮਾਇਆ:–

"ਸਰਦਾਰ ਜੀ ! ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ (ਸ੍ਰੀ ਤਰਨ ਤਾਰਨ ਵਾਲੇ ਘਰ ਵਿੱਚ) ਭੋਗ ਰਖਾਇਆ। ਸ਼ਹਿਰ ਦੇ ਪਤਵੰਤੇ ਚੋਣਵੇਂ ਗੁਰਮੁਖਾਂ ਨੂੰ ਇਸ ਸਮੇਂ ਪਰ ਦਰਸ਼ਨ ਦੇਣ ਲਈ ਬੇਨਤੀ ਪੱਤ੍ਰ ਭੇਜੇ ਤੇ ਖੁਦ ਭੀ ਕਈਆਂ ਪਾਸ ਹਾਜ਼ਰ ਹੋਣ ਲਈ ਬੇਨਤੀ ਕਰਨ ਗਿਆ, ਖਾਸ ਤੌਰ ਨਾਲ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਪਾਸ ਭੀ ਦਰਸ਼ਨ ਦੇਣ ਦੀ ਤਾਕੀਦ ਕਰਨ ਗਿਆ।

ਮੇਰੇ ਗ਼ਰੀਬ ਖਾਨੇ ਤੇ ਸੰਗਤ ਆ ਰਹੀ ਸੀ, ਪਾਠ ਦਾ ਭੋਗ ਤਿਆਰ ਹੋ ਰਿਹਾ ਸੀ। ਜ਼ਮਾਨੇ ਦੇ ਰਿਵਾਜ ਅਨੁਸਾਰ ਮੈਂ ਔਣ ਵਾਲੇ ਪ੍ਰਾਹੁਣਿਆਂ ਦੀ ਆਓ ਭਗਤ ਕਰਨ ਲਈ ਦਰਵਾਜ਼ੇ ਵਲ ਬਾਰ ਬਾਰ ਉੱਠ ੨ ਜਾਂਦਾ ਸਾਂ, ਏਧਰੋਂ ਗੁਰਬਾਣੀ ਦਾ ਪਾਠ ਸੁਣਨ ਦੀ ਭੀ ਖਿੱਚ ਸੀ। ਇਸ ਲਈ ਜ਼ਰਾ ਸਮਾ ਮਿਲਨ ਤੇ ਫੇਰ ਪਾਠ ਸੁਣਨ ਲਈ ਭੱਜਦਾ ਸਾਂ। ਦੋ ਚਾਰ ਵਾਰ ਇਸੇ ਤਰ੍ਹਾਂ ਬਾਹਰ ਸ੍ਵਾਗਤ ਕਰਨ ਲਈ ਉੱਠ ੨ ਆਉਂਦਿਆਂ ਵੇਖ ਕੇ ਵੈਦ ਜੀ ਨੇ ਮੇਰੇ ਚਿਹਰੇ ਵੱਲ ਬੜੇ ਮਾਰ੍ਮਕ ਅੰਦਾਜ਼ ਨਾਲ ਵੇਖਿਆ ਤੇ ਬੋਲੇ:–

'ਸਰਦਾਰ ਜੀ ! ਆਪ ਕੁਝ ਦੁਚਿਤੇ ਜੇਹੇ ਹੋ। ਕੀ ਗੱਲ ਏ ?'

ਮੈਂ ਹੱਥ ਜੋੜਦਿਆਂ ਸਨਿੰਮ੍ਰ ਭਾਵ ਨਾਲ ਅਰਜ਼ ਕੀਤੀ:–

'ਤੁਸੀਂ ਜਾਣ ਦੇ ਹੀ ਹੋ ਨਾ ? ਭਾਈ ਸਾਹਿਬ ਜੀ ! ਭੋਗ ਤੇ ਦਰਸ਼ਨ ਦੇਣ ਲਈ ਪਤਵੰਤੇ ਸੱਜਣਾਂ ਨੂੰ ਮੈਂ ਸੱਦਾ ਦਿੱਤਾ ਹੋਇਆ ਹੈ। ਕਈਆਂ ਵਲ ਕਈ ਕਈ ਫੇਰੇ ਮਾਰੇ ਹਨ, ਹੁਣ ਉਹ ਸੱਜਣ



Digitized by Panjab Digital Library | www.panjabdigilib.org

ਆ ਰਹੇ ਹਨ। ਜੇ ਕਿਸੇ ਦਾ ਦਰਵਾਜ਼ੇ ਉੱਪਰ ਸ੍ਵਾਗਤ ਨਾ ਕਰਾਂ,ਤਾਂ ਮਤਾਂ ਗੁੱਸੇ ਹੋ ਜਾਵੇ। ਨਾਲੇ ਕਈ ਸੱਜਣ ਅਜੇ ਆਏ ਨਹੀਂ, ਸ਼ਾਇਦ ਉਨ੍ਹਾਂ ਵਲ ਫੇਰ ਜਾਣਾ ਪਵੇ। ਇਸੇ ਲਈ ਮੈਂ ਮੁੜ ੨ ਉੱਠਕੇ ਬਾਹਰ ਵਲ ਵੇਖਣ ਜਾਂਦਾ ਹਾਂ ਤੇ ਏਧਰੋਂ ਪਾਠ ਸੁਣਨ ਦੀ ਭੀ ਮਨ ਨੂੰ ਖਿੱਚ ਹੈ, ਇਸ ਲਈ ਏਧਰ ਨੂੰ ਭੱਜਦਾ ਹਾਂ।"

ਇਹ ਸੁਣਕੇ ਭਾਈ ਸਾਹਿਬ ਜੀ ਸ੍ਵਭਾਵਕ ਸ਼ਾਂਤੀ ਪੂਰਵਕ, ਧੀਰਜ ਤੇ ਪ੍ਰੇਮ ਭਰੇ ਬਚਨਾਂ ਦ੍ਵਾਰਾ ਬੋਲੇ:–

"ਬੈਠੋ ਸਰਦਾਰ ਜੀ! ਧੀਰਜ ਸ਼ਾਂਤੀ ਤੇ ਤਸੱਲੀ ਨਾਲ ਬੈਠੋ! ਜਿਸ ਨੇ ਆਉਣਾ ਹੈ ਆਪੇ ਆ ਜਾਵੇਗਾ। ਗੁਰ ਸਿੱਖਾਂ ਲਈ ਇੱਕ ਵਾਰ ਸੱਦਾ ਦੇਣਾ ਕਾਫੀ ਹੈ। ਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਖੰਡ ਪਾਠ ਹੁੰਦਿਆਂ ਭੀ ਸ਼ਾਂਤੀ ਪ੍ਰਾਪਤਿ ਨਾ ਹੋਈ ਤਾਂ ਫੇਰ ਕਦ ਤੇ ਕਿੱਥੇ ਹੋਊ? ਤੁਸੀਂ ਬੇ-ਪ੍ਰਵਾਹ ਹੋਕੇ ਸਜ ਜਾਓ,ਅੰਮ੍ਰਿਤ ਬਾਣੀ ਦਾ ਪਾਠ ਸੁਣੋ ਸ਼ਾਂਤੀ ਪ੍ਰਾਪਤ ਕਰੋ, ਗੁਰੂ ਭਲੀ ਕਰੇਗਾ। ਜਿਨ ਆਉਣਾ ਹੈ, ਆ ਜਾਵੇਗਾ।'

'ਮੈਨੂੰ ਭਾਈ ਸਾਹਿਬ ਦੇ ਉਹ ਬਚਨ ਅਜੇ ਤੱਕ ਯਾਦ ਹਨ ਤੇ ਯਾਦ ਰਹਿਣਗੇ।ਸੱਚ ਮੁੱਚ ਹੀ ਵੈਦ ਜੀ ਇੱਕ ਬੇ-ਮਸਾਲ ਹਸਤੀ ਸਨ।'

ਇਹ ਹਨ ਉਸ ਗੁਰਮੁਖ ਪਿਆਰੇ ਦੇ ਖਿਆਲ ਜਿਸ ਨੂੰ ਭਾਈ ਸਾਹਿਬ ਜੀ ਨਾਲ ਸਾਧਾਰਨ ਜੇਹਾ ਹੀ ਵਾਹ ਪਿਆ ਸੀ।

੧੫ ਫਰਵਰੀ ਨੂੰ ਸ੍ਰ: ਬਿਸ਼ਨ ਸਿੰਘ ਜੀ ਸੇਵਕ ਅੰਮ੍ਰਿਤਸਰੋਂ ਆਏ ਤੇ 'ਪਿੰਡਾਂ ਦੀ ਉੱਨਤੀ' ਅਖਬਾਰ ਵਾਸਤੇ ੧੧ ਪੁਸਤਕਾਂ 'ਜੇਮਸ ਐਲਨ' ਤੇ 'ਸ੍ਵਰਗ ਦੀ ਸੜਕ' ਦੇ ਛਾਂਟਵੇਂ ਨੋਟਾਂ ਦੀ ਕਾਪੀ ਅਤੇ ਹੋਰ ਫੁਟਕਲ ਲੇਖ ਲੈ ਗਏ।

ਹੋਰ ਅਨੇਕ ਪ੍ਰੇਮੀਆਂ ਵਾਂਗ ਇਕ ਸਜਣ ਸ੍ਰ: ਮੰਗਲ ਸਿੰਘ ਜੀ ਮਿਸਤ੍ਰੀ ਲਾਹੌਰ ਦੇ ਘਰ ਭੀ ਗੁਰੂ ਦੀ ਕ੍ਰਿਪਾ ਤੇ ਵੈਦ ਰਾਜ ਜੀ ਦੀ ਦਵਾਈ



Digitized by Panjab Digital Library | www.panjabdigilib.org

ਨਾਲ ਲੜਕਾ ਪੈਦਾ ਹੋਇਆ । ਉਹ ਮਾਯਾ ਦਾ ਗਫਾ ਤੇ ਕੁਜੇ ਮਠਿਆਈ ਆਦਿ ਭੇਟਾ ਕਰਨ ਲਈ ਵੈਦ ਜੀ ਪਾਸ ਆਇਆ, ਪਰ ਅੱਗੋਂ ਵਾਹਿਗੁਰੂ ਅਕਾਲ ਪੁਰਖ ਦਾ ਧੰਨਵਾਦ ਕਰਦੇ ਹੋਏ ਸਦਾ ਵਾਂਗ ਵੈਦ ਜੀ ਨੇ ਸ਼ਗਨ ਵਜੋਂ ਵਾਪਸ ਕੀਤੇ ।

ਪਿੱਛੇ ਵਰਣਨ ਕੀਤੇ ਗਏ ਵੇਦਾਂਤੀ ਵਿਦਵਾਨ ਸੰਤ ਹਰਦੇਵ ਸਿੰਘ ਜੀ ਤੇ ਉਨ੍ਹਾਂ ਦੇ ਪ੍ਰੇਮੀਆਂ ਨੂੰ ੧੪ ਮਾਰਚ ਨੂੰ ਵੈਦ ਜੀ ਨੇ (੧) ਗੁਰਮਤ ਅਖੌਤਾਂ । (੨) ਇਕ ਸਿਖ ਘਰਾਣਾ । (੩) ਸੁਸ਼ੀਲਾ ਵਿਧਵਾ । (੪)ਰਬੀ ਜੋੜ ਮੇਲਾ । (੫) ਨਿੰਦਤ ਭ੍ਰਿਸ਼ਟਾਚਾਰ । (੬) ਜਪੁ ਸਟੀਕ । (੭) ਆਸਾ ਦੀ ਵਾਰ ਸਟੀਕ । (੮) ਗੁਰਦੁਆਰਾ ਯਾਤ੍ਰਾ ਰੀਪੋਰਟ ਤੇ (੯) ਇਤਹਾਸ ਤਰਨ ਤਾਰਨ ਆਦਿਕ ਗੁਰਬਾਣੀ ਰੁਚੀ ਪ੍ਰਗਟਾਊ ਪੁਸਤਕ ਅਰਪਣ ਕੀਤੇ ।

੧੬ ਮਾਰਚ ਨੂੰ ਸ੍ਰੀ ਗੁਰੂ ਅਰਜਨ ਦੇਵ ਖਾ: ਹਾ: ਸਕੂਲ ਤਰਨ ਤਾਰਨ ਦੇ ਸਾਲਾਨਾ ਜਲਸੇ ਦੇ ਪ੍ਰਬੰਧ ਆਦਿ ਵਿਚ ਲਗੇ ਰਹੇ । ਇਸ ਦਿਨ ਸ: ਬ: ਸ: ਮੋਹਨ ਸਿੰਘ ਜੀ ਰਈਸ ਆਜ਼ਮ ਰਾਵਲ ਪਿੰਡੀ ਹੱਥੀਂ ਇਨਾਮ ਵੰਡੇ ਗਏ ਤੇ ਬੋਰਡਿੰਗ ਹਾਊਸ ਦੀ ਬੁਨਯਾਦ ਰੱਖੀ ਗਈ ।

੧੧ ਅਪ੍ਰੈਲ ਨੂੰ ਆਪ ਕਾਰ ਸੇਵਾ ਸ੍ਰੀ ਤਰਨ ਤਾਰਨ ਦੇ ਸੰਬੰਧ ਵਿਚ ਅੰਮ੍ਰਿਤਸਰ ਗਏ, ਖਾਲਸਾ ਕਾਲਜ ਵਿਚ ਭੀ ਗਏ । ਸ: ਬ: ਸ: ਸ਼ਿਵਦੇਵ ਸਿੰਘ ਆਦਿਕ ਸਜਣਾਂ ਨੂੰ ਮਿਲੇ ਤੇ ਆਉਂਦੀ ਵਾਰ ਆਪ ਨੇ ਇਕ ਕਾਫੂਰੀ ਮਾਲਾ ਤੇ ਇਕ ਸੁਚੇ ਸਿਪ ਦਾ ਸਿਮਰਨਾ ਇੰਡੀਆ ਕੌਂਸਲ ਦੇ ਮੈਂਬਰ ਹੋ ਕੇ ਵਲੈਤ ਜਾ ਰਹੇ ਸ: ਬ: ਸ: ਸ਼ਿਵਦੇਵ ਸਿੰਘ ਜੀ ਦੀ ਪ੍ਰੇਮ ਭੇਟ ਕੀਤਾ ।

੧੭ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਜੀ ਤੋਂ ਬਹੁਤ ਸਾਰੀ ਸੰਗਤ ਕਾਰ ਸੇਵਾ ਲਈ ਆਈ । ਆਪ ਜੀ ਨੇ ਇਸ ਦਿਨ ਸੰਗਤਾਂ ਦੀ ਸੇਵਾ ਦਾ ਖੂਬ ਅਨੰਦ ਮਾਣਿਆ ।

੨੦ ਅਪ੍ਰੈਲ ਨੂੰ ਭਾਈ ਵੀਰ ਸਿੰਘ ਜੀ ਸਾਹਿਬ ਅੰਮ੍ਰਿਤਸਰੋਂ ਆਏ ਤੇ ਖੂਬ ਪ੍ਰੇਮ ਵਿਚਾਰਾਂ ਹੁੰਦੀਆਂ ਰਹੀਆਂ ।

੨੧ ਨੂੰ ਗੁਰ ਤੀਰਥ ਯਾਤਰੂ ਦੋ ਟੂਰਿਸਟ ਕਾਰਾਂ ਵਿਚ ਤਰਨ



Digitized by Panjab Digital Library | www.panjabdigilib.org

ਤਾਰਨ ਸਾਹਿਬ ਆਏ ਅਤੇ ੨੨ ਅਪ੍ਰੈਲ ਨੂੰ ਸ੍ਰ: ਮਖਣ ਸਿੰਘ ਰਈਸ ਤੇ ਆਨਰੇਰੀ ਮੈਜਿਸਟ੍ਰੇਟ ਲਾਹੌਰ ਛਾਉਣੀ ਦਵਾਈਆਂ ਵਾਸਤੇ ਆਏ। ਪ੍ਰੇਮ ਸਹਿਤ ਸੇਵਾ ਕੀਤੀ, ਦਵਾਈਆਂ ਭੇਟ ਕਰਕੇ ਵਿਦਾ ਕੀਤੇ।

ਕਾਰ ਸੇਵਾ ਦੇ ਪ੍ਰਬੰਧ ਲਈ ਆਪ ਮੁਖੀਆਂ ਵਿਚੋਂ ਸਨ ਤੇ ਸਦਾ ਕਾਰ ਸੇਵਾ ਵਾਲੇ ਸੰਤਾਂ ਦੇ ਨੇੜੇ ਰਹਿਣ ਵਾਲੇ ਪਾਤ੍ਰਾਂ ਵਿਚੋਂ ਸਨ, ਇਸ ਲਈ ਪਲ ਪਲ ਪਿਛੋਂ ਆਪ ਨੂੰ ਕਾਰ ਸੇਵਾ ਵਲ ਧਿਆਨ ਦੇਣਾ ਪੈਂਦਾਸੀ।

੧ ਮਈ ੧੯੩੨ ਨੂੰ ਆਪ ਦੀ ਡੀਊਟੀ ਰੇਲ ਦੇ ਸਟੇਸ਼ਨ ਤੇ ਕਾਰ ਸੇਵਾ ਲਈ ਆ ਰਹੀ ਸੰਗਤ ਦੇ ਸ੍ਵਾਗਤ ਤੇ ਸੇਵਾ ਲਈ ਲਗੀ।

੭ ਮਈ ਨੂੰ ਸ੍ਰੀ ਦਰਬਾਰ ਸਾਹਿਬ ਪ੍ਰਕਰਮਾ ਵਿਚ ਸਰਾਂ ਲੰਗਰ ਤੇ ਪੌਣੇ ਆਦਿ ਬਣਨ ਦੇ ਮੌਕੇ ਵੇਖਣ ਵਿਚ ਸਮਾ ਲਗਾ, ਇਸੇ ਤਰ੍ਹਾਂ ਫੇਰ ੧੧ ਮਈ ਨੂੰ ਇੰਜੀਨੀਅਰਾਂ, ਕਮੇਟੀ ਦੇ ਪ੍ਰਧਾਨ ਹੋਰ ਮੈਂਬਰ ਤੇ ਸੰਤ ਜੀ ਨਾਲ ਸਰਾਂ ਪੌਣੇ ਤੇ ਲੰਗਰ ਆਦਿ ਬਣਨ ਦੇ ਤਮਾਮ ਮੌਕੇ ਵੇਖ ਕੇ ਵਿਚਾਰਾਂ ਹੁੰਦੀਆਂ ਰਹੀਆਂ।

ਇਹ ਤਾਜ਼ੀਆਂ ਦੇ ਦਿਨ ਸਨ। ਅਜੇਹੇ ਮੌਕਿਆਂ ਤੇ ਫਸਾਦ ਹੋ ਜਾਣਾ ਇਕ ਮਾਮੂਲੀ ਗਲ ਹੋਈ। ਇਸ ਲਈ ੧੩ ਤੇ ੧੪ ਮਈ ਨੂੰ ਸ਼ਹਿਰ ਦੇ ਪਤਵੰਤੇ ਹਿੰਦੂ,ਸਿਖ ਤੇ ਮੁਸਲਮਾਨਾਂ ਦੀ ਕਮੇਟੀ ਬੁਲਾ ਕੇ ਅਮਨ ਅਮਾਨ ਨਾਲ ਇਹ ਦਿਨ ਲੰਘਾਉਣ ਦੀਆਂ ਤਜਵੀਜ਼ਾਂ ਕਰਨ ਵਿਚ ਲਗ ਗਏ।

੧੭ ਮਈ ਨੂੰ ਭਾਈ ਵੀਰ ਸਿੰਘ ਜੀ ਤੇ ਸੰਤ ਸੰਗਤ ਸਿੰਘ ਦੇ ਸਤਸੰਗ ਵਿਚ ਸਵੇਰ ਦਾ ਸਮਾ ਅਨੰਦ ਪ੍ਰਸੰਨਤਾ ਵਿਚ ਲੰਘਾਇਆ।

੨੮ ਮਈ ਦਾ ਡਾਇਰੀ ਨੋਟ ਇਉਂ ਦਸਦਾ ਹੈ:–

"ਲਾਹੌਰ ਤੋਂ ਕਾਰ ਸੇਵਾ ਵਾਸਤੇ ਸੰਗਤਾਂ ਦੀ ਸਪੈਸ਼ਲ ਗਡੀ ਆਈ ਉਨ੍ਹਾਂ ਦੇ ਪ੍ਰਬੰਧ ਤੇ ਵੇਖ ਭਾਲ ਵਾਸਤੇ ਰਾਤ ੧੧॥ ਬਜੇ ਤਕ ਸਮਾ ਸ੍ਰੀ ਦਰਬਾਰ ਸਾਹਿਬ ਵਿਚ ਹੀ ਲਗਾ।"



Digitized by Panjab Digital Library | www.panjabdigilib.org

੨੯ ਮਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਹਿੰਦੀ ਸਜਿਲਦ ੧ ਬੀੜ ਸ੍ਰ: ਹਰਨਾਮ ਸਿੰਘ ਜੀ ਸਬ ਜੱਜ ਲਾਹੌਰ ਨੂੰ ਭੇਜੀ । ਇਸੇ ਦਿਨ ਦਾ ਕਾਰ ਸੇਵਾ ਸੰਬੰਧੀ ਆਈਆਂ ਸੰਗਤਾਂ ਦਾ ਨੋਟ ਇਸਤਰ੍ਹਾਂ ਹੈ:-

"ਅਜ ਕਾਰ ਸੇਵਾ ਵਾਸਤੇ ਬੇ ਅੰਤ ਸੰਗਤਾਂ ਸਪੈਸ਼ਲ ਟ੍ਰੈਨਾਂ ਅੰਮ੍ਰਿਤਸਰ ਲਾਹੌਰ ਤੇ ਪਿੰਡਾਂ ਦੀਆਂ ਬੇ ਅੰਤ ਆਈਆਂ । ਬਹੁਤ ਹੀ ਰੌਣਕਾਂ ਤੇ ਸੇਵਾ ਰਹੀ ।"

ਵੈਦ ਜੀ ਨੇ ਇਨ੍ਹੀ ਦਿਨੀ ਸਰੀਰਕ ਸੇਵਾ ਦੇ ਨਾਲ ਦਵਾਈਆਂ ਦੀ ਸੇਵਾ ਦਾ ਭੀ ਖੁਲ੍ਹਾ ਸਦਾ ਵਰਤ ਲਾ ਦਿਤਾ। ਬੇ ਓੜਕ ਸੰਗਤਾਂ ਮੁਫਤ ਦਵਾਈਆਂ ਲੈ ਲੈ ਕੇ ਨਿਹਾਲ ਹੋਈਆਂ। ਇਸੇ ਦਿਨ ਸ੍ਰ: ਇੰਦਰ ਸਿੰਘ ਜੀ ਸੀਨੀਅਰ ਸਬ ਜੱਜ ਅੰਮ੍ਰਿਤਸਰ ਤੇ ਸ੍ਰ: ਪ੍ਰਤਾਪ ਸਿੰਘ ਜੀ ਐਡਵੋਕੇਟ ਲਾਹੌਰ ਆਦਿ ਸਜਣਾਂ ਦੇ ਦਰਸ਼ਨ ਹੋਏ ਤੇ ਦਵਾਈਆਂ ਦੀ ਸੇਵਾ ਕੀਤੀ।

੩੧ ਮਈ ਨੂੰ ਤਰਨ ਤਾਰਨ ਸਾਹਿਬ ਸਰੋਵਰ ਦੀ ਕਾਰ ਸੇਵਾ ਸੰਪੂਰਨ ਹੋਈ ਇਸ ਦਿਨ ਦਾ ਸਤਿਕਾਰ ਤੇ ਭਰੋਸੇ ਭਰਿਆ ਨੋਟ ਆਪ ਇਸਤਰ੍ਹਾਂ ਲਿਖਦੇ ਹਨ:-

"ਅੱਜ ਸੰਗਤਾਂ ਦੇ ਉੱਦਮ ਤੇ ਸੰਤਾਂ ਦੀ ਪ੍ਰੇਰਨਾ ਨਾਲ ਸ੍ਰੋਵਰ ਸ੍ਰੀ ਦਰਬਾਰ ਜੀ ਦੀ ਕਾਰ ਸੇਵਾ ਸੰਪੂਰਨ ਹੋਈ।"

੩ ਜੂਨ ਨੂੰ ਭਾਈ ਤਖਤ ਸਿੰਘ ਜੀ ਬੀਬੀਆਂ ਦਾ ਜੱਥਾ ਲੈਕੇ ਕਾਰ ਸੇਵਾ ਵਾਸਤੇ ਆਏ। ਵੈਦ ਜੀ ਨੇ ਪ੍ਰੇਮ ਪੂਰਵਕ ਆਪਣੇ ਘਰ ਨਿਵਾਸ ਕਰਾਇਆ ਤੇ ਯਥਾ ਸ਼ਕਤਿ ਸੇਵਾ ਕੀਤੀ।

ਇਨ੍ਹੀਂ ਦਿਨੀ ਗਰਮੀ ਦਾ ਖ਼ੂਬ ਜ਼ੋਰ ਸੀ, ਪਰ ਆਪ ਗੁਰੂ ਸੇਵਾ ਵਿੱਚ ਨਿਧੜਕ ਜੁਟੇ ਹੋਏ ਸਨ। ੨੮ ਤੇ ੨੯ ਜੂਨ ਨੂੰ ਆਪ ਕਾਰ ਸੇਵਾ ਦੇ ਕੰਮ ਵਿੱਚ ਹੀ ਰੁੱਝੇ ਰਹੇ, ਇਸ ਬਾਰੇ ਆਪ ਦਾ ਡਾਇਰੀ ਨੋਟ ਦਰਜ ਕਰ ਦੇਣਾ ਹੀ ਕਾਫੀ ਹੋਵੇਗਾ। ਆਪ ਲਿਖਦੇ ਹਨ:-

"੯ ਵਜੇ ਮੋਟਰ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਕਾਰਜ ਵਾਸਤੇ ਪ੍ਰਧਾਨ ਗੁ: ਕਮੇਟੀ ਤੇ ਕੁਝ ਹੋਰ ਸੱਜਣਾਂ ਨਾਲ ਗਿਆ। ਪ੍ਰਸ਼ਾਦ ਦੋਪਹਿਰੇ ਫੀਰੋਜ਼ ਪੁਰ ਛਕ ੩॥ ਬਜੇ ਮੁਕਤਸਰ ਪਹੁੰਚੇ । ਦੋਹਾਂ ਸੰਤਾਂ ਦੇ ਦਰਸ਼ਨ



Digitized by Panjab Digital Library | www.panjabdigilib.org

ਕਰ, ਤਰਨ ਤਾਰਨ ਦੀ ਬਾਕੀ ਸੇਵਾ ਮੁਕੰਮਲ ਕਰਵਾਨ ਦੀ ਬੇਨਤੀ ਕਰ ਪ੍ਰਵਾਨਗੀ ਲੀਤੀ। ਫੇਰ ਗੁਰਦਵਾਰਯਾਂ ਦੀ ਯਾਤ੍ਰਾ ਕਰ ਪ੍ਰੈਜ਼ੀਡੈਂਟ ਮਿਊਨਸਪਲ ਕਮੇਟੀ ਨੂੰ ਮਿਲਿਆ ਤੇ ਪ੍ਰਸ਼ਾਦ ਛਕ ਆਰਾਮ ਕੀਤਾ। ਗਰਮੀ ਸਖਤ ਰਹੀ ਬਹੁਤ ਤੰਗੀ।"

ਅਗੇ ਫੇਰ ਦੂਜੇ ਨੋਟ ਵਿੱਚ ਲਿਖਦੇ ਹਨ:—

"੩॥ ਬਜੇ ਅੰਮ੍ਰਿਤ ਵੇਲੇ ਮੁਕਤਸਰ ਤੋਂ ਤੁਰ ੮ ਬਜੇ ਫੀਰੋਜ਼ ਪੁਰ ਸਿੱਖ ਕੇ: ਮਹਾਂ ਵਿ: ਵੇਖਿਆ ਤੇ ੧੦ ਬਜੇ ਤਰਨ ਤਾਰਨ ਪੁੱਜੇ।"

ਇਸੇ ਦਿਨ ਸ਼ਾਮ ਨੂੰ ੫ ਤੋਂ ੭ ਬਜੇ ਤਕ ਤਰਨ ਤਾਰਨ ਸਮਾਲ ਟਾਊਨ ਕਮੇਟੀ ਦੀ ਮੀਟਿੰਗ ਅਟੈਂਡ ਕੀਤੀ।

"੩੦ ਜੂਨ ਨੂੰ ਸ: ਰਘੁਬੀਰ ਸਿੰਘ ਜੀ ਈ. ਏ. ਸੀ. ਅੰਮ੍ਰਿਤਸਰੋਂ ਆਏ, ਦਵਾਵਾਂ ਦੀ ਸੇਵਾ ਕੀਤੀ।"

੧ ਜੁਲਾਈ ਨੂੰ ਲਿਖਦੇ ਹਨ:—

"ਰਾਤ ਸ੍ਰੀ ਦਰਬਾਰ ਸਾਹਿਬ ਤੇ ਚੌਕ ਦੀਆਂ ਖਰਾਬੀਆਂ ਦੂਰ ਕਰਨ ਵਾਸਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਤੇ ਹੋਰ ਆਦਮੀ ਇਕੱਠੇ ਕਰਕੇ ਰਾਤ ੧੧ ਬਜੇ ਤੱਕ ਸਮਝਾਯਾ ਬੁਝਾਯਾ।"

੬ ਅਗਸਤ ਨੂੰ ਪਰਵਾਰ ਸਹਿਤ ਆਪ ਹਰਦਵਾਰ ਨੂੰ ਤੁਰੇ ਪਰ ਆਪ ਜੇਹੇ ਸਦਾ ਰੁਝੇ ਰਹਿਣ ਵਾਲੇ ਬੰਦੇ ਨੂੰ ਵਿਹਲ ਕਿਥੇ? ਪ੍ਰਵਾਰ ਤਾਂ ਸਿੱਧਾ ਹਰਦਵਾਰ ਨੂੰ ਚਲਾ ਗਿਆ ਆਪ ਅੰਬਾਲੇ ਤੋਂ ਸ਼ਿਮਲੇ ਨੂੰ ਹੋ ਤੁਰੇ। ਓਥੇ ਦੋ ਤਿੰਨ ਦਿਨ ਲਾਲਾ ਤੁਲਸੀ ਰਾਮ ਜੀ ਪੀ. ਏ. ਲਾ ਮੈਂਬਰ ਸਰਕਾਰ ਹਿੰਦ ਤੇ ਸ: ਬ: ਸ: ਧਰਮ ਸਿੰਘ ਜੀ ਠੇਕੇਦਾਰ ਦਿਲੀ ਵਾਲਿਆਂ ਪਾਸ ਰਹੇ।

ਇਹ ਉਹ ਸਮਾ ਸੀ ਜਦ ਸ: ਬ: ਸ: ਧਰਮ ਸਿੰਘ ਜੀ* ਗੁਰੂ

*ਮਹਾਂ ਦਾਨੀ ਸ੍ਰਦਾਰ ਬਹਾਦਰ ਸ੍ਰਦਾਰ ਧਰਮ ਸਿੰਘ ਜੀ:—ਸੰਨ ੧੮੮੧ ਈਸਵੀ ਵਿਚ ਆਪ ਦਾ ਜਨਮ 'ਸੋਧਰਾ ਕੋਪਰਾ' ਜ਼ਿਲਾ ਸਿਆਲ ਕੋਟ ਵਿਚ ਹੋਇਆ। ਖਾਲਸਾ ਹਾਈ ਸਕੂਲ ਗੁਜਰਾਂ ਵਾਲਾ ਵਿਚ ਪੜ੍ਹੇ, ਫੇਰ ਰੁੜਕੀ ਕਾਲਜ ਵਿਚੋਂ ਓਵਰਸੀਅਰੀ ਪਾਸ ਕੀਤੀ, ਤੇ ਬਰਮਾ ਵਿਚ ਓਵਰਸੀਅਰ ਭਰਤੀ ਹੋਏ। ੧੯੦੫ ਵਿਚ



Digitized by Panjab Digital Library | www.panjabdigilib.org

ਨਾਨਕ ਵਿਦਿਆ ਭੰਡਾਰ ਟਰਸਟ ਬਣਾਨ ਦੇ ਪ੍ਰਬੰਧ ਵਿਚ ਲਗੇ ਹੋਏ ਸਨ।

---

ਬਰਮਾਂ ਤੋਂ ਵਾਪਸ ਆਏ ਤੇ ਮਹਿਕਮਾਂ ਨਹਿਰ ਵਿਚ ਮੁਲਾਜ਼ਮ ਹੋ ਗਏ। ਏਥੇ ਹੀ ਆਪ ਦਾ ਮੇਲ ਪ੍ਰਸਿੱਧ ਠੇਕੇਦਾਰ ਸਰਦਾਰ ਰਾਮ ਸਿੰਘ ਜੀ ਕਾਬਲੀ ਨਾਲ ਹੋਇਆ।

ਕਾਬਲੀ ਜੀ ਦੇ ਪ੍ਰੇਮ ਤੇ ਪ੍ਰੇਰਨਾ ਦਾ ਸਦਕਾ ਆਪ ਨੇ ਨੌਕਰੀ ਛਡ ਦਿਤੀ। ਕਾਬਲੀ ਜੀ ਨੇ ਆਪਣੇ ਨਾਲ ਠੇਕੇਦਾਰੀ ਵਿਚ ਹਿਸੇਦਾਰ ਬਣਾ ਲਿਆ। ਏਥੋਂ ਹੀ ਆਪ ਦਾ ਭਾਗ ਸਿਤਾਰਾ ਚਮਕਣਾ ਅਰੰਭ ਹੋਇਆ।

ਨਵੀਂ ਦਿਲੀ 'ਰਾਇ ਸੀਨਾ' ਵਿਚ ਆਪ ਨੇ ਕਾਬਲੀ ਜੀ ਨਾਲ ਮਿਲ ਕੇ ਕੰਮ ਕੀਤਾ ਤੇ ਚੋਖਾ ਧਨ ਕਮਾਇਆ। ਸੰਨ ੧੯੨੧ ਤੋਂ ਆਪ ਨੇ ਆਪਣਾ ਸੁਤੰਤਰ ਕੰਮ ਕਰ ਲਿਆ। ਸੰਤ ਅਤਰ ਸਿੰਘ ਜੀ ਦੀ ਪ੍ਰੇਰਨਾ ਨਾਲ ਸੰਨ ੧੯੨੬ ਵਿਚ ਆਪ ਨੇ ਗੁਰੂ ਨਾਨਕ ਵਿਦਿਆ ਭੰਡਾਰ ਕਾਇਮ ਕੀਤਾ, ਜਿਸ ਰਾਹੀਂ ਗੁਰਮਤ ਤੇ ਗੁਰਬਾਣੀ ਦੇ ਪ੍ਰਚਾਰ, ਧਰਮਸਾਲਾਂ ਤੇ ਗੁਰਦਵਾਰਿਆਂ ਵਿਚ ਮੁਢਲੀ ਤੇ ਗੁਰਮਤ ਗੁਰਮੁਖੀ ਵਿਦਿਆ ਦੀ ਲਹਿਰ ਚਲਾਈ। ਜਿਸ ਰਾਹੀਂ ਹਜ਼ਾਰਾਂ ਬੱਚੇ ਬੱਚੀਆਂ ਹੁਣ ਤਕ ਵਿਦਿਆ ਪ੍ਰਾਪਤ ਕਰ ਰਹੇ ਹਨ। ੧੯੩੨ ਵਿਚ ਇਸ ਦੇ ਪ੍ਰਬੰਧ ਲਈ ਬਾਕਾਇਦਾ ਰਜਿਸਟਰਡ ਕਰਵਾ,—ਸੁਤੰਤਰ ਟਰਸਟ ਬਣਾ ਟਰਸਟੀ ਮੁਕੱਰਰ ਕਰ ਦਿਤੇ ਜਿਨ੍ਹਾਂ ਵਿਚੋਂ ਇਕ ਸਾਡੇ ਵੈਦ ਜੀ ਭੀ ਸਨ।

੧੯੨੭ ਵਿਚ ਪੰਜਾਬੀ ਟੀਚਰ ਟ੍ਰੇਂਡ ਕਰਨ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਵਜ਼ੀਫੇ ਦੇ ਕੇ ਆਪ ਨੇ ਨਾਰਮਲ ਕਲਾਸ ਜਾਰੀ ਕਰਵਾਈ।

੧੯੨੮ ਵਿਚ ਆਪ ਨੂੰ ਸਰਦਾਰ ਸਾਹਿਬ ਤੇ ੧੯੩੦ ਵਿਚ ਸਰਦਾਰ ਬਹਾਦਰ ਦਾ ਖਿਤਾਬ ਮਿਲਿਆ। ਏਸ ਤੋਂ ਭੀ ਵਧ ਪੰਥ ਵਿਚ ਆਪ 'ਮਹਾਂ ਦਾਨੀ' ਦੇ ਨਾਮ ਨਾਲ ਪ੍ਰਸਿਧ ਹੋਏ।

ਖਾਲਸਾ ਹਾਈ ਸਕੂਲ ਤਰਨ ਤਾਰਨ ਦਾ ਵੱਡਾ ਹਾਲ ਆਪ ਦੇ ਦਾਨ ਦੀ ਹੀ ਇਕ ਪਵਿਤ੍ਰ ਯਾਦ ਹੈ।

੧੯੩੧ ਨੂੰ ਦਿਲੀ ਵਿਚ ਦਸਤਕਾਰੀ ਸਕੂਲ ਤੇ ਗੁਰਮਤ ਵਿਦਜਾਲਾ ਅਰੰਭ ਕੀਤਾ ਤਾਂ ਜੋ ਯੂ. ਪੀ. ਵਿਚ ਗੁਰਮਤ ਦਾ ਪ੍ਰਚਾਰ ਵਧੇਰਾ ਹੋ ਸਕੇ।

ਗੁਰਦਵਾਰੇ ਆਸ਼ਰਮ ਧਰਮਸਾਲਾ ਸਕੂਲ ਆਦਿਕ ਤੇ ਹਰ ਲੋੜਵੰਦ ਨੂੰ ਆਪ ਨੇ ਦਿਲ ਖੋਹਲ ਕੇ ਦਾਨ ਦਿਤਾ।

ਆਪ ਇਲਾਜ ਕਰਾਉਣ ਲਈ ਯੂਰਪ ਦੇ ਪ੍ਰਸਿਧ ਸੈਨੇਟੋਰੀਅਮ 'ਵੀਆਨਾ' (ਆਸਟਰੀਆ) ਵਿਚ ਗਏ। ੧੪ ਜੂਨ ੧੯੩੩ ਨੂੰ ਵੀਆਨੇ ਵਿਚ ਆਪ ਦਾ ਬਵਾਸੀਰ ਬਾਰੇ ਔਪਰੇਸ਼ਨ ਹੋਇਆ ਤੇ ੧੯ ਜੂਨ ੧੯੩੩ ਨੂੰ ਆਪਣੇ ਪਿਛੇ ਚਾਰ ਸਪੁਤ੍ਰ ਚਾਰ ਸਪੁਤ੍ਰੀਆਂ ਤੇ ਸਿੰਘਣੀ ਨੂੰ ਵਿਲਕਦਿਆਂ ਛਡ ਕੇ ਵੀਆਨਾ ਵਿਚ ਹੀ ਗੁਰਪੁਰੀ ਸਿਧਾਰ ਗਏ।



Digitized by Panjab Digital Library | www.panjabdigilib.org

ਏਥੇ ਹੀ ੮ ਅਗਸਤ ਨੂੰ ਸਰਦਾਰ ਬਹਾਦਰ ਜੀ ਨੇ ਵੈਦ ਜੀ ਪਾਸੋਂ ਟਰਸਟ ਵਸੀਯਤ ਸਾਲਸੀ ਫੈਸਲੇ ਸੰਬੰਧੀ ਸਾਰੇ ਹਾਲ ਦਸ ਕੇ ਸਲਾਹਾਂ ਲਈਆਂ।

੯ ਅਗਸਤ ਨੂੰ ਸ਼ਿਮਲਿਓਂ ਹਰਦਵਾਰ ਨੂੰ ਤੁਰੇ ਤੇ ੧੮ ਅਗਸਤ ਨੂੰ ਹਰਦਵਾਰੋਂ ਵਾਪਸ ਤਰਨ ਤਾਰਨ ਪੁੱਜੇ।

੨੨ ਅਗਸਤ ਦਾ ਡਾਇਰੀ ਨੋਟ ਫੇਰ ਆਪ ਦੇ ਸੇਵਾ ਭਾਵ ਉੱਤੇ ਸੁਹਣੀ ਰੋਸ਼ਨੀ ਪਾਉਂਦਾ ਹੈ, ਲਿਖਿਆ ਹੈ:—

"ਸੇਵਾ ਵਾਲੇ ਸੰਤ ਸਾਧੂ ਸਿੰਘ ਜੀ ਦੇ ਹੁਕਮ ਅਨੁਸਾਰ ਵਿਚਾਰਾਂ ਵਾਸਤੇ ਸ੍ਰੀ ਅੰਮ੍ਰਿਤਸਰ ਜੀ ਦੀ ਸੰਗਤ ਨਾਲ ੮॥ ਬਜੇ ਸਵੇਰੇ ਸ੍ਰੀ ਗੋਇੰਦ ਵਾਲ ਸਾਹਿਬ ਗਿਆ । ਓਥੇ ਯਾਤ੍ਰਾ ਕਰ ਸ੍ਰੀ ਖਡੂਰ ਸਾਹਿਬ ਪਹੁੰਚ ਵਿਚਾਰਾਂ ਕੀਤੀਆਂ ਤੇ ਸੇਵਾ ਸੰਬੰਧੀ ਸਾਰੇ ਗੁਰਦੁਆਰਿਆਂ ਦੀ ਯਾਤ੍ਰਾ ਕਰ ੭ ਬਜੇ ਸ਼ਾਮ ਵਾਪਸ ਆਏ।"

ਰਾਜ਼ੀ ਨਾਮੇ ਕਰਾਉਣ ਦਾ ਤਾਂ ਮਾਨੋਂ ਆਪ ਨੇ ਪਟਾ ਹੀ ਲਿਖਾਇਆ ਹੋਇਆ ਸੀ। ੨ ਸਤੰਬਰ ਨੂੰ ਇਕ ਦਯਾ ਸਿੰਘ ਲੋਹਾਰ ਤੇ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਦਾ ਤਹਿਸੀਲਦਾਰ ਦੀ ਅਦਾਲਤ ਵਿਚ ਜਾ ਕੇ ਰਾਜ਼ੀ ਨਾਮਾ ਕਰਵਾਇਆ। ਇਸੇ ਦਿਨ ਸ੍ਰ: ਨਾਹਰ ਸਿੰਘ ਜੀ ਪ੍ਰਧਾਨ ਸ੍ਰੀ ਦਰਬਾਰ ਸਾਹਿਬ ਕਮੇਟੀ ਤਰਨ ਤਾਰਨ ਨੂੰ ਜਗੀਰ ਦਾ ਚੈਕ ਆਪਣੀ ਗਵਾਹੀ ਪਾ ਕੇ ਲੈ ਕੇ ਦਿਤਾ। ਸ੍ਰ: ਨਾਹਰ ਸਿੰਘ ਜੀ ਪ੍ਰਧਾਨ ਦਾ ਖਿਆਲ ਆਪ ਜੀ ਬਾਬਤ ਕੀ ਹੈ, ਇਹ ਪ੍ਰਧਾਨ ਜੀ ਦੀ ਆਪਣੀ ਚਿਠੀ ਤੋਂ ਸਪਸ਼ਟ ਹੈ:—

"ਸ੍ਰੀ ਮਾਨ ਭਾ: ਸਾ: ਭਾਈ ਮੋਹਨ ਸਿੰਘ ਜੀ ਵੈਦ ਨਾਲ ਦਾਸ ਨੂੰ ਤਿੰਨ ਸਾਲ ਖਾਸ ਤੌਰ ਤੇ (੧੯੩੦-੧੯੩੩) ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ ਸੀ। ਇਸ ਸਮੇਂ ਆਪ ਸ਼ਹਿਰ ਵਲੋਂ ਮੈਂਬਰ ਨੀਯਤ ਹੋ ਕੇ ਆਏ ਸਨ। ਆਪ ਬੜੇ ਮਿਲਨਸਾਰ, ਗੁਰਦੁਆਰੇ ਸੰਬੰਧੀ ਦਰਦ ਰੱਖਣ ਵਾਲੇ, ਨਿਰਮਾਣ ਪੰਥ ਸੇਵਕ, ਪੰਜਾਬੀ ਪ੍ਰਚਾਰ ਦੇ ਮੋਢੀ, ਪਰਉਪਕਾਰੀ ਅਤੇ ਆਪਣੇ ਨਾਲ ਇਖਤਲਾਫ ਰੱਖਣ ਵਾਲਿਆਂ ਨਾਲ ਭੀ ਪ੍ਰੇਮ ਪੂਰਵਕ ਵਰਤਾਓ ਕਰਨ ਵਾਲੇ ਗੁਰਮੁਖ ਪਿਆਰੇ ਸਨ। ਆਪ ਸਾਦਾ ਜੀਵਨ ਵਤੀਤ



Digitized by Panjab Digital Library | www.panjabdigilib.org

ਕਰਨ ਵਾਲੇ ਅਤੇ ਸਦਾ ਸ਼ਾਂਤਿ ਵਾਯੂ ਮੰਡਲ ਪੈਦਾ ਕਰੀ ਰੱਖਣ ਵਾਲੇ ਹਰ ਮਨ ਪਿਆਰੇ ਰਹੇ ਹਨ।" (੧੪ ਨਵੰਬਰ ੧੯੩੬)

੧੯ ਸਤੰਬਰ ਦਾ ਨੋਟ ਆਪ ਮੂੰਹੋ ਬੋਲਦਾ ਹੈ:–

"੫੦) ਸਹੈਤਾ ਭਾਈ ਮੋਹਨ ਸਿੰਘ ਜਸੂਜਾ ਬੜਾ ਸਾਹਿਬ ਅੰਮ੍ਰਿਤਸਰ ਨੂੰ ਮਕਾਨ ਸੜ ਜਾਣ ਤੇ ਦਿੱਤੀ।"

੨੫ ਸਤੰਬਰ ਨੂੰ ਆਪ ਸ੍ਰੀ ਅਕਾਲ ਤਖਤ ਤੇ ਪੰਥਕ ਇਕੱਠ ਵਿੱਚ ਪਧਾਰੇ।

੨੬ ਅਕਤੂਬਰ ਨੂੰ ਆਪ ਨੇ ਰਸਾਲਾ ਅੰਮ੍ਰਿਤ ਤੇ ਗੁਰਦੁਆਰਾ ਗੈਜ਼ਟ ਤੇ ਨਰੰਕਾਰੀ ਨੰਬਰਾਂ ਵਾਸਤੇ ਕਵਿਤਾਵਾਂ ਲਿਖਕੇ ਭੇਜੀਆਂ।

੨੭ ਅਕਤੂਬਰ ਨੂੰ ਗੁਰੂ ਨਾਨਕ ਵਿਦਿਆ ਭੰਡਾਰ ਦੀ ਕਮੇਟੀ ਵਿੱਚ ਅੰਮ੍ਰਿਤਸਰ ਗਏ।

ਇਉਂ ਜਾਪਦਾ ਹੈ ਕਿ ਆਪ ਜੀ ਨੇ ਅੰਗ੍ਰੇਜ਼ਾਂ ਨੂੰ ਭੀ ਵੈਦਕ ਦਵਾਵਾਂ ਦੇ ਦਿਲਦਾਦਾ ਬਣਾ ਲਿਆ ਸੀ, ਕਿਉਂਕਿ ੩ ਨਵੰਬਰ ਦੇ ਨੋਟ ਤੋਂ ਪਤਾ ਲੱਗਦਾ ਹੈ ਕਿ ਆਪ ਨੇ ਪਾਦਰੀ ਸਾਹਿਬ ਪ੍ਰਧਾਨ ਸਮਾਲ ਟਾਊਨ ਕਮੇਟੀ ਨੂੰ ਦਵਾਈਆਂ ਨਾਲ ਮੁਰੱਬਾ ਤੇ ਚਾਂਦੀ ਦੇ ਵਰਕ ਭੀ ਭੇਜੇ।

੧੭ ਨਵੰਬਰ ਦਾ ਨੋਟ ਇਉਂ ਬੋਲਦਾ ਹੈ:–

ਮਾਸਟਰ.........ਸਿੰਘ ਦੇ ਭਰਾ.........ਸਿੰਘ ਵਿਦਯਾਰਥੀ ਬੀ. ਏ. ਕਲਾਸ, ਖਾਲਸਾ ਕਾਲਜ ਅੰ-ਮ੍ਰਿਤਸਰ ਦੀ ਸਹੈਤਾ ਬਤੌਰ ਕਰਜ਼ਾ ਬਿਨਾਂ ਸੂਦ ੨੫) ਪਹਿਲੇ ਤੇ ੧੦) ਮਹੀਨਾ ਦੇਣੇ ਸ਼ੁਰੂ ਕੀਤੇ।"

ਵਾਹਿਗੁਰੂ ਜਾਣੇ ਗੁਪਤ ਪ੍ਰਗਟ ਕਿੰਨੇ ਕੁ ਅਜੇਹੇ ਮੁਹਤਾਜ ਸੱਜਣ ਸਨ, ਜਿਨ੍ਹਾਂ ਨੂੰ ਆਪ ਦੇ ਦਾਨੀ ਹੱਥ ਦਾ ਸਹਾਰਾ ਸੀ।

ਤਰਨ ਤਾਰਨ ਵਿੱਚ ਸ੍ਰੀ ਗੁਰੂ ਅਰਜਨ ਦੇਵ ਹਸਪਤਾਲ ਜੋ ਲੋਕਲ ਗੁ:ਪ੍ਰ: ਕਮੇਟੀ ਦੀ ਛਤਰ ਛਾਇਆ ਹੇਠ ਚਲਦਾ ਰਿਹਾ ਹੈ*, ਇਹ ਭੀ ਆਪ

---

*ਅਫਸੋਸ ਕਿ ਆਪ ਦੇ ਪਿਛੋਂ ਆਈ ਕਮੇਟੀ ਨੇ ੧੯੩੭ ਵਿਚ ਇਸਨੂੰ ਬੰਦ ਕਰ ਦਿਤਾ।



Digitized by Panjab Digital Library | www.panjabdigilib.org

ਦੀ ਪ੍ਰੇਰਨਾ ਦਾ ਨਤੀਜਾ ਸੀ, ਜੋ ੨੧ ਨਵੰਬਰ ੧੯੩੨ ਨੂੰ ਆਪ ਦੀ ਜ਼ੋਰਦਾਰ ਪ੍ਰੇਰਨਾ ਨਾਲ ਖੋਲ੍ਹਣਾ ਮਨਜ਼ੂਰ ਹੋਇਆ ਤੇ ੨੬ ਦਸੰਬਰ ੧੯੩੨ ਨੂੰ ਇਸ ਹਸਪਤਾਲ ਦੇ ਖੋਲ੍ਹਣ ਦੀ ਅਰੰਭਕ ਰਸਮ ਅਦਾ ਕੀਤੀ ਗਈ।

੮ ਦਸੰਬਰ ੧੯੩੨ ਨੂੰ ਆਪ ਦੇ ਸ੍ਰੋ: ਗੁ: ਪ੍ਰ: ਕਮੇਟੀ ਤੇ ਤਰਨ ਤਾਰਨ ਲੋਕਲ ਕਮੇਟੀ ਵਿੱਚ ਬਿਲਾ ਮੁਕਾਬਲਾ ਕਾਮਯਾਬ ਹੋਣ ਦੀ ਖਬਰ ਪੁਜੀ।

## ਸਮੇਂ ਦਾ ਚੱਕਰ

ਕਾਲ ਚੱਕ੍ਰ ਬੜਾ ਪ੍ਰਬਲ ਹੈ, ਸਮੇਂ ਦਾ ਪ੍ਰਵਾਹ ਅਥਾਹ ਵਹਿਣ ਹੈ। ਇਸ ਦੀ ਲਪੇਟ ਵਿਚ ਆਕੇ ਬੜੇ ਬੜੇ ਅਡੋਲ ਡੋਲ ਗਏ, ਅਹਿਲ ਹਿਲ ਗਏ ਤੇ ਅਡਿੱਗ ਡਿੱਗ ਪਏ। ਵਡੇ ਵਡੇ ਰਿਖੀਆਂ ਮੁਨੀਆਂ ਦੀਆਂ ਥਰਥਰਾ-ਹਟ ਭਰੀਆਂ ਕਹਾਣੀਆਂ ਵਿਦਜਮਾਨ ਹਨ ਪਰ ਉਹ ਭੀ ਸੁਭਾਗ ਤੇ ਧੰਨਜਤਾ ਯੋਗ ਹੈ ਜੋ ਡੋਲ ਕੇ ਖੜਾ ਹੋ ਜਾਵੇ। ਜੋ ਡਿੱਗ ਕੇ ਉਠ ਖੜਾ ਹੋਵੇ ਤੇ ਮੁੜ ਸੰਭਲ ਜਾਵੇ। ਪਰ ਇਹ ਤਦੇ ਹੀ ਹੋ ਸਕਦਾ ਹੈ ਜੇ ਜੜ੍ਹ ਵਿਚ ਜ਼ੋਰ ਹੋਵੇ। ਖ਼ੂਨ ਵਿਚ ਗਰਮੀ ਹੋਵੇ। ਹਿਰਦੇ ਵਿਚ ਵਡੇ ਵਡੇਰਿਆਂ ਤੇ ਮਾਂ ਬਾਪ ਦੀ ਉੱਚ ਸਿਖਿਆ ਦਾ ਅੰਕੁਰ ਮੌਜੂਦ ਹੋਵੇ।

ਸ: ਬ: ਸਰ ਦਾਤਾਰ ਸਿੰਘ ਜੀ ਰਈਸ ਆਜ਼ਮ ਮਿੰਟਗੁਮਰੀ, ਵੈਦ ਜੀ ਦੇ ਵਡੇ ਦਾਮਾਦ ਹਨ। ਆਪਦੇ ਪਿਤਾ ਸਰਦਾਰ ਹੁਕਮ ਸਿੰਘ ਜੀ ਪੂਰੇ ਗੁਰ-ਮੁਖ ਗੁਰਸਿੱਖ ਤੇ ਗੁਰ ਸਿੱਖੀ ਦੇ ਜ਼ਬਰਦਸਤ ਪ੍ਰਚਾਰਕ ਸਨ। ਆਪ ਦਾ ਇਹ ਜੇਠਾ ਸਪੁਤ੍ਰ ਸਮੇਂ ਦੇ ਝਖੜ ਤੇ ਪਛਮੀ ਸਭਜਤਾ ਦੇ ਪ੍ਰਭਾਵ ਦੀ ਲਪੇਟ ਵਿੱਚ ਆ ਵਲਾਇਤ ਗਏ ਕੇਸ ਕਤਲ ਕਰਵਾ ਬੈਠੇ। ਏਧਰ ਆਪ ਦੇ ਪਿਤਾ ਤੇ ਵੈਦਰਾਜ ਜੀ ਨੂੰ ਪਤਾ ਲੱਗਣ ਤੇ ਦੋਹਾਂ ਗੁਰਮੁਖਾਂ ਦਾ ਖ਼ੂਨ ਖੌਲ ਉੱਠਿਆ। ਆਪਦੇ ਹਿਰਦੇ ਸਪੁੱਤ੍ਰ ਨੂੰ ਜਲਦੀ ਤੋਂ ਜਲਦੀ ਮੁੜ ਖਾਲਸਈ ਜੋਸ਼ ਤੇ ਪੂਰਨ ਗੁਰ ਸਿੱਖੀ ਰਹਿਤ ਵਿੱਚ ਵੇਖਣ ਨੂੰ ਆਤਰ ਹੋ ਰਹੇ ਸਨ। ਨੌ-ਜਵਾਨ



Digitized by Panjab Digital Library | www.panjabdigilib.org

ਸ੍ਰ: ਦਾਤਾਰ ਸਿੰਘ ਜੀ ਖੁਦ ਭੀ ਮੁੜ ਤਿਆਰ ਬਰ ਤਿਆਰ ਹੋਣ ਨੂੰ ਤਾਂਘ ਰਹੇ ਸਨ। ਉਨ੍ਹਾਂ ਦੇ ਹਿਰਦੇ ਨੂੰ ਪਿਤਾ ਤੇ ਪਿਤਾਵਤ ਵੈਦ ਰਾਜ ਜੀ ਦੇ ਹਿਰਦੇ ਦੀ ਜਲਣ ਦੁਖੀ ਕਰ ਰਹੀ ਸੀ।

ਇਹ ਸ਼ੁਰੂ ਦਸੰਬਰ ੧੯੩੨ ਦਾ ਵਾਕਿਆ ਹੈ। ਅੰਮ੍ਰਿਤ ਛਕੌਣ ਲਈ ਪੰਜਾਂ ਪਿਆਰਿਆਂ ਦੇ ਪ੍ਰਬੰਧ ਲਈ ਵੈਦਰਾਜ ਜੀ ਪੂਰਾ ਇਕ ਹਫਤਾ ਚੀਫ ਖਾਲਸਾ ਦੀਵਾਨ ਦੇ ਮੁਖੀ ਪ੍ਰਬੰਧਕਾਂ ਪਾਸ ਫਿਰੇ। ਇਕੱਲੇ ਇਕੱਲੇ ਪਾਸ ਗਏ ਪਰ ਸਭ ਨੇ ਸਿਰ ਫੇਰ ਦਿਤਾ। ਸ੍ਰ: ਬ: ਸਰ ਜੋਗਿੰਦਰਾ ਸਿੰਘ ਜੀ ਸਾਹਿਬ* ਤੋਂ ਬਿਨਾਂ ਸਭ ਕੰਡ ਵਿਖਾ ਗਏ।

ਕੰਮ ਤਾਂ ਕਦੇ ਮੁਕਦੇ ਹੀ ਨਹੀਂ।ਇਹ ਤਾਂ ਸੇਵਾ ਕਰਣ ਦਾ ਸਮਾਂ ਤੇ ਚਾਉ ਹੁੰਦਾ ਹੈ ਸੇਵਾ ਦੇ ਮੌਕੇ ਸੇਵਕ ਪਰਖੇ ਜਾਂਦੇ ਹਨ।ਬਾਕੀ ਕੰਮ ਤਾਂ ਸਤਿਗੁਰੂ ਦੇ ਭਰੋਸੇ ਹੋ ਹੀ ਜਾਂਦੇ ਹਨ।ਭਾਵੇਂ ੧੧ ਦਸੰਬਰ ਸਵੇਰ ਨੂੰ ਸ੍ਰਦਾਰ ਸਰ ਜੋਗਿੰਦਰਾ

---

*ਸਰਦਾਰ ਸਰ ਜੋਗਿੰਦਰਾ ਸਿੰਘ ਜੀ:—ਆਪ ਜੀ ਦਾ ਜਨਮ ੨੫ ਮਈ ੧੮੭੭ ਵਿਚ ਹੋਇਆ। ਆਪ ਜੀ ਕੌਂਸਲ ਆਫ ਸਟੇਟ ਦੇ ਮੈਂਬਰ ਰਹਿ ਚੁਕੇ ਹਨ। ਢਾਈ ਸਾਲ ਰਿਆਸਤ ਪਟਿਆਲਾ ਦੇ ਵਜ਼ੀਰ ਆਜ਼ਮ ਭੀ ਰਹੇ ਹਨ। ੨੦-੧-੧੯੨੬ ਤੋਂ ੩੧-੩-੧੯੩੭ ਤਕ ਪੰਜਾਬ ਦੇ ਖੇਤੀ ਬਾੜੀ ਦੇ ਮਹਿਕਮੇ ਦੇ ਵਜ਼ੀਰ ਰਹੇ ਹਨ। ੧-੩-੧੯੨੯ ਨੂੰ ਆਪ ਨੂੰ ਸਰਕਾਰ ਵਲੋਂ 'ਸਰ' ਬਣਾਇਆ ਗਿਆ। ਦੂਜੀ, ਪੰਜਵੀਂ, ੧੮ ਵੀਂ ਤੇ ੨੩ ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਦੇ ਪ੍ਰਧਾਨ ਭੀ ਰਹਿ ਚੁਕੇ ਹਨ। ਆਪ ਕਈ ਪੁਸਤਕਾਂ ਦੇ ਲੇਖਕ ਸਨ। ਅੰਗਰੇਜ਼ੀ ਦੇ ਵਡੇ ਤਕੜੇ ਵਿਦਵਾਨ ਹਨ। ਆਪ ਜੀ ਦੀ ਲੇਖਨੀ ਅਤੇ ਸਪੀਚ ਵਿਚ ਬੜਾ ਜ਼ੋਰ ਹੈ। East & West ਰਸਾਲੇ ਦੇ ਐਡੀਟਰ ਰਹਿ ਚੁਕੇ ਹਨ। ਬੜੇ ਪਿਆਰੇ ਤੇ ਮਿਲਨ ਸਾਰ ਸਿਖੀ ਸਿਪਿਰਟ ਵਾਲੇ 'ਐਰਾ ਐਸਟੇਟ' ਦੇ ਤਅੱਲੁਕਦਾਰ ਹਨ।ਆਪ ਜੀ ਦਾ ਜਨਮ ਤਰਨ ਤਾਰਨ ਤੋਂ ਦੋ ਮੀਲ ਦੀ ਵਿਥ ਤੇ ਰਸੂਲ ਪੁਰ ਨਾਮੇ ਵਿਚ ਪਿੰਡ ਹੋਇਆ। ਸਿਖ ਐਜੂਕੇਸ਼ਨਲ ਕਾਨਫ੍ਰੰਸ ਵਲੋਂ ਨੈਸ਼ਨਲ ਫੰਡ ਵਾਲੀ ਆਪ ਦੀ ਹੀ ਸਕੀਮ ਹੈ। ਖਾਲਸਾ ਨੈਸ਼ਨਲ ਪਾਰਟੀ ਨੂੰ ਵਜੂਦ ਵਿਚ ਲਿਆਉਣ ਵਾਲੇ ਹਨ, ਭਾਵੇਂ ਪਿਛੋਂ ਕੁਝ ਕਾਰਨਾਂ ਕਰ ਕੇ ਖਾਸ ਹਿੱਸਾ ਲੈਣਾ ਛਡ ਦਿਤਾ।



Digitized by Panjab Digital Library | www.panjabdigilib.org

ਸਿੰਘ, ਸ੍ਰ: ਭਗਵਾਨ ਸਿੰਘ ਰੀਟਾਇਰਡ ਇੰਨਸਪੈਕਟਰ ਆਫ ਸਕੂਲਜ਼ ਤੇ ਪ੍ਰੋ: ਗੰਗਾ ਸਿੰਘ ਆਦਿ ਅਨੇਕ ਸਜਣਾਂ ਦੀ ਸਭਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਸੰਸਕਾਰ ਤਾਂ ਹੋ ਗਿਆ ਤੇ ਸ੍ਰ: ਦਾਤਾਰ ਸਿੰਘ ਜੀ ਮੁੜ ਉਸੇ ਸਿਖੀ ਬਾਣੇ ਵਿਚ ਆਨ ਸ਼ਾਨ ਨਾਲ ਗੱਜ ਰਹੇ ਹਨ।

ਇਸ ਸੰਬੰਧੀ ਵੈਦ ਜੀ ਨੇ ਆਪਣੇ ਸੱਜਣਾਂ, ਮਿੱਤ੍ਰਾਂ ਤੇ ਸੰਬੰਧੀਆਂ ਨੂੰ ਜੋ ਚਿੱਠੀ ੧੨-੧੨-੩੨ ਨੂੰ ਭੇਜੀ। ਉਹ ਇਸ ਤਰ੍ਹਾਂ ਸੀ:-

"ਸ੍ਰੀ ਮਾਨ ਪੰਥ ਦਰਦੀ ਪਰਮ ਕ੍ਰਿਪਾਲੂ ਸਰਦਾਰ ਸਾਹਿਬ ਜੀ!

ਤੁਹਾਨੂੰ ਇਹ ਖੁਸ਼ ਖਬਰੀ ਸੁਣਕੇ ਅਤੀ ਪ੍ਰਸੰਨਤਾ ਹੋਵੇਗੀ ਕਿ ਸਰਦਾਰ ਦਾਤਾਰ ਸਿੰਘ ਜੀ ਸਪੁਤ੍ਰ ਸ੍ਰ: ਹੁਕਮ ਸਿੰਘ ਜੀ ਰਈਸ ਆਜ਼ਮ ਕਲਿਆਣਾ (ਦਾਸ ਦੇ ਦਾਮਾਦ) ਜੋ ਦੂਜੀ ਵਾਰ ਵਲਾਇਤ ਗਏ ਕੇਸ ਕਤਲ ਕਰਾ ਆਏ ਸਨ। ਉਹ ਪਿਆਰੇ ਸੰਬੰਧੀਆਂ, ਪੰਥ ਦਰਦੀ ਸਜਣਾਂ ਮਿੱਤ੍ਰਾਂ ਦੀ ਪ੍ਰੇਰਨਾ ਤੇ ਦਿਲੀ ਪ੍ਰੇਮ ਨਾਲ ੧੧ ਦਸੰਬਰ ੧੯੩੨ ਨੂੰ ਮਿੰਟਗੁਮਰੀ ਭਰੇ ਦੀਵਾਨ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਛੱਕ ਕੇ ਫਿਰ ਤਯਾਰ ਬਰ ਤਯਾਰ ਸਿੰਘ ਸਜ ਗਏ ਹਨ। ਇਸ ਸਫਲਤਾ ਵਿਚ ਸ੍ਰੀ ਮਾਨ ਆਨਰੇਬਲ ਸਰ ਸ੍ਰਦਾਰ ਜੋਗਿੰਦਰਾ ਸਿੰਘ ਸਾਹਿਬ ਜੀ ਦੀ ਸਹਾਇਤਾ ਅਤੀ ਧੰਨਵਾਦ ਯੋਗ ਹੈ।"

ਪਰ ਉਸ ਵੇਲੇ ਚੀ:ਖਾ: ਦੀਵਾਨ ਦੇ ਮੁਖੀ ਸੇਵਕਾਂ ਦਾ ਅਜੇਹੇ ਮੁਖੀ ਰਈਸ ਤੇ ਚੀਫ ਖਾਲਸਾ ਦੀਵਾਨ ਦੇ ਮੈਂਬਰ ਦੇ ਅੰਮ੍ਰਿਤ ਸੰਸਕਾਰ ਲਈ ਭੀ ਅਗੇ ਨਾ ਔਣਾ—ਜਿਸ ਤੋਂ ਆਮ ਲੋਕਾਂ ਤੇ ਪ੍ਰਭਾਵ ਪਵੇ—ਸਦਾ ਯਾਦਗਾਰ ਦੇ ਤੌਰ ਤੇ ਇਤਿਹਾਸ ਵਿਚ ਟਾਂਕਿਆ ਰਹੇਗਾ। ਅਸੀਂ ਏਥੇ ਵੈਦ ਜੀ ਦੇ ਨਿੱਜਦੇ ਨੋਟ ਹੀ ਨਕਲ ਕਰਦੇ ਹਾਂ। ਫੇਰ ਪਾਠਕ ਜਨ ਆਪ ਵਿਚਾਰ ਕਰ ਲੈਣ।

"੩ ਦਸੰਬਰ ੧ ਬਜੇ ਦੋਪਹਿਰ ਅੰਮ੍ਰਿਤਸਰ ਗਿਆ। ਸ੍ਰ: ਬ: ਸ੍ਰ: ਹੁਕਮ ਸਿੰਘ ਜੀ* ਨੂੰ ਮਿੰਟਗੁਮਰੀ ਵਾਸਤੇ ਤਯਾਰ ਕਰ ਭਾਈ ਸਾਹਿਬ ਭਾਈ

---

*ਸਰਦਾਰ ਬਹਾਦਰ ਸਰਦਾਰ ਹੁਕਮ ਸਿੰਘ ਜੀ:—ਆਪ ਅੰਮ੍ਰਿਤਸਰ ਜੀ ਦੇ ਵਸਨੀਕ ਹਨ। ਆਪ ਜੀ ਦੇ ਬਾਬਾ ਸਾਹਿਬ ਸਰਦਾਰ ਰਾਮ ਸਿੰਘ ਜੀ ਸਿਖਾਂ ਦੇ ਰਾਜ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੋਤਵਾਲ ਸਨ ਤੇ ਬਾਬਾ ਜੀ ਦੇ ਭਰਾ ਜੀ



Digitized by Panjab Digital Library | www.panjabdigilib.org

ਵੀਰ ਸਿੰਘ ਜੀ ਤੇ ਸ੍ਰ: ਸੁੰਦਰ ਸਿੰਘ ਜੀ ਮਜੀਠੀਆ ਦੇ ਉੱਤਰ 'ਨਾਂਹ' ਲੈ ਸ਼ਾਮ ਦੀ ਗੱਡੀ ਵਾਪਸ ਆਇਆ।"

"੬-੧੨-੩੨--ਅੰਮ੍ਰਿਤਸਰ ਸ੍ਰ: ਹਰਬੰਸ ਸਿੰਘ ਜੀ ਅਟਾਰੀ ਪਾਸ ਮਿੰਟਗੁਮਰੀ ਜਾਣ ਵਾਸਤੇ ਬੇਨਤੀ ਕਰਨ ਗਿਆ। ਕੋਠੀ ਪਹੁੰਚ ਬੇਨਤੀ ਕੀਤੀ ਓਹਨਾਂ 'ਸਲਾਹ ਕਰ' ਦੱਸਣ ਨੂੰ ਕਿਹਾ।"

"੭-੧੨-੩੨--ਅੰਮ੍ਰਿਤਸਰ ਸ੍ਰ: ਹਰਬੰਸ ਸਿੰਘ ਜੀ ਅਟਾਰੀ ਤੇ ਪ੍ਰੋ: ਜੋਧ ਸਿੰਘ ਜੀ ਨੂੰ ਮਿਲ ਮਿੰਟਗੁਮਰੀ ਜਾਣ ਦੀ ਬੇਨਤੀ ਕੀਤੀ ਪਰ ਉਨ੍ਹਾਂ 'ਨਾਂਹ' ਹੀ ਕੀਤੀ।"

ਉਪ੍ਰੋਕਤ ਨੋਟ ਆਪਣੇ ਮੂੰਹੋਂ ਆਪ ਹੀ ਬੋਲ ਰਹੇ ਹਨ। ਕਿਸੇ ਵਚਾਰ ਤੇ ਟੀਕਾ ਟਿੱਪਣੀ ਦੇ ਮੁਹਤਾਜ ਨਹੀਂ ਹਨ।

---

☛ ਬਾਬਾ ਮਹਾਂ ਸਿੰਘ ਜੀ ਗੋਬਿੰਦ ਗੜ੍ਹ ਕਿਲੇ ਦੇ ਕੁਮੇਦਾਨ(Commanding Officer)ਤੇਆਪ ਦੇ ਪਿਤਾ ਸ੍ਰ: ਰਣ ਸਿੰਘ ਜੀ ਮੰਨੇਪ੍ਰਮੰਨੇ ਪੋਲੀਸ ਇਨਸਪੈਕਟਰ ਸਨ। ਆਪ ਦਾ ਜਨਮ ਜੁਲਾਈ ਸੰਨ ੧੮੭੫ ਨੂੰ ਫਰਖ ਨਗਰ ਜ਼ਿਲਾ ਗੁੜਗਾਉਂ ਵਿਚ ਹੋਇਆ। ੧੮੯੫ ਵਿਚ ਆਪ ਜੂਨੀਅਰ ਅਸਿਸਟੈਂਟ ਜੇਲਰ ਦੇ ਸਾਧਾਰਨ ਅਹੁਦੇ ਉਤੇ ੧੫) ਰੁਪਏ ਮਹੀਨੇ ਤੇ ਭਰਤੀ ਹੋਏ। ਆਪਣੀ ਤੀਬਰ ਅਕਲ ਤੇ ਖ਼ੁਦਾਦਾਦ ਲਿਆਕਤ ਨਾਲ ਆਪ ਨੇ ਉਹ ਤਰੱਕੀ ਕੀਤੀ ਕਿ ਸੈਂਟਰਲ ਜੇਹਲਾਂ ਦੇ ਸੁਪ੍ਰਿੰਟੈਂਡੈਂਟ ਦੇ ਉਚੇ ਅਹਦੇ ਤੋਂ ੭੫੦) ਦੀ ਤਨਖ਼ਾਹ ਤਕ ਪਹੁੰਚ ਕੇ ੩੦ ਸਾਲ ਦੀ ਲੰਮੀ ਸਰਵਿਸ ਪਿਛੋਂ ੧੯੨੫ ਦੇ ਅਖੀਰ ਵਿਚ ਰੀਟਾਇਰ ਹੋਏ। ਆਪ ਪੂਰਨ ਗੁਰਸਿਖ ਹਨ ਤੇ ਸੇਵਾ ਦਾ ਚਾ ਆਪ ਦੇ ਵਿਚ ਕੁਟ ਕੁਟ ਭਰਿਆ ਹੋਇਆ ਹੈ। ਇਸ ਵੇਲੇ ਬਿਰਧ ਅਵਸਥਾ ਵਿਚ ਭੀ ਆਪ ਸੋਸ਼ਲ ਸੁਧਾਰ ਦੇ ਕੰਮਾ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਆਪ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਧਾਨ, ਸ੍ਰੀ ਗੁਰੂ ਨਾਨਕ ਕੰਨਿਆਂ ਪਾਠਸ਼ਾਲਾ ਤੇ ਦਰਬਾਰ ਸਾਹਿਬ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੀਤ ਪ੍ਰਧਾਨ, ਖਾਲਸਾ ਕਾਲਜ ਮੈਨੇਜਿੰਗ ਕਮੇਟੀ ਤੇ ਚੀਫ ਖਾਲਸਾ ਦੀਵਾਨ ਦੇ ਮੁਖੀ ਮੈਂਬਰ ਹਨ। ਆਪ ਚੀਫ ਖਾਲਸਾ ਦੀਵਾਨ ਦੇ ਸਕੱਤਰ ਭੀ ਰਹਿ ਚੁਕੇ ਹਨ। ਇਸੇ ਹੀ ਤਰ੍ਹਾਂ ਆਪ ਹੋਰ ਭੀ ਕਈ ਸੋਸ਼ਲ ਸਭਾਵਾਂ ਵਿਚ ਮੁਖੀ ਸੇਵਾ ਕਰਨ ਵਾਲਿਆਂ ਵਿਚੋਂ ਹਨ।



Digitized by Panjab Digital Library | www.panjabdigilib.org

## ਸੂ: ਬ: ਸੂ: ਹੁਕਮ ਸਿੰਘ ਜੀ
## ਵੈਦ ਜੀ ਬਾਬਤ ਇਸਤਰ੍ਹਾਂ ਫਰਮਾਂਦੇ ਹਨ:—

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਨਾਲ ਮੇਰੀ ਪਹਿਲੀ ਮੁਲਾਕਾਤ ਕੋਈ ੧੯੦੪ ਜਾਂ ੫ ਵਿੱਚ ਹੋਈ । ਤਦ ਤੋਂ ਆਪ ਸਦਾ—ਜਦ ਕਦੇ ਭੀ ਸਮਾ ਮਿਲਦਾ—ਮੇਰੇ ਪਾਸ ਜਾਂਦੇ ਤੇ ਠਹਿਰਦੇ ਰਹੇ। ੧੯੦੬ ਵਿੱਚ ਭੀ ਮੈਂ ਜਲੰਧਰ ਜੇਲ੍ਹ ਦਾ ਦਰੋਗਾ ਸਾਂ, ਜਦ ਇਹ ਮੇਰੇ ਪਾਸ ਕਈ ਵਾਰ ਗਏ ਤੇ ਠਹਿਰੇ। ਉਸ ਵਕਤ ਤੋਂ ਹੀ ਮੈਂ ਇਨ੍ਹਾਂ ਨੂੰ ਗੁਰ-ਸਿੱਖੀ ਪ੍ਰੇਮ, ਕੌਮੀ ਪ੍ਰੇਮ, ਮੁਲਕੀ ਪ੍ਰੇਮ ਤੇ ਇਨਸਾਨੀ ਪ੍ਰੇਮ ਵਿੱਚ ਖੀਵਾ ਵੇਖਦਾ ਹਾਂ। ਨਿਤਨੇਮ ਦਾ ਪਾਠ ਕਦੇ ਨਾ ਖੁੰਝਾਉਣਾ। ਹਿੰਦੂ, ਮੁਸਲਮਾਨ, ਈਸਾਈ ਆਦਿ ਹਰ ਮਜ਼ਹਬ ਤੇ ਅਮੀਰ ਗਰੀਬ ਹਰ ਤਬਕੇ ਦੇ ਬੀਮਾਰਾਂ ਨੂੰ ਇਕੋ ਨਜ਼ਰ ਨਾਲ 'ਏਕ ਪਿਤਾ ਏਕਸ ਕੇ ਹਮ ਬਾਰਕ' ਮਾਂ ਪਿਉ ਜਾਏ ਭਰਾ ਸਮਝਕੇ ਸੇਵਾ ਕਰਨੀ ਆਪ ਦੇ ਖ਼ੂਨ ਵਿੱਚ ਮਾਨੋਂ ਜਮਾਂਦਰੂ ਭਰੀ ਹੋਈ ਸੀ। ਕਦੇ ਕਿਸੇ ਤੋਂ ਫੀਸ ਦਾ ਲਾਲਚ ਨਾ ਕਰਨਾ। ਫੀਸ ਦਾ ਲਾਲਚ ਤਾਂ ਕਿਤੇ ਰਿਹਾ, ਸਗੋਂ ਵਾਹ ਲੱਗਦੀ ਗਰੀਬ ਅਨਾਥ ਰੋਗੀਆਂ ਨੂੰ ਕੋਲੋਂ ਮਾਯਾ ਦੇਕੇ ਨਿਵਾਜਣ ਦਾ ਗੁਣ ਇਨ੍ਹਾਂ ਦੇ ਜ਼ੁਮੇ ਹੀ ਆਇਆ ਸੀ।

੧੯੦੬ ਵਿੱਚ ਜਦ ਆਪ ਮੇਰੇ ਪਾਸ ਜਲੰਧਰ ਆਕੇ ਠਹਿਰੇ ਤਾਂ ਸਵੇਰੇ ਹੀ ਨਿੱਤ ਨੇਮ ਤੋਂ ਵਿਹਲੇ ਹੋਕੇ ਆਪ ਨੇ ਸੋ ਸੁਣਕੇ ਆਏ, ਹਰ ਕੌਮ ਤੇ ਹਰ ਤਰ੍ਹਾਂ ਦੇ ਮਰੀਜ਼ਾਂ ਨੂੰ ਵੇਖਣਾ ਸ਼ੁਰੂ ਕਰ ਦਿੱਤਾ। ਯਥਾ ਸ਼ਕਤਿ ਹਰ ਇੱਕ ਨੂੰ ਦਵਾਈ ਦਿੰਦੇ, ਕਈ ਰੋਗੀਆਂ ਨੂੰ ਨੁਸਖੇ ਲਿਖਕੇ ਭੀ ਤੇ ਜ਼ਬਾਨੀ ਭੀ ਪਏ ਦੱਸਦੇ।

ਮੈਂ ਦਿੱਲੀ, ਮੁਲਤਾਨ, ਲਾਹੌਰ, ਰਾਵਲਪਿੰਡੀ ਆਦਿ ਅਨੇਕ ਜੇਲ੍ਹਾਂ ਦਾ ਦਰੋਗਾ ਰਿਹਾ ਹਾਂ। ਆਪ ਜਦ ਕਦੇ ਭੀ ਮੇਰੇ ਪਾਸੇ ਆਏ, ਮੇਰੇ ਪਾਸ ਹੀ ਠਹਿਰੇ। ਮੇਰੇ ਦਿਲ ਦੀ ਭੀ ਸਭ ਤੋਂ ਵੱਧ ਕੇ ਇਹੀ ਚਾਹ ਸੀ। ਮੈਨੂੰ ਦਰਸ਼ਨਾਂ ਤੇ ਆਪ ਦੇ ਪਿਆਰ ਸੇਵਾ ਨਾਲ ਭਰਪੂਰ ਹਿਰਦੇ ਨੂੰ ਵੇਖਕੇ



Digitized by Panjab Digital Library | www.panjabdigilib.org

ਬੇ-ਹੱਦ ਖੁਸ਼ੀ ਹੁੰਦੀ ਸੀ। ਜੇ ਮੈਨੂੰ ਇਨ੍ਹਾਂ ਨਾਲ ਮੁਹੱਬਤ ਸੀ ਤਾਂ ਇਨ੍ਹਾਂ ਨੂੰ ਭੀ ਮੇਰੇ ਨਾਲ ਭਰਾਵਾਂ ਤੋਂ ਵੱਧ ਪਿਆਰ ਹੋ ਗਿਆ ਸੀ।

੧੯੧੫ ਵਿੱਚ ਮੇਰੇ ਘਰੋਂ ਸਖ਼ਤ ਬੀਮਾਰ ਹੋ ਗਏ। ਡਾਢੇ ਪਿਆਰ ਹਮਦਰਦੀ ਤੇ ਗੰਭੀਰਤਾ ਨਾਲ ਉਸ ਦਾ ਇਲਾਜ ਕੀਤਾ। ਏਥੇ ਹੀ ਬੱਸ ਨਹੀਂ ਇਸ ਅਰਸੇ ਵਿੱਚ ਦੋ ਤਿੰਨ ਵਾਰ ਆਪਣੇ ਚਕਿਤਸਾ ਦੇ ਉਸਤਾਦ ਪੰਡਤ ਭੀ ਨੂੰ ਭੀ ਨਾਲ ਲਿਆਏ। ਖ਼ੂਬੀ ਇਹ ਕਿ ਔਣ ਜਾਣ ਦਾ, ਉਸਤਾਦ ਨੂੰ ਲਿਔਣ ਲੈ ਜਾਣ ਤੇ ਤਮਾਮ ਦਵਾ ਦਾਰੂ ਦਾ ਖਰਚ ਆਪਣੇ ਪਾਸੋਂ ਹੀ ਕੀਤਾ। ਹਜ਼ਾਰ ਕਹਿਣ ਤੇ ਭੀ ਇੱਕ ਪਾਈ ਤੱਕ ਮੇਰੇ ਪਾਸੋਂ ਨਾ ਲੀਤੀ, ਤੇ ਨਾ ਲੀਤੀ।

ਮੇਰੇ ਖਾਨਦਾਨ ਵਿੱਚੋਂ ਜਦ ਕਦੇ ਭੀ ਕਿਸੇ ਨੂੰ ਦਵਾ ਦਾਰੂ ਦੀ ਲੋੜ ਪਈ ਤਾਂ ਆਪ ਜੀ ਨੇ ਬਿਨਾਂ ਕਿਸੇ ਮੁਆਵਜ਼ੇ ਦੇ ਪ੍ਰੇਮ ਸੇਵਾ ਕੀਤੀ। ਜਦ ਕਦੇ ਕਿਸੇ ਸੱਜਣ ਮਿੱਤ੍ਰ ਜਾਂ ਕਿਸੇ ਗਰੀਬ ਅਨਾਥ ਜਾਂ ਹੋਰ ਕਿਸੇ ਭੀ ਤਰ੍ਹਾਂ ਦੇ ਬੰਦੇ ਨੂੰ ਮੈਂ ਇਨ੍ਹਾਂ ਪਾਸ ਇਲਾਜ ਕਰਾਉਣ ਜਾਂ ਦਵਾਈ ਲੈਣ ਲਈ ਰੁੱਕਾ ਦੇਕੇ ਭੇਜਿਆ, ਆਪ ਨੇ ਦਵਾਈ ਦਾਰੂ ਹੀ ਨਹੀਂ ਕੀਤਾ, ਸਗੋਂ ਹਰਤਰ੍ਹਾਂ ਦਾ ਮਾਨ ਤੇ ਸੇਵਾ ਮੇਰੇ ਲਈ ਏਨਾ ਕੁਝ ਕਰਨ ਦੇ ਬਾਵਜੂਦ ਭੀ ਆਪ ਨੇ ਮੇਰੇ ਪਾਸੋਂ ਕਦੇ ਸੂਖਮ ਇਸ਼ਾਰੇ ਨਾਲ ਭੀ ਕੋਈ ਫੀਸ ਆਦਿ ਜਾਂ ਹੋਰ ਕੋਈ ਚੀਜ਼ ਲੈਣ ਦੀ ਚਾਹ ਪ੍ਰਗਟ ਨਾ ਕੀਤੀ।

ਇਸ ਜੀਵਣ ਵਿੱਚ ਮੈਨੂੰ ਭਾਵੇਂ ਸੈਂਕੜੇ ਡਾਕਟਰਾਂ ਤੇ ਹਕੀਮਾਂ ਨਾਲ ਮਿਲਨ ਦਾ ਮੌਕਾ ਮਿਲਿਆ ਹੈ, ਪਰ ਮੈਂ ਹਿੱਕ ਠੋਕ ਕੇ, ਦਾਵੇ ਨਾਲ ਕਹਿ ਸਕਦਾ ਹਾਂ ਕਿ ਪਿਆਰ,ਹਮਦਰਦੀ,ਆਪਾ ਵਾਰਨ ਤੇ ਫੀਸ ਨਾ ਲੈਕੇ, ਗਰੀਬ, ਅਮੀਰ, ਹਿੰਦੂ, ਮੁਸਲਮਾਨ ਆਦਿ ਸਭ ਦੀ, ਕੇਵਲ 'ਸੇਵਾ ਭਾਵ' ਵਿੱਚ ਮਗਨ ਹੋਕੇ ਹੀ ਸੇਵਾ ਕਰਨ ਦੀ ਜੋ ਖ਼ੂਬੀ ਮੈਂ ਭਾਈ ਸਾਹਿਬ ਜੀ ਵਿੱਚ ਵੇਖੀ ਹੈ ਉਹ ਹੋਰ ਕਿਸੇ ਵਿੱਚ ਘਟ ਹੀ ਵੇਖਣ ਵਿਚ ਆਈ ਹੈ।

ਵਾਹਿਗੁਰੂ ਨੇ ਆਪ ਦੇ ਹੱਥ ਵਿਚ ਸ਼ਫ਼ਾ ਭੀ ਮਸੀਹਾਈ ਬਖਸ਼ੀ ਹੋਈ ਸੀ। ਮੈਂ ਤਾਂ ਆਪ ਜੀ ਪਾਸੋਂ ਕੋਈ ਭੀ ਮਰੀਜ਼ ਮਾਯੂਸ ਹੋਕੇ ਮੁੜਦਾ



Digitized by Panjab Digital Library | www.panjabdigilib.org

ਨਹੀਂ ਡਿੱਠਾ।

ਆਪ ਜੀ ਨੂੰ ਪੁਸਤਕਾਂ ਲਿਖਣ ਛਾਪਣ ਦਾ ਤਾਂ ਜਮਾਂਦਰੂ ਹੀ ਚਸਕਾ ਸੀ। ਸੈਂਕੜੇ ਹੀ ਪੁਸਤਕਾਂ ਲਿਖੀਆਂ ਹੋਣਗੀਆਂ। ਮੈਨੂੰ ਹਰ ਇੱਕ ਪੁਸਤਕ ਛਪਦਿਆਂ ਸਾਰ ਜ਼ਰੂਰ ਭੇਜਦੇ, ਤੇ ਮੈਨੂੰ ਭੀ ਉਨ੍ਹਾਂ ਦੀਆਂ ਪੁਸਤਕਾਂ ਪੜ੍ਹਨ ਦਾ ਡਾਢਾ ਪ੍ਰੇਮ ਸੀ। ਉਨ੍ਹਾਂ ਦੀਆਂ ਪੁਸਤਕਾਂ ਪੜ੍ਹਕੇ ਮੈਨੂੰ ਬੜੀ ਹੀ ਪ੍ਰਸੰਨਤਾ ਹੁੰਦੀ।

ਆਪ ਨੂੰ ਪੰਜਾਬੀ ਬੋਲੀ ਨਾਲ ਭੀ ਕੋਈ ਅਲੌਕਿਕ ਪਿਆਰ ਸੀ। ਇਸ ਨੂੰ ਪ੍ਰਚਾਰਨ ਤੇ ਇਸ ਦੇ ਸਾਹਿਤਕ ਖਜ਼ਾਨੇ ਨੂੰ ਭਰਪੂਰ ਕਰਨ ਵਾਲੇ ਸੇਵਕਾਂ ਵਿੱਚੋਂ ਆਪ ਦਾ ਨਾਮ ਟੀਸੀ ਦੇ ਪ੍ਰੇਮੀਆਂ ਵਿੱਚ ਸਦਾ ਅਟੱਲ ਚਮ-ਕਦਾ ਰਹੇਗਾ।

ਆਪ ਨੇ ਸਾਹਿਤਕ ਦੇ ਹਰ ਵਿਸ਼ੇ ਵਲ ਧਿਆਨ ਦਿੱਤਾ ਤੇ ਵੱਧ ਤੋਂ ਵੱਧ ਪੁਸਤਕਾਂ ਲਿਖੀਆਂ। ਵਿਦਿਆ, ਵਿਹਾਰ, ਵਪਾਰ, ਚਕਿਤਸਾ, ਡਾਕਟਰੀ, ਯੋਗ, ਪ੍ਰੇਮ, ਵੈਰਾਗ, ਈਸ਼੍ਵਰ ਭਗਤੀ, ਰੂਹਾਨੀ, ਇਖਲਾਕੀ ਦੇਸ਼ ਭਗਤੀ, ਹਿਪਨਾਟਜ਼ਮ, ਭਾਈਚਾਰਕ ਸੁਧਾਰ, ਸਿੱਖੀ ਪ੍ਰਚਾਰ, ਜਾਤੀ, ਕੌਮੀ ਤੇ ਪੰਥਕ ਵਿਸ਼ਿਆਂ ਅਤੇ ਸਰਬ ਪ੍ਰੇਮ ਇਨਸਾਨੀ ਸੇਵਾ ਆਦਿ ਹਰੇਕ ਵਿਸ਼ੇ ਤੇ ਆਪ ਨੇ ਪੁਸਤਕਾਂ ਲਿਖੀਆਂ, ਅਤੇ ਲਾਗਤ ਦੇ ਭਾ ਹੀ ਨਹੀਂ ਛਡੀਆਂ ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਲੋੜਵੰਦਾਂ ਨੂੰ ਮੁਫ਼ਤ ਵੰਡੀਆਂ। ਜਿਸ ਲਾਇਬਰੇਰੀ ਵਾਲੇ ਨੇ ਭੀ ਮੰਗ ਕੀਤੀ, ਆਪ ਨੇ ਪ੍ਰਸੰਨਤਾ ਸਾਹਿਤ ਕੋਲੋਂ ਜਿਲਦਾਂ ਬਨਵਾਕੇ ਭੇਜੀਆਂ। ਇੱਕ ਵਾਰ ਮੇਰੇ ਸਾਧਾਰਨ ਇਸ਼ਾਰੇ ਮਾਤ੍ਰ ਨਾਲ ਕਹਿਣ ਤੇ ਹੀ ਆਪ ਨੇ ਮਸੂਰੀ ਗੁਰਦੁਆਰਾ ਲਾਇਬਰੇਰੀ ਲਈ ਆਪਣੀਆਂ ਸਾਰੀਆਂ ਪੁਸਤਕਾਂ ਦਾ ਸੈਟ ਬੜੇ ਪ੍ਰੇਮ ਉਤਸ਼ਾਹ ਨਾਲ ਭੇਜ ਦਿਤਾ ਤੇ ਨਾਲ ਹੀ ਕਾਫੀ ਰਕਮ ਦੀਆਂ ਹੋਰ ਪੰਜਾਬੀ ਦੀਆਂ ਚੋਣ-ਵੀਆਂ ਪੁਸਤਕਾਂ ਪ੍ਰਧਾਨ ਗੁਰਦਵਾਰਾ ਕਮੇਟੀ ਤਰਨ ਤਾਰਨ ਵਲੋਂ ਭੀ ਭਿਜਵਾਈਆਂ।

ਪ੍ਰਾਣੀ ਮਾਤ੍ਰ ਦੀ ਨਿਰਮਾਨ ਸੇਵਾ ਕਰਨ ਦਾ ਆਪ ਨੂੰ ਸੁਭਾ ਜੇਹਾ



Digitized by Panjab Digital Library | www.panjabdigilib.org

ਹੀ ਪਿਆ ਹੋਇਆ ਸੀ। ਕਿਸੇ ਤੋਂ ਕੁਝ ਲੈਣਾ ਨਹੀਂ,ਆਪ ਦੇਣਾ ਹੀ ਸਿਖੇ ਸਨ! ਸੇਵਾ ਕਰੌਣੀ ਨਹੀਂ,ਆਪ ਕਰਨੀ ਹੀ ਜਾਣਦੇ ਸਨ।ਕੌਣ ਅਜੇਹਾ ਬੰਦਾ ਹੈ ਜੋ ਆਪਣੇ ਆਪ ਨੂੰ ਉੱਚਾ,ਅਮੀਰ ਤੇ ਮਾਨ ਵਾਲਾ ਨਾ ਦੇਖਣਾ ਚਾਹੇ। ਪਰ ਆਪ ਦਾ ਇਸ ਤੋਂ ਉਲਟ ਵਤੀਰਾ ਸੀ। ਆਪ ਦਾ ਜੀਵਣ ਨਿਰਮਾ-ਣਤਾ ਦਾ ਨਮੂਨਾ ਸੀ। ਪ੍ਰੇਮ, ਸੇਵਾ ਤੇ ਹਮਦਰਦੀ ਦਾ ਮੁਜੱਸਮ ਚਲਦਾ ਫਿਰਦਾ ਬੁਤ ਸੀ। ਆਪ ਪੂਰਨ ਪੁਰਾਤਨ ਸਿਖਾਂ ਦੀ ਜੀਉਂਦੀ ਜਾਗਦੀ ਮਿਸਾਲ ਸਨ। ਆਪ ਦੇ ਜੀਵਣ ਦੀ ਕਿਸੇ ਝਲਕ ਤੇ ਮੋਹਿਤ ਹੋ ਕੇ ਅਨੇਕ ਬੰਦੇ ਆਪ ਦੀ ਸੇਵਾ ਲਈ ਉਮਗਦੇ ਸਨ। ਕਈ ਤੁਹਫੇ ਤੇ ਨਜ਼ਰਾਨੇ ਲੈ ਕੇ ਹਾਜ਼ਰ ਹੁੰਦੇ ਤੇ ਬਾਹਰੋਂ ਭੇਜਦੇ ਸਨ। ਵਾਹ ਲਗਦੀ ਆਪ ਕਦੇ ਭੀ ਨਹੀਂ ਸਨ ਲੈਂਦੇ ਪਰ ਜਦ ਕਦੇ ਕੋਈ ਦੇ ਹੀ ਗਿਆ, ਜਾਂ ਮਲੋ ਜ਼ੋਰੀ ਲੈਣਾ ਹੀ ਪੈ ਗਿਆ। ਤਦ ਆਪ ਨੇ ਕਦੇ ਭੀ ਆਪਣੇ ਪਾਸ ਨਾ ਰੱਖਿਆ। ਝਟ ਉਸ ਨੂੰ ਅੱਗੇ ਪ੍ਰੇਮੀ ਸਜਣਾਂ ਮਿਤ੍ਰਾਂ ਤੇ ਲੋੜਵੰਦਾਂ ਨੂੰ ਪਹੁੰਚਾਉਣ ਦੀ ਕੀਤੀ। ਇਸ ਵਿਚ ਭੀ ਸੁਆਦ ਇਹ, ਕਿ ਉਹ ਆਪ ਕੋਈ ਚੀਜ਼ ਦੇ ਕੇ ਜਾਂ ਕੋਈ ਸੇਵਾ ਕਰਕੇ ਜਣੌਂਦੇ ਬਿਲਕੁਲ ਨਹੀਂ ਸਨ। ਏਹੋ ਹੀ ਨਹੀਂ ਸਗੋਂ ਹੱਦੋਂ ਵੱਧ ਕੋਸ਼ਸ਼ ਕਰਦੇ ਸਨ ਕਿ ਉਨ੍ਹਾਂ ਦੇ ਦਾਨ ਪਿਆਰ ਜਾਂ ਕੀਤੀ ਸੇਵਾ ਦਾ ਕਿਸੇ ਨੂੰ ਪਤਾ ਹੀ ਨਾ ਲੱਗੇ।

ਆਪ ਮੇਰੇ ਪਾਸ ਇਕ ਵਾਰ ਇਕ ਬੜਾ ਹੀ ਸੁਹਣਾ ਚਾਂਦੀ ਦਾ ਟੀ ਸੈੱਟ ਲਿਆਏ। ਮੈਂ ਤਾਂ ਅੱਗੇ ਹੀ ਉਨ੍ਹਾਂ ਦੇ ਉਪਕਾਰਾਂ ਦੇ ਭਾਰ ਹੇਠ ਦਬਿਆ ਪਿਆ ਸਾਂ। ਮੈਂ ਬੜੇ ਜ਼ੋਰ ਨਾਲ ਲੈਣੋ ਇਨਕਾਰ ਕੀਤਾ ਪਰ ਉਨ੍ਹਾਂ ਦੇ ਦ੍ਰਿੜ ਇਰਾਦੇ ਦੇ ਦਰਯਾ ਅੱਗੇ ਰੋਕ ਕੌਣ ਪਾਵੇ? ਉਹ ਨਾ ਮੰਨੇ ਤੇ ਨਾ ਮੰਨੇ।

"ਵੈਦ ਜੀ! ਮੈਨੂੰ ਲੋੜ ਨਹੀਂ, ਮੇਰੇ ਪਾਸ ਅਗੇ ਹੀ ਬਹੁਤ ਪਏ ਹਨ" ਆਦਿ ਨਿਮ੍ਰਤਾ ਸਹਿਤ ਬੇਨਤੀਆਂ ਕਰਨ ਤੇ ਆਪ ਦਾ ਨਿਰਮਾਣ ਉੱਤਰ ਸੀ "ਪਰ ਮੇਰੇ ਤਾਂ ਇਹ ਚੀਜ਼ਾਂ ਕੰਮ ਹੀ ਨਹੀਂ ਨ ਆ ਸਕਦੀਆਂ! ਤੁਹਾਡੇ ਵਰਤਣ ਵਿਚ ਤਾਂ ਆ ਜਾਣਗੀਆਂ ਆਦਿ" ਉਹ ਅਮੀਰ ਹੁੰਦੇ



Digitized by Panjab Digital Library | www.panjabdigilib.org

ਹੋਏ ਭੀ ਦਿਲ ਦੇ ਡਾਢੇ ਨਿਰਮਾਨ ਤੇ ਗ਼ਰੀਬ ਸਨ। ਆਪਣੇ ਦੋਸਤਾਂ ਸਜਣਾਂ ਮਿਤ੍ਰਾਂ ਨੂੰ ਵਡਿਆਉਣਾ ਤੇ ਪ੍ਰੇਮ ਕਰਨਾ ਜੋ ਉਨ੍ਹਾਂ ਦੇ ਹਿੱਸੇ ਆਇਆ ਸੀ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਆਪ ਦਾ ਉਹ ਅਦੁਤੀ ਟੀ ਸੈਟ ਮੇਰੇ ਪਾਸ ਅਜੇ ਭੀ ਉਨ੍ਹਾਂ ਦੀਆਂ ਅਨੇਕ ਯਾਦਗਾਰਾਂ ਵਿਚੋਂ ਪ੍ਰਸਿੱਧ ਯਾਦਗਾਰ ਹੈ।

ਮੈਂ ਉਪਰ ਦਸ ਚੁਕਾ ਹਾਂ ਕਿ ਆਪ ਦੇਣਾ ਹੀ ਜਾਣਦੇ ਸਨ, ਲੈਣਾ ਨਹੀਂ ਸਨ ਜਾਣਦੇ। ਇਸ ਦਾ ਇਕ ਹੋਰ ਨਮੂਨਾ ਸੁਣਾਉਂਦਾ ਹਾਂ:–

ਸੰਨ ੧੯੩੫ ਵਿਚ ਆਪ ਦੇ ਦੂਸਰੇ ਸਪੁਤ੍ਰ ਡਾਕਟਰ ਹਰਭਜਨ ਸਿੰਘ ਜੀ ਦੀ ਸ਼ਾਦੀ ਸ੍ਰੀ ਅੰਮ੍ਰਿਤਸਰ ਵਿਚ ਹੋਈ। ਜਦ ਭਾਈ ਚਾਰੇ ਤੋਂ ਨਿਉਂਦਰਾ ਲੈਣ ਦਾ ਵੇਲਾ ਆਇਆ ਤਾਂ ਆਪ ਇਨਕਾਰੀ ਹੋ ਬੈਠੇ। ਭਾਈ ਚਾਰੇ ਦੇ ਲੋਕੀ ਨਿਉਂਦਰਾ ਦੇਣ ਲਈ ਉਤਾਵਲੇ ਹੋਏ ਫਿਰਨ, ਤੇ ਆਪ ਨਾ ਲੈਣ ਦੇ ਬਹਾਨੇ ਲੁਕਦੇ ਤੇ ਸਮਾ ਟਾਲਦੇ ਫਿਰਨ।

"ਵੈਦ ਜੀ! ਆਪ ਨਿਉਂਦਰਾ ਕਿਉਂ ਨਹੀਂ ਲੈਂਦੇ?" ਮੇਰੇ ਜ਼ੋਰ ਪਾਕੇ ਕਹਿਣ ਤੇ ਆਪ ਨੇ ਚੁਕ ਨਿਉਂਦਰਾ ਨਾ ਲੈਣ ਦਾ ਹੀ ਐਲਾਨ ਕਰ ਦਿਤਾ। ਸਾਰੇ ਲੋਕ ਹੈਰਾਨ ਹੋ ਗਏ। ਹੈਰਾਨੀ ਇਸ ਗਲ ਦੀ ਸੀ, ਕਿ ਜਦ ਆਪ ਜੀ ਨੇ ਹਰ ਇਕ ਦੇ ਸੁਭਾਗ ਸਮੇਂ ਤੇ ਵਧ ਚੜ੍ਹ ਕੇ ਨਿਉਂਦਰਾ ਪਾਇਆ ਹੈ ਤੇ ਹੁਣ ਆਪਣੀ ਵਾਰੀ ਨਾ ਲੈਣ ਦਾ ਕੀ ਕਾਰਨ? ਕਿਸੇ ਨੂੰ ਕੁਝ ਭੀ ਸਮਝ ਨਾ ਆਵੇ। ਮੈਂ ਭੀ ਸਚ ਮੁੱਚ ਬੜਾ ਹੈਰਾਨ ਹੋਇਆ ਪਰ ਇਸ ਵੇਲੇ ਮੇਰੇ ਪਾਸੋਂ ਰਿਹਾ ਨਾ ਗਿਆ। ਮੈਂ ਉਨ੍ਹਾਂ ਦੀ ਚਾਹ ਦੇ ਵਿਰੁਧ ਕਲਮ ਕਾਗਜ਼ ਲੈ ਕੇ ਬੈਠ ਗਿਆ ਤੇ ਮਿੰਟਾਂ ਵਿਚ ਅੱਠ ਨੌ ਸੋ ਰੁਪਿਆ ਜਮਾ ਹੋ ਗਿਆ।

ਕਈ ਵਾਰ ਆਪ ਨਿਉਂਦਰਾ ਲੈਂਦਿਆਂ ਦੇ ਵਿਚ ਆ ਧਮਕਦੇ ਸਨ:–"ਇਸ ਤੋਂ ਇਤਨਾ ਨਹੀਂ ਲੈਣਾ"। ਮੇਰੀ ਵਾਰੀ ਤੇ ਸਾਡਾ ਪ੍ਰੇਮ ਜੰਗ ਜ਼ੋਰਾਂ ਤੇ ਹੋ ਗਿਆ। ਮੈਂ ਦੇਵਾਂ ਤੇ ਉਹ ਕਹਿਣ 'ਮੈਂ ਏਨਾ ਲੈਣਾ ਨਹੀਂ।'



Digitized by Panjab Digital Library | www.panjabdigilib.org

ਮੈਂ ਕਹਾਂ 'ਮੈਂ ਜ਼ਰੂਰ ਏਨਾ ਹੀ ਦੇਣਾ ਹੈ'। ਸਾਰੇ ਹੀ ਸਜਣ ਮਿੱਤ੍ਰ ਤੇ ਸੰਬੰਧੀ ਸਾਡੀ ਇਸ ਪ੍ਰੇਮ ਝੜਪ ਨੂੰ ਵੇਖ ਵੇਖ ਅਸਚਰਜ ਹੋ ਰਹੇ ਸਨ।

ਇਹ ਹਨ ਆਪ ਦੇ ਜੀਵਣ ਚਮਤਕਾਰਾਂ ਤੇ ਉਪਕਾਰਾਂ ਦੇ ਨਮੂਨਿਆਂ ਵਿਚੋਂ ਇਕ ਅੱਧ ਨਮੂਨਾ।

ਅੰਤ ਸਮੇਂ ਤਕ ਭੀ ਜਦ ਕਦੇ ਕਿਸੇ ਨੇ ਸੁਭਾਵਕ ਭੀ ਮੇਰੇ ਜਾਂ ਮੇਰੇ ਖਾਨਦਾਨ ਬਾਰੇ ਜ਼ਰਾ ਕੁ ਬੀਮਾਰੀ ਦੀ ਸੋ ਆਪ ਦੀ ਕੰਨੀਂ ਪਾਈ, ਆਪ ਫਰਿਸ਼ਤੇ ਵਾਂਗ ਹਾਜ਼ਰ ਸਨ। ਦੇਣਾ ਲੈਣਾ ਤਾਂ ਕੀ, ਵਾਹ ਲਗਦੀ ਪ੍ਰਸ਼ਾਦ ਛਕਣ ਦੇ ਭੀ ਗਾਹਕ ਨਾ ਸਨ।

ਵੈਦ ਜੀ ਕੌਮ ਦੀ ਬਿਹਤ੍ਰੀ ਸੋਚਣ ਵਾਲੇ ਪੰਥ ਦੇ ਅਦੁਤੀ ਸੇਵਕ, ਆਪਾ ਵਾਰ ਕੇ ਭੀ ਦੂਜਿਆਂ ਦਾ ਭਲਾ ਲੋਚਣ ਵਾਲੇ, ਦੇਸ਼ ਭਗਤ, ਸਭ ਦੇ ਹਮਦਰਦ ਤੇ ਪ੍ਰੇਮੀ ਸਦਾ ਦੂਜਿਆਂ ਦਾ ਭਲਾ ਕਰਨ ਵਾਲੇ ਪੂਰਨ ਗੁਰਸਿਖ ਸਨ। ਆਪ ਦਾ ਖਿਆਲ ਕਰਕੇ ਹੁਣ ਭੀ ਮੇਰੀ ਰੂਹ ਕੰਬ ਜਾਂਦੀ ਹੈ।

ਮੇਰੀ ਉਮਰ ਇਸ ਵੇਲੇ ੬੫ ਸਾਲ ਦੀ ਹੈ, ਪਰ ਮੈਂ ਕਹਿ ਸਕਦਾ ਹਾਂ ਕਿ ਆਪ ਜੇਹਾ ਬੀਬਾ ਪਰਉਪਕਾਰੀ ਕੌਮ ਸੇਵਕ ਸੰਸਾਰ ਦਾ ਹਮਦਰਦ ਤੇ ਸਰਬ ਗੁਣ ਸੰਪੰਨ ਨਿਰਮਾਨ ਬੰਦਾ ਮੇਰੀ ਨਜ਼ਰੋਂ ਦੂਜਾ ਨਹੀਂ ਗੁਜ਼ਰਿਆ। ਆਪ ਦੇ ਮੇਰੇ ਸਿਰ ਉਤੇ ਅਨੇਕਾਂ ਉਪਕਾਰ ਹਨ। ਮੈਂ ਆਪ ਦੀ ਪਵਿਤ੍ਰ ਰੂਹ ਦਾ ਪੁਜਾਰੀ ਹਾਂ। ਆਪ ਦੇ ਹਜ਼ਾਰਾਂ ਉਪਕਾਰਾਂ ਤੇ ਅਨੰਤ ਗੁਣਾਂ ਵਿਚੋਂ 'ਦੁਖੀ' ਜੀ ਦੇ ਪੁਛਣ ਤੇ ਮੈਂ 'ਬੋਹਲ ਵਿਚੋਂ ਦਾਣਾ' ਦੇ ਨਮੂਨੇ ਮਾਤ੍ਰ ਦਸੇ ਹਨ।"

੩੦-੩-੩੯

---



Digitized by Panjab Digital Library | www.panjabdigilib.org

# ੧੯੩੨ ਦੀਆਂ ਘਟਨਾਵਾਂ

੧ ਜਨਵਰੀ—ਕਾਂਗਰਸ ਨੇ ਸਿਵਲ ਨਾ ਫੁਰਮਾਨੀ ਫੇਰ ਜਾਰੀ ਕਰ ਦਿੱਤੀ।

੪ ਜਨਵਰੀ—ਗਾਂਧੀ ਜੀ ਨੂੰ ਗ੍ਰਿਫਤਾਰ ਕੀਤਾ। ਕਾਂਗਰਸ ਨੂੰ ਕਾਨੂੰਨ ਵਿਰੁੱਧ ਕਰਾਰ ਦਿੱਤਾ ਗਿਆ, ਸਖਤੀ ਦੀ ਤਹਿਰੀਕ ਤੇ ਸਜ਼ਾਵਾਂ ਦਾ ਦੌਰ ਦੌਰਾ ਰਿਹਾ।

੬ ਵਰਵਰੀ—੧ ਨੌ ਜਵਾਨ ਲੜਕੀ ਨੇ ਬੰਗਾਲ ਗਵਰਨਰ ਤੇ ਪਸਤੌਲ ਨਾਲ ਵਾਰ ਕੀਤਾ।

੨੦ ਮਾਰਚ—ਫਰੰਟੀਅਰ ਲੈਜਿਸਲੇਟਿਵ ਕੌਂਸਲ ਬਣੀ।

੨੪ ਮਾਰਚ—ਹਿੰਦੁਸਤਾਨ ਦੇ ਚੋਣਵੇਂ ਕਾਂਗਰਸੀ ਲੀਡਰ ਗ੍ਰਿਫਤਾਰ ਕੀਤੇ ਗਏ। ਅਪ੍ਰੈਲ, ਮਈ, ਜੂਨ ਵਿਚ ਸਖਤੀ ਪੂਰੇ ਜੋਬਨ ਤੇ ਹੋ ਗਈ ਅਤੇ ਜੇਹਲ ਖਾਨੇ ਭਰਪੂਰ ਹੋ ਗਏ।

੧੧ ਜੁਲਾਈ—ਹਾਊਸ ਆਫ ਕਾਮਨਜ਼ ਵਿਚ ਐਲਾਨ ਕੀਤਾ ਗਿਆ ਕਿ ਤਸ਼ੱਦਦ ਵਾਲੇ ਕੈਦੀਆਂ ਨੂੰ ਜਜ਼ੀਰਾ ਅੰਡੇਮਾਨ ਵਿੱਚ ਭੇਜਿਆ ਜਾਵੇਗਾ।

੫ ਅਗਸਤ—ਬੰਗਾਲ ਕੌਂਸਲ ਵਿਚ ਇਕ ਸਵਾਲ ਦਾ ਜਵਾਬ ਦੇਂਦਿਆਂ ਹੋਇਆਂ ਦਸਿਆ ਗਿਆ ਜੋ ਅੱਜ ਤਕ ਬੰਗਾਲ ਵਿਚ ੧੦੨੯੧ ਗਰਿਫਤਾਰੀਆਂ ਹੋ ਚੁਕੀਆਂ ਹਨ।

੧੫ ਅਗਸਤ—ਤਸ਼ੱਦਦ ਦੇ ਕੈਦੀਆਂ ਦਾ ਪਹਿਲਾ ਜੱਥਾ ਅੰਡੇਮਾਨ ਭੇਜਿਆ ਗਿਆ।

੧੬ ਅਗਸਤ—ਵਜ਼ੀਰ ਆਜ਼ਮ ਇੰਗਲਸਤਾਨ ਨੇ ਫਿਰਕਾ ਦਾਰਾਨਾ ਵੰਡ ਦਾ ਫੈਸਲਾ (ਕਮਿਊਨਲ ਐਵਾਰਡ) ਦਾ ਐਲਾਨ ਕੀਤਾ।

੨੯ ਅਗਸਤ—ਡਾਕਟਰ ਕਿਚਲੂ ਜੀ ਗ੍ਰਿਫਤਾਰ ਕੀਤੇ ਗਏ।

੫ ਸਤੰਬਰ—ਲੈਜਿਸਲੇਟਿਵ ਅਸੈਂਬਲੀ ਵਿਚ ਸ੍ਰ: ਸੰਤ ਸਿੰਘ ਜੀ ਨੇ ਬੇ ਇਤਬਾਰੀ ਦਾ ਮਤਾ ਪੇਸ਼ ਕੀਤਾ।

੧੨ ਸਤੰਬਰ—ਗਾਂਧੀ ਜੀ ਨੇ ਮਰਨ ਬਰਤ ਰੱਖਣ ਦਾ ਅਲਟੀਮੇਟਮ ਦਿੱਤਾ ਕਿ ਜੇਕਰ ਅਛੂਤਾਂ ਨੂੰ ਹਿੰਦੂਆਂ ਨਾਲੋਂ ਅਲੱਗ ਕੀਤਾ ਤਾਂ।



Digitized by Panjab Digital Library | www.panjabdigilib.org

੨੦ ਸਤੰਬਰ—ਗਾਂਧੀ ਜੀ ਨੇ ਮਰਨ ਬਰਤ ਸ਼ੁਰੂ ਕਰ ਦਿੱਤਾ।

੨੬ ਸਤੰਬਰ—ਗਾਂਧੀ ਜੀ ਦੀਆਂ ਸ਼ਰਤਾਂ ਮੰਨੀਆਂ ਗਈਆਂ ਅਤੇ ਭੁਖ ਹੜਤਾਲ ਬੰਦ ਕੀਤੀ ਗਈ।

੧੧ ਅਕਤੂਬਰ—ਬਡਲਾਡਾ, ਜ਼ਿਲਾ ਹਿਸਾਰ ਵਿਚ ਤਿੰਨ ਸਿੱਖਾਂ ਨੇ ਗਊ ਹੱਤਿਆ ਨਾ ਸਹਾਰਦਿਆਂ ਹੋਇਆਂ ੧੪ ਮੁਸਲਮਾਨਾਂ ਨੂੰ ਕਤਲ ਅਤੇ ੧੧ ਨੂੰ ਸਖਤ ਜ਼ਖਮੀ ਕਰ ਦਿੱਤਾ।

੨੯ ਅਕਤੂਬਰ—ਤੀਸਰੀ ਗੋਲ ਮੇਜ਼ ਕਾਨਫ੍ਰੰਸ ਦੇ ਮੈਂਬਰਾਂ ਨੇ ਇੰਗਲਿਸਤਾਨ ਨੂੰ ਚਾਲੇ ਪਾਏ।

੧੭ ਨਵੰਬਰ—ਤੀਸਰੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਸ਼ੁਰੂ ਹੋਈ।

੨੭ ਨਵੰਬਰ—ਤਿੰਨਾਂ ਸਾਲਾਂ ਵਾਸਤੇ ਓਟਾਵਾ ਕਮੇਟੀ ਦੀ ਰੀਪੋਰਟ ਤੇ ਦਸਖਤ ਕੀਤੇ ਗਏ।

੨੪ ਦਸੰਬਰ—ਤੀਸਰੀ ਗੋਲ ਮੇਜ਼ ਕਾਨਫਰੰਸ ਖਤਮ ਹੋਈ।

---



Digitized by Panjab Digital Library | www.panjabdigilib.org

آسائش دو گیتی تفسیر ایں دو حرف است
با دوستاں تلطف با دشمناں مدارا

"ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਕੇ ਸਾਥ ਮੇਰਾ ਸਹਿਚਾਰ ਕਈ ਸਾਲ ਤਕ ਵਕਤਨ ਫਵਕਤਨ ਰਹਾ। ਮੈਂ ਉਨਕੋ ਏਕ ਸ਼ਾਨਦਾਰ ਸਬਕ ਆਮੇਜ਼ ਹਸਤੀ ਸਮਝਤਾ ਥਾ। ਉਨਕੀ ਜ਼ਿੰਦਗੀ ਕਾ ਹਰਏਕ ਪਹਿਲੂ ਮੁਝੇ ਆਲੀਸ਼ਾਨ ਨਜ਼ਰ ਆਯਾ। ਬ-ਹੈਸੀਅਤ ਪ੍ਰਾਈਵੇਟ ਜੰਟਲਮੈਨ ਮੈਨੇ ਉਨਕਾ ਵਰਤਾਉ ਹਰ ਬਸ਼ਰ ਸੇ ਨਹਾਇਤ ਸ਼ਰੀਫਾਨਾ ਪਾਇਆ। ਸ਼ੇਖ ਕੇ ਇਸ ਮਕੂਲਾ ਕੋ ਉਨ੍ਹੋਂ ਨੇ ਅਮਲੀ ਜ਼ਿੰਦਗੀ ਮੇਂ ਘਟਾ ਕਰ ਦਿਖਾ ਦੀਆ।

"ਆਸਾਇਸ਼ੇ ਦੋ ਗੇਤੀ ਤਫਸੀਲ ਈਂ ਦੋ ਹਰਫ ਅਸਤ,
ਬ੍ਰਾ ਦੋਸਤਾਂ ਤਲੱਤੁਫ ਬਾ ਦੁਸ਼ਮਨਾਂ ਮਦਾਰਾ"

ਕੀਨਾ ਵ ਬਦਗੁਮਾਨੀ ਕੇ ਲੀਏ ਉਨ ਕੇ ਸੀਨਾ ਮੇਂ ਜਗ੍ਹਾ ਹੀ ਨਾ ਥੀ।

ਉਨਕਾ ਇਲਮੇ ਦੋਸਤ ਹੋਨਾ ਉਨਕੇ ਜ਼ਖੀਰਾ ਕੁਤਬ ਵ ਤਾਲੀਫਾਤ ਵ ਤਸਨੀਫਾਤ ਸੇ ਜ਼ਾਹਰ ਹੈ। ਜ਼ਾਹਰੋ ਬਾਤਨ ਮੇਂ ਵੁਹ ਸੱਚੇ ਹਿੰਦੁਸਤਾਨੀ ਥੇ। ਉਨਕੀ ਰਹਿਨੀ ਮੇਰੇ ਖਯਾਲ ਮੇਂ ਸਭ ਕੇ ਲੀਏ ਕਾਬਲੇ ਤਕਲੀਦ ਥੀ। ਨਿਹਾਇਤ ਪਾਕੀਜ਼ਾ ਬਾਤਨ ਔਰ ਉਦਾਰ ਚਿੱਤ ਥੇ। ਅਮਲਨ ਸਭਕਾ ਭਲਾ ਚਾਹਨੇ ਵਾਲੇ ਇਨਸਾਨ ਥੇ।

ਬ ਹੈਸੀਅਤ ਸ਼ੁਗਲ ਏ ਦੁਨੀਵੀ ਮੈਂਨੇ ਐਸੇ ਵੈਦ ਕਮਤਰ ਦੇਖੇ ਹੈਂ। ਸਿਰਫ ਤਨ ਕੀ ਦਰੁਸਤੀ ਤਕ ਹੀ ਉਨਕੀ ਨਿਗਾਹ ਮਹਦੂਦ ਨ ਥੀ। ਮਰੀਜ਼ੋਂ ਕੇ ਮਨ ਤਕ ਕੀ ਸ਼ੁੱਧੀ ਕੇ ਲੀਏ ਕੋਸ਼ਾਂ ਥੇ। ਮੈਨੇ ਦੂਰ ਦੂਰ ਕੇ ਮਰੀਜ਼ੋਂ ਕੋ ਉਨਕੇ ਪਾਸ ਸ਼ਰਧਾ ਕੇ ਸਾਥ ਆਤੇ ਔਰ ਉਮੀਦ ਕੇ ਸਾਥ ਵਾਪਸ ਜਾਤੇ ਦੇਖਾ। ਤਸ਼ਖੀਸ ਇਮਰਾਜ਼ ਮੇਂ ਐਸੇ ਕਾਮਯਾਬ ਵੈਦ ਵਾ ਹਕੀਮ ਮੇਰੇ ਦੇਖਨੇ ਮੇਂ ਬਹੁਤ ਕਮ ਆਏ ਹੈਂ। ਮੈਂ ਉਨ੍ਹੇਂ ਮੁਕੰਮਲ ਇਨਸਾਨ ਸਮਝਤਾ ਥਾ। ਮੇਰਾ ਮੱਯਾਰੇ ਅਜ਼ਮਤ ਯੇਹ ਹੈ ਕਿ ਇਨਸਾਨ ਜਬ ਜਬ ਔਰ ਜਹਾਂ ਜਹਾਂ ਹੋ ਅਪਣੀ ਹਸਤੀ ਕੀ ਜ਼ਰੂਰਤ ਕਾ ਅਮਲੀ ਸਬੂਤ ਦੇ ਸਕੇ। ਵੁਹ ਇਸ ਮੁਸ਼-ਕਲ ਇਮਤਹਾਨ ਮੇਂ ਕਾਮਯਾਬ ਉਤਰੇ।"

(ਸ੍ਰ: ਭਗਵਾਨ ਸਿੰਘ ਜੀ P. E. S. Rtd)

---



Digitized by Panjab Digital Library | www.panjabdigilib.org

# ੧੯੩੩

## ਸੱਚਾ ਮਿੱਤ੍ਰ

"ਮੈਂ ੧੯੦੪ ਤੋਂ ਭਾਈ ਸਾਹਿਬ ਜੀ ਨੂੰ ਜਾਣਦਾ ਹਾਂ। ਅਜੇਹਾ ਮਿਠ ਬੋਲਾ ਤੇ ਗੁਰਬਾਣੀ ਦਾ ਰਸੀਆ ਅਤੇ ਉਦਾਰ ਚਿੱਤ ਸੰਸਾਰ ਵਿਚ ਲਭਣਾ ਔਖਾ ਹੈ।" (ਸ੍ਰ: ਬਿਸ਼ੰਭਰ ਸਿੰਘ ਜੀ ਠੇਕੇਦਾਰ ਦਿੱਲੀ)

ਮਿੱਤ੍ਰ ਚਾਰ ਪਰਕਾਰ ਹਹਿੰ ਇਕ ਜਾਨੀ, ਦ੍ਵੈ ਸ੍ਵਾਨ
ਤ੍ਰਿਤੀ ਜ਼ਬਾਨੀ ਜਾਣੀਏ, ਅਰੁ ਚਤਰਥ ਸ਼ੈਤਾਨ।

ਵਿਚਾਰ ਵਾਨ ਸਿਆਣਿਆਂ ਨੇ ਮਿੱਤ੍ਰਾਂ ਦੀਆਂ ਚਾਰ ਕਿਸਮਾਂ ਉਲੀਕੀਆਂ ਹਨ।

(੧) ਜਾਨੀ ਮਿਤ੍ਰ (੨) ਸ੍ਵਾਨ (੩) ਜ਼ਬਾਨੀ ਮਿਤ੍ਰ ਤੇ (੪) ਸ਼ੈਤਾਨ ਮਿਤ੍ਰ ਕਹੇ ਜਾਂਦੇ ਹਨ।

ਜਾਨੀ ਮਿਤ੍ਰ–ਮਿਤ੍ਰ ਦੇ ਐਬਾਂ ਵਲ ਨਹੀਂ ਵੇਖਦਾ ਉਹ ਕੇਵਲ ਗੁਣਾਂ ਵਲ ਹੀ ਨਜ਼ਰ ਰੱਖਦਾ ਤੇ ਆਪਣੀ ਜਾਨ ਵਾਰ ਕੇ ਭੀ ਮਿਤ੍ਰਤਾ ਨਿਭਾਉਂਦਾ ਹੈ।

ਦੂਜੀ ਪ੍ਰਕਾਰ ਦਾ ਮਿਤ੍ਰ 'ਸ੍ਵਾਨ' ਕਹਾਉਂਦਾ ਹੈ। ਇਹ 'ਜੈਸੇ ਕੋ ਤੈਸਾ' ਹੋ ਕੇ ਵਰਤਦਾ ਹੈ। ਮਿਤ੍ਰ ਦੀ ਥੋੜੀ ਨੇਕੀ ਬਦਲੇ ਉਸ ਨਾਲ ਬਹੁਤ ਨੇਕੀ ਕਰਦਾ ਹੈ, ਪਰ ਦੁਸ਼ਟਾਂ ਨੂੰ ਦੁਸ਼ਟਤਾ ਦਾ ਦੰਡ ਭੀ ਦੇਣੋਂ ਫਰਕ ਨਹੀਂ ਕਰਦਾ। ਇਹ ਭੀ ਉਤਮ ਪੁਰਸ਼ਾਂ ਵਿਚੋਂ ਹੀ ਗਿਣਿਆ ਜਾਂਦਾ ਹੈ।

ਤੀਜਾ 'ਜ਼ਬਾਨੀ' ਕਹਾਉਂਦਾ ਹੈ। ਇਹ ਇਸ ਦੇ ਨਾਮ ਤੋਂ ਹੀ ਪ੍ਰਗਟ ਹੈ, ਅਰਥਾਤ ਜ਼ਬਾਨੀ ਮਿਤ੍ਰ ਗਲੀਂ ਬਾਤੀਂ ਹੀ ਘਰ ਪੂਰਾ ਕਰਦਾ ਹੈ। ਸਮਾਂ ਪੈਣ ਤੇ ਤੁਰਤ ਅੱਖਾਂ ਪਲਟ ਜਾਂਦਾ ਤੇ ਅਲਗ ਹੋ ਜਾਂਦਾ ਹੈ।



Digitized by Panjab Digital Library | www.panjabdigilib.org

ਚੌਥੀ ਕਿਸਮ ਦੇ 'ਸ਼ੈਤਾਨ' ਦਾ ਤਾਂ ਕਹਿਣਾ ਹੀ ਕੀ ਹੈ। ਉਹ ਤਾਂ ਮਹਾਂ ਦੁਸ਼ਟ ਹੁੰਦਾ ਹੈ। ਉਹ ਆਪਣੇ ਇਕ ਪੈਸੇ ਬਦਲੇ ਮਿਤ੍ਰ ਦਾ ਹਜ਼ਾਰਾਂ ਰੁਪਿਆਂ ਦਾ ਨੁਕਸਾਨ ਕਰਨ ਤਕ ਜਾਂਦਾ ਹੈ। ਉਹ ਸੰਸਾਰ ਵਿਚ ਆਪਣੇ ਆਪ ਤੋਂ ਬਿਨਾਂ ਹੋਰ ਕਿਸੇ ਨੂੰ ਵੇਖਣਾ ਹੀ ਨਹੀਂ ਚਾਹੁੰਦਾ। ਦੁਨੀਆਂ ਨੂੰ ਦੁਖੀ ਵੇਖ ਕੇ ਉਹ ਖੁਸ਼ ਤੇ ਸੁਖੀ ਵੇਖਦੇ ਦੁਖ ਮਨਾਉਂਦਾ ਹੈ। ਉਹ ਪ੍ਰਕ੍ਰਿਤੀ ਤੋਂ ਹੀ ਮਹਾਂ ਨੀਚ ਹੁੰਦਾ ਹੈ।

ਜਿਸ ਤਰ੍ਹਾਂ ਹੀਰੇ ਤੇ ਕੱਚ ਅਤੇ ਗਿਲਟੀ ਤੇ ਕੁੰਦਨ ਸੋਨੇ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ, ਪਰ ਸਾਧਾਰਨ ਅੱਖ ਨਾਲ ਕੋਈ ਫਰਕ ਮਾਲੂਮ ਨਹੀਂ ਹੁੰਦਾ। ਇਸੇ ਹੀ ਤਰ੍ਹਾਂ ਪ੍ਰਸੰਸਕ ਤੇ ਖੁਸ਼ਾਮਦੀ ਵਿਚ, ਸਚੇ ਮਿਤ੍ਰ ਤੇ ਚਾਪਲੋਸੂ ਵਿਚ ਅਨ੍ਹੇਰ ਚਾਨਣ ਜਿੱਨਾ ਫਰਕ ਹੈ, ਪਰ ਸਾਧਾਰਨ ਅੱਖ ਨਾਲ ਕੁਝ ਪਤਾ ਨਹੀਂ ਲਗਦਾ।

ਜਿਵੇਂ ਜੌਹਰੀ ਦੀ ਪਾਰਖੂ ਅੱਖ ਤੁਰਤ ਹੀਰੇ ਤੇ ਸੋਨੇ ਨੂੰ ਪਛਾਣ ਲੈਂਦੀ ਹੈ। ਕਸਵਟੀ ਉਪਰ ਲਾਉਂਦਿਆਂ ਹੀ ਸੋਨੇ ਦਾ ਸੋਨਾ ਤੇ ਗਿਲਟ ਦਾ ਗਿਲਟ ਪਤਾ ਲੱਗ ਜਾਂਦਾ ਹੈ। ਤਿਵੇਂ ਹੀ ਭਾਵੇਂ ਹੀਰੇ ਨੂੰ ਭੀ ਮਾਤ ਕਰਨ ਵਾਲੀ ਕੱਚ ਦੀ ਨਕਲੀ ਚਮਕ ਤੇ ਗਿਲਟ ਦੀ ਨਕਲੀ ਦਮਕ ਬੜੀ ਭੜਕੀਲੀ ਹੁੰਦੀ ਹੈ, ਪਰ ਪਾਰਖੂ ਦੀ ਅੱਖ ਅੱਗੇ ਜਾਂ ਕਸਵੱਟੀ ਉਪਰ ਲਾਇਆਂ ਨਹੀਂ ਠਹਿਰ ਸਕਦੀ। ਇਸੇ ਹੀ ਤਰ੍ਹਾਂ ਪ੍ਰਸੰਸਕ ਤੇ ਖੁਸ਼ਾਮਦੀ ਅਤੇ ਸੱਚੇ ਮਿੱਤ੍ਰ ਤੇ ਚਾਪਲੋਸੂ ਦਾ ਫਰਕ ਹੈ। ਸਮਾਂ ਪੈਣ ਤੇ, ਮੁਸੀਬਤ ਦੇ ਵੇਲੇ ਕਸ਼ਟਾਂ ਦੀ ਕਸਵੱਟੀ ਉੱਤੇ, ਸੱਚੇ ਮਿੱਤ੍ਰ ਦੀ ਹੀਰੇ ਜੇਹੀ ਅੱਖ ਨਿਤਰਦੀ ਹੈ,ਤੇ ਬਾਰਾਂ ਵੰਨੀ ਦੇ ਸੋਨੇ ਵਾਂਗ ਚਮਕਦਾ ਹੈ। ਉਹ ਸ਼ੇਰ ਮਰਦ ਹੋ ਕੇ ਮੈਦਾਨ ਵਿਚ ਡਟ ਜਾਂਦਾ, ਤੇ ਨਿਧੜਕ ਡਟ ਜਾਂਦਾ ਹੈ, ਪਰ ਖੁਸ਼ਾਮਦੀ ਚਾਪਲੋਸੂ ਗਿੱਦੜਾਂ ਵਾਂਗ ਦੁਮ ਦਬਾ ਕੇ ਭਜ ਜਾਂਦੇ ਤੇ ਮੂੰਹ ਛਿਪਾ ਕੇ ਸਮਾਂ ਲੰਘਾਉਣ ਦੀ ਕਰਦੇ ਹਨ।

ਪ੍ਰਸੰਸਕ ਤੇ ਸੱਚਾ ਮਿੱਤ੍ਰ ਖੁਸ਼ਾਮਦ ਤੇ ਚਾਪਲੋਸੀ ਨਹੀਂ ਕਰਦਾ। ਉਹ ਜੇ ਗੁਣਾਂ ਦੀ ਪ੍ਰਸੰਸ਼ਾ ਕਰਦਾ ਹੈ ਤਾਂ ਅਵਗੁਣ ਦੱਸਣ ਤੋਂ ਭੀ ਰਤਾ



Digitized by Panjab Digital Library | www.panjabdigilib.org

ਨਹੀਂ ਝਿਝਕਦਾ। ਉਹ ਦੋਸਤ ਦੇ ਐਬ ਦਸ ਕੇ ਉਸ ਨੂੰ ਸਾਵਧਾਨ ਕਰਨਾ ਚਾਹੁੰਦਾ ਹੈ। ਉਸ ਵਿਚੋਂ ਖੋਟ ਕੱਢ ਕੇ ਸੁੱਧ ਸੋਨਾ ਬਣਾਉਣਾ ਚਾਹੁੰਦਾ ਹੈ। ਉਹ ਮੂੰਹ ਉਤੇ ਕੌੜਾ ਸੱਚ ਨਿਧੜਕ ਹੋ ਕੇ ਆਖ ਦਿੰਦਾ ਹੈ। ਉਪਰੋਂ ਕੌੜਾ ਪ੍ਰਤੀਤ ਹੁੰਦਾ ਹੈ, ਪਰ ਸਮਾਂ ਪੈਣ ਤੇ ਉਹ ਕੌੜਾ ਦਿੱਸਣ ਵਾਲਾ ਸੱਚਾ ਮਿੱਤ੍ਰ ਮਿੱਠਾ ਹੋ ਕੇ ਵਰਤਦਾ ਹੈ। ਕਸ਼ਟਾਂ ਮੁਸੀਬਤਾਂ ਵਿਚ ਮੋਢੇ ਨਾਲ ਮੋਢਾ ਜੋੜਕੇ ਮਦਦ ਕਰਦਾ ਹੈ। ਬਾਂਹ ਹੋ ਕੇ ਸਮਾਂ ਲੰਘਾਉਂਦਾ ਹੈ।

ਵੈਦ ਜੀ ਅਜੇਹੇ ਸੱਚੇ ਮਿੱਤ੍ਰਾਂ ਵਿਚੋਂ ਸਨ। ਸੱਚੇ ਪ੍ਰਸੰਸਕਾਂ ਵਿਚੋਂ ਸਨ। ਉਹ ਸੰਸਾਰ ਦੇ ਉੱਤਮ ਪੁਰਖਾਂ ਵਿਚੋਂ, ਮਹਾਂ ਪੁਰਖਾਂ ਵਿਚੋਂ ਸਨ। ਉਹ ਦੋਸਤ ਦੇ ਐਬਾਂ ਨੂੰ ਵੇਖ ਕੇ ਚੁਪ ਨਾ ਸਨ ਰਹਿੰਦੇ,ਸਗੋਂ ਨਿਧੜਕ ਹੋਕੇ ਅਵਗੁਣ ਦੂਰ ਕਰਨ ਲਈ ਵੰਗਾਰਦੇ ਸਨ ਪਰ ਮਦਦ ਲਈ ਹਰ ਸਮੇਂ ਤੱਤ ਪਰ ਰਹਿੰਦੇ ਸਨ। ਮੁਸੀਬਤ ਵੇਲੇ ਦਿਆਲੂ ਹੋ ਡੁਲ੍ਹ ਪੈਂਦੇ ਸਨ। ਜੇ ਸੱਚ ਬੋਲਣ ਨੂੰ ਆਪ ਨਿਧੜਕ ਸਨ, ਜੇ ਸੱਜਣਾਂ ਦੇ ਅਵਗੁਣ ਜਤਾਉਣ ਨੂੰ ਆਪ ਕਰੜੇ ਤੇ ਕੌੜੇ ਸਨ ਤਾਂ ਇਮਦਾਦ ਲਈ, ਦੁਖ ਵੰਡਾਉਣ ਲਈ ਭੀ ਆਪ ਮਹਾਂ ਦਿਆਲੂ ਤੇ ਸੱਚੇ ਸਾਥੀ, ਮਦਦਗਾਰ ਸਨ। ਇਹੀ ਕਾਰਨ ਹੈ ਕਿ ਆਪ ਨੇ ਜਿੱਥੇ ਭਰਾਵਾਂ ਨਾਲੋਂ ਵਧ ਭਾਈ ਵੀਰ ਸਿੰਘ ਜੇਹਾਂ ਦੇ ਗੁਣਾਂ ਦਾ ਆਦਰ ਕੀਤਾ ਤੇ ਜ਼ਰਾ ਭਰ ਕਮਜ਼ੋਰੀ ਨੂੰ ਭੀ ਨਹੀਂ ਛਿਪਾਇਆ। ਸਰਦਾਰ ਸਰ ਸੁੰਦਰ ਸਿੰਘ ਤੇ ਹੋਰ ਚੀਫ ਖਾਲਸਾ ਦੀਵਾਨ ਦੇ ਸਾਥੀ—ਜਿਨ੍ਹਾਂ ਨਾਲ ਚੜ੍ਹਦੀ ਉਮਰ ਤੋਂ ਹੀ ਆਪ ਕੰਮ ਕਰਦੇ ਆਏ ਸਨ—ਜੇ ਉਨ੍ਹਾਂ ਦੀ ਖੁਲ੍ਹੇ ਦਿਲ ਪ੍ਰਸੰਸਾ ਕੀਤੀ ਤਾਂ ਸਿੱਧੀਆਂ ਸੁਨਾਉਣ ਲੱਗੇ ਭੀ ਜ਼ਰਾ ਨਹੀਂ ਝਿਜਕੇ। ਹਥੀਂ ਲਾਏ ਚੀਫ ਖਾਲਸਾ ਦੀਵਾਨ ਦੇ ਬੂਟੇ ਨੂੰ ਜੇ ਖੂਨ ਪਾ ਪਾ ਸਿੰਜਦੇ ਰਹੇ ਹਨ ਤਾਂ ਮੁਰਦਾ ਵੇਖ ਕੇ ਪਰ੍ਹਾਂ ਵਗਾਹ ਸਿੱਟਣੋ ਭੀ ਜ਼ਰਾ ਨਹੀਂ ਝਿਜਕੇ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਲਈ ਜਿੱਥੇ ਆਪ ਜਾਨ ਵਾਰਨ ਨੂੰ ਤਿਆਰ ਰਹੇ ਓਥੇ 'ਗੁੰਡਾ ਗਰਦੀ' ਤੇ 'ਮੁਸ਼ਟੰਡਾ ਪਨ' ਵੇਖ ਕੇ ਭੀ ਸਿੱਧੀਆਂ ਸੁਣਾਉਣੋ ਨਹੀਂ ਰੁਕੇ।

ਸੱਚੇ ਸਿਦਕਵਾਨ ਸੱਜਣਾਂ ਦੀ ਇਹੀ ਨਸ਼ਾਨੀ ਹੁੰਦੀ ਹੈ। ਉਹ ਸੱਜਣ



Digitized by Panjab Digital Library | www.panjabdigilib.org

ਦੇ ਐਬਾਂ ਉੱਤੇ ਪੜਦਾ ਨਹੀਂ ਪਾਉਂਦੇ ਗੁਨਾਹਾਂ ਨੂੰ ਛਿਪਾਉਂਦੇ ਨਹੀਂ ਸਗੋਂ ਪ੍ਰਗਟ ਕਰ ਕੇ ਪਿਆਰ ਨਾਲ, ਜ਼ੋਰ ਨਾਲ ਜਿਸ ਤਰ੍ਹਾਂ ਭੀ ਹੋ ਸਕੇ ਜਣਾ ਕੇ, ਪ੍ਰਤੱਖ ਕਰ ਕੇ, ਉਨ੍ਹਾਂ ਨੂੰ ਦੂਰ ਕਰਨਾ ਚਾਹੁੰਦੇ ਹਨ। ਇਤਨਾ ਕੁਝ ਹੁੰਦਿਆਂ ਭੀ ਉਹ ਹਰ ਸਮੇਂ ਮਦਦਲਈ ਤਿਆਰ ਰਹਿੰਦੇ ਹਨ। ਹਰ ਮੁਸ਼ਕਲ ਨਾਲ,ਹਰ ਸਚਾਈ ਲਈ ਹਰ ਇਨਸਾਫ ਲਈ ਮੋਢੇ ਨਾਲ ਮੋਢਾ ਡਾਹ ਕੇ ਭਾਰ ਵੰਡਾਉਣ ਨੂੰ ਤਿਆਰ ਰਹਿੰਦੇ ਹਨ। ਅਜੇਹੇ ਸੱਜਣ ਨੂੰ ਜੇ ਕੋਈ ਈਰਖਾ ਵਾਦੀ ਭੁੱਲਾ ਜਾਂ ਭੋਲਾ ਸਜਣ ਆਪਣਾ ਵਿਰੋਧੀ ਸਮਝੇ ਤਾਂ ਇਹ ਉਸਦਾ ਆਪਣਾ ਕਸੂਰ ਹੈ। ਆਓ ਆਪ ਨੂੰ ਵੈਦ ਜੀ ਦੇ ਜੀਵਣ ਤੇ ਕੁਝਕੁ ਹੋਰ ਨਮੂਨੇ ਵਿਖਾਲੀਏ।

੩ ਜਨਵਰੀ ੧੯੩੩ ਨੂੰ ਖਾਲਸਾ ਨੌ-ਜਵਾਨ ਕਾਨਫ੍ਰੰਸ ਦਾ ਡੈਪੂਟੇਸ਼ਨ ਲਾਹੌਰੋਂ ਆਇਆ। ਜਿਸ ਵਿੱਚ ਸ੍ਰ: ਗੰਡਾ ਸਿੰਘ ਜੀ ਕੇਵਲ, ਸ੍ਰ: ਹਰਚਰਨ ਸਿੰਘ ਬਾਜਵਾ ਆਦਿ ਨੌ ਜਵਾਨ ਸ਼ਾਮਲ ਸਨ। ਆਪ ਨੇ ਬੜੇ ਪ੍ਰੇਮ ਤੇ ਆਦਰ ਨਾਲ 'ਜੀਉ ਆਇਆਂ ਨੂੰ' ਆਖਿਆ, ਤੇ ਹੌਸਲਾ ਵਧਾਇਆ। ਜਿੱਥੇ ਆਪ ਚੀਫ ਖਾ: ਦੀਵਾਨ ਦੇ ਪੁਰਾਣੇ ਬੁਢੇ ਸੇਵਾਦਾਰਾਂ ਦੇ ਪ੍ਰੇਮ ਪਾਤ੍ਰ ਸਨ, ਓਥੇ ਪੰਥ ਤੇ ਦੇਸ਼ ਦੇ ਨੌ-ਜਵਾਨ ਗਭਰੂ ਭੀ ਆਪ ਨਾਲ ਘਟ ਪਿਆਰ ਨਾ ਸਨ ਕਰਦੇ। ਸਰੀਰ ਬੁਢਾਪੇ ਵੱਲ ਜਾ ਰਿਹਾ ਹੋਣ ਤੇ ਭੀ ਆਪ ਦਾ ਦਿਲ ਸਦਾ ਜਵਾਨ ਸੀ ਤੇ ਜਵਾਨਾਂ ਗਭਰੂਆਂ ਨੂੰ ਦੇਸ਼ ਸੇਵਾ ਦੇ ਮੈਦਾਨ ਵਿੱਚ ਉੱਤਰਦੇ ਵੇਖ ਕੇ, ਅੱਗੇ ਵੱਧ ਦੇ ਵੇਖ ਕੇ, ਗਦ ਗਦ ਪਿਆ ਹੁੰਦਾ ਸੀ। ਤਦੇ ਹੀ ਤਾਂ ਅਜੇਹੇ ਨੌ-ਜਵਾਨਾਂ ਦੇ ਡੈਪੂਟੇਸ਼ਨ ਆਸ ਭਰੇ ਹਿਰਦੇ ਨਾਲ ਆਪ ਜੀ ਪਾਸ ਆਉਂਦੇ ਸਨ ਤੇ ਅੱਗੋਂ ਭੀ ਆਪ ਵਲੋਂ ਜਵਾਨਾਂ ਨਾਲੋਂ ਵੱਧ ਕੇ ਆਉ ਭਗਤ ਹੁੰਦੀ ਸੀ। ਹੋਰ ਸੇਵਾ ਤੋਂ ਛੁੱਟ

"ਸ੍ਰ: ਗੰਡਾ ਸਿੰਘ ਜੀ ਕੇਵਲ ਨੂੰ ਕਾਮਲਾ ਹਰਿ ਪੁੜੀਆਂ ਤੇ ਅਦਭੁਤ ਉਦਰ ਭਾਸਕਰ ਚੂਰਨ (ਯਰਕਾਨ ਦੀ ਦਵਾਈ) ਅਤੇ ਬਾਜਵਾ ਜੀ ਨੂੰ 'ਦ੍ਰਿਗ ਅੰਮ੍ਰਿਤ ਅੰਦਨ' ਭੇਟਾ ਕੀਤਾ।"

੧੨ ਜਨਵਰੀ ਨੂੰ ਸਰਦਾਰ ਸਰ ਸੁੰਦਰ ਸਿੰਘ ਜੀ ਮਜੀਠਾ ਨਾਲ ਹੋਕੇ



Digitized by Panjab Digital Library | www.panjabdigilib.org

ਖਾਲਸਾ ਪ੍ਰਚਾਰਕ ਵਿਦਯਾਲਾ, ਸ੍ਰੀ ਦਰਬਾਰ ਸਾਹਿਬ ਤੇ ਖਾ: ਹਾਈ ਸਕੂਲ ਆਦਿ ਜਗਾ ਫਿਰੇ।"

"੨੪ ਜਨਵਰੀ ਨੂੰ ੪ ਤੋਂ ੫ ਬਜੇ ਤੱਕ ਪਿੰਡਾਂ ਦੀ ਉੱਨਤੀ ਦੇ ਜਲਸੇ ਵਿੱਚ ਵਕਤ ਲੱਗਾ।"

"੨੬ ਜਨਵਰੀ ਨੂੰ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੈਂਟ੍ਰਲ ਦੀਵਾਨ ਦੇ ਬੁੰਗੇ ਤੇ ਜ਼ਮੀਨ ਦੇ ਝਗੜਿਆਂ ਦਾ ਫੈਸਲਾ ਕਰਾਉਣ ਵਿੱਚ ਲੱਗਾ।"

੬ ਫਰਵਰੀ ਨੂੰ ਗੁਰਦੁਆਰਾ ਅਲੈਕਸ਼ਨ ਵਿੱਚ ਰੁਝੇ ਰਹੇ। ਇਸੇ ਦਿਨ ਦਾ ਅਕਾਲੀ ਪਾਰਟੀ ਬਾਬਤ ਕਰੜਾ ਨੋਟ ਇਸਤਰ੍ਹਾਂ ਹੈ:-

"ਦੁਪਹਿਰੇ ਅਕਾਲੀ ਪਾਰਟੀ ਦੇ ਮੁਸ਼ਟੰਡਯਾਂ ਵਲੋਂ ਬਦੋ ਬਦੀ ਲੜਾਈ ਕੀਤੀ ਗਈ, ਪਰ ਸੰਭਾਲ ਹੋ ਗਈ।"

੧੦ ਫਰਵਰੀ ਨੂੰ ਗਯਾਨੀ ਹਰੀ ਸਿੰਘ ਜੀ ਦੇ ਸੱਦਣ ਤੇ ਆਪ ਯਾਤ੍ਰਾ ਟ੍ਰੇਨ ਦੀ ਸਹਾਇਤਾ ਵਾਸਤੇ ਅੰਮ੍ਰਿਤਸਰ ਗਏ।

੧੨ ਫਰਵਰੀ ਨੂੰ ਕੋਓਪ੍ਰੇਟਿਵ ਯੂਨੀਅਨ ਦੀ ਮੀਟਿੰਗ ਵਿੱਚ ਆਪ ਨੂੰ ਯੂਨੀਅਨ ਦਾ 'ਵਾਈਸ ਪ੍ਰੈਜ਼ੀਡੰਟ' ਚੁਣਿਆ ਗਿਆ।

੨੭ ਫਰਵਰੀ ਨੂੰ ਸ੍ਰ: ਸੇਵਾ ਸਿੰਘ ਜੀ ਕ੍ਰਿਪਾਨ ਬਹਾਦਰ ਦੇ ਮੁਕੱਦਮੇ ਵਿੱਚ ਅੰਮ੍ਰਿਤਸਰ ਸਫਾਈ ਦੀ ਗਵਾਹੀ ਦੇਣ ਗਏ। ਏਹੋ ਜੇਹੇ ਸਮੇਂ ਖਾਸ ਧਿਆਨ ਦੇਣ ਯੋਗ ਹਨ। ਇਜੇਹੇ ਕੌਮੀ, ਪੰਥਕ ਪਿਆਰ ਵਾਲੇ ਅਤੇ ਸਰਕਾਰ ਦੀ ਨਜ਼ਰਾਂ ਵਿੱਚ ਬਾਗ਼ੀ ਮੁਕੱਦਮਿਆਂ ਵਿੱਚ ਨਿਧੜਕ ਸਫਾਈ ਦੀ ਗਵਾਹੀ ਦੇਣੀ ਹਰ ਇੱਕ ਦਾ ਕੰਮ ਨਹੀਂ, ਕੋਈ ਸੱਚੇ ਸੂਰਮੇਂ ਸੱਜਣ ਹੀ ਨਿਤਰ ਸਕਦੇ ਹਨ।

੨ ਮਾਰਚ ਨੂੰ ਸੰਤ ਅਤਰ ਸਿੰਘ ਜੀ ਨੰਬਰ ਵਾਸਤੇ 'ਅਕਾਲੀ ਪਤ੍ਰਕਾ' ਲਾਹੌਰ ਨੂੰ ੪ ਲੇਖ ਲਿਖਕੇ ਭੇਜੇ।

ਸਾਡੇ ਦੇਸ਼ ਵਿੱਚ ਇੰਨਕਮਟੈਕਸ ਦਾ ਮਹਿਕਮਾ ਭੀ ਇੱਕ ਨੌਕਰ ਸ਼ਾਹੀ ਜ਼ਹਿਮਤ ਹੈ। ਇਸਦੇ ਕਾਰਿੰਦੇ ਪਬਲਕ ਦੀਆਂ ਨਜ਼ਰਾਂ ਵਿੱਚ ਪੁਲਸੀ ਜਮਦੂਤਾਂ ਨਾਲੋਂ ਕੋਈ ਘੱਟ ਨਹੀਂ। ਇਨ੍ਹਾਂ ਨੂੰ ਭੀ ਸਾਰਾ ਦੇਸ਼ ਦੁਸ਼ਮਨ ਹੀ



Digitized by Panjab Digital Library | www.panjabdigilib.org

ਦਿੱਸਦਾ ਹੈ। ਇਨਸਾਫ ਦੀ ਇਹ ਭੀ ਬਹੁਤ ਪ੍ਰਵਾਹ ਨਹੀਂ ਕਰਦੇ।

ਉਞ ਤਾਂ ਪੱਛਮੀ ਸਭਯਤਾ ਦੇ ਕਾਰਖਾਨੇ ਵਿੱਚ ਢਲੀ ਹੋਈ ਨੌਕਰ ਸ਼ਾਹੀ ਦੀ ਹਰ ਇੱਕ ਕਲਾ ਦਾ ਪੁਰਜਾ ਬੇ-ਦਰੇਗ ਹੋ ਉਸ ਦੇ ਅੱਗੇ ਜੋ ਸ਼ੈ ਭੀ ਆਈ ਪੀਪੂ ਹੋ ਗਈ, ਪਰ ਇਹ ਮਹਿਕਮਾ ਭੀ ਖਾਸ ਖਾਸਾਂ ਵਿੱਚੋਂ ਹੈ। ਜਿਹੜਾ ਇਸਦੀ ਜ਼ੱਦ ਵਿੱਚ ਆ ਗਿਆ, ਉਹ ਸੁਕਾ ਨਾ ਬਚਿਆ। ਜਿਸ ਉਤੇ ਇਸ ਦਾ ਵਾਰ ਹੋਇਆ, ਉਸ ਨੂੰ ਰੋਂਦੇ ਕੁਰਲਾਂਦੇ ਨੂੰ ਟੈਕਸ ਭਰਨਾ ਹੀ ਪਿਆ। ਭਰਨਾ ਪਵੇ ਭੀ ਕਿਉਂ ਨਾ? ਪਿੱਠ ਪਿਛੇ ਸਰਕਾਰ ਮਾਈ ਬਾਪ ਦਾ ਹੱਥ ਹੋਇਆ ਤੇ ਆਮਦਨੀ ਦੇ ਜ਼ਰੀਏ ਦੇ ਕਾਰਕੁਨ ਹੋਏ!

ਇਸ ਮਹਿਕਮੇ ਦੇ ਮਹਾਤਮਾਵਾਂ ਦੀ ਨਜ਼ਰੇ ਇੱਕ ਤਰਨ ਤਾਰਨ ਦਾ 'ਮੰਗੂ' ਕਸਾਈ ਭੀ ਚੜ੍ਹ ਗਿਆ। ਇਹ ਸੀ ਤਾਂ ਗਰੀਬ, ਪਰ ਸੀ ਸੁਹਣਾ ਰੋਪੋਸ਼।ਕਿਤੇ ਬੈਠਾ ਜਾਂ ਲੰਘ ਦਾ ਜਾਂਦਾ ਇਸ ਮਹਿਕਮੇ ਦੇ ਚੇਲੇ(ਚਪੜਾਸੀ) ਨੇ ਵੇਖ ਲਿਆ ਹੋਊ ਜਾਂ ਕੰਨ ਭਰੇ ਹੋਣਗੇ। ਬਸ ਫੇਰ ਕੀ ਸੀ ਇਸ ਵਿਚਾਰੇ ਉੱਤੇ 'ਟੈਕਸ' ਦੀ ਬਿੱਜ ਆ ਪਈ। ਪਰਵਾਨਾ ਵੇਖਕੇ ਮੰਗੂ ਦੇ ਔਸਾਨ ਖਤਾ ਹੋ ਗਏ। ਰੋਜ਼ਾਨਾ ਖੂਨ ਪਸੀਨਾ ਇੱਕ ਕਰਕੇ ਹਥ ਮੂੰਹ ਦੀ ਲੜਾਈ ਕਰਨ ਵਾਲਾ ਭਲਾ ਕਦ ਇਸ ਚੋਟ ਨੂੰ ਸਹਾਰ ਸਕਦਾ ਸੀ? ਤਲਮਲਾ ਉੱਠਿਆ ਤੇ ਲੱਗਾ ਮਾਰਿਆ ਮਾਰਿਆ ਫਿਰਨ। 'ਮੁੱਲਾਂ ਦੀ ਦੌੜ ਮਸੀਤ ਤਾਈਂ' ਦੀ ਕਹਾਵਤ ਅਨੁਸਾਰ ਵੈਦ ਜੀ ਪਾਸ ਆ ਫਰਯਾਦੀ ਹੋਇਆ। ਵੈਦ ਜੀ ਨੇ ਧੀਰਜ ਬਨ੍ਹਾਈ ਤੇ 'ਰੱਬ ਭਲੀ ਕਰੇਗਾ' ਆਖਕੇ ਹੌਸਲਾ ਬੰਨ੍ਹਾਇਆ।

ਵੈਦ ਜੀ ਨੇ ਸ਼ਹਿਰ ਦੇ ਹੋਰ ਕਈ ਪਤਵੰਤਿਆਂ ਨੂੰ ਪ੍ਰੇਰਿਆ ਤੇ ਹਾਕਮਾਂ ਪਾਸ ਜਾਕੇ ਕਿਹਾ ਕਿ 'ਇਸ ਵਿਚਾਰੇ ਗਰੀਬ ਮੰਗੂ ਨੂੰ ਕਿਉਂ ਮਾਰਦੇ ਹੋ। ਇਸ ਦੀ ਰੋਸ਼ ਪੋਸ਼ ਵਲ ਨਾ ਵੇਖੋ। ਘਰ ਵਿੱਚ ਤਾਂ ਵਿਚਾਰੇ ਦੇ ਭੰਗ ਭੁਜਦੀ ਹੈ।' ਆਦਿ।

ਇਸੇ ਸਿਲਸਿਲੇ ਵਿੱਚ ੩ ਮਾਰਚ ਨੂੰ ਅਫਸਰ ਦੇ ਸੌਹੇਂ ਜਾਕੇ ਆਪ ਨੇ ਉਗਾਹੀ ਦਿੱਤੀ ਤੇ ਇਸ ਵਿਚਾਰੇ ਦੀ ਖਲਾਸੀ ਕਰਾਈ।



Digitized by Panjab Digital Library | www.panjabdigilib.org

ਇਸ ਨੂੰ ਆਖਦੇ ਹਨ ਸਮ ਦਰਸਤਾ ਤੇ ਇਨਸਾਨੀ ਜੀਵਣ ਨਾਲ ਪਿਆਰ। ਮੁਸਲਮਾਨ ਹੈ,ਕਸਾਈ ਹੈ,ਪਰ ਹੈ ਮਜ਼ਲੂਮ। ਸ਼ਰਨ ਆਇਆ ਹੈ, ਆਪ ਵਿਤੋਂ ਵੱਧਕੇ ਮਦਦ ਕਰਦੇ ਹਨ। ਹੈ ਕਿ ਨਾ ਗੁਰੂ ਨਾਨਕ ਦੀ ਸਿੱਖੀ ਦੇ ਕ੍ਰਿਸ਼ਮੇ ? ਇਹ ਇੱਕ ਨਮੂਨੇ ਮਾਤ੍ਰ ਹੈ।

ਵੈਦ ਜੀ ਦੇ ਜੀਵਣ ਵਿੱਚ ਸੈਂਕੜੇ ਅਜੇਹੇ ਤੇ ਇਸ ਨਾਲੋਂ ਕਿਤੇ ਵਧੀਕ ਮਾਮਲੇ ਹੋ ਗੁਜ਼ਰੇ ਹਨ। ਇਸੇ ਕਰਕੇ ਤਾਂ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਆਦਿਕ ਹਰ ਮੱਤ ਦੇ ਬੰਦੇ ਆਪ ਨੂੰ ਫਰਿਸ਼ਤਾ ਸੀਰਤ ਤੇ ਮਹਾਂ ਪੁਰਖ ਆਖ ਆਖ ਵਿਛੋੜੇ ਵਿੱਚ ਪਏ ਖੂਨ ਦੇ ਅੱਥਰੂ ਰੋ ਰਹੇ ਹਨ।

> "੫ ਮਾਰਚ ਨੂੰ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਵਿੱਚ ਸ਼੍ਰੋ: ਗੁ: ਪ੍ਰ: ਕਮੇਟੀ ਦੀ ਜਨਰਲ ਇਕੱਤ੍ਰਤਾ ਵਿੱਚ ਗਏ।"

ਗਿਆਨੀ ਹੀਰਾ ਸਿੰਘ ਜੀ ਦਰਦ ਨੇ ਫੁਲਵਾੜੀ ਦਾ ਤਰਨ ਤਾਰਨ ਨੰਬਰ ਕੱਢਣਾ ਸੀ। ੬ ਮਾਰਚ ਨੂੰ ਆਪ ਵੈਦ ਜੀ ਪਾਸ ਆਏ ਵਿਚਾਰਾਂ ਕੀਤੀਆਂ ਤੇ ਲੇਖਾਂ ਵਾਸਤੇ ਮੰਗ ਕੀਤੀ। ਵੈਦ ਜੀ ਲਿਖਦੇ ਹਨ:-

> "੧੪ ਮਾਰਚ ਦਾ ਸਾਰਾ ਦਿਨ ਇਨ੍ਹਾਂ ਲੇਖਾਂ ਦੀ ਛਾਂਟ ਛਟਾਈ ਤੇ ਲਿਖ ਲਿਖਾਈ ਆਦਿ ਵਿਚ ਹੀ ਲਗਾ।"

ਇਸੇ ਸਮੇਂ ਭਾਈ ਵੀਰ ਸਿੰਘ ਜੀ ਵਲੋਂ ਸਿੰਘ ਸਭਾ ਅੰਮ੍ਰਿਤਸਰ ਆਦਿਕ ਪੁਰਾਤਨ ਗੁਰ ਸਿੱਖ ਸੰਸਥਾਵਾਂ ਦੀ ਬਣਾਵਟ, ਅਰੰਭ ਦਾ ਸੰਮਤ ਤਰੀਕਾਂ ਮਹੀਨੇ ਆਦਿ ਤੇ ਹੋਰ ਤਮਾਮ ਸਮਾਚਾਰ ਲਿਖ ਭੇਜਣ ਲਈ ਜ਼ਰੂਰੀ ਸੁਨੇਹਾ ਆਇਆ। ਸੋ ਤਿੰਨ ਚਾਰ ਦਿਨ ਦੀ ਲਗਾਤਾਰ ਛਾਂਟ ਛੰਟਾਈ ਤੇ ਲਿਖ ਲਿਖਾਈ ਦੀ ਮਿਹਨਤ ਪਿਛੋਂ ਆਪ ਨੇ ੧੭ ਮਾਰਚ ਨੂੰ ਇਹ ਸਭ ਕੁਛ ਲਿਖ ਕੇ ਭਾਈ ਵੀਰ ਸਿੰਘ ਜੀ ਨੂੰ ਦਫਤ੍ਰ ਸਮਾਚਾਰ ਵਿੱਚ ਭੇਜਿਆ।

ਇਸੇ ਬਾਰੇ 'ਫੁਲਵਾੜੀ' ਦੇ ਤਰਨ ਤਾਰਨ ਨੰਬਰ ਦੇ ਸਫਾ ੫੭੦ ਉੱਤੇ 'ਇਕ ਇਤਿਹਾਸਕ ਲਿਖਤ' ਦੀ ਸੁਰਖੀ ਹੇਠ ਗਿਆਨੀ ਜੀ ਲਿਖਦੇ ਹੋਏ ਬਾਰੀਕ ਅੱਖਰਾਂ ਦੇ ਭੂਮਿਕਾਈ ਨੋਟ ਵਿਚ ਲਿਖਦੇ ਹਨ:-



Digitized by Panjab Digital Library | www.panjabdigilib.org

"ਸਿਖ ਇਤਿਹਾਸ ਖਿੰਡਿਆ ਪੁੰਡਿਆ ਤੇ ਅਧੂਰਾ ਪਿਆ ਹੈ, ਸਾਨੂੰ ਸਿਖ ਇਤਿਹਾਸ ਸੰਬੰਧੀ ਜੋ ਵੀ ਬਹੁ ਮੁਲੀ ਲਿਖਤ ਮਿਲਦੀ ਹੈ, ਫੁਲਵਾੜੀ ਵਿਚ ਛਾਪ ਦੇਂਦੇ ਹਾਂ ਤਾਂ ਜੋ ਸੰਭਾਲੀ ਜਾਵੇ। ਸ੍ਰੀ ਮਾਨ ਭਾਈ ਸਾਹਿਬ ਵੀਰ ਸਿੰਘ ਜੀ ਦੀ ਮੰਗ ਉਤੇ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਨੇ ਬੜੀ ਮਿਹਨਤ ਨਾਲ ਹੇਠਾਂ ਲਿਖੀ ਲਿਖਤ ਤਿਆਰ ਕਰ ਕੇ ਭੇਜੀ ਸੀ, ਸੋ ਸੰਗਤਾਂ ਦੇ ਲਾਭ ਹਿਤ ਇਸ ਨੂੰ ਵੀ ਅਸੀਂ ਏਥੇ ਦਰਜ ਕਰਦੇ ਹਾਂ।"

ਅੱਗੇ "ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ, ਗੁਰਮਤ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ, ਖਾਲਸਾ ਬਰਾਦਰੀ ਅੰਮ੍ਰਿਤਸਰ, ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਖਾਲਸਾ ਦੀਵਾਨ ਲਾਹੌਰ, ਚੀਫ ਖਾਲਸਾ ਦੀਵਾਨ, ਖਾਲਸਾ ਕਾਲਜ ਅੰਮ੍ਰਿਤਸਰ, ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ੮ ਸੁਰਖੀਆਂ ਹੇਠ ਇਹ ਅਮੋਲਕ ਲੇਖ ਦਰਜ ਹੈ।"

੨੪ ਮਾਰਚ ਨੂੰ ਮਹਾਰਾਣੀ ਸਾਹਿਬਾ ਕਪੂਰਥਲਾ ਤਰਨ ਤਾਰਨ ਦਰਬਾਰ ਸਾਹਿਬ ਵਿਚ ਆਏ। ਵੈਦ ਜੀ ਇਕ ਗੁਰਸਿਖ ਦੀ ਹੈਸੀਅਤ ਵਿਚ ਯੋਗ ਸੇਵਾ ਲਈ ਮਿਲੇ। ਮਹਾਰਾਣੀ ਸਾਹਿਬਾ ਦੇ ਦਰਸ਼ਨਾਂ ਤੇ ਸੁਭਾਵ ਤੋਂ ਵੈਦ ਜੀ ਦੇ ਸ੍ਵਛ ਹਿਰਦੇ ਤੇ ਜੋ ਅਸਰ ਹੋਇਆ ਉਹ ਇਸ ਤਾਰੀਖ ਦੇ ਡਾਇਰੀ ਨੋਟ ਵਿਚੋਂ ਆਪਣੇ ਆਪ ਫੁਟ ਫੁਟ ਪਿਆ ਦਸ ਰਿਹਾ ਹੈ। ਆਪ ਲਿਖਦੇ ਹਨ:-

"ਮਹਾਰਾਣੀ ਸਾਹਿਬਾ ਕਪੂਰਥਲਾ ਯਾਤ੍ਰਾ ਤੇ ਅਖੰਡ ਪਾਠ ਅਰੰਭ ਕਰਾਣ ਆਏ। ਆਪ ਦਾ ਮਾਤਾ ਜੇਹਾ ਸੁਭਾ, ਸਾਦਗੀ ਤੇ ਨਿਮ੍ਰਤਾ ਦਾ ਬੜਾ ਹੀ ਅਸਰ ਪਿਆ।"

ਇਸੇ ਦਿਨ ੭ ਤੋਂ ੧੨ ਬਜੇ ਰਾਤ ਤਕ ਆਪ ਲੋ: ਗੁ: ਪ੍ਰ: ਕਮੇਟੀ ਵਿਚ ਰਹੇ।

੨੫ ਮਾਰਚ ਨੂੰ ਸੇਵਾ ਭਾਵ ਤੇ ਗੁਰਸਿਖੀ ਪ੍ਰੇਮ ਦੇ ਚਾ ਵਿਚ ਪੁਰਾਣੇ ਤੇ ਨਵੇਂ (ਪਿਛਲੇ ਤੇ ਹੁਣ ਦੇ) ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਦਾ ਪ੍ਰਸ਼ਾਦ ਘਰ ਕੀਤਾ ਤੇ ਡਾਢੇ ਪ੍ਰੇਮ ਨਾਲ ਛਕਾਇਆ।



Digitized by Panjab Digital Library | www.panjabdigilib.org

"੨੭ ਮਾਰਚ ਨੂੰ ਸ: ਬਖਸ਼ੀਸ਼ ਸਿੰਘ ਐਡੀਟਰ ਦੀ ਖਾਲਸਾ ਲਾਹੌਰ ਆਏ ਦੋਵੇਂ ਸਾਕੇ (ਨਨਕਾਣਾ ਤੇ ਤਰਨ ਤਾਰਨ) ਤੇ ਹੋਰ ਇਸ਼ਤਿਹਾਰ ਲੈ ਗਏ।"

"੨੮ ਨੂੰ ਪ੍ਰੀਤਮ ਦਾ ਮੈਨੇਜਰ ੧ ਕਵਿਤਾ ਪ੍ਰੀਤਮ ਲਈ ਲੈ ਗਿਆ।"

ਪੰਜ ਸਤ ਦਿਨ ਆਪ ਨੇ ਫੁਲਵਾੜੀ ਦੇ ਤਰਨ ਤਾਰਨ ਨੰਬਰ ਲਈ ਲਾਏ ੨੯, ੩੦ ਤੇ ੩੧ ਮਾਰਚ ਨੂੰ ਇਸੇ ਕੰਮ ਵਿਚ ਰੁਝੇ ਰਹੇ ੨ ਅਪ੍ਰੈਲ ਦੇ ਨੋਟ ਵਿਚ ਲਿਖਦੇ ਹਨ:—

"ਅਜ ਤਕ ਫੁਲਵਾੜੀ ਦੇ ਤਰਨ ਤਾਰਨ ਨੰਬਰ ਵਾਸਤੇ ੧੧੦ ਸਫੇ ਦੇ ਕਰੀਬ ਦਾ ਮੈਟਰ ਮੁਕੰਮਲ ਕਰ ਕੇ ਲਾਹੌਰ ਭੇਜਿਆ।"

ਇਸੇ ਹੀ ਸੰਬੰਧ ਵਿਚ ਫੇਰ ੧੪ ਮਾਰਚ ਨੂੰ ਗਿ: ਹੀਰਾ ਸਿੰਘ* ਜੀ ਦਰਦ ਆਏ ਤੇ ਤਿੰਨ ਦਿਨ ਵੈਦ ਜੀ ਨੇ ਗਿਆਨੀ ਜੀ ਨਾਲ ਆਪ ਹੋ ਕੇ ਗੁਰਦੁਆਰਾ, ਗੁਰੂ ਕਾ ਖੂਹ ਤੇ ਹੋਰ ਇਤਿਹਾਸਕ ਥਾਵਾਂ ਵਿਖਾਈਆਂ, ਲੇਖ ਆਦਿ ਲਿਖੇ ਤੇ ਸੋਧ ਕੇ ਦਿੱਤੇ। ਇਹ ਗਲ ਨਿਧੜਕਤਾ ਨਾਲ ਕਹੀ ਜਾ ਸਕਦੀ ਹੈ ਕਿ ਵੈਦ ਜੀ ਨੇ ਫੁਲਵਾੜੀ ਦਾ ਇਹ 'ਤਰਨ ਤਾਰਨ' ਨੰਬਰ ਪ੍ਰਕਾਸ਼ਤ ਕਰਨ ਵਿਚ ਬੁਨਯਾਦ ਦਾ ਕੰਮ ਦਿਤਾ। ਵੈਦ ਜੀ ਦੀ ਮਦਦ ਬਿਨਾਂ ਇਸ ਗਏ ਗੁਜ਼ਰੇ ਸਮੇਂ ਵਿਚ ਜੇ ਅਸੰਭਵ ਨਹੀਂ ਤਾਂ ਇਸ ਤਰ੍ਹਾਂ ਦਾ ਨੰਬਰ ਪ੍ਰਕਾਸ਼ਤ ਕਰਨਾ ਮਹਾਂ ਕਠਨ ਜ਼ਰੂਰ ਸੀ।

ਵੈਦ ਜੀ ਦੀ ਲਾਇਬ੍ਰੇਰੀ ਤੇ ਆਪ ਦੀ ਜ਼ਾਤੀ ਵਾਕਫੀ ਦੀ ਮਦਦ ਨਾਲ ਹੀ ਇਹੁ ਸਿਰੇ ਚੜ੍ਹ ਸਕਿਆ। ਇਸ ਬਾਰੇ 'ਦਰਦ' ਜੀ ਖੁਦ ਇਸੇ

---

*ਗਿਆਨੀ ਹੀਰਾ ਸਿੰਘ ਜੀ ਦਰਦ:—ਘਘਰੋਟ ਜ਼ਿਲਾ ਰਾਵਲ ਪਿੰਡੀ ਵਿਚ ੩੦ ਸਤੰਬਰ ੧੮੯੦ ਨੂੰ ਆਪ ਜੀ ਦਾ ਜਨਮ ਹੋਇਆ। ਆਪ ਤਕੜੇ ਅਖਬਾਰ ਨਵੀਸ ਹਨ। ਅਕਾਲੀ ਲਹਿਰ ਵਿਚ ਚੋਖਾ ਹਿੱਸਾ ਲੈਂਦੇ ਰਹੇ। ਅਜ ਕਲ ਕਾਂਗਰਸੀ ਹਨ। ਫੁਲਵਾੜੀ ਆਪ ਦੀ ਹੀ ਹਿੰਮਤ ਦਾ ਫਲ ਹੈ ਤੇ ੧੯੨੪ ਤੋਂ ਲਗਾ-ਤਾਰ ਸੇਵਾ ਕਰ ਰਹੀ ਹੈ।



Digitized by Panjab Digital Library | www.panjabdigilib.org

ਨੰਬਰ ਦੇ ੪੮੧ ਸਫੇ ਤੇ 'ਸ੍ਰੀ ਤਰਨ ਤਾਰਨ ਦਾ ਪੁਰਾਤਨ ਇਤਿਹਾਸ' ਦੀ ਸੁਰਖੀ ਹੇਠ ਲੇਖ ਲਿਖਣ ਲੱਗੇ ਭੂਮਕਾਈ ਨੋਟ ਵਿਚ ਵੈਦ ਜੀ ਦਾ ਧੰਨਵਾਦ ਕਰਦੇ ਹੋਏ ਇਸ ਤਰ੍ਹਾਂ ਲਿਖਦੇ ਹਨ:—

"ਸ੍ਰੀ ਤਰਨ ਤਾਰਨ ਕੋਈ ਬਹੁਤ ਪੁਰਾਣੀ ਵਸਤੀ ਨਹੀਂ ਹੈ, ਪਰ ਫਿਰ ਭੀ ਇਸ ਦਾ ਪੁਰਾਤਨ ਇਤਿਹਾਸ ਬੜਾ ਦਿਲਚਸਪ ਤੇ ਵਾਕਫੀਆਂ ਨਾਲ ਭਰਪੂਰ ਹੈ। ਇਸਦੇ ਇਤਿਹਾਸ ਦਾ ਜਿਤਨਾ ਮਸਾਲਾ ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਪਾਸ ਮੌਜੂਦ ਹੈ, ਮੇਰੀ ਵਾਕਫੀ ਵਿਚ ਇਤਨਾ ਹੋਰ ਕਿਸੇ ਪਾਸ ਨਹੀਂ ਹੈ। ਇਨ੍ਹਾਂ ਦੇ ਹੋਨਹਾਰ ਸਪੁਤ੍ਰ ਸ੍ਰ: ਜਗਜੀਤ ਸਿੰਘ ਜੀ ਨੇ ਸਭ ਤੋਂ ਪਹਿਲਾਂ 'ਸੰਖੇਪ ਇਤਿਹਾਸ ਸ੍ਰੀ ਦਰਬਾਰ ਸਾਹਿਬ* ਤਰਨ ਤਾਰਨ' ਨਾਮੀ

---

*ਡਾਕਟਰ ਜਗਜੀਤ ਸਿੰਘ ਜੀ ਐਮ. ਬੀ. ਬੀ. ਐਸ. ਦੀ ੧੮ ਸਾਲ ਦੀ ਆਯੂ ਵਿਚ ਲਿਖੀ ਹੋਈ ਇਹ ਪਹਿਲੀ ਪੁਸਤਕ ਹੈ। ਕਾਰ ਸੇਵਾ ਸਮੇਂ 'ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ' ਤਰਨ ਤਾਰਨ ਵਲੋਂ ਛਾਪੀ ਗਈ ਸੀ। ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਦੀ ਵਾਕਫੀ ਲਈ ਇਕ ਕਮਾਲ ਦੀ ਜ਼ਰੂਰੀ ਤੇ ਪਹਿਲੀ ਪੁਸਤਕ ਹੈ। ਇਸੇ ਨੂੰ ਵੇਖ ਕੁਝ ਕੁ ਹੋਰ ਗੁਰਦਵਾਰਾ ਕਮੇਟੀਆਂ ਨੇ ਆਪਣੇ ੨ ਗੁਰਦਵਾਰਿਆਂ ਦਾ ਇਤਿਹਾਸ ਭੀ ਲਿਖਵਾਇਆ। ਚਾਹੀਦਾ ਹੈ ਜੋ ਹਰ ਗੁਰਦਵਾਰਾ ਕਮੇਟੀ ਆਪਣੇ ੨ ਗੁਰਦਵਾਰੇ ਦਾ ਪੂਰਾ ਪੂਰਾ ਇਤਿਹਾਸ ਲਿਖਵਾਕੇ ਛਪਵਾਏ ਤਾਂ ਕਿ ਯਾਤਰੂਆਂ ਲਈ ਗੁਰਧਾਮਾਂ ਦੀ ਮਹੱਤਤਾ ਸਮਝਣ ਲਈ ਸੁਖਾਲ ਹੋ ਜਾਵੇ, ਆਦਿ।

ਡਾਕਟਰ ਸਾਹਿਬ ਦੀ ਇਹ ਪੁਸਤਕ (੧) ਸ੍ਰੀ ਤਰਨ ਤਾਰਨ (੨) ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਇਤਿਹਾਸ (੩) ਅਕਾਲੀ ਲਹਿਰ (੪) ਸ੍ਰੀ ਦਰਬਾਰ ਸਾਹਿਬ (੫) ਹਰਕੀ ਪੌੜੀ (੬) ਪ੍ਰੋਗਰਾਮ (੭) ਜਗੀਰ ਤੇ ਚੜ੍ਹਾਵਾ (੮) ਸਰੋਵਰ ਤੇ ਪਰਕਰਮਾਂ (੯) ਬੁੰਗੇ (੧੦) ਹੰਸਲੀ' (੧੧) ਕਾਰ ਸੇਵਾ (੧੨) ਬਿਜਲੀ (੧੩) ਮੰਜੀ ਸਾਹਿਬ (੧੪) ਕੋੜ੍ਹ ਗੜ੍ਹ ਤੇ (੧੫) ਲੰਗਰ ਆਦਿ ਸੁਰਖੀਆਂ ਹੇਠ ਪੰਜਾਹ ਸਫੇ ਦੀ ਹੈ। ਗੱਲ ਕੀ ਇਸ ਵਿਚ ਸ੍ਰੀ ਦਰਬਾਰ ਸਾਹਿਬ ਸਰੋਵਰ ਤੇ ਹੋਰ ਸੰਬੰਧਤ ਗੁਰਦਵਾਰੇ ਅਰ ਨਗਰ ਆਦਿ ਦਾ ਇਤਿਹਾਸ ਚੰਗੀ ਤਰ੍ਹਾਂ ਦੱਸਿਆ ਗਿਆ ਹੈ।



Digitized by Panjab Digital Library | www.panjabdigilib.org

ਇਤਿਹਾਸਕ ਪੁਸਤਕ ਲਿਖੀ, ਜਿਸ ਨੂੰ ਤਰਨ ਤਾਰਨ ਲੋ: ਗੁ: ਕਮੇਟੀ ਨੇ ਛਪਵਾ ਕੇ ਵੰਡਿਆ ਸੀ। ਹੇਠਾਂ ਅਸੀਂ ਜੋ ਸ੍ਰੀ ਤਰਨ ਤਾਰਨ ਦਾ ਪੁਰਾਤਨ ਇਤਿਹਾਸ ਲਿਖ ਰਹੇ ਹਾਂ, ਇਹ ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਦੀ ਲਾਇਬ੍ਰੇਰੀ ਅਤੇ ਉਨ੍ਹਾਂ ਦੀ ਜ਼ਬਾਨੀ ਵਾਕਫੀ ਦੀ ਮਦਦ ਨਾਲ ਅਤੇ ਸ੍ਰ: ਜਗਜੀਤ ਸਿੰਘ ਜੀ ਦੀ ਦੂਜੀ ਵੇਰ ਸੋਧੀ ਹੋਈ ਪੁਸਤਕ ਦੀ ਸਹਾਇਤਾ ਨਾਲ ਲਿਖ ਰਹੇ ਹਾਂ,ਜਿਸ ਲਈ ਅਸੀਂ ਉਨ੍ਹਾਂ ਦੇ ਸੱਚੇ ਦਿਲੋਂ ਧੰਨਵਾਦੀ ਹਾਂ।"

੩੧ ਮਾਰਚ ਨੂੰ ਸ੍ਰੀ ਦਰਬਾਰ ਸਾਹਿਬ ਚੜ੍ਹਤ ਦੇ ਬਸਤ੍ਰ ਗਰੀਬਾਂ ਅਨਾਥਾਂ ਨੂੰ ਵੰਡਣ ਵਿਚ ਆਪ ਦਾ ਸਮਾਂ ਸਰਫ ਹੋਇਆ।

੩੦ ਅਪ੍ਰੈਲ ਨੂੰ ਭਾਈ ਤਖਤ ਸਿੰਘ ਜੀ ਫੀਰੋਜ਼ ਪੁਰ ਤੋਂ ਕੁਝ ਪੁਸਤਕਾਂ ਵੇਖਣ ਲਈ ਆਏ, ਵੇਖ ਗਏ।

੨੪ ਮਈ ਦਾ ਡਾਇਰੀ ਨੋਟ:-

"ਸਕੂਲਾਂ ਦੀ ਗ੍ਰਾਂਟ ਦੇ ਸੰਬੰਧ ਵਿਚ ਪ੍ਰਧਾਨ ਸਮਾਲ ਟਾਊਨ ਕਮੇਟੀ ਦੇ ਬਹੁਤ ਸਾਰਾ ਸਮਾਂ ਲਗਾ।"

੯ ਜੂਨ ਨੂੰ ਛੇਵੇਂ ਪਾਤਸ਼ਾਹ ਦੇ ਅਵਤਾਰ ਧਾਰਨ ਦੇ ਗੁਰਪੁਰਬ ਦੀਵਾਨ ਵਿਚ ਰੁੱਝੇ ਰਹੇ।

ਕਿੰਨਿਆਂ ਕੁ ਦਾ ਜ਼ਿਕਰ ਕੀਤਾ ਜਾਵੇ ਜੋ ਵਾਹਿਗੁਰੂ ਦੇ ਭਰੋਸੇ ਆਪ ਦੇ ਹਥੋਂ ਵਰੋਸਾਏ। ਸੈਂਕੜੇ ਘਰ ਆਪ ਦੀ ਵੈਦਗੀ ਨਾਲ ਵੱਸੇ (ਸੰਤਾਨ ਹੋਈ) ਹਜ਼ਾਰਾਂ ਮਾਯੂਸ ਨਾ ਉਮੈਦ.ਬੀਮਾਰ ਰਾਜ਼ੀ ਹੋਏ ਤੇ ਲੱਖਾਂ ਨੇ ਆਪ ਪਾਸੋਂ ਮੁਫਤ ਇਲਾਜ ਕਰਾਇਆ।

ਇਕ ਮਜੀਠੇ ਦਾ ਸਰਦਾਰ ਭੀ ਇਸੇ ਤਰ੍ਹਾਂ ਆਪ ਪਾਸ ਆਇਆ। ਆਪ ਦੇ ਇਲਾਜ ਨਾਲ ਉਸ ਦੇ ਸੰਤਾਨ ਹੋਈ,ਤੇ ੧੦ ਜੂਨ ੧੯੩੩ ਨੂੰ ਸਰਦਾਰਨੀ, ਮਾਨ ਤੇ ਹੁਲਾਸ ਭਰੇ ਹਿਰਦੇ ਨਾਲ ਮਾਯਾ ਦਾ ਗੱਫਾ ਤੇ ਇਕ ਥਾਨ ਮਲਮਲ



Digitized by Panjab Digital Library | www.panjabdigilib.org

ਦਾ ਸਿਰੋਪਾਉ ਵਜੋਂ ਆਪ ਜੀ ਦੀ ਭੇਟਾ ਕਰਨ ਲਈ ਹਾਜ਼ਰ ਹੋਈ। ਪਰ ਅੱਗੋਂ ਵੈਦ ਜੀ ਨੇ ਆਪਣੇ ਬੱਧੇ ਹੋਏ ਅਸੂਲ ਮੂਜਬ ਕਬੂਲ ਨਾ ਕੀਤੇ ਤੇ ਬੜੀ ਅਧੀਨਗੀ ਤੇ ਪ੍ਰੇਮ ਸਹਿਤ ਧੰਨਵਾਦ ਕਰਦੇ ਹੋਇਆਂ ਵਾਪਸ ਕੀਤੇ।

ਇਨ੍ਹੀ ਦਿਨੀ ਅਕਾਲੀਆਂ ਵਿਚ ਅਹੰਕਾਰ, ਖੁਦਗਰਜ਼ੀ, ਲਾਲਚ, ਲੋਭ ਤੇ ਫੁੱਟ ਦਾ ਦੌਰ ਦੌਰਾ ਸੀ। ਓਹ ਚੜ੍ਹਦੀ ਕਲਾ ਦੀ ਸ਼ਾਨ ਢਹਿੰਦੀਆਂ ਕਲਾਂ ਵਿਚ ਆ ਚੁੱਕੀ ਸੀ। ਜਿਸ ਦਾ ਫੋਟੋ ਵੈਦ ਜੀ ਦੀਆਂ ਡਾਇਰੀਆਂ ਦੀ ਲਿਖਤ ਵਿਚੋਂ ਸੁਹਣਾ ਸਾਫ ਦਿਖਾਈ ਦਿੰਦਾ ਹੈ।

੧੭ ਜੂਨ ਨੂੰ ਨਵੀਂ ਬਣੀ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੀ ਮੀਟਿੰਗ ਹੋਈ, ਇਸ ਵਿਚ ਪ੍ਰਧਾਨ ਮੀਤ ਪ੍ਰਧਾਨ ਤੇ ਅੰਤ੍ਰੰਗ ਕਮੇਟੀ ਦੇ ਮੈਂਬਰਾਂ ਆਦਿ ਦੀ ਚੋਣ ਹੋਣੀ ਸੀ। ਖੂਬ ਜੁਤੀ ਖੌਂਸੜਾ ਹੋਇਆ। ਇਸ ਮੀਟਿੰਗ ਬਾਰੇ ਵੈਦ ਜੀ ਹਸਰਤ ਭਰੇ ਦਿਲ ਨਾਲ ਲਿਖਦੇ ਹਨ:–

"ਬਹੁਤ ਅਫਸੋਸਨਾਕ ਨਜ਼ਾਰੇ ਵੇਖ ਕੇ ਅਫਸੋਸ ਹੋਇਆ।"

੨੧ ਜੂਨ ਨੂੰ ਮਹਾਂ ਦਾਨੀ ਸ: ਬ: ਸ: ਧਰਮ ਸਿੰਘ ਜੀ ਦਿੱਲੀ ਵਾਲਿਆਂ ਦੇ ਅਕਾਲ ਪੁਰੀ ਨੂੰ ਸਿਧਾਰ ਜਾਣ ਦੀ ਦੁਖਦਾਈ ਖਬਰ ਸਿਖ ਪੰਥ ਵਿਚ ਖਾਸ ਕਰਕੇ ਤੇ ਆਮ ਜੰਤਾ ਵਿਚ ਆਮ ਕਰਕੇ ਸੁਣੀ ਗਈ। ਪ੍ਰੇਮੀਆਂ ਦੇ ਹਿਰਦੇ ਵਿਦੀਰਨ ਹੋ ਗਏ। ਵੈਦ ਜੀ ਦਾ ਡਾਇਰੀ ਨੋਟ ਹੈ ਤਾਂ ਨਿੱਕਾ ਜੇਹਾ, ਪਰ ਹੈ ਡਾਢਾ ਦਰਦ ਭਰਿਆ, ਜੋ ਇਸਤਰ੍ਹਾਂ ਹੈ:–

"ਸ: ਬ: ਸ: ਧਰਮ ਸਿੰਘ ਜੀ ਦੇ ਚਲਾਣੇ ਦੀ ਖਬਰ ਪਹੁੰਚਣ ਤੇ ਬੜਾ ਹੀ ਸ਼ੋਕ! ਸ਼ੋਕ ਹੋਇਆ!!"

ਆਪ ਦੇ ਜੀ ਵਿਚ ਜੋ ਗੱਲ ਆ ਗਈ ਉਹ ਖਾਲੀ ਨਾ ਗਈ। ਜੋ ਸਮਾ ਗਈ ਉਹ ਕੁਝ ਬਣ ਕੇ ਹੀ ਨਿਕਲੀ। ਸ੍ਰ: ਧਰਮ ਸਿੰਘ ਜੀ ਆਪ ਦੇ ਹਮ ਉਮਰ ਤੇ ਸੱਜਣ ਸਨ। ਵਿਛੋੜੇ ਦੀ ਸੱਟ ਘਾਵ ਕਰ ਗਈ, ਬਸ ਫੇਰ ਕੀ ਸੀ, ਆਪ ਨੇ ਕਲਮ ਫੜੀ ਤੇ ਯਾਦਗਾਰ ਦੇ ਤੌਰ ਤੇ ਸੱਜਣ ਦਾ ਸੰਖੇਪ ਜੀਵਣ ਲਿਖ ਮਾਰਿਆ। ਇਸ ਦਾ ਨਾਮ ਭੀ ਆਪ ਨੇ ਚੁਣ ਕੇ 'ਸੱਜਣ ਵਿਛੋੜਾ' ਰੱਖਿਆ ਤੇ ੨੯ ਜੂਨ ਤਕ ਲਿਖ ਕੇ ਛਪਣ ਲਈ ਦੇ ਦਿੱਤਾ।



Digitized by Panjab Digital Library | www.panjabdigilib.org

੧੦ ਜੁਲਾਈ ਨੂੰ ਦਿੱਲੀ ਪਹੁੰਚ ਸ੍ਰ: ਬ: ਸ: ਧਰਮ ਸਿੰਘ ਜੀ ਦੀਆਂ ਅਸਥੀਆਂ ਦੇ ਯਾਦਗਾਰੀ ਮਾਤਮੀ ਜਲੂਸ ਵਿੱਚ ਸ਼ਾਮਲ ਹੋਏ,ਜੋ ਸੀਸ ਗੰਜ, ਮਜਨੂੰ ਟਿਲੇ ਆਦਿ ਗੁਰਦੁਆਰਿਆਂ ਦੀ ਯਾਤਰਾ ਕਰਦਾ ਜਮਨਾ ਘਾਟ ਪੁੱਜਾ ਤੇ ਓਥੇ ਜਮਨਾਂ ਵਿੱਚ ਅੰਸਥ ਪ੍ਰਵਾਹ ਕੀਤੇ ਗਏ। ਇਸ ਪਿਛੋਂ ਸਤਸੰਗ ਦੀਵਾਨ ਸਜਿਆ ਜਿਸ ਵਿੱਚ ਆਪ ਨੇ ਸਜਲ ਨੇਤਰਾਂ ਨਾਲ ਵਿਛੜੇ ਸੱਜਣ ਦੀ ਯਾਦ 'ਸੱਜਣ ਵਿਛੋੜਾ'* ਵੰਡਿਆ।

੧੧ ਤੇ ੧੨ ਜੁਲਾਈ ਨੂੰ ਸ੍ਰ: ਬਹਾਦਰ ਦੇ ਟਰਸਟ ਦੀ ਕਮੇਟੀ ਵਿੱਚ ਸ਼ਾਮਲ ਹੋ ਵਿਚਾਰਾਂ ਕਰਦੇ ਰਹੇ ਤੇ ੧੩ ਨੂੰ ਮੁੜ ਤਰਨ ਤਾਰਨ ਵਾਪਸ ਆਏ ।

੪ ਅਗਸਤ ਨੂੰ ਤਰਨ ਤਾਰਨ ਵਿੱਚ ਨਵੀਂ ਬਣੀ ਲੋ: ਗੁ: ਪ੍ਰ: ਕਮੇਟੀ ਦੀ ਪਹਿਲੀ ਇਕੱਤ੍ਰਤਾ ਹੋਈ, ਜਿਸ ਵਿੱਚ ਪ੍ਰਧਾਨ ਸ੍ਰ: ਅਮਰ ਸਿੰਘ ਜੀ ਝੱਬਾਲ ਤੇ ਮੀਤ ਪ੍ਰਧਾਨ ਬਾਬਾ ਸ਼ੇਰ ਸਿੰਘ ਜੀ ਵੇਈਂ ਪੂਈਂ ਚੁਣੇ ਗਏ।

੨੩ ਅਗਸਤ ਨੂੰ ਪ੍ਰੋਫੈਸਰ ਗੰਗਾ ਸਿੰਘ ਜੀ ਹੱਥ–ਜੋ ਮਸੂਰੀ ਨੂੰ ਜਾ ਰਹੇ ਸਨ–੨੧੪ ਪੁਸਤਕ ਤੇ ਹੋਰ ਟ੍ਰੈਕਟ ਤੇ ਹੈਂਡ ਬਿਲ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਮਸੂਰੀ ਨੂੰ ਲਾਇਬਰੇਰੀ ਤੇ ਵੰਡਣ ਵਾਸਤੇ ਭੇਜੇ।

੨੭ ਅਗਸਤ ਨੂੰ ਆਪ ਹਰਦਵਾਰ ਦੀ ਯਾਤ੍ਰਾ ਨੂੰ ਤੁਰੇ। ਏਥੋਂ ਅੱਗੇ ਮਥਰਾ,ਬਿੰਦ੍ਰਾਬਨ ਆਗਰਾ, ਗਵਾਲੀਅਰ, ਆਦਿਕ ਵੇਖਦੇ ਹੋਏ, ਸ੍ਰੀ ਹਜ਼ੂਰ ਸਾਹਿਬ ਪਹੁੰਚੇ, ਸਟੇਸ਼ਨ ਤੇ ਹੀ ਸਰਦਾਰ ਧਰਮ ਸਿੰਘ ਜੀ ਸਰਬਰਾਹ ਅਦਿ ਆਏ ਹੋਏ ਸਨ। ਏਥੇ ਇਨੀ ਦਿਨੀ ਪਲੇਗ ਪਈ ਹੋਈ ਸੀ। ਸ਼ਹਿਰ ਨੰਦੇੜ ਵੈਰਾਨ ਸੁਨਸਾਨ ਦਿੱਸਦਾ ਸੀ। ਇਸ ਲਈ ਗੁਰਦੁਆਰਾ ਸਾਹਿਬ ਦੀ ਯਾਤਰਾ ਕਰ ਤੁਰ ਪਏ। ਇਹ ਸਾਰਾ ਚੱਕਰ ਆਪ ਨੇ ਦੋ ਹਫਤੇ ਵਿੱਚ ਲਾਇਆ ਤੇ ੧੧ ਸਤੰਬਰ ਸ਼ਾਮ ਨੂੰ ਵਾਪਸ ਤਰਨ ਤਾਰਨ ਪੁੱਜ ਗਏ।

---

*ਚਾਹਵਾਨ ਸੱਜਣ ਭਾਈ ਮੋਹਨ ਸਿੰਘ ਵੈਦ ਐਂਡ ਸਨਜ਼ ਤਰਨ ਤਾਰਨ ਦੇ ਪਤੇ ਤੋਂ ਹੁਣ ਭੀ ਮੰਗਵਾ ਸਕਦੇ ਹਨ।



Digitized by Panjab Digital Library | www.panjabdigilib.org

੨੪ ਸਤੰਬਰ ਨੂੰ ਆਪ ਆਪਣੇ ਇੱਕ ਰਿਸ਼ਤੇਦਾਰ ਦੀ ਜੰਞ ਨਾਲ ਲਾਇਰ ਪੁਰ ਗਏ। ਅਨੰਦ ਕਾਰਜ ਉਪ੍ਰੰਤ ਅਨੇਕ ਰੋਗੀ ਇਕੱਠੇ ਹੋ ਗਏ, ਜਿਨ੍ਹਾਂ ਨੂੰ ਆਪ ਨੇ ਬੜੇ ਪ੍ਰੇਮ ਨਾਲ ਵੇਖਿਆ, ਦਵਾਈ ਦਾਰੂ ਦਿੱਤਾ ਤੇ ਸਮਝਾਇਆ। ਫੇਰ ਸ਼ਹਿਰ,ਬਾਗ ਐਗ੍ਰੀਕਲਚਰਲ ਕਾਲਜ ਆਦਿਕ ਵੇਖਣ ਜੋਗ ਅਸਥਾਨ ਵੇਖੇ।

੨੬ ਸਤੰਬਰ ਨੂੰ ਫੇਰ ਦਿੱਲੀ ਨੂੰ ਸ੍ਰ: ਬ: ਸ੍ਰ: ਧਰਮ ਸਿੰਘ ਟਰਸਟ ਕਮੇਟੀ ਵਾਸਤੇ ਗਏ। ਤੇ ਇਸੇ ਹੀ ਤਰ੍ਹਾਂ ੨੯ ਦਸੰਬਰ ਨੂੰ ਅੰਮ੍ਰਿਤਸਰ ਵਿੱਚ ਸ੍ਰ: ਬ: ਸ੍ਰ: ਧਰਮ ਸਿੰਘ ਜੀ ਦੇ ਬਣਾਏ ਹੋਏ ਟਰਸਟ ਗੁਰੂ ਨਾਨਕ ਵਿੱਦਜਾ ਭੰਡਾਰ ਦੀ ਕਮੇਟੀ ਵਿੱਚ ਹਿੱਸਾ ਲਿਆ।

੪ ਅਕਤੂਬਰ ਨੂੰ ਸ੍ਰ: ਅਮਰ ਸਿੰਘ ਪ੍ਰਧਾਨ ਲੋ: ਗੁ: ਪ੍ਰ: ਕਮੇਟੀ ਨੂੰ ਤਹਿਸੀਲ ਦਾਰ ਦੇ ਤਸਦੀਕ ਕਰਕੇ ਜਗੀਰ ਦਾ ੧੦੦੦੧)ਦਿਵਾਇਆ।

੧੫ ਅਕਤੂਬਰ ਨੂੰ ਸ੍ਰ: ਸੰਤ ਸਿੰਘ ਜੀ ਬੀ. ਏ. ਅੰਮ੍ਰਿਤਸਰੋਂ ਜਪੁ ਸਾਹਿਬ ਜੀ ਦੇ ਟੀਕੇ ਵੇਖਣ ਵਾਸਤੇ ਆਏ। ੩੦ ਕਿਸਮ ਦੇ ਟੀਕੇ ਵਿਖਾਏ ਗਏ। ਭਾਵੇਂ ਉਨ੍ਹਾਂ ੩੦ ਤਰ੍ਹਾਂ ਦੇ ਹੀ ਵੇਖੇ ਸਨ, ਪਰ ਆਪ ਜੀ ਦੀ ਲਾਇਬ੍ਰੇਰੀ ਵਿੱਚ ੬੦ ਤੋਂ ਭੀ ਉੱਪਰ ਅੱਡ ਅੱਡ ਤਰਾਂ ਦੇ ਸਟੀਕ ਜਪੁ ਸਾਹਿਬ ਮੌਜੂਦ ਹਨ।

ਇਨੀ ਦਿਨੀ (੨੧-੧੧-੩੩ ਨੂੰ) ਇੱਕ ਮਿਸਰ ਦੀ ਵਿਦਵਾਨ ਬੀਬੀ ਭਾਰਤ ਯਾਤ੍ਰਾ ਕਰਦੀ ਹੋਈ ਤਰਨ ਤਾਰਨ ਆਈ। ਇਸ ਦੇ ਨਾਲ ਸਰਦਾਰ ਸ. ਸ. ਚਰਨ ਸਿੰਘ ਮਾਲਕ 'ਮੌਜੀ' ਭੀ ਸਨ। ਬੜੇ ਪ੍ਰੇਮ ਤੇ ਸਤਕਾਰ ਨਾਲ ਵੈਦ ਜੀ ਨੂੰ ਭੀ ਮਿਲੇ। ਇਸ ਮਿਸਰੀ ਦੇਵੀ ਦਾ ਨਾਮ ਹੇਨੇਇਨਾ, ਖਾਉਰੀ' ਸੀ। ਇਸ ਦਾ ਖਿਆਲ ਸੀ ਕਿ ਇਹ ਸੈਰ ਕਰਕੇ Travelling in the East 'ਪੂਰਬ ਦੀ ਸੈਰ' ਨਾਮੇ ਪੁਸਤਕ ਅੰਗ੍ਰੇਜ਼ੀ ਵਿੱਚ ਲਿਖਣਗੇ। ਇਹ ਪਹਿਲਾਂ ਹੀ ਇਸ ਦੇ ਗਾਹਕ ਬਣਾ ਰਹੀ ਸੀ ਤੇ ੭) ਸਤ ਰੁਪਏ ਕੀਮਤ ਰੱਖਣ ਦਾ ਖਿਆਲ ਸੀ। ਭਾਈ ਸਾਹਿਬ ਨੇ ੧੦) ਦਸ ਰੁਪਏ ਦਾ ਨੋਟ ਸਹਾਇਤਾ ਵਜੋਂ ਦਿੱਤਾ।



Digitized by Panjab Digital Library | www.panjabdigilib.org

# ੧੯੩੩ ਦੀਆਂ ਘਟਨਾਵਾਂ

੧੬ ਜਨਵਰੀ—ਮੇਰਠ ਸਾਜ਼ਸ਼ ਕੇਸ ਦਾ ਫੈਸਲਾ ਸੁਣਾਇਆ ਗਿਆ।

੨ ਫਰਵਰੀ—ਦਿੱਲੀ ਸਾਜ਼ਸ਼ ਕੇਸ ਨੂੰ ਗੌਰਮੈਂਟ ਨੇ ੩੫੦੦੦੦ ਰੁਪਿਆ ਖਰਚ ਕਰਨ ਤੋਂ ਬਾਹਦ ਖਤਮ ਕੀਤਾ।

੧੭ ਮਾਰਚ—ਵਾਈਟ ਪੇਪਰ ਹਿੰਦੁਸਤਾਨ ਵਿਚ ਪ੍ਰਕਾਸ਼ਤ ਹੋਯਾ।

੨੭ ਮਾਰਚ—ਹਿੰਦੂ ਮਹਾਂ ਸਭਾ ਅਤੇ ਬੰਗਾਲ ਦੇ ਮੁਸਲਮਾਨਾਂ ਨੇ ਵਾਈਟ ਪੇਪਰ ਦੀ ਨਖੇਧੀ ਕੀਤੀ।

੨੦ ਅਪ੍ਰੈਲ—ਜਾਇੰਟ ਸੀਲੈਕਟ ਕਮੇਟੀ ਵਾਸਤੇ ਹਿੰਦੁਸਤਾਨੀ ਨੁਮਾਇੰਦੇ ਮੁਕੱਰਰ ਕੀਤੇ ਗਏ।

੧ ਮਈ—ਮਹਾਤਮਾ ਗਾਂਧੀ ਜੀ ਨੇ ਹਰੀ ਜਨਾਂ ਦੀ ਬੇਹਤਰੀ ਖਾਤਰ ਤੇ ਉੱਚਾ ਕਰਨ ਦੀ ਖਾਤਰ ਯਰਵਾਦਾ ਜ਼ੇਲ੍ਹ ਵਿਚੋਂ ਭੁਖ ਹੜਤਾਲ ਕਰਨ ਦਾ ਐਲਾਨ ਕੀਤਾ।

੮ ਮਈ—ਸਵੇਰ ਨੂੰ ਭੁਖ ਹੜਤਾਲ ਅਰੰਭ ਹੋਈ ਅਰ ਓਸੇ ਸ਼ਾਮ ਨੂੰ ਗਾਂਧੀ ਜੀ ਰਿਹਾ ਕੀਤੇ ਗਏ।

੨੮ ਮਈ—ਅੰਡੇਮਨ ਵਿੱਚ ਤਸ਼ੱਦਦੀ ਕੈਦੀਆਂ ਨੇ ਭੁਖ ਹੜਤਾਲ ਅਰੰਭ ਦਿੱਤੀ।

੬ ਜੂਨ—ਵਲਾਇਤ ਵਿਚ ਪ੍ਰੈਸ ਨੇ ਕੈਦੀਆਂ ਦੀ ਰਿਹਾਈ ਲਈ ਪ੍ਰੋੜ੍ਹਤਾ ਕੀਤੀ।

੧੭ ਜੁਲਾਈ—ਸਰ ਸੈਮੂਅਲ ਹੋਰ ਸੈਕ੍ਰੇਟਰੀ ਆਫ ਸਟੇਟ ਨੇ ਪਾਰਲੀਮੈਂਟ ਵਿਚ ਐਲਾਨ ਕੀਤਾ ਕਿ ਗਵਰਨਮੈਂਟ ਕਿਸੇ ਕਿਸਮ ਦਾ ਸਮਝੌਤਾ ਗਾਂਧੀ ਜੀ ਨਾਲ ਕਰਨ ਵਾਸਤੇ ਤਿਆਰ ਨਹੀਂ।

੧੭ ਜੁਲਾਈ—ਗਾਂਧੀ ਜੀ ਦੀ ਵਾਇਸਰਾਇ ਨਾਲ ਮੁਲਾਕਾਤ ਦੀ ਦਰਖਾਸਤ ਨੂੰ ਠੁਕਰਾ ਦਿੱਤਾ ਗਿਆ।

੨ ਜੁਲਾਈ—ਬੰਗਾਲ ਦੇ ਪ੍ਰਸਿੱਧ ਲੀਡਰ ਜੇ. ਐਮ. ਸੇਨ ਗੁਪਤਾ ਜੀ ਚੜ੍ਹਾਈ ਕਰ ਗਏ।

੧ ਅਗਸਤ—ਗਾਂਧੀ ਜੀ ਗ੍ਰਿਫਤਾਰ ਕੀਤੇ ਗਏ।

੪ ਅਗਸਤ—ਗਾਂਧੀ ਜੀ ਨੂੰ ਸਜ਼ਾ ਸੁਣਾਈ ਗਈ।



Digitized by Panjab Digital Library | www.panjabdigilib.org

੧੭ ਅਗਸਤ—ਗਾਂਧੀ ਜੀ ਨੇ ਭੁਖ ਹੜਤਾਲ ਸ਼ੁਰੂ ਕਰ ਦਿੱਤੀ।
੧੮ ਅਗਸਤ—ਗਵਰਨਮੈਂਟ ਨੇ ਐਲਾਨ ਕੀਤਾ ਕਿ ਮਹਾਤਮਾਂ ਗਾਂਧੀ ਨੂੰ ਤਦ ਛਡਿਆ ਜਾ ਸਕਦਾ ਹੈ ਜੇ ਉਹ ਸਿਵਲ ਨਾ ਫੁਰਮਾਨੀ ਬੰਦ ਕਰਨ ਦਾ ਇਕਰਾਰ ਕਰਨ।
੨੩ ਅਗਸਤ—ਬਗੈਰ ਕਿਸੇ ਸ਼ਰਤ ਦੇ ਗਾਂਧੀ ਜੀ ਨੂੰ ਰਿਹਾ ਕਰ ਦਿੱਤਾ ਗਿਆ।
੧੫ ਸਤੰਬਰ—ਗਾਂਧੀ ਜੀ ਨੇ ਸਿਵਲ ਨਾ ਫੁਰਮਾਨੀ ਤੋਂ ਅੱਡ ਹੋ ਜਾਣ ਦਾ ਫੈਸਲਾ ਕਰ ਲਿਆ।
੨੦ ਸਤੰਬਰ—ਡਾਕਟਰ 'ਐਨੀ ਬੀ ਸੈਂਟ' ਜੀ ਚੜ੍ਹਾਈ ਕਰ ਗਈ।
੩ ਅਕਤੂਬਰ—ਜਾਇੰਟ ਸੀਲੈਕਟ ਕਮੇਟੀ ਮੁੜ ਇਕੱਤਰ ਹੋਈ।
੧੪ ਅਕਤੂਬਰ—ਸੈਂਟਰਲ ਸਿੱਖ ਲੀਗ ਅਤੇ ਖਾਲਸਾ ਦਰਬਾਰ ਨੇ ਲਾਹੌਰ ਦੇ ਸਾਂਝੇ ਸਮਾਗਮ ਵਿਚ ਇਹ ਮਤਾ ਪਾਸ ਕੀਤਾ ਕਿ ਸਵਰਾਜ ਮਿਲਨ ਦਾ ਇਕੋ ਹੀ ਤ੍ਰੀਕਾ ਹੈ ਜੋ ਕਮੀਊਨਲ ਐਵਾਰਡ ਨੂੰ ਖਤਮ ਕਰ ਦਿੱਤਾ ਜਾਵੇ।
੨੨ ਅਕਤੂਬਰ—ਵੀ. ਜ਼ੇ. ਪਟੇਲ ਜੀ ਜੈਨੇਵਾ ਦੇ ਇਕ ਸੈਨੇਟੋਰੀਅਮ ਵਿੱਚ ਚੜ੍ਹਾਈ ਕਰ ਗਏ।
੭ ਨਵੰਬਰ—ਗਾਂਧੀ ਜੀ ਨੇ ਹਰੀ ਜਨਾਂ ਨੂੰ ਉੱਚਾ ਕਰਨ ਵਾਸਤੇ ਅਪਣਾ ਦੌਰਾ ਅਰੰਭਿਆ।
੮ ਨਵੰਬਰ—ਨਾਦਰਸ਼ਾਹ ਬਾਦਸ਼ਾਹ ਅਫਗਾਨਸਤਾਨ ਕਤਲ ਕੀਤਾ ਗਿਆ।
੯ ਨਵੰਬਰ—ਵੀ. ਜੇ. ਪਟੇਲ ਦੀ ਦੇਹ ਨੂੰ ਬੰਬਈ ਲਿਆ ਕੇ ਸਸਕਾਰ ਕੀਤਾ ਗਿਆ।
੨੨ ਨਵੰਬਰ—ਰੀਜ਼ਰਵ ਬੈਂਕ ਬਿੱਲ ਪਾਸ ਕੀਤਾ ਗਿਆ।

---



Digitized by Panjab Digital Library | www.panjabdigilib.org

# ੧੯੩੪

## ਕੌਮ ਪੂਜ-ਦੇਸ਼ ਭਗਤ

"ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਇਕ ਪੱਕੇ ਸਿੱਖ, ਨਿੱਤਨੇਮੀ ਤੇ ਦਾਨੀ ਸੱਜਣ ਸਨ। ਗੁਰੂ ਮਹਾਰਾਜ ਨੇ ਆਪ ਨੂੰ ਰਸੀਲੀ ਜ਼ਬਾਨ ਤੇ ਦੁਖ ਵੰਡਨ ਦੀ ਜਾਚ ਸੋਹਣੀ ਬਖਸ਼ੀ ਸੀ।" (ਸ੍ਰ: ਅਮਰ ਸਿੰਘ ਜੀ 'ਖਾਲਸਾ'
ਮਜੂਨਸਪਲ ਕਮਿਸ਼ਨਰ, ਦੇਹਰਾਦੂਨ, ਯੂ. ਪੀ.)

ਜਿਵੇਂ ਇਕ ਸਰੀਰ ਲਈ ਹੱਥ, ਪੈਰ, ਨੱਕ, ਕੰਨ, ਮੂੰਹ, ਸਿਰ ਆਦਿ ਹਰ ਇਕ ਅੰਗ ਦਾ ਹੋਣਾ ਜ਼ਰੂਰੀ ਹੈ, ਜਿਵੇਂ ਇਕ ਘਰ ਵਿਚ ਅੱਗ, ਪਾਣੀ, ਆਟਾ, ਦਾਲ, ਲੂਣ,ਮਿਰਚ, ਮੰਜਾ, ਪੀਹੜੀ ਤੇ ਕੂੰਡੇ ਸੋਟੇ ਹਰ ਇਕ ਚੀਜ਼ ਦੀ ਲੋੜ ਪੈਂਦੀ ਹੈ, ਤਿਵੇਂ ਹੀ ਸ੍ਵਦੇਸ਼ ਉਨਤੀ ਲਈ ਹਰ ਇਕ ਕਿਸਮ ਦੇ ਫਨ, ਕਾਰੀਗਰੀ ਤੇ ਜਿਨਸ ਆਦਿ ਦੀ ਲੋੜ ਪੈਂਦੀ ਹੈ। ਹਰ ਇਕ ਕਿਸਮ ਦੀ ਉੱਨਤੀ ਜ਼ਰੂਰੀ ਹੋਣ ਕਰ ਕੇ ਹਰ ਇਕ ਕਿਸਮ ਦੇ ਸੇਵਕਾਂ ਦੀ ਭੀ ਲੋੜ ਜ਼ਰੂਰੀ ਪੈਣੀ ਹੋਈ ! ਇਸ ਲਈ ਜੋ ਕੋਈ ਬੰਦਾ ਭੀ,ਚਾਹੇ ਥੋੜੇ ਤੋਂ ਥੋੜਾ ਭੀ ਸ਼ੁਭ ਕੰਮ ਕਰੇ, ਦੇਸ਼ ਉਨਤੀ ਦੇ ਸਾਂਝੇ ਕੰਮ ਲਈ ਚਾਹੇ ਜ਼ਰਾ ਭਰ ਭੀ ਉਦਮ ਕਰੇ, ਉਸ ਨੂੰ ਅਸੀਂ ਸ੍ਵਦੇਸ਼ ਸ਼ੁਭ ਚਿੰਤਕਾਂ ਦੀ ਗਿਣਤੀ ਵਿਚ ਹੀ ਦਰਜ ਕਰਾਂਗੇ।

ਮੇਰੀ ਜਾਚੇ ਤਾਂ ਕੌਮੀ ਉਸਾਰੀ ਦੇ ਰਾਹ ਵਿਚ ਰੋੜਾ ਹੋਕੇ ਨਾ ਅਟਕਣ ਵਾਲਾ, ਦੇਸ਼ ਉਨਤੀ ਦਾ ਵਿਰੋਧ ਨਾ ਕਰਨ ਵਾਲਾ ਭੀ ਕੌਮੀ ਸ਼ੁਭ ਚਿੰਤਕਾਂ ਵਿਚ ਹੀ ਗਿਣਿਆ ਜਾਣਾ ਚਾਹੀਦਾ ਹੈ। ਪਰ ਥੋੜੇ ਤੋਂ ਥੋੜਾ ਸਾਂਝਾ ਕੌਮੀ



Digitized by Panjab Digital Library | www.panjabdigilib.org

ਕੰਮ ਕਰਨ ਵਾਲਾ, ਏਥੋਂ ਤਕ ਕਿ ਦੇਸ਼ ਦਾ ਕੇਵਲ ਭਲਾ ਚਿਤਵਣ ਵਾਲਾ ਸ੍ਵਦੇਸ਼ ਉਨਤੀ ਲਈ ਸਦਾ ਪ੍ਰਾਰਥਨਾ ਕਰਨ ਵਾਲਾ,ਤੇ ਸ਼ੁਭ ਭਾਵਨਾ ਰੱਖਣ ਵਾਲਾ ਭੀ ਜ਼ਰੂਰ ਦੇਸ਼ ਸੇਵਕ ਕਹਿਲਾਉਂਦਾ ਹੈ।

ਦੇਸ਼ ਪ੍ਰੇਮੀ, ਕੌਮੀ ਸ਼ੁਭਿੱਛਕਾਂ ਦੇ ਵਿਚਾਰਵਾਨਾਂ ਨੇ ਤਿੰਨ ਦਰਜੇ ਰੱਖੇ ਹਨ। ਇਕ ਉਹ ਜੋ ਕੇਵਲ ਦੇਸ਼ ਕੌਮ ਲਈ ਪ੍ਰਾਰਥਨਾ ਹੀ ਕਰਦੇ ਹਨ। ਉਹ ਅਮਲੀ ਸੇਵਾ ਤਾਂ ਭਾਵੇਂ ਕਿਸੇ ਕਾਰਣ ਕਰਕੇ ਨਹੀਂ ਕਰ ਸਕਦੇ, ਪਰ ਉਨ੍ਹਾਂ ਦੇ ਹਿਰਦਿਆਂ ਵਿਚ ਦੇਸ਼ ਭਲਾਈ ਦੀ ਚਾਹ ਜ਼ਰੂਰ ਹੈ। ਉਹ ਕੌਮ ਭਲਾਈ ਦੇ ਇੱਛਕ ਜ਼ਰੂਰ ਹਨ। ਉਹ ਕੌਮ ਦੀ ਉਨਤੀ ਹੁੰਦੀ ਵੇਖ ਕੇ ਖੁਸ਼ ਹੁੰਦੇ ਹਨ ਤੇ ਅਵ੍ਨਤੀ ਵੇਖ ਕੇ ਦੁਖੀ। ਉਹ ਪ੍ਰਮਾਤਮਾ ਅੱਗੇ ਕੌਮ ਉੱਨਤੀ ਲਈ ਪ੍ਰਾਰਥਨਾ ਪਏ ਕਰਦੇ ਹਨ। ਇਨ੍ਹਾਂ ਨੂੰ ਅਸੀਂ ਸ੍ਵਦੇਸ਼ ਪ੍ਰੇਮੀ ਜਾਂ ਕੌਮੀ ਸ਼ੁਭਿੱਛਕ ਆਖ ਸਕਦੇ ਹਾਂ।

ਦੂਜੇ ਉਹ ਹਨ ਜੋ ਕਿਸੇ ਨਾ ਕਿਸੇ ਤਰ੍ਹਾਂ ਦੇਸ਼ ਦੀ ਕੋਈ ਨ ਕੋਈ ਸੇਵਾ ਕਰਦੇ ਹਨ। ਜੋ ਸਾਂਝੀ ਉੱਨਤੀ ਲਈ ਸਹਾਇਕ ਹੋਵੇ, ਜੋ ਤਨ, ਮਨ, ਧਨ ਤੇ ਵਿਚਾਰ ਖਿਆਲ ਆਦਿਕ ਨਾਲ ਕਿਸੇ ਭੀ ਤਰ੍ਹਾਂ ਦੇਸ਼ ਉੱਨਤੀ ਲਈ ਅਮਲੀ ਸੇਵਾ ਕਰਦੇ ਹਨ।

ਏਥੇ ਇਹ ਗਲ ਅੱਛੀ ਤਰ੍ਹਾਂ ਯਾਦ ਰੱਖਣੀ ਚਾਹੀਦੀ ਹੈ, ਕਿ ਸੇਵਾ ਉਹ ਗਿਣੀ ਜਾਂਦੀ ਹੈ ਜੋ ਕੌਮ ਦੇ ਸਾਂਝੇ ਕੰਮ ਵਿੱਚ ਸਹਾਇਕ ਹੋਵੇ। ਕੇਵਲ ਆਪਣੇ ਲਾਭ ਲਈ ਆਪਣੇ ਆਪ ਦੇ ਫਾਇਦੇ ਲਈ, ਲਾਲਚ ਲੋਭ ਤੇ ਪ੍ਰਭੁਤਾ ਲਈ, ਖੁਦਗਰਜ਼ੀ ਨਾਲ ਕੀਤੇ ਹੋਏ ਕੰਮ ਸੇਵਾ ਵਿੱਚ ਨਹੀਂ ਗਿਣੇ ਜਾਂਦੇ। ਹਾਂ! ਉਹ ਬੰਦੇ ਜੋ ਅਮਲੀ ਤੌਰ ਤੇ ਕਿਸੇ ਨਾ ਕਿਸੇ ਤਰ੍ਹਾਂ ਕੌਮੀ ਉੱਨਤੀ ਵਿੱਚ ਯਥਾ ਸ਼ਕਤਿ ਸੇਵਾ ਕਰਨ, ਉਹ ਦੇਸ਼ ਜਾਂ ਕੌਮ ਸੇਵਕ ਆਖੇ ਜਾਂਦੇ ਹਨ।

ਤੀਜੇ ਦਰਜੇ ਦੇ ਹਨ ਉਹ ਮਹਾਂ ਪੁਰਖ, ਜੋ ਆਪਣਾ ਜੀਵਣ ਹੀ ਇੱਕ ਤਰ੍ਹਾਂ ਨਾਲ ਕੌਮ ਤੇ ਦੇਸ਼ ਦੇ ਅਰਪਣ ਕਰ ਦਿੰਦੇ ਹਨ। ਜਿਨ੍ਹਾਂ ਨੂੰ ਕੌਮੀ ਉੱਨਤੀ ਦਾ ਖਬਤ ਜੇਹਾ, ਸੌਦਾ ਜੇਹਾ ਹੋ ਜਾਂਦਾ ਹੈ।



Digitized by Panjab Digital Library | www.panjabdigilib.org

ਜੋ ਵਿਤੋਂ ਬਾਹਰ ਹੋਕੇ ਭੀ ਕੌਮ ਸੇਵਾ ਲਈ ਜੁਟੇ ਰਹਿੰਦੇ ਹਨ। ਜਿਨ੍ਹਾਂ ਦਾ ਜੀਵਣ ਆਦਰਸ਼ ਹੀ ਦੇਸ਼ ਉੱਨਤੀ ਤੇ ਕੌਮ ਦੀ ਬਿਹਤਰੀ ਹੁੰਦਾ ਹੈ। ਜਿਨ੍ਹਾਂ ਦੀ ਨਜ਼ਰ ਵਿੱਚ ਹਰ ਸਮੇਂ ਹਰ ਪਹਿਲੂ ਵਲੋਂ ਕੌਮੀ ਉੱਨਤੀ ਦੇਸ਼ ਪ੍ਰੇਮ ਦੀ ਲਗਨ ਹੀ ਸਮਾਈ ਹੁੰਦੀ ਹੈ। ਜੋ ਹਰ ਯੋਗ ਢੰਗ ਨਾਲ ਤਨ, ਮਨ ਤੇ ਧਨ ਹਰਤਰ੍ਹਾਂ ਕਰਕੇ ਆਪਣੇ ਦੇਸ਼ ਤੇ ਆਪਣੀ ਕੌਮ ਲਈ ਉੱਚਾ ਕਰਨ ਦਾ ਅਮਲੀ ਕਦਮ ਹੀ ਨਹੀਂ ਚੁਕਦੇ,ਸਗੋਂ ਹਰ ਸਮੇਂ ਇਨ੍ਹਾਂ ਉੱਨਤੀ ਦੇ ਖਿਆਲਾਂ ਤੇ ਅਮਲੀ ਕੰਮਾਂ ਵਿੱਚ ਹੀ ਗ਼ਰਕ ਰਹਿੰਦੇ ਹਨ। ਗੱਲ ਕੀ ਜਿਨ੍ਹਾਂ ਦਾ ਜੀਉਣਾ ਹੀ ਕੌਮ ਤੇ ਦੇਸ਼ ਲਈ ਹੁੰਦਾ ਹੈ। ਇਨ੍ਹਾਂ ਕੌਮ ਦੇ ਆਸ਼ਕਾਂ ਨੂੰ ਅਸੀਂ ਦੇਸ਼ ਭਗਤ ਜਾਂ ਕੌਮ ਪੂਜ ਆਖ ਸਕਦੇ ਹਾਂ।

ਹੁਣ ਇਨ੍ਹਾਂ ਉਪ੍ਰੋਕਤ ਦੇਸ਼ ਪ੍ਰੇਮੀਆਂ ਵਿੱਚੋਂ ਪਾਠਕ ਜਨ ਆਪ ਹੀ ਵਿਚਾਰ ਨਾਲ ਵੇਖ ਸਕਦੇ ਹਨ, ਕਿ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਦਾ ਜੀਵਣ ਕਿਸ ਸ੍ਰੇਣੀ ਵਿਚੋਂ ਸੀ? ਭਾਈ ਸਾਹਿਬ ਜੀ ਨੂੰ ਕੌਮ ਉੱਨਤੀ ਦਾ ਉਹ ਖਬਤ ਸੀ, ਉਹ ਅਨੰਨ ਪ੍ਰੇਮ ਸੀ ਕਿ ਦਿਨ ਰਾਤ, ਸੌਂਦਿਆਂ ਜਾਗਦਿਆਂ, ਉੱਠਦੇ ਲੇਟਦਿਆਂ, ਤੁਰਦੇ ਬੈਠਦਿਆਂ ਤੇ ਖਾਂਦੇ ਪੀਂਦਿਆਂ ਸਦਾ ਆਪ ਦਾ ਖਿਆਲ ਕੌਮ ਤੇ ਦੇਸ਼ ਉੱਨਤੀ ਲਈ ਗੋਤੇ ਖਾਂਦਾ ਰਹਿੰਦਾ ਸੀ। ਦੇਸ਼ ਪ੍ਰੇਮ ਦੀ ਲਗਨ ਆਪ ਦੇ ਹਿਰਦੇ ਵਿੱਚ ਅਟੁੱਟ ਸੀ। ਆਪ ਦਿਨ ਰਾਤ ਕੌਮ ਉੱਨਤੀ ਦੀ ਲਗਨ ਵਿੱਚ ਹੀ ਮਗਨ ਰਹਿੰਦੇ ਸਨ। ਇਸੇ ਧੁਨ ਵਿੱਚ ਆਪ ਨੇ ਵੈਦਕ ਰਾਹੀਂ, ਵਿਦਿਆ ਰਾਹੀਂ, ਕਲਮ ਰਾਹੀਂ, ਧਨ ਦੁਆਰਾ, ਪ੍ਰੇਮ ਤੇ ਹੱਥੀਂ ਸੇਵਾ ਦੁਆਰਾ, ਗੱਲ ਕੀ ਹਰ ਸੰਭਵ ਤੇ ਯੋਗ ਢੰਗ ਦੁਆਰਾ ਕੌਮ ਦੇਸ਼ ਦੀ ਵਿਤੋਂ ਵੱਧ ਕੇ ਸੇਵਾ ਕੀਤੀ।

ਦਿਨ ਰਾਤ ਅਠੇ ਪਹਿਰ ਸਮੇਂ ਕੁਸਮੇਂ ਜਦ ਕਦੇ ਭੀ ਕਿਸੇ ਨੇ ਹਾਕ ਮਾਰੀ ਆਪ ਤੁਰਤ ਸੇਵਾ ਲਈ ਹਾਜ਼ਰ ਹੋਏ। ਜੇ ਕਦੇ ਕਿਤੇ ਆਪ ਕਿਸੇ ਜ਼ਰੂਰੀ ਕੰਮ ਜਾਂ ਪ੍ਰਸ਼ਾਦ ਛਕਣ ਹੀ ਘਰ ਗਏ, ਜ਼ਰਾ ਦੇਰ ਲੱਗ ਗਈ ਤੇ ਵਿਚੋਂ ਕੋਈ ਲੋੜਵੰਦ ਪ੍ਰੇਮੀ ਆਕੇ ਮੁੜ ਗਿਆ ਜਾਂ ਬੈਠਾ ਉਡੀਕਦਾ ਰਿਹਾ ਤਾਂ ਆਪ ਨੇ ਬੁਰਾ ਮਨਾਇਆ। ਸੱਚ ਮੁਚ ਹੀ ਆਪ ਅੱਠੇ ਪਹਿਰ ਕੌਮੀ



Digitized by Panjab Digital Library | www.panjabdigilib.org

ਉੱਨਤੀ ਤੇ ਸੇਵਾ ਦੀ ਲਗਨ ਵਿੱਚ ਮਗਨ ਰਹਿੰਦੇ ਸਨ।

'ਸੇਵਕਾਂ ਨਾਲ ਪਛਾਣ' ਦੇ ਹੈਡਿੰਗ ਹੇਠ ਲਿਖਦੇ ਹੋਏ 'ਫੁਲਵਾੜੀ ਦੇ ਤਰਨ ਤਾਰਨ ਨੰਬਰ' ਵਿੱਚ ਗਿਆਨੀ ਹੀਰਾ ਸਿੰਘ ਜੀ ਦਰਦ, ਵੈਦ ਜੀ ਬਾਰੇ ਲਿਖਦੇ ਹਨ:-

"ਭਾਈ ਸਾਹਿਬ ਦੇ ਨਾਮ ਤੋਂ ਕੌਣ ਜਾਣੂ ਨਹੀਂ? ਆਪ ਨਾਲ ਕਿਸੇ ਸਜਣ ਦਾ ਕਿਸੇ ਵੀ ਕਾਰਜ ਕਰਕੇ ਸੰਬੰਧ ਬਣੇ ਉਹ ਆਪ ਨੂੰ ਫਿਰ ਭੁੱਲ ਨਹੀਂ ਸਕਦਾ। ਆਪ ਲਾਇਕ ਵੈਦ ਹਨ, ਪੰਜਾਬੀ ਉਨਤੀ ਦੇ ਮੋਢੀ ਤੇ ਪ੍ਰਚਾਰਕ ਹਨ। ਇਤਿਹਾਸ ਖੋਜੀ ਤੇ ਪੁਰਾਣੇ ਪੰਥ ਸੇਵਕ ਹਨ, ਹਰਮਨ ਪਿਆਰੇ ਸ਼ਹਿਰੀ ਤੇ ਲੋੜਵੰਦਾਂ ਦੇ ਸਹਾਇਕ ਹਨ। ਅਤੇ ਸਭ ਤੋਂ ਵਧ ਕੇ ਇਹ ਕਿ ਆਪ ਆਪਣੇ ਵਿਰੋਧੀਆਂ ਨਾਲ ਵੀ ਪਿਆਰ ਤੇ ਪ੍ਰੇਮ ਕਰਨਾ ਹੀ ਜਾਣਦੇ ਹਨ, ਵੈਰ ਕਰਨਾ ਕਿਸੇ ਨਾਲ ਨਹੀਂ ਜਾਣਦੇ।"

ਵੈਦਿਕ ਬਾਰੇ ਜ਼ਿਕਰ ਕਰਦੇ ਹੋਏ ਗਿਆਨੀ ਜੀ ਲਿਖਦੇ ਹਨ:-

"ਵੈਦਕ ਵਿਚ ਆਪ ਆਪਣੇ ਪਿਤਾ ਜੀ ਦੇ ਪੂਰਨਿਆਂ ਤੇ ਹੀ ਚਲਦੇ ਹਨ। ਫੀਸ ਤਾਂ ਕਿਸੇ ਤੋਂ ਭੀ ਨਹੀਂ ਲੈਂਦੇ, ਅਤੇ ਸ਼ਹਿਰ ਵਾਸੀਆਂ ਪੰਥ ਸੇਵਕਾਂ ਤੇ ਕੌਮੀ ਸੇਵਕਾਂ ਪਾਸੋਂ ਤਾਂ ਦਵਾਈਆਂ ਦਾ ਮੁਲ ਵੀ ਨਹੀਂ ਲੈਂਦੇ।"

ਦੁਖ ਨਿਵਾਰਨ ਦੀ ਸੇਵਾ ਬਾਰੇ ਇਉਂ ਲਿਖਦੇ ਹਨ:-

"ਆਪ ਨੇ ਦੁਖ ਨਿਵਾਰਨ ਮਾਸਕ ਪਤਰ ਰਾਹੀਂ ਪੰਥ ਦੀ ਸੇਵਾ ਕੀਤੀ ਅਤੇ ਲਗ ਪਗ ੨੦੦ ਪੁਸਤਕਾਂ ਪੰਜਾਬੀ ਵਿਚ ਪ੍ਰਕਾਸ਼ਤ ਕੀਤੀਆਂ। ਪੰਜਾਬੀ ਦੇ ਵਾਧੇ ਲਈ ਆਪ ਦਾ ਇਹ ਬੜਾ ਮਹਾਨ ਕਾਰਜ ਹੈ। ਆਪ ਦੀ ਪੰਥਕ ਤੇ ਇਤਿਹਾਸਕ ਵਾਕਫੀ ਅਦੁਤੀ ਹੈ।"

ਲਾਇਬ੍ਰੇਰੀ ਦਾ ਜ਼ਿਕਰ ਕਰਨ ਦੇ ਨਾਲ ਲਿਖਦੇ ਹਨ:-

"ਇਤਿਹਾਸਕਾਰ ਤੇ ਲੇਖਕ ਆਪਦੀ ਸਹਾਇਤਾ ਦੇ ਮੁਹਤਾਜ ਹਨ।"

ਸੇਵਾ ਬਾਰੇ ਗਿਆਨੀ ਜੀ ਇਉਂ ਲਿਖਦੇ ਹਨ:-

"ਆਪ ਦਾ ਪੰਥਕ ਤੇ ਪਬਲਿਕ ਜੀਵਨ ਬੜਾ ਲੰਮਾ ਤੇ ਸ਼ਾਨਦਾਰ ਹੈ, ਆਪ ਦੇ ਦਿਲ ਵਿਚ ਦੇਸ਼ ਭਲਾਈ ਤੇ ਦੇਸ਼ ਆਜ਼ਾਦੀ ਦੀ ਚਾਹ ਕੋਈ ਘਟ



Digitized by Panjab Digital Library | www.panjabdigilib.org

ਨਹੀਂ। ਵਿਦਿਆ ਪ੍ਰਚਾਰ ਲਈ ਵੀ ਆਪ ਨੇ ਘਟ ਯਤਨ ਨਹੀਂ ਕੀਤਾ। ਤਰਨ ਤਾਰਨ ਖ਼ਾਲਸਾ ਪ੍ਰਚਾਰਕ ਵਿਦਿਆਲਾ ਦੇ ਆਪ ਪਹਿਲੇ ਪ੍ਰੇਰਕਾਂ ਵਿਚੋਂ ਹਨ ਅਤੇ ਖ਼ਾਲਸਾ ਹਾਈ ਸਕੂਲ ਕਮੇਟੀ ਦੇ ਆਪ ਮੁਢ ਤੋਂ ਹੀ ਸਰਗਰਮ ਆਨਰੇਰੀ ਸਕੱਤ੍ਰ ਤੇ ਮੈਨੇਜਰ ਹਨ। ਆਪ ਨੇ ਆਪਣੇ ਜੀਵਣ ਦਾ ਇਕ ਖਾਸ ਪ੍ਰੋਗਰਾਮ ਬਣਾਇਆ ਹੋਇਆ ਹੈ। ਆਪ ਨੇ ਚਾਰ ਮੁਖ ਕੰਮ ਸਾਹਮਣੇ ਰਖੇ ਹੋਏ ਹਨ:—

(੧) ਵੈਦਕ ਵਿਦਿਆ ਨਾਲ ਪਬਲਿਕ ਦੀ ਸੇਵਾ ਕਰਨੀ ਅਤੇ ਇਸ ਦੇ ਨਾਲ ਆਪਣਾ ਗੁਜ਼ਾਰਾ ਭੀ ਤੋਰਨਾ।

(੨) ਜਿਥੋਂ ਤਕ ਹੋ ਸਕੇ ਪੰਜਾਬੀ ਸਾਹਿਤ ਦੀ ਸੇਵਾ ਕਰਨੀ।

(੩) ਪੰਥਕ ਸਭਾ ਸੋਸਾਇਟੀਆਂ ਰਾਹੀਂ ਪੰਥ ਦੀ ਸੇਵਾ ਕਰਨੀ।

(੪) ਬੱਚੇ ਬੱਚੀਆਂ ਦੀ ਵਿਦਯਕ ਉੱਨਤੀ ਲਈ ਯਤਨ ਕਰਨਾ।

ਇਸ ਤੋਂ ਬਿਨਾਂ ਲੋੜਵੰਦਾਂ ਦੀ ਮਦਦ ਕਰਨੀ ਤੇ ਡਿਗਿਆਂ ਨੂੰ ਉਠਾਣਾ ਆਪ ਦੇ ਸੁਭਾਵਕ ਗੁਣ ਹਨ।"

ਪਾਠਕ ਜਨ ਡਿੱਠੀ ਜੇ ਗਿਆਨੀ ਜੀ ਦੀ ਕਲਮ ਰਾਹੀਂ ਵੈਦ ਜੀ ਦੇ ਜੀਵਣ ਆਦਰਸ਼ ਸੇਵਾ ਭਾਵ ਤੇ ਕੌਮ ਉੱਨਤੀ ਦੀ ਅਟੁੱਟ ਚਾਹ ਦੀ ਅਮਲੀ ਵੰਨਗੀ? ਆਓ ਹੁਣ ਤੁਹਾਨੂੰ ਆਪ ਦੀ ੧੯੩੪ ਵਿੱਚ ਕੀਤੀ ਸੰਖੇਪ ਜੇਹੀ ਸੇਵਾ ਦੀ ਵੰਨਗੀ ਵਿਖਾਈਏ।

੬ ਜਨਵਰੀ ੧੯੩੪ ਨੂੰ ਗੁਰਬਾਣੀ ਪ੍ਰਚਾਰ ਦੀ ਲਗਨ ਵਿੱਚ ਆਪ ਨੇ ਪੰ: ਗੰਡਾ ਸਿੰਘ ਜੀ ਕ੍ਰਿਤ ਜਪੁਜੀ ਸਾਹਿਬ ਦਾ ਉਰਦੂ ਟੀਕਾ ਪੋਲੀਸ ਇੰਨਸਪੈਕਟਰ ਖਾਨ ਮੁਜ਼ੱਫਰ ਖਾਨ ਨੂੰ ਦਿੱਤਾ। ਫੇਰ ੨੮ ਜਨਵਰੀ ਨੂੰ ਇਸੇ ਖਾਨ ਸਾਹਿਬ ਨੂੰ ਸਜਿਲਦ ਪੰਜ ਗ੍ਰੰਥੀ ਉਰਦੂ ਦਿੱਤੀ। ਸੀ ਕਿ ਨਾ ਆਪ ਦਾ ਖਿਆਲ ਸੰਢਿਆਂ ਹੇਠੋਂ ਦੁੱਧ ਚੋਣ ਦਾ ਤੇ ਪੱਥਰਾਂ ਵਿੱਚ ਜਾਨ ਪੌਣ ਦਾ?

੨੦ ਜਨਵਰੀ ਨੂੰ ਸ੍ਰ: ਗੰਡਾ ਸਿੰਘ ਜੀ ਕੇਵਲ ਹਿਸਟੋਰੀਅਨ ਖਾਲਸਾ ਕਾਲਜ ਅੰਮ੍ਰਿਤਸਰ ਆਪ ਪਾਸ ਪੁਸਤਕਾਂ ਵੇਖਣ ਲਈ ਆਏ।

ਆਪ ਦੀ ਮਿਲਨ ਸਾਰੀ ਵਿੱਚ ਹੀ ਪ੍ਰੇਮ ਜਾਦੂ ਨਾ ਸੀ, ਸਗੋਂ ਆਪ



Digitized by Panjab Digital Library | www.panjabdigilib.org

ਦੀਆਂ ਦਵਾਈਆਂ ਭੀ ਅਕਸੀਰ ਦਾ ਹੁਕਮ ਰੱਖਦੀਆਂ ਹਨ। ਜਿਸ ਕਿਸੇ ਨੇ ਭੀ ਇੱਕ ਵਾਰ ਆਪ ਦਾ ਬੂਹਾ ਖੜਕਾਇਆ। ਆਪ ਦੀ ਦਵਾਈ ਵਰਤੀ ਬੱਸ ਉਹ ਮੁੜ ਕਿਤੇ ਨਾ ਗਿਆ ਤੇ ਸਦਾ ਲਈ ਮੁਰੀਦ ਬਣ ਗਿਆ। ਵੈਦ ਹਕੀਮਾਂ ਤੇ ਹੋਰ ਸਿਆਣਿਆਂ ਦਾ ਤਾਂ ਕਹਿਣਾ ਹੀ ਕੀ ਹੈ? ਅੰਗ੍ਰੇਜ਼ੀ ਦਵਾਈਆਂ ਦੇ ਦਿਲਦਾਦਹ ਤੇ ਪੱਛਮੀ ਰੰਗਤ ਦੇ ਗੂੜ੍ਹੇ ਰੰਗੇ ਹੋਏ ਅਨੇਕਾਂ ਵੱਡੇ ੨ ਡਾਕਟਰ, ਜੱਜ, ਵਕੀਲ, ਵਜ਼ੀਰ, ਦੀਵਾਨ ਤੇ ਰਾਜਿਆਂ ਨੇ ਭੀ ਆਪ ਪਾਸੋਂ ਇਲਾਜ ਕਰਵਾਉਣਾ ਫਖਰ ਜਾਤਾ। ਅਮ੍ਰੀਕਾ ਕੈਨੇਡਾ ਤੇ ਵਿਲਾਇਤ ਆਦਿ ਟਾਪੂਆਂ ਤੱਕ ਆਪ ਦੀਆਂ ਦਵਾਈਆਂ ਜਾਂਦੀਆਂ ਹਨ। ਖਾਸ ਤੌਰ ਨਾਲ ਸੰਤਾਨ ਦੀ ਅਣਹੋਂਦ ਸੰਬੰਧੀ, ਨਰੀਨਾ ਔਲਾਦ ਲਈ 'ਪੁਰਸ਼ ਕ੍ਰਿਦ'। ਦਿਲ ਦਿਮਾਗ ਆਦਿ ਦੀ ਕਮਜ਼ੋਰੀ ਲਈ 'ਕਸਤੂਰੀ ਆਦਿ ਬਟੀ'। ਅੱਖਾਂ ਦੀਆਂ ਕੁਕਰੇ ਆਦਿ ਬੀਮਾਰੀਆਂ ਲਈ 'ਦ੍ਰਿਗ ਅੰਮ੍ਰਿਤ ਅੰਞਨ'। ਪੇਟ ਦੀ ਬਦ ਹਜ਼ਮੀ ਆਦਿ ਲਈ 'ਅਦਭੁਤ ਉਦਰ ਭਾਸਕਰ ਚੂਰਨ' ਤਾਕਤ ਲਈ 'ਸ੍ਵਰਨ ਬਸੰਤ ਮਾਲਤੀ ਰਸ' ਮਹਾਂ ਹਿੰਗਲੇਸ਼੍ਵਰ ਰਸ, ਜਗਤ ਪ੍ਰਸਿੱਧ ਦਵਾਈਆਂ ਤਾਂ ਮਾਨੋ ਅਕਸੀਰ ਆਜ਼ਮ ਹਨ। ਆਪਣੇ ਗੁਣਾਂ ਹੁਕਮੀ ਅਸਰ ਰਖਦੀਆਂ ਹਨ।

ਪਿਛੇ ਕਈ ਥਾਈਂ ਪਾਠਕ ਸੰਤਾਨ ਦੀ ਅਣਹੋਂਦ ਤੇ ਨਰੀਨਾ ਔਲਾਦ ਦੇ ਚਾਹਵਾਨਾਂ ਦੀਆਂ ਮੁਰਾਦਾਂ ਪੂਰੀਆਂ ਹੋਈਆਂ ਪੜ੍ਹ ਚੁਕੇ ਹਨ, ਇਹ ਕੇਵਲ ਬੋਹਲ ਵਿਚੋਂ ਦਾਣਾਂ ਹੀ ਨਮੂਨੇ ਮਾਤ੍ਰ ਵਿਖਾਇਆ ਹੈ। ਜਿਸ ਨੂੰ ਚਾਹ ਹੋਵੇ ਅੱਜ ਭੀ ਅਜ਼ਮਾ ਕੇ ਵੇਖ ਸਕਦਾ ਹੈ।*

੨੯ ਜਨਵਰੀ ਨੂੰ ਸ੍ਰ: ਇੰਦਰ ਸਿੰਘ ਜੀ ਸੀਨੀਅਰ ਸਬ ਜੱਜ ਦੇ ਮੰਗ ਭੇਜਣ ਤੇ 'ਦ੍ਰਿਗ ਅੰਮ੍ਰਿਤ ਅੰਞਨ' ਦੀ ਸ਼ੀਸ਼ੀ ਭੇਜੀ।

੮ ਫਰਵਰੀ ਨੂੰ 'ਉਪਦੇਸ਼ਕ' ਦੇ ਐਡੀਟਰ ਗਿਆਨੀ 'ਰੰਗ' ਜੀ ਦਵਾਈਆਂ ਲੈ ਗਏ।

---

*ਦਵਾਈਆਂ ਦੀ ਸੂਚੀ ਪੱਤ੍ਰ ਭਾਈ ਮੋਹਨ ਸਿੰਘ ਵੈਦ ਐਂਡ ਸਨਜ਼, ਤਰਨ ਤਾਰਨ (ਪੰਜਾਬ) ਦੇ ਪਤੇ ਤੋਂ ਮੁਫਤ ਕੇਵਲ ਪੱਤ੍ਰ ਭੇਜਕੇ ਮੰਗਵਾ ਸਕਦੇ ਹੋ।



Digitized by Panjab Digital Library | www.panjabdigilib.org

੨੦ ਫਰਵਰੀ ੪ ਬਜੇ ਤੋਂ ਸਰਕਾਰੀ ਬਿਜਲੀ (ਜੋਗਿੰਦਰ ਨਗਰ ਮੰਡੀ ਦੀ ਹਾਈਡਰੋ ਅਲੈਕਟ੍ਰਿਕ) ਸ਼ੁਰੂ ਹੋਈ।

੨੪ ਫਰਵਰੀ ਨੂੰ ਸ੍ਰ: ਸੇਵਾ ਸਿੰਘ ਜੀ ਅਣੇਜਾ ਮਿ: ਕਮਿਸ਼ਨਰ ਦਵਾਈ ਵਾਸਤੇ ਆਏ।

੨੭ ਫਰਵਰੀ ਨੂੰ ਸ੍ਰ: ਭਗਤ ਸਿੰਘ ਜੀ ਸਬ ਜੱਜ ਨੂੰ (ਜੋ ਉਨ੍ਹੀ ਦਿਨੀ ਤਰਨ ਤਾਰਨ ਵਿਚ ਲੱਗੇ ਹੋਏ ਸਨ ਤੇ ਅਜ ਕਲ ਗੁਰਦਵਾਰਾ ਟਰੀਬਿਊਨਲ ਲਾਹੌਰ ਦੇ ਜੱਜ ਲੱਗੇ ਹੋਏ ਹਨ) ਪੰਜ ਪੁਸਤਕਾਂ (੧) ਚਕਿਤਸਾ ਰਤਨ, (੨) ਕੁਟੰਬ ਚਕਿਤਸਾ, (੩) ਅਰੋਗਤਾ ਰਖਜਕ, (੪) ਅਨਮੋਲ ਰਤਨ ਤੇ (੫) ਹਿਫਜ਼ਾਨੇ ਸਿਹਤ ਦਿੱਤੇ।

ਇਹੀ ਜੱਜ ਸਾਹਿਬ ਵੈਦ ਜੀ ਬਾਬਤ ਕੀ ਰਾਏ ਰੱਖਦੇ ਹਨ? ਆਪ ਲਿਖਦੇ ਹਨ:—

"ਵੈਦ ਜੀ ਇਕ ਬੜੀ ਖਿਚਵੀਂ ਸ਼ਖਸੀਅਤ ਦੇ ਮਾਲਕ ਸਨ, ਉਨ੍ਹਾਂ ਦਾ ਸੁਭਾ ਕੋਮਲ ਤੇ ਮਿੱਠਾ, ਚੇਹਰਾ ਹਮੇਸ਼ਾਂ ਖਿੜਿਆ ਹੋਇਆ ਤੇ ਚਿੱਤ ਸਦਾ ਪ੍ਰਸੰਨ ਭਾਸਦਾ ਸੀ। ਉਹ ਨਿੰਮ੍ਰਤਾ ਤੇ ਸੰਜੀਦਗੀ ਦੇ ਸੋਮੇ ਸਨ, ਦੁਖੀਆਂ ਦਾ ਦੁਖ ਮਹਿਸੂਸ ਕਰਨ ਵਾਲੇ ਤੇ ਸੇਵਾ ਦਾ ਅਵਸਰ ਕਦੀ ਵੀ ਹਥੋਂ ਨਹੀਂ ਜਾਣ ਦਿੰਦੇ ਸਨ। ਜੇਹੜਾ ਕੰਮ ਉਨ੍ਹਾਂ ਦੇ ਸਪੁਰਦ ਕੀਤਾ ਜਾਂਦਾ ਉਸ ਨੂੰ ਬੜੀ ਜ਼ਿਮੇਵਾਰੀ ਮੇਹਨਤ ਤੇ ਮਰਯਾਦਾ ਅਨੁਸਾਰ ਨਿਬਾਹੁੰਦੇ ਸਨ।

ਵਕਤ ਦੇ ਬੜੇ ਪਾਬੰਦ ਸਨ ਤੇ ਇਸੀ ਕਾਰਨ ਉਨ੍ਹਾਂ ਨੇ ਥੋਹੜੇ ਸਾਲਾਂ ਵਿਚ ਵੈਦਗੀ ਤੇ ਪੰਜਾਬੀ ਭਾਸ਼ਾ ਦੀ ਉਹ ਸੇਵਾ ਕੀਤੀ ਜੇਹੜੀ ਕੇ ਕੋਈ ਹੋਰ ਸਜਣ ਕਈ ਜਨਮਾਂ ਵਿਚ ਕਰਦਾ, ਤੇ ਉਨ੍ਹਾਂ ਨੇ ਇਕ ਅੰਗ੍ਰੇਜ਼ੀ ਕਵੀ ਦੇ ਇਸ ਖਿਆਲ ਨੂੰ ਸਹੀ ਕਰ ਕੇ ਦਿਖਾਇਆ ਜੇਹੜਾ ਕਿ ਇਨ੍ਹਾਂ ਸ਼ਬਦਾਂ ਵਿਚ ਭਰਪੂਰ ਹੈ We live in deeds, not in years ਗਰੀਬਾਂ ਤੇ ਅਮੀਰਾਂ ਦਾ ਇਕੋ ਨਜ਼ਰ ਨਾਲ ਇਲਾਜ ਕਰਨ ਵਾਲਾ ਵੈਦ ਬਹੁਤ ਢੂੰਢਿਆਂ ਵੀ ਨਹੀਂ ਮਿਲੇਗਾ।"

੪ ਮਾਰਚ ਨੂੰ ਆਪ ਜੀ ਨੇ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ



Digitized by Panjab Digital Library | www.panjabdigilib.org

ਲਾਹੌਰ ਲਈ ਡਾਕਟਰ ਮੋਹਨ ਸਿੰਘ ਜੀ* ਹਥੀਂ ੧੧ ਪੁਸਤਕ ਪ੍ਰੇਮ ਭੇਟ ਵਜੋਂ ਭੇਜੇ।

੧੦ ਮਾਰਚ ੧੯੩੪ ਨੂੰ ਫੇਰ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੀ ਇਕੱਤ੍ਰਤਾ ਸੀ, ਪਰ ਓਥੇ ਓਹੀ ਉੱਧੜ ਧੁੱਮੀ ਵੇਖ ਕੇ ਆਪ ਦਾ ਦਿਲ ਫਟ ਗਿਆ। ਦੁਖੀ ਦਿਲ ਨਾਲ ਵਾਪਸ ਆਏ। ਉਸ ਦਿਨ ਦਾ ਨੋਟ ਹੈ:–

"ਸ਼ੋਕ ਭਰੀ ਦਸ਼ਾ ਵੇਖ ਵਾਪਸ ਆਯਾ।"

੨੪ ਮਾਰਚ ਨੂੰ ਆਪ ਲਾਹੌਰ ਬ੍ਰੈਡਲਾ ਹਾਲ ਵਿਚ ਸਿਖ ਨੈਸ਼ਨਲ ਕਾਨਫ੍ਰੰਸ ਵੇਖਣ ਗਏ।

੨੬ ਮਾਰਚ ਦੇ ਡਾਇਰੀ ਨੋਟ ਵਿਚ ਲਿਖਿਆ ਹੈ:–

"ਪਾਕ ਪਟਨ ਦਾ ਵਕੀਲ ਲਾਲਾ……ਲਾਲ ਏਥੋਂ ਦੀ ਦਵਾਈ ਨਾਲ ਲੜਕਾ ਹੋਣ ਤੇ ਰੁਪਏ ਮਿਠਾਈ ਲੈ ਕੇ ਆਯਾ—ਵਾਪਸ ਕੀਤੇ।"

੨੩ ਅਪ੍ਰੈਲ ਨੂੰ ਅੰਮ੍ਰਿਤਸਰ ਸਿੱਖ ਮਿਸ਼ਨਰੀ ਕਾਨਫ੍ਰੰਸ ਵੇਖਣ ਗਏ।

੭ ਮਈ ਆਪ ਦੇ ਸਪੁਤ੍ਰ ਸ੍ਰ: ਅਰਦਮਨ ਸਿੰਘ ਜੀ ਦੇ ਮੈਟਰਕ ਦੇ ਨਤੀਜੇ ਵਿੱਚ ਸਾਰੇ ਸਕੂਲ ਵਿੱਚੋਂ ਅਵਲ ਨਿਕਲਨ ਦੀ ਖਬਰ ਆਈ।

੯ ਮਈ ਨੂੰ ੧੨੫ ਪੁਸਤਕਾਂ ੪ ਬੰਡਲਾਂ ਵਿੱਚ ਬੰਨ੍ਹਕੇ ਅਤੇ ਇੱਕ ਬੀੜ ਹਿੰਦੀ ਗੁਰੂ ਗ੍ਰੰਥ ਸਾਹਿਬ ਦੀ ਵੈਦ ਜੀ ਨੇ ਸ੍ਰ: ਜਸਵੰਤ ਸਿੰਘ ਪ੍ਰਧਾਨ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਹੱਥੀਂ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਵਾਸਤੇ ਭੇਟਾ ਵਜੋਂ ਭੇਜੀਆਂ।

ਇਨ੍ਹੀ ਦਿਨੀ ਹੀ ਅੱਡਣ ਸ਼ਾਹੀ ਮਹੰਤ ਤੇ ਸ਼੍ਰੋ: ਗੁ: ਪ੍ਰ: ਕਮੇਟੀ ਵਿੱਚ ਝਗੜਾ ਫੁੱਟ ਰਿਹਾ ਸੀ।

---

*ਡਾਕਟਰ ਮੋਹਨ ਸਿੰਘ ਜੀ ਨੂੰ ਲਿਟਰੇਚਰ ਦਾ ਬਹੁਤ ਸ਼ੌਕ ਹੈ। ਓਰੀਐਂਟਲ ਕਾਲਜ ਲਾਹੌਰ ਵਿਚ ਪ੍ਰੋਫੈਸਰ ਹਨ। ਯੂਨੀਵਰਸਟੀ ਸਿਖ ਐਸੋਸੀਏਸ਼ਨ ਲਾਹੌਰ ਦੇ ਪ੍ਰਧਾਨ ਭੀ ਰਹਿ ਚੁਕੇ ਹਨ।

D. Litt. ਦੀ ਗਿਡਰੀ ਲੈਣ ਵਾਲੇ ਆਪ ਪਹਿਲੇ ਸਿਖ ਹਨ ਜੋ ਪੰਜਾਬੀ ਸਾਹਿੱਤ ਦਾ ਇਤਿਹਾਸ ਲਿਖਣ ਸੰਬੰਧੀ ਪੰਜਾਬ ਯੂਨੀਵਰਸਟੀ ਵਲੋਂ ਆਪ ਨੂੰ ਮਿਲੀ ਸੀ।



Digitized by Panjab Digital Library | www.panjabdigilib.org

੨੫ ਮਈ ਨੂੰ ਆਪ ਝਗੜਾ ਮਿਟਾਉਣ ਤੇ ਮੇਲ ਕਰਾਉਣ ਦੇ ਖਿਆਲ ਨਾਲ ਮਹੰਤਾਂ ਤੇ ਕਮੇਟੀ ਦੇ ਮੈਂਬਰਾਂ ਪਾਸ ਵਿਚਾਰਾਂ ਕਰਨ ਲਈ ਗਏ।

੧੦ ਜੂਨ ਨੂੰ ਸ੍ਰ: ਗੁਰਮੁਖ ਸਿੰਘ ਜੀ ਮੁਸਾਫਰ ਤੇ ਸ੍ਰ: ਦਰਸ਼ਨ ਸਿੰਘ ਜੀ ਫੇਰੂਮਾਨ ਤਰਨ ਤਾਰਨ ਆਏ ਪ੍ਰਸ਼ਾਦ ਛਕਾਯਾ ਤੇ ਯੋਗ ਸੇਵਾ ਕੀਤੀ।

"੧੧ ਜੂਨ ਪਟਯਾਲਾ ਦੇ ੧ ਸਰਦਾਰ ਦੀ ਲੜਕੀ ਦਾ ਸੋਨੇ ਦਾ ਗੋਖੜੂ ਚੌਕ ਸ੍ਰੀ ਦਰਬਾਰ ਸਾਹਿਬ ਵਿੱਚ ਲਥਾ। ੧ ਚੋਰ ਫੜਿਆ ਗਿਆ ਦੁਖੀਏ ਪ੍ਰਵਾਰ ਸਣੇ ਬੈਠਕ ਵਿੱਚ ਰਹੇ, ਪ੍ਰਸ਼ਾਦ ਸਵੇਰ ਰਾਤ ਛਕਾਯਾ।"

ਇਹ ਉਪ੍ਰੋਕਤ ਨੋਟ ਦੀ ਕਹਾਣੀ ਮੇਰੇ(ਲੇਖਕ) ਸੌਹੇਂ ਬੀਤੀ ਘਟਨਾ ਹੈ। ਇਨ੍ਹੀ ਦਿਨੀ ਮੈਂ ਤਰਨ ਤਾਰਨ ਵਿੱਚ ਇੱਕ ਕਵੀ ਦਰਬਾਰ ਦੀ ਪ੍ਰਧਾਨਗੀ ਦੀ ਸੇਵਾ ਕਰਨ ਲਈ ਆਇਆ ਸਾਂ ਤੇ ਉਸ ਵੇਲੇ ਵੈਦ ਜੀ ਦੀ ਦੁਕਾਨ ਤੇ ਹੀ ਬੈਠਾ ਹੋਇਆ ਸਾਂ। ਮੱਸਿਆ ਦਾ ਦਿਨ ਸੀ। ਮੱਸਿਆ ਭੀ ਸੋਮਾਵਤੀ, ਭੀੜ ਦਾ ਕੋਈ ਥਾਹ ਨਾ ਸੀ। ਇਸ ਸ੍ਰਦਾਰ ਦੀਆਂ ਦੋ ਅਠਾਰਾਂ ਵੀਹ ਸਾਲ ਦੀਆਂ ਜਵਾਨ ਲੜਕੀਆਂ, ਸਿੰਘਣੀ ਆਪ ਤੇ ਇੱਕ ਹੋਰ ਬੰਦਾ ਸੀ। ਗੋਖੜੂ ਲੱਥ ਗਿਆ ਸਭ ਦੇ ਸਾਮ੍ਹਣੇ ਜ਼ੋਰ ਨਾਲ ਲੱਥਾ। ਚੋਰ ਕਹੋ ਜਾਂ ਧੜਵੈਲ ਕਹੋ ਫੜਿਆ ਗਿਆ, ਪਰ ਪਾਸੋਂ ਕੁਝ ਨਾ ਨਿਕਲਿਆ। ਲੜਕੀ ਦਾ ਪਿਤਾ ਪਟਿਆਲੇ ਦਾ ਸਰਦਾਰ ਸੀ। ਇਸਨੂੰ ਆਪਣੀ ਅਫਸਰੀ ਦਾ ਮਾਣ ਸੀ, ਪਰ ਏਥੇ ਮਾਝੇ ਵਿੱਚ ਕੌਣ ਪੁਛੇ। ਥਾਣੇ ਪੁਲਿਸ ਅਫਸਰਾਂ ਆਦਿਕ ਪਾਸ ਫਿਰਯਾ। ਨਿਰਾਸ ਹੋਕੇ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਪਾਸ ਆਇਆ ਤੇ ਆਪਣੀ ਸਾਰੀ ਦਰਦ ਭਰੀ ਰਾਮ ਕਹਾਣੀ ਸੁਣਾਈ।

ਮੈਨੂੰ ਯਾਦ ਹੈ ਜਦ ਸਾਰੀ ਵਾਰਤਾ ਸੁਣਕੇ ਗਹਿਣਿਆਂ ਬਾਰੇ ਜ਼ਿਕਰ ਕਰਦੇ ਹੋਇਆਂ ਵੈਦ ਜੀ ਨੇ ਨਿਧੜਕ ਸਰਦਾਰ ਸਾਹਿਬ ਨੂੰ ਕਿਹਾ:-

"ਸ੍ਰਦਾਰ ਸਾਹਿਬ ਜੀ! ਬੜੇ ਹੀ ਅਫਸੋਸ ਦੀ ਗੱਲ ਹੈ ਕਿ ਤੁਸੀਂ



Digitized by Panjab Digital Library | www.panjabdigilib.org

ਅਜੇਹੀ ਭੁੱਲ ਕੀਤੀ ਹੈ, ਅਰ ਫੇਰ ਗਹਿਣੇ ਪਾ ਕੇ ਮਸਿਆ ਉੱਤੇ ਮੇਲੇ ਵਿੱਚ ਆਉਣਾ ਤਾਂ ਬੜੀ ਭਾਰੀ ਬੇ-ਪ੍ਰਵਾਹੀ ਹੈ।"

ਫੇਰ ਆਪ ਨੇ ਧੀਰਜ ਬਨਵਾਈ ਤੇ ਕਿਹਾ:—

"ਸਰਦਾਰ ਜੀ ਗੋਖੜੂ ਤਾਂ ਹੁਣ ਨਹੀਂ ਜੇ ਮਿਲਨਾ। ਕਿਉਂਕਿ ਇਹ ਮਿਲੇ ਹੋਏ ਹੁੰਦੇ ਹਨ। ਇਹ ਇੱਕ ਨਹੀਂ ਹੁੰਦਾ ਸਗੋਂ ਜੁੰਡੀ ਹੁੰਦੀ ਹੈ ਗੋਖੜੂ ਤਾਂ ਏਥੋਂ ਕਈ ਕੋਹ ਬਾਹਰ ਕਿਤੇ ਦਾ ਕਿਤੇ ਪੁਜ ਗਿਆ ਹੋਵੇਗਾ ਫੜੇ ਹੋਏ ਚੋਰ ਨੂੰ ਧੌਲ ਧੱਫਾ ਕਰਕੇ ਪੁਲਿਸ ਨੇ ਛੱਡ ਦੇਣਾ ਹੈ, ਖ਼ੈਰ ਚਲੋ ਮੈਂ ਤੁਹਾਡੇ ਨਾਲ ਚਲਦਾ ਹਾਂ।"

ਆਪ ਨਾਲ ਹੋਕੇ ਪੁਲਿਸ ਦੇ ਗਏ। ਥਾਣੇ ਵਿੱਚ ਜਾਕੇ ਕਿਹਾ, ਆਪ ਦੀ ਸਾਰੇ ਮੰਨਦੇ ਸਨ। ਥਾਣੇਦਾਰ ਨੂੰ ਹੁਣ ਕੁਝ ਕਰਨਾ ਹੀ ਪਿਆ। ਉਸ ਨੇ ਕੁਝ ਰੁਪਿਆ ਸਰਦਾਰ ਜੀ ਨੂੰ ਦਿਲਵਾਇਆ ਤੇ ਇਸ ਝਗੜੇ ਦਾ ਫੈਸਲਾ ਹੋਇਆ। ਸਰਦਾਰ ਜੀ ਨੂੰ ਵੈਦ ਜੀ ਨੇ ਆਪਣੀ ਬੈਠਕ ਵਿੱਚ ਰੱਖਿਆ ਤੇ ਸੋਹਗੀ ਨਾਲ ਰਹਿਕੇ ਤੁਰਨ ਲਈ ਪੱਕਾ ਕਰਕੇ ਤੋਰਿਆ।

੧੫ ਜੂਨ ਨੂੰ ਆਪ ਜੀ ਨੇ ਦੋ ਲੇਖ ਰਸਾਲਾ ਉਪਦੇਸ਼ਕ ਲਈ ਲਿਖੇ।

੩ ਜੁਲਾਈ ਨੂੰ ੧ ਬੀੜ ਹਿੰਦੀ ਗੁਰੂ ਗ੍ਰੰਥ ਸਾਹਿਬ ਸੁਨਿਹਰੀ ਜਿਲਦ ਵਾਲੀ ਸ੍ਰ: ਅਮਰ ਸਿੰਘ ਜੀ ਝਬਾਲ ਪ੍ਰਧਾਨ ਗੁਰਦੁਆਰਾ ਕਮੇਟੀ ਨੇ ੧ ਬੰਗਾਲੀ ਯਾਤਰੂ ਨੂੰ ਦੇਣ ਵਾਸਤੇ ਮੁਫਤ ਮੰਗਵਾਈ।

੫ ਜੁਲਾਈ—ਗਿਆਨੀ ਦੇ ਇਮਤਿਹਾਨ ਦਾ ਨਤੀਜਾ ਨਿਕਲਯਾ। ਆਪ ਦੇ ਸਭ ਤੋਂ ਛੋਟੇ ਸਪੁੱਤ੍ਰ ਸੁਖਬੀਰ ਸਿੰਘ ਨੇ (ਪੰਜਾਬ ਭਰ ਵਿਚ ਸਭ ਤੋਂ ਛੋਟੀ ਉਮਰ ਵਿਚ) ਗਿਆਨੀ ਪਾਸ ਕੀਤੀ।

੬ ਜੁਲਾਈ ਦਾ ਨੋਟ ਹੈ:—

"ਸ੍ਰੀ ਮਾਨ ਸੰਤ ਝੰਡਾ ਸਿੰਘ ਜੀ ਆਏ ਖਡੂਰ ਸਾਹਿਬ ਤੋਂ ਸੇਵਾ ਕਰਕੇ ਆਈ ਸੰਗਤ ਦੀ ਲਾਰੀ ਵਿਚ ਪਟਰੋਲ ਖਤਮ ਹੋਣ ਤੇ ੪) ਪਟਰੋਲ ਵਾਸਤੇ ਲੈ ਗਏ।"

੪ ਅਗਸਤ—ਐਡੀਸ਼ਨਲ ਜੱਜ ਮਿਸਟਰ........ ਦੇ ਦੋ ਸ਼ੀਸ਼ੀਆਂ ਅਰਸ਼ ਕੁਠਾਰ (ਬਵਾਸੀਰ ਦੀ ਸਿੱਧ ਦਵਾਈ) ਗੋਲੀਆਂ ਭੇਜੀਆਂ।



Digitized by Panjab Digital Library | www.panjabdigilib.org

੧੮ ਅਗਸਤ ਨੂੰ ਸਰਬ ਸਿੱਖ ਸੰਪ੍ਰਦਾ ਕਾਨਫ੍ਰੰਸ ਦੀ ਕਮੇਟੀ ਵਿੱਚ ਅੰਮ੍ਰਿਤਸਰ ਗਏ। ਸਬ ਕਮੇਟੀ ਦੀ ਮੀਟਿੰਗ ਵਿਚ ਫੇਰ ੨੬-੮-੩੪ ਨੂੰ ਸਮਾਂ ਲੱਗਾ। ਤੇ ੨੩ ਦਸੰਬਰ ਨੂੰ ਫੇਰ ਅੰਮ੍ਰਿਤਸਰ ਜਾਣਾ ਪਿਆ।

੨੧ ਅਗਸਤ ਨੂੰ..............ਜੀ ਜੱਜ ਦੇ ਪਾਚਨ ਬਟੀ, ਕਰਪੂਰ ਅੰਮ੍ਰਿਤ ਤੇ ਮਧੂ ਮੇਹ ਹਰ (ਡਾਇਬਟੀਜ਼ ਲਈ ਸਿੱਧ ਯੋਗ ਦੀਆਂ ਖਾਸ ਗੋਲੀਆਂ) ਵਗੈਰਾ ਭੇਜੀਆਂ।

੧ ਸ਼ੀਸ਼ੀ ਸ਼ਰਬਤ ਫੌਲਾਦ ਡਿਸਟ੍ਰਿਕ ਇਨਸਪੈਕਟਰ ਆਫ ਸਕੂਲਜ਼ ਲੈ ਗਿਆ।

੨੮ ਅਗਸਤ ਦਾ ਡਾਇਰੀ ਨੋਟ ਆਪਣੇ ਆਪ ਹੀ ਆਪਣੀ ਹਾਲਤ ਇਸਤਰ੍ਹਾਂ ਪ੍ਰਗਟ ਕਰਦਾ ਹੈ:–

"ਬਾਬੂ ਝੰਡਾ ਸਿੰਘ ਸਾਬਕ ਪੁਜਾਰੀ ਬਹੁਤ ਤੰਗ ਹਾਲਤ ਦੱਸ ਕੇ ੧੫) ਲੈ ਗਿਆ।

੩੦-੭-੩੪ ਨੂੰ ਸੰਤ ਇੰਦਰ ਸਿੰਘ ਜੀ ਚਕ੍ਰ ਵਰਤੀ ਭੈਣੀ ਸਾਹਿਬ ਤੋਂ ਦਵਾਵਾਂ ਲੈਣ ਆਏ। ਤੇ ੩੦ ਸਤੰਬਰ ਨੂੰ ਫੇਰ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ, ਸੰਤ ਮੰਗਲ ਸਿੰਘ ਜੀ ਤੇ ਸ੍ਰ: ਅਵਤਾਰ ਸਿੰਘ ਜੀ ਆਜ਼ਾਦ ਆਦਿਕ ਆਏ ਤੇ ਦਿਮਾਗੀ ਕੰਮ ਕਰਨ ਵਾਲਿਆਂ ਲਈ ਅਦੁਤੀ ਸੁਗਾਤ 'ਕਸਤੂਰੀ ਆਦਿ ਬਟੀ' ਲੈ ਗਏ।

੨ ਅਕਤੂਬਰ ਨੂੰ:–

"ਯਾਤ੍ਰਾ ਟ੍ਰੇਨ ਨਾਲ ਜਾਂਦੇ ਹੋਏ ਸੰਤ ਗੁਰਮੁਖ ਸਿੰਘ ਜੀ ਪਟਿਆਲਵੀ ਪਾਕਟ ਹਸਪਤਾਲ (ਜੇਬੀ ਦਵਾਵਾਂ ਦਾ ਬਕਸ), ਸ਼ਰਬਤ ਫੌਲਾਦ, ਚੂਰਣ ਕਾਸ ਕੁਠਾਰ ਆਦਿਕ ਦਵਾਵਾਂ ਲੈ ਗਏ।"

੧੩, ੧੪ ਅਕਤੂਬਰ ਨੂੰ ਭੈਣੀ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ



Digitized by Panjab Digital Library | www.panjabdigilib.org

ਸਰਬ ਸੰਪ੍ਰਦਾਇ ਕਾਨਫ੍ਰੰਸ* ਹੋਣੀ ਨੀਯਤ ਹੋਈ, ਜਿਸ ਲਈ ੧੨ ਦੀ ਸ਼ਾਮ ਨੂੰ ਹੀ ਆਪ ਤੁਰ ਪਏ।

੧੮ ਅਕਤੂਬਰ ਨੂੰ ਖਾਲਸਾ ਹਾਈ ਸਕੂਲ ਵਿਚ ਇਨਾਮੀ ਜਲਸੇ ਵਿਚ ਸਮਾਂ ਲੱਗਾ, ਇਸੇ ਦਿਨ ਅੰਮ੍ਰਿਤਸਰ ਤੋਂ ਹਕੀਮ ਸਭਾ ਦਾ ਡੇਪੂਟੇਸ਼ਨ ਜਲਸੇ ਦੇ ਸਦੇ ਵਾਸਤੇ ਆਇਆ। ੫) ਭੇਟਾ ਕੀਤੇ।

੫ ਨਵੰਬਰ ਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਵਾਲਿਆਂ ਦੇ ਦਰਸ਼ਨ ਹੋਏ। ਆਪ ਇਸ ਨੋਟ ਨੂੰ ਸਤਿਕਾਰ ਸਹਿਤ ਇਸ ਤਰ੍ਹਾਂ ਲਿਖਦੇ ਹਨ:—

"ਬੜੀ ਹੀ ਕ੍ਰਿਪਾਲਤਾ ਤੇ ਪ੍ਰੇਮ ਕਰ ਕੇ ਸ੍ਰੀ ਮਾਨ ਬਾਬਾ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਾਲੇ ਆਏ। ੧ ਸਾਫਾ ਖਦਰ ਦਾ ਸਿਰੋਪਾਉ ਦੇ ਗਏ।"

੧੯ ਨਵੰਬਰ ਨੂੰ ਸ੍ਰ: ........... ਜੀ ਮੈਜਿਸਟ੍ਰੇਟ ਅੰਮ੍ਰਿਤਸਰ ਜੋਗ ਸ਼ਰਬਤ ਫੌਲਾਦ ਤੇ ਕਸਤੂਰੀ ਆਦਿ ਬ਼ਟੀ ਭੇਜੀਆਂ।

੨੬ ਨਵੰਬਰ ਨੂੰ ਤਰਨ ਤਾਰਨ ਦੇ ਸ੍ਰ: ਬਿਸ਼ਨ ਸਿੰਘ ਜੀ ਨੰਬਰ-ਦਾਰ ਤੇ ਲਾਲਾ ਮੁਨਸ਼ੀ ਰਾਮ ਦੀ ਮਿਉਂਸਿਪਲ ਕਮੇਟੀ ਦੇ ਅਲੈਕਸ਼ਨ ਬਾਰੇ ਸੁਲਹ ਕਰਾਈ।

੨੮ ਨਵੰਬਰ ਨੂੰ ਵਾਰਡ ਨੰ: ੩ ਤਰਨ ਤਾਰਨ ਵਿਚੋਂ ਆਪ ਫੇਰ ਮਿ: ਕਮੇਟੀ ਦੇ ਮੈਂਬਰ ਚੁਣੇ ਗਏ।

੧੬ ਦਸੰਬਰ ਨੂੰ 'ਗੁਰਪੁਰਬ ਪੋਹ ਸੁਦੀ ਸਤਮੀ ਲਈ ੮ ਲੇਖ ਕਵਿਤਾ ਤੇ ੧ ਕਹਾਣੀ ਲਿਖ ਕੇ ਅਖਬਾਰਾਂ ਨੂੰ ਭੇਜੇ।'

*ਸ੍ਰੀ ਗੁਰੂ ਨਾਨਕ ਦੇ ਨਾਮ ਲੇਵਾ ਸਿਖ ਪੰਥ ਵਿਚ ਡਾਢੀ ਆਪੋ ਧਾਪ ਤੇ ਦੁਫੇੜ ਪਈ ਵੇਖਕੇ ਪੰਥ ਹਿਤੂ ਨਾਮ ਧਾਰੀ ਸੰਪ੍ਰਦਾਇ ਦੇ ਪੂਜਜ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਵਲੋਂ ਇਹ ਸੁਭਾਗ ਉੱਦਮ ਸੀ। ਇਸ ਇਕੱਠ ਦਾ ਮੁਖ ਮਨੋਰਥ 'ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪ੍ਰਦਾਵਾਂ ਵਿਚ ਪਰਸਪਰ ਪ੍ਰੇਮ ਤੇ ਏਕਤਾ ਪੈਦਾ ਕਰਨਾ ਸੀ। ਜਿਨ੍ਹਾਂ ਦੇ ਵਿਸ਼ਵਾਸ ਦੀ ਨੀਂਹ ਸਤਿਗੁਰਾਂ ਦੀ ਉਚਾਰੀ ਬਾਣੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਵਿਚ ਵਿਦਮਾਨ ਹੈ' ਇਸ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਸਨ।



Digitized by Panjab Digital Library | www.panjabdigilib.org

# ੧੯੩੪ ਦੀਆਂ ਘਟਨਾਵਾਂ

੧੫ ਜਨਵਰੀ—ਬਿਹਾਰ ਵਿਚ ਇਕ ਤਬਾਹ ਕੁਨ ਭੁਚਾਲ ਆਇਆ ਜਿਸ ਨਾਲ ਤਕਰੀਬਨ ਪੰਜ ਹਜ਼ਾਰ ਆਦਮੀ ਮਰ ਗਏ।

੨੪ ਮਾਰਚ—ਸਰਦਾਰ ਖੜਕ ਸਿੰਘ ਜੀ ਨੇ ਸਿਖ ਨੈਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਹੋਇਆਂ ਇਹ ਐਲਾਨ ਕੀਤਾ ਕਿ ਕਮਿਊਨਲ ਐਵਾਰਡ ਸਿਖਾਂ ਨਾਲ ਇਨਸਾਫ ਨਹੀਂ ਕਰਦਾ ਅਤੇ ਜੇਡੀ ਛੇਤੀ ਏਸ ਨੂੰ ਰੱਦ ਕਰਾਣ ਦੀ ਕੋਸ਼ਿਸ਼ ਕੀਤੀ ਜਾਏ ਓਨਾਂ ਹੀ ਚੰਗਾ ਹੈ।

੧੩ ਅਪ੍ਰੈਲ—"ਕਮੀਊਨਲ ਐਵਾਰਡ ਹਿੰਦੂਆਂ ਨਾਲ ਸਖਤ ਬੇ-ਇਨਸਾਫੀ ਕਰਦਾ ਹੈ" ਹਿੰਦੂ ਸਭਾ ਨੇ ਐਲਾਨ ਕੀਤਾ।

੧੯ ਅਪ੍ਰੈਲ—ਹਿੰਦੋਸਤਾਨ ਅਤੇ ਜਾਪਾਨ ਵਿਚ ਤਜਾਰਤੀ ਮੁਆਹਦਾ ਹੋਇਆ।

੮ ਮਈ—ਬੰਗਾਲ ਗਵਰਨਰ ਤੇ ਗੋਲੀ ਚਲਾਈ ਗਈ ਪਰ ਉਹ ਬਚ ਗਏ ਅਤੇ ਗਾਂਧੀ ਜੀ ਨੇ ਏਸ ਅਸੂਲ ਦੀ ਬੜੀ ਨਖੇਧੀ ਕੀਤੀ।

੨੬ ਸਤੰਬਰ—੪੯ ਵੀਂ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਲਾਨਾ ਜਲਸਾ ਬੰਬਈ ਦੇ ਨਜ਼ਦੀਕ ਹੋਯਾ।

੨੨ ਨਵੰਬਰ—ਜਾਇੰਟ ਸੀਲੈਕਟ ਕਮੇਟੀ ਦੀ ਰੀਪੋਰਟ ਜਿਸ ਵਿਚ ਹਿੰਦੋਸਤਾਨ ਦੀਆਂ ਇਸਲਾਹਾਤ ਦਾ ਵੇਰਵਾ ਸੀ, ਛਪੀ।

੪ ਦਸੰਬਰ—ਲਾਹੌਰ ਅਤੇ ਕਰਾਚੀ ਦੇ ਦਰਮਿਆਨ ਹਵਾਈ ਜਹਾਜ਼ ਚਲਣਾ ਸ਼ੁਰੂ ਹੋਇਆ।

੭ ਦਸੰਬਰ—ਸਰਹੱਦੀ ਗਾਂਧੀ ਜੀ ਗ੍ਰਿਫਤਾਰ ਕੀਤੇ ਗਏ।

੨੩ ਦਸੰਬਰ—ਅਲੀ ਪੁਰ ਵਿਚ ਮੁਸਲਮਾਨਾਂ ਨੇ ਵੀ ਜਾਇੰਟ ਪਾਰਲੀਮੈਂਟਰੀ ਕਮੇਟੀ ਦੀ ਰੀਪੋਰਟ ਦੀ ਨਖੇਧੀ ਕੀਤੀ।



Digitized by Panjab Digital Library | www.panjabdigilib.org

"ਸਰਬ ਰੋਗ ਕਾ ਅਉਖਦੁ ਨਾਮੁ" ਏਹ ਵੈਦ ਜੀ ਦਾ ਮਾਟੋ ਸੀ ਜੋ ਹਰ ਵੇਲੇ ਉਨ੍ਹਾਂ ਦੀਆਂ ਅੱਖਾਂ ਦੇ ਅੱਗੇ ਹੀ ਨਹੀਂ ਸਗੋਂ 'ਸੇ ਅੱਖੜੀਆਂ ਬੇਅੰਨ' ਦੇ ਸਾਹਮਣੇ ਰਹਿੰਦਾ ਸੀ ਤੇ ਉਨ੍ਹਾਂ ਦੀ ਸਾਰੀ ਵਰਤੋਂ ਇਸ ਮਾਟੋ ਦੇ ਅਧੀਨ ਰਹਿੰਦੀ ਸੀ।

ਆਪ ਸੁਭਾ ਦੇ ਐਨੇ ਮਿਲਾਪੜੇ ਸਨ,ਜਿਸ ਨੂੰ ਇਕ ਵੇਰੀ ਵੀ ਮਿਲਦੇ ਸਨ ਉਹ ਉਨ੍ਹਾਂ ਨੂੰ ਆਪਣਾ ਸਦਾ ਲਈ ਸੱਜਣ ਹੀ ਸਮਝਦਾ ਸੀ।

ਆਪ ਆਮ ਹਕੀਮਾਂ ਤੇ ਡਾਕਟਰਾਂ ਦੇ ਵਰਤਾਰੇ ਦੇ ਉਲਟ ਇਨੇ ਨਿਰਲੋਭ ਸਨ, ਜਿਸ ਦੀ ਮਿਸਾਲ ਓਹ ਆਪ ਹੀ ਸਨ। ਮੇਰੇ ਤੇ ਤਾਂ ਐਨੀ ਕ੍ਰਿਪਾ ਕਰਿਆ ਕਰਦੇ ਸਨ ਕਿ ਜਦ ਕਦੀ ਭੀ ਕਿਸੇ ਦਵਾਈ ਦੀ ਲੋੜ ਪਈ ਉਨ੍ਹਾਂ ਮੇਰੇ ਜ਼ੋਰ ਦੇਣ ਤੇ ਭੀ ਕਦੀ ਦਵਾਈ ਦੀ ਕੀਮਤ ਤਕ ਨਹੀਂ ਲਈ।"

(ਸੂ: ਨਥਾ ਸਿੰਘ ਜੀ ਰੀਟਾਇਰਡ ਡਿਪਟੀ ਸੁਪ੍ਰੰਟੰਡੰਟ ਪੋਲੀਸ)

---



Digitized by Panjab Digital Library | www.panjabdigilib.org

# ੧੯੩੫

## ਦਾਨੀ ਦਿਲ

"ਉਹ ਪੰਥ ਦੀ ਇੱਕ ਮੰਨੀ ਪ੍ਰਮੰਨੀ ਹਸਤੀ ਸਨ। ਅਨਾਥਾਂ ਦਾ ਦੁੱਖ ਦੂਰ ਕਰਨ ਵਾਲੇ ਸਨ। ਉਹ ਸਾਖਸ਼ਾਤ ਸਿੱਖੀ ਦਾ ਨਮੂਨਾ ਸਨ। ਉਨ੍ਹਾਂ ਦੇ ਚਿਹਰੇ ਤੋਂ ਅਰਸ਼ੀ ਨੂਰ ਟਪਕਦਾ ਸੀ।"

(ਗਿਆਨੀ ਸ਼ਮਸ਼ੇਰ ਸਿੰਘ ਜੀ,ਆਰਿਫ ਵਾਲਾ)

ਮੱਘਰ ਦਾ ਮਹੀਨਾ ਤੇ ਮੀਂਹ ਨਾ ਪੈਣ ਕਰਕੇ ਬੜੀ ਬੁਰੀ ਤਰਾਂ ਠੰਡ ਪੈ ਰਹੀ ਸੀ। ਭਾਵੇਂ ਸਰਦੀਆਂ ਦਾ ਅਜੇ ਸ਼ੁਰੂ ਹੀ ਸੀ, ਪਰ ਸੋਕੜੇ ਦਾ ਖੁਸ਼ਕ ਸਮਾਂ ਹੋਣ ਕਰ ਕੇ ਇਸ ਉੱਠ ਰਹੇ ਪਾਲੇ ਵਿੱਚ ਹੀ ਕਈ ਮਸੂਮ ਤੇ ਬੁਢੇ ਢੇਰੀ ਹੋ ਰਹੇ ਸਨ।

ਮੈਂ ਸਦਾ ਵਾਂਗ ਰੇਡੀਓ ਤੇ ਰਾਤ ਦੀਆਂ ਖਬਰਾਂ ਸੁਣਦਾ ਰਿਹਾ, ਤੇ ਹਿੰਦੋਸਤਾਨੀ ਦੇ ਪਿਛੋਂ ਅੰਗ੍ਰੇਜ਼ੀ ਦੀਆਂ ਖਬਰਾਂ ਦਾ ਸਮਾਂ ਭੀ ਲੰਘ ਚੁੱਕਾ। ਖ਼ਬਰਾਂ ਸੁਣਕੇ ਸੁੱਤਾ ਹੀ ਸਾਂ ਕਿ ਬਾਹਰੋਂ ਆਵਾਜ਼ ਆਈ"........ਦਾਨ ਦੇ"
"ਤੁਨਤ ਨੁਨ ਨੁਨ, ਤੁਨਤ ਨੁਨ ਨੁਨ, ਤੁਨਤ ਨੁਨ ਨੁਨ, ਤੁਨਤ ਨੁਨ"
"ਦੁਖੀ ਮਜ਼ਲੂਮਾਂ ਲਈ ਜੋ ਤੁਨਤ ਨੁਨ ਨੁਨ, ਤੁਨਤ ਨੁਨ ਨੁਨ"
ਦੋ ਰੁਪੱਯੇ ਦਾਨ ਦੇ' ਤੁਨਤ ਨੁਨ ਨੁਨ, ਤੁਨਤ ਨੁਨ ............................

ਮੇਰੀ ਬਿਰਤੀ ਇਸ ਮਨਮੋਹਣੀ ਧੁਨੀ ਵੱਲ ਖਿੱਚੀ ਗਈ। ਹੁਣ ਆਵਾਜ਼ ਐਨ ਸਾਡੇ ਬੂਹੇ ਦੇ ਪਾਸੋਂ ਆ ਰਹੀ ਸੀ। ਮੈਂ ਮਲਕੜੇ ਉਠ ਕੇ ਗਲੀ ਵੱਲ ਖੁਲਦੀ ਤਾਕੀ ਖੋਲ੍ਹ ਦਿੱਤੀ। ਗਵੱਯਾ ਸ਼ਾਇਦ ਸਰੋਤਾ ਸਮਝਕੇ ਜਾਂ ਸੁਭਾਵਕ ਹੀ ਚਲਦਾ ਚਲਦਾ, ਹੌਲੀ ਹੌਲੀ ਕਦਮ



Digitized by Panjab Digital Library | www.panjabdigilib.org

ਚੁੱਕਦਾ ਚੁੱਕਦਾ ਇੱਕ ਮਿੰਟ ਲਈ ਸਾਡੇ ਦਰ ਅੱਗੇ ਠਹਿਰ ਗਿਆ ਤੇ ਫੇਰ ਗਾਵਿਆ:–

ਦੁਖੀ ਮਜ਼ਲੂਮਾਂ ਲਈ ਜੋ, ਤੁਨਤ ਨੁਨ ਨੁਨ, ਤੁਨਤ ਨੁਨ,
ਦੋ ਰੁਪੱਯੇ ਦਾਨ ਦੇ ਤੁਨਤ ਨੁਨ ਨੁਨ, ਤੁਨਤ ਨੁਨ।
ਦਸ ਹਜ਼ਾਰ ਗੁਣਾਂ ਤੋਂ ਭੀ ਵਧ ਤੁਨਤ ਨੁਨ ਨੁਨ, ਤੁਨਤ ਨੁਨ।
ਕੇ ਉਨ੍ਹੂੰ ਭਗਵਾਨ ਦੇ। ਤੁਨਤ ਨੁਨ ਨੁਨ, ਤੁਨਤ ਨੁਨ।

ਸਾਥੀ ਦੇ 'ਸੱਦੋ ਸੂ' ਕਹਿਣ ਤੇ ਮੈਂ ਝੱਟ ਬੂਹਾ ਖੋਲ੍ਹਿਆ, ਕਿਉਂਕਿ ਮੇਰਾ ਦਿਲ ਭੀ ਉਸ ਨੂੰ ਅੰਦਰ ਬੁਲਾਉਣ ਲਈ ਆਪੇ ਤੋਂ ਬਾਹਰ ਹੋ ਰਿਹਾ ਸੀ। ਮਹਾਤਮਾਂ ਅੰਦਰ ਆਏ ਤੇ 'ਸਾਈਂ ਜੀ' ਅੰਦਰ ਦਰਸ਼ਨ ਦਿਓ' ਕਹਿਣ, ਅਤੇ ਮੇਰੇ ਬਾਰ ਬਾਰ ਸੋਫਾ ਤੇ ਬੈਠਣ ਲਈ ਕਹਿਣ ਤੇ ਭੀ ਪਾਸ ਪਏ ਲਕੜੀ ਦੇ ਸਟੂਲ ਉੱਤੇ ਮੁਸਕ੍ਰਾਂਦੇ ਜੇਹੇ ਬੈਠ ਗਏ। ਤੇ ਫੇਰ ਇਕਤਾਰਾ ਬਜੌਣ ਲੱਗ ਪਏ।

ਪਹਿਲਾਂ ਤਾਂ ਮੈਂ ਇਸ ਅਜੀਬ ਸਾਧੂ ਨੂੰ ਮੁਸਲਮਾਨ ਫਕੀਰ ਸਮਝਿਆ ਸੀ, ਤਦੇ ਹੀ 'ਸਾਈਂ ਜੀ' ਕਰਕੇ ਬੁਲਾਇਆ, ਪਰ ਫੇਰ ਮੈਨੂੰ ਹਿੰਦੂ ਹੋਣ ਦਾ ਝੋਲਾ ਪਿਆ ਤੇ ਮੈਂ ਦੁਚਿੱਤੀ ਜੇਹੀ ਵਿੱਚ 'ਮਹਾਤਮਾਂ' ਸੱਦਿਆ।

ਖੈਰ ਕੁਝ ਭੀ ਹੋਵੇ! ਉਹ ਸੱਚ ਮੁੱਚ ਹੀ ਮਹਾਤਮਾਂ ਸੀ। ਸੁਹਣਾ ਲੰਮਾ ਕੋਈ ਛੇ ਫੁੱਟ ਦੇ ਕਰੀਬ ਕੱਦ, ਰੰਗ ਬਹੁਤ ਗੋਰਾ ਤਾਂ ਨਾ ਸੀ! ਪਰ ਕਿਸੇ ਸੂਰਤ ਵਿੱਚ ਸੌਲਾ ਭੀ ਨਹੀਂ ਸੀ ਕਿਹਾ ਜਾ ਸਕਦਾ। ਸਰੀਰ ਭਰਮਾ ਨਾ ਸੀ, ਜ਼ਰਾ ਪਤਲੇਰੇ ਅੰਗ ਸੀ। ਦਾੜ੍ਹਾ ਸਫੈਦ ਦੁਧ ਧੋਤਾ, ਪਰ ਲੰਮੇ ਲੰਮੇ ਕੁੰਡਲਦਾਰ ਕੇਸ ਸੂਫੀ ਫਕੀਰਾਂ ਵਾਂਗ ਪਿਛਾਂ ਨੂੰ ਸਿੱਟੇ ਹੋਏ ਸਨ, ਕਾਲੇ ਸਨ। ਇਹ ਉਹ ਜ਼ੁਲਫਾਂ ਸਨ! ਜਿਨ੍ਹਾਂ ਨੂੰ ਕਵੀ ਕਾਲੇ ਕੁੰਡਲਦਾਰ ਸੱਪਾਂ ਨਾਲ ਤਸ਼ਬੀਹ ਦਿੰਦੇ ਹਨ। ਦਾਹੜੇ ਤੋਂ ਤਾਂ ਬੇਸ਼ਕ ਸੱਠ ਸਾਲ ਦੀ ਉਮਰ ਕਹੋ, ਪਰ ਚਿਹਰੇ ਦੀ ਲਾਲੀ ਤੇ ਅੱਖਾਂ ਦੀ ਨੁਹਾਰ ਤੋਂ ਉਮਰ ਕੋਈ ਚਾਲੀਆਂ ਤੋਂ ਦੋ ਕੁ ਸਾਲ ਵੱਧ ਦੀ ਹੀ ਮਸਾਂ ਹੋਵੇਗੀ। ਖੁੱਲ੍ਹੀਆਂ ਬਾਹਾਂ ਦਾ



Digitized by Panjab Digital Library | www.panjabdigilib.org

ਘੁੰਡੀਦਾਰ ਪੈਰਾਂ ਤੱਕ ਲੰਮਾ ਖੱਦਰ ਦਾ ਭਗਵਾਂ ਚੋਲਾ ਅਜੀਬ ਛਬ ਦਿਖਾ ਰਿਹਾ ਸੀ। ਇਸ ਤੋਂ ਉੱਤੇ ਉਸਦੀ ਰਸੀਲੀ ਮਨਮੋਹਣੀ ਸੁਰੀਲੀ ਆਵਾਜ ਗ਼ਜ਼ਬ ਕਰ ਰਹੀ ਸੀ। ਇਕਤਾਰੇ ਦੇ ਸਿਰੇ ਨਾਲ ਕਈ ਰੰਗ ਬਿਰੰਗੇ ਰੁਮਾਲ ਬੱਧੇ ਹੋਏ ਪ੍ਰੇਮੀਆਂ ਦਾ ਪ੍ਰੇਮ ਪ੍ਰਗਟ ਕਰ ਰਹੇ ਸਨ। ਇਸ ਦੇ ਤੂੰਬੇ ਦੀ ਥਾਂ ਕਿਸੇ ਸੁਚੱਜੇ ਕਾਰੀਗਰ ਨੇ ਕਾਗਜ਼ ਜੇਹੀ ਪਤਲੀ ਲੱਕੜੀ ਦਾ ਤੂੰਬਾ ਬਣਾਕੇ ਲਾਇਆ ਹੋਇਆ ਸੀ, ਜੋ ਆਮ ਤੂੰਬਿਆਂ ਨਾਲੋਂ ਚੌਗਣੀ ਆਵਾਜ਼ ਦੇ ਰਿਹਾ ਸੀ। ਦੂਜੇ ਬੰਨੇ ਕਿੱਲੀ ਨਾਲ ਭੀ ਵੀਣਾ ਵਾਂਗ ਨਿੱਕੀ ਜੇਹੀ ਲਕੜੀ ਦੀ ਬੁੱਘੀ ਮੜ੍ਹਕੇ ਲਾਈ ਹੋਈ ਸੀ, ਜੋ ਆਵਾਜ਼ ਨੂੰ ਹੋਰ ਦੁਬਾਲਾ ਕਰ ਰਹੀ ਸੀ। ਗੱਲ ਬਾਤ ਤੋਂ ਕੋਈ ਪੜ੍ਹਿਆ ਵਿਦਵਾਨ ਜਾਪਦਾ ਸੀ। ਬੰਗਾਲੀ ਹੋਣ ਦਾ ਭੀ ਝੌਲਾ ਪਿਆ ਪਰ ਠੀਕ ਪਤਾ ਨਾ ਲੱਗਾ। ਮਹਾਤਮਾਂ ਨੇ ਫੇਰ ਇਕਤਾਰਾ ਛੇੜਿਆ।

ਇਹ ਅਨੋਖਾ ਯੋਗੀ, ਮੋਢੇ ਨਾਲ ਇਕਤਾਰਾ ਤੇ ਇਕਤਾਰੇ ਨਾਲ ਕੰਨ ਲਾਕੇ ਬੀਨ ਤੇ ਮਸਤ ਹੋਏ ਸੱਪ ਵਾਂਗ, ਨਹੀਂ ਨਹੀਂ ! ਸਗੋਂ ਸੁਬਹ ਦੀ ਮੱਧਮ ਮੱਧਮ ਹਵਾ ਨਾਲ ਸਰੂ ਦੇ ਪਤਲੇ ਜੇਹੇ ਬਚੇ ਬੂਟੇ ਵਾਂਗ ਝੂਮ ਰਿਹਾ ਸੀ। ਝੂਮਣ ਸਮੇਂ ਉਸ ਦੇ ਕੁੰਡਲਾਂ ਵਾਲੇ ਲੰਮੇ ਲੰਮੇ ਵਾਲ ਇਕ ਅਜੀਬ ਦਿਲਕਸ਼ ਨਜ਼ਾਰਾ ਪੈਦਾ ਕਰ ਰਹੇ ਸਨ। ਅੱਖਾਂ ਬੰਦ ਸਨ, ਸਾਰੰਗੀ ਤੇ ਹੌਲੇ ਹੌਲੇ ਗਜ਼ ਫਿਰਨ ਵਾਂਗ ਜਾਂ ਚਾਬੀ ਲੱਗੇ ਖਿਲੌਣੇ ਵਾਂਗ ਮਹਾਤਮਾਂ ਆਪਣੇ ਤਾਨ ਦੇ ਰਸ ਵਿੱਚ ਮਸਤ ਝੂਮ ਰਿਹਾ ਸੀ ਤੇ ਇਕਤਾਰੇ ਨੇ

'ਤੁਨਤ ਨੁਨ ਨੁਨ,ਤੁਨਤ ਨੁਨ ਨੁਨ, ਤੁਨਤ ਨੁਨ ਨੁਨ,ਤੁਨਤ ਨੁਨ'।

ਅਲਾਪਨਾ ਸ਼ੁਰੂ ਕੀਤਾ। ਰਾਤ ਦਾ ਟਿਕਾਉ, ਚੁਫੇਰੇ ਚੁਪ ਚਾਂ ਛਾਈ ਹੋਈ ਸੀ। ਦੋ ਚਾਰ ਮਿੰਟ ਇਸੇ ਧੁਨ ਵਿਚ ਬਜਾਕੇ ਜੋਗੀ ਰਾਜ ਨੇ ਫੇਰ ਤੁਕ ਚੁੱਕੀ

'ਦੁਖੀ ਮਜ਼ਲੂਮਾਂ ਲਈ ਜੋ ਦੋ ਰੁਪੱਯੇ ਦਾਨ ਦੇ।
ਦਸ ਹਜ਼ਾਰ ਗੁਣਾਂ ਤੋਂ ਭੀ ਵਧਕੇ ਉਨ੍ਹੂੰ ਭਗਵਾਨ ਦੇ।'

ਸਾਧੂ ਮਹਾਤਮਾਂ ਤੁਕ ਦੀ ਅੱਧੀ ੨ ਤੁਕ ਆਖਦਾ ਤੇ ਫੇਰ ਇਕਤਾਰੇ ਮੂੰਹੋਂ ਭੀ 'ਤੁਨਤ ਨੁਨ ਨੁਨ, ਤੁਨਤ ਨੁਨ ਨੁਨ' ਕਹਾਉਂਦਾ ਸੀ। ਦੋ ਤੁਕਾਂ ਕਹਿਕੇ



Digitized by Panjab Digital Library | www.panjabdigilib.org

ਫੇਰ ਠਹਿਰ ਜਾਂਦਾ ਤੇ ਇਕਤਾਰਾ ਆਪਣੀ ਧੁਨ ਵਿੱਚ ਮਾਨੋ 'ਫਾਇਲਾਤੁੰ, ਫਾਇਲਾਤੁੰ, ਫਾਇਲਾਤੁੰ, ਫਾਇਲੁੰ' ਅਲਾਪ ਰਿਹਾ ਸੀ। ਇਸੇ ਹੀ ਤਰਾਂ ਹੌਲੀ ਹੌਲੀ ਠਹਿਰ ਠਹਿਰ ਗੌਂਦੇ ਤੇ ਇਕਤਾਰੇ ਨਾਲ ਅਲਾਪਦੇ। ਇਸ ਨਿਰਾਲੇ ਸਾਧੂ ਨੇ ਹੇਠ ਲਿਖੇ ਬੰਦ ਕਹੇ:-

"ਦੁਖੀ ਮਜ਼ਲੂਮਾਂ ਲਈ ਜੋ ਦੋ ਰੁੱਪਯੇ ਦਾਨ ਦੇ,
ਦਸ ਹਜ਼ਾਰ ਗੁਣਾਂ ਤੋਂ ਭੀ ਵਧਕੇ ਉਨੂੰ ਭਗਵਾਨ ਦੇ।

ਬੇ ਵਤਨ ਸਾਧੂ ਫਕੀਰਾਂ ਨੂੰ ਜੁ ਪੈਸਾ ਦਾਨ ਦੇ,
ਮਿਹਰ ਕਰਕੇ ਮੁਹਰ ਲੱਖ ਗੁਣਾਂ ਉਨੂੰ ਭਗਵਾਨ ਦੇ।

ਦੇਸ਼-ਸੇਵਕ, ਦੇਸ਼-ਭਗਤਾਂ ਨੂੰ ਜੁ ਧੇਲਾ ਦਾਨ ਦੇ,
ਧੰਨ ਹੈ! ਉਸਨੂੰ ਬਿਓੜਕ ਧਨ ਮਿਰਾ ਭਗਵਾਨ ਦੇ।

ਦੇਸ਼ ਕੌਮ 'ਦੁਖੀ' ਗਰੀਬਾਂ ਵਾਸਤੇ ਜੋ ਦਾਨ ਦੇ,
ਸਫਲ ਜਨਮ ਵਧੇ ਫਲੇ ਫੁੱਲੇ ਉਨੂੰ ਭਗਵਾਨ ਦੇ।"

ਜੋਗੀ ਨੇ ਉਂਗਲੀ ਚੁੱਕੀ, ਇਕਤਾਰਾ ਬੰਦ ਕੀਤਾ, ਮੋਢਿਓਂ ਜੁਦਾ ਕੀਤਾ ਤੇ ਅੱਖ ਪੱਟੀ। ਨਾਲ ਹੀ ਮੁਸਕ੍ਰਾਂਦਿਆਂ ਸਾਡੀ ਵੱਲ ਤੱਕ ਕੇ ਨਿਵਿਆਂ। ਮਾਨੋ ਪਿਆਰ ਦਾ ਅਦਬ ਕਰ ਰਿਹਾ ਹੈ।

ਮੈਂ ਅਨੰਦ ਮਸਤੀ ਵਿਚ 'ਮਹਾਰਾਜ' ਆਖ ਕੇ 'ਵਾਹ੍ਵਾ' ਕਹਿ ਹੀ ਰਿਹਾ ਸਾਂ ਕਿ ਮੇਰੇ ਸਾਥੀ ਜੀ ਤੁਰਤ ਬੋਲੇ

'ਜੇ ਭਲਾ ਕੋਈ ਦਾਨ ਨਾ ਦੇਵੇ ਤਾਂ?'

ਮਹਾਤਮਾਂ ਨੇ ਐਵੇਂ ਉਡਦੀ ਨਜ਼ਰੇ ਸਾਡੀ ਵੱਲ ਵੇਖਿਆ। ਇਕਤਾਰਾ ਆਪਣੇ ਆਪ ਮੋਢੇ ਨਾਲ ਤੇ ਕੰਨੁ ਇਕਤਾਰੇ ਨਾਲ ਲੱਗ ਗਿਆ। ਅੱਖਾਂ ਮਿਚ ਗਈਆਂ, ਉਂਗਲੀ ਆਪਣੀ ਕਾਰੇ ਲੱਗ ਗਈ ਤੇ ਸਾਜ਼ ਫੇਰ

ਤੁਨਤ ਨੁਨ ਨੁਨ, ਤੁਨਤ ਨੁਨ ਨੁਨ, ਤੁਨਤ ਨੁਨ ਨੁਨ, ਤੁਨਤ ਨੁਨ



Digitized by Panjab Digital Library | www.panjabdigilib.org

ਦਾ ਅਲਾਪ ਕਰਨ ਲੱਗ ਪਿਆ।

ਹੁਣ ਮਹਾਤਮਾਂ ਜੀ ਨੇ ਉਸੇ ਪਹਿਲੇ ਜੇਹੇ ਰੰਗ ਤੇ ਉਸੇ ਢੰਗ ਵਿਚ ਠਹਿਰ ੨ ਹੌਲੀ ਹੌਲੀ, ਝੂਮਦਿਆਂ ਝੂਮਦਿਆਂ ਗਾਵਿਆਂ:–

"ਦੁਖੀ ਮਜ਼ਲੂਮਾਂ ਗਰੀਬਾਂ ਵਲ ਨ ਜਿਸ ਦਾ ਧਯਾਨ ਹੈ,
ਆਦਮੀ ਉਸ ਨੂੰ ਨ ਕਹੁ ਪੱਥਰ ਜਿਗਰ ਹੈਵਾਨ ਹੈ।

ਦੇਸ਼ ਦੁੱਖੀ ਕੌਮ ਦਾ ਜਿਸ ਨੂੰ ਨ ਕੁਝ ਭੀ ਧਯਾਨ ਹੈ,
ਧ੍ਰਿਗ ਹੈ ਜੀਵਣੁ, ਭਲਾ ਉਹ ਭੀ ਕੋਈ ਇਨਸਾਨ ਹੈ। ?

ਦੇਸ਼ ਭਗਤਾਂ ਸਾਧੂਆਂ ਦਾ ਨਾ ਜਿਦ੍ਹੇ ਦਿਲ ਮਾਨੁ ਹੈ,
ਧਰਮ ਕੀ ਉਸ ਦਾ? ਮਹਾਂ ਸ਼ੈਤਾਨ ਬੇਈਮਾਨ ਹੈ।

ਕੌਮ ਪੂਜਾਂ ਕਮਲਿਆਂ ਦਾ ਨਾ ਜਿਨ੍ਹੂੰ ਕੁਝ ਧਯਾਨ ਹੈ,
ਕਮ ਅਕਲ, ਕਾਤਲ, ਕੁਪੂਤ ਕਹੋ ਉਨ੍ਹੂੰ, ਇਨਸਾਨ ਹੈ?"

ਸਾਡੇ ਕੀਤੇ ਸਵਾਲ ਦਾ ਸੁਹਣਾ ਜਵਾਬ ਮਿਲਿਆ। ਮਹਾਤਮਾਂ ਜੀ ਉਠ ਖੜੋਤੇ, ਮੈਂ ਜਾਂਦੇ ਵੇਖ ਹੱਥ ਜੋੜਕੇ ਕਿਹਾ:–

'ਮਹਾਰਾਜ ਅਜੇ ਸਜੋ, ਕੁਝ ਹੋਰ ਗੱਫਾ ਬਖਸ਼ੋ'

ਹੁਣ ਜੋਗੀ ਰਾਜ ਨੇ ਖੜੇ ਖੜਿਆਂ ਹੀ ਮਸਤ ਹੋ ਇਕਤਾਰਾ ਬਜੌਣਾ ਸ਼ੁਰੂ ਕੀਤਾ ਤੇ ਉਸੇ ਪਹਿਲੇ ਢੰਗ ਤੇ ਰੰਗ ਵਿਚ, ਉਸੇ ਤਰਜ਼ ਵਿਚ ਇਉਂ ਗੌਣਾ ਸ਼ੁਰੂ ਕੀਤਾ:–

"ਦੁਖੀ ਮਜ਼ਲੂਮਾਂ ਲਈ ਧਨ ਦਾਨ ਦੇ ਸਨਮਾਨ ਕਰੁ,
ਸੁਖੀ ਰਹੁ ਦੋਹੀਂ ਜਹਾਨੀ ਸਫਲ ਜਨਮ ਇਨਸਾਨ ਕਰੁ।

ਸੇਵਕਾਂ, ਧਰਮੀ, ਸ਼ਹੀਦਾਂ ਵਾਸਤੇ ਕੁਝ ਦਾਨ ਕਰੁ,
ਸਫਲ ਕਰ ਮਾਯਾ,ਜਨਮ,ਕੁਲ, ਕੌਮ, ਦੇਸ਼ ਧਯਾਨ ਕਰੁ।



Digitized by Panjab Digital Library | www.panjabdigilib.org

ਕੌਮ ਪੂਜਾਂ ਦੇਸ਼ ਭਗਤਾਂ ਦਾ ਹਮੇਸ਼ਾਂ ਧਜਾਨ ਕਰੁ,
ਆਪ ਤਰੁ, ਕੁਲ ਨੂੰ ਤਰਾ, ਯਸ ਖੱਟੁ,ਨਾਮੁ ਜਹਾਨ ਕਰੁ।

ਸਾਧ ਸੰਤ ਫਕੀਰ ਬੇ ਗਰਜ਼ਾਂ ਦਾ ਦਿਲ ਥੀਂ ਮਾਨ ਕਰੁ,
ਸ਼ਾਂਤ ਚਿੱਤ ਪ੍ਰਸੱਨ ਰਹਿਸੇਂ ਧਜਾਨ ਹੇ ਇਨਸਾਨ! ਕਰੁ।"

ਅੰਤਲੀ ਤੁਕ ਗੌਂਦੇ ਗੌਂਦਿਆਂ ਸੰਤ ਮਹਾਰਾਜ ਬਾਹਰ ਨੂੰ ਜਾਣ ਲਈ ਬੂਹੇ ਵਲ ਨੂੰ ਤੇ ਵੈਦ ਜੀ ਸੰਤਾਂ ਵਲ ਨੂੰ ਵਧੇ। ਮਹਾਤਮਾਂ ਨੂੰ ਵੈਦ ਜੀ ਨੇ ਜੱਫੀ ਵਿਚ ਲੈ ਲਿਆ ਤੇ ਇਕ ਕਾਲਾ ਕੰਬਲ ਖੋਲ੍ਹ ਕੇ ਸੰਤਾਂ ਉਪਰ ਦੇ ਦਿੱਤਾ ਅਤੇ ਸੰਤ ਦੇ ਖੀਸੇ ਵਿਚ ਕੁਝ ਪਾਇਆ। ਇਹ ਮਾਯਾ ਦਾ ਗਫਾ ਸੀ। ਮੈਂ ਭੌਂਚਕ ਖੜਾ ਵੇਖਦਾ ਹੀ ਸਾਂ ਕਿ ਸੰਤ ਬਾਹਰ ਨਿਕਲਿਆ ਤੇ ਛਲੇਡੇ ਵਾਂਗ ਰਾਤ ਦੇ ਅਨ੍ਹੇਰੇ ਵਿਚ ਗਾਇਬ ਹੋ ਗਿਆ।

ਇਹ ਇਕ ਦੇਸ਼ ਭਗਤ ਸੀ, ਜੋ ਸਮੇਂ ਦੀ ਦੁਸ਼ਟ ਸਰਕਾਰ ਦੀ ਮਾਰ ਤੇ ਆਪਣੇ ਹੀ ਹਮਵਤਨ ਕੁਪੂਤ ਭਰਾਵਾਂ ਦੇ ਦੁਪਿਆਰ ਦੀ ਮਾਰ ਤੋਂ ਲਾਚਾਰ ਹੋ ਖ੍ਵਾਰ ਹੁੰਦਾ ਦ੍ਵਾਰ ਦ੍ਵਾਰ ਫਿਰ ਰਿਹਾ ਸੀ। ਪਰ ਇਸ ਦਾ ਕੌਮੀ ਤੇ ਮੁਲਕੀ ਪਿਆਰ ਜੋ ਇਸ ਦੇ ਜੀਵਣ ਦਾ ਆਧਾਰ ਬਣ ਚੁੱਕਾ ਸੀ, ਨਿਰਾਧਾਰ ਇਸੇ ਕੋਸ਼ਸ਼ ਵਿਚ ਫਿਰਾ ਰਿਹਾ ਤੇ ਹਰਦਮ ਉਠਾ ਉਠਾ ਹੁਸ਼ਿਆਰ ਕਰ ਰਿਹਾ ਸੀ, ਜਿਸ ਨੂੰ ਵਿਚਾਰ ਕੇ ਵੈਦ ਜੀ ਨੇ ਦਾਤਾਰ ਹੋ ਆਪਣੇ ਪਿਆਰ ਭਰੇ ਦਿਲ ਨੂੰ ਉਛਾਲਿਆ ਤੇ ਯਥਾ ਸ਼ਕਤਿ ਦਾਨ ਦਿੱਤਾ।

ਸੰਤ ਦਾ ਦੇਸ਼ ਪਿਆਰ, ਵੈਦ ਜੀ ਦੀ ਦਾਨ ਧਾਰਾ ਤੇ ਆਪਣੇ ਨਿਕੰਮੇ ਜੀਵਣ ਵਲ ਵੇਖ ਕੇ,ਮੈਂ ਅਨੰਦ ਤੇ ਹਸਰਤ ਭਰੇ ਦਿਲ ਵਿਚੋਂ ਅਜੇ 'ਵਾਹਿਗੁਰੂ' ਕਹਿ ਹੀ ਰਿਹਾ ਸਾਂ ਕਿ ਧੌਂਸੇ ਦੀ ਧੁੰਕਾਰ,ਘੜਿਆਲ ਦੀ ਟੁਨਕਾਰ ਤੇ ਹਰਿ-ਮੰਦਰ ਸਾਹਿਬ ਜੀ ਵਿਚੋਂ ਗੁਰਮੁਖਾਂ ਦੀ 'ਸਤਿ ਸ੍ਰੀ ਅਕਾਲ' ਦੀ ਜੈ ਜੈ ਕਾਰ ਨੇ ਮੇਰੀ ਅੱਖ ਖੋਲ ਦਿਤੀ। ਮੈਂ ਤਿਮਜਲੇ ਹਵਾਰੀ ਵਿਚ ਪਿਆ ਸਾਂ। ਕਮੀਜ਼ ਪਹਿਣ ਜਲਦੀ ਜਲਦੀ ਹੇਠਾਂ ਉਤਰਿਆ ਤਾਂ ਸਾਢੇ ਚਾਰ ਬਜੇ ਸਨ। ਟਾਰਚ ਫੜ ਸੁਚੇਤ ਪਾਣੀ ਹੋਣ ਨੂੰ ਬਾਹਰ ਨਿਕਲਿਆ ਪਰ ਮੇਰੀਆਂ



Digitized by Panjab Digital Library | www.panjabdigilib.org

ਅੱਖਾਂ ਅੱਗੇ ਅਜੇ ਉਹੀ ਨਜ਼ਾਰਾ ਸੀ। ਮੈਂ ਸੋਚ ਰਿਹਾ ਸਾਂ ਕਿ ਵੈਦ ਜੀ ਸੂਖਮ ਸਰੀਰ ਵਿਚ ਭੀ ਉਸੇ ਦਾਨ ਦੇਣ ਦੀ ਧੁਨ ਵਿਚ ਹਨ। ਆਪ ਨੇ ਆਪਣੇ ਪੰਜ ਭੂਤਕ ਸਰੀਰੀ ਜੀਵਣ ਵਿਚ ਜੋ ਹਜ਼ਾਰਾਂ ਰੁਪਏ ਦਾਨ ਕੀਤੇ, ਹਜ਼ਾਰਾਂ ਤੇ ਲੱਖਾਂ ਪੁਸਤਕਾਂ ਦਾਨ ਕੀਤੀਆਂ,ਹਜ਼ਾਰਾਂ ਲੱਖਾਂ ਦੀਆਂ ਦਵਾਈਆਂ ਦਾਨ ਕੀਤੀਆਂ, ਹਜ਼ਾਰਾਂ ਅਨਾਥ, ਵਿਧਵਾਂ, ਯਤੀਮ ਤੇ ਦੇਸ਼ ਭਗਤਾਂ ਦੀ ਮਦਦ ਕੀਤੀ, ਤਨ ਮਨ ਤੇ ਧਨ ਨਾਲ ਵਿਤੋਂ ਵਧਕੇ ਕੌਮ ਤੇ ਦੇਸ਼ ਦੀ ਸੇਵਾ ਕਰਦੇ ਰਹੇ, ਤਦ ਸੂਖਮ ਸਰੀਰ ਵਿਚ ਭੀ ਆਪ ਇਸੇ ਦਾਨ-ਧੁਨ ਵਿਚ ਮਗਨ ਹਨ।

ਪਾਠਕ ਜਨ ! ਪਿੱਛਲੇ ਪੱਤ੍ਰਿਆਂ ਵਿਚ ਅਸੀਂ ਵੈਦ ਜੀ ਵਲੋਂ ਹਜ਼ਾਰਹਾ ਪੁਸਤਕਾਂ ਦਾ ਦਾਨ ਦਿਖਾ ਚੁੱਕੇ ਹਾਂ । ਇਹ ਭੀ ਉਹੀ ਹਨ ਜੋ ਸੰਖੇਪ ਮਾਤ੍ਰ ਸਾਨੂੰ ਕੁਝ ਕੁ ਡਾਇਰੀ ਨੋਟਾਂ ਵਿਚੋਂ ਮਿਲਦੀਆਂ ਹਨ। ਇਸੇ ਹੀ ਤਰ੍ਹਾਂ ਬਸਤ੍ਰ, ਅੰਨ, ਧਨ ਤੇ ਦਵਾਈਆਂ ਆਦਿ ਰਾਹੀਂ ਜੋ ਜੋ ਸੇਵਾ ਕੌਮ ਦੇਸ਼ ਦੀ ਵੈਦ ਜੀ ਨੇ ਕੀਤੀ ਉਹ ਅਦੁਤੀ ਹੈ, ਅਵਰਣਨੀਯ ਹੈ।

੧੯੩੫ ਵਿਚ ਭੀ ਡਾਇਰੀ ਨੋਟਾਂ ਤੋਂ ਪਤਾ ਲੱਗਦਾ ਹੈ ਕਿ ਆਪ ਨੇ ਕੋਈ ਪੌਣੇ ਛੇ ਸੌ ਦੇ ਕਰੀਬ ਪੁਸਤਕ ਇਸ ਸਾਲ ਵਿਚ ਲਾਇਬਰੇਰੀਆਂ ਨੂੰ ਦਾਨ ਕੀਤੇ। ਜਿਵੇਂ:—

"੨੬ ਅਪ੍ਰੈਲ ਨੂੰ ਖਾਲਸਾ ਪ੍ਰਚਾਰਕ ਵਿਦ੍ਯਾਲਾ (ਚੀਫ ਖਾਲਸਾ ਦੀਵਾਨ) ਤਰਨ ਤਾਰਨ ਦੀ ਲਾਇਬਰੇਰੀ ਵਾਸਤੇ ੧੨੭ ਪੁਸਤਕ ਭੇਟ ਕੀਤੇ।"

੨੯ ਅਪ੍ਰੈਲ ੧੯੩੫ ਨੂੰ ਛੋਟਾ ਤੇ ਵੱਡਾ ਸਿਮਲਾ ਗੁਰਦੁਆਰਾ ਲਾਇਬਰੇਰੀਆਂ ਨੂੰ ਦੋ ਪਾਰਸਲ ੧੨੮ ਤੇ ੧੨੯ ਪੁਸਤਕਾਂ ਦੇ ਦਾਨ ਵਜੋਂ ਭੇਜੇ।

੧੩ ਮਈ ਨੂੰ ਸ੍ਰੀ ਗੁਰੂ ਨਾਨਕ ਲਾਇਬਰੇਰੀ ਲੁਧਿਹਾਨਾ ਵਾਸਤੇ ੧੨੮ ਪੁਸਤਕ ਰੇਲਵੇ ਪਾਰਸਲ ਰਾਹੀਂ ਭੇਜੇ।

ਇਸੇ ਹੀ ਤਰ੍ਹਾਂ ਇੱਕੜ ਦੁੱਕੜ ਪੁਸਤਕਾਂ ਤੋਂ ਇਲਾਵਾ ੯ ਅਕਤੂਬਰ ਨੂੰ ੪੨ ਜਿਲਦਾਂ ਪੁਸਤਕਾਂ ਸੇਵਕ ਜੱਥਾ ਚਕ ਨੰ: ੧੭੯ ਜ਼ਿਲਾ ਲਾਇਲ ਪੁਰ



Digitized by Panjab Digital Library | www.panjabdigilib.org

ਦੀ ਲਾਇਬ੍ਰੇਰੀ ਵਾਸਤੇ ਸਕੱਤਰ ਮਹਿਲ ਸਿੰਘ ਨੂੰ ਦਿੱਤੇ।

ਇਹ ਕੇਵਲ ਅਤੀ ਸੰਖੇਪ ਤੇ ਇਸ ਸਾਲ ਦੇ ਪੁਸਤਕ ਦਾਨ ਦੇ ਡਾਇਰੀ ਨੋਟਾਂ ਦੇ ਅਧਾਰ ਤੇ ਲਿਖੀ ਲਿਸਟ ਹੈ। ਆਓ ਵੈਦ ਜੀ ਦੀ ਇਸ ਸਾਲ ਦੀ ਜ਼ਰਾ ਹੋਰ ਭੀ ਮੋਟੀ ਮੋਟੀ ਸੇਵਾ ਦੇਖ ਲਈਏ।

੬ ਫਰਵਰੀ ਨੂੰ ਚੀਫ ਖਾਲਸਾ ਦੀਵਾਨ ਦੀ ਸਿੱਖ ਐਜੂਕੇਸ਼ਨ ਕਮੇਟੀ ਵਲੋਂ ਨੀਯਤ ਕੀਤੀ ਹੋਈ 'ਪੰਜਾਬੀ ਸਬ ਕਮੇਟੀ' ਵਿੱਚ ਅੰਮ੍ਰਿਤਸਰ ਗਏ ਤੇ ਹਿੱਸਾ ਲਿਆ।

ਪੰਥ ਵਿੱਚ ਆਪੋ ਧਾਪੀ ਤੇ ਦੁਫੇੜ ਦੀ ਅੱਤ ਬਾਰੇ ੬ ਫਰਵਰੀ ਦੇ 'ਅਕਾਲੀ' ਵਿੱਚ ਮਾਸਟਰ ਤਾਰਾ ਸਿੰਘ ਜੀ ਬੀ. ਏ. ਨੇ 'ਪੰਥ ਦੀ ਹਾਲਤ ਕਿਸਤਰ੍ਹਾਂ ਸੁਧਰੇ' ਦੀ ਸੁਰਖੀ ਹੇਠ ਇੱਕ ਲੇਖ ਪ੍ਰਕਾਸ਼ਤ ਕਰਵਾਇਆ। ਵੈਦ ਰਾਜ ਜੀ ਦੇ ਨਿਰਮਲ, ਨਿਰਪੱਖ ਤੇ ਪਿਆਰ ਭਰੇ ਹਿਰਦੇ ਉੱਤੇ ਬੜਾ ਅਸਰ ਹੋਇਆ। ਆਪ ਨੇ ਅਖਬਾਰ ਪੜ੍ਹਦਿਆਂ ਹੀ ਤੁਰਤ ਹੇਠ ਲਿਖੀ ਚਿੱਠੀ ਮਾਸਟਰ ਜੀ ਵੱਲ ਲਿਖੀ:–

"ਸ੍ਰੀ ਮਾਨ ਸਤਿਕਾਰ ਯੋਗ ਮਾਸਟਰ ਤਾਰਾ ਸਿੰਘ ਸਾਹਿਬ ਜੀ!

ਪੰਥ ਵਿੱਚ ਪਈ ਫੁੱਟ ਤੇ ਪਾਰਟੀ ਬਾਜ਼ੀ ਮਿਟਾਨ ਨਮਿੱਤ ਸ੍ਰੀ ਮਾਨ ਜੀ ਦੇ ਤਯਾਗ ਨੇ ਬਹੁਤ ਸਾਰੇ ਪੰਥ ਹਿਤੈਸ਼ੀਆਂ ਦੇ ਦਿਲਾਂ ਵਿੱਚ ਆਪ ਦਾ ਬਹੁਤ ਸਤਿਕਾਰ ਤੇ ਪੰਥਕ ਭਲਾਈ ਵਾਸਤੇ ਦਰਦੀ ਦਿਲ ਹੋਵਨ ਦਾ ਭਰੋਸਾ ਬਨ੍ਹਾ ਦਿੱਤਾ ਹੈ। ੬ ਫ਼ਰਵਰੀ ਦੇ ਅਕਾਲੀ ਪਤ੍ਰਿਕਾ ਦੇ ਸਫ਼ਾ ੫ ਤੇ "ਪੰਥ ਦੀ ਹਾਲਤ ਕਿਸਤਰ੍ਹਾਂ ਸੁਧਰੇ?" ਦੇ ਸਿਰ ਲੇਖ ਦੀ ਅਪੀਲ ਅਨੁਸਾਰ ਦਾਸ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਅਤੇ 'ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਤਰਨ ਤਾਰਨ' ਦੀਆਂ ਮੈਂਬਰੀਆਂ ਤੋਂ ਜਿਸ ਵੇਲੇ ਹੁਕਮ ਕਰ ਭੇਜੋ ਅਸਤੀਫਾ ਭੇਜ ਦੇਣ ਵਾਸਤੇ ਤਿਆਰ ਹੈ ਅਤੇ ਸ੍ਰੀ ਮਾਨ ਜੀ ਦੀ ਏਸ ਤਜਵੀਜ਼ ਨਾਲ ਪੂਰਣ ਸੰਮਤੀ ਰੱਖਦਾ ਹੈ। ੫—੨—੧੯੩੫"

ਇਸ ਦੇ ਉੱਤ੍ਰ ਵਿੱਚ ਮਾਸਟਰ ਜੀ ਨੇ (੮. ੨. ੩੫ ਨੂੰ) ਬੜੇ ਪਿਆਰ ਤੇ ਮਾਣ ਭਰੀ ਚਿਠੀ ਲਿਖੀ ਜੋ ਇਸਤਰ੍ਹਾਂ ਹੈ:–



Digitized by Panjab Digital Library | www.panjabdigilib.org

ਮੇਰੇ ਪਿਆਰੇ ਮਾਨਯੋਗ ਭਾਈ ਸਾਹਿਬ ਜੀ !

ਆਪ ਦੀ ਚਿਠੀ ਮਿਲੀ ਜਿਸ ਵਿਚ ਆਪ ਨੇ ਕਿਹਾ ਹੈ ਕਿ ਆਪ ਸ਼੍ਰੋਮਣੀ ਕਮੇਟੀ ਤੇ ਤਰਨ ਤਾਰਨ ਕਮੇਟੀ ਵਿਚੋਂ ਅਸਤੀਫੇ ਦੇਣ ਲਈ ਤਿਆਰ ਹੋ। ਮੈਂ ਇਹ ਚਿਠੀ ਅਖਬਾਰ ਵਿਚ ਪ੍ਰਕਾਸ਼ਤ ਹੋਣ ਲਈ ਘੱਲ ਰਿਹਾ ਹਾਂ। ਆਸ ਹੈ ਆਪ ਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ।

ਮੈਂ ਆਪ ਦਾ ਬੜਾ ਧਨਵਾਦੀ ਹਾਂ ਕਿ ਆਪ ਨੇ ਮੇਰੇ ਉਤੇ ਇਤਨਾ ਭਰੋਸਾ ਪ੍ਰਗਟ ਕੀਤਾ ਹੈ। ਵਾਹਿਗੁਰੂ ਮੈਨੂੰ ਇਹ ਗੁਣ ਬਖਸ਼ੇ ਜਿਸ ਕਰਕੇ ਆਪ ਵਰਗੇ ਸਜਣਾਂ ਦੇ ਭਰੋਸੇ ਦਾ ਪਾਤਰ ਬਣਿਆਂ ਰਵ੍ਹਾਂ।

ਆਪ ਨੇ ਕੁਰਬਾਨੀ ਦਾ ਰਾਹ ਖੋਲ੍ਹ ਦਿਤਾ ਹੈ ਤੇ ਇਸ ਵਿਚ ਕਾਮਯਾਬੀ ਦੀ ਆਸ ਮੈਨੂੰ ਬਝ ਗਈ ਹੈ।" ਆਪ ਦਾ ਦਾਸ ਤਾਰਾ ਸਿੰਘ

੧੩ ਫਰਵਰੀ ਨੂੰ ਸ: ਬ: ਸ: ਮੋਹਨ ਸਿੰਘ ਜੀ ਰਈਸ ਰਾਵਲ ਪਿੰਡੀ ਜੀ ਦੇ ਇੰਡੀਆ ਕੌਂਸਲ ਲੰਡਨ ਵਿਚ ਮੈਂਬਰ ਹੋ ਕੇ ਜਾਣ ਸਮੇਂ ਆਪ ਦੀ ਇੱਜ਼ਤ ਤੇ ਵਿਦਾਇਗੀ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹੋਈ ਗਾਰਡਨ ਪਾਰਟੀ ਵਿਚ ਗਏ।

੩ ਮਾਰਚ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਮਾ: ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ ਸ: ਜਸਵੰਤ ਸਿੰਘ ਆਦਿਕਾਂ ਨਾਲ ਪੰਥਕ ਵਿਚਾਰਾਂ ਕਰਦੇ ਰਹੇ।

੪ ਮਾਰਚ ਨੂੰ ਰਸਾਲਾ 'ਵਿਹਾਰ ਸੁਧਾਰ' ਲਈ ਐਡੀਟਰ ਨੁਸਖਿਆਂ ਦੀਆਂ ਕਾਪੀਆਂ ਲੈ ਗਿਆ ਜੋ ਢੇਰ ਚਿਰ ਤਕ ਛਪਦੇ ਰਹੇ।

੪ ਅਪ੍ਰੈਲ ਨੂੰ ਸ: ਭਗਤ ਸਿੰਘ ਜੀ ਸਬ ਜਜ ਦੇ ਗੁਰਦੁਆਰਾ ਐਕਟ ਦੀਆਂ ਤਰਮੀਮਾਂ ਸੰਬੰਧੀ ਵਿਚਾਰਾਂ ਹੁੰਦੀਆਂ ਰਹੀਆਂ।

੧੩ ਅਪ੍ਰੈਲ ਨੂੰ ਫੇਰ ਕ੍ਰਿਪਾਲਤਾ ਦੁਆਰਾ ਸ੍ਰੀ ਮਾਨ ਬਾਬਾ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਵਾਲਿਆਂ ਨੇ ਦਰਸ਼ਨ ਦਿਤੇ।

੧੮ ਅਪ੍ਰੈਲ ਨੂੰ ਸ: ਜਸਵੰਤ ਸਿੰਘ ਜੀ ਮੈਂਬਰ ਇਨਚਾਰਜ ਖਾ:



Digitized by Panjab Digital Library | www.panjabdigilib.org

ਪ੍ਰ:ਵਿ: ਤਰਨ ਤਾਰਨ ਲਗੀ ਹੋਈ ਮਹਾਵਾਰੀ ਸਹਾਇਤਾ ੨੫) ਲੈ ਗਏ*।

੨੦, ੨੧ ਤੇ ੨੨ ਅਪ੍ਰੈਲ ਨੂੰ ਆਪ ਸਿਖ ਐਜੂਕੇਸ਼ਨਲ ਕਾਨਫ੍ਰੰਸ ਦੇ ਸਾਲਾਨਾ ਸਮਾਗਮ ਵਿਚ ਗਏ, ਓਥੇ ਜਿਵੇਂ ਆਪ ਨੇ ਸੇਵਾ ਤੇ ਦਰਸ਼ਨਾਂ ਵਿਚ ਸਮਾਂ ਬਿਤਾਇਆ ਉਹ ਆਪ ਜੀ ਦੇ ਹਥੀਂ ਲਿਖੇ ਡਾਇਰੀ ਨੋਟਾਂ ਵਿਚੋਂ ਹੀ ਦਰਜ ਕਰ ਦੇਣਾ ਸੁਹਣਾ ਸਜੇਗਾ। ਉਨ੍ਹਾਂ ਤਿਹਾਂ ਦਿਨਾਂ ਦੇ ਹੀ

---

*ਮੈਨੇਜਰ ਸਾਹਿਬ ਖਾ:ਪ੍ਰ: ਵਿਦਯਾਲਾ ਤਰਨ ਤਾਰਨ ਇਸਸੰਬੰਧੀ੨੫-੩-੩੮ ਦੀ ਪੱਤ੍ਰਕਾ ਵਿਚ ਲਿਖਦੇ ਹਨ ਕਿ:- "ਭਾਈ ਸਾਹਿਬ ਜੀ ਸੁਲਹ ਕੁਲ ਸਨ ਤੇ ਹਰ ਇਕ ਦੀ ਯਥਾ ਸ਼ਕਤ ਮਦਦ ਤੇ ਹਰ ਪ੍ਰਕਾਰ ਦੀ ਸੇਵਾ ਕਰਨ ਨੂੰ ਤਿਆਰ ਰਹਿੰਦੇਸਨ। ਅਜ ਤੋਂ ਕੁਝ ਸਾਲ ਪਹਿਲਾਂ ਜਦ ਸੈਂਟਰਲ ਖਾਲਸਾ ਹਸਪਤਾਲ ਦੀ ਸੇਵਾ ਵਰਤਮਾਨ ਮੈਂਬਰ ਇਨਚਾਰਜ ਦੇ ਸਪੁਰਦ ਹੋਈ ਸੀ ਤਾਂ ਵੈਦ ਜੀ ਨੇ ਕਿਹਾ ਕਿ ਜੋ ਹਸਪਤਾਲ ਬੰਦ ਹੋ ਚੁਕਾ ਹੋਇਆ ਹੈ, ਫੌਰਨ ਖੋਲ੍ਹ ਦਿਤਾ ਜਾਵੇ ਤਾਂ ਕਿ ਬਿਅੰਤ ਰੋਗ ਗ੍ਰਸਤ ਲਾਭ ਉਠਾ ਸੱਕਣ। ਇਸ ਕੰਮ ਵਾਸਤੇ ੨੫) ਮਹੀਨਾਂ ਦਾਨ ਦੇਣਾ ਪ੍ਰਵਾਨ ਕੀਤਾ ਤੇ ਲਗਾਤਾਰ ਛੇ ਮਹੀਨੇ ਦਿੰਦੇ ਰਹੇ। ਜੇ ਵੈਦ ਜੀ ਇਹ ਕਿਰਪਾ ਨਾ ਕਰਦੇ ਤਾਂ ਦੇਗਾਂ ਮਸਤਾਨੀਆਂ ਹੋਣ ਕਰਕੇ ਪਤਾ ਨਹੀਂ ਇਹ ਹਸਪਤਾਲ ਕਿੰਨਾਂ ਚਿਰ ਪਿਛੋਂ ਜਾ ਕੇ ਖੁਲ੍ਹਦਾ। ਇਸ ਹਸਪਤਾਲ ਵਿਚ ਅਜ ਕਲ ਦੋ ਢਾਈ ਸੌ ਬੀਮਾਰ ਹਰ ਰੋਜ਼ ਲਾਭ ਉਠਾਉਂਦੇ ਹਨ।

ਆਸ਼ਰਮ ਵਿਚ ਬਿਜਲੀ ਲੁਆਉਣ ਸਮੇਂ ਮੈਂਬਰ ਇੰਨਚਾਰਜ ਸਾਹਿਬ ਦੇ ਕਹਿਣ ਪੁਰ ੧੦) ਪਾਸੋਂ ਦੇ ਕੇ ਪੰਜ ਛੇ ਹੋਰ ਪ੍ਰੇਮੀਆਂ ਪਾਸੋਂ ਮਾਇਆ ਲੈ ਦਿਤੀ। ਇਉਂ ਆਪ ਨੂੰ ਧਾਰਮਕ ਆਸ਼ਰਮਾਂ ਨਾਲ ਅਤਿ ਪ੍ਰੇਮ ਸੀ ਤੇ ਇਹਨਾਂ ਨੂੰ ਉੱਨਤ ਹੋਇਆ ਵੇਖਣ ਵਿਚ ਹੀ ਆਪ ਦੀ ਪ੍ਰਸੰਨਤਾ ਸੀ।

ਧਾਰਮਕ ਪੋਥੀਆਂ ਬਨਾਉਣ ਤੇ ਛਪਾਉਣ ਦੀ ਬੀ ਆਪ ਬਹੁਤ ਸਾਰੀ ਸੇਵਾ ਕਰਦੇ ਰਹੇ ਸਨ। ਇਸ ਆਸ਼ਰਮ ਨੂੰ ਬੀ ਪਰਮ ਕ੍ਰਿਪਾਲਤਾ ਦਵਾਰਾ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਦਾ ਇਕ ਸੈੱਟ ਬਖਸ਼ ਗਏ ਸਨ।

ਮੁਕਦੀ ਗਲ ਇਹ ਹੈ ਕਿ ਆਪ ਬੜੇ ਹੀ ਹਿਤੂ ਤੇ ਓਪਰਿਆਂ ਦੇ ਦਿਲਾਂ ਨੂੰ ਮੋਹ ਲੈਣ ਵਾਲੇ ਸਨ।"



Digitized by Panjab Digital Library | www.panjabdigilib.org

ਡਾਇਰੀ ਨੋਟ ਨਿਮਨ ਲਿਖਤ ਹਨ:-

੨੦ ਅਪ੍ਰੈਲ ੧੯੩੫--ਅੰਮ੍ਰਿਤ ਵੇਲੇ ਗੁਜਰਾਂਵਾਲੇ ਧਾਰਮਕ ਦੀਵਾਨਾਂ ਵਿੱਚੋਂ ਹੋ, ਐਜੂਕੇਸ਼ਨਲ ਸਬਜੈਕਟ ਕਮੇਟੀ ਵਿਚ ਹਿਸਾ ਲਿਆ, ਫੇਰ ਵਿਦਯਕ ਕਾਨਫ੍ਰੰਸ ਦਾ ਸਮਾਗਮ ਵੇਖ, ਸਰਬ ਸੰਪ੍ਰਦਾ ਸਿਖ ਕਾਨਫ੍ਰੰਸ ਦੇ ਧਾਰਮਕ ਦੀਵਾਨ ਵਿਚ ਰਾਤ ਦੇ ੯ ਬਜੇ ਤਕ ਦਰਸ਼ਨ ਕਰਕੇ ਲੰਗਰੋਂ ਪ੍ਰਸ਼ਾਦ ਛਕ ਆਰਾਮ ਕੀਤਾ।

੨੧-੪-੩੫ ਅੰਮ੍ਰਤ ਵੇਲੇ ਨਿਤਨੇਮ ਕਰਿ, ਸਰਬ ਸੰਪ੍ਰਦਾ ਕਾਨਫ੍ਰੰਸ ਦੇ ਜਲੂਸ ਵਿਚ ਸੰਗਤਾਂ ਦੇ ਦਰਸ਼ਨ ਕੀਤੇ,੧੧ਤੋਂ੪॥ਤਕ ਸਿਖ ਐਜੂਕੇਸ਼ਨਲ ਕਾਨਫ੍ਰੰਸ ਦੇ ਸਮਾਗਮ ਵਿਚ ਹੋ ੪॥ ਤੋਂ ੮ ਸ਼ਾਮ ਤਕ ਸਰਬ ਸੰਪ੍ਰਦਾ ਕਾਨਫ੍ਰੰਸ ਵਿਚ ਸਮਾਂ ਲਗਾ। ਫੇਰ ਰਾਤ ੯ ਤੋਂ ੧੧॥ ਤਕ ਸਰਬ ਸੰਪ੍ਰਦਾ ਸਿਖ ਕਾਨਫ੍ਰੰਸ ਦੀ ਸਬਜੈਕਟਸ ਕਮੇਟੀ ਵਿਚ ਰੁਝੇ ਰਹੇ।

੨੨-੪-੩੫ ਗੁਜਰਾਂਵਾਲਾ--ਨਿਤਨੇਮ ਕਰ ਸ਼ਹਿਰ ਵੇਖਣ ਗਏ। ੮ ਤੋਂ ੧੦ ਤਕ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਸਰਬ ਸੰਪ੍ਰਦਾ ਕਾਨਫ੍ਰੰਸ ਦੀ ਸਬਜੈਕਟਸ ਕਮੇਟੀ ਵਿਚ ਹਿਸਾ ਲਿਆ, ਲੰਗਰ ਛਕ ੧੦॥ ਤੋਂ ੩ ਬਜੇ ਤਕ ਸਰਬ ਸੰਪ੍ਰਦਾ ਕਾਨਫ੍ਰੰਸ ਵਿਚ ਹੋ, ੩ ਤੋਂ ੭ ਬਜੇ ਤਕ ਸ਼ਹਿਰ ਗੁਰਦਵਾਰੇ, ਦਮਦਮਾ ਸਾਹਿਬ, ਜਨਮ ਸਥਾਨ ਮਹਾਰਾਜਾ ਰਣਜੀਤ ਸਿੰਘ ਜੀ, ਸਮਾਧਾਂ, ਬਾਗ ਹਵੇਲੀ ਜਨਰਲ ਸ: ਹਰੀ ਸਿੰਘ ਜੀ ਨਲਵਾ ਦੀ ਵੇਖ ਸੰਗਤਾਂ ਦੇ ਦਰਸ਼ਨ ਕਰ ਅਰਾਮ ਕੀਤਾ।

ਉਪ੍ਰੋਕਤ ਨੋਟਾਂ ਤੋਂ ਸਾਨੂੰ ਸੁਖਾਲਾ ਹੀ ਆਪ ਦੇ ਉਤਸ਼ਾਹੀ ਜੀਵਨ ਦਾ ਪਤਾ ਲਗ ਸਕਦਾ ਹੈ।

੨੩ ਅਪ੍ਰੈਲ ਨੂੰ ਐਡੀਟਰ 'ਵਿਹਾਰ ਸੁਧਾਰ' ਆਏ ਪ੍ਰਸ਼ਾਦ ਛਕ ਕੁਝ ਦਵਾਵਾਂ ਤੇ ਕੁਝ ਛਪਣ ਯੋਗ ਖਰੜੇ ਲੈ ਗਏ।

੧੪ ਮਈ ਨੂੰ ਸ: ਗੁਰਬਖਸ਼ ਸਿੰਘ ਜੀ ਸ਼ਮਸ਼ੇਰ ਝਬਾਲੀਏ ਸ੍ਰੀ ਨਨਕਾਣਾ ਸਾਹਿਬ ਜੀ ਦਾ ਇਤਿਹਾਸ ਲਿਖਣ ਲਈ ਮਸਾਲਾ ਲੈਣ ਆਏ ਆਪ ੧੫ ਮਈ ਨੂੰ ਭੀ ਏਥੇ ਹੀ ਰਹੇ ਤੇ ਹੇਠ ਲਿਖੇ ਬਹੁਤ ਸਾਰੇ ਕਾਗਜ਼ ਪੁਸਤਕਾਂ ਤੇ ਫੋਟੋ ਆਦਿਕ ਇਤਿਹਾਸ ਸ੍ਰੀ ਨਨਕਾਣਾ ਸਾਹਿਬ ਲਿਖਣ ਲਈ ਅਮਾਨਤ ਵਜੋਂ ਲੈ ਗਏ:-



-Digitized by Panjab Digital Library | www.panjabdigilib.org

(੧) ਭਿਆਨਕ ਸਾਕਾ ੧ । (੨) ਪੰਜਾਬ ਦਰਪਨ ੫, ੯ ਤੇ ੧੧ ਮਾਰਚ ੧੯੨੧ ।
(੩) ਲਾਇਲ਼ ਗਜ਼ਟ ੨੭ ਫਰਵਰੀ, ੬ ਤੇ ੧੩ ਮਾਰਚ ੧੯੨੧ ।
(੪) ਸਚੀ ਗੱਲ ਇਸ਼ਤਿਹਾਰ ਅਤੇ ਕਹਿਰ ਤੇ ਖ਼ੂਨ ਦੀ ਨਦੀ ।
(੫) ਪ੍ਰਤਾਪ ਦਾ ਕਟਿੰਗ ਮਾਰਚ ੧੯੨੧ । (੬) ਕੇਸਰੀ ੧੯੨੮ ਈ: ।
(੭) ਖੁਲ੍ਹੀ ਚਿੱਠੀ ਕ੍ਰਿਪਾ ਰਾਮ ਤੇ ਨਰੈਣ ਦਾਸ ਇਸ਼ਤਿਹਾਰ ।
(੮) ਸਿਆਪਾ ਕਰਤਾਰੂ ਕਰਤਾ ਭਾ: ਨਾਨਕ ਸਿੰਘ । (੯) ਸਤ ਸਫੇ ਪੈਨਸਲੀ ਨੋਟ ।
(੧੦)ਖਾਲਸਾ ਸਮਾਚਾਰ ਫਰਵਰੀ ੨੮ ੧੯੨੧ । (੧੧)ਇਕ ਅੰਗ੍ਰੇਜ਼ੀ ਪਰਚੀ ਜਹੀ ।
(੧੨) ਬਾਬੇ ਦੇ ਗਲ ਟਲ । (੧੩) ਟੱਟੀ ਕੀ ਆੜ ਮੇਂ ਸ਼ਿਕਾਰ ।
(੧੪) ਕਾਰੋਨੇਸ਼ਨ ਗੁਰਦੁਆਰਿਆਨ।(੧੫)ਕਿੰਗਦੀਚਿਠੀਸ੍ਰ:ਕਰਤਾਰ ਸਿੰਘ ਦੇ ਨਾਮ।
(੧੬) ਛੇ ਕਾਗਜ਼ ਅੰਗਰੇਜ਼ੀ ਦੇ ਨੋਟ ।
(੧੭) ਤਿੰਨ ਸਫੇ ਅਸਲੀ ਨੋਟ ਉਰਦੂ ਵਿਚ ਲਿਖਤੀ ।
(੧੮) ਪ੍ਰਤਾਪ ਫਰਵਰੀ ੨੩ ਸੰ: ੧੯੨੧ । (੧੯) ਖੁਲ੍ਹੀ ਚਿਠੀ ਸ਼ਰੋਮਣੀ ਕ: ਵਲੋਂ ।
(੨੦) ਇਕ ਛਪਿਆ ਹੋਇਆ ਅੰਗਰੇਜ਼ੀ ਕਾਗਜ਼ ।
(੨੧) ਪ੍ਰਤਾਪ ੨੫ ਵਰਵਰੀ ੧੯੨੫ ਈ: । (੨੨) ਕੇਸਰੀ ੨੫ ਫਰਵਰੀ ੧੯੨੫ ।
(੨੩) ਖਾਲਸਾ ਸਮਾਚਾਰ ੨੫ ਫਰਵਰੀ ੧੯੨੫ ਈ: ।
(੨੪) ਦੁਸ਼ਟਾਂ ਦੀ ਕਰਤੂਤ । (੨੫) ਪ੍ਰਤਾਪ ੨੭ ਫਰਵਰੀ ੧੯੨੧ ।
(੨੬) ਸੂਚਨਾਂ । (੨੭) ਖ਼ੂਨ ਦੇ ਸੋਹਿਲੇ ਗੁਰਦਿਤ ਸਿੰਘ ।
(੨੮) ਅਕਾਲੀ ਪਰਦੇਸੀ ੨੧ ਫਰਵਰੀ ੧੯੨੩ ।
(੨੯) ਅਕਾਲੀ ਦੇ ੨੫ ਪਰਚੇ (੧-੫-੬-੮ ਜਨਵਰੀ, ੨੧ ਫਰਵਰੀ । ੧੦, ੧੨, ੧੩, ੧੪, ੧੬, ੧੮, ੧੯, ੨੦, ੨੧, ੨੩, ੨੪, ੨੫, ੩੦ ਮਾਰਚ । ੩, ੬, ੯, ੧੦, ੧੩, ੧੪, ੨੧ ਅਪ੍ਰੈਲ ੧੯੨੧ ਦੀਆਂ ਤਰੀਕਾਂ ਦੇ) ।
(੩੦) ਲਾਇਲ ਗਜ਼ਟ ੨੩ ਅਕਤੂਬਰ ਦਾ ਕਟਿੰਗ ।
(੩੧) ਟਰੀਬੀਯੂਨ ੧੭ ਜੁਲਾਈ ਦਾ ਕਟਿੰਗ ।
(੩੨) ਇਕ ਫੈਸਲੇ ਦੀ ਨਕਲ ਟਾਈਪ ੧ ਵਰਕਾ ।
(੩੩)ਤਿੰਨ ਫੋਟੋ ਦੀਆਂ ਤਸਵੀਰਾਂ(੧)ਦੋ ਲਾਸ਼ਾਂ ਵਾਲੀ,(੨)ਅੰਗੀਠੇ ਦੀ(੩)ਲਾਗਿਓਂ।

ਗੁਰਬਖਸ਼ ਸਿੰਘ 'ਸ਼ਮਸ਼ੇਰ' ੧੫- ੫ -੩੫



Digitized by Panjab Digital Library | www.panjabdigilib.org

ਉਪ੍ਰੋਕਤ ਲਿਸਟ 'ਸ਼ਮਸ਼ੇਰ' ਸਾਹਿਬ ਦੇ ਆਪਣੀ ਹਥੀ ੧੫ ਮਈ ੧੯੩੫ ਦੀ ਲਿਖਕੇ ਦਿਤੀ ਹੋਈ ਹੈ ਤੇ ਦਸਖਤ ਕੀਤੇ ਹੋਏ ਹਨ। 'ਸ਼ਹੀਦੀ ਜੀਵਨ' ਛਪ ਜਾਨ ਤੋਂ ਪਿਛੋਂ ਜਦ ਸ਼ਮਸ਼ੇਰ ਜੀ ਤੋਂ ਉਪ੍ਰੋਕਤ ਅਮਾਨਤ ਵਾਪਸ ਮੰਗੀ ਗਈ ਤਾਂ ਸ਼ਮਸ਼ੇਰ ਜੀ ਵਲੋਂ ਇਹ ਉਤ੍ਰ ਪੁਜਾ:-

"ਮੇਰੇ ਸਾਮਾਨ ਦੀ ਚੋਰੀ ਹੋ ਗਈ ਸੀ ਜਿਸ ਵਿਚ ਇਹ ਕਾਗਜ਼ ਭੀ ਜਾਂਦੇ ਰਹੇ ਜੋ ਬੜਾ ਯਤਨ ਕਰਨ ਤੇ ਭੀ ਕੁਝ ਨ ਮਿਲ ਸਕਿਆ ਤੇ ਨਾ ਹੀ ਹੁਣ ਆਸ ਹੈ। ਕਾਗਜ਼ਾਂ ਦੀ ਕੇਹੜੀ ਗੱਲ ਹੈ ਕਿਸੇ ਫੂਕ ਛੱਡੇ ਹੋਣਗੇ।"

੨੮.੪.੩੮

ਇਤਿਹਾਸ ਲੇਖਕ ਜਾਣਦੇ ਹਨ ਕਿ ਸਮੇਂ ਸਿਰ ਅਜੇਹੀਆਂ ਲਿਖਤਾਂ ਕੀ ਦਰਜਾ ਤੇ ਕੀ ਕੀਮਤ ਰੱਖਦੀਆਂ ਹਨ?

ਕਿਤਨੀ ਉਦਾਰਤਾ ਹੈ ਕਿ ਲੋੜ ਵੇਲੇ ਝਟ ਸਾਰੇ ਕਾਗਜ਼ ਇਕਠੇ ਕਰਕੇ ਦੇ ਦਿੱਤੇ, ਪਰ 'ਸ਼ਮਸ਼ੇਰ' ਜੀ ਨੇ ਇਸ ਅਮਾਨਤ ਨੂੰ ਚੋਰਾਂ ਦੇ ਹਵਾਲੇ ਕਰਕੇ ਅਗੇ ਮਦਦ ਕਰਨ ਕਰੋਣ ਵਾਲਿਆਂ ਦਾ ਦਿਲ ਤੋੜ ਦਿੱਤਾ।

---

੩੧ ਮਈ ਨੂੰ ਕੋਇਟੇ ਦਾ ਪ੍ਰਸਿੱਧ ਮਾਰੂ ਭੁੰਚਾਲ ਆਇਆ। ਜਿਸ ਨਾਲ ਸਾਰੇ ਦੇਸ ਭਰ ਵਿੱਚ ਕੁਰਲਾਟ ਮਚ ਗਿਆ।

ਜਦ ਵੈਦ ਜੀ ਨੂੰ ਭੁਚਾਲ ਦਾ ਪਤਾ ਲੱਗਾ ਆਪ ਨੇ ਉਸੇ ਵੇਲੇ ਸ੍ਰੀ ਅੰਮ੍ਰਿਤਸਰ ਸ੍ਰ: ਸੁੰਦਰ ਸਿੰਘ ਜੀ ਮਜੀਠੀਆ,ਤੇ ਹੋਰ ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਨੂੰ ਟੈਲੀਫੋਨ ਕਰਵਾਇਆ ਕਿ ਇਸ ਵੇਲੇ ਦੀਵਾਨ ਵਲੋਂ ਸਹਾਇਤਾ ਲਈ ਜ਼ਰੂਰ ਪਹੁੰਚਣਾ ਚਾਹੀਦਾ ਹੈ। ਨਾਲ ਕਿਹਾ ਕਿ 'ਜੇ ਹਾਂ ਕਰੋ ਤਾਂ ਦਾਸ ਤੇ (ਸਪੁੱਤ੍ਰ) ਡਾਕਟਰ ਹਰਭਜਨ ਸਿੰਘ ਕੋਇਟੇ ਦੇ ਦੁਖੀਆਂ ਦੀ ਸੇਵਾ ਤੇ ਸਹਾਇਤਾ ਲਈ ਆਪ ਨਾਲ ਕੋਇਟੇ ਜਾਣ ਨੂੰ ਤਿਆਰ ਹਾਂ। ਅਸੀਂ ਆਪਣਾ ਸਭ ਖਰਚ ਆਪਣੇ ਕੋਲੋਂ ਕਰਾਂਗੇ ਤੇ ਨਾਲ ਹੀ ੧੦੦)ਸਹਾਇਤਾ ਵਜੋਂ ਭੇਜ ਦਿਆਂਗੇ।' ਪਰ ਅਗੋਂ ਨਾਂਹ ਵਿੱਚ ਉੱਤ੍ਰ ਆਉਣ ਕਰਕੇ ਆਪ



Digitized by Panjab Digital Library | www.panjabdigilib.org

ਉਦਾਸ ਹੋ ਗਏ।

ਅਗਲੇ ਦਿਨ ਲਾਹੌਰ ਤੋਂ ਆਪ ਜੀ ਦੇ ਛੋਟੇ ਸਪੁੱਤ੍ਰ ਸ੍ਰ: ਜਗਜੀਤ ਸਿੰਘ ਜੀ ਜੋ ਉਨ੍ਹਾਂ ਦਿਨਾਂ ਵਿਚ ਮੈਡੀਕਲ ਕਾਲਜ ਵਿਚ M. B. B. S. ਪੜ੍ਹਦੇ ਸਨ ਦੀ ਚਿੱਠੀ ਆਉਣ ਤੇ ਕਿ 'ਸ੍ਰ: ਜਗਜੀਤ ਸਿੰਘ ਜੀ ਹੋਰਨਾਂ ਸਾਥੀ ਵਿਦਯਾਰਥੀਆਂ ਤੇ ਪ੍ਰੋਫੈਸਰਾਂ ਨਾਲ ਸੇਵਾ ਲਈ ਕੋਇਟੇ ਚਲੇ ਗਏ ਹਨ' ਬੜੇ ਪ੍ਰਸੰਨ ਹੋਏ ਤੇ ਜਗਜੀਤ ਸਿੰਘ ਨੂੰ ਲਿਖਿਆ ਕਿ

"ਜਿੰਨੀ ਸੇਵਾ ਹੋ ਸਕੇ ਪੂਰੇ ਪ੍ਰੇਮ ਉਤਸ਼ਾਹ ਤੇ ਉੱਦਮ ਨਾਲ ਕਰਨੀ"।

੪ ਜੂਨ ਨੂੰ ਕੋਇਟੇ ਤੋਂ ਕੁਝ ਫਟੜ ਅੰਮ੍ਰਿਤਸਰ ਜੀ ਆਏ। ਆਪ ਅਜੇਹੇ ਸਮੇਂ ਭਲਾ ਕਦ ਪਿੱਛੇ ਰਹਿ ਸਕਦੇ ਸਨ? ਆਪ ਇਸ ਦਿਨ ਫੱਟੜਾਂ ਦੀ ਯਥਾ ਸ਼ਕਤਿ ਸੇਵਾ ਕਰਨ ਲਈ ਅੰਮ੍ਰਿਤਸਰ ਪੁੱਜੇ ਤੇ ਸਰਦੀ ਪੁੱਜਦੀ ਸੇਵਾ ਦਾ ਲਾਹਾ ਲਿਆ।

ਇਨ੍ਹੀ ਦਿਨੀ ਕੋਇਟੇ ਦੀਆਂ ਭਿਆਨਕ ਖਬਰਾਂ ਪੜ੍ਹ ਸੁਣ ਕੇ ਆਪ ਦਾ ਹਿਰਦਾ ਬਹੁਤ ਬੇਚੈਨ ਰਿਹਾ।

੧੦ ਜੂਨ ਦਾ ਡਾਇਰੀ ਨੋਟ ਹੈ:-

"ਕੋਇਟੇ ਦੇ ਫਟੜ ਤੇ ਦੁਖੀਏ ਆਏ, ਉਨ੍ਹਾਂ ਦਾ ਨਿਵਾਸ, ਸੇਵਾ ਤੇ ਪਿੰਡੀਂ ਘਰ ਰਵਾਨਗੀ ਦਾ ਪ੍ਰਬੰਧ ਕੀਤਾ। ਮੰਜੇ ਬਿਸਤਰੇ ਸ਼ਹਿਰ ਵਾਸੀਆਂ ਵਲੋਂ ਇਕਠੇ ਹੋਏ।"

੨੪-੬-੩੫ ਦਾ ਨੋਟ ਹੈ:-

"ਸ੍ਰ: ਸੁਚੇਤ ਸਿੰਘ ਸਾਬਕ ਅਰਦਾਸੀਆ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਯਾ। ੧ ਹਿੰਦੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰ ਪੁਸਤਕਾਂ ਘਰੋਗੀ ਲਾਇਬਰੇਰੀ ਵਾਸਤੇ ਮੁਫਤ ਲੈ ਗਏ।"

੧੮ ਜੁਲਾਈ ਨੂੰ ਸ੍ਰੀ ਮਾਨ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਭੈਣੀ ਸਾਹਿਬ ਵਾਲਿਆਂ ਨੇ ਕ੍ਰਿਪਾ ਪੂਰਵਕ ਦਰਸ਼ਨ ਦਿਤੇ।

ਇਸੇ ਦਿਨ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ ੩੫) ਸ੍ਰੀ ਗੁਰੂ ਗ੍ਰੰਥ ਸਾਹਿਬ ਟੀਕਾ ਸ੍ਰ: ਨਿਹਾਲ ਸਿੰਘ ਜੀ ਸੂਰੀ ਵਾਲੇ ਵਾਸਤੇ ਪੇਸ਼ਗੀ ਲੈ ਗਏ।



Digitized by Panjab Digital Library | www.panjabdigilib.org

ਪਿੱਛੇ ਦਸਿਆ ਜਾ ਚੁੱਕਾ ਹੈ ਕਿ ਇਨ੍ਹੀ ਦਿਨੀ ਸਿਖਾਂ ਵਿਚ ਫੁਟ ਦਾ ਜ਼ੋਰ ਸੀ। ਵੈਦ ਜੀ ਨੇ ਭੀ ਫੁੱਟ ਨੂੰ ਮਿਟਾਉਣ ਤੇ ਕੌਮੀ ਬੇੜੇ ਨੂੰ ਫੁਟ ਸਾਗਰ ਵਿਚ ਡੁਬਦਿਆਂ ਬਚੌਣ ਲਈ ਯਥਾ ਸ਼ਕਤਿ ਜ਼ੋਰ ਲਾਇਆ। ਹੁੰਦਾ ਓਹੀ ਕੁਝ ਹੈ ਜੋ ਸਤਿਗੁਰੂ ਨੂੰ ਭਾਵੇ। ਇਹ ਫੁੱਟ ਘਟਣ ਦੀ ਥਾਂ ਵਧਦੀ ਹੀ ਗਈ। ਪੰਥ ਦਰਦੀਆਂ ਦੇ ਦਿਲਾਂ ਵਿਚ ਇਸ ਫੁੱਟ ਦੇ ਕਾਰਣ ਛੁਰੀਆਂ ਵਜਦੀਆਂ ਸਨ। ਸੋ ਇੱਕ ਵਾਰ ਫੇਰ ਪੰਥ ਵਿਚੋਂ ਫੁੱਟ ਮਿਟਾਉਣ ਦਾ ਉੱਦਮ ਅਰੰਭਿਆ। ਜਿਸ ਦਾ ਸਿੱਟਾ ਪੰਥ ਦੇ ਬਹੁਤ ਸਾਰੇ ਪਤਵੰਤੇ ਦਰਦੀਆਂ ਵਲੋਂ ਐਤਵਾਰ ੨੧ ਜੁਲਾਈ ਮੁਤਾਬਕ ੬ ਸਾਵਣ ੧੯੯੨ ਨੂੰ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਵਿਚਾਰਾਂ ਕਰਨ ਲਈ ਕਮੇਟੀ ਸੱਦੀ ਗਈ। ਇਸ ਕੰਮਦੇ ਕਰਨ ਵਿਚ ਵੈਦ ਜੀ ਨੇ ਸੰਤ ਤੇਜਾ ਸਿੰਘ ਜੀ ਐਮ. ਏ. ਨੂੰ ਪ੍ਰੇਰਿਆ। ਉਪ੍ਰੋਕਤ ਇਕੱਤ੍ਰਤਾ ਬਾਰੇ ਭੇਜੀਆਂ ਚਿਠੀਆਂ ਸੰਬੰਧੀ ਸੰਤ ਜੀ ਵੈਦ ਜੀ ਨੂੰ ਇਸਤਰ੍ਹਾਂ ਲਿਖਦੇ ਹਨ:-

"ਗੋਬਿੰਦ ਗੜ੍ਹ, ਗੁਜਰਾਂ ਵਾਲਾ ੧੦ ਜੁਲਾਈ ੧੯੩੫,

ਪਰਮ ਪ੍ਰੀਤਵਾਨ ਸ੍ਰੀ ਮਾਨ ਭਾ: ਸਾ: ਭਾਈ ਮੋਹਨ ਸਿੰਘ ਜੀ !

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਸਾਰੀ ਕਾਰਰਵਾਈ ਮੁਕੰਮਲ ਹੋਕੇ ਸੱਦਾ ਪੱਤਰ ਅਤੇ ਚਿਠੀਆਂ ਅੱਜ ਡਾਕ ਵਿਚ ਭੇਜ ਦਿਤੀਆਂ ਗਈਆਂ ਹਨ। ਆਪ ਜੀ ਨੇ ਜ਼ਰੂਰ ਹੀ ਕ੍ਰਿਪਾ ਕਰਕੇ ੨੦ ਜੁਲਾਈ ਨੂੰ ਸਵੇਰੇ ੧੦ ਵਜੇ ਅਕਾਲ ਤਖਤ ਸਾਹਿਬ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ। ਇਸ ਦਿਨ ਪਿਛਲੀ ਸਾਰੀ ਕਾਰਰਵਾਈ ਆਪ ਜੀ ਦੇ ਪੇਸ਼ ਕਰਨੀ ਹੈ। ੨੧ ਜੁਲਾਈ ਵਾਲੀ ਪੰਥਕ ਇਕੱਤ੍ਰਤਾ ਲਈ ਤਜਵੀਜ਼ਾਂ ਤੇ ਗੁਰਮਤੇ ਵਿਚਾਰ ਕਰ ਕੇ ਸੋਧਨੇ ਹੈਨ। ਪੰਥਕ ਇਕੱਠ ਤਾਂ ਹੀ ਸਫਲ ਹੋ ਸਕਦਾ ਹੈ ਜੇ



Digitized by Panjab Digital Library | www.panjabdigilib.org

ਆਪ ਜੈਸੇ ਸੱਜਣ ਪੁਰਸ਼ ਇਕ ਦੋ ਦਿਨ ਪਹਿਲਾਂ ਔਣ ਦੀ ਖੇਚਲ ਕਰਨ।" ਦਾਸ ੧੯ ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਪੁਜ ਜਾਵੇਗਾ।

ਸਾਧ ਸੰਗਤ ਦਾ ਦਾਸਨ ਦਾਸ
ਤੇਜਾ ਸਿੰਘ ਸੇਵਕ ਸੰਤ ਅਤਰ ਸਿੰਘ ਜੀ ਮਹਾਰਾਜ

ਸੱਦਾ ਪਤ੍ਰ ਜੋ ਭੇਜਿਆ ਤੇ ਜਿਨ੍ਹਾਂ ਵਲੋਂ ਭੇਜਿਆ ਗਿਆ ਉਹ ਭੀ ਦਰਜ ਕਰਨਾ ਜ਼ਰੂਰੀ ਹੈ ਜੋ ਇਸ ਤਰ੍ਹਾਂ ਹੈ:-

"ਹੋਇ ਇਕੱਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰ ਕਰੋ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖ ਬੈਠਹੁ ਸਫਾ ਵਿਛਾਇ ॥

## *ਪੰਥ ਦਰਦੀਆਂ ਦੀ ਸੇਵਾ ਵਿਖੇ ਸੱਦਾ ਪੱਤ੍ਰ*

ਗੁਜਰਾਂਵਾਲਾ

"ਪ੍ਰੇਮ ਪਿਆਰੇ ਮਾਨਯੋਗ ਵੀਰ ਜੀ, ੨੩ ਹਾੜ,੧੯੯੨

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹ ॥

ਪੰਥ ਦੀ ਡਾਵਾਂਡੋਲ ਤੇ ਦਿਨੋ ਦਿਨ ਪਾਟੋਧਾੜ ਦਸ਼ਾ ਨੂੰ ਦੇਖਕੇ ਕੋਈ ਭੀ ਪੰਥ ਦਰਦੀ ਸਹਾਰ ਨਹੀਂ ਸਕਦਾ, ਪਰ ਨੇਤ ਨੇ ਕੋਈ ਐਸਾ ਚੱਕਰ ਚਲਾਇਆ ਹੈ ਕਿ ਪੰਥਕ ਦਸ਼ਾ ਨੂੰ ਸੁਲਝਾਨ ਲਈ ਜੋ ਭੀ ਜਤਨ ਕੀਤਾ ਗਿਆ ਹੈ, ਉਸ ਵਿਚ ਹੁਣ ਤੀਕਰ ਕੋਈ ਸਫਲਤਾ ਪ੍ਰਾਪਤ ਨਹੀਂ ਹੋਈ ਤੇ ਹਾਲਤ ਇਥੋਂ ਤਕ ਪੁੱਜ ਚੁੱਕੀ ਹੈ ਕਿ ਸਾਰੇ ਪੰਥ ਵਿਚ ਨਿਰਾਸਤੀ ਫੈਲ ਗਈ ਹੈ ਅਤੇ ਬਾਕੀ ਦੀਆਂ ਕੌਮਾਂ ਦੀ ਨਜ਼ਰ ਵਿਚ ਹੁਣ ਸਾਡਾ ਕੋਈ ਮਾਨ ਨਹੀਂ ਰਿਹਾ। ਮਲੂਮ ਹੁੰਦਾ ਹੈ ਕਿ ਇਸੇ ਨਿਰਾਸਤਾ ਦੇ ਕਾਰਨ ਪੰਥ ਦੀਆਂ ਪਿਆਰੀਆਂ ਸਪੁਤਰੀਆਂ ਅਪਣੇ ਲਹੂ ਦੇ ਛਿੱਟਿਆਂ ਨਾਲ ਪੰਥ ਦਾ ਕੁਮਲਾ ਰਹੀ ਫੁਲਵਾੜੀ ਨੂੰ ਸਿੰਜਣ ਲਈ ਤਿਆਰ ਹੋ ਗਈਆਂ ਹਨ। ਵਾਹਿਗੁਰੂ ਨ ਕਰੇ, ਜੇ ਉਹ ਬੀਬੀਆਂ ਜਾਨ ਤੇ ਖੇਡ ਗਈਆਂ ਤਾਂ ਪੰਥ ਦੇ ਸਿਰ ਸਦਾ ਲਈ ਕਲੰਕ ਰਹੇਗਾ। ਨਾਲ ਹੀ ਇਸ ਗਲ ਨੂੰ ਹਰ ਇਕ



Digitized by Panjab Digital Library | www.panjabdigilib.org

ਸਿਖ ਜਾਣਦਾ ਹੈ ਜੋ ਕਿਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੋੜਾਂ ਦੀ ਵਿਛਾਈ ਪਰ ਕਠਨ ਤਪੱਸਿਆ ਕਰਕੇ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਤੱਤੀਆਂ ਲੋਹਾਂ ਤੇ ਬੈਠਕੇ ਸਰੀਰ ਉਪਰ ਗਰਮ ਰੇਤੇ ਪਵਾਕੇ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਹੇਤ ਅਪਨੇ ਸਰੀਰ ਦਿੱਲੀ ਵਿਖੇ ਲਾਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਚਾਰ ਲਾਲ ਵਾਰਕੇ ਅਤੇ ਆਪਣੇ ਜਿਗਰ ਵਿਚ ਖੰਜਰ ਮਰਵਾਕੇ ਖਾਲਸਾ ਪੰਥ ਦੀਆਂ ਜੜਾਂ ਪਾਤਾਲ ਵਿਚ ਗੱਡ ਦਿਤੀਆਂ ਸਨ ਤੇ ਸਾਨੂੰ ਦੁਖੀਆਂ ਦੀਨਾਂ ਹਿਤ ਆਪਾ ਵਾਰਨ ਦਾ ਸਬਕ ਸਿਖਾਇਆ ਸੀ। ਜੋ ਮਹਾਂਵਾਕ ਆਪ ਜੀ ਨੇ ਅਪਣੇ ਪਵਿਤਰ ਮੁਖਾਰਬਿੰਦ ਤੋਂ ਉਚਾਰਿਆ ਸੀ, 'ਮੋਹਿ ਗ੍ਰਿਹਿ ਮੇਂ ਮਨ ਤੇ ਤਨ ਤੇ ਸਿਰ ਲੌ ਧਨ ਹੈ ਸਬ ਹੀ ਇਨਹੀ ਕੋ' ਅਖਰ ਅਖਰ ਪੂਰਾ ਕਰਕੇ ਦਿਖਾਇਆ।

ਅਸੀਂ ਸੁਖਾਂ ਤੇ ਗਰਜ਼ਾਂ ਵਿਚ ਫਸਕੇ ਸਤਿਗੁਰੂ ਜੀ ਦੇ ਉਪਕਾਰਾਂ ਨੂੰ ਭੁਲ ਗਏ ਤੇ ਪੰਥ ਦੀ ਇਹ ਡਾਵਾਂਡੋਲ ਦਸ਼ਾ ਹੋ ਗਈ। ਹੁਣ ਸਾਡਾ ਸਭਨਾਂ ਦਾ ਧਰਮ ਹੈ ਕਿ ਸਤਿਗੁਰੂ ਸਚੇ ਪਾਤਸ਼ਾਹ ਦੇ ਚਰਨ ਕੰਵਲਾਂ ਦਾ ਆਸਰਾ ਲੈਕੇ ਇਕ ਵਾਰੀ ਫੇਰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਦੇ ਸਾਜੇ ਹੋਏ ਅਕਾਲ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਐਤਵਾਰ, ੨੧ ਜੁਲਾਈ, ਸੰਨ ੧੯੩੫, ਮੁਤਾਬਕ ੬ ਸਾਵਨ, ੧੯੯੨, ਸਵੇਰੇ ੧੦ ਵਜੇ ਇਕੱਤ੍ਰ ਹੋਕੇ ਕੋਈ ਐਸੀ ਵਿਉਂਤ ਸੋਚੀਏ, ਜੋ ਪੰਥ ਫੇਰ ਚੜ੍ਹਦੀਆਂ ਕਲਾਂ ਵਿਚ ਸਤਿਗੁਰ ਸਚੇ ਪਾਤਸ਼ਾਹ ਦੇ ਪੂਰਨਿਆਂ ਪਰ ਤੁਰ ਪਵੇ ਅਤੇ ਏਸ ਵਿਚ ਨਿਸ਼ਕਾਮ ਤੇ ਨਿਰਮਾਨ ਸੇਵਾ ਦੀ ਲਹਿਰ ਚੱਲ ਪਵੇ। "ਸੇਵਾ ਕਰੀ ਜੇ ਕਿਛੁ ਹੋਵੇ ਅਪਣਾ ਜੀਉ ਪਿੰਡ ਸਭ ਤੇਰਾ," । ਸੋ ਆਸ ਹੈ ਕਿ ਪੰਥ ਦੀ ਇਸ ਭਿਆਨਕ ਅਤੇ ਨਾਜ਼ਕ ਦਸ਼ਾ ਨੂੰ ਮੁਖ ਰਖਦੇ ਹੋਏ ਥੋੜੇ ਜਿਹੇ ਵਕਤ ਅਤੇ ਮਾਇਆ ਦੀ ਤੁਛ ਕੁਰਬਾਨੀ ਦਾ ਖਿਆਲ ਕਰਦੇ ਹੋਏ ਸੌ ਕੰਮ ਛਡਕੇ ਵੀ ਸਮੇਂ ਸਿਰ ਦਰਸ਼ਨ ਦੇਣ ਦੀ ਖੇਚਲ



Digitized by Panjab Digital Library | www.panjabdigilib.org

ਕਰੋਗੇ ਅਤੇ ਸਤਿਗੁਰੂ ਸਚੇ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ।"

ਪ੍ਰਾਰਥਕ—ਪੰਥ ਦੇ ਦਾਸਨ ਦਾਸ—

---

ਹੇਠ ੨੭ ਸਜਨਾਂ ਦੇ ਨਾਮ ਹਨ ਜਿਨ੍ਹਾਂ ਵਿਚ ਵੈਦ ਜੀ ਦਾ ਨਾਮ ਭੀ ਹੈ। ਇਨ੍ਹਾਂ ਪੱਤ੍ਰਕਾਂ ਤੇ ਕੰਮਾਂ ਤੋਂ ਸੁਖਲਾ ਹੀ ਜਾਣਿਆ ਜਾ ਸਕਦਾ ਹੈ ਕਿ ਆਪ ਜੀ ਦੇ ਦਿਲ ਵਿਚ ਪੰਥ,ਕੌਮ ਤੇ ਦੇਸ਼ ਲਈ ਕਿਤਨਾ ਕੁ ਦਰਦ ਸੀ।

੧੫ ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਧਾਨ ਦੇ ਨਾਲ ਹੋ ਕੇ ਗੋਲਕਾਂ ਦੀ ਮਾਇਆ ਗਿਣਾਈ, ਤੇ ਗਿਣਦਿਆਂ ਹੀ ਚੋਰੀ ਕਰਦਾ ਇਕ ਸੇਵਾਦਾਰ ਫੜਿਆ। ਇਹ ਹੈ ਗੁਰਦੁਆਰਿਆਂ ਦੇ ਸੇਵਾਦਾਰਾਂ ਦੀ ਹਾਲਤ।

੨੬ ਅਗਸਤ ਨੂੰ ਸ਼ਿਮਲੇ ਵਿਚ ਸ. ਸ. ਚਰਨ ਸਿੰਘ ਜੀ ਅਕਾਲ ਚਲਾਣਾ ਕਰ ਗਏ, ਇਸ ਸੰਬੰਧੀ ਆਪ ਨੇ ਇਉਂ ਨੋਟ ਲਿਖਿਆ:—

"ਸ੍ਰ: ਸ. ਸ. ਚਰਨ ਸਿੰਘ ਜੀ ਦੇ ਚਲਾਣੇ ਦਾ ਸੁਣ ਬਹੁਤ ਹੀ ਸ਼ੋਕ!! ਹੋਇਆ।"

੫ ਸਤੰਬਰ ਨੂੰ ਆਪ ਕੁਲੂ ਦੀ ਸੈਰ ਵਾਸਤੇ ਤੁਰੇ ਅਤੇ ਪਠਾਣ-ਕੋਟ, ਜੁਗਿੰਦਰ ਨਗਰ, ਮੰਡੀ, ਰਵਾਲਸਰ, ਕੁਲੂ, ਮਨਾਲੀ, ਬੈਜ ਨਾਥ, ਪਪਰੋਲੇ ਆਦਿ ਦੀ ਸੈਰ ਕਰਦੇ ਹੋਏ ੧੮ ਸਤੰਬਰ ਨੂੰ ਤਰਨ ਤਾਰਨ ਪੁੱਜੇ।

੭ ਨਵੰਬਰ ਨੂੰ ਆਪ ਦੇ ਸਪੁਤ੍ਰ ਸ੍ਰ: ਹਰਭਜਨ ਸਿੰਘ ਜੀ ਆਗਰੇ ਤੋਂ ਡਾਕਟਰੀ ਪਾਸ ਕਰ ਕੇ ਆਏ।

੩੦ ਦਸੰਬਰ ਨੂੰ ਆਪ ਦੇ ਸਪੁਤ੍ਰ ਡਾਕਟਰ ਹਰਭਜਨ ਸਿੰਘ ਜੀ ਦਾ ਅਨੰਦ ਕਾਰਜ ਸ੍ਰੀ ਅੰਮ੍ਰਿਤਸਰ ਵਿਚ ਹੋਇਆ। ਜਿਸ ਬਾਰੇ ਆਪ ਦੇ ਨਿੱਕੇ ਜੇਹੇ ਨੋਟ ਦੇ ਅੰਤਮ ਸ਼ਬਦ ਇਉਂ ਹਨ:—

*"ਸਭ ਕਾਰਜ ਸਤਿਗੁਰੂ ਜੀ ਦੀ ਮਿਹਰ ਦਾ ਸਦਕਾ ਨਿਰਵਿਘਨ ਸੰਪੂਰਨ ਹੋਏ।"*

---



Digitized by Panjab Digital Library | www.panjabdigilib.org

# ੧੯੩੫ ਦੀਆਂ ਘਟਨਾਵਾਂ

੩੦ ਜਨਵਰੀ—ਅਸੈਂਬਲੀ ਨੇ ਭਾਰਤ ਤੇ ਇੰਗਲੈਂਡ ਦੇ ਵਪਾਰਕ ਸਮਝੌਤੇ ਨੂੰ ਰੱਦ ਕਰ ਦਿਤਾ।

੬ ਫਰਵਰੀ—ਸੈਕ੍ਰੇਟਰੀ ਆਫ ਸਟੇਟ ਨੇ ਲੰਡਨ ਵਿਚ ਐਲਾਨ ਕੀਤਾ ਕਿ ਡੁਮੀਨੀਅਨ ਸਟੇਟਸ ਹੀ ਹਿੰਦੋਸਤਾਨੀਆਂ ਨੂੰ ਦੇਣਾ ਬ੍ਰਿਟਿਸ਼ ਹਕੂਮਤ ਦਾ ਮੰਤਵ ਹੈ।

੧੬ ਮਾਰਚ—ਸ੍ਰ: ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਸਿਖ ਨੈਸ਼ਨਲ ਕਾਨਫਰੰਸ ਅੰਮ੍ਰਿਤਸਰ ਵਿਚ ਹੋਈ, ਜਿਸ ਵਿਚ ਕਮਊਨਲ ਐਵਾਰਡ ਦੇ ਵਿਰੁਧ ਵਲਾਇਤ ਵਿਚ ਸਿਖ ਡੈਪੂਟੇਸ਼ਨ ਭੇਜਨ ਦਾ ਖਿਆਲ ਛਡ ਦਿਤਾ ਗਿਆ।

੬ ਮਈ—ਜਾਰਜ ਪੰਚਮ ਦੀ ਸਿਲਵਰ ਜੁਬਲੀ ਮਨਾਈ ਗਈ।

੩੧ ਮਈ—ਸਵੇਰ ਦੇ ਤਿੰਨ ਵਜੇ ਕੋਇਟੇ ਵਿਚ ਭੁਚਾਲ ਆਯਾ। ਪੰਜਾਹ ਹਜ਼ਾਰ ਆਦਮੀ ਤਬਾਹ ਹੋ ਗਏ।

੨੦ ਜੂਨ—'ਇੰਡੀਆ ਐਕਟ' ਹਾਊਸ ਆਫ ਲਾਰਡਜ਼ ਵਿਚ ਪਾਸ ਹੋਇਆ।

੫ ਜੁਲਾਈ—ਕੋਹਾਟ ਸ਼ਹਿਰ ਦਾ ਹਿੰਦੋਸਤਾਨੀ ਬਜ਼ਾਰ ਸਾਰਾ ਸੜ ਗਿਆ।

੮ ਜੁਲਾਈ—ਮੁਸਲਮਾਨਾਂ ਵਲੋਂ ਗੁਰਦੁਆਰਾ ਸ਼ਹੀਦ ਗੰਜ ਤੇ ਹਮਲਾ ਕਰਨ ਲਈ ਤਿਆਰੀਆਂ ਦੇਖ ਲਾਹੌਰ ਸ਼ਹਿਰ ਵਿਚ ਗਵਰਨਮੈਂਟ ਵਲੋਂ ਕਰਫਿਊ ਆਰਡਰ ਲਾਇਆ ਗਿਆ।

੨੦ ਜੁਲਾਈ—ਮੁਸਲਮਾਨਾਂ ਨੇ ਸ਼ਹੀਦ ਗੰਜ ਤੇ ਹੱਲਾ ਕੀਤਾ ਜਿਸ ਤੇ ਪੁਲਿਸ ਨੇ ਗੋਲੀ ਚਲਾਈ ੧੦ ਮੁਸਲਮਾਨ ਮੋਏ।

੨੦ ਸਤੰਬਰ—ਇਕ ਲਖ ਮੁਸਲਮਾਨ ਬਾਦਸ਼ਾਹੀ ਮਸਜਦ ਵਿਚ ਇਕੱਠੇ ਹੋਏ। ਸ਼ਹੀਦ ਗੰਜ ਪ੍ਰਾਪਤੀ ਲਈ ਪੀਰ ਜਮਾਇਤ ਅਲੀ ਸ਼ਾਹ ਨੂੰ ਡਿਕਟੇਟਰ ਮੁਕੱਰਰ ਕੀਤਾ।

੮ ਨਵੰਬਰ—ਪੰਜਾਹ ਹਜ਼ਾਰ ਮੁਸਲਮਾਨ, ਜਿਨ੍ਹਾਂ ਵਿਚੋਂ ਬਹੁਤਿਆਂ ਕੋਲ ਨੰਗੀਆਂ ਤਲਵਾਰਾਂ ਸਨ, ਜਲੂਸ ਦੀ ਸ਼ਕਲ ਵਿਚ ਲਾਹੌਰ ਦੇ ਬਾਜ਼ਾਰਾਂ ਵਿਚੋਂ ਲੰਘੇ ਅਤੇ ਇਕ ਜਲਸਾ ਕਰਕੇ ਮਤਾ ਪਾਸ ਕੀਤਾ ਕਿ ਮੁਸਲਮਾਨ ਸਿਖਾਂ ਨਾਲ ਸਮਝੌਤੇ ਦੀ ਕੋਈ ਗਲ ਬਾਤ ਨਹੀਂ ਕਰਨਗੇ।

੨੯ ਨਵੰਬਰ—ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਉੱਤੇ ਸਿੱਖਾਂ ਦਾ ਜਲੂਸ ਨਿਕਲਿਆ, ਸਿਖਾਂ ਮੁਸਲਮਾਨਾਂ ਵਿਚ ਫਸਾਦ ਹੋ ਗਿਆ ਦੋ ਦੁਕਾਨਾਂ ਲੁਟੀਆਂ ਗਈਆਂ ਅਰ ਦੋ ਕਤਲ ਹੋਏ।

੧ ਦਸੰਬਰ—ਸਿਖਾਂ ਦੇ ਡੇਹਰਾ ਸਾਹਿਬ ਗੁਰਦੁਆਰੇ ਨੂੰ ਜਾਂਦੇ ਹੋਏ ਜਲੂਸ ਨੂੰ ਮੁਸਲਮਾਨਾਂ ਨੇ ਰੋਕਿਆ ਤੇ ਫਸਾਦ ਹੋ ਗਿਆ।

੭ ਦਸੰਬਰ—ਲਾਲਾ ਹਰਕਿਸ਼ਨ ਲਾਲ ਜੀ ਪੰਜਾਬ ਦੇ ਸਾਬਕ ਵਜ਼ੀਰ ਨੂੰ ਹਾਈ ਕੋਰਟ ਕੋਲੋਂ ਮੁਆਫੀ ਨਾ ਮੰਗਣ ਦੇ ਅਪਰਾਧ ਵਿਚ ਜੇਹਲ ਭੇਜ ਦਿਤਾ ਗਿਆ।



Digitized by Panjab Digital Library | www.panjabdigilib.org

"ਭਾਈ ਸਾਹਿਬ ਜੀ ਬੜੇ ਭਾਰੀ ਲਿਖਾਰੀ ਸਨ। ਬੜੇ ਵਿਦ-ਵਾਨ ਤੇ ਕਵੀ ਸਨ। ਆਪ ਜੀ ਨੇ society ਦੀ ਆਮ ਕਰਕੇ ਅਤੇ community ਦੀ ਖਾਸ ਕਰਕੇ ਸੇਵਾ ਕੀਤੀ ਹੈ।

ਆਪ ਲੋੜਵੰਦਾਂ ਦੀ ਸੇਵਾ ਬੜੇ ਉਤਸ਼ਾਹ ਨਾਲ ਕਰਿਆ ਕਰਦੇ, ਅਤੇ ਤਨ, ਮਨ, ਧਨ ਇਕ ਕਰਕੇ ਪੰਥ ਦੀ ਸੇਵਾ ਕਰਨ ਵਿਚ ਆਪਨਾ ਜੀਵਨ ਸਫਲ ਹੋਇਆ ਸਮਝਦੇ ਸਨ।

ਜਦ ਕਦੀ ਕੋਈ ਮਿਤਰ ਆ ਜਾਵੇ ਯਾ ਕੋਈ ਲੋੜਵੰਦ ਆ ਕੇ ਕਹਿ ਦੇਵੇ ਕਿ 'ਤੁਹਾਡੇ ਨਾਲ ਵੈਦ ਜੀ ਦੀ ਵਾਕਫੀ ਹੈ, ਉਨ੍ਹਾਂ ਦੇ ਨਾਂ ਰੁੱਕਾ ਦੇ ਦੇਵੋ ਤਾਕਿ ਚੰਗੀ ਤਰ੍ਹਾਂ ਦੇਖ ਲੈਵਨ।' ਦੇਖਣਾ ਤਾਂ ਉਨ੍ਹਾਂ ਹਰ ਇਕ ਨੂੰ ਚੰਗੀ ਤਰ੍ਹਾਂ ਹੀ ਹੁੰਦਾ ਸੀ, ਕਿੰਤੂ ਇਹ ਇਕ ਪੱਜ ਬਨ ਜਾਂਦਾ ਸੀ ਅਤੇ ਵੈਦ ਸਾਹਿਬ ਜੀ ਦਵਾਈ ਵਗੈਰਾ ਦਾ ਮੁੱਲ ਵੀ ਨਹੀਂ ਸਨ ਲੈਂਦੇ। ਇਕ ਮੈਂ ਨਹੀਂ ਕਿਸੇ ਸਨੇਹੀ ਦਾ ਪਤਰ ਲਿਖਿਆ ਚਲਾ ਜਾਵੇ, ਆਪ ਹਰ ਇਕ ਨਾਲ ਏਹੋ ਜੇਹਾ ਹੀ ਪ੍ਰੇਮ ਕਰਦੇ ਸਨ।

ਆਪ ਆਪਨਾ ਕੰਮ ਕਾਰ ਛਡਕੇ, ਆਪਨੇ ਉਤੇ ਪੰਥਕ ਸੇਵਾ ਵਾਸਤੇ ਤਕਲੀਫਾਂ ਹੀ ਨਹੀਂ, ਸਗੋਂ ਕੌੜੇ ਬਚਨ ਮਿਠੇ ਕਰਕੇ ਮੰਨਦੇ ਰਹੇ ਅਤੇ ਸੇਵਾ ਨੂੰ ਅਧੂਰਾ ਨਹੀਂ ਛਡਿਆ।

ਆਪ ਜੀ ਨੇ ਜੋ ਸੇਵਾ ਪੰਥ ਵਾਸਤੇ ਕੀਤੀ ਹੈ, ਉਹ ਕਿਸੇ ਪਾਸੋਂ ਗੁਝੀ ਛਿਪੀ ਨਹੀਂ। ਆਪ ਅਕਾਲੀ ਲਹਿਰ ਦੇ ਆਗੂਆਂ ਵਿਚੋਂ ਸਨ। ਆਪ ਨੇ ਜੇਲ੍ਹ ਯਾਤ੍ਰਾ ਵਿਚ ਭੀ ਹਿੱਸਾ ਲੀਤਾ। ਮੂਲ ਕੀ ਹਰ ਕੰਮ ਵਿਚ ਆਪ ਜੀ ਨੇ ਪੂਰਾ ੨ ਹਥ ਵਧਾਇਆ।"

(ਸ੍ਰ: ਪ੍ਰਤਾਪ ਸਿੰਘ ਜੀ ਰੀਟਾਇਰਡ ਤਹਿਸੀਲਦਾਰ ਚੁੰਗੀ,
ਡਾਇਰੈਕਟਰ ਪੰਜਾਬ ਸਿੰਧ ਬੈਂਕ ਲਿ:, ਲਾਹੌਰ)



Digitized by Panjab Digital Library | www.panjabdigilib.org

# ੧੯੩੬

"ਆਪ ਜੀ ਨ ਸਿਰਫ ਜ਼ਿੰਦਗੀ ਦੇ ਹਰ ਪਹਿਲੂ ਵਿਚ ਕਾਮਯਾਬੀ ਨਾਲ ਅਗਵਾਈ ਕਰਦੇ ਸਨ, ਬਲਕਿ ਰੂਹਾਨੀ ਨੁਕਤਾ ਨਿਗਾਹ ਤੋਂ ਇਕ ਬਹੁਤ ਉੱਚੀ ਤੇ ਸੁੱਚੀ ਹਸਤੀ ਸਨ।"

(ਮਾਸਟਰ ਜਗਤ ਸਿੰਘ ਜੀ ਹਾਈ ਸਕੂਲ ਪੱਤੋ ਕੀ)

ਜਿਸ ਪਰ ਹਿਤ ਤਨ ਧਨ ਸਭ ਲਾਯਾ,
ਅਮਰ ਅਖੁਟ ਤਿਸ ਯਸ-ਧਨ ਪਾਯਾ।

ਇਸ ਅਸਾਰ ਸੰਸਾਰ ਵਿਚ ਹਰ ਤਰ੍ਹਾਂ ਦੇ ਜੀਵਨ ਤੇ ਹਰ ਆਦਰਸ਼ ਦੇ ਬੰਦੇ ਦਿਖਾਈ ਦਿੰਦੇ ਹਨ। ਸਾਰੇ ਹੀ ਆਪੋ ਆਪਣੇ ਜੀਵਣ ਆਦਰਸ਼ ਵਿਚ ਮਗਨ ਹਨ ਤੇ ਸਭ ਨੂੰ ਹੀ ਆਪੋ ਆਪਣੇ ਆਸ਼ੇ ਦੀ ਲਗਨ ਹੈ। ਸਭ ਨੂੰ ਅਗੇ ਪਿੱਛੇ ਸੁਖ ਅਨੰਦ ਭੀ ਪ੍ਰਤੀਤ ਹੁੰਦਾ ਹੈ ਪਰ ਇਸ ਵਿਚ ਅੰਤਮ ਫਲ ਦਾ ਫਰਕ ਹੈ।

ਸਿਆਣੇ ਵਿਦਵਾਨਾਂ ਨੇ ਬੰਦਿਆਂ ਦੇ ਜੀਵਣਾਦਰਸ਼ ਨੂੰ ਤਿੰਨਾਂ ਹਿੱਸਿਆਂ ਵਿਚ ਵੰਡ ਦਿੱਤਾ ਹੈ ਜਿਸ ਨੂੰ ਇਕ ਨਿਕੇ ਜੇਹੇ ਛੰਦ ਵਿਚ ਇਉਂ ਬੰਦ ਕੀਤਾ ਹੈ:–

ਅੱਧਮ ਚਾਹੇਂ ਦਰਬ ਕੋ, ਮੱਧਮ ਧਨ ਅਰੁ ਮਾਨ।
ਉੱਤਮ ਚਾਹੇਂ ਮਾਨ ਕੋ, ਤਾਂ ਕੋ ਧਨ ਸਨਮਾਨ।

ਭਾਵਾਰਥ–ਤੀਸਰੇ ਦਰਜੇ ਦੇ ਘਟੀਅਲ ਆਦਮੀ ਧਨ ਇਕੱਠਾ ਕਰਨ ਵਿਚ ਹੀ ਉਮਰ ਬਿਤਾ ਦਿੰਦੇ ਹਨ। ਉਨ੍ਹਾਂ ਨੂੰ ਹਰ ਯੋਗ! ਅਯੋਗ ਢੰਗ ਨਾਲ, ਹਰ ਤਰ੍ਹਾਂ ਦੇ ਜ਼ੁਲਮ ਸਿਤਮ ਨਾਲ ਧਨ ਇਕੱਠਾ ਕਰਨ ਦੀ ਹੀ ਧੁਨਿ ਹੁੰਦੀ ਹੈ। ਉਨ੍ਹਾਂ ਦੀ ਨਜ਼ਰ ਵਿਚ ਨੇਕੀ ਪਰਪਕਾਰ ਕੋਈ ਚੀਜ਼ ਨਹੀਂ।



Digitized by Panjab Digital Library | www.panjabdigilib.org

ਉਹ ਖਾਣ ਪਹਿਨਣ ਨੂੰ ਕੁਝ ਨਹੀਂ ਜਾਣਦੇ। ਉਨ੍ਹਾਂ ਲਈ ਰਾਮ ਰਹੀਮ ਵਾਹਿਗੁਰੂ ਕਿਸੇ ਜਨੌਰ ਤੋਂ ਵੱਧ ਦਰਜਾ ਨਹੀਂ ਰੱਖਦਾ। ਜੇ ਕੋਈ ਹੈ ਭੀ ਤਾਂ ਉਸ ਨੂੰ ਕੋਈ ਧਨ ਦੇਊ ਬੁੱਤ ਹੀ ਸਮਝਦੇ ਹਨ। ਗੱਲ ਕੀ ਉਨ੍ਹਾਂ ਦੀ ਜੀਵਣ ਧੁਨਿ ਧਨ ਇਕੱਠਾ ਕਰਨਾ ਹੀ ਹੈ।

ਦੂਜੇ ਦਰਜੇ ਦੇ ਬੰਦੇ 'ਧਨ ਤੇ ਮਾਨ' (ਇੱਜ਼ਤ) ਦੋਵੇਂ ਚੀਜ਼ਾਂ ਚਾਹੁੰਦੇ ਹਨ। ਉਹ ਧਨੀ ਤਾਂ ਹੋਣਾ ਚਾਹੁੰਦੇ ਹਨ ਪਰ ਇੱਜ਼ਤ ਨਾਲ, ਨੇਕ ਨਾਮੀ ਨਾਲ। ਸਚਾਈ ਤੇ ਇਨਸਾਫ ਨਾਲ। ਇਹ ਦੂਜੀ ਸ਼ਰੇਣੀ ਦੇ ਭਲੇ ਪੁਰਸ਼ ਹਨ।

ਇਸੇ ਹੀ ਤਰ੍ਹਾਂ ਪਹਿਲੇ ਨੰਬਰ ਦੇ ਉਹ ਬੰਦੇ ਹਨ ਜਿਹੜੇ ਇਸ ਸੰਸਾਰ ਵਿਚ ਕੇਵਲ ਪਰਉਪਕਾਰ, ਨੇਕੀ, ਹਰਿ ਸਿਮਰਣ ਤੇ ਲੋਕਾਂ ਦੇ ਭਲੇ ਲਈ ਹੀ ਜੀਵਣ ਜੀ ਕੇ ਪ੍ਰਸੰਸਾ ਪ੍ਰਾਪਤ ਕਰਦੇ ਹਨ। ਉਨ੍ਹਾਂ ਲਈ 'ਸਨਮਾਨ' ਹੀ ਸਭ ਤੋਂ ਵੱਡਾ ਧਨ ਹੈ। ਉਹ ਇਸ ਸਨਮਾਨ ਲਈ ਆਪਣਾ ਸਭ ਕੁਝ ਵਾਰ ਦਿੰਦੇ ਹਨ, ਕੁਰਬਾਨ ਕਰ ਦਿੰਦੇ ਹਨ।

ਏਥੋਂ ਤਕ ਕਿ ਉਨ੍ਹਾਂ ਲਈ ਆਪਣਾ ਸਰੀਰ ਕਸ਼ਟਾਂ ਵਿਚ ਪਾ ਕੇ ਕੁਰਬਾਨ ਕਰਨਾ ਭੀ 'ਸਨਮਾਨ' ਦੇ ਬਦਲੇ ਤੁਛ ਮਾਤ੍ਰ ਭਾਸਦਾ ਹੈ। ਉਹ ਕਿਸੇ ਮੁਲ ਤੇ ਭੀ ਇਸ 'ਸਨਮਾਨ' ਨੂੰ ਨਹੀਂ ਛੱਡਦੇ, ਕਿਉਂਕਿ ਉਨ੍ਹਾਂ ਲਈ 'ਸਨਮਾਨ' ਹੀ ਸਭ ਕੁਝ ਹੈ। ਉਨ੍ਹਾਂ ਮਹਾਂ ਪੁਰਸ਼ਾਂ ਨੂੰ ਹੀ ਅਸੀਂ ਦੇਸ਼ ਭਗਤ, ਕੌਮ ਪੂਜ ਸੰਸਾਰ ਸੇਵਕ ਜਾਂ ਸੱਚੇ ਆਸ਼ਕ ਕਹਿ ਸਕਦੇ ਹਾਂ।

ਹਾਂ ! ਹਾਂ !! ਇਹੀ ਕੌਮ ਪੂਜ, ਦੇਸ਼ ਭਗਤ ਤੇ ਸੱਚੇ ਆਸ਼ਕ ਹਨ ਜੋ ਮੁਲਕੀ ਪਿਆਰ ਬਦਲੇ ਕੈਦਾਂ ਵਿਚ ਪੈਕੇ ਅਜ਼ਾਦੀ ਪ੍ਰਾਪਤ ਕਰਦੇ ਹਨ। ਜੋ ਕੌਮੀ ਪਿਆਰ ਬਦਲੇ ਆਪਣਾ ਸਭ ਕੁਝ ਲੁਟਾ ਕੇ, ਕੰਗਾਲ ਤੇ ਫਕੀਰ ਬਣਕੇ, ਆਪਣੇ ਆਪ ਨੂੰ ਖੁਸ਼ਹਾਲ ਤੇ ਮਾਲਾ ਮਾਲ ਹੋਏ ਧਨੀ ਸਮਝਦੇ ਹਨ। ਮਾਰਾਂ, ਕੁੱਟਾਂ, ਜੇਲ੍ਹਾਂ ਤੇ ਫਾਂਸੀਆਂ ਦਾ ਕੋਈ ਭੀ ਡਰ ਉਨ੍ਹਾਂ ਨੂੰ ਵਤਨ ਪਿਆਰ ਤੋਂ ਦੂਰ ਨਹੀਂ ਕਰ ਸਕਦਾ। ਸਖਤੀਆਂ ਦੇ ਸਮੁੰਦਰ ਤੇ ਕਸ਼ਟਾਂ ਦੇ ਪਹਾੜ ਭੀ ਉਨ੍ਹਾਂ ਦੇ ਜੀਵਣ ਆਦਰਸ਼ ਦੇ ਰਾਹ ਵਿਚ ਆ ਪੈਣ ਤਾਂ ਉਹ ਪ੍ਰਵਾਹ ਨਹੀਂ ਕਰਦੇ, ਘਬਰਾਉਂਦੇ ਨਹੀਂ, ਨਿਰਾਸ ਨਹੀਂ ਹੁੰਦੇ ਤੇ



Digitized by Panjab Digital Library | www.panjabdigilib.org

ਆਪਣੇ ਦ੍ਰਿੜ੍ਹ ਇਰਾਦੇ ਤੋਂ ਹਟਦੇ ਜਾਂ ਜੌਂ ਭਰ ਉਤਸ਼ਾਹੋਂ ਨਹੀਂ ਘਟਦੇ, ਸਗੋਂ ਨਸ਼ਾਨੇ ਨੂੰ ਤੀਰ ਵਾਂਗ ਸਿੱਧੇ ਵਧਦੇ ਹੀ ਚਲੇ ਜਾਂਦੇ ਹਨ। ਅਜੇਹੇ ਕੌਮੀ ਆਸ਼ਕਾਂ ਲਈ ਹੀ ਇਹ ਤੁਕਾਂ ਕਹੀਆਂ ਗਈਆਂ ਹਨ:–

"ਜਿਨਾਂ ਨੂੰ ਮੁਲਕੀ ਪਿਆਰ ਚਸਕਾ, ਆਜ਼ਾਦ ਸਮਝਣ ਅਸੀਰ ਬਣਕੇ।
ਖੁਸ਼ਾਲ ਉਹ ਮਾਲਾ ਮਾਲ ਸਮਝਣ, ਕੰਗਾਲ ਬਣ ਕੇ ਫਕੀਰ ਬਣ ਕੇ।
ਰਹਿਣ ਸਦਾ ਮਸਤ ਇਸੇ ਹੀ ਧੁਨਿ ਵਿਚ, ਵਤਨ ਪਿਆਰਾ ਆਜ਼ਾਦ ਹੋਵੇ,
ਖੁਸ਼ਾਲ ਹੋਵੇ ਕਮਾਲ ਜਗ ਵਿਚ, ਨਜ਼ੀਰ ਹੁਇ ਬੇ ਨਜ਼ੀਰ ਬਣ ਕੇ।
ਖਿਆਲ ਨਾ ਦਿਲ ਮੁਸੀਬਤਾਂ ਦਾ, ਕੁਟੀਣ ਦਾ ਕੈਦ ਕੁਰਕੀਆਂ ਦਾ,
ਮਲਾਲ ਨਾ ਕੁਝ ਜ਼ਵਾਲ ਬਿਨ, ਕਦਮ ਧਰਨ ਹਰ ਇਕ ਗੰਭੀਰ ਬਣ ਕੇ।
ਜੇ ਸਖਤੀਆਂ ਦਾ ਸਮੁੰਦ੍ਰ ਆਵੇ, ਪਹਾੜ ਕਸ਼ਟਾਂ ਦੇ ਪੈਣ ਰਾਹ ਵਿਚ,
ਹਟਣ ਨ ਹਠ ਤੋਂ ਘਟਣ ਨ ਇਕ ਜੌ ਨਸ਼ਾਨ ਨੂੰ ਜਾਣ ਤੀਰ ਬਣ ਕੇ।"

ਹਾਂ ! ਹਾਂ !! ਅਜੇਹੇ ਦੇਸ਼ ਭਗਤ, ਕੌਮੀ ਆਸ਼ਕਾਂ ਦੀਆਂ, ਫਾਂਸੀ ਦੇ ਤਖਤਿਆਂ ਤੇ ਖੜਿਆਂ ਤੇ ਅਗਲੀ ਦਰਗਾਹ ਨੂੰ ਤਿਆਰ ਤਾਂਘ ਰਿਹਾਂ ਦੀਆਂ ਹੀ ਤਾਂ ਇਹ ਪ੍ਰੇਮ ਕੂਕਾਂ ਹਨ । ਜੋ ਕੌਮ ਤੇ ਦੇਸ਼ ਵਿਚ ਜਾਨ ਪਾ ਰਹੀਆਂ ਹਨ । ਧਿਆਨ ਲਾਕੇ ਸੁਣੋ, ਦਿਲ ਦੇ ਕੰਨਾਂ ਨਾਲ ਸੁਣੋ । ਉਹ ਅਜ ਭੀ ਉਚੀ ਉਚੀ ਕੂਕ ਕੂਕ ਕਹਿ ਰਹੇ ਹਨ ਤੇ ਉਨ੍ਹਾਂ ਦੀਆਂ ਇਨ੍ਹਾਂ ਦੇਸ਼ ਪ੍ਰੇਮ ਵਿਚ ਰਤੀਆਂ ਅਮਿਟ ਕੂਕਾਂ ਨਾਲ ਸਾਰਾ ਅਕਾਸ਼ ਪਿਆ ਗੂੰਜ ਰਿਹਾ ਹੈ। ਆਹ ਸੁਣੋ ਨਾ ! ਇਕ ਦੇਸ਼ ਭਗਤ ਕੌਮੀ ਆਸ਼ਕ ਆਖ ਰਿਹਾ ਹੈ:–

"ਮਰਨ ਬਾਦ ਦਰਗਾਹ ਵਿਚ ਭੀ, ਹੋਊ ਇਹੀ ਬਿਆਨ ਮੇਰਾ।
ਮੈਂ ਇਸ ਭਾਰਤ ਦੀ ਮਿੱਟੀ ਹਾਂ, ਹੈ ਇਹ ਹਿੰਦੁਸਤਾਨ ਮੇਰਾ।
ਮੈਂ ਹਾਂ ਇਕ ਮਿੱਟੀ ਦਾ ਕਿਣਕਾ, ਇਸ ਉਜੜੇ ਭਾਰਤ ਥੇਹ ਦਾ,
ਏਹੀ ਕੁਲ ਠਿਕਾਣਾ ਮੇਰਾ, ਏਹੀ ਨਾਮ ਨਸ਼ਾਨ ਮਿਰਾ।
ਪਤ-ਝੜ ਹਥੋਂ ਸੁਕ ਮੁਰਝਾ ਗਏ, ਜਿਸ ਬਾਗ਼ੀਚੇ ਦੇ ਬੂਟੇ,
ਮੈਂ ਇਸ ਗੁਲਸ਼ਨਦੀ ਬੁਲਬੁਲ ਹਾਂ, ਇਹ ਹੈ ਗੁਲਿਸਤਾਨ ਮਿਰਾ।



Digitized by Panjab Digital Library | www.panjabdigilib.org

ਬੀਤੇ ਕਿਸੇ ਸਮੇਂ ਸੀ ਕਦੇ ਕੁ, ਵਸਦਾ ਰਸਦਾ ਇਹ ਘਰ ਭੀ।
ਕੀ ਹੋਯਾ ਪਰਦੇਸੀਆਂ ਹਥੋਂ, ਉਜੜ ਗਿਆ ਮਕਾਨ ਮਿਰਾ ?"

ਇਸਤਰ੍ਹਾਂ ਹਸਰਤ ਦੇ ਫੁਲ ਵਰਸਾਉਂਦਾ ਵਰਸਾਉਂਦਾ ਉਹ ਦੇਸ਼ ਦਾ ਆਸ਼ਕ ਮਸਤੀ ਦੇ ਰੰਗ ਵਿਚ ਆ ਜਾਂਦਾ ਹੈ। ਸੁਰਤਿ ਉਚੀ ਹੋ ਜਾਂਦੀ ਹੈ ਤੇ ਉਸ ਦੀਆਂ ਆਤਮਕ ਅਖਾਂ ਅਗੇ ਪਿਆਰੇ ਭਾਰਤ ਦਾ ਹੂ ਬਹੂ ਨਕਸ਼ਾ ਆ ਜਾਂਦਾ ਹੈ। ਨਕਸ਼ਾ ਹੀ ਨਹੀਂ ! ਸਗੋਂ ਪਿਆਰਾ ਮਾਬੂਦ ਭਾਰਤ ਇਕ ਮਨੁਖੀ ਸ਼ਕਲ ਵਿਚ ਸੌਹੇਂ ਆਉਂਦਾ ਹੈ ਤੇ ਉਹ ਸਚਾ ਆਸ਼ਕ ਉਸਨੂੰ ਮੁਖਾਤਬ ਕਰਕੇ ਮਸਤੀ ਵਿਚ ਆ ਉਸੇ ਸੁਰ ਵਿਚ ਮੁੜ ਇਉਂ ਗੌਂਦਾ ਹੈ:—

"ਮੈਂ ਤੇਰਾ ਹਾਂ ਭਾਰਤ ! ਸਚਾ ਸੇਵਕ ਸਦਾ ਰਹੂੰ ਬਣਿਆ,
ਤੂੰ ਹੈਂ ਇੰਦਰ ਪੁਰੀ ਮਿਰੀ ਤੂੰ ਹੈਂ ਬੈਕੁੰਠ ਸਥਾਨ ਮਿਰਾ।
ਮੇਰੀ ਛਾਤੀ ਵਿਚ ਸਦਾ ਭੜਕੇਂਦੀ ਤੇਰੀ ਪ੍ਰੇਮ ਅਗਨਿ,
ਨਜ਼ਰਾਂ ਵਿਚ ਮਿਰੇ ਐ ਭਾਰਤ ! ਤੂੰ ਹੀ ਕੁਲ ਜਹਾਨ ਮਿਰਾ।
ਤੇਰੀ ਖਾਤਰ ਜੇ ਇਹ 'ਦੁਖੀ' ਸਿਰੁ ਲੱਗੇ ਸਰਬੰਸ ਲਗੇ,
ਤਾਂ ਮੈਂ ਸਮਝੂੰ ਦੋਹੀਂ ਜਹਾਨੀਂ ਹੋ ਗਿਆ ਅਮਰ ਨਿਸ਼ਾਨ ਮਿਰਾ।"

ਹਾਂ ! ਪਾਠਕ ! ਇਨ੍ਹਾਂ ਪ੍ਰੇਮ ਕੂਕਾਂ ਦਾ ਸਦਕਾ ਹੀ ਭਾਰਤ ਵਿਚ ਕੌਮੀ ਜੀਵਨ ਦੀ ਰੌ ਰੁਮਕ ਰਹੀ ਹੈ। ਇਹੀ ਔਕਸੀਜਨ ਹੈ ਜਿਸ ਨਾਲ ਮੁਰਦੇ ਭਾਰਤ ਦੇ ਜਰਜਰੇ ਸਰੀਰ ਵਿਚ ਕੁਝ ਜੀਵਣ ਦੀ ਆਸ ਹੋ ਸਕਦੀ ਹੈ। ਹਾਂ ! ਇਹੀ ਗਰਮੀ ਹੈ ਜੋ ਹਿੰਦੀ ਨੌਜਵਾਨਾਂ ਦੇ ਸਰਦ ਹੋ ਰਹੇ ਖ਼ੂਨ ਨੂੰ ਗਰਮਾ ਰਹੀ ਤੇ ਉਬਲਾ ਰਹੀ ਹੈ। ਕੀ ਤੁਸੀਂ ਕਦੇ ਸੋਚਿਆ ਹੈ ਕਿ ਇਨ੍ਹਾਂ ਜੀਵਣਾਂ ਦੇ ਮਾਲਕ ਕੌਣ ਹਨ ? ਇਨ੍ਹਾਂ ਸਨਮਾਨਤ ਉੱਚ ਪਦਵੀਆਂ ਦੇ ਹਕਦਾਰ ਕੌਣ ਹਨ ? ਉਹੀ, ਤੇ ਕੇਵਲ ਉਹੀ, ਜਿਨਾਂ ਨੇ ਦੇਸ਼ ਕੌਮ ਲਈ ਕੁਰਬਾਨੀਆਂ ਕੀਤੀਆਂ। ਤਨ ਮਨ ਧਨ ਆਦਿ ਕਰਕੇ ਕਿਸੇ ਤਰਾਂ ਭੀ ਕੌਮ ਦੀ ਉਨਤੀ ਲਈ ਆਪਾ ਵਾਰ ਕੁਰਬਾਨੀਆਂ ਕੀਤੀਆਂ ਹਨ।

ਪਾਠਕਾਂ ਨੇ ਪਿਛਲੇ ਪਤ੍ਰਿਆਂ ਵਿਚ ਵੇਖਿਆ ਤੇ ਗਹੁ



Digitized by Panjab Digital Library | www.panjabdigilib.org

ਨਾਲ ਵਿਚਾਰਿਆ ਹੋਵੇਗਾ ਕਿ ਵੈਦ ਜੀ ਜੇ ਅਜੇਹੇ ਕੌਮੀ ਪ੍ਰਵਾਨਿਆਂ ਦੇ ਆਗੂ ਨਹੀਂ ਤਾਂ ਕੌਮੀ ਉਸਾਰੀ ਤੇ ਦੇਸ਼ ਉਨਤੀ ਦੀਆਂ ਜੀਵਣ ਆਦਰਸ਼ਕ ਰੂਹਾਂ ਵਿਚੋਂ ਕਿਸੇ ਤਰਾਂ ਵਾਲ ਭਰ ਭੀ ਪਿਛੇ ਨਹੀਂ ਖੜੇ। ਆਪ ਦਾ ਤਮਾਮ ਜੀਵਣ ਚੁਪ ਚਾਪ ਪਰ ਦੇਸ਼ ਭਗਤੀ ਦੇ ਗੂੜੇ ਰੰਗ ਵਿਚ ਰੰਗੀਜਿਆ ਹੋਇਆ, ਕੌਮ ਉਨਤੀ ਦੀ ਚਾਹ ਵਿਚ ਫੜਕ ਰਿਹਾ ਹੀ ਗੁਜ਼ਰਿਆ ਹੈ। ਅੰਤ ਨੂੰ ਇਸ ਅੰਤਲੇ ਸਾਲ ੧੯੩੬ ਵਿਚ ਭੀ ਅੰਤਲੇ ਸੁਆਸਾਂ ਤਕ ਲੋਕ ਸੇਵਾ ਦੇ ਗੂੜੇ ਰੰਗ ਵਿਚ ਰੰਗੇ ਹੋਏ ਹੀ, ਆਪਣੀ ਧੁਨਿ ਵਿਚ ਮਗਨ ਸਰੀਰ ਥੀਂ ਲਾਪ੍ਰਵਾਹ ਇਸ ਅਸਾਰ ਸੰਸਾਰ ਨੂੰ ਤਿਆਗਦੇ ਹਨ। ਆਓ ਜ਼ਰਾ ਆਪ ਦੀਆਂ ਇਸ ਸਾਲ ਦੀਆਂ ਡਾਇਰੀਆਂ ਤੇ ਭੀ ਸਰਸਰੀ ਜੇਹੀ ਨਜ਼ਰ ਮਾਰੀਏ ਤੇ ਆਪ ਦੇ ਪਰਉਪਕਾਰੀ ਕਾਰਨਾਮਿਆਂ ਨੂੰ ਵਿਚਾਰਦੇ ਹੋਏ ਆਪਣੇ ਜੀਵਣ ਆਦਰਸ਼ ਲਈ ਕੋਈ ਸਬਕ ਸਿਖੀਏ।

ਇਸ ਸਾਲ ਦੇ ਚੜ੍ਹਦਿਆਂ ਹੀ ਸ਼ਹੀਦ ਗੰਜ ਸਿੰਘਣੀਆਂ ਲਾਹੌਰ ਦਾ ਮੋਰਚਾ ਗਰਮ ਹੋ ਗਿਆ। ਮੁਸਲਮਾਨਾਂ ਉਤੇ ਗੋਲੀ ਚਲਣ ਦੇ ਨਾਲ ਹੀ ਸਿੰਘਾਂ ਉਤੇ ਭੀ ਕ੍ਰਿਪਾਨ* ਰਖਣ ਦੀ ਬੰਦਸ਼ ਕਰਦੇ ਹੋਇਆਂ ਨੌਕਰਸ਼ਾਹੀ

---

*ਕ੍ਰਿਪਾਨ--Arms act XI—੧੮੭੮ ਵਿਚ ਪਾਸ ਹੋਇਆ। ਜਿਸ ਦੀ ਲਪੇਟ ਵਿਚ ਸਿਖਾਂ ਦਾ ਚਿੰਨ (ਕ੍ਰਿਪਾਨ) ਭੀ ਆ ਗਿਆ। ਚੀਫ ਖਾਲਸਾ ਦੀਵਾਨ ਦੇ ਸੇਵਕਾਂ ਤੇ ਸਿਖ ਕੌਮ ਦੀ ਜਾਗਰਤ ਤੇ ਕੁਰਬਾਨੀ ਨੇ ਹੌਲੀ ੨ ਕ੍ਰਿਪਾਨ ਨੂੰ ਆਜ਼ਾਦ ਕਰਾਇਆ ਤੇ ੧੧-੫-੧੯੧੪ ਨੂੰ ਫਰਦ ਨੰਬਰ ਦੋ (ਕਾਨੂੰਨ ਹਥਿਯਾਰਾਂ) ਵਿਚੋਂ ਸਿਖਾਂਦੀ ਕ੍ਰਿਪਾਨ ਨੂੰ ਬਰੀ ਕੀਤਾ ਗਿਆ।

ਗੁਰਦਵਾਰਾ ਸੁਧਾਰਲਹਿਰ ਵੇਲੇ ਫੇਰ ਕ੍ਰਿਪਾਨ ਦੇ ਸਾਈਜ਼ ਬਦਲੇ ਸਖਤੀ ਹੋਈ। ੧੯੨੨ ਵਿਚ ਲਾਹੌਰ ਹਾਈ ਕੋਰਟ ਮੁਕੱਦਮਾ ਨੰਬਰ ੧੪੧ ਵਿਚ ਜਸਟਿਸ ਲੀ. ਰੋਜ਼ਿਗਨਲ ਨੇ ਕ੍ਰਿਪਾਨ ਤੇ ਤਲਵਾਰ ਵਿਚ ਫਰਕ ਦਸਿਆ। ਪਰ ੧੯੨੪ ਮੁਕੱਦਮਾ ਨੰਬਰ ੬੦੦ ਵਿਚ ਹਾਈ ਕੋਰਟ ਦੇ ਬੈਂਚ ਜਸਟਿਸ ਸਕਾਟ ਸਮਿਥ ਤੇ ਜਸਟਿਸ ਹੈਰੀਸਨ ਨੇ ਪੂਰੀ ਬਹਿਸ ਪਿਛੋਂ ਕ੍ਰਿਪਾਨ ਤੇ ਤਲਵਾਰ ਨੂੰ ਇਕ ਮੰਨਦਿਆਂ ਹੋਇਆਂ ਸਿਖਾਂ ਲਈ ਹਥਯਾਰਾਂ ਦੇ ਕਾਨੂੰਨ ਤੋਂ ਬਰੀ ਦਸਿਆ।



Digitized by Panjab Digital Library | www.panjabdigilib.org

ਨੇ ਦਫਾ ੧੪੪ ਦੀ ਕੰਧ ਖੜੀ ਕਰ ਦਿਤੀ।

ਸੁੱਤੇ ਸ਼ੇਰ ਤੇ ਤਾਂ ਭਾਵੇਂ ਕੋਈ ਕੁਝ ਕਰੇ। ਉਸਦੀਆਂ ਮਾਰੀਆਂ ਮਾਰਾਂ ਨੂੰ ਭਾਵੇਂ ਕੁੱਤੇ ਕਾਂ ਤੇ ਗਿੱਦੜ ਪਏ ਖਾਣ ਪਰ ਜਦ ਜਾਗ ਪਵੇ ਜਾਂ ਜਦ ਜਗਾਇਆ ਜਾਵੇ ਫੇਰ ਕਿਸੇ ਦਾ ਉਸ ਵਲ ਤਕਣਾ ਭੀ ਸੁਖਦਾਇਕ ਨਹੀਂ ਹੋ ਸਕਦਾ।

ਉਂਞ ਭਾਵੇਂ ਅਨੇਕ ਸਿਖ ਮਾਮੂਲੀ ਛੋਟੀਆਂ ਕ੍ਰਿਪਾਨਾਂ ਨਾਲ ਹੀ ਪਏ ਫਿਰਦੇ ਸਨ। ਪਰ ਸਰਕਾਰ ਵਲੋਂ ਕ੍ਰਿਪਾਨ ਉਤੇ ਪਾਬੰਦੀ ਲਾਉਣ ਅਤੇ ਗ੍ਰਿਫਤਾਰੀਆਂ ਸ਼ੁਰੂ ਕਰਨ ਤੇ ਖਾਲਸਾ ਜੀ ਵਿਚ ਜੋਸ਼ ਫੈਲ ਗਿਆ। ਕੁਰਬਾਨੀ ਦਾ ਹੜ ਵਗ ਤੁਰਿਆ। ਕੀ ਬੁੱਢਾ ਕੀ ਬੱਚਾ, ਕੀ ਸਿੰਘਣੀ ਤੇ ਕੀ ਸਿੰਘ ਸਾਰਾ ਸਿਖ ਸੰਸਾਰ ਕੁਰਬਾਨੀਆਂ ਦੇ ਚਾ ਵਿਚ ਥੱਰਾ ਉਠਿਆ ਤੇ ਜਥਿਆਂ ਦੇ ਜਥੇ–

ਸਾਡੀ ਤਾਂ ਇਹ ਜਾਨ ਹੈ ਕ੍ਰਿਪਾਨ ! ਧਰਮ ਨਸ਼ਾਨ !<br>
ਰਖਾਂਗੇ ਜੀ ! ਕੌਣ ਜਮਿਆ ਹਟੌਣ ਵਾਲਾ ਹੈ ?<br>
ਭੁੱਲ ਨਾ ! ਇਹ ਕਾਤੀ ਨਹੀਂ!ਦਾਤੀ,ਸੁਖਦਾਤੀ ਹਈ!<br>
ਬਾਤੀ ਦਸ਼ਮੇਸ਼ ਦੀ ਗਰੀਬਾਂ ਹਿਤ ਢਾਲਾ ਹੈ ?<br>
ਖੂਨ ਨਾ ਬਹਾਵੇ ! ਇਹ ਬਚਾਵੇ ਸਗੋਂ ਖੂਨੀਆਂ ਤੋਂ !<br>
ਤੂੰ ਕਹੇਂ ਡਰਾਵੇ ਇਹ ਤਾਂ ਦੇਵੀ ਦੀਨ ਦਜ਼ਾਲਾ ਹੈ ?

ਗੌਂਦੇ ਤੇ 'ਸਿਰ ਜਾਵੇ ਤਾਂ ਜਾਵੇ ਮੇਰਾ ਸਿਖੀ ਸਿਦਕ ਨ ਜਾਵੇ' ਦੇ ਸ਼ਬਦ ਪੜ੍ਹਦੇ ੧੪੪ ਦਫਾ ਦੀ ਦੀਵਾਰ ਨੂੰ ਢਾਹੁਣ ਤੁਰ ਪਏ। ਚੁਫੇਰੇ ਦੇਸ਼ ਪਰਦੇਸ ਤੋਂ ਚਿਠੀਆਂ ਤੇ ਤਾਰਾਂ ਰਾਹੀਂ ਸ੍ਰੋ: ਅਕਾਲੀ ਦਲ ਤੇ ਸ੍ਰੋ: ਗੁ: ਪ੍ਰ: ਕਮੇਟੀ ਅਮ੍ਰਿਤਸਰ ਨੂੰ "ਤਿਆਰ ਹਾਂ, ਹੁਕਮ ਦੀ ਉਡੀਕ ਹੈ, ਡਟੇ ਰਹੋ, ਕੁਰਬਾਨੀਆਂ ਕਰੀ ਚਲੋ" ਆਦਿ ਹੌਸਲੇ ਵਧਾਊ ਸੁਨੇਹੇ ਪੁੱਜਣ ਲਗੇ। ਜਿਵੇਂ ਦੀਵੇ ਤੇ ਭੰਭਟ ਖੁਸ਼ ਹੋ ਹੋ ਮਰਦੇ ਹਨ ਤਿਵੇਂ ਹੀ ਸਿਖ ਕੁਰਬਾਨੀ ਦੀ ਲਾਟ ਤੇ ਉਮਡ ਉਮਡ ਅਉਣ ਲਗੇ, ਪਰ ਸ੍ਰੋ: ਗੁ: ਪ੍ਰ: ਕਮੇਟੀ ਦੀ ਆਗਿਆ ਵਿਚ–ਸ੍ਰੋ: ਅਕਾਲੀ ਦਲ ਦੇ ਕਹੇ ਅਨੁਸਾਰ ਤਰਤੀਬ



Digitized by Panjab Digital Library | www.panjabdigilib.org

(ਡਿਸਿਪਲਨ) ਵਿਚ। ਹੈ ਭੀ ਠੀਕ:–

"ਜਿਨ੍ਹਾਂ ਲਗੀਆਂ ਕਾਨੀਆਂ ਗੁਝੀਆਂ ਨੇ,ਦਾਰੂ ਲਗਦੇ ਨਹੀਂ ਤਬੀਬ ਵਾਲੇ।
ਧਰਮ ਕੌਮ ਤੋਂ ਜਿਨ੍ਹਾਂ ਨੇ ਜਾਨ ਵਾਰੀ,ਉਹ ਕੀ ਸਮਝਦੇ ਖੌਫ ਸਲੀਬ ਵਾਲੇ।"

ਪਰ ਐਤਕੀ ਸ਼੍ਰੋ: ਗੁ: ਪ੍ਰ: ਕਮੇਟੀ ਨੇ ਹੋਰ ਹੀ ਢੰਗ ਰੱਖਿਆ। ਕੁਰਬਾਨੀ ਦੇ ਛਾਂਦੇ ਨੂੰ ਸੰਭਲ ਸੰਭਲ ਵਰਤਾਉਣਾ ਸ਼ੁਰੂ ਕੀਤਾ। ਸਭ ਤੋਂ ਪਹਿਲੋਂ ਸ਼੍ਰੋ: ਕਮੇਟੀ ਦੇ ਮੁਖੀ ਸੇਵਕਾਂ ਨੂੰ ਛਾਂਦਾ ਮਿਲਨ ਲਗਾ। ਬਸ ਫੇਰ ਕੀ ਸੀ ? ਕੌਮੀ ਸੇਵਕਾਂ, ਧਾਰਮਕ ਪ੍ਰਵਾਨਿਆਂ ਦੀਆਂ ਬ੍ਰਾਛਾਂ ਖੁਲ੍ਹ ਗਈਆਂ, ਖੁਸ਼ੀਆਂ ਦੇ ਰੰਗ ਚੜ੍ਹ ਗਏ ਤੇ ਲਗੇ ਇਕ ਦੂਜੇ ਤੋਂ ਅੱਗੇ ਹੋ ਹੋ, ਪਰ ਡਿਸਿਪਲਨ ਵਿਚ ਰਹਿ ਕੇ ਛਾਂਦਾ ਲੈਣ। ਇਸ ਕੌਮੀ ਕੁਰਬਾਨੀ ਦੇ ਯਗਜ ਵਿਚ ਅਹੂਤੀ ਪੌਣੋ ਭਲਾ ਵੈਦ ਜੀ ਕਿਵੇਂ ਪਿੱਛੇ ਰਹਿੰਦੇ ?

ਇਸ ਬਾਰੇ ਸ਼੍ਰੋ: ਕਮੇਟੀ ਵਲੋਂ ਇਕ ਚਿਠੀ ਆਪ ਨੂੰ ਸ਼ੁਰੂ ਜਨਵਰੀ ਵਿਚ ਮਿਲੀ ਜੋ ਇਸਤਰ੍ਹਾਂ ਹੈ:–

ਵਲੋਂ, ਮੋਰਚਾ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਜੀ।
ਸੇਵਾ ਵਿਖੇ,ਸ੍ਰੀ ਮਾਨ ਸ੍ਰ: ਮੋਹਨ ਸਿੰਘ ਜੀ ਵੈਦ,ਮੈਂਬਰ ਸ਼੍ਰੋ: ਗੁ: ਪ੍ਰ: ਕਮੇਟੀ

ਪਰਮ ਕ੍ਰਿਪਾਲੂ ਜੀ ! ਬੇਨਤੀ ਹੈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਬਣੀ ਮੋਰਚਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਲਾਹੌਰ ਵਿਚ ਕ੍ਰਿਪਾਨ ਉਤੇ ਲਗੀ ਪਾਬੰਦੀ ਨੂੰ ਹਟੌਣ ਦੇ ਸੰਬੰਧ ਵਿਚ ਲਾਹੌਰ ਦੇ ਗੁਰਦਵਾਰਿਆਂ ਦੀ ਯਾਤਰਾ ਲਈ ਜਿਹੜੇ ਜਥੇ ਜਾ ਰਹੇ ਹਨ, ਉਨ੍ਹਾਂ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਾਰੇ ਮੈਂਬਰ ਸ਼ਾਮਲ ਹੋਣ। ਇਸ ਸੰਬੰਧ ਵਿਚ ਆਪ ਦੇ ਜ਼ਿਲੇ ਦੇ ਸਾਰੇ ਮੈਂਬਰਾਂ ਦੀ ਸੇਵਾ ਵਿਚ ਤਾਰੀਖ ੧੧. ੧. ੩੬ ਨੂੰ ਅੰਮ੍ਰਿਤਸਰ ਪਹੁੰਚਣ ਲਈ ਬੇਨਤੀ ਕੀਤੀ ਜਾ ਰਹੀ ਹੈ।

ਆਪ ਜੀ ਦੀ ਸੇਵਾ ਵਿਚ ਭੀ ਬੇਨਤੀ ਹੈ ਕਿ ਆਪ ਜੀ ਨੇ ਉਕਤ ਤਾਰੀਖ ਨੂੰ ਅੰਮ੍ਰਿਤਸਰ ਪੁੱਜਣ ਦੀ ਜ਼ਰੂਰ ਕ੍ਰਿਪਾਲਤਾ ਕਰਨੀ।

ਸ੍ਰੀ ਅੰਮ੍ਰਿਤਸਰ ਜੀ — ਦਾਸ–ਰਵੇਲ ਸਿੰਘ ਵਾਸਤੇ ਸਕੱਤ੍ਰ
ਮਿਤੀ ੭-੧-੧੯੩੬ — ਮੋਰਚਾ ਕਮੇਟੀ(ਸ਼੍ਰੋ: ਗੁ: ਪ੍ਰ: ਕਮੇਟੀ)



Digitized by Panjab Digital Library | www.panjabdigilib.org

ਇਸ ਚਿਠੀ ਨੂੰ ਪੜਦਿਆਂ ਹੀ ਆਪ ਨੂੰ ਕੌਮੀ ਪ੍ਰੇਮ ਰੰਗ ਦੀ ਲਾਲੀ ਚੜ੍ਹ ਗਈ। ਇਸ ਦੇ ਉਤਰ ਵਿਚ ਆਪ ਨੇ ਕਿੱਥੇ ਤੇ ਕਿਸ ਹਾਲਤ ਵਿਚ? ਆਦਿ ਪੁਛਣ ਲਈ ੮ ਤਰੀਕ ਨੂੰ ਇਕ ਛੋਟੀ ਜੇਹੀ ਪਤ੍ਰਕਾ ਲਿਖੀ। ਜਿਸ ਦੇ ਉੱਤ੍ਰ ਵਿਚ ਹੇਠ ਲਿਖੀ ਪਤ੍ਰਕਾ ਆਈ:—

ਭਾਈ ਸਾਹਿਬ ਮੋਹਨ ਸਿੰਘ ਜੀ ਵੈਦ, ਸ੍ਰੀ ਤਰਨ ਤਾਰਨ ਸਾਹਿਬ।

ਸ੍ਰੀ ਮਾਨ ਜੀ, ਆਪ ਜੀ ਦੀ ਪਤ੍ਰਕਾ ਮਿਤੀ ੮. ੧. ੩੬ ਦੇ ਸਬੰਧ ਵਿਚ ਬਿਨੈ ਹੈ ਕਿ ਆਪ ਜੀ ਨੇ ੧੧-੧-੩੬ ਨੂੰ ੧੨ ਬਜੇ ਇਥੇ ਦਫਤਰ ਵਿਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ।

ਮਿਤੀ ੮-੧-੩੬ ਰਵੇਲ ਸਿੰਘ, ਵਾਸਤੇ ਸਕੱਤਰ
ਮੋਰਚਾ ਸਬ ਕਮੇਟੀ(ਸ਼੍ਰੋ: ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ਜੀ।

ਇਸ ਦੇ ਪਿਛੋਂ ਹੇਠਲੀ ਪਤ੍ਰਕਾ ਆਈ।

ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ

ਨੰ: ੧੧੬੧ ਤਰੀਕ ੧੦—੧—੧੯੩੬

ਸ੍ਰੀ ਮਾਨ ਸ੍ਰ: ਮੋਹਨ ਸਿੰਘ ਜੀ ਵੈਦ, ਤਰਨ ਤਾਰਨ

ਪ੍ਰਮ ਕ੍ਰਿਪਾਲੂ ਜੀ! ਆਪ ਜੀ ਨੇ ੮ ਬਜੇ ਸਵੇਰੇ ੧੨—੧—੩੬ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਗ੍ਰਿਫਤਾਰੀ ਦੇ ਵੇਲੇ ਪੁਜ ਜਾਣਾ ਹੈ।

ਇਸ ਲਈ ਤੁਸੀਂ ੧੧—੧—੩੬ ਨੂੰ ੧੨ ਬਜੇ ਦੋਪਹਿਰ ਤੋਂ ਪਿਛੋਂ ਜ਼ਰੂਰ ਸ੍ਰੀ ਅੰਮ੍ਰਿਤਸਰ ਪੁਜ ਜਾਣਾ ਤੇ ਕਛੈਹਰਾ ਪਰਨਾ ਤੇ ਕੰਬਲ ਲਈ ਆਉਣਾ। ਦਾਸ ਧਨਵੰਤ ਸਿੰਘ ਮੀਤ ਸਕੱਤਰ

ਆਗਿਆ ਪਾ ਆਪ ੧੧ ਜਨਵਰੀ ਸ਼ਾਮ ਨੂੰ ਹੀ ਮੋਰਚਾ ਕਮੇਟੀ ਦੇ ਦਫ਼ਤ੍ਰ ਵਿਚ ਜਾ ਦਾਖਲ ਹੋਏ, ਸੇਵਾ ਪ੍ਰਵਾਨ ਹੋ ਗਈ, ਖੁਸ਼ੀਆਂ ਦਾ ਚਾ ਚੜ੍ਹ ਗਿਆ ਤੇ ੧੨ ਜਨਵਰੀ ੧੯੩੬ ਸਵੇਰ ਨੂੰ ਹੀ ਨਿੱਤ ਨੇਮ ਤੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਯਾਤ੍ਰਾ ਕਰ ਸੰਗਤ ਦੀਆਂ ਖੁਸ਼ੀਆਂ ਲੈ ਸ਼੍ਰੋ: ਗੁ: ਪ੍ਰ: ਕਮੇਟੀ ਦੀ ਆਗਿਆ ਅਨੁਸਾਰ ਹੋਰ ਮੈਂਬਰਾਂ ਨੂੰ



Digitized by Panjab Digital Library | www.panjabdigilib.org

ਨਾਲ ਲੈ ਕ੍ਰਿਪਾਨ ਦੇ ਮੋਰਚੇ ਲਈ*, ਨੌਕਰ ਸ਼ਾਹੀ ਦੀ ਲਾਈ ਹੋਈ ੧੪੪ ਦਫਾ ਤੋੜਨ ਨੂੰ ਚਾਲੇ ਪਾ ਦਿਤੇ। ਫਲ ਤਾਂ ਦਿਸਦਾ ਹੀ ਸੀ। ਗ੍ਰਿਫਤਾਰ ਹੋ ਗਏ ਤੇ ਜੇਹਲ ਲੈ ਜਾਏ ਗਏ।

---

*ਲਾਹੌਰ ਸਟੇਸ਼ਨ ਦੇ ਨਜ਼ਦੀਕ ਲੰਡੇ ਬਾਜ਼ਾਰ ਵਿਚ ਸਿਖਾਂ ਦਾ ਪ੍ਰਸਿੱਧ ਗੁਰਦਵਾਰਾ 'ਸ਼ਹੀਦ ਗੰਜ' ਹੈ। ਮੁਸਲਮ ਰਾਜ ਸਮੇਂ ਇਸ ਜਗ੍ਹਾ ਲੱਖਾਂ ਹੀ ਸਿਖ ਸ਼ਹੀਦ ਕੀਤੇ ਜਾਣ ਕਰਕੇ ਇਸ ਦਾ ਨਾਮ ਸਿਖਾਂ ਨੇ 'ਸ਼ਹੀਦ ਗੰਜ' ਰਖਿਆ।

ਗੁਰਦਵਾਰਾ ਕਮੇਟੀ ਲਾਹੌਰ ਦੇ ਪ੍ਰਬੰਧ ਹੇਠ ਆਉਣ ਪਿਛੋਂ ਇਸਦੀ ਸਦੀਆਂ ਦੀ ਪੁਰਾਣੀ ਇਮਾਰਤ ਨੂੰ ਢਾਹਕੇ ਨਵੀਂ ਬਣੌਨ ਦਾ ਗੁਰਮਤਾ ਪਾਸ ਹੋਇਆ। ੨੪ ਜੂਨ ੧੯੩੫ ਤੋਂ ਇਹ ਕੰਮ ਸ਼ੁਰੂ ਹੋਇਆ।੨੮ਜੂਨ ਨੂੰ ਸ:ਮੇਲਾ ਸਿੰਘ ਮਜ਼ਦੂਰ ਕਰਤਾਰ ਪੁਰ ਜ਼ਿਲਾ ਜਾਲੰਧਰ ਦਾ, ਖਸਤਾ ਮਲਬਾ ਡਿਗਣ ਤੋਂ ਹੇਠਾਂ ਆ ਕੇ ਮਰ ਗਿਆ। ਉਸਦੀ ਅਰਥੀ ਸ਼ਮਸ਼ਾਨ ਭੂਮੀ ਵਿਚ ਜਾਣ ਤੋਂ ਮੁਸਲਮਾਨਾਂ ਵਿਚ 'ਸ਼ਹੀਦ ਗੰਜ' ਨੂੰ 'ਮਸਜਦ' ਆਖ ਕੇ ਰੌਲਾ ਸ਼ੁਰੂ ਹੋ ਗਿਆ।

੨੯ ਜੂਨ ੧੯੩੫ ਨੂੰ ਮੁਸਲਮਾਨਾਂ ਵਲੋਂ ਵਧੀਕ ਰੌਲਾ ਪੈਣਤੇ ਕੰਮ ਕੁਝ ਚਿਰ ਲਈ ਬੰਦ ਕਰ ਦਿਤਾ ਗਿਆ। ੧੧ ਜੁਲਾਈ ਨੂੰ ਇਹ ਕੰਮ ਜਾਰੀ ਕੀਤਾ ਤੇ ਬੇਅੰਤ ਸੰਗਤਾਂ ਨੇ ਇਕ ਦੋ ਦਿਨ ਵਿਚ ਹੀ ਸਿਰੇ ਚਾੜ੍ਹ ਦਿਤਾ। ਗੜਬੜ ਵੱਧ ਦੀ ਹੀ ਗਈ। ਮੁਕੱਦਮੇ ਚੱਲੇ।

੩੦ ਨਵੰਬਰ ਨੂੰ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਗੁਰਪੁਰਬ ਦੀ ਯਾਦ ਵਿਚ ਜਲੂਸ ਨਿਕਲਿਆ ਤੇ ਇਸੇ ਦਿਨ ਬਾਬਾ ਜੀਵਣ ਸਿੰਘ ਜੀ ਸ਼ਹੀਦ ਦੀ ਅਰਥੀ ਦਾ ਭੀ ਜਲੂਸ ਸੀ (ਇਹ ਸ਼ਹੀਦ ਗੰਜ ਹਲਚਲ ਸਮੇਂ ਮੁਸਲਮਾਨਾਂ ਹਥੋਂ ਸ਼ਹੀਦ ਹੋਏ ਸਨ) ਗੁਰਪੁਰਬ ਜਲੂਸ ਗੁਰਦਵਾਰਾ ਸ਼ਹੀਦ ਗੰਜ ਤੋਂ ਸ਼ੁਰੂ ਹੋ ਕੇ ਗੁਰਦਵਾਰਾ ਡੇਹਰਾ ਸਾਹਿਬ ਪੁਜਾ।

੧ ਦਸੰਬਰ ਸਵੇਰ ਸਾਰ ਮੁਸਲਮਾਨਾਂ ਵਲੋਂ ਗੁਰਦਵਾਰਾ ਚੁਮਾਲਾ ਸਾਹਿਬ ਅਤੇ ਹੋਰ ਕਈ ਥਾਈਂ ਹੱਲਾ ਹੋਇਆ। ੨ ਦਸੰਬਰ ਨੂੰ ਸਭ ਹਥਿਆਰ ਰੱਖਣ ਦੀ ਮਨਾਹੀ ਹੋ ਗਈ ਤੇ ਸਿੰਘਾਂ ਪਾਸੋਂ ਭੀ ਕ੍ਰਿਪਾਨਾਂ ਖੋਹਣੀਆਂ ਸ਼ੁਰੂ ਹੋ ਗਈਆਂ। ਇਸੇ ਕਾਰਨ ੧ ਜਨਵਰੀ ੧੯੩੬ ਤੋਂ ਕ੍ਰਿਪਾਨ ਦਾ ਮੋਰਚਾ ਸ਼ੁਰੂ ਹੋ ਗਿਆ। ਸਿੰਘ ਕ੍ਰਿਪਾਨਾਂ ਪੈਹਨ ਕੇ ਜਾਂਦੇ। ਸਰਕਾਰੀ ਕਰਮਚਾਰੀ ਗ੍ਰਿਫਤਾਰ ਕਰ ਕੇ ਜੇਲ੍ਹ ਲੈ ਜਾਂਦੇ। ਇਸ ਮੋਰਚੇ ਵਿਚ ਹਜ਼ਾਰਾਂ ਸਿੰਘ ਸਿੰਘਣੀਆਂ ਨੇ ਹਿੱਸਾ ਲਿਆ। ੩੧ ਜਨਵਰੀ ੧੯੩੬ ਨੂੰ ਸਰਕਾਰ ਵਲੋਂ ਪਿਛਾ ਛੁਡੌਣ ਲਈ ਕ੍ਰਿਪਾਨ ਤੋਂ ਪਾਬੰਦੀ ਹਟਾਈ ਗਈ ਤੇ ਮੋਰਚਾ ਖਤਮ ਹੋ ਗਿਆ।



Digitized by Panjab Digital Library | www.panjabdigilib.org

ਭਾਵੇਂ ਇਸ ਮੋਰਚੇ ਵਿਚ ਮਾਮੂਲੀ ਜੇਹੀ ਹੀ ਸਜ਼ਾ ਹੁੰਦੀ ਸੀ, ਪਰ ਸੇਵਕ ਆਪਣੀ ਵਲੋਂ ਅੰਤਲੀ ਸਜ਼ਾ ਸਹਿਣ ਅਤੇ ਸਿਰ ਤਕ ਕੁਰਬਾਨੀ ਕਰਨ ਦੀ ਤਿਆਰੀ ਕਰ ਕੇ ਜਾਂਦੇ ਸਨ। ਬੇਸ਼ਕ ਕੋਈ ਕੁਝ ਭੀ ਪਿਆ ਕਹੇ ਪਰ ਇਸ ਵਿਚ ਰਤੀ ਭਰ ਸ਼ਕ ਨਹੀਂ ਕਿ ਸਮੁੱਚੇ ਤੌਰ ਤੇ ਸ਼੍ਰੋ: ਕਮੇਟੀ ਤੇ ਅਕਾਲੀ ਦਲ ਦੇ ਸੇਵਕਾਂ ਨੇ ਬੇ ਮਿਸਾਲ ਕੁਰਬਾਨੀਆਂ ਕੀਤੀਆਂ ਹਨ। ਇਹ ਕੁਰਬਾਨੀਆਂ ਹੀ ਹਨ ਜਿਨ੍ਹਾਂ ਦਾ ਸਦਕਾ ਸਿਖ ਪੰਥ ਵਿਚ ਅਜੇ ਭੀ ਕੁਝ ਕੁਝ ਜਾਨ ਹੈ, ਨਹੀਂ ਤਾਂ ਇਸ ਗਏ ਗੁਜ਼ਰੇ ਲੋਭ ਲਾਲਚ, ਅਯਾਸ਼ੀ ਤੇ ਹਥ ਕੰਡਿਆਂ ਦੇ ਸਮੇਂ ਵਿਚ ਵਾਹਿਗੁਰੂ ਜਾਣੇ ਪੰਥ ਕਿੱਥੇ ਹੁੰਦਾ? ਬੇਸ਼ਕ ਅਕਾਲੀਆਂ ਵਿਚ ਕਈ ਅਵਗੁਣ ਹਨ, ਪਰ ਇਨ੍ਹਾਂ ਦਾ ਏਹੀ, ਤੇ ਕੇਵਲ ਏਹੀ 'ਸਮੇਂ ਸਿਰ ਕੌਮ ਲਈ ਕੁਰਬਾਨੀ ਕਰਨ ਦਾ ਗੁਣ' ਕੌਮੀ ਜੀਵਣ ਵਿਚ ਅਹਿੱਲ ਥੰਮੇ ਦਾ ਕੰਮ ਦੇ ਰਿਹਾ ਹੈ ਤੇ ਦਿੰਦਾ ਰਹੇਗਾ। ਇਹ ਨਿਸਚੇ ਨਾਲ ਅਝੱਕ ਹੋ ਕੇ ਕਿਹਾ ਜਾ ਸਕਦਾ ਹੈ ਕਿ ਜਦ ਤਕ ਸਿਖਾਂ ਵਿਚ ਕੌਮ ਤੇ ਧਰਮ ਲਈ ਇਹ ਨਿਧੜਕ ਕੁਰਬਾਨੀ ਕਰਨ ਦਾ ਮਾਦਾ ਕਾਇਮ ਹੈ ਤਦ ਤਕ ਕੋਈ ਭੀ ਤੇ ਕਿਸੇ ਤਰ੍ਹਾਂ ਭੀ ਸਿਖ ਕੌਮ ਨੂੰ ਦਬਾ ਨਹੀਂ ਸਕਦਾ। ਤੇ ਏਹੀ ਮਾਦਾ ਹੈ ਜਿਸ ਨੇ ਹਿੰਦੋਸਤਾਨੀਆਂ ਦੇ ਦਿਲਾਂ ਵਿਚ ਆ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਹੈ।

ਸਿਖਾਂ ਦੇ ਟੁਕੜਿਆਂ ਤੇ ਪਲ ਕੇ ਸਿਖਾਂ ਦੇ ਹੀ ਖੂਨ ਨਹਾਉਣ ਵਾਲੇ ਸਿਖਾਂ ਦੇ ਵੈਰੀ ਚਾਲਾਕ ਯਾਰ ਭਾਵੇਂ ਕੁਝ ਪਏ ਪਟਾਖਨ ਤੇ ਕੁਝ ਬਣ ਬਣ ਕੇ ਦਿਖਾਉਣ। ਖੰਡ ਵਿਚ ਜ਼ਹਿਰ ਲਪੇਟ ਲਪੇਟ ਭਾਵੇਂ ਕਿਸੇ ਤਰ੍ਹਾਂ ਸਿਖਾਂ ਦੇ ਮੂੰਹੀਂ ਲਾਉਣ ਤੇ ਆਜ਼ਾਦੀ ਦੇ ਝੂਠੇ ਸਬਜ਼ ਬਾਗ਼ ਦਿਖਾ ਦਿਖਾ ਆਪਣਾ ਉੱਲੂ ਸਿੱਧਾ ਕਰਨ, ਪਰ ਉਹ ਇਸ ਗੱਲ ਤੋਂ ਕਦਾ ਚਿਤ ਇਨਕਾਰ ਨਹੀਂ ਕਰ ਸਕਦੇ ਕਿ ਕੇਵਲ ਕੁਰਬਾਨੀ ਹੀ ਹੈ, ਜਿਸ ਨਾਲ ਕੋਈ ਕੌਮ ਜਾਂ ਦੇਸ਼ ਜੀਉਂਦਾ ਰਹਿ ਸਕਦਾ, ਉੱਨਤੀ ਕਰ ਸਕਦਾ ਤੇ ਪ੍ਰਫੁਲਤ ਹੋ ਸਕਦਾ ਹੈ।

ਇਨ੍ਹੀ ਦਿਨੀ ਹੀ ਗੁਰਦੁਆਰਾ ਐਕਟ ਅਨੁਸਾਰ ਸ੍ਰੋ: ਗੁ: ਪ੍ਰ:ਕਮੇਟੀ



Digitized by Panjab Digital Library | www.panjabdigilib.org

ਦੀਆਂ ਚੋਣਾਂ ਸਨ। ਲੀਡਰੀ ਦੀ ਬੀਮਾਰੀ ਦੇ ਜ਼ੋਰ ਵਿਚ ਆਪੋ ਵਿਚੀਂ ਵਿਰੋਧਤਾ ਦੀ ਅੱਗ ਵਧੀਕ ਭੜਕਦੀ ਵੇਖ ਕੇ ਸਿਆਣੇ ੨ ਸੱਜਣਾਂ ਨੇ ਕੌਮ ਵਿਚੋਂ ਕੁਝ ਕੁ ਬਾਬੇ ਸਾਲਸ ਮੰਨ ਲਏ। ਬਾਬੇ ਉਨ੍ਹਾਂ ਬਜ਼ੁਰਗ ਪੁਰਖਾਂ ਨੂੰ ਕਿਹਾ ਜਾਂਦਾ ਹੈ ਜੋ ਅਮ੍ਰੀਕਾ, ਕੈਨੇਡਾ ਆਦਿ ਪਰਦੇਸਾਂ ਵਿਚੋਂ ਮੁੜੇ ਹੋਏ ਦੇਸ਼ ਸੇਵਾ ਵਿਚ ਹਿੱਸਾ ਲੈ ਚੁਕੇ ਜਾਂ ਕੁਝ ਲੈ ਰਹੇ ਬਜ਼ੁਰਗ ਹਨ।

ਕੁਰਬਾਨੀ ਕਰਨੀ ਹੋਰ ਤੇ ਸਾਲਸੀ ਫੈਸਲੇ ਆਦਿ ਕਰਨੇ ਹੋਰ ਗਲ ਹੈ। ਖ਼ੈਰ ਖੁਸ਼ਕਿਸਮਤੀ ਕਹੋ ਜਾਂ ਬਦ ਕਿਸਮਤੀ ਨਾਲ ਸਾਲਸ ਮੰਨੇ ਗਏ।ਉਨ੍ਹਾਂ ਨੇ ਫੈਸਲਾ ਦੇ ਦਿਤਾ ਕਿ ਫਲਾਣਾ ਫਲਾਣਾ ਕੌਮ ਪ੍ਰੇਮੀ ਫਲਾਣੇ ੨ ਇਲਾਕੇ ਤੇ ਹਲਕੇ ਵਿਚੋਂ ਖੜਾ ਕੀਤਾ ਜਾਵੇ। ਇਸ ਵਿਚੋਂ ਕਈ ਸਜਣ ਖੁਦ ਸਰ ਹੋ ਗਏ। ਫੈਸਲਾ ਨਾ ਮੰਨ ਕੇ ਆਪਣੇ ਆਪ ਅੱਗੇ ਆਉਣ ਲਈ ਟਿੱਲ ਲਾਉਣ ਲਗ ਪਏ।

ਆਪਣੀ ਵਿਰੁੱਧ ਰਾਏ ਰੱਖਣੀ ਤੇ ਡਸਿਪਲਨ ਦਾ ਪਾਬੰਦ ਰਹਿਣਾ, ਦੋ ਜੁਦੇ ਜੁਦੇ ਖਿਆਲ ਹਨ। ਆਪਣੀ ਨਿੱਜ ਦੀ ਰਾਏ ਭਾਵੇਂ ਕੁਝ ਭੀ ਹੋਵੇ ਪਰ ਮਰਦਾਂ ਲਈ, ਜੱਥੇ ਬੰਦੀ ਦਾ ਤਰੀਕਾ ਕਾਇਮ ਰੱਖਣ ਲਈ ਜ਼ਰੂਰੀ ਹੈ, ਕਿ ਮੰਨੇ ਗਏ ਸਾਲਸਾਂ ਦਾ ਫੈਸਲਾ ਸਿਰ ਮੱਥੇ ਤੇ ਪ੍ਰਵਾਨ ਕੀਤਾ ਜਾਵੇ। ਭਾਵੇਂ ਵੈਦ ਜੀ ਭੀ ਇਨ੍ਹਾਂ ਬਾਬਿਆਂ ਦੇ ਫੈਸਲੇ ਨੂੰ ਅਨੁਚਿਤ ਤੇ ਅਯੋਗ ਖਿਆਲ ਕਰਦੇ ਸਨ। ਜੈਹਾ ਕਿ ਆਪ ਕ੍ਰਿਪਾਨ ਮੋਰਚੇ ਦੀ ਰਿਹਾਈ ਪਿਛੋਂ ਆਪਣੇ ਇਕ ਅਜ਼ੀਜ਼ ਵਲ ੧੩-੧-੩੬ ਨੂੰ ਸਾਲਸੀ ਫੈਸਲੇ ਬਾਰੇ ਇਸਤਰ੍ਹਾਂ ਦੋ ਸੂਤਰਾਂ ਲਿਖਦੇ ਹਨ:-

*"ਚੋਣਾਂ ਬਾਬਤ ਸਾਲਸਾਂ ਨੇ ਵਿਸਾਹ ਤੇ ਵਿਸ਼੍ਵਾਸਘਾਤ ਕੀਤਾ ਹੈ ਪਰ ਕੌਮ ਭਲਾਈ ਏਕਤਾ ਵਿਚ ਹੀ ਹੈ।"*

ਪਰ ਜੱਥੇ ਬੰਦੀ ਨੂੰ ਮੁਖ ਰੱਖ ਕੇ ਉਹ ਇਸ ਦੇ ਵਿਰੁਧ ਹੋ ਕੇ ਕੰਮ ਕਰਨਾ ਤੇ ਪੰਥਕ ਜੱਥੇ ਬੰਦੀ ਨੂੰ ਸਟ ਨਾ ਸਨ ਮਾਰਨਾ ਚਾਹੁੰਦੇ, ਸਗੋਂ ਡਿਸਿਪਲਨ ਦੇ ਪਾਬੰਦ ਹੁੰਦਿਆਂ ਉਹ ਇਸ ਫੈਸਲੇ ਦੇ ਵਿਰੁਧ ਹੋ ਕੇ ਖੁਦ-



Digitized by Panjab Digital Library | www.panjabdigilib.org

ਗਰਜ਼ੀ ਲਈ ਆਪਣੇ ਆਪ ਨੂੰ ਅੱਗੇ ਲਿਆਉਣ ਵਾਲੇ ਤੇ ਉਨ੍ਹਾਂ ਦੇ ਮਦਦਗਾਰਾਂ ਨੂੰ ਅੱਛੀ ਨਿਗਾਹ ਨਾਲ ਨਾ ਸਨ ਵੇਖਦੇ। ਇਸੇ ਸਿਲਸਿਲੇ ਵਿਚ ਹੀ ੧੪ ਜਨਵਰੀ ਨੂੰ ਸ੍ਰ: ......... ਸਿੰਘ ਜੀ ਬੀ. ਏ. ਤੇ ਸ੍ਰ: ......... ਸਿੰਘ ਜੀ ਪ੍ਰਧਾਨ ਆਪ ਪਾਸ ਆਏ ਤੇ ਆਪਣੇ ਹੱਕ ਵਿਚ ਬਾਬਿਆਂ ਦੇ ਫੈਸਲੇ ਵਿਰੁਧ ਮਦਦ ਚਾਹੀ। ਸਗੋਂ ਵੈਦ ਜੀ ਨੂੰ ਇਥੋਂ ਤਕ ਭੀ ਜ਼ੋਰ ਦਿੱਤਾ ਕਿ ਵੈਦ ਜੀ ਨੂੰ ਇਸ ਚੋਣ ਵਿਚ ਖੜੇ ਹੋਣ ਲਈ ਪ੍ਰੇਰਿਆ, ਪਰ ਵੈਦ ਜੀ ਇਨ੍ਹਾਂ ਦੋਹਾਂ ਸਜਣਾਂ ਨੂੰ ਖੁਲ੍ਹੇ ਤੇ ਸਪਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਜਵਾਬ ਦਿਤਾ:—

"ਭਾਵੇਂ ਬਾਬਿਆਂ ਦਾ ਫੈਸਲਾ ਅਯੋਗ ਹੈ ਪਰ ਮੈਂ ਉਸਦੀ ਵਿਰੋਧਤਾ ਨਹੀਂ ਕਰਾਂਗਾ।"

ਇਸਨੂੰ ਆਖਦੇ ਹਨ ਜਥੇਬੰਦੀ ਤੇ ਡਿਸਿਪਲਨ ਦੀ ਲੜੀ ਵਿਚ ਪਰੋਤੇ ਰਹਿਣ ਦਾ ਜੀਵਨ।

ਹਾ! ਖੁਦਗਰਜ਼ੀਏ ਤੇਰਾ ਸਤਿਆਨਾਸ! ਜਿਸ ਸਿਖ ਕੌਮ ਦੇ ਸੇਵਕਾਂ ਨੂੰ ਨਵਾਬੀ ਮਿਲਦੀ ਸੀ ਪਰ ਉਹ ਅਗੋਂ ਇਨਕਾਰ ਕਰਦੇ ਸਨ। ਜਿਸ ਕੌਮ ਦੇ ਸਚੇ ਸੇਵਕਾਂ ਨੇ ਦਿੱਲੀ ਜੇਹੇ ਤਖਤ ਉਤੇ ਕਬਜ਼ਾ ਕਰਕੇ ਛਡ ਦਿਤਾ, ਅਜ ਉਸੇ ਪੰਥ ਦੇ ਬੰਦੇ ਨਿਗੂਣੀਆਂ ਮੈਂਬਰੀਆਂ ਲਈ ਭਖ ਅਭਖ ਖਾਂਦੇ ਤੇ ਯੋਗ ਅਯੋਗ ਢੰਗਾਂ ਦੁਆਰਾ ਕੋਸ਼ਸ਼ਾਂ ਪਏ ਕਰ ਰਹੇ ਹਨ। ਸਮੇਂ ਦੇ ਰੰਗ!

ਉਪਰ ਬਿਆਨ ਕੀਤੀ ਘਟਨਾਂ ਤੋਂ ਬਾਦ ੧੭ ਜਨਵਰੀ ਨੂੰ ਫੇਰ ਸ:......ਸਿੰਘ ਸ:.........ਸਿੰਘ ਤੇ......ਸਿੰਘ ਜੀ ਆਦਿ ਅਮ੍ਰਿਤਸਰੋਂ ਵੈਦਰਾਜ ਜੀ ਪਾਸ ਆਏ ਤੇ ਬਾਬਿਆਂ ਦੇ ਫੈਸਲੇ ਵਿਰੁਧ ਆਪਣੇ ਹਕ ਵਿਚ ਗੁਰ-ਦੁਆਰਾ ਅਲੈਕਸ਼ਨ ਵਿਚ ਮਦਦ ਮੰਗੀ। ਵੈਦਰਾਜ ਜੀ ਨੇ ਫੇਰ ਉਹੀ ਉਤ੍ਰ ਦਿਤਾ ਕਿ:—

"ਮੈਂ ਬਾਬਿਆਂ ਦੇ ਫੈਸਲੇ ਵਿਰੁਧ ਨਹੀਂ ਹੋਵਾਂਗਾ।"

੨੧ ਜਨਵਰੀ ਨੂੰ ਬਾਦਸ਼ਾਹ ਜਾਰਜ ਪੰਚਮ ਕਾਲ ਵਸ ਹੋਏ।



Digitized by Panjab Digital Library | www.panjabdigilib.org

੨੬ ਜਨਵਰੀ ਨੂੰ ਆਪ ਗੁਰੂ ਨਾਨਕ ਵਿਦਿਆ ਭੰਡਾਰ ਟਰਸਟ ਦੀ ਕਮੇਟੀ ਵਿਚ ਅਮ੍ਰਿਤਸਰ ਗਏ।

੧੦ ਫਰਵਰੀ ਨੂੰ ਸ੍ਰੀ ਹਜ਼ੂਰ ਸਾਹਿਬ ਦੇ ਹੈਡ ਗ੍ਰੰਥੀ ਨਿਹੰਗ ਭਾਈ ਹਜ਼ੂਰਾ ਸਿੰਘ ਜੀ ਆਏ ਨਾਲ ਤਿੰਨ ਹੋਰ ਗੁਰਮੁਖ ਸਾਥੀ ਸਨ। ਪ੍ਰੇਮ ਸਹਿਤ ਸੇਵਾ ਕੀਤੀ।

੨੯ ਫਰਵਰੀ ਪੰਡਤ ਜਵਾਹਰ ਲਾਲ ਜੀ ਨਹਿਰੂ ਦੀ ਇਸਤ੍ਰੀ ਸ੍ਰੀ ਮਤੀ ਕਮਲਾ ਨਹਿਰੂ ਦੇ ਬੈਕੁੰਠ ਪਧਾਰਨ ਹਿਤ ਹੜਤਾਲ ਰਹੀ ਤੇ ਸਾਰੇ ਸ਼ਹਿਰ ਵਿਚ ਮਹਾਨ ਸ਼ੋਕ ਮਨਾਇਆ ਗਿਆ।

੨ ਮਾਰਚ ਨੂੰ ਸ: ਨਰੈਣ ਸਿੰਘ ਜੀ ਬੈਰਿਸਟਰ* ਅਮ੍ਰਿਤਸਰੋਂ ਆਏ ਦਵਾਈਆਂ ਲੈ ਗਏ।

ਇਸੇ ਦਿਨ ਹੀ ਆਪ ਨੇ 'ਗੁਰਸੇਵਕ' ਅਖਬਾਰ ਦੇ ਹੋਲਾ ਨੰਬਰ ਵਾਸਤੇ ਦੋ ਕਵਿਤਾਵਾਂ ਭੇਜੀਆਂ।

੯ ਮਾਰਚ ਦਾ ਨੋਟ ਹੈ ਕਿ—

"ਬਹੁਤ ਸਾਰੇ ਲੇਖ ਤੇ ਖਰੜੇ ਸ: ਅਰਜਨ ਸਿੰਘ ਗੜਗੱਜ ਅਕਾਲੀ ਪਤ੍ਰਕਾ ਵਿਚ ਪ੍ਰਕਾਸ਼ਤ ਕਰਨ ਲਈ ਲੈ ਗਿਆ।"

ਇਸੇ ਤਰਾਂ ੧੮ ਮਾਰਚ ਨੂੰ ਸ੍ਰ: ਪ੍ਰੇਮ ਸਿੰਘ ਜੀ ਮਿੰਟਗੁਮਰੀ ਤੋਂ 'ਵਿਹਾਰ ਸੁਧਾਰ' ਰਸਾਲੇ ਲਈ ਕੁਝ ਖਰੜੇ ਤੇ ਫੁਟਕਲ ਲੇਖ ਲੈ ਗਏ।

---

*"ਸ੍ਰ: ਨਰੈਣ ਸਿੰਘ ਜੀ ਬੈਰਿਸਟਰ ਭੀ ਸ਼੍ਰੋਮਣੀ ਕਮੇਟੀ ਦੇ ਪਹਿਲੇ ਜੱਥੇ ਵਿਚ ਗ੍ਰਿਫਤਾਰ ਹੋਏ ਸਨ। ਤੇ ੧੯੨੪ ਵਿਚ ਵੈਦ ਜੀ ਨਾਲ ਕੁਝ ਮਹੀਨੇ ਅੰਮ੍ਰਿਤਸਰ ਜੇਲ੍ਹ ਵਿਚ ਇਕੱਠੇ ਰਹਿਣ ਦਾ ਸਮਾਂ ਮਿਲਿਆ। ਸ੍ਰ: ਨਰੈਣ ਸਿੰਘ ਜੀ ਦੇ ਪੇਟ ਵਿਚ ਦਰਦ ਰਹਿੰਦੀ ਸੀ। ਉਨ੍ਹਾਂ ਕਈ ਡਾਕਟਰਾਂ ਨੂੰ ਦਿਖਾਇਆ ਪਰ ਅਰਾਮ ਨਾ ਆਉਣ ਤੇ ਸਭ ਨੇ ਇਹ ਸਲਾਹ ਦਿਤੀ ਸੀ ਕਿ ਪੇਟ ਦਾ ਉਪ੍ਰੇਸ਼ਨ ਕਰਵਾਓ। ਜੇਹਲ ਵਿਚ ਵੀ ਦਰਦ ਹੋਈ ਤਾਂ ਵੈਦ ਜੀ ਨੇ ਇਹਨਾਂ ਨੂੰ "ਅਦਭੁਤ ਉਦਰ ਭਾਸਕਰ ਚੂਰਨ" ਦਿੱਤਾ ਜਿਸ ਦੇ ਵਰਤਨ ਨਾਲ ੧੯੨੪ ਤੋਂ ਬਾਹਦ ਅਜ ਤੱਕ ਕਦੇ ਦਰਦ ਨਹੀਂ ਹੋਈ ਅਤੇ ਆਪ ਅੱਜ ਤੱਕ ਇਹ ਚੂਰਨ ਵਰਤ ਰਹੇ ਹਨ।"



Digitized by Panjab Digital Library | www.panjabdigilib.org

੧੫ ਮਾਰਚ ਨੂੰ ਆਪ ਨੇ ੧੦੪ ਪੁਸਤਕਾਂ ਸ੍ਵਤੰਤ੍ਰਾਨੰਦ ਪੁਸਤਕਾਲਜ਼ਾ ਹੀਰਾ ਮਾਰਕੀਟ ਅਮ੍ਰਿਤਸਰ ਵਾਸਤੇ ਦਾਨ ਵਜੋਂ ਭੇਜੀਆਂ।

ਇਨ੍ਹੀ ਦਿਨੀ ਹੀ 'ਸਰਬ ਹਿੰਦ ਸ੍ਰੋਮਣੀ ਸਿਖ ਮਿਸ਼ਨਰੀ ਕਾਨਫ੍ਰੰਸ' ਅਮ੍ਰਿਤਸਰ ਵਿਚ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਸੇ ਸਿਲਸਿਲੇ ਵਿਚ ੩ ਅਪ੍ਰੈਲ ਨੂੰ ਜਥੇਦਾਰ ਅਕਾਲ ਤਖਤ ਸ੍ਰ: ਮੋਹਨ ਸਿੰਘ ਜੀ ਤੇ ਸ੍ਰ: ਈਸ਼ਰ ਸਿੰਘ ਜੀ ਮਝੈਲ ਆਦਿਕ ਚੰਦਾ ਇਕਠਾ ਕਰਨ ਵਾਸਤੇ ਵੈਦ ਜੀ ਪਾਸ ਆਏ। ਆਪ ਨੇ ਤਿੰਨ ਕੁ ਘੰਟੇ ਨਾਲ ਫਿਰ ਕੇ ਉਗ੍ਰਾਹੀ ਕਰਵਾਈ ਤੇ ੧੦) ਆਪਣੇ ਪਾਸੋਂ ਦਿਤੇ।

੫ ਅਪ੍ਰੈਲ ਨੂੰ ਸ੍ਰ: ਜਗਤ ਸਿੰਘ ਜੀ ਐਮ. ਐਲ. ਏ. ਪਸ਼ਾਵਰ ਪ੍ਰਵਾਰ ਸਣੇ ਆਏ। ਗੁਣਾ ਦਾ ਗੁਥਲਾ, ਕੁਟੰਬ ਚਕਿਤਸਾ, ਚਕਿਤਸਾ-ਰਤਨ, ਸਿੱਧ ਔਖਧੀ ਭੰਡਾਰ, ਦੰਪਤੀ ਪਜਾਰ, ਨਾਰੀ ਸਿਖਜ਼ਾ ਤੇ ਸਹੁਰਾ-ਘਰ ਆਦਿਕ ਪੁਸਤਕਾਂ ਪ੍ਰੇਮ ਭੇਟ ਕੀਤੀਆਂ ਤੇ ਨਾਲ ਹੀ ਦ੍ਰਿਗ ਅੰਮ੍ਰਤ ਅੰਞਨ, ਅਦਭੁਤ ਉਦਰ ਭਾਸਕਰ ਚੂਰਨ, ਪਾਚਨ ਬਟੀ ਤੇ ਕਬਜ਼ ਕੁਸ਼ਾ ਗੋਲੀਆਂ ਆਦਿਕ ਲੈ ਗਏ।

੧੧ ਅਪ੍ਰੈਲ ਨੂੰ ਮਿ: ਜ਼ਹੀਰ ਸਬ ਜਜ ਤਰਨ ਤਾਰਨ ਨੂੰ ਦੀਵਾਨ ਨਾਨਕ ਸ਼ਾਹ ਤੇ ਜਪੁ ਸਟੀਕ ਅੰਗ੍ਰੇਜ਼ੀ ਭੇਜੀਆਂ। ਇਸੇ ਤਰਾਂ ੨੦ ਨੂੰ ਬੇਦੀ ਗੰਡਾ ਸਿੰਘ ਜੀ ਜਜ ਦੇ ਦੋ ਜਪੁ ਸਟੀਕ ਉਰਦੂ ਭੇਜੇ ਤੇ ੨੫ ਅਪ੍ਰੈਲ ਨੂੰ ਥਾਨੇਦਾਰ ਨੂੰ Temple of Spirituality* ਟੈਂਪਲ ਆਫ ਸਪਿਰਚੂਐਲਟੀ

---

*Temple of Spirituality:—ਵੈਦ ਜੀ ਦੇ ਸਪੁੱਤ੍ਰ ਸ੍ਰ: ਜਗਜੀਤ ਸਿੰਘ ਜੀ ਨੇ ਦਸਵੀਂ ਜਮਾਤ ਪਾਸ ਕਰਨ ਪਿਛੋਂ ਅੰਗ੍ਰੇਜ਼ੀ ਵਿਚ ਇਹ ਲੇਖ ਲਿਖਿਆ ਸੀ ਜਿਸਤੇ ਮੈਕਾਲਿਫ ਮੈਮੋਰੀਅਲ ਖਾਲਸਾ ਕਾਲਜ ਅੰਮ੍ਰਿਤਸਰ ਵਲੋਂ ਇਸਨੂੰ ਸਭ ਤੋਂ ਵਧੀਆ ਲੇਖ ਸਮਝ ੧੦੦) ਦਾ ਗੋਲਡ ਮੈਡਲ ਇਨਾਮ ਦਿਤਾ। ਮੈਡੀਕਲ ਕਾਲਜ ਦੀ ਸਖਤ ਪੜ੍ਹਾਈ ਕਰਦੇ ਹੋਏ ਭੀ ਆਪ ਨੇ ਇਸਨੂੰ ਸੋਧ, ਦੁਬਾਰਾ ਲਿਖਿਆ ਜੋ ਸਿ: ਰਿ: ਟ੍ਰੈ: ਸੁ: ਤਰਨ ਤਾਰਨ ਵਲੋਂ ੧੯੩੫ ਵਿਚ ਪ੍ਰਕਾਸ਼ਤ ਹੋਈ। ਹਿੰਦੁਸਤਾਨ ਭਰ ਦੀਆਂ ਮਸ਼ਹੂਰ ਅਖਬਾਰਾਂ ਨੇ ਇਸ ਦੀ ਸ਼ਲਾਘਾ ਵਿਚ ਰੀਵੀਊ



Digitized by Panjab Digital Library | www.panjabdigilib.org

ਅੰਗ੍ਰੇਜ਼ੀ ਤੇ ਜਪੁਜੀ ਸਾਹਿਬ ਆਦਿ ਪੁਸਤਕਾਂ ਪ੍ਰਚਾਰ ਹਿਤ ਭੇਜੀਆਂ ।

ਪ ਮਈ ਨੂੰ ਆਪ ਆਪਣੇ ਸਾਹਿਬਜ਼ਾਦੇ ਸ੍ਰ: ਅਰਦਮਨ ਸਿੰਘ ਨਾਲ ਹਰਦੁਆਰ ਵਗੈਰਾ ਦੀ ਸੈਰ ਲਈ ਗਏ ਅਤੇ ੧੭ ਤਰੀਕ ਇਸੇ ਮਹੀਨੇ ਨੂੰ ਮੁੜ ਵਾਪਸ ਤਰਨ ਤਾਰਨ ਪਹੁੰਚੇ ।

੨੪ ਮਈ—ਸ੍ਰ: ਹਰਬੰਸ ਸਿੰਘ ਜੀ ਰਈਸ ਅਟਾਰੀ ਕਸ਼ਮੀਰ ਪ੍ਰਚਾਰ ਹਿਤ ਗਏ ਉਥੇ ਹੀ ਚਲਾਣਾ ਕਰ ਗਏ ।

੨੫ ਮਈ ਸ਼ਹੀਦ ਗੰਜ ਤੇ ਕਬਰ ਕਾਕੂ ਸ਼ਾਹ ਲਾਹੌਰ ਦਾ ਫੈਸਲਾ ਸਿਖਾਂ ਦੇ ਹਕ ਵਿਚ ਹੋਇਆ । ਸੁਣਕੇ ਆਪ ਦਾ ਡਾਇਰੀ ਨੋਟ ਹੈ:—

"ਵਾਹਿਗੁਰੂ ਦਾ ਸ਼ੁਕਰ ਕੀਤਾ ।"

੨੯ ਮਈ—"ਮਿਉਨਸਪਲ ਕਮੇਟੀ ਵਿਚ ੩ ਤੋਂ ੪ ਤਕ ਸਮਾਂ ਲੱਗਾ । ੪॥ ਸ਼ਾਮ ਦੀ ਗੱਡੀ ਮਸੂਰੀ ਵਾਸਤੇ ਰਵਾਨਾ ਹੋਏ, ਨਾਲ ਅਰਦਮਨ ਸਿੰਘ ਸੁਖਬੀਰ ਸਿੰਘ ਤੇ ਹਰਚਰਨ ਸਿੰਘ ।"

੩੧ ਮਈ—ਸ੍ਰੀ ਮਾਨ ਪੰਡਤ ਜਵਾਹਰ ਲਾਲ ਜੀ ਦੇ ਦਰਸ਼ਨ ਤਰਨ ਤਾਰਨ ਹੋਏ ।

ਪੰਡਤ ਜੀ ਹਥੀਂ ਸ੍ਰੀ ਗੁਰੂ ਅਰਜਨ ਦੇਵ ਲਾਇਬਰੇਰੀ ਦੇ ਖੋਲ੍ਹਣ ਦੀ ਰਸਮ ਅਦਾ ਹੋਈ ।

੩੧ ਜਿਲਦਾਂ ਪੁਸਤਕ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੇ ਗੁਰਦਵਾਰਾ

---

ਕੀਤੇ । ਸਿਖ ਤੇ ਹੋਰ ਮਤਾਂ ਦੇ ਵਿਦਵਾਨਾਂ ਭੀ ਇਸਦੀ ਬਹੁਤ ਉਪਮਾਂ ਕੀਤੀ ਤੇ ਇਹ ਕਿਤਾਬ ਛੇਤੀ ਹੀ ਖਤਮ ਹੋ ਗਈ । ਹੁਣ ਦੂਸਰੀ ਐਡੀਸ਼ਨ ਛਪਣ ਵਾਲੀ ਹੈ । ਇਸ ਸੰਬੰਧੀ ਪ੍ਰੋ: ਤੇਜਾ ਸਿੰਘ ਜੀ ਐਮ. ਏ. (ਖਾਲਸਾ ਕਾਲਜ) ਲਿਖਦੇ ਹਨ ਕਿ "ਇਹ ਪੁਸਤਕ ਅਤਯੰਤ ਖੋਜ ਤੇ ਮਿਹਨਤ ਦਾ ਸਿੱਟਾ ਪ੍ਰਤੀਤ ਹੁੰਦੀ ਹੈ ਅਤੇ ਅਗੇ ਆਉਣ ਵਾਲੇ ਸਮੇਂ ਵਿਚ ਭੀ ਕਾਫੀ ਚਿਰ ਵਾਸਤੇ ਇਸ ਪਵਿਤ੍ਰ ਅਸਥਾਨ ਦਾ ਪੂਰਾ ਇਤਿਹਾਸ ਰਹੇਗੀ ।"

ਇਸਦੀਆਂ ੧੦੦ ਜਿਲਦਾਂ ਵੈਦ ਜੀ ਨੇ ਖ੍ਰੀਦ ਪ੍ਰਚਾਰ ਹਿਤ ਵਡੇ ੨ ਲੀਡਰਾਂ ਤੇ ਹੋਰ ਯੋਗ ਸਜਣਾਂ ਨੂੰ ਭੇਜੀਆਂ ਤੇ ਦਿਤੀਆਂ ।



Digitized by Panjab Digital Library | www.panjabdigilib.org

ਲਾਇਬ੍ਰੇਰੀ ਵਾਸਤੇ ਡਾਕਟਰ ਆਤਮਾ ਸਿੰਘ ਜੀ ਹਥੀਂ ਭੇਟਾ ਕੀਤੇ।

੩ ਜੂਨ—ਸ਼ਾਮ ਨੂੰ ਮਾਸਟਰ ਮੋਤਾ ਸਿੰਘ ਜੀ* ਆਏ।

੯ ਜੂਨ—ਮਸੂਰੀ ਤੋਂ ਦੇਹਰਾਦੂਨ ਹੋ ਹਰਦਵਾਰ ਪਹੁੰਚੇ।

੧੦ ਜੂਨ—ਆਪ ਹਰਦਵਾਰ, ਕਨਖਲ, ਨਿਰਮਲ ਕੁਟੀਆ ਪੁਸਤਕ ਭੇਟ ਕੀਤੇ। ਨਿਰਮਲ ਬਾਗ ਅਰਾਮ ਕੀਤਾ। ਗਰਮੀ ਬਹੁਤ

੧੫ ਜੂਨ—ਮਸੂਰੀ, ਹਰਦਵਾਰ, ਕਨਖਲ ਵ: ਦੀ ਯਾਤ੍ਰਾ ਕਰ ਵਾਪਸ ਤਰਨ ਤਾਰਨ ਪਹੁੰਚੇ, ਵਾਹਿਗੁਰੂ ਦਾ ਸ਼ੁਕਰ ਕੀਤਾ।

੨੭ ਜੂਨ—ਹਰਦਵਾਰ, ਕਨਖਲ ਮਹੰਤ ਬੁਢਾ ਸਿੰਘ ਜੀ ਵਾਸਤੇ ੫੦ ਨਿੰਦਤ ਭ੍ਰਿਸ਼ਟਾਚਾਰ ੧ ਇਲਮ ਖਯਾਲ ਤੇ ਪੰਡਤ ਹਰਦੇਵ ਸਿੰਘ ਜੀ ਵਾਸਤੇ ੧ ਗੁਰਸਿਖ ਵਾੜੀ, ੧ ਸਾਖੀ ਪ੍ਰਮਾਣ ਭੇਜੀਆਂ।

---

ਜੂਨ ਮਹੀਨਾ ਖਤਮ ਹੋਇਆ ੧੯੩੬ ਦਾ ਸਾਲ ਅੱਧ ਵਿਚੋਂ ਟਪ ਗਿਆ, ਗੋਯਾ ਜਵਾਨ ਹੋ ਕੇ ਹੁਣ ਬੁੜ੍ਹਾਪੇ ਵਿਚ ਪੈਰ ਧਰਨ ਲੱਗਾ। ਗਰਮੀ ਦਾ ਜ਼ੋਰ ਸੀ। ਸਾਲ ਦੀ ਜਵਾਨੀ ਦੇ ਨਾਲ ਹੀ ਸਾਡੇ ਵੈਦਰਾਜ ਜੀ ਦੇ ਕੰਮ ਦੀ ਬਹੁਲਤਾ ਤੇ ਸਰੀਰ ਵਲੋਂ ਲਾ ਪ੍ਰਵਾਹੀ ਕਾਰਨ ਕਮਜ਼ੋਰੀ ਹੋਈ ਤੇ ਅਨੁਭਵ ਕੀਤਾ ਕਿ ਜੀਵਣ ਰੌ ਬਦਲ ਰਹੀ ਹੈ, ਪਰ ਆਪ ਆਪਣੇ ਪਰ-ਉਪਕਾਰ ਵਿਚ ਮਗਨ ਸਰੀਰ ਵਲੋਂ ਬੇਪ੍ਰਵਾਹ ਜੀਵਣ ਬੇੜੇ ਨੂੰ ਪਰਉਪਕਾਰ ਦੇ ਪੂਰਾਂ ਨਾਲ ਭਰ ਭਰ ਖਿਚੀ ਜਾ ਰਹੇ ਸਨ। ਸੋ ਕੰਮ ਤੇ ਸੇਵਾ ਆਦਿ ਦੀ

---

*ਮਾਸਟਰ ਮੋਤਾ ਸਿੰਘ ਜੀ ਅਕਾਲੀ:—ਜਨਮ ਸੰਮਤ ੧੯੪੬ ਹੋਲੇ ਮਹੱਲੇ ਦੀ ਰਾਤ ਆਪ ਬੀ. ਏ. ਗਿਆਨੀ, ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦੇ ਵੀ ਵਿਦਵਾਨ ਹਨ। ਗੁਰਦਵਾਰਾ ਸੁਧਾਰ ਲਹਿਰ ਦੇ ਸਭ ਤੋਂ ਪਹਿਲੇ ਤੇ ਵਡੇ ਮੋਢੀਆਂ ਵਿਚੋਂ ਹਨ। ਸਿਖ ਕੌਮ ਵਿਚ ਸੁਤੰਤਰਤਾ ਦੀ ਸਪਿਰਿਟ ਪੈਦਾ ਕਰਨੀ ਆਪ ਜੇਹਿਆਂ ਸ਼ੇਰ ਦਿਲਾਂ ਦੀ ਹਿੰਮਤ ਹੈ, ਆਪ ਬੇ ਖੌਫ ਸ਼ੇਰ ਦੀ ਤਰਾਂ ਗਰਜਦੇ ਹਨ ਤੇ ਸਰਕਾਰ ਸ਼ਿਕਾਰੀਆਂ ਵਾਂਗ ਆਪ ਦੇ ਮਗਰ ਹੀ ਰਹਿੰਦੀ ਹੈ। ਆਪ ਦੀਆਂ ਕੁਰਬਾਨੀਆਂ ਬੇ ਨਜ਼ੀਰ ਹਨ।



Digitized by Panjab Digital Library | www.panjabdigilib.org

ਵਧੀਕੀ ਨੇ ਸਰੀਰ ਨੂੰ ਕਮਜ਼ੋਰੀ ਵਲ ਧਕੇਲਣਾ ਸ਼ੁਰੂ ਕੀਤਾ।

੫ ਜੁਲਾਈ—"ਸ੍ਰ: ਹਰਬੰਸ ਸਿੰਘ ਮਿਸ਼ਨ* ਲਈ ੧੦੦) ਚੀਫ ਖਾਲਸਾ ਦੀਵਾਨ ਨੂੰ ਭੇਜਯਾ।"

੨੬ ਜੁਲਾਈ—ਸਵੇਰੇ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅੰਮ੍ਰਿਤਸਰੋਂ ਆਏ ਗਏ ਦਰਸ਼ਨ ਹੋਏ।

੨ ਅਗਸਤ—'ਅੰਮ੍ਰਿਤਸਰੋਂ ਦਫਤ੍ਰੀ...ਆਯਾ,......ਡਾਇਰੈਕਟਰੀ, ਧਰਮ ਕੇ ਨਾਮ ਪਤ੍ਰ, ਹਮਾਰੇ ਰਾਸ਼ਟਰ ਪਤਿ, ਤਿੰਨ ਪੁਸਤਕ ਸ੍ਰੀ ਮਾਨ ਭਾ: ਸਾ: ਸ੍ਰ: ਵੀਰ ਸਿੰਘ ਜੀ ਨੂੰ ਪੜ੍ਹਨ ਵਾਸਤੇ ਭੇਜੀਆਂ।

੨੧ ਅਗਸਤ—੨ ਬਜੇ ਤੋਂ ੬॥ ਤਕ ਡਾਕ ਬੰਗਲੇ ਅਫਸਰ ਮਾਲ ਦੇ ਅਸੈਂਬਲੀ ਦੇ ਸਿੱਖ ਵੋਟਰਾਂ ਦੀ ਤਸਦੀਕ ਵਾਸਤੇ ਸਮਾਂ ਲਗਾ।

੬ ਸਤੰਬਰ ਨੂੰ ਆਪ ਦੀ ਛੋਟੀ ਸਪੁਤ੍ਰੀ ਜੋ ਤਿੰਨ ਦਿਨ ਤੋਂ ਏਥੇ ਕੇਵਲ ਮਿਲਣ ਲਈ ਹੀ ਆਏ ਸਨ, ਵਿਲਾਇਤ ਨੂੰ ਡੋਮੈਸਟਿਕ ਸਾਇੰਸ ਦੀ ਵਿਦਜਾ ਪ੍ਰਾਪਤ ਕਰਨ ਲਈ ਵਿਦਾ ਹੋਏ।

੭ ਸਤੰਬਰ ਨੂੰ ਆਪ ਸਪੁਤ੍ਰ ਡਾਕਟਰ ਜਗਜੀਤ ਸਿੰਘ ਤੇ ਸਿੰਘਣੀ ਨਾਲ ਹਰਦਵਾਰ ਨੂੰ ਹਵਾ ਬਦਲੀ ਲਈ ਤੁਰ ਪਏ।

੮ ਸਤੰਬਰ ਸਵੇਰੇ ੬ ਬਜੇ ਹਰਦਵਾਰ ਪਹੁੰਚ 'ਸਤਿਗੁਰ ਨਾਨਕ ਆਸ਼ਰਮ' ਵਿਚ ਡੇਰਾ ਕੀਤਾ। ਆਪ ਲਿਖਦੇ ਹਨ:—

"ਸਰੀਰ ਬਹੁਤ ਅਛਾ ਰਿਹਾ ਵਾਹਿਗੁਰੂ ਦਾ ਸ਼ੁਕਰ ਕੀਤਾ।"

ਇਨ੍ਹੀ ਦਿਨੀ ਆਪ ਨਿੱਤ ਨੇਮ ਪਾਠ ਕਰ ਚੁਕਣ ਪਿਛੋਂ ਕਿੰਨਾ ੨ ਚਿਰ ਵਾਹਿਗੁਰੂ ਦੀ ਯਾਦ ਵਿਚ ਸਮਾਧੀ ਸਥਿਤ ਰਹਿੰਦੇ ਸਨ।

---

*ਸ੍ਰ: ਹਰਬੰਸ ਸਿੰਘ ਜੀ ਰਈਸ ਅਟਾਰੀ ਕਸ਼ਮੀਰ ਵਿਚ ਗੁਰਸਿਖੀ ਪ੍ਰਚਾਰ ਲਈ ਗਏ ਹੋਏ ਓਧਰੇ ਹੀ ੨੪ ਮਈ ੧੯੩੬ ਨੂੰ ਗੁਰਪੁਰੀ ਸਿਧਾਰ ਗਏ। ਸਿਖੀ ਪ੍ਰਚਾਰ ਹਿਤ ਆਪ ਦੇ ਸੱਜਣਾਂ ਮਿਤਰਾਂ ਤੇ ਪ੍ਰੇਮੀਆਂ ਵਲੋਂ ਆਪ ਦੀ ਯਾਦ ਵਿਚ ਆਪ ਦੇ ਨਾਮ ਉਤੇ ਹੀ ਉਪਰੋਕਤ ਨਾਮ ਦਾ ਮਿਸ਼ਨ (ਚੀਫ ਖਾਲਸਾ ਦੀਵਾਨ ਦੀ ਛਤਰ ਛਾਇਆ) ੩੦ ਜੂਨ ੧੯੩੬ ਨੂੰ ਜਾਰੀ ਕੀਤਾ ਗਿਆ। ਜਿਸ ਦੇ ਪੱਕੇ ਮੈਂਬਰਾਂ ਦਾ ਚੰਦਾ ਇਕੇ ਵਾਰ ੧੦੦) ਤੇ ਸਲਾਨਾ ਮੈਂਬਰਾਂ ਦਾ ੩) ਸਾਲ ਹੈ।



Digitized by Panjab Digital Library | www.panjabdigilib.org

੧੨ ਸਤੰਬਰ ਨੂੰ ਆਪ ਨੇ ਪੰਡਤ ਹਰਦੇਵ ਸਿੰਘ ਜੀ ਨੂੰ ਇਕ ਬੀੜ ਹਿੰਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੇ ਇਕ ਪੁਸਤਕ 'ਗੁਰੂ ਨਾਨਕ ਚਮਤਕਾਰ' ਅਰਪਣ ਕੀਤੇ।

ਕੁਕਰਮੀ ਵਿਕਾਰੀ ਬੰਦੇ ਦੁਖ ਕਸ਼ਟ ਸਮੇਂ ਕੂਕਦੇ, ਘਬਰਾਉਂਦੇ ਤੇ ਹਾਇ ਹਾਇ ਕਰਦੇ ਸਵਾਰਥ ਲੀਨ ਹੋ ਭਟਕਦੇ ਫਿਰਦੇ ਹਨ। ਪਰ ਸੁਧਰਮੀ ਗੁਰਮੁਖ ਸਾਧੂ ਸੰਤ ਅਜੇਹੇ ਸਮੀਂ ਪਰਮਾਤਮ ਧਿਆਨ ਲੀਨ ਆਪੇ ਵਿਚ ਮਗਨ ਹੁੰਦੇ, ਸਤ ਸੰਗ ਰਸ ਮਾਣਦੇ ਤੇ ਪਰਉਪਕਾਰ ਵਿਚ ਹੀ ਜੁੱਟੇ ਰਹਿੰਦੇ ਹਨ। ਧੰਨ ਹਨ ਅਜੇਹੇ ਮਹਾਤਮਾਂ।

੨੪ ਸਤੰਬਰ ਸਵੇਰ ਨੂੰ ਤਬੀਅਤ ਅਚਾਨਕ ਖਰਾਬ ਹੋ ਗਈ ਤੇ ਫੇਰ ਕੁਝ ਸੰਭਲੀ ਪਰ ਸਾਰਾ ਦਿਨ ਬੁਖਾਰ ੧੦੧ ਤੇ ੧੦੨ ਤਕ ਹੋ ਗਿਆ। ਇਸ ਦਿਨ ਸਵੇਰੇ ਹਾਲਤ ਵਿਗੜਨ ਕਰ ਕੇ ਆਪ ਦੇ ਸਪੁਤ੍ਰ ਡਾਕਟਰ ਜਗਜੀਤ ਸਿੰਘ ਨੇ ਤਰਨ ਤਾਰਨ ਆਪਣੇ ਵੱਡੇ ਭ੍ਰਾਤਾ ਸਰਦਾਰ ਤ੍ਰਿਲੋਕ ਸਿੰਘ ਜੀ ਨੂੰ ਤਾਰ ਰਾਹੀਂ ਖਬਰ ਦਿਤੀ ਤੇ ਹਰਦਵਾਰ ਪਹੁੰਚਣ ਲਈ ਕਿਹਾ।

੨੫ ਨੂੰ ਸ੍ਰ: ਤ੍ਰਿਲੋਕ ਸਿੰਘ,ਸ੍ਰ: ਸੁਖਬੀਰ ਸਿੰਘ ਦੋਵੇਂ ਭਾਈ ਤੇ ਵੈਦਰਾਜ ਜੀ ਦੇ ਵਡੇ ਭ੍ਰਾਤਾ ਸ੍ਰੀ ਮਾਨ ਭਾਈ ਗੁਲਾਬ ਸਿੰਘ ਜੀ ਹਰਦਵਾਰ ਪਹੁੰਚ ਗਏ। ਇਸ ਦਿਨ ਤਬੀਅਤ ਅਛੀ ਰਹੀ। ਹੁਣ ਵੈਦਰਾਜ ਜੀ ਦੇ ਹੁਕਮਾਨੁਸਾਰ ਸਭ ਨੇ ਵਾਪਸ ਤਰਨ ਤਾਰਨ ਮੁੜਨ ਦੀ ਸਲਾਹ ਕੀਤੀ ਤੇ ੨੬ ਸਤੰਬਰ ਰਾਤ ਨੂੰ ਹਰਦਵਾਰੋਂ ਤੁਰਕੇ ੨੭ ਸਵੇਰ ਨੂੰ ਪਹਿਲੀ ਗਡੀ ਤਰਨ ਤਾਰਨ ਪਹੁੰਚ ਗਏ।

ਇਨ੍ਹਾਂ ਅਗਲੇ ਦੋ ਚਾਰ ਦਿਨਾਂ ਵਿਚ ਆਪ ਨੇ ਕਈ ਜ਼ਰੂਰੀ ਕੰਮ ਕਰਵਾਏ। ਨੇੜੇ ਮਿਲਨ ਵਾਲਿਆਂ ਨੂੰ ਸੱਦ ਕੇ ਮਿਲੇ। ਦੂਰ ਦਿਆਂ ਨੂੰ ਚਿਠੀਆਂ ਲਿਖਵਾਈਆਂ ਆਦਿ। ਐਉਂ ਮਲੂਮ ਹੁੰਦਾ ਸੀ ਕਿ ਖੁਸ਼ੀ ਖੁਸ਼ੀ ਕ੍ਰਿਸੇ ਲੰਮੇ ਸਫਰ ਦੀ ਤਿਆਰੀ ਕਰ ਰਹੇ ਤੇ ਜ਼ਰੂਰੀ ਸੰਭਾਲ ਕਰ ਰਹੇ ਹਨ। ਤਬੀਅਤ ਬੜੀ ਸੁਹਣੀ ਖੜੀ ਰਹੀ।



Digitized by Panjab Digital Library | www.panjabdigilib.org

੨ ਅਕਤੂਬਰ ਨੂੰ ਆਪ ਨੇ ਮਜੂਨਸਪਲ ਕਮੇਟੀ ਤੋਂ ਅਸਤੀਫਾ ਡੀ. ਸੀ. ਤੇ ਪ੍ਰਧਾਨ ਕਮੇਟੀ ਨੂੰ ਭੇਜਿਆ।

੩ ਅਕਤੂਬਰ ਨੂੰ ਅੰਮ੍ਰਿਤ ਵੇਲੇ ਤਬੀਅਤ ਅਚਾਨਕ ਕੁਝ ਵਿਗੜ ਗਈ ਪਰ ਪਿਛੋਂ ਕੁਝ ਠੀਕ ਹੋ ਗਈ। ੯ ਵਜੇ ਆਪ ਨੇ ਉਰਦੂ ਵਿਚ ਦਰਖਾਸਤ ਲਿਖਵਾਈ ਇਕ ਡੀ. ਸੀ. ਨੂੰ, ਇਕ ਠਾਣੇਦਾਰ ਨੂੰ ਤੇ ਇਕ ਅਪਨੇ ਪਾਸ ਰਖਣ ਲਈ। ਤਿੰਨਾਂ ਤੇ ਦਸਖਤ ਕੀਤੇ ਤੇ ਇਕ ਸਜਣ ਹਥ ਅਪਣਾ ਰੀਵਾਲਵਰ ਠਾਣੇ ਭੇਜ ਦਿਤਾ ਤੇ ਡੀ. ਸੀ. ਨੂੰ ਚਿਠੀ ਭੇਜ ਦਿਤੀ।

ਹਰ ਸਮੇਂ ਘੜੀ ਵੇਖਦੇ ਰਹੇ, ਜਿਸਤਰ੍ਹਾਂ ਖਾਸ ਸਮੇਂ ਦੀ ਉਡੀਕ ਹੁੰਦੀ ਹੈ। ਇਉਂ ਜਾਪਦਾ ਸੀ ਕਿ ਠੀਕ ਸਮਾਂ ਜਾਚ ਰਹੇ ਹਨ। ਚਿਹਰੇ ਤੇ ਖੁਸ਼ੀ ਦੇ ਆਸਾਰ ਸਨ। ਬੁਲ੍ਹਾਂ ਤੇ ਮੁਸਕ੍ਰਾਹਟ ਸੀ। ਸਮੇਂ ਸਿਰ ਸਭ ਨੂੰ 'ਜਾਓ ਪ੍ਰਸ਼ਾਦ ਛਕੋ' ਆਖ ਕੇ ਤੋਰਦੇ ਰਹੇ। ਆਪ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਾਣ ਲਈ ਕਿਹਾ ਅਜੇ ਪਾਠ ਕਰਨ ਲਗੇ ਹੀ ਸਨ ਤਾਂ ਘੜੀ ਵੇਖ ਕੇ ਆਖਦੇ ਹਨ "ਅਛਾ ਠਹਿਰ ਜਾਓ, ਪੂਰੇ ਚਾਰ ਵਜੇ ਸੁਣਾਣਾ, ਕਿਸੇ ਨੂੰ ਕੀ ਪਤਾ ਕਿ ਆਪ ਕਿਸ ਲਹਿਰ ਵਿਚ, ਕਿਸ ਧੁਨੀ ਤੇ ਕਿਨ੍ਹਾਂ ਖਿਆਲਾਂ ਵਿਚ ਗੱਲਾਂ ਕਰ ਰਹੇ ਹਨ? ਜਿਉਂ ਜਿਉਂ ਸਮਾਂ ਨੇੜੇ ਆਵੇ ਆਪ ਘੜੀ ਵਲ ਮੁੜ ਮੁੜ ਵੇਖਦੇ ਤੇ ਮੁਸਕ੍ਰਾਂਦੇ ਸਨ। ਕੁਝ ਚਿਰ ਪਹਿਲਾਂ ਸਭ ਨੂੰ ਪਾਸੋਂ ਆਖਣ ਲਗੇ—"ਜਾਓ ! ਆਰਾਮ ਕਰੋ।" ਹੁਕਮ ਮੋੜਨ ਦੀ ਕਿਸੇ ਦੀ ਜੁਰਅਤ ਨ ਸੀ, ਸੋ ਬਿਨਾਂ ਡਾ: ਹਰਿਭਜਨ ਸਿੰਘ ਤੇ ਵੈਦ ਜੀ ਦੀ ਮਾਤਾ ਵਤ ਬ੍ਰਿਧ ਚਾਦੀ ਜੀ ਦੇ ਬਾਕੀ ਸਾਰੇ ਹੀ ਲਾਗਲੇ ਕਮਰੇ ਵਿਚ ਚਲੇ ਗਏ।

ਘੜੀ ਤਾਂ ਹਥ ਵਿਚ ਹੀ ਸੀ, ਮਿੰਟ ਮਿੰਟ ਪਿਛੋਂ ਇਸ ਵਲ ਵੇਖਦੇ-ਸਨ, ਕੁਝ ਚਿਰ ਪਿਛੋਂ ਘੜੀ ਵਲ ਵੇਖ ਮੱਧਮ ਜੇਹਾ ਮੁਸਕ੍ਰਾਉਂਦੇ ਹੋਏ ਬੋਲੇ 'ਪੌਣੇ ਤਿੰਨ ਵਜ ਗਏ ਹਨ !' ਬਸ ਇਹ ਆਖਰੀ ਸ਼ਬਦ ਸਨ। ਇਉਂ ਜਾਪਦਾ ਹੈ ਕਿ ਉਡਾਰੀ ਮਾਰਨ ਲਈ ਪੰਛੀ ਘੜੀ ਦੀ ਸੂਈ ਵਲ ਵੇਖ ਰਿਹਾ ਸੀ। ਜਿਵੇਂ ਕਿਤੇ ਸਾਥੀ ਸਾਥੀ ਲਈ ਖੜੇ ਉਡੀਕ ਰਹੇ ਹਨ ਤੇ ਅੱਗੋਂ ਸੁਹਣਾ ਸਾਥੀ ਭੀ ਤਿਆਰ ਹੈ, ਪਰ ਠੀਕ ਟਾਈਮ ਤੋਂ ਬਿਨਾ ਡੀਊਟੀ



Digitized by Panjab Digital Library | www.panjabdigilib.org

ਤੋਂ ਪਰੇ ਨਹੀਂ ਹੋਣਾ ਚਾਹੀਦਾ।

ਹਾਂ ਜੀ! ਸ੍ਵਰਗੀ ਪੰਛੀ, ਜੀਵਣ ਮੁਕਤ ਮਹਾਤਮਾਂ, ਹਰ ਮਨ ਮੋਹਣਾ ਪਿਆਰਾ ਮੋਹਨ ਸਿੰਘ ਵੈਦ ੩ ਅਕਤੂਬਰ ੧੯੩੬ ਦਿਨ ਸਨਿਛਰ ਵਾਰ ਮੁਤਾਬਕ ੧੮ ਅਸੂ ੧੯੯੩ ਨੂੰ ਦਿਨ ਦੇ ਠੀਕ ਪੌਣੇ ਤਿੰਨ ਵਜੇ

"ਜਿਉਂ ਜਲ ਮਹਿ ਜਲੁ ਆਇ ਖਟਾਨਾ।
ਤਿਉਂ ਜੋਤੀ ਸੰਗਿ ਜੋਤਿ ਸਮਾਨਾ॥"

ਅਨੁਸਾਰ ਆਪਣੀ ਮਾਤਾ ਵਤ ਬ੍ਰਿਧ ਚਾਚੀ ਜੀ ਦੇ ਹੱਥਾਂ ਵਿਚ ਇਸ ਪੰਜ ਭੂਤਕ ਸਰੀਰ ਨੂੰ ਤਿਆਗ ਪਰਲੋਕ ਗਮਨ ਕਰ ਗਿਆ। ਹੰਸ ਉਡਾਰੀ ਮਾਰ ਗਿਆ।

"ਮ੍ਰਿਤੁ ਮੰਡਲੁ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥
ਬਿਨਸਤ ਬਾਰ ਨ ਲਾਗਈ ਜਿਉ ਕਾਗਤ ਬੂੰਦਾਰ॥"

ਬ੍ਰਿਧ ਮਾਤਾ ਦੇ ਮੂੰਹੋਂ 'ਉਡ ਗਿਆ, ਗਿਆ' ਸੁਣਦਿਆਂ ਹੀ ਸਾਰਾ ਪ੍ਰਵਾਰ ਇਕੱਠਾ ਹੋ ਗਿਆ। ਦੁਖ ਦਰਦ ਤੇ ਪ੍ਰੇਮ ਚਿਸਕਾਂ ਵਿਚ ਵਿਲਕਣ ਦਾ ਘਰ ਵਿਚ ਕੁਹਰਾਮ ਮਚਨਾ ਸੀ, ਪਰ ਇਹ ਸਤਸੰਗੀ ਪ੍ਰਵਾਰ ਹੈ, ਗੁਰਮੁਖਾਂ ਦਾ ਪ੍ਰਵਾਰ ਹੈ, ਭਜਨੀਕ ਆਲ੍ਹਣੇ ਦੇ ਸਤਸੰਗੀ ਪੰਛੀ ਹਨ। ਨਾਮ ਰਸੀਆਂ ਦੇ ਸੰਗੀ, ਸਾਧਾਂ ਸੰਤਾਂ ਗੁਰਮੁਖਾਂ ਦੇ ਪ੍ਰੇਮੀ ਸਤਸੰਗੀ ਤੇ ਸੰਬੰਧੀ ਹਨ। ਪ੍ਰੇਮ ਵਿਛੋੜੇ ਦੀ ਚਿਸਕ ਤਾਂ ਅਵੱਸ਼ ਹੋਣੀ ਹੀ ਹੋਈ! ਸਵਾਰਥ ਦਾ ਸੰਬੰਧ ਟੁਟਿਆਂ ਤਾਂ ਕਸ਼ਟ ਹੋਣਾ ਹੀ ਹੋਇਆ। ਘਣੇ ਬ੍ਰਿਛ ਦੀ ਸੁਹਾਵਣੀ ਛਾਉਂ ਹਟਦਿਆਂ ਤੱਕ ਤਾਂ ਦੁਖੀ ਰਾਹੀਆਂ ਨੇ ਕੁਰਬਲਾਟ ਪਾਉਣਾ ਹੀ ਹੋਇਆ। ਅੱਗੇ ਜ਼ਮਾਨੇ ਦੀ ਤੁਰਸ਼ਰੂ ਰਵਸ਼ ਰੂਪੀ ਕੜਕਦੀ ਧੁਪ ਨੂੰ ਵੇਖ ਕੇ ਤਾਂ ਕੋਮਲ ਨਿਤਾਣੇ ਸੰਬੰਧੀ ਮੁਸਾਫਰਾਂ ਦੇ ਜੀ ਘਟਣੇ ਹੀ ਹੋਏ ਪਰ ਇਹ ਗੁਰਮੁਖ ਘਰਾਣਾ ਜਾਣਦਾ ਸੀ ਕਿ—

'ਸੰਤ ਮੂਏ ਕਿਆ ਰੋਈਏ ਜੋ ਅਪਣੇ ਗ੍ਰਿਹ ਜਾਇ?'

ਇਨ੍ਹਾਂ ਨੂੰ ਪਤਾ ਸੀ ਕਿ

'ਮਰਣੁ ਹਾਰੁ ਇਹੁ ਜੀਅਰਾ ਨਾਹੀਂ'



Digitized by Panjab Digital Library | www.panjabdigilib.org

ਕੇਵਲ ਸਥਾਨ ਦੀ ਤਬਦੀਲੀ ਹੈ, ਅਵਸਥਾ ਦੀ ਬਦਲੀ ਹੈ। ਇਨ੍ਹਾਂ ਨੂੰ ਸੁਹਣੀ ਸੂਝ ਸੀ ਕਿ:-

ਹਰਿ ਹਰਿ ਜਨ ਦੁਇ ਏਕ ਹਹਿ, ਬਿਬ ਬਿਚਾਰ ਕਿਛੁ ਨਾਹਿ,
ਜਲ ਤੇ ਉਪਜ ਤਰੰਗ ਜਿਉਂ, ਜਲ ਹੀ ਬਿਖੈ ਸਮਾਹਿ।

ਫੇਰ ਰੋਣ ਕਾਹਦਾ ? ਪਿਟਣ ਤੇ ਸਿਰ ਖੋਹਣ ਕਿਸ ਲਈ ? ਇਨ੍ਹਾਂ ਨੂੰ ਵਿਚਾਰ ਸੀ ਕਿ ਇਹ ਤਾਂ ਰਾਤ ਦਿਨ ਦੀ ਬਦਲੀ ਵਾਂਗ, ਸੁਫਨੇ ਜਾਗਣ ਦੇ ਭੁਲੇਖੇ ਵਾਂਗ

'ਬਾਜੀ ਖੇਲ ਗਏ ਬਾਜੀਗਰ'

ਬਾਜ਼ੀਗਰ ਬਾਜ਼ੀ ਖੇਲ ਗਿਆ ਹੈ। ਉਨ੍ਹਾਂ ਦੀ ਤਾਂ ਸਗੋਂ

'ਆਵਣ ਜਾਣ ਰਹਿਓ'

ਦੀ ਹਾਲਤ ਹੋ ਗਈ ਹੈ। ਉਹ ਤਾਂ ਪੂਰਨ ਸੰਤ, ਗੁਰਮੁਖ, ਜੀਵਨ ਮੁਕਤ ਮਹਾਤਮਾਂ ਸਨ। ਉਹ ਤਾਂ ਜਿਥੇ ਗਏ ਹਨ ਓਥੇ ਏਥੋਂ ਨਾਲੋਂ ਭੀ ਵਧੀਕ ਮਾਣ ਹੋ ਰਿਹਾ ਹੈ। ਦੇਵਤਿਆਂ ਦੇ ਬਬਾਣ ਉਪਰ ਚੜ੍ਹ ਕੇ ਮਾਣ ਸਹਿਤ 'ਦਰਗਹ ਪਾਵਹਿ ਮਾਣੁ' ਦਰਗਾਹ ਵਿਚ ਮਾਣੁ ਪਾਵਣ ਗਏ ਹਨ ਤੇ 'ਪਤਿ ਸਿਉ ਜਾਵਹਿ' ਇੱਜ਼ਤ ਮਾਣ ਤੇ ਵਡਿਆਈ ਨਾਲ ਜਾ ਰਹੇ ਹਨ, ਗਏ ਹਨ। ਇਸ ਲਈ ਭਾਵੇਂ ਸ੍ਵਾਰਥੀ ਤੇ ਸੁਖਰਾਮੀ ਬੰਧਨਾਂ ਕਰ ਕੇ ਦੁਖ ਹੋਣਾ ਅਵਸ਼ ਸੀ ਤੇ ਦੁਖ ਦੇ ਕਾਰਣ ਹਿਰਦੇ ਦੀ ਕਸ਼ਟਾਤਰ ਦਸ਼ਾ ਵਿਚ ਮੂੰਹੋਂ ਬਿਲਬਿਲਾਹਟ ਦਾ ਸੂਰ ਭੀ ਜ਼ਰੂਰ ਨਿਕਲਨਾ ਹੀ ਹੋਇਆ, ਪਰ ਨਹੀਂ; ਪਹਿਲੋਂ ਚੁਫੇਰਿਓਂ ਵਾਹਿਗੁਰੂ ! ਵਾਹਿਗੁਰੂ !! ਸਤਿਨਾਮ ! ਸਤਿਨਾਮ !! ਤੇ ਗੁਰਬਾਣੀ ਪਠਨ ਆਦਿ ਦੀਆਂ ਧੁਨਾਂ ਆਉਣ ਲਗ ਪਈਆਂ। ਕੁਝ ਚਿਰ ਪਿਛੋਂ ਰਿਹਾ ਨਾ ਗਿਆ ਸਭ ਨੇ ਅੱਖਾਂ ਥਾਣੀਂ ਦਿਲਾਂ ਦੀ ਹਵਾੜ ਕਢ ਉਪ੍ਰੰਤ ਆਪ ਦੇ ਹੁਕਮਾਨੁਸਾਰ ਠੀਕ ਚਾਰ ਬਜੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ।

ਆਪ ਦਾ ਮ੍ਰਿਤਕ ਪਰ ਦਮਕ ਰਿਹਾ ਸਰੀਰ ਇਉਂ ਜਾਪਦਾ ਸੀ ਮਾਨੋਂ ਆਪ ਸ਼ਾਂਤੀ ਵਿਚ ਚੁਪ ਚਾਪ ਲੇਟੇ ਹੋਏ ਪਰ ਬੜੇ ਧਿਆਨ ਤੇ ਅਨੰਦ



Digitized by Panjab Digital Library | www.panjabdigilib.org

ਮਗਨ ਅਵਸਥਾ ਵਿਚ ਪਾਠ ਸੁਣ ਰਹੇ ਹਨ।

ਸਾਰੇ ਸ਼ਹਿਰ ਵਿਚ ਬਿਜਲੀ ਦੇ ਕਰੰਟ ਵਾਂਗ ਆਪ ਦੇ ਗੁਰਪੁਰ ਵਾਸ, ਦਰਗਹ ਪਿਆਨ ਦੀ ਖਬਰ ਪੁਜ ਗਈ। ਸਾਰਾ ਸ਼ਹਿਰ ਆਨ ਦੀ ਆਨ ਵਿਚ ਇਕੱਠਾ ਹੋ ਗਿਆ ਤੇ ਹਰ ਇਕ ਦੀ ਜ਼ਬਾਨ ਤੇ ਇਸ ਗੁਰਮੁਖ ਮਨ ਮੋਹਨ ਭਾਈ ਮੋਹਨ ਸਿੰਘ ਜੀ ਵੈਦ ਦਾ ਨਾਮ ਸੀ। ਕੋਈ ਆਪ ਦੀ ਮਿਲਣ ਸਾਰੀ ਨੂੰ ਯਾਦ ਕਰ ਰਿਹਾ ਸੀ, ਤੇ ਕੋਈ ਦਾਨ ਧਾਰਾ ਦੀ ਸ਼ਲਾਘਾ ਕਰ ਰਿਹਾ ਸੀ। ਕੋਈ ਅਨਾਥਾਂ ਦੀ ਸਹਾਇਤਾ ਕਰਨ ਦਾ ਵਰਨਣ ਕਰਦਾ ਤੇ ਕੋਈ ਵਿਧਵਾਵਾਂ ਨੂੰ ਸਹਾਰਾ ਦੇਣਾ ਦਸ ਰਿਹਾ ਸੀ। ਕੋਈ ਉਸ ਧਨੰਤਰ ਸਾਨੀ ਦੀ ਅਚੁਕ ਵੈਦਗੀ ਦਾ ਕਿੱਸਾ ਕਹਿ ਰਿਹਾ ਤੇ ਕੋਈ ਉਸ ਦੇ ਸਰਬ ਪ੍ਰਿਯਾ ਹੋਣ ਦਾ ਹਾਲ ਕਹਿ ਰਿਹਾ ਸੀ। ਕੋਈ ਆਪ ਦੀ ਗੁਰਮੁਖਤਾ ਤੇ ਧਰਮੱਗਤਾ ਦਾ ਮਾਣ ਕਰਦਾ ਤੇ ਕੋਈ ਆਪ ਦੇ ਭਜਨੀਕ ਨਾਮ ਰਸੀਆ ਮਹਾਤਮਾਂ ਹੋਣ ਦਾ ਨੂਰਾਨੀ ਚਿਤ੍ਰ ਖਿੱਚ ਕੇ ਵਰਨਣ ਕਰ ਰਿਹਾ ਸੀ। ਗੱਲ ਕੀ ਹਿੰਦੂ,ਮੁਸਲਮਾਨ, ਸਿਖ, ਈਸਾਈ ਆਦਿ ਅਮੀਰ ਗਰੀਬ,ਛੋਟੇ ਵਡੇ,ਹਰ ਜਾਤ, ਹਰ ਤਬਕੇ ਤੇ ਹਰ ਫਿਰਕੇ ਦੇ ਆਦਮੀ ਜ਼ਨਾਨੀਆਂ ਆਪ ਦੇ ਵਿਛੋੜੇ ਵਿਚ ਗੁਣਾਂ ਨੂੰ ਯਾਦ ਕਰ ਕਰ ਦੁਖੀ ਹੋ ਰਹੇ ਸਨ।

ਹੁਣ ਸ਼ਾਮ ਹੋ ਆਈ, ਰਹਿਰਾਸ ਦੇ ਪਾਠ ਕਰਨ ਦਾ ਸਮਾਂ ਨੇੜੇ ਆ ਗਿਆ। ਸਰੀਰ ਉੱਤੇ ਸੁਗੰਧੀਆਂ ਛਿੜਕ ਦਿਤੀਆਂ ਗਈਆਂ ਤੇ ਕਮਰੇ ਵਿਚ ਸੁਗੰਧਤ ਧੂਪ ਧੁਖਾ ਹੀ ਦਿਤੇ ਗਏ ਸਨ। ਹੁਣ ਨਿੱਤ ਨੇਮ ਅਨੁਸਾਰ ਰਹਿਰਾਸ ਦਾ ਪਾਠ ਹੋਣਾ ਸ਼ੁਰੂ ਹੋਇਆ ਜੋ ਆਪ ਜੀ ਦੇ ਸੰਤ ਸੁਭਾ ਗੁਰਮੁਖ ਸਤੀ ਭੈਣ ਜੀ ਨੇ ਬੜੇ ਰੰਗ ਰੱਤੇ ਰਸ ਵਿਚ ਪਰਮਾਤਮਾ ਆਤਮਾ ਵਿਚ ਲੀਨ ਹੋ ਕੀਤਾ। ਬੜੀ ਸ਼ਾਂਤੀ ਨਾਲ ਸਭ ਨੇ ਸੁਣਿਆ ਤੇ ਪ੍ਰੇਮ ਪੂਰਵਕ ਅਰਦਾਸਾ ਸੋਧਿਆ।

ਆਹ ! ਅਜ ਗੁਰਮੁਖ ਪਰਉਪਕਾਰੀ ਦੇ ਜੀਵਣੇ ਵਿਛੋੜੇ ਦੀ ਖਬਰ ਸੁਣ ਕੇ ਲੋਕੀਂ ਆਪ ਦੀ ਉਪਕਾਰ ਤਾਰ ਨਾਲ ਖਿਚੀਂਦੇ ਦੂਰੋਂ ਦੂਰੋਂ ਚਲੇ ਆ ਰਹੇ ਸਨ। ਤੇ ਸਾਰੀ ਰਾਤ ਅਨੇਕ ਪ੍ਰੇਮੀ ਆਪ ਪਾਸ ਬੈਠੇ



Digitized by Panjab Digital Library | www.panjabdigilib.org

ਗੁਰਬਾਣੀ ਦਾ ਪਾਠ ਕਰਦੇ ਰਹੇ। ਮਾਨੋਂ ਆਪ ਦੀ ਜੀਵਤ ਰੂਹ ਨਾਲ ਸਤ ਸੰਗ ਕਰ ਰਹੇ ਸਨ।

ਹੁਣ ੪ ਅਕਤੂਬਰ ੧੯੩੬ ਮੁਤਾਬਕ ੧੯ ਅਸੂ ੧੯੯੩ ਐਤਵਾਰ ਦਾ ਦਿਨ ਚੜ੍ਹਿਆ ਆਪ ਦੀ ਨਿਤਨੇਮਕ ਕਿਰਿਆ ਅਨੁਸਾਰ ਆਪ ਦੀ ਸਤੀ ਸਾਵਿਤ੍ਰੀ ਸਿੰਘਣੀ ਨੇ ਅੰਮ੍ਰਿਤ ਵੇਲੇ ਪ੍ਰਾਣਾਧਾਰ ਪਰਮੇਸ਼੍ਵਰ ਪਤੀ ਪਾਸ ਬੈਠਕੇ ਸੁਖਮਨੀ ਸਾਹਿਬ, ਆਸਾ ਦੀ ਵਾਰ, ਜਪੁਜੀ, ਜਾਪ ਜੀ, ਸ਼ਬਦ ਹਜ਼ਾਰੇ ਆਦਿ ਯਥਾਕ੍ਰਮ ਸਭ ਨਿਤਨੇਮੀ ਬਾਣੀਆਂ ਦਾ ਡਾਢੀ ਵੈਰਾਗਮਈ ਪਰ ਮਧੁਰ ਅਨੰਦੀ ਧੁਨੀ ਵਿਚ ਪਾਠ ਕੀਤਾ। ਆਪ ਦੀਆਂ ਅੰਤ੍ਰੀਵ ਅਖਾਂ ਅਗੇ ਮਹਾਤਮਾਂ ਦੀ ਰੂਹ ਪ੍ਰਤਖ ਪਾਠ ਸੁਣ ਰਹੀ ਵਿਖਾਈ ਦਿੰਦੀ ਸੀ। ਅੰਤ ਅਰਦਾਸਾ ਸੋਧਿਆ ਗਿਆ।

ਜ਼ਰੂਰੀ ਸੰਬੰਧੀਆਂ ਵਲ ਤਾਰਾਂ ਕੱਲ ਹੀ ਦਿਤੀਆਂ ਜਾ ਚੁਕੀਆਂ ਸਨ। ਨੇੜੇ ਨੇੜੇ ਦੇ ਤਾਂ ਕਲ ਹੀ ਆ ਗਏ ਸਨ, ਪਰ ਦੂਰ ਦੁਰਾਡੇ ਦੇ ਸੰਬੰਧੀਆਂ ਦੀਆਂ ਅਜ ਉਡੀਕਾਂ ਸਨ। ਆਪ ਦੀ ਵਡੀ ਸਪੁਤ੍ਰੀ ਬੀਬੀ ਸਤਵੰਤ ਕੌਰ ਜੀ ਸ਼ਿਮਲੇ ਤੋਂ ਜਿਸ ਵੇਲੇ ਸਵੇਰੇ ਪੁਜੀ, ਬਿਹਬਲਤਾ ਦੀ ਹਾਲਤ ਵੇਖਣ ਯੋਗ ਸੀ। ਇਸ ਬਚੜੀ ਦੀ ਬਿਹਬਲਤਾ ਤੇ ਅਤੀ ਵੈਰਾਗਮਈ ਦਸ਼ਾ ਨੇ ਇਕ ਵਾਰ ਫੇਰ ਨਕਸ਼ਾ ਬਦਲ ਦਿਤਾ। ਸਭ ਉਤੇ ਵੈਰਾਗ ਦੀ ਦਸ਼ਾ ਤਾਰੀ ਹੋ ਗਈ ਤੇ ਸਾਰਿਆਂ ਦੇ ਹੀ ਨੇਤ੍ਰ 'ਤ੍ਰਿਪ ਤ੍ਰਿਪ' ਬਰਸਾਤ ਦੀ ਝੜੀ ਵਾਂਗ ਬਰਸ ਰਹੇ ਸਨ, ਪਰ ਭਾਣਾ ਅਮਿਟ ਹੈ ਕੋਈ ਕਰ ਕੀ ਸਕਦਾ ਹੈ?

ਹੁਣ ਅਸ਼ਨਾਨ ਦੀ ਤਿਆਰੀ ਹੋਈ। ਬੜੇ ਪ੍ਰੇਮ ਨਾਲ ਅਸ਼ਨਾਨ ਕਰਾਕੇ ਬਸਤਰ ਪਹਿਨਾਏ ਗਏ। ਹੇਠ ਛੋਟੀ ਤੇ ਉਪਰ ਵਡੀ ਰੇਸ਼ਮੀ ਦਸਤਾਰ—ਜੇਹੋ ਜੇਹੀ ਉਹ ਆਪ ਪਹਿਨਦੇ ਸਨ—ਸਜਾਕੇ ਆਪ ਦੇ ਸਪੁਤ੍ਰ ਡਾਕਟਰ ਜਗਜੀਤ ਸਿੰਘ ਜੀ ਨੇ ਹਥ ਜੋੜ ਸਾਮ੍ਹਣੇ ਖਲੋਕੇ ਬੇਨਤੀ ਕੀਤੀ "ਪਿਤਾ ਜੀ! ਤੁਹਾਡੇ ਵਰਗੀ ਤਾਂ ਨਹੀਂ, ਸਾਦੀ ਜੇਹੀ ਹੀ ਬਝੀ ਹੈ ਮਨਜ਼ੂਰ ਕਰਨੀ ਕਿਉਂਕਿ ਵਡੀ ਹੋ ਗਈ ਹੈ" ਇਹ ਇਕ ਅਜੀਬ ਨਜ਼ਾਰਾ ਸੀ। ਸਪੁਤ੍ਰ ਦੇ ਇਹ ਪ੍ਰੇਮ ਭਰੇ ਬਚਨ ਪ੍ਰਤਖ ਜੀਵਤ ਕਰ ਰਹੇ ਸਨ। ਸਭ



Digitized by Panjab Digital Library | www.panjabdigilib.org

ਸ੍ਰੋਤਿਆਂ ਦੇ ਦਿਲ ਖਿਚੇ ਗਏ ।

ਹੁਣ ਬਬਾਣ ਤਿਆਰ ਹੋਇਆ ਤੇ ਸੰਗਤ ਦੀ ਅਮੁਕ ਭੀੜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਬਾਰ ਸੌਂਹੇ ਦਰਸ਼ਨੀ ਡੇਉਢੀ ਵਿਚ ਲਿਆ ਧਰਿਆ । ਲੈ ਗੁਰਮੁਖਾ ! ਇਸ ਸਰੀਰ ਨਾਲ ਆਖਰੀ ਦਰਸ਼ਨ ਕਰ ਲੈ । ਇਹ ਉਹੀ ਦਰਬਾਰ ਹੈ, ਜਿਸ ਬਿਨਾਂ ਕਦੇ ਇਕ ਦਿਨ ਨਾ ਸੀ ਰਹਿੰਦਾ ਇਹ ਆਖਰੀ ਦਰਸ਼ਨ ਹਨ । ਲੈ ਆਪਣਾ ਆਖਰੀ 'ਸੇਹਰਾ' ਭੀ ਹਜ਼ੂਰੋਂ ਲੈ ਲੈ । ਸਤਿਗੁਰੂ ਦੇ ਦਰਬਾਰੋਂ ਮਿਲਜਾ ਸਿਰੋਪਾ ਤੇ ਸਿਹਰਾ ਗਲ ਪਾ ਦਿਤਾ । ਪ੍ਰੇਮ ਮਈ ਅੰਤਲਾ ਦਰਬਾਰ ਦਾ ਅਰਦਾਸਾ ਸੋਧਿਆ ਗਿਆ ਤੇ ਸ਼ਮਸ਼ਾਨ ਭੂਮੀ ਵਲ ਚੜ੍ਹਾਈ ਕਰ ਲਈ । ਆਪਣੀ ਹਜ਼ਾਰਾਂ ਲਖਾਂ ਗਰੀਬਾਂ ਅਮੀਰਾਂ ਅਨਾਥਾਂ ਮੁਹਤਾਜਾਂ ਨੂੰ ਸੁਖ ਦੇਣੀ ਦੁਕਾਨ ਅਗੇ ਦੋ ਮਿੰਟ ਠਹਿਰ ਅੰਤਲੀ ਵਿਦਾ ਲੈ ਚਾਲੇ ਪਾ ਦਿਤੇ ਗਏ ।

ਸ਼ਹਿਰ ਵਿਚ ਹਰ ਘਰ ਤੇ ਹਰ ਦਰ ਤੋਂ ਆਪ ਉਪਰ ਫੁਲਾਂ ਦੀ ਅਟੁਟ ਬਰਖਾ ਹੋਈ । ਇਉਂ ਜਾਪਦਾ ਸੀ ਜਿਵੇਂ ਫਰਿਸ਼ਤੇ ਅਸਮਾਨੋਂ ਪੁਸ਼ਪ ਬਰਖਾ ਕਰ ਰਹੇ ਹਨ । ਸਾਰੇ ਰਾਹ ਵਿਚ ਇਸੇ ਤਰਾਂ ਫੁੱਲਾਂ ਦੀ ਬਰਖਾ ਹੁੰਦੀ ਗਈ । ਅੰਮ੍ਰਿਤਸਰ, ਲਾਹੌਰ ਆਦਿ ਸ਼ਹਿਰਾਂ ਤੇ ਨੇੜੇ ਦੇ ਪਿੰਡਾਂ ਵਿਚ ਭੀ ਆਪ ਦੇ ਪਰਲੋਕ ਪਯਾਨ ਦਾ ਪਤਾ ਲਗ ਚੁਕਾ ਸੀ, ਇਸ ਲਈ ਸੰਗਤਾਂ ਦਾ ਇਕਠ ਬੇ ਅੰਤ ਸੀ, ਅਗੇ ਚਿਖਾ ਤਿਆਰ ਸੀ

"ਜਿਸਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ"

ਕਹਿ ਚਿਖਾ ਪ੍ਰਜ੍ਵਲਤ ਕਰ ਦਿਤੀ ਤੇ ਉਹ ਪਰਉਪਕਾਰੀ ਸਰੀਰ, ਹਾਂ! ਹਾਂ !! ਉਹ ਹਰਮਨ ਮੋਹਣਾ ਸੁਗੰਧੀ ਪਾਲਿਆ ਸਰੀਰ ਅਗਨੀ ਦੇਵਤਾ ਨਾਲ ਜਫੀਆਂ ਪਾ ਪਾ ਮਾਨੋ ਅਕਾਸ਼ ਨੂੰ ਉਡਣ ਲਗਾ ।

ਆਪ ਦੇ ਪਿਆਰੇ ਸ੍ਰੀ ਦਰਬਾਰ ਸਾਹਿਬ ਦੇ ਰਾਗੀਆਂ ਨੇ ਵੈਰਾਗਮਯ ਕੀਰਤਨ ਕਰ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਹਰ ਇਕ ਮਹਾਤਮਾਂ ਵੈਦ ਰਾਜ ਜੀ ਦੇ ਗੁਣਾਂ ਨੂੰ ਯਾਦ ਕਰਦਾ ਕਹਿ ਰਿਹਾ ਸੀ ਕਿ ਅਜੇਹਾ:—



Digitized by Panjab Digital Library | www.panjabdigilib.org

"ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ ॥
ਸੇਵਹੁ ਸਾਹਿਬੁ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ ॥

ਅਤੇ ਨਾਲ ਹੀ ਹਰ ਕੋਈ ਉਸ ਕਾਦਰ ਦੀ ਕੁਦਰਤ ਨੂੰ ਯਾਦ ਕਰਦਾ ਕਿ:–

"ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥"

"ਇਕ ਸਜਨ ਚਲੇ ਇਕ ਚਲ ਗਏ
ਰਹਿੰਦੇ ਭੀ ਫੁਨਿ ਜਾਹਿ ॥"

ਅੰਤ ਹਰ ਹਿਰਦਾ ਉਸ ਸਚੇ ਪਿਤਾ ਸਤਿਗੁਰੂ ਜੀ ਪਾਸ ਆਪ ਜੀ ਦੀ ਆਤਮਾ ਨੂੰ ਸੱਚ ਖੰਡ ਆਪਣੇ ਚਰਨਾਂ ਵਿਚ ਅਭੇਦ ਨਿਵਾਸ ਬਖਸ਼ਨ ਦੀ ਅਰਦਾਸ ਕਰਦਾ ਹੋਇਆ:--

"ਦਰਗਹਿ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖ ਨ ਲਾਗੈ"
"ਪੰਥਿ ਸੁਹੇਲੈ ਜਾਵਹੁ ਤਾ ਫਲੁ ਪਾਵਹੁ ਆਗੈ ਮਿਲੈ ਵਡਾਈ"
ਕਹਿੰਦਾ ਬੜੇ ਦੁਖ ਨਾਲ ਵਿਛੜਿਆ ॥

---



Digitized by Panjab Digital Library | www.panjabdigilib.org

- ਭਾਈ ਰਣ ਸਿੰਘ ਜੀ
  - ਭਾਈ ਜੀਵਨ ਸਿੰਘ ਜੀ
    - ਭਾ: ਨਿਹਾਲ ਸਿੰਘ ਜੀ
      - ਭਾ: ਉਤਮ ਸਿੰਘ ਜੀ
        - ਭਾ: ਆਇਆ ਸਿੰਘ ਜੀ ਐਨਕਾਂ ਵਾਲੇ
          - ਹਰਦੇਵ ਸਿੰਘ
          - ਗੁਰਚਰਨ ਸਿੰਘ
          - ਤੇਜਵੰਤ ਸਿੰਘ
        - ਭਾ: ਹਰੀ ਸਿੰਘ ਜੀ
          - ਹਰਜੀਤ ਸਿੰਘ
        - ਭਾ: ਕਰਤਾਰ ਸਿੰਘ
        - ਭਾ: ਗੁਰਦਿਤ ਸਿੰਘ
    - ਭਾ: ਜੈਮਲ ਸਿੰਘ ਜੀ ਵੈਦ
      - ਭਾ: ਗੁਰਬਖਸ਼ ਸਿੰਘ
        - ਭਾ: ਭਗਵਾਨਸਿੰਘ
      - ਭਾ: ਗੁਲਾਬ ਸਿੰਘ ਜੀ
        - ਭਾ:ਸਾਹਿਬ ਸਿੰਘ
      - ਸੰਤ ਸੰਪੂਰਣ ਸਿੰਘ ਜੀ
      - ਭਾ: ਮੋਹਨ ਸਿੰਘ ਜੀ ਵੈਦ
        - ਭਾ: ਤ੍ਰਿਲੋਕ ਸਿੰਘ ਵੈਦ
          - ਹਰਚਰਨ ਸਿੰਘ
        - ਡਾਕਟਰ ਹਰਿਭਜਨ ਸਿੰਘ
        - ਡਾਕਟਰ ਜਗਜੀਤ ਸਿੰਘ
        - ਅਰਿਦਮਨ ਸਿੰਘ
        - ਸੁਖਬੀਰ ਸਿੰਘ ਵੈਦ
    - ਭਾ: ਲਾਲ ਸਿੰਘ ਜੀ
    - ਭਾ: ਪਾਲਾ ਸਿੰਘ ਜੀ
      - ਭਾਈ ਜਗਤ ਸਿੰਘ ਜੀ ਐਨਜੀਨੀਅਰ
        - ਪ੍ਰਕਾਸ਼ ਸਿੰਘ
        - ਹਰਜੀਤ ਸਿੰਘ
        - ਸੁਖਦੇਵ ਸਿੰਘ
      - ਭਾ: ਕਲਿਆਣ ਸਿੰਘ ਜੀ ਐਨਜੀਨੀਅਰ
        - ਤ੍ਰਿਲੋਚਨ ਸਿੰਘ
        - ਆਗਯਾ ਸਿੰਘ
        - ਪਰਮਿੰਦ੍ਰ ਸਿੰਘ
  - ਭਾਈ ਪ੍ਰੇਮ ਸਿੰਘ ਜੀ
    - ਭਾ: ਸੁਚੇਤ ਸਿੰਘ ਜੀ
    - ਭਾ: ਜਸਾਸਿੰਘ ਜੀ
      - ਭਾਈ ਕੇਸਰ ਸਿੰਘ
        - ਮਨੋਹਰ ਸਿੰਘ
        - ਵਜ਼ੀਰ ਸਿੰਘ
        - ਰਘੁਬੀਰ ਸਿੰਘ
        - ਬਲਬੀਰ ਸਿੰਘ
        - ਸ਼ਰਣਾਗਤ ਸਿੰਘ
        - ਮਨਜੀਤ ਸਿੰਘ



Digitized by Panjab Digital Library | www.panjabdigilib.org

# ਸੰਤਾਨ

ਸੰਤਾਨ ਪੈਦਾ ਕਰਨ ਤੇ ਪਾਲਣ ਨਾਲੋਂ ਉਸਦਾ ਲਾਇਕ ਤੇ ਸੁਸਿਖਜਤ ਬਣੌਣਾ ਅਤੀ ਜ਼ਰੂਰੀ ਹੈ। ਇਨਸਾਨ ਦਾ ਇਹ ਪਹਿਲਾ ਜ਼ਰੂਰੀ ਫਰਜ਼ ਹੈ, ਪਰ ਇਹ ਤਦੇ ਹੀ ਹੋ ਸਕਦਾ ਹੈ ਜੇ ਅਸੀਂ ਪਹਿਲਾਂ ਆਪਣੇ ਆਪਨੂੰ ਲਾਇਕ ਬਣਾਈਏ, ਸੁਸਿਖਜਤ ਕਰੀਏ ਤੇ ਸੁਧਾਰੀਏ। ਮਿਸਟਰ ਐਬਟ* ਦੇ ਕਥਨਾਨੁਸਾਰ:—

'ਇਹ ਤੁਹਾਡੇ ਆਪਣੇ ਉਤੇ ਨਿਰਭਰ ਹੈ
ਕਿ ਤੁਹਾਡੇ ਬੱਚੇ ਆਦਮੀ ਹੋਣ ਜਾਂ ਪਸ਼ੂ'।

ਜੇ ਸਾਡਾ ਆਪਣਾ ਜੀਵਣ ਕੋਝਾ ਹੈ, ਚਾਲ ਚਲਣ ਭੈੜਾ ਹੈ। ਰਹਿਣੀ ਬਹਿਣੀ ਨਿਕੰਮੀ, ਹੈ ਤਦ ਸੰਤਾਨ ਨੂੰ ਲਾਇਕ ਤੇ ਅੱਛੇ ਚਾਲ ਚਲਣ ਵਾਲੀ ਬਣੌਣ ਦੇ ਸੁਫਨੇ ਖਿਆਲੀ ਪੁਲਾਉ ਤੇ ਸੁਫਨੇ ਦੇ ਮਨੋਰਥਾਂ ਨਾਲੋਂ ਵਧੀਕ ਅਰਥ ਨਹੀਂ ਰਖਦੇ।

ਮਾਂ ਬਾਪ ਦੇ ਖ਼ੂਨ ਵੀਰਯ ਤੋਂ ਇਲਾਵਾ ਗੁਆਂਢ, ਉਸਤਾਦ, ਵਿਦਿਆ ਤੇ ਚੰਗੀ ਮੰਦੀ ਸੰਗਤ ਦਾ ਅਸਰ ਬਚਿਆਂ ਦੇ ਕੋਮਲ ਤੇ ਨਿਰਮਲ ਜੀਵਣ ਉਤੇ ਅਚੁੱਕ ਹੁੰਦਾ ਹੈ। ਨਿਕੰਮਾ ਲਾਡ, ਫੋਕੀ ਅਮੀਰੀ ਤੇ ਬਚਿਆਂ ਨੂੰ ਆਵਾਰਾ ਸੁਤੰਤ੍ਰਤਾ ਦੇਣ ਦੇ ਦਾਵੇਦਾਰ ਜ਼ਰਾ ਕੁ ਹੀ ਵਿਚਾਰ ਨਾਲ ਲੱਖਾਂ ਬਦਚਲਨ, ਕੁਸੰਗੀ ਤੇ ਮੂਰਖ ਵਿਦਵਾਨਾਂ ਦੇ ਨਾਰਕੀ ਜੀਵਣ ਪ੍ਰਤਖ ਵੇਖ ਸਕਦੇ ਹਨ।

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਨੇ ਜੋ ਕੌਮ, ਦੇਸ਼ ਤੇ ਸੰਸਾਰ

---

*It depends upon you whether your children be men or brutes. (Abbot)



Digitized by Panjab Digital Library | www.panjabdigilib.org

ਦੀ ਹੋਰ ਹਰ ਤਰਾਂ ਨਾਲ ਸੇਵਾ ਕੀਤੀ ਤਾਂ ਏਸ ਪਾਸਿਓਂ ਭੀ ਕੋਈ ਘਾਟਾ ਨਹੀਂ ਰਹਿਣ ਦਿਤਾ। ਜੀਵਨ ਵਿਚ ਇਹ ਇਕ ਐਡਾ ਮਹਾਨ ਜ਼ਰੂਰੀ ਕੰਮ ਹੈ ਜਿਸ ਦੇ ਪੂਰਾ ਕੀਤੇ ਬਿਨਾਂ ਇਨਸਾਨੀ ਜੀਵਣ ਦੇ ਸਾਰੇ ਕੰਮ ਅਧੂਰੇ ਤੇ ਹਰ ਸੇਵਾ ਅਪ੍ਰਵਾਨ ਹੀ ਸਮਝੀ ਜਾਂਦੀ ਹੈ। ਇਸ ਸੰਤਾਨ-ਫਲ ਨੂੰ ਸੁੰਦਰ ਤੇ ਸੁਰਸ ਬਣੌਣ ਨਾਲ ਹੀ ਇਨਸਾਨ 'ਸਫਲ ਜਨਮਾ' ਤੇ 'ਆਇਆ ਪ੍ਰਵਾਨ' ਕਿਹਾ ਜਾ ਸਕਦਾ ਹੈ।

ਵਾਹਿਗੁਰੂ ਦੀ ਬਖਸ਼ਸ਼ ਦੁਆਰਾ ਇਸ ਵੇਲੇ ਸ੍ਵਰਗੀਯ ਵੈਦ ਜੀ ਦੇ ਪੰਜ ਸਪੁਤ੍ਰ ਤੇ ਦੋ ਸਪੁਤ੍ਰੀਆਂ ਹਨ। ਸਭੋ ਹੀ ਲਾਇਕ, ਵਿਦਵਾਨ, ਹਲੀਮ ਤੇ ਸੁਯੋਗ ਪਿਤਾ ਦੇ ਪੂਰਨਿਆਂ ਤੇ ਚਲਣ ਦੇ ਚਾਹਵਾਨ, ਸੰਸਾਰ-ਸੇਵਕ, ਹਰ ਤਰਾਂ ਨਾਲ ਬਜਾ ਤੌਰ ਤੇ ਵੈਦ ਜੀ ਦੇ ਉਤ੍ਰ ਅਧਿਕਾਰੀ ਕਹੇ ਜਾ ਸਕਦੇ ਹਨ। ਇਨ੍ਹਾਂ ਦੀ ਵਾਕਫੀ ਕਰਾਏ ਬਿਨਾਂ ਭੀ ਇਹ ਸਾਰੀ ਪੁਸਤਕ ਅਧੂਰੀ ਹੀ ਸਮਝੀ ਜਾਵੇਗੀ। ਇਸ ਲਈ ਅਗੇ ਅਸੀਂ ਸਥਾਨਾਨੁਸਾਰ ਆਪ ਦੀ ਸੰਤਾਨ ਦਾ ਮੋਟਾ ਮੋਟਾ ਹਾਲ ਵੇਰਵੇ ਸਹਿਤ ਦਰਜ ਕਰਦੇ ਹਾਂ।

## ੧. ਸ੍ਰ: ਤ੍ਰਿਲੋਕ ਸਿੰਘ ਜੀ ਵੈਦ

ਆਪ ਦੇ ਜੇਠੇ ਸਪੁਤ੍ਰ ਹਨ। ਆਪ ਦਾ ਜਨਮ ੧੨ ਅਕਤੂਬਰ ਸਨ ੧੯੦੩ ਦਾ ਹੈ। ਸਕੂਲ ਦੀ ਵਿਦਿਆ ਭਾਵੇਂ ਮੈਟ੍ਰਿਕ ਤਕ ਹੀ ਪ੍ਰਾਪਤ ਕੀਤੀ ਹੈ ਪਰ ਆਪਣੀ ਖੁਦਾਦਾਦ ਲਿਆਕਤ ਨਾਲ ਪੰਜਾਬੀ (ਗੁਰਮੁਖੀ), ਉਰਦੂ, ਅੰਗ੍ਰੇਜ਼ੀ ਤੇ ਹਿੰਦੀ ਆਦਿ ਵਿਦਿਆਵਾਂ ਉਤੇ ਆਪ ਦਾ ਸੁਹਣਾ ਕਾਬੂ ਹੈ। ਵੈਦਕ ਵਿਦਿਆ ਵਿਚ ਆਪ ਚੰਗੀ ਯੋਗਤਾ ਰਖਦੇ ਹਨ।

ਸਨ ੧੯੧੯ ਵਿਚ ਸਕੂਲ ਛਡਦਿਆਂ ਹੀ ਆਪ ਵੈਦੰਗੀ ਵਿਚ ਪੈ ਗਏ। ਦੁਕਾਨ ਵਿਚ ਹੀ ਪਿਤਾ ਜੀ ਪਾਸ ਵੈਦਕ ਪੜ੍ਹਨਾ ਤੇ ਅਮਲ



Digitized by Panjab Digital Library | www.panjabdigilib.org

ਕਰਨਾ ਅਰੰਭ ਦਿਤਾ। ਤੀਖਣ ਬੁੱਧੀ ਤਾਂ ਵਿਰਸੇ ਵਿਚ ਮਿਲੀ ਹੋਈ ਹੀ ਸੀ, ਦਿਨਾਂ ਵਿਚ ਹੀ ਹੁਸ਼ਿਆਰ ਹੋ ਗਏ। ਉਪਰੋਂ ਕਾਮਲ ਵੈਦ ਪਿਤਾ ਜੀ ਦੇ ਪ੍ਰੈਕਟੀਕਲ (ਅਮਲੀ) ਜੀਵਣ ਤੇ ਸਿਖਿਆ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਥੋੜੇ ਸਾਲਾਂ ਵਿਚ ਹੀ ਆਪ ਪਿਤਾਜੀ ਨਾਲ ਹਥ ਵਟਾਉਣ ਲਗ ਪਏ। ੧੯੨੪-੨੫ ਵਿਚ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਦੂਜੇ ਜਥੇ ਦੇ ਆਗੂਆਂ ਵਿਚ ਜਦ ਵੈਦ ਜੀ ਦੋ ਸਾਲ ਲਈ ਜੇਲ੍ਹ ਜਾ ਬਿਰਾਜੇ, ਤਦ ਸ੍ਰ: ਤ੍ਰਿਲੋਕ ਸਿੰਘ ਜੀ ਹੀ ਸਨ, ਜਿਨ੍ਹਾਂ ਨੇ ਦੇਸ ਪਰਦੇਸ ਤੋਂ ਆਉਣ ਤੇ ਦਵਾਈਆਂ ਮੰਗਾਉਣ ਵਾਲੇ ਮਰੀਜ਼ਾਂ ਨੂੰ ਵਡੇ ਵੈਦ ਜੀ ਦਾ ਵਿਛੋੜਾ ਮਹਿਸੂਸ ਨਹੀਂ ਸੀ ਹੋਣ ਦਿੱਤਾ।

ਇਸ ਤਰ੍ਹਾਂ ਨਾਲ ਵੈਦ ਜੀ ਨੇ ਆਪਣੇ ਜੀਵਨ ਵਿਚ ਹੀ ਸ੍ਰ: ਤ੍ਰਿਲੋਕ ਸਿੰਘ ਜੀ ਨੂੰ ਪੂਰਨ ਵੈਦ ਬਣਾਕੇ ਘਰ ਬਾਹਰ ਤੇ ਹੋਰ ਸਾਰਾ ਲੈਣ ਦੇਣ ਦਾ ਭਾਰ ਇਸ ਦੇ ਮੋਢਿਆਂ ਤੇ ਰਖਕੇ ਸੁਹਣੀ ਤਰਾਂ ਚਲਦਾ ਵੇਖ ਲਿਆ ਸੀ। ਇਸੇ ਹੀ ਕਰ ਕੇ ਆਪ ਦੇ ਗੁਰਪੁਰ ਪਯਾਨ ਪਿਛੋਂ ਆਪ ਦੀ ਵੈਦੰਗੀ ਦੀ ਕਾਰ ਵਿਚ ਫਰਕ ਨਹੀਂ ਪਿਆ।

ਭਾਵੇਂ ਬਜ਼ੁਰਗ ਵੈਦ ਜੀ ਸਚਖੰਡ ਜਾ ਵਿਰਾਜੇ ਹਨ ਪਰ ਦੁਕਾਨ ਤੇ ਔਣ ਵਾਲੇ ਆਪ ਦੇ ਪ੍ਰੇਮੀ ਗਾਹਕ ਅਜ ਭੀ ਉਸੇ ਤਰਾਂ ਮਾਨ ਆਦਰ ਵਲੋਂ ਕ੍ਰਿਤ ਕ੍ਰਿਤ ਪਏ ਹੁੰਦੇ ਤੇ ਅਵੱਸ ਮੂੰਹੋਂ ਕਹੇ ਬਿਨਾ ਨਹੀਂ ਰਹਿ ਸਕਦੇ ਕਿ

"ਇਸ ਨੌਜਵਾਨ ਵੈਦ ਵਿਚ ਸਚਮੁਚ ਹੀ ਬਜ਼ੁਰਗ ਵੈਦ ਜੀ ਦੀ ਪਵਿਤ੍ਰ ਆਤਮਾ ਪ੍ਰਗਟ ਕੰਮ ਕਰ ਰਹੀ ਹੈ।"

ਸ੍ਰ: ਤ੍ਰਿਲੋਕ ਸਿੰਘ ਜੀ ਦਾ ਦਿਮਾਗ ਡਾਢਾ ਸਾਫ, ਤੇਜ਼, ਦੂਰ ਦੀ ਸੋਝੀ ਵਾਲਾ ਤੇ ਤੁਰਤ ਅਨਭਵ ਕਰਨ ਵਾਲਾ ਹੈ। ਪਿਤਾ ਜੀ ਵਾਂਗ ਆਪ ਦਾ ਸੁਭਾਵ ਭੀ ਮਿੱਤ੍ਰਾਂ ਦੇ ਅਵਗੁਣਾਂ ਨੂੰ ਮੂੰਹ ਉੱਤੇ ਸੁਝਾ ਦੇਣ ਦਾ ਹੈ। ਫੋਕੀ ਖੁਸ਼ਾਮਦ ਤੋਂ ਦੂਰ, ਆਪ ਅਮਲੀ ਪਿਆਰ ਤੇ ਮਦਦ ਕਰਨ ਵਾਲੇ ਗੁਣ ਉਵੇਂ ਹੀ ਰੱਖਦੇ ਹਨ।



Digitized by Panjab Digital Library | www.panjabdigilib.org

ਅਖਬਾਰਾਂ ਰਸਾਲਿਆਂ ਵਿਚ ਟਾਵੇਂ ਟਾਵੇਂ ਲੇਖ ਪ੍ਰਕਾਸ਼ਤ ਕਰਵਾਣ ਤੋਂ ਬਿਨਾਂ ਆਪ ਨੇ ਹੁਣ ਤਕ ਇੰਗਲਿਸ਼ ਟੀਚਰ, ਨਾਰੀ ਸਿਖਯਾ, ਸਹੁਰਾ-ਘਰ, ਪੇਕਾ ਘਰ, ਦੰਪਤੀ ਸਿਖਯਾ ਤੇ ਗੁੱਝੇ ਭੇਦ ਆਦਿਕ ਅਨੇਕ ਡਾਢੀਆਂ ਲਾਭਵੰਦੀਆਂ ਪੁਸਤਕਾਂ ਲਿਖ ਕੇ ਪ੍ਰਕਾਸ਼ਤ ਕਰਾਈਆਂ ਹਨ। ਜਿਨ੍ਹਾਂ ਦਾ ਜ਼ਿਕਰ ਅਸੀਂ ਪਿਛਲੇ ਪੱਤ੍ਰਿਆਂ ਵਿਚ ਕਰ ਆਏ ਹਾਂ,ਤੇ ਜਿਨ੍ਹਾਂ ਬਾਰੇ ਕੁਛ ਕੁ ਮੰਨੇ ਪ੍ਰਮੰਨੇ ਵਿਦਵਾਨਾਂ ਦੀਆਂ ਰਾਵਾਂ ਭੀ ਸਫਾ ੫੫੩ ਪ੫੬ ਤੇ ਦਰਜ ਹਨ।

ਸ੍ਰ: ਤ੍ਰਿਲੋਕ ਸਿੰਘ ਜੀ ਦੇ ਇਕ ਸਪੁਤ੍ਰ ਤੇ ਤਿੰਨ ਸਪੁਤ੍ਰੀਆਂ ਹਨ। ਸਪੁਤ੍ਰ ਦਾ ਨਾਮ ਕਾਕਾ ਹਰਚਰਨ ਸਿੰਘ ਤੇ ਜਨਮ ੧੪-੭-੩੦ ਦਾ ਹੈ।

## ੨. ਡਾਕਟਰ ਹਰਿਭਜਨ ਸਿੰਘ ਜੀ

ਆਪ ਵੈਦ ਜੀ ਦੇ ਦੂਜੇ ਸਪੁੱਤ੍ਰ ਹਨ ਤੇ ਆਪ ਦਾ ਜਨਮ ੧੮ ਮਈ ੧੯੧੧ ਦਾ ਹੈ। ਆਪ ਡਾਢੇ ਮਿਲਨ ਸਾਰ, ਮਿਠ ਬੋਲੇ, ਪਰ ਸਾਫ ਆਖ ਦੇਣ ਵਾਲੇ, ਦੂਰੰਦੇਸ਼ ਤੇ ਦੂਸਰੇ ਦਾ ਦੁਖ ਅਨੁਭਵ ਕਰ ਮਦਦ ਕਰਨ ਵਾਲੇ ਹਨ।

ਛੋਟੇ ਹੁੰਦਿਆਂ ਤੋਂ ਹੀ ਆਪ ਨੂੰ ਧਾਰਮਕ ਤੇ ਰਾਜਸੀ ਕਾਰਜਾਂ ਵਿਚ ਹਿੱਸਾ ਲੈਣ ਦੀ ਲਗਨ ਹੈ। ਇਸੇ ਲਗਨ ਵਿਚ ਆਪ ਆਗਰੇ ਡਾਕਟਰੀ ਦੀ ਪੜ੍ਹਾਈ ਕਰਨ ਗਏ ਹੋਏ ਭੀ ਸ੍ਰੀ ਗੁਰੂ ਸਿੰਘ ਸਭਾ ਆਗਰਾ ਦੇ ਸਕੱਤ੍ਰ ਰਹਿ ਯੂ. ਪੀ. ਵਿਚ ਪ੍ਰਚਾਰ ਦੀ ਸੇਵਾ ਕਰਦੇ ਰਹੇ ਹਨ।

ਆਗਰਾ (ਯੂ. ਪੀ.) ਤੋਂ ਡਾਕਟਰੀ ਪਾਸ ਕਰਨ ਉਪ੍ਰੰਤ ਆਪ ਸਰਕਾਰੀ ਖਰਚ ਤੇ ਕਲਕੱਤੇ ਤੋਂ Postgraduate in Tuberculosis ਅਥਵਾ ਤਪਦਿੱਕ ਦੇ ਸਪੈਸ਼ਲਿਸਟ ਭੀ ਹੋ ਆਏ ਹੋਏ ਹਨ, ਅਤੇ ਅਜ ਕਲ ਚਾਵਲ ਮੰਡੀ, ਸ੍ਰੀ ਅੰਮ੍ਰਿਤਸਰ ਵਿਚ ਆਪਣੀ ਸੁਤੰਤ੍ਰ ਪ੍ਰਾਈਵੇਟ ਪ੍ਰੈਕਟਿਸ ਕਰ ਰਹੇ ਹਨ।

ਆਪ ਨੂੰ ਐਲੋਪੈਥੀ ਅਥਵਾ ਡਾਕਟਰੀ ਦੇ ਨਾਲ ਹੀ ਆਯੁਰ-ਵੈਦਿਕ ਦਾ ਭੀ ਬੜਾ ਸ਼ੌਕ ਹੈ ਤੇ ਕਿਸੇ ਦਿਨ ਨੂੰ ਆਪਣੀਆਂ ਆਯੁਰਵੈਦਿਕ



Digitized by Panjab Digital Library | www.panjabdigilib.org

ਦਵਾਈਆਂ, ਡਾਕਟਰੀ ਦਵਾਈਆਂ ਨਾਲੋਂ ਬਹੁਤ ਉਚੀਆਂ ਹੋਈਆਂ ਦੇਖਣ ਦੀ ਆਸ ਰਖਦੇ ਹਨ। ਇਸੇ ਕਰ ਕੇ ਹੀ ਆਪ ਆਪਣੀ ਪ੍ਰੈਕਟਿਸ ਵਿਚ ਡਾਕਟਰੀ ਦਵਾਈਆਂ ਨਾਲ ਵੈਦ ਜੀ ਦੀਆਂ ਸ੍ਵਦੇਸ਼ੀ ਦਵਾਈਆਂ ਦਾ ਵਰਤਾਰਾ ਭੀ ਰਖਦੇ ਹਨ।

## ੩. ਡਾਕਟਰ ਜਗਜੀਤ ਸਿੰਘ ਜੀ

ਡਾਕਟਰ ਜਗਜੀਤ ਸਿੰਘ ਜੀ ਐਮ. ਬੀ. ਬੀ. ਐਸ. ਦਾ ਜਨਮ ੨੯ ਅਪ੍ਰੈਲ ੧੯੧੩ ਦਾ ਹੈ। ਐਮ. ਬੀ. ਬੀ. ਐਸ. ਦੀ ਡਿਗਰੀ ਪ੍ਰਾਪਤ ਕਰਨ ਪਿਛੋਂ ਆਪ ਮੇਓ ਹਸਪਤਾਲ ਲਾਹੌਰ ਵਿਚ ਹਾਊਸ ਫਿਜ਼ੀਸ਼ਨ ਲੱਗੇ, ਉਪ੍ਰੰਤ 'ਲੇਡੀ ਇਰਵਿਨ ਸੈਨੇਟੋਰੀਅਮ, ਸਨਾਵਰ, ਸ਼ਿਮਲਾ ਹਿਲਜ਼' ਵਿਚ ਭੀ ਲੱਗੇ ਰਹੇ ਹਨ ਅਤੇ ਹੁਣ ਰਾਇ ਬਹਾਦਰ ਗੁੱਜਰ ਮੱਲ ਸੈਨੇਟੋਰੀਅਮ (ਤਪਦਿੱਕ ਦੇ ਹਸਪਤਾਲ) ਅੰਮ੍ਰਿਤਸਰ ਦੇ ਇਨਚਾਰਜ ਡਾਕਟਰ ਨੀਯਤ ਹੋ ਕੇ ਕੰਮ ਕਰ ਰਹੇ ਹਨ।

ਸ੍ਰ: ਜਗਜੀਤ ਸਿੰਘ ਜੀ ਸੁਹਣੇ ਵਿਦਵਾਨ ਤੇ ਉਤਸ਼ਾਹੀ ਸੁੰਦਰ ਜੁਆਨ ਹਨ। ਇਤਿਹਾਸਕ ਖੋਜ ਦਾ ਆਪ ਨੂੰ ਖਾਸ ਸ਼ੌਕ ਹੈ। ਧਾਰਮਕ ਵਿਦਿਆ ਤੇ ਪੁਸਤਕ ਲਿਖਣ ਵਲ ਸੁਹਣੀ ਰੁਚੀ ਹੈ। ਯੂਨੀਵਰਿਸਟੀ ਸਿਖ ਐਸੋਸੀਏਸ਼ਨ ਲਾਹੌਰ ਦੇ ਸਕੱਤ੍ਰ ਭੀ ਰਹੇ ਹਨ। 'ਸੰਖੇਪ ਇਤਿਹਾਸ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ' ਅਤੇ 'ਟੈਂਪਲ ਆਫ ਸਪਿਰਚਊਐਟਲੀ' (ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਇਤਿਹਾਸ) ਅੰਗ੍ਰੇਜ਼ੀ ਵਿਚ ਚੰਗਾ ਮਾਨ ਤੇ ਇਨਾਮ ਪ੍ਰਾਪਤ ਕਰ ਚੁਕੀਆਂ ਪੁਸਤਕਾਂ ਆਪ ਦੀ ਹੀ ਲਿਖਤ ਹਨ, ਜਿਨ੍ਹਾਂ ਦਾ ਜ਼ਿਕਰ ਪਿੱਛੇ ਆ ਚੁਕਾ ਹੈ। ਇਹ ਆਪ ਦੇ ਇਤਿਹਾਸਕ ਖੋਜ ਦੇ ਨਮੂਨੇ ਹਨ। ਆਪਦੀ ਪੁਸਤਕ 'ਇਤਹਾਸ ਸਿੰਘ ਸਭਾ ਲਹਿਰ' ਭੀ ਇਕ ਕਮਾਲ ਦੀ ਪੜ੍ਹਨ ਤੇ ਵਿਚਾਰਨ ਯੋਗ ਪਸਤਕ ਹੈ। ਅਖਬਾਰਾਂ ਰਸਾਲਿਆਂ ਵਿਚ ਭੀ ਆਪ ਦੇ ਡਾਢੇ ਖੋਜ ਤੇ ਵਿਚਾਰ ਭਰੇ ਲੇਖ ਨਿਕਲਦੇ ਰਹਿੰਦੇ ਹਨ।



Digitized by Panjab Digital Library | www.panjabdigilib.org

## ੪. ਸ੍ਰ: ਅਰਿਦਮਨ ਸਿੰਘ

ਚੌਥੇ ਸਪੁਤ੍ਰ ਸਰਦਾਰ ਅਰਿਦਮਨ ਸਿੰਘ ਦਾ ਜਨਮ ੨੫ ਸਤੰਬਰ ੧੯੧੮ ਦਾ ਹੈ। ਆਪ ਅਜ ਕਲ ਲਖਨਊ ਯੂਨੀਵਰਸਟੀ ਵਿਚ ਪੜ੍ਹ ਰਹੇ ਹਨ ਤੇ੧੯੪੦ ਵਿਚ ਐਮ. ਏ., ਐਲ. ਐਲ. ਬੀ. ਦੀ ਡਿਗਰੀ ਪ੍ਰਾਪਤ ਕਰ ਲੈਣਗੇ।

ਆਪ ਡਾਢੇ ਹੀ ਸੁਹਲ ਸੁਭਾ ਦੇ ਥਿੰਕਰ ਤੇ ਫਿਲਾਸਫਰ ਹਨ। ਕੁਦਰਤ ਦੀ ਹਰ ਚੀਜ਼ ਨੂੰ ਡਾਢੇ ਗਹੁ ਤੇ ਡੂੰਘੀ ਵਿਚਾਰ ਨਾਲ ਵੇਖਣ ਦਾ ਆਪ ਦਾ ਸੁਭਾਵ ਹੀ ਹੋ ਗਿਆ ਹੈ। ਵਿਦਿਆ ਵਲ ਆਪ ਦਾ ਖ਼ਾਸ ਝੁਕਾਉ ਹੈ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਐਫ.ਏ. ਦੀ ਪੜ੍ਹਾਈ ਕਰਦਿਆਂ ਆਪ ਨੇ ਭਾਈ ਦਿਤ ਸਿੰਘ ਗਿਆਨੀ ਦਾ ਜੀਵਨ ਲਿਖਕੇ ੫੧) ਰੁਪਏ ਦਾ ਇਨਾਮ ਪ੍ਰਾਪਤ ਕੀਤਾ ਸੀ।

## ੫. ਗਿਆਨੀ ਸੁਖਬੀਰ ਸਿੰਘ

ਗਿਆਨੀ ਜੀ ਸਭ ਤੋਂ ਛੋਟੇ ਹਨ। ਜਨਮ ੮-੧੨-੨੦ ਦਾ ਹੈ। ਵੈਦ ਜੀ ਦਾ ਖਿਆਲ ਇਨ੍ਹਾਂ ਨੂੰ ਵੈਦਕ ਵਿਦਿਆ ਵਿਚ ਨਿਪੁਨ ਕਰਾਨ ਦਾ ਸੀ। ਇਸੇ ਲਈ ਮੁਢ ਤੋਂ ਹੀ ਵੈਦਕ ਦੀ ਉਚ ਵਿਦਿਆ ਪ੍ਰਾਪਤੀ ਦੀ ਤਿਆਰੀ ਕਰ ਰਹੇ ਹਨ।

ਆਪ ਦੀ ਤੀਖਣ ਤੇ ਸੂਛ ਬੁਧੀ ਇਥੋਂ ਹੀ ਜਾਣੀ ਜਾ ਸਕਦੀ ਹੈ ਕਿ ਪੰਜਾਬ ਭਰ ਵਿਚੋਂ ਛੋਟੀ ਉਮਰ ਵਿਚ ਆਪ ਨੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਗਿਆਨੀ ਤੇ ਮੈਟ੍ਰਿਕ ਪਾਸ ਕਰਨ ਉਪ੍ਰੰਤ ਆਪ ਦੁਕਾਨ ਤੇ ਹੀ ਆਪਣੇ ਪਿਤਾ-ਵੈਦ ਜੀ ਪਾਸੋਂ ਵੈਦਕ ਦੇ ਉੱਚ ਗ੍ਰੰਥ ਪੜ੍ਹਦੇ ਤੇ ਦੁਕਾਨ ਤੇ ਵੈਦ ਜੀ ਨਾਲ ਕੰਮ ਕਰਦੇ ਰਹੇ ਹਨ।

ਵੈਦ ਜੀ ਤੋਂ ਉਪ੍ਰੰਤ ਆਪ ਦੀ ਵੈਦਕ ਦੇ ਸ਼੍ਰੋਮਣੀ ਗ੍ਰੰਥਾਂ ਦੀ ਪੜ੍ਹਾਈ ਉਸੇ ਤਰ੍ਹਾਂ ਜਾਰੀ ਹੈ ਤੇ ਨਾਲ ਹੀ ਦੁਕਾਨ ਤੇ ਆਪਣੇ ਵੱਡੇ



Digitized by Panjab Digital Library | www.panjabdigilib.org

ਭਰਾਤਾ ਸ੍ਰਦਾਰ ਤ੍ਰਿਲੋਕ ਸਿੰਘ ਜੀ ਵੈਦ ਨਾਲ ਕੰਮ ਕਰਦੇ ਹਨ। ਆਪ ਦਾ ਝੁਕਾਉ ਵੈਦਕ ਦੀਆਂ ਡੂੰਘੀਆਂ ਤੇ ਗੋਝ ਖੋਜਾਂ ਦੀ ਵਾਕਫੀ ਪ੍ਰਾਪਤ ਕਰਨ ਵੱਲ ਬਹੁਤ ਹੈ। ਸੁਹਣੇ ਹਸਮੁਖ ਮਿਠ ਬੋਲੇ ਤੇ ਮਿਲਾਪੜੇ ਹਨ।

## ਵੱਡੀ ਸਪੁੱਤ੍ਰੀ

ਵੈਦ ਜੀ ਦੀ ਵੱਡੀ ਸਪੁਤ੍ਰੀ ਬੀਬੀ ਸਤਵੰਤ ਕੌਰ ਜੀ (ਧਰਮ ਪਤਨੀ ਸਰ ਦਾਤਾਰ ਸਿੰਘ ਜੀ ਰਈਸ ਮਿੰਟਗੁਮਰੀ ਜਿਨ੍ਹਾਂ ਦਾ ਜ਼ਿਕਰ ਪਿਛੇ ਸਫਾ ੨੭੮ ਤੇ ਆ ਚੁਕਾ ਹੈ) ਦਾ ਜਨਮ ੨੫ ਅਗਸਤ ੧੯੦੧ ਦਾ ਹੈ। ਸਕੂਲੀ ਵਿਦਿਆ ਭਾਵੇਂ ਬੀਬੀ ਜੀ ਦੀ ਮਿਡਲ ਤਕ ਹੀ ਹੈ ਪਰ ਆਪਣੇ ਨਿਜ ਦੇ ਉੱਦਮ ਦੁਆਰਾ ਬੀਬੀ ਜੀ ਨੇ ਅੰਗ੍ਰੇਜ਼ੀ ਆਦਿ ਵਿਚ ਭੀ ਚੰਗੀ ਯੋਗਤਾ ਪ੍ਰਾਪਤ ਕੀਤੀ ਹੋਈ ਹੈ। ਆਪ ਇੰਗਲੈਂਡ, ਯੂਰਪ ਆਦਿ ਦੇਸ਼ਾਂ ਦੀ ਸੈਰ ਭੀ ਕਰ ਆਏ ਹੋਏ ਹਨ। ਰਾਣੀਆਂ ਮਹਾ-ਰਾਣੀਆਂ ਤੇ ਅੰਗ੍ਰੇਜ਼ ਇਸਤ੍ਰੀਆਂ ਵਿਚ ਮਿਲਦੇ ਹੋਇਆਂ ਭੀ ਬੀਬੀ ਜੀ ਦੇ ਧਾਰਮਿਕ ਖਿਆਲ ਅਡੋਲ ਤੇ ਅਹਿੱਲ ਹਨ।

## ਛੋਟੀ ਸਪੁੱਤ੍ਰੀ

ਬੀਬੀ ਚਤੁਰ ਕੌਰ ਜੀ (ਧਰਮ ਪਤਨੀ ਸ੍ਰ: ਗੁਰਚਰਨ ਸਿੰਘ ਜੀ ਮੈਨੇਜਿੰਗ ਡਾਇਰੈਕਟਰ ਪਾਟਰੀ ਵਰਕਸ ਲਿਮਿਟਿਡ ਦਿੱਲੀ। ਜਿਨ੍ਹਾਂ ਸਬੰਧੀ ਸਫਾ ੪੦੯ ਤੇ ਜ਼ਿਕਰ ਆ ਚੁਕਾ ਹੈ) ਵੈਦ ਜੀ ਦੀ ਛੋਟੀ ਸਪੁੱਤ੍ਰੀ ਹਨ ਅਤੇ ਆਪ ਦਾ ਜਨਮ ੨ ਮਾਰਚ ੧੯੦੬ ਦਾ ਹੈ। ਛੋਟੀ ਉਮਰ ਤੋਂ ਹੀ ਆਪ ਦੇ ਅਥਾਹ ਵਿਦਕ ਪ੍ਰੇਮ ਦਾ ਜ਼ਿਕਰ ਪਿੱਛੇ ਸਿਖ ਐਜੂਕੇਸ਼ਨਲ ਕਾਨਫ੍ਰੰਸਾਂ ਦੇ ਹਾਲ ਨਾਲ ਆ ਚੁਕਾ ਹੈ। ਸ਼ਾਦੀ ਤੋਂ ਪਿਛੋਂ ਅਤੇ ਬੱਚੇ ਬੱਚੀਆਂ ਦੀ ਸੁਯੋਗ ਮਾਤਾ ਜੀ ਹੋ ਕੇ ਭੀ ਆਪ ਦਾ ਇਹ ਸ਼ੌਕ



Digitized by Panjab Digital Library | www.panjabdigilib.org

ਰਤੀ ਭਰ ਘਟ ਨਾ ਹੋਇਆ ਸਗੋਂ ਸਵਾਇਆ ਹੀ ਹੁੰਦਾ ਗਿਆ। ਇਸੇ ਲਗਨ ਵਿਚ ਆਪ ਲੇਡੀ ਇਰਵਿਨ ਕਾਲਜ ਦਿਲੀ ਵਿਚ ਤਿੰਨ ਸਾਲ Domestic Science (ਘਰੋਗੀ ਵਿਦਿਆ) ਸੰਬੰਧੀ ਸਿਖਿਆ ਪ੍ਰਾਪਤ ਕਰਨ ਉਪ੍ਰੰਤ ਉੱਚ ਵਿਦਿਆ ਪ੍ਰਾਪਤੀ ਲਈ ੧੯੩੬ ਵਿਚ ਵਲਾਇਤ ਗਏ ਤੇ ਅਜ ਕਲ ਡੁਮੈਸਟਿਕ ਸਾਇੰਸ ਟ੍ਰੇਨਿੰਗ ਸਕੂਲ ਫਾਰ ਵਿਮੈਨ ਲਾਹੌਰ (ਇਸਤ੍ਰੀਆਂ ਲਈ ਘਰੋਗੀ ਵਿਦਿਆ ਪ੍ਰਾਪਤ ਕਰਨ ਦੇ ਸਰਕਾਰੀ ਸਕੂਲ) ਵਿਚ ਪ੍ਰਿੰਸੀਪਲ ਲਗੇ ਹੋਏ ਹਨ।

ਇਸ ਪੁਸਤਕ ਵਿਚ ਥਾਂ ਥਾਂ ਇਸ ਬੀਬੀ ਜੀ ਦਾ ਨਾਮ ਸ੍ਰ: ਰਾਮ ਸਿੰਘ ਜੀ ਕਾਬਲੀ ਦੀ ਧਰਮ ਪੁਤ੍ਰੀ ਕਰਕੇ ਆਇਆ ਹੈ। ਇਸ ਬਾਰੇ ਏਥੇ ਜ਼ਰਾ ਖੋਲ੍ਹਕੇ ਪ੍ਰਗਟ ਕਰ ਦੇਣਾ ਜ਼ਰੂਰੀ ਜਾਪਦਾ ਹੈ।

ਗੁਰਪੁਰਵਾਸੀ ਵੈਦ ਜੀ ਦਾ ਸ੍ਰ: ਰਾਮ ਸਿੰਘ ਜੀ ਕਾਬਲੀ ਤੇ ਸ੍ਰ: ਆਇਆ ਸਿੰਘ ਜੀ ਜੱਜ (ਕਾਬਲੀ ਜੀ ਦੇ ਸਹੁਰਾ ਸਾਹਿਬ) ਨਾਲ ਮੁਢ ਤੋਂ ਔਣ ਜਾਣ ਤੇ ਘਰੋਗੀ ਪਿਆਰ ਸੀ। ਇਸੇ ਪਿਆਰ ਅਵਸਥਾ ਵਿਚ ਅਨੇਕ ਵਾਰ ਬੱਚੇ ਬੱਚੀਆਂ ਦਾ ਆਪੋ ਵਿਚ ਦੀ ਔਣਾ ਜਾਣਾ ਭੀ ਜ਼ਰੂਰੀ ਸੀ। ਕਾਬਲੀ ਜੀ ਤੇ ਆਪ ਦੀ ਸੁਜਾਨ ਸਿੰਘਣੀ ਸਾਹਿਬਾ ਦਾ ਨਿਕੀ ਜੇਹੀ ਬੀਬੀ ਚਤਰ ਕੌਰ ਨਾਲ ਪਿਆਰ ਹੋ ਗਿਆ, ਉਨ੍ਹਾਂ ਨੂੰ ਇਸ ਬਚੜੀ ਦਾ ਇਕ ਛਿਨ ਭਰ ਭੀ ਜੁਦਾ ਕਰਨਾ ਭਾਰੂ ਪ੍ਰਤੀਤ ਹੋਣ ਲਗਾ। ਫੇਰ ਕੀ ਸੀ ਦੰਪਤੀ ਨੇ ਵੈਦਰਾਜ ਜੀ ਪਾਸ ਬੀਬੀ ਚਤਰ ਕੌਰ ਦੇ ਪ੍ਰੇਮ ਖਿਚ ਬਾਰੇ ਜ਼ਿਕਰ ਕਰਦਿਆਂ ਇਸ ਬਚੜੀ ਨੂੰ ਉਨ੍ਹਾਂ ਪਾਸ ਹੀ ਰਹਿਣ ਦੇਣ ਲਈ ਬੇਨਤੀ ਕੀਤੀ। ਭਾਵੇਂ ਵੈਦ ਜੀ,ਆਪ ਜੀ ਦੇ ਪਿਤਾ ਜੀ ਤੇ ਹੋਰ ਸੰਬੰਧੀ ਇਹ ਨਹੀਂ ਚਾਹੁੰਦੇ ਸਨ ਪਰ ਅਜੇਹੇ ਪ੍ਰੇਮ ਅਗੇ ਇਨਕਾਰ ਕਰਨਾ ਮੁਸ਼ਕਲ ਸੀ, ਫੇਰ ਵੈਦ ਜੀ ਵਰਗੇ ਆਪਾ ਵਾਰਕੇ ਭੀ ਦੂਜੇ ਦਿਲਾਂ ਨੂੰ ਪ੍ਰਸੰਨ ਕਰਨ ਵਾਲੇ ਕੋਮਲ ਹਿਰਦੀ ਤੇ ਦਯਾਵਾਨ ਵਾਸਤੇ ! ਇਸਤਰ੍ਹਾਂ ਕੋਈ ਛੇ ਕੁ ਸਾਲ ਦੀ ਉਮਰ ਤੋਂ ਹੀ ਇਸ ਬੀਬੀ ਨੂੰ ਕਾਬਲੀ ਜੀ ਦੀ ਧਰਮ ਪਤਨੀ ਨੇ ਗੋਦੀ ਪਾ ਲਿਆ ਤੇ ਆਪਣੇ ਪਾਸ ਰਖਿਆ।



Digitized by Panjab Digital Library | www.panjabdigilib.org

ਇਸਤਰਾਂ ਵੈਦ ਜੀ ਨੇ ਜਿਥੇ ਸਪੁਤ੍ਰਾਂ ਨੂੰ ਸਿਆਣੇ ਵਿਦਵਾਨ ਤੇ ਯੋਗ ਬਣਾਇਆ, ਓਥੇ ਸਪੁਤ੍ਰੀਆਂ ਨੂੰ ਭੀ ਪਿਛੇ ਨਹੀਂ ਰਖਿਆ। ਵਿਦਵਾਨ ਬਣੌਣ ਦੇ ਨਾਲ ਹੀ ਹਰ ਇਕ ਲਈ ਜੀਵਨ ਸਾਥੀ ਚੁਣਨ ਵਿਚ ਭੀ ਆਪ ਨੇ ਕਮਾਲ ਦੀ ਵਿਚਾਰ ਤੇ ਦੂਰੰਦੇਸ਼ੀ ਤੋਂ ਕੰਮ ਲਿਆ।

ਇਸ ਨੂੰ ਆਖਦੇ ਹਨ ਸੰਤਾਨ ਦਾ ਲਾਇਕ ਬਣੌਣਾ ॥



Digitized by Panjab Digital Library | www.panjabdigilib.org

ਅਖੀਆਂ ਰੋਵਣ ਮਨ ਪਏ ਤੜਪਣ, ਦਿਲ ਪਏ ਹੌਕੇ ਭਰਦੇ !
ਬੱਚੇ, ਬੁੱਢੇ, ਨਰ ਤੇ ਨਾਰੀ, ਰੁਦਨ 'ਮੋਹਨ' ਲਈ ਕਰਦੇ !
ਇਹੋ ਇਨ੍ਹਾਂ ਨੂੰ ਪਤਾ ਨਹੀਂ ਕੇ ਦੇਸ਼ ਕੌਮ ਦੇ ਸੇਵਕ,
ਜਦ ਤਕ ਚੰਦ੍ਰ ਸੂਰ ਤੇ ਤਾਰੇ, ਤਦੋਂ ਤੀਕ ਨਹਿੰ ਮਰਦੇ !

ਮੌਤੇ ! ਆਕੇ ਆਈ ਉਤੇ, ਰੱਜ ਰੱਜ ਕਰ ਲੈ ਕਾਰੇ !
ਜਿੱਨੇ ਦਿਲ ਆਉਂਦੇ ਨੀ ਤੇਰੇ ਤੋੜ ਅੰਬਰ ਤੋਂ ਤਾਰੇ !
ਐਪਰ ਤੈਥੋਂ ਨਾਉਂ ਉਨ੍ਹਾਂ ਦਾ ਜ਼ੋਰ ਲਾਯਾਂ ਨਹੀਂ ਮਿਟਣਾ,
ਜਿਨ੍ਹਾਂ ਨੇ ਸਾਹਿਤ ਦੇਸ਼, ਕੌਮ ਹਿਤ, ਤਨ ਮਨ ਤੇ ਧਨ ਵਾਰੇ !

[ਸ੍ਰ: ਸਾਧੂ ਸਿੰਘ ਜੀ 'ਹਮਦਰਦ'-ਵਿਹਾਰ ਸੁਧਾਰ]



Digitized by Panjab Digital Library | www.panjabdigilib.org

# ਹਮਦਰਦੀ-ਅਫਸੋਸ

ਸਦਾ ਜਿਉਂਦੇ ਨੇ ਦੁਨੀਆ ਤੇ ਜੋ ਪਰਉਪਕਾਰ ਕਰਦੇ ਨੇ !
ਜੁ ਪਰਉਪਕਾਰ ਕਰਦੇ ਨੇ ਉਹ ਮਰਕੇ ਭੀ ਨ ਮਰਦੇ ਨੇ !
ਦਿਲਾ ! ਕਿਉਂ ਝੂਰਦਾ ਏਂ, ਮੂਰਖਾ ! ਮੂਰਖਪਨਾ ਤੇਰਾ,
ਅਮਰ ਹੋਯੇ ਜਿਨ੍ਹਾਂ ਨੂੰ ਛੂ, ਭਲਾ ਉਹ ਸੰਤ ਮਰਦੇ ਨੇ ?

ਬਦਲ ਚੋਲਾ ਸਰੀਰੀ ਉਹ ਪਿਆਰੇ ਨਾਲ ਮਿਲ ਬੈਠੇ,
ਸੁਤੰਤਰ ਹੋ ਗਏ 'ਦੁਖੀ' ਅਗਜਾਨੀ ਕਹਿਣ 'ਮਰਦੇ ਨੇ' !
ਜੁ ਆਪਣੇ ਘਰ ਗਏ ਰੋਣਾ ਉਨ੍ਹਾਂ ਗੁਰਮੁਖ ਵੀਰਾਂ ਕੀ,
ਸਿਆਪਾ ਕਰ, ਉਨ੍ਹਾਂ ਨੂੰ ਰੋ, ਜੁ ਇਸ ਜੀਵਨ ਨੂੰ ਮਰਦੇ ਨੇ !

'ਦੁਖੀ'

ਹਮਦਰਦੀ ਜਾਂ ਅਫਸੋਸ ਦੋ ਤਰ੍ਹਾਂ ਦਾ ਕਿਹਾ ਜਾ ਸਕਦਾ ਹੈ। ਇਕ ਰਸਮੀ-ਰਵਾਜੀ ਤੇ ਦੂਜਾ ਨਿਜੀ ਜਾਂ ਅਸਲੀ।

ਜਦ ਕੋਈ ਚਲਾਣਾ ਕਰ ਜਾਵੇ ਤਾਂ ਆਮ ਰਵਾਜ ਮੂਜਬ ਸਾਕ ਸੰਬੰਧੀ ਰਿਸ਼ਤੇਦਾਰ ਦੇ ਵਾਕਫਕਾਰ ਸ਼ੋਕ ਪ੍ਰਗਟ ਕਰਨ ਵਾਸਤੇ ਆਉਂਦੇ ਤੇ ਦੂਰ ਬੈਠੇ ਚਿਠੀਆਂ ਤੇ ਤਾਰਾਂ ਰਾਹੀਂ ਸ਼ੋਕ ਪ੍ਰਗਟ ਕਰਦੇ ਹਨ।

ਦੂਜਾ ਰੋਣ ਹੈ ਦੁਖ ਦਾ, ਦਰਦ ਦਾ, ਸਚਮੁਚ ਸੰਬੰਧ ਦਾ, ਮਰਨਹਾਰ ਦੇ ਆਸਰੇ ਤੇ ਪਿਆਰ ਦਾ, ਉਸਦੇ ਗੁਣਾਂ ਦਾ ਦਿਲ ਉਤੇ ਅਸਰ ਕਰਨ ਦੇ ਖੂਨੀ ਉਬਾਲ ਦਾ।

ਸੱਚਾ ਰੋਣਾ, ਨਿਜੀ ਦੁਖ ਦਾ ਰੋਣਾ, ਆਪਣੇ ਵਸ ਤੋਂ ਬਾਹਰ ਦੀ ਗਲ ਹੈ। ਇਸ ਵਿਚ ਕੋਈ ਬਨਾਵਟ ਨਹੀਂ,ਸਗੋਂ ਅੰਦਰੋਂ ਦੁਖ ਦੇ ਸੋਮੇ ਫੁਟ ਪੈਂਦੇ ਹਨ, ਰੋਣ ਦੇ ਦਰਿਆ ਵਗ ਤੁਰਦੇ ਹਨ। ਮਰਨ ਹਾਰ ਦੇ ਪਿਆਰ, ਹਮਦਰਦੀ, ਗੁਣ ਤੇ ਆਸਰੇ ਦਾ ਵਿਛੋੜਾ ਅਨਭਵ ਹੁੰਦਿਆਂ ਹੀ



Digitized by Panjab Digital Library | www.panjabdigilib.org

ਕਲੇਜਾ ਪਾਟਣ ਲਗ ਪੈਂਦਾ ਹੈ। ਦੁਖਾਂ ਦੇ ਪਹਾੜ ਢੈ ਪੈਂਦੇ ਹਨ, ਕਸ਼ਟਾਂ ਦੇ ਸਮੁੰਦਰ ਸੋਹੇਂ ਠਾਠਾਂ ਮਾਰਦੇ ਨਜ਼ਰ ਆਉਂਦੇ ਹਨ। ਰੋਣ ਤਾਂ ਆਪੇ ਆਉਣਾ ਹੋਇਆ। ਭੁਬਾਂ ਤਾਂ ਨਿਕਲਨੀਆਂ ਹੀ ਹੋਈਆਂ। ਇਸ ਨੂੰ ਆਖਦੇ ਹਨ ਨਿਜੀ ਦੁਖ, ਅਸਲੀ ਦੁਖ ਤੇ ਅਸਲੀ ਰੋਣਾ।

ਮੋਹ ਮਾਯਾ ਤੇ ਲਾਲਚ ਵਿਚ ਫਸੇ ਬੰਦੇ ਵਾਸਤਵ ਵਿਚ ਆਪਣੇ ਆਪਣੇ ਸੁਖਾਂ ਨੂੰ ਤਕ ਕੇ ਹੀ ਰੋਂਦੇ ਹਨ ਨਹੀਂ ਤਾਂ–

'ਸੰਤ ਮੂਏ ਕਿਆ ਰੋਈਐ ਜੋ ਅਪਨੇ ਗ੍ਰਿਹਿ ਜਾਇ'

ਮਹਾਂ ਵਾਕ ਅਨੁਸਾਰ ਉਹ ਤਾਂ ਆਪਣੇ ਅਸਲੀ ਘਰ ਨੂੰ ਜਾਂਦੇ ਹਨ ਉਨ੍ਹਾਂ ਨੂੰ ਕਿਉਂ ਰੋਣਾ ਹੈ ? ਹਾਂ ! ਰੋਣਾ ਚਾਹੀਦਾ ਹੈ, ਅਫਸੋਸ ਕਰਨਾ ਚਾਹੀਦਾ ਹੈ, ਸਾਕਤਾਂ ਤੇ ਲਿਵ ਛੁਟਕਿਆਂ ਤੇ, ਟੁਟਿਆਂ ਹੋਇਆਂ ਤੇ, ਜੋ ਜੂਨਾਂ ਵਿਚ ਦਰ ਦਰ ਪਏ ਧੱਕੇ ਖਾਂਦੇ ਹਨ।

"ਰੋਵਹੁ ਸਾਕਤ ਬਾਪੁਰੇ, ਜੋ ਹਾਟੈ ਹਾਟਿ ਬਿਕਾਇ"।

ਪਰ ਇਹ ਰੋਣ ਕੋਈ ਵੱਸ ਦਾ ਨਹੀਂ, ਸਗੋਂ ਮਲੋ-ਜੋਰੀ ਦਾ, ਪਰ-ਵੱਸ ਦਾ ਤੇ ਦਿਲੀ ਦੁਖ ਦਾ ਰੋਣ ਹੁੰਦਾ ਹੈ। ਮਰਨ ਹਾਰ ਦੇ ਗੁਣਾਂ ਦਾ ਪ੍ਰਭਾਵ, ਉਸ ਦੇ ਉਪਕਾਰਾਂ ਦਾ ਖਿਆਲ, ਉਸ ਦੀ ਮਦਦ ਤੇ ਆਸਰੇ ਆਦਿ ਦੇ ਅਨੁਭਵ ਨਾਲ ਵਰਤਣ ਵਾਲਿਆਂ ਨੂੰ, ਵਾਹ ਪਿਆਂ ਨੂੰ, ਰੁਆਏ ਬਿਨਾਂ ਨਹੀਂ ਛਡਦਾ, ਚੀਕਾਂ ਕਢਾਏ ਬਿਨਾਂ ਨਹੀਂ ਛਡਦਾ ਤੇ ਡਾਡਾਂ ਮਾਰ ਮਾਰ ਤੜਫਾਏ ਬਿਨਾਂ ਨਹੀਂ ਛਡਦਾ।

'ਵਿਛੁੜਨ' ਦੀ ਖਬਰ ਸੁਣਦਿਆਂ ਹੀ ਵਾਕਫਕਾਰਾਂ ਦੇ ਹਿਰਦਿਆਂ ਤੇ ਪਹਿਲਾਂ ਤਾਂ ਸਮੁੱਚੇ ਤੌਰ ਤੇ ਵਦਾਣ ਵਰਗੀ ਅਚਨ ਚੇਤੀ ਸੱਟ ਵਜਦੀ ਤੇ ਬੇ ਹਾਲ ਕਰ ਦਿੰਦੀ ਹੈ, ਉਸ ਦੀਆਂ ਵਿਚਾਰ ਸ਼ਕਤੀਆਂ ਗੁੰਮ ਹੋ ਜਾਂਦੀਆਂ ਤੇ ਸੁਰਤ ਭੌਰ ਭੌਰ ਜੇਹੀ ਹੈਰਾਨ ਪਰੇਸ਼ਾਨ ਹੋ ਜਾਂਦੀ ਹੈ। ਫੇਰ ਸਮੇਂ ਦੀ ਮਲ੍ਹਮ ਨਾਲ ਹੌਲੀ ਹੌਲੀ ਸ਼ਾਂਤੀ ਹੁੰਦੀ ਹੈ ਤੇ ਵਿਛੁੜਨ ਹਾਰ ਦੇ ਗੁਣ ਇਕੱਲੇ ਇਕੱਲੇ ਹੋ ਕੇ ਸਿਨੇਮੇ ਵਾਂਗ ਅੱਖਾਂ ਅੱਗੇ ਆਉਣੇ ਸ਼ੁਰੂ ਹੁੰਦੇ ਹਨ। ਵਿਛੁੜਨ ਹਾਰ ਦੇ ਗੁਣ ਤੇ ਉਨ੍ਹਾਂ ਗੁਣਾਂ ਦਾ ਆਪਣੇ ਸੁਖ ਨਾਲ



Digitized by Panjab Digital Library | www.panjabdigilib.org

ਸੰਬੰਧ ਯਾਦ ਕਰ ਕਰ ਕੇ ਅਫ਼ਸੋਸ ਦੁਖ ਤੇ ਰੋਣ ਆ ਜਾਂਦਾ ਹੈ। ਅਚਾਨਕ ਵਿਛੋੜੇ ਦਾ ਦੁਖ ਤਾਂ ਸਮੇਂ ਦੀ ਚਾਲ ਨਾਲ ਹਟ ਜਾਂਦਾ ਹੈ, ਪਰ ਮਰਨ ਹਾਰ ਦੇ ਗੁਣਾਂ ਦਾ ਗਹਿਰਾ ਨਕਸ਼ਾ ਮਨਾਂ ਉਤੇ ਉਕਰਿਆ ਹੋਇਆ ਸਦਾ ਲਈ ਕਾਇਮ ਰਹਿ ਜਾਂਦਾ ਹੈ। ਪੁਸਤਕ ਦੇ ਵਰਕੇ ਪੜ੍ਹਨ ਵਾਂਗ ਮਰਨ ਹਾਰ ਦੇ ਵਾਕਫ ਸੰਬੰਧੀ ਸੱਜਣ ਮਿਤ੍ਰ ਜਾਂ ਹੋਰ ਜਿਨ੍ਹਾਂ ਨਾਲ ਕਦੇ ਕਿਸੇ ਤਰ੍ਹਾਂ ਦਾ ਵਾਹ ਪਿਆ ਹੁੰਦਾ ਹੈ, ਉਹ ਉਸ ਦੇ ਗੁਣਾਂ ਨੂੰ ਕਾਗਜ਼ ਦੀ ਛਾਤੀ ਤੇ ਚਿਪਕਾ ਕੇ ਸੰਸਾਰ ਅੱਗੇ ਰੱਖਦੇ ਹਨ, ਜਿਸ ਤੋਂ ਨਾਵਾਕਫ ਅਗਜਾਤ ਜਗਿਆਸੂ ਢੂੰਡਾਊ ਪ੍ਰੇਮੀਆਂ ਨੂੰ ਜੀਵਣ ਰਾਹ ਦਾ ਸੁਹਣਾ ਸਰਲ ਤੇ ਸਾਫ ਅਕੰਟਕ ਰਸਤਾ ਲਭ ਪੈਣ ਦਾ ਲਾਭ ਹੋ ਜਾਂਦਾ ਹੈ।

ਅਸਲ ਵਿਚ ਕਿਸੇ ਚਲਾਣਾ ਕਰ ਗਏ ਨੂੰ ਰੋਣਾ ਤਾਂ ਕਮਜ਼ੋਰੀ ਹੈ। ਸਾਡੇ ਲਾਲਚੀ ਖੁਦ ਪਸੰਦ ਹਿਰਦੇ ਆਪਣੇ ਹੀ ਲਾਲਚ ਲਈ ਦੁਖੀ ਹੁੰਦੇ ਤੇ ਰੋਂਦੇ ਹਨ, ਨਹੀਂ ਤਾਂ ਉਚ ਜੀਵਣ ਵਾਲੇ ਬੰਦੇ ਉਚ ਜੀਵਣ ਵਾਲਿਆਂ ਦੇ ਵਿਛੜਿਆਂ ਕਦਾਚਿਤ ਰੋਂਦੇ ਨਹੀਂ, ਸਗੋਂ ਵਿਛੜਨ ਹਾਰ ਮਹਾਤਮਾਂ ਦੀ ਛੁਹ ਤੇ ਉਸ ਦੇ ਗੁਣਾਂ ਨੂੰ ਸਿਮਰਨ ਕਰ ਕੇ ਉਚੇ ਹੋ ਜਾਂਦੇ ਹਨ। ਉਸ ਦੀ ਆਤਮਕ ਤੇ ਗੁਣਾਂ ਦੀ ਯਾਦ ਖਿਚ ਕੇ ਵਿਸਮਾਦ ਦਸ਼ਾ ਵਿਚ ਲੈ ਜਾਂਦੇ ਤੇ ਸਮਾਧੀ ਅਵਸਥਾ ਵਿਚ ਇਸਥਿਤ ਕਰ ਦੇਂਦੇ ਹਨ।

ਵੈਦ ਜੀ ਦੇ ਇਸ ਪੰਜ ਭੂਤਕ ਸਰੀਰ ਤਿਆਗਣ ਸਮੇਂ ਬੇ ਸ਼ੱਕ ਬੱਚੇ ਤੇ ਹੋਰ ਕਈ ਸੰਬੰਧੀ ਬਿਹਬਲ ਹੋਏ, ਪਰ ਆਪ ਦੀ ਗੁਰਮੁਖ ਅਰ-ਧੰਗਣੀ (ਜਿਸ੍ਹ ਜਿੰਨਾ ਦੁਖ ਸ਼ਾਇਦ ਹੋਰ ਕੋਈ ਭੀ ਮਹਿਸੂਸ ਨਹੀਂ ਕਰ ਸਕਦਾ) ਤੇ ਹੋਰ ਸੁਚਾਰ ਸੰਬੰਧੀ ਵਿਸਮਾਦ ਦਸ਼ਾ ਵਿਚ ਹੋ ਬੈਠੇ। ਛੇ ਪਹਿਰ ਤਕ ਘਰ ਵਿਚ 'ਵਾਹਿਗੁਰੂ 'ਸਤਿਨਾਮ' ਦੀ ਧੁਨੀ ਨਾਲ ਅਸਚਰਜਤਾ ਛਾਈ ਰਹੀ। ਉੱਚੀਆਂ ਵਿਸਮਾਦੀ ਰੂਹਾਂ ਮਾਨੋਂ ਇਕ ਟਕ ਸਮਾਧੀ ਸਥਿਤ ਬੈਠੀਆਂ ਰਹੀਆਂ ਤੇ ਇਸੇ ਆਤਮਕ ਧੁਨਕਾਰ ਤੇ ਉਚ ਪ੍ਰੇਮ ਫ਼ੁਹਾਰ ਵਿਚ ਮ੍ਰਿਤਕ ਸਰੀਰ ਦਾ ਸਸਕਾਰ ਕਰਾਇਆ ਗਿਆ। ਉਵ ਮੇਰੇ ਜੇਹੇ ਸੰਸਾਰ ਮੋਹ ਮਾਯਾ ਤੇ ਲਾਲਚ ਵਿਚ ਲੀਨ ਬੰਦਿਆਂ ਲਈ ਹੰਝੂਆਂ ਦੇ ਪ੍ਰੇਮ ਸੋਮੇ



Digitized by Panjab Digital Library | www.panjabdigilib.org

ਫੁਟ ਪੈਣੇ ਤਾਂ ਸੁਭਾਵਕ ਗਲ ਹੋਈ। ਆਪ ਦੇ ਗੁਣਾਂ ਦੇ ਪ੍ਰਭਾਵ ਨੇ ਮਾਨੋਂ ਸੰਸਾਰ ਭਰ ਦੇ ਵਾਕਫ ਬੰਦਿਆਂ ਦੇ ਦਿਲਾਂ ਉਤੇ ਵਿਛੜਨ ਵੈਰਾਗ ਦੀ ਬਦਲੀ ਬਰਸਾ ਦਿਤੀ ਤੇ ਉਨ੍ਹਾਂ ਦੇ ਪ੍ਰੇਮ ਪ੍ਰਨਾਲੇ ਅੱਖਾਂ ਰਾਹੀਂ ਵਗ ਤੁਰੇ।

ਵੈਦ ਜੀ ਦੇ ਅਚਾਨਕ ਗੁਰਪੁਰ ਪਯਾਨ ਦੀ ਖਬਰ ਸੁਣਦਿਆਂ ਹੀ ਦੂਰੋਂ ਨੇੜਿਓਂ ਹਮਦਰਦ ਸਾਕ ਅੰਗ ਸੰਬੰਧੀ ਤੇ ਸੱਜਣ ਮਿਤ੍ਰ ਇਕੱਠੇ ਹੋ ਗਏ। ਚਿਠੀਆਂ ਤੇ ਤਾਰਾਂ ਰਾਹੀਂ ਦੁਖ ਤੇ ਹਮਦਰਦੀ ਪ੍ਰਗਟ ਕੀਤੀ।

ਅਸੀਂ ਏਥੇ ਰਸਮੀ ਹਮਦਰਦੀ ਤੇ ਸ਼ੋਕ ਪਤ੍ਰਾਂ ਨੂੰ ਲਾਂਭੇ ਰਖਕੇ ਆਪ ਦੇ ਵਿਛੋੜੇ ਵਿਚ ਨਿਜੀ ਦੁਖ ਭਰੇ ਆਏ ਬੇਅੰਤ ਪਤ੍ਰਾਂ ਵਿਚੋਂ ਕੁਝਕੁ ਚੋਣਵੇਂ ਜ਼ਰੂਰੀ ੨ ਖਿਆਲ ਪਾਠਕਾਂ ਦੀ ਭੇਟਾ ਕਰਦੇ ਹਾਂ, ਇਹ ਭੀ ਇਸ ਲਈ ਕਿ ਪਾਠਕਾਂ ਨੂੰ ਸਪਸ਼ਟ ਹੋ ਜਾਵੇ ਕਿ ਵੈਦ ਜੀ ਦੇ ਜੀਵਨ ਗੁਣਾਂ ਦਾ ਪ੍ਰਭਾਵ ਕਿਸਤਰ੍ਹਾਂ ਬੇਅੰਤ ਬੰਦਿਆਂ ਦੇ ਦਿਲਾਂ ਉਪਰ ਉਕਰਿਆ ਪਿਆ ਹੈ।

ਉਂਞ ਤਾਂ ਅਖਬਾਰਾਂ ਨੇ ਭਾਈ ਸਾਹਿਬ ਦੇ ਵਿਯੋਗ ਵਿਚ ਕਾਲਮਾਂ ਦੇ ਕਾਲਮ ਕਾਲੇ ਕੀਤੇ ਤੇ ਸਭਾ ਸੋਸਾਇਟੀਆਂ ਨੇ ਜਿਨ੍ਹਾਂ ਨੂੰ ਆਪ ਨੇ ਆਪਣੇ ਜੀਵਨ ਵਿਚ ਕਿਸੇ ਨਾ ਕਿਸੇ ਤਰ੍ਹਾਂ ਆਸਰਾ ਦਿਤਾ, ਸ਼ੋਕ ਗੁਰਮਤੇ ਪਾਸ ਕੀਤੇ ਪਰ ਸਾਡਾ ਮਤਲਬ ਏਥੇ ਉਨ੍ਹਾਂ ਵਿਚੋਂ ਕੇਵਲ ਚੁਣਵੇਂ ਬੰਦਿਆਂ ਤੇ ਲੇਖਕਾਂ ਦੇ ਖਿਆਲਾਂ ਰਾਹੀਂ ਵੈਦ ਜੀ ਦੇ ਗੁਣ-ਪ੍ਰਭਾਵ ਦਾ ਪ੍ਰਕਾਸ਼ ਕਰਨ ਦਾ ਹੈ। ਮਤੇ ਇਸ ਨਾਲ ਪ੍ਰੇਮੀ ਪਾਠਕਾਂ ਨੂੰ ਸਹਾਰਾ ਮਿਲੇ ਤੇ ਉਹ ਭੀ ਗੁਣਗ੍ਰਾਹੀ ਹੋ ਸੰਸਾਰ ਉਪਕਾਰ ਦੇ ਰਾਹ ਤੁਰਨ ਵਾਲੇ ਬਣਨ ਦੀ ਕੋਸ਼ਸ਼ ਕਰਨ।

ਅਸੀਂ ਪਿਛੇ ਦਸ ਆਏ ਹਾਂ ਕਿ ਭਾਈ ਸਾਹਿਬ ਜੀ ਕਹਿਣੀ ਕਰਣੀ ਦੇ ਪੂਰੇ ਤੇ ਪੱਕੇ ਸਨ। "ਅਵਰ ਉਪਦੇਸੈ ਆਪ ਨ ਕਰੈ" ਨਾਲ ਔਲਾਦ ਸਾਕ ਸੰਬੰਧੀਆਂ ਆਦਿ ਤੇ ਕਦੇ ਕੋਈ ਅਸਰ ਨਹੀਂ ਪੈਂਦਾ, ਇਹੀ ਕਾਰਣ ਹੁੰਦਾ ਹੈ ਕਿ ਕਹਿਣੀ ਤੇ ਕਰਨੀ ਦੇ ਪਕਿਆਂ ਤੋਂ ਬਿਨਾਂ ਕਚਿਆਂ



Digitized by Panjab Digital Library | www.panjabdigilib.org

ਦੀ ਆਪਣੀ ਹਾਲਤ ਤਾਂ ਭਾਵੇਂ ਕੇਹੋ ਜੇਹੀ ਹੋਵੇ, ਪਰ ਨਿਜੀ ਸਾਥੀ, ਬਾਲ ਬਚੇ ਤੇ ਸੰਬੰਧੀਆਂ ਤੇ ਹਰਗਿਜ਼ ਉਸਦੇ ਸ਼ੁਭ ਉਪਦੇਸ਼ ਦਾ ਅਸਰ ਨਹੀਂ ਪੈਂਦਾ, ਕਿਉਂਕਿ ਕਹਿਣੀ ਨਾਲੋਂ ਕਰਨੀ ਵਧੀਕ ਅਸਰ ਦਾਇਕ ਹੁੰਦੀ ਹੈ।

ਆਮ ਲੋਕ ਚਲਾਣਾ ਕਰਨ ਸਮੇਂ ਹਾਇ ਹਾਇ ਕਰਦੇ ਹੋਏ ਸੰਬੰਧੀ ਵਾਕਫਕਾਰਾਂ ਨੂੰ ਉਪਦੇਸ਼ ਕਰਨਾ ਸ਼ੁਰੂ ਕਰਦੇ ਹਨ ਤੇ ਰੋਂਦੇ ਬਿਲਕਦੇ ਸਰੀਰ ਤਿਆਗਦੇ ਹਨ। ਦਰ ਅਸਲ ਉਨ੍ਹਾਂ ਦਾ ਆਤਮਾਂ ਮਾਯਾ ਮੋਹ ਵਿਚ ਗ੍ਰਸਤ ਹੁੰਦਾ ਹੈ। ਉਪਰੋਂ ਉਹ ਭਾਵੇਂ ਕਿੰਨਾਂ ਉਪਦੇਸ਼ ਕਰਨ ਪਰ ਵਿਚੋਂ ਮੋਹ ਮਾਯਾ ਰੋਗ ਗ੍ਰਸਤ ਹੁੰਦੇ ਹਨ ਜੋ ਅੰਤ ਸਮੇਂ ਕਿਸੇ ਤਰਾਂ ਭੀ ਛੁਪਾ ਨਹੀਂ ਸਕਦੇ, ਪ੍ਰਬਲ ਹੋ ਪ੍ਰਗਟ ਹੋ ਜਾਂਦਾ ਹੈ। ਇਸਤੋਂ ਉਲਟਾ ਜੋ ਗੁਰਮੁਖ ਆਤਮਾ ਪ੍ਰਮਾਤਮਾ ਵਿਚ ਲਿਵਲੀਨ ਹੁੰਦੇ ਹਨ ਉਹ

'ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਅਨੰਦ'

ਅਨੁਭਵ ਕਰਦੇ ਪਿਆਰੇ ਦੀ ਖਿਚ ਵਿਚ ਵਿਲੀਨ ਹਸਦੇ ਅਚਿੰਤੇ ਸਰੀਰ ਰੂਪੀ ਚੋਲਾ ਤਿਆਗਦੇ ਹਨ, ਤੇ ਉਨ੍ਹਾਂ ਦੇ ਅਮਲੀ ਜੀਵਨ ਦਾ ਸਦਕਾ ਸੰਗੀ ਸਾਥੀ ਤੇ ਵਾਕਫਕਾਰ ਭੀ ਉਨ੍ਹਾਂ ਦੇ ਦ੍ਰਿੜਾਏ ਹੋਏ ਜੀਵਨ ਅਭਿਆਸ ਉਤੇ ਸਬਰ ਸ਼ੁਕਰ ਵਿਚ ਵਿਲੀਨ ਮਹਾਂ ਜੋਤ ਵਲ ਖਿੱਚੇ ਜਾਂਦੇ ਹਨ।

ਆਮ ਸੰਸਾਰੀਆਂ ਦੀ ਹਾਲਤ ਨੂੰ ਕੌਣ ਨਹੀਂ ਜਾਣਦਾ, ਪਰ ਵੈਦ ਜੀ ਦੇ ਪ੍ਰਵਾਰ ਵਿਚ, ਜੋ ਆਪ ਦੇ ਪੰਜ ਭੂਤਕ ਚੋਲਾ ਤਿਆਗਣ ਸਮੇਂ ਵਰਤੀ ਉਹ ਆਪਦੇ ਸਪੁਤ੍ਰ ਡਾ:ਹਰਿਭਜਨ ਸਿੰਘ ਜੀ ਵਲੋਂ,ਵਲਾਇਤ ਵਿਚ ਉੱਚਵਿਦਿਆ ਪ੍ਰਾਪਤ ਕਰਨ ਗਈ ਆਪਣੀ ਪਿਆਰੀ ਭੈਣ ਜੀ ਵਲ ਲਿਖੀ ਇਕ ਨਿਜਦੀ ਚਿਠੀਵਿਚੋਂ ਸੁਹਣੀ ਪ੍ਰਗਟ ਹੋ ਸਕਦੀ ਹੈ। ਇਸ ਵਿਚਭਾਈ ਸਾਹਿਬ ਜੀ ਦੀ ਬੀਮਾਰੀ ਤੇ ਗੁਰਪੁਰ ਪਯਾਨ ਸਮੇਂ ਦੀ ਅੰਤਮ ਹਾਲਤ ਉਤੇ ਭੀ ਸੁਹਣਾ ਚਾਨਣਾ ਪੈਂਦਾ ਹੈ। ਚਿਠੀ ਇਸਤਰਾਂ ਹੈ:-



Digitized by Panjab Digital Library | www.panjabdigilib.org

ਤਰਨ ਤਾਰਨ,
੨੬—੧੦—੩੬

ਪ੍ਰੇਮ ਪਿਆਰੀ ਭੈਣ ਜੀਉ !

ਆਸ ਹੈ ਏਸ ਤੋਂ ਪਹਿਲੇ ਲਿਖੀ ਭੈਣ ਜੀ ਵਲੋਂ ਚਿੱਠੀ ਪੁੱਜ ਚੁੱਕੀ ਹੋਵੇਗੀ। ਕੁਝ ਪੇਸ਼ ਨਹੀਂ ਜਾਂਦੀ ਤੇ ਸਿਵਾਏ ਹੌਸਲੇ ਦੇ ਹੋਰ ਕੁਝ ਹੋ ਭੀ ਨਹੀਂ ਸਕਦਾ। ਰੋ ਧੋ ਕੇ ਨਾਂ ਤਾਂ ਅਸੀਂ ਉਨ੍ਹਾਂ ਨੂੰ ਮਿਲ ਸਕਦੇ ਹਾਂ ਤੇ ਨਾ ਹੀ ਆਪਣੀ ਤਬੀਅਤ ਠੀਕ ਕਰ ਸਕਦੇ ਹਾਂ, ਹਾਂ ਉਨ੍ਹਾਂ ਦੀ ਆਤਮਾਂ ਨੂੰ ਜ਼ਰੂਰ ਦੁਖੀ ਕਰ ਸਕਦੇ ਹਾਂ।

ਪਿਤਾ ਜੀ ਹਰਦਵਾਰ ਤੋਂ ੨੭ ਸਤੰਬਰ ਨੂੰ ਏਥੇ ਵਾਪਸ ਆ ਪਹੁੰਚੇ ਸਨ। ਉਥੇ ਤਬੀਅਤ ਕਮਜ਼ੋਰ ਹੋ ਗਈ ਸੀ। ਤਾਰ ਆਵਨ ਤੇ ਵੀਰ ਤ੍ਰਿਲੋਕ ਸਿੰਘ ਜੀ ਤੇ ਤਾਇਆ ਜੀ ਹਰਦਵਾਰ ਚਲੇ ਗਏ ਤੇ ਨਾਲ ਹੀ ਲੈ ਆਏ। ਏਥੇ ਆਕੇ ਦਿਨ ਬਦਿਨ ਤਬੀਅਤ ਠੀਕ ਹੁੰਦੀ ਜਾ ਰਹੀ ਸੀ ਤੇ ਆਸ ਸੀ ਕਿ ਠੀਕ ਹੋ ਜਾਵੇਗੀ, ਪਰ ੩ ਅਕਤੂਬਰ ਨੂੰ ਸਵੇਰੇ ਚਾਰ ਬਜੇ ਅਚਾਨਕ ਤਬੀਅਤ ਕੁਝ ਖਰਾਬ ਹੋ ਗਈ, ਪਰ ਦਵਾਈ ਆਦਿ ਨਾਲ ਕੁਝ ਠੀਕ ਹੋਣ ਤੇ ਆਸ ਬੱਝ ਗਈ ਕਿ ਸ਼ਾਇਦ ਪਲਟਾ ਖਾ ਜਾਵੇ। ਏਥੋਂ ਤੱਕ ਕਿ ਬਾਰਾਂ ਕੁ ਬਜੇ ਕਹਿਣ ਲਗੇ ਕਿ ਹੁਣ "੩, ੪ ਦਿਨ ਤਬੀਅਤ ਟਿਕ ਗਈ ਹੈ।" ਪਤਾ ਨਹੀਂ ਸੀ ਕਿ "ਦਿਨਾਂ" ਦੀ ਥਾਂ "ਘੰਟਿਆਂ" ਦਾ ਮਤਲਬ ਸੀ। ਅਖੀਰ ਤੱਕ ਹੋਸ਼ ਵਿਚ ਰਹੇ ਤੇ ਗੱਲਾਂ ਬਾਤਾਂ ਕਰਦੇ ਰਹੇ। ਥੋੜੇ ਥੋੜੇ ਚਿਰ ਪਿਛੋਂ ਘੜੀ ਵੇਖਦੇ ਰਹੇ, ਜਿਸ ਤਰਾਂ, ਕਿ ਪਤਾ ਸੀ ਕਿ ਕਿਸ ਵੇਲੇ ਤੁਰਨਾਂ ਹੈ। ਤਿੰਨ ਵਜਨ ਤੋਂ ਥੋੜਾ ਚਿਰ ਪਹਿਲੋਂ ਮਾਤਾ ਜੀ ਨੂੰ ਕਹਿਣ ਲੱਗੇ ਕਿ 'ਅਰਾਮ ਕਰੋ।' ਉਹ ਉਨ੍ਹਾਂ ਦਾ ਕਿਹਾ ਮੰਨ ਕੇ ਮੰਜੇ ਤੋਂ ਉੱਠ ਕੇ ਨਾਲ ਦੇ ਕਮਰੇ ਵਿਚ ਜਾ ਬੈਠੇ। ਮਗਰੋਂ ਬੇਬੇ (ਦਾਦੀ) ਜੀ ਤੇ ਮੈਨੂੰ ਭੀ ਕਿਹਾ ਕਿ 'ਤੁਸੀਂ ਭੀ ਅਰਾਮ ਕਰੋ' ਪਰ ਅਸੀਂ ਬੈਠੇ ਰਹੇ। ਇਹ ਉਨ੍ਹਾਂ ਦੀ ਅਖੀਰਲੀ ਗੱਲਬਾਤ ਸੀ, ਪਰ ਕੋਈ ਬੁਝ ਨਾ ਸਕਿਆ। ਉਨ੍ਹਾਂ ਆਪਣੇ ਜੀਉਂਦੇ ਜੀਅ ਕਿਸੇ ਨੂੰ ਤਕਲੀਫ ਨਹੀਂ ਸੀ ਦਿਤੀ, ਤੇ ਨਹੀਂ ਸਨ ਚਾਹੁੰਦੇ ਕਿ ਅਖੀਰ ਵੇਲੇ ਭੀ ਉਨ੍ਹਾਂ ਕਾਰਨ ਕਿਸੇ ਨੂੰ ਤਕਲੀਫ ਹੋਵੇ। ਕੁਝ ਮਿੰਟਾਂ ਪਿਛੋਂ ਉਨ੍ਹਾਂ ਅਚਾਨਕ ਹੀ ਪਾਸਾ ਪਰਤ, ਤਿੰਨ ਸਵਾਸ ਲੈ ਸਾਰੀ ਖੇਡ ਖਤਮ ਕਰ ਦਿਤੀ। ... ...

ਉਨ੍ਹਾਂ ਦੇ ਸਰੀਰ ਤਿਆਗਣ ਪਿਛੋਂ ਕਿਸੇ ਦੇ ਰੋਣ ਧੋਣ ਦੀ ਥਾਂ ੧੦-੧੫ ਮਿੰਟ ਲਗਾਤਾਰ 'ਸਤਿਨਾਮ-ਵਾਹਿਗੁਰੂ' ਦੀ ਧੁਨੀਂ ਲੱਗੀ ਰਹੀ, ਤੇ ਏਸ ਤਰ੍ਹਾਂ ਲੱਗਦਾ ਸੀ ਜਿਸ ਤਰ੍ਹਾਂ ਕੋਈ ਬੇੜਾ ਅਥਾਹ ਸਮੁੰਦਰ ਵਿਚ ਸ਼ਾਂਤਿ ਤੁਰਿਆ ਜਾ ਰਿਹਾ ਹੈ

ਉਨ੍ਹਾਂ ਦੀ ਮੌਤ ਦੁਨਿਆਵੀ ਲੋਕਾਂ ਵਾਕੁਰ ਨਹੀਂ ਸੀ, ਸਗੋਂ ਸ਼ਾਹਾਨਾ, ਉੱਚ ਹਸਤੀਆਂ ਤੇ ਅਵਤਾਰਾਂ ਵਾਕੁਰ ਸੀ, ਜਿਸ ਲਈ ਸਾਡੇ ਦਿਲਾਂ ਵਿਚ ਪ੍ਰਸੰਨਤਾ ਹੈ, ਕਿ ਉਹ ਦੁਨਿਆਵੀ ਧੰਧਿਆਂ ਤੋਂ ਆਜ਼ਾਦ ਹੋ ਗਏ ਹਨ। ਭਾਵੇਂ ਸਾਨੂੰ ਸਭਨਾਂ ਨੂੰ ਦੁਖਾਂ ਵਿਚ ਛੱਡ ਗਏ ਹਨ। ਉਨ੍ਹਾਂ ਬੀਮਾਰੀ ਵਿਚ ਜਾਂ ਅਖੀਰਲੇ ਦਿਨ--ਹਾਲਾਂ ਕਿ ਉਨ੍ਹਾਂ ਨੂੰ ਸਭ ਕੁਝ ਪਤਾ ਸੀ--ਕੋਈ ਦੁਨਿਆਵੀ ਗੱਲਾਂ ਨਹੀਂ ਕੀਤੀਆਂ। ਲਹੁਵੇ ਵੇਲੇ ਚਾਰ ਬਜੇ



Digitized by Panjab Digital Library | www.panjabdigilib.org

ਭੂਆ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਕੀਤਾ, ਜੋ ਉਨ੍ਹਾਂ ਦੁਪਹਿਰੇ ਕਿਹਾ ਸੀ ਕਿ 'ਚਾਰ ਬਜੇ ਸੁਣਾਂਗੇ। ਭਾਵੇਂ ਆਪ ਨਹੀਂ ਸੁਣ ਸਕੇ, ਉਨ੍ਹਾਂ ਦੀ ਆਤਮਾ ਨੇ ਜ਼ਰੂਰ ਸੁਨਿਆ ਹੋਵੇਗਾ। ਸ਼ਾਮ ਨੂੰ ਰਹਿਰਾਸ ਆਦਿ ਦਾ ਪਾਠ ਕੀਤਾ ਗਿਆ। ਅਗਲੇ ਦਿਨ ਤੜਕੇ ਸੁਖਮਨੀ ਸਾਹਿਬ,ਜਪੁਜੀ, ਸ਼ਬਦ ਹਜ਼ਾਰੇ ਆਦਿ ਦੇ ਪਾਠ ਜੋ ਉਹ ਰੋਜ਼ ਕਰਿਆ ਕਰਦੇ ਸਨ, ਮਾਤਾ ਜੀ ਨੇ ਹੌਂਸਲੇ ਨਾਲ ਕੀਤੇ। ਸਵੇਰੇ ਅੱਠ ਬਜੇ ਭੈਣ ਸਤਵੰਤ ਜੀ ਸ਼ਿਮਲੇ ਤੋਂ ਆ ਪਹੁੰਚੇ। ਉਨ੍ਹਾਂ ਆ ਕੇ ਭਾਵੇਂ ਪਿਤਾ ਜੀ ਦੇ ਪੰਜ ਭੂਤਕ ਸਰੀਰ ਨੂੰ ਦੇਖ ਲਿਆ ਪਰ ਗੱਲ ਕੋਈ ਨਾ ਕਰ ਸਕੇ। ਉਸ ਵੇਲੇ ਤੱਕ ਸਰਦਾਰ ਗੁਰਚਰਨ ਸਿੰਘ ਜੀ ਭੀ ਦਿੱਲੀ ਤੋਂ ਤੇ ਹੋਰ ਭੈਣਾਂ ਭੀ ਆ ਚੁਕੀਆਂ ਸਨ। ਸੋ ਦਸ ਕੁ ਬਜੇ ਬਾਹਰ ਸਸਕਾਰ ਲਈ ਲੈ ਤੁਰੇ। ਸਭ ਦੁਕਾਨਾਂ ਬੰਦ ਸਨ ਤੇ ਹਰ ਦੁਕਾਂਨ,ਮਕਾਂਨ ਤੋਂ ਫੁੱਲਾਂ ਦੀ ਬਰਖਾ ਹੋ ਰਹੀ ਸੀ। ਜਿਨ੍ਹਾਂ ਤੇ ਏਥੇ ਫੁਲਾਂ ਦੀ ਬਰਖਾ ਹੁੰਦੀ ਸੀ ਕੀਹ ਅੱਗੇ ਘੱਟ ਹੋਵੇਗੀ? ਦੁਪਹਿਰ ਤੱਕ ਸਭ ਕੁਝ ਪ੍ਰਮਾਤਮਾਂ ਦੇ ਹਵਾਲੇ ਕਰਕੇ ਵਾਪਸ ਆ ਗਏ। ਸਿਆਪੇ ਜਾਂ ਰੋਣ ਧੋਣ ਦੀ ਥਾਂ ਉਨ੍ਹਾਂ ਦੀ ਯਾਦ ਵਿਚ ਇਸਤ੍ਰੀਆਂ ਨੇ ਸੁਖਮਨੀ ਸਾਹਿਬ ਦੇ ੧੫੦ ਦੇ ਕਰੀਬ ਪਾਠ ਕੀਤੇ, ਤੇ ਨਾਲ ਹੀ ਉਸ ਕਮਰੇ ਵਿਚ ਜਿੱਥੇ ਉਹ ਗੁਜ਼ਰੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪਾਠ ਸ਼ੁਰੂ ਕਰਕੇ ਸਤਾਰੀਏ ਵਾਲੇ ਦਿਨ ਭੋਗ ਪਾਇਆ। ਇਸੇ ਤਰ੍ਹਾਂ ਦੂਜੇ ਘਰ ਵਿਚ ਭੀ ਪਾਠ ਰਖਵਾ ਦਿਤਾ ਸੀ, ਜਿਸ ਦਾ ਭੋਗ ਕ੍ਰਿਆ ਵਾਲੇ ਦਿਨ ਪਿਆ। ਉਸ ਤੋਂ ਪਿਛੋਂ ਭੀ ਪੰਜ, ਸੱਤ ਪਾਠ ਉਨ੍ਹਾਂ ਦੀ ਯਾਦ ਵਿਚ ਹੋ ਚੁਕੇ ਹਨ। ਹੁਣ ਭੀ ਘਰ ਵਿਚ ਉਨ੍ਹਾਂ ਦੇ ਨਮਿੱਤ ਪਾਠ ਰਖਿਆ ਹੋਇਆ ਹੈ ਤੇ ਮਾਤਾ ਜੀ ਦਿਨ ਦਾ ਬਹੁਤਾ ਹਿੱਸਾਸ੍ਰੀ ਗੁਰੂਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਹੀ ਬਿਤਾਂਦੇ ਹਨ। ਸੋ ਤੁਸਾਂ ਭੀ ਉਨ੍ਹਾਂ ਦੀ ਯਾਦ ਵਿਚ ਪਾਠ ਹੀ ਕਰਨੇ, ਤਾਕਿ ਉਨ੍ਹਾਂ ਦੀ ਆਤਮਾਂ ਨੂੰ ਸੁਖ ਪਹੁੰਚੇ ਤੇ ਅਸਾਂ ਸਭ ਨੂੰ ਭੀ ਹੌਂਸਲਾ ਹੋਵੇ। ਪਿਤਾ ਜੀ ਬੜੇ ਹੀ ਸਿਆਣੇ ਸਨ, ਭਾਵੇਂ ਜ਼ਬਾਨੀ ਕੁਝ ਨਹੀਂ ਦਸਿਆ, Rough ਜੇਹੀ Will* ਲਿਖ ਕੇ ਹਰ ਵੇਲੇ ਜੇਬ ਵਿਚ ਰੱਖ ਛੱਡਦੇ ਸਨ, ਜਿਸ ਵਿਚ ਸਭ ਕੁਝ ਲਿਖ ਗਏ ਹਨ ਕਿ ਉਨ੍ਹਾਂ ਦੇ ਪਿਛੋਂ ਕੀਹ ਕੁਝ ਕਰਨਾ ਚਾਹੀਦਾ ਹੈ।

ਭੈਣ ਜ਼ੀ! ਹੁਣ ਉਹ ਤਾਂ ਤੁਰ ਗਏ ਹਨ, ਹੁਣ ਸਿਵਾ ਧੀਰਜ ਦੇ ਹੋਰ ਕੁਝ ਹੋ ਨਹੀਂ ਸਕਦਾ, ਸੋ ਧੀਰਜ ਰਖੋ। ਮੁੜਦੀ ਡਾਕ ਜ਼ਰੂਰ ਪਤਾ ਭੇਜਣਾ ਕਿ ਤੁਸੀਂ ਉਨ੍ਹਾਂਦੀ ਯਾਦ ਵਿਚ ਪੂਰੇ ਹੌਂਸਲੇ ਨਾਲ ਹੋ। ਉਨ੍ਹਾਂ ਦੀ ਯਾਦ ਭੁਲ ਤਾਂ ਸਕਦੀ ਹੀ ਨਹੀਂ, ਪਰ ਇਹ ਨਹੀਂ ਚਾਹੀਦਾ ਕਿ ਇਤਨਾ ਯਾਦ ਕਰੀਏ ਕਿ ਉਨ੍ਹਾਂਦੀ ਆਤਮਾ ਨੂੰ ਦੁਖ ਪਹੁੰਚੇ।

---

*ਜਦ ਤੋਂ ਹੋਸ਼ ਸੰਭਲੀ, ਮੌਤ ਲਈ ਹਰ ਵੇਲੇ ਤਿਆਰ ਬਰ ਤਿਆਰ ਰਹਿੰਦੇ ਹੋਏ–ਵੈਦ ਜੀ ਆਪਣੀ ਜੇਬ ਵਿਚ ਇਕ ਕਾਗਜ਼ ਰਖਦੇ ਹੁੰਦੇ ਸੀ ਜਿਸ ਤੇ ਸਭ ਕੁਝ ਲਿਖਿਆ ਹੁੰਦਾ ਸੀ ਕਿ ਆਪ ਦੇ ਪਿਛੋਂ ਕੀਹ ਕੁਝ ਕਰਨਾ ਚਾਹੀਦਾ ਹੈ ਤੇ ਸਭ ਹਿਸਾਬ ਕਿਤਾਬ ਭੀ ਸੰਖੇਪ ਨਾਲ ਦਰਜ ਹੁੰਦਾ ਸੀ। ਆਪ ਇਸ ਕਾਗਜ਼ ਨੂੰ ਸਮੇਂ ਸਮੇਂ ਲੋੜ ਅਨੁਸਾਰ ਬਦਲਦੇ ਰਹਿੰਦੇ ਸਨ।



Digitized by Panjab Digital Library | www.panjabdigilib.org

ਵੀਰ ਤ੍ਰਿਲੋਕ ਸਿੰਘ ਜੀ ਤੇ ਸੁਖਬੀਰ ਜੀ ਦੁਕਾਨ ਤੇ ਉਸੇ ਤਰ੍ਹਾਂ ਕੰਮ ਕਰਦੇ ਹਨ, ਜਿਸ ਤਰ੍ਹਾਂ ਕਿ ਪਿਤਾ ਜੀ ਕਿਧਰੇ ਬਾਹਰ ਗਏ ਹੋਏ ਹਨ। ਘਰ ਵਿਚ ਭੀ ਇੰਞ ਹੀ ਲਗਦਾ ਹੈ ਜਿਸ ਤਰਾਂ ਆਪ ਕਿਧਰੇ ਬਾਹਰ ਗਏ ਹੋਏ ਹਨ, ਪਰ ਕਿਸੇ ਵੇਲੇ ਯਾਦ ਆ ਜਾਂਦੀ ਹੈ ਕਿ ਉਹ ਉ`ਥੇ ਗਏ ਹਨ ਜਿਥੋਂ ਮੁੜਕੇ ਨਹੀਂ ਆ ਸਕਦੇ ਤੇ ਨਾ ਹੀ ਕਦੀ ਚਿਠੀ ਹੀ ਲਿਖ ਸਕਦੇ ਹਨ। ਪਰ ਹਾਂ ਇਤਨਾ ਹੌਂਸਲਾ ਜ਼ਰੂਰ ਹੈ ਕਿ ਜੇ ਔਕੜ ਪਈ, ਤਾਂ ਉਨ੍ਹਾਂ ਦੀ ਆਤਮਾ ਜ਼ਰੂਰ ਆਕੇ ਸਾਨੂੰ ਸੱਚਾ ਰਸਤਾ ਦਿਖਾਵੇਗੀ।

"ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ।"

ਪਿਤਾ ਜੀ ਦੇ ਸਰੀਰ ਦੀ ਅਖੀਰਲੀ ਨਿਸ਼ਾਨੀ, ਉਨ੍ਹਾਂ ਦੇ ਫੁੱਲ* ਅਗਲੇ ਹਫਤੇ ਮੈਂ ਤੇ ਮਾਤਾਜੀ ਲੈਕੇ ਸ੍ਰੀ ਹਜ਼ੂਰ ਸਾਹਿਬਜੀ ਜਲ ਪ੍ਰਵਾਹ ਕਰਨ ਲਈ ਜਾਵਾਂਗੇ।

\+ + + + + + +

ਅਗੇ ਅਸੀਂ ਹਜ਼ਾਰਾਂ ਸ਼ੋਕ ਪਤ੍ਰਾਂ ਵਿਚੋਂ ਵੰਨਗੀ ਮਾਤ੍ਰ ਬੋਹਲ ਵਿਚੋਂ ਦਾਣੇ ਵਾਂਗ ਕੁਝਕੁ ਵਿਚੋਂ ਇਕ ੨ ਦੋ ੨ ਸਤਰਾਂ ਪੇਸ਼ ਕਰਦੇ ਹਾਂ:—

ਸ੍ਰ: ਰਾਮ ਸਿੰਘ ਜੀ ਕਾਬਲੀ, ਪ੍ਰਸਿਧ ਠੇਕੇਦਾਰ ਦਿੱਲੀ ਡਾਢੇ ਦੁਖੀ ਹਿਰਦੇ ਨਾਲ ਵੈਰਾਗ ਵਿਚ ਤੜਫਦੇ ਹੋਏ ਲਿਖਦੇ ਹਨ:—

"ਉਨ੍ਹਾਂ ਦਾ ਜੀਵਣ ਤਾਂ ਅਮੋਲਕ ਜੀਵਣ ਸੀ। ਉਨ੍ਹਾਂ ਦਾ ਰੋਮ ਰੋਮ ਗੁਰੂ ਪੰਥ ਦੀ ਸੇਵਾ ਨਾਲ ਪਰੋਤਾ ਹੋਇਆ ਸੀ। ਕੋਈ ਦਿਨ ਕੋਈ ਘੜੀ ਕਦੇ ਖਾਲੀ ਨਹੀਂ ਜਾਂਦੀ ਸੀ, ਜਿਦਨ ਉਹ ਕੋਈ ਉਪਕਾਰ ਤੇ ਭਲੇ ਦੀ ਗਲ ਨਹੀਂ ਸੋਚਦੇ ਸੇ। ਜਦ ਕਦੇ ਮਿਲਦੇ ਸੇ, ਅਗਰ ਕੋਈ ਵਿਚਾਰ ਸੀ ਜਾਂ ਸਲਾਹ ਸੀ ਤਾਂ ਏਹੀ ਸੀ ਕਿ ਜੀਵਣ ਥੋੜਾ ਜਿਹਾ ਹੈ ਕੋਈ ਨ ਕੋਈ ਐਸੀ ਗੱਲ ਜਾਂ ਕੰਮ ਕੀਤਾ ਜਾਵੇ ਜਿਸ ਵਿਚ ਪੰਥ ਦੀ ਭਲਿਆਈ ਹੋਵੇ। ਕਦੇ ਬੱਚਿਆਂ ਦੀ ਬੀਮਾਰੀ ਹਟਾਣ ਦੇ ਢੰਗ ਸੋਚਦੇ ਸੀ ਕਦੇ ਵਿਧਵਾਂ ਦੇ ਦੁਖ ਫੀਲ (feel) ਕਰ ਕੇ ਕੋਈ ਉਪਾ ਸੋਚਦੇ ਸੀ। ਮੁਕਦੀ ਗਲ ਕਿ ਜਿਸ ਨੂੰ ਆਖਦੇ ਹੈਨ ਤਨੋ ਮਨੋ ਧਨੋ ਹਰ ਤਰਾਂ ਹਰ ਵਕਤ ਹਰ ਇਕ ਦੀ ਮਦਦ ਕਰਦੇ ਸੇ। ਮੈਨੂੰ ਤਾਂ ਇਨਾ ਸ਼ਾਕ (Shock ਝਟਕਾ, ਦੁਖ) ਹੈ ਜੋ

*ਵੈਦ ਜੀ ਦੇ ਪਿਤਾ ਭਾ: ਸਾ: ਭਾ: ਜੈਮਲ ਸਿੰਘ ਜੀ ਵੈਦ ਰਾਜ ਦੇ ਫੁਲਵੈਦ ਜੀ ਹਥੀਂ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ—ਗੋਦਾਵਰੀ ਨਦੀ ਵਿਚ—ਪ੍ਰਵਾਹਕੀਤੇ ਗਏਸਨ, ਇਸੇ ਤਰਾਂ ਵੈਦ ਜੀ ਦੀ ਸਤੀ ਸਿੰਘਣੀ ਤੇ ਸਪੁਤ੍ਰ ਡਾਕਟਰ ਹਰਿਭਜਨ ਸਿੰਘ ਜੀ ਵੈਦ ਜੀ ਦੇ ਫੁਲ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ—ਗੋਦਾਵਰੀ ਨਦੀ ਵਿਚ—ਉਸੇਜਗ੍ਹਾ ਹੀ ਪ੍ਰਵਾਹ ਕਰਨ ਲਈ ੩੦-੧੦-੩੬ ਨੂੰ ਲੈ ਕੇ ਗਏ ਤੇ ਪ੍ਰਵਾਹ ਕਰ ੭-੧੧-੩੬ ਨੂੰ ਵਾਪਸ ਆਏ।



Digitized by Panjab Digital Library | www.panjabdigilib.org

ਮੈਂ ਭੁਲ ਨਹੀਂ ਸਕਦਾ, ਜਦ ਖਿਆਲ ਆਂਦਾ ਹੈ ਪਿਆਰੀ ਸੂਰਤ ਮੇਰੇ ਸਾਹਮਣੇ ਹੈ। ਮੇਰੀ ਰਾਇ ਵਿਚ ਤਾਂ ਉਨ੍ਹਾਂ ਦਾ ਜੀਵਣ ਪੰਜਾਬ ਵਿਚ ਪੰਥ ਵਿਚ ਇਕ ਸੂਰਜ ਵਾਂਗੂ ਜਲਦੀ ਜਗਦੀ ਰੌਸ਼ਨੀ ਹੈ। ਨਾ ਉਹ ਮਰੇ ਹੈਨ ਨਾ ਉਹ ਗਏ ਹੈਨ, ਹਰ ਵੇਲੇ ਜਦ ਯਾਦ ਕਰੀਏ ਅੰਗ ਸੰਗ ਹੈਨ। ਉਨ੍ਹਾਂ ਦੀ ਹਸਤੀ ਇਕ ਅਮੋਲਕ ਹਸਤੀ ਸੀ ਮੈਨੂੰ ਤਾਂ ਮੇਰੀ ਜ਼ਿੰਦਗੀ ਵਿਚ ਨਹੀਂ ਭੁਲਣੀ।"

ਡਾਕਟਰ ਪ੍ਰੇਮ ਸਿੰਘ ਜੀ ਸਖਰ ਤੋਂ ਲਿਖਦੇ ਹਨ:—

"......ਆਹ ! ਸ੍ਵਦੇਸ਼ ਭਾਸ਼ਾ ਤੇ ਹਰੇਕ ਪੰਥਕ ਕੰਮ ਦੇ ਮੋਢੀ ਤੇ ਆਗੂ ਹਮੇਸ਼ਾ ਲਈ ਸਚਖੰਡ ਜਾ ਵਿਰਾਜੇ !...... ਜਦ ਜਦ ਭੀ ਕਿਸੇ ਨੂੰ ਕੋਈ ਔਕੜ ਪੇਸ਼ ਆਈ ਤਦ ਝਟ ਜ਼ਬਾਨ ਤੇ ਭਾਈ ਮੋਹਨ ਸਿੰਘ ਜੀ ਵੈਦ ਦਾ ਨਾਮ ਆਵੇਗਾ। ਸੱਚ ਪੁਛੋ ਤਾਂ ਏਹੀ ਅਮਰ ਹੋਣ ਦੀ ਨਸ਼ਾਨੀ ਹੈ। ਐਸੀ ਉੱਚ ਹਸਤੀ ਦੁਰਲਭ ਨਜ਼ਰ ਆਵੇਗੀ। ਪੰਜਾਬੀ ਪ੍ਰਚਾਰ ਦੇ ਅਦਬੀ ਹਲਕਿਆਂ ਵਿਚ ਇਕ ਐਸੀ ਥਾਂ ਖਾਲੀ ਹੋਈ ਹੈ ਜੋ ਵਰ੍ਹਿਆਂ ਤਕ ਪੂਰੀ ਨਹੀਂ ਹੋ ਸਕੇਗੀ........."

ਸ੍ਰ: ਸੁੰਦਰ ਸਿੰਘਜੀ ਧੂਪੀਆ ਠੇਕੇਦਾਰ ਨਵੀਂ ਦਿੱਲੀ ਲਿਖਦੇ ਹਨ:-

"......ਭਾਈ ਸਾਹਿਬ ਜੀ ਦੇ ਪੰਥਕ ਪਿਆਰ ਤੇ ਆਪਾ ਵਾਰਨ ਦਾ ਜੀਵਨ ਸਾਰਾ ਮੇਰੀਆਂ ਅੱਖਾਂ ਅੱਗੇ ਹੈ।"

ਭਾਈ ਤਖਤ ਸਿੰਘ ਜੀ ਫੀਰੋਜ਼ਪੁਰੀ ਫੁਰਮਾਉਂਦੇ ਹਨ:—

"......ਵੈਦ ਜੀ ਦੇ ਵਿਛੋੜੇ ਦਾ ਪੰਥ ਨੂੰ ਅਤੀ ਦੁਖ ਹੈ, ਲਿਖਣ ਸੁਣਨ ਕਹਿਣ ਤੋਂ ਪਰੇ ਹੈ......।"

"......ਹਾ ! ਮਰਦਿਆਂ ਨੂੰ ਜੀਉਂਦੇ ਕਰਨ ਵਾਲੇ ਭਾਈ ਮੋਹਨ



Digitized by Panjab Digital Library | www.panjabdigilib.org

ਸਿੰਘ ਜੀ ਚਲ ਬਸੇ ।.........ਵੈਦ ਜੀ ਨੂੰ ਦੁਨੀਆਂ ਰੋਂਦੀ ਰਹੇਗੀ ।... ......ਵੈਦ ਜੀ ਦੇ ਚਲਾਣੇ ਦਾ ਦੁਖ ਮਨਾਣ ਵਾਲਾ ਮੰਡਲ ਬਹੁਤ ਵਡਾ ਹੈ ਘਰ ਘਰ ਵਿਚ ਸੋਗ ਤੇ ਦੁਖ ਹੈ ।........."

(ਭਾਈ ਬੀਰ ਸਿੰਘ ਜੀ ਐਡੀਟਰ ਪੰਜਾਬੀ ਭੈਣ
ਤੇ ਸਕੱਤ੍ਰ ਸਾਰਾਗੜ੍ਹੀ ਮੈਮੋਰੀਅਲ)

"......I feel I have lost a very valuable and personal friend and I write to condole with you and your family and the Khalsa in general on the irreparable loss that you have all sustained. I ever found in him a close and personal friend and a great helper in any good work that had to be done both in the Municipal Committee and in helping any one in need in the city of Tarn Taran. I am afraid it will be long before his like appears again......".

(Rev. C. E. Guilford
Rutland, England).

"......I esteemed the Bhai Sahib highly and felt that he was my friend even when we differed about various things......".

(Rev. C. H. Atkins.
Norwich, England).

"......ਭਾਈ ਸਾਹਿਬ ਏਕ ਸੁਲਹ ਕੁਲ, ਮੁਜੱਸਮ ਪ੍ਰੇਮ ਔਰ ਸ਼ਰੀਫ ਇਨਸਾਨ ਥੇ । ਆਪ ਕਾ ਵੈਦਕ ਤਜਰਬਾ ਤਰਨ ਤਾਰਨ ਕੇ ਲੀਏ ਸ਼ੁਅਰਤ ਕਾ ਬਾਇਸ ਥਾ ।......ਆਪ ਕੀ ਵਫਾਤ ਸੇ ਟੈਂਪ੍ਰੈਂਸ ਹਲਕਾ ਮੇਂ ਏਕ ਨਾਕਾਬਲ ਤਲਾਫੀ ਨੁਕਸਾਨ ਪਹੁੰਚਾ ਹੈ ।......ਐਸਾ ਨੇਕ ਦਿਲ ਇਨਸਾਨ, ਗਰੀਬੋਂ ਕਾ ਮੁਆਵਨ, ਨਿਰਾਸ਼ ਕਾ ਸਾਥੀ, ਧਰਮ ਕਾ ਪ੍ਰਵਾਨਾ ਔਰ ਟੈਂਪ੍ਰੈਂਸ ਕਾ ਸ਼ੈਦਾਈ ਅਬ ਕਹਾਂ ਮਿਲੇਗਾ ? ਐਸੇ ਇਨਸਾਨ ਦੁਨੀਆਂ ਮੇਂ ਕਭੀ ਕਭੀ



Digitized by Panjab Digital Library | www.panjabdigilib.org

ਆਯਾ ਕਰਤੇ ਹੈਂ।......"

(ਮਾਸਟਰ ਸੰਤ ਸਿੰਘ ਜੀ ਸਕੱਤ੍ਰ ਪੰਜਾਬ ਟੈਂਪ੍ਰੈਂਸ ਫੈਡਰੇਸ਼ਨ)

ਪ੍ਰਸਿੱਧ ਸਾਹਿਤ ਸੇਵੀ 'ਡਾਕਟਰ ਬਲਵੰਤ ਸਿੰਘ ਜੀ ਪਾਠਕ' ਆਈ. ਐਮ. ਡੀ, ਡਾਢੀ ਅਫਸੋਸ ਭਰੀ ਪਤ੍ਰਕਾ ਲਿਖਦੇ ਹੋਏ ਪ੍ਰਗਟ ਕਰਦੇ ਹਨ:–

"......ਭਾਈ ਮੋਹਨ ਸਿੰਘ ਜੀ ਵੈਦ ਆਪ ਦੇ ਤਾਂ ਪਿਆਰੇ ਪਿਤਾ ਸਨ, ਪਰ ਦੁਨੀਆਂ ਦੇ ਬਹੁਤ ਕੁਝ ਸਨ। 'ਅਕਾਲੀ ਪਤ੍ਰਿਕਾ' ਵਿਚ ਕਿਸੇ ਨੇ ਲਿਖਿਆ ਹੈ ਕਿ 'ਉਹ ਤਰਨ ਤਾਰਨ ਦੇ ਥੰਮ ਸਨ' ਪਰ ਮੈਂ ਤਾਂ ਆਖਦਾ ਹਾਂ ਕਿ ਉਹ ਤਰਨ ਤਾਰਨ ਦੀ ਜਿੰਦ ਜਾਨ ਸਨ। ਗ਼ਮ ਨਾਲ ਦਿਲ ਭਰਿਆ ਪਿਆ ਹੈ, ਉਨ੍ਹਾਂ ਦੀਆਂ ਸਿਫਤਾਂ ਗਾਵਣ ਦੀ ਮੇਰੇ ਵਿਚ ਸਮਰਥਾ ਨਹੀਂ। ਉਨ੍ਹਾਂ ਦੇ ਗੁਣ ਲੋਕਾਂ ਬੜੇ ਗਾਏ ਹਨ, ਬੜੇ ਗਾਵਣਗੇ, ਪਰ ਸਮੁੰਦਰ ਦੀ ਥਾਹ ਕਿਸਨੇ ਪਾਈ ਹੈ? ਉਨ੍ਹਾਂ ਦੇ ਗੁਣਾਂ ਦੀ ਥਾਹ ਨਹੀਂ ਮਿਲ ਸਕੇਗੀ। ਸਮੁੰਦਰ ਦੀ ਥਾਹ ਭਾਵੇਂ ਲਗ ਹੀ ਜਾਵੇ, ਕਾਰਣ ਇਹ ਕਿ ਉਹ ਆਪਣੇ ਗੁਣਾਂ ਦਾ ਢੰਡੋਰਾ ਨਹੀਂ ਕਰਦੇ ਸਨ। ਦਿਲ ਕੀ ਸੀ? ਇਕ ਸ਼ਾਂਤ ਸਮੁੰਦ੍ਰ ਸੀ, ਜਿਸਦੀ ਗੋਦੀ ਵਿਚ ਪਤਾ ਨਹੀਂ ਕਿੱਨੇ ਮੋਤੀ ਸੰਭਾਲੇ ਪਏ ਸਨ। ਹਸੂੰ ਹਸੂੰ ਕਰਦਾ ਨੂਰਾਨੀ ਚਿਹਰਾ ਕਿਸੇ ਭੀ ਗ਼ਮਗੀਨ ਅਤੇ ਦੁਖੀ ਦਾ ਸੰਕਟ ਨਿਵਾਰਨ ਤੋਂ ਸੰਕੋਚ ਨਹੀਂ ਕਰਦਾ ਸੀ। ਅਮੀਰ ਅਤੇ ਗਰੀਬ ਲਈ ਇਕ ਸਾਵੀਂ ਨਜ਼ਰ ਸੀ।......ਉਹ ਮਰੇ ਨਹੀਂ ਉਨ੍ਹਾਂ ਦੇ ਪਾਏ ਪੂਰਨੇ ਸਦਾ ਜ਼ਿੰਦਾ ਰਹਿਣਗੇ, ਉਨ੍ਹਾਂ ਦੀ ਅਟੁਟ ਪੰਥ ਸੇਵਾ, ਉਚੀ ਸਾਹਿਤ ਸੇਵਾ, ਦਾਨੀ ਤਬੀਅਤ, ਅਤਿਥੀ ਸੇਵਾ ਅਤੇ ਹਿਕਮਤ ਵਿਚ ਕਮਾਲ ਦਰਜੇ ਦੀ ਯੋਗਤਾ ਕੀ ਦੁਨੀਆਂ ਸਹਿਜੇ ਹੀ ਭੁਲ ਸਕੇਗੀ?......"



Digitized by Panjab Digital Library | www.panjabdigilib.org

"......ਭਾਈ ਸਾਹਿਬ ਜੀ ਇਕ ਸਿਆਣੇ ਵੈਦ ਹੋਣ ਤੋਂ ਇਲਾਵਾ ਬੜੇ ਪਰਉਪਕਾਰੀ, ਦਯਾਵਾਨ, ਉਚ ਕੋਟੀ ਦੇ ਲਿਖਾਰੀ ਅਤੇ ਪੰਥ ਦੇ ਪੁਰਾਣੇ ਤਜਰਬਾਕਾਰ, ਨਿਰਮਾਣ ਤੇ ਨਿਸ਼ਕਾਮ ਸੇਵਕ ਸਨ।......" (ਸ: ਲੱਧਾ ਸਿੰਘ ਜੀ, ਮੇਮਿਓ, ਬਰਮਾ)

"By the death of Bhai Sahib Bhai Mohan Singh Vaid, the country has lost an eminent public selfless and self-effacing worker. The Sikh Community is deprived of one of its most distinguished silent-workers who throughout his life was busily engaged to prepare Literary-gems to adorn the tongues of his countrymen. The world of Hygiene and Health has been robbed of one of its precious-pearls whose high standard of brilliance and excellence are among the happiest distinctions by which most of the ordinary Hakims have been enabled to make an illuminating mark in the field of Medicine, and thus make themselves useful to the suffering humanity....His most transcendent merit lay in his freedom from all sectarian and communal bias, and to this was due the confidence he won from all alike, and that is why his External-Departure is being most keenly felt by men of all sects and creeds equally".

(Master Mota Singh Akali).

"...ਹਿੰਦੂ ਮੁਸਲਮਾਨ ਸਿਖ ਆਦਿ ਸਾਰੇ ਇਸ ਗੌਹਰੇ ਨਾਯਾਬ ਤੋਂ ਫੈਜ਼ਯਾਬ ਹੋਏ। ਸਿਹਤ ਦੇ ਹਕ ਵਿਚ ਠੀਕ ਈਸਾ ਵਾਲੇ ਗੁਣ ਰਖਦੇ ਸਨ। ਲਿਖਾਰੀ, ਡਾਢਾ ਸਿਆਣਾ ਲਿਖਾਰੀ, ਪੰਥ ਵਿਚ ਉੱਘਾ ਲਿਖਾਰੀ ਗੁਰੂ ਪੰਥ ਦੀ ਸੇਵਾ ਤਨ ਮਨ ਤੇ ਧਨ ਵਾਰਕੇ ਕਰਨ ਵਾਲਾ ਰਤਨ। ਕਿਹੜਾ ਮੋਰਚਾ ਜਿਸ ਵਿਚ ਗੁਰੂ ਦੁਲਾਰੇ ਨੇ ਸੇਵਾ ਕਰਕੇ ਗੁਰੂ ਘਰੋਂ ਮਾਣ ਨਾ ਪ੍ਰਾਪਤ ਕੀਤਾ ਹੋਵੇ। ਮਿਲਨਸਾਰ ਕਿਉਂ



Digitized by Panjab Digital Library | www.panjabdigilib.org

ਨਾ ਹੁੰਦਾ ? ਉਪਰਲੀਆਂ ਗੱਲਾਂ ਕਿਉਂ ਨਾ ਇਸ ਸੂਰਮੇ ਤੇ ਘਟਣ ? ਜੇਹਾ ਨਾਮ ਤੇਹਾ ਕਰਮ। ਵਪਾਰ ਵਿਚ ਸੁੱਚਾ, ਗੁਰੂ ਘਰ ਦਾ ਪੂਰਾ ਖੋਜੀ। ਇਸ ਦੁਲਾਰੇ ਦਾ ਦਰਦ ਸਾਰਾ ਪੰਥ ਮਹਿਸੂਸ ਕਰ ਰਿਹਾ ਹੈ।..." (ਸ੍ਰ: ਜਸਬੀਰ ਸਿੰਘ ਜੀ ਲਾਹੌਰ)

"........ਦੇਸ਼ ਦੇ ਵੈਦ, ਪੰਥ ਦੇ ਹੀਰੇ ਅਤੇ ਪ੍ਰਵਾਰ ਦੇ ਬਾਦਸ਼ਾਹ ਸ੍ਰੀ ਮਾਨ ਪੰਥ ਰਤਨ ਵੈਦ ਮੋਹਨ ਸਿੰਘ ਜੀ ਦੇ ਸਦਾ ਦੀ ਜੁਦਾਈ ਦਾ ਹਾਲ ਸੁਣ ਕੇ ਚਿਤ ਨੂੰ ਅਤੀ ਦੁਖ ਹੋਇਆ...।"

(ਕਪਤਾਨ ਠਾਕਰ ਸਿੰਘ ਜੀ
ਚੱਕ ੧੬੯-੧੦, ਖਾਨੇਵਾਲ)

"......Saintly figure, excellent personality, dressed in a simple dress, a devoted lover of mother India and the pride of the Sikh Community, Ah! it is a loss beyond immagination......".

(S. Mohan Singh B. A.
Quetta.)

"........ਸ਼ਾਂਤੀ ਕੇ ਸਮੁੰਦਰ ਥੇ, ਔਰ ਗ਼ਰੀਬੋਂ ਕੀ ਪਰਵਰਸ਼ ਕਰਨਾ ਉਨ੍ਹੋਂ ਨੇ ਅਪਨਾ ਫਰਜ਼ ਸਮਝ ਰੱਖਾ ਥਾ......... ।"

(ਸ੍ਰ: ਸਾਧੂ ਸਿੰਘ ਜੀ ਲਖਨਊ)

ਸ੍ਰ: ਤਾਰਾ ਸਿੰਘ ਜੀ ਸਖਰ ਤੋਂ ਇਉਂ ਹੰਝੂ ਕੇਰਦੇ ਹਨ:-

"........ਉਹ ਲੋਕ ਜਿਨ੍ਹਾਂ ਦੇ ਸਾਹਮਣੇ ਆਪ ਦਾ ਜੀਵਣ ਚਾਨਣ-ਮੁਨਾਰਾ ਸੀ, ਆਪਣੇ ਆਪ ਨੂੰ ਅਜ ਅਨ੍ਹੇਰੇ ਵਿਚ ਮਹਿਸੂਸ ਕਰ ਰਹੇ ਹਨ।........"



Digitized by Panjab Digital Library | www.panjabdigilib.org

"........ਆਪ ਡਾਢੇ ਹੀ ਉਪਕਾਰੀ ਤੇ ਸਰਬ ਹਿਤੂ ਸੱਜਣ ਸਨ। ਆਪ ਜੀ ਦੇ ਚਲ ਬਸਣ ਤੇ ਸਿਖ ਪੰਥ ਨੂੰ ਜੋ ਘਾਟਾ ਪਿਆ ਹੈ ਉਹ ਕਿਸੇ ਤਰ੍ਹਾਂ ਭੀ ਪੂਰਾ ਨਹੀਂ ਹੋ ਸਕਦਾ।........"

(ਗਿਆਨੀ ਲਾਲ ਸਿੰਘ ਜੀ ਅੰਮ੍ਰਿਤਸਰ)

ਕਵੀਰਾਜ ਸਾਧੂ ਸਿੰਘ ਜੀ ਬਿਹਬਲਤਾ ਨਾਲ ਇਉਂ ਲਿਖਦੇ ਹਨ:—

"........ਏਨਾ ਦੁਖ ਮੈਨੂੰ ਕਈ ਸਨਬੰਧੀਆਂ ਅਰ ਪਿਤਾ ਦਾ ਨਹੀਂ ਸੀ ਵਾਪਰਿਆ ਜੋ ਤਕਲੀਫ ਮੈਨੂੰ ਇਸ ਮਹਾਂ ਸੱਜਣ ਦੇ ਵਿਛੋੜੇ ਨੇ ਦਿਤੀ ਹੈ।........"

ਸ੍ਰ: ਗੁਰਬਖਸ਼ ਸਿੰਘ ਜੀ 'ਸ਼ਮਸ਼ੇਰ' ਲਿਖਦੇ ਹਨ:—

"........ਆਪ ਦੀ ਮੌਤ ਨਾਲ ਕੌਮ ਅਤੇ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।........"

× × × × ×

ਮੁਢ ਵਿਚ ਲਿਖੇ ਅਨੁਸਾਰ ਪਿਛੇ ਅਸੀਂ ਬੇ ਅੰਤ ਸ਼ੋਕ ਪੱਤਰਾਂ ਵਿਚੋਂ ਕੁਝ ਕੁ ਸੱਜਣਾਂ ਦੇ ਵੰਨਗੀ ਮਾਤ੍ਰ ਵੈਦ ਜੀ ਬਾਰੇ ਖ਼ਿਆਲਾਂ ਦੇ ਨਮੂਨੇ ਦਰਜ ਕੀਤੇ ਹਨ। ਇਸੇ ਹੀ ਤਰ੍ਹਾਂ ਅਨੇਕ ਸੋਸਾਇਟੀਆਂ ਸਭਾਵਾਂ ਤੇ ਜੱਥਿਆਂ ਆਦਿ ਵਲੋਂ ਪੱਤ੍ਰਕਾਂ ਤੇ ਸ਼ੋਕ ਗੁਰਮਤੇ ਪੁਜੇ, ਜਿਸ ਤੋਂ ਆਪ ਜੀ ਦੀ ਹਰ ਮਨ ਪਿਆਰੀ, ਪਰ ਉਪਕਾਰੀ ਤੇ ਉਦਾਰ ਹਸਤੀ ਦੇ ਸਰਵ ਪ੍ਰਿਯ ਹੋਣ ਦਾ ਸੁਖਾਲਾ ਹੀ ਪਤਾ ਲਗਦਾ ਹੈ। ਪਿਛੇ ਦਰਜ ਕੀਤੀਆਂ ਗਈਆਂ ਪੱਤ੍ਰਕਾਵਾਂ ਵਾਂਗ ਇਹ ਗੁਰਮਤੇ ਤੇ ਰੈਜ਼ੂਲੇਸ਼ਨ ਭੀ ਆਪ ਦੀ ਸਖਸ਼ੀਅਤ ਬਾਰੇ ਬਹੁਤ ਕੁਝ ਪ੍ਰੇਮ ਪ੍ਰਗਟ ਕਰਦੇ ਹਨ, ਪਰ ਪੁਸਤਕ ਦਾ ਆਕਾਰ ਬਹੁਤ ਵਧ ਗਿਆ ਕਰ ਕੇ ਉਨ੍ਹਾਂ ਵਿਚੋਂ ਕੁਝ ਨਹੀਂ ਦਰਜ ਕੀਤਾ ਜਾ ਸਕਦਾ।

ਜੇ ਖਾਲਸਾ ਜੱਥਾ ਲੰਡਨ ਵਾਲਿਆਂ ਨੂੰ ਵਿਛੋੜਾ ਪ੍ਰਤੀਤ ਹੋਇਆ ਤਾਂ ਅਮਰੀਕਾ ਤੇ ਕੈਨੇਡਾ ਦੇ ਸਿਖਾਂ ਦੇ ਦਿਲ ਭੀ ਅਤੀ ਦੁਖੇ। ਅਫਰੀਕਾ ਦੇ ਸਿਖਾਂ ਨੂੰ ਅਸਹਿ ਘਾਟਾ ਪ੍ਰਤੀਤ ਹੋਇਆ ਤਾਂ ਚੀਨ ਦੇ ਸਿਖ ਭੀ ਅਨੁਭਵ



Digitized by Panjab Digital Library | www.panjabdigilib.org

ਕੀਤੇ ਬਿਨਾਂ ਨ ਰਹੇ। ਟਾਪੂਆਂ ਦੇ ਵੀਰਾਂ ਤਾਂ ਸਪੈਸ਼ਲ ਨੰਬਰ ਭੀ ਛਾਪ ਆਪਣੇ ਸ਼ਰਧਾ ਦੇ ਫੁਲ ਭੇਟ ਕੀਤੇ। ਥਾਂ ਥਾਂ ਪੰਜਾਬ ਜਾਂ ਹਿੰਦੋਸਤਾਨ ਤੋਂ ਬਾਹਰ ਹੀ ਨਹੀਂ ਹੋਰਨਾਂ ਸੂਬਿਆਂ, ਸਖਰ(ਸਿੰਧ),ਕਲਕਤਾ (ਬੰਗਾਲ), ਲਖਨਊ (ਯੂ. ਪੀ.), ਪਟਨਾ (ਬਿਹਾਰ), ਕਰਾਚੀ, ਬੰਬਈ, ਪਸ਼ਾਵਰ, ਹਜ਼ੂਰ ਸਾਹਿਬ (ਹੈਦਰਾ ਬਾਦ-ਦਖਨ),ਤੇ ਦਿੱਲੀ ਵਿਚੋਂ ਭੀ ਅਨੇਕ ਸ਼ੋਕ-ਪੱਤ੍ਰ ਆਏ। ਗੱਲ ਕੀ ਸਾਰੀ ਸਿਖ ਦੁਨੀਆਂ ਵਿਚ ਆਪ ਦੇ ਚਲਾਣਾ ਕਰਨ ਦੀ ਖਬਰ ਨੇ ਹਲ ਚਲੀ ਪੈਦਾ ਕਰ ਦਿਤੀ।

ਚੀਫ ਖਾਲਸਾ ਦੀਵਾਨ ਵਾਲੇ ਆਪਣਾ ਕਹਿੰਦੇ ਹਨ ਤਾਂ ਸ਼੍ਰੋਮਣੀ ਕਮੇਟੀ ਵਾਲੇ ਆਪਣਾ ਜਤਾਉਂਦੇ ਹਨ। ਸਿਖ ਐਜੂਕੇਸ਼ਨਲ ਕਾਨਫ੍ਰੰਸ ਪੰਜਾਬੀ ਪ੍ਰਚਾਰ ਦੀ ਸ਼ੋਭਾ ਕਰਦੀ ਹੈ, ਤਾਂ ਵੈਦਕ ਲਈ ਯੂਨਾਨੀ ਤਿੱਬੀ ਕਾਨਫ੍ਰੰਸ ਆਹ ਭਰਦੀ ਹੈ ਤੇ ਟੈਂਪਰੈਂਸ ਵਾਲੇ ਅੱਡ ਅਥਰੂ ਵਹਾਂਦੇ ਹਨ।

ਇਸੇ ਹੀ ਤਰ੍ਹਾਂ ਭਾਰਤ ਵਰਸ਼ ਦੇ ਆਮ ਅਖਬਾਰ ਤੇ ਪੰਜਾਬ ਦੇ ਅਖਬਾਰਾਂ ਨੇ ਖਾਸ ਕਰ ਕੇ ਆਪ ਬਾਰੇ ਲੰਮੇ ਲੰਮੇ ਅਫਸੋਸ ਭਰੇ ਲੇਖ ਲਿਖੇ। ਕਈ ਅਖਬਾਰਾਂ ਨੇ ਤਾਂ ਖਾਸ ਨੰਬਰ ਪ੍ਰਕਾਸ਼ਤ ਕੀਤੇ। ਜਿਨ੍ਹਾਂ ਦਾ ਏਥੇ ਦੇਣਾ ਪੁਸਤਕ ਨੂੰ ਹੋਰ ਵਧੌਣਾ ਹੋਵੇਗਾ, ਪਰ ਉਨ੍ਹਾਂ ਵਿਚੋਂ ਉੱਕਾ ਹੀ ਕੁਝ ਭੀ ਦਰਜ ਨਾ ਕਰਨਾ ਭੀ ਡਾਢੀ ਬੇ ਇਨਸਾਫੀ ਹੋਵੇਗੀ, ਇਸ ਲਈ ਏਥੇ ਅਸੀਂ ਨਮੂਨੇ ਮਾਤ੍ਰ ਕੁਝ ਕੁ ਫਿਕਰੇ ਉਨ੍ਹਾਂ ਸ਼ਰਧਾ ਦੇ ਫੁਲਾਂ ਰੂਪੀ ਅਖਬਾਰਾਂ ਦੇ ਲੇਖਾਂ ਵਿਚੋਂ ਭੀ ਦਰਜ ਕਰਦੇ ਹਾਂ:—

'ਹਿੰਦੀ ਮਿਲਾਪ' ਦਾ ਕਹਿਣਾ ਹੈ:—

"...ਆਪ...ਗਰੀਬੋਂ ਵ ਅਮੀਰੋਂ ਕੇ ਪ੍ਰਿਯ ਪਾਤ੍ਰ, ਨਿਮ੍ਰਤਾ ਔਰ ਸਾਦਗੀ ਕੇ ਅਵਤਾਰ ਤਥਾ ਕਥਨੀ ਕੇ ਪੂਰੇ ਥੇ।...ਭਾਈ ਸਾਹਿਬ ਨੇ ਅਪਨੇ ਜੀਵਨ ਮੇਂ ਵੁਹ ਕ੍ਰਿਸ਼ਮੇ ਦੇਖੇ ਹੈਂ ਜਿਨ ਕੋ ਮਹਾਤਮਾਂ ਲੋਗ ਰਿੱਧੀ ਸਿੱਧੀ ਪ੍ਰਾਪਤ ਕਰਕੇ ਭੀ ਚਾਹਤੇ ਰਹਿਤੇ ਹੈਂ। ਕਾਰਯ ਕੀ ਬਹੁਲਤਾ ਤਥਾ ਸੰਸਾਰ ਕੇ ਹਰੇਕ ਕਾਮ ਮੇਂ ਖਚਤ ਰਹਿਨੇ ਪਰ ਭੀ ਆਪ ਕਮਲ ਕੀ ਤਰਹ ਸੰਸਾਰ ਸੇ ਅਲੇਪ ਥੇ......"



Digitized by Panjab Digital Library | www.panjabdigilib.org

"ਸਾਧੂ ਬ੍ਰਿਤੀ ਪੁਰਸ਼ ਥੇ,ਜਹਾਂ ਆਪ ਆਪਣੇ ਸਫਲ ਚਕਿਤਸਾ-ਕੌਸ਼ਲ ਕੇ ਲੀਏ ਮੀਠੇ ਔਰ ਸਰਲ ਸੁਭਾਵ ਦਵਾਰਾ ਦੇਸ਼ ਦੇਸ਼ਾਂਤਰੋਂ ਮੇਂ ਵਿਖਜਾਤ ਥੇ, ਵਹਾਂ ਪੰਥਕ ਸੇਵਾ ਭੀ ਆਪ ਕੀ ਮਹਾਨ ਥੀ।
........ਭਾਈ ਸਾਹਿਬ ਕਾ ਜੀਵਨ ਚਰਿਤ੍ਰ ਅਨਜਾਨ ਜਨੋਂ ਕੋ ਪ੍ਰਕਾਸ਼-ਸਥੰਭ ਕਾ ਸਹਾਰਾ ਦੇਤਾ ਹੈ।......" (ਸਿੱਖ ਵੀਰ ਦਿੱਲੀ)

## ਸੁਭਾਵ

"......ਬੜੇ ਸੁਹਣੇ ਸੁਭਾ ਵਾਲੇ ਮਿਤ੍ਰ ਮਨੁਖ ਸਨ, ਬੜੀ ਹਮ-ਦਰਦੀ ਤੇ ਸਹਾਇਤਾ ਕਰਕੇ ਖੁਸ਼ ਹੋਣ ਵਾਲੀ ਆਤਮਾ ਸਨ।...... ਜਿਨ੍ਹਾਂ ਦੀ ਛੁਹ ਦੂਜੇ ਨੂੰ ਸੁਖਾਂਦੀ ਤੇ ਜਗਾਂਦੀ ਹੈ।......"

(ਪ੍ਰੀਤ ਲੜੀ)

"......ਆਪ ਸਿਖਾਂ ਵਿਚ ਇਕ ਬੜੀ ਦਿਲਚਸਪ ਅਤੇ ਮਾਨਨੀਕ ਹਸਤੀ ਸਨ......ਇਕ ਅਜੇਹੇ ਬੰਦੇ ਸਨ ਜਿਨ੍ਹਾਂ ਦੀ ਦਿਲਚਸਪੀ ਤਕਰੀਬਨ ਚੌਤਰਫੀ ਸੀ...ਆਪ ਨੇ ਗੁਰਦਵਾਰਿਆਂ ਦੇ ਸੁਧਾਰ ਵਿਚ ਬੜੀ ਦਿਲਚਸਪੀ ਲਈ ਅਤੇ ਗੁਰਦਵਾਰਾ ਪ੍ਰਬੰਧ ਨੂੰ ਉਚਾ ਕਰਨ ਦਾ ਯਤਨ ਵੀ ਕੀਤਾ, ਉਹ ਸਜਣ ਜਿਹੜੇ ਆਪਣੇ ਜ਼ਰੂਰੀ ਕੰਮ ਕਰਦਿਆਂ ਹੋਇਆਂ, ਧਾਰਮਕ ਅਤੇ ਰਾਜਸੀ ਪਹਿਲੂਆਂ ਵਿਚ ਇੱਨਾਂ ਉਘਾ ਹਿਸਾ ਲੈ ਸਕਦਾ ਹੈ ਅਰ ਅਜੇਹੀਆਂ ਲਾਭਦਾਇਕ ਪੁਸਤਕਾਂ ਭੀ ਲਿਖ ਸਕਦਾ ਹੈ ਉਹ ਕੋਈ ਅਨੋਖੀ ਹਸਤੀ ਹੀ ਹੋ ਸਕਦੀ ਹੈ। ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਵਧ ਆਪ ਦੀ ਜ਼ਬਾਨ ਦੀ ਮਿਠਾਸ, ਆਪ ਦੀ ਤਸੱਲੀ ਦਿਹ ਗੁਫਤਗੂ ਅਤੇ ਆਪ ਦਾ ਸਿੱਖੀ ਪ੍ਰੇਮ ਸੀ।......" (ਅਕਾਲੀ ਪਤ੍ਰਕਾ)

"......ਜਿਸ ਨੂੰ ਕਿਸੇ ਨਿਜ ਦੇ ਕੰਮ ਕਾਰਨ, ਦੇਸ਼ ਭਲਾਈ ਦੀ ਖਾਤਰ, ਪੰਥਕ ਸੇਵਾ ਦੀ ਖਾਤਰ ਯਾ ਕਿਸੇ ਹੋਰ ਕਾਰਨ ਆਪ ਦੇ ਦਰਸ਼ਨ ਕਰਨ ਦਾ ਅਵਸਰ ਮਿਲਿਆ ਤੇ ਆਪ ਨਾਲ ਬਚਨ ਬਿਲਾਸ



Digitized by Panjab Digital Library | www.panjabdigilib.org

ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ, ਉਹ ਆਪਣੇ ਹਿਰਦੇ ਵਿਚ ਏਹੋ ਹੀ ਵਲਵਲਾ ਲੈ ਕੇ ਗਿਆ ਕਿ 'ਭਾਈ ਸਾਹਿਬ ਨੇ ਮੇਰੇ ਨਾਲ ਅਧਿਕ ਪਿਆਰ ਕੀਤਾ ਹੈ।......"

(ਖਾਲਸਾ ਤੇ ਖਾਲਸਾ ਐਡਵੋਕੇਟ)

"...ਦੂਸਰੇ ਨੂੰ ਸੁਖ ਦੇਣ ਦਾ ਸੁਭਾਵ ਭੀ ਚੋਖਾ ਸੀ। ਗੁਪਤ ਦਾਨੀ ਭੀ ਸਨ, ਇਸ ਕਰਕੇ ਆਪ ਦਾ ਮੇਲ ਜੋਲ ਬਹੁਤ ਵਡੇ ਦਾਇਰੇ ਵਿਚ ਹੋ ਗਿਆ ਸੀ..." (ਖਾਲਸਾ ਸਮਾਚਾਰ)

## ਸੇਵਾ

"...ਆਪ ਨੇ...ਹਰ ਸਮੇਂ ਨਵੀਆਂ ਉਠਦੀਆਂ ਸਿਖ ਤਹਿਰੀਕਾਂ ਵਿਚ ਹਿੱਸਾ ਲਿਆ ਤੇ ਮਾਤ ਭਾਸ਼ਾ ਪੰਜਾਬੀ ਦੀ ਬਹੁਤ ਸੇਵਾ ਕੀਤੀ......" (ਅਕਾਲੀ)

".........ਸਭ ਪਾਰਟੀਆਂ ਵਿਚ ਸ਼ਾਮਲ ਹੁੰਦੇ ਹੋਏ ਭੀ ਆਪ ਪਾਰਟੀ ਸਪਿਰਟ ਤੋਂ ਸਦਾ ਉੱਚੇ ਰਹਿੰਦੇ ਸਨ। ਆਪ ਦਾ ਸਭ ਪਾਰਟੀਆਂ ਨਾਲ ਇਕੋ ਜਿਹਾ ਪਿਆਰ ਸੀ ਅਤੇ ਸਭ ਪਾਰਟੀਆਂ ਦਾ ਆਪ ਉਤੇ ਪੂਰਾ ਵਿਸ਼ਵਾਸ ਸੀ......" (ਸਤਿ ਜੁਗ-ਭੈਣੀ ਸਾਹਿਬ)

"......ਆਪ ਪੰਥਕ ਮਿਲਾਪ ਦੇ ਵਡੇ ਚਾਹਵਾਨ ਸਨ ਤੇ ਜਦ ਜਦ ਵੀ ਕਿਸੇ ਧੜੇ ਵਲੋਂ ਪੰਥਕ ਮਿਲਾਪ ਦਾ ਉਪ੍ਰਾਲਾ ਹੋਇਆ, ਆਪ ਨੇ ਪੰਥਕ ਮਿਲਾਪ ਦੇ ਯਤਨਾਂ ਵਿਚ ਸਿਰ ਤੋੜ ਹਿੱਸਾ ਲਿਆ......" (ਖਾਲਸਾ ਤੇ ਖਾਲਸਾ ਐਡਵੋਕੇਟ)

"......ਜਵਾਨੀ ਔਰ ਬੁੜ੍ਹਾਪੇ ਮੇਂ ਕੋਈ ਵਕਤ ਐਸਾ ਨਹੀਂ ਆਯਾ ਜਬ ਆਪ ਨੇ ਪੰਥ ਸੇਵਾ ਔਰ ਪੰਥਕ ਬਿਹਤਰੀ ਵ ਬਹਿਬੂਦੀ ਕੇ ਕਾਮੋਂ ਮੇਂ ਦਿਲਚਸਪੀ ਛੋੜ ਦੀ ਹੋ ਯਾ ਕਮ ਕਰ ਦੀ ਹੋ......"

(ਸ਼ੇਰੇ ਪੰਜਾਬ)



Digitized by Panjab Digital Library | www.panjabdigilib.org

"......In him the Sikh community has lost an untiring Panthic worker, a great Punjabi Scholar, a famous Physician, a genius, a perfect gentleman and a personality of India wide fame......a pillar of strength and fame......". (The Khalsa)

"···Who placed his all at the disposal of the Panth without seeking any praise or publicity......Quiet and unostentatious of disposition, sweet and charming in manners. Bhai Mohan Singh enjoyed an unique position in the eyes of the Panth which has been left poorer by his removal from our midst......".

(The Khalsa Review)

## ਵੈਦ

"......ਆਪ ਅਪਨੇ ਵਕਤ ਕੇ ਲਾਸਾਨੀ ਵੈਦ, ਪੰਜਾਬੀ ਪ੍ਰਚਾਰ ਕੇ ਬਾਨੀ, ਜਰਨਲਿਸਟ, ਸ਼ਾਇਰ, ਤਾਰੀਖ ਕੇ ਸ਼ਾਇਕ, ਗੁਰਬਾਣੀ ਕੇ ਪ੍ਰਵਾਨੇ, ਕੌਮ ਕੇ ਖਾਦਮ, ਮੁਲਕ ਕੇ ਸੇਵਕ, ਫਯਾਜ਼ੀ ਕਾ ਨਮੂਨਾ, ਟੈਂਪ੍ਰੈਂਸ ਕ ਦਿਲਦਾਦਹ, ਪਰ ਉਪਕਾਰੀ, ਗੁਰਬਾ ਵ ਉਮਰਾ ਮੇਂ ਮਕਬੂਲ, ਸਾਦਗੀ ਕੇ ਪੁਤਲੇ ਔਰ ਆਲਮੇ ਬਾ ਅਮਲ ਥੇ। ਆਪ ਕੇ ਨਾਮ ਨਾਮੀ ਸੇ ਸਿਰਫ ਤਰਨ ਤਾਰਨ ਯਾ ਪੰਜਾਬ ਹੀ ਨਹੀਂ ਬਲਕਿ ਸਿਖ ਦੁਨੀਯਾ ਕਾ ਬੱਚਾ ਬੱਚਾ ਵਾਕਿਫ ਹੈ..." (ਟੈਂਪ੍ਰੈਸ ਮੈਗੇਜ਼ੀਨ)

".........ਆਪ ਬੜੇ ਲਾਇਕ ਵੈਦ, ਪੰਜਾਬੀ ਪ੍ਰਚਾਰ ਦੇ ਮੋਢੀ, ਲੇਖਕ, ਇਤਿਹਾਸ ਖੋਜੀ, ਕਵੀ, ਉਪਕਾਰੀ, ਪੰਥ ਸੇਵਕ, ਸੱਚੇ ਮਿਤ੍ਰ, ਦਰਦ ਮੰਦ ਸੰਬੰਧੀ ਅਤੇ ਹਰ ਮਨ ਪਿਆਰੇ ਸ਼ਹਿਰੀ ਸਨ.........।" (ਅਕਾਲੀ ਪੱਤ੍ਰਕਾ)

".........ਜਿਥੇ ਆਪ ਇਲਾਜ ਮੁਆਲਜੇ ਤੇ ਮਿਠਾਸ ਭਰੇ ਸੁਭਾ ਕਰ ਕੇ ਦੇਸ਼ ਦੇਸ਼ਾਂਤਰਾਂ ਤਕ ਪ੍ਰਸਿਧ ਸਨ ਉਥੇ ਪੰਥਕ ਸੇਵਾ ਕਰ ਕੇ ਭੀ ਆਪ ਦਾ ਨਾਮ ਸੂਰਜ ਦੀ ਤਰ੍ਹਾਂ ਚਮਕਦਾ ਸੀ.........।"

(ਖਾਲਸਾ ਸੇਵਕ)



Digitized by Panjab Digital Library | www.panjabdigilib.org

"........ਆਪ ਜਿਤਨੇ ਵਡੇ ਵੈਦ ਸਨ ਉਸ ਤੋਂ ਵਧ ਲਿਖਾਰੀ ਸਨ। ਆਪ ਦਾ ਦਿਲ ਬੜਾ ਕੋਮਲ ਤੇ ਪਿਆਰ ਭਰਿਆ ਸੀ ਤੇ ਧਾਰਮਕ ਭਾਵਾਂ ਨਾਲ ਭਰਪੂਰ ਸੀ........।" (ਅੰਮ੍ਰਿਤ)

## ਸਾਹਿਤਜ

"........ਪੰਜਾਬੀ ਦੀ ਅਖਬਾਰੀ ਦੁਨੀਆਂ ਤੇ ਸਾਹਿਤ ਸੇਵੀਆਂ ਵਿਚ ਆਪ ਦਾ ਨਾਮ ਸੂਰਜ ਵਤ ਪ੍ਰਕਾਸ਼ ਵਾਨ ਹੈ। ਆਪ ਪੰਜਾਬੀ ਦੇ ਇਸ ਜ਼ਮਾਨੇ ਦੇ ਸਭ ਤੋਂ ਵਡੇ ਪ੍ਰਚਾਰਕ ਸਨ।........ਆਪ ਦੇ ਟਾਕਰੇ ਦਾ ਪੰਜਾਬੀ ਸਾਹਿਤ ਸੇਵੀ ਅਜ ਕਲ ਦੇ ਜ਼ਮਾਨੇ ਵਿਚ ਸਾਨੂੰ ਤੇ ਕਿਧਰੇ ਨਜ਼ਰ ਨਹੀਂ ਆਉਂਦਾ........।" (ਪ੍ਰੀਤਮ)

"........ਆਪ ਜੀ ਦੀਆਂ ਸੈਂਕੜੇ ਵਧੀਆ ਵੈਦਕ ਤੇ ਸਾਹਿੱਤਜ ਸੰਬੰਧੀ ਲਿਖੀਆਂ ਪੁਸਤਕਾਂ ਆਪ ਦਾ ਨਾਮ ਜ਼ਿੰਦਾ ਰਖਣਗੀਆਂ ........।" (ਰਾਮਗੜ੍ਹੀਆ ਗਜ਼ਟ)

## ਜੀਵਨ

"........ਆਪ ਦਾ ਸੱਚਾ ਸੁੱਚਾ ਜੀਵਨ ਅਜ ਕਲ ਦੇ ਨੌਜਵਾਨਾਂ ਤੇ ਔਣ ਵਾਲੀਆਂ ਨਸਲਾਂ ਲਈ ਇਕ ਚਾਨਣ ਮੁਨਾਰੇ ਦਾ ਕੰਮ ਦੇਵੇਗਾ। ਆਪ ਦੀਆਂ ਪੰਥਕ ਖਿਦਮਤਾਂ ਤੇ ਕੁਰਬਾਨੀਆਂ ਸਿਖ ਇਤਿਹਾਸ ਵਿਚ ਸੋਨੇ ਦੇ ਅਖਰਾਂ ਨਾਲ ਲਿਖੀਆਂ ਜਾਣਗੀਆਂ...।"

(ਪ੍ਰਦੇਸੀ ਖਾਲਸਾ ਸੇਵਕ—ਮਲਾਯਾ)

---

"........ਆਪ ਦਾ ਜੀਵਨ ਪੁਰਾਤਨ ਸਿਖੀ ਦੀ ਜੀਉਂਦੀ ਜਾਗਦੀ ਤਸਵੀਰ ਸੀ........।" (ਮੌਜੀ)

---



Digitized by Panjab Digital Library | www.panjabdigilib.org

"........ਆਪ ਦਾ ਜੀਵਨ ਪਰਉਪਕਾਰੀ, ਨਿਰਮਾਨ ਤੇ ਆਦਰਸ਼ਕ ਸਿਖ ਜੀਵਣ ਸੀ........ ।" (ਕਸ਼ਮੀਰ ਸਿਖ ਸਮਾਚਾਰ)

---

"........ਆਪ ਦੀ ਰਹਿਣੀ, ਬਹਿਣੀ, ਕਰਨੀ ਕਹਿਣੀ ਤੇ ਆਪ ਦਾ ਆਦਰਸ਼ਕ ਗੁਰਮੁਖੀ ਜੀਵਨ ਆਪ ਨਾਲ ਮਿਲਨ ਗਿਲਨ ਵਾਲਿਆਂ ਲਈ ਚਾਨਣ ਮੁਨਾਰਾ ਸੀ........ ।"

(ਖਾ: ਤੇ ਖਾ: ਐ:)

## ਵੈਦਗੀ

"........ਆਪ ਨਿਰੇ ਦਵਾਈਆਂ ਦੇਣ ਵਾਲੇ ਹੀ ਵੈਦ ਨਹੀਂ ਸਨ, ਸਗੋਂ ਮਰੀਜ਼ਾਂ ਅਤੇ ਦੁਖੀਆਂ ਲਈ ਤਰਸ ਹਮਦਰਦੀ ਅਤੇ ਪਿਆਰ ਵੀ ਰਖਦੇ ਸਨ । ਉਨ੍ਹਾਂ ਦਾ ਮੁਖ ਮੰਤਵ ਨਿਰਾ ਪੈਸੇ ਬਟੋਰਨਾ ਹੀ ਨਹੀਂ ਹੁੰਦਾ ਸੀ, ਸਗੋਂ ਮਰੀਜ਼ ਦੀ ਸੇਵਾ ਕਰਨੀ ਅਰ ਉਸ ਨਾਲ ਹਮਦਰਦੀ ਕਰਨੀ । ਏਹੀ ਵਜ੍ਹਾ ਸੀ ਕਿ ਕੀ ਸਿਖ, ਕੀ ਹਿੰਦੂ ਅਤੇ ਕੀ ਮੁਸਲਮਾਨ ਜਾਂ ਈਸਾਈ ਹਰ ਇਕ ਸਤਿਕਾਰ ਅਤੇ ਆਦਰ ਦੀ ਨਜ਼ਰ ਨਾਲ ਦੇਖਦਾ ਸੀ ਅਤੇ ਸਭ ਦੇ ਦਿਲ ਵਿਚ ਇਨ੍ਹਾਂ ਲਈ ਪਿਆਰ ਸੀ........ ।" (ਅਕਾਲੀ ਪੱਤ੍ਰਕਾ)

---

"........ਲੋੜਵੰਦ ਮਰੀਜ਼ਾਂ ਨੂੰ ਆਪ ਆਪਣੇ ਪਾਸ ਸੱਦ ਕੇ, ਠਹਿਰਾ ਕੇ, ਕਈ ਵੇਰ ਸਾਰਾ ਖਰਚ ਪਾਸੋਂ ਕਰ ਕੇ ਕਰਤਾਰ ਦੇ ਆਸਰੇ ਉਨ੍ਹਾਂ ਨੂੰ ਸ਼ਫਾ ਦਿੰਦੇ ਰਹੇ । ਦਰਜਨਾਂ ਨਹੀਂ ਬਲਕਿ ਸੈਂਕੜੇ ਮਰੀਜ਼ ਅਜਿਹੇ ਆਪ ਨੇ ਰਾਜ਼ੀ ਕੀਤੇ ਜਿਨ੍ਹਾਂ ਨੂੰ ਬੜੇ ਬੜੇ ਲਾਇਕ ਡਾਕਟਰ ਤੇ ਸਿਵਲ ਸਰਜਨ ਜਵਾਬ ਦੇ ਚੁੱਕੇ ਸਨ......।"

(ਖਾ: ਤੇ ਖਾ: ਐਡਵੋਕੇਟ)

---



Digitized by Panjab Digital Library | www.panjabdigilib.org

"........ਆਪ ਸਿਆਣੇ ਤੇ ਮੰਨੇ ਪ੍ਰਮੰਨੇ ਵੈਦ ਸਨ। ਲਾਹੌਰ ਅੰਮ੍ਰਿਤਸਰ ਤੇ ਪੰਜਾਬ ਦੇ ਅਨੇਕ ਥਾਵਾਂ ਤੋਂ ਹੋਰਨਾਂ ਡਾਕਟਰਾਂ ਆਦਿ ਤੋਂ ਨਾ ਰਾਜ਼ੀ ਹੋ ਸਕੇ ਅਨੇਕਾਂ ਮਰੀਜ਼ ਆਪ ਦੇ ਹਥੋਂ ਰਾਜ਼ੀ ਹੋਏ, ਸਗੋਂ ਦੂਰ ਦੂਰ ਦੇਸਾਂ ਤੋਂ ਬੀ ਵੱਲ ਹੋਏ। ਘਰ ਬੈਠਿਆਂ ਦਵਾਈਆਂ ਮੰਗਾ ਕੇ ਤਾਂ ਬੜੀ ਦੂਰ ਬੈਠੇ ਲੋਕਾਂ ਨੇ ਲਾਭ ਉਠਾਏ ਤੇ ਉਠਾ ਰਹੇ ਹਨ।........ ਆਪ ਦੀ ਵੈਦਗੀ ਦੀ ਸ਼ੋਹਰਤ ਦੂਰ ਦੂਰ ਤਕ ਹੈ ਤੇ ਆਪ ਦਾ ਕਾਰੋਬਾਰ ਬੜੀ ਕਾਮਯਾਬੀ ਨਾਲ ਚਲ ਰਿਹਾ ਹੈ........ ॥"

(ਖਾਲਸਾ ਸਮਾਚਾਰ)

---



Digitized by Panjab Digital Library | www.panjabdigilib.org

ਹੁਣ ਜ਼ਰਾ ਕਵੀ ਬੁਲਬੁਲਾਂ ਦੇ ਵਿਯੋਗ ਤਰਾਨਿਆਂ ਦਾ ਭੀ ਨਮੂਨਾ ਦੇਖ ਲਵੋ ਜੋ ਕੇਵਲ ਨਮੂਨੇ ਮਾਤ੍ਰ ਦੇਗ ਵਿਚੋਂ ਦਾਣਾ ਹੈ:–

## ਵੈਦ ਮੋਹਨ ਸਿੰਘ ਜਦੋਂ ਜੁਦਾ ਹੋ ਗਏ !

ਬਰਛੀ ਬ੍ਰਿਹੋਂ ਦੀ ਜਿਗਰ ਦੇ ਵਿੱਚ ਧੱਸ ਗਈ, ਵੈਦਮੋਹਨ ਸਿੰਘ ਜਦੋਂ ਜੁਦਾ ਹੋ ਗਏ !
ਏਸੇ ਪੀੜ ਨੇ ਪੀੜ ਵਜੂਦ ਦਿਤਾ, ਲਹੂ ਸੁਕਿਆ ਲਾ ਦਵਾ ਹੋ ਗਏ !
ਰਿਹਾ ਸਾਹ ਨਾ ਸਾਹ ਵਿਚ ਸਾਹ ਜੋਗਾ, ਪਹਿਲਾਂ ਮਰਨ ਕੋਲੋਂ ਮਰਨ-ਸਾ ਹੋ ਗਏ !
ਨੈਣੋਂ ਨੀਰ ਵਹੀਰ ਪਾ ਵਹਿ ਚਲੇ, ਦੀਦੇ ਦੁਖਾਂ ਦੇ ਦੋਵੇਂ ਦਰਿਆ ਹੋ ਗਏ !
ਡੁੱਬ ਮਰੇਗੀ ਜਾਨ ਗਰੀਬ ਅਪਣੀ, ਏਹਨਾਂ ਦੀਦਿਆਂ ਦੇ ਦਰਿਆ ਅੰਦਰ !
ਕਿਸੇ ਦਮ ਦਾ ਦਮ ਪਰਾਹੁਣਾ ਹੈ, ਜੇਹੜਾ ਆ ਗਿਆ ਗਮਾਂ ਦੀ ਫਾਹ ਅੰਦਰ !

ਮੋਹਨ ਸਿੰਘ ਵਰਗਾ ਵੈਦ ਲੱਭਣਾ ਨਹੀਂ, ਅਰਸ਼ ਫਰਸ਼ ਉਤੇ ਪਿਆ ਭਾਲ ਭਾਵੇਂ !
ਓਸ ਲਾਲ ਅਨਮੋਲ ਨੇ ਨਹੀਂ ਮਿਲਣਾ, ਇਵਜ਼ ਦੇ ਦੇਈਏ ਲਖਾਂ ਲਾਲ ਭਾਵੇਂ !
ਕੌਣ ਮੁਫਤ ਮਰੀਜ਼ਾਂ ਨੂੰ ਵੇਖਦਾ ਏ, ਕਰਨ ਦਿਨੇ ਰਾਤੀ ਹਾਲ ਹਾਲ ਭਾਵੇਂ !
ਨਹੀਂ ਈਸਾ ਭੀ ਓਸਦੇ ਜਿਹਾ ਡਿਠਾ, ਬਣਿਆ ਹੋਇਆ ਸੀ ਬੇਮਿਸਾਲ ਭਾਵੇਂ !
ਜਿਸਦੀ ਕਲਮ ਕਮਾਲ ਥੀਂ ਕਈ ਪੁਸਤਕ, ਫਾਇਦਾਮੰਦ ਸਭ ਦੇ ਕਲਮਬੰਦ ਹੋਏ !
ਪੜ੍ਹ ੨ ਜਿਨ੍ਹਾਂ ਨੂੰ ਕਰਨ ਉਲਮਾ ਅਸ਼ ਅਸ਼, ਵਿਚ ਆਲਮਾਂ ਐਨ ਪਸੰਦ ਹੋਏ !

ਸਿਫਤਾਂ ਸਿਖੀ ਦੀਆਂ ਸਨ ਸਿਖ ਵਿੱਚ ਭਰੀਆਂ, ਉੱਚ ਗੱਲਾਂ ਦੇ ਨਾਲ ਭਰਪੂਰ ਹੈਸੀ !
ਨਿਰਮਲ ਚੰਦ ਤੋਂ ਸੀ ਸੋਹਣਾ ਮੁਖ ਜਿਸਦਾ, ਵਿਚੋਂ ਨੂਰ ਦੇ ਨਾਲ ਮਾਮੂਰ ਹੈਸੀ !
ਰੋਗ ਰੋਗੀਆਂ ਦੇ ਕਢ ਰਗਾਂ ਵਿਚੋਂ, ਕਰਦਾ ਪਲਾਂ ਦੇ ਵਿਚ ਕਾਫੂਰ ਹੈਸੀ !
ਏਸੇ ਵਾਸਤੇ ਵਿਚ ਪੰਜਾਬ ਸੂਰਾ, ਹਰ ਇਕ ਸ਼ਹਿਰ ਗਰਾਂ ਮਸ਼ਹੂਰ ਹੈਸੀ !
ਉਚ ਆਤਮਾ ਕੌਣ ਬੀਮਾਰ ਹੋ ਗਈ, ਉਤੇ ਅਰਸ਼ ਦੇ ਲਿਆ ਬੁਲਾ ਜਿਸਨੇ !
ਪਰਤ ਧਰਤ ਤੇ ਕਦੋਂ ਉਸ ਆਉਣ ਦੇਣਾ, ਅਜਲ ਏਸਦੀ ਦਿੱਤਾ ਭਿਜਵਾ ਜਿਸਨੇ !

(ਪ੍ਰਦੇਸੀ ਖਾਲਸਾ ਸੇਵਕ-ਮਲਾਯਾ)

---



Digitized by Panjab Digital Library | www.panjabdigilib.org

## ਸੁਣਿਆ ਜਦੋਂ ਕਿ 'ਮੋਹਨ ਸਿੰਘ ਵੈਦ' ਤੁਰ ਗਏ !

(ਮਲਾਯਾ ਦੇ 'ਸ਼੍ਰੋਮਣੀ ਕਵੀ' ਜੀ ਦੀ ਲੇਖਣੀ ਤੋਂ)

ਡਾਵਾਂਡੋਲ ਉਦਾਸ ਚਿਤ ਨੈਣ ਭਰੇ, ਛਡ ਗੋਪੀਆਂ ਨੂੰ ਜਦੋਂ 'ਮੋਹਨ' ਤੁਰ ਗਏ !
ਸਾਥੀ ਬਾਬਾ ਅਟੱਲ ਬੇਚੈਨ ਸਾਰੇ, ਮੀਟੀ ਦੇਣ ਵਾਲੇ ਸੁਣਕੇ 'ਮੋਹਨ' ਤੁਰ ਗਏ !
ਦਿਲੀਂ ਜੋਗੀਆਂ ਖਿਲਬਲੀ ਮਚ ਗਈ, ਜਦੋਂ ਦੇਣ ਵਾਲੇ ਭੋਗ 'ਮੋਹਨ' ਤੁਰ ਗਏ !
ਡਿਠੀ ਮੁਠ ਵਿਚ ਕਾਲਜਾ ਸੁੰਦਰਾਂ ਲਈ, ਪੂਰਨ ਨਾਥ ਜਦੋਂ ਮਨਮੋਹਨ ਤੁਰ ਗਏ !
ਹਾਲ ਉਨ੍ਹਾਂ ਦੇ ਦਿਲਾਂ ਦਾ ਪੁੱਛਣਾ ਕੀ, ਘਰੀਂ ਜਿਨ੍ਹਾਂ ਬੀਮਾਰ ਛਡ ਵੈਦ ਤੁਰ ਗਏ !
ਤੁਰੇ ਯਾਦ ਸਾਹਿ ਮੁੜ ਔਣ ਲਗੇ, ਸੁਣਿਆਂ ਜਦੋਂ ਕਿ ਮੋਹਨ ਸਿੰਘ ਵੈਦ ਤੁਰ ਗਏ !

ਇਕ ਇਕ ਕਰਕੇ ਦੂਲੇ ਤੁਰੀ ਜਾਂਦੇ, ਪਤਾ ਨਹੀਂ ਕੀ ਰਬ ਨੂੰ ਭਾਉਂਦਾ ਏ !
ਪਤਾ ਹੁੰਦਿਆਂ ਭਾਣੇ ਵਿਚਕਾਰ ਸਾਰੀ, ਭੈੜਾ ਚਿਤ ਤਾਂ ਵੀ ਘਬਰਾਉਂਦਾ ਏ !
ਵਾਲੀ ਤੁਰੀ ਜਾਂਦੇ ਮਾਲੀ ਸਮਝਦੇ ਨਹੀਂ, ਸਾਹ ਸੁਖ ਦਾ ਕਿਧਰੋਂ ਨਾ ਆਉਂਦਾ ਏ !
ਹਾਲ ਚਮਨ ਇਹ ਵੇਖ ਕੁਰਲਾਈ ਬੁਲਬੁਲ, ਵੈਹਣ ਦਿਲ ਦਾ ਵਹਿਣ ਝਨਾਉਂਦਾ ਏ !
ਜਿਧਰ 'ਅਤਰ' ਸੁਗੰਧ ਫੈਲੌਣ ਵਾਲੇ, ਵਾਟਾਂ ਲੰਮੀਆਂ ਮਲਕੇ ਤੁਰ ਗਏ ਨੇ !
ਓਧਰ ਮੋਹਨ ਸਿੰਘ ਹਰ ਮਨਮੋਹਨ ਵਾਲੇ, ਗਏ 'ਵੈਦ' ਪਿਛੋਂ ਰੋਗੀ ਝੁਰ ਰਹੇ ਨੇ !

ਨਰਮ ਦਿਲ ਸੁਹਿਰਦ ਚਿਤ ਨਾਮ ਰਸੀਏ, ਦਰਦਵੰਦਾਂ ਦੇ ਦਰਦ ਵੰਡਾਉਣ ਵਾਲੇ !
ਸਿਦਕੀ ਸਿਖ ਸੇਵਕ ਨਿਸ਼ਕਾਮ ਬੀਬੇ, ਹਉਮੈਂ ਰੋਗ ਨੂੰ 'ਵੈਦ' ਹਟਾਉਣ ਵਾਲੇ !
ਲਿਖ ਪੁਸਤਕਾਂ ਦਸ ਦਵਾ ਦਰਮਲ, ਰਾਹ ਅਰੋਗਤਾ ਸਭਨਾਂ ਬਤਾਉਣ ਵਾਲੇ !
ਧਨੀ ਕਲਮ ਪੰਜਾਬੀ ਜ਼ਬਾਨ ਅੰਦਰ, ਲਿਖਤਾਂ ਲਿਖ ਇਨਾਮ ਕਈ ਪਾਉਣ ਵਾਲੇ !
ਉਹ ਸੀ ਗੁਣਾਂ ਦੀ ਕੋਠੜੀ ਕੀ ਗਿਣੀਏਂ, ਖਾਲੀ ਕਰ ਗਏ ਇਕ ਮਕਾਨ ਸਾਡਾ !
ਸੰਤ ਜੋਧੇ ਲਿਖਾਰੀ ਤੇ ਨੀਤੀ ਵੇਤਾ, ਖੋਹਕੇ ਕਰੇ ਕਿਸਮਤ ਇਮਤਿਹਾਨ ਸਾਡਾ !

---



Digitized by Panjab Digital Library | www.panjabdigilib.org

## ਆਹ ! ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ

ਬਿਧਾਤਾ ! ਇਹ ਕੀ ਰੋਜ਼ ਖੇਡਾਂ ਰਚਾਨੈ ।
ਢਾਹੇਂ, ਉਸਾਰੇਂ, ਬਨਾਵੇ ਤੇ ਢਾਨੈ ।
ਫੁਲ ਖਿੜਾਵੇਂ, ਸੁਗੰਧੀ ਫੈਲਾਵਣ,
ਖਿੜਨ ਵੀ ਨਾ ਪਾਵਨ ਤੋੜ ਲੈ ਜਾਨੈ ।
ਚੰਗਾ ਨਹੀਂ ਲਗਦਾ ਇਹ ਪੁਟਣਾ ਤੇ ਲਾਣਾ ।
ਵਸਣ ਦਿਆ ਕਰੋ ਇਕੋ ਟਿਕਾਣਾ ।
ਗਏ 'ਸ਼ਾਮ' ਜੀ ਅਸੀਂ ਮੰਨਿਆ ਸੀ ਭਾਣਾ ।
'ਹੀਰੇ' ਖੁਸੇ ਕੀਤਾ 'ਸੁੰਦਰ' ਪਇਆਣਾ ।
ਡੁਲ੍ਹੇ 'ਅਤਰ' ਗਏ ਤਖਤੋਂ ਵੀ ਵਾਂਜੇ,
ਭੰਵਰ ਵਿਚ ਬੇੜੀ ਨਾ ਰਿਹਾ ਮੁਹਾਣਾ ।
ਰਿਹਾ ਪਿਆਰਾ 'ਮੋਹਨ' ਉਹ ਭੀ ਤੈਂ ਖੱਸਿਆ ।
ਸਿਖਾਂ ਦੇ ਉਤੇ ਇਹ ਆਈ ਕੀ ਮੱਸਿਆ ।
ਤਿਰੀ ਮੌਜ ਪ੍ਰੀਤਮ ! ਤਿਰੀ ਤੂੰਹੇਂ ਜਾਣੇ ।
ਨਿਮਾਣੇ ਹਾਂ ਬੇਬੱਸ, ਹਾਂ ਆਜਜ਼ ਨਿਤਾਣੇ ।
ਕਦੇ ਰਹਿਣ ਦੇਂਦੋਂ ਜੇ 'ਮੋਹਨ' ਪਿਆਰੇ ।
ਉਨ੍ਹਾਂ ਹੁਕਮ ਤੇਰੇ ਸੀ ਜੱਗ ਨੂੰ ਜਤਾਣੇ ।
ਨਾ ਸਿਮਰਣ ਨਾ ਕੀਰਤਨ ਖੁੜੇ ਜਾ ਰਹੇ ਹੂਾਂ ।
ਮੁਹਾਣਿਆਂ ਬਾਝੋਂ ਰੁੜ੍ਹੇ ਜਾ ਰਹੇ ਹਾਂ ।

(ਅਕਾਲੀ ਪੱਤ੍ਰਕਾ)

---

Printed and Published
by Lala Dhani Ram 'Chatrik'
at the 'SUDARSHAN PRESS'
Hall Bazar, AMRITSAR.

੮੦੦.

Digitized by Panjab Digital Library | www.panjabdigilib.org

# ਪੁਸਤਕਾਂ

ਕਿਸੇ ਦੇਸ਼ ਅਤੇ ਕੌਮ ਦੀ ਉੱਨਤੀ ਦਾ ਮੂਲ ਉਸ ਦੇਸ਼ ਤੇ ਕੌਮ ਦੀ ਭਾਸ਼ਾ ਦੀ ਉੱਨਤੀ ਹੀ ਹੈ ਤੇ ਭਾਸ਼ਾ ਦੀ ਉੱਨਤੀ ਦਾ ਸਾਧਨ ਚੰਗੇ ਪੱਤ੍ਰ ਤੇ ਪੁਸਤਕਾਂ ਹੀ ਹਨ। ਬਹੁਤ ਸਾਰੇ ਧੀਆਂ ਪੁਤਰਾਂ ਦੀ ਉਪਜ ਦੇਸ਼, ਕੌਮ, ਕੁਲ ਅਤੇ ਘਰਾਣੇ ਵਾਸਤੇ ਇਤਨੀ ਸੁਖਦਾਈ ਨਹੀਂ ਹੋ ਸਕਦੀ ਜਿੰਨੀ ਕਿ ਚੰਗੇ ਚੰਗੇ ਪੁਸਤਕਾਂ ਦੀ ਉਪਜ ਸੁਖਦਾਈ ਹੈ। ਹਰ ਇਕ ਦੇ ਹਰ ਇਕ ਪ੍ਰਸ਼ਨ ਦਾ ਉਤਰ ਮੁਫਤ ਵਡੀ ਦਯਾ ਨਾਲ ਦੇਵਨ ਵਾਲੇ ਉੱਤਮ ਪੁਸਤਕ ਹੀ ਹਨ। ਚੰਗੀਆਂ ਮੱਤਾਂ ਸਿਖਾਣ ਤੇ ਕਦੇ ਨਾ ਗੁੱਸੇ ਹੋਣ ਵਾਲੇ ਉਸਤਾਦ ਅਤੇ ਕਦੇ ਨਾ ਧੋਖਾ ਦੇਣ ਵਾਲੇ ਸੱਜਣ–ਅਜ ਕਲ ਸੰਸਾਰ ਵਿਚ ਕੇਵਲ ਉੱਤਮ ਪੁਸਤਕਾਂ ਹੀ ਹਨ। ਇਸੇ ਤਰ੍ਹਾਂ ਆਪਣੇ ਗੁਣ ਅਵਗੁਣ ਪਰਖਣ ਦਾ ਸ਼ੀਸ਼ਾ ਤੇ ਤਨ, ਮਨ, ਆਤਮਾਂ, ਧਨ, ਸੰਤਾਨ, ਪ੍ਰਵਾਰ ਅਤੇ ਸਜਣਾਂ, ਮਿਤ੍ਰਾਂ ਦੇ ਸੁਧਾਰ ਅਥਵਾ ਅਗਵਾਈ ਵਾਸਤੇ ਭੀ ਕੇਵਲ ਉੱਤਮ ਪੁਸਤਕਾਂ ਹੀ ਹਨ।

ਸਾਹਿਤ ਦਾ ਕੋਈ ਅੰਗ ਅਜੇਹਾ ਨਹੀਂ ਜਿਸ ਸੰਬੰਧੀ ਵੈਦ ਜੀ ਨੇ ਕੋਈ ਛੋਟੀ ਵੱਡੀ ਪੁਸਤਕ ਪ੍ਰਕਾਸ਼ਤ ਨਾ ਕੀਤੀ ਹੋਵੇ। ਆਪ ਨੇ ਕੇਵਲ ਅਰੋਗਤਾ, ਵੈਦਕ, ਹਿਕਮਤ, ਡਾਕਟਰੀ ਤੇ ਹੋਰ ਚਕਿਤਸਾਂ ਸੰਬੰਧੀ ਹੀ ਪੁਸਤਕ ਲਿਖ ਕੇ ਪ੍ਰਕਾਸ਼ਤ ਨਹੀਂ ਕੀਤੇ, ਸਗੋਂ ਆਤਮ ਸੁਧਾਰ, ਧਰਮ, ਖੰਡਣ ਮੰਡਨ, ਸਿੱਖੀ ਪ੍ਰਚਾਰ, ਗੁਰਦ੍ਵਾਰਾ ਸੁਧਾਰ, ਇਖਲਾਕ ਅਥਵਾ Social uplift, ਜੀਵਨ ਸੁਧਾਰ, ਗ੍ਰਹਸਥ ਨਿਰਬਾਹ, ਬਾਲਕ ਪਾਲਣ, ਕਹਣੀਆਂ, ਨਾਵਲ, ਇਤਿਹਾਸ ਅਤੇ ਦੇਸਾਂ ਪ੍ਰਦੇਸਾਂ ਦੀ ਸੈਰ ਆਦਿ ਦਰਜਨਾਂ ਵਿਸ਼ਿਆਂ ਤੇ ਭੀ ਭਾਂਤ ਭਾਂਤ ਦੇ ਪੁਸਤਕ ਪ੍ਰਕਾਸ਼ਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ; ਉਹ ਭੀ ਉਸ ਸਮੇਂ ਤੋਂ ਜਦ ਕਿ ਪੰਜਾਬੀ ਬੋਲੀ ਵਲ ਕਿਸੇ ਟਾਂਵੇਂ ਟਾਂਵੇਂ ਦਾ ਹੀ ਖਿਆਲ ਸੀ।

ਵੈਦ ਜੀ ਦੀਆਂ ਇਹ ਪੁਸਤਕਾਂ ਸ੍ਰਕਾਰ, ਪੰਜਾਬ ਟੈਕਸਟ ਬੁਕ



Digitized by Panjab Digital Library | www.panjabdigilib.org

ਕਮੇਟੀ, ਸਿੱਖ ਐਜੂਕੇਸ਼ਨਲ ਕਮੇਟੀ ਚੀਫ਼ ਖਾਲਸਾ ਦੀਵਾਨ, ਜੰਗ ਯੂਰਪ ਵਿਚ ਤੇ ਹੋਰ ਸਭਾ ਸੋਸਾਇਟੀਆਂ ਵਲੋਂ ਸਤਕਾਰੀਆਂ ਤੇ ਇਨਾਮ ਪ੍ਰਾਪਤ ਕਰ ਚੁਕੀਆਂ ਹਨ।

ਇਨ੍ਹਾਂ ਤੋਂ ਸਿਵਾ ਆਪ ਲਗਾਤਾਰ ੧੪ ਸਾਲ (੧੯੦੬-੧੯੨੦) ਮਾਹਵਾਰੀ ਪੱਤ੍ਰ "ਦੁਖ ਨਿਵਾਰਨ" ਐਡਿਟ ਤੇ ਪ੍ਰਕਾਸ਼ਤ ਕਰਦੇ ਰਹੇ ਹਨ। ਅਜੇਹਾ ਕੋਈ ਭੀ ਪੰਜਾਬੀ ਅਖਬਾਰ ਨਹੀਂ ਹੋਵੇਗਾ ਜਿਸ ਵਿਚ ਆਪ ਜੀ ਦੇ ਲੇਖ, ਕਵਿਤਾ ਆਦਿ ਨਾ ਪ੍ਰਕਾਸ਼ਤ ਹੁੰਦੇ ਰਹੇ ਹੋਣ। ਇਸੇ ਤਰ੍ਹਾਂ ਅਨੇਕ ਸਜਣਾਂ ਤੇ ਵਿਦਵਾਨਾਂ ਵਲੋਂ ਆਏ ਖਰੜੇ ਤੇ ਲੇਖ ਆਦਿਕਾਂ ਦੀ ਸੁਧਾਈ ਭੀ ਆਪ ਨੇ ਕੀਤੀ।

ਆਪ ਨੇ ਕੇਵਲ ਸੈਂਕੜੇ ਪੁਸਤਕਾਂ ਹਰ ਵਿਸ਼ਯ ਤੇ ਲਿਖੀਆਂ ਤੇ ਪ੍ਰਕਾਸ਼ਤ ਹੀ ਨਹੀਂ ਕੀਤੀਆਂ, ਸਗੋਂ ਹਜ਼ਾਰਾਂ ਪੁਸਤਕਾਂ—ਹਰ ਵਿਸ਼ਯ ਤੇ ਹਰ ਜ਼ਬਾਨ ਦੀਆਂ ਆਪਣੀ ਲਾਇਬ੍ਰੇਰੀ ਅਥਵਾ ਪੁਸਤਕ ਭੰਡਾਰ ਵਿਚ ਇਕੱਤ੍ਰ ਭੀ ਕੀਤੀਆਂ ਹਨ, ਜੋ ਆਪ ਦੀ ਯਾਦ ਵਿਚ ਖੋਲ੍ਹੀ "ਭਾਈ ਮੋਹਨ ਸਿੰਘ ਜੀ ਵੈਦ ਲਾਇਬ੍ਰੇਰੀ, ਤਰਨ ਤਾਰਨ" ਵਿਚ ਸਸ਼ੋਭਤ ਹਨ।

ਇਸ ਤੋਂ ਅਗੇ ਵੈਦ ਜੀ ਲਿਖਤ ਤੇ ਪ੍ਰਕਾਸ਼ਤ ਪੁਸਤਕਾਂ ਦੇ ਥਾਂ ਦੀ ਥੁੜ ਕਰਕੇ ਕੇਵਲ ਨਾਮ ਹੀ ਦਿਤੇ ਜਾਂਦੇ ਹਨ ਤਾਂ ਜੋ ਪਾਠਕ ਜਨ ਆਪ ਦੀ ਸਾਹਿਤ ਸੇਵਾ ਦਾ ਕੁਝ ਅੰਦਾਜ਼ਾ ਲਗਾ ਸਕਣ। ਇਨ੍ਹਾਂ ਤੋਂ ਸਿਵਾ ਹਾਲੀਂ ਆਪ ਜੀ ਦੇ ਲਿਖੇ ਬਹੁਤ ਅਣਛਪੇ ਖਰੜੇ ਭੀ ਪਏ ਹੋਏ ਹਨ, ਜਿਨ੍ਹਾਂ ਵਿਚੋਂ ਨਮੂਨੇ ਮਾਤ੍ਰ ਥੋੜੇ ਜੇਹਿਆਂ ਦੇ ਨਾਮ ਭੀ ਦਰਜ ਹਨ। ਥਾਂ ਦੀ ਥੁੜ ਕਾਰਨ ਆਪ ਦੇ ਲਿਖਤ ਛਪੇ ੪੦ ਤੋਂ ਵਧੀਕ ਹੈਂਡ ਬਿੱਲਾਂ ਤੇ ਕਈ ਹੋਰ ਪੁਸਤਕਾਂ ਦੇ ਨਾਮ ਨਹੀਂ ਦਿਤੇ ਜਾ ਸਕੇ। ਹਰ ਇਕ ਜਾਂ ਕਿਸੇ ਪੁਸਤਕ ਦਾ ਵਿਸਥਾਰ ਜਾਣਨ ਲਈ 'ਮੈਨੇਜਰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ, ਤਰਨ ਤਾਰਨ (ਪੰਜਾਬ)' ਨੂੰ ਲਿਖ "ਅਦੁਤੀ ਲਾਲਟੈਨਾਂ" ਮੁਫਤ ਮੰਗਵਾ ਦੇਖੋ, ਜਿਸ ਵਿਚ ਹਰ ਪੁਸਤਕ ਦਾ ਵੇਰਵਾ ਹੈ।



Digitized by Panjab Digital Library | www.panjabdigilib.org

## ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ:-

੧. ਆਤਮ ਸੁਧਾਰ
੨. ਸੁਖੀ ਜੀਵਨ ਦੇ ਗੁਰ
੩. ਸ੍ਰੇਸ਼ਟ ਕੁਲਾਂ ਦੀ ਚਾਲ
੪. ਵਪਾਰ ਸਿਖਯਾ
੫. ਆਤਮ ਵਿਦਯਾ ਦੇ ਗੁਰ
੬. ਸੰਦੂਕ ਦਾ ਮੁਰਦਾ
੭. ਭੂਲ ਭੁਲੱਯਾਂ
੮. ਮਿਟੀ ਨਾਲ ਰੋਗਾਂ ਦੇ ਇਲਾਜ
੯. ਇਸਤ੍ਰੀ ਧਰਮ ਸਿੰਮ੍ਰਤੀ ਸਾਰ
੧੦. ਮੁਲਾਕਾਤ ਦਰਪਨ
੧੧. ਗਹਿਣਾ ਮੰਗਣ ਦੇ ਔਗੁਣ
੧੨. ਅਨੇਕ ਗਯਾਨ ਦਰਪਨ
੧੩. ਸੁਸ਼ੀਲਾ ਨੂੰਹ
੧੪. ਰਾਮਿੰਦ੍ਰ ਕੌਰ
੧੫. ਸੁਖ ਮਾਰਗ ਪ੍ਰਕਾਸ਼
੧੬. ਸੁਭਾਗ ਕੌਰ
੧੭. ਉਪਦੇਸ਼ ਦਰਪਨ
੧੮. ਸ਼ੇਰ ਬਹਾਦ੍ਰ ਸ਼ੇਰ ਸਿੰਘ
੧੯. ਕਮਾਈ ਦੀ ਬਰਕਤ
੨੦. ਅਧਾਨ ਦੇ ਦਿਨ ਤੇ ਸੰਤਾਨ ਸਿਖਯਾ
੨੧. ਇਲਾਜ ਬੇ ਦੁਆ
੨੨. ਸੱਪ ਦੀ ਜ਼ਹਿਰ ਦੇ ਇਲਾਜ
੨੩. ਅਰੋਗਤਾ ਪ੍ਰਕਾਸ਼
੨੪. ਭੁਚਾਲ ਤੇ ਜੰਗਲਾਂ ਤੋਂ ਲਾਭ ਅਤੇ ਕੋਲੇ ਦੀ ਉਤਪਤੀ
੨੫. ਗਊ ਪਦਾਰਥ ਗੁਣ ਸੰਗ੍ਰਹ
੨੬. ਜਵਾਨ ਪ੍ਰਸੂਤਾ ਤੇ ਮਾਤਾ ਪ੍ਰਬੋਧ
੨੭. ਇਕ ਸਿਖ ਘਰਾਣਾ
੨੮. ਬੇਕਨ ਵਿਚਾਰ ਰਤਨਾਵਲੀ
੨੯. ਸੱਚਾ ਪ੍ਰਕਾਸ਼
੩੦. ਗ੍ਰਿਹ ਪ੍ਰਬੰਧ ਤੇ ਅਰੋਗਯਤਾ
੩੧. ਸੰਛੇਪ ਸੰਪਤੀ ਸ਼ਾਸਤ੍ਰ
੩੨. ਗੌਰਵਤਾ ਆਯੁਰਵੇਦ
੩੩. ਸਿੱਧ ਔਖਧੀ ਭੰਡਾਰ ਭਾਗ ੧
੩੪. ਕੁੰਭ ਦਾ ਮੇਲਾ ਤੇ ਛੋਟੀ ਨੂੰਹ
੩੫. ਇਸਤ੍ਰੀ ਰੋਗ ਚਕਿਤਸਾ
੩੬. ਬਾਲ ਰੋਗ ਚਕਿਤਸਾ
੩੭. ਜੀਵਨ ਰੱਖਯਾ
੩੮. ਜਵਾਨਾਂ ਦਾ ਰਾਖਾ
੩੯. ਮਨ ਮੰਨੀ ਸੰਤਾਨ
੪੦. ਸਾਧਾਂ ਦੇ ੧੮ ਨਰਕ ਤੇ ਕੁਸ਼ਟ
੪੧. ਤਾਂਤੀਆ ਭੀਲ
੪੨. ਨਿੰਦਤ ਭ੍ਰਿਸ਼ਟਾਚਾਰ·

(ਗੁਰਮਖੀ ਤੇ ਹਿੰਦੀ)



Digitized by Panjab Digital Library | www.panjabdigilib.org

੪੩. ਦਯਾਨੰਦ ਮਤ ਦਰਪਨ
੪੪. ਆਰੀਆਂ ਦੇ ਢੋਲ ਦਾ ਪੋਲ
੪੫. ਕਰਮ ਯੋਗ
੪੬. ਸਹੁਰੇ ਤੁਰਦੀ ਧੀ ਨੂੰ ਮੱਤਾਂ
੪੭. ਆਤਮਕ ਉੱਨਤੀ
੪੮. ਸਰਬ ਗੁਣ ਸੰਪੰਨਤਾ
(ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ)
੪੯. ਰੱਬੀ ਜੋੜ ਮੇਲਾ
੫੦. ਵਿਧਵਾ ਵਿਲਾਪ
੫੧. ਤੁਲਸੀ ਪੂਜਨ
੫੨. ਅਰੋਗਤਾ ਰੱਖਯਕ
੫੩. ਕਿਸਮਤ ਦਾ ਧਨੀ
੫੪. ਯੂਨਾਨੀ ਚਕਿਤਸਾ ਭੰਡਾਰ
੫੫. ਸਿਆਣੀ ਮਾਤਾ
੫੬. ਪਲੇਗ ਦੇ ਦਿਨਾਂ ਦੀ ਰਖਯਾ
੫੭. ਅਬਲਾ ਵਿਲਾਪ
੫੮. ਬਰਸਾਤੀ ਤਾਪ
੫੯. ਤਮਾਕੂ ਸੇਵਨ ਦੇ ਔਗੁਣ
੬੦. ਦੋ ਸਹੇਲੀਆਂ ਦੀ ਵਾਰਤਾ
੬੧. ਵਿਦਯਾ ਦਾ ਚਮਤਕਾਰ
੬੨. ਨਵੀਨ ਜ੍ਵਰ ਚਕਿਤਸਾ
੬੩. ਸਾਹ ਲੈਣ ਦਾ ਢੰਗ
੬੪. ਸਿਖ ਕੀਹ ਤੇ ਸ਼ਰਾਬ ਤੋਂ ਨਾਂਹ ਕੀ ?
੬੫. ਸੁਘੜ ਕੌਰ
੬੬. ਬੰਧਯਤ੍ਵ ਦੂਰ ਕਰਨ ਦਾ ਸੌਖਾ ਤੇ ਸੱਚਾ ਉਪਾਉ
੬੭. ਦੋ ਵ੍ਯਾਖਯਾਨ
੬੮. ਪ੍ਰਉਪਕਾਰ ਹੀ ਧਰਮ ਦਾ ਮੂਲ ਹੈ
੬੯. ਸ਼ਰਣਾਗਤ ਹੋਣ ਦੇ ਲੱਛਣ
੭੦. ਮਸੂਰਕਾ ਰੋਗ ਚਕਿਤਸਾ
੭੧. ਨੇਕੀ ਦਾ ਫਲ ਨੇਕ
੭੨. ਰੰਗ ਦੀ ਕਰਾਮਾਤ ਵਿਦਯਾ ਤੇ ਧਨ
੭੩. ਮੋਹਣੇ ਮੋਤੀ
੭੪. ਮਾਲ ਗੁਦਾਮ ਵਿਚ ਚੋਰੀ
੭੫. ਕੁਲਵੰਤ ਕੌਰ
੭੬. ਮੌਤ ਦਾ ਡਰ
੭੭. ਹੈਜ਼ਾ ਅਤੇ ਉਸ ਤੋਂ ਬਚਣ ਦੇ ਉਪਾ
੭੮. ਅਖਾਂ ਦੀ ਜੋਤਿ
੭੯. ਕੌਮੀ ਤੇ ਸ੍ਰੀਰਕ ਅਰੋਗਤਾ
੮੦. ਸੁਘੜ ਨੂੰਹ ਤੇ ਲੜਾਕੀ ਸੱਸ
੮੧. ਅੰਗ੍ਰੇਜ਼ਾਂ ਦਾ ਰਹਿਨ ਸਹਿਨ
੮੨. ਮਨ ਦਾ ਸੰਸਾਰ
੮੩. ਪਖੰਡ ਪ੍ਰਹਾਰ
੮੪. ਸਾਡੇ ਘਰ ਤੇ ਇਸਤ੍ਰੀਆਂ ਦੀ ਅਰੋਗਤਾ
੮੫. ਰੋਂਦਿਆਂ ਨੂੰ ਧਰਵਾਸਾ



Digitized by Panjab Digital Library | www.panjabdigilib.org

੮੬. ਸੰਤਾਨ ਸਿਖਜਾ
੮੭. ਰਕਤ ਵਿਗਜਾਨ ਤੇ ਫੇਫੜੇ
੮੮. ਵਾਹਿਗੁਰੂ ਦੀ ਪਛਾਣ
੮੯. ਮਨੁਖ ਦੇ ਫਰਜ਼
੯੦. ਭਰਾਵਾਂ ਦਾ ਪਿਆਰ
੯੧. ਸਫਲ ਜੀਵਨ
੯੨. ਸਿਖ ਕਿਸ ਨੂੰ ਆਖਦੇ ਹਨ?
੯੩. ਸੁਖੀ ਪ੍ਰਵਾਰ
੯੪. ਅੰਨ ਚਕਿਤਸਾ
੯੫. ਮਾਤਾ ਤੇ ਗਰਭ ਦਾ ਅਸਰ
੯੬. ਵਕੀਲ ਦੀ ਕਿਸਮਤ
੯੭. ਬਰਫ ਦਾ ਇਤਿਹਾਸ
੯੮. ਚੋਰ ਕਿਸ ਤਰ੍ਹਾਂ ਫੜਿਆ
੯੯. ਧਨ ਅਤੇ ਉਸ ਦੀ ਵਰਤੋਂ
੧੦੦. ਰੋਗੀ ਮਨੁਖਾਂ ਦੀ ਸੇਵਾ
੧੦੧. ਆਤਮ ਤਜਾਗ
੧੦੨. ਪ੍ਰਲੋਕ ਦੀਆਂ ਚਿਠੀਆਂ
੧੦੩. ਆਯੁਰ ਵੈਦਕ ਸ਼ਾਸਤ੍ਰ
੧੦੪. ਇਕ ਸ੍ਰੀਰ ਵਿੱਚ ਅਨੇਕ ਆਤਮਾ
੧੦੫. ਘਰੋਗੇ ਕਲੇਸ਼ ਦੇ ਸਿੱਟੇ
੧੦੬. ਸੰਸਾਰ ਤੇ ਸੰਨਜਾਸ
੧੦੭. ਸੌਰ ਜਗਤ
੧੦੮. ਵਡੇ ਹੋਣ ਦੇ ਸਾਧਨ
੧੦੯. ਲਿਖਨ ਦੇ ਸਾਧਨ
੧੧੦. ਬ੍ਰਹਮਚਰਯ ਦਾ ਨਾਸ
੧੧੧. ਬਾਲਕ ਪਾਲਣਾ
੧੧੨. ਸ੍ਰੀਰ ਦੀ ਅਦਭੁਤ ਰਚਨਾਂ
੧੧੩. ਵਿਆਹ ਦਾ ਆਦਰਸ਼
੧੧੪. ਸਮ ਚਕਿਤਸਾ ਚਮਤਕਾਰ
੧੧੫. ਸ੍ਰੀ ਰਾਮ ਨੀਤੀ
੧੧੬. ਨਰਭੱਖੀ ਮਨੁੱਖ
੧੧੭. ਦੁਧ ਪੀਣ ਤੋਂ ਰੋਗ
੧੧੮. ਮਾਨਵ ਰਹੱਸਜ
੧੧੯. ਧੀਰਜ ਤੇ ਸੱਚੀ ਬੀਰਤਾ
੧੨੦. ਸਦਾਚਾਰ
੧੨੧. ਅਮ੍ਰੀਕਾ ਤੇ ਜਾਪਾਨ ਦੇ ਵਿਦਜਾਰਥੀ
੧੨੨. ਅਮ੍ਰੀਕਾ ਵਿਚ ਖੇਤੀ
੧੨੩. ਆਤਮਾ ਅਮਰ ਹੈ
੧੨੪. ਯੋਗ ਅਭਜਾਸ ਦੀ ਸ਼ਕਤੀ
੧੨੫. 'ਏਕ ਪਿਤਾ ਏਕਸ ਕੇ ਹਮ ਬਾਰਕ'
੧੨੬. ਪਛਤਾਵਾ
੧੨੭. ਅਮ੍ਰੀਕਾ ਦੀਆਂ ਇਸਤ੍ਰੀਆਂ
੧੨੮. ਮਨ ਚੰਗਾ ਤਾਂ ਕਠੌਤੀ ਵਿਚ ਗੰਗਾ
੧੨੯. ਭਾਵ ਪ੍ਰਕਾਸ਼ ਭਾਗ ਪਹਿਲਾ
੧੩੦. ਗ੍ਰਹਸਥ ਨਿਰਬਾਹ
੧੩੧. ਸੁਖਦੇਵ ਕੌਰ



Digitized by Panjab Digital Library | www.panjabdigilib.org

੧੩੨. ਦੰਪਤੀ ਪਜ਼ਾਰ
੧੩੩. ਅਦੁਤੀ ਸਾਕਾ
੧੩੪. ਭਿਆਨਕ ਸਾਕਾ
੧੩੫. ਸਫਲਤਾ
੧੩੬. ਸਾਬਣ ਭੰਡਾਰ
੧੩੭. ਕੇਸ਼ ਕਲਫ਼ ਭੰਡਾਰ
੧੩੮. ਕਾਮਯਾਬੀ ਦੇ ਭੇਦ
੧੩੯. ਇਲਮ ਖਜ਼ਾਲ
੧੪੦. ਚਰਕ ਸੰਹਿਤਾ ਭਾਗ ੧
੧੪੧. ਗਿਆਨ ਮਾਰਗ
੧੪੨. ਸਿੱਧ ਚਕਿਤਸਾ
੧੪੩. ਚਰਕ ਸੰਹਿਤਾ ਭਾਗ ੨
੧੪੪. ਕਪਟੀ ਮਿਤ੍ਰ
੧੪੫. ਉਨਤੀ ਦਾ ਮਾਰਗ
੧੪੬. ਹੀਰੇ ਦੀਆਂ ਕਣੀਆਂ
੧੪੭. ਗੁਣਾਂ ਦਾ ਗੁਥਲਾ
੧੪੮. ਸਿੱਧ ਔਖਧੀ ਭੰਡਾਰ ਭਾਗ ਦੂਜਾ
੧੪੯. ਸਿੱਧ ਔਖਧੀ ਭੰਡਾਰ ਭਾਗ ਤੀਜਾ
੧੫੦. ਸਿੱਧ ਔਖਧੀ ਭੰਡਾਰ ਭਾਗ ਚੌਥਾ
੧੫੧. ਸਿੱਧ ਔਖਧੀ ਭੰਡਾਰ ਭਾਗ ਪੰਜਵਾਂ
੧੫੨. ਰੰਗ ਬਰੰਗੇ ਫੁਲ
੧੫੩. ਬਾਗ ਭੱਟ
੧੫੪. ਕਿਸਮਤ ਦਾ ਚੱਕਰ
੧੫੫. ਨਾੜੀ ਦਰਪਨ
੧੫੬. ਅਨਮੋਲ ਬੂਟੀ
੧੫੭. ਸੌ ਵਰ੍ਹਾ ਜੀਵਨ ਦੇ ਢੰਗ
੧੫੮. ਕੁਟੰਬ ਚਕਿਤਸਾ
੧੫੯. ਚਕਿਤਸਾ ਰਤਨ
੧੬੦. ਵੈਦਕ ਸਿਖਜਾ
੧੬੧. ਬਾਲਕ
੧੬੨. ਪ੍ਰੇਮ ਸਹਿਤ ਸਿਖਜਾ
੧੬੩. ਦੰਡ ਰਹਿਤ ਸਿਖਜਾ
੧੬੪. ਮਾਪਿਆਂ ਦੇ ਫਰਜ਼
੧੬੫. ਗੁਰਮਤ ਅਖੌਤਾਂ
੧੬੬. ਚਤੁਰ ਬਾਲਕ
੧੬੭. ਬਾਲਕ ਚਰਿਤ੍ਰ
੧੬੮. ਕੀੜੇ ਮਕੌੜੇ
੧੬੯. ਵੈਦ-ਹਕੀਮ-ਡਾਕਟਰ
੧੭੦. ਸੁਸ਼ੀਲਾ ਵਿਧਵਾ

*ਪੰਜਾਬੀ ਪ੍ਰਚਾਰ ਰਤਨਾਵਲੀ ਲੜੀ:—*

੧. ਮਾਨੁਖੀ ਅਵਸਥਾ
੨. ਜੀਵਨ ਸੁਧਾਰ
੩. ਅਕਾਸ਼ ਮੰਡਲ
੪. ਮਹਾਂ ਦਾਨੀ ਰਾਜਾ ਭੋਜ



Digitized by Panjab Digital Library | www.panjabdigilib.org

੫. ਕਰਮਾਂ ਦਾ ਬੀਰ
੬. ਬਿਉਪਾਰ ਦੀ ਬਰਕਤ
੭. ਮਨੁਖ ਕਰਤੱਵਜ
੮. ਤੇ ੯. ਲੰਬੀ ਉਮਰਾ ਤੇ ਅਰੋਗਤਾ ਦੇ ਸਾਧਨ
੧੦. ਪਤੀ ਪ੍ਰੇਮਣ ਬਨਬਾਸਨ
੧੧. ਗ੍ਰਿਹਿ ਸਿਖਜਾ
੧੨. ਬਾਲ ਸੁਧਾਰ
੧੩. ਉੱਤਮ ਸਿਖਜਾ

## ਮਨਮਤ ਪ੍ਰਹਾਰ ਲੜੀ:-

੧. ਸ਼ਰਾਧ ਪ੍ਰਬੋਧ
੨. ਗੁਰਮਤ ਅਨੁਸਾਰ ਮ੍ਰਿਤਕ ਸੰਸਕਾਰ ਦੇ ਲਾਭ ਤੇ ਸੱਦ ਦਾ ਪ੍ਰਮਾਰਬ
੩. ਬ੍ਰਿਧ ਵਿਵਾਹ ਦੁਰਦਸ਼ਾ ਨਾਟਕ
੪. ਆਰੀਆਂ ਦੇ ਸਿਖਾਂ ਤੇ ਬੇਜਾ ਹਮਲਿਆਂ ਦੇ ਉਤ੍ਰ
੫. ਗੁਰਮਤ ਗੌਰਵਤਾ
੬. ਗੁਰਮੰਤ ਵਿਰੋਧ ਬਿਨਾਸ਼

## ਖਾ: ਟ੍ਰੈਕਟ ਸੁਸਾਇਟੀ ਰਾਹੀਂ

੧. ਬਾਲ ਵਿਵਾਹ ਦੇ ਦੁਖੜੇ
੨. ਨਰਕ ਸੁਰਗ
੩. ਕਲਹਿਣੀ ਦਿਉਰਾਣੀ
੪. ਸਾਡੇ ਘਰਾਂ ਦੀ ਦਸ਼ਾ

## ਫੁਟਕਲ

੧. ਹਿੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ
੨. ਅਨਮੋਲ ਰਤਨ (ਗੁਰਮੁਖੀ, ਉਰਦੂ, ਹਿੰਦੀ)
੩. ਸੱਜਣ ਵਿਛੋੜਾ
੪. ਮੀਤ ਵਿਛੋੜਾ
੫. ਮਹਾਂ ਮਾਰੀ ਦਮਨ (ਗੁਰਮੁਖੀ, ਉਰਦੂ, ਹਿੰਦੀ)
੬. ਸੁਖੀ ਅਮੀਰ ਹਨ ਜਾਂ ਗਰੀਬ?

## ਖਾਸ ਚੋਣਵੇਂ ਛਪਣ ਯੋਗ

੧. ਬੰਗ ਸੈਨ
੨. ਸੁਸ਼ਰਤ ਸੰਹਿਤਾ
੩. ਭੈਖਜਜ ਰਤਨਾਵਲੀ
੪. ਭਾਵ ਪ੍ਰਕਾਸ਼
੫. ਵੈਦਕ ਨਿਦਾਨ
੬. ਬਜ਼ਾਰੀ ਦਵਾਵਾਂ
੭. ਸਰਲ ਚਕਿਤਸਾ
੮. ਚਰਿਤ੍ਰ ਸਿਖਜਾ
੯. ਦੁਕਾਨ ਦਾਰੀ
੧੦. ਬਾਲਕਾਂ ਦੀ ਪਾਲਨਾਂ
੧੧. ਧਾਤੂ ਭੰਡਾਰ
੧੨. ਇਸਤ੍ਰੀਆਂ ਦੀ ਆਜ਼ਾਦੀ
੧੩. ਵਲੈਤੀ ਵਪਾਰੀ (ਨਾਟਕ)
੧੪. ਭਾਰਤ ਦਾ ਸੰਛੇਪ ਇਤਿਹਾਸ



Digitized by Panjab Digital Library | www.panjabdigilib.org

# ਪਿਛੋਂ

ਵੈਦ ਜੀ ਦ ਗੁਰਪੁਰੀ ਸਿਧਾਰਨ ਪਿਛੋਂ ਆਪ ਦੇ ਸਪੁਤ੍ਰਾਂ ਵਲੋਂ ਸ੍ਰੀ ਤਰਨ ਤਾਰਨ ਵਿਚ ਹੀ ਵੈਦ ਜੀ ਦੀ ਯਾਦਗਾਰ ਵਿੱਚ ਉਨ੍ਹਾਂ ਦੇ ਹੁਕਮਾਨੁਸਾਰ

**"ਭਾਈ ਮੋਹਨ ਸਿੰਘ ਜੀ ਵੈਦ ਲਾਇਬ੍ਰੇਰੀ"**

ਖੋਲ੍ਹੀ ਗਈ ਹੈ, ਜਿਸ ਦੀ ਅਰੰਭਕ ਰਸਮ ਪੋਹ ਸੁਦੀ ਸਪਤਮੀ ੨੯-੧੨-੩੮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਉਪ੍ਰੰਤ ਕੀਤੀ ਗਈ ਸੀ। ਇਸ ਲਾਇਬ੍ਰੇਰੀ ਵਿੱਚ ਵੈਦ ਜੀ ਦੇ ਸਭ ਪੁਸਤਕ ਜੋ ਹਰ ਵਿਸ਼ਯ ਤੇ ਹਰ ਜ਼ਬਾਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਹਨ, ਤੇ ਜਿਨ੍ਹਾਂ ਵਿੱਚ ਕਈ ਅਨਮੁੱਲੇ ਰਤਨ ਭੀ ਹਨ—ਰੱਖੇ ਗਏ ਹਨ, ਤਾਕਿ ਇਤਿਹਾਸ ਖੋਜੀ, ਸਾਹਿਤਯ ਪ੍ਰੇਮੀ ਤੇ ਹੋਰ ਸਜਣ ਹਰ ਤਰ੍ਹਾਂ ਦਾ ਲਾਭ ਪ੍ਰਾਪਤ ਕਰ ਸਕਣ। ਨਾਲ ਹੀ ਇਸ ਲਾਇਬ੍ਰੇਰੀ ਵਿੱਚ ਕਈ ਦਰਜਨਾਂ ਗੁਰਮੁਖੀ, ਹਿੰਦੀ, ਉਰਦੂ ਤੇ ਅੰਗ੍ਰੇਜ਼ੀ ਦੇ ਰੋਜ਼ਾਨਾ ਅਖਬਾਰ ਅਤੇ ਸਪਤਾਹਕ ਤੇ ਮਾਹਵਾਰੀ ਪੱਤ੍ਰ ਭੀ ਆਉਂਦੇ ਹਨ--ਜੋ ਸੈਂਕੜੇ ਸਜਣ ਪੜ੍ਹ ਸੁਣ ਲਾਭ ਉਠਾਉਂਦੇ ਹਨ।

ਇਸੇ ਲਾਇਬ੍ਰੇਰੀ ਨਾਲ ਹੀ ਇਕ ਬੜਾ ਵਡਾ ਹਾਲ ਵੈਦ ਜੀ ਦੀ ਯਾਦ ਵਿਚ ਤਿਆਰ ਹੋ ਰਿਹਾ ਹੈ ਜਿਸ ਵਿਚ ਹੋਰ ਪੁਸਤਕਾਂ ਭੀ ਰਖੀਆਂ ਜਾਣਗੀਆਂ ਅਤੇ ਜੋ ਸੰਗਤਾਂ ਦੇ ਇਕੱਠ, ਮੀਟਿੰਗਾਂ ਜਾਂ ਗੁਰਮਤ ਸੰਸਕਾਰਾਂ ਵਾਸਤੇ ਪ੍ਰਬੰਧਕਾਂ ਦੇ ਪ੍ਰਬੰਧ ਅਨੁਸਾਰ ਵਰਤਿਆ ਜਾ ਸਕੇਗਾ।

ਨਾਲ ਹੀ ਆਪ ਨੂੰ ਇਹ ਸੁਣਕੇ ਭੀ ਬੜੀ ਪ੍ਰਸੰਨਤਾ ਹੋਵੇਗੀ ਕਿ ਵੈਦ ਜੀ ਦੀ ਦੁਕਾਨ ਅਥਵਾ ਵੈਦੰਗੀ ਦਾ ਕੰਮ ਉਸੇ ਤਰ੍ਹਾਂ ਚਲ ਰਿਹਾ ਹੈ। ਜੇ ਹਜ਼ਾਰਾਂ ਪ੍ਰੇਮੀ ਹਥੀਂ ਦਵਾਈਆਂ ਲਿਜਾ ਵਰਤਦੇ ਹਨ ਤਾਂ ਹਜ਼ਾਰਾਂ ਹੀ ਘਰ ਬੈਠੇ ਭੀ ਸਭ ਹਾਲ ਲਿਖ ਡਾਕ ਰਾਹੀਂ ਇਨ੍ਹਾਂ ਦਵਾਈਆਂ ਨੂੰ ਮੰਗਵਾ ਵਰਤ, ਲਾਭ ਉਠਾ ਜਸ ਗਾ ਰਹੇ ਹਨ। ਸ੍ਰੀ ਮਾਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਦੇ ਨਾਮ ਅਥਵਾ ਉਨ੍ਹਾਂ ਦੀਆਂ ਦਵਾਈਆਂ ਤੋਂ ਕੇਹੜਾ ਸੱਜਣ ਹੈ ਜੋ ਜਾਣੂੰ ਨਹੀ; ਸੋ ਜਦ ਭੀ ਆਪ ਨੂੰ ਜਾਂ ਕਿਸੇ ਹੋਰ ਸੱਜਣ, ਮਿਤ੍ਰ, ਸੰਬੰਧੀ ਨੂੰ ਕਿਸੇ ਪ੍ਰਕਾਰ ਦੀ ਦਵਾਈ ਦੀ ਲੋੜ ਪਵੇ ਤਾਂ ਮੰਗਾਣ ਲਈ

*ਭਾਈ ਮੋਹਨ ਸਿੰਘ ਵੈਦ ਐਂਡ ਸਨਜ਼,*

*ਤਰਨ ਤਾਰਨ (ਪੰਜਾਬ)*

ਦਾ ਪਤਾ ਸਦਾ ਯਾਦ ਰਖੋ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1546

Digitized by Panjab Digital Library | www.panjabdigilib.org

Digitized by Panjab Digital Library | www.panjabdigilib.org